ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰਪ੍ਰਤਾਪ

# ਸੂਰਜ ਗ੍ਰੰਥ

# ਸਟੀਕ

SIKHBOOKCLUB.COM

ਭਾਗ ਅੱਠਵਾਂ

ਡਾ. ਅਜੀਤ ਸਿੰਘ ਔਲਖ

Sri Satguru Jagjit Singh Ji eLlibrary NamdhariElibrary@gmail.com

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

ਜਿਲਦ ਅਠਵੀਂ

Sri Satguru Jagjit Singh Ji eLlibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

ਜਿਲਦ ਅਠਵੀਂ

(ਗੁਰ-ਇਤਿਹਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ)

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

Sri Satguru Jagjit Singh Ji eLlibrary NamdhariElibrary@gmail.com

© ਪ੍ਰਕਾਸ਼ਕ

Sri Gur Partap Suraj Granth (Vol. 8th)

(Life of Sri Guru Teg Bahadur Sahib Ji)

Translated by Dr. Ajit Singh Aulakh.

ISBN 81-7601-738-8

ਪਹਿਲੀ ਐਡੀਸ਼ਨ ਫਰਵਰੀ 2006

ਦੂਜੀ ਐਡੀਸ਼ਨ ਅਪ੍ਰੈਲ 2011

ਭੇਟਾ : 550-00

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫੋਨ/ਫੈਕਸ : 91-183-2542346, 2547974, 2557973

E-mail csjssales@hotmail.com, csjspurchase@yahoo.com

Visit our Website : www.csjs.com

(Printed In India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

Sri Satguru Jagjit Singh Ji eLlibrary NamdhariElibrary@gmail.com

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਜਿਲਦ ਅਠਵੀਂ

## ਤਤਕਰਾ

### ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ


| ਪ੍ਰਸੰਗ | ਅਧਿਆਇ | ਪੰਨਾ |
|---|---|---|
| **ਗਿਆਰ੍ਹਵੀਂ ਰਾਸ** | | |
| ਮੰਗਲਾਚਰਨ, ਬਕਾਲੇ ਵਿਚ ਬਾਈ ਸੋਢੀ ਗੁਰੂ | ੧ | ੧੧ |
| ਭਾਈ ਗੜ੍ਹੀਆ ਤੇ ਦੁਆਰਕਾ ਦਾਸ ਬਕਾਲੇ ਆਏ | ੨ | ੧੭ |
| ਮੱਖਣ ਸ਼ਾਹ | ੩ | ੨੩ |
| ਮੱਖਣ ਸ਼ਾਹ ਬਕਾਲੇ ਪਹੁੰਚੇ | ੪ | ੨੮ |
| ਮੱਖਣ ਸ਼ਾਹ ਬਕਾਲੇ ਵਿਚ | ੫ | ੩੪ |
| ਮਾਤਾ ਨਾਨਕੀ ਜੀ | ੬ | ੪੦ |
| ਮੱਖਣ ਸ਼ਾਹ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ | ੭ | ੪੪ |
| ਗੁਰੂ ਜੀ ਦਾ ਪ੍ਰਗਟ ਹੋਣਾ | ੮ | ੫੧ |
| ਮੱਖਣ ਸ਼ਾਹ ਨੇ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ | ੯ | ੫੬ |
| ਸੋਢੀਆਂ ਦੀ ਈਰਖਾ | ੧੦ | ੬੪ |
| ਧੀਰਮੱਲ ਵਲੋਂ ਗੋਲੀ ਚਲਾਉਣ ਦੀ ਗੋਂਦ | ੧੧ | ੭੦ |
| ਧੀਰਮੱਲ ਵਲੋਂ ਹੋਰ ਵਿਰੋਧ | ੧੨ | ੭੭ |
| ਧੀਰਮੱਲ ਵਲੋਂ ਗੋਲੀ ਚਲੀ ਤੇ ਲੁੱਟ | ੧੩ | ੮੨ |
| ਧੀਰਮੱਲ ਦੀ ਕਠੋਰਤਾ | ੧੪ | ੮੯ |
| ਮੱਖਣ ਸ਼ਾਹ ਦਾ ਕ੍ਰੋਧ | ੧੫ | ੯੬ |
| ਮੱਖਣ ਸ਼ਾਹ ਦਾ ਸ਼ੀਹੇਂ ਮਸੰਦ ਨੂੰ ਦੰਡ | ੧੬ | ੧੦੧ |
| ਮੱਖਣ ਸ਼ਾਹ ਨੂੰ ਗੁਰੂ ਜੀ ਦਾ ਵਰਜਣਾ | ੧੭ | ੧੦੬ |
| ਘਰ ਵਿਚ ਵਿਚਾਰ ਤੇ ਗੁਰੂ ਜੀ ਦਾ ਉਪਦੇਸ਼ | ੧੮ | ੧੧੩ |
| ਧੀਰਮੱਲ ਦੀਆਂ ਚੀਜ਼ਾਂ ਮੋੜੀਆਂ | ੧੯ | ੧੧੯ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਧੀਰਮੱਲ ਦੀ ਵਾਪਸੀ | ੨੦ | ੧੨੪ |
| ਮੱਖਣ ਸ਼ਾਹ ਤੇ ਗੁਰੂ ਜੀ ਸ੍ਰੀ ਅੰਮ੍ਰਿਤਸਰ ਗਏ | ੨੧ | ੧੩੦ |
| ਸ੍ਰੀ ਅੰਮ੍ਰਿਤਸਰ ਤੋਂ ਵੱਲੇ ਗਏ | ੨੨ | ੧੩੬ |
| ਸ੍ਰੀ ਗੁਰੂ ਜੀ ਦਾ ਬਕਾਲੇ ਤੋਂ ਕੂਚ | ੨੩ | ੧੪੧ |
| ਸ੍ਰੀ ਗੁਰੂ ਗ੍ਰੰਥ ਜੀ ਜਲ ਵਿਚ ਰੱਖੇ | ੨੪ | ੧੪੮ |
| ਧੀਰਮੱਲ ਨੂੰ ਸੁਨੇਹਾ ਪੁੱਜਾ | ੨੫ | ੧੫੪ |
| ਧੀਰਮੱਲ ਨੂੰ ਬੀੜ ਦਾ ਮਿਲਣਾ | ੨੬ | ੧੬੦ |
| ਅਨੰਦਪੁਰ ਵਸਾਉਣ ਵਾਲੀ ਥਾਂ ਆਉਣਾ | ੨੭ | ੧੬੭ |
| ਮੱਖਣ ਸ਼ਾਹ ਵਿਦਾ, ਸ੍ਰੀ ਅਨੰਦਪੁਰ ਵਸਾਉਣਾ | ੨੮ | ੧੭੩ |
| ਮਾਖੋ ਦੈਂਤ | ੨੯ | ੧੭੮ |
| ਇਕ ਪੀਰ ਦਾ ਸੰਸਾ ਦੂਰ ਕੀਤਾ | ੩੦ | ੧੮੪ |
| ਗੁਰੂ ਜੀ ਦੀ ਮਹਿਮਾ, ਧੀਰਮੱਲ ਦੀ ਈਰਖਾ | ੩੧ | ੧੯੨ |
| ਧੀਰਮੱਲ ਰਾਮਰਾਇ ਮੇਲ | ੩੨ | ੧੯੭ |
| ਗੁਰੂ ਜੀ ਦਾ ਤੀਰਥਾਂ ਨੂੰ ਪਵਿੱਤ੍ਰ ਕਰਨ ਜਾਣਾ | ੩੩ | ੨੦੪ |
| ਮੂਲੋਵਾਲ ਦਾ ਮਈਆ ਤੇ ਗੋਂਦਾ, ਸ਼ੇਖੇ ਦਾ ਤਿਲੋਕਾ ਜਿਵੰਧਾ | ੩੪ | ੨੧੦ |
| ਹਡਿਆਏ ਨਗਰ ਵਿਚ ਤਾਪ ਦੇ ਰੋਗੀ ਅਰੋਗ ਕੀਤੇ | ੩੫ | ੨੧੬ |
| ਭੰਦੋਹਰੀ, ਅਲੀਸ਼ੇਰ, ਜੋਗੇ, ਭੂਪਾਲੀ | ੩੬ | ੨੨੩ |
| ਖੀਵਾ, ਭਿੱਖੀ | ੩੭ | ੨੨੯ |
| ਦੇਸ ਰਾਜ, ਖਜਾਲਾ ਗ੍ਰਾਮ, ਦਮਦਮਾ, ਮੋੜ | ੩੮ | ੨੩੫ |
| ਦੇਸ ਰਾਜ ਦਾ ਅੰਤ | ੩੯ | ੨੪੦ |
| ਸੁਲੀਸਰ ਵਿਚ ਚੋਰ ਨੂੰ ਸੂਲੀ, ਬਰੇ ਪਿੰਡ | ੪੦ | ੨੪੬ |
| ਬਰੇ, ਗੋਬਿੰਦ ਪੁਰੇ, ਗਾਗੇ, ਗੁਰਨੇ, ਮਕਰੋੜ, ਧਮਧਾਣ | ੪੧ | ੨੫੧ |
| ਮੋਹੇਂ ਦੀ ਘਾਲ | ੪੨ | ੨੫੮ |
| ਧਮਧਾਣ ਦਾ ਗਾਹਕ, ਤਿਖਾਣ ਸਿੱਖ, ਕੈਥਲ | ੪੩ | ੨੬੫ |
| ਬਾਰਨੇ ਦੇ ਕਿਸਾਨ ਤੋਂ ਤੰਬਾਕੂ ਛੁਡਵਾਇਆ | ੪੪ | ੨੭੧ |
| ਥਾਨੇਸਰ ਦਾ ਮੇਲਾ, ਬਣੀ ਬਦਰਪੁਰ | ੪੫ | ੨੭੮ |
| ਪੂਰਬ ਦੀ ਸੰਗਤ ਦੀ ਸਿੱਕ | ੪੬ | ੨੮੫ |
| ਕੜੇ ਪਿੰਡ ਦਾ ਮਲੂਕ ਦਾਸ | ੪੭ | ੨੯੧ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਗੁਰੂ ਜੀ ਤ੍ਰਿਬੇਣੀ ਪੁੱਜੇ | ੪੮ | ੨੯੮ |
| ਹੇਮ ਕੁੰਟ ਦੀ ਸ਼ੋਭਾ | ੪੯ | ੩੦੪ |
| ਬ੍ਰਹਮਾ ਵਲੋਂ ਦੇਵਤਿਆਂ ਪ੍ਰਤਿ ਪੁਰਾਤਨ ਕਥਾ | ੫੦ | ੩੧੦ |
| ਬ੍ਰਹਮਾ ਦਾ ਪੁਰਾਤਨ ਕਥਾ ਸੁਨਾਉਣਾ | ੫੧ | ੩੨੦ |
| ਅਕਾਲ ਪੁਰਖ ਪਾਸੋਂ ਵਿਦੈਗੀ | ੫੨ | ੩੨੬ |
| ਤ੍ਰਿਬੇਣੀ ਵਿਖੇ ਨਿਵਾਸ | ੫੩ | ੩੩੨ |
| ਪ੍ਰਯਾਗ ਤੋਂ ਕਾਂਸ਼ੀ | ੫੪ | ੩੩੮ |
| ਸਮਰਾਮ ਚਾਚੇ ਫੱਗੋ ਦੇ ਘਰ | ੫੫ | ੩੪੫ |
| ਸਮਰਾਮ ਡੇਰਾ, ਬੇਰੀ, ਬਾਗ਼ ਵਿਚ ਨਿਵਾਸ | ੫੬ | ੩੫੧ |
| ਗਯਾ ਤੀਰਥ, ਜੈਤਾ ਸੇਠ | ੫੭ | ੩੫੭ |
| ਪਟਨੇ ਨਿਵਾਸ | ੫੮ | ੩੬੪ |
| ਜਰਾਸੰਧੁ ਪ੍ਰਸੰਗ | ੫੯ | ੩੬੯ |
| ਜਰਾਸੰਧ ਪ੍ਰਸੰਗ | ੬੦ | ੩੭੬ |
| ਜਰਾਸੰਧ ਦਾ ਬੱਧ | ੬੧ | ੩੮੩ |


## ਬਾਰ੍ਹਵੀਂ ਰਾਸ


| | | |
|---|---|---|
| ਮੰਗਲਾਚਰਨ, ਰਾਜਾ ਮਾਨ ਸਿੰਘ | ੧ | ੩੮੯ |
| ਬਿਸ਼ਨ ਸਿੰਘ ਦੀ ਕਾਮਰੂਪ ਦੇਸ਼ ਤੇ ਚੜ੍ਹਾਈ | ੨ | ੩੯੯ |
| ਰਾਜੇ ਦਾ ਗੁਰੂ ਜੀ ਨੂੰ ਮਿਲਣਾ | ੩ | ੪੦੬ |
| ਢਾਕੇ ਵਿਖੇ ਬੁਲਾਕੀ ਦਾਸ ਦੀ ਮਾਤਾ | ੪ | ੪੧੨ |
| ਢਾਕੇ ਭਾਈ ਨੱਥਾ | ੫ | ੪੧੯ |
| ਰਾਜੇ ਦੀ ਫੌਜ ਕੁਝ੍ਰਨ ਤੋਂ ਬਚਾਈ | ੬ | ੪੨੫ |
| ਰਾਜੇ ਦੀ ਹੋਰ ਮੁਸੀਬਤਾਂ ਤੋਂ ਰੱਖਿਆ | ੭ | ੪੩੧ |
| ਆਸਾਮ ਪਤੀ ਦੀ ਜੰਗ ਹਿਤ ਤਿਆਰੀ | ੮ | ੪੩੮ |
| ਦੇਵੀ ਦਾ ਆਸਾਮ ਦੇ ਰਾਜੇ ਨੂੰ ਗੁਰੂ ਜੀ ਦੀ ਸ਼ਰਨ ਹਿਤ ਪ੍ਰੇਰਨਾ | ੯ | ੪੪੩ |
| ਆਸਾਮ ਪਤੀ ਗੁਰੂ ਜੀ ਦੀ ਸ਼ਰਨ | ੧੦ | ੪੪੯ |
| ਰਾਜੇ 'ਰਾਮ' (ਰਤਨ ਰਾਇ ਦੇ ਪਿਤਾ) ਨੂੰ ਪੁੱਤਰ ਦਾ ਵਰ | ੧੧ | ੪੫੬ |
| ਦਸਮੇਸ਼ ਅਵਤਾਰ | ੧੨ | ੪੬੩ |
| ਅਵਤਾਰ ਦਾ ਉਤਸ਼ਾਹ | ੧੩ | ੪੭੦ |


Sri Satguru Jagjit Singh Ji eLlibrary NamdhariElibrary@gmail.com

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਘੁੜਾਮ ਦਾ ਭੀਖਣ ਸ਼ਾਹ | ੧੪ | ੪੭੬ |
| ਭੀਖਣ ਸ਼ਾਹ ਦਾ ਪ੍ਰਣ | ੧੫ | ੪੮੨ |
| ਭੀਖਣ ਸ਼ਾਹ ਦੀ ਬੰਦਗੀ | ੧੬ | ੪੮੮ |
| ਬਾਲ ਲੀਲ੍ਹਾ | ੧੭ | ੪੯੪ |
| ਬਾਲ ਚੋਜ | ੧੮ | ੫੦੩ |
| ਬੇੜੀ ਦੀ ਸੈਲ, ਇਕ ਬ੍ਰਿਧ ਇਸਤਰੀ ਨੂੰ ਖਿਡਾਉਣਾ | ੧੯ | ੫੧੦ |
| ਬੇੜੀ ਦੀ ਸੈਰ, ਇਕ ਧਨੀ ਦੀ ਨੂੰਹ ਨੂੰ ਪੁੱਤਰਾਂ ਦਾ ਵਰ | ੨੦ | ੫੧੭ |
| ਹਾਕਮ ਨੂੰ ਖਿਡਾਉਣਾ, ਗੁਲੇਲ ਅਭਿਆਸ | ੨੧ | ੫੨੪ |
| ਨੌਵੇਂ ਪਾਤਸ਼ਾਹ ਜੀ ਦਾ ਆਸਾਮ ਵਲੋਂ ਮੁੜਨਾ | ੨੨ | ੫੩੧ |
| ਗੁਰੂ ਜੀ ਵਾਪਸ ਪਟਨੇ ਆਏ | ੨੩ | ੫੩੭ |
| ਪਟਨੇ ਨਿਵਾਸ, ਰਾਜਾ ਵਿਦਾ | ੨੪ | ੫੪੨ |
| ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਨੂੰ ਧੀਰਜ | ੨੫ | ੫੪੮ |
| ਗੁਰੂ ਜੀ ਦਾ ਪਟਨੇ ਤੋਂ ਵਿਦਾ ਹੋਣਾ | ੨੬ | ੫੫੪ |
| ਔਰੰਗਜ਼ੇਬ ਦਾ ਸਮਾਂ | ੨੭ | ੫੬੩ |
| ਕਸ਼ਮੀਰੀ ਪੰਡਿਤ | ੨੮ | ੫੬੯ |
| ਅਹਿਦੀਆਂ ਦਾ ਚਲਣਾ | ੨੯ | ੫੭੫ |
| ਅਹਿਦੀਏ ਵਾਪਸ, ਗੁਰੂ ਜੀ ਸੈਫਾਬਾਦ | ੩੦ | ੫੮੨ |
| ਸੈਫਦੀਨ ਪਾਸੋਂ ਵਿਦਾ, ਅਹਿਦੀਏ ਭਾਲਣ ਆਏ | ੩੧ | ੫੮੮ |
| ਸਮਾਣੇ ਪਠਾਣ ਦੀ ਗੜ੍ਹੀ ਵਿਚ ਰਾਤ ਰਹੇ | ੩੨ | ੫੯੪ |
| ਸਮਾਣਿਓਂ ਕਰਹਾਲੀ, ਚਿਹਕਾ ਗਏ | ੩੩ | ੬੦੦ |
| ਗਿਲੌਰੇ ਨੂੰ ਬਖਸ਼ੀਸ਼, ਕਰ੍ਹਾ ਤੇ ਖਰਕ ਗ੍ਰਾਮ | ੩੪ | ੬੦੭ |
| ਖਟਕੜ ਗ੍ਰਾਮ ਚੋਰ ਅੰਨੇ ਹੋਏ, ਜੀਂਦ, ਆਗਰੇ | ੩੫ | ੬੧੩ |
| ਆਜੜੀ ਮਿਠਾਈ ਲੈਣ ਗਿਆ ਫੜਿਆ ਗਿਆ | ੩੬ | ੬੧੯ |
| ਆਪਣੇ ਆਪ ਨੂੰ ਹਵਾਲੇ ਕੀਤਾ | ੩੭ | ੬੨੫ |
| ਦਿੱਲੀ ਆਉਣਾ | ੩੮ | ੬੩੧ |
| ਸਾਹਿਬਜ਼ਾਦੇ ਜੀ ਨੇ ਘੜੇ ਫੁੰਡਣੇ, ਮਿੱਠਾ ਖੂਹ ਖਾਰਾ ਹੋਇਆ | ੩੯ | ੬੩੭ |
| ਪੰਜਾਬ ਜਾਣ ਦੀ ਸਿੱਕ, ਪਾਲਕੀ | ੪੦ | ੬੪੩ |
| ਪੰਜਾਬ ਨੂੰ ਤਿਆਰੀ, ਜਗਤੇ ਸੇਠ ਨੂੰ ਵਰ | ੪੧ | ੬੪੯ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਪਟਨੇ ਤੋਂ ਵਿਦਾਇਗੀ | ੪੨ | ੬੫੫ |
| ਕਾਂਸ਼ੀ ਪੁੱਜੇ | ੪੩ | ੬੬੧ |
| ਕਾਂਸ਼ੀ ਵਿਚ ਨਿਵਾਸ | ੪੪ | ੬੬੭ |
| ਅਯੁਧਿਆ ਹੋ ਕੇ ਲਖਨੌਰ ਪੁੱਜੇ | ੪੫ | ੬੭੩ |
| ਦਿੱਲੀ ਵਿਖੇ ਹਵੇਲੀ ਵਿਚ ਡੇਰਾ | ੪੬ | ੬੮੧ |
| ਸਿੱਖ ਦਾ ਅਜ਼ਮਤ ਦਿਖਾਉਣਾ | ੪੭ | ੬੮੬ |
| ਨੁਰੰਗੇ ਨਾਲ ਪ੍ਰਸ਼ਨੋਤਰ, ਮਿਰਚਾਂ ਦਾ ਦ੍ਰਿਸ਼ਟਾਂਤ | ੪੮ | ੬੯੧ |
| ਕੈਦ ਵਿਚੋਂ ਸਿੱਖਾਂ ਦੇ ਘਰ ਪ੍ਰਸ਼ਾਦ ਛਕਣਾ | ੪੯ | ੬੯੭ |
| ਇਕ ਮੁਲਾਣੇ ਵਲੋਂ ਸ਼ਿਕਾਇਤ | ੫੦ | ੭੦੩ |
| ਦੇਗਚੇ ਵਿਚੋਂ ਸੂਰ | ੫੧ | ੭੦੯ |
| ਬਾਦਸ਼ਾਹ ਦਾ ਸਖਤੀ ਦਾ ਪ੍ਰਣ | ੫੨ | ੭੧੫ |
| ਜਮਨਾ ਨਦੀ ਵਿਚ ਇਸ਼ਨਾਨ ਦੀ ਬਾਦਸ਼ਾਹ ਨੂੰ ਖ਼ਬਰ | ੫੩ | ੭੨੦ |
| ਭਾਈ ਮਤੀ ਦਾਸ ਦਾ ਚੀਰਿਆ ਜਾਣਾ | ੫੪ | ੭੨੬ |
| ਬਾਕੀ ਕੁਝ ਸਿੱਖਾਂ ਨੂੰ ਗੁਰੂ ਜੀ ਨੇ ਰਿਹਾਈ ਦਿੱਤੀ | ੫੫ | ੭੩੨ |
| ਲਖਨੌਰ ਨਿਵਾਸ, ਭੀਖਣ ਸ਼ਾਹ ਦਾ ਮਿਲਣਾ | ੫੬ | ੭੩੮ |
| ਲਖਨੌਰ ਮਿੱਠਾ ਖੂਹ ਲਵਾਇਆ, ਮਾਮਾ ਜੀ ਆਏ | ੫੭ | ੭੪੪ |
| ਘੋੜੇ ਦੀ ਸਵਾਰੀ, ਘੋਘਾ ਮਸੰਦ | ੫੮ | ੭੫੦ |
| ਲਖਨੌਰੋਂ ਕੀਰਤਿ ਪੁਰਿ ਆਉਣਾ | ੫੯ | ੭੫੭ |
| ਕੀਰਤਪੁਰ ਬਾਗ ਦੇ ਦਰਸ਼ਨ, ਅਨੰਦਪੁਰ ਨੂੰ ਕੂਚ | ੬੦ | ੭੬੩ |
| ਲੋਹੇ ਦੇ ਪਿੰਜਰੇ ਵਿਚ | ੬੧ | ੭੭੦ |
| ਸਤਿਗੁਰੂ ਜੀ ਨੇ ਦਿੱਲੀ ਤੋਂ ਚਿੱਠੀ ਭੇਜੀ | ੬੨ | ੭੭੬ |
| ਸਾਹਿਬਜ਼ਾਦੇ ਜੀ ਦਾ ਉੱਤਰ, ਗੁਰਿਆਈ। | ੬੩ | ੭੮੨ |
| ਨੁਰੰਗੇ ਦੀ ਹੋਰ ਸਖਤੀ | ੬੪ | ੭੮੯ |
| ਸੱਚਖੰਡ ਗਮਨ | ੬੫ | ੭੯੫ |
| ਸਚਖੰਡ ਪ੍ਰਵੇਸ਼ | ੬੬ | ੮੦੧ |
| ਲੁਬਾਣੇ ਸਿੱਖ ਨੇ ਧੜ ਦਾ ਸਸਕਾਰ ਕਰਨਾ | ੬੭ | ੮੦੭ |
| ਔਰੰਗਜ਼ੇਬ ਨੂੰ ਡਰ, ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵਿਆਖਿਆ | ੬੮ | ੮੧੩ |


☆☆☆

Sri Satguru Jagjit Singh Ji eLlibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਜਿਲਦ ਅਠਵੀ

### ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ

ਗਿਆਰ੍ਹਵੀਂ ਰਾਸ

## ਅਧਿਆਇ ਪਹਿਲਾ

### ਮੰਗਲਾਚਰਨ, ਬਕਾਲੇ ਵਿਚ ਬਾਈ ਸੋਢੀ ਗੁਰੂ

੧. ਇਸ਼੍ਟ ਦੇਵ ਸ੍ਰੀ ਅਕਾਲ ਪੁਰਖ ਦਾ ਮੰਗਲ

ਦੋਹਰਾ- ਸਤਿ ਚਿਤ ਅਨੰਦ ਸਮਾਨ ਇਕ ਨਿਰਗੁਨ ਸਰਗੁਨ ਮਾਂਹਿ।
ਗ੍ਯਾਨਾਦਿਕ ਗੁਨ ਈਸ਼ ਕੇ ਜੀਵ ਬਿਖੈ ਇਹ ਨਾਂਹਿ॥ ੧॥

ਗਿਆਨ ਆਦਿ ਗੁਣ ਪ੍ਰਭੂ ਵਿਚ ਹਨ, ਇਸ ਕਰਕੇ ਉਹ ਸਰਗੁਣ ਹੈ। ਜੀਵ ਵਿਚ ਇਹ ਗੁਣ ਨਹੀਂ ਹਨ, ਇਸ ਕਰਕੇ ਉਹ ਨਿਰਗੁਣ ਹੈ, ਪਰ ਸਤਿ ਚਿੱਤ ਅਨੰਦ ਪਰਮਾਤਮਾ ਜੀਵ ਅਤੇ ਈਸ਼ਵਰ ਦੋਵਾਂ ਵਿਚ ਇਕ ਸਮਾਨ ਵਿਆਪਕ ਹੈ ਉਸ ਪਰਮਾਤਮਾ ਨੂੰ ਮੇਰੀ ਨਮਸਕਾਰ ਹੋਵੇ॥ ੧॥

੨. 'ਕਵਿ ਸੰਕੇਤਾ' ਮਿਰ੍ਯਾਦਾ ਦਾ ਮੰਗਲ

ਸੈਯਾ-ਗੁਨਮੰਦਿਰ ਸੁੰਦਰ, ਦੇਹ ਪ੍ਰਭਾ ਸਮਪਾਰਦ, ਚੰਦ੍ਰਿਕਚੰਦ, ਸੁਚੰਦਨ।
ਬਰ ਬੰਦਨ ਬਿੰਦੁ ਸੁ ਭਾਲ ਪੈ ਤੰਦੁਲ ਚੰਦ ਕਲਾ ਵਿਚ ਜਤੋਂ ਮਹਿ ਨੰਦਨ।
ਕਰ ਬੰਦਿ ਕਰੌਂ ਪਦ ਬੰਦਨ ਕੋ ਅਰਵਿੰਦ ਮਨਿੰਦ ਅਨੰਦ ਮਲਿੰਦਨਿ।
ਕਰ ਬੇਣੁਵਤੀ ! ਮੁਝ ਦੇਹੁ ਮਤੀ,ਸ਼ੁਭ ਸਾਰਸਤੀ ਦੁਖ ਦੂੰਦ ਨਿਕੰਦਨ ! ॥੨॥

ਹੇ ਸਰਸਵਤੀ ! ਤੂੰ ਸਾਰੇ ਗੁਣਾਂ ਦਾ ਸੁੰਦਰ ਮੰਦਰ ਹੈਂ, ਤੇਰੇ ਸਰੀਰ ਦੀ ਸ਼ੋਭਾ ਪਾਰੇ ਵਾਂਗ ਉੱਜਲ ਹੈ, ਚੰਦਰਮਾ ਦੀ ਚਾਂਦਨੀ ਵਾਂਗ ਸੀਤਲ ਹੈ ਤੇ ਚੰਦਨ ਵਾਂਗ ਸੁਗੰਧਿਤ ਹੈ। ਤੇਰੇ ਮੱਥੇ ਉੱਤੇ ਸੰਧੂਰ ਦੇ ਸ੍ਰੇਸ਼ਟ ਤਿਲਕ ਵਿਚ ਚਾਵਲ ਇੰਝ ਸੋਭ ਰਹੇ ਹਨ। ਮਾਨੋ ਮੰਗਲ ਵਿਚ ਚੰਦਰਮਾ ਦੀਆਂ ਕਲਾਂ ਹੋਣ। ਮੈਂ ਹੱਥ ਜੋੜ ਕੇ ਤੇਰੇ ਚਰਨਾਂ ਨੂੰ ਬੰਦਨਾ ਕਰਦਾ ਹਾਂ ਜੋ ਕੰਵਲਾਂ ਵਾਂਗ ਆਪਣੇ ਕਵੀ ਰੂਪੀ ਭੌਰਿਆਂ ਨੂੰ ਅਨੰਦ ਦੇਣ ਵਾਲੇ ਹਨ। ਹੇ ਹੱਥ ਵਿਚ ਵੀਣਾ ਧਾਰਨ ਕਰਨ ਵਾਲੀ ਤੇ ਸਾਰੇ ਦੁੱਖਾਂ ਨੂੰ ਕੱਟਣ ਵਾਲੀ ਸਰਸਵਤੀ ! ਮੈਨੂੰ ਸ਼ੁਭ ਮੱਤ ਦੇਹ ਤਾਂਕਿ ਮੈਂ ਗੁਰੂ ਜੱਸ ਵਰਣਨ ਕਰਾਂ॥ ੨॥

੩. ਇਸ਼੍ਟ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਦੋਹਰਾ- ਪਸਰ੍ਯੋ ਜਸ ਦਸ ਦਿਸ਼ਨਿ ਮੈਂ ਸਦ੍ਰਿਸ਼ ਸੁਮਨਸ ਸੇਤ।
ਅਚਮਤ ਜੁਤਿ ਜੀਤ੍ਯੋ ਜਗਤ, ਸ੍ਰੀ ਨਾਨਕ ਸੁਖ ਦੇਤਿ॥ ੩॥

ਜਿਨ੍ਹਾਂ ਦਾ ਚਿੱਟੇ ਫੁੱਲਾਂ ਵਰਗਾ ਉੱਜਲ ਜੱਸ ਦਸਾਂ ਦਿਸ਼ਾਂ ਵਿਚ ਫੈਲਿਆ ਹੋਇਆ ਹੈ ਅਤੇ ਜਿਨ੍ਹਾਂ ਨੇ ਕਰਾਮਾਤ ਨਾਲ ਸਾਰੇ ਜਗਤ ਨੂੰ ਜਿਤ ਲਿਆ ਹੈ, ਐਸੇ ਸੁਖਾਂ ਦੇ ਦਾਤੇ ਗੁਰੂ ਨਾਨਕ ਦੇਵ ਜੀ ਨੂੰ ਮੇਰੀ ਨਮਸਕਾਰ ਹੈ॥ ੩॥

*੪. ਇਸ਼੍ਰ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ*

**ਅਜਰ ਜਰਨ, ਧੀਰਜ ਧਰਨਿ, ਧਰਨਿ ਮਨਿੰਦ, ਅਮੰਦ।**
**ਸ੍ਰੀ ਅੰਗਦ ਪਦ ਪਦਮ ਕੋ ਨਮਹਿਂ ਮੁਕੰਦ ਅਨੰਦ॥ ੪॥**

ਜੋ ਧੀਰਜ ਧਰਨ ਵਿਚ ਧਰਤੀ ਸਮਾਨ ਹਨ ਤੇ ਨਾ ਜਰੇ ਜਾਣ ਵਾਲੇ ਨੂੰ ਜਰਨ ਵਿਚ ਸਦਾ ਸ੍ਰੇਸ਼ਟ ਹਨ, ਜਿਹੜੇ ਮੁਕਤੀ ਅਤੇ ਅਨੰਦ ਦੇ ਦਾਤੇ ਹਨ, ਐਸੇ ਗੁਰੂ ਅੰਗਦ ਦੇਵ ਜੀ ਦੇ ਚਰਨ ਕੰਵਲਾਂ 'ਤੇ ਮੈਂ ਨਮਸਕਾਰ ਕਰਦਾ ਹਾਂ॥ ੪॥

*੫. ਇਸ਼੍ਰ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ*

**ਭਾਨੁ ਸਮਾਨ ਸੁ ਗ੍ਯਾਨ ਦਿਢਿ, ਹਾਨਿ ਤਿਮਰ ਅੱਗ੍ਯਾਨ।**
**ਅਜ਼ਮਤਿ ਦਾਨੀ ਅਨਿਕ ਕੇ ਸ੍ਰੀ ਗੁਰੁ ਅਮਰ ਸੁਜਾਨ॥ ੫॥**

ਸ੍ਰੀ ਗੁਰੂ ਅਮਰਦਾਸ ਜੀ ਦਾ ਆਪਣਾ ਗਿਆਨ ਸੂਰਜ ਸਮਾਨ ਅਚੱਲ ਹੈ ਤੇ ਉਹ ਦੂਸਰਿਆਂ ਦੇ ਗਿਆਨ ਹਨੇਰੇ ਨੂੰ ਦੂਰ ਕਰਨ ਵਾਲੇ ਹਨ, ਅਤੇ ਅਨੇਕਾਂ ਨੂੰ ਕਰਾਮਾਤਾਂ ਬਖਸ਼ਣ ਵਾਲੇ ਹਨ, ਐਸੇ ਸੁਜਾਨ ਸ੍ਰੀ ਗੁਰੂ ਜੀ ਦੇ ਚਰਨ ਕੰਵਲਾਂ ਉਪਰ ਮੇਰੀ ਨਮਸਕਾਰ ਹੈ॥ ੫॥

*੬. ਇਸ਼੍ਰ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ*

**ਸੋਢੀ ਕੁਲ ਸਮ ਗਗਨ ਮੈਂ ਬਿਦਤੇ ਭਾਨੁ ਮਨਿੰਦ।**
**ਰਾਮਦਾਸ ਸ੍ਰੀ ਸਤਿਗੁਰੂ ਬੰਦੌਂ ਪਦ ਅਰਵਿੰਦ॥ ੬॥**

ਸੋਢੀ ਕੁਲ ਰੂਪੀ ਆਕਾਸ਼ ਵਿਚ ਜੋ ਸੂਰਜ ਵਾਂਗ ਪ੍ਰਗਟ ਹੋਏ ਹਨ ਮੈਂ ਐਸੇ ਸ੍ਰੀ ਸਤਿਗੁਰੂ ਰਾਮਦਾਸ ਜੀ ਦੇ ਚਰਨ ਕੰਵਲਾਂ 'ਤੇ ਨਮਸਕਾਰ ਕਰਦਾ ਹਾਂ॥ ੬॥

*੭. ਇਸ਼੍ਰ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ*

**ਦਾਸਨਿ ਕੀ ਫਾਸਨਿ ਕਟੈਂ ਉਪਦੇਸ਼ਤਿ ਸਤਨਾਮੁ।**
**ਸ੍ਰੀ ਅਰਜਨ ਬਰਜਨਿ ਕੁਮਤਿ ਤਿਨ ਪਦ ਪਦਮ ਪ੍ਰਣਾਮ॥ ੭॥**

ਜੋ ਸ਼ਰਨ ਆਏ ਦਾਸਾਂ ਦੀਆਂ ਕੁਮੱਤਾਂ ਨੂੰ ਦੂਰ ਕਰਕੇ ਸਤਿਨਾਮ ਦਾ ਉਪਦੇਸ਼ ਦਿੰਦੇ ਹਨ ਤੇ ਲੋਕ ਪਰਲੋਕ ਦੇ ਬੰਧਨ ਕੱਟ ਦਿੰਦੇ ਹਨ, ਐਸੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨ ਕੰਵਲਾਂ ਤੇ ਮੈਂ ਨਮਸਕਾਰ ਕਰਦਾ ਹਾਂ॥ ੭॥

*੮. ਇਸ਼੍ਰ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਮੰਗਲ*

**ਜੋਧਾ ਕ੍ਰੁੱਧਤਿ ਜੁੱਧ ਮਹਿਂ, ਰਿਦਾ ਸਥਿਤ ਬ੍ਰਹਮ ਗ੍ਯਾਨ।**
**ਸ੍ਰੀ ਹਰਿ ਗੋਵਿੰਦ ਚੰਦ ਪਦ ਬੰਦਨ ਸਿਰ ਤੇ ਠਾਨਿ॥ ੮॥**

ਜਿਨ੍ਹਾਂ ਦਾ ਹਿਰਦਾ ਬ੍ਰਹਮ ਗਿਆਨ ਵਿਚ ਦ੍ਰਿੜ੍ਹ ਹੈ, ਪਰ ਯੁੱਧ ਵਿਚ ਜਿਹੜੇ ਬੀਰ-ਰਸੀ ਯੋਧਾ ਹੋ ਜਾਂਦੇ ਹਨ, ਐਸੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ 'ਤੇ ਸੀਸ ਟਿਕਾ ਕੇ ਮੈਂ ਬੰਦਨਾ ਕਰਦਾ ਹਾਂ॥ ੮॥

*੯. ਇਸ਼੍ਰ ਗੁਰੂ ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ*

**ਕਰੇ ਰੰਕ ਰਾਜਾ ਅਧਿਕ ਅਬਿ ਲੌ ਬਿਦਤਿ ਪ੍ਰਤਾਪ।**
**ਸ੍ਰੀ ਸਤਿਗੁਰ ਹਰਿਰਾਇ ਜੀ ਹਰਤਾ ਪਾਪ ਕਲਾਪ॥ ੯॥**

ਸ੍ਰੀ ਗੁਰੂ ਹਰਿਰਾਇ ਜੀ ਆਪਣੇ ਸੇਵਕਾਂ ਦੇ ਪਾਪਾਂ ਦੇ ਨਾਸ਼ ਕਰਨ ਵਾਲੇ ਹਨ। ਉਨ੍ਹਾਂ ਨੇ ਆਪਣੇ ਗ਼ਰੀਬ ਸੇਵਕਾਂ ਨੂੰ ਵੱਡੇ ਰਾਜੇ ਬਣਾ ਦਿੱਤਾ, ਜਿਨ੍ਹਾਂ ਦਾ ਪ੍ਰਤਾਪ ਅੱਜ ਤੱਕ ਜਗ ਵਿਚ ਪ੍ਰਗਟ ਹੈ॥ ੯॥

*੧੦. ਇਸ਼੍ਟ ਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਮੰਗਲ*

**ਬਾਲ ਬੈਸ ਬ੍ਰਿਧ ਗਜਾਨ ਮਹਿਂ ਸਮਰਥ ਸ੍ਰੀ ਗੁਰਦੇਵ।**
**ਪਦ ਅਰਵਿੰਦਨਿ ਬੰਦਨਾ ਮੁਕਤਿ ਪਾਇ ਜਿਨ ਸੇਵ॥ ੧੦॥**

ਜਿਹੜੇ ਉਮਰ ਵਿਚ ਬਾਲ ਹਨ, ਪਰ ਗਿਆਨ ਵਿਚ ਬ੍ਰਿਧ ਹਨ ਐਸੇ ਸਮਰੱਥ ਸ੍ਰੀ ਗੁਰਦੇਵ ਸ੍ਰੀ ਹਰਿਕ੍ਰਿਸ਼ਨ ਜੀ ਦੇ ਚਰਨ ਕੰਵਲਾਂ ਤੇ ਮੇਰੀ ਨਮਸਕਾਰ ਹੈ, ਜਿਨ੍ਹਾਂ ਦੀ ਸੇਵਾ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ॥ ੧੦॥

*੧੧. ਇਸ਼੍ਟ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ*

**ਹਿੰਦੂ ਧਰਮ ਤਰੁ ਮੂਲ ਕੋ ਰਾਖਜੋ ਧਰਨਿ ਮਝਾਰ।**
**ਤੇਗ ਬਹਾਦੁਰ ਸਤਿਗੁਰੂ ਤ੍ਰਿਣ ਸਮਾਨ ਤਨ ਡਾਰਿ॥ ੧੧॥**

ਸਤਿਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਰੀਰ ਨੂੰ ਇਕ ਤੀਲੇ ਵਾਂਗ ਛੱਡ ਕੇ ਹਿੰਦੂ ਧਰਮ ਰੂਪੀ ਬ੍ਰਿੱਛ ਦੀ ਜੜ੍ਹ ਨੂੰ ਉਖੜਨ ਤੋਂ ਬਚਾ ਕੇ ਧਰਤੀ ਵਿਚ ਰੱਖ ਲਿਆ, ਐਸੇ ਗੁਰੂ ਜੀ ਨੂੰ ਮੇਰੀ ਬੰਦਨਾ ਹੈ॥ ੧੧॥

*੧੨. ਇਸ਼੍ਟ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ*

**ਸਦਾ ਸੁਛੰਦ ਅਨੰਦਮਯ ਦਾਸਨਿ ਬ੍ਰਿੰਦ ਮੁਕੰਦ।**
**ਸ੍ਰੀ ਗੁਰ ਗੋਵਿੰਦ ਸਿੰਘ ਜੀ ਬੰਦੌਂ ਜੁਗ ਕਰ ਬੰਦਿ॥ ੧੨॥**

ਸਦਾ ਸੁਤੰਤਰ, ਅਨੰਦ ਸਰੂਪ ਤੇ ਆਪਣੇ ਸਾਰੇ ਦਾਸਾਂ ਨੂੰ ਮੁਕਤੀ ਦੇਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ॥ ੧੨॥

*ਮੰਗਲਾਚਰਨ ਸਮਾਪਤ*

## ਬਕਾਲੇ ਵਿਖੇ ਬਾਈ ਸੋਢੀ ਗੁਰੂ

**ਅਬਿ ਬਰਨੌਂ ਸਤਿਗੁਰੂ ਕਥਾ, ਰਾਸ਼ਿ ਇਕਾਦਸ਼ ਮਾਂਹਿ।**
**ਤੇਗ ਬਹਾਦੁਰ ਜੀ ਜਥਾ ਸ਼ੁਭ ਚਰਿੱਤ੍ਰ ਕਿਯ ਆਹਿ॥ ੧੩॥**

ਗਿਆਰ੍ਹਵੀਂ ਰਾਸ ਵਿਚ ਹੁਣ ਮੈਂ ਸਤਿਗੁਰੂ ਜੀ ਦੀ ਕਥਾ ਵਰਣਨ ਕਰਦਾ ਹਾਂ, ਸਤਿਗੁਰੂ ਤੇਗ ਬਹਾਦਰ ਜੀ ਨੇ ਜਿਵੇਂ ਸ਼ੁਭ ਕਾਰਜ ਕੀਤੇ ਹਨ॥ ੧੩॥

**ਚੌਪਈ-ਸੰਗਤਿ ਡੋਲਹਿ ਕਹੇ ਮਸੰਦ। ਨਹਿਂ ਪ੍ਰਾਪਤਿ ਸਤਿਗੁਰ ਸੁਖਕੰਦ।**
**ਕਿਸ ਢਿਗ ਅਪਨੀ ਬਿਨੈ ਸੁਨਾਵੈਂ। ਸਜਾਨੇ ਸਿੱਖ ਅਧਿਕ ਦੁਖ ਪਾਵੈਂ॥੧੪॥**

ਮਸੰਦਾਂ ਦੇ ਕਹਿਣ ਉਤੇ ਸੰਗਤ ਡੋਲਦੀ ਫਿਰਦੀ ਸੀ, ਮੁਕਤੀਦਾਤੇ ਸਤਿਗੁਰੂ ਜੀ ਉਨ੍ਹਾਂ ਨੂੰ ਪ੍ਰਾਪਤ ਨਹੀਂ ਸਨ ਹੋਏ। ਕਿਸ ਪਾਸ ਜਾ ਕੇ ਆਪਣੀ ਬੇਨਤੀ ਸੁਣਾਉਣ ਤੇ ਸਮਝਦਾਰ ਸਿੱਖ ਜ਼ਿਆਦਾ ਦੁਖ ਪਾ ਰਹੇ ਸਨ॥ ੧੪॥

**ਬੀਚ ਬਕਾਲੇ ਰੌਰ ਬਿਸਾਲਾ। ਉਤਰਹਿਂ ਆਨਿ ਸੰਗਤਾਂ ਜਾਲਾ।**
**ਸੰਗ ਮਸੰਦ ਲਏ ਜਿਤ ਜਾਵੈਂ। ਬਿਨ ਅਨੰਦ ਸੋਢੀ ਪੁਜਵਾਵੈਂ॥ ੧੫॥**

ਬਕਾਲੇ ਪਿੰਡ ਵਿਚ ਬੜਾ ਰੌਲਾ ਪਿਆ ਸੀ, ਸੰਗਤਾਂ ਦੀ ਵੱਡੀ ਭੀੜ ਨੇ ਓਥੇ ਆ ਕੇ ਉਤਾਰਾ ਕੀਤਾ ਹੋਇਆ ਸੀ। ਮਸੰਦ ਜਿਸ ਵੀ ਅਖੌਤੀ ਗੁਰੂ ਪਾਸ ਲੇ ਕੇ ਜਾਂਦੇ ਹਨ, ਅਨੰਦ ਦੇਣ ਤੋਂ ਬਗੈਰ ਹੀ ਸੋਢੀ ਆਪਣੀ ਪੂਜਾ ਕਰਵਾਉਂਦੇ ਸਨ॥ ੧੫॥

ਜਿਸ ਕੋ ਮੇਲ ਅਹੈ ਜਿਹ ਸਾਥ। ਤਹਿਂ ਲੇ ਜਾਇ ਸੁਨਾਵਹਿ ਗਾਥ।
'ਇਹ ਗੁਰ ਪੂਰਨ ਅਜ਼ਮਤਵੰਤਾ। ਪੂਰਹਿ ਕਾਮਨਾ ਜੋ ਚਿਤਵੰਤਾ॥ ੧੬॥

ਜਿਸ ਮਸੰਦ ਦਾ ਵੀ ਜਿਸ ਮੰਜੀ ਵਾਲੇ ਸੋਢੀ ਨਾਲ ਮੇਲ ਸੀ, ਉਹ ਸਿੱਖਾਂ ਨੂੰ ਓਥੇ ਲੈ ਜਾਂਦਾ ਸੀ ਤੇ ਉਸ ਦੇ ਅਸਲੀ ਗੁਰੂ ਹੋਣ ਬਾਰੇ ਕਥਾ ਸੁਣਾਉਂਦਾ ਸੀ, ਕਹਿੰਦਾ ਸੀ, "ਇਹ ਪੂਰਨ ਕਰਾਮਾਤੀ ਗੁਰੂ ਹਨ, ਜੋ ਵੀ ਚਿੱਤ ਵਿਚ ਤੁਸੀਂ ਕਾਮਨਾ ਕਰੋਗੇ, ਪੂਰੀ ਕਰਨਗੇ॥ ੧੬॥

ਅਬਿ ਗਾਦੀ ਪਰ ਇਸ ਕੋ ਜਾਨਹੁ। ਹਾਥ ਜੋਰਿ ਧਨ ਦਿਹੁ ਸਨਮਾਨਹੁ।
ਕਰਹੁ ਪ੍ਰਸੰਨ ਸੁ ਬਾਂਛਤਿ ਪਾਵਹੁ। ਨਿਸ ਦਿਨ ਮਨ ਮਹਿਂ ਚਰਨ ਮਨਾਵਹੁ ॥੧੭॥

ਹੁਣ ਇਨ੍ਹਾਂ ਨੂੰ ਗੱਦੀ ਉਤੇ ਬੈਠਾ ਜਾਣੋ, ਹੱਥ ਜੋੜ ਕੇ ਧਨ ਦੇ ਕੇ ਸਨਮਾਨ ਕਰੋ। ਇਨ੍ਹਾਂ ਨੂੰ ਪ੍ਰਸੰਨ ਕਰਕੇ ਮੂੰਹ ਮੰਗੀਆਂ ਮੁਰਾਦਾਂ ਪਾਵੋ ਤੇ ਰਾਤ ਦਿਨ ਇਨ੍ਹਾਂ ਦੇ ਚਰਨਾਂ ਨੂੰ ਆਪਣੇ ਮਨ ਵਿਚ ਮਨਾਵੋ"॥ ੧੭॥

ਕਹੇ ਮਸੰਦਨਿ ਕੇ ਲਗਿ ਕਰਿ ਕੈ। ਅਰਪਹਿਂ ਵਸਤੂ ਧਨ ਗਨ ਧਰਿ ਕੈ।
ਤਊ ਅਨੰਦ ਨ ਪ੍ਰਾਪਤਿ ਹੋਈ। ਪੂਰਹਿ ਨ ਮਨ ਕੀ ਕਾਮਨ ਕੋਈ॥ ੧੮॥

ਸਾਰੇ ਸਿੱਖ ਮਸੰਦਾਂ ਦੇ ਕਹੇ ਲੱਗ ਕੇ, ਬਹੁਤ ਵਸਤਾਂ ਅੱਗੇ ਧਰ ਕੇ ਅਰਪਣ ਕਰਦੇ ਸਨ। ਫਿਰ ਵੀ ਅਨੰਦ ਪ੍ਰਾਪਤ ਨਹੀਂ ਸੀ ਹੁੰਦਾ, ਮਨ ਦੀ ਕੋਈ ਵੀ ਕਾਮਨਾ ਪੂਰੀ ਨਹੀਂ ਸੀ ਹੁੰਦੀ॥ ੧੮॥

ਦੇ ਕਰਿ, ਰਿਦੇ ਬਿਸੂਰਤਿ ਫੇਰਿ। ਦੂਸਰ ਕੋ ਪੂਜਤਿ ਨਰ, ਹੇਰਿ।
ਆਪਸ ਮਹਿਂ ਸਿਖ ਮਿਲਿ ਮਿਲਿ ਕਹੈਂ। 'ਅਰਪਿ ਅਕੋਰ, ਨ ਨਿਰਨੈ ਲਹੈਂ ॥੧੯॥

ਧਨ ਅਰਪਣ ਕਰਨ ਦੇ ਬਾਅਦ ਵੀ ਹਿਰਦਾ ਮੁਰਝਾਇਆ ਰਹਿੰਦਾ ਸੀ, ਫਿਰ ਉਹ ਦੂਸਰੇ ਸੋਢੀ ਨੂੰ ਵੇਖ ਕੇ ਉਸਦੀ ਪੂਜਾ ਕਰਨ ਲੱਗ ਪੈਂਦੇ ਸਨ। ਸਿੱਖ ਆਪਸ ਵਿਚ ਮਿਲ ਮਿਲ ਕੇ ਕਹਿੰਦੇ ਸਨ, "ਉਪਹਾਰ ਅਰਪਣ ਕਰਕੇ ਵੀ ਨਿਸ਼ਚਾ ਨਹੀਂ ਹੁੰਦਾ ਕਿ ਗੁਰੂ ਕੌਣ ਹੈ॥ ੧੯॥

ਕਹੇ ਮਸੰਦਨਿ ਕੇ ਹਮ ਦੇਤਿ। ਗੁਰੁ ਕੌਡੀ ਨਹਿਂ ਰਖਹਿਂ ਨਿਕੇਤ।
ਅਜ਼ਮਤ ਜੁਤਿ ਹਮ ਲਖਹਿਂ ਨ ਕੋਈ। ਕਬਹੁਂ ਨ ਕੀਨਸਿ ਕਾਮਨ ਹੋਈ ' ॥੨੦॥

ਅਸੀਂ ਗੁਰੂ ਨਮਿਤ ਕੀਤੀ ਹੋਈ ਮਾਇਆ ਵਿਚੋਂ ਕੌਡੀ ਵੀ ਘਰ ਨਹੀਂ ਰੱਖਣੀ, ਇਸ ਕਰਕੇ ਮਸੰਦਾਂ ਦੇ ਕਹਿਣ ਤੇ ਦੇ ਦਿੰਦੇ ਹਾਂ। ਕਰਾਮਾਤ ਸਹਿਤ ਅਸੀਂ ਕਿਸੇ ਨੂੰ ਵੀ ਵੇਖਦੇ ਨਹੀਂ ਹਾਂ, ਕੀਤੀ ਹੋਈ ਕਦੇ ਕਾਮਨਾ ਪੂਰੀ ਨਹੀਂ ਹੋਈ"॥ ੨੦॥

ਇਮ ਸੋਢੀ ਸਭਿ ਆਇ ਬਕਾਲੇ। ਬੈਠੇ ਮੰਜੀ ਪਾਇ ਬਿਸਾਲੇ।
ਸਿੱਖਨਿ ਕਹੁ ਬਿਰਮਾਵਨਿ ਕਰੈਂ। ਦਰਬ ਲੇਨਿ ਕੀ ਆਸ਼ਾ ਧਰੈਂ॥ ੨੧॥

ਇਸ ਤਰ੍ਹਾਂ ਸਭ ਸੋਢੀ ਬਕਾਲੇ ਵਿਚ ਆ ਗਏ, ਵਿਸ਼ਾਲ ਮੰਜੀਆਂ ਡਾਹ ਕੇ ਬੈਠ ਗਏ। ਸਿੱਖਾਂ ਨੂੰ ਭਰਮਾਉਂਦੇ ਸਨ ਤੇ ਧਨ ਲੈਣ ਦੀ ਆਸਾ ਧਾਰਨ ਕੀਤੀ ਹੋਈ ਸੀ॥੨੧॥

ਦਾਸਨਿ ਕੀ ਸਹਾਇਤਾ ਕਾਲ। ਕੌਨ ਕਰਹਿ, ਬਨਿ ਹੈਂ ਤਬਿ ਸਜਾਲ।
ਗੁਰ ਕੇਹਰਿ ਬਿਨ ਕਿਮ ਬਨਿ ਆਵੈ। ਪਾਜ ਸਾਂਗ ਕੋ ਲਗਿ ਨਿਬਹਾਵੈ॥੨੨॥

ਸੇਵਕਾਂ ਦੀ ਸਹਾਇਤਾ ਸਮੇਂ ਗਿੱਦੜ ਬਣ ਜਾਂਦੇ ਹਨ, ਅਸਲ ਗੁਰੂ ਜੀ ਤੋਂ ਬਗੈਰ ਸਹਾਇਤਾ ਕੌਣ ਕਰੇ। ਸ਼ੇਰ ਰੂਪੀ

ਗੁਰੂ ਜੀ ਤੋਂ ਬਗੈਰ ਸਹਾਇਤਾ ਕੌਣ ਕਰੇ। ਸ਼ੇਰ ਰੂਪੀ ਗੁਰੂ ਜੀ ਤੋਂ ਬਗੈਰ ਕਿਵੇਂ ਬਣ ਆਉਂਦੀ ਸੀ, ਜਿਹੜਾ ਗੁਰੂ ਰੂਪੀ ਸਾਂਗ ਦੇ ਪਾਜ ਦਾ ਨਿਰਬਾਹ ਕਰੇ॥ ੨੨ ॥

ਜਿਮ ਨਟ ਚੱਕ੍ਰਵਰਤਿ ਬਨਿ ਜਾਇ। ਕੋ ਆਇਸੁ ਮਾਨਹਿਂ ਹਿਤ ਲਾਇ।
ਸਤਿਗੁਰੂ ਬਿਨ, ਸੁਰ ਆਦਿਕ ਸਾਰੇ। ਕੋ ਆਗਜਾ ਮਾਨਹਿਂ ਅਨੁਸਾਰੇ ॥ ੨੩ ॥

ਜਿਵੇਂ ਨਟ ਚੱਕਰਵਰਤੀ ਰਾਜਾ ਬਣ ਜਾਵੇ ਤਾਂ ਉਸ ਦੀ ਹਿਤ ਲਾ ਕੇ ਕੌਣ ਆਗਿਆ ਮੰਨੇਗਾ। ਸਤਿਗੁਰੂ ਜੀ ਤੋਂ ਬਗੈਰ, ਦੇਵਤੇ ਆਦਿ ਸਾਰੇ, ਕੌਣ ਅਨੁਸਾਰੀ ਹੋ ਕੇ ਆਗਿਆ ਮੰਨੇ॥੨੩॥

ਦੋਹਰਾ- ਤੇਗਬਹਾਦਰ ਧਰਮ ਧੁਜ ਧੀਰਜ ਧਰਨਿ ਮਨਿੰਦ।
ਗੋਪ ਰਹੈਂ ਕੁਛ ਕਹੈਂ ਨਹਿਂ ਮੁਖ ਪ੍ਰਸੰਨ ਅਰਬਿੰਦ॥ ੨੪ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਜਿਨ੍ਹਾਂ ਦਾ ਧਰਮ ਹੀ ਝੰਡਾ ਹੈ, ਭਾਵ ਜਿਹੜੇ ਧਰਮ ਰਖਿਅਕ ਹਨ, ਉਨ੍ਹਾਂ ਧਰਤੀ ਵਾਂਗ ਧੀਰਜ ਧਾਰਨ ਕਰ ਰਖਿਆ ਹੈ, ਉਹ ਗੁਪਤ ਹੀ ਰਹਿੰਦੇ ਸਨ ਤੇ ਆਪਣੇ ਕੰਵਲ ਮੁੱਖ ਤੋਂ ਪ੍ਰਸੰਨ ਹੋ ਕੇ ਕੁਝ ਨਹੀਂ ਕਹਿੰਦੇ ਸਨ॥੨੪॥

ਚੌਪਈ-ਅੰਤਰ ਬ੍ਰਿਤੀ ਅਨੰਦ ਸੋ ਮਾਤੇ। ਕਿਸਹੂੰ ਨਹਿਂ ਕਿਸ ਹੀ ਬਿਧਿ ਜਾਤੇ।
ਕਬਿ ਕਬਿ ਤੁਰੰਗ ਅਰੂਢਿ ਸਿਧਾਵੈਂ। ਤਬਿ ਕੋਈ ਸਿਖ ਦਰਸ਼ਨ ਪਾਵੈ ॥ ੨੫ ॥

ਉਨ੍ਹਾਂ ਦੀ ਅੰਤਰਮੁਖੀ ਬ੍ਰਿਤੀ ਸੀ ਤੇ ਅਨੰਦ ਵਿਚ ਮਸਤ ਸਨ, ਕਿਸੇ ਨੇ ਵੀ ਉਨ੍ਹਾਂ ਨੂੰ ਕਿਸੇ ਵਿਧੀ ਅਨੁਸਾਰ ਨਾ ਜਾਣਿਆ। ਕਦੀ ਕਦੀ ਘੋੜੇ ਤੇ ਚੜ੍ਹ ਕੇ ਜਾਂਦੇ ਸਨ, ਤਦ ਕਦੀ ਸਿੱਖ ਉਨ੍ਹਾਂ ਦੇ ਦਰਸ਼ਨ ਪਾਉਂਦੇ ਸੀ॥੨੫॥

ਨਹਿਂ ਮਹਿਮਾ ਜਾਨੈਂ ਮਨ ਮਾਂਹੀ। ਸਭਿ ਸੋਢੀਨਿ ਸਮਾਨ ਲਖਾਂਹੀ।
ਸਦਾ ਇਕੰਤ ਗੁਰੂ ਭਗਵੰਤ। ਨਹੀਂ ਲਖਾਵਹਿਂ ਅਪਨਿ ਮਤੰਤ॥ ੨੬ ॥

ਮਨ ਵਿਚ ਉਨ੍ਹਾਂ ਦੀ ਮਹਿਮਾ ਨਹੀਂ ਸਨ ਜਾਣਦੇ, ਸਾਰੇ ਸੋਢੀਆਂ ਨੂੰ ਬਰਾਬਰ ਹੀ ਜਾਣਦੇ ਸਨ। ਗੁਰੂ ਭਗਵਾਨ ਜੀ ਸਦਾ ਇਕਾਂਤ ਵਿਚ ਰਹਿੰਦੇ ਸਨ ਤੇ ਆਪਨਾ ਮਤ ਨਹੀਂ ਸੀ ਵਿਖਾਉਂਦੇ॥੨੬॥

ਧੀਰਮੱਲ ਕੇ ਬਡ ਬਿਸਤਾਰਾ। ਗੋਪ ਗੁਰੂ ਇਤ ਧੀਰ ਮਝਾਰਾ।
ਕਿਤਿਕ ਕਾਲ ਇਮ ਜਬਹੁਂ ਬਿਤਾਯਹੁ। ਸਿੱਖਨਿ ਗਨ ਜਹਿਂ ਕਹਿਂ ਡਹਿਕਾਯਹੁ॥੨੭॥

ਧੀਰਮੱਲ ਨੇ ਵੱਡਾ ਪਸਾਰਾ ਕਰ ਰਖਿਆ ਹੈ, ਪਰ ਏਧਰ ਜੋ ਅਸਲ ਗੁਰੂ ਹੈ, ਉਹ ਗੁਪਤ ਹੈ ਤੇ ਧੀਰਜ ਵਿਚ ਸਥਿਤ ਹੈ। ਜਦ ਕਾਫੀ ਸਮਾਂ ਇਸ ਤਰ੍ਹਾਂ ਬਤੀਤ ਹੋਇਆ ਤੇ ਸੋਢੀ ਇਕੱਠੇ ਹੋ ਕੇ ਸਿੱਖ ਸਮੂਹ ਨੂੰ ਠੱਗ ਰਹੇ ਸਨ॥੨੭॥

ਮਾਤ ਨਾਨਕੀ ਗੁਰ ਕੀ ਹੁਤੀ। ਸਭਿ ਬਿਧਿ ਮਹਿਂ ਸੋ ਨੀਕੀ ਮਤੀ।
ਬਹੁਤ ਬ੍ਰਿਤਾਂਤ ਗੁਰੁਨਿ ਕੋ ਹੇਰਾ। ਦੀਰਘ ਦਰਸਾ ਸੁਜਸੁ ਬਡੇਰਾ॥ ੨੮ ॥

ਗੁਰੂ ਤੇਗ ਬਹਾਦਰ ਜੀ ਦੇ ਜਿਹੜੇ ਮਾਤਾ ਨਾਨਕੀ ਜੀ ਸਨ, ਉਹ ਸਭ ਵਿਧੀਆਂ ਅਨੁਸਾਰ ਬਹੁਤ ਸਿਆਣੇ ਸਨ। ਉਨ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਬਹੁਤ ਬ੍ਰਿਤਾਂਤ ਵੇਖਿਆ ਸੀ, ਗੁਰੂ ਜੀ ਦੀ ਦੀਰਘ ਦ੍ਰਿਸ਼ਟੀ ਸੀ ਤੇ ਸ੍ਰੇਸ਼ਟ ਵੱਡਾ ਜੱਸ ਸੀ॥੨੮॥

ਸ੍ਰੀ ਗੁਰੂ ਹਰਿਗੋਵਿੰਦ ਕੀ ਦਾਰਾ। ਜਾਨਤਿ ਆਸ਼ੈ ਜਥਾ ਉਦਾਰਾ।
ਖਿਮਾ ਆਦਿ ਗੁਨ ਗਨ ਕੇ ਭਵਨੂ। ਨਿਤ ਪ੍ਰਸੰਨ ਅੰਤਰ ਬ੍ਰਿਤਿ ਰਵਨੂ ॥੨੯ ॥

ਉਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਪਤਨੀ ਹੈ, ਤੇ ਸਾਰੇ ਆਸ਼ਿਆਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਜਿਵੇਂ ਸ੍ਰੀ ਤੇਗ ਬਹਾਦਰ ਜੀ ਖਿਮਾ ਆਦਿ ਗੁਣਾਂ ਦਾ ਘਰ ਹਨ ਤੇ ਅੰਤਰ ਬ੍ਰਿਤੀ ਵਿਚ ਸਦਾ ਪ੍ਰਸੰਨ ਰਹਿੰਦੇ ਹਨ॥੨੯॥

ਲੱਛਨ ਹੋਤਿ ਗੁਰੁਨਿ ਕੇ ਜੈਸੇ। ਸਰਬ ਪ੍ਰਕਾਰ ਜਾਨਤੀ ਤੈਸੇ।
ਪਤਿ ਪੌਤ੍ਰਾ ਪਰਪੌਤ੍ਰਾ ਹੋਇ। ਜਿਮ ਗੁਰਤਾ ਗਾਦੀ ਪਰ ਜੋਇ॥ ੩੦॥

ਜਿਵੇਂ ਸਰਬ ਸਮਰੱਥ ਗੁਰੂ ਜੀ ਦੇ ਗੁਣ ਹੁੰਦੇ ਹਨ, ਸਭ ਪ੍ਰਕਾਰ ਉਨ੍ਹਾਂ ਨੂੰ ਇਸ ਤਰ੍ਹਾਂ ਪਹਿਚਾਣਦੇ ਹਨ। ਪਤੀ ਸ੍ਰੀ ਗੁਰੂ ਹਰਿਗੋਬਿੰਦ ਜੀ, ਪੋਤਰਾ ਸ੍ਰੀ ਗੁਰੂ ਹਰਿਰਾਇ ਜੀ ਅਤੇ ਪੜਪੋਤਾ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜਿਵੇਂ ਉਹ ਸਾਰੇ ਗੁਰਤਾ-ਗੱਦੀ ਉੱਤੇ ਬੈਠੇ ਵੇਖੇ ਸਨ॥੩੦॥

ਸੋ ਨਿਜ ਸੁਤ ਮਹਿਂ ਦੇਖਤਿ ਸਾਰੇ। ਬਿਦਤਹਿ ਨਹਿਂ ਇਮ ਬਹੁਤ ਬਿਚਾਰੇ।
ਸ੍ਰੀ ਗੁਰੂ ਹਰਿਗੁਵਿੰਦ ਪਤਿ ਕੇਰਾ। ਪ੍ਰਥਮ ਸੁਨਜੋਂ ਬਚ ਕਹਜੋ ਬਡੇਰਾ॥ ੩੧॥

ਉਨ੍ਹਾਂ ਵਰਗੇ ਸਾਰੇ ਗੁਣ ਉਹ ਆਪਣੇ ਪੁੱਤਰ ਵਿਚ ਵੇਖ ਰਹੇ ਸਨ, ਉਹ ਪ੍ਰਗਟ ਕਿਉਂ ਨਹੀਂ ਹੋ ਰਹੇ, ਇਸ ਬਾਰੇ ਬਹੁਤ ਵਿਚਾਰ ਕਰਦੇ ਸਨ। ਉਨ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੇ ਪਤੀ ਜੀ ਦਾ ਪਹਿਲਾਂ ਕਿਹਾ ਬਚਨ ਸੁਣਿਆ ਹੋਇਆ ਸੀ॥੩੧॥

'ਤੁਵ ਸੁਤ ਹੋਹਿ ਗੁਰੂ ਜਗ ਭਾਰੀ। ਜਿਸ ਕੇ ਸੁਤ ਜਨਮਹਿ ਜਸੁ ਕਾਰੀ'।
ਸਿਮਰਿ ਸਿਮਰਿ ਇਮ ਮਾਤਾ ਮਨ ਮੈਂ। ਚਿੰਤਾ ਬਸੀ ਹੋਤਿ ਨਿਸ ਦਿਨ ਮੈਂ॥੩੨॥

ਗੁਰੂ ਹਰਿਗੋਬਿੰਦ ਜੀ ਨੇ ਕਿਹਾ ਸੀ, "ਤੁਹਾਡਾ ਪੁੱਤਰ ਜਗ ਵਿਚ ਭਾਰੀ ਗੁਰੂ ਹੋਵੇਗਾ, ਜਿਸ ਦੇ ਘਰ ਵੱਡੇ ਜੱਸ ਵਾਲਾ ਪੁੱਤਰ ਜਨਮ ਲਵੇਗਾ।" ਇਸ ਤਰ੍ਹਾਂ ਮਾਤਾ ਜੀ ਮਨ ਵਿਚ ਯਾਦ ਕਰ ਕਰ ਦਿਨ ਰਾਤ ਚਿੰਤਾ ਵਿਚ ਡੁੱਬੇ ਰਹਿੰਦੇ ਸਨ॥੩੨॥

ਸਿਖ ਸੰਗਤਿ ਸੰਸੋ ਮਹਿਂ ਡੋਲਤਿ। ਥਿਰਤਾ ਲਹੈ ਨ ਕੋ ਕੁਛ ਬੋਲਤਿ।
ਬਹੁ ਬਿਚਾਰ ਕਰਿ ਇਕ ਦਿਨ ਮਾਤਾ। ਗਈ ਸਪੁੱਤ੍ਰ ਨਿਕਟਿ ਸੁਖ ਰਾਤਾ॥੩੩॥

ਸਿੱਖ ਸੰਗਤ ਸ਼ੰਕਿਆਂ ਵਿਚ ਡੋਲ ਰਹੀ ਸੀ, ਨਾ ਥਿਰਤਾ ਪਾਉਂਦੀ ਸੀ ਤੇ ਨਾ ਕੁਝ ਬੋਲਦੀ ਸੀ। ਬਹੁਤ ਵਿਚਾਰ ਕਰਕੇ ਇਕ ਦਿਨ ਮਾਤਾ ਜੀ ਆਪਣੇ ਪੁੱਤਰ ਦੇ ਪਾਸ ਗਈ ਜਿਹੜੇ ਸੁਖ ਵਿਚ ਰੰਗੇ ਹੋਏ ਸਨ॥੩੩॥

ਬੈਠਿ ਸਮੀਪ ਮਾਧੁਰੀ ਬਾਨੀ। ਕਹਿ ਸਮੁਝਾਵਹਿ ਸੁਮਤਿ ਮਹਾਨੀ।
'ਹੇ ਸੁਤ! ਤੁਮ ਜਗ ਗੁਰੁ ਅਵਤਾਰਾ। ਮੈਂ ਜਾਨਤਿ ਨੀਕੇ ਨਿਰਧਾਰਾ॥ ੩੪॥

ਪਾਸ ਬੈਠ ਕੇ ਮਿੱਠੇ ਬਚਨ ਕੀਤੇ ਤੇ ਆਪਣੇ ਪੁੱਤਰ ਨੂੰ ਮਹਾਨ ਸ੍ਰੇਸ਼ਟ ਮੱਤ ਦੇ ਕੇ ਸਮਝਾਉਣ ਲੱਗੇ। "ਹੇ ਪੁੱਤਰ! ਤੁਸੀਂ ਜੱਗ ਵਿਚ ਗੁਰੂ ਅਵਤਾਰ ਹੋ, ਮੈਂ ਚੰਗੀ ਤਰ੍ਹਾਂ ਨਿਰਧਾਰ ਕੇ ਜਾਣਿਆ ਹੈ॥੩੪॥

ਸਮ ਸੂਰਜ ਤੁਮ ਦਰਸ਼ਨ ਬਿਨਾ। ਸਭਿ ਮਹਿਂ ਸੰਸੈ ਤਮ ਭਾ ਘਨਾ।
ਨਹਿਂ ਪ੍ਰਕਾਸ਼ ਨਿਸ਼ਚੈ ਕੋ ਪਾਵੈ। ਉਡ ਸ਼ਰੀਕ ਤੁਮਰੇ ਦਿਪਤਾਵੈਂ॥ ੩੫॥

ਤੁਸੀਂ ਇਕ ਸੂਰਜ ਵਾਂਗ ਹੋ, ਤੁਹਾਡੇ ਦਰਸ਼ਨ ਬਗੈਰ ਸਾਰੇ ਸਿੱਖ ਵੱਡੇ ਹਨ੍ਹੇਰੇ ਦੇ ਸ਼ੰਕੇ ਭਟਕ ਰਹੇ ਹਨ। ਕੋਈ ਵੀ ਨਿਸ਼ਚਾ ਰੂਪੀ ਪ੍ਰਕਾਸ਼ ਨਹੀਂ ਪਾਉਂਦਾ ਹੈ ਤਾਰੇ ਰੂਪੀ ਤੇਰੇ ਸ਼ਰੀਕ ਚਮਕ ਰਹੇ ਹਨ॥੩੫॥

ਧੀਰਮੱਲ ਅਬਿ ਚੰਦ ਮਨਿੰਦ। ਅਪਨੋ ਕਰਤਿ ਪ੍ਰਕਾਸ਼ ਬਿਲੰਦ।
ਨਹਿਂ ਬਿਕਸਤਿ ਹੈਂ ਸਿਖ ਅਰਬਿੰਦ। ਜਿਨ ਮੈਂ ਸ਼ਾਂਤੀ ਸੁਖ ਮਕਰੰਦ॥ ੩੬॥

ਧੀਰਮੱਲ ਹੁਣ ਚੰਦ ਵਾਂਗ ਬਣਿਆ ਹੈ, ਆਪਣਾ ਵੱਡਾ ਪ੍ਰਕਾਸ਼ ਵਿਖਾ ਰਿਹਾ ਹੈ। ਕੰਵਲ ਰੂਪੀ ਸਿੱਖ ਖਿੜਦੇ ਨਹੀਂ ਹਨ ਜਿਨ੍ਹਾਂ ਵਿਚ ਸ਼ਾਂਤੀ ਸੁਖ ਰੂਪ ਰਸ ਨਹੀਂ ਹੈ॥੩੬॥

ਸੰਗ ਸੰਗਤਾਂ ਤਿਨ ਕੇ ਬ੍ਰਿੰਦ। ਕਿਮ ਸੁਖ ਪਾਇਂ ਮਨਿੰਦ ਮਲਿੰਦ।
ਚਕਵੇ ਸੰਤ ਬਿਰਹ ਤੇ ਦੁਖੀ। ਬਿਨ ਤੁਮ ਦੇਖੇ ਹੋਹਿਂ ਨ ਸੁਖੀ॥ ੩੭॥

ਉਨ੍ਹਾਂ ਦੇ ਪਾਸ ਬਹੁਤ ਸੰਗਤਾਂ ਆਉਂਦੀਆਂ ਹਨ, ਪਰ ਉਹ ਭੌਰੇ ਵਾਂਗ ਕਿਵੇਂ ਸੁਖ ਪਾਉਣ। ਸੰਤ ਰੂਪੀ ਚਕਵੇ ਬਿਰਹਾ ਕਰਕੇ ਦੁਖੀ ਹਨ, ਤੁਹਾਨੂੰ ਵੇਖਣ ਤੋਂ ਬਗੈਰ ਉਹ ਸੁਖੀ ਨਹੀਂ ਹੋ ਸਕਦੇ॥੩੭॥

ਰਜਨੀ ਪਰੀ ਦੁਰਨਤਾ ਤੋਹਿ। ਸਿੱਖੀ ਮਗ ਕਿਮ ਚਲਿਬੋ ਹੋਹਿ।
ਗੁਰਤਾ ਗਾਦੀ ਸਜੰਦਨ ਮਹਾਂ। ਸੂਰਜ ਆਪ ਅਰੂਢਹੁ ਤਹਾਂ॥ ੩੮॥

ਆਪ ਜੀ ਦੇ ਛੁਪਣ ਕਰਕੇ ਰਾਤ ਪੈ ਗਈ ਹੈ, ਸਿੱਖੀ ਮਾਰਗ ਤੇ ਕਿਵੇਂ ਚਲਣਗੇ। ਗੁਰਤਾ-ਗੱਦੀ ਮਹਾਨ ਰੱਥ ਹੈ, ਜਿਸ ਉਤੇ ਆਪ ਸੂਰਜ ਬਰਾਜਦਾ ਹੈ॥੩੮॥

ਪਾਇ ਪ੍ਰਕਾਸ਼ ਆਪ ਕੋ ਭਲੇ। ਸੰਗਤਿ ਸਭਿ ਸਿੱਖੀ ਮਗ ਚਲੇ।
ਕਿਮ ਤੁਮ ਕਹੁ ਐਸੇ ਬਨਿ ਆਇ। ਲਾਖੋਂ ਨਰਨਿ ਅਲੰਬ ਸਦਾਇ॥ ੩੯॥

ਆਪ ਜੀ ਦਾ ਭਲਾ ਪ੍ਰਕਾਸ਼ ਪਾ ਕੇ, ਸਾਰੀ ਸੰਗਤ ਸਿੱਖੀ ਦੇ ਮਾਰਗ ਉਤੇ ਚਲੇ। ਤੁਹਾਨੂੰ ਕਿਵੇਂ ਇਸ ਤਰ੍ਹਾਂ ਬਣ ਆਉਂਦੀ ਹੈ, ਲੱਖਾਂ ਮਨੁੱਖਾਂ ਦਾ ਸਦਾ ਹੀ ਆਸਰਾ ਹੋ"॥ ੩੯॥

ਸੁਨਿ ਜਨਨੀ ਕੇ ਬੈਨ ਸੁਹਾਏ। ਬੰਦਨ ਕੀਨਸਿ ਗ੍ਰੀਵ ਨਿਵਾਏ।
ਨਹਿੰ ਕੋ ਉੱਤਰ ਕੈਸੇ ਦੀਨਸਿ। ਅੰਤਰ ਬ੍ਰਿਤੀ ਏਕਰਸ ਲੀਨਸਿ॥ ੪੦॥

ਆਪਣੀ ਮਾਤਾ ਜੀ ਦੇ ਸੁਹਾਵਣੇ ਬਚਨ ਸੁਣਕੇ, ਗੁਰੂ ਜੀ ਨੇ ਸਿਰ ਨਿਵਾ ਕੇ ਬੰਦਨਾ ਕੀਤੀ। ਕਿਸੇ ਤਰ੍ਹਾਂ ਵੀ ਕੋਈ ਉੱਤਰ ਨਾ ਦਿੱਤਾ ਤੇ ਇਕ ਰਸ ਅੰਤਰ-ਬ੍ਰਿਤੀ ਧਾਰਨ ਕਰ ਲਈ॥ ੪੦॥

ਜਾਨਿ ਨਾਨਕੀ ਸੁਤ ਕੇ ਮਨ ਕੀ। ਨਹੀਂ ਕਾਮਨਾ ਜਿਨ ਪ੍ਰਗਟਨਿ ਕੀ।
ਰਿਦੇ ਅਨੇਕ ਬਿਚਾਰ ਬਿਚਾਰਤਿ। ਗੁਰੁ ਬਨਿ ਬੈਠਹਿੰ ਤਿਮ ਉਰ ਧਾਰਤਿ॥੪੧॥

ਮਾਤਾ ਨਾਨਕੀ ਜੀ ਆਪਣੇ ਪੁੱਤਰ ਦੇ ਮਨ ਦੀ ਸਾਰੀ ਗੱਲ ਜਾਣ ਗਈ ਕਿ ਇਨ੍ਹਾਂ ਦੀ ਪ੍ਰਗਟ ਹੋਣ ਦੀ ਇੱਛਾ ਨਹੀਂ ਹੈ। ਹਿਰਦੇ ਵਿਚ ਬਹੁਤ ਵਿਚਾਰਾਂ ਕੀਤੀਆਂ, ਜਿਵੇਂ ਗੁਰੂ ਬਣ ਕੇ ਬੈਠਣ, ਉਸ ਤਰ੍ਹਾਂ ਹਿਰਦੇ ਵਿਚ ਧਾਰ ਰਹੀ ਸੀ॥ ੪੧॥

*ਗਿਆਰ੍ਹਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥*

## ਅਧਿਆਇ ਦੂਸਰਾ

*ਭਾਈ ਗੜ੍ਹੀਆ ਤੇ ਦੁਆਰਕਾ ਦਾਸ ਬਕਾਲੇ ਆਏ*

ਦੋਹਰਾ-ਨਿਜ ਨੰਦਨ ਕੋ ਗੁਰੂ ਹਿਤ ਕਰਤਿ ਅਨੇਕ ਉਪਾਇ।
ਚਿਤ ਮਹਿੰ ਮਤਿ ਠਹਿਰਾਇ ਕਰਿ ਉੱਦਮ ਤੇ ਸੁਖ ਪਾਇ॥ ੧॥

ਗੁਰਿਆਈ ਪ੍ਰਗਟ ਕਰਨ ਵਾਸਤੇ ਮਾਤਾ ਜੀ ਆਪਣੇ ਪੁੱਤਰ ਨੂੰ ਸਮਝਾਉਣ ਵਾਸਤੇ ਅਨੇਕ ਯਤਨ ਕਰਦੇ ਸਨ। ਚਿੱਤ ਵਿਚ ਇਹ ਸ੍ਰੇਸ਼ਟ ਮੱਤ ਨਿਸ਼ਚੇ ਕੀਤੀ ਕਿ ਸੁਖ ਦੀ ਪ੍ਰਾਪਤੀ ਉੱਦਮ ਨਾਲ ਹੀ ਹੋਇਆ ਕਰਦੀ ਹੈ॥ ੧॥

ਚੌਪਈ- ਪੂਰਬ ਕੋ ਬਿਵਹਾਰ ਚਿਤਾਰਾ। ਇਕ ਸਿਖ ਕੋ ਨਿਜ ਨਿਕਟਿ ਹਕਾਰਾ।
ਕਹਿ ਤਿਸ ਤੇ ਪੱਤ੍ਰੀ ਲਿਖਵਾਈ। ਸ੍ਰੀ ਗੁਰੁ ਅਮਰ ਅੰਸ ਬੁਲਵਾਈ॥੨॥

ਗੁਰੂ ਹਰਿਗੋਬਿੰਦ ਜੀ ਦੇ ਉਸ ਕਥਨ ਨੂੰ ਯਾਦ ਕੀਤਾ, ਜਿਹੜਾ ਉਨ੍ਹਾਂ ਸ੍ਰੀ ਤੇਗ ਬਹਾਦਰ ਜੀ ਦੇ ਗੁਰੂ ਬਣਨ ਬਾਰੇ ਕਿਹਾ ਸੀ। ਇਕ ਸਿੱਖ ਨੂੰ ਮਾਤਾ ਜੀ ਨੇ ਆਪਣੇ ਪਾਸ ਬੁਲਾਇਆ ਉਸ ਨੂੰ ਕਹਿ ਕੇ ਇਕ ਚਿੱਠੀ ਲਿਖਵਾਈ ਤੇ ਸ੍ਰੀ ਗੁਰੂ ਅਮਰਦਾਸ ਜੀ ਦੀ ਵੰਸ਼ ਦੇ ਵਿਅਕਤੀਆਂ ਨੂੰ ਬੁਲਾਇਆ॥ ੨॥

ਗੜ੍ਹੀਆ ਸਿੱਖ ਰਹੈ ਤਿਸ ਥਾਨ। ਤਿਸ ਢਿਗ ਪਠੀ ਪੱਤ੍ਰਿਕਾ ਜਾਨਿ।
ਸੋ ਜੇ ਆਇ ਕਹੈ ਮਮ ਨੰਦ। ਸਮਝਾਵਹਿ ਹਿਤ ਬਾਕ ਬਿਲੰਦ॥ ੩॥

ਗੜ੍ਹੀਆ ਨਾਮੀਂ ਸਿੱਖ ਉਸ ਥਾਂ ਰਹਿੰਦਾ ਸੀ, ਉਸ ਦੇ ਪਾਸ ਚਿੱਠੀ ਭੇਜੀ ਗਈ। ਉਹ ਜੇ ਆਇ ਤੇ ਮੇਰੇ ਪੁੱਤਰ ਨੂੰ ਕਹੇ ਤੇ ਚੰਗੀ ਤਰ੍ਹਾਂ ਬਚਨ ਕਹਿ ਕੇ ਸਮਝਾਵੇ॥ ੩॥

ਮਾਨਹਿ ਕਹਜੋ, ਪ੍ਰਗਟ ਜਗ ਹੋਇ। ਦਰਸ਼ਨ ਕਰਹਿ ਆਨਿ ਸਭਿ ਕੋਇ।
ਗਮਨਜੋ ਸਿਖ ਲੈ ਗੋਇੰਦਵਾਲ। ਉਲੰਘਜੋ ਮਾਰਗ ਸਗਰੋ ਚਾਲਿ॥ ੪॥

ਉਨ੍ਹਾਂ ਦਾ ਕਿਹਾ ਮੰਨ ਜਾਵੇਗਾ ਤੇ ਜਗ ਵਿਚ ਪ੍ਰਗਟ ਹੋਣ ਤੇ ਸਾਰੀਆਂ ਸੰਗਤਾਂ ਆ ਕੇ ਦਰਸ਼ਨ ਕਰਨਗੀਆਂ। ਉਹ ਸਿੱਖ ਚਿੱਠੀ ਲੈ ਕੇ ਗੋਇੰਦਵਾਲ ਚਲਾ ਗਿਆ ਤੇ ਚਲ ਕੇ ਸਾਰਾ ਪੈਂਡਾ ਲੰਘ ਗਿਆ॥ ੪॥

ਸ਼੍ਰੀ ਗੁਰ ਅਮਰਦਾਸ ਕੋ ਅੰਸ਼। ਜਾਇ ਬਿਲੋਕੇ ਜਨ ਸ਼ੁਭ ਹੰਸ।
ਮਸਤਕ ਟੇਕਿ ਪੱਤ੍ਰਿਕਾ ਦਈ। ਭਨੀ ਬਾਰਤਾ ਜੈਸੇ ਭਈ॥ ੫॥

ਉਸ ਨੇ ਗੋਇੰਦਵਾਲ ਵਿਚ ਪਹੁੰਚ ਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਵੰਸ਼ ਨੂੰ ਸ਼ੁਭ ਹੰਸਾਂ ਵਾਂਗ ਵੇਖਿਆ। ਸਿੱਖ ਨੇ ਮੱਥਾ ਟੇਕ ਕੇ ਚਿੱਠੀ ਦਿੱਤੀ, ਤੇ ਸਾਰੀ ਗੱਲ ਦੱਸੀ ਜਿਵੇਂ ਹੋਈ ਸੀ॥ ੫॥

ਸਭਿ ਮਹਿਂ ਮੁੱਖਜ ਦ੍ਵਾਰਕਾ ਦਾਸ। ਲੀਨਿ ਪੱਤ੍ਰਿਕਾ 'ਹਮਰੇ ਪਾਸ।
ਲਿਖਜੋ ਸ੍ਰੀ ਤੇਗਬਹਾਦਰ ਮਾਤਾ। ਤੁਮ ਉਪਕਾਰੀ ਸਭਿ ਸੁਖ ਦਾਤਾ॥ ੬॥

ਉਸ ਸਮੇਂ ਸਾਰਿਆਂ ਵਿਚ ਮੁਖੀ ਦ੍ਵਾਰਕਾ ਦਾਸ ਸੀ, ਉਸ ਨੇ ਚਿੱਠੀ ਲੈ ਲਈ। "ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਾਤਾ ਨੇ ਸਾਡੇ ਵਲ ਲਿਖਿਆ ਹੈ ਕਿ ਤੁਸੀਂ ਸੁਖਦਾਤੇ ਵੱਡੇ ਪਰਉਪਕਾਰੀ ਹੋ॥ ੬॥

ਮਾਨਨੀਯ ਜਗ ਕੇ ਗੁਨਖਾਨੀ। ਉੱਜਲ ਮਸਤਕ ਸ਼ੁਭ ਬਰ ਦਾਨੀ।
ਠਟਹੁ ਮ੍ਰਿਜਾਦ ਗੁਰੂ ਘਰ ਕੇਰੀ। ਕਰਜੋ ਤੁਮਾਰੋ ਕੋਇ ਨ ਫੇਰੀ॥ ੭॥

ਹੇ ਗੁਣਾਂ ਦੀ ਖਾਣ! ਤੁਸੀਂ ਜਗ ਵਿਚ ਬੜੇ ਆਦਰਯੋਗ ਹੋ ਤੁਹਾਡਾ ਉੱਜਲ ਮਸਤਕ ਹੈ ਤੇ ਸ਼ੁਭ ਵਰ ਦੇਣ ਵਾਲੇ ਹੋ। ਗੁਰੂ ਘਰ ਦੀ ਮਰਯਾਦਾ ਕਰੋ, ਤੁਹਾਡਾ ਕੀਤਾ ਕੋਈ ਵੀ ਨਹੀਂ ਮੋੜੇਗਾ॥ ੭॥

ਸਭਿਹਿਨਿ ਕੇ ਮਹਾਨ ਇਸ ਥਾਨ। ਬਡੇ ਗੁਰੂ ਕੇ ਅੰਸ਼ ਸੁਜਾਨਿ।
ਅਬਿ ਸੋਢੀ ਕੁਲ ਮਹਿਂ ਬਡ ਰੌਰਾ। ਤੁਮਹਿਂ ਬਨਹਿਂ ਆਵਨਿ ਇਸ ਠੌਰਾ॥ ੮॥

ਇਹ ਸਥਾਨ ਸਭ ਤੋਂ ਮਹਾਨ ਹੈ, ਵੱਡੇ ਗੁਰੂ ਜੀ ਦਾ ਵੰਸ਼ ਬੜਾ ਸੁਜਾਨ ਹੈ। ਹੁਣ ਸੋਢੀ ਕੁਲ ਵਿਚ ਵੱਡਾ ਰੌਲਾ ਮਚਿਆ ਹੈ, ਤੁਹਾਡਾ ਹੁਣ ਇਸ ਥਾਂ ਆਉਣਾ ਬਣਦਾ ਹੈ॥ ੮॥

ਉਚਿਤ ਬਾਰਤਾ ਇਨ ਮਹੁਂ ਕੀਜਹਿ। ਗੁਰਤਾ ਗਾਦੀ ਸ਼ੂੰਨ ਪਿਖੀਜਹਿ।
ਮਨਿ ਸੰਗਤਿ ਕੇ ਸੰਸੈ ਮਹਾਂ। ਭ੍ਰਮਤਿ ਇਤ੍ਰਹਿ ਉਤਿ ਲਾਖਹੁ ਇਹਾਂ॥ ੯॥

ਇਨ੍ਹਾਂ ਨਾਲ ਉਚਿਤ ਗੱਲ-ਬਾਤ ਕਰੋ, ਗੁਰਤਾ-ਗੱਦੀ ਹੁਣ ਖਾਲੀ ਸਮਝੋ। ਸੰਗਤ ਦੇ ਮਨਾਂ ਵਿਚ ਵੱਡੇ ਸ਼ੰਕੇ ਹਨ, ਇੱਥੇ ਲੱਖਾਂ ਮਨੁੱਖ ਏਧਰ ਓਧਰ ਭਟਕਦੇ ਫਿਰਦੇ ਹਨ॥ ੯॥

ਬਿਨ ਮਲਾਹੁ ਜਿਮ ਤਰੀ ਭ੍ਰਮੰਤੀ। ਨ੍ਰਿਪਤ ਦੁਰੇ, ਨਹਿਂ ਚਮੂੰ ਥਿਰੰਤੀ।
ਤਥਾ ਸੰਗਤਾਂ ਬਹੁ ਅਕੁਲਾਈ। ਕਰਿ ਡੇਰੇ ਉਤਰੀ ਸਮੁਦਾਈ॥ ੧੦॥

ਮਲਾਹ ਤੋਂ ਬਗ਼ੈਰ ਜਿਵੇਂ ਬੇੜੀ ਭਰਮਦੀ ਹੈ ਤੇ ਰਾਜੇ ਦੇ ਲੁੱਕਣ ਨਾਲ ਜਿਵੇਂ ਫੌਜ ਸਥਿਰ ਨਹੀਂ ਰਹਿੰਦੀ। ਉਸ ਤਰ੍ਹਾਂ ਸਾਰੀਆਂ ਸੰਗਤਾਂ ਬਹੁਤ ਵਿਆਕੁਲ ਹਨ, ਸਾਰਿਆਂ ਨੇ ਡੇਰੇ ਲਾ ਕੇ ਏਥੇ ਉਤਾਰਾ ਕੀਤਾ ਹੈ॥ ੧੦॥

'ਨਿਰਨੈ ਗੁਰੁ ਹੋਹਿ' ਇਮ ਚਾਹੈਂ। ਹਿਤ ਦਰਸ਼ਨ ਕੇ ਰਿਦੈ ਉਮਾਹੈਂ।
ਮਮ ਸੁਤ ਨਹਿਂ ਨਿਕਸਹਿ, ਰਹਿ ਘਰੇ। ਨਹਿਨ ਜਨਾਇ ਅਪਨਿਪੌ ਕਰੇ॥੧੧॥

ਸੰਗਤਾਂ ਚਾਹੁੰਦੀਆਂ ਹਨ ਕਿ ਸੱਚੇ ਗੁਰੂ ਦਾ ਨਿਰਣਾ ਹੋਵੇ, ਉਨ੍ਹਾਂ ਦੇ ਹਿਰਦਿਆਂ ਵਿਚ ਦਰਸ਼ਨਾਂ ਦੀ ਵੱਡੀ ਉਮੰਗ ਹੈ। ਮੇਰਾ ਪੁੱਤਰ ਬਾਹਰ ਨਹੀਂ ਨਿਕਲਦਾ, ਘਰ ਵਿਚ ਹੀ ਰਹਿੰਦਾ ਹੈ। ਆਪਣਾ ਆਪ ਜਤਾਉਂਦਾ ਨਹੀਂ ਹੈ॥ ੧੧॥

ਆਪ ਆਇ ਕਰਿ ਸਕਲ ਨਿਹਾਰਹੁ। ਰਿਦੈ ਅਨੁਚਿਤੈ ਉਚਿਤ ਬਿਚਾਰਹੁ।
ਕਰਹੁ ਸਥਾਪਨਿ ਮਿਟਿ ਹੈ ਰੌਰਾ। ਪਰਖਹੁ ਨਿਜ ਹੌਰਾ ਅਰੁ ਗੌਰਾ॥ ੧੨॥

ਆਪ ਆ ਕੇ ਸਭ ਕੁਝ ਵੇਖੋ ਤੇ ਹਿਰਦੇ ਵਿਚ ਉਚਿਤ ਅਨਉਚਿਤ ਵਿਚਾਰੋ। ਗੁਰੂ ਸਥਾਪਿਤ ਕਰਕੇ ਰੌਲਾ ਮੁਕਾਓ, ਆਪ ਆਕੇ ਹੌਲੇ ਭਾਰੇ ਦੀ ਪਰਖ ਕਰੋ॥ ੧੨॥

ਪਠਿਤਿ ਦ੍ਵਾਰਕਾਦਾਸ ਹੁਲਾਸੇ। ਹਿਤ ਚਲਿਬੇ ਕਹੁ ਬਾਕ ਬਿਲਾਸੇ।
ਭਾਈ ਗੜ੍ਹੀਆ ਸਿੱਖ ਪੁਰਾਤਨ। ਜਾਨਤਿ ਗੁਰੁ ਘਰ ਕੀ ਸਭਿ ਬਾਤਨਿ॥੧੩॥

ਚਿੱਠੀ ਪੜ੍ਹ ਕੇ ਦ੍ਵਾਰਕਾ ਦਾਸ ਬਹੁਤ ਪ੍ਰਸੰਨ ਹੋਇਆ ਤੇ ਚਲਣ ਵਾਸਤੇ ਬਚਨ ਕੀਤਾ। ਭਾਈ ਗੜ੍ਹੀਆ ਇਕ ਪੁਰਾਣਾ ਸਿੱਖ ਸੀ, ਉਹ ਗੁਰੂ ਘਰ ਦੀਆਂ ਸਾਰੀਆਂ ਗੱਲਾਂ ਜਾਣਦਾ ਸੀ॥ ੧੩॥

ਤਿਹ ਕੌ ਲੇ ਕਰਿ ਸੰਗ ਸਿਧਾਏ। ਅਪਰ ਭ੍ਰਾਤ ਭ੍ਰਿਤ ਲੈ ਸਮੁਦਾਏ।
ਜਾਇ ਪਹੂਚੇ ਨਿਕਟਿ ਬਕਾਲੇ। ਗ੍ਰਾਮ ਪ੍ਰਵੇਸ਼ਨਿ ਪਗ ਨਹਿਂ ਚਾਲੇ॥ ੧੪॥

ਉਸ ਨੂੰ ਨਾਲ ਲੈ ਕੇ ਭਾਈ ਦ੍ਵਾਰਕਾ ਦਾਸ ਚਲ ਪਿਆ। ਹੋਰ ਭਰਾਵਾਂ ਤੇ ਬਹੁਤ ਸੇਵਕਾਂ ਨੂੰ ਨਾਲ ਲਿਆ ਤੇ ਬਕਾਲੇ ਪਿੰਡ ਦੇ ਨੇੜੇ ਪਹੁੰਚ ਗਏ। ਪਰ ਪਿੰਡ ਵਿਚ ਦਾਖਲ ਹੋਣ ਲਈ ਪੈਰ ਨਹੀਂ ਤੁਰਦੇ ਹਨ॥ ੧੪॥

ਖਰੇ ਬਿਚਾਰਤਿ ਚਿਤ ਉਪਜਾਵੈਂ। 'ਜੇ ਘਰ ਤੇਗਬਹਾਦਰ ਜਾਵੈਂ।
ਧੀਰਮੱਲ ਮਾਨੀ ਅਨਖੈ ਹੈ। ਅਪਨਿ ਆਪ ਜੋ ਬਡਾ ਕਹੈ ਹੈ॥ ੧੫॥

ਖੜੇ ਹੋ ਕੇ ਚਿੱਤ ਵਿਚ ਵਿਚਾਰ ਕਰਕੇ ਸੋਚਦੇ ਹਨ, "ਜੇ ਸ੍ਰੀ ਗੁਰੂ ਤੇਗ਼ ਬਹਾਦਰ ਦੇ ਘਰ ਜਾਂਦੇ ਹਾਂ, ਤਾਂ ਧੀਰਮੱਲ ਵੱਡਾ ਅਭਿਮਾਨੀ ਗੁੱਸਾ ਕਰੇਗਾ, ਆਪਣੇ ਆਪ ਨੂੰ ਜਿਹੜਾ ਵੱਡਾ ਕਹਿੰਦਾ ਹੈ॥ ੧੫॥

ਜੇ ਕਰਿ ਧੀਰਮੱਲ ਕੇ ਜਾਇਂ। ਬਿਨਾ ਜੋਗਤਾ ਇਹ ਲਖਿ ਪਾਇ।
ਹਮ ਕੌ ਦੋਨਹੁ ਸਦਨ ਸਮਾਨ। ਬੈਠਿ ਰਹੇ ਇਮ ਗਿਨਤੀ ਠਾਨਿ॥ ੧੬॥

ਜੇ ਧੀਰਮੱਲ ਦੇ ਡੇਰੇ ਵਿਚ ਜਾਂਦੇ ਹਾਂ ਤਾਂ ਇਹ ਯੋਗਤਾ ਤੋਂ ਬਗ਼ੈਰ ਦਿਖਾਈ ਦਿੰਦਾ ਹੈ। ਸਾਡੇ ਵਾਸਤੇ ਦੋਵੇਂ ਘਰ ਬਰਾਬਰ ਹਨ", ਇਸ ਤਰ੍ਹਾਂ ਗਿਣਤੀਆਂ ਗਿਣਦੇ ਬੈਠੇ ਰਹੇ॥ ੧੬॥

ਕੇਤਿਕ ਕਾਲ ਬਿਤਾਇ ਤਹਾਂ ਸ। ਬੋਲਜੋ ਤਬਹਿ ਦ੍ਵਾਰਕਾ ਦਾਸੁ।
'ਭੋ ਗੜ੍ਹੀਆ! ਤੂੰ ਸਿੱਖ ਪੁਰਾਨੋ। ਅਧਿਕ ਚਰਿੱਤ੍ਰ ਗੁਰੁਨਿ ਕੋ ਜਾਨੋ॥ ੧੭॥

ਓਥੇ ਬੈਠ ਕੇ ਕਾਫੀ ਸਮਾਂ ਬਤੀਤ ਕੀਤਾ, ਫਿਰ ਦ੍ਵਾਰਕਾ ਦਾਸ ਬੋਲਿਆ, "ਹੇ ਗੜ੍ਹੀਆ ! ਤੂੰ ਪੁਰਾਣਾ ਸਿੱਖ ਹੈਂ, ਗੁਰੂ ਜੀ ਦੇ ਬਹੁਤ ਚਰਿਤਰ ਜਾਣਦਾ ਹੈਂ॥ ੧੭॥

ਕਿਸੁ ਵਸਤੁ ਕੀ ਗਿਨਤਿ ਨ ਕਰੀਅਹਿ। ਜਪੁ ਮਹੁਂ ਲਿਖ੍ਯੋ ਸੁ ਰਿਦੈ ਬਿਚਰੀਅਹਿ।
ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨੁ ਸੋਇ॥ ੧੮॥

ਕਿਸੇ ਵਸਤੂ ਦੀ ਗਿਣਤੀ ਨਾ ਕਰੀਏ, ਜਪੁ ਜੀ ਸਾਹਿਬ ਮੇਂ ਲਿਖਿਆ ਹੈ, ਉਸ ਨੂੰ ਹਿਰਦੇ ਵਿਚ ਵਿਚਾਰੀਏ। ਥਾਪਿਆ ਨ ਜਾਇ ਕੀਤਾ ਨ ਹੋਇ॥ ਆਪੇ ਆਪਿ ਨਿਰੰਜਨ ਸੋਇ॥ ੧੮॥

ਤੇਗ ਬਹਾਦਰ ਗੁਰੂ ਹੈ ਸਾਚੋ। ਕੌਨ ਹਟਾਇ ਸਕਹਿ ਤਿਹ ਕਾਚੋ।
ਕਿਸ ਤੇ ਥਾਪ੍ਯੋ ਜਾਇ ਨ ਸੋਇ। ਆਪੇ ਆਪ ਕਰੈ ਸੋ ਹੋਇ॥ ੧੯॥

ਗੁਰੂ ਤੇਗ ਬਹਾਦਰ ਸੱਚਾ ਗੁਰੂ ਹੈ, ਉਸ ਨੂੰ ਕੱਚਾ ਗੁਰੂ ਕਿਵੇਂ ਹਟਾ ਸਕੇਗਾ, ਉਹ ਕਿਸੇ ਪਾਸੋਂ ਵੀ ਥਾਪੇ ਨਹੀਂ ਜਾਣਗੇ ਆਪਣੇ ਆਪ ਜੋ ਕਰਨਗੇ, ਉਹੀ ਹੋਵੇਗਾ॥ ੧੯॥

ਤਜਿ ਗਿਨਤੀ ਤਿਨ ਕੇ ਘਰ ਚਲੀਅਹਿ। ਪੂਰਬ ਪਹੁੰਚਿ ਨਾਨਕੀ ਮਿਲੀਅਹਿ।
ਏਵ ਪਰਸਪਰ ਮਤ ਕੋ ਕਰਿ ਕੈ। ਗ੍ਰਾਮ ਪ੍ਰਵੇਸ਼ੇ ਹਰਖ ਸੁ ਧਰਿ ਕੈ॥ ੨੦॥

ਸਾਰੀਆਂ ਗਿਣਤੀਆਂ ਛੱਡ ਕੇ ਉਨ੍ਹਾਂ ਦੇ ਘਰ ਚਲੀਏ, ਪਹਿਲਾਂ ਪਹੁੰਚ ਕੇ (ਮਾਤਾ) ਨਾਨਕੀ ਨੂੰ ਮਿਲੀਏ। ਇਸ ਤਰ੍ਹਾਂ ਆਪਸ ਵਿਚ ਸਲਾਹ ਕਰਕੇ, ਹਿਰਦੇ ਵਿਚ ਪ੍ਰਸੰਨ ਹੋ ਕੇ ਨਗਰ ਵਿਚ ਦਾਖਲ ਹੋਏ॥ ੨੦॥

ਸ਼੍ਰੀ ਗੁਰੂ ਤੇਗ ਬਹਾਦਰ ਘਰੇ। ਜਾਇ ਨਾਨਕੀ ਦਰਸ਼ਨ ਕਰੇ।
ਸ਼੍ਰੀ ਗੁਰੂ ਅਮਰ ਅੰਸ ਕੋ ਜਾਨੈ। ਦੇਖਤਿ ਉਠੀ ਬੰਦਨਾ ਠਾਨੈ॥ ੨੧॥

ਸ੍ਰੀ ਗੁਰੂ ਤੇਗ ਬਹਾਦਰ ਦੇ ਘਰ ਜਾ ਕੇ (ਮਾਤਾ) ਨਾਨਕੀ ਦੇ ਦਰਸ਼ਨ ਕੀਤੇ। ਸ੍ਰੀ ਗੁਰੂ ਅਮਰਦਾਸ ਦੀ ਵੰਸ਼ ਨੂੰ ਜਾਣਕੇ, ਮਾਤਾ ਨਾਨਕੀ ਜੀ ਨੇ ਉੱਠ ਕੇ ਬੰਦਨਾ ਕੀਤੀ॥ ੨੧॥

ਭਾਈ ਗੜ੍ਹੀਏ ਬੰਦਨ ਕੀਨਿ। ਗੁਰੁਸਿਖ ਕੋ ਆਸ਼ਿਖ ਬਹੁ ਦੀਨਿ।
ਸਾਦਰ ਬੈਠਿ ਗਏ ਹਰਖਾਇ। ਕੁਸ਼ਲ ਪ੍ਰਸ਼ਨ ਕਰਿ ਕਰਿ ਬਹੁ ਭਾਇ॥ ੨੨॥

ਭਾਈ ਗੜ੍ਹੀਏ ਨੇ ਮਾਤਾ ਨਾਨਕੀ ਜੀ ਨੂੰ ਬੰਦਨਾ ਕੀਤੀ। ਮਾਤਾ ਜੀ ਨੇ ਗੁਰਸਿੱਖ ਨੂੰ ਬਹੁਤ ਅਸੀਸਾਂ ਦਿੱਤੀਆਂ। ਪ੍ਰਸੰਨ ਹੋ ਕੇ ਬੜੇ ਆਦਰ ਨਾਲ ਬੈਠ ਗਏ ਤੇ ਕਈ ਪ੍ਰਕਾਰ ਇਕ ਦੂਸਰੇ ਪਾਸੋਂ ਸੁਖ-ਸਾਂਦ ਪੁੱਛੀ॥ ੨੨।

ਗੜ੍ਹੀਏ ਕੀਨਸਿ ਬਾਕ ਬਿਲਾਸੁ। 'ਜੇ ਗੁਰ ਪ੍ਰਗਟਹਿਂ ਤੁਮਹੁ ਅਵਾਸ।
ਸਤਿਸੰਗਤਿ ਧਨ ਕੇਤਿਕ ਦਿਹੋ ?। ਕਰਹੁ ਅਚਾਵਨਿ ਮਾਤਾ ! ਕਹੋ' ॥ ੨੩॥

ਫਿਰ ਭਾਈ ਗੜ੍ਹੀਏ ਨੇ ਬਚਨ ਕੀਤਾ, "ਜੇ ਗੁਰੂ ਤੁਹਾਡੇ ਘਰ ਵਿੱਚ ਪ੍ਰਗਟ ਹੋਵੇ ਤਾਂ ਸਾਧ ਸੰਗਤ ਨੂੰ ਕਿੰਨਾ ਧਨ ਦੇਵੋਗੇ ਹੇ ਮਾਤਾ ਜੀ ! ਕੀ ਉਨ੍ਹਾਂ ਨੂੰ ਲੰਗਰ ਛਕਾਉਗੇ, ਇਸ ਬਾਰੇ ਦੱਸੋ" ॥ ੨੩॥

ਜਨਨੀ ਕੋ ਸੁਨਿ ਮਨ ਹਰਖਾਨਾ। ਦਸ ਹਜ਼ਾਰ ਦੇਵਨਿ ਕੋ ਮਾਨਾ।
ਗੜ੍ਹੀਏ ਧਾਰਿ ਅਨੰਦ ਬਿਲੰਦ। ਕਰਿ ਅਰਦਾਸ ਹਾਥ ਦ੍ਵੈ ਬੰਦਿ॥ ੨੪॥

ਮਾਤਾ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਉਹ ਦਸ ਹਜ਼ਾਰ ਰੁਪਏ ਦੇਣੇ ਮੰਨ ਗਏ। ਫਿਰ ਭਾਈ ਗੜ੍ਹੀਏ ਨੇ ਵੱਡਾ ਅਨੰਦ ਧਾਰ ਕੇ ਦੋਵੇਂ ਹੱਥ ਜੋੜ ਕੇ ਅਰਦਾਸ ਕੀਤੀ॥ ੨੪॥

ਤਬਿ ਗੁਰੁ ਅੰਸ਼ੁ ਦ੍ਵਾਰਕਾ ਦਾਸ। ਕੁੰਕਮ ਨਾਲੀਏਰ ਲੈ ਪਾਸਿ।
ਗੁਰਮੁਖ ਗੜ੍ਹੀਆ ਨਿਜ ਸੰਗ ਲੀਨਿ। ਗਮਨੇ ਸ੍ਰੀ ਗੁਰੂ ਜਹਾਂ ਅਸੀਨ॥੨੫॥

ਫਿਰ ਗੁਰੂ ਅੰਸ਼ ਦ੍ਵਾਰਕਾ ਦਾਸ ਨੇ ਕੇਸਰ ਅਤੇ ਨਾਰੀਅਲ ਆਪਣੇ ਪਾਸ ਲਿਆ ਤੇ ਗੁਰਮੁਖ ਗੜ੍ਹੀਏ ਨੂੰ ਆਪਣੇ ਨਾਲ ਲਿਆ ਤੇ ਓਥੇ ਚਲੇ ਗਏ ਜਿਥੇ ਗੁਰੂ ਜੀ ਬੈਠੇ ਸਨ॥ ੨੫॥

ਪਿਖਿ ਗੁਰ ਅਮਰ ਅੰਸ਼ ਹਰਖਾਏ। ਖਰੇ ਹੋਇ ਮਿਲਿ ਕੰਠ ਲਗਾਏ।
ਸਭਿ ਗ੍ਰਿਹ ਕੁਸ਼ਲ ਬੂਝਿ ਬੈਠਾਏ। ਆਦਰ ਕਰਿ ਬਚ ਮਧੁਰ ਸੁਹਾਏ॥੨੬॥

ਗੁਰੂ ਤੇਗ ਬਹਾਦਰ ਜੀ ਗੁਰੂ ਅਮਰਦਾਸ ਜੀ ਦੀ ਅੰਸ਼ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਖੜੇ ਹੋ ਕੇ ਮਿਲ ਕੇ ਗਲ ਨਾਲ ਲਾਏ। ਘਰ ਵਿਚ ਸਭ ਸੁਖ-ਸਾਂਦ ਪੁੱਛ ਕੇ ਬੈਠਾ ਲਏ ਤੇ ਆਦਰ ਨਾਲ ਬਹੁਤ ਮਿੱਠੇ ਬਚਨ ਕਹੇ॥ ੨੬॥

ਪਿਖਤਿ ਦ੍ਵਾਰਕਾਦਾਸ ਅਨੰਦੇ। ਉਸਤਤਿ ਕੀਨਸਿ ਗੁਰੂ ਬਿਲੰਦੇ।
'ਤੁਮ ਜਗ ਤਾਰਨ ਕਾਰਨ ਆਏ। ਛਪ ਕੇ ਬੈਠਨਿ ਕਿਮ ਇਹ ਭਾਏ॥੨੭॥

ਦ੍ਵਾਰਕਾ ਦਾਸ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਮਹਾਨ ਗੁਰੂ ਜੀ ਦੀ ਬਹੁਤ ਉਸਤਤਿ ਕੀਤੀ। ਤੁਸੀਂ ਜਗਤ ਨੂੰ ਤਾਰਨ ਵਾਸਤੇ ਆਏ ਹੋ, ਛੁਪ ਕੇ ਬੈਠਣਾ ਤੁਹਾਨੂੰ ਕਿਵੇਂ ਚੰਗਾ ਲੱਗਦਾ ਹੈ॥ ੨੭॥

ਅਬਹਿ ਸਿੰਘਾਸਨਿ ਸਜਹੁ ਬਿਸਾਲ। ਦੇਹੁ ਦਰਸ ਜਗ ਕਰਹੁ ਨਿਹਾਲ'।
ਇੱਤਯਾਦਿਕ ਕਹਿ ਬਿਨੈ ਬਡੇਰੀ। ਕੁੰਕਮ ਤਿਲਕ ਕਰਯੋ ਤਿਸ ਬੇਰੀ॥੨੮॥

ਹੁਣ ਵਿਸ਼ਾਲ ਸਿੰਘਾਸਣ ਸਜਾਓ ਤੇ ਦਰਸ਼ਨ ਦੇ ਕੇ ਜਗਤ ਨੂੰ ਨਿਹਾਲ ਕਰੋ। ਇਤਿਆਦਿਕ ਕਹਿ ਕੇ ਬਹੁਤ ਬੇਨਤੀ ਕੀਤੀ ਤੇ ਉਸ ਸਮੇਂ ਕੇਸਰ ਦਾ ਤਿਲਕ ਲਾ ਦਿੱਤਾ॥ ੨੮॥

ਪੂਜਾ ਭੇਟ ਨਾਲੀਅਰ ਧਰਯੋ। ਪੁਨ ਸਤਿਗੁਰੁ ਕੁਛ ਨਹੀਂ ਉਚਰਯੋ।
ਕਿਤਿਕ ਸਿੱਖ ਐਸੀ ਬਿਧਿ ਹੇਰੀ। ਪਰੇ ਚਰਨ ਧਰਿ ਭੇਟ ਘਨੇਰੀ॥ ੨੯॥

ਪੂਜਾ ਵਾਸਤੇ ਅੱਗੇ ਨਾਰੀਅਲ ਧਰਿਆ, ਫਿਰ ਸਤਿਗੁਰੂ ਕੁਝ ਨਾ ਬੋਲੇ, ਕਈ ਸਿੱਖਾਂ ਇਸ ਤਰ੍ਹਾਂ ਵੇਖਿਆ ਤੇ ਉਹ ਬਹੁਤ ਭੇਟਾਵਾਂ ਲੈ ਕੇ ਚਰਨੀਂ ਪੈ ਗਏ॥ ੨੯॥

ਮਾਤ ਨਾਨਕੀ ਭਈ ਅਨੰਦ। ਜਾਚਕ ਦੈ ਕਰਿ ਦਰਬ ਬਿਲੰਦ।
ਬਾਰਿ ਬਾਰਿ ਜਾਵਤਿ ਬਲਿਹਾਰੇ। ਸੁਤ ਸ਼ੋਭਾ ਕੋ ਅਧਿਕ ਨਿਹਾਰੇ॥ ੩੦॥

ਮਾਤਾ ਨਾਨਕੀ ਜੀ ਬਹੁਤ ਪ੍ਰਸੰਨ ਹੋਏ ਤੇ ਮੰਗਤਿਆਂ ਨੂੰ ਉਨ੍ਹਾਂ ਬਹੁਤ ਧਨ ਵੰਡਿਆ। ਬਾਰ-ਬਾਰ ਬਲਿਹਾਰ ਜਾਂਦੇ ਸਨ। ਪੁੱਤਰ ਦੀ ਵੱਡੀ ਸ਼ੋਭਾ ਨੂੰ ਵੇਖ ਰਹੇ ਸਨ॥੩੦॥

ਪ੍ਰੇਮੀ ਸਿਖ ਸ਼ਰਧਾ ਜਿਨ ਆਈ। ਕੇਤਿਕ ਆਵਤਿ ਗੁਰੁ ਸ਼ਰਨਾਈ।
ਧਨੀ ਮਸੰਦ ਮਹਾਂ ਅਭਿਮਾਨੀ। ਨਹਿਂ ਮਾਨੀ ਮਹਿਮਾਂ ਅੱਗਜਾਨੀ॥ ੩੧॥

ਪ੍ਰੇਮੀ ਸਿੱਖ ਜਿਨ੍ਹਾਂ ਸ਼ਰਧਾ ਧਾਰਨ ਕੀਤੀ, ਕਈ ਗੁਰੂ ਜੀ ਦੀ ਸ਼ਰਨ ਵਿਚ ਆਉਂਦੇ ਸਨ। ਅਮੀਰ ਮਸੰਦ ਵੱਡੇ ਅਭਿਮਾਨੀ ਸਨ, ਉਨ੍ਹਾਂ ਮੂਰਖਾਂ ਨੇ ਗੁਰੂ ਜੀ ਦੀ ਮਹਿਮਾ ਨਾ ਜਾਣੀ॥ ੩੧॥

ਯਾਂਤੇ ਦੇਸ਼ ਬਿਦੇਸ਼ਨਿ ਸੰਗਤਿ। ਲਹੀ ਨ ਗੁਰੂ ਪ੍ਰੇਮ ਕੀ ਰੰਗਤ।
ਸਕਲ ਮਸੰਦਨਿ ਦਿਸ਼ਾ ਨਿਹਾਰੈਂ। ਜਿਸ ਦਿਸ਼ਿ ਹੁਇ ਇਹ ਸੁਜਸੁ ਉਚਾਰੈਂ॥੩੨॥

ਇਸ ਕਰਕੇ ਦੇਸ਼ਾਂ ਬਿਦੇਸ਼ਾਂ ਦੀ ਸੰਗਤ ਗੁਰੂ ਜੀ ਦੇ ਪ੍ਰੇਮ ਦੇ ਰੰਗ ਨੂੰ ਨਾ ਜਾਣ ਸਕੀ। ਸਾਰੇ ਸਿੱਖ ਮਸੰਦਾਂ ਵਲ ਵੇਖਦੇ ਸਨ, ਜਿਸ ਪਾਸੇ ਹੋ ਕੇ ਉਹ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ॥ ੩੨॥

ਸੋ ਗੁਰੁ ਹੋਵਤਿ ਹਮ ਤਿਹ ਮਾਨੈਂ। ਅਰਪਨਿ ਸਰਬ ਉਪਾਇਨ ਠਾਨੈਂ।
ਗ੍ਰਾਮ ਬਕਾਲੇ ਕੇ ਚਹੁੰ ਫੇਰੇ। ਜਹਿਂ ਕਹਿਂ ਪਰੇ ਸੰਗਤਾਂ ਡੇਰੇ॥ ੩੩॥

ਉਹ ਗੁਰੂ ਹੁੰਦਾ ਹੈ, ਅਸੀਂ ਉਸ ਨੂੰ ਮੰਨਦੇ ਹਾਂ ਤੇ ਸਾਰੇ ਉਸ ਨੂੰ ਉਪਹਾਰ ਅਰਪਣ ਕਰਦੇ ਸਨ। ਪਿੰਡ ਬਕਾਲੇ ਦੇ ਚਾਰ ਚੁਫੇਰੇ, ਜਿਥੇ ਕਿਥੇ ਸੰਗਤਾਂ ਦੇ ਡੇਰੇ ਲੱਗੇ ਸਨ॥ ੩੩॥

ਜੋ ਜੋ ਜਿਸ ਜਿਸ ਦੇਸ਼ ਮਸੰਦ। ਸੰਗਤਿ ਤਹਿਂ ਤਹਿਂ ਤਿਸਹਿ ਮਿਲੰਦ।
ਪਰਖਹਿਂ ਗੁਰੂ ਨਮਿਤ ਸਭਿ ਮਾਂਹੀ। ਭ੍ਰਮਤਿ ਭੂਲੇ ਭਟਕਾਂ ਖਾਂਹੀ॥ ੩੪॥

ਜੋ ਜੋ ਜਿਸ ਜਿਸ ਦੇਸ਼ ਦਾ ਮਸੰਦ ਸੀ, ਸੰਗਤ ਓਥੇ ਓਥੇ ਉਸ ਨੂੰ ਮਿਲਦੀ ਹੈ। ਫਿਰ ਉਹ ਸਾਰੇ ਸੋਢੀਆਂ ਵਿਚ ਗੁਰੂ ਲਈ ਪ੍ਰੀਖਿਆ ਕਰਦੇ ਫਿਰਦੇ ਹਨ, ਭਰਮਾਂ ਦੇ ਭੁੱਲੇ ਭਟਕਦੇ ਫਿਰਦੇ ਹਨ॥ ੩੪॥

ਕੇਤਿਕ ਦਿਵਸ ਦ੍ਵਾਰਕਾ ਦਾਸ। ਬਸੰਤਿ ਭਯੋ ਸ੍ਰੀ ਸਤਿਗੁਰ ਪਾਸ।
ਬੋਲਹਿਂ ਕਬਿ ਕਬਿ ਤਿਸ ਕੇ ਸਾਥ। ਸਾਰ ਅਸਾਰ ਸੁਨਾਵਹਿਂ ਨਾਥ॥ ੩੫॥

ਕਈ ਦਿਨ ਦ੍ਵਾਰਕਾ ਦਾਸ, ਸਤਿਗੁਰੂ ਜੀ ਪਾਸ ਠਹਿਰਿਆ। ਗੁਰੂ ਜੀ ਕਦੀ-ਕਦੀ ਉਸ ਨਾਲ ਬੋਲਦੇ ਸਨ ਤੇ ਉਸ ਨੂੰ ਸਾਰ-ਅਸਾਰ ਸੁਣਾਉਂਦੇ ਸਨ॥ ੩੫॥

ਨਾਂਹਿ ਤ ਮੋਨ ਰਹਹਿਂ ਗੁਰੁ ਸਦਾ। ਪ੍ਰੇਮ ਵਿਰਾਗ ਕਥਹਿਂ ਜਦ ਕਦਾ।
ਬ੍ਰਹਮਗ੍ਯਾਨ ਕੇ ਤਰਨਿ ਸੁਹਾਇ। ਭਗਤਿ ਕਿਰਨ ਜਿਸ ਪਰ ਪਰਿ ਜਾਇ॥ ੩੬॥

ਨਹੀਂ ਤਾਂ ਗੁਰੂ ਜੀ ਸਦਾ ਹੀ ਚੁਪ ਰਹਿੰਦੇ ਸਨ ਕਦੇ ਕਦੇ ਪ੍ਰੇਮ ਵੈਰਾਗ ਕਥਨ ਕਰਦੇ ਸਨ। ਬ੍ਰਹਮ-ਗਿਆਨ ਦੇ ਸੂਰਜ ਸ਼ੋਭ ਰਹੇ ਸਨ, ਭਗਤੀ ਦੀ ਕਿਰਨ ਜਿਸ ਉਤੇ ਪੈ ਜਾਂਦੀ ਸੀ॥ ੩੬॥

ਭ੍ਰਮ ਤਿਮਰ ਕੋ ਤੁਰਤ ਬਿਨਾਸਹਿ। ਪ੍ਰਭੁ ਕੋ ਪ੍ਰੇਮ ਸੁ ਰਿਦੈ ਪ੍ਰਕਾਸ਼ਹਿ।
ਸ੍ਰੀ ਗੁਰੁ ਦਰਬ ਬ੍ਰਿੰਦ ਕੋ ਲੇ ਕੈ। ਸਰਬ ਦ੍ਵਾਰਕਾ ਦਾਸਹਿਂ ਦੈ ਕੈ॥ ੩੭॥

ਉਸਦੇ ਭਰਮਾਂ ਦੇ ਹਨੇਰੇ ਨੂੰ ਤੁਰਤ ਦੂਰ ਕਰ ਦਿੰਦੇ ਸਨ, ਉਸ ਹਿਰਦੇ ਵਿਚ ਫਿਰ ਪ੍ਰਭੂ ਦੇ ਪ੍ਰੇਮ ਦਾ ਪ੍ਰਕਾਸ਼ ਹੋ ਜਾਂਦਾ ਸੀ। ਗੁਰੂ ਜੀ ਨੇ ਬਹੁਤ ਧਨ ਲੈ ਕੇ ਸਾਰਾ ਦ੍ਵਾਰਕਾ ਦਾਸ ਨੂੰ ਦੇ ਦਿੱਤਾ॥ ੩੭॥

ਸਾਦਰ ਬਿਦਾ ਕਰਯੋ, ਘਰ ਗਯੋ। ਗੜੀਆ ਗੁਰੁ ਢਿਗ ਰਹਿਤੋ ਭਯੋ।
ਪੁਨ ਸ੍ਰੀ ਤੇਗ ਬਹਾਦਰ ਦਯਾਲ। ਇਸ ਬਿਧਿ ਕਿਤਿਕ ਬਿਤਾਯਹੁ ਕਾਲ॥ ੩੮॥

ਬੜੇ ਆਦਰ ਨਾਲ ਉਸ ਨੂੰ ਵਿਦਾ ਕੀਤਾ ਤੇ ਉਹ ਆਪਣੇ ਘਰ ਨੂੰ ਚਲੇ ਗਏ। ਭਾਈ ਗੜ੍ਹੀਆ ਗੁਰੂ ਜੀ ਦੇ ਪਾਸ ਹੀ ਠਹਿਰ ਗਿਆ। ਫਿਰ ਦਿਆਲੂ ਗੁਰੂ ਜੀ ਨੇ, ਇਸ ਵਿਧੀ ਅਨੁਸਾਰ ਕਾਫੀ ਸਮਾਂ ਬਤੀਤ ਕੀਤਾ॥ ੩੮॥

*ਗਿਆਰ੍ਹਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥ ੨॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਤੀਸਰਾ

## ਮੱਖਣ ਸ਼ਾਹ

ਦੋਹਰਾ- ਗੁਰਤਾ ਮਹਿਂ ਰੌਰਾ ਪਰਜੋ ਠੀਕ ਨਹੀਂ ਠਹਿਰਾਇ।
ਸਕਲ ਸਿੱਖਯ ਸੰਗਤਿ ਰਿਦੈ ਚਹਿਤਿ ਗੁਰੂ ਬਿਦਤਾਇ॥ ੧॥

ਗੁਰਤਾ ਵਿਚ ਬੜਾ ਰੌਲਾ ਮਚਿਆ ਸੀ ਤੇ ਸਾਰੇ ਠੀਕ ਨਹੀਂ ਸੀ ਠਹਿਰਾ ਰਹੇ। ਸਾਰੀ ਸਿੱਖ ਸੰਗਤ ਆਪਣੇ ਹਿਰਦੇ ਵਿਚ ਗੁਰੂ ਜੀ ਨੂੰ ਪ੍ਰਗਟ ਕਰਵਾਉਣਾ ਚਾਹੁੰਦੀ ਸੀ॥ ੧॥

ਚੌਪਈ- ਮੱਖਣ ਸ਼ਾਹੁ ਏਕ ਸਿਖ ਭਾਰਾ। ਗੁਰੁਸਿੱਖੀ ਕੋ ਮਹਦ ਅਧਾਰਾ।
ਕਰਿ ਸੌਦਾ ਬਹੁ ਚਢਜੋ ਜਹਾਜ। ਅਨਿਕ ਵਸਤੁ ਲੇ ਬਣਜਨਿ ਕਾਜ॥੨॥

ਮੱਖਣ ਸ਼ਾਹ ਇਕ ਵੱਡਾ ਸ਼ਰਧਾਲੂ ਸਿੱਖ ਸੀ, ਗੁਰਸਿੱਖੀ ਉਸ ਦਾ ਵੱਡਾ ਅਧਾਰ ਸੀ। ਬਹੁਤ ਮਾਲ ਖਰੀਦ ਕੇ ਉਹ ਜਹਾਜ਼ ਵਿਚ ਚੜ੍ਹ ਗਿਆ ਤੇ ਵਪਾਰ ਵਾਸਤੇ ਬਹੁਤ ਵਸਤਾਂ ਨਾਲ ਲੈ ਲਈਆਂ॥ ੨॥

ਦੇਸ਼ਾਂਤਰ ਮਹਿਂ ਬੇਚਤੋ ਜਾਇ। ਤਹਿਂ ਕੀ ਵਸਤੁ ਖਰੀਦ ਕਰਾਇ।
ਧਰਿ ਜਹਾਜ ਪਰ ਹਟਜੋ ਬਹੋਰ। ਬੀਚ ਸਮੁੰਦ੍ਰ ਜਹਾਂ ਜਲ ਘੋਰ॥ ੩॥

ਦੂਸਰੇ ਦੇਸ਼ਾਂ ਵਿਚ ਜਾ ਕੇ ਮਾਲ ਵੇਚਿਆ ਤੇ ਦੂਸਰੇ ਦੇਸ਼ਾਂ ਤੋਂ ਵਸਤਾਂ ਖਰੀਦ ਲਈਆਂ। ਵਸਤਾਂ ਨੂੰ ਜਹਾਜ਼ ਵਿਚ ਲੱਦ ਕੇ ਵਾਪਸ ਮੁੜ ਪਿਆ ਤੇ ਜਹਾਜ਼ ਸਮੁੰਦਰ ਵਿਚ ਚਲ ਪਿਆ ਜਿਥੇ ਜਲ ਬਹੁਤ ਗਹਿਰਾ ਸੀ॥ ੩॥

ਤੁੰਗ ਤਰੰਗ ਬਿਲੰਦ ਉਛਾਲੈਂ। ਜੀਵ ਕਰੋਰਨਿ ਜੁਤਿ ਬਰਣਾਲੈ।
ਬੇਗ ਪ੍ਰਭੰਜਨ ਕੋ ਬਹੁ ਪਾਇ। ਚਲਜੋ ਜਹਾਜ ਉਡਜੋ ਜਨੁ ਜਾਇ।॥੪॥

ਸਮੁੰਦਰ ਵਿਚ ਬਹੁਤ ਉਚੀਆਂ ਲਹਿਰਾਂ ਉਠਦੀਆਂ ਸਨ ਤੇ ਵਰੁਣ ਦੇਵਤਾ ਦੇ ਘਰ ਵਿਚ ਕਰੋੜਾਂ ਜੀਵ ਜੰਤੂ ਸਨ। ਜਦ ਬਹੁਤ ਹਵਾ ਪਈ ਤਾਂ ਜਹਾਜ਼ ਏਨਾ ਤੇਜ਼ ਚਲਿਆ, ਮਾਨੋ ਉਡਿਆ ਜਾਂਦਾ ਹੋਵੇ॥ ੪॥

ਗਮਨਜੋ ਮਾਰਗ ਕੇਤਿਕ ਸੋਇ। ਪ੍ਰੇਰਕ ਪੋਤਿ ਪ੍ਰੇਰਤੇ ਜੋਇ।
ਇਤਨੇ ਮਹਿਂ ਚਲਿ ਪੌਨ ਕੁਫੇਰੀ। ਵਿੱਪ੍ਰੀ ਗਤਿ ਜਹਾਜ਼ ਕੀ ਪ੍ਰੇਰੀ॥ ੫॥

ਜਹਾਜ਼ ਕਾਫੀ ਲੰਮਾ ਸਫਰ ਤੈਅ ਕਰਦਾ ਰਿਹਾ, ਮਲਾਹ ਵੇਖ ਕੇ ਜਹਾਜ਼ ਨੂੰ ਤੋਰ ਰਹੇ ਸਨ। ਏਨੇ ਵਿਚ ਉਲਟੀ ਹਵਾ ਚਲ ਪਈ, ਜਿਸ ਨੇ ਜਹਾਜ਼ ਨੂੰ ਉਲਟੇ ਪਾਸੇ ਜਾਣ ਲਈ ਪ੍ਰੇਰ ਲਿਆ॥ ੫॥

ਟਾਪੂ ਨਿਕਟਿ ਹੁਤੋ ਬਡ ਬਾਰੂ। ਨਹਿਂ ਮਨੁੱਖ ਜਹਿਂ, ਪਿਖਿਯ ਉਜਾਰੂ।
ਬਿਬਸ ਜਹਾਜ਼ ਪ੍ਰੇਰਕਨਿ ਭਇਓ। ਬਲ ਕਰਿ ਰਹੇ ਸਥੰਭ ਨ ਗਇਓ॥੬॥

ਲਾਗੇ ਇਕ ਬਹੁਤ ਵੱਡਾ ਟਾਪੂ ਸੀ, ਜਿਥੇ ਕੋਈ ਮਨੁੱਖ ਨਹੀਂ ਸੀ ਦਿੱਸਦਾ, ਸਭ ਉਜਾੜ ਹੀ ਉਜਾੜ ਦਿੱਸਦੀ ਸੀ। ਜਹਾਜ਼ ਫਿਰ ਮਲਾਹਾਂ ਤੋਂ ਬੇਵੱਸ ਹੋ ਗਿਆ, ਉਨ੍ਹਾਂ ਨੇ ਬਹੁਤ ਜ਼ੋਰ ਲਾਇਆ, ਪਰ ਜਹਾਜ਼ ਟਿਕ ਨਾ ਸਕਿਆ॥ ੬॥

ਅਧਿਕ ਬੇਗ ਬਾਯੁ ਕੋ ਪਾਇ। ਸਿਕਤਾ ਥਲ ਪਰ ਗਾ ਅਟਕਾਇ।
ਪਨ ਸਾਗਰ ਕੀ ਲਗੈਂ ਤਰੰਗ। ਕੁਛਕ ਗਯੋ ਚਢਿ ਜਹਿਂ ਥਲ ਤੁੰਗ॥੭॥

ਹਵਾ ਬਹੁਤ ਤੇਜ਼ ਚਲ ਰਹੀ ਸੀ ਤੇ ਜਹਾਜ਼ ਰੇਤਲੇ ਥੱਲੇ ਉੱਤੇ ਜਾ ਕੇ ਟਿਕ ਗਿਆ। ਫਿਰ ਸਾਗਰ ਦੀਆਂ ਲਹਿਰਾਂ ਲਗੀਆਂ ਤੇ ਜਹਾਜ਼ ਕੁਝ ਉਪਰ ਚੜ੍ਹ ਗਿਆ ਜਿਥੇ ਥਲ ਬੜਾ ਉੱਚਾ ਸੀ॥ ੭॥

ਮੱਖਣ ਆਸਚਰਜ ਮਨ ਮਾਨਾ। ਚਿੰਤ ਪਰਾਇਣ ਭਏ ਮਹਾਨਾ।
ਨਰਨਿ ਉਪਾਇ ਕੀਨਿ ਬਹੁਤੇਰਾ। ਬੁਧਿ ਕਰਿ ਕੈ ਅਰੁ ਓਜ ਘਨੇਰਾ॥ ੮॥

ਮੱਖਣ ਸ਼ਾਹ ਨੇ ਮਨ ਵਿਚ ਬੜਾ ਅਸਚਰਜ ਮੰਨਿਆ ਤੇ ਮਨ ਵਿਚ ਮਹਾਨ ਚਿੰਤਵਾਨ ਹੋ ਗਿਆ। ਮਨੁੱਖਾਂ ਨੇ ਬਹੁਤ ਉਪਾਅ ਕੀਤੇ, ਸੂਝ ਬੂਝ ਅਤੇ ਬਹੁਤ ਸ਼ਕਤੀ ਲਾਈ॥ ੮॥

ਸਿਕਤਾ ਟਾਰਹਿਂ ਕਾਸ਼ਟ ਤਲ ਤੇ। ਤਊ ਨ ਹਾਲਤਿ ਭਾ ਤਿਸ ਥਲ ਤੇ।
ਭਯੋ ਨਿਰਾਸ ਜਤਨ ਕੇ ਕਰਿਬੇ। ਉਪਜੀ ਏਕ ਆਸ ਤਜਿ ਸਰਬੇ॥ ੯॥

ਜਹਾਜ਼ ਦੀ ਲੱਕੜ ਦੇ ਹੇਠਾਂ ਤੋਂ ਰੇਤ ਨੂੰ ਹਟਾਉਂਦੇ ਸਨ ਫਿਰ ਵੀ ਜਹਾਜ਼ ਉਸ ਸਥਾਨ ਤੋਂ ਹਿੱਲਦਾ ਨਹੀਂ ਸੀ। ਬਹੁਤ ਯਤਨ ਕਰਕੇ ਮੱਖਣ ਸ਼ਾਹ ਨਿਰਾਸ਼ ਹੋ ਗਿਆ। ਫਿਰ ਸਭ ਕੁਝ ਛੱਡ ਕੇ ਇਕ ਆਸ ਮਨ ਵਿਚ ਪੈਦਾ ਹੋਈ॥ ੯॥

ਅਬਿ ਸਤਿਗੁਰੁ ਹੀ ਬਨਹਿਂ ਸਹਾਈ। ਨਹਿਂ ਅਪਰਨਿ ਕੀ ਗਤਿ ਜਿਹ ਥਾਈਂ।
ਜਿਮ ਜਮਲੋਕ ਮਹਾਂ ਭਯਦਾਯਕ। ਤਹਿਂ ਏਕਲ ਕੇ ਹੋਹਿਂ ਸਹਾਯਕ॥ ੧੦॥

ਹੁਣ ਸਤਿਗੁਰੂ ਹੀ ਸਹਾਇਕ ਬਣਨਗੇ, ਜਿਥੇ ਹੋਰ ਕਿਸੇ ਤਰ੍ਹਾਂ ਦੀ ਵੀ ਸ਼ਕਤੀ ਨਹੀ ਚਲਦੀ ਹੈ। ਜਿਵੇਂ ਜਮ ਲੋਕ ਮਹਾਨ ਭੈਦਾਇਕ ਹੈ, ਉਥੇ ਸਤਿਗੁਰੂ ਜੀ ਇਕੱਲੇ ਇਕੱਲੇ ਦੇ ਸਹਾਇਕ ਬਣਦੇ ਹਨ॥ ੧੦॥

ਇਸ ਪ੍ਰਕਾਰ ਸਿਖ ਨਿਸ਼ਚੈ ਧਰਿਕੈ। ਕਰ ਪਗ ਨੀਰ ਪਖਾਰਨਿ ਕਰਿਕੈ।
ਜੋਤੀ ਰੂਪ ਗੁਰੂ ਕੋ ਧ੍ਯਾਨ। ਅਚਲ ਠਾਂਢਿ ਭਾ ਅੰਜੁਲ ਠਾਨਿ॥ ੧੧॥

ਇਸ ਪ੍ਰਕਾਰ ਸਿੱਖ ਨੇ ਨਿਸ਼ਚਾ ਧਾਰਨ ਕਰਕੇ, ਹੱਥ ਪੈਰ ਪਾਣੀ ਨਾਲ ਧੋ ਕੇ ਜੋਤੀ ਸਰੂਪ ਗੁਰੂ ਜੀ ਦਾ ਧਿਆਨ ਧਾਰਨ ਕੀਤਾ ਤੇ ਹੱਥ ਜੋੜ ਕੇ ਅਚੱਲ ਖੜਾ ਹੋ ਗਿਆ ਤੇ ਬੇਨਤੀ ਕੀਤੀ॥ ੧੧॥

'ਹੇ ਪ੍ਰਭੁ ਤੁਮ ਨਿਰਾਸ ਕੀ ਆਸ। ਅੰਤਰਜਾਮੀ ਸਰਬ ਪ੍ਰਕਾਸ਼।
ਦ੍ਰੁਪਦਸੁਤਾ ਤਜਿ ਕਰਿ ਸਰਬਾਸ਼ੈ। ਗਹਯੋ ਤੁਮਾਰੋ ਜਬਿ ਇਕ ਆਸ਼ੈ॥ ੧੨॥

"ਹੇ ਪ੍ਰਭੂ ਜੀ ! ਤੁਸੀਂ ਆਸ ਰਹਿਤਾਂ ਦੀ ਆਸ ਹੋ, ਤੁਸੀਂ ਅੰਤਰਜਾਮੀ ਹੋ ਤੇ ਸਾਰੇ ਤੁਹਾਡਾ ਪ੍ਰਕਾਸ਼ ਹੈ, ਰਾਜੇ ਦ੍ਰੂਪਦ ਦੀ ਪੁੱਤਰੀ ਨੇ ਸਭ ਆਸਾਂ ਛੱਡ ਕੇ, ਜਦ ਤੁਹਾਡੀ ਹੀ ਇਕ ਆਸ ਫੜੀ ਸੀ॥ ੧੨॥

ਤਬਿ ਤੁਮ ਤੁਰਤ ਗੋਪਤਾ ਕੀਨਸਿ। ਸਭਾ ਬੀਚ ਬ੍ਰੀੜਾ ਰਖਿ ਦੀਨਸਿ।
ਖੇਲਤਿ ਦਯੂਤਿ ਜੁਧਿਸ਼ਟਰ ਰਾਊ। ਸਿਮਰਯੋ ਤੁਮਰੋ ਨਾਮ ਨ ਕਾਊ॥ ੧੩॥

ਤਦ ਤੁਸੀਂ ਤੁਰਤ ਉਸ ਦੀ ਰੱਖਿਆ ਕੀਤੀ ਸੀ, ਸਭਾ ਦੇ ਵਿਚ ਉਸ ਦੀ ਲਾਜ ਰੱਖ ਲਈ। ਜੁਧਿਸ਼ਟਰ ਰਾਜੇ ਨੇ ਜੂਆ ਖੇਡਿਆ ਸੀ ; ਉਸ ਨੇ ਤੁਹਾਡਾ ਨਾਮ ਸਿਮਰਨ ਨਹੀਂ ਸੀ ਕੀਤਾ॥ ੧੩॥

ਨਹਿਂ ਸਹਾਇਤਾ ਤਿਸ ਕੀ ਕਰੀ। ਬਿਪਨ ਜਾਨਿ ਲਗਿ ਬਿਪਤਾ ਪਰੀ।
ਸਿਮਰਨਿ ਤੇ ਨਿਤ ਹੋਤਿ ਸਹਾਈ। ਰਾਵਰਿ ਬਿਰਦ ਸਨਾਤਨ ਗਾਈ॥ ੧੪॥

ਇਸ ਲਈ ਤੁਸੀਂ ਉਸ ਦੀ ਸਹਾਇਤਾ ਨਹੀਂ ਕੀਤੀ, ਜਿਸ ਕਰਕੇ ਉਸ ਨੂੰ ਬਨਬਾਸ ਮਿਲਣ ਤਕ ਦੀ ਬਿਪਤਾ ਸਹਿਣੀ ਪਈ ਸੀ। ਯਾਦ ਕਰਨ ਤੇ ਤੁਸੀਂ ਸਦਾ ਸਹਾਇਕ ਹੁੰਦੇ ਹੋ ਮੈਂ ਆਪ ਜੀ ਦੇ ਸਨਾਤਨ ਬਿਰਦ ਦੀ ਉਪਮਾ ਕਰਦਾ ਹਾਂ॥ ੧੪॥

ਮੈਂ ਸਦੀਵ ਕੋ ਦਾਸ ਤੁਮਾਰੋ। ਅਬਿ ਜਹਾਜ ਕੋ ਪਾਰ ਉਤਾਰੋ।
ਸਤਿਗੁਰ ਤੇਗ ਬਹਾਦਰ ਧੀਰ। ਅੰਤਰਜਾਮੀ ਸਰਬ ਸਧੀਰ॥ ੧੫॥

ਮੈਂ ਸਦਾ ਹੀ ਤੁਹਾਡਾ ਦਾਸ ਹਾਂ, ਹੁਣ ਮੇਰੇ ਜਹਾਜ਼ ਨੂੰ ਪਾਰ ਉਤਾਰੋ।" ਧੀਰਜਵਾਨ ਸਤਿਗੁਰੂ ਤੇਗ ਬਹਾਦਰ ਜੀ ਜਿਹੜੇ ਹਰ ਤਰ੍ਹਾਂ ਧੀਰਜਵਾਨ ਅਤੇ ਅੰਤਰਜਾਮੀ ਹਨ॥ ੧੫॥

ਨਹੀਂ ਜਨਾਵਨਿ ਆਪਾ ਕਰਿ ਹੀਂ। ਸਹਜ ਸੁਭਾਇਕ ਸਮਤਾ ਧਰਿ ਹੀਂ।
ਕੋ ਇਕ ਨਾਮ ਰੂਪ ਕੋ ਜਾਨੈ। ਕਹਨਿ ਮਿਲਿਨਿ ਕੀ ਕਰਹਿਂ ਨ ਸਜਾਨੈ॥੧੬॥

ਉਹ ਕਦੀ ਵੀ ਆਪਾ ਨਹੀਂ ਜਤਾਉਂਦੇ ਹਨ, ਸਹਿਜ ਸੁਭਾਅ ਸਮਤਾ ਧਾਰਨ ਕਰਦੇ ਹਨ। ਕੋਈ ਕੋਈ ਉਨ੍ਹਾਂ ਦੇ ਨਾਮ ਅਤੇ ਰੂਪ ਨੂੰ ਜਾਣਦੇ ਹਨ ਕਹਿ ਮਿਲ ਕੇ ਸਿਆਣ ਨਹੀਂ ਕਰਦੇ ਹਨ॥ ੧੬॥

ਨਿਜ ਬਡਿਆਈ ਕੁਛ ਨ ਜਨਾਵੈਂ। ਕਰਹਿਂ ਤਥਾ ਜਿਮ ਨਹਿਂ ਬਿਦਤਾਵੈਂ।
ਸਿਖ ਮਨ ਕੀ ਲਖਿ ਅੰਤਰਜਾਮੀ। ਤਿਹ ਸਹਾਇਤਾ ਚਹਿ ਕਰਿ ਸ੍ਵਾਮੀ॥੧੭॥

ਗੁਰੂ ਜੀ ਆਪ ਆਪਣੀ ਵਡਿਆਈ ਕੁਝ ਵੀ ਨਹੀਂ ਜਣਾਉਂਦੇ ਹਨ ਉਸ ਤਰ੍ਹਾਂ ਕਰਦੇ ਹਨ ਜਿਵੇਂ ਜ਼ਿਆਦਾ ਪ੍ਰਸਿੱਧ ਨਾ ਹੋਣ। ਅੰਤਰਜਾਮੀ ਗੁਰੂ ਜੀ ਨੇ ਸਿੱਖ ਦੇ ਮਨ ਨੂੰ ਸਮਝਿਆ, ਤੇ ਸਵਾਮੀ ਜੀ ਮੱਖਣ ਸ਼ਾਹ ਦੀ ਸਹਾਇਤਾ ਕਰਨੀ ਚਾਹੁੰਦੇ ਸਨ॥ ੧੭॥

ਰਿਦੇ ਬਿਚਾਰਤਿ ਜੇ ਨ ਕਰੈਂ ਅਬਿ। ਗੁਰੁ ਘਰ ਕੀ ਮਹਿਮਾ ਸੁ ਘਟੈ ਤਬਿ।
ਹੋਨਿ ਸਹਾਇਕ ਹੀ ਬਨਿ ਆਵੈ। ਜਿਸ ਤੇ ਸਿਖ ਸ਼ਰਧਾ ਅਧਿਕਾਵੈ॥ ੧੮॥

ਹਿਰਦੇ ਵਿਚ ਵਿਚਾਰ ਕਰਦੇ ਹਨ ਕਿ ਜੇ ਹੁਣ ਸਹਾਇਤਾ ਨਹੀਂ ਕਰਾਂਗੇ ਤਾਂ ਗੁਰੂ ਘਰ ਦੀ ਮਹਿਮਾ ਘੱਟ ਜਾਵੇਗੀ। ਹੁਣ ਸਹਾਇਕ ਹੋਣਾ ਹੀ ਬਣਦਾ ਹੈ, ਜਿਸ ਕਾਰਨ ਸਿੱਖ ਦੀ ਸ਼ਰਧਾ ਵਧੇ॥ ੧੮॥

ਪਹੁੰਚੇ ਨਿਮਖ ਬਿਖੈ ਗੁਰੁ ਪੂਰੇ। ਕਰਨਿ ਸਿੱਖ ਕੇ ਕਾਰਜ ਰੂਰੇ।
ਮੱਖਣ ਸ਼ਾਹ ਕੀਨਿ ਅਰਦਾਸ। ਚਿਤਵਤਿ ਦਰਬ ਦੇਉਂਗੋ ਰਾਸ॥ ੧੯॥

ਇਕ ਪਲ ਵਿਚ ਗੁਰੂ ਜੀ ਉਥੇ ਪਹੁੰਚ ਗਏ, ਸਿੱਖ ਦਾ ਸੁੰਦਰ ਕਾਰਜ ਕਰਨ ਵਾਸਤੇ ਚਲੇ ਗਏ। ਮੱਖਣ ਸ਼ਾਹ ਨੇ ਅਰਦਾਸ ਕੀਤੀ ਤੇ ਚਿੱਤ ਵਿਚ ਵਿਚਾਰਿਆ ਕਿ ਬਹੁਤ ਧਨ ਦੀ ਪੂੰਜੀ ਅਰਪਣ ਕਰਾਂਗਾ॥ ੧੯॥

ਇਮ ਬਿਨਤੀ ਭਨਿ ਕੀਨਿ ਉਪਾਇ। ਸੁਮਤਿ ਜਿ ਮਾਨਵ ਬਲ ਕੋ ਲਾਇ।
ਆਪਸ ਮਹਿਂ ਦੈ ਕਰਿ ਲਲਕਾਰਾ। ਦਿਯੋ ਜਹਾਜ ਧਕਾਇ ਉਦਾਰਾ॥ ੨੦॥

ਇਸ ਤਰ੍ਹਾਂ ਬੇਨਤੀ ਕਰਕੇ ਉਪਾਅ ਕੀਤਾ, ਜਿਥੇ ਉਸ ਦੇ ਮਨੁੱਖ ਬਹੁਤ ਬਲ ਲਾ ਕੇ ਥੱਕ ਗਏ ਸਨ। ਆਪਸ ਵਿਚ ਲਲਕਾਰਾ ਮਾਰ ਕੇ, ਜਹਾਜ਼ ਨੂੰ ਕਾਫੀ ਦੂਰ ਤੱਕ ਧੱਕ ਦਿੱਤਾ॥ ੨੦॥

ਨਰਨਿ ਬਹਾਨੇ ਸ੍ਰੀ ਗੁਰ ਜਾਇ। ਸਿਖ ਜਹਾਜ ਕੋ ਦਿਯੋ ਚਲਾਇ।
ਕਹੈਂ ਲੋਕ 'ਹਮ ਅਸ ਬਲ ਲਾਯੋ। ਅਟਕਯੋ ਤੋਰ ਜਹਾਜ਼ ਚਲਾਯੋ' ॥ ੨੧॥

ਮਨੁੱਖਾਂ ਦੇ ਬਹਾਨੇ ਗੁਰੂ ਜੀ ਨੇ ਜਾ ਕੇ, ਸਿੱਖ ਦੇ ਜਹਾਜ਼ ਨੂੰ ਚਲਾ ਦਿੱਤਾ। ਜਹਾਜ਼ ਦੇ ਲੋਕ ਕਹਿੰਦੇ ਸਨ, "ਅਸੀਂ ਐਸਾ ਬਲ ਲਾਇਆ, ਅਟਕੇ ਹੋਏ ਜਹਾਜ਼ ਨੂੰ ਤੋਰ ਕੇ ਚਲਾ ਦਿੱਤਾ"॥ ੨੧॥

ਸੁਨਿ ਕੈ ਮੱਖਣ ਰਿਦੈ ਬਿਚਾਰਾ। ਪ੍ਰਥਮ ਰਹੇ ਪਚਿ ਸਰੀ ਨ ਕਾਰਾ।
ਕਿਤਿਕ ਦਯੋਸ ਕਰਿ ਰਹੇ ਉਪਾਇ। ਅਪਨੋ ਸਭਿ ਬਿਧਿ ਬਲ ਕੋ ਲਾਇ॥੨੨॥

ਇਹ ਸੁਣ ਕੇ ਮੱਖਣ ਸ਼ਾਹ ਨੇ ਵਿਚਾਰ ਕੀਤੀ, ਪਹਿਲਾਂ ਸਾਰਾ ਜ਼ੋਰ ਲਾ ਰਹੇ ਹਨ, ਪਰ ਕਾਰਜ ਸਰਿਆ ਨਹੀਂ। ਕਈ ਦਿਨ ਉਪਾਅ ਕਰਦੇ ਰਹੇ ਹਨ, ਸਾਰੀਆਂ ਵਿਧੀਆਂ ਅਨੁਸਾਰ ਆਪਣਾ ਬਲ ਲਾਇਆ ਹੈ॥ ੨੨॥

ਜਬਿ ਮੈਂ ਸ੍ਰੀ ਸਤਿਗੁਰੂ ਅਗਾਰੀ। ਹ੍ਵੈ ਨਿਰਾਸ ਬੇਨਤੀ ਉਚਾਰੀ।
ਤਬਿ ਜਹਾਜ ਚਲਿ ਪਰਯੋ ਤੁਰੰਤਾ। ਇਹ ਮੈਂ ਹੀ ਜਾਨਿਵ ਬਿਰਤੰਤਾ॥੨੩॥

ਜਦ ਮੈਂ ਸਤਿਗੁਰੂ ਜੀ ਅੱਗੇ, ਨਿਰਾਸ਼ ਹੋ ਕੇ ਬੇਨਤੀ ਉਚਾਰਨ ਕੀਤੀ ਹੈ, ਤਦ ਜਹਾਜ਼ ਤੁਰਤ ਚਲ ਪਿਆ ਹੈ, ਇਹ ਬਿਰਤਾਂਤ ਕੇਵਲ ਮੈਂ ਹੀ ਜਾਣਦਾ ਹਾਂ॥ ੨੩॥

ਜਾਨਹਿਂ ਕਹਾ ਇਹ ਲੋਕ ਗਵਾਰਾ। ਜੋ ਸਤਿਗੁਰੁ ਕੀਨਸਿ ਉਪਕਾਰਾ।
ਗੁਰੁ ਕ੍ਰਿਤ ਤੇ ਜੁ ਕ੍ਰਿਤਘਨੀ ਹੋਇ। ਮਹਾਂ ਕਸ਼ਟ ਲਹਿ ਲੋਕਨਿ ਦੋਇ॥੨੪॥

ਇਹ ਗਵਾਰ ਲੋਕ ਕੀ ਜਾਣਦੇ ਹਨ, ਜਿਹੜਾ ਸਤਿਗੁਰੂ ਜੀ ਨੇ ਉਪਕਾਰ ਕੀਤਾ ਹੈ। ਗੁਰੂ ਜੀ ਦੀ ਕ੍ਰਿਤ ਤੋਂ ਜਿਹੜਾ ਕ੍ਰਿਤਘਣ ਹੁੰਦਾ ਹੈ, ਉਹ ਦੋਹਾਂ ਲੋਕਾਂ ਵਿਚ ਮਹਾਨ ਦੁਖ ਪਾਉਂਦਾ ਹੈ॥ ੨੪॥

ਜਿਤਨੇ ਜਗਤ ਬਿਖੈ ਅਪਰਾਧੂ। ਸਭਿਨਿ ਪ੍ਰਾਸਚਿਤ ਭਾਖਤਿ ਸਾਧੂ।
ਕ੍ਰਿਤਘਨ ਕੋ ਨ ਕਹੈ ਕ੍ਰਿਤ ਕੋਇ। ਕਸ਼ਟ ਕਲਪ ਭਰ ਪਾਵਹਿ ਸੋਇ॥੨੫॥

ਜਗਤ ਵਿਚ ਜਿੰਨੇ ਵੀ ਅਪਰਾਧ ਹੁੰਦੇ ਹਨ, ਸਭ ਅਪਰਾਧਾਂ ਦੇ ਪ੍ਰਾਸਚਿਤ ਕਰਨ ਬਾਰੇ ਸ੍ਰੇਸ਼ਟ ਲੋਕ ਨਵਿਰਤੀ ਦੇ ਉਪਾਅ ਬਾਰੇ ਦੱਸਦੇ ਹਨ। ਕ੍ਰਿਤਘਣ ਦੇ ਅਪਰਾਧ ਦੀ ਨਵਿਰਤੀ ਦਾ ਉਪਾਅ ਕਰਨਾ ਕੋਈ ਵੀ ਨਹੀਂ ਦੱਸਦਾ ਹੈ, ਉਹ ਹਰ ਹਾਲਤ ਵਿਚ ਕਸ਼ਟ ਪਾਉਂਦਾ ਹੈ॥ ੨੫॥

ਇਹ ਤੌ ਨਰ ਸਾਮਾਨਨਿ ਬਾਤੀ। ਅਰੁ ਸਤਿਗੁਰੁ ਜੋ ਬਡ ਦੁਖ ਹਾਤੀ।
ਇਨ ਤੇ ਬਨਹਿ ਕ੍ਰਿਤਘਨੀ ਜੋਇ। ਕੋ ਜਾਨਹਿ ਤਿਨ ਕੋ ਕਹਾ ਹੋਇ॥੨੬॥

ਇਹ ਤਾਂ ਸਮਾਨ ਪੁਰਸ਼ਾਂ ਨਾਲ ਕ੍ਰਿਤਘਣਤਾ ਦੀ ਗੱਲ ਹੈ ਅਤੇ ਸਤਿਗੁਰੂ ਜੀ ਜਿਹੜੇ ਵੱਡਾ ਦੁਖ ਦੂਰ ਕਰਦੇ ਹਨ, ਜਿਹੜਾ ਉਨ੍ਹਾਂ ਨਾਲ ਵੀ ਕ੍ਰਿਤਘਣਤਾ ਕਰੇ, ਕੌਣ ਜਾਣਦਾ ਹੈ, ਉਨ੍ਹਾਂ ਦਾ ਫਿਰ ਕੀ ਹਾਲ ਹੋਵੇਗਾ॥ ੨੬॥

ਜੇ ਸਤਿਗੁਰੁ ਕੇ ਹੈਂ ਅਪਕਾਰੀ। ਛੁਟਹਿਂ ਨ, ਸੰਕਟ ਪਾਵਹਿਂ ਭਾਰੀ।
ਇਹ ਮਾਨਵ ਅਜਾਨ ਕਹਾ ਜਾਨੈਂ। ਮੈ ਤੌ ਸਭਿ ਬਿਧਿ ਲਹੋ ਮਹਾਨੈ॥੨੭॥

ਜਿਹੜੇ ਸਤਿਗੁਰੂ ਜੀ ਦੇ ਦ੍ਵੈਖੀ ਹਨ, ਉਨ੍ਹਾਂ ਦਾ ਕਦੇ ਛੁਟਕਾਰਾ ਨਹੀਂ ਹੁੰਦਾ, ਉਹ ਭਾਰੀ ਦੁਖ ਪਾਉਂਦੇ ਹਨ। ਇਹ ਅਨਜਾਣ ਮਨੁੱਖ ਕੀ ਜਾਣਦੇ ਹਨ, ਮੈਂ ਤਾਂ ਸਭ ਵਿਧੀਆਂ ਨਾਲ ਸਮਝਿਆ ਹੈ॥ ੨੭॥

ਏਵ ਬਿਚਾਰਤਿ ਚਲਯੋ ਜਹਾਜੂ। ਗੁਰੁ ਪੂਰਹਿਂ ਨਿਤ ਸਿੱਖਨਿ ਕਾਜੂ।
ਪਹੁੰਚਯੋ ਆਨਿ ਆਪਨੇ ਥਾਨੂ। ਲੀਨਸਿ ਵਸਤੁ ਉਤਾਰਿ ਮਹਾਨੂ॥੨੮॥

ਇਸ ਤਰ੍ਹਾਂ ਵਿਚਾਰ ਕੇ ਜਹਾਜ਼ ਚਲ ਪਿਆ, ਗੁਰੂ ਜੀ ਸਦਾ ਸਿੱਖਾਂ ਦਾ ਕਾਰਜ ਪੂਰਾ ਕਰਦੇ ਹਨ। ਜਹਾਜ਼ ਆਪਣੇ ਸਥਾਨ ਤੇ ਆ ਪੁੱਜਾ ਤੇ ਮਹਾਨ ਵਸਤਾਂ ਉਤਾਰ ਲਈਆਂ॥ ੨੮॥

ਸੌਦਾ ਸਕਲ ਬੇਚਿਬੋ ਕਰਯੋ। ਬਹੁਤ ਲਾਭ ਤਿਸ ਪਾਲੈ ਪਰਯੋ।
ਆਇ ਜਾਇਬੇ ਖੇਪ ਜਿ ਦੋਇ। ਕਰਯੋ ਬਨਜ ਅਧਿਕੈ ਧਨ ਹੋਇ॥੨੯॥

ਸਾਰਾ ਸੌਦਾ ਵੇਚ ਲਿਆ ਤੇ ਬਹੁਤ ਲਾਭ ਉਸ ਦੇ ਪੱਲੇ ਪਿਆ। ਆਉਣ ਜਾਣ ਦੇ ਜਿਹੜੇ ਦੋਵੇਂ ਖੇਪ ਸਨ ਵਪਾਰ ਕਰਕੇ ਉਸ ਵਿਚੋਂ ਬਹੁਤ ਧਨ ਪ੍ਰਾਪਤ ਹੋਇਆ॥ ੨੯॥

ਭਯੋ ਧਨਾਢ ਸਿੱਖਜ ਤਬਿ ਭਾਰਾ। ਰਾਖੇ ਨੌਕਰ ਅਪਨੇ ਦ੍ਵਾਰਾ।
ਗੁਰ ਸਿੱਖੀ ਪਰ ਅਧਿਕ ਲੁਭਾਯੋ। ਸਿਮਰਹਿ ਬਾਰਿ ਬਾਰਿ ਸੁਖ ਪਾਯੋ॥ ੩੦॥

ਫਿਰ ਸਿੱਖ ਭਾਰੀ ਅਮੀਰ ਹੋ ਗਿਆ ਤੇ ਉਸ ਆਪਣੇ ਅੱਗੇ ਬਹੁਤ ਨੌਕਰ ਰੱਖ ਲਏ। ਗੁਰਸਿੱਖੀ ਨਾਲ ਬਹੁਤ ਪ੍ਰੇਮ ਹੋ ਗਿਆ, ਬਾਰ ਬਾਰ ਸਿਮਰਨ ਕਰਕੇ ਸੁਖ ਪ੍ਰਾਪਤ ਕੀਤਾ॥ ੩੦॥

ਰਹਿ ਨ ਸਕ੍ਯੋ ਚਹਿ ਦਰਸ਼ਨ ਦੇਖਾ। ਚਲ੍ਯੋ ਪੰਥ ਲੈ ਸੌਜ ਬਿਸ਼ੇਖਾ।
ਸੇਵਕ ਨੌਕਰ ਰਖਿ ਸਮੁਦਾਇ। ਮਦ੍ਰ ਦੇਸ਼ ਕੇ ਸਨਮੁਖ ਆਇ॥ ੩੧॥

ਰਹਿ ਨਾ ਸਕਿਆ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ ਤੇ ਬਹੁਤ ਸਾਜ਼ੋ-ਸਾਮਾਨ ਲੈ ਕੇ ਗੁਰੂ ਜੀ ਵਲ ਚਲ ਪਿਆ। ਸੇਵਕ ਨੌਕਰ ਬਹੁਤ ਰੱਖ ਲਏ ਤੇ ਪੰਜਾਬ ਵਾਲੇ ਪਾਸੇ ਆ ਗਿਆ॥ ੩੧॥

ਦਰਸੌਂ ਗੁਰੂ ਪ੍ਰਤੀਖਨਿ ਕਰੇ। ਸਿਮਰਹਿ ਨਾਮੁ ਸਦਾ ਉਰਧਰੇ।
ਪੂਰਬ ਦੇਸ਼ ਪੰਥ ਬਡ ਜਾਨਾ। ਬਸਹਿ ਨਿਸਾ ਦਿਨ ਕਰਹਿ ਪਯਾਨਾ॥ ੩੨॥

ਗੁਰੂ ਜੀ ਦੇ ਜਾ ਕੇ ਦਰਸ਼ਨ ਕਰਾਂਗਾ, ਇੰਤਜ਼ਾਰ ਕਰਦਾ ਸੀ, ਤੇ ਵਾਹਿਗੁਰੂ ਦੇ ਨਾਮ ਨੂੰ ਹਿਰਦੇ ਵਿਚ ਧਾਰ ਕੇ ਸਿਮਰਨ ਕਰਦਾ ਹੈ। ਪੂਰਬ ਦੇਸ਼ ਦਾ ਬਹੁਤ ਲੰਮਾ ਪੈਂਡਾ ਜਾਣਿਆ। ਰਾਤ ਨੂੰ ਠਹਿਰਦਾ ਸੀ ਤੇ ਦਿਨ ਸਮੇਂ ਚਲਦਾ ਸੀ॥ ੩੨॥

ਕਾਨਨ ਦੇਸ਼ ਨਗਰ ਮਗ ਮਾਂਹੀ। ਦੇਖਤਿ ਆਇ, ਥਿਰਹਿ ਕਿਤ ਨਾਂਹੀ।
ਗੰਗਾ ਜਮੁਨਾ ਆਦਿ ਜਿ ਸਲਿਤਾ। ਬਡੋ ਗੰਭੀਰ ਨੀਰ ਜਿਨ ਚਲਤਾ॥ ੩੩॥

ਮਾਲਵੇ ਦੇਸ਼ ਵਿਚ ਨਗਰਾਂ ਅਤੇ ਰਾਹ ਵਿਚ ਇਹ ਵੇਖਦਾ ਆਇਆ ਕਿ ਗੁਰੂ ਜੀ ਕਿਸ ਸਥਾਨ ਤੇ ਰਹਿ ਰਹੇ ਹਨ। ਗੰਗਾ ਜਮਨਾ ਆਦਿ ਨਦੀਆਂ ਹਨ, ਜਿਨ੍ਹਾਂ ਵਿਚ ਬਹੁਤ ਗੰਭੀਰ ਪਾਣੀ ਚਲਦਾ ਹੈ॥ ੩੩॥

ਕ੍ਰਮ ਕ੍ਰਮ ਸਕਲ ਉਲੰਘਤਿ ਆਵਾ। ਗੁਰ ਦਰਸ਼ਨ ਕੋ ਉਰ ਲਲਚਾਵਾ।
ਲੀਨਿ ਸਰਬ ਪਰਵਾਰ ਸੰਗਾਰੇ। ਸੁਤ ਇਸਤ੍ਰੀ ਜੁਤਿ ਸ਼ਰਧਾ ਧਾਰੇ॥ ੩੪॥

ਕ੍ਰਮਵਾਰ ਸਾਰਾ ਪੈਂਡਾ ਲੰਘ ਆਇਆ, ਗੁਰੂ ਜੀ ਦੇ ਦਰਸ਼ਨਾਂ ਵਾਸਤੇ ਮਨ ਲਲਚਾਇਆ ਸੀ, ਸਾਰਾ ਪਰਿਵਾਰ ਆਪਣੇ ਨਾਲ ਲਿਆ ਸੀ, ਪੁੱਤਰ ਪਤਨੀ ਸਹਿਤ ਸਭ ਨੇ ਸ਼ਰਧਾ ਧਾਰਨ ਕੀਤੀ ਹੋਈ ਸੀ॥ ੩੪॥

ਸੰਗ ਪੰਚ ਸੈ ਨੌਕਰ ਔਰ। ਪਾਵਤਿ ਡੇਰੇ ਠੌਰ ਸੁ ਠੌਰ।
ਆਯੁਧ ਧਰੇ ਸਾਥ ਭਟ ਭੀਰੁ। ਆਵਤਿ ਮਾਰਗ ਚਲੇ ਬਹੀਰ॥ ੩੫॥

ਨਾਲ ਪੰਜ ਸੌ ਨੌਕਰ ਹੋਰ ਸਨ, ਥਾਂ ਥਾਂ ਡੇਰਾ ਕਰਦਾ ਆਇਆ। ਨਾਲ ਬਹੁਤ ਸੂਰਮਿਆਂ ਨੇ ਸ਼ਸਤਰ ਧਾਰਨ ਕੀਤੇ ਸਨ ਤੇ ਉਹ ਰਾਹੇ ਰਾਹ ਵਹੀਰ ਘਤੀ ਚਲੇ ਆਉਂਦੇ ਸਨ॥ ੩੫॥

ਦਰਬ ਕੋਸ਼ ਜਿਹ ਸੰਗ ਬਿਸਾਲਾ। ਦਯੋਸ ਨਿਰੰਤਰ ਆਵਤਿ ਚਾਲਾ।
ਪਹੁੰਚ੍ਯੋ ਨਿਕਟਿ ਤਬਹਿ ਗੁਰ ਦੇਸ਼। ਪਯਾਰੀ ਸਿੱਖੀ ਜਾਂਹਿ ਵਿਸ਼ੇਸ਼॥ ੩੬॥

ਜਿਸ ਦੇ ਪਾਸ ਵੱਡੀ ਮਾਤਰਾ ਵਿਚ ਧਨ ਸੀ, ਦਿਨ ਸਮੇਂ ਉਹ ਸਦਾ ਹੀ ਚਲਦਾ ਆਇਆ। ਫਿਰ ਗੁਰੂ ਜੀ ਦੇ ਦੇਸ਼ ਦੇ ਨੇੜੇ ਪਹੁੰਚ ਗਿਆ। ਪਿਆਰੀ ਸਿੱਖੀ ਜਿਥੇ ਵਿਸ਼ੇਸ਼ ਤੌਰ ਤੇ ਪ੍ਰਗਟ ਸੀ॥ ੩੬॥

*ਗਿਆਰ੍ਹਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥ ੩॥*

❖❖❖

# ਅਧਿਆਇ ਚੌਥਾ

## ਮੱਖਣ ਸ਼ਾਹ ਬਕਾਲੇ ਪਹੁੰਚੇ

ਦੋਹਰਾ- ਮਾਰਗ ਆਦਿ ਉਲੰਘ ਕੈ ਮੱਖਣਸ਼ਾਹ ਬਿਸਾਲ।
ਦੇਸ਼ ਬਿਖੈ ਸੁਨਿਬੋ ਕਰਜੋ ਜਿਸ ਪ੍ਰਕਾਰੁ ਗੁਰੁ ਚਾਲ॥ ੧॥

ਮੱਖਣ ਸ਼ਾਹ ਵਿਸ਼ਾਲ ਲੰਮਾ ਪੈਂਡਾ ਲੰਘ ਕੇ ਆ ਗਿਆ ਤੇ ਦੇਸ਼ ਵਿਚ ਆ ਕੇ ਸੁਣਿਆ ਜਿਸ ਪ੍ਰਕਾਰ ਗੁਰੂ ਹਰਿਕ੍ਰਿਸ਼ਨ ਜੀ ਜੋਤੀ ਜੋਤ ਸਮਾ ਗਏ ਸਨ॥ ੧॥

ਚੌਪਈ- ਸ੍ਰੀ ਹਰਿਕ੍ਰਿਸ਼ਨ ਬਾਕ ਜਿਮ ਕਹਜੋ। 'ਕਿਨਹੂੰ ਗੁਰੂ ਰੂਪ ਨਹਿ ਲਹਜੋ।
ਬੀਚ ਬਕਾਲੇ ਗੁਰੂ ਕਹਾਵੈਂ। ਦ੍ਵੈ ਬਿੰਸਤ ਗਾਦੀਨਿ ਪੁਜਾਵੈਂ॥ ੨॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜਿਵੇਂ ਬਚਨ ਕਿਹਾ ਸੀ, "ਕਿਸੇ ਨੇ ਵੀ ਗੁਰੂ ਜੀ ਦੇ ਨਵੇਂ ਸਰੂਪ ਨੂੰ ਨਹੀਂ ਵੇਖਿਆ ਸੀ ਬਕਾਲੇ ਪਿੰਡ ਵਿਚ ਅਖੌਤੀ ਸੋਢੀ ਗੁਰੂ ਕਹਾਉਂਦੇ ਸਨ, ਬਾਈ ਗੱਦੀਆਂ ਲਾ ਕੇ ਬੈਠੇ ਸਨ ਤੇ ਆਪਣੀ ਪੂਜਾ ਕਰਵਾ ਰਹੇ ਸਨ॥ ੨॥

ਨਭ ਮਹਿ ਸੂਰ ਨ ਪ੍ਰਗਟਹਿ ਜਾਵਦ। ਉਡਗਨ ਅਧਿਕ ਪ੍ਰਕਾਸ਼ਹਿ ਤਾਵਦ।
ਯਾਂਤੇ ਲਖੀਯਤਿ ਹੈ ਇਸ ਭਾਇ। ਅਬਿ ਲੌ ਗੁਰੁ ਨ ਭਾ ਬਿਦਤਾਇ॥੩॥

ਅਕਾਸ਼ ਵਿਚ ਜਦ ਤਕ ਸੂਰਜ ਨਹੀਂ ਚੜ੍ਹਦਾ ਹੈ, ਤਦ ਤਕ ਤਾਰਿਆਂ ਦਾ ਬਹੁਤ ਪ੍ਰਕਾਸ਼ ਹੁੰਦਾ ਹੈ। ਇਸ ਕਰਕੇ ਇਸ ਨੂੰ ਇਸ ਪ੍ਰਕਾਰ ਸਮਝੋ, ਹੁਣ ਤਕ ਸੱਚੇ ਗੁਰੂ ਜੀ ਪ੍ਰਗਟ ਨਹੀਂ ਹੋਏ ਸਨ॥ ੩॥

ਮੱਖਣਸ਼ਾਹ ਸੁਨਤਿ ਸੰਦੇਹ। ਮਾਨਸ ਸੰਸੈ ਮਾਨ ਅਛੇਹ।
ਬਹੁ ਧਨ ਲਾਭ ਬਨਜ ਤੇ ਆਵਾ। ਤਿਹ ਦਸੌਂਧ ਕੋ ਮੈਂ ਨਿਕਸਾਵਾ॥੪॥

ਮੱਖਣ ਸ਼ਾਹ ਨੂੰ ਸੁਣ ਕੇ ਸ਼ੰਕਾ ਹੋਇਆ, ਸਾਰੇ ਮਨੁੱਖ ਸੰਸਾ ਮੰਨਦੇ ਹਨ। ਮੱਖਣ ਸ਼ਾਹ ਸੋਚਦਾ ਸੀ ਕਿ ਮੈਨੂੰ ਵਪਾਰ ਵਿਚ ਬਹੁਤ ਲਾਭ ਹੋਇਆ ਹੈ ਉਸ ਲਾਭ ਵਿਚੋਂ ਮੈਂ ਦਸਵੰਧ ਕੱਢੀ ਹੈ॥ ੪॥

ਉਦਧਿ ਜਹਾਜ ਅਟਕ ਜਬਿ ਗਇਊ। ਤਹਾਂ ਸਹਾਇਕ ਸਤਿਗੁਰ ਭਇਊ।
ਤਬਿ ਮਨ ਤੇ ਮੈਂ ਦਰਬ ਘਨੇਰਾ। ਅਰਪਨਿ ਚਹਜੋ ਗੁਰਨਿ ਕੇ ਪੈਰਾ॥੫॥

ਸਮੁੰਦਰ ਵਿਚ ਜਦ ਜਹਾਜ਼ ਅਟਕ ਗਿਆ ਸੀ, ਉਥੇ ਸਤਿਗੁਰੂ ਜੀ ਨੇ ਮੇਰੀ ਸਹਾਇਤਾ ਕੀਤੀ ਸੀ, ਤੇ ਮੈਂ ਗੁਰੂ ਜੀ ਦੇ ਚਰਨਾਂ ਵਿਚ ਬਹੁਤ ਧਨ ਅਰਪਣ ਕਰਨਾ ਚਾਹਿਆ ਸੀ॥ ੫॥

ਬਹੁਤ ਬਿੱਤ ਅਬਿ ਲਜਾਵਨਿ ਕੀਨਾ। ਸਤਿਗੁਰ ਭੇਟ ਚਹੌਂ ਮੈਂ ਦੀਨਾ।
ਕਿਸ ਪ੍ਰਕਾਰ ਕਰਿ ਸਕਵਿ ਪਛਾਨ। ਭੇ ਹਰਿ ਕ੍ਰਿਸ਼ਨ ਸੁ ਅੰਤਰ ਧਜਾਨ॥੬॥

ਹੁਣ ਮੈਂ ਬਹੁਤ ਧਨ ਦੌਲਤ ਲਿਆਂਦੀ ਹੈ ਤੇ ਸਤਿਗੁਰੂ ਜੀ ਨੂੰ ਮੈਂ ਅਰਪਣ ਕਰਨਾ ਚਾਹੁੰਦਾ ਹਾਂ। ਕਿਸ ਪ੍ਰਕਾਰ ਮੈਂ ਉਨ੍ਹਾਂ ਨੂੰ ਪਛਾਣ ਸਕਾਂਗਾ ਜਦ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅੰਤਰ ਧਿਆਨ ਹੋ ਗਏ ਹਨ॥ ੬॥

ਕੇਹਰਿ ਵਸਤੁ ਕਰੀ ਕਹੁ ਦੇਨਿ। ਕਿਮ ਪੁਨ ਚਹਿ ਤਿਨ ਤੇ ਫਲ ਲੈਨਿ।
ਹੋਵਹਿਂ ਨਿਸ਼ਚੈ ਗੁਰੂ ਨ ਜਾਵਤ। ਅਸਮੰਜਸ ਧਨ ਅਰਪਨਿ ਤਾਵਤ॥ ੭॥

ਸ਼ੇਰ ਦੀ ਵਸਤੂ ਹਾਥੀ ਨੂੰ ਦੇਵੇ, ਫਿਰ ਉਸ ਪਾਸੋਂ ਕਿਵੇਂ ਫਲ ਲੈਣ ਦੀ ਚਾਹਤ ਕਰੇਗਾ। ਜਦ ਤਕ ਸੱਚਾ ਗੁਰੂ ਨਿਸਚਿਤ ਨਹੀਂ ਹੁੰਦਾ, ਤਦ ਤਕ ਧਨ ਅਰਪਣ ਕਰਨਾ ਬਣਦਾ ਨਹੀਂ ਹੈ॥ ੭॥

ਕੌਨ ਸਥਲ ਮਹਿਂ ਖੋਜੈਂ ਗੁਰ ਕੋ। ਹੋਇ ਮਨੋਰਥ ਪੂਰਨ ਉਰ ਕੋ।
ਗੁਰ ਹਰਿ ਕ੍ਰਿਸ਼ਨ ਬਾਕ ਅਨੁਸਾਰਾ। ਚਹਿਯ ਬਕਾਲੇ ਗ੍ਰਾਮ ਮਝਾਰਾ॥ ੮॥

ਕਿਸ ਥਾਂ ਜਾ ਕੇ ਹੁਣ ਗੁਰੂ ਜੀ ਨੂੰ ਲਭੀਏ, ਤਾਂਕਿ ਹਿਰਦੇ ਦਾ ਮਨੋਰਥ ਪੂਰਾ ਹੋਵੇ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਬਚਨਾਂ ਅਨੁਸਾਰ, ਗੁਰੂ ਜੀ ਪਿੰਡ ਬਕਾਲੇ ਦੇ ਵਿਚ ਹੀ ਹੋਣੇ ਚਾਹੀਦੇ ਹਨ॥ ੮॥

ਗੁਰੂ ਬਚਨ ਪਰ ਸ਼ਰਧਾ ਧਰਨੀ। ਬ੍ਰਿੱਧਨਿ ਇਹ ਉੱਤਮ ਗਤਿ ਬਰਨੀ।
ਹੋਇ ਜਿ ਸਿੱਖਜ ਅਸ਼ਰਧਾਵਾਨ। ਨਹਿਂ ਸਿੱਖੀ ਫਲ ਲਹਿ ਸੁ ਨਿਦਾਨ॥ ੯॥

ਗੁਰੂ ਜੀ ਦੇ ਬਚਨਾਂ ਤੇ ਸ਼ਰਧਾ ਧਾਰਨ ਕਰਨੀ ਚਾਹੀਦੀ ਹੈ, ਬਜ਼ੁਰਗਾਂ ਨੇ ਇਹ ਬੜੀ ਉੱਤਮ ਗਤੀ ਵਰਣਨ ਕੀਤੀ ਹੈ। ਜਿਹੜਾ ਸਿੱਖ ਅਸ਼ਰਧਾਵਾਨ ਹੁੰਦਾ ਹੈ। ਉਹ ਮੂਰਖ ਅੰਤ ਨੂੰ ਸਿੱਖੀ ਦਾ ਫਲ ਨਹੀਂ ਪ੍ਰਾਪਤ ਕਰਦਾ ਹੈ॥ ੯॥

ਸ਼ਰਧਾ ਸਿੱਖੀ ਮੂਲ ਮਹਾਨੀ। ਬਿਨ ਸ਼ਰਧਾ ਸਿੱਖੀ ਹੁਇ ਹਾਨੀ।
ਬਿਨਾ ਮੂਲ ਤੇ ਮੁਕਤਿ ਜਿ ਫਲ ਹੈ। ਨਹਿਂ ਪ੍ਰਾਪਤਿ ਹੋਵਤਿ ਕਿਸ ਥਲ ਹੈ॥੧੦॥

ਸਿੱਖੀ ਵਿਚ ਸ਼ਰਧਾ ਧਾਰਨ ਕਰਨੀ ਮੂਲ ਅਤੇ ਮਹਾਨ ਹੈ, ਬਿਨ ਸ਼ਰਧਾ ਸਿੱਖੀ ਖਤਮ ਹੋ ਜਾਂਦੀ ਹੈ। ਸ਼ਰਧਾ ਰੂਪੀ ਮੂਲ ਤੋਂ ਜਿਹੜਾ ਫਲ ਪ੍ਰਾਪਤ ਹੁੰਦਾ ਹੈ, ਉਹ ਹੋਰ ਕਿਸੇ ਥਾਂ ਤੋਂ ਵੀ ਪ੍ਰਾਪਤ ਨਹੀਂ ਹੁੰਦਾ ਹੈ॥ ੧੦॥

ਸ਼ਰਧਾ ਤੇ ਉਰ ਧਰਿ ਉਪਦੇਸ਼। ਪਾਇ ਅਚਲ ਸੁਖ ਤਜਹਿ ਕਲੇਸ਼।
ਗੁਰ ਬਚ ਪਰ ਸ਼ਰਧਾ ਧਰਿ ਯਾਂਤੇ। ਮੈਂ ਖੋਜੈਂ ਪ੍ਰਾਪਤਿ ਹੁਇਂ ਜਾਂਤੇ॥ ੧੧॥

ਸ਼ਰਧਾ ਨਾਲ ਹੀ ਹਿਰਦੇ ਵਿਚ ਉਪਦੇਸ਼ ਧਾਰਨ ਕਰਦਾ ਹੈ ਜਿਸ ਨਾਲ ਸਥਾਈ ਸੁਖ ਪ੍ਰਾਪਤ ਕਰਦਾ ਹੈ ਤੇ ਸਾਰੇ ਕਲੇਸ਼ ਛੱਡ ਦਿੰਦਾ ਹੈ। ਇਸ ਕਰਕੇ ਗੁਰੂ ਜੀ ਦੇ ਬਚਨਾਂ ਤੇ ਸ਼ਰਧਾ ਧਾਰਨ ਕਰੋ, ਮੇਰੇ ਖੋਜਣ ਤੇ ਉਹ ਪ੍ਰਾਪਤ ਹੋ ਜਾਣਗੇ॥ ੧੧॥

ਬਿਨ ਗੁਰੁ ਮਿਲੇ ਜਿ ਹਟਿਕੈ ਗਵਨੂੰ। ਹੋਇ ਬਿਅਰਥ ਦੇਸ਼ ਆਗਵਨੂੰ।
ਕਰਮ ਹੀਨ ਰਹਿ ਸੰਕਟ ਭਵਨੂੰ। ਸਤਿਗੁਰ ਦਿਖਾਵ ਜਨਾਵਹਿ ਕਵਨੂੰ ? ॥੧੨॥

ਗੁਰੂ ਜੀ ਨੂੰ ਖੋਜਣ ਤੋਂ ਬਗੈਰ ਜੇ ਵਾਪਸ ਚਲਾ ਜਾਵਾਂਗਾ ਤਾਂ ਮੇਰਾ ਇਸ ਦੇਸ਼ ਵਿਚ ਆਉਣਾ ਵਿਅਰਥ ਜਾਵੇਗਾ। ਕਰਮਹੀਣ ਰਹਿ ਕੇ ਆਪਣੇ ਘਰ ਦੁਖ ਪਾਵਾਂਗਾ, ਫਿਰ ਸਤਿਗੁਰੂ ਨੂੰ ਵੇਖਕੇ ਪਰਖ ਕੇ ਕੌਣ ਪ੍ਰਗਟ ਕਰੇਗਾ॥ ੧੨॥

ਇਮ ਬਿਚਾਰ ਕਰਿ ਮਾਨਸ ਦੀਨ। ਰਿਦੈ ਅਰਾਧਹਿ ਪਗ ਮਨ ਲੀਨ।
ਤਰਕ ਅਨਿਕ ਕੋ ਰਿਦੈ ਉਠਾਇ। ਪੰਥ ਬਕਾਲੇ ਗਮਨਤਿ ਜਾਇ ॥੧੩॥

ਇਸ ਤਰ੍ਹਾਂ ਵਿਚਾਰ ਕੇ ਬਹੁਤ ਉਦਾਸ ਹੋ ਗਿਆ ਤੇ ਹਿਰਦੇ ਵਿਚ ਅਰਾਧ ਕੇ ਗੁਰੂ ਜੀ ਦੇ ਚਰਨ ਆਪਣੇ ਮਨ ਵਿਚ ਧਾਰ ਲਏ। ਅਨੇਕ ਪ੍ਰਕਾਰ ਦੀਆਂ ਸੋਚਾਂ ਆਪਣੇ ਹਿਰਦੇ ਵਿਚ ਉਠਾਈਆ ਤੇ ਬਕਾਲੇ ਪਿੰਡ ਦੇ ਰਾਹ ਪੈ ਗਿਆ॥ ੧੩॥

ਕਿਸ ਪ੍ਰਕਾਰ ਮੁਹਿ ਮਿਲਹਿਂ ਗੁਸਾਈਂ। ਜੋ ਅਬਿ ਲੌ ਨਹਿਂ ਨਿਜ ਬਿਦਤਾਈਂ।
ਅਪਰ ਸਿੱਖ ਮਿਲਿ ਮਿਲਿ ਜਿਮ ਜਾਇਂ। ਇਹ ਬਿਧਿ ਮੈ ਤੇ ਨਹਿਂ ਬਨਿ ਆਇ॥੧੪॥

ਕਿਸ ਪ੍ਰਕਾਰ ਮੈਨੂੰ ਮਾਲਕ ਗੁਰੂ ਜੀ ਮਿਲਣਗੇ, ਜੇ ਹੁਣ ਤਕ ਆਪਣੇ ਆਪ ਪ੍ਰਗਟ ਨਹੀਂ ਹੋਏ ਹਨ। ਜਿਸ ਪ੍ਰਕਾਰ ਹੋਰ ਸਿੱਖ ਮਿਲ ਮਿਲ ਕੇ ਚਲੇ ਜਾਂਦੇ ਹਨ, ਉਸ ਤਰ੍ਹਾਂ ਮਿਲਣਾ ਮੈਨੂੰ ਨਹੀਂ ਬਣਦਾ ਹੈ॥ ੧੪॥

ਨਿਸ਼ਚੈ ਪ੍ਰਥਮ ਗੁਰੂ ਕਹੁ ਕਰਿ ਕੈ। ਪਾਇਨ ਪਾਸ ਉਪਾਇਨ ਧਰਿਕੈ।
ਸ਼੍ਰੀ ਮੁਖ ਤੇ ਸੁਨਿ ਬਾਕ ਉਦਾਰਾ। ਕਰੌਂ ਜਨਮ ਕੇ ਸਫਲ ਬਿਚਾਰਾ॥ ੧੫॥

ਪਹਿਲਾਂ ਗੁਰੂ ਜੀ ਦਾ ਨਿਸ਼ਚਾ ਕਰਕੇ, ਉਨ੍ਹਾਂ ਦੇ ਚਰਨਾਂ ਉਤੇ ਉਪਹਾਰ ਧਰ ਕੇ ਗੁਰੂ ਜੀ ਪਾਸੋਂ ਉੱਤਮ ਬਚਨ ਸੁਣਕੇ ਆਪਣਾ ਜਨਮ ਸਫਲ ਕਰਾਂਗਾ, ਇਹ ਵਿਚਾਰ ਕੀਤੀ॥ ੧੫॥

ਸਤੱਦ੍ਰਵ ਸਲਿਤਾ ਉਲੰਘਿ ਬਿਪਾਸਾ। ਪਹੁੰਚਯੋ ਜਾਇ ਬਕਾਲੇ ਪਾਸਾ।
ਵਹਿਰ ਗ੍ਰਾਮ ਤੇ ਕੀਨਸਿ ਡੇਰਾ। ਸੌਜ ਸੰਭਾਰਿ ਧਰੀ ਤਿਸ ਬੇਰਾ॥ ੧੬॥

ਸਤਲੁਜ ਦਰਿਆ ਲੰਘ ਕੇ ਬਿਆਸ ਲੰਘ ਆਇਆ ਤੇ ਬਕਾਲੇ ਪਿੰਡ ਦੇ ਪਾਸ ਪਹੁੰਚ ਗਿਆ। ਪਿੰਡ ਦੇ ਬਾਹਰ ਡੇਰਾ ਕਰ ਲਿਆ। ਸਾਰੀ ਸਮੱਗਰੀ ਸੰਭਾਲ ਕੇ ਉਥੇ ਰੱਖ ਦਿੱਤੀ॥ ੧੬॥

ਸੁਨਿ ਕੈ ਸੁਧਿ ਭੀ ਸਭਿ ਸੋਢੀਨਿ। ਨਿਜ ਨਿਜ ਮਨੁਖ ਪਠਾਵਨਿ ਕੀਨਿ।
ਭੋਜਨ ਅਨਿਕ ਪ੍ਰਕਾਰ ਪੁਚਾਏ। ਸਨਮਾਨਹਿਂ ਸਭਿ ਬਿਧਿ ਹਰਖਾਏ॥ ੧੭॥

ਸਾਰੇ ਸੋਢੀਆਂ ਨੂੰ ਵੀ ਜਦ ਮੱਖਣ ਸ਼ਾਹ ਦੇ ਆਉਣ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਵੀ ਆਪਣੇ ਆਪਣੇ ਮਨੁੱਖ ਉਸ ਵਲ ਭੇਜੇ। ਅਨੇਕ ਪ੍ਰਕਾਰ ਦੇ ਭੋਜਨ ਪਹੁੰਚਾਏ, ਪ੍ਰਸੰਨ ਹੋ ਕੇ ਸਾਰੀਆਂ ਵਿਧੀਆਂ ਨਾਲ ਸਨਮਾਨ ਕਰਦੇ ਸਨ॥ ੧੭॥

ਨਿਜ ਨਿਜ ਦਿਸ਼ਾ ਮਸੰਦ ਮਹਾਨਾ। ਉਪਦੇਸਹਿਂ ਕਹਿ ਕਹਿ ਪੱਖਜਾਨਾ।
'ਅਜ਼ਮਤ ਮਹਿਂ ਪੂਰਨ ਗੁਰ ਏਹੀ। ਸੋਢੀ ਬਜਰਥ ਨਾਮ ਨਿਜ ਲੇਹੀਂ' ॥੧੮॥

ਸਾਰਿਆਂ ਆਪਣੇ ਆਪਣੇ ਮਹਾਨ ਮਸੰਦਾਂ ਨੂੰ ਭੇਜਿਆ, ਜਿਹੜੇ ਸਾਰੇ ਆਪਣੇ ਪੱਖ ਦੀਆਂ ਦਲੀਲਾਂ ਦੇ ਕੇ ਉਪਦੇਸ਼ ਕਰਦੇ ਸਨ। ਕਹਿੰਦੇ ਸਨ, "ਸਾਡੇ ਵਾਲਾ ਗੁਰੂ ਹੀ ਕਰਾਮਾਤ ਵਿਚ ਪੂਰਾ ਹੈ, ਸੋਢੀ ਵਿਅਰਥ ਆਪਣਾ-ਆਪਣਾ ਨਾਮ ਲੈਂਦੇ ਹਨ॥ ੧੮॥

ਅਪਰ ਆਇ ਤਿਸ ਘਾਟ ਬਤਾਵੈ। 'ਹਮ ਜਿਸ ਢਿਗ ਸੋ ਗੁਰ ਅਧਿਕਾਵੈ'।
ਪਠੇ ਮਸੰਦ ਅਪਰ ਸੋਢੀਨਿ। ਨਿਜ ਨਿਜ ਦਿਸ਼ਾ ਭ੍ਰਮਾਇਂ ਪ੍ਰਬੀਨ॥ ੧੯॥

ਦੂਸਰੇ ਆ ਕੇ ਉਸ ਦੇ ਗੁਰੂ ਨੂੰ ਘਟੀਆ ਦੱਸਦੇ ਸਨ ਤੇ ਕਹਿੰਦੇ ਸਨ, "ਅਸੀਂ ਜਿਸ ਗੁਰੂ ਪਾਸ ਹਾਂ ਉਹ ਸਭ ਤੋਂ ਮਹਾਨ ਹੈ।" ਹੋਰ ਸੋਢੀਆਂ ਵੀ ਆਪਣੇ ਮਸੰਦ ਭੇਜੇ, ਉਹ ਚਤੁਰ ਆਪਣੇ ਆਪਣੇ ਅਖੌਤੀ ਗੁਰੂ ਪਾਸ ਜਾਣ ਲਈ ਭਰਮਾਉਂਦੇ ਸਨ॥ ੧੯॥

ਇਕ ਕੋ ਕਮੀ ਬਤਾਵਹਿ ਦੂਜਾ। ਚਿਤ ਚਾਹਤਿ ਸਭਿ ਨਿਜ ਨਿਜ ਪੂਜਾ।
ਧਨ ਕੋ ਲੋਭ ਧਰਹਿਂ ਉਪਦੇਸ਼ਹਿਂ। ਹੈ ਹਮ ਮਨਤਾ ਦੇਸ਼ ਅਸ਼ੇਸ਼ਹਿਂ॥ ੨੦॥

ਦੂਸਰਾ ਪਹਿਲੇ ਵਿਚ ਘਾਟ ਦੱਸਦਾ ਸੀ, ਸਾਰੇ ਚਿੱਤ ਵਿਚ ਆਪਣੀ ਆਪਣੀ ਪੂਜਾ ਚਾਹੁੰਦੇ ਸਨ। ਧਨ ਦਾ ਲੋਭ ਧਾਰਨ ਕਰਕੇ ਉਪਦੇਸ਼ ਦਿੰਦੇ ਸਨ ਤੇ ਕਹਿੰਦੇ ਸਨ, ਸਾਡੀ ਸਾਰੇ ਦੇਸ਼ ਵਿਚ ਵੱਡੀ ਮਾਨਤਾ ਹੈ॥ ੨੦॥

ਧੀਰਮੱਲ ਕੇ ਹੁਤੇ ਮਸੰਦ। ਪੁਸ਼ਟ ਧਨਾਢ ਪ੍ਰਬੀਨ ਬਿਲੰਦ।
ਸੌਂਪਿ ਆਇ ਸਨਮਾਨ ਕਰੰਤਾ। ਅਧਿਕ ਸਤੁਤਿ ਅਪਨੀ ਉਚਰੰਤਾ॥ ੨੧॥

ਧੀਰਮੱਲ ਦੇ ਜਿਹੜੇ ਮਸੰਦ ਸਨ, ਉਹ ਬੜੇ ਮੋਟੇ ਅਤੇ ਵੱਡੇ ਅਮੀਰ ਸਨ। ਉਹਨਾਂ ਨੇ ਵੀ ਆ ਕੇ ਸਨਮਾਨ ਕੀਤਾ ਤੇ ਆਪਣੀ ਬਹੁਤ ਉਸਤਤਿ ਉਚਾਰਨ ਕੀਤੀ॥ ੨੧॥

'ਧੀਰਮਲ ਕੇ ਘਰ ਗੁਰਿਆਈ। ਹੁਤੀ ਇਨਹੁ ਕੀ, ਇਨ ਕੇ ਆਈ।
ਸ੍ਰੀ ਗੁਰ ਹਰਿਗੋਵਿੰਦ ਅਨੰਦ। ਗੁਰਦਿੱਤਾ ਸੁਤ ਤਿਨਹਿ ਬਿਲੰਦ॥ ੨੨॥

ਕਹਿੰਦੇ ਸਨ, "ਧੀਰਮੱਲ ਦੇ ਘਰ ਗੁਰਿਆਈ ਰਹੀ ਹੈ, ਇਨ੍ਹਾਂ ਦੀ ਸੀ ਤੇ ਇਨ੍ਹਾਂ ਦੇ ਘਰ ਫਿਰ ਆ ਗਈ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਅਨੰਦ ਦੇ ਦਾਤੇ ਸਨ, ਉਨ੍ਹਾਂ ਦਾ ਵੱਡਾ ਪੁੱਤਰ ਮਹਾਨ ਸ੍ਰੀ ਗੁਰਦਿੱਤਾ ਸੀ॥ ੨੨॥

ਮਹਾਂ ਪ੍ਰਤਾਪੀ ਅਜ਼ਮਤ ਭਾਰੀ। ਚਿਤ ਜੋ ਚਹਤਿ ਕਰਤਿ ਸੋ ਕਾਰੀ।
ਪਿਤ ਪ੍ਰਿਯ ਸਰਬ ਗੁਨਨਿ ਕਹੁ ਖਾਨੀ। ਸੋਢੀ ਅਪਰ ਨ ਜਾਂਹਿ ਸਮਾਨੀ॥੨੩॥

ਉਹ ਮਹਾਨ ਪ੍ਰਤਾਪ ਵਾਲੇ ਸਨ ਤੇ ਉਨ੍ਹਾਂ ਵਿਚ ਭਾਰੀ ਕਰਾਮਾਤ ਸੀ, ਚਿੱਤ ਵਿਚ ਜੋ ਵੀ ਚਾਹੁੰਦੇ ਹਨ, ਉਹੋ ਕਾਰ ਕਰ ਦਿੰਦੇ ਹਨ। ਉਨ੍ਹਾਂ ਦੇ ਪਿਆਰੇ ਪਿਤਾ ਜੀ ਸਭ ਗੁਣਾਂ ਦੀ ਖਾਣ ਸਨ ਹੋਰ ਕੋਈ ਸੋਢੀ ਉਨ੍ਹਾਂ ਦੇ ਬਰਾਬਰ ਦਾ ਨਹੀਂ ਸੀ॥ ੨੩॥

ਏਕ ਬਾਰ ਇਕ ਮ੍ਰਿਤਕ ਬਿਲੋਕਿ। ਦਿਯੋ ਜਿਵਾਇ ਸੁ ਕੀਨਿ ਅਸ਼ੋਕ।
ਸੁਨਿ ਕਰਿ ਪਿਤ ਗੁਰ ਬਰਜਨਿ ਕੀਨਸਿ।ਇਮ ਨਹਿਂ ਕਰਹੁ ਪ੍ਰਭੂ ਗਤਿ ਚੀਨਸਿ॥੨੪॥

ਇਕ ਵਾਰ ਇਕ ਮਰੇ ਹੋਏ ਨੂੰ ਵੇਖ ਕੇ ਉਸ ਨੂੰ ਜੀਉਂਦਾ ਕਰਕੇ ਦੁਖ ਰਹਿਤ ਕਰ ਦਿੱਤਾ। ਇਹ ਸੁਣ ਕੇ ਪਿਤਾ ਜੀ ਨੇ ਉਨ੍ਹਾਂ ਨੂੰ ਵਰਜਿਆ ਕਿ ਪ੍ਰਭੂ ਦੀ ਗਤੀ ਨੂੰ ਸਮਝ ਕੇ ਇਸ ਤਰ੍ਹਾਂ ਨਾ ਕਰੋ॥ ੨੪॥

ਕਿਤਿਕ ਕਾਲ ਪੁਨ ਬੀਤ ਗਯੋ ਹੈ। ਬ੍ਰਿੱਤ ਅਖੇਰਹਿਂ ਚੀਤ ਦਯੋ ਹੈ।
ਅਨਿਕ ਕਾਮਨਾ ਪੂਰਨ ਕਰੈਂ। ਦਰਸ਼ਨ ਦੇ ਦੇ ਸਿੱਖ ਉਧਰੈਂ॥ ੨੫॥

ਕਾਫੀ ਸਮਾਂ ਫਿਰ ਬੀਤ ਗਿਆ, ਸ਼ਿਕਾਰ ਖੇਡਣ ਨੂੰ ਦਿਲ ਕੀਤਾ। ਅਨੇਕਾਂ ਕਾਮਨਾਵਾਂ ਪੂਰੀਆਂ ਕਰਦੇ ਸਨ ਤੇ ਦਰਸ਼ਨ ਦੇ ਦੇ ਕੇ ਸਿੱਖਾਂ ਦਾ ਉਧਾਰ ਕਰਦੇ ਸਨ॥ ੨੫॥

ਗੁਰਤਾ ਉਚਿਤ ਜਿ ਗੁਨ ਹੈਂ ਸਾਰੇ। ਸਭਿ ਪਈਅਤਿ ਜਿਨ ਕੇਰ ਮਝਾਰੇ।
ਸਿੱਖਜ ਸਮੂਹ ਦਰਸਿਬੇ ਆਵੈਂ। ਕਰਹਿਂ ਕਾਮਨਾ ਬਾਂਛਿਤ ਪਾਵੈਂ॥ ੨੬॥

ਗੁਰਤਾ ਦੇ ਉਚਿਤ ਉਨ੍ਹਾਂ ਵਿਚ ਸਾਰੇ ਗੁਣ ਸਨ, ਸਾਰੇ ਜਿਨ੍ਹਾਂ ਦੇ ਪੈਰਾਂ ਤੇ ਮੱਥਾ ਟੇਕਦੇ ਸਨ। ਸਾਰੇ ਸਿੱਖ ਉਨ੍ਹਾਂ ਦੇ ਦਰਸ਼ਨ ਕਰਨ ਆਉਂਦੇ ਸਨ, ਜੋ ਵੀ ਕਾਮਨਾ ਕਰਦੇ, ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ॥ ੨੬॥

ਸਭਿਹਿਨਿ ਬਿਖੈ ਭਏ ਸਭਿ ਲਾਯਕ। ਮਸਤਕ ਦੀਪਤਿ ਜੋਤਿ ਸੁਭਾਯਕ।
ਇਕ ਦਿਨ ਬਿਚਰਤਿ ਕਰਤਿ ਅਖੇਰਾ। ਧੇਨੂ ਮਰੀ ਪਰੀ ਕਹੁ ਹੇਰਾ॥ ੨੭॥

ਸਾਰਿਆਂ ਦੇ ਵਿਚ ਹਰ ਤਰ੍ਹਾਂ ਲਾਇਕ ਸਨ, ਮੱਥੇ ਵਿਚ ਸਹਿਜ ਸੁਭਾਅ ਜੋਤ ਚਮਕਦੀ ਸੀ। ਇਕ ਦਿਨ ਸ਼ਿਕਾਰ ਖੇਡਣ ਗਏ ਘੁੰਮ ਰਹੇ ਸਨ, ਇਕ ਮਰੀ ਹੋਈ ਗਾਂ ਨੂੰ ਪਈ ਵੇਖਿਆ॥ ੨੭॥

ਹੁਤੀ ਸਬਤਸ਼ਾ, ਸੁੰਦਰ ਘਨੀ। ਦੇਖਤਿ ਦ੍ਰਿਸ਼ਟਿ ਕ੍ਰਿਪਾ ਸੋ ਸਨੀ।
ਨਿਜ ਅਨੁਚਰ ਸੋਂ ਗਿਰਾ ਉਚਾਰੀ। ਵਾਹਿਗੁਰੂ ਕਹਿ ਛਿਰਕਹੁ ਬਾਰੀ॥ ੨੮॥

ਉਹ ਵੱਛੇ ਵਾਲੀ ਗਾਂ ਬੜੀ ਸੁੰਦਰ ਸੀ, ਅੱਖਾਂ ਨਾਲ ਵੇਖ ਕੇ ਉਸ ਤੇ ਕਿਰਪਾ ਕਰ ਦਿੱਤੀ। ਫਿਰ ਆਪਣੇ ਸੇਵਕ ਨੂੰ ਬਚਨ ਕੀਤਾ, ਵਾਹਿਗੁਰੂ ਕਹਿ ਕੇ ਇਸ 'ਤੇ ਪਾਣੀ ਛਿੜਕੋ॥ ੨੮॥

ਅਲਪ ਸਬਤਸ਼ਾ, ਦੇਹੁ ਜਿਵਾਇ। ਸੁਨਿ ਸੇਵਕ ਕੀਨਸਿ ਤਿਸ ਭਾਇ।
ਬੋਲਤਿ ਉਠੀ ਧੇਨੁ ਤਤਕਾਲਾ। ਧੰਨਜ ਧੰਨਜ ਸਭਿ ਕਹਿ ਤਿਸ ਕਾਲਾ॥੨੯॥

ਛੋਟਾ ਵੱਛਾ ਹੈ, ਗਾਂ ਨੂੰ ਜੀਵਤ ਕਰ ਦੇਵੋ। ਇਹ ਸੁਣ ਸੇਵਕ ਨੇ ਉਸ ਤਰ੍ਹਾਂ ਹੀ ਕੀਤਾ। ਤੁਰਤ ਗਾਂ ਬੋਲਦੀ ਹੋਈ ਉਠ ਪਈ। ਉਸ ਸਮੇਂ ਸਾਰਿਆਂ ਨੇ ਧੰਨ ਧੰਨ ਕਿਹਾ॥ ੨੯॥

ਹਰਿਗੋਬਿੰਦ ਗੁਰੂ ਸੁਨਿ ਬਾਤ। ਕੀਨਸਿ ਨਿਕਟਿ ਹਕਾਰਿਨ ਤਾਤ।
ਕਹਜੋ ਤੁਮਹਿ ਇਹ ਰੀਤਿ ਨ ਆਛੀ। ਬਰਜਜੋ ਹੁਤੋ ਸਿਮਰਿ ਗਤਿ ਪਾਛੀ ॥੩੦॥

ਜਦ ਗੁਰੂ ਹਰਿਗੋਬਿੰਦ ਜੀ ਨੇ ਇਹ ਗੱਲ ਸੁਣੀ ਤੇ ਉਨ੍ਹਾਂ ਨੇ ਆਪਣੇ ਪੁੱਤਰ ਨੂੰ ਪਾਸ ਬੁਲਾਇਆ ਤੇ ਉਸ ਨੂੰ ਕਿਹਾ ਕਿ ਤੂੰ ਚੰਗਾ ਕੰਮ ਨਹੀਂ ਕੀਤਾ ਹੈ, ਪਹਿਲਾਂ ਵੀ ਵਰਜਿਆ ਸੀ, ਉਸ ਤੱਥ ਨੂੰ ਚੰਗੀ ਤਰ੍ਹਾਂ ਯਾਦ ਕਰੋ॥ ੩੦॥

ਇਹ ਰਹਿਬੇ ਕੀ ਰੀਤਿ ਨ ਤੋਹੀ। ਜਨਮ ਮਰਨ ਜਗ ਕੋ ਨਿਤ ਹੋਹੀ।
ਤੁਮ ਨੇ ਸਕਲ ਥਾਨ ਇਮ ਕਰਨੀ। ਪਰਮੇਸੁਰ ਦਿਸ਼ਿ ਸ਼ੁਭ ਨਹਿ ਬਰਨੀ ॥੩੧॥

ਇਹ ਤੇਰੇ ਰਹਿਣ ਦੀ ਰੀਤੀ ਨਹੀਂ ਹੈ, ਜਗ ਵਿਚ ਜਨਮ ਮਰਨ ਸਦਾ ਹੁੰਦਾ ਹੀ ਰਹਿੰਦਾ ਹੈ। ਤੂੰ ਸਭ ਥਾਂ ਇਸ ਤਰ੍ਹਾਂ ਕਰਦਾ ਹੈਂ, ਪਰਮੇਸ਼ਰ ਵਾਲੇ ਪਾਸੇ ਇਹ ਗੱਲ ਸ਼ੁਭ ਨਹੀਂ ਬਣਦੀ ਹੈ॥ ੩੧॥

ਗੁਰੂ ਪਿਤਾ ਤੇ ਸੁਨਿ ਕਰਿ ਚਾਲੇ। ਮਿਲੇ ਨ ਬੋਲਨਿ ਕਿਯ ਕਿਸ ਨਾਲੇ।
ਤਜਜੋ ਸ਼ਰੀਰ ਹੋਇ ਏਕਾਂਤ। ਸਤਿਗੁਰੁ ਪਿਤ ਕੀ ਮਾਨੀ ਬਾਤ॥ ੩੨॥

ਗੁਰੂ ਪਿਤਾ ਤੋਂ ਸੁਣ ਕੇ ਚਲੇ ਗਏ ਤੇ ਕਿਸੇ ਦੇ ਨਾਲ ਵੀ ਬੋਲੇ ਨਹੀਂ। ਇਕਾਂਤ ਵਿਚ ਜਾ ਕੇ ਸਰੀਰ ਛੱਡ ਦਿੱਤਾ, ਪਿਤਾ ਸਤਿਗੁਰੂ ਜੀ ਦੀ ਗੱਲ ਮੰਨ ਲਈ॥ ੩੨॥

ਅਬਿਲੌਂ ਤਿਨ ਕੋ ਜੋ ਇਸਥਾਨ। ਕਰਹਿ ਅਰਾਧਨਿ ਬਾਛਾਂ ਠਾਨਿ।
ਕਰਿਹੀ ਪੂਰਨ ਸੋ ਤਤਕਾਲਾ। ਇਮ ਗੁਰਦਿੱਤਾ ਭਯੋ ਬਿਸਾਲਾ॥ ੩੩॥

ਹੁਣ ਤਕ ਜਿਹੜਾ ਉਨ੍ਹਾਂ ਦਾ ਸਥਾਨ ਹੈ, ਉਸ ਦੀ ਅਰਾਧਨਾ ਕਰਨ ਨਾਲ ਮੂੰਹ ਮੰਗੀਆਂ ਮੁਰਾਦਾਂ ਮਿਲਦੀਆਂ ਹਨ। ਉਥੇ ਮਨ ਦੀ ਮੁਰਾਦ ਤੁਰਤ ਪੂਰੀ ਹੋ ਜਾਂਦੀ ਹੈ, ਸ੍ਰੀ ਗੁਰਦਿੱਤਾ ਵੱਡੇ ਮਹਾਨ ਕਰਾਮਾਤੀ ਹੋਏ ਹਨ॥ ੩੩॥

ਤਿਨ ਤੇ ਸੁਤ ਉਪਜੇ ਸ਼ੁਭ ਦੋਇ। ਗੁਰੁ ਹਰਿਰਾਇ ਧੀਰਮਲ ਸੋਇ।
ਸ੍ਰੀ ਗੁਰੁ ਹਰਿਗੋਬਿੰਦ ਬਿਚਾਰੀ। ਗੁਰਤਾ ਦਈ ਨ ਪੁਤ੍ਰਨਿ ਚਾਰੀ॥ ੩੪॥

ਉਨ੍ਹਾਂ ਦੇ ਘਰ ਦੋ ਪੁੱਤਰ ਪੈਦਾ ਹੋਏ, ਜਿਹੜੇ ਦੋਵੇਂ ਹੀ ਬੜੇ ਸ਼ੁਭ ਹੋਏ ਹਨ, ਉਹ ਗੁਰੂ ਹਰਿਰਾਇ ਤੇ ਧੀਰਮੱਲ ਹਨ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵਿਚਾਰ ਕੀਤੀ ਤੇ ਆਪਣੇ ਚਾਰਾਂ ਪੁੱਤਰਾਂ ਨੂੰ ਗੱਦੀ ਨਹੀਂ ਦਿੱਤੀ ਸੀ॥ ੩੪॥

ਲਾਯਕ, ਸੁਤ ਕੇ ਪੁੱਤ੍ਰ ਬਿਚਾਰੇ। ਹਰੀਰਾਇ ਨਿਜ ਥਲ ਬੈਠਾਰੇ।
ਪੌਤ੍ਰ ਪ੍ਰਬੀਨ ਸਕਲ ਗੁਨ ਭਾਰੀ। ਲਖਿ ਨਿਜ ਆਇਸੁ ਕੇ ਅਨੁਸਾਰੀ॥ ੩੫॥

ਉਨ੍ਹਾਂ ਨੇ ਆਪਣੇ ਪੁੱਤਰ ਦੇ ਪੁੱਤਰਾਂ ਨੂੰ ਲਾਇਕ ਸਮਝਿਆ, ਸ੍ਰੀ ਹਰਿਰਾਇ ਜੀ ਨੂੰ ਆਪਣੇ ਥਾਂ ਬਿਠਾ ਦਿੱਤਾ। ਪੋਤਰੇ ਬੜੇ ਚਤੁਰ ਤੇ ਵੱਡੇ ਗੁਣਵਾਨ ਸਨ ਤੇ ਵੱਡੇ ਗੁਰੂ ਜੀ ਨੇ ਜਦ ਉਨ੍ਹਾਂ ਨੂੰ ਆਪਣੀ ਆਗਿਆ ਅਨੁਸਾਰ ਪਾਇਆ॥ ੩੫॥

ਸ੍ਰੀ ਗੁਰੁ ਹਰਿਗੋਵਿੰਦ ਦਿਨ ਏਕ। ਗਏ ਬਾਗ ਮਹਿ ਸਹਿਤ ਬਿਬੇਕ।
ਕਰਤਿ ਸੈਲ ਫਲਨਿ ਕੀ ਜਾਤੇ। ਖਿਰੇ ਅਨੇਕ ਰੰਗ ਦਰਸਾਤੇ॥ ੩੬॥

ਇਕ ਦਿਨ ਗੁਰੂ ਹਰਿਗੋਬਿੰਦ ਜੀ, ਗਿਆਨ ਸਹਿਤ ਆਪਣੇ ਬਾਗ ਵਿਚ ਗਏ। ਫੁਲਾਂ ਅਤੇ ਫੁਲਦਾਰ ਦਰੱਖਤਾਂ ਦੀ ਸੈਰ ਕਰਦੇ ਜਾਂਦੇ ਸਨ, ਅਨੇਕ ਰੰਗਾਂ ਦੇ ਖਿੜੇ ਹੋਏ ਫੁੱਲ ਦਿਖਾਈ ਦੇ ਰਹੇ ਸਨ॥ ੩੬॥

ਉਪਬਨ ਬਿਖੈ ਬਿਰਾਜੇ ਜਾਇ। ਸੰਤ ਪਿਤਾਮੇ ਸ੍ਰੀ ਹਰਿਰਾਇ।
ਗਏ ਤਹਾਂ ਕੋ ਕੁਛਕ ਪਿਛਾਰੀ। ਸੇਵਕ ਕਿਤਿਕ ਸਿੱਖਜ ਸੰਗਾਰੀ॥ ੩੭॥

ਗੁਰੂ ਜੀ ਬਾਗ ਵਿਚ ਜਾ ਕੇ ਬਿਰਾਜ ਗਏ। ਉਨ੍ਹਾਂ ਦੇ ਪੋਤਰੇ ਸ੍ਰੀ ਹਰਿਰਾਇ ਜੀ ਉਨ੍ਹਾਂ ਤੋਂ ਕੁਝ ਦੇਰ ਬਾਅਦ ਉਥੇ ਗਏ। ਕਈ ਸੇਵਕ ਸਿੱਖ ਉਨ੍ਹਾਂ ਦੇ ਨਾਲ ਸਨ॥ ੩੭॥

ਗਰ ਮਹਿਂ ਜਾਮਾ ਜਿਹ ਸੌ ਪਾਲੇ॥ ਸੂਖਮ ਬਸਤ੍ਰ ਸੁਭਤਿ ਜਬਿ ਚਾਲੇ।
ਮਗ ਕੇ ਨਿਕਟਿ ਕੁਸਮ ਇਕ ਖਰੋ। ਸੁੰਦਰ ਰੰਗ ਭੋਰ ਕੋ ਖਿਰੋ॥ ੩੮॥

ਸ੍ਰੀ ਹਰਿਰਾਇ ਸਾਹਿਬ ਦੇ ਗਲ ਵਿਚ ਸੌ ਪੱਲਿਆਂ ਵਾਲਾ ਜਾਮਾ ਸੀ ਤੇ ਜਦ ਚਲਦੇ ਸਨ ਤੇ ਕੋਮਲ ਬਸਤਰ ਬਹੁਤ ਸ਼ੋਭਦੇ ਸਨ, ਰਾਹ ਦੇ ਪਾਸ ਇਕ ਕੁਸਮ ਦਾ ਫੁਲ ਖਿੜਿਆ ਹੋਇਆ ਸੀ, ਸੁੰਦਰ ਫੁੱਲ ਸੀ ਜਿਹੜਾ ਸਵੇਰ ਦਾ ਖਿੜਿਆ ਹੋਇਆ ਸੀ॥ ੩੮॥

ਜਾਮੇ ਸੰਗ ਅਟਕਿ ਸੋ ਟੂਟਾ। ਬਿਨਾ ਕੁਸਮ ਤੇ ਰਹਜੋ ਸੁ ਬੂਟਾ।
ਮਿਲੇ ਪਿਤਾਮੇ ਸੌਂ ਪੁਨ ਆਇ। ਟੂਟ ਗਯੋ ਸੁਮਨਸ ਜਿਸ ਥਾਇਂ॥ ੩੯॥

ਉਹ ਸ੍ਰੀ ਹਰਿਰਾਇ ਦੇ ਵੱਡੇ ਜਾਮੇ ਨਾਲ ਅਟਕ ਕੇ ਟੁੱਟ ਗਿਆ ਉਹ ਬੂਟਾ ਕੁਸਮ ਦੇ ਫੁੱਲ ਤੋਂ ਬਗੈਰ ਰਹਿ ਗਿਆ। ਫਿਰ ਸ੍ਰੀ ਹਰਿਰਾਇ ਜੀ ਆਪਣੇ ਪਿਤਾਮੇ ਨੂੰ ਜਾ ਮਿਲੇ। ਜਿਸ ਥਾਂ ਸੁਮਨ ਦਾ ਫੁੱਲ ਟੁੱਟ ਗਿਆ॥ ੩੯॥

ਸ੍ਰੀ ਗੁਰੁ ਹਰਿਗੋਬਿੰਦ ਨਿਹਾਰਾ। ਸਭਿਹਿਨਿ ਸੌਂ ਇਮ ਬਾਕ ਉਚਾਰਾ।
ਇਹਾਂ ਹੁਤੋ ਇਕ ਫੂਲ ਬਿਸਾਲਾ। ਕਿਸਨੇ ਤੋਰ ਲੀਨਿ ਇਸ ਕਾਲਾ ?॥੪੦॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਸ ਟੁੱਟੇ ਹੋਏ ਫੁੱਲ ਨੂੰ ਵੇਖਿਆ ਤੇ ਫਿਰ ਸਾਰਿਆਂ ਨੂੰ ਇਹ ਬਚਨ ਕੀਤਾ। ਏਥੇ ਇਕ ਵੱਡਾ ਫੁੱਲ ਖਿੜਿਆ ਹੋਇਆ ਸੀ, ਇਸ ਸਮੇਂ ਉਸ ਨੂੰ ਕਿਸ ਨੇ ਤੋੜ ਲਿਆ ਹੈ ?॥ ੪੦॥

ਦਾਸਨਿ ਭਨਜੋਂ ਬੰਦਿ ਜੁਗ ਹਾਥਾ। ਸ੍ਰੀ ਹਰਿਰਾਇ ਬਸਤ੍ਰ ਕੇ ਸਾਥਾ।
ਉਡਜੋ ਬਾਯੁ ਤੇ, ਲਾਗਿ ਸੁ ਟੂਟਾ। ਨਹੀਂ ਅਪਰ ਤੇ ਜਾਨਜੋਂ ਤੂਟਾ॥ ੪੧॥

ਸੇਵਕਾਂ ਨੇ ਹੱਥ ਜੋੜ ਕੇ ਕਿਹਾ ਕਿ ਸ੍ਰੀ ਹਰਿਰਾਇ ਦੇ ਜਾਮੇ ਦੇ ਨਾਲ, ਜਿਹੜਾ ਹਵਾ ਕਰਕੇ ਉਪਰ ਉਡਿਆ ਤਾਂ ਫੁੱਲ ਲੱਗ ਕੇ ਟੁੱਟ ਗਿਆ, ਹੋਰ ਕਿਸੇ ਪਾਸੋਂ ਨਹੀਂ ਟੁੱਟਾ ਜਾਣਿਆ ਜਾਂਦਾ ਹੈ॥ ੪੧॥

ਸੁਨਿ ਗੁਰੁ ਸ੍ਰੀ ਮੁਖ ਤੇ ਫੁਰਮਾਯੋ। ਜਿਨਹੁ ਬਸਤ੍ਰ ਏਤੋ ਗਰ ਪਾਯੋ।
ਸੋ ਸੰਭਾਰਿ ਕੈ ਕਯੋਂ ਨਹਿ ਚਲਿ ਹੈਂ। ਇਤ ਉਤ ਬਾਯੁ ਤੇ ਜੋ ਹਲਿ ਹੈਂ॥੪੨॥

ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, ਜਿਨ੍ਹਾਂ ਨੇ ਏਡੇ ਵੱਡੇ ਬਸਤਰ ਗਲ ਵਿਚ ਪਾਏ ਹਨ। ਉਹ ਆਪਣੇ ਬਸਤਰਾਂ ਨੂੰ ਸੰਭਾਲ ਕੇ ਕਿਉਂ ਨਹੀਂ ਚਲਦੇ ਹਨ। ਏਧਰ ਓਧਰ ਜਿਹੜੇ ਬਸਤਰ ਹਵਾ ਨਾਲ ਹਿੱਲ ਜਾਂਦੇ ਹਨ॥ ੪੨॥

ਤਬਿ ਤੇ ਸ੍ਰੀ ਹਰਿਰਾਇ ਸੁ ਮਾਨਿ। ਜਾਮਾ ਪਹਿਰਤਿ ਹੁਤੇ ਮਹਾਨ।
ਹਾਥਨਿ ਸੌਂ ਸੰਕੋਚਿ ਚਲੰਤੇ। ਬਾਕ ਪਿਤਾਮੇ ਕੋ ਬਰਤੰਤੇ॥ ੪੩॥

ਤਦ ਤੋਂ ਸ੍ਰੀ ਹਰਿਰਾਇ ਜੀ ਨੇ ਉਨ੍ਹਾਂ ਦੀ ਗੱਲ ਮੰਨ ਲਈ, ਬਹੁਤ ਵੱਡਾ ਜਾਮਾ ਪਹਿਨਦੇ ਸਨ। ਫਿਰ ਉਹ ਜਾਮੇ ਨੂੰ ਹੱਥਾਂ ਨਾਲ ਫੜ ਕੇ ਸੰਕੋਚ ਕੇ ਚਲਦੇ ਸਨ, ਆਪਣੇ ਪਿਤਾਮੇ ਦੇ ਬਚਨਾਂ ਅਨੁਸਾਰ ਕਰਦੇ ਸਨ॥ ੪੩॥

ਜਬਿ ਲੌ ਦੇਹ ਧਰਜੋ ਜਗ ਮਾਂਹਿ। ਚਲਤਿ ਬਸਤ੍ਰ ਕਰ ਛੋਰਜੋ ਨਾਂਹਿ।
ਇਸ ਪ੍ਰਕਾਰ ਨਿਤ ਰਹਿ ਅਨੁਸਾਰਾ। ਨਿਰਬਾਹਜੋ ਗੁਰਤਾ ਕਹੁ ਭਾਰਾ॥ ੪੪॥

ਜਦ ਤਕ ਉਨ੍ਹਾਂ ਜਗ ਵਿਚ ਦੇਹ ਧਾਰਨ ਕੀਤੀ ਰੱਖੀ, ਚਲਦਿਆਂ ਨੇ ਆਪਣੇ ਬਸਤਰਾਂ ਨੂੰ ਖੁਲ੍ਹਾ ਨਹੀਂ ਛਡਿਆ ਹੈ। ਇਸ ਪ੍ਰਕਾਰ ਸਦਾ ਉਨ੍ਹਾਂ ਦੀ ਆਗਿਆ ਵਿਚ ਰਹਿੰਦੇ ਸਨ ਤੇ ਗੁਰਤਾ ਦੇ ਭਾਰ ਨੂੰ ਨਿਬਾਹਿਆ ਹੈ॥ ੪੪॥

ਸ੍ਰੀ ਹਰਿਕ੍ਰਿਸ਼ਨ ਟਿਕੇ ਪਸ਼ਚਾਤੀ। ਤਿਨ ਕੀ ਭਈ ਲਖਹੁ ਸੋ ਬਾਤੀ।
ਸ੍ਰੀ ਗੁਰੁ ਹਰਿਗੋਬਿੰਦ ਤੇ ਪਾਛੇ। ਪਹੁੰਚੀ ਗੁਰਤਾ ਇਨ ਘਰ ਆਛੇ॥ ੪੫॥

ਉਨ੍ਹਾਂ ਤੋਂ ਬਾਅਦ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੱਦੀ ਤੇ ਬੈਠੇ, ਉਨ੍ਹਾਂ ਨਾਲ ਜਿਵੇਂ ਹੋਇਆ ਹੈ, ਉਹ ਗੱਲ ਤੁਸੀਂ ਜਾਣਦੇ ਹੋ। ਸ੍ਰੀ ਗੁਰੂ ਹਰਿਗੋਬਿੰਦ ਦੇ ਪਿਛੋਂ, ਗੁਰਤਾ ਧੀਰਮੱਲ ਦੇ ਘਰ ਚੰਗੀ ਤਰ੍ਹਾਂ ਪਹੁੰਚੀ ਹੈ॥ ੪੫ ॥

**ਰਾਮਰਾਇ ਕੋ ਛੇਕ ਸੁ ਦੀਨਾ। ਨਹਿਂ ਗੁਰਤਾ ਕੇ ਲਾਇਕ ਚੀਨਾ।**
**ਗੁਰੁ ਹਰਿਰਾਇ ਸਹਿਤ ਹਰਿ ਕ੍ਰਿਸ਼ਨ। ਪਹੁਂਚਤਿ ਭੇ ਪਰਲੋਕ ਅਨੰਦ ਘਨ ॥੪੬॥**

ਸ੍ਰੀ ਰਾਮਰਾਇ ਨੂੰ ਛੇਕ ਦਿੱਤਾ ਹੈ, ਉਸ ਨੂੰ ਗੁਰਤਾ ਦੇ ਲਾਇਕ ਨਹੀਂ ਸਮਝਿਆ ਹੈ। ਹੁਣ ਸ੍ਰੀ ਗੁਰੂ-ਹਰਿਰਾਇ ਸਹਿਤ ਸ੍ਰੀ ਹਰਿਕ੍ਰਿਸ਼ਨ ਜੀ ਪਰਲੋਕ ਵਿਚ ਪਹੁੰਚ ਗਏ ਹਨ॥ ੪੬ ॥

**ਧੀਰਮੱਲ ਬਿਨ ਅਪਰ ਨ ਕੋਈ। ਗੁਰਤਾ ਕੀ ਲਾਯਕ ਹੁਇ ਜੋਈ।**
**ਯਾਂਤੇ ਸੁਣਿ ਹੋ ਮੱਖਣ ਸ਼ਾਹ! ਗੁਰੂ ਗ੍ਰੰਥ ਹੈ ਇਨ ਕੇ ਪਾਹ॥ ੪੭॥**

ਧੀਰਮੱਲ ਬਗੈਰ ਹੋਰ ਕੋਈ ਨਹੀਂ ਹੈ, ਜਿਹੜਾ ਗੁਰਤਾ ਦੇ ਲਾਇਕ ਹੋਵੇ। ਇਸ ਕਰਕੇ ਹੇ ਮੱਖਣ ਸ਼ਾਹ ! ਸੁਣੋ, ਸ੍ਰੀ ਗੁਰੂ ਗ੍ਰੰਥ ਸਾਹਿਬ ਇਨ੍ਹਾਂ ਦੇ ਪਾਸ ਹੈ॥ ੪੭॥

**ਜੋਗ ਮਾਨਿਬੇ ਜਾਨਹੁ ਸੋਇ। ਸਕਲ ਕਾਮਨਾ ਪੂਰਨ ਹੋਇ।**
**ਸਰਬ ਪ੍ਰਕਾਰ ਸਭਿਨਿ ਤੇ ਜਾਨਿ। ਧੀਰਮੱਲ ਹੈ ਗੁਰੂ ਮਹਾਨ॥ ੪੮॥**

ਉਸ ਨੂੰ ਸਾਰੇ ਯੋਗ ਮੰਨਦੇ ਹਨ, ਉਸ ਦੀ ਅਰਾਧਣਾ ਨਾਲ ਸਾਰੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਸਭ ਪ੍ਰਕਾਰ ਸਾਰਿਆਂ ਪਾਸੋਂ ਜਾਣ ਲਵੋ, ਧੀਰਮੱਲ ਮਹਾਨ ਗੁਰੂ ਹਨ॥ ੪੮॥

**ਪਿਤਾ ਪਿਤਾਮੇ ਗੁਰੁ ਜਿਸ ਕੇਰੇ। ਭ੍ਰਾਤ ਭਤੀਜਾ ਗੁਰੂ ਬਡੇਰੇ।**
**ਤਿਨ ਸਭਿਹਿਨਿ ਤੇ ਇਹ ਪਸ਼ਚਾਤੀ। ਭਯੋ ਗੁਰੂ ਜਗ ਮਹਿਂ ਬੱਖਜਾਤੀ ॥੪੯॥**

ਪਿਤਾ ਪਿਤਾਮੇ ਜਿਨ੍ਹਾਂ ਦੇ ਗੁਰੂ ਹਨ, ਭਰਾ ਭਤੀਜੇ ਵੀ ਵੱਡੇ ਗੁਰੂ ਹੋਏ ਹਨ। ਉਨ੍ਹਾਂ ਸਭ ਤੋਂ ਬਾਅਦ, ਜਗ ਵਿਚ ਇਹ ਵੱਡੇ ਗੁਰੂ ਪ੍ਰਗਟ ਹੋਏ ਹਨ॥ ੪੯॥

**ਇਸ ਪੀਢੀ ਤੇ ਪੂਰਬ ਜੇਈ। ਤਿਨ੍ਹੇ ਨ ਪਹੁਂਚਤਿ ਗੁਰਤਾ ਕੇਈ।**
**ਯਾਂਤੇ ਕਰਿ ਬਿਚਾਰ, ਉਰ ਮਾਂਹਿ। ਗੁਰ ਲਖਿ ਪੂਜਹੁ ਇਨਹਿਂ ਉਮਾਹਿ ॥੫੦॥**

ਇਸ ਪੀੜ੍ਹੀ ਤੋਂ ਜਿਹੜੇ ਪਹਿਲਾਂ ਹੋਏ ਹਨ, ਉਨ੍ਹਾਂ ਤਕ ਗੁਰਤਾ ਨਹੀਂ ਪਹੁੰਚੀ ਹੈ। ਇਸ ਕਰਕੇ ਹਿਰਦੇ ਵਿਚ ਵਿਚਾਰ ਕਰੋ ਤੇ ਗੁਰੂ ਸਮਝ ਕੇ ਬੜੇ ਉਮਾਹ ਨਾਲ ਇਨ੍ਹਾਂ ਦੀ ਪੂਜਾ ਕਰੋ॥ ੫੦॥

*ਗਿਆਰ੍ਹਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥*

## ਅਧਿਆਇ ਪੰਜਵਾਂ

*ਮੱਖਣ ਸ਼ਾਹ ਬਕਾਲੇ ਵਿਚ*

ਦੋਹਰਾ- **ਇਸ ਪ੍ਰਕਾਰ ਪਹਿਲੇ ਦਿਵਸ ਪਠੇ ਸੁ ਨਰ ਸੋਢੀਨਿ।**
**ਨਿਜ ਨਿਜ ਕਹਤਿ ਮਹਾਤਮਨਿ ਲੋਭ ਲਹਿਰ ਮਹਿਂ ਲੀਨ॥ ੧॥**

ਇਸ ਪ੍ਰਕਾਰ ਪਹਿਲੇ ਦਿਨ ਸਾਰੇ ਸੋਢੀਆਂ ਨੇ ਆਪਣੇ ਆਦਮੀ ਮੱਖਣ ਸ਼ਾਹ ਪਾਸ ਭੇਜੇ। ਸਾਰੇ ਆਪਣਾ ਆਪਣਾ ਮਹਾਤਮ ਕਹਿੰਦੇ ਸਨ ਤੇ ਸਾਰੇ ਲੋਭ ਲਹਿਰ ਵਿਚ ਲੀਨ ਸਨ॥ ੧॥

Sri Satguru Jagjit Singh Ji eLlibrary NamdhariElibrary@gmail.com

ਚੌਪਈ-ਭਈ ਨਿਸਾ ਤਬਿ ਮੱਖਨਸ਼ਾਹ। ਗਿਨਹਿ ਗਣੀ ਅਨਗਨ ਮਨ ਮਾਂਹਿ।
ਕਹਾ ਕਰਤੱਬਜ ਮੋਹਿ ਕਹੁ ਅਹੈ। ਇਹ ਸਭਿ ਨਿਜ ਨਿਜ ਦਿਸ਼ਿ ਕੋ ਚਹੈਂ ॥੨॥

ਜਦ ਰਾਤ ਪਈ ਤਾਂ ਮੱਖਣ ਸ਼ਾਹ ਆਪਣੇ ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣਦਾ ਸੀ। ਮੇਰਾ ਹੁਣ ਕੀ ਕਰਤੱਵ ਹੈ, ਇਹ ਸਾਰੇ ਆਪਣੇ ਆਪਣੇ ਪਾਸੇ ਨੂੰ ਚਾਹੁੰਦੇ ਹਨ॥ ੨॥

ਗੁਰੂ ਪੂਰਨ ਕੀ ਅਸ ਨਹਿਂ ਬਾਤੀ। ਜੋ ਸਭਿ ਜਗ ਦਾਤਾ ਬੱਖਜਾਤੀ।
ਸਭਿ ਕੇ ਜਾਚੈ ਦੇਵਤਿ ਜੋਇ। ਤਿਸ ਕੀ ਦਸ਼ਾ ਸੁ ਅਸ ਕਸ ਹੋਇ॥੩॥

ਪੂਰਨ ਗੁਰੂ ਜੀ ਵਿਚ ਐਸੀ ਗੱਲ ਨਹੀਂ ਹੁੰਦੀ ਹੈ, ਜਿਹੜੇ ਪ੍ਰਗਟ ਰੂਪ ਵਿਚ ਸਾਰੇ ਜਗਤ ਦੇ ਦਾਤਾ ਹਨ। ਜਿਹੜੇ ਗੁਰੂ ਸਭ ਦੇ ਮੰਗਣ ਤੇ ਆਪ ਸਭ ਕੁਝ ਦਿੰਦੇ ਹਨ, ਉਨ੍ਹਾਂ ਦੀ ਅਜਿਹੇ ਮੰਗਤਿਆਂ ਵਰਗੀ ਹਾਲਤ ਕਿਵੇਂ ਹੋ ਸਕਦੀ ਹੈ॥ ੩॥

ਧਨ ਹਿਤ ਮੋ ਪਹਿ ਮਨੁਜ ਪਠਾਏ। ਅਨਿਕ ਭਾਂਤਿ ਕੀ ਬਾਤ ਬਨਾਏ।
ਨਿਜ ਨਿਜ ਉਸਤਤਿ ਕਹਿ ਹਿਤ ਪਾਇ। ਹੁੰਡੀ ਨਿਧਨ ਸ਼ਾਹੁ ਕੇ ਭਾਇ॥੪॥

ਧਨ ਵਾਸਤੇ ਮੇਰੇ ਪਾਸ ਮਨੁੱਖ ਭੇਜੇ ਹਨ ਤੇ ਅਨੇਕ ਪ੍ਰਕਾਰ ਦੀਆਂ ਗੱਲਾਂ ਬਣਾਉਂਦੇ ਹਨ ਤੇ ਆਪਣੀ ਉਸਤਤਿ ਕਹਿ ਕੇ ਆਪਣੇ ਹਿੱਤ ਦੀ ਗੱਲ ਕਰਦੇ ਹਨ। ਨਿਰਧਨ ਸ਼ਾਹ ਦੀ ਹੁੰਡੀ ਵਾਂਗ ਏਧਰ ਓਧਰ ਭੱਜੇ ਫਿਰਦੇ ਹਨ॥ ੪॥

ਮਮ ਧਨ ਜੋ ਗੁਰੁ ਢਿਗ ਨਹਿਂ ਜਾਇ। ਅਸਮੰਜਸ ਮੁਝ ਕੋ ਬਨਿ ਆਇ।
ਭਏ ਸਹਾਇਕ ਸਾਗਰ ਮਾਂਹਿ। ਭਯੋ ਧਨੀ ਤਿਨ ਕ੍ਰਿਪਾ ਸੁ ਪਾਹਿ॥੫॥

ਜੇ ਮੇਰਾ ਧਨ ਯੋਗ ਗੁਰੂ ਜੀ ਪਾਸ ਨਹੀਂ ਜਾਵੇਗਾ, ਤਾਂ ਮੈਥੋਂ ਵੱਡੀ ਅਯੋਗ ਗੱਲ ਹੋ ਜਾਵੇਗੀ। ਗੁਰੂ ਜੀ ਨੇ ਸਾਗਰ ਵਿਚ ਮੇਰੀ ਸਹਾਇਤਾ ਕੀਤੀ ਹੈ ਤੇ ਉਨ੍ਹਾਂ ਦੀ ਕਿਰਪਾ ਨਾਲ ਮੈਂ ਵੱਡਾ ਧਨੀ ਬਣ ਗਿਆ ਹਾਂ॥ ੫॥

ਪਹੁੰਚੈ ਭੇਟ ਨ ਤਿਨ ਕੇ ਪਾਹੀ। ਇਸ ਤੇ ਬਡੋ ਦੋਸ਼ ਕੋ ਆਹੀ।
ਮੁਝ ਤੇ ਜਾਨਜੋ ਪਰੈ ਨ ਕੋਈ। ਦਰਸ਼ਨ ਕਰੋਂ ਦਰਬ ਦਿਉਂ ਸੋਈ॥੬॥

ਜੇ ਉਨ੍ਹਾਂ ਪਾਸ ਮੇਰੀ ਭੇਟ ਨਹੀਂ ਪਹੁੰਚੇਗੀ ਤਾਂ ਇਸ ਤੋਂ ਵੱਡਾ ਹੋਰ ਕੋਈ ਦੋਸ਼ ਨਹੀਂ ਹੋਵੇਗਾ। ਮੈਨੂੰ ਤਾਂ ਇਨ੍ਹਾਂ ਵਿਚ ਕੋਈ ਵੀ ਅਸਲ ਗੁਰੂ ਨਹੀਂ ਲਗਦਾ ਹੈ, ਜਿਸ ਦੇ ਦਰਸ਼ਨ ਕਰਕੇ ਮੈਂ ਧਨ ਅਰਪਣ ਕਰਾਂ॥ ੬॥

ਕੌਣ ਜੁਗਤ ਤੇ ਗੁਰ ਕੋ ਪਾਵੋਂ। ਕਹਿ ਨਿਜ ਮਨ ਕੀ ਆਸ ਪੁਰਾਵੋਂ।
ਆਵਨਿ ਸਫਲ ਹੋਹਿ ਤਬਿ ਮੇਰਾ। ਦਰਸ਼ਨ ਕਰਿ ਪਰਸੋਂ ਗੁਰ ਪੈਰਾ॥੭॥

ਕਿਹੜੀ ਜੁਗਤੀ ਨਾਲ ਗੁਰੂ ਜੀ ਨੂੰ ਪਾਵਾਂ, ਆਪਣੇ ਮਨ ਦੀ ਕਹਿ ਕੇ ਆਸ ਪੂਰੀ ਕਰਾਂ। ਤਦ ਮੇਰਾ ਆਉਣਾ ਸਫਲ ਹੋਵੇਗਾ ਜਦ ਮੈਂ ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਚਰਨ ਕੰਵਲਾਂ ਨੂੰ ਪਰਸਾਂਗਾ॥ ੭॥

ਰਿਦੇ ਬਿਚਾਰਤਿ ਇਮ ਫੁਰਿ ਆਇ। ਦੁਇ ਦੁਇ ਮੁਹਰ ਦੇਉਂ ਸਭਿ ਤਾਂਈ।
ਅਪਨ ਉਪਾਇਨ ਆਪ ਜਿ ਜਾਚੈਂ। ਤਿਸ ਕੋ ਮੈਂ ਜਾਨੌਂ ਗੁਰ ਸਾਚੈ॥੮॥

ਹਿਰਦੇ ਵਿਚ ਵਿਚਾਰ ਕਰਦਿਆਂ ਇੰਞ ਗੱਲ ਫੁਰ ਆਈ, ਸਾਰਿਆਂ ਦੇ ਅੱਗੇ ਦੋ ਦੋ ਮੋਹਰਾਂ ਧਰਾਂਗਾ। ਜਿਹੜਾ ਆਪਣੀ ਭੇਟ ਜਦ ਆਪ ਮੰਗ ਲਵੇਗਾ, ਉਸ ਨੂੰ ਮੈਂ ਸੱਚਾ ਗੁਰੂ ਮੰਨ ਲਵਾਂਗਾ॥ ੮॥

ਤਿਨ ਕੋ ਹੀ ਪੂਜਨਿ ਬਨਿ ਆਵੈ। ਗਤ ਜਹਾਜ ਕੀ ਕਹਿ ਜੁ ਜਨਾਵੈ।
ਇਸ ਤੇ ਪਰੇ ਉਪਾਇ ਨ ਦੂਜਾ। ਪਾਵੋਂ ਗੁਰੂ ਕਰੋਂ ਪਗ ਪੂਜਾ॥ ੯॥

ਉਸ ਨੂੰ ਹੀ ਪੂਜਣਾ ਬਣਦਾ ਹੈ, ਜਿਹੜਾ ਜਹਾਜ਼ ਦੀ ਗਤੀ ਕਹਿ ਕੇ ਸੁਣਾਵੇ। ਇਸ ਤੋਂ ਵੱਧ ਹੋਰ ਕੋਈ ਦੂਜਾ ਉਪਾਅ ਨਹੀਂ ਹੈ। ਇਸ ਤਰ੍ਹਾਂ ਸੱਚੇ ਗੁਰੂ ਨੂੰ ਪਾਵਾਂਗੇ ਤੇ ਉਸਦੇ ਚਰਨ ਕੰਵਲਾਂ ਦੀ ਪੂਜਾ ਕਰਾਂਗਾ॥ ੯॥

ਇਮ ਨਿਸ਼ਚੈ ਕਰਿ ਕੈ ਉਰ ਮਹੀਆ। ਪਰਜੋ ਸੇਜ ਪਰ ਨਿੰਦ੍ਰਾ ਲਹੀਆ।
ਜਬਿ ਪ੍ਰਭਾਤਿ ਹੋਈ ਉਠਿ ਕਰਿਕੈ। ਮੱਜਜੋ ਸਤਿਗੁਰੁ ਰਿਦੇ ਸਿਮਰਿਕੈ॥੧੦॥

ਇਸ ਤਰ੍ਹਾਂ ਹਿਰਦੇ ਵਿਚ ਨਿਸ਼ਚਾ ਕਰਕੇ, ਪਲੰਘ ਤੇ ਲੰਮੇ ਪੈ ਗਿਆ ਅਤੇ ਸੌਂ ਗਿਆ। ਜਦ ਪ੍ਰਭਾਤ ਹੋਈ ਤਾਂ ਉੱਠ ਕੇ ਸਤਿਗੁਰੂ ਜੀ ਨੂੰ ਹਿਰਦੇ ਵਿਚ ਸਿਮਰ ਕੇ ਇਸ਼ਨਾਨ ਕੀਤਾ॥ ੧੦॥

ਪਹਿਰੇ ਬਸਤ੍ਰ ਨਵੀਨ ਸਰੀਰ। ਕੁਛ ਧਨ ਲੈ ਸੰਗ ਕਰਿ ਭਟ ਭੀਰ।
ਬਰਜੋ ਬਕਾਲੇ ਮਹਿਂ ਤਬਿ ਜਾਇ। ਪ੍ਰਥਮ ਗ੍ਰਿੰਥ ਸਾਹਿਬ ਢਿਗ ਆਇ॥੧੧॥

ਸਰੀਰ ਉਤੇ ਨਵੇਂ ਕਪੜੇ ਪਹਿਣ ਲਏ, ਕੁਝ ਧਨ ਪਾਸ ਲੈ ਕੇ ਨਾਲ ਕੁਝ ਸੂਰਮਿਆਂ ਨੂੰ ਲੈ ਲਿਆ। ਤਦ ਬਕਾਲੇ ਪਿੰਡ ਦੇ ਅੰਦਰ ਜਾ ਦਾਖਲ ਹੋਇਆ। ਪਹਿਲਾਂ ਗ੍ਰੰਥ ਸਾਹਿਬ ਦੇ ਪਾਸ ਆਇਆ॥ ੧੧॥

ਧੀਰਮੱਲ ਕੇ ਹੁਤੇ ਜੁ ਪਾਸ। ਖਰੋ ਕਰਾਇ ਤਹਾਂ ਅਰਦਾਸ।
ਪੰਚ ਅਸ਼ਰਫੀ ਦੇ ਨਿਜ ਹਾਥ। ਰਿਦੇ ਅਰਾਧਹਿ ਸਤਿਗੁਰ ਨਾਥ॥ ੧੨॥

ਜਿਹੜਾ ਧੀਰਮੱਲ ਦੇ ਪਾਸ ਸੀ, ਉਸ ਨੂੰ ਖੜਾ ਕਰਵਾ ਕੇ ਉਥੇ ਅਰਦਾਸ ਕੀਤੀ। ਪੰਜ ਅਸ਼ਰਫੀਆਂ ਆਪਣੇ ਹੱਥ ਨਾਲ ਦੇ ਕੇ, ਹਿਰਦੇ ਵਿਚ ਮਾਲਕ ਸਤਿਗੁਰੂ ਜੀ ਦੀ ਅਰਾਧਣਾ ਕੀਤੀ॥ ੧੨॥

ਪੁਨਹਿ ਧੀਰਮਲ ਕੇ ਢਿਗ ਆਇ। ਦੋਇ ਅਸ਼ਰਫੀ ਧਰੀ ਬਨਾਇ।
ਬੈਠਿ ਗਯੋ ਦੋਨਹੁਂ ਕਰ ਜੋਰੇ। ਹਿਰਦੇ ਅੰਤਰ ਗੁਰੂ ਨਿਹੋਰੇ॥ ੧੩॥

ਫਿਰ ਧੀਰਮੱਲ ਦੇ ਪਾਸ ਆ ਕੇ, ਦੋ ਅਸ਼ਰਫੀਆਂ ਸਵਾਰ ਕੇ ਉਸਦੇ ਅੱਗੇ ਰੱਖ ਦਿੱਤੀਆਂ। ਫਿਰ ਦੋਵੇਂ ਹੱਥ ਜੋੜ ਕੇ ਬੈਠ ਗਿਆ, ਹਿਰਦੇ ਵਿਚ ਅਸਲ ਗੁਰੂ ਨੂੰ ਪਹਿਚਾਣ ਰਿਹਾ ਸੀ॥ ੧੩॥

ਸਰਬ ਸ਼ਿਰੋਮਣਿ ਜੇ ਤੁਮ ਥੀਜੈ। ਅਪਨੀ ਵਸਤੁ ਮੋਹਿ ਤੇ ਲੀਜੈ।
ਭਏ ਸਹਾਇਕ ਜੇ ਤੁਮ ਜਾਇ। ਮੈਂ ਢਿਗ ਬੈਠਜੋ ਦੇਹੁ ਬਤਾਇ॥ ੧੪॥

ਮੱਖਣ ਸ਼ਾਹ ਮਨ ਵਿਚ ਵਿਚਾਰਦਾ ਸੀ ਜੇ ਤੁਸੀਂ ਸਰਬ ਸ਼ਿਰੋਮਣੀ ਹੋ ਤਾਂ ਆਪਣੀ ਵਸਤੂ ਮੈਥੋਂ ਲੈ ਲਵੋ। ਜੇ ਤੁਸੀਂ ਹੀ ਜਾ ਕੇ ਮੇਰੀ ਸਹਾਇਤਾ ਕੀਤੀ ਸੀ, ਤਾਂ ਮੈਂ ਤੁਹਾਡੇ ਪਾਸ ਬੈਠਾ ਹਾਂ ਦੱਸ ਦੇਵੋ॥ ੧੪॥

ਸਰਬ ਸ਼ਰੀਰਨਿ ਅੰਤਰਜਾਮੀ। ਜਹਿਂ ਸਿਮਰੈਂ ਤਹਿਂ ਹਾਜ਼ਰ ਸ੍ਵਾਮੀ।
ਰਿਦੇ ਬਿਖੇ ਕਹਿ ਰਹਜੋ ਘਨੇਰਾ। ਦੇ ਕੁਛ ਪਤਾ ਮੋਹਿ ਇਕ ਬੇਰਾ॥ ੧੫॥

ਜਿਹੜੇ ਸਾਰੇ ਸਰੀਰਾਂ ਦੇ ਅੰਤਰਜਾਮੀ ਹਨ, ਜਿਹੜਾ ਵੀ ਯਾਦ ਕਰਦਾ ਹੈ, ਓਥੇ ਹੀ ਪਹੁੰਚ ਜਾਂਦੇ ਹਨ। ਹਿਰਦੇ ਵਿਚ ਬਹੁਤ ਕਹਿ ਰਿਹਾ, ਮੈਨੂੰ ਇਕ ਵਾਰ ਕੁਝ ਪਤਾ ਦੇਵੋ॥ ੧੫॥

ਬਡ ਮਸਨੰਦ ਬਿਛਾਵਨਿ ਕੀਨਸਿ। ਭੁਜ ਉਪਧਾਨੁ ਆਸਰੋ ਲੀਨਸਿ।
ਕੰਚਨ ਦੰਡ ਜਰਾਊ ਜਰੇ। ਗਹੇ ਸਮੁਖ ਜਿਸ ਕੇ ਨਰ ਖਰੇ॥ ੧੬॥

ਮਸੰਦਾਂ ਨੇ ਵੱਡਾ ਲੰਮਾ ਚੌੜਾ ਫਰਸ਼ ਵਿਛਾਇਆ ਤੇ ਧੀਰਮੱਲ ਨੇ ਇਕ ਵੱਡੇ ਸਰਹਾਣੇ ਦਾ ਆਸਰਾ ਲਿਆ ਹੋਇਆ ਸੀ। ਸੋਨੇ ਦੇ ਡੰਡੇ ਜੜਾਊ ਜੜੇ ਸਨ, ਜਿਨ੍ਹਾਂ ਨੂੰ ਫੜ ਕੇ ਉਸ ਦੇ ਅੱਗੇ ਕਈ ਮਨੁੱਖ ਖੜੇ ਸਨ॥ ੧੬॥

ਰਵਿ ਸਮ ਬਿਜਨਾ ਚਮਕ ਬਿਸਾਲਾ। ਫੁਰਤਿ ਚਮਰ ਚਾਰਹੁੰ ਦਿਸ਼ਿ ਚਾਲਾ।
ਨਰ ਅਨੇਕ ਕਰ ਜੋਰਿ ਖਰੇ ਹੈਂ। ਅਨਿਕ ਕਾਮਨਾ ਬਿਨੈ ਕਰੇ ਹੈਂ॥ ੧੭॥

ਸੂਰਜ ਵਾਂਗ ਪੱਖਾ ਵਿਸ਼ਾਲ ਚਮਕਦਾ ਸੀ, ਫਿਰਦਾ ਹੋਇਆ ਚੌਰ ਚਾਰੇ ਪਾਸੇ ਫਿਰ ਰਿਹਾ ਸੀ। ਅਨੇਕਾਂ ਮਨੁੱਖ ਹੱਥ ਜੋੜ ਕੇ ਖੜੇ ਸਨ, ਅਨੇਕਾਂ ਕਾਮਨਾਵਾਂ ਅਤੇ ਬੇਨਤੀਆਂ ਕਰ ਰਹੇ ਸਨ॥ ੧੭॥

ਸੁੰਦਰ ਬਸਤ੍ਰ ਬਿਭੂਖਨ ਪਹਿਰੇ। ਬੈਠਜੋ ਹਰਖਮਾਨ ਮਨ ਠਹਿਰੇ।
ਮੱਖਣਸ਼ਾਹੁ ਦਿਸ਼ਾ ਮੁਖ ਕਰਿਕੈ। ਕੁਛ ਉਦਬੇਗ ਰਿਦੇ ਕਹੁ ਧਰਿਕੈ॥ ੧੮॥

ਉਨ੍ਹਾਂ ਸੁੰਦਰ ਕਪੜੇ ਅਤੇ ਗਹਿਣੇ ਪਹਿਣੇ ਹੋਏ ਸਨ, ਮਨ ਵਿਚ ਬੜੇ ਪ੍ਰਸੰਨ ਹੋ ਕੇ ਬੈਠੇ ਸਨ। ਮੱਖਣ ਸ਼ਾਹ ਵਾਲੇ ਪਾਸੇ ਮੂੰਹ ਕਰਕੇ ਕੁਝ ਹਿਰਦੇ ਵਿਚ ਵਿਆਕੁਲਤਾ ਧਾਰਨ ਕਰਕੇ ਬੈਠੇ ਸਨ॥ ੧੮॥

ਬੋਲਜੋ ਧੀਰਮੱਲ ਤਿਸ ਬੇਰੇ। 'ਗੁਰੂ ਘਰ ਕੇ ਤੁਮ ਸਿੱਖ ਬਡੇਰੇ।
ਪਾਇਨ ਪਾਸ ਉਪਾਇਨ ਦੇਤੇ। ਸਰਬ ਪ੍ਰਕਾਰ ਖੁਸ਼ੀ ਸ਼ੁਭ ਲੇਤੇ'॥ ੧੯॥

ਉਸ ਸਮੇਂ ਧੀਰਮੱਲ ਬੋਲਿਆ, "ਗੁਰੂ ਘਰ ਦੇ ਤੁਸੀਂ ਵੱਡੇ ਸਿੱਖ ਹੋ। ਪੈਰਾਂ ਪਾਸ ਉਪਹਾਰ ਰੱਖ ਦਿੰਦੇ ਹੋ, ਇਸ ਤਰ੍ਹਾਂ ਸਰਬ ਪ੍ਰਕਾਰ ਸ਼ੁਭ ਖੁਸ਼ੀ ਲੈਂਦੇ ਹੋ"॥ ੧੯॥

ਤਬਿ ਹੀ ਸਿਰੋਪਾਉ ਬਹੁ ਮੋਲੇ। ਦੀਨਸਿ ਆਨਿ ਮੇਵੜੇ ਬੋਲੇ।
ਇਮ ਜਾਨੀ ਤਿਨ ਸਭਿ ਮਨ ਮਾਂਹਿ। ਬਹੁਤ ਭੇਟ ਪੁਨ ਆਨਹਿ ਪਾਹਿ॥੨੦॥

ਧੀਰਮੱਲ ਨੇ ਬਹੁਤ ਕੀਮਤੀ ਸਿਰੋਪਾ ਆ ਕੇ ਦਿੱਤਾ, ਮੇਵੜਿਆਂ ਨੇ ਆ ਕੇ ਫਿਰ ਅਰਦਾਸ ਕੀਤੀ। ਉਨ੍ਹਾਂ ਨੇ ਫਿਰ ਮਨ ਵਿਚ ਇਸ ਤਰ੍ਹਾਂ ਜਾਣਿਆ, ਹੁਣ ਬਹੁਤ ਭੇਟਾਵਾਂ ਪਾਸ ਆਉਣਗੀਆਂ॥ ੨੦॥

ਅਬਿ ਤੌ ਮਸਤਕ ਟੇਕਨਿ ਆਯੋ। ਪੁਨ ਦੈ ਹੈ ਧਨ ਜੇਤਿਕ ਲਜਾਯੋ।
ਹੈ ਇਹ ਬਡੋ, ਦੀਨ ਕੁਛ ਥੋਰਾ। ਰਹਿ ਦਿਨ ਕਿਤਿਕ ਅਰਪਿ ਹੈ ਔਰਾ॥੨੧॥

ਹੁਣ ਤਾਂ ਕੇਵਲ ਮੱਥਾ ਟੇਕਣ ਆਇਆ ਹੈ, ਫਿਰ ਆ ਕੇ ਸਾਰਾ ਧਨ ਦੇਵੇਗਾ, ਜਿੰਨਾ ਵੀ ਲਿਆਇਆ ਹੈ। ਹੈ ਤਾਂ ਇਹ ਬਹੁਤ ਵੱਡਾ ਆਦਮੀ, ਪਰ ਬਹੁਤ ਥੋੜਾ ਦਿੱਤਾ ਹੈ, ਕੁਝ ਦਿਨ ਹੋਰ ਰਹਿ ਕੇ ਦੁਬਾਰਾ ਧਨ ਅਰਪਣ ਕਰੇਗਾ॥ ੨੧॥

ਯਾਂਤੇ ਸਭਿ ਬਿਧਿ ਮਧੁਰ ਗਿਰਾ ਕਹਿ। ਉਪਦੇਸ਼ਹਿ ਧਨ ਹਿਤ ਜਿਮ ਦੇ ਇਹ।
ਮੱਖਣ ਸ਼ਾਹੁ ਚਹਤਿ ਬਹੁ ਸੋਈ। ਪਤਾ ਜਹਾਜ ਕੇਰ ਦੇ ਕੋਈ॥ ੨੨॥

ਇਸ ਕਰਕੇ ਸਭ ਵਿਧੀਆਂ ਨਾਲ ਮਿੱਠੇ ਬਚਨ ਬੋਲ ਕੇ, ਉਪਦੇਸ਼ ਕੀਤਾ ਜਿਵੇਂ ਇਹ ਹੋਰ ਧਨ ਭੇਟ ਕਰੇ। ਮੱਖਣ ਸ਼ਾਹ ਤਾਂ ਬਹੁਤਾ ਇਹੋ ਚਾਹੁੰਦਾ ਸੀ ਕਿ ਕੋਈ ਜਹਾਜ ਦਾ ਪਤਾ ਦੇਵੇ॥ ੨੨॥

ਰਿਦੈ ਬਿਚਾਰਤਿ ਭਾ ਇਸ ਭਾਇ। ਇਹੁ ਤੋ ਸਭਿ ਤੇ ਬਡਾ ਕਹਾਇ।
ਦੇਸ਼ ਅਨੇਕਨਿ ਕੇ ਨਰ ਆਵੈਂ। ਇਸ ਕੇ ਚਰਨਨਿ ਸੀਸ ਝੁਕਾਵੈਂ॥ ੨੩॥

ਹਿਰਦੇ ਵਿਚ ਇਸ ਪ੍ਰਕਾਰ ਵਿਚਾਰ ਕਰਦਾ ਸੀ ਕਿ ਇਹ ਤਾਂ ਸਭ ਤੋਂ ਵੱਡਾ ਕਹਾਉਂਦਾ ਹੈ। ਅਨੇਕਾਂ ਦੇਸ਼ਾਂ ਦੇ ਮਨੁੱਖ ਆਉਂਦੇ ਹਨ ਤੇ ਇਸ ਦੇ ਚਰਨਾਂ ਤੇ ਸੀਸ ਨਿਵਾਉਂਦੇ ਹਨ॥ ੨੩॥

ਗਾਦੀ ਦਿਯ ਜਬਿ ਗੁਰ ਹਰਿਰਾਇ। ਇਸ ਕੇ ਮਾਨ ਰਾਖਨੇ ਭਾਇ।
ਕਿਤਿਕ ਦੇਸ਼ ਸਿਖਜਨਿ ਕੇ ਦੀਨਿ। ਸੋ ਮਾਨਹਿਂ ਕਰਿ ਗੁਰੂ ਪ੍ਰਬੀਨ॥ ੨੪॥

ਜਦ ਗੁਰੂ ਹਰਿਰਾਇ ਜੀ ਨੂੰ ਗੱਦੀ ਦਿੱਤੀ ਸੀ ਤਾਂ ਇਸ ਦਾ ਮਾਣ ਰੱਖਣ ਵਾਸਤੇ ਕਈ ਸਿੱਖਾਂ ਦੇ ਦੇਸ਼ ਇਸ ਨੂੰ ਦਿੱਤੇ, ਉਨ੍ਹਾਂ ਨੇ ਇਸਨੂੰ ਪ੍ਰਬੀਨ ਗੁਰੂ ਕਰਕੇ ਮੰਨਿਆ ਹੈ॥ ੨੪॥

ਗੁਰੂ ਹੁਤੇ ਜਬਿ ਬਿਦਤ ਸ਼ਰੀਰ। ਤਬਿ ਭੀ ਬਹੁਤ ਜੁ ਮਾਨੁਖ ਭੀਰ।
ਦੇ ਦੇ ਭੇਟ ਉਪਾਸਨਿ ਕਰਿਹੀਂ। ਐਸ਼੍ਵਰਜ ਬਿਖੈ ਬਡੋ ਭਰਪੂਰ ਹੀ॥ ੨੫॥

ਜਦ ਸੱਚੇ ਗੁਰੂ ਜੀ ਪ੍ਰਗਟ ਰੂਪ ਵਿਚ ਦੇਹੀ ਮੌਜੂਦ ਸਨ, ਉਸ ਸਮੇਂ ਵੀ ਮਨੁੱਖਾਂ ਦੀ ਬਹੁਤ ਭੀੜ ਲੱਗੀ ਰਹਿੰਦੀ ਸੀ, ਭੇਟਾ ਦੇ ਦੇ ਕੇ ਇਸ ਦੀ ਪੂਜਾ ਕਰਦੇ ਹਨ ਤੇ ਵੱਡਾ ਧਨ ਦੌਲਤ ਇਸ ਦੇ ਪਾਸ ਇਕੱਠਾ ਹੋ ਗਿਆ ਹੈ॥ ੨੫॥

ਮੋਹਿ ਨ ਦੀਨਸਿ ਪਤਾ ਜਹਾਜ। ਸਰਿਤਾ ਪਤਿ ਮਹਿਂ ਰਾਖਸਿ ਲਾਜ।
ਕਜੋਂ ਨ ਅਮਾਨਤ ਅਪਨੀ ਲੀਨਿ। ਕਰਯੋ ਕਾਜ ਮੁਝ ਕੋ ਲਖਿ ਦੀਨ॥ ੨੬॥

ਪਰ ਇਸ ਨੇ ਮੈਨੂੰ ਜਹਾਜ਼ ਦਾ ਪਤਾ ਨਹੀਂ ਦਿੱਤਾ ਹੈ, ਨਦੀਆਂ ਦੇ ਪਤੀ ਭਾਵ ਸਮੁੰਦਰ ਦੀ ਲਾਜ ਰੱਖੀ ਹੈ। ਇਸ ਨੇ ਕਿਉਂ ਆਪਣੀ ਅਮਾਨਤ ਨਹੀਂ ਲਈ ਹੈ। ਮੇਰੇ ਕੀਤੇ ਕੰਮ ਨੂੰ ਵੇਖ ਕੇ ਦੀਨ ਹੋ ਗਿਆ ਹੈ॥ ੨੬॥

'ਗੁਰੂ ਇਹੀ, ਲੀਨਸਿ ਗੁਰਿਆਈ'। ਇਹ ਨਿਸ਼ਚਾ ਕਿਮ ਮਮ ਠਹਿਰਾਈ।
ਯਾ ਉਸਤਤਿ ਕੋ ਕਰਤਿ ਘਨੇਰੇ। ਨਾਂਹਿ ਪਰਤ ਪਰਤੀਤ ਸੁ ਮੇਰੇ॥ ੨੭॥

"ਇਹੋ ਗੁਰੂ ਗੁਰਿਆਈ ਲਵੇਗਾ।" ਇਹ ਨਿਸ਼ਚਾ ਮੈਨੂੰ ਕਿਵੇਂ ਹੋਵੇਗਾ। ਜਾਂ ਤਾਂ ਇਹ ਬਹੁਤ ਉਸਤਤਿ ਕਰਦਾ ਹੈ, ਇਸ ਬਾਰੇ ਮੇਰੇ ਮਨ ਵਿਚ ਪਰਤੀਤ ਨਹੀਂ ਬਝਦੀ ਹੈ॥ ੨੭॥

ਮਮ ਅੰਤਰ ਕੀ ਗਤਿ ਨਹਿ ਜਾਨੀ। ਤਹਿਂ ਸਹਾਇ ਕੀ, ਕਿਮ ਲਿਉਂ ਮਾਨੀ।
ਗੁਰਤਾ ਮਹਿਂ ਸੰਸੈ ਇਸੁ ਮਾਂਹੀ। ਜੋਤਿ ਪ੍ਰਕਾਸ਼ਤਿ ਮੁਖ ਪਰ ਨਾਂਹੀ॥ ੨੮॥

ਮੇਰੇ ਅੰਦਰ ਦੀ ਇਸ ਗਤੀ ਨਹੀਂ ਜਾਣੀ ਹੈ, ਸਮੁੰਦਰ ਵਿਚ ਇਸ ਮੇਰੀ ਸਹਾਇਤਾ ਕੀਤੀ ਹੈ, ਇਹ ਮੈਂ ਕਿਵੇਂ ਮੰਨ ਲਵਾਂ। ਗੁਰਤਾ ਬਾਰੇ ਇਸ ਵਿਚ ਸ਼ੰਕਾ ਹੈ, ਇਸ ਦੇ ਮੁਖ ਤੇ ਗੁਰੂ ਜੋਤ ਦਾ ਪ੍ਰਕਾਸ਼ ਨਹੀਂ ਹੈ॥ ੨੮॥

ਭਯੋ ਦੀਨ ਮਨ ਮੱਖਣਸ਼ਾਹ। ਪੂਰ ਮਨੋਰਥ ਹੋਯਹੁ ਨਾਂਹ।
ਮਧੁਰ ਗਿਰਾ ਬੋਲਯੋ ਕਰ ਜੋਰੀ। 'ਆਇਸੁ ਦਿਹੁ ਦਰਸਾਉਂ ਬਹੋਰੀ'॥ ੨੯॥

ਮੱਖਣ ਸ਼ਾਹ ਦਾ ਮਨ ਦੀਨ ਹੋ ਗਿਆ, ਉਸਦਾ ਮਨੋਰਥ ਪੂਰਾ ਨਹੀਂ ਸੀ ਹੋਇਆ। ਮੱਖਣ ਸ਼ਾਹ ਹੱਥ ਜੋੜ ਕੇ ਬੜੇ ਮਿੱਠੇ ਬਚਨ ਬੋਲਿਆ "ਆਗਿਆ ਦੇਵੋ ਦੁਬਾਰਾ ਦਰਸ਼ਨ ਕਰਾਂਗਾ।"॥ ੨੯॥

ਮਸਤਕ ਟੇਕਿ ਉਠਨਿ ਭਾ ਤਯਾਰ। ਧੀਰਮੱਲਜ ਨਿਜ ਹਾਥ ਪਸਾਰਿ।
ਮਧੁਰ ਪ੍ਰਸ਼ਾਦ ਦਯੋ ਕਹਿ ਬੈਨ। 'ਗੁਰੂ ਸਹਾਇ ਤੁਮਹਿਂ ਦਿਨ ਰੈਨ'॥ ੩੦॥

ਮੱਥਾ ਟੇਕ ਕੇ ਜਦ ਉੱਠਣ ਲਈ ਤਿਆਰ ਹੋਇਆ ਤਾਂ ਧੀਰਮੱਲ ਨੇ ਹੱਥ ਫੈਲਾ ਕੇ ਮਿੱਠਾ ਪ੍ਰਸ਼ਾਦ ਦੇ ਕੇ ਕਿਹਾ, "ਦਿਨ ਰਾਤ ਗੁਰੂ ਜੀ ਤੁਹਾਡੀ ਸਹਾਇਤਾ ਕਰਨ"॥ ੩੦॥

ਬੰਦਨ ਕਰਿ ਨਿਕਸਯੋ ਤਿਸ ਡੇਰੇ। ਅਪਰ ਜਾਇ ਸੋਢੀ ਸਭਿ ਹੇਰੇ।
ਜੁਗ ਜੁਗ ਮੁਹਰ ਅਗਾਰੀ ਧਰਿ ਕੈ। ਸਭਿ ਕੇ ਪਾਇਨ ਬੰਦਨ ਕਰਿਕੈ॥ ੩੧॥

ਮੱਖਣ ਸ਼ਾਹ ਬੰਦਨਾ ਕਰਕੇ ਉਸ ਦੇ ਡੇਰੇ ਵਿਚੋਂ ਨਿਕਲ ਆਇਆ ਤੇ ਹੋਰ ਸਾਰੇ ਸੋਢੀ ਜਾ ਵੇਖੇ। ਦੋ ਦੋ ਮੋਹਰਾਂ ਅੱਗੇ ਧਰ ਕੇ, ਸਾਰਿਆਂ ਦੇ ਚਰਨਾਂ ਤੇ ਬੰਦਨਾ ਕਰਦਾ ਰਿਹਾ॥ ੩੧॥

ਬਾਂਛਾ ਕਰਤਿ ਰਿਦੇ ਮਹਿਂ ਧੀਰ। ਦੇਹਿ ਪਤਾ ਕੋ ਜਲਧਿ ਗੰਭੀਰ।
ਮੋ ਤੇ ਲੇਹਿ ਅਮਾਨਤ ਆਪ। ਜੋ ਗੁਰਤਾ ਕੋ ਧਰੈ ਪ੍ਰਤਾਪ॥ ੩੨॥

ਧੀਰਜਵਾਨ ਹਿਰਦੇ ਵਿਚ ਕਾਮਨਾ ਕਰਦਾ ਸੀ, ਕੋਈ ਸਮੁੰਦਰ ਦੀ ਗੰਭੀਰ ਗੱਲ ਦਾ ਵੀ ਪਤਾ ਦੇਵੇ। ਮੈਂ ਤਾਂ ਉਸਦੀ ਆਪ ਅਮਾਨਤ ਲਈ ਫਿਰਦਾ ਹਾਂ, ਜਿਹੜਾ ਗੁਰਤਾ ਲਈ ਪ੍ਰਤਾਪ ਧਾਰਨ ਕਰੇਗਾ॥ ੩੨॥

ਨਹਿਂ ਕਿਨਹੂੰ ਇਹ ਬਾਤ ਜਨਾਈ। ਹਮ ਜਹਾਜ ਤਵ ਦੀਨਿ ਲੰਘਾਈ।
ਸਾਦਰ ਸੋਢੀ ਸਭਿ ਬੈਠਾਵੈਂ। ਸਹਿਤ ਬਜੰਗ ਨਿਜ ਸਤੁਤਿ ਸੁਨਾਵੈਂ॥ ੩੩॥

ਕਿਸੇ ਨੇ ਵੀ ਮੈਨੂੰ ਇਹ ਗੱਲ ਨਹੀਂ ਜਤਾਈ ਹੈ, ਅਸੀਂ ਤਦ ਤੁਹਾਡਾ ਜਹਾਜ਼ ਲੰਘਾ ਦਿੱਤਾ ਸੀ। ਸਾਰੇ ਸੋਢੀ ਮੱਖਣ ਸ਼ਾਹ ਨੂੰ ਬੜੇ ਆਦਰ ਨਾਲ ਪਾਸ ਬੈਠਾਉਂਦੇ ਹਨ ਤੇ ਬਹਾਨੇ ਨਾਲ ਆਪਣੀ ਉਸਤਤਿ ਸੁਣਾਉਂਦੇ ਹਨ॥ ੩੩॥

ਬਾਕ ਖੁਸ਼ੀ ਕੇ ਕਹੈਂ ਘਨੇਰੇ। ਸਿਰੋਪਾਉ ਦੇ ਮੋਲ ਬਡੇਰੇ।
'ਹਮਰੋ ਸਿਖ ਸਵੇਕ ਤੂੰ ਭਾਰਾ। ਗੁਰੁ ਦੀਨਸਿ ਤੁਝ ਦਰਬ ਉਦਾਰਾ॥ ੩੪॥

ਖੁਸ਼ੀ ਦੇ ਬਹੁਤ ਬਚਨ ਕਹਿੰਦੇ ਹਨ ਤੇ ਬਹੁਤ ਕੀਮਤੀ ਸਿਰੋਪੇ ਦਿੰਦੇ ਹਨ। 'ਤੂੰ ਸਾਡਾ ਭਾਰਾ ਸਿੱਖ ਸੇਵਕ ਹੈਂ, ਗੁਰੂ ਜੀ ਨੇ ਤੈਨੂੰ ਬਹੁਤ ਧਨ ਦਿੱਤਾ ਹੈ॥ ੩੪॥

ਸਿੱਖੀ ਕੋ ਨਿਰਬਾਹ ਕਰੰਤਾ। ਸਾਧ ਸਾਧ ਤੁਭ ਬਡ ਬੁਧਿਵੰਤਾ।
ਦਰਸ਼ਨ ਕਰਨਿ ਦੂਰ ਤੇ ਆਯੋ। ਸਭਿ ਪਰਿਵਾਰ ਸੰਗ ਹੀ ਲਯਾਯੋ' ॥ ੩੫॥

ਸਿੱਖੀ ਦਾ ਤੂੰ ਨਿਰਬਾਹ ਕਰਦਾ ਹੈਂ, ਸ਼ਾਬਾਸ਼ ! ਸ਼ਾਬਾਸ਼ ! ਤੂੰ ਵੱਡਾ ਬੁੱਧੀਮਾਨ ਹੈਂ। ਬਹੁਤ ਦੂਰ ਤੋਂ ਦਰਸ਼ਨ ਕਰਨ ਵਾਸਤੇ ਆਇਆ ਹੈਂ ਤੇ ਸਾਰੇ ਪਰਿਵਾਰ ਨੂੰ ਨਾਲ ਹੀ ਲਿਆਇਆ ਹੈਂ' ॥ ੩੫॥

ਇੱਤਜਾਦਿਕ ਮੁਖ ਮਧੁਰ ਬਚੰਨਾ। ਕਹਿ ਕਰਿ ਸਿੱਖ ਕੌ ਕਰਹਿਂ ਪ੍ਰਸੰਨਾ।
ਅਪਰ ਰੀਤਿ ਸਤਿਗੁਰੁ ਕੀ ਜੇਈ। ਸਰਬ ਪ੍ਰਕਾਰ ਕਰਤਿ ਹੈਂ ਤੇਈ॥ ੩੬॥

ਇਤਿਆਦਿਕ ਮੁਖ ਤੋਂ ਮਿੱਠੇ ਬਚਨ ਬੋਲਦੇ ਸਨ, ਸਿੱਖ ਨੂੰ ਕਹਿ ਕੇ ਪ੍ਰਸੰਨ ਕਰ ਦਿੰਦੇ ਸਨ। ਹੋਰ ਜਿਵੇਂ ਸਤਿਗੁਰੂ ਜੀ ਦੀ ਰੀਤ ਸੀ, ਸਰਬ ਪ੍ਰਕਾਰ ਉਸ ਤਰ੍ਹਾਂ ਹੀ ਕਰਦੇ ਸਨ॥ ੩੬॥

ਜਿਮ ਬਨ ਮਹਿਂ ਮ੍ਰਿਗਪਤਿ ਦੁਰ ਰਹੈ। ਸਭਿ ਮ੍ਰਿਗ ਬਨਪਤਿ ਬਨਿ ਬਨਿ ਕਹੈਂ।
ਤਥਾ ਰੀਤਿ ਸਭਿ ਕਰਤਿ ਗੁਰੂ ਕੀ। ਨਹਿਂ ਪਰੰਤੁ ਸਿਖ ਆਸ ਪੂਰੁ ਕੀ॥ ੩੭॥

ਜਿਵੇਂ ਜੰਗਲ ਵਿਚ ਸ਼ੇਰ ਲੁਕ ਕੇ ਰਹੇ ਤੇ ਸਾਰੇ ਹਿਰਨ ਜੰਗਲ ਦਾ ਮਾਲਕ ਬਣ ਬਣ ਕੇ ਕਹਿਣ, ਉਸ ਤਰ੍ਹਾਂ ਸਾਰੇ ਹੀ ਗੁਰੂ ਦੀ ਰੀਤ ਕਰਦੇ ਸਨ, ਪਰ ਸਿੱਖਾਂ ਦੀ ਆਸ ਪੂਰੀ ਕਰਨ ਦੀ ਗੱਲ ਨਹੀਂ ਕਰਦੇ ਸਨ॥ ੩੭॥

ਕੇਹਰਿ ਕਰਮ ਕੇਹਰੀ ਕਰੈ। ਅਪਰ ਮ੍ਰਿਗਨਿ ਤ ਕਿਮ ਨਹਿਂ ਸਰੈ।
ਇਮ ਮਨਾਇ ਕਰਿ ਸਭਿ ਸੋਢੀਨਿ। ਦੁਇ ਦੁਇ ਮੁਹਰ ਅਰਪਨਾ ਕੀਨਿ॥ ੩੮॥

ਸ਼ੇਰ ਦਾ ਕਰਮ ਸ਼ੇਰ ਹੀ ਕਰ ਸਕਦਾ ਹੈ ਹੋਰ ਹਿਰਨਾਂ ਤੋਂ ਇਹ ਕਿਵੇਂ ਸਰ ਸਕਦਾ ਹੈ। ਇਸ ਤਰ੍ਹਾਂ ਸਭ ਸੋਢੀਆਂ ਨੂੰ ਪੂਜ ਕੇ ਮੱਖਣ ਸ਼ਾਹ ਨੇ ਦੋ ਦੋ ਮੋਹਰਾਂ ਅਰਪਣ ਕਰ ਦਿੱਤੀਆਂ॥ ੩੮॥

ਅੰਤ੍ਰਜਾਮਤਾ ਕਿਸਹੂੰ ਨਾਂਹੀ। ਮੱਖਣ ਨਿਸ਼ਚੈ ਕਿਯ ਮਨ ਮਾਂਹੀ।
ਤਬਿ ਚਲਿ ਗਯੋ ਆਪਨੇ ਡੇਰੇ। ਦੀਨ ਮਨਾ ਹੁਇ ਰਹਯੋ ਬਡੇਰੇ॥ ੩੯॥

ਇਨ੍ਹਾਂ ਵਿਚ ਕੋਈ ਵੀ ਅੰਤਰਜਾਮੀ ਨਹੀਂ ਹੈ, ਇਹ ਗੱਲ ਮੱਖਣ ਸ਼ਾਹ ਨੇ ਨਿਸ਼ਚੇ ਨਾਲ ਮੰਨ ਲਈ। ਤਦ ਚਲ ਕੇ ਆਪਣੇ ਡੇਰੇ ਵਿਚ ਚਲਾ ਗਿਆ, ਮਨ ਵਿਚ ਬਹੁਤ ਹੀ ਉਦਾਸ ਹੋ ਕੇ ਬੈਠਾ ਰਿਹਾ॥ ੩੯॥

ਅਬਿ ਕਰਤਬ ਕਿਮ ਹੈ ਮੁਝ ਨੀਕਾ। ਕਹਾਂ ਕਰਵਿ ਮੈਂ? ਗੁਰੂ ਨ ਠੀਕਾ।
ਮੰਦ ਭਾਗ ਮੈਂ ਅਪਨਿ ਨਿਹਾਰਾ। ਗਮਨ ਪੰਥ ਬਡ ਨਿਫਲਜੋ ਸਾਰਾ ॥ ੪੦ ॥

ਹੁਣ ਮੈਨੂੰ ਕਿਹੜਾ ਚੰਗਾ ਕੰਮ ਕਰਨਾ ਚਾਹੀਦਾ ਹੈ, ਮੈਂ ਹੁਣ ਕੀ ਕਰਾਂ ? ਠੀਕ ਗੁਰੂ ਕੌਣ ਹੈ ? ਇਹ ਮੈਂ ਨਿਸ਼ਚੇ ਨਹੀਂ ਕਰ ਸਕਿਆ। ਮੈਂ ਆਪਣੇ ਮੰਦੇ ਭਾਗ ਜਾਣੇ ਹਨ, ਜਿਹੜਾ ਏਨੀ ਦੂਰ ਚਲ ਕੇ ਆਇਆ ਹਾਂ, ਤੇ ਮੇਰਾ ਕੀਤਾ ਹੋਇਆ ਸਾਰਾ ਪੈਂਡਾ ਨਿਸ਼ਫਲ ਗਿਆ ਹੈ ॥ ੪੦ ॥

ਜਥਾ ਕੇਹਰੀ ਕੰਦਰ ਮਾਂਹਿ। ਜਥਾ ਘਟਾ ਮਹਿਂ ਰਵਿ ਦੁਰ ਜਾਹਿ।
ਮਹਾਂਰਾਜ ਜਿਮ ਰਹਿ ਰਣਵਾਸੈ। ਛਪੈ ਗੁਰੂ ਤਿਮ ਨਹੀਂ ਪ੍ਰਕਾਸ਼ੈਂ ॥ ੪੧ ॥

ਜਿਵੇਂ ਸ਼ੇਰ ਗਾਰ ਵਿਚ ਵੜ ਕੇ ਲੁਕ ਜਾਵੇ, ਜਿਵੇਂ ਘਟਾ ਵਿਚ ਸੂਰਜ ਛੁਪ ਜਾਵੇ। ਜਿਵੇਂ ਮਹਾਰਾਜਾ ਰਣਵਾਸ ਵਿਚ ਬੈਠਾ ਰਹੇ, ਗੁਰੂ ਜੀ ਇਸ ਤਰ੍ਹਾਂ ਛੁਪੇ ਹਨ ਕਿ ਪ੍ਰਕਾਸ਼ ਹੀ ਨਹੀਂ ਰਹੇ ਹਨ ॥ ੪੧ ॥

ਸਤਿਗੁਰੁ ਦਰਸ਼ਨ ਸਾਰ ਸਰਬ ਕੋ। ਨਹਿਂ ਪਾਯਹੁ ਨਹਿਂ ਦਿਯੋ ਦਰਬ ਕੋ।
ਇਸ ਪ੍ਰਕਾਰ ਚਿਤਵਤਿ ਦੁਚਿਤਾਈ। ਦੁਤਿਯ ਸਰਬਰੀ ਸਰਬ ਬਿਤਾਈ ॥ ੪੨ ॥

ਸਤਿਗੁਰੂ ਦਰਸ਼ਨ ਸਾਰਿਆਂ ਦੀ ਸਾਰ ਹੈ, ਨਾ ਉਨ੍ਹਾਂ ਨੂੰ ਪਾਇਆ ਹੈ, ਨਾ ਧਨ ਦਿੱਤਾ ਹੈ। ਇਸ ਤਰ੍ਹਾਂ ਦੁਚਿੱਤੀ ਵਿਚ ਫਸਿਆ ਚਿੰਤਾ ਕਰ ਰਿਹਾ ਸੀ। ਦੂਸਰੀ ਸਾਰੀ ਰਾਤ ਇਸ ਤਰ੍ਹਾਂ ਬਤੀਤ ਕੀਤੀ ॥ ੪੨ ॥

*ਗਿਆਰਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ ॥ ੫ ॥*

## ਅਧਿਆਇ ਛੇਵਾਂ

### *ਮਾਤਾ ਨਾਨਕੀ ਜੀ*

*ਦੋਹਰਾ-* ਸਕਲ ਗ੍ਰਾਮ ਮਹਿਂ ਬਿਦਤ ਭੀ 'ਮੱਖਣ ਸਿਖ ਇਕ ਆਇ।
ਦਈ ਉਪਾਇਨ ਸਭਿਨਿ ਕੋ ਜੋ ਸੋਢੀ ਗੁਰੁ ਥਾਇਂ ॥ ੧ ॥

ਸਾਰੇ ਨਗਰ ਵਿਚ ਪ੍ਰਗਟ ਹੋ ਗਿਆ ਕਿ ਮੱਖਣ ਸ਼ਾਹ ਨਾਮੀਂ ਇਕ ਸਿੱਖ ਆਇਆ ਹੈ। ਉਸ ਨੇ ਸਾਰੇ ਅਖੌਤੀ ਸੋਢੀ ਗੁਰੂਆਂ ਨੂੰ ਉਪਹਾਰ ਭੇਟ ਕੀਤੇ ਹਨ ॥ ੧ ॥

*ਚੌਪਈ-* ਸ੍ਰੀ ਗੁਰੁ ਤੇਗ ਬਹਾਦਰ ਮਾਤਾ। ਨਾਮ ਨਾਨਕੀ ਜਗ ਬੱਖਜਾਤਾ।
ਪਤਿਬਰਤਾ ਧਰਮਾਤਮ ਰੂਪਾ। ਰੁਚਿਰ ਸੁਸ਼ੀਲਾ ਗੁਣਨਿ ਅਨੂਪਾ ॥ ੨ ॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਮਾਤਾ, ਜਿਸ ਦਾ ਨਾਮ ਮਾਤਾ ਨਾਨਕੀ ਸਾਰੇ ਪ੍ਰਸਿੱਧ ਹੈ ਉਹ ਪਤੀਬਰਤਾ ਇਸਤਰੀ ਧਰਮਾਤਮਾ ਦਾ ਰੂਪ ਹੋਈ ਹੈ, ਸੁਸ਼ੀਲ ਰੁਚੀ ਵਾਲੀ ਤੇ ਅਨੂਪਮ ਗੁਣਾਂ ਦੀ ਮਾਲਕ ਸੀ ॥ ੨ ।

ਮਧੁਰ ਭਾਸ਼ਣੀ, ਦੀਰਘ ਦਰਸਾ। ਸਤਿਗੁਰੁ ਧਜਾਨ ਪਰਾਇਣ ਹਰਸਾ।
ਪ੍ਰਿਯ ਪੁੱਤ੍ਰਾ, ਮਨ ਮ੍ਰਿਦੁਲ, ਕੁਲੀਨਾ। ਸਦਾ ਕ੍ਰਿਪਾਲੂ, ਪਰਮ ਅਦੀਨਾ ॥ ੩ ॥

ਮਿੱਠਾ ਬੋਲਣ ਵਾਲੀ ਦੇ ਵੱਡੇ ਦਰਸ਼ਨ ਹਨ। ਸਤਿਗੁਰੂ ਜੀ ਵਿਚ ਧਿਆਨ ਲਾ ਕੇ ਰੱਖਦੀ ਹੈ ਤੇ ਪ੍ਰਸੰਨ ਰੂਪ ਹੈ। ਇਕ ਪਿਆਰਾ ਪੁੱਤਰ ਹੈ ਮਨ ਬੜਾ ਕੋਮਲ ਅਤੇ ਪਵਿੱਤਰ ਹੈ। ਉਹ ਸਦਾ ਕ੍ਰਿਪਾਲੂ ਅਤੇ ਬਹੁਤ ਉੱਚੀ ਆਤਮਾ ਵਾਲੀ ਹੈ ॥ ੩ ॥

Sri Satguru Jagjit Singh Ji eLlibrary NamdhariElibrary@gmail.com

ਤਿਸ ਢਿਗ ਗਏ ਦਾਸ ਤਬਿ ਦੌਰੇ। ਬੈਠੇ ਚਿਤ ਸ਼ਾਂਤੀ ਘਰ ਠੌਰੇ।
ਕਹਯੋ ਜਾਇ 'ਹੇ ਦੀਰਘ ਮਾਤਾ! ਇਕ ਸਿਖ ਆਯੋ ਗੁਰੁ ਜਸੁ ਗਯਾਤਾ॥ ੪॥

ਉਸ ਦੇ ਪਾਸ ਫਿਰ ਸੇਵਕ ਦੌੜ ਕੇ ਗਏ, ਉਹ ਘਰ ਦੇ ਵਿਚ ਬੜੇ ਸ਼ਾਂਤ ਚਿੱਤ ਬੈਠੇ ਸਨ। ਸੇਵਕਾਂ ਨੇ ਜਾ ਕੇ ਕਿਹਾ, "ਹੇ ਵੱਡੇ ਮਾਤਾ ਜੀ ਪਿੰਡ ਵਿਚ ਇਕ ਸਿੱਖ ਆਇਆ ਹੈ ਜਿਹੜਾ ਗੁਰੂ ਜੱਸ ਦਾ ਪੂਰਨ ਗਿਆਤਾ ਹੈ॥ ੪॥

ਧਨੀ ਮਹਤ ਬੁਧਿਵੰਤ ਘਨੇਰਾ। ਕਲ ਸੰਧਯਾ ਕਿਯ ਬਾਹਰ ਡੇਰਾ।
ਸਾਥ ਮਨੁੱਖਨਿ ਕੋ ਸਮੁਦਾਯਾ। ਆਜ ਗ੍ਰਾਮ ਅੰਤਰ ਚਲਿ ਆਯਾ॥ ੫॥

ਉਹ ਵੱਡਾ ਧਨੀ ਤੇ ਮਹਾਨ ਬੁਧੀਵਾਨ ਹੈ। ਕੱਲ ਸ਼ਾਮ ਨੂੰ ਉਸ ਪਿੰਡ ਦੇ ਬਾਹਰ ਡੇਰਾ ਲਾਇਆ ਹੈ। ਉਸ ਦੇ ਨਾਲ ਬਹੁਤ ਮਨੁੱਖ ਹਨ, ਅੱਜ ਉਹ ਪਿੰਡ ਦੇ ਵਿਚ ਚਲ ਕੇ ਆਇਆ ਹੈ॥ ੫॥

ਪੂਰਬ ਗਯੋ ਧੀਰਮਲ ਡੇਰੇ। ਸੁਜਸੁ ਮਸੰਦ ਕਹੈਂ ਤਿਹ ਪ੍ਰੇਰੇ।
ਸਪਤ ਅਸ਼ਰਫੀ ਤਹਾਂ ਚਢਾਇ। ਦ੍ਵੈ ਦ੍ਵੈ ਸਭਿਨਿ ਸੋਢੀਜਨਿ ਬਾਇ॥ ੬॥

ਪਹਿਲਾਂ ਉਹ ਧੀਰਮੱਲ ਦੇ ਡੇਰੇ ਗਿਆ, ਮਸੰਦਾਂ ਨੇ ਆਪਣਾ ਸ੍ਰੇਸ਼ਟ ਜੱਸ ਕਹਿ ਕੇ ਉਸ ਨੂੰ ਬਹੁਤ ਪ੍ਰੇਰਿਆ। ਸਤ ਅਸ਼ਰਫੀਆਂ ਓਥੇ ਚੜ੍ਹਾਈਆਂ, ਤੇ ਦੋ ਦੋ ਸਾਰੇ ਸੋਢੀਆਂ ਨੂੰ ਅਰਪਣ ਕੀਤੀਆਂ॥ ੬॥

ਬੂਝੇ ਸੰਗ ਮਸੰਦ ਜਿ ਹੋਤੇ। ਪਹੁਚੀ ਭੇਟ ਸਭਿਨਿ ਢਿਗ ਮੋ ਤੇ।
ਨਹੀਂ ਜਨਾਯੋ ਥਾਨ ਤੁਮਾਰੋ। ਤਬਿ ਸਿਖ ਗਯੋ ਵਹਿਰ ਧਨਵਾਰੋ॥ ੭॥

ਫਿਰ ਉਸ ਮਸੰਦਾਂ ਨੂੰ ਪੁਛਿਆ, ਕੀ ਮੇਰੇ ਵੱਲੋਂ ਸਾਰਿਆਂ ਨੂੰ ਭੇਟ ਅਰਪਣ ਹੋ ਗਈ ਹੈ, ਪਰ ਉਨ੍ਹਾਂ ਨੇ ਤੁਹਾਡਾ ਸਥਾਨ ਨਹੀਂ ਦੱਸਿਆ ਹੈ, ਤਦ ਧਨੀ ਸਿੱਖ ਬਾਹਰ ਚਲਾ ਗਿਆ॥ ੭॥

ਪੁੱਤ੍ਰ ਆਪ ਕੇ ਵਹਿਰ ਨ ਬੈਸੇ। ਕ੍ਰਿਤ ਨ ਕਰਹਿਂ ਸਭਿ ਸੋਢੀ ਜੈਸੇ।
ਕਿਮ ਆਵਹਿ ਧਨ,ਸਿਖ ਨਹਿਂ ਜਾਨਹਿਂ। ਮਿਲਹਿਂ ਜਿ ਬੋਲਹਿਂ ਤਿਨ ਹੁੰ ਮਾਨਹਿ॥੮॥

ਆਪ ਜੀ ਦੇ ਪੁੱਤਰ ਬਾਹਰ ਨਹੀਂ ਬੈਠਦੇ ਹਨ, ਜਿਸ ਤਰ੍ਹਾਂ ਸਾਰੇ ਸੋਢੀ ਕਰਦੇ ਹਨ, ਉਸ ਤਰ੍ਹਾਂ ਕ੍ਰਿਤ ਨਹੀਂ ਕਰਦੇ ਹਨ। ਫਿਰ ਧਨ ਕਿਵੇਂ ਆਵੇਗਾ ਜੇ ਸਿੱਖ ਨਹੀਂ ਜਾਣਨਗੇ, ਜਿਹੜੇ ਸਿੱਖਾਂ ਨਾਲ ਮਿਲ ਕੇ ਬੋਲਦੇ ਹਨ, ਉਨ੍ਹਾਂ ਨੂੰ ਹੀ ਜਾਣਦੇ ਹਨ॥ ੮॥

ਇਮ ਸੁਨਿ ਮਾਤ ਗਈ ਸੁਤ ਪਾਸ। ਪਉਢੇ ਹੁਤੇ ਉਠੇ ਸੁਖਰਾਸ।
ਇਕ ਦੁਇ ਸਿੱਖਯ ਦਾਸ ਥਿਤ ਤੀਰ। ਪਿਖਯੋ ਪੁੱਤ੍ਰ ਕੋ ਰਿਦਾ ਗੰਭੀਰ॥ ੯॥

ਇਸ ਤਰ੍ਹਾਂ ਸੁਣ ਕੇ ਮਾਤਾ ਜੀ ਆਪਣੇ ਪੁੱਤਰ ਪਾਸ ਗਈ, ਗੁਰੂ ਜੀ ਲੰਮੇ ਪਏ ਸੀ, ਉੱਠ ਬੈਠੇ। ਇਕ ਦੋ ਸੇਵਕ ਸਿੱਖ ਉਸ ਥਾਂ ਮੌਜੂਦ ਸਨ, ਮਾਤਾ ਜੀ ਨੇ ਪੁੱਤਰ ਦੇ ਗੰਭੀਰ ਹਿਰਦੇ ਨੂੰ ਵੇਖਿਆ॥ ੯॥

ਤਊ ਸ਼ਰੀਕ ਕ੍ਰਿਤ ਕੋ ਦੇਖਿ। ਕਹਯੋ 'ਪੁੱਤ੍ਰ! ਹੇ ਬੁੱਧਿ ਬਿਸ਼ੇਖ।
ਬੈਠਹੁ ਵਹਿਰ ਦਿਖਾਵਹੁ ਆਪ। ਕਰਹੁ ਮਸੰਦਨਿ ਸੰਗ ਮਿਲਾਪ॥ ੧੦॥

ਫਿਰ ਵੀ ਸ਼ਰੀਕਾਂ ਦੀ ਕ੍ਰਿਤ ਨੂੰ ਵੇਖ ਕੇ ਕਿਹਾ, "ਹੇ ਪੁੱਤਰ! ਹੇ ਵਿਸ਼ੇਸ਼ ਬੁਧੀ ਦੇ ਮਾਲਕ! ਬਾਹਰ ਬੈਠ ਕੇ ਆਪਣੇ ਆਪ ਨੂੰ ਵਿਖਾਵੋ ਤੇ ਮਸੰਦਾਂ ਨਾਲ ਮੇਲ ਮਿਲਾਪ ਕਰੋ॥ ੧੦॥

ਪਿਤਾ ਤੁਮਾਰੇ ਕੀ ਇਹ ਗਾਦੀ। ਕਰਹੁ ਰੀਤਿ ਜਿਮ ਹੈ ਗੁਰੁ ਆਦੀ।
ਦਰਸ਼ਨਿ ਦੇਹੁ ਉਪਾਇਨ ਲੇਹੁ। ਬੈਠਹੁ ਬੋਲਹੁ ਸਹਤ ਸਨੇਹੁ॥ ੧੧॥

ਤੁਹਾਡੇ ਪਿਤਾ ਦੀ ਇਹ ਗੱਦੀ ਹੈ, ਉਸ ਤਰ੍ਹਾਂ ਰੀਤੀ ਕਰੋ ਜਿਵੇਂ ਗੁਰੂ ਸਾਹਿਬਾਨ ਕਰਦੇ ਆਏ ਹਨ। ਦਰਸ਼ਨ ਦੇ ਕੇ

ਉਪਹਾਰ ਲਵੇ, ਬੈਠ ਕੇ ਬੜੇ ਪਿਆਰ ਨਾਲ ਬੋਲੋ॥ ੧੧॥

ਦੂਰ ਦੇਸ਼ ਤੇ ਸਿਖ ਚਲਿ ਆਯੋ। ਸਭਿ ਗੁਰੁਬੰਸਹਿ ਦਰਬ ਚਢਾਯੋ।
ਤੁਮ ਭੀ ਵਹਿਰ ਹੋਤਿ ਢਿਗ ਆਵਤਿ। ਸਭਿ ਕੇ ਸਮ ਪਿਖਿ ਧਨ ਅਰਪਾਵਤਿ ॥੧੨॥

ਦੂਰ ਦੇਸ਼ ਤੋਂ ਸਿੱਖ ਚਲ ਕੇ ਆਇਆ ਹੈ, ਸਾਰੀ ਗੁਰੂ ਜੀ ਦੀ ਵੰਸ਼ ਨੂੰ ਧਨ ਚੜ੍ਹਾਇਆ ਹੈ। ਤੁਸੀਂ ਵੀ ਬਾਹਰ ਹੁੰਦੇ ਤਾਂ ਤੁਹਾਡੇ ਪਾਸ ਆਉਂਦਾ, ਸਾਰਿਆਂ ਦੇ ਬਰਾਬਰ ਵੇਖ ਕੇ ਧਨ ਅਰਪਣ ਕਰਦਾ॥ ੧੨॥

ਹੇ ਸੁਤ! ਜੋ ਪਰਿਵਾਰ ਗੁਜ਼ਾਰਾ। ਆਇ ਵਹਿਰ ਤੇ ਹੋਤਿ ਅਹਾਰਾ।
ਕਰਹਿਂ ਸ਼ਰੀਕ ਈਰਖਾ ਸਾਰੇ। 'ਹਮ ਗੁਰੁ ਹਮ ਗੁਰੁ' ਕਰਤਿ ਉਚਾਰੇ॥ ੧੩॥

ਹੇ ਪੁੱਤਰ! ਜਿਹੜਾ ਪਰਿਵਾਰ ਦਾ ਗੁਜ਼ਾਰਾ ਹੈ, ਬਾਹਰੋਂ ਆਵੇ ਤਦ ਹੀ ਆਹਾਰ ਹੁੰਦਾ ਹੈ। ਸਾਰੇ ਸ਼ਰੀਕ ਈਰਖਾ ਕਰਦੇ ਹਨ, 'ਅਸੀਂ ਗੁਰੂ ਹਾਂ, ਅਸੀਂ ਗੁਰੂ ਹਾਂ ਉਚਾਰਨ ਕਰਦੇ ਹਨ॥ ੧੩॥

ਦੇ ਰਿਸ਼ਵਤ ਬਹੁ ਕਰਹਿਂ ਉਪਾਇ। ਜਸੋਂ ਜਸੋਂ ਲੇਹਿਂ ਮਸੰਦ ਮਿਲਾਇ।
ਜੋ ਮਸੰਦ ਮਿਲਿ ਨਿਜ ਪਖ ਧਾਰੈਂ। ਦੇਸ਼ਨਿ ਸੰਗਤਿ ਲਯਾਇਂ ਸੰਗਾਰੈ॥ ੧੪॥

ਰਿਸ਼ਵਤ ਦੇ ਕੇ ਬਹੁਤ ਉਪਾਅ ਕਰਦੇ ਹਨ, ਜਿਵੇਂ ਕਿਵੇਂ ਮਸੰਦਾਂ ਨੂੰ ਆਪਣੇ ਨਾਲ ਮਿਲਾ ਲੈਂਦੇ ਹਨ, ਜਿਹੜਾ ਮਸੰਦ ਨਾਲ ਮਿਲ ਕੇ ਪੱਖ ਧਾਰਨ ਕਰਦਾ ਹੈ, ਉਹ ਦੇਸ਼ਾਂ ਦੀ ਸੰਗਤ ਆਪਣੇ ਨਾਲ ਇਕੱਠੀ ਕਰਕੇ ਲਿਆਉਂਦਾ ਹੈ॥ ੧੪॥

ਅਰਪਾਵਹਿਂ ਧਨ ਤਿਨ ਕੇ ਪਾਸ। ਬਹੁ ਬਡਿਆਇ ਕਰਹਿਂ ਅਰਦਾਸ।
ਧਨੀ ਸ਼ਰੀਕ ਹਮਾਰੇ ਭਏ। ਐਸ਼੍ਵਰਜ ਅਧਿਕ ਸਭਿਨਿ ਢਿਗ ਥਿਏ॥ ੧੫॥

ਉਨ੍ਹਾਂ ਦੇ ਪਾਸ ਧਨ ਅਰਪਣ ਕਰਵਾਉਂਦਾ ਹੈ ਤੇ ਬਹੁਤ ਵਡਿਆਈ ਕਰਕੇ ਅਰਦਾਸ ਕਰਵਾਉਂਦਾ ਹੈ। ਸਾਡੇ ਸ਼ਰੀਕ ਸਾਰੇ ਬੜੇ ਧਨੀ ਹਨ, ਸਾਰਿਆਂ ਦੇ ਪਾਸ ਧਨ ਦੌਲਤ ਬਹੁਤ ਹੈ॥ ੧੫॥

ਪਾਛਲਿ ਰੀਤਿ ਤਯਾਗ ਦਿਹੁ ਤਾਤ! ਸਭਿਨਿ ਬਿਖੈ ਬਰਤਹੁ ਬੱਖਜਾਤ।
ਅੰਤਰ ਬੈਠਯੋ ਲਖਹਿ ਨ ਕੋਈ। ਕਿਮ ਪੂਜਹਿਂ ਤੁਮ ਕੋ ਸਿਖ ਜੋਈ ॥੧੬॥

ਹੇ ਪੁੱਤਰ! ਪਿਛਲੀ ਰੀਤੀ ਛੱਡ ਦੇਵੋ, ਸਾਰਿਆਂ ਨਾਲ ਪ੍ਰਗਟ ਰੂਪ ਵਿਚ ਵਰਤਾਰਾ ਕਰੋ। ਅੰਦਰ ਬੈਠੇ ਨੂੰ ਕੋਈ ਵੇਖਦਾ ਨਹੀਂ, ਜਿਹੜੇ ਸਿੱਖ ਹਨ ਉਹ ਤੁਹਾਡੀ ਕਿਵੇਂ ਪੂਜਾ ਕਰਨ॥ ੧੬॥

ਤੁਮਰੇ ਪਿਤਾ ਪਿਤਾਮੇ ਜੈਸੇ। ਕਰਹੁ ਅਚਰਨ, ਨੀਕਿ ਬਿਧਿ, ਤੈਸੇ।
ਨਰਨਿ ਬਿਖੈ ਕਰਹਿ ਨ ਬਿਵਹਾਰਾ। ਤਿਹ ਕੋ ਕਹਹਿਂ ਦੇਹ ਮਤਵਾਰਾ॥ ੧੭॥

ਜਿਵੇਂ ਤੁਹਾਡੇ ਪਿਤਾ ਪਿਤਾਮੇ ਸਨ, ਉਸੇ ਤਰ੍ਹਾਂ ਹੀ ਆਪ ਚੰਗੀ ਤਰ੍ਹਾਂ ਕੰਮ ਕਰੋ ਭਾਵ ਇਹ ਕਿ ਇਸ ਤਰ੍ਹਾਂ ਛੁਪੇ ਨਹੀਂ ਪ੍ਰਗਟ ਹੋ ਕੇ ਦਰਸ਼ਨ ਦੇਵੋ। ਮਨੁੱਖਾਂ ਨਾਲ ਤੁਸੀਂ ਮੇਲ ਜੋਲ ਨਹੀਂ ਕਰਦੇ ਹੋ, ਇਸ ਕਰਕੇ ਤੁਹਾਨੂੰ ਮਤਵਾਲਾ (ਕਮਲਾ) ਕਹਿੰਦੇ ਹਨ॥ ੧੭॥

ਹੇ ਸੁਤ ਯਾਂਤੇ ਬੈਠਹੁ ਬਾਹਰ। ਬੋਲਹੁ ਮਿਲਹੁ ਹੋਹਿ ਜਗ ਜ਼ਾਹਰ।
ਪਿਖਹੁ ਸ਼ਰੀਕ ਕਰਤਿ ਕ੍ਰਿਤ ਜੈਸੇ। ਦਰਬ ਉਪਾਵਹਿਂ ਜੈਸੇ ਕੈਸੇ॥ ੧੮॥

ਹੇ ਪੁੱਤਰ! ਇਸ ਕਰਕੇ ਬਾਹਰ ਬੈਠੋ, ਬੋਲੋ, ਮਿਲੋ ਤੇ ਜਗ ਵਿਚ ਜ਼ਾਹਰ ਹੋਵੋ। ਵੇਖੋ ਜਿਵੇਂ ਸ਼ਰੀਕ ਕ੍ਰਿਤ ਕਰਦੇ ਹਨ, ਜਿਵੇਂ ਕਿਵੇਂ ਧਨ ਪ੍ਰਾਪਤ ਕਰਦੇ ਹਨ॥ ੧੮॥

ਅਪਨਿ ਆਪ ਕੋ ਬਡੋ ਕਹਾਹਿਂ। 'ਹਮ ਹੈਂ ਗੁਰੂ' ਕਹਹਿ ਸਭਿ ਮਾਂਹਿ।
ਪਿਤਾ ਪਿਤਾਮਾ ਮਹਤ ਤੁਮਾਰਾ। ਤਿਨਹੁ ਥਾਨ ਨਿਜ ਲਖਹੁ ਉਦਾਰਾ ॥੧੯॥

ਆਪਣੇ ਆਪ ਨੂੰ ਵੱਡਾ ਕਹਾਈਏ, "ਅਸੀਂ ਗੁਰੂ ਹਾਂ", ਸਭ ਵਿਚ ਕਹੀਏ। ਤੇਰੇ ਪਿਤਾ ਪਿਤਾਮਾ ਬਹੁਤ ਵੱਡੇ ਸਨ। ਉਹ ਜਿਹੜੇ ਆਪਣੇ ਆਪ ਨੂੰ ਗੁਰੂ ਕਹਿ ਰਹੇ ਹਨ, ਉਹ ਤਾਂ ਗੁਰੂ ਨਹੀਂ ਹਨ ਫਿਰ ਵੀ ਕਹਿ ਰਹੇ ਹਨ ਕਿ ਅਸੀਂ ਗੁਰੂ ਹਾਂ ਤੇ ਤੁਸੀਂ ਗੁਰੂ ਹੋ ਕੇ ਲੁਕ ਕੇ ਬੈਠੇ ਹੋ" ॥ ੧੯ ॥

ਜਨਨੀ ਗਿਰਾ ਸੁਨੀ ਕਰਿ ਮਨ। ਨਹਿਂ ਉੱਤਰ ਦੀਨਸਿ ਬਿਧਿ ਕੌਨ।
ਹੁਤੇ ਸਮੀਪਿ ਸਿੱਖਜ ਅਰੁ ਦਾਸ। ਜੋਰੇ ਹਾਥ ਕਰੀ ਅਰਦਾਸ॥ ੨੦ ॥

ਗੁਰੂ ਜੀ ਨੇ ਆਪਣੇ ਮਾਤਾ ਜੀ ਦੇ ਕਹੇ ਨੂੰ ਮਨ ਲਾ ਕੇ ਸੁਣਿਆ ਪਰ ਕਿਸੇ ਪ੍ਰਕਾਰ ਵੀ ਕੋਈ ਉੱਤਰ ਨਾ ਦਿੱਤਾ। ਲਾਗੇ ਕੁਝ ਸਿੱਖ ਅਤੇ ਦਾਸ ਸਨ, ਉਨ੍ਹਾਂ ਨੇ ਹੱਥ ਜੋੜ ਕੇ ਅਰਦਾਸ ਕੀਤੀ॥ ੨੦ ॥

'ਸ੍ਰੀ ਗੁਰੂ ਜੀ! ਸਭਿ ਲਾਯਕ ਆਪ। ਤੁਮਰੋ ਸਭਿ ਤੇ ਅਧਿਕ ਪ੍ਰਤਾਪ।
ਸਿੱਖਜਨਿ ਦੇਹੁ ਦਰਸ, ਨਿਸਤਾਰਹੁ। ਉਪਦੇਸ਼ਨਿ ਹਿਤ ਬਾਕ ਉਚਾਰਹੁ ॥੨੧ ॥

"ਹੇ ਸ੍ਰੀ ਗੁਰੂ ਜੀ! ਆਪ ਹਰ ਤਰ੍ਹਾਂ ਨਾਲ ਲਾਇਕ ਹੋ, ਤੁਹਾਡਾ ਸਭ ਤੋਂ ਉੱਚਾ ਪ੍ਰਤਾਪ ਹੈ। ਸਿੱਖਾਂ ਨੂੰ ਦਰਸ਼ਨ ਦੇ ਕੇ ਉਨ੍ਹਾਂ ਦਾ ਉਧਾਰ ਕਰੋ ਤੇ ਉਪਦੇਸ਼ ਵਾਸਤੇ ਬਚਨ ਉਚਾਰਨ ਕਰੋ॥ ੨੧ ॥

ਰੌਰਾ ਪਰਜੋ ਬੀਚ ਗੁਰਿਆਈ। ਤੁਮ ਛਿਪ ਰਹੇ ਨ ਜਾਨੇ ਜਾਈ।
ਕਰਹੁ ਕਾਮਨਾ ਸਿੱਖਨਿ ਪੂਰੀ। ਆਵਹਿ ਦਰਬ ਅਰਪਿ ਹੈਂ ਭੂਰੀ॥ ੨੨ ॥

ਗੁਰਿਆਈ ਬਾਰੇ ਰੌਲਾ ਮਚਿਆ ਹੈ, ਤੁਸੀਂ ਲੁਕੇ ਹੋਏ ਹੋ, ਇਹ ਜਾਣਿਆ ਨਹੀਂ ਜਾਂਦਾ। ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਕਰੋ। ਧਨ ਆਵੇਗਾ, ਸਾਰੇ ਬਹੁਤ ਅਰਪਣ ਕਰਨਗੇ॥ ੨੨ ॥

ਜਬਹਿ ਬਿਦੇਸ਼ੀ ਸਿੱਖਜ ਸੁ ਆਵਾ। ਭੇਟੈਂ ਸਭਿ ਸੋਢੀਨਿ ਚਢਾਵਾ।
ਤਬਿ ਮੈਂ ਚਹਜੋ ਜਾਉਂ ਤਿਸ ਪਾਸ। ਕਰੌਂ ਆਪ ਕੀ ਬਾਤ ਪ੍ਰਕਾਸ਼ ॥੨੩ ॥

ਜਦ ਦਾ ਬਿਦੇਸ਼ੀ ਸਿੱਖ ਆਇਆ ਹੈ, ਸਾਰੇ ਸੋਢੀਆਂ ਨੂੰ ਚੜ੍ਹਾਵਾ ਅਰਪਣ ਕਰ ਰਿਹਾ ਹੈ। ਤਦ ਮੈਂ ਚਾਹਿਆ ਸੀ ਆਪ ਉਸ ਦੇ ਪਾਸ ਜਾਵਾਂ ਤੇ ਤੁਹਾਡੀ ਗੱਲ ਨੂੰ ਪ੍ਰਕਾਸ਼ ਵਿਚ ਲਿਆਵਾਂ॥ ੨੩ ॥

ਭੀਰ ਨਰਨਿ ਕੀ ਚਹੁੰਦਿਸ਼ਿ ਮਾਂਹਿ। ਬ੍ਰਿੰਦ ਮਸੰਦ ਅਨੰਦਤਿ ਤਾਂਹਿ।
ਪਹੁੰਚਜੋ ਗਯੋ ਨ ਢਿਗ ਤਬਿ ਮੋਹੀ। ਨਿਕਸਨਿ ਵਹਿਰ ਗ੍ਰਾਮ ਤਿਸ ਹੋਹੀ ॥੨੪ ॥

ਚਾਰੇ ਪਾਸੇ ਮਨੁੱਖਾਂ ਦੀ ਭੀੜ ਲੱਗੀ ਹੈ, ਬਹੁਤ ਮਸੰਦ ਅਨੰਦ ਮਾਣ ਰਹੇ ਹਨ। ਤਦ ਮੈਥੋਂ ਫਿਰ ਉਨ੍ਹਾਂ ਦੇ ਪਾਸ ਨਹੀਂ ਪਹੁੰਚਿਆ ਗਿਆ। ਨਗਰ ਦੇ ਵਿਚੋਂ ਬਾਹਰ ਨਿਕਲਣਾ ਪੈਂਦਾ ਸੀ॥ ੨੪ ॥

ਦੇਖਿ ਸੁ ਮੈਂ ਹਟਿ ਰਹਜੋ ਪਿਛਾਰੀ। ਅਪਰ ਨ ਸੁਧਿ ਕਿਨ ਤਿਸੈ ਉਚਾਰੀ।
ਸ੍ਰੀ ਗੁਰੂ ਹਰਿ ਗੋਵਿੰਦ ਕੇ ਨੰਦ। ਆਖਯ ਤੇਗ ਬਹਾਦਰ ਚੰਦ ॥ ੨੫ ॥

ਇਹ ਵੇਖ ਕੇ ਮੈਂ ਪਿਛੇ ਵਾਪਿਸ ਆ ਗਿਆ ਕਿਸੇ ਨੇ ਹੋਰ ਉਸ ਦੀ ਕੋਈ ਖਬਰ ਨਾ ਉਚਾਰਨ ਕੀਤੀ। ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਪੁੱਤਰ, ਜਿਸ ਨੂੰ ਸ੍ਰੀ ਤੇਗ ਬਹਾਦਰ ਚੰਦ ਕਹਿੰਦੇ ਹਨ॥ ੨੫ ॥

ਸੋ ਆਵਤਿ, ਜਬਿ ਇਮ ਸੁਨਿ ਲੇਤੋ। ਰਾਵਰਿ ਪਾਸ ਉਪਾਇਨ ਦੇਤੋ।
ਕੇਤਿਕ ਦਿਵਸ ਰਹਜੋ ਜੇ ਇਹਾਂ। ਤੌ ਹਮ ਜਾਇ ਜਨਾਵਹਿਂ ਤਹਾਂ॥ ੨੬ ॥

ਉਹ ਜਦ ਏਧਰ ਆਕੇ ਸੁਣ ਲੈਂਦਾ ਤਾਂ ਆਪ ਜੀ ਨੂੰ ਬਹੁਤ ਭੇਟਾਵਾਂ ਅਰਪਣ ਕਰਦਾ। ਜੇ ਉਹ ਏਥੇ ਕਈ ਦਿਨ ਰਿਹਾ ਤਾਂ ਅਸੀਂ ਓਥੇ ਜਾ ਕੇ ਉਸ ਨੂੰ ਖਬਰ ਦੇਵਾਂਗੇ॥ ੨੬ ॥

ਸੋ ਸਿਖ ਹੈ ਸ਼ਰਧਾਲੂ ਬਿਸਾਲਾ। ਆਇ ਬਿਲੋਕਹਿਗੋ ਤਤਕਾਲਾ'।
ਸ੍ਰੀ ਗੁਰੁ ਤੇਗਬਹਾਦਰ ਸੁਨਿ ਕੈ। ਬਰਜਨਿ ਕੀਨਸਿ ਬਾਕਨਿ ਭਨਿ ਕੈ॥ ੨੭॥

ਉਹ ਸਿੱਖ ਗੁਰੂ ਘਰ ਦਾ ਵੱਡਾ ਸ਼ਰਧਾਲੂ ਹੈ, ਉਹ ਤੁਰਤ ਆ ਕੇ ਦਰਸ਼ਨ ਕਰੇਗਾ।'' ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਹ ਬਚਨ ਸੁਣ ਕੇ ਕਹਿ ਕੇ ਵਰਜ ਦਿੱਤਾ॥ ੨੭॥

'ਹਮ ਕੋ ਜ਼ਾਹਰ ਬਾਹਰ ਕਰੋ। ਪੁਨ ਨ ਮਨੋਰਥ ਇਹ ਉਰ ਧਰੋ।
ਜੋ ਮਾਨੁਖ ਇਮ ਕਰਿ ਹੈ ਕਾਰਾ। ਤਿਹ ਮੁਖ ਹੁਇ ਦਰਗਹਿ ਮਹਿਂ ਕਾਰਾ॥੨੮॥

"ਸਾਨੂੰ ਬਾਹਰ ਜ਼ਾਹਰ ਕਰਦੇ ਹੋ, ਦੁਬਾਰਾ ਅਜਿਹਾ ਮਨੋਰਥ ਨਾ ਹਿਰਦੇ ਵਿਚ ਧਾਰਨ ਕਰੋ। ਜਿਹੜਾ ਮਨੁੱਖ ਇਸ ਤਰ੍ਹਾਂ ਕਾਰਾ ਕਰੇਗਾ, ਉਸਦਾ ਮੁਖ ਦਰਗਾਹ ਵਿਚ ਕਾਲਾ ਹੋਵੇਗਾ॥ ੨੮॥

ਯਾਂਤੇ ਤੁਸ਼ਨਿ ਪਿਖਹੁ ਤਮਾਸ਼ਾ। ਜਿਮ ਹੁਇ ਕਰਤਾ ਪੁਰਖ ਬਿਲਾਸਾ'।
ਸੁਨਤਿ ਸਿੱਖਜ ਉਪਜਯੋ ਉਰ ਤ੍ਰਾਸਾ। ਭਯੋ ਮੋਨ ਕੁਛ ਮੁਖ ਨ ਪ੍ਰਕਾਸ਼ਾ॥੨੯॥

ਇਸ ਕਰਕੇ ਚੁਪ ਰਹਿ ਕੇ ਤਮਾਸ਼ਾ ਵੇਖੋ, ਜਿਵੇਂ ਕਰਤਾ ਪੁਰਖ ਪ੍ਰਸੰਨ ਹੋਵੇ।'' ਇਹ ਸੁਣ ਕੇ ਸਿੱਖਾਂ ਦਿਆਂ ਹਿਰਦਿਆਂ ਵਿਚ ਡਰ ਉਤਪੰਨ ਹੋਇਆ। ਸਾਰੇ ਚੁਪ ਹੋ ਗਏ ਤੇ ਫਿਰ ਕੁਝ ਨਾ ਬੋਲੇ॥ ੨੯॥

ਜਨਨੀ ਚਿੰਤ ਮਾਨ ਉਠਿ ਆਈ। ਸੁਤ ਕੇ ਬਾਕ ਸੁਨਤਿ ਅਰਗਾਈ।
ਬਡ ਬੈਰਾਗਵਾਨ ਸੁਤ ਜਾਨੇ। ਰਿਦਾ ਪਰਮ ਬਯਾਕੁਲਤਾ ਠਾਨੇ॥ ੩੦॥

ਮਾਤਾ ਜੀ ਚਿੰਤਾ ਮੰਨ ਕੇ ਉਠ ਕੇ ਆ ਗਏ, ਪੁੱਤਰ ਦੇ ਬਚਨ ਸੁਣ ਕੇ ਚੁੱਪ ਹੋ ਗਈ। ਪੁੱਤਰ ਨੂੰ ਬਹੁਤ ਵੱਡਾ ਵੈਰਾਗਵਾਨ ਜਾਣਿਆ ਤੇ ਹਿਰਦਾ ਪਰਮ ਵਿਆਕੁਲ ਹੋ ਗਿਆ॥ ੩੦॥

ਦੋਹਰਾ-ਇਮ ਸ੍ਰੀ ਮੁਖ ਤੇ ਬਾਕ ਭਾ ਲਿਯੋ ਕਿਤਿਕ ਸੁਨਿ ਕਾਨ।
ਅਬਿ ਮੱਖਣ ਕੀ ਬਾਰਤਾ ਮਿਲਿਬੋ ਕਰਵਿ ਬਖਾਨ॥ ੩੧॥

ਇਸ ਤਰ੍ਹਾਂ ਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ ਜਿਸ ਨੂੰ ਕਈਆਂ ਨੇ ਆਪਣੇ ਕੰਨਾਂ ਨਾਲ ਸੁਣ ਲਿਆ। ਹੁਣ ਮੱਖਣ ਸ਼ਾਹ ਦੇ ਮਿਲਣ ਦੀ ਵਾਰਤਾ ਬਿਆਨ ਕਰਦੇ ਹਾਂ॥ ੩੧॥

*ਗਿਆਰ੍ਹਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥ ੬॥*

## ਅਧਿਆਇ ਸਤਵਾਂ

### *ਮੱਖਣ ਸ਼ਾਹ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ*

ਦੋਹਰਾ-ਚਿੰਤਮਾਨ ਚਿਤ ਮਹਿਂ ਅਧਿਕ ਮਨ ਕੋ ਕਸ਼ਟ ਬਿਸਾਲ।
ਜਾਮ ਜਾਮਨੀ ਜਾਗਿ ਕੈ ਕਰਿ ਸ਼ਨਾਨ ਬਿਧਿ ਨਾਲ॥ ੧॥

ਚਿੱਤ ਵਿਚ ਬਹੁਤ ਚਿੰਤਾ ਮੰਨ ਕੇ, ਮਨ ਨੂੰ ਬਹੁਤ ਕਸ਼ਟ ਹੋਇਆ। ਪਹਿਰ ਰਾਤ ਰਹਿੰਦਿਆਂ ਜਾਗ ਕੇ, ਵਿਧੀ ਨਾਲ ਇਸ਼ਨਾਨ ਕੀਤਾ॥ ੧॥

ਚੌਪਈ ਜਪੁਜੀ ਆਦਿਕ ਸਤਿਗੁਰ ਬਾਨੀ। ਪਠਿ ਪਠਿ ਦਰਸ ਕਾਮਨਾ ਠਾਨੀ।
ਸ੍ਰੀ ਹਰਿ ਕ੍ਰਿਸ਼ਨ ਬਾਕ ਨਹਿੰ ਝੂਠੇ। ਮਿਟਹਿੰ ਨਹੀ, ਹੁਇੰ ਅਪਰ ਅਪੂਠੇ ॥੨॥

ਜਪੁਜੀ ਆਦਿ ਸਤਿਗੁਰੂ ਜੀ ਦੀ ਬਾਣੀ ਪੜ੍ਹ ਪੜ੍ਹ ਕੇ ਦਰਸ਼ਨਾਂ ਦੀ ਕਾਮਨਾ ਧਾਰਨ ਕੀਤੀ। ਸ੍ਰੀ ਹਰਿਕ੍ਰਿਸ਼ਨ ਜੀ ਦਾ ਬਚਨ ਝੂਠਾ ਨਹੀਂ ਹੋ ਸਕਦਾ, ਹੋਰ ਗੱਲਾਂ ਭਾਵੇਂ ਪੁੱਠੀਆਂ ਹੋ ਜਾਣ ॥ ੨ ॥

ਰਵਿ ਸੀਤਲ, ਨਿਸਪਤਿ ਤਪਤਾਵੈ। ਪਵਨ ਟਿਕਹਿ, ਨਿਜ ਮੇਰੁ ਹਿਲਾਵੈ।
ਅਚਲਾ ਚਲਹਿ, ਸਿੰਧੁ ਸੁਕ ਜਾਈ। ਹਿਮ ਸਮ ਪਾਵਕ ਤੇਜ ਬਨਾਈ ॥ ੩ ॥

ਸੂਰਜ ਠੰਡਾ ਹੋ ਸਕਦਾ ਹੈ, ਚੰਦਰਮਾ ਗਰਮ ਹੋ ਸਕਦਾ ਹੈ, ਪੌਣ ਟਿਕ ਸਕਦੀ ਹੈ ਆਪਣੇ ਆਪ ਨੂੰ ਮੇਰ ਪਰਬਤ ਹਿਲਾ ਸਕਦਾ ਹੈ। ਸਾਗਰ ਸੁਕ ਸਕਦਾ ਹੈ। ਬਰਫ ਅੱਗ ਵਾਂਗ ਆਪਣਾ ਤੇਜ ਬਣਾ ਸਕਦੀ ਹੈ ॥ ੩ ॥

ਉਡਗਨ ਗ੍ਰੇਹ ਉਲਟੇ ਫਿਰਿ ਧਾਵੈਂ। ਨਿਜ ਮਿਰਜਾਦਾ ਜਗਤ ਨਸਾਵੈ।
ਤਉ ਨ ਸਤਿਗੁਰ ਹੁਇ ਬਚ ਕੂਰਾ। ਕਾਰਨ ਕਰਨ ਦੇਨਿ ਬਰ ਸੂਰਾ ॥ ੪ ॥

ਤਾਰੇ ਤੇ ਗ੍ਰਹਿ ਉਲਟੇ ਹੋ ਕੇ ਦੌੜ ਸਕਦੇ ਹਨ। ਸਭ ਦੀ ਆਪਣੀ ਮਰਯਾਦਾ ਜਗਤ ਤੋਂ ਨੱਸ ਸਕਦੀ ਹੈ। ਤਦ ਵੀ ਸਤਿਗੁਰੂ ਜੀ ਦਾ ਬਚਨ ਝੂਠਾ ਨਹੀਂ ਹੋ ਸਕਦਾ। ਉਹ ਕਰਨ ਕਾਰਨ ਵੱਡਾ ਵਰ ਦੇਣ ਵਾਲੇ ਸੂਰਬੀਰ ਹਨ ॥ ੪ ॥

ਕਹਜੋ 'ਬਕਾਲੇ ਮਹਿੰ ਗੁਰੁ ਰਹੈ। ਬਾਬਾ ਨਾਮ' ਬਾਕ ਤਿਨ ਅਹੈ।
ਯਾਂਤੇ ਮੈਂ ਜਾਨਵਿ ਗਤਿ ਐਸੇ। ਹੈ ਅਪਰਾਧ ਮੋਹਿ ਮਹਿੰ ਕੈਸੇ ॥ ੫ ॥

ਉਨ੍ਹਾਂ ਕਿਹਾ ਸੀ ਗੁਰੂ ਜੀ ਬਕਾਲੇ ਪਿੰਡ ਵਿਚ ਰਹਿੰਦੇ ਹਨ, ਬਾਬਾ ਨਾਮ ਬਚਨ ਉਨ੍ਹਾਂ ਕੀਤਾ। ਇਸ ਕਰਕੇ ਮੈਂ ਇਸ ਗਤੀ ਨਾਲ ਜਾਣਿਆ ਹੈ, ਮੇਰੇ ਵਿਚ ਫਿਰ ਕੋਈ ਕੈਸਾ ਅਪਰਾਧ ਹੈ ॥ ੫ ॥

ਜਿਸ ਤੇ ਮੁਝ ਨਹਿੰ ਦਰਸ਼ਨ ਦੀਨਸਿ। ਅਪਨੋ ਆਪ ਛਪਾਵਨਿ ਕੀਨਸਿ।
ਬਿਨ ਦੇਖੇ ਮੈਂ ਹਟਿ ਕੈ ਜਾਵੇਂ। ਮਨਮੁਖਤਾ ਪਦਵੀ ਕੌ ਪਾਵੇਂ ॥ ੬ ॥

ਜਿਸ ਕਰਕੇ ਮੈਨੂੰ ਦਰਸ਼ਨ ਨਹੀਂ ਦਿੱਤੇ ਹਨ ਤੇ ਆਪਣੇ ਆਪ ਨੂੰ ਛੁਪਾਇਆ ਹੋਇਆ ਹੈ। ਵੇਖਣ ਤੋਂ ਬਗੈਰ ਜੇ ਮੈਂ ਹਟ ਕੇ ਚਲੇ ਜਾਵਾਂ ਤਾਂ ਮਨਮੁਖਤਾ ਪਦਵੀ ਨੂੰ ਪਾਵਾਂਗਾ ॥ ੬ ॥

ਸਿੱਖਜਨਿ ਬਿਖੇ ਬਿਦਤ ਹ੍ਵੈ ਐਸੇ। 'ਮੱਖਣ ਗੁਰੂ ਨ ਦਰਸਜੋ ਕੈਸੇ'।
ਮੁਝ ਪਾਛੈ ਕਬਹੂੰ ਗੁਰੁ ਸੂਰ। ਪ੍ਰਗਟ ਹੋਹਿੰਗੇ ਜਗਤ ਜ਼ਰੂਰ ॥ ੭ ॥

ਸਿੱਖਾਂ ਵਿੱਚ ਇਸ ਤਰ੍ਹਾਂ ਪ੍ਰਗਟ ਹੈ, "ਮੱਖਣ ਸ਼ਾਹ ਨੇ ਗੁਰੂ ਜੀ ਦੇ ਕਿਸੇ ਤਰ੍ਹਾਂ ਵੀ ਦਰਸ਼ਨ ਨਹੀਂ ਕੀਤੇ ਹਨ।" ਮੇਰੇ ਬਾਅਦ ਗੁਰੂ ਸੂਰਮੇ ਜਗਤ ਵਿੱਚ ਜ਼ਰੂਰ ਪ੍ਰਗਟ ਹੋਣਗੇ ॥ ੭ ॥

ਸ੍ਰੀ ਹਰਿ ਕ੍ਰਿਸ਼ਨ ਬਾਕ ਹੁਇ ਸਾਚਾ। ਮੈਂ ਪਰੰਤੁ ਸਿੱਖੀ ਮਹਿੰ ਕਾਚਾ।
ਯਾਂਤੇ ਖਾਨ ਪਾਨ ਤਜਿ ਕਰਿ ਕੈ। ਮੈਂ ਬੈਠੌਂ ਸਤਿਗੁਰੂ ਸਿਮਰਿਕੈ ॥ ੮ ॥

ਸ੍ਰੀ ਹਰਿਕ੍ਰਿਸ਼ਨ ਜੀ ਦਾ ਬਚਨ ਸੱਚਾ ਹੋਵੇਗਾ, ਜਾਪਦਾ ਹੈ ਕਿ ਮੈਂ ਸਿੱਖੀ ਵਿਚ ਹਾਲੇ ਕੱਚਾ ਹਾਂ। ਇਸ ਕਰਕੇ ਖਾਣ ਪੀਣ ਛੱਡ ਕੇ, ਮੈਂ ਸਤਿਗੁਰੂ ਜੀ ਨੂੰ ਸਿਮਰਨ ਕਰਨ ਵਾਸਤੇ ਬੈਠ ਜਾਂਦਾ ਹਾਂ ॥ ੮ ॥

ਨਿਜ ਸ੍ਵਾਮੀ ਕੌ ਦਰਸ਼ਨ ਪਾਵੌਂ। ਨਾਂਹਿ ਤ ਅਪਨੇ ਪ੍ਰਾਨ ਨਸਾਵੌਂ।
ਆਪਨਿ ਸਾਥ ਸੁ ਨਹੀਂ ਬਖਾਨਾ। ਨੇਮ ਬਿਖਾਦਮਾਨਿ ਮਨ ਠਾਨਾ ॥ ੯ ॥

ਆਪਣੇ ਸਵਾਮੀ ਦੇ ਦਰਸ਼ਨ ਪਾਵਾਂਗਾ, ਨਹੀਂ ਤਾਂ ਆਪਣੇ ਪ੍ਰਾਣ ਗਵਾਵਾਂਗਾ। ਆਪਣੇ ਸੰਗੀਆਂ ਨਾਲ ਨਹੀਂ ਕਿਹਾ ਤੇ ਇਕ ਦੁਖ ਵਾਲਾ ਨੇਮ ਮਨ ਵਿਚ ਧਾਰਨ ਕਰ ਲਿਆ॥ ੯॥

ਭਈ ਭੋਰ ਬੈਠਯੋ ਨਿਜ ਡੇਰੇ। ਮਨ ਮਹਿਂ ਗਿਨਤੀ ਕਰਤਿ ਘਨੇਰੇ।
ਦਿਵਸ ਚਢਯੋ ਕੇਤਿਕ ਜਬਿ ਹੇਰਿ। ਨਰ ਸੋਢਿਨਿ ਕੇ ਪਹੁੰਚੇ ਫੇਰ॥ ੧੦॥

ਜਦ ਸਵੇਰ ਹੋਈ ਤਾਂ ਆਪਣੇ ਡੇਰੇ ਵਿਚ ਬੈਠਾ ਸੀ, ਮਨ ਵਿਚ ਬਹੁਤ ਗਿਣਤੀਆਂ ਗਿਣ ਰਿਹਾ ਸੀ। ਜਦ ਕਾਫੀ ਦਿਨ ਚੜ੍ਹਿਆ ਵੇਖਿਆ ਤੇ ਸੋਢੀਆਂ ਦੇ ਮਨੁੱਖ ਫਿਰ ਪਹੁੰਚ ਗਏ॥ ੧੦॥

ਚਹੁੰਦਿਸ਼ਿ ਮਹਿਂ ਬੈਠੇ ਤਬਿ ਆਇ। ਅਨਿਕ ਭਾਂਤਿ ਕੀ ਬਾਤ ਬਨਾਇ।
ਮੱਖਣ ਕੇ ਉਰ ਲਗਹਿ ਨ ਕੋਈ। ਮਹਾਂ ਬਿਖਾਦਮਾਨ ਮਨ ਹੋਈ॥ ੧੧॥

ਚਾਰੇ ਪਾਸੇ ਆ ਕੇ ਬੈਠ ਗਏ ਤੇ ਅਨੇਕ ਪ੍ਰਕਾਰ ਦੀਆਂ ਗੱਲਾਂ ਬਣਾਉਂਦੇ ਸਨ। ਮੱਖਣ ਸ਼ਾਹ ਦੇ ਹਿਰਦੇ ਨੂੰ ਕੋਈ ਵੀ ਚੰਗਾ ਨਹੀਂ ਸੀ ਲੱਗਦਾ। ਮਹਾਨ ਦੁਖ ਵਾਲਾ ਮਨ ਹੋ ਗਿਆ॥ ੧੧॥

ਕਹਤਿ ਪਰਸਪਰ ਬਾਕ ਘਨੇਰੇ। ਬੈਠਯੋ ਬਿਤੀ ਕਿਤਿਕ ਜਬਿ ਦੇਰੇ।
ਮੱਖਣ ਸ਼ਾਹ ਦੀਨ ਮਨ ਕਹਯੋ।'ਅਪਰ ਭਿ ਸੋਢੀ ਕੋ ਇਕ ਰਹਯੋ॥ ੧੨॥

ਆਪਸ ਵਿਚ ਬੈਠ ਕੇ ਬਹੁਤ ਗੱਲਾਂ ਕਰਦੇ ਸਨ, ਜਦ ਬੈਠਿਆਂ ਕਾਫੀ ਦੇਰ ਬੀਤ ਗਈ। ਮੱਖਣ ਸ਼ਾਹ ਨੇ ਮਨ ਵਿਚ ਦੀਨ ਹੋ ਕੇ ਕਿਹਾ, "ਹੋਰ ਵੀ ਕੋਈ ਸੋਢੀ ਏਥੇ ਰਹਿੰਦਾ ਹੈ॥ ੧੨॥

ਜਿਸ ਢਿਗ ਮੋ ਤੇ ਭੇਟ ਨ ਗਈ। ਅਪਨਿ ਆਪ ਕੀ ਸੁਧਿ ਨਹਿਂ ਦਈ।
ਹੋਇ ਜਿ ਕੋਇ ਬਤਾਵਹੁ ਮੋਹੀ। ਮਮ ਆਗਮਨ ਸਫਲਤਾ ਹੋਹੀ'॥ ੧੩॥

ਜਿਸ ਨੂੰ ਮੈਥੋਂ ਭੇਟ ਨਹੀਂ ਦਿੱਤੀ ਗਈ, ਆਪਣੇ ਆਪ ਉਸ ਖ਼ਬਰ ਨਹੀਂ ਦਿੱਤੀ ਹੈ। ਹੋਵੇ ਜੇ ਕੋਈ ਤਾਂ ਉਸ ਬਾਰੇ ਬਤਾਵੋ ਮੇਰਾ ਏਥੇ ਆਉਣਾ ਸਫਲ ਹੋਵੇ"॥ ੧੩॥

ਸੁਨਤਿ ਮਸੰਦ ਮੇਵੜਨਿ ਸਾਰੇ। ਕਰਿ ਬਿਚਾਰਿ ਕੈ ਬਾਕ ਉਚਾਰੇ।
'ਕਿਤਿਕ ਰਹਤਿ ਥੇ ਬੀਚ ਬਕਾਲੇ। ਆਇ ਵਹਿਰ ਤੇ ਕਿਤਿਕ ਬਹਾਲੇ॥੧੪॥

ਇਹ ਸੁਣ ਕੇ ਮਸੰਦਾਂ ਮੇਵੜਿਆਂ ਨੇ ਵਿਚਾਰ ਕਰਕੇ ਕਿਹਾ, "ਕਈ ਸੋਢੀ ਬਕਾਲੇ ਪਿੰਡ ਵਿਚ ਹੀ ਰਹਿੰਦੇ ਸਨ, ਕਈ ਬਾਹਰ ਤੋਂ ਆ ਕੇ ਬੈਠ ਗਏ॥ ੧੪॥

ਸੂਰਜਮੱਲ ਕੀ ਸੰਤਤਿ ਆਦਿ। ਸਭਿਨਿ ਭੇਟ ਦੇ ਸਹਿ ਮਿਰਜਾਦ।
ਇਕ ਗੁਰੁ ਹਰਿਗੁਬਿੰਦ ਕੋ ਨੰਦ। ਆਖ੍ਯ ਤੇਗ ਬਹਾਦਰ ਚੰਦ॥ ੧੫॥

ਸੂਰਜ ਮੱਲ ਦੀ ਜਿਹੜੀ ਸੰਤਾਨ ਆਦਿ ਹੈ, ਤੁਸੀਂ ਮਰਯਾਦਾ ਸਹਿਤ ਸਭ ਨੂੰ ਭੇਟ ਦਿੱਤੀ ਹੈ। ਇਕ ਗੁਰੂ ਹਰਿਗੋਬਿੰਦ ਦਾ ਪੁੱਤਰ ਹੈ ਉਸ ਨੂੰ ਸ੍ਰੀ ਤੇਗ ਬਹਾਦਰ ਦੇ ਨਾਮ ਨਾਲ ਪੁਕਾਰਦੇ ਹਨ॥ ੧੫॥

ਜਿਸ ਕੋ ਸੁਧਿ ਨਹਿਂ ਜਗ ਬਿਵਹਾਰੇ। ਸੁਨਹਿਂ ਨ ਕਿਸ ਤੇ ਨਹਿੰਨ ਉਚਾਰੇ।
ਜਹਾਂ ਇਕਾਂਤ ਥਾਇਂ ਤਹਿਂ ਰਹੈ। ਮਸਤ ਸੁਭਾਇ ਸਦਾ ਜਿਸ ਅਹੈ॥ ੧੬॥

ਪਰ ਜਗਤ ਦੇ ਵਿਹਾਰਾਂ ਬਾਰੇ ਉਸ ਨੂੰ ਕੋਈ ਸੂਝ ਨਹੀਂ ਹੈ, ਨਾ ਕਿਸੇ ਪਾਸੋਂ ਗੱਲ ਸੁਣਦਾ ਹੈ ਅਤੇ ਨਾ ਆਪਣੀ ਗੱਲ ਉਚਾਰਨ ਕਰਦਾ ਹੈ। ਜਿਥੇ ਇਕਾਂਤ ਥਾਂ ਹੋਵੇ ਉਥੇ ਰਹਿੰਦਾ ਹੈ, ਜਿਸ ਦਾ ਸਦਾ ਮਸਤ ਸੁਭਾਅ ਹੈ॥ ੧੬॥

ਬਦਨ ਅਛਾਦਯੋ ਪਰਯੋ ਰਹਤਿ ਹੈ। ਲੇਨਿ ਦੇਨ ਕੀ ਸੁਧਿ ਨ ਲਹਤਿ ਹੈ।
ਨਹਿਂਨ ਕਦਾਚਿਤ ਕੋ ਤਿਹ ਮਾਨਹਿ। ਅਹੈ ਨਲਾਇਕ ਸਭਿ ਹੀ ਜਾਨਹਿਂ ॥੧੭॥

ਆਪਣਾ ਮੂੰਹ ਢੱਕ ਕੇ ਪਿਆ ਰਹਿੰਦਾ ਹੈ, ਲੈਣ ਦੇਣ ਦੀ ਕੋਈ ਸੋਝੀ ਨਹੀਂ ਰੱਖਦਾ ਹੈ। ਕੋਈ ਉਸ ਨੂੰ ਕਦੇ ਵੀ ਨਹੀਂ ਮੰਨਦਾ ਹੈ, ਉਹ ਬੜਾ ਨਲਾਇਕ ਹੈ, ਸਾਰੇ ਜਾਣਦੇ ਹਨ॥ ੧੭॥

ਖਾਨ ਪਾਨ ਕੀ ਭੀ ਸੁਧਿ ਨਾਂਹੀ। ਕਹਾਂ ਅਪਰ ਕੀ ਹ੍ਵੈ ਤਿਹ ਮਾਂਹੀ।
ਰਹਿ ਨ ਸਕਹੁ ਦੇਖੇ ਬਿਨ ਤਾਂਹੀ। ਤੌ ਤੁਮ ਪਿਖਹੁ ਜਥਾ ਗਤਿ ਆਹੀ' ॥੧੮॥

ਖਾਣ ਪੀਣ ਦੀ ਵੀ ਉਸ ਨੂੰ ਸੋਝੀ ਨਹੀਂ ਹੈ, ਹੋਰ ਗੱਲ ਉਸ ਵਿਚ ਕੀ ਹੋ ਸਕਦੀ ਹੈ, ਜੇ ਉਸ ਨੂੰ ਵੇਖਣ ਬਗੈਰ ਰਹਿ ਨਹੀਂ ਸਕਦੇ ਤਾਂ ਤੁਸੀਂ ਜਿਵੇਂ ਵੀ ਸਮਾਂ ਪਾਉਂਦੇ ਹੋ, ਉਸ ਨੂੰ ਵੇਖ ਲਵੋ" ॥ ੧੮॥

ਤਿਨ ਤੇ ਸੁਨਿਵਾ ਮੱਖਣਸ਼ਾਹ। ਕੁਛਕ ਭਯੋ ਮਨ ਮਹਿਂ ਉਤਸਾਹ।
ਦਹਨ ਬਿਲੋਚਨ ਫਰਕਨਿ ਲਾਗਾ। ਮਨਹੁਂ ਅੰਕੁਰ ਉਪਾਵਨਿ ਲਾਗਾ ॥੧੯॥

ਉਨ੍ਹਾਂ ਤੋਂ ਸੁਣ ਕੇ ਮੱਖਣ ਸ਼ਾਹ ਦੇ ਮਨ ਵਿਚ ਕੁਝ ਉਤਸ਼ਾਹ ਉਤਪੰਨ ਹੋਇਆ। ਉਨ੍ਹਾਂ ਦੀ ਸੱਜੀ ਅੱਖ ਫਰਕਣ ਲੱਗੀ ਮਾਨੋਂ ਅੰਕੁਰ ਫੁੱਟਣ ਲੱਗਾ ਸੀ॥ ੧੯॥

ਸਭਿ ਮਹਿਂ ਕਹਯੋ 'ਚਲਵਿ ਤਿਨ ਪਾਹੀ। ਦੇਹਿਂ ਉਪਾਇਨ ਚਖ ਦਰਸਾਹੀਂ'।
ਤਯਾਰੀ ਕਰੀ ਗਮਨ ਕੇ ਕਾਰਨਿ। ਧੀਰਮੱਲਜ ਨਰ ਕਿਯ ਹਟਕਾਰਨਿ ॥੨੦॥

ਸਭ ਵਿਚ ਕਿਹਾ, "ਉਨ੍ਹਾਂ ਦੇ ਪਾਸ ਜਾਵਾਂਗੇ, ਉਪਹਾਰ ਦੇ ਕੇ ਅੱਖਾਂ ਨਾਲ ਵੇਖਾਂਗੇ। ਜਾਣ ਵਾਸਤੇ ਤਿਆਰੀ ਕੀਤੀ, ਪਰ ਧੀਰਮੱਲ ਦੇ ਆਦਮੀਆਂ ਨੇ ਉਨ੍ਹਾਂ ਨੂੰ ਰੋਕਿਆ॥ ੨੦॥

'ਤੁਮ ਕੋ ਉਚਿਤ ਨ ਤਿਨ ਪਹਿ ਜਾਨੋ। ਜਿਹ ਸੁਭਾਵ ਪਰਮੱਤ ਮਹਾਨੋ।
ਮਿਲਹਿ ਤੁਮਹਿਂ ਕੈ ਮਿਲਿ ਹੈ ਨਾਂਹੀ। ਲਘੁ ਕੋਸ਼ਠ ਮਹਿਂ ਪਰਯੋ ਰਹਾਹੀ ॥੨੧॥

ਤੁਹਾਡਾ ਉਸ ਦੇ ਪਾਸ ਜਾਣਾ ਉਚਿਤ ਨਹੀਂ ਹੈ, ਜਿਸ ਦਾ ਸੁਭਾਵ ਬਹੁਤ ਮਸਤ ਹੈ। ਤੁਹਾਨੂੰ ਮਿਲੇਗਾ ਕਿ ਨਹੀਂ ਮਿਲੇਗਾ, ਇਹ ਛੋਟੀ ਜੇਹੀ ਕੋਠੜੀ ਵਿਚ ਪਿਆ ਰਹਿੰਦਾ ਹੈ॥ ੨੧॥

ਮਾਨ ਅਮਾਨ ਸਮਾਨ ਜਿਸੂ ਕੇ। ਰਾਗ ਨ ਦ੍ਵੈਸ਼ ਨ ਮੋਹ ਤਿਸੂ ਕੇ।
ਗੁਰਤਾ ਰੀਤਿ ਨਹੀ ਕੁਛ ਜਾਨੈ। ਗੁਰੂ ਹੋਨਿ ਤੈ ਕਹਾਂ ਪਛਾਨੈ' ॥ ੨੨॥

ਮਾਨ, ਅਪਮਾਨ ਜਿਸ ਵਾਸਤੇ ਬਰਾਬਰ ਹੈ, ਜਿਸ ਪਾਸ ਨਾ ਪ੍ਰੇਮ ਹੈ, ਨਾ ਦ੍ਵੈਸ਼ ਹੈ ਅਤੇ ਕਿਸੇ ਪ੍ਰਕਾਰ ਦਾ ਮੋਹ ਵੀ ਨਹੀਂ ਹੈ। ਗੁਰਤਾ ਰੀਤੀ ਕੁਝ ਨਹੀਂ ਜਾਣਦਾ, ਉਸ ਦੇ ਗੁਰੂ ਹੋਣ ਬਾਰੇ ਕਿਵੇਂ ਪਛਾਣੋਗੇ" ॥ ੨੨॥

ਇਮ ਸੁਨਿ ਕੈ ਸਭਿ ਨਰ ਸੋਢੀਨਿ। ਇਸੀ ਬਾਕ ਕੋ ਪੂਜਨਿ ਕੀਨਿ।
'ਜੋ ਤੁਮ ਕਹੀ ਜਥਾਰਥ ਏਹੂ। ਉਚਿਤ ਨ ਗੁਰਤਾ ਕੇ ਬਿਧਿ ਕੇਹੂ' ॥ ੨੩॥

ਸਾਰੇ ਸੋਢੀਆਂ ਨੇ ਇਸ ਤਰ੍ਹਾਂ ਸੁਣ ਕੇ ਏਸੇ ਵਾਕ ਦੀ ਪ੍ਰੋੜ੍ਹਤਾ ਕੀਤੀ, "ਜੋ ਇਨ੍ਹਾਂ ਕਿਹਾ ਹੈ ਇਹ ਸੱਚ ਹੈ, ਕਿਸੇ ਪ੍ਰਕਾਰ ਵੀ ਉਹ ਗੁਰਤਾ ਦੇ ਉਚਿਤ ਨਹੀਂ ਹੈ" ॥ ੨੩॥

ਸੁਨਿ ਮੱਖਣ ਕੁਛ ਮਨ ਨਹਿਂ ਆਨੀ। ਚਹਤਿ ਦੇਖਿਬੇ ਸੰਸੈ ਹਾਨੀ।
ਲੇ ਕਰਿ ਸੰਗ ਨਰਨਿ ਕੀ ਭੀਰ। ਚਲਯੋ ਪਰਸਿਬੇ ਗੁਰੂ ਗੰਭੀਰ॥ ੨੪॥

ਮੱਖਣ ਸ਼ਾਹ ਇਸ ਤਰ੍ਹਾਂ ਸੁਣ ਕੇ ਕੁਝ ਮਨ ਵਿਚ ਨਾ ਲਿਆਇਆ ਉਨ੍ਹਾਂ ਨੂੰ ਵੇਖਣਾ ਚਾਹੁੰਦਾ ਸੀ ਤਾਂਕਿ ਸਾਰੇ ਸ਼ੰਕੇ ਦੂਰ ਹੋ ਜਾਣ। ਉਸ ਮਨੁੱਖਾਂ ਦੀ ਬਹੁਤ ਭੀੜ ਨੂੰ ਨਾਲ ਲਿਆ ਤੇ ਗੰਭੀਰ ਗੁਰੂ ਜੀ ਨੂੰ ਪਰਸਣ ਵਾਸਤੇ ਚਲ ਪਿਆ॥ ੨੪॥

**ਸਭਿ ਸੋਢਿਨਿ ਕੇ ਮਾਨਵ ਸਾਥ। ਗਮਨਜੋ ਮੰਦ ਮੰਦ ਪਗ ਪਾਥ।**
**ਤਰਕਹਿ ਰਿਦੈ ਹੋਹਿਂ ਗੁਰੁ ਏਹੀ। ਮੋਹਿ ਜਿਆਵਹਿਂ ਜਾਨਿ ਸਨੇਹੀ॥ ੨੫॥**

ਸਾਰੇ ਸੋਢੀਆਂ ਦੇ ਮਨੁੱਖ ਨਾਲ ਸਨ, ਹੌਲੀ ਹੌਲੀ ਪੈਰ ਧਰਦਾ ਚਲ ਪਿਆ। ਆਪਣੇ ਹਿਰਦੇ ਵਿਚ ਸੋਚਦਾ ਹੈ, ਹੋ ਸਕਦਾ ਹੈ ਇਹੋ ਸੱਚੇ ਗੁਰੂ ਜੀ ਹੋਣ, ਮੈਨੂੰ ਪ੍ਰੇਮੀ ਜਾਣਕੇ ਜੀਉਂਦਾ ਕਰ ਦੇਣਗੇ॥ ੨੫॥

**ਨਾਂਹਿਤ ਮੋਹਿ ਮਰਨਿ ਅਬਿ ਆਯੋ। ਪੂਰਬ ਪਰਣ ਨ ਮਿੱਥਜਾ ਗਾਯੋ।**
**ਜਬਹਿ ਭੀਰ ਸੋਂ ਪਹੁੰਚਜੋ ਆਈ। ਸ੍ਰੀ ਗੁਰੁ ਸ੍ਰਵਣ ਪਰੀ ਧੁਨਿ ਜਾਈ॥ ੨੬॥**

ਨਹੀਂ ਤਾਂ ਹੁਣ ਮੇਰਾ ਮਰਨਾ ਨੇੜੇ ਆ ਗਿਆ ਹੈ, ਪਹਿਲਾ ਪਰਣ ਝੂਠਾ ਨਹੀਂ ਕੀਤਾ ਹੈ। ਜਦ ਭੀੜ ਸਹਿਤ ਉਥੇ ਆ ਪਹੁੰਚਿਆ ਤਾਂ ਸ੍ਰੀ ਗੁਰੂ ਜੀ ਦੇ ਕੰਨਾਂ ਵਿਚ ਆਵਾਜ਼ ਪਾਈ॥ ੨੬॥

**ਪਠਜੋ ਦਾਸ ਰੋਕਨਿ ਤਿਨ ਕੇਰ। ਕਹਜੋ ਸਭਿਨਿ ਸੋਂ ਆਗੇ ਘੇਰ।**
**'ਮੱਖਣਸ਼ਾਹੁ! ਸੁਨੋ ਗੁਰੁ ਬੈਨ। ਥਾਨ ਕੁਸ਼ਾਦੋ ਅੰਤਰ ਹੈ ਨ॥ ੨੭॥**

ਉਨ੍ਹਾਂ ਨੇ ਇਕ ਦਾਸ ਨੂੰ ਰੋਕਣ ਵਾਸਤੇ ਭੇਜਿਆ, ਉਸ ਨੇ ਸਾਰਿਆਂ ਨੂੰ ਅੱਗੇ ਘੇਰ ਕੇ ਕਿਹਾ, "ਮੱਖਣ ਸ਼ਾਹ! ਗੁਰੂ ਜੀ ਦੇ ਬਚਨ ਸੁਣੋ, ਅੰਦਰ ਖੁਲ੍ਹਾ ਥਾਂ ਨਹੀਂ ਹੈ॥ ੨੭॥

**ਮਿਲਨਿ ਲਾਲਸਾ ਜੇ ਤੁਝ ਉਰ ਮੈਂ। ਹੋਹਿ ਇਕਾਕੀ ਪ੍ਰਵਿਸ਼ਹੁ ਘਰ ਮੈਂ।**
**ਅਦਬ ਸਾਥ ਤੂਸ਼ਨਿ ਮੁਖ ਧਾਰੋ। ਤਿਨ ਰਜਾਇ ਤੇ ਜਾਇ ਨਿਹਾਰੋ॥ ੨੮॥**

ਜੇ ਤੇਰੇ ਹਿਰਦੇ ਵਿਚ ਮਿਲਣ ਦੀ ਲਾਲਸਾ ਹੈ ਤਾਂ ਇਕੱਲੇ ਹੀ ਘਰ ਵਿਚ ਪ੍ਰਵੇਸ਼ ਕਰੋ। ਅਦਬ ਨਾਲ ਮੁੱਖ 'ਤੇ ਮੋਨ ਧਾਰਨ ਕਰੋ, ਉਨ੍ਹਾਂ ਦੀ ਰਜ਼ਾ ਅਨੁਸਾਰ ਜਾ ਕੇ ਦਰਸ਼ਨ ਕਰ ਲਵੋ"॥ ੨੮॥

**ਸੁਨਿ ਕੈ ਸਭਿ ਕੋ ਠਾਂਢੇ ਕਰਿਕੇ। ਆਪ ਪ੍ਰਵੇਸ਼ਜੋ ਅੰਤਰ ਘਰ ਕੇ।**
**ਜਹਿਂ ਸ੍ਰੀ ਗੁਰੂ ਇਕਾਕੀ ਅਹੈਂ। ਅੰਤਰ ਬ੍ਰਿੱਤਿ ਸਦਾ ਹੀ ਰਹੈਂ॥ ੨੯॥**

ਇਹ ਸੁਣ ਕੇ ਓਥੇ ਸਾਰਿਆਂ ਨੂੰ ਖੜੇ ਕਰਕੇ, ਮੱਖਣ ਸ਼ਾਹ ਇਕੱਲਾ ਹੀ ਘਰ ਦੇ ਅੰਦਰ ਪ੍ਰਵੇਸ਼ ਕਰ ਗਿਆ। ਜਿਥੇ ਗੁਰੂ ਜੀ ਇਕੱਲੇ ਬੈਠੇ ਸਨ, ਜਿਹੜੇ ਸਦਾ ਹੀ ਅੰਤਰ ਬਿਰਤੀ ਵਿਚ ਰਹਿੰਦੇ ਸਨ॥ ੨੯॥

**ਰਿਦੈ ਬਿਚਾਰਤਿ ਨੀਕੇ ਜੋਵਾ। ਆਇ ਸਮੇ ਬਿਦਤਨਿ ਕੋ ਹੋਵਾ।**
**ਭਾਰੀ ਮਹਾਂ ਪੋਟ ਹੈ ਜੋਇ। ਬਨਿ ਆਈ ਸਿਰ ਧਰਨੀ ਸੋਇ॥ ੩੦॥**

ਗੁਰੂ ਜੀ ਨੇ ਹਿਰਦੇ ਵਿਚ ਚੰਗੀ ਤਰ੍ਹਾਂ ਜਾਣ ਲਿਆ ਕਿ ਹੁਣ ਪ੍ਰਗਟ ਹੋਣ ਦਾ ਸਮਾਂ ਆ ਗਿਆ ਹੈ। ਗੁਰਤਾ ਦੀ ਪੰਡ ਬੜੀ ਭਾਰੀ ਹੈ, ਉਹ ਹੁਣ ਸਿਰ ਤੇ ਧਾਰਨ ਕਰਨੀ ਬਣ ਆਈ ਹੈ॥ ੩੦॥

**ਅਬਿ ਜੇ ਇਸ ਕੋ ਪਤਾ ਨ ਦੈ ਹੈਂ। ਗੁਰ ਘਰ ਕੀ ਮਹਿਮਾ ਤਬਿ ਜੈ ਹੈ।**
**ਸ਼ਰਧਾ ਸਿੱਖਨਿ ਕੀ ਨਹਿਂ ਰਹੈ। ਨਹਿਂ ਗੁਰ ਪੂਰਨ ਯੋਂ ਸਭਿ ਕਹੈਂ॥ ੩੧॥**

ਹੁਣ ਜੇ ਇਸ ਨੂੰ ਪਤਾ ਨਹੀ ਦੇਵਾਂਗਾ, ਤਾਂ ਗੁਰੂ ਦੀ ਮਹਿਮਾ ਜਾਂਦੀ ਰਹੇਗੀ। ਸਿੱਖਾਂ ਦੀ ਸ਼ਰਧਾ ਨਹੀਂ ਰਹੇਗੀ, ਤੇ ਨਾ ਹੀ ਸਭ ਲੋਕ ਪੂਰਨ ਗੁਰੂ ਕਹਿਣਗੇ॥ ੩੧॥

Sri Satguru Jagjit Singh Ji eLlibrary NamdhariElibrary@gmail.com

ਮਨਿ ਕਰਿ ਕੈ ਇਨ ਸਭਿ ਪਤਿਯਾਏ। ਕਿਸ ਹੂੰ ਤੇ ਨ ਮਨੋਰਥ ਪਾਏ।
ਜਿਸ ਗਤਿ ਕੋ ਲਖਿ ਕੀਨ ਸਹਾਇ। ਅਟਕਜੋ ਪੋਤ ਸੁ ਪਾਰ ਲੰਘਾਇ ॥ ੩੨ ॥

ਮਨ ਕਰਕੇ ਇਸ ਸਾਰੇ ਨਕਲੀ ਗੁਰੂਆਂ ਦੀ ਪਰਖ ਕੀਤੀ ਹੈ ਪਰ ਕਿਸੇ ਪਾਸੋਂ ਵੀ ਮਨੋਰਥ ਨਹੀਂ ਪਾਇਆ ਹੈ। ਜਿਸ ਗਤੀ ਨੂੰ ਸਮਝ ਕੇ ਅਸੀਂ ਇਸ ਦੀ ਸਹਾਇਤਾ ਕੀਤੀ ਹੈ, ਹੁਣ ਗੁਰੂ ਦਾ ਬਿਰਦ ਹੈ ਬਾਹੁੜੀ ਕਰਨੀ ਤੇ ਜੇ ਅਸੀਂ ਨਹੀਂ ਕਰਦੇ ਤਾਂ ਗੁਰੂ ਦੇ ਬਿਰਦ ਨੂੰ ਉਲਾਹਮਾ ਹੈ, ਇਹ ਸਭ ਕੁਝ ਸਮਝ ਕੇ ਇਸ ਦਾ ਜਹਾਜ਼ ਪਾਰ ਕੀਤਾ ਸੀ॥ ੩੨ ॥

ਸੋ ਗਤਿ ਅਬਹਿ ਆਨਿ ਕਰਿ ਹੋਈ। ਬਿਨਾ ਕਿਯੇ ਤੇ ਸਰੈ ਨ ਜੋਈ।
ਸ਼ਰਧਾ ਸ੍ਰੀ ਹਰਿ ਕ੍ਰਿਸ਼ਨ ਬਾਕ ਪਰਿ। ਪ੍ਰਾਨ ਤਜਨਿ ਲੌ ਸਾਹਸ ਇਨ ਕਰਿ ॥ ੩੩ ॥

ਉਸੇ ਪ੍ਰਕਾਰ ਦੀ ਗਤੀ ਹੁਣ ਹੋ ਗਈ ਹੈ ਕਿ ਜੇ ਇਸ ਨੂੰ ਨਹੀਂ ਦੱਸਦੇ ਤਾਂ ਇਹ ਸਿੱਖ ਪ੍ਰਣ ਕਰ ਚੁੱਕਾ ਹੈ, ਹੁਣ ਬਿਨਾਂ ਕੀਤੇ ਤੋਂ ਸਰੇਗਾ ਨਹੀਂ, ਇਸ ਨੇ ਗੁਰੂ ਹਰਿਕ੍ਰਿਸ਼ਨ ਦੇ ਬਚਨਾਂ ਤੇ ਸ਼ਰਧਾ ਧਾਰਨ ਕੀਤੀ ਹੈ, ਪ੍ਰਾਣ ਛੱਡਣ ਤਕ ਇਸ ਨੇ ਹੌਸਲਾ ਧਾਰਨ ਕੀਤਾ ਹੈ॥ ੩੩ ॥

ਜੋ ਨ ਬਤਾਵਹਿੰਗੇ ਇਸ ਤਾਂਈ। ਹੁਇ ਨਿਰਾਸ ਕੋ ਸੰਕਟ ਪਾਈ।
ਇਕ ਤੋ ਦਰਬ ਲਜਾਇ ਬਹੁਤੇਰਾ। ਦੁਤੀਏ ਆਯਹੁ ਦੂਰ ਬਡੇਰਾ॥ ੩੪ ॥

ਜੇ ਇਸ ਨੂੰ ਨਹੀਂ ਦੱਸਾਂਗੇ ਤਾਂ ਨਿਰਾਸ਼ ਹੋ ਕੇ ਵੱਡਾ ਦੁਖ ਪਾਵੇਗਾ। ਇਕ ਤਾਂ ਧਨ ਬਹੁਤ ਲਿਆਇਆ ਹੈ, ਦੂਸਰਾ ਬਹੁਤ ਦੂਰ ਤੋਂ ਆਇਆ ਹੈ॥ ੩੪ ॥

ਤ੍ਰਿਤਿਯੇ ਸਤਿਗੁਰ ਕੋ ਸਿਖ ਭਾਰੀ। ਚਤੁਰਥ ਪ੍ਰਣ ਕੋ ਠਟਜੋ ਬਿਚਾਰੀ।
ਬਿਨਾ ਕਹੇ ਅਸਮੰਜਸ ਹੋਇ। ਯਾਂਤੇ ਪਤਾ ਕਹੈਂ ਇਸ ਸੋਇ॥ ੩੫ ॥

ਤੀਸਰਾ ਸਤਿਗੁਰੂ ਜੀ ਦਾ ਭਾਰੀ ਸਿੱਖ ਹੈ, ਚੌਥਾ ਆਪਣੇ ਪ੍ਰਣ ਉਤੇ ਡਟਿਆ ਹੋਇਆ ਹੈ। ਕਹਿਣ ਤੋਂ ਬਗੈਰ ਉਲਟੀ ਰੀਤੀ ਹੋਵੇਗੀ, ਇਸ ਕਰਕੇ ਇਸ ਨੂੰ ਦੱਸ ਦੇਣਾ ਚਾਹੀਦਾ ਹੈ॥ ੩੫ ॥

ਇਤਨੇ ਮਹਿਂ ਗਾ ਮੱਖਣਸ਼ਾਹ। ਬੰਦਨ ਕਰੀ ਬੰਦਿ ਕਰ ਤਾਂਹਿ।
ਦੁਇ ਦੀਨਾਰ ਅਗਾਰੀ ਧਰੀ। ਸੋਊ ਰਿਦੈ ਕਾਮਨਾ ਕਰੀ॥ ੩੬ ॥

ਏਨੇ ਵਿਚ ਮੱਖਣ ਸ਼ਾਹ ਓਥੇ ਪਹੁੰਚ ਗਿਆ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। ਦੋ ਅਸ਼ਰਫੀਆਂ ਗੁਰੂ ਜੀ ਦੇ ਅੱਗੇ ਧਰੀਆਂ ਤੇ ਹਿਰਦੇ ਵਿਚ ਪਹਿਲਾਂ ਵਾਂਗ ਹੀ ਸੋਚਿਆ ਜੇ ਪੂਰਨ ਗੁਰੂ ਹੋਣਗੇ ਤਾਂ ਮੇਰੀ ਸੁੱਖਣਾ ਵਾਲੀ ਰਕਮ ਆਪ ਮੰਗ ਲੈਣਗੇ॥ ੩੬ ॥

ਸ੍ਰੀ ਗੁਰ ਤੇਗ ਬਹਾਦਰ ਚੰਦ। ਕਹਜੋ ਤਿਸੈ: 'ਹੇ ਸਿੱਖ ਬਿਲੰਦ!।
ਗੁਰ ਘਰ ਕੀ ਜੋ ਅਹੈ ਉਪਾਇਨ। ਸੋ ਦੀਜਹਿ, ਨਹਿਂ ਰਾਖਹੁ ਆਇਨ ॥ ੩੭ ॥

ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਸ ਨੂੰ ਕਿਹਾ, "ਹੇ ਵੱਡੇ ਸਿੱਖ, ਗੁਰੂ ਘਰ ਦਾ ਜੋ ਉਪਹਾਰ ਸੁੱਖਿਆ ਸੀ, ਉਹ ਪੂਰਾ ਦੇਵੇ, ਆਪਣੇ ਘਰ ਨਾ ਰੱਖੇ॥ ੩੭ ॥

ਸਾਗਰ ਸਮੈ ਜਹਾਜ ਲੰਘਾਵਨਿ। ਤਹਿਂ ਜੋ ਕੀਨਿ ਸੰਕਲਪ ਉਠਾਵਨਿ।
ਅਰੁ ਦਸੌਂਧ ਗੁਰੁ ਕੋ ਹੈ ਜੇਤਾ। ਅਰਪਨਿ ਦਰਬ ਕਰਹੁ ਅਬਿ ਤੇਤਾ॥ ੩੮ ॥

ਸਮੁੰਦਰ ਵਿਚ ਜਹਾਜ਼ ਨੂੰ ਪਾਰ ਕਰਵਾਉਣ ਵਾਸਤੇ ਤੁਸੀਂ ਜੋ ਸੰਕਲਪ ਬਣਾਇਆ ਸੀ ਅਤੇ ਜਿੰਨਾ ਗੁਰੂ ਜੀ ਦਾ ਦਸਵੰਧ ਹੈ, ਹੁਣ ਓਨਾ ਹੀ ਧਨ ਅਰਪਣ ਕਰੋ॥ ੩੮ ॥

ਸਿੱਖੀ ਮਹਿਂ ਸ਼ਰਧਾ ਨਿਤ ਰਾਖਹੁ। ਗੁਰ ਹਾਜ਼ਰ ਸਦ ਜਹਾਂ ਭਿਲਾਖਹੁ।
ਸ੍ਰੀ ਗੁਰੁ ਬਾਕ ਸੁਨਤਿ ਸਿਖ ਸੋਇ। ਭਯੋ ਪ੍ਰਸੰਨ ਸੰਦੇਹਨਿ ਖੋਇ॥ ੩੯॥

ਸਿੱਖੀ ਵਿਚ ਸਦਾ ਸ਼ਰਧਾ ਰੱਖਦੇ ਹੋ, ਗੁਰੂ ਜੀ ਉਥੇ ਹੀ ਹਾਜ਼ਰ ਹੋ ਜਾਂਦੇ ਹਨ, ਜਿਥੇ ਵੀ ਇੱਛਾ ਕਰਦੇ ਹੋ।" ਗੁਰ ਜੀ ਦੇ ਇਹ ਬਚਨ ਸੁਣ ਕੇ ਉਹ ਸਿੱਖ ਬਹੁਤ ਪ੍ਰਸੰਨ ਹੋਇਆ ਤੇ ਉਸ ਦੇ ਸਾਰੇ ਸ਼ੰਕੇ ਜਾਂਦੇ ਰਹੇ॥ ੩੯॥

ਗਰ ਜਾਮੇ ਕੀ ਤਨੀ ਤਰਾਕੀ। ਭਏ ਰੁਮੰਚ ਰਿਖੀਕਨਿ ਥਾਕੀ।
ਦੇਖੇ ਸਤਿਗੁਰੁ ਦਿਨਕਰ ਤੁਲਾ। ਬਰ ਅਰਬਿੰਦ ਮਨਿੰਦੇ ਫੂਲਾ॥ ੪੦॥

ਗਲ ਵਿਚ ਜਿਹੜਾ ਜਾਮਾ ਪਾਇਆ ਹੋਇਆ ਸੀ, ਉਸ ਦੀਆਂ ਖੁਸ਼ੀ ਨਾਲ ਤਣੀਆਂ ਟੁੱਟ ਗਈਆਂ। ਰੋਮਾਂਚਿਕ ਹੋਣ ਨਾਲ ਇੰਦ੍ਰੀਆਂ ਠਹਿਰ ਗਈਆਂ। ਉਸ ਨੇ ਸੂਰਜ ਸਮਾਨ ਸਤਿਗੁਰੂ ਜੀ ਨੂੰ ਵੇਖਿਆ। ਸ੍ਰੇਸ਼ਟ ਕੰਵਲ ਦੇ ਫੁੱਲ ਵਾਂਗ ਖਿੜ ਗਿਆ॥ ੪੦॥

ਗਦਗਦ ਗਿਰਾ ਨ ਬੋਲਜੋ ਗਇਊ। ਰੁਕੇ ਕੰਠ ਪਰਿਪੂਰਨ ਭਇਊ।
ਨੇਤ੍ਰਨਿ ਬਿਖੈ ਅੱਸ੍ਰ ਭਰਿ ਆਏ। ਦਸ਼ਾ ਦੇਖਿ ਮਨ ਰਹਿ ਬਿਸਮਾਏ॥ ੪੧॥

ਖ਼ੁਸ਼ੀ ਨਾਲ ਗਲਾ ਭਰ ਆਇਆ ਤੇ ਬੋਲਿਆ ਨਾ ਗਿਆ। ਗਲਾ ਇੰਝ ਰੁਕ ਗਿਆ ਜਿਵੇਂ ਪੂਰਨ ਤੌਰ ਤੇ ਭਰ ਗਿਆ ਹੋਵੇ। ਅੱਖਾਂ ਵਿਚ ਹੰਝੂ ਭਰ ਗਏ। ਦਸ਼ਾ ਵੇਖ ਕੇ ਮਨ ਹੈਰਾਨ ਰਹਿ ਗਿਆ॥ ੪੧॥

ਜਨਮ ਰੰਕ ਜਿਮ ਨਵਨਿਧਿ ਪਾਈ। ਬਦਨ ਉਮੰਗ ਅਰੁਨਤਾ ਛਾਈ।
ਕਿਤਿਕ ਬੇਰਿ ਟਿਕ ਗਯੋ ਅਡੋਲਾ। ਚਖਨਿ ਪਲਕ ਮੁਖ ਬਾਕ ਨ ਬੋਲਾ॥ ੪੨॥

ਜਿਵੇਂ ਜਨਮ ਦੇ ਭੁੱਖੇ ਨੇ ਨੌਂ ਨਿਧਾਂ ਪਾ ਲਈਆਂ ਹੋਣ, ਚਿਹਰੇ ਉਤੇ ਖ਼ੁਸ਼ੀ ਨਾਲ ਲਾਲੀ ਛਾ ਗਈ। ਕਈ ਵਾਰ ਅਡੋਲ ਟਿੱਕ ਗਿਆ। ਅੱਖਾਂ ਦੀਆਂ ਪਲਕਾਂ ਨਾ ਹਿਲੀਆਂ ਤੇ ਮੁਖ ਤੋਂ ਕੋਈ ਵੀ ਬਚਨ ਨਾ ਬੋਲਿਆ॥ ੪੨॥

ਸਤਿਗੁਰੁ ਮਹਿਮਾ ਗਰੁਵੀ ਜਾਨੀ। ਮਹਾਂ ਪ੍ਰੇਮ ਮਹਿਂ ਮਤਿ ਮਸਤਾਨੀ।
ਪੂਰਬ ਰਿਦਾ ਸ਼ੁੱਧ ਜਿਸ ਕੇਰਾ। ਪੁਨਹਿ ਦਰਸ ਪਿਖਿ ਰਾਗ ਬਡੇਰਾ॥ ੪੩॥

ਸਤਿਗੁਰੂ ਜੀ ਦੀ ਮਹਾਨ ਮਹਿਮਾ ਜਾਣੀ ਤੇ ਮਹਾਨ ਪ੍ਰੇਮ ਨਾਲ ਬੁੱਧੀ ਮਸਤਾਨੀ ਹੋ ਗਈ। ਪਹਿਲਾਂ ਹੀ ਜਿਸ ਦਾ ਹਿਰਦਾ ਬੜਾ ਸ਼ੁਧ ਸੀ, ਫਿਰ ਦਰਸ਼ਨ ਕਰਨ ਨਾਲ ਵੱਡਾ ਪ੍ਰੇਮ ਜਾਗਿਆ॥ ੪੩॥

ਜਥੋਂ ਅਤਿ ਸ੍ਵੇਤ ਬਸਤ੍ਰ ਹੁਇ ਕੋਈ। ਰੰਗਰੇਜ ਲੇ ਰੰਗਹਿ ਸੋਈ।
ਗੂੜ੍ਹਾ ਰੰਗ ਬਿਮਲ ਅਤਿ ਆਵੈ। ਜਿਸ ਕੀ ਸਮਤਾ ਅਪਰ ਨ ਪਾਵੈ॥ ੪੪॥

ਜਿਵੇਂ ਕੋਈ ਅਤਿ ਸਫੇਦ ਕੱਪੜਾ ਹੁੰਦਾ ਹੈ, ਲਲਾਰੀ ਲੈ ਕੇ ਉਸ ਨੂੰ ਰੰਗ ਦਿੰਦਾ ਹੈ, ਫਿਰ ਉਸ ਕਪੜੇ ਉਤੇ ਬੜਾ ਗੂੜ੍ਹਾ ਰੰਗ ਚੜ੍ਹਦਾ ਹੈ, ਜਿਸ ਦੀ ਬਰਾਬਰੀ ਹੋਰ ਕੋਈ ਕੱਪੜਾ ਨਹੀਂ ਕਰ ਸਕਦਾ ਹੈ॥ ੪੪॥

ਤਥੋਂ ਮੱਖਣ ਮਨ ਰੰਗਜੋ ਰਾਗ। ਹਲਤ ਪਲਤ ਮਹਿਂ ਭਾ ਬਡਿ ਭਾਗ।
ਪੂਰਨ ਚੰਦ ਮਨਿੰਦ ਨਿਹਾਰੇ। ਚਖ ਚਕੋਰ ਤਬਿ ਭਏ ਬਿਚਾਰੇ॥ ੪੫॥

ਇਸ ਤਰ੍ਹਾਂ ਮੱਖਣ ਸ਼ਾਹ ਦਾ ਮਨ ਪ੍ਰੇਮ ਨਾਲ ਰੰਗਿਆ ਗਿਆ, ਲੋਕ ਪ੍ਰਲੋਕ ਵਿਚ ਉਸ ਦੇ ਵੱਡੇ ਭਾਗ ਹੋ ਗਏ। ਪੂਰਨਮਾਸ਼ੀ ਦੇ ਚੰਦਰਮਾ ਵਾਂਗ ਵੇਖਦਾ ਸੀ। ਤਦ ਨੈਣ ਚਕੋਰ ਵਾਂਗ ਹੋ ਗਏ, ਜਿਹੜੇ ਇਕ ਟੱਕ ਗੁਰੂ ਜੀ ਦੇ ਮੁਖ ਉਤੇ ਟਿਕੇ ਹੋਏ ਸਨ॥ ੪੫॥

ਸਤਿਗੁਰੁ ਸੂਰਜ ਦਰਸ਼ਨ ਜੋਵਾ। ਰਿਦ ਅਰਬਿੰਦ ਪ੍ਰਫੁੱਲਜਤਿ ਹੋਵਾ।
ਸਾਧਨਿ ਸਾਧਤਿ ਸਿਧਿ ਲੈ ਜੈਸੇ। ਧਰਿ ਅਨੰਦ ਕੋ ਬੈਠਜੋ ਤੈਸੇ॥ ੪੬॥

ਸੂਰਜ ਵਰਗੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ, ਹਿਰਦਾ ਕੰਵਲ ਵਾਂਗ ਖਿੜ ਗਿਆ। ਸਾਧਨਾ ਦੇ ਕਰਦਿਆਂ ਜਿਵੇਂ ਸਾਧੂ ਸਿੱਧੀ ਪ੍ਰਾਪਤ ਕਰ ਲਵੇ, ਇਸ ਤਰ੍ਹਾਂ ਅਨੰਦ ਧਾਰ ਕੇ ਬੈਠਾ ਸੀ॥ ੪੬॥

*ਗਿਆਰ੍ਹਵੀਂ ਰਾਸ ਦਾ ਸਤਵਾਂ ਅਧਿਆਇ ਸਮਾਪਤ ਹੋਇਆ॥ ੭॥*

## ਅਧਿਆਇ ਅਠਵਾਂ

*ਗੁਰੂ ਜੀ ਦਾ ਪ੍ਰਗਟ ਹੋਣਾ*

ਦੋਹਰਾ- ਮੱਖਨ ਧੀਰਜ ਧਰਿ ਰਿਦੈ ਹਾਥ ਬੰਦਿ ਕਰਿ ਦੋਇ।
ਨਮਸਕਾਰ ਕਰਿ ਪੁਨਹੁ ਪੁਨ ਪਿਖਿ ਪਿਖਿ ਹਰਖਤਿ ਸੋਇ॥ ੧॥

ਭਾਈ ਮੱਖਣ ਸ਼ਾਹ ਹਿਰਦੇ ਵਿਚ ਧੀਰਜ ਧਾਰ ਕੇ ਤੇ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਕੇ ਫਿਰ ਫਿਰ ਵੇਖ ਵੇਖ ਕੇ ਪ੍ਰਸੰਨ ਹੋ ਰਿਹਾ ਸੀ॥ ੧॥

ਚੌਪਈ- 'ਹੇ ਸਤਿਗੁਰੁ ਪੂਰਨ! ਕਰਿ ਦਯਾ। ਸਾਗਰ ਪਤਾ ਜੁ ਰਾਵਰ ਦਯਾ।
ਨਯੋ ਜਨਮ ਹੋਵਤਿ ਭਾ ਮੋਰਾ। ਕਰਜੋ ਨਿਵਾਰਨਿ ਸੰਕਟ ਘੋਰਾ॥ ੨॥

ਫਿਰ ਕਹਿਣ ਲੱਗਾ, "ਹੇ ਪੂਰਨ ਸਤਿਗੁਰੂ ਜੀ! ਦਇਆ ਕਰੋ, ਜਿਹੜਾ ਆਪ ਜੀ ਨੇ ਸਮੁੰਦਰ ਦਾ ਪਤਾ ਦਿੱਤਾ ਹੈ, ਇਸ ਨਾਲ ਮੇਰਾ ਨਵਾਂ ਜਨਮ ਹੋਇਆ ਹੈ, ਮੇਰੇ ਘੋਰ ਸੰਕਟ ਨੂੰ ਤੁਸੀਂ ਦੂਰ ਕੀਤਾ ਹੈ॥ ੨॥

ਸਕਲ ਜਗਤ ਪੂਰਨ ਧਨ ਧਾਨ। ਸਭਿ ਕੇ ਭਰਤਾ ਆਪ ਮਹਾਂਨ।
ਦੇ ਅਹਾਰ ਸਭਿ ਕੋ ਪ੍ਰਤਿਪਾਰਹੁ। ਕੋਟ ਅਨੰਤ ਸੁ ਜੀਵ ਸੰਭਾਰਹੁ॥ ੩॥

ਤੁਸੀਂ ਸਾਰੇ ਜਗਤ ਨੂੰ ਧਨ ਅਤੇ ਅੰਨ ਨਾਲ ਪੂਰਨ ਕਰਨ ਵਾਲੇ ਹੋ, ਤੁਸੀਂ ਸਾਰਿਆਂ ਦੇ ਮਹਾਨ ਮਾਲਕ ਹੋ। ਸਾਰਿਆਂ ਨੂੰ ਆਹਾਰ ਦੇ ਪ੍ਰਤਿਪਾਲਣਾ ਕਰ ਰਹੇ ਹੋ। ਕਰੋੜਾਂ ਅਨੰਤ ਜੀਵਾਂ ਦੀ ਸੰਭਾਲ ਕਰ ਰਹੇ ਹੋ॥ ੩॥

ਮੁਝ ਤੇ ਧਨ ਨ ਚਹਜੋ ਹੇ ਨਾਥ! ਕਰਜੋ ਜਿਆਵਨਿ ਇਸ ਮਿਸ ਸਾਥ।
ਸਭਿ ਤੇ ਬਡੇ ਭਾਗ ਹੈਂ ਮੇਰੇ। ਪੂਰ ਮਨੋਰਥ ਦਰਸ਼ਨ ਹੇਰੇ॥ ੪॥

ਹੇ ਨਾਥ! ਆਪ ਜੀ ਨੇ ਮੈਥੋਂ ਧਨ ਨਹੀਂ ਮੰਗਿਆ, ਇਸ ਬਹਾਨੇ ਮੈਨੂੰ ਜੀਉਂਦਾ ਕਰ ਲਿਆ ਹੈ। ਮੇਰੇ ਸਭ ਤੋਂ ਵੱਡੇ ਭਾਗ ਹਨ, ਤੁਹਾਡੇ ਦਰਸ਼ਨ ਕਰਕੇ ਮੇਰਾ ਮਨੋਰਥ ਪੂਰਾ ਹੋਇਆ ਹੈ॥ ੪॥

ਦੁਸ਼ਕਰ ਸਾਧਨ ਸਾਧਤਿ ਜੈਸੇ। ਫਲ ਪ੍ਰਾਪਤਿ, ਮੇਰੀ ਗਤਿ ਤੈਸੇ।
ਬਡੇ ਪ੍ਰਵਾਹ ਬਿਖੈ ਬਹੁ ਬਹਜੋ। ਚਹੁੰਦਿਸ਼ਿ ਤੇ ਅਲੰਬ ਨਹਿੰ ਲਹਜੋ॥੫॥

ਜਿਵੇਂ ਕਠਿਨ ਸਾਧਨਾ ਸਾਧਦੇ ਹਨ ਤਾਂ ਫਲ ਪ੍ਰਾਪਤ ਹੁੰਦਾ ਹੈ, ਮੇਰੀ ਗਤੀ ਵੀ ਉਸ ਤਰ੍ਹਾਂ ਦੀ ਹੋਈ ਹੈ। ਵੱਡੇ ਪ੍ਰਵਾਹ ਵਿਚ ਜਿਹੜਾ ਬਹਿੰਦਾ ਜਾ ਰਿਹਾ ਹੋਵੇ, ਚਾਰੇ ਪਾਸਿਆਂ ਤੋਂ ਜਿਸ ਨੂੰ ਕੋਈ ਆਸਰਾ ਨਾ ਮਿਲਿਆ ਹੋਵੇ॥ ੫॥

ਤਿਸ ਕੋ ਨੌਕਾ ਪ੍ਰਾਪਤਿ ਹੋਇ। ਮੈਂ ਅਪਨੀ ਗਤਿ ਜਾਨੌਂ ਸੋਇ।
ਜਿਮ ਸ਼ੱਤ੍ਰੂ ਕੇ ਬਸਿ ਕੋ ਪਰਜੋ। ਛੁਟਹਿ ਰਾਜ ਲੇ, ਤਿਮ ਦੁਖ ਹਰਜੋ॥ ੬॥

ਐਸੇ ਵਿਅਕਤੀ ਨੂੰ ਜੇ ਬੇੜੀ ਪ੍ਰਾਪਤ ਹੋ ਜਾਵੇ, ਮੈਂ ਆਪਣੀ ਅਜਿਹੀ ਹਾਲਤ ਜਾਣਦਾ ਹਾਂ। ਜਿਵੇਂ ਵੈਰੀ ਦੇ ਵੱਸ ਵਿੱਚ ਪਿਆ ਹੋਵੇ ਤੇ ਰਾਜ ਲੈ ਕੇ ਛੁਟਕਾਰਾ ਹੋ ਜਾਵੇ, ਇਸ ਤਰ੍ਹਾਂ ਮੇਰਾ ਦੁਖ ਦੂਰ ਹੋ ਗਿਆ ਹੈ॥ ੬॥

ਜਥਾ ਜੀਵ ਕੋ ਗਹਿ ਲੇ ਜਾਹੀ। ਜਮ ਕਿੰਕਰ ਤਾੜਹਿ ਦੁਖ ਮਾਂਹੀ।
ਪਾਯੋ ਚਹੈ ਨਰਕ ਮਹਿਂ ਸੋਇ। ਤਿਸ ਕੋ ਸੁਰਗ ਦੇਹਿ ਜਿਮ ਕੋਇ॥ ੭॥

ਜਿਵੇਂ ਜਮ ਕਿੰਕਰ ਜੀਵ ਨੂੰ ਫੜ ਕੇ ਲੈ ਜਾਣ ਤੇ ਦੁਖ ਦੇ ਕੇ ਤਾੜਨਾ ਕਰਨ ਤੇ ਨਰਕ ਵਿਚ ਪਾਉਣਾ ਚਾਹੁਣ, ਜਿਵੇਂ ਉਸ ਵਿਅਕਤੀ ਨੂੰ ਕੋਈ ਸਵਰਗ ਦੇ ਦੇਵੇ॥ ੭॥

ਜਥਾ ਗਯੋ ਨਰ ਕੋ ਪਰਦੇਸ਼। ਪਰਜੋ ਉਜਾਰ ਭ੍ਰਮਤਿ ਸ ਕਲੇਸ਼।
ਖਾਨ ਪਾਨ ਬਿਨ ਮ੍ਰਿਤਕ ਸਮਾਨਾ। ਘਰ ਪੁਚਾਇ ਤਿਹ, ਮੈਂ ਤਿਮ ਜਾਨਾ॥ ੮॥

ਜਿਵੇਂ ਕੋਈ ਮਨੁੱਖ ਪ੍ਰਦੇਸ਼ ਗਿਆ ਹੋਵੇ, ਉਜਾੜ ਵਿਚ ਪਿਆ ਕਲੇਸ਼ ਵਿਚ ਭਰਮ ਰਿਹਾ ਹੋਵੇ, ਖਾਣ-ਪੀਣ ਤੋਂ ਬਗ਼ੈਰ ਮ੍ਰਿਤੂ ਸਮਾਨ ਹੋ ਗਿਆ ਹੋਵੇ ਤੇ ਉਸ ਵਿਅਕਤੀ ਨੂੰ ਚੁਕ ਕੇ ਕੋਈ ਉਸ ਦੇ ਘਰ ਪਹੁੰਚਾ ਦੇਵੇ, ਇਸ ਤਰ੍ਹਾਂ ਮੈਂ ਜਾਣਿਆ ਹੈ॥ ੮॥

ਦੀਨ ਜਾਨਿ ਦੀਨਸਿ ਤੁਮ ਦਾਨਾ। ਭਯੋ ਮ੍ਰਿਤਕ ਮੈਂ ਪਾਯਹੁ ਪ੍ਰਾਨਾ।
ਹੁਤੇ ਗੁਪਤ ਮਮ ਕਾਰਨ ਕਰਿਕੈ। ਭਏ ਪ੍ਰਗਟ ਤੁਮ ਆਪ ਉਚਰਿਕੈ॥ ੯॥

ਗ਼ਰੀਬ ਜਾਣ ਕੇ ਤੁਸੀਂ ਮੈਨੂੰ ਦਾਨ ਦਿੱਤਾ ਹੈ, ਮ੍ਰਿਤਕ ਵਾਂਗ ਹੋ ਗਿਆ ਸੀ ਤੇ ਹੁਣ ਮੈਂ ਪ੍ਰਾਣ ਪਾ ਲਏ ਹਨ। ਮੇਰੇ ਕਾਰਨ ਕਰਕੇ ਤੁਸੀਂ ਗੁਪਤ ਹੋ ਗਏ ਸੀ ਤੇ ਹੁਣ ਆਪ ਉਚਾਰਨ ਕਰਕੇ ਪ੍ਰਗਟ ਹੋ ਗਏ ਹੋ॥ ੯॥

ਇਹ ਜਸੁ ਮੋ ਕਹੁ ਦੀਨਿ ਬਿਸਾਲਾ। ਹੈਂ ਮਮ ਭਾਗ ਬਡੇ ਇਸ ਕਾਲਾ।
ਅੰਤਰ ਬ੍ਰਿਤੀ ਆਪ ਨਿਤ ਰਹੋ। ਬ੍ਰਹਮਾਨੰਦ ਸਦਾ ਉਰ ਲਹੋ॥ ੧੦॥

ਇਹ ਵਿਸ਼ਾਲ ਜੱਸ ਤੁਸੀਂ ਮੈਨੂੰ ਬਖਸ਼ਿਆ ਹੈ। ਇਸ ਸਮੇਂ ਮੇਰੇ ਵੱਡੇ ਭਾਗ ਹਨ। ਆਪ ਸਦਾ ਅੰਤਰ ਬ੍ਰਿਤੀ ਵਿਚ ਰਹਿੰਦੇ ਹੋ, ਬ੍ਰਹਮ ਅਨੰਦ ਸਦਾ ਹਿਰਦੇ ਵਿਚ ਪ੍ਰਾਪਤ ਕਰਦੇ ਹੋ॥ ੧੦॥

ਚੌਦਹਿਂ ਲੋਕ ਪਤੀ ਗੁਨ ਖਾਨੀ!। ਮੁਝ ਨਿਸ਼ਚਾ ਦੀਨਸਿ ਕਹਿ ਬਾਨੀ।
ਸਭਿ ਤ ਛਪੇ ਰਹੇ ਨਹਿਂ ਜਾਨੇ। ਕ੍ਰਿਯਾ ਸੁਭਾਇ ਦਿਖਾਇ ਨ ਆਨੇ॥ ੧੧॥

ਹੇ ਗੁਣਾਂ ਦੀ ਖਾਣ! ਤੁਸੀਂ ਚੌਦਾਂ ਲੋਕਾਂ ਦੇ ਮਾਲਕ ਹੋ, ਆਪਣੇ ਬਚਨ ਕਹਿ ਕੇ ਮੈਨੂੰ ਨਿਸ਼ਚਾ ਦਿੱਤਾ ਹੈ। ਸਾਰਿਆਂ ਪਾਸੋਂ ਛੁਪੇ ਰਹੇ ਹੋ ਕਿਸੇ ਵੀ ਨਹੀਂ ਜਾਣਿਆ ਹੈ। ਆਪਣੇ ਆਪ ਨੂੰ ਹੋਰ ਕਿਸੇ ਨੂੰ ਨਹੀਂ ਵਿਖਾਇਆ ਹੈ॥ ੧੧॥

ਇਕ ਮੋ ਕਹੁ ਨਿਜ ਪਤਾ ਬਤਾਵਾ। ਅਪਰ ਸੁ ਨਹੀਂ ਭੇਵ ਤੁਮ ਪਾਵਾ।
ਯਾਂਤੇ ਅਤਿ ਪ੍ਰਸੰਨਤਾ ਮੋਹੀ। ਸਤਿਗੁਰੁ ਕਰੁਨਾ ਨਿਜ ਪਰ ਜੋਹੀ॥ ੧੨॥

ਇਕ ਮੈਨੂੰ ਹੀ ਆਪਣਾ ਪਤਾ ਦੱਸਿਆ ਹੈ, ਹੋਰ ਕਿਸੇ ਨੇ ਤੁਹਾਡਾ ਭੇਦ ਨਹੀਂ ਪਾਇਆ ਹੈ। ਇਸ ਕਰਕੇ ਮੈਂ ਅਤਿ ਪ੍ਰਸੰਨ ਹੋਇਆ ਹਾਂ, ਸਤਿਗੁਰੂ ਜੀ ਜਿਸ ਉਤੇ ਆਪਣੀ ਕਿਰਪਾ ਕਰਦੇ ਹਨ॥ ੧੨॥

ਧੰਨ ਸਰੂਪ ਆਪ ਕੋ ਅਹੈ। ਸਿੱਖ ਸਰਬੱਤ ਆਸਰੋ ਲਹੈਂ।
ਏਕ ਸ਼ਰਨ ਸਿੱਖਜਨਿ ਕੀ ਰਾਵਰ। ਤੁਮ ਤਜਿ ਭ੍ਰਮਹਿਂ ਸਿ ਨਰ ਜਗ ਬਾਵਰ॥੧੩॥

ਆਪ ਜੀ ਦਾ ਧੰਨ ਸਰੂਪ ਹੈ, ਸਾਰੇ ਸਿੱਖ ਆਸਰਾ ਪ੍ਰਾਪਤ ਕਰਨਗੇ। ਆਪ ਜੀ ਇਕੋ ਇਕ ਸਿੱਖਾਂ ਦੀ ਸਰਨ ਹੋ ਤੁਹਾਨੂੰ ਛੱਡ ਕੇ ਮਨੁੱਖ ਕਮਲੇ ਹੋਏ ਜੱਗ ਵਿਚ ਭਰਮਦੇ ਫਿਰਦੇ ਹਨ" ॥ ੧੩ ॥

**ਇੱਤਜਾਦਿਕ ਕਹਿ ਬਾਕ ਘਨੇਰੇ। ਤ੍ਰਿਪਤਿ ਨ ਹੋਤਿ ਦਰਸ ਗੁਰੁ ਹੇਰੇ।**
**ਅਤੁਲਤ ਹਰਖ ਰਿਦੈ ਭਰਿ ਆਵਾ। ਉਠਤਿ ਬੇਰਿ ਪੁਨ ਸੀਸ ਨਿਵਾਵਾ ॥੧੪ ॥**

ਮੱਖਣ ਸ਼ਾਹ ਨੇ ਇਤਿਆਦਿਕ ਬਹੁਤ ਬਚਨ ਕੀਤੇ, ਗੁਰੂ ਜੀ ਦੇ ਦਰਸ਼ਨ ਕਰਕੇ ਉਹ ਤ੍ਰਿਪਤ ਨਹੀਂ ਸੀ ਹੋ ਰਿਹਾ। ਭਾਰੀ ਪ੍ਰਸੰਨਤਾ ਹਿਰਦੇ ਵਿਚ ਭਰ ਗਈ। ਉੱਠਣ ਲੱਗਿਆਂ ਉਸ ਨੇ ਫਿਰ ਆਪਣਾ ਸਿਰ ਨਿਵਾਇਆ ॥ ੧੪ ॥

**ਚਰਨ ਸਪਰਸ਼ੇ ਦ੍ਵੈ ਕਰ ਸਾਥਿ। ਭਯੋ ਕ੍ਰਿਤਾਰਥ ਦਰਸੇ ਨਾਥ।**
**'ਪੁਨ ਮੈਂ ਦਰਸੌਂ' ਬਾਕ ਬਖਾਨੋ। 'ਅਬਹਿ ਨ ਡੋਲੌਂ ਧੀਰਜ ਠਾਨੌਂ' ॥ ੧੫ ॥**

ਆਪਣੇ ਦੋਹਾਂ ਹੱਥਾਂ ਨਾਲ ਗੁਰੂ ਜੀ ਦੇ ਚਰਨਾਂ ਨੂੰ ਛੂਹਿਆ ਮਾਲਕ ਪ੍ਰਭੂ ਦੇ ਦਰਸ਼ਨ ਕਰਕੇ ਨਿਹਾਲ ਹੋ ਗਿਆ। ਫਿਰ ਉਸ ਨੇ ਕਿਹਾ, "ਮੈਂ ਦੁਬਾਰਾ ਦਰਸ਼ਨ ਕਰਾਂਗਾ, ਹੁਣ ਮੈਂ ਡੋਲਾਂਗਾ ਨਹੀਂ ਧੀਰਜ ਧਾਰਨ ਕਰਾਂਗਾ" ॥ ੧੫ ॥

**ਨਿਕਸਜੋ ਚਲਿ ਆਯੋ ਨਿਜ ਡੇਰੇ। ਕਿਸਹੂੰ ਸੋਂ ਨ ਕਹਜੋ ਤਿਸ ਬੇਰੇ।**
**ਨਿਜ ਨਿਜ ਡੇਰਨਿ ਸਕਲ ਪਠਾਏ। ਏਕਾਕੀ ਹਰਖਤਿ ਸੁਖ ਪਾਏ ॥ ੧੬ ॥**

ਗੁਰੂ ਜੀ ਪਾਸੋਂ ਨਿਕਲ ਕੇ ਆਪਣੇ ਡੇਰੇ ਚਲ ਕੇ ਆ ਗਿਆ, ਉਸ ਸਮੇਂ ਕਿਸੇ ਨੂੰ ਵੀ ਕੁਝ ਨਾ ਕਿਹਾ। ਆਪਣੇ ਆਪਣੇ ਡੇਰਿਆਂ ਵਿਚ ਸਭ ਨੂੰ ਭੇਜ ਦਿੱਤਾ, ਇਕੱਲੇ ਨੇ ਹੀ ਪ੍ਰਸੰਨ ਹੋ ਕੇ ਸੁਖ ਪਾਇਆ ॥ ੧੬ ॥

**ਨਿਜ ਕਰਤੱਬਜ ਚਿਤਵਿ ਕਰਿ ਆਛੇ। ਅਪਨਿ ਨਰਨਿ ਸੋਂ ਬੋਲਜੋ ਪਾਛੇ।**
**'ਸੀਵਨਿਹਾਰ ਚਤੁਰ ਲੇ ਆਵੋ। ਦ੍ਵੈ ਦੁਇ ਤੀਨ ਸੁ ਛਿੰਪ੍ਰ ਬੁਲਾਵੋ ॥ ੧੭ ॥**

ਆਪਣਾ ਚੰਗਾ ਕਰਤਵ ਵਿਚਾਰ ਕੇ, ਬਾਅਦ ਵਿਚ ਆਪਣੇ ਮਨੁੱਖਾਂ ਨੂੰ ਕਿਹਾ, "ਚੰਗੇ ਚਤੁਰ ਦਰਜ਼ੀ ਲੈ ਆਵੋ, ਦੋ ਤਿੰਨ ਦਰਜ਼ੀਆਂ ਨੂੰ ਤੁਰਤ ਬੁਲਾਵੋ ॥ ੧੭ ॥

**ਸੂਖਮ ਬਸਤ੍ਰ ਸੁ ਤੋਸ਼ੇ ਖਾਨੇ। ਕਰਹੁ ਸਿਵਾਵਨਿ ਤੂਰਨ ਠਾਨੇ।**
**ਬਹੁ ਪਾਲੇ ਕੋ ਜਾਮਾ ਹੋਇ। ਕਰਹੁ ਸੁ ਤੂਰਨਤਾ ਸੰਗ ਸੋਇ ॥ ੧੮ ॥**

ਜਿਹੜੇ ਕੋਮਲ ਕਪੜੇ ਤੋਸ਼ੇਖਾਨੇ ਵਿਚ ਪਏ ਹਨ, ਉਨ੍ਹਾਂ ਨੂੰ ਸ਼ੀਘਰਤਾ ਧਾਰ ਕੇ ਸਿਲਵਾ ਲਵੋ। ਬਹੁਤ ਪੱਲਿਆਂ ਵਾਲਾ ਜਾਮਾ ਹੋਵੇ, ਇਸ ਕਾਰਜ ਨੂੰ ਬਹੁਤ ਛੇਤੀ ਕਰੋ ॥ ੧੮ ॥

**ਸਰਬ ਬਸਤ੍ਰ ਕਰਿ ਲੇਵਹੁ ਤਜਾਰੂ। ਬਹੁਤ ਮੋਲ ਕੋ ਹੋਇ ਜੁ ਚਾਰੂ।**
**ਪੋਸ਼ਿਸ਼ ਸਗਰੀ ਨਿਸਾ ਮਝਾਰੀ। ਬਹੁਤ ਮੋਲ ਕੀ ਕੀਜਹਿ ਤਜਾਰੀ' ॥ ੧੯ ॥**

ਸਾਰੇ ਕਪੜੇ ਤਿਆਰ ਕਰ ਲਵੋ, ਜਿਹੜੇ ਬਹੁਤ ਕੀਮਤੀ ਅਤੇ ਸੁੰਦਰ ਹੋਣ। ਸਾਰੀਆਂ ਪੋਸ਼ਾਕਾਂ ਜਿਹੜੀਆਂ ਬਹੁਤ ਵਧੀਆ ਹੋਣ ਰਾਤ ਸਮੇਂ ਤਿਆਰ ਕਰਵਾ ਲਵੋ" ॥ ੧੯ ॥

**ਸੁਨਿ ਸੇਵਕ ਤੂਰਨ ਹੀ ਧਾਯੋ। ਚਹਿਯੈ ਵਸਤੁ ਸੁ ਸਗਰੀ ਲਜਾਯੋ।**
**ਬਹੁਤ ਮੋਲ ਕੇ ਬਸਤ੍ਰ ਨਿਕਾਸੇ। ਸੀਵਨਿ ਲਗੇ ਬੈਠਿ ਨਰ ਪਾਸੇ ॥ ੨੦ ॥**

ਇਹ ਸੁਣ ਕੇ ਸੇਵਕ ਤੁਰਤ ਦੌੜੇ ਗਏ, ਜੋ ਵੀ ਮੱਖਣ ਸ਼ਾਹ ਚਾਹੁੰਦਾ ਸੀ ਸਾਰੀਆਂ ਵਸਤਾਂ ਲੈ ਕੇ ਆਏ। ਬਹੁਤ ਕੀਮਤੀ ਕਪੜੇ ਕੱਢ ਲਿਆਏ, ਤੇ ਕੁਝ ਮਨੁੱਖ ਇਕ ਪਾਸੇ ਬੈਠ ਕੇ ਸੀਉਣ ਲੱਗ ਗਏ ॥ ੨੦ ॥

ਸਰਬ ਸਰਵਰੀ ਕੇਰ ਬਿਤਾਈ। ਕਰਿ ਪੋਸ਼ਿਸ਼ ਰਚਿ ਸੁੰਦਰਤਾਈ।
ਬ੍ਰਹਮ ਮਹੂਰਤ ਮਹਿਂ ਉਠਿ ਕਰਿਕੈ। ਮੱਖਣ ਸ਼ਾਹ ਹਰਖ ਉਰ ਭਰਿਕੈ॥ ੨੧॥

ਸਾਰੀ ਰਾਤ ਸੀਉਂਦਿਆਂ ਬਤੀਤ ਹੋ ਗਈ ਤੇ ਬਹੁਤ ਸੁੰਦਰ ਪੋਸ਼ਾਕਾਂ ਤਿਆਰ ਕਰਵਾ ਲਈਆਂ। ਸੂਰਜ ਚੜ੍ਹਨ ਤੋਂ ਚਾਰ ਘੜੀ ਪਹਿਲਾਂ ਦੇ ਸਮੇਂ ਉੱਠ ਕੇ, ਮੱਖਣ ਸ਼ਾਹ ਹਿਰਦੇ ਵਿਚ ਪ੍ਰਸੰਨ ਹੋ ਗਿਆ॥ ੨੧॥

ਮੱਜਨ ਆਦਿ ਕ੍ਰਿਯਾ ਕਰਿ ਸਾਰੀ। ਗੁਰ ਬਾਨੀ ਕਰਿ ਪ੍ਰੇਮ ਉਚਾਰੀ।
ਜਿਤੋ ਨੇਮ ਸੋ ਪਠਿ ਕਰਿ ਆਛੇ। ਜਪੁਜੀ ਪ੍ਰਥਮ ਸੁਖਮਨੀ ਪਾਛੇ॥ ੨੨॥

ਇਸ਼ਨਾਨ ਆਦਿ ਦੀ ਸਾਰੀ ਕ੍ਰਿਆ ਕੀਤੀ ਤੇ ਫਿਰ ਬੜੇ ਪ੍ਰੇਮ ਨਾਲ ਗੁਰਬਾਣੀ ਦਾ ਉਚਾਰਨ ਕੀਤਾ। ਬਾਣੀ ਪੜ੍ਹਨ ਦਾ ਜਿੰਨਾ ਨਿਤਨੇਮ ਸੀ, ਓਨੀ ਬਾਣੀ ਚੰਗੀ ਤਰ੍ਹਾਂ ਪੜ੍ਹੀ। ਪਹਿਲਾਂ ਜਪੁਜੀ ਸਾਹਿਬ ਦਾ ਪਾਠ ਕਰਕੇ ਫ਼ਿਰ ਬਾਅਦ ਵਿਚ ਸੁਖਮਨੀ ਸਾਹਿਬ ਪੜ੍ਹਿਆ॥ ੨੨॥

ਉੱਜਲ ਪੋਸ਼ਿਸ਼ ਪਹਿਰੀ ਫੇਰ। ਪੁਨਹਿਂ ਤਿਹਾਵਲ ਕੀਨਿ ਘਨੇਰ।
ਸੁਚ ਸੰਜਮ ਪਠਤਜੋ ਗੁਰ ਗਿਰਾ। ਪੰਚਾਂਮ੍ਰਿਤ ਤਯਾਰ ਬਹੁ ਕਰਾ॥ ੨੩॥

ਫਿਰ ਬਹੁਤ ਉੱਜਲ ਕਪੜੇ ਪਹਿਣ ਲਏ, ਬਾਅਦ ਵਿਚ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ। ਤਿਆਰ ਕਰਦੇ ਸਮੇਂ ਗੁਰਬਾਣੀ ਦਾ ਪਾਠ ਕਰਦੇ ਰਹੇ ਤੇ ਪੂਰਾ ਸੁੱਚ ਸੰਜਮ ਵਰਤਿਆ। ਇਸ ਤਰ੍ਹਾਂ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ॥ ੨੩॥

ਮੇਵੇ ਅਨਿਕ ਪ੍ਰਕਾਰ ਪਵਾਏ। ਨਿਜ ਦਾਸਨਿ ਤੇ ਲਿਯ ਉਠਿਵਾਏ।
ਮੁਹਰ ਪੰਚ ਸੈ ਗਿਨਿ ਕੈ ਲੀਨਿ। ਜੋ ਗੁਰ ਕੇ ਹਿਤ ਸੰਚਨਿ ਕੀਨਿ॥ ੨੪॥

ਕੜਾਹ ਪ੍ਰਸ਼ਾਦਿ ਵਿਚ ਅਨੇਕ ਪ੍ਰਕਾਰ ਦੇ ਮੇਵੇ ਪਵਾਏ ਤੇ ਆਪਣੇ ਸੇਵਕਾਂ ਪਾਸੋਂ ਪ੍ਰਸ਼ਾਦਿ ਉਠਵਾ ਲਿਆ। ਪੰਜ ਸੌ ਮੁਹਰਾਂ ਗਿਣ ਕੇ ਲਈਆਂ, ਜਿਹੜੀਆਂ ਗੁਰੂ ਜੀ ਵਾਸਤੇ ਇਕੱਠੀਆਂ ਕੀਤੀਆਂ ਸਨ॥੨੪॥

ਪੁਨ ਉਠਿਵਾਇ ਪੁਸ਼ਾਕ ਨਵੀਨ। ਮੱਖਣਸ਼ਾਹੁ ਮਹਾਂਨ ਪ੍ਰਬੀਨ।
ਸੁਭਟਨਿ ਭੀਰ ਸੰਗ ਲੈ ਚਲਜੋ। ਸਤਿਗੁਰ ਚਰਨ ਪ੍ਰੇਮ ਮਹਿਂ ਢਲਜੋ॥ ੨੫॥

ਫਿਰ ਮਹਾਨ ਚਤੁਰ ਮੱਖਣ ਸ਼ਾਹ ਨੇ ਨਵੀਆਂ ਪੁਸ਼ਾਕਾਂ ਉਠਵਾ ਲਈਆਂ। ਸੂਰਮਿਆਂ ਦੀ ਬਹੁਤ ਭੀੜ ਨਾਲ ਲੈ ਕੇ ਚਲਿਆ। ਜਿਹੜਾ ਸਤਿਗੁਰੂ ਜੀ ਦੇ ਚਰਨਾਂ ਦੇ ਪ੍ਰੇਮ ਵਿਚ ਢਲਿਆ ਹੋਇਆ ਸੀ॥ ੨੫॥

ਚਹਿਤ ਰਿਦੈ ਬਿਦਤਾਵਨਿ ਗੁਰ ਕੋ। ਜਿਨਹੁਂ ਮਨੋਰਥ ਭਾਖਜੋ ਉਰ ਕੋ।
ਜੋ ਸੰਗਤਿ ਭੂਲੀ ਸਭਿ ਥਾਇਂ। ਕੋ ਕਿਸ ਕੌ ਕਿਸ ਲਾਗਹਿ ਪਾਇ॥ ੨੬॥

ਹਿਰਦੇ ਵਿਚ ਗੁਰੂ ਜੀ ਨੂੰ ਪ੍ਰਗਟ ਕਰਨਾ ਚਾਹੁੰਦਾ ਸੀ, ਜਿਨ੍ਹਾਂ ਨੇ ਹਿਰਦੇ ਦਾ ਮਨੋਰਥ ਦੱਸਿਆ ਸੀ। ਜਿਹੜੀ ਸੰਗਤ ਸਭ ਥਾਈਂ ਭੁਲੀ ਫਿਰਦੀ ਸੀ, ਕੋਈ ਕਿਸੇ ਤੇ ਕੋਈ ਕਿਸੇ ਦੇ ਪੈਰੀਂ ਜਾ ਲਗਦਾ ਸੀ॥ ੨੬॥

ਜਾਨਿ ਜਾਨਿ ਸ੍ਰੀ ਨਾਨਕ ਗਾਦੀ। ਪੂਜਹਿਂ ਦੇਹਿਂ ਦਰਬ ਤੇ ਆਦੀ।
ਗੁਰੂ ਨ ਨਿਸ਼ਚੈ ਕੀਨਸਿ ਕੋਇ। ਚਾਹਤਿ ਸਭਿ, ਇਕ ਪੂਰਨ ਹੋਇ॥ ੨੭॥

ਗੁਰੂ ਨਾਨਕ ਦੇਵ ਜੀ ਦੀ ਗੱਦੀ ਜਾਣ ਜਾਣ ਕੇ ਪੂਜਦੇ ਸਨ ਤੇ ਧਨ ਆਦਿ ਦਿੰਦੇ ਸਨ। ਕੋਈ ਵੀ ਗੁਰੂ ਜੀ ਉੱਤੇ ਨਿਸ਼ਚਾ ਨਹੀਂ ਸੀ ਕਰਦਾ, ਸਾਰੇ ਚਾਹੁੰਦੇ ਸਨ ਕਿ ਇਕ ਪੂਰਨ ਗੁਰੂ ਹੋਵੇ॥ ੨੭॥

ਕੇਤਿਕ ਸਿੱਖਜ ਉਪਾਇਨ ਭਾਰੀ। ਅਰਪਨਿ ਕਾਰਨ ਗੁਰੂ ਅਗਾਰੀ।
ਰਾਖੀ ਪਾਸ, ਨ ਦੀਨਸਿ ਕਾਂਹਿ। ਪ੍ਰਗਟਹਿਂ ਤਬਿ ਦੈਹੈਂ ਗੁਰ ਪਾਹਿ॥ ੨੮॥

ਕਈਆਂ ਸਿੱਖਾਂ ਨੇ ਭਾਰੀ ਉਪਹਾਰ ਗੁਰੂ ਜੀ ਦੇ ਅੱਗੇ ਅਰਪਣ ਕਰਨ ਵਾਸਤੇ ਆਪਣੇ ਪਾਸ ਰੱਖੇ ਸਨ, ਕਿਸੇ ਨੂੰ ਵੀ ਨਹੀਂ ਦਿੰਦੇ ਸਨ, ਉਹ ਸੋਚਦੇ ਸਨ ਜਦ ਗੁਰੂ ਜੀ ਪ੍ਰਗਟ ਹੋਣਗੇ ਤਾਂ ਗੁਰੂ ਜੀ ਪਾਸ ਦੇਵਾਂਗੇ॥ ੨੮॥

ਇਸ ਪ੍ਰਕਾਰ ਕਰਿ ਸੰਗਤਿ ਘਨੀ। ਉਤਰੀ ਹੁਤੀ ਜੁ ਸੰਸੈ ਸਨੀ।
ਗੁਰੂ ਬਕਾਲੇ ਮਹਿਂ ਪ੍ਰਗਟਾਵੈਂ। ਇਸੀ ਬਾਕ ਪਰ ਮਤੀ ਟਿਕਾਵੈਂ॥ ੨੯॥

ਇਸ ਪ੍ਰਕਾਰ ਬਹੁਤ ਵੱਡੀ ਸੰਗਤ ਬਕਾਲੇ ਵਿਚ ਉਤਰੀ ਹੋਈ ਸੀ ਤੇ ਜਿਹੜੀ ਸ਼ੰਕੇ ਸਹਿਤ ਸੀ। ਗੁਰੂ ਜੀ ਬਕਾਲੇ ਵਿਚ ਪ੍ਰਗਟ ਹੋਣਗੇ, ਏਸੇ ਬਚਨਾਂ 'ਤੇ ਉਨ੍ਹਾਂ ਆਪਣੀ ਬੁੱਧੀ ਟਿਕਾਈ ਹੋਈ ਸੀ॥ ੨੯॥

ਸਿੱਖ ਸੈਂਕਰੇ ਬੀਚ ਬਕਾਲੇ। ਉਤਰੇ ਜਹਿਂ ਕਹਿਂ ਪ੍ਰੇਮ ਬਿਸਾਲੇ।
ਕਰਤਿ ਪ੍ਰਤੀਛਨਿ ਗੁਰੁ ਬਿਦਤਾਵੈਂ। ਦੇਹਿਂ ਉਪਾਇਨਿ ਦਰਸ਼ਨ ਪਾਵੈਂ॥ ੩੦॥

ਸੈਂਕੜੇ ਸਿੱਖ ਬਕਾਲੇ ਦੇ ਵਿਚ ਜਿੱਥੇ ਕਿੱਥੇ ਬੜੇ ਪ੍ਰੇਮ ਸਹਿਤ ਉਤਰੇ ਹੋਏ ਸਨ। ਇਹ ਇੰਤਜ਼ਾਰ ਕਰ ਰਹੇ ਸਨ ਕਿ ਕਦ ਗੁਰੂ ਜੀ ਪ੍ਰਗਟ ਹੁੰਦੇ ਹਨ ਤੇ ਉਪਹਾਰ ਦੇ ਕੇ ਦਰਸ਼ਨ ਪਾਈਏ॥ ੩੦॥

ਸਿੱਖਨਿ ਪਰ ਹੋਵਨਿ ਉਪਕਾਰੀ। ਚਿਤਵਤਿ ਮੱਖਣ ਰਿਦੈ ਮਝਾਰੀ।
ਗੁਰ ਘਰ ਸਨਮੁਖ ਗਮਨਜੋ ਜਾਇ। ਸਕਲ ਉਪਾਇਨ ਸੰਗ ਲਵਾਇ॥ ੩੧॥

ਸਿੱਖਾਂ ਉਤੇ ਪਰਉਪਕਾਰ ਕਰਾਂ, ਮੱਖਣ ਸ਼ਾਹ ਹਿਰਦੇ ਵਿਚ ਇਹ ਵਿਚਾਰ ਰਿਹਾ ਸੀ। ਮੱਖਣ ਸ਼ਾਹ ਗੁਰੂ ਘਰ ਦੇ ਸਾਹਮਣੇ ਪਹੁੰਚ ਗਿਆ, ਸਾਰੇ ਉਪਹਾਰ ਆਪਣੇ ਨਾਲ ਲਦਵਾ ਕੇ ਲੈ ਆਇਆ॥ ੩੧॥

ਸਿੱਖਜ ਬਹੁਤ ਅਰੁ ਅਏ ਮਸੰਦ। ਗਮਨਤਿ ਭਯੋ ਨਰਨਿ ਕਹੁ ਬ੍ਰਿੰਦ।
ਆਪਸ ਮਹਿਂ ਬੋਲਤਿ ਬਹੁ ਰੀਤੀ। 'ਕਿਸ ਢਿਗ ਜਾਇ ਅਬਹਿ ਜੁਤਿ ਪ੍ਰੀਤੀ॥ ੩੨॥

ਬਹੁਤ ਸਿੱਖ ਅਤੇ ਮਸੰਦ ਆਏ, ਬਹੁਤ ਮਨੁੱਖਾਂ ਦੇ ਨਾਲ ਚਲਿਆ ਜਾ ਰਿਹਾ ਸੀ। ਸਾਰੇ ਮਨੁੱਖ ਆਪਸ ਵਿਚ ਬਹੁਤ ਰੀਤੀਆਂ ਨਾਲ ਗੱਲਾਂ ਕਰਦੇ ਸਨ, "ਹੁਣ ਇਹ ਪ੍ਰੀਤ ਸਹਿਤ ਕਿਸ ਪਾਸ ਜਾਵੇਗਾ॥ ੩੨॥

ਏਕ ਬਾਰ ਤੋ ਸਭਿ ਕੇ ਪਾਸ। ਜਾਇ ਜਾਇ ਕੀਨਸਿ ਅਰਦਾਸ।
ਅਬਿ ਇਨ ਲੀਨਿ ਉਪਾਇਨ ਭਾਰੀ। ਜਿਸ ਕੋ ਅਰਪਹਿ ਪੂਜਿ ਅਗਾਰੀ'॥ ੩੩॥

ਇਕ ਵਾਰ ਤਾਂ ਸਭ ਦੇ ਪਾਸ ਗਿਆ ਹੈ ਤੇ ਜਾ ਜਾ ਕੇ ਬੇਨਤੀ ਕੀਤੀ ਹੈ। ਹੁਣ ਇਸ ਨੇ ਬਹੁਤ ਭਾਰੀ ਉਪਹਾਰ ਲਏ ਹਨ, ਜਿਸ ਦੇ ਅੱਗੇ ਜਾ ਕੇ ਅਰਪਣ ਕਰਕੇ ਪੂਜੇਗਾ"॥ ੩੩॥

ਨਿਜ ਨਿਜ ਦਿਸ਼ਿ ਸੁਧਿ ਤੁਰਤਿ ਪਠਾਈ। 'ਤਯਾਰੀ ਕਰਿ ਬੈਠਹੁ ਅਗੁਵਾਈ'।
ਸਭਿ ਕੇ ਉਰ ਪ੍ਰਤੀਛਨਾ ਜਾਗੀ। ਹਮ ਢਿਗ ਆਵਹਿਗੋ ਅਨੁਰਾਗੀ॥ ੩੪॥

ਆਪਣੇ ਆਪਣੇ ਪਾਸੇ ਤੁਰਤ ਖਬਰ ਭੇਜੀ, "ਪਹਿਲਾਂ ਹੀ ਤਿਆਰੀ ਕਰ ਕੇ ਬੈਠ ਜਾਵੋ। ਸਾਰਿਆਂ ਦੇ ਹਿਰਦਿਆਂ ਵਿਚ ਉਤੇਜਨਾ ਜਾਗੀ ਕਿ ਸਾਡੇ ਪਾਸ ਪ੍ਰੇਮ ਨਾਲ ਆਉਣਗੇ॥ ੩੪॥

ਧੀਰਮੱਲਜ ਮਸਨੰਦ ਡਸਾਇ। ਬਡ ਉਪਧਾਨੁ ਧਰੇ ਮੰਗਵਾਇ।
ਦਾਸ ਚਮਰ ਲੈ ਕੇ ਭਾ ਠਾਂਢੋ। ਸਰਬ ਭਾਂਤਿ ਜਿਸ ਐਸ਼੍ਰਜ ਬਾਢੋ॥ ੩੫॥

ਧੀਰਮੱਲ ਨੇ ਬਹੁਤ ਵੱਡਾ ਫਰਸ਼ ਵਿਛਵਾਇਆ ਤੇ ਮੰਗਵਾ ਕੇ ਉਤੇ ਬਹੁਤ ਵੱਡਾ ਸਰਹਾਣਾ ਰੱਖਿਆ। ਸੇਵਕ ਚੌਰ ਲੈ ਕੇ ਪਾਸ ਖਲੋ ਗਏ, ਸਰਬ ਪ੍ਰਕਾਰ ਜਿਸ ਪਾਸ ਧਨ ਦੌਲਤ ਵਧਿਆ ਹੋਇਆ ਸੀ॥ ੩੫॥

**ਨਿਜ ਨਿਜ ਸ਼ਕਤਿ ਅਪਰ ਸੌਢੀਨ। ਬਨਿ ਬਨਿ ਬੈਠਹਿ ਸੌਜ ਨਵੀਨ।**
**ਕਰਹਿਂ ਬਿਛਾਵਨਿ ਕੇਰ ਡਸਾਵਨਿ। ਨਿਜ ਪਾਛੈ ਉਪਧਾਨੁ ਧਰਾਵਨਿ॥ ੩੬॥**

ਨਿਜ ਨਿਜ ਸ਼ਕਤੀ ਅਨੁਸਾਰ ਹੋਰ ਸੋਢੀ ਨਵੀਂ ਸਮੱਗਰੀ ਸਹਿਤ ਬਣ ਬਣ ਕੇ ਬੈਠ ਗਏ। ਗਲੀਚੇ ਆਦਿ ਵਿਛਾਉਂਦੇ ਸਨ ਤੇ ਆਪਣੇ ਪਿਛਲੇ ਪਾਸੇ ਸਰਹਾਣਾ ਧਰਵਾ ਲੈਂਦੇ ਸਨ॥ ੩੬॥

**ਅੱਗ੍ਰ ਮੇਵੜੇ ਹੁਇ ਸਵਧਾਨੇ। ਦ੍ਵਾਰ ਦਿਸ਼ਾ ਦ੍ਰਿਸ਼ਟੀ ਬੰਧਾਨੇ।**
**ਸਭਿ ਗਾਦੀ ਕੇ ਢਿਗ ਨਰ ਜੇਈ। ਕਰੈਂ ਪ੍ਰਤੀਖਨ ਬੈਠੇ ਤੇਈ॥ ੩੭॥**

ਅਗਲੇ ਪਾਸੇ ਮੇਵੜੇ ਸਾਵਧਾਨ ਹੋ ਗਏ, ਦਰਵਾਜ਼ੇ ਵਾਲੇ ਪਾਸੇ ਉਨ੍ਹਾਂ ਨੇ ਦ੍ਰਿਸ਼ਟੀ ਲਾਈ ਹੋਈ ਸੀ। ਸਾਰੀਆਂ ਗੱਦੀਆਂ ਦੇ ਪਾਸ ਜਿਹੜੇ ਮਨੁੱਖ ਸਨ, ਉਹ ਆਪਣੇ ਆਪਣੇ ਸਥਾਨ ਬੈਠੇ ਪ੍ਰਤੀਖਿਆ ਕਰ ਰਹੇ ਸਨ॥ ੩੭॥

*ਗਿਆਰ੍ਹਵੀਂ ਰਾਸ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥ ੮॥*

## *ਅਧਿਆਇ ਨੌਵਾਂ*

### *ਮੱਖਣ ਸ਼ਾਹ ਨੇ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ*

*ਦੋਹਰਾ-* **ਸਾਗਰ ਪ੍ਰੇਮ ਨਿਮਗਨ ਹ੍ਵੈ ਮੱਖਣ ਰਿਦੇ ਅਨੰਦ।**
**ਭੇਵ ਨ ਕਿਸੂ ਜਨਾਵਈ ਸੰਗ ਨਰਨਿ ਕੇ ਬ੍ਰਿੰਦ॥ ੧॥**

ਪ੍ਰੇਮ ਦੇ ਸਾਗਰ ਵਿਚ ਡੁਬੇ ਹੋਏ ਮੱਖਣ ਸ਼ਾਹ ਦਾ ਹਿਰਦਾ ਬੜੇ ਅਨੰਦ ਨਾਲ ਭਰਿਆ ਹੋਇਆ ਸੀ। ਕਿਸੇ ਨੂੰ ਭੇਦ ਨਹੀਂ ਸੀ ਦੱਸ ਰਿਹਾ, ਬਹੁਤ ਮਨੁੱਖ ਉਸ ਦੇ ਨਾਲ ਸਨ॥ ੧॥

*ਚੌਪਈ-* **ਜਬਿ ਗੁਰੁ ਘਰ ਕੇ ਸਨਮੁਖ ਆਵਾ। ਦਾਸ ਹੁਤੇ ਮਾਤਾ ਪ੍ਰਤਿ ਗਾਵਾ।**
**'ਸਿਖ ਇਹ ਪੂਰਨ ਸ਼ਰਧਾਵਾਨ। ਆਯੋ ਚਲਿ ਕੈ ਦੂਰ ਮਹਾਨ॥ ੨॥**

ਜਦ ਗੁਰੂ ਘਰ ਦੇ ਸਾਹਮਣੇ ਆਇਆ ਤਾਂ ਇਕ ਦਾਸ ਨੇ ਮਾਤਾ ਜੀ ਨੂੰ ਬੜੇ ਪ੍ਰੇਮ ਨਾਲ ਦੱਸਿਆ, "ਇਹ ਸਿੱਖ ਪੂਰਨ ਸ਼ਰਧਾਵਾਨ ਹੈ ਤੇ ਬਹੁਤ ਦੂਰ ਤੋਂ ਚਲ ਕੇ ਏਥੇ ਆਇਆ ਹੈ॥ ੨॥

**ਸਿਦਕ ਆਪ ਕੇ ਸੁਤ ਪਰ ਹੋਵਾ। ਪੂਰਬ ਆਇ ਪਤਾ ਕੁਛ ਜੋਵਾ।**
**ਅਬਿ ਬਿਦਤਾਵਨਿ ਚਾਹਤਿ ਗੁਰ ਕੋ। ਸੰਸੈ ਦੂਰ ਕਿਯੋ ਇਨ ਉਰ ਕੋ॥੩॥**

ਇਸ ਦਾ ਆਪ ਜੀ ਦੇ ਪੁੱਤਰ 'ਤੇ ਭਰੋਸਾ ਬੱਝ ਗਿਆ ਹੈ। ਪਹਿਲਾਂ ਆ ਕੇ ਇਸ ਨੇ ਕੁਝ ਪਤਾ ਲਿਆ ਹੈ। ਹੁਣ ਗੁਰੂ ਜੀ ਨੂੰ ਪ੍ਰਗਟ ਕਰਨਾ ਚਾਹੁੰਦਾ ਹੈ, ਇਸ ਨੇ ਆਪਣੇ ਦਿਲ ਦੇ ਸਾਰੇ ਸ਼ੰਕੇ ਦੂਰ ਕਰ ਲਏ ਹਨ॥ ੩॥

**ਪਰਸੋਂ ਹਮ ਬੈਠੇ ਗੁਰ ਪਾਸਾ। ਇਸ ਸਿਖ ਕੀ ਗਤਿ ਕਰੀ ਪ੍ਰਕਾਸ਼।**
**ਸ਼੍ਰੀ ਗੁਰ ਨੇ ਤਬਿ ਬਾਕ ਬਖਾਨਾ। 'ਹਮ ਕੋ ਜੋ ਬਿਦਤਾਇ ਮਹਾਨਾ॥ ੪॥**

ਪਰਸੋਂ ਅਸੀਂ ਗੁਰੂ ਜੀ ਪਾਸ ਬੈਠੇ ਸੀ, ਇਸ ਸਿੱਖ ਦੀ ਗਤੀ ਬਾਰੇ ਅਸੀਂ ਗੁਰੂ ਜੀ ਨੂੰ ਦੱਸਿਆ। ਉਸ ਸਮੇਂ ਗੁਰੂ ਜੀ ਨੇ ਬਚਨ ਕੀਤਾ, "ਸਾਨੂੰ ਜਿਹੜਾ ਮਹਾਨ ਪ੍ਰਗਟ ਕਰੇਗਾ॥ ੪॥

ਤਿਹ ਦ੍ਰਗਾਹਿ ਮੈਂ ਹੁਇ ਮੁਖ ਕਾਰੋ। ਉੱਗ੍ਰ ਸ੍ਰਾਪ ਇਸ ਭਾਂਤਿ ਉਚਾਰੋ।
ਇਸ ਬਚ ਕੀ ਸੁਧਿ ਸਿਖ ਕੋ ਨਾਂਹੀ। ਯਾਂਤੇ ਕਹੌਂ ਜਾਇ ਮੈਂ ਪਾਹੀ॥ ੫॥

ਉਸ ਦਾ ਦਰਗਾਹ ਵਿਚ ਮਖ ਕਾਲਾ ਹੋਵੇਗਾ।" ਇਸ ਤਰ੍ਹਾਂ ਘੋਰ ਸ੍ਰਾਪ ਉਚਾਰਨ ਕੀਤਾ। ਇਸ ਬਚਨ ਦੀ ਖਬਰ ਇਸ ਸਿੱਖ ਨੂੰ ਨਹੀਂ ਹੈ, ਇਸ ਕਰਕੇ ਮੈਂ ਉਸ ਦੇ ਪਾਸ ਜਾ ਕੇ ਕਹਿੰਦਾ ਹਾਂ॥ ੫॥

ਬਿਗਰਹਿ ਕਾਜ ਪ੍ਰਥਮ ਸੁਧਿ ਪਾਇ। ਤੌ ਸੁਜਾਨ ਕਰਿ ਲੇਤਿ ਉਪਾਇ।
ਅਪਨਿ ਭਲੇ ਕੌ ਆਵਤਿ ਧਾਈ। ਅਸ ਨਹਿਂ ਬਨਹਿ ਬੁਰੋ ਹੁਇ ਜਾਈ॥ ੬॥

ਪਹਿਲਾਂ ਖਬਰ ਪਾ ਕੇ ਕਾਰਜ ਵਿਗੜ ਜਾਵੇਗਾ, ਫਿਰ ਵੀ ਚਤੁਰ ਕੁਝ ਉਪਾਅ ਕਰ ਲਵੇਗਾ। ਆਪਣੇ ਭਲੇ ਵਾਸਤੇ ਧਾ ਕੇ ਆ ਰਿਹਾ ਹੈ, ਐਸਾ ਨਾ ਹੋਵੇ ਕਿ ਬੁਰਾ ਹੋ ਜਾਵੇ॥ ੬॥

ਇਸ ਪਰ ਕਰੌਂ ਸ ਇਹ ਉਪਕਾਰ। ਸੁਨਹਿ ਜਿ ਸੁਧਿ, ਕਰਿ ਲੇਹਿ ਬਿਚਾਰ।
ਅਸ ਮਨ ਠਾਨਿ ਸਮੁਖ ਤਿਸ ਗਇਓ। ਕਰਜੋ ਇਕਾਂਤ ਕਹਤਿ ਸਭਿ ਭਇਓ॥੭॥

ਇਸ ਉਤੇ ਮੈਂ ਇਹ ਉਪਕਾਰ ਕਰਦਾ ਹਾਂ, ਜਦ ਉਹ ਇਸ ਬਾਰੇ ਜਾਣ ਲਵੇ ਤਾਂ ਵਿਚਾਰ ਕਰ ਲਵੇ।" ਇਸ ਤਰ੍ਹਾਂ ਮਨ ਵਿਚ ਧਾਰ ਕੇ ਉਹ ਸਿੱਖ ਮੱਖਣ ਸ਼ਾਹ ਦੇ ਸਾਹਮਣੇ ਗਿਆ ਤੇ ਇਕਾਂਤ ਵਿਚ ਕਰਕੇ ਉਸ ਨੂੰ ਸਭ ਕੁਝ ਕਹਿ ਦਿੱਤਾ॥ ੭॥

'ਜੇ ਤੂੰ ਦਰਸ਼ ਕਰਨ ਹੀ ਜਾਇਂ। ਨਮੋ ਕਰਹੁ ਤੁਸ਼ਨਿ ਕਰਿ ਆਇ।
ਜੇ ਚਾਹਤਿ ਹੈਂ ਗੁਰੁ ਬਿਦਤਾਵੈਂ। ਸਗਰੀ ਸੰਗਤਿ ਇਤੇ ਬੁਲਾਵੈਂ॥ ੮॥

"ਜੇ ਤੁਸੀਂ ਦਰਸ਼ਨ ਕਰਨ ਜਾਣਾ ਹੈ ਤਾਂ ਚੁਪ ਧਾਰਨ ਕਰਕੇ ਆ ਕੇ ਨਮਸਕਾਰ ਕਰੋ। ਜੇ ਗੁਰੂ ਜੀ ਨੂੰ ਪ੍ਰਗਟ ਕਰਨਾ ਚਾਹੁੰਦੇ ਹੋ ਤਾਂ ਸਾਰੀ ਸੰਗਤ ਏਥੇ ਬੁਲਾਉਣਾ ਚਾਹੁੰਦੇ ਹੋ॥ ੮॥

ਜਸੁ ਪਾਵਨ ਪਾਵਨਿ ਕੀ ਕਾਂਖਾ। ਗੁਰੁ ਬਿਦਤਾਵਹਿਂ ਸਭਿ ਮਹਿਂ ਭਾਖਾ।
ਇਮ ਗੁਰੁ ਬਚ:-ਬਿਦਤਾਵਹਿ ਜੋਇ। ਮੁਖ ਦਰਗਾਹਿ ਸੁ ਕਾਰੋ ਹੋਇ॥ ੯॥

ਪਵਿੱਤਰ ਜੱਸ ਪਾਉਣ ਦੀ ਅਭਿਲਾਸ਼ਾ ਹੈ ਤੇ ਮੈਂ ਗੁਰੂ ਜੀ ਨੂੰ ਪ੍ਰਗਟ ਕਰਾਂਗਾ ਸਭ ਵਿਚ ਕਿਹਾ ਹੈ। ਇਸ ਬਾਰੇ ਗੁਰੂ ਜੀ ਦਾ ਬਚਨ ਹੈ, "ਜਿਹੜਾ ਮੈਨੂੰ ਪ੍ਰਗਟ ਕਰੇਗਾ, ਉਸ ਦਾ ਮੁਖ ਅਗਲੀ ਦਰਗਾਹ ਵਿਚ ਕਾਲਾ ਹੋਵੇਗਾ॥ ੯॥

ਨਿਜ ਮੁਖ ਤੇ ਪਰਸੋਂ ਅਸ ਭਾਖਜੋ। ਅਬਿ ਤੂੰ ਪ੍ਰਗਟ ਕਰਨਿ ਅਭਿਲਾਖਜੋ।
ਇਸ ਬਚ ਕੋ ਕਰਿ ਲੇਹੁ ਉਪਾਇ। ਨਤੁ ਕਰਿ ਬਿਨੈ ਲੇਹੁ ਬਖਸ਼ਾਇ॥੧੦॥

ਆਪਣੇ ਮੁਖ ਤੋਂ ਪਰਸੋਂ ਉਨ੍ਹਾਂ ਇਸ ਤਰ੍ਹਾਂ ਕਿਹਾ ਹੈ, ਹੁਣ ਤੂੰ ਪ੍ਰਗਟ ਕਰਨ ਦੀ ਅਭਿਲਾਖਾ ਕੀਤੀ ਹੈ। ਇਸ ਬਚਨ ਦਾ ਉਪਾਅ ਕਰ ਲਵੋ, ਨਹੀਂ ਤਾਂ ਬੇਨਤੀ ਕਰਕੇ ਬਖਸ਼ਾ ਲਵੋ'॥ ੧੦॥

ਸੁਨਿ ਕੈ ਮੱਖਨ ਰਿਦੈ ਬਿਚਾਰਾ। ਹੋਇ ਸਫਲ ਜੋ ਗੁਰੂ ਉਚਾਰਾ।
ਪ੍ਰਗਟ ਕਰਜੋ ਚਾਹਤਿ ਮੈਂ ਇਨ ਕੌ। ਦਰਸੇ ਭਲਾ ਹੋਇ ਜਿਨਿ ਕਿਨ ਕੋ॥੧੧॥

ਇਹ ਸੁਣ ਕੇ ਮੱਖਣ ਸ਼ਾਹ ਨੇ ਹਿਰਦੇ ਵਿਚ ਵਿਚਾਰ ਕੀਤੀ ਕਿ ਜੋ ਗੁਰੂ ਨੇ ਉਚਾਰਨ ਕੀਤਾ ਹੈ, ਉਹ ਜ਼ਰੂਰ ਪੂਰਾ ਹੋਵੇਗਾ। ਪਰ ਮੈਂ ਇਨ੍ਹਾਂ ਨੂੰ ਪ੍ਰਗਟ ਕਰਨਾ ਚਾਹੁੰਦਾ ਹਾਂ ਤਾਂਕਿ ਦਰਸ਼ਨ ਕਰਕੇ ਜਿਸ ਕਿਸ ਦਾ ਭਲਾ ਹੋਵੇ॥ ੧੧॥

ਇਹ ਬਹੁਤਨਿ ਕੋ ਅਤਿ ਕੱਲ੍ਯਾਨਾ। ਇਕ ਅਨਿਸ਼ਟ ਮੁਝ ਕੋ ਇਮ ਜਾਨਾ।
ਯਾਂਤੇ ਮੈਂ ਹੋਵੌਂ ਉਪਕਾਰੀ। ਸਫਲ ਭਿ ਕਰੌਂ ਜੁ ਗੁਰੂ ਉਚਾਰੀ॥ ੧੨ ॥

ਇਸ ਤਰ੍ਹਾਂ ਬਹੁਤਿਆਂ ਦਾ ਅਤਿ ਕਲਿਆਣ ਹੋਵੇਗਾ, ਇਕ ਮੇਰੇ ਲਈ ਦੁਖ ਹੈ, ਮਨ ਵਿਚ ਇਸ ਤਰ੍ਹਾਂ ਜਾਣਿਆ। ਇਸ ਕਰਕੇ ਮੈਨੂੰ ਪਰਉਪਕਾਰੀ ਹੋਣਾ ਚਾਹੀਦਾ ਹੈ, ਜੋ ਗੁਰੂ ਜੀ ਨੇ ਉਚਾਰਨ ਕੀਤਾ ਹੈ, ਉਸ ਨੂੰ ਵੀ ਸਫਲ ਕਰਾਂਗਾ॥ ੧੨ ॥

ਪੂਰਬ ਗਯੋ ਨਾਨਕੀ ਤੀਰ। ਬਰਜਿ ਸੰਗ ਤੇ ਸਗਰੀ ਭੀਰ।
ਕੁਛ ਧਨੁ ਧਰਿ ਕੈ ਮਸਤਕ ਟੇਕਾ। ਬੈਠੀ ਮਾਤਾ ਸਹਿਤ ਬਿਬੇਕਾ॥ ੧੩ ॥

ਪਹਿਲਾਂ ਉਹ ਮਾਤਾ ਨਾਨਕੀ ਜੀ ਦੇ ਪਾਸ ਗਿਆ, ਸਾਰੀ ਭੀੜ ਨੂੰ ਆਪਣੇ ਨਾਲੋਂ ਵਰਜ ਕੇ ਹਟਾ ਦਿੱਤਾ। ਕੁਝ ਧਨ ਮਾਤਾ ਜੀ ਦੇ ਅੱਗੇ ਧਰ ਕੇ ਮੱਥਾ ਟੇਕਿਆ, ਮਾਤਾ ਜੀ ਗਿਆਨ ਸਹਿਤ ਬੈਠੇ ਸਨ॥ ੧੩ ॥

ਸਾਦਰ ਸਿਖ ਕੋ ਬਾਕ ਸੁਨਾਏ। ਬਹੁਰ ਉਠ੍ਯੋ ਮੱਖਣ ਤਿਸ ਥਾਏਂ।
ਸਤਿਗੁਰ ਕੋ ਲੰਗਰ ਜਿਸ ਘਰ ਮੈਂ। ਤਹਿਂ ਤੇ ਲੈ ਕਾਰਸ ਨਿਜ ਕਰ ਮੈਂ॥੧੪॥

ਉਨ੍ਹਾਂ ਨੇ ਸਿੱਖ ਨੂੰ ਆਦਰ ਵਾਲੇ ਬਚਨ ਕਹੇ। ਫਿਰ ਮੱਖਣ ਸ਼ਾਹ ਉਸ ਥਾਂ ਤੋਂ ਉੱਠਿਆ। ਜਿਸ ਕਮਰੇ ਵਿਚ ਸਤਿਗੁਰੂ ਜੀ ਦਾ ਲੰਗਰ ਪੱਕਦਾ ਸੀ, ਉਥੇ ਜਾ ਕੇ ਆਪਣੇ ਹੱਥ ਵਿਚ ਕਾਲਖ ਲਈ॥ ੧੪ ॥

ਅਪਨੇ ਮੁਖ ਪਰ ਸਰਬ ਲਗਾਈ। ਗਯੋ ਗੁਰੂ ਢਿਗ ਸ਼ਰਧ ਬਧਾਈ।
ਦ੍ਵਾਰੇ ਅੰਦਰ ਜਬਿ ਪ੍ਰਵਿਸ਼ਾਯੋ। ਪਾਤਸ਼ਾਹ ਨਵਮੇ ਦਰਸਾਯੋ॥ ੧੫ ॥

ਸਾਰੀ ਕਾਲਖ ਆਪਣੇ ਮੂੰਹ 'ਤੇ ਮਲ ਲਈ ਤੇ ਸ਼ਰਧਾ ਵਧਾ ਕੇ ਗੁਰੂ ਜੀ ਪਾਸ ਚਲੇ ਗਿਆ। ਜਦ ਦਰਵਾਜ਼ੇ ਅੰਦਰ ਪ੍ਰਵੇਸ਼ ਕੀਤਾ ਤਾਂ ਨੌਵੇਂ ਪਾਤਿਸ਼ਾਹ ਜੀ ਦੇ ਦਰਸ਼ਨ ਹੋਏ॥ ੧੫ ॥

ਪੰਚਾਂਮ੍ਰਿਤ ਜਿਹ ਕਰ੍ਯੋ ਅਗਾਰੇ। ਅਪਰ ਉਪਾਇਨ ਲੀਨਿ ਸੰਗਾਰੇ।
ਜਾਇ ਨਮਹਿ ਕੀਨਸਿ ਗੁਰ ਤਾਂਈ। ਧਰ੍ਯੋ ਤਿਹਾਵਲ ਕਰਿ ਅਗਵਾਈ॥੧੬॥

ਜਿਹੜਾ ਕੜਾਹ ਪ੍ਰਸ਼ਾਦਿ ਸੀ ਉਸ ਨੂੰ ਅੱਗੇ ਕੀਤਾ, ਹੋਰ ਸਾਰੇ ਉਪਹਾਰ ਆਪਣੇ ਪਾਸ ਲਏ, ਫਿਰ ਗੁਰੂ ਜੀ ਨੂੰ ਜਾ ਕੇ ਨਮਸਕਾਰ ਕੀਤੀ ਤੇ ਕੜਾਹ ਪ੍ਰਸ਼ਾਦਿ ਅੱਗੇ ਧਰ ਦਿੱਤਾ॥ ੧੬ ॥

ਪੁਨ ਦੀਨਾਰ ਭੇਟ ਧਰਿ ਦੀਨਸਿ। ਪੋਸ਼ਿਸ਼ ਰੁਚਿਰ ਦਿਖਾਵਨਿ ਕੀਨਸਿ।
ਬਿਨੈ ਸਹਿਤ ਗੁਰੁ ਸੋਂ ਕਹਿ ਬਾਨੀ। 'ਹੇ ਧੀਰਨ ਮਹਿਂ ਧੀਰ ਮਹਾਨੀ! ॥੧੭॥

ਫਿਰ ਸਾਰੀਆਂ ਅਸ਼ਰਫੀਆਂ ਭੇਟ ਵਜੋਂ ਧਰ ਦਿੱਤੀਆਂ ਤੇ ਸੁੰਦਰ ਪੋਸ਼ਾਕੇ ਗੁਰੂ ਜੀ ਨੂੰ ਵਿਖਾਏ। ਫਿਰ ਬੇਨਤੀ ਸਹਿਤ ਗੁਰੂ ਜੀ ਨੂੰ ਕਿਹਾ, "ਹੇ ਧੀਰਜਵਾਨਾਂ ਵਿਚ ਮਹਾਨ ਧੀਰਜਵਾਨ! ॥੧੭॥

ਅਬਿ ਕਰੁਨਾ ਕਰਿ ਪੋਸ਼ਿਸ਼ ਪਾਇ। ਬੈਠੋ ਸਭਾ ਹੋਹੁ ਪ੍ਰਗਟਾਇ।
ਸਿੱਖਜਨਿ ਕੋ ਕੱਲ੍ਯਾਨ ਬਿਚਾਰਹੁ। ਸਾਗਰ ਸੰਸੈ ਪਾਰ ਉਤਾਰਹੁ॥ ੧੮ ॥

ਹੁਣ ਕਿਰਪਾ ਕਰਕੇ ਪੋਸ਼ਾਕਾ ਪਹਿਣ ਲਵੋ ਤੇ ਪ੍ਰਗਟ ਹੋ ਕੇ ਸਭਾ ਵਿਚ ਬੈਠੋ। ਸਿੱਖਾਂ ਦੇ ਕਲਿਆਣ ਬਾਰੇ ਵਿਚਾਰ ਕਰੋ ਤੇ ਸ਼ੰਕਿਆਂ ਦੇ ਸਾਗਰ ਤੋਂ ਪਾਰ ਉਤਾਰਾ ਕਰੋ॥੧੮॥

ਸਗਰੀ ਸੰਗਤਿ ਭੂਲੀ ਫਿਰੈ। ਨਹੀਂ ਕਿਸੂ ਪਰ ਨਿਸ਼ਚਾ ਕਰੈ।
ਮਹਿਮਾ ਤੁਮ ਨਹਿਂ ਸਕਹਿਂ ਪਛਾਨਿ। ਛਪੇ ਆਪ ਹੋ ਹੇ ਗੁਨਖਾਨਿ! ॥ ੧੯ ॥

ਸਾਰੀ ਸੰਗਤ ਭੁੱਲੀ ਫਿਰਦੀ ਹੈ, ਕਿਸੇ ਉਤੇ ਵੀ ਨਿਸ਼ਚਾ ਧਾਰਨ ਨਹੀਂ ਕਰਦੇ ਹਨ। ਤੁਹਾਡੀ ਮਹਿਮਾ ਪਛਾਣ ਨਹੀਂ ਸਕਦੇ। ਹੇ ਗੁਣਾਂ ਦੀ ਖਾਣ! ਆਪ ਛੁਪੇ ਹੋਏ ਹੋ॥੧੯॥

ਸਭਿ ਸੰਗਤਿ ਕੋ ਦਰਸ਼ਨ ਦੀਜਹਿ। ਅਪਨੋ ਆਪ ਜਨਾਵਨਿ ਕੀਜਹਿ।

ਮੱਖਣ ਦਿਖਿ ਮੁਖ ਗੁਰੂ ਉਚਰਜੋ। 'ਪ੍ਰਗਟ ਕਰਨਿ ਤੇ ਨਹਿਂ ਤੂ ਟਰਜੋ॥੨੦॥

ਸਾਰੀ ਸੰਗਤ ਨੂੰ ਦਰਸ਼ਨ ਦੇਵੋ ਤੇ ਆਪਣੇ ਆਪ ਨੂੰ ਸਭ ਵਿਚ ਪ੍ਰਗਟ ਕਰੋ।" ਮੱਖਣ ਸ਼ਾਹ ਵਲ ਵੇਖ ਕੇ ਫਿਰ ਗੁਰੂ ਜੀ ਨੇ ਕਿਹਾ, "ਪ੍ਰਗਟ ਕਰਨ ਤੋਂ ਤੂੰ ਟਲਿਆ ਨਹੀਂ ਹੈਂ॥੨੦॥"

ਕਰਜੋ ਅਕਰਨ ਅਪਨਿ ਮੁਖ ਕਾਰਾ। ਲੋਕਨਿ ਲੱਜਾ ਸਕਲ ਨਿਵਾਰਾ।

ਗੁਰੂ ਬਾਕ ਕੋ ਭਾਰੀ ਭਾਰ। ਮੁਖ ਕਾਰੋ ਕਰਿ ਲੀਨਿ ਉਤਾਰ॥੨੧॥

ਕਿਸੇ ਕਾਰਨ ਤੋਂ ਬਗੈਰ ਆਪਣਾ ਮੂੰਹ ਕਾਲਾ ਕੀਤਾ ਹੈ, ਲੋਕ ਲਾਜ ਨੂੰ ਸਭ ਤਰ੍ਹਾਂ ਛੱਡ ਦਿੱਤਾ ਹੈ। ਗੁਰੂ ਵਾਕ ਦੇ ਭਾਰੀ ਭਾਰ ਨੂੰ ਮੂੰਹ ਕਾਲਾ ਕਰਕੇ ਉਤਾਰ ਲਿਆ ਹੈ॥੨੧॥

ਗੁਰਤਾ ਪੋਟ ਉਠਾਵਨਿ ਪੀਨ। ਸੋ ਹਮਰੇ ਮਹਿਂ ਅਰਪਨਿ ਕੀਨਿ।

ਸ੍ਰੀ ਨਾਨਕ ਕੀ ਗਾਦੀ ਇਹੈ। ਚਾਰਹੁੰ ਦਿਸ਼ਾ ਨਮਤਿ ਜਿਸ ਅਹੈਂ॥੨੨॥

ਗੁਰਤਾ ਦੀ ਪੰਡ ਉਠਾਉਣੀ ਬੜੀ ਔਖੀ ਹੈ, ਉਹ ਹੁਣ ਸਾਨੂੰ ਅਰਪਣ ਕਰ ਦਿੱਤੀ ਹੈ। ਇਹ ਗੁਰੂ ਨਾਨਕ ਦੇਵ ਜੀ ਦੀ ਗੱਦੀ ਹੈ ਜਿਸ ਅੱਗੇ ਚਾਰੇ ਪਾਸਿਆਂ ਦੇ ਲੋਕ ਨਿਉਂਦੇ ਹਨ॥੨੨॥

ਸਿੰਧ ਮੇਖਲਾ ਅਵਿਨੀ ਜਿਤੀ। ਸਤਿਗੁਰੁ ਮਹਿਮਾ ਜਾਨਹਿ ਤਿਤੀ।

ਮੇਰੂ ਆਦਿਕ ਜਿਤਿਕ ਪਹਾਰਾ। ਜਹਾਂ ਕਹਾਂ ਸਿੱਖੀ ਬਿਸਥਾਰਾ॥੨੩॥

ਸਾਗਰ, ਤ੍ਰੈਭਵਨ ਜਿੰਨੀ ਧਰਤੀ ਹੈ, ਉਹ ਸਾਰੇ ਸਤਿਗੁਰੂ ਜੀ ਦੀ ਮਹਿਮਾ ਨੂੰ ਜਾਣਦੇ ਹਨ। ਸਮੇਰ ਪਰਬਤ ਆਦਿ ਜਿਹੜੇ ਪਹਾੜ ਹਨ ਜਿਥੇ ਕਿਥੇ ਸਿੱਖੀ ਦਾ ਵਿਸਥਾਰ ਹੋਇਆ ਹੈ॥੨੩॥

ਸਾਗਰ ਬਿਖੈ ਦੀਪ ਹੈਂ ਜੇਈ। ਸਤਿਗੁਰੁ ਘਰ ਕੇ ਪੂਜਕ ਤੇਈ।

ਜਿਤਿਕ ਜੀਵ ਨਵਖੰਡਨਿ ਮਾਂਹੀ। ਅਰਪਹਿਂ ਭੇਟ ਗੁਰੂ ਪਗ ਪਾਹੀ॥੨੪॥

ਸਮੁੰਦਰ ਵਿਚ ਜਿਹੜੇ ਦੀਪ ਹਨ, ਉਹ ਸਾਰੇ ਸਤਿਗੁਰੂ ਜੀ ਦੇ ਘਰ ਦੀ ਪੂਜਾ ਕਰਦੇ ਹਨ। ਨੌਵਾਂ ਖੰਡਾਂ ਵਿਚ ਜਿੰਨੇ ਵੀ ਜੀਵ ਹਨ ਉਹ ਸਾਰੇ ਗੁਰੂ ਜੀ ਦੇ ਚਰਨਾਂ ਤੇ ਭੇਟਾ ਅਰਪਣ ਕਰਦੇ ਹਨ॥੨੪॥

ਹੋਨਿ ਸਹਾਇਕ ਸਭਿਹਿਨਿ ਕੇਰ। ਯਾਂਤੇ ਪੋਟ ਪੀਨ ਤੂੰ ਹੇਰਿ।

ਕਰਹਿਂ ਅਸੂਯਾ ਸੋਢੀ ਸਾਰੇ। ਪਿਖਹਿਂ ਪਰਸਪਰ ਹ੍ਵੈ ਰਿਸਵਾਰੇ॥੨੫॥

ਗੁਰੂ ਜੀ ਸਾਰਿਆਂ ਦੇ ਸਹਾਇਕ ਬਣਦੇ ਹਨ, ਇਸ ਕਰਕੇ ਇਸ ਪੰਡ ਨੂੰ ਤੁਸੀਂ ਭਾਰੀ ਸਮਝੋ। ਸਾਰੇ ਸੋਢੀ ਈਰਖਾ ਕਰਨਗੇ, ਆਪਸ ਵਿਚ ਵੇਖ-ਵੇਖ ਗੁੱਸਾ ਧਾਰਨ ਕਰਨਗੇ॥੨੫॥

ਨਿਜ ਨਿਜ ਪੂਜਾ ਚਹਿਂ ਕਰਿਵਾਈ। ਕਰਹਿਂ ਆਪਨੀ ਅਧਿਕ ਬਡਾਈ।

ਠਾਨਹਿਂ ਦ੍ਵੈਸ਼ ਅਨੇਕ ਪ੍ਰਕਾਰਾ। ਸ਼ਸਤ੍ਰਾਦਿਕ ਲੈ ਕਰਹਿਂ ਪ੍ਰਹਾਰਾ॥੨੬॥

ਉਹ ਸਾਰੇ ਆਪਣੀ ਆਪਣੀ ਪੂਜਾ ਕਰਵਾਉਣੀ ਚਾਹੁੰਦੇ ਹਨ ਤੇ ਆਪਣੀ ਬਹੁਤ ਵਡਿਆਈ ਕਰਦੇ ਹਨ। ਕਈ ਪ੍ਰਕਾਰ ਦੇ ਦ੍ਵੈਸ਼ ਧਾਰਨ ਕਰਨਗੇ ਤੇ ਸ਼ਸਤਰ ਆਦਿ ਲੈ ਕੇ ਵਾਰ ਕਰਨਗੇ॥੨੬॥

ਗੁਰ ਕੇ ਬੰਸ ਬਿਖੈ ਜਨਮਾਏ। ਆਪਸ ਮਹਿਂ ਮਤਸਰ ਤਪਤਾਏ।
ਕਰਜੋ ਖੁਵਾਵਨਿ ਸਭਿਖ ਅਹਾਰਾ। ਯਾਂਤੇ ਗੁਰਤਾ ਪੋਟ ਉਦਾਰਾ॥ ੨੭॥

ਜਿਨ੍ਹਾਂ ਨੇ ਗੁਰੂ ਵੰਸ਼ ਵਿਚ ਜਨਮ ਲਿਆ ਹੈ, ਆਪਸ ਵਿਚ ਹੰਕਾਰ ਕਰਕੇ ਸੜਦੇ ਹਨ। ਸਾਰਿਆਂ ਨੂੰ ਮਾਰਨ ਲਈ ਜ਼ਹਿਰ ਵਾਲਾ ਖਾਣਾ ਖਵਾਇਆ ਹੈ, ਇਸ ਕਰਕੇ ਗੁਰਤਾ ਦਾ ਭਾਰ ਬਹੁਤ ਜ਼ਿਆਦਾ ਭਾਰੀ ਹੋ ਗਿਆ ਹੈ॥ ੨੭॥

ਤੁਰਕ ਬਿਰੋਧੀ ਗੁਰੁ ਘਰ ਕੇਰੇ। ਅਪਨੋ ਜ਼ੋਰ ਜਨਾਇਂ ਬਡੇਰੇ।
ਕਰਾਮਾਤ ਚਾਹਤਿ ਹੈਂ ਦੇਖਾ। ਕੋ ਦਿਖਰਾਵਹਿ ਬੁੱਧਿ ਬਿਸ਼ੇਖਾ॥ ੨੮॥

ਤੁਰਕ ਵੀ ਗੁਰੂ ਘਰ ਦੇ ਵਿਰੋਧੀ ਹਨ, ਉਹ ਆਪਣਾ ਬਹੁਤ ਜ਼ੋਰ ਜਤਾਉਂਦੇ ਹਨ। ਕਰਾਮਾਤ ਵੇਖਣੀ ਚਾਹੁੰਦੇ ਹਨ, ਕਿਹੜਾ ਵਿਸ਼ੇਸ਼ ਬੁੱਧੀ ਵਾਲਾ ਉਨ੍ਹਾਂ ਨੂੰ ਕਰਾਮਾਤ ਵਿਖਾਵੇ॥੨੮॥

ਨਟ ਕੀ ਭਾਂਤਿ ਆਪ ਦਿਖਰਾਵਹਿਂ। ਹਰਿ ਦਰਗਹਿ ਕਜਾ ਮੁਖ ਦਿਖਰਾਵਹਿਂ।
ਨਹਿਂ ਸੰਤਨ ਮੈਂ ਐਸੀ ਬਾਤਿ। ਜਿਨ ਕੇ ਸਦਾ ਬਸਤਿ ਚਿਤ ਸ਼ਾਂਤਿ॥ ੨੯॥

ਨਟ ਵਾਂਗ ਜੇ ਆਪ ਕਰਾਮਾਤ ਵਿਖਾਉਣਗੇ ਤਾਂ ਪ੍ਰਭੂ ਦੀ ਦਰਗਾਹ ਵਿਚ ਕਿਹੜਾ ਮੂੰਹ ਵਿਖਾਉਣਗੇ। ਸੰਤਾਂ ਵਿਚ ਅਜਿਹੀ ਕੋਈ ਗੱਲ ਨਹੀਂ ਹੈ, ਜਿਨ੍ਹਾਂ ਦੇ ਚਿੱਤ ਵਿਚ ਸਦਾ ਸ਼ਾਂਤੀ ਵੱਸਦੀ ਹੈ॥੨੯॥

ਗੁਰਤਾ ਪੋਟ ਇਸੀ ਤੇ ਭਾਰੀ। ਬਡ ਸਮਰਥ ਜੁਤਿ ਸਕਿਯ ਸਹਾਰੀ।
ਪ੍ਰਗਟਹਿਂ ਤੌ ਤੁਝ ਕੋ ਕਜਾ ਹੋਇ। ਪੂਰ ਮਨੋਰਥ ਭਯੋ ਸੁ ਜੋਇ॥ ੩੦॥

ਗੁਰਤਾ ਦੀ ਪੰਡ ਇਸ ਤੋਂ ਵੀ ਭਾਰੀ ਹੈ, ਵੱਡੀ ਸਮਰੱਥਾ ਸਹਿਤ ਹੀ ਇਸ ਨੂੰ ਸਹਾਰ ਸਕਦਾ ਹੈ। ਜੇ ਪ੍ਰਗਟ ਹੋਵਾਂਗੇ ਤਾਂ ਤੈਨੂੰ ਹੋਰ ਕੀ ਲਾਭ ਹੋਵੇਗਾ, ਜੋ ਤੇਰਾ ਮਨੋਰਥ ਪੂਰਾ ਹੋ ਗਿਆ॥੩੦॥

ਦਰਸ਼ਨ ਕਰੇ ਉਪਾਇਨ ਦੀਨਿ। ਸਿਖੀ ਕੋ ਨਿਰਬਾਹਿਨ ਕੀਨਿ।
ਉਰ ਅਪਨੋ ਕੱਲਜਾਨ ਬਿਚਾਰ। ਗਮਨਹੁ ਅਪਨੇ ਦੇਸ਼ ਮਝਾਰ'॥ ੩੧॥

ਉਪਹਾਰ ਦੇ ਕੇ ਦਰਸ਼ਨ ਕੀਤੇ ਹਨ। ਸਿੱਖੀ ਨੂੰ ਨਿਭਾਹਿਆ ਹੈ। ਆਪਣੇ ਹਿਰਦੇ ਵਿਚ ਕਲਿਆਣ ਵਿਚਾਰੋ ਤੇ ਆਪਣੇ ਦੇਸ਼ ਵਿਚ ਚਲੇ ਜਾਵੋ"॥੩੧॥

ਸੁਨਿ ਮੱਖਣ ਦ੍ਵੈ ਹਾਥਨਿ ਬੰਦਿ। ਸਹਿਤ ਨੰਮ੍ਰਿਤਾ ਬਿਨੈ ਬਿਲੰਦ।
ਸੰਗਤਿ ਸਗਰੀ ਹਿਤ ਉਪਕਾਰੀ। ਮਧੁਰ ਸੁਲੱਛਨ ਗਿਰਾ ਉਚਾਰੀ॥ ੩੨॥

ਗੁਰੂ ਜੀ ਦੇ ਬਚਨ ਸੁਣਕੇ ਮੱਖਣ ਸ਼ਾਹ ਨੇ ਦੋਵੇਂ ਹੱਥ ਜੋੜ ਕੇ ਨਿੰਮ੍ਰਤਾ ਸਹਿਤ ਵੱਡੀ ਬੇਨਤੀ ਕੀਤੀ। ਸਾਰੀ ਸੰਗਤ ਦੇ ਉਪਕਾਰ ਵਾਸਤੇ ਉਨ੍ਹਾਂ ਨੇ ਬੜੇ ਮਿੱਠੇ ਸ਼ੁਭ ਲੱਛਣਾਂ ਵਾਲੇ ਬਚਨ ਉਚਾਰਨ ਕੀਤੇ॥੩੨॥

'ਸ੍ਰੀ ਹਰਿ ਕ੍ਰਿਸ਼ਨ ਬਾਕ ਕੋ ਧਰਿ ਕੈ। ਇਸ ਥਲ ਹੀ ਪਰ ਨਿਸ਼ਚਾ ਕਰਿ ਕੈ।
ਆਵਹਿਂ ਸਿੱਖ ਉਪਾਇਨ ਦੇਹਿਂ। ਰਹਤਿ ਰਿਦੈ ਮਹਿਂ ਮਹਦ ਸੰਦੇਹ॥ ੩੩॥

ਸਾਰੇ ਸਿੱਖ "ਸ੍ਰੀ ਹਰਿਕ੍ਰਿਸ਼ਨ ਜੀ ਦੇ ਬਚਨਾਂ ਨੂੰ ਧਾਰਨ ਕਰਕੇ, ਕਿ ਸੱਚੇ ਗੁਰੂ ਜੀ, ਇਸ ਸਥਾਨ ਵਿਚ ਹੀ ਹਨ, ਇਹ ਨਿਸ਼ਚਾ ਕਰਕੇ ਉਪਹਾਰ ਦੇਣ ਵਾਸਤੇ ਏਥੇ ਆਉਂਦੇ ਸਨ, ਪਰ ਉਨ੍ਹਾਂ ਦੇ ਹਿਰਦਿਆਂ ਵਿਚ ਵੱਡਾ ਸੰਦੇਹ ਰਹਿੰਦਾ ਹੈ॥੩੩॥

ਕਰਹਿ ਕਾਮਨਾ ਤਿਨ ਤੇ ਕੋਈ। ਰਿਦਾ ਸ਼ੁੱਧ ਜੇ, ਲਹੈ ਨ ਸੋਈ।
ਤਰਕ ਕਰਹਿਂ ਅਪਨੇ ਮਨ ਮਾਂਹੀ। ਸ਼ਰਧਾ ਸੁਖਦ ਧਰਹਿਂ ਤਬਿ ਨਾਂਹੀ॥ ੩੪॥

ਜੇ ਕੋਈ ਸਿੱਖ ਕਾਮਨਾ ਕਰਦਾ ਸੀ, ਹਿਰਦਾ ਸ਼ੁੱਧ ਹੋਣ ਤੇ ਵੀ ਕੁਝ ਵੀ ਪ੍ਰਾਪਤ ਨਹੀਂ ਸੀ ਕਰਦਾ। ਆਪਣੇ ਮਨ ਵਿਚ ਤਰਕ ਕਰਦੇ ਸਨ, ਸ਼ਰਧਾ, ਸੁਖ ਤਦ ਧਾਰਨ ਨਹੀਂ ਸੀ ਕਰਦੇ॥੩੪॥

ਮਹਿਮਾ ਸਿੱਖੀ ਕੀ ਹੁਇ ਹੋਰੀ। ਸਭਿ ਸਿਰਮੌਰ ਬਡੀ ਬਡ ਗੌਰੀ।
ਇਸ ਕੋ ਆਪ ਬਧਾਵਨਿ ਕਰੀਏ। ਯਾਂਤੇ ਬਿਦਤਨਿ ਕੇ ਅਨੁਸਰੀਏ॥ ੩੫॥

ਸਿੱਖੀ ਦੀ ਮਹਿਮਾ ਹੋਲੀ ਹੋ ਜਾਂਦੀ ਹੈ, ਜਿਹੜੀ ਸਭ ਤੋਂ ਸ਼ਿਰੋਮਣੀ ਤੇ ਵੱਡੀ ਭਾਰੀ ਹੈ। ਇਸ ਨੂੰ ਆਪ ਜੀ ਵਧਾਵੋ ਤੇ ਪ੍ਰਗਟ ਹੋਣ ਦੇ ਖਿਆਲ ਨਾਲ ਅਨੁਕੂਲਤਾ ਧਾਰਨ ਕਰੋ॥੩੫॥

ਜੇ ਕਰਿ ਕਹਹੁ ਰਹੈਂ ਇਸ ਰੀਤਿ। ਕਰਹਿਂ ਕਾਮਨਾ ਪੂਰਨ ਚੀਤ।
ਤਹਿਂ ਭੀ ਸਿਖੀ ਹਿਤ ਨਿਰਬਾਹ। ਬਾਂਛਾ ਪੂਰਨ ਕਰਹੁ ਉਮਾਹ॥ ੩੬॥

ਜੇਕਰ ਕਹੋ ਕਿ ਏਸੇ ਰੀਤ ਨਾਲ ਰਹੀਏ ਤੇ ਸਿੱਖਾਂ ਦੇ ਚਿੱਤ ਦੀਆਂ ਕਾਮਨਾ ਪੂਰਨ ਕਰੀ ਚਲਾਂਗੇ, ਤਦ ਇਹ ਵੀ ਸਿੱਖਾਂ ਦੇ ਚਿੱਤ ਦੀ ਕਾਮਨਾ ਹੈ ਕਿ ਆਪ ਜੀ ਪ੍ਰਗਟ ਹੋਵੋ, ਇਸ ਕਰਕੇ ਇਹ ਵੀ ਉਨ੍ਹਾਂ ਦੀ ਕਾਮਨਾ ਪੂਰੀ ਕਰੋ। ਇਹ ਵੀ ਸਿੱਖਾਂ ਦੇ ਹਿਤ ਵਾਸਤੇ ਨਿਬਾਹੋ ਤੇ ਉਨ੍ਹਾਂ ਦੇ ਮਨ ਦੀ ਇੱਛਾ ਉਤਸ਼ਾਹ ਸਹਿਤ ਪੂਰਨ ਕਰੋ॥੩੬॥

ਇਹ ਭੀ ਸਿੱਖਜਨਿ ਕੀ ਅਭਿਲਾਖਾ। ਸਭਿਨਿ ਮਨੋਰਥ ਯਾਮੈਂ ਰਾਖਾ।
ਅਪਰ ਕਾਮਨਾ ਪੂਰਹੁ ਜੈਸੇ। ਹਰਖਤਿ ਕਰਹੁ ਸਿੱਖਜ ਗਨ ਤੈਸੇ॥ ੩੭॥

ਇਹ ਵੀ ਸਿੱਖਾਂ ਦੀ ਅਭਿਲਾਸ਼ਾ ਹੈ, ਸਾਰੇ ਮਨੋਰਥ ਉਨ੍ਹਾਂ ਇਸ ਵਿਚ ਰੱਖੇ ਹਨ। ਹੋਰ ਕਾਮਨਾ ਜਿਵੇਂ ਪੂਰੀਆਂ ਕਰੋ, ਪ੍ਰਸੰਨ ਹੋਕੇ ਇਹ ਵੀ ਸਾਰੇ ਸਿੱਖਾਂ ਦੀ ਕਾਮਨਾ ਪੂਰੀ ਕਰੋ॥੩੭॥

ਸ੍ਰੀ ਹਰਿਕ੍ਰਿਸ਼ਨ ਬਾਕ ਸਤਿ ਕਰੀਅਹਿ। ਬੈਠਿ ਸਭਾ ਮਹਿਂ ਦਰਸ ਦਿਖਰੀਅਹਿ।
ਬਿਦਤਹੁ ਜਗਤ ਬਿਖੈ ਇਸ ਭਾਂਤੀ। ਜਥਾ ਚੰਦ੍ਰਮਾ ਪੂਰਨ ਰਾਤੀ॥ ੩੮॥

ਸ੍ਰੀ ਹਰਿਕ੍ਰਿਸ਼ਨ ਜੀ ਦੇ ਬਚਨਾਂ ਨੂੰ ਸੱਚ ਕਰੀਦੇ ਤੇ ਸਭਾ ਵਿਚ ਬੈਠ ਕੇ ਦਰਸ਼ਨ ਦਿਖਾਵੋ। ਜਗਤ ਵਿਚ ਇਸ ਪ੍ਰਕਾਰ ਪ੍ਰਗਟ ਹੋਵੋ, ਜਿਵੇਂ ਪੂਰਨਮਾਸ਼ੀ ਦਾ ਚੰਦ ਪ੍ਰਗਟ ਹੁੰਦਾ ਹੈ॥੩੮॥

ਸਿੱਖਜਨਿ ਕੋ ਕਰਿਬੋ ਕੱਲਜਾਨ। ਚਹੁੰਦਿਸ਼ਿ ਮਹਿਂ ਜਿਤ ਕਿਤ ਬ੍ਰਿਤ ਜਾਨ।
ਅਜਰ ਜਰਨ ਗਨ ਦੁਸ਼ਟਨਿ ਮਾਂਹੀ। ਨਹੀਂ ਜਨਾਵਨਿ ਸ਼ਕਤਿ ਤਹਾਂਹੀ॥੩੯॥

ਸਿੱਖਾਂ ਦਾ ਕਲਿਆਣ ਕਰੋ, ਜਿਹੜੇ ਸਿੱਖ ਚਾਰੇ ਪਾਸੇ ਜਿਥੇ ਕਿਥੇ ਫੈਲੇ ਹੋਏ ਹਨ। ਉਨ੍ਹਾਂ ਦੁਸ਼ਟਾਂ ਵਿਚ ਨਾ ਜਰੇ ਜਾਣ ਵਾਲੇ ਨੂੰ ਵੀ ਜਰਦੇ ਹੋ ਤੇ ਉਨ੍ਹਾਂ ਵਿਚ ਆਪਣੀ ਸ਼ਕਤੀ ਨੂੰ ਨਹੀਂ ਜਤਾਉਂਦੇ ਹੋ॥੩੯॥

ਹਰਖ ਸ਼ੋਕ ਮਾਨ ਰ ਅਪਮਾਨ। ਸੁਖ ਦੁਖ ਮਹਿਂ ਥਿਤ ਬ੍ਰਿਤੀ ਸਮਾਨ।
ਇੱਤਜਾਦਿਕ ਜੋ ਗਰਵੋ ਭਾਰ। ਤੁਮ ਉਰ ਪਰ ਜਿਮ ਫੂਲ ਕਿ ਹਾਰ॥ ੪੦॥

ਖੁਸ਼ੀ ਗ਼ਮੀ, ਮਾਨ ਅਪਮਾਨ ਤੁਹਾਡੇ ਵਾਸਤੇ ਇਕ ਸਮਾਨ ਹਨ, ਸੁਖ ਦੁੱਖ ਵਿਚ ਵੀ ਬ੍ਰਿਤੀ ਇਕ ਸਮਾਨ ਸਥਿਤ ਰਹਿੰਦੀ ਹੈ। ਇਤਿਆਦਿਕ ਜੋ ਭਾਰ ਸਮਝਦੇ ਹੋ, ਇਹ ਭਾਰੇ ਭਾਰ ਤੁਹਾਡੀ ਛਾਤੀ ਤੇ ਫੁੱਲਾਂ ਦੇ ਹਾਰ ਵਾਂਗੂ ਹਨ॥੪੦॥

ਇਸੀ ਭਾਰ ਕੋ ਸੰਕਟ ਪਾਇ। ਸ਼ੱਤ੍ਰੁ ਤੁਮਾਰਨਿ ਸਿਰ ਦਬਿ ਜਾਇ।
ਪੋਸ਼ਿਸ਼ ਪਹਿਰਹੁ ਆਪ ਨਵੀਨ। ਬੈਠਹੁ ਦੇਹੁ ਦਰਸ਼ ਦੁਖ ਹੀਨ॥ ੪੧॥

ਏਸ ਭਾਰ ਦਾ ਸੰਕਟ ਪਾ ਕੇ ਤੁਹਾਡੇ ਵੈਰੀ ਦਾ ਸਿਰ ਦੱਬ ਜਾਵੇਗਾ। ਆਪ ਜੀ ਨਵੀਨ ਪੋਸ਼ਾਕ ਪਹਿਨੋਂ ਤੇ ਬੈਠ ਕੇ ਦੁੱਖਾਂ ਨੂੰ ਦੂਰ ਕਰਨ ਵਾਲੇ ਦਰਸ਼ਨ ਦੇਵੋ॥੪੧॥

ਇਸ ਪ੍ਰਕਾਰ ਬਹੁ ਬਿਨੈ ਭਨੰਤਾ। ਚਹਿ ਸਭਿ ਸਿੱਖਜਨਿ ਗੁਰੂ ਦਿਖੰਤਾ।
ਸ੍ਰੀ ਗੁਰੁ ਤੇਗ ਬਹਾਦਰ ਚੰਦ। ਸਦਾ ਮਗਨ ਜੋ ਬ੍ਰਹਮਾਨੰਦ॥ ੪੨॥

ਇਸ ਪ੍ਰਕਾਰ ਬਹੁਤ ਬੇਨਤੀ ਕਹੀ, ਉਹ ਸਾਰੇ ਸਿੱਖਾਂ ਨੂੰ ਗੁਰੂ ਜੀ ਨੂੰ ਵਿਖਾਉਣਾ ਚਾਹੁੰਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ, ਜਿਹੜੇ ਸਦਾ ਬ੍ਰਹਮ ਅਨੰਦ ਵਿਚ ਮਗਨ ਰਹਿੰਦੇ ਹਨ॥੪੨॥

ਸੰਗਤਿ ਸਕਲ ਸਹਤਿ ਬਡ ਚਾਹ। ਜਿਸ ਮਹਿਂ ਮੁੱਖਜ ਸੁ ਮੱਖਣਸ਼ਾਹ।
ਪੂਰਨ ਕਰਨੀ ਹੀ ਬਨਿ ਆਇ। ਇਮ ਤਿਸ ਛਿਨ ਅਪਨੇ ਉਰ ਲ੍ਯਾਇ॥੪੩॥

ਸਾਰੀ ਸੰਗਤ ਸਹਿਤ ਵੱਡੀ ਚਾਹ ਸੀ, ਜਿਨ੍ਹਾਂ ਵਿਚ ਮੁਖੀ ਮੱਖਣ ਸ਼ਾਹ ਸੀ। ਗੁਰੂ ਜੀ ਫਿਰ ਉਸ ਛਿਨ ਆਪਣੇ ਚਿੱਤ ਵਿਚ ਲਿਆਏ, ਇਨ੍ਹਾਂ ਦੀ ਇੱਛਾ ਪੂਰੀ ਕਰਨੀ ਬਣਦੀ ਹੈ॥੪੩॥

ਮੁਸਕਾਵਤਿ ਬੋਲੇ ਗੁਨਖਾਨੀ। 'ਹੇ ਮੱਖਣ! ਮਾਨੀ ਤੁਵ ਬਾਨੀ।
ਦੂਰ ਦੇਸ਼ ਤੇ ਸ਼ਰਧਾ ਧਰਿਕੈ। ਆਯੋ ਮਾਰਗ ਸ਼੍ਰਮਤਾ ਕਰਿ ਕੈ॥ ੪੪॥

ਮੁਸਕਰਾ ਕੇ ਗੁਰੂ ਜੀ ਬੋਲੇ, 'ਹੇ ਮੱਖਣ ਸ਼ਾਹ! ਤੇਰੀ ਗੱਲ ਅਸੀਂ ਮੰਨ ਲਈ ਹੈ, ਦੂਰ ਦੇਸ਼ ਤੋਂ ਤੂੰ ਬਹੁਤ ਸ਼ਰਧਾ ਧਾਰਨ ਕਰਕੇ ਅਤੇ ਲੰਮੇ ਪੈਂਡੇ ਦੀ ਥਕਾਵਟ ਬਰਦਾਸ਼ਤ ਕਰਕੇ ਆਇਆ ਹੈਂ॥੪੪॥

ਬਿਨੈ ਨੰਮ੍ਰਿਤਾ ਸਹਤ ਉਪਾਇਨ। ਆਨਤਿ ਭਾ ਸਤਿਗੁਰ ਕੇ ਆਇਨ।
ਕਹ੍ਯੋ ਜਿ ਤੇਰੋ ਅਬਿ ਨਹਿਂ ਕਰੈਂ। ਅਪਨੇ ਬਿਖੈ ਖੋਟਤਾ ਧਰੈਂ॥ ੪੫॥

ਬਿਨੈ ਅਤੇ ਨਿੰਮ੍ਰਤਾ ਸਹਿਤ ਸਤਿਗੁਰੂ ਦੇ ਘਰ ਉਪਹਾਰ ਲੈ ਕੇ ਆਇਆ ਹੈਂ। ਜੇ ਤੇਰਾ ਕਿਹਾ ਹੁਣ ਨਹੀਂ ਕਰਾਂਗੇ ਤਾਂ ਆਪਣੇ ਵਿਚ ਖੋਟ ਧਾਰਨ ਕਰਾਂਗੇ॥੪੫॥

ਮੈਂ ਸਿੱਖ ਮੰਦ ਚਾਹ ਜੋ ਮੰਦ। ਨਹਿਂ ਪੂਰੀ ਸਤਿਗੁਰ ਸੁਖਕੰਦ।
ਅਸ ਮਨ ਜਾਨਿ ਬਹੁਰ ਪਛੁਤਾਵੈਂ। ਚਿੰਤਾ ਬਸਿ ਕਲੇਸ਼ ਕੋ ਪਾਵੈਂ॥ ੪੬॥

ਫਿਰ ਤੂੰ ਆਪਣੇ ਵਿਚ ਇਹ ਕਸਰ ਮੰਨੇਂਗਾ ਕਿ ਮਾੜੇ ਸਿੱਖ ਦੀ ਜੋ ਚੰਗੀ ਇੱਛਾ ਸੀ, ਸੁਖਦਾਤੇ ਸਤਿਗੁਰੂ ਨੇ ਪੂਰੀ ਨਹੀਂ ਕੀਤੀ ਹੈ। ਐਸਾ ਮਨ ਵਿਚ ਜਾਣ ਕੇ ਫਿਰ ਪਛਤਾਵੇਂਗਾ। ਚਿੰਤਾ ਵੱਸ ਹੋ ਕੇ ਫਿਰ ਕਲੇਸ਼ ਨੂੰ ਪਾਵੇਂਗਾ॥੪੬॥

ਨਿਜ ਭਗਤਨਿ ਸੁਖ ਦੇਵਨਿ ਕਾਰਨਿ। ਸੰਸੈ ਅਪਦਾ ਮਹਦ ਬਿਦਾਰਨਿ।
ਸ੍ਰੀ ਪ੍ਰਭੁ ਆਪ ਧਰਹਿ ਅਵਤਾਰਾ। ਨਿਜ ਦਾਸਨਿ ਕੇ ਮਨ ਅਨੁਸਾਰਾ॥ ੪੭॥

ਆਪਣੇ ਭਗਤਾਂ ਨੂੰ ਸੁਖ ਦੇਣ ਖ਼ਾਤਰ, ਸ਼ੰਕੇ, ਬਿਪਤਾ ਦੂਰ ਕਰਨ ਲਈ ਸ੍ਰੀ ਪ੍ਰਭੂ ਜੀ ਅਵਤਾਰ ਧਾਰਨ ਕਰਦੇ ਹਨ ਤੇ ਆਪਣੇ ਦਾਸਾਂ ਦੇ ਮਨ ਅਨੁਸਾਰ ਰਹਿੰਦੇ ਹਨ॥੪੭॥

ਮਹਦ ਕਰਮ ਕੋ ਕਰਹਿ ਬਨਾਇ। ਹਰਿ ਤੇ ਹਰਿਜਨ ਬਾਂਛਾ ਪਾਇ।
ਤਿਮ ਸਤਿਗੁਰ ਕੇ ਘਰ ਮਹਿਂ ਅਹੈ। ਪੂਰਨ ਕਰਹਿਂ ਸਿੱਖ ਜੋ ਚਹੈ॥ ੪੮॥

ਦਾਸਾਂ ਦੇ ਭਾਰੀ ਕੰਮ ਨੂੰ ਵੀ ਸੰਵਾਰ ਦਿੰਦੇ ਹਨ, ਇਸ ਤਰ੍ਹਾਂ ਹਰੀ ਪਾਸੋਂ ਹਰੀ ਦੇ ਸੇਵਕ ਮੂੰਹ ਮੰਗੀਆਂ ਇੱਛਾਵਾਂ ਪਾਉਂਦੇ ਹਨ। ਉਸ ਤਰ੍ਹਾਂ ਹੀ ਸਤਿਗੁਰੂ ਜੀ ਦੇ ਘਰ ਵਿਚ ਹੈ, ਜੋ ਵੀ ਸਿੱਖ ਚਾਹੁੰਦਾ ਹੈ ਉਸ ਦੀ ਇੱਛਾ ਪੂਰੀ ਕਰਦੇ ਹਨ॥੪੮॥

ਪ੍ਰੇਮ ਡੋਰ ਤੇ ਬੰਧਨਿ ਹੋਇ। ਕਿਰਤ ਕਰਹਿਂ ਜਿਮ ਬਾਂਛਹਿ ਸੋਇ।
ਇਮ ਗੁਰੁ ਤੇਗ ਬਹਾਦਰ ਮਾਨੀ। ਅਤਿ ਅਨੰਦਤਾ ਮੱਖਣ ਠਾਨੀ॥ ੪੯॥

ਸਤਿਗੁਰੂ ਜੀ ਪ੍ਰੇਮ ਡੋਰ ਨਾਲ ਬੰਨ੍ਹੇ ਹੋਏ ਹਨ, ਉਸ ਤਰ੍ਹਾਂ ਹੀ ਕਿਰਤ ਕਰਦੇ ਹਨ ਜਿਵੇਂ ਸਿੱਖ ਚਾਹੁੰਦੇ ਹਨ।" ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਮੰਨ ਗਏ ਤੇ ਮੱਖਣ ਸ਼ਾਹ ਬਹੁਤ ਪ੍ਰਸੰਨ ਹੋਇਆ॥੪੯॥

ਗੁਰੂ ਆਗਜਾ ਲੈ ਮੱਖਨ ਸ਼ਾਹੁ। ਮੁਖ ਧੋਯੋ ਲੇ ਜਲ ਕਰ ਮਾਂਹੁ।
ਗੁਰੂ ਗਿਰਾ ਅਰੁ ਇੱਛਾ ਜੀ ਕੀ। ਪੂਰਨ ਕੀਨਿ, ਮਾਨਿ ਮਨ ਨੀਕੀ॥ ੫੦॥

ਗੁਰੂ ਜੀ ਦੀ ਆਗਿਆ ਲੈ ਕੇ ਮੱਖਣ ਸ਼ਾਹ ਨੇ ਹੱਥ ਵਿਚ ਪਾਣੀ ਲੈ ਕੇ ਆਪਣਾ ਮੂੰਹ ਧੋਤਾ। ਗੁਰੂ ਜੀ ਦਾ ਵਾਕ (ਕਿ ਪ੍ਰਗਟ ਕਰਨ ਵਾਲੇ ਦਾ ਮੂੰਹ ਕਾਲਾ ਕਰਾਂਗੇ) ਅਤੇ ਆਪਣੇ ਮਨ ਦੀ ਇੱਛਾ (ਕਿ ਗੁਰੂ ਜੀ ਨੂੰ ਹਰ ਹਾਲਤ ਪ੍ਰਗਟ ਕਰਨਾ ਹੈ) ਮਨ ਵਿਚ ਚੰਗਾ ਮੰਨ ਕੇ ਪੂਰਨ ਕੀਤੀ॥੫੦॥

ਨਿਜ ਹਾਥਨਿ ਮਹਿਂ ਬਸਤ੍ਰ ਜੁ ਧਾਰੇ। ਪਹਿਰਾਵਨਿ ਹਿਤ ਉਠਯੋ ਸੁਧਾਰੇ।
ਜਾਮਾ ਸੂਖਮ ਚੀਰ ਜੁ ਚਾਰੂ। ਗਰ ਮਹਿਂ ਪਾਯੋ ਗੁਰੂ ਉਦਾਰੂ॥ ੫੧॥

ਆਪਣੇ ਹੱਥ ਵਿਚ ਜੋ ਵਸਤਰ ਧਾਰਨ ਕੀਤੇ ਸਨ, ਗੁਰੂ ਜੀ ਨੂੰ ਸਵਾਰ ਕੇ ਪਵਾਉਣ ਵਾਸਤੇ ਉਠਿਆ। ਸੂਖਮ ਜਾਮਾ ਜਿਹੜਾ ਸੁੰਦਰ ਕਪੜੇ ਦਾ ਬਣਿਆ ਹੋਇਆ ਸੀ, ਉੱਤਮ ਗੁਰੂ ਜੀ ਦੇ ਗਲ ਵਿਚ ਪਾ ਦਿੱਤਾ॥੫੧॥

ਸੁੰਦਰ ਦੀਰਘ ਬਰ ਦਸਤਾਰ। ਸਿਰ ਪਰ ਬੰਧਨਿ ਕੀਨਿ ਸੁਧਾਰਿ।
ਊਪਰ ਮਹਦ ਚਾਦਰਾ ਲੀਨਿ। ਸਿੱਖ ਕਾਮਨਾ ਪੂਰਨ ਕੀਨਿ॥ ੫੨॥

ਸੁੰਦਰ ਵੱਡੀ ਦਸਤਾਰ ਸਿਰ ਉੱਤੇ ਸੁਧਾਰ ਕੇ ਬੰਨ੍ਹ ਦਿੱਤੀ। ਗੁਰੂ ਜੀ ਨੇ ਆਪਣੇ ਉਪਰ ਵੱਡੀ ਚਾਦਰ ਲੈ ਲਈ ਤੇ ਆਪਣੇ ਅੰਨਿਨ ਸਿੱਖ ਦੀ ਕਾਮਨਾ ਪੂਰੀ ਕਰ ਦਿੱਤੀ॥੫੨॥

ਵਹਿਰ ਸਥੰਡਲ ਹੁਤੋ ਬਿਲੰਦ। ਤਹਾਂ ਆਇ ਬੈਠੇ ਸੁਖਕੰਦ।
ਤਿਹ ਛਿਨ ਮੱਖਣ ਚਢ੍ਯੋ ਅਟਾਰੀ। ਸਭਿ ਸੰਗਤਿ ਸੋਂ ਊਚ ਉਚਾਰੀ॥ ੫੩॥

ਬਾਹਰ ਇਕ ਉੱਚਾ ਥੜ੍ਹਾ ਬਣਿਆ ਹੋਇਆ ਸੀ, ਉਥੇ ਸੁੱਖਾਂ ਦੇ ਦਾਤੇ ਗੁਰੂ ਜੀ ਆ ਬੈਠੇ। ਉਸ ਸਮੇਂ ਮੱਖਣ ਸ਼ਾਹ ਕੋਠੇ ਦੀ ਛੱਤ 'ਤੇ ਚੜ੍ਹ ਗਿਆ ਤੇ ਸਾਰੀ ਸੰਗਤ ਨੂੰ ਉੱਚੀ ਉਚਾਰਨ ਕਰ ਕੇ ਕਿਹਾ॥੫੩॥

'ਭੂਲੀਏ ਸੰਗਤਿ! ਸੁਨਹੁ ਸੁ ਕਾਨ। ਸਤਿਗੁਰੁ ਲੱਧਾ ਮਹਦ ਮਹਾਨ।
ਸੰਸੈ ਭਰਮ ਰਿਦੈ ਕੋ ਤਜਿ ਕੈ। ਜਨਮ ਸੁਧਾਰਹੁ ਸ੍ਰੀ ਗੁਰੁ ਭਜਿ ਕੈ' ॥ ੫੪॥

"ਹੇ ਭੁਲੀਏ ਸੰਗਤੇ! ਕੰਨ ਦੇ ਕੇ ਸੁਣੋ, ਵੱਡੇ ਮਹਾਨ ਸਤਿਗੁਰੂ ਨੂੰ ਅਸੀਂ ਲੱਭ ਲਿਆ ਹੈ, ਆਪਣੇ ਹਿਰਦੇ ਦੇ ਸ਼ੰਕੇ ਭਰਮ ਛੱਡ ਕੇ ਸ੍ਰੀ ਗੁਰੂ ਜੀ ਦਾ ਸਿਮਰਨ ਕਰਕੇ ਆਪਣੇ ਜਨਮ ਨੂੰ ਸੁਧਾਰ ਲਵੋ" ॥੫੪॥

ਮਨ ਉਤਸਾਹੁ ਬਧ੍ਯੋ ਜਿਸ ਕੇਰੇ। ਰਹ੍ਯੋ ਨ ਗਯੋ ਕਹ੍ਯੋ ਤਿਸ ਬੇਰੇ।
ਉਮੰਗਿ ਉਮੰਗਿ ਕੈ ਅਧਿਕ ਪੁਕਾਰੇ। ਹੁਇ ਅਨੰਦ ਅਤਿ, ਸਿੱਖਜ ਹਕਾਰੇ॥ ੫੫॥

ਜਿਸ ਦਾ ਮਨ ਦਾ ਉਤਸ਼ਾਹ ਬਹੁਤ ਵਧਿਆ ਸੀ, ਉਸ ਪਾਸੋਂ ਰਿਹਾ ਨਾ ਗਿਆ, ਉਸ ਸਮੇਂ ਸਭ ਕਹਿ ਦਿੱਤਾ। ਉਤਸ਼ਾਹ ਵਿਚ ਆ ਕੇ ਬਹੁਤ ਉੱਚੀ-ਉੱਚੀ ਪੁਕਾਰਦਾ ਸੀ, ਅਤਿ ਅਨੰਦਿਤ ਹੋਇਆ, ਸਿੱਖਾਂ ਨੂੰ ਬੁਲਾ ਰਿਹਾ ਸੀ॥੫੫॥

ਚਹੁਦਿਸ਼ਿ ਮਹਿਂ ਮੁਖ ਕਰਿ ਕਰਿ ਕਹੈ। 'ਭੂਲੀ ਸੰਗਤਿ! ਗੁਰੁ ਇਹ ਅਹੈ'।
ਜਹਿਂ ਲੌ ਸੁਨ੍ਯੋ ਬਾਕ ਤਿਸ ਕੇਰਾ। ਆਵਹਿਂ ਧਾਵਹਿਂ ਬਿਸਮ ਘਨੇਰਾ॥ ੫੬॥

ਚਾਰੇ ਪਾਸੇ ਮੂੰਹ ਕਰ ਕਰ ਕਹਿੰਦਾ ਸੀ, "ਹੇ ਭੁਲੀਏ ਸੰਗਤੇ! ਗੁਰੂ ਜੀ ਏਥੇ ਹਨ।" ਜਿਥੋਂ ਤਕ ਉਸ ਦੀ ਆਵਾਜ਼ ਸੁਣੀ ਗਈ, ਸੰਗਤ ਬਹੁਤ ਹੈਰਾਨ ਹੋਈ ਭੱਜੀ ਆਉਂਦੀ ਸੀ॥੫੬॥

ਪਸਰੀ ਬਾਤ ਸਰਬ ਹੀ ਗ੍ਰਾਮੂ। ਸੁਨਿ ਸੁਨਿ ਸਿੱਖਯ ਆਇਂ ਤਜਿ ਕਾਮੂ।
ਉਤਰਿ ਆਪ ਪੁਨ ਸਤਿਗੁਰੁ ਪਾਸ। ਖਰੋ ਤਿਹਾਵਲ ਕਿਯ ਅਰਦਾਸ॥ ੫੭॥

ਸਾਰੇ ਪਿੰਡ ਵਿਚ ਇਹ ਗੱਲ ਫੈਲ ਗਈ, ਸੁਣ ਸੁਣ ਕੇ ਸਿੱਖ ਸਾਰੇ ਕੰਮ ਛੱਡ ਕੇ ਆ ਰਹੇ ਸਨ। ਫਿਰ ਆਪ ਉਤਰ ਕੇ ਸਤਿਗੁਰੂ ਜੀ ਦੇ ਪਾਸ ਆ ਗਿਆ ਤੇ ਗੁਰੂ ਜੀ ਦੇ ਸਾਹਮਣੇ ਖਲੋ ਕੇ ਬੇਨਤੀ ਕੀਤੀ॥੫੭॥

ਆਇ ਸਭਾ ਜਬਿ ਪੂਰਨ ਹੋਈ। ਦਰਸਹਿ ਜਿਤ ਕਿਤ ਮਹਿਂ ਸਭਿ ਕੋਈ।
ਸਭਿ ਮਹਿਂ ਮੱਖਣ ਸ਼ਾਹ ਸੁਨਾਇ। 'ਸ਼੍ਰੀ ਹਰਿਕ੍ਰਿਸ਼ਨ ਬਾਕ ਜੋ ਗਾਇ॥ ੫੮॥

ਸੰਗਤਾਂ ਦੇ ਆਉਣ ਨਾਲ ਜਦ ਸਭਾ ਪੂਰੀ ਹੋਈ ਤਾਂ ਜਿਥੇ ਕਿਥੇ ਸਾਰੇ ਹੀ ਗੁਰੂ ਜੀ ਦੇ ਦਰਸ਼ਨ ਕਰ ਰਹੇ ਸਨ। ਫਿਰ ਮੱਖਣ ਸ਼ਾਹ ਨੇ ਸਾਰਿਆਂ ਨੂੰ ਸੁਣਾ ਕੇ ਕਿਹਾ, "ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜੋ ਸ਼ਬਦ ਕਹੇ ਹਨ॥੫੮॥

ਬਾਬਾ ਅਹੈ ਬਕਾਲੇ ਮਾਂਹਿ। ਭਯੋ ਸਾਚ ਸੋ ਹੈ ਗੁਰੁ ਯਾਹਿ।
ਪਤਾ ਜਹਾਜ ਬਤਾਵਨਿ ਕੀਨਿ। ਅੰਤਰ ਕੀ ਗਤਿ ਸਭਿ ਲਖਿ ਲੀਨਿ॥ ੫੯॥

ਬਾਬਾ ਬਕਾਲੇ ਪਿੰਡ ਵਿਚ ਹੈ, ਉਹ ਬਚਨ ਸੱਚਾ ਹੋਇਆ ਹੈ, ਉਹ ਗੁਰੂ ਜੀ ਇਹੋ ਹਨ। ਇਨ੍ਹਾਂ ਨੇ ਮੇਰੇ ਜਹਾਜ਼ ਦੇ ਡੁੱਬਣ ਬਾਰੇ ਪਤਾ ਦਿੱਤਾ ਹੈ, ਮੈਂ ਅੰਦਰਲੀ ਸਾਰੀ ਗਤੀ ਸਮਝ ਲਈ ਹੈ॥੫੯॥

ਸ਼੍ਰੀ ਹਰਿਕ੍ਰਿਸ਼ਨ ਪਿਤਾਮਹਿ ਏਹੁ। ਬਾਬਾ ਕਹਨਿ ਪਤਾ ਇਨ ਦੇਹੁ।
ਇਤ ਉਤ ਭਰਮਹੁ ਨਹਿਂ ਤਜਿ ਗੁਰ ਕੋ। ਪੂਰਹੁ ਦਰਸ ਮਨੋਰਥ ਉਰ ਕੋ॥੬੦॥

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਇਹ ਪਿਤਾਮਾ ਹਨ, ਬਾਬਾ ਕਹਿ ਕੇ ਇਹ ਪਤਾ ਦਿੱਤਾ ਹੈ। ਗੁਰੂ ਜੀ ਨੂੰ ਛੱਡ ਏਧਰ ਉਧਰ ਨਾ ਭਰਮੋ। ਦਰਸ਼ਨ ਕਰਕੇ ਹਿਰਦੇ ਦੇ ਮਨੋਰਥ ਪੂਰੇ ਕਰੋ॥੬੦॥

ਆਵਨਿ ਸਫਲੋ ਭਯੋ ਤੁਮਾਰਾ। ਪੂਜਹੁ ਸਤਿਗੁਰੁ ਪੈਰ ਉਦਾਰਾ।
ਜਿਸ ਪ੍ਰਕਾਰ ਪਰਖੇ ਸਭਿ ਥਾਂਈ। ਮੱਖਣ ਸਭਿ ਕੇ ਸੁਨਤਿ ਸੁਨਾਈ॥ ੬੧॥

ਤੁਹਾਡਾ ਆਉਣਾ ਸਫਲ ਹੋਇਆ ਹੈ, ਸਤਿਗੁਰੂ ਜੀ ਦੇ ਉੱਤਮ ਚਰਨਾਂ ਦੀ ਪੂਜਾ ਕਰੋ।" ਜਿਸ ਪ੍ਰਕਾਰ ਸਭ ਥਾਂ ਪਰਖ ਕੀਤੀ ਹੈ, ਮੱਖਣ ਸ਼ਾਹ ਨੇ ਉਹ ਕਥਾ ਸਾਰਿਆਂ ਨੂੰ ਸੁਣਾਈ॥੬੧॥

*ਗਿਆਰ੍ਹਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥*

## *ਅਧਿਆਇ ਦਸਵਾਂ*

### *ਸੋਢੀਆਂ ਦੀ ਈਰਖਾ*

ਦੋਹਰਾ ਸੰਗਤਿ ਸਭਿ ਇਕ ਬਾਰ ਹੀ ਦੌਰਿ ਦੌਰਿ ਨਰ ਆਇਂ।
ਦੀਰਘ ਦਰਸ਼ਨ ਸਤਿਗੁਰੂ ਦੈ ਹੈਂ ਦਰਸ ਦਿਖਾਇ॥ ੧॥

ਸਾਰੀ ਸੰਗਤ ਇਕ ਵਾਰ ਹੀ ਦੌੜ ਦੌੜ ਕੇ ਆ ਗਈ। ਲੰਮੇ ਸਰੀਰ ਵਾਲੇ ਸਤਿਗੁਰੂ ਜੀ ਆਪਣੇ ਦਰਸ਼ਨ ਦੇ ਰਹੇ ਹਨ॥੧॥

ਚੌਪਈ- ਬਸਤ੍ਰ ਬਹੁਤ ਜਿਨ ਮੋਲ ਉਦਾਰੇ। ਧਰੀ ਅਸ਼ਰਫੀ ਗੁਰੂ ਅਗਾਰੇ।
ਦੇਖਿ ਦੇਖਿ ਸਿਖ ਚੌਂਪ ਕਰੰਤੇ। ਆਨਿ ਉਪਾਇਨ ਨਿਜ ਅਰਪੰਤੇ ॥੨॥

ਜਿਸ ਨੇ ਬਹੁਤ ਕੀਮਤੀ ਕਪੜੇ ਪਾਏ ਹੋਏ ਸਨ, ਉਸ ਨੇ ਗੁਰੂ ਜੀ ਅੱਗੇ ਅਸ਼ਰਫੀਆਂ ਰੱਖੀਆਂ। ਵੇਖ-ਵੇਖ ਕੇ ਸਿੱਖ ਬਹੁਤ ਪ੍ਰਸੰਨ ਹੋ ਰਹੇ ਸਨ ਤੇ ਆਪ ਆ ਕੇ ਉਪਹਾਰ ਅਰਪਣ ਕਰਦੇ ਸਨ ॥੨॥

ਪੰਚਾਂਮ੍ਰਿਤ ਕੋ ਲਜਾਇ ਕਰਾਇ। ਕੋ ਅਰਪਤਿ ਹੈ ਬਸਤ੍ਰ ਸੁਹਾਇ।
ਕਿਤਿਕ ਰਜਤਪਣ ਲਜਾਇ ਚਢਾਵਹਿਂ। ਪਸ਼ਮੰਬਰ ਕੋ ਲੇ ਅਰਪਾਵਹਿ ॥੩॥

ਕੋਈ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ ਲੈ ਆਇਆ, ਕੋਈ ਸੁਹਾਵਣੇ ਬਸਤਰ ਅਰਪਣ ਕਰਦਾ ਸੀ, ਕਈ ਚਾਂਦੀ ਦੇ ਰੁਪਏ ਲਿਆ ਕੇ ਚੜ੍ਹਾਉਂਦੇ ਸਨ, ਕਈ ਰੇਸ਼ਮ ਦੇ ਕਪੜੇ ਲਿਆ ਕੇ ਅਰਪਣ ਕਰਦੇ ਸਨ ॥੩॥

ਭਈ ਭੀਰ ਬਹੁ ਨਰ ਕੀ ਆਇ। ਬੰਦਨ ਕਰਹਿਂ ਬਦਨ ਦਰਸਾਇ।
'ਜੈ ਸਤਿਗੁਰੁ ਜੈ ਸਤਿਗੁਰ ਕੇਰੀ। ਸਭਿ ਤੇ ਮਹਿਮਾ ਅਧਿਕ ਬਡੇਰੀ ॥੪॥

ਬਹੁਤ ਮਨੁੱਖਾਂ ਦੀ ਉਥੇ ਆ ਕੇ ਭੀੜ ਲੱਗ ਗਈ, ਸਾਰੇ ਗੁਰੂ ਜੀ ਦੇ ਮੁੱਖ ਦੇ ਦਰਸ਼ਨ ਕਰਕੇ ਬੰਦਨਾ ਕਰਦੇ ਸਨ। "ਸਤਿਗੁਰੂ ਦੀ ਜੈ! ਸਤਿਗੁਰੂ ਦੀ ਜੈ! ਸਤਿਗੁਰੂ ਦੀ ਜੈ! ਜਿਨ੍ਹਾਂ ਦੀ ਮਹਿਮਾ ਸਭ ਤੋਂ ਵੱਡੀ ਹੈ ॥੪॥

ਸ੍ਰੀ ਨਾਨਕ ਕੀ ਜੋਤਿ ਉਦਾਰਾ। ਅਬਿ ਤਿਸ ਕੇ ਤੁਮ ਅਹੋ ਅਧਾਰਾ।
ਸਿੱਖਜਨਿ ਸਕਲ ਕਾਮਨਾ ਜੋਈ। ਤਿਨ ਕੇ ਨਿਰਬਾਹਕ ਤੁਮ ਹੋਈ ॥੫॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉੱਤਮ ਜੋਤ ਹੈ, ਹੁਣ ਤਿਨ੍ਹਾਂ ਦੇ ਤੁਸੀਂ ਅਧਾਰ ਹੋ। ਸਿੱਖਾਂ ਦੀਆਂ ਸਾਰੀਆਂ ਕਾਮਨਾਵਾਂ ਨੂੰ ਨਿਬਾਹੁਣ ਵਾਲੇ ਤੁਸੀਂ ਹੋਦੇ ਹੋ ॥੫॥

ਦੁਰੇ ਰਹੇ ਨਹਿਂ ਦਰਸ ਦਿਖਾਵਾ। ਕਿਮ ਛਪਿ ਸਕਹਿ ਭਾਨੁ ਉਦਤਾਵਾ।
ਕਰਹੁ ਉਧਾਰਨਿ ਸਿੱਖਜਨਿ ਕਰਨਿ। ਲਹੈਂ ਅਨੰਦ ਦਰਸ ਤੁਮ ਹੇਰਨਿ' ॥੬॥

ਲੁਕੇ ਰਹੇ ਹੋ, ਦਰਸ਼ਨ ਨਹੀਂ ਵਿਖਾਏ ਹਨ, ਪਰ ਪ੍ਰਗਟ ਹੋਇਆ ਸੂਰਜ ਕਿਵੇਂ ਛੁਪ ਸਕਦਾ ਹੈ। ਸਿੱਖਾਂ ਦਾ ਉਧਾਰ ਕਰੋ, ਤੁਹਾਡੇ ਦਰਸ਼ਨ ਕਰਕੇ ਉਹ ਅਨੰਦ ਪ੍ਰਾਪਤ ਕਰਨਗੇ' ॥੬॥

ਇਮ ਕਹਿ ਕਹਿ ਬਹੁ ਭੇਟ ਚਢਾਵਹਿਂ। ਬਿਨੈ ਕਾਮਨਾ ਸਹਿਤ ਸੁਨਾਵਹਿਂ।
ਕੋਇਕ ਸਿੱਖ ਕਹੈ ਤਿਨ ਮਾਂਹੀ। ਜਿਨ ਕੇ ਰਿਦੈ ਅਸ਼ਰਧਾ ਨਾਂਹੀ ॥੭॥

ਇਸ ਤਰ੍ਹਾਂ ਕਹਿ-ਕਹਿ ਬਹੁਤ ਭੇਟ ਚੜ੍ਹਾਉਂਦੇ ਸਨ ਤੇ ਕਾਮਨਾ ਸਹਿਤ ਬੇਨਤੀਆਂ ਸੁਣਾਉਂਦੇ ਸਨ। ਉਨ੍ਹਾਂ ਵਿਚੋਂ ਕੋਈ ਇਕ ਸਿੱਖ ਕਹਿੰਦਾ ਸੀ, ਜਿਨ੍ਹਾਂ ਦੇ ਹਿਰਦਿਆਂ ਵਿਚ ਅਸ਼ਰਧਾ ਨਹੀਂ ਸੀ ॥੭॥

'ਕਰਮ ਅਨੰਦਤ ਸਭਿ ਇਨ ਕੇਰੇ। ਮਹਾਂ ਭਾਗ ਸੰਤੋਖ ਘਨੇਰੇ।
ਸਮ ਦਮ ਸ਼ਾਂਤੀ ਮਧੁਰ ਬਚੰਨਾ। ਨਿਜ ਸਰੂਪ ਮਹਿਂ ਸਦਾ ਪ੍ਰਸੰਨਾ ॥੮॥

"ਇਨ੍ਹਾਂ ਦੇ ਸਾਰੇ ਕਾਰਜ ਅਨੰਦ ਦੇਣ ਵਾਲੇ ਹਨ, ਇਨ੍ਹਾਂ ਦੇ ਵੱਡੇ ਭਾਗ ਹਨ ਤੇ ਘਨਾ ਸੰਤੋਖ ਹੈ। ਸ਼ਾਂਤ ਸਰੂਪ ਹਨ ਅਤੇ ਮਿੱਠੇ ਇਨ੍ਹਾਂ ਦੇ ਬਚਨ ਹਨ। ਆਪਣੇ ਸਰੂਪ ਵਿਚ ਹੀ ਸਦਾ ਪ੍ਰਸੰਨ ਰਹਿੰਦੇ ਹਨ ॥੮॥

ਸਹਿਨ ਸ਼ੀਲ, ਮਨ ਰਾਗ ਨ ਦ੍ਵੈਸ਼। ਸਦਾ ਜਿਤਿੰਦ੍ਰੈ, ਛੁਹ ਨ ਕਲੇਸ਼।
ਗੁਰਤਾ ਉਚਿਤ ਜਿਤਿਕ ਬਡਿਆਈ। ਇਨ ਮਹਿਂ ਸਭਿ ਪਈਅਤਿ ਭਲਿਆਈ ॥੯॥

ਵੱਡੇ ਸਹਿਨਸ਼ੀਲ ਹਨ ਤੇ ਮਨ ਵਿਚ ਨਾ ਪ੍ਰੇਮ ਹੈ ਨਾ ਦ੍ਵੈਸ਼ ਹੈ, ਸਦਾ ਹੀ ਜੇਤੂ ਹਨ ਤੇ ਕਲੇਸ਼ ਇਨ੍ਹਾਂ ਨੂੰ ਛੋਹਿਆ ਵੀ ਨਹੀਂ ਹੈ। ਜਿੰਨੀ ਇਨ੍ਹਾਂ ਦੀ ਵਡਿਆਈ ਹੈ, ਉਸ ਕਰਕੇ ਗੁਰਤਾ ਇਨ੍ਹਾਂ ਵਾਸਤੇ ਉਚਿਤ ਹੈ। ਇਨ੍ਹਾਂ ਵਿਚ ਸਾਰੀ ਭਲਿਆਈ ਸਮਾਈ ਹੈ ॥੯॥

ਇਕ ਸੁਭਾਵ ਇਨ ਧਾਰਹਿ ਮੌਨ। ਯਾਂਤੇ ਗਯੋ ਸਮੀਪ ਨ ਕੌਨ।
ਭੇਦ ਨ ਪਾਇ ਸਕਯੋ ਇਨ ਕੋਇ। ਉਦਾਸੀਨ ਸਭਿ ਤੇ ਨਿਤ ਜੋਇ॥ ੧੦॥

ਇਕ ਇਨ੍ਹਾਂ ਦਾ ਸੁਭਾਵ ਹੈ ਕਿ ਇਹ ਸਦਾ ਮੋਨ ਧਾਰ ਛੱਡਦੇ ਹਨ ਇਸ ਕਰਕੇ ਕੋਈ ਵੀ ਇਨ੍ਹਾਂ ਦੇ ਪਾਸ ਨਹੀਂ ਗਿਆ ਹੈ। ਇਨ੍ਹਾਂ ਦਾ ਕੋਈ ਵੀ ਭੇਦ ਨਹੀਂ ਪਾ ਸਕਿਆ ਹੈ, ਜਿਹੜੇ ਸਦਾ ਹੀ ਸਭ ਤੋਂ ਵੱਖ ਰਹਿੰਦੇ ਹਨ ॥੧੦॥

ਇਨ ਕੋ ਪਿਤਾ ਬਲੀ ਭੁਜ ਭਾਰੀ। ਜਿਨ ਸਮਾਨ ਨਹਿਂ ਅਪਰ ਅਕਾਰੀ।
ਸੁੰਦਰ ਸੁਭ ਸਰਬੰਗ ਬਿਲੰਦ। ਮਹਿਦ ਜੁੱਧ ਜੈਤਾ ਰਿਪੁ ਬ੍ਰਿੰਦ॥ ੧੧॥

ਇਨ੍ਹਾਂ ਦੇ ਪਿਤਾ ਭਾਰੀਆਂ ਬਾਹਾਂ ਵਾਲੇ ਮਹਾਨ ਬਲੀ ਹੋਏ ਹਨ, ਹੋਰ ਕੋਈ ਉਨ੍ਹਾਂ ਵਰਗੇ ਸਰੀਰ ਵਾਲਾ ਨਹੀਂ ਹੋਇਆ ਹੈ। ਸ਼ੁਭ ਸੁੰਦਰ ਤੇ ਸਭ ਪੱਖੋਂ ਬਹੁਤ ਉੱਚੇ ਲੰਮੇ ਸਨ, ਬਹੁਤ ਵੈਰੀਆਂ ਨੂੰ ਮਾਰ ਕੇ ਉਨ੍ਹਾਂ ਬਹੁਤ ਯੁੱਧ ਜਿੱਤੇ ਸਨ। ੧੧॥

ਸ੍ਰੀ ਗੁਰ ਹਰਿਗੁਵਿੰਦ ਸੁਖਕੰਦ। ਤਿਨ ਕੇ ਸੁਤ ਗੁਨ ਧਰਹਿਂ ਮਨਿੰਦ।
ਦੀਰਘ ਦਰਸ਼ਨ ਬਦਨ ਸੁਹਾਵਾ। ਦੀਹ ਸਮੱਸ੍ਰ ਸਰਲ ਬਨਾਵਾ॥ ੧੨॥

ਸ੍ਰੀ ਗੁਰੂ ਹਰਿਗੋਬਿੰਦ ਜੀ ਸੁੱਖਾਂ ਦੇ ਦਾਤੇ ਸਨ, ਉਨ੍ਹਾਂ ਦੇ ਪੁੱਤਰ ਨੇ ਉਨ੍ਹਾਂ ਵਰਗੇ ਗੁਣ ਧਾਰਨ ਕੀਤੇ ਹਨ। ਬੜਾ ਲੰਮਾ ਉਚਾ ਸਰੀਰ ਹੈ, ਮੁਖੜਾ ਸ਼ੋਭਨੀਕ ਹੈ। ਦਾੜ੍ਹਾ ਭਾਰੀ ਅਤੇ ਲੰਮਾ ਹੈ ॥੧੨॥

ਛਪੇ ਰਹੇ ਨਹਿਂ ਆਪ ਜਨਾਯੋ। ਭੇਦ ਨਹੀਂ ਕਿਨਹੂੰ ਸਿੱਖ ਪਾਯੋ।
ਸਿੱਖ ਸ਼ਰਧਾ ਹਿਤ ਪਤਾ ਬਤਾਵਾ। ਸਾਗਰ ਬਿਖੈ ਜਹਾਜ ਲੰਘਾਵਾ॥ ੧੩॥

ਛੁਪੇ ਰਹੇ ਹਨ, ਆਪਣੇ ਆਪ ਨੂੰ ਜਤਾਇਆ ਨਹੀਂ ਹੈ, ਉਨ੍ਹਾਂ ਦਾ ਭੇਦ ਕਿਸੇ ਸਿੱਖ ਨੇ ਨਹੀਂ ਪਾਇਆ ਹੈ। ਸਿੱਖ ਸ਼ਰਧਾ ਵਾਸਤੇ ਪਤਾ ਦੱਸਿਆ ਹੈ, ਸਾਗਰ ਵਿਚ ਉਸ ਦੇ ਜਹਾਜ਼ ਨੂੰ ਪਾਰ ਲੰਘਾਇਆ ਹੈ ॥੧੩॥

ਯਾਂਤੇ ਜ਼ਾਹਰ ਭਏ ਜਹਾਨ। ਕਰਹਿਂ ਅਨਿਕ ਸਿੱਖਨਿ ਕੱਲਜਾਨ।
ਇਸ ਪ੍ਰਕਾਰ ਸੰਗਤਿ ਦਰਸੰਤੀ। ਅਨਿਕ ਭਾਂਤਿ ਬਸਤ੍ਰਨਿ ਅਰਪੰਤੀ॥ ੧੪॥

ਇਸ ਕਰਕੇ ਜਹਾਨ ਵਿਚ ਪ੍ਰਗਟ ਹੋਏ ਹਨ, ਇਹ ਅਨੇਕ ਸਿੱਖਾਂ ਦਾ ਕਲਿਆਣ ਕਰਨਗੇ।" ਇਸ ਪ੍ਰਕਾਰ ਸੰਗਤ ਦਰਸ਼ਨ ਕਰਦੀ ਸੀ। ਅਨੇਕ ਪ੍ਰਕਾਰ ਦੇ ਕਪੜੇ ਅਰਪਣ ਕਰਦੇ ਸਨ ॥੧੪॥

ਚਹੁੰਦਿਸ਼ਿ ਭੀਰ ਭਈ ਬਹੁ ਆਇ। ਬੰਦਹਿਂ ਪਾਇਨਿ ਸੀਸ ਟਿਕਾਇ।
ਮੱਖਣ ਦੋਇ ਚਮਰ ਜੋ ਲਜਾਵਾ। ਦੁਹਿਦਿਸ਼ਿ ਮਹਿਂ ਸ਼ੁਭ ਰੀਤਿ ਝੁਲਾਵਾ ॥੧੫॥

ਚਾਰੇ ਪਾਸੇ ਭੀੜ ਹੋ ਗਈ, ਬਹੁਤ ਸੰਗਤ ਆਈ, ਚਰਨਾਂ ਤੇ ਸਿਰ ਟਿਕਾ ਕੇ ਬੰਦਨਾ ਕਰਦੇ ਸਨ। ਮੱਖਣ ਸ਼ਾਹ ਜਿਹੜੇ ਦੋ ਚੌਰ ਲਿਆਇਆ ਸੀ, ਦੋਵੀਂ ਪਾਸੀਂ ਉਹ ਸ਼ੁਭ ਰੀਤੀ ਨਾਲ ਝੂਲ ਰਹੇ ਸਨ ॥੧੫॥

ਸਿੱਖਜਨਿ ਸਾਥ ਬਾਰਤਾਲਾਪ। ਸਤਿਗੁਰੁ ਕਰਤਿ ਦਿਪਤਿ ਪਰਤਾਪ।
ਸਭਿ ਸੋਢੀ ਕੇ ਨਰ ਤਹਿਂ ਆਏ। ਦੇਖਿ ਦੇਖਿ ਮਨ ਅਨਖ ਬਢਾਏ॥ ੧੬॥

ਸਿੱਖਾਂ ਨਾਲ ਵਾਰਤਾਲਾਪ ਕਰਨ ਨਾਲ ਉਨ੍ਹਾਂ ਦੇ ਪ੍ਰਤਾਪ ਦਾ ਜਲੌ ਪ੍ਰਕਾਸ਼ਦਾ ਸੀ। ਸਭ ਸੋਢੀਆਂ ਦੇ ਮਨੁੱਖ ਉਥੇ ਆਏ ਵੇਖ-ਵੇਖ ਕੇ ਮਨ ਵਿਚ ਗੁੱਸਾ ਵਧਾਉਂਦੇ ਸਨ॥੧੬॥

**ਜਜੌਂ ਜਜੌਂ ਬਹੁਤ ਉਪਾਇਨ ਆਵੈ। ਸੰਗਤਿ ਸਗਰੀ ਸਤੁਤਿ ਸੁਨਾਵੈ।**
**ਦਰਬ ਅਗਾਰੀ ਬ੍ਰਿੰਦ ਦਿਸਾਵੈ। ਤਜੌਂ ਤਜੌਂ ਮਤਸਰ ਅਧਿਕ ਉਪਾਵੈਂ॥੧੭॥**

ਜਿਵੇਂ ਜਿਵੇਂ ਬਹੁਤ ਉਪਹਾਰ ਆਉਂਦੇ ਸਨ ਤੇ ਸਾਰੀ ਸੰਗਤ ਉਸਤਤਿ ਸੁਣਾਉਂਦੀ ਸੀ ਤੇ ਅੱਗੇ ਬਹੁਤ ਧਨ ਰਖਦੇ ਸਨ ਤਿਵੇਂ ਤਿਵੇਂ ਸੋਢੀਆਂ ਦਾ ਹੰਕਾਰ ਤੇ ਈਰਖਾ ਵਧਦੀ ਜਾ ਰਹੀ ਸੀ॥੧੭॥

**ਇਸ ਕੌ ਮਾਨਤਿ ਹੁਤੋ ਨ ਕੋਇ। ਗੁਰਤਾ ਉਚਿਤ ਨ ਕੈਸੇ ਸੋਇ।**
**ਮਿਲਹਿ ਨ ਬੋਲਹਿ ਕਾਹੂੰ ਸੰਗ। ਸਮ ਉਨਮੱਤ, ਨਹੀਂ ਸੁਧਿ ਅੰਗ॥ ੧੮॥**

ਉਹ ਕਹਿੰਦੇ ਸਨ, "ਇਨ੍ਹਾਂ ਨੂੰ ਕੋਈ ਵੀ ਮੰਨਦਾ ਨਹੀਂ ਸੀ, ਉਹ ਫਿਰ ਗੁਰਤਾ ਵਾਸਤੇ ਉਚਿਤ ਕਿਵੇਂ ਹੋ ਗਏ। ਨਾ ਕਿਸੇ ਨੂੰ ਮਿਲਦੇ ਸਨ, ਨਾ ਕਿਸੇ ਨਾਲ ਬੋਲਦੇ ਸਨ। ਮਤਵਾਲਿਆਂ ਵਾਂਗ ਰਹਿੰਦੇ ਸਨ, ਸਰੀਰ ਦੀ ਸੋਝੀ ਨਹੀਂ ਸੀ॥੧੮॥

**ਸਭਿਨਿ ਛੋਰਿ ਇਹ ਗੁਰੂ ਬਨਾਵਾ। ਜਿਸ ਕੋ ਲਖਜੋ ਨ ਜਾਇ ਸੁਭਾਵਾ।**
**ਇਹ ਮੱਖਨ ਨੇ ਦੰਭ ਬਨਾਯੋ। ਸਭਿ ਸਿੱਖਜਨਿ ਕੋ ਲਜਾਇ ਬੁਲਾਯੋ॥ ੧੯॥**

ਸਾਰਿਆਂ ਨੂੰ ਛੱਡ ਕੇ ਇਸ ਨੂੰ ਗੁਰੂ ਬਣਾ ਦਿੱਤਾ ਹੈ, ਜਿਸ ਦੇ ਸੁਭਾਵ ਨੂੰ ਸਮਝਿਆ ਨਹੀਂ ਜਾ ਸਕਦਾ। ਇਹ ਮੱਖਣ ਸ਼ਾਹ ਨੇ ਪਖੰਡ ਬਣਾਇਆ ਹੈ ਤੇ ਸਾਰੇ ਸਿੱਖਾਂ ਨੂੰ ਬੁਲਾ ਲਿਆਇਆ ਹੈ॥੧੯॥

**ਇਸ ਕੌ ਕਹਤਿ ਹੁਤੇ ਮਤਿਵਾਨਾ। ਦੇਖਜੌ ਯਾਤੇ ਮਹਤ ਅਜਾਨਾ।**
**ਅਪਰ ਸਭਿਨਿ ਕੋ ਕੀਨਿ ਅਨਾਦਰ। ਹੁਤੇ ਸਦੀਵ ਜੁ ਉਚਿਤੈ ਆਦਰ॥੨੦॥**

ਮੱਖਣ ਸ਼ਾਹ ਨੂੰ ਸਾਰੇ ਬੁੱਧੀਵਾਨ ਕਹਿੰਦੇ ਸਨ, ਪਰ ਅਸੀਂ ਤਾਂ ਉਸਨੂੰ ਮਹਾਂ ਮੂਰਖ ਵੇਖਿਆ ਹੈ। ਹੋਰ ਸਾਰਿਆਂ ਦਾ ਅਨਾਦਰ ਕੀਤਾ ਹੈ ਜੋ ਸਦਾ ਹੀ ਵੱਡੇ ਆਦਰ ਦੇ ਉਚਿਤ ਸਨ॥੨੦॥

**ਧੀਰਮੱਲ ਤੇ ਆਦਿ ਮਹਾਂਨਾ। ਜਿਸ ਕੋ ਮਾਨਹਿ ਸਕਲ ਜਹਾਨਾ।**
**ਤਿਨਕੇ ਹੋਂਵਤਿ ਇਸ ਢਿਗ ਆਇ। ਧਰਹਿ ਉਪਾਇਨ ਪੂਜਹਿ ਪਾਇ॥੨੧॥**

ਧੀਰਮੱਲ ਆਦਿ ਜਿਹੜੇ ਮਹਾਨ ਸੋਢੀ ਹਨ, ਜਿਨ੍ਹਾਂ ਨੂੰ ਸਾਰਾ ਜਹਾਨ ਮੰਨਦਾ ਹੈ। ਉਨ੍ਹਾਂ ਦੇ ਹੁੰਦਿਆਂ ਇਸ ਦੇ ਪਾਸ ਆਏ ਹਨ ਤੇ ਉਪਹਾਰ ਧਰ ਚਰਨਾਂ ਦੀ ਪੂਜਾ ਕਰਦੇ ਹਨ॥੨੧॥

**ਕਥੰ ਅਨੀਤ ਸਹਾਰਹਿ ਸੋਇ। ਇਮ ਤੌ, ਚਹੈ ਜੁ ਗੁਰੁ ਸੋ ਹੋਇ।**
**ਅਸ ਕਹਿ ਨਿੰਦਕ ਬਹੁਤ ਰਿਸਾਏ। ਜਾਇ ਸਭਿਨਿ ਸੋਢੀਨਿ ਜਨਾਏ॥੨੨॥**

ਅਜਿਹੀ ਅਨੀਤ ਕਿਵੇਂ ਸਹਾਰੀਏ, ਇਸ ਤਰ੍ਹਾਂ ਤਾਂ ਜੋ ਵੀ ਚਾਹੇਗਾ, ਉਹ ਗੁਰੂ ਬਣ ਬੈਠੇਗਾ। ਇਸ ਤਰ੍ਹਾਂ ਕਹਿ ਕੇ ਨਿੰਦਕ ਬਹੁਤ ਗੁੱਸੇ ਵਿਚ ਆ ਗਏ, ਸਾਰਿਆਂ ਨੇ ਜਾ ਕੇ ਸੋਢੀਆਂ ਨੂੰ ਦੱਸਿਆ॥੨੨॥

**'ਬਨੇ ਬਨਾਏ ਸਭਿ ਤੁਮ ਰਹੋ। ਅਬਿ ਤੇ ਆਗੇ ਭੇਟ ਨ ਚਹੋ।**
**ਨਹਿਂ ਕੋ ਆਵੈ ਪਾਸ ਤੁਮਾਰੇ। ਦਰਬ ਨ ਅਰਪਹਿ ਕਬਹਿ ਅਗਾਰੇ॥ ੨੩॥**

'ਸਾਰੇ ਤੁਸੀਂ ਹੁਣ ਬਣੇ ਬਣਾਏ ਰਹੋ, ਹੁਣ ਅੱਗੇ ਤੋਂ ਕੋਈ ਭੇਟ ਨਾ ਚਾਹੋ। ਹੁਣ ਤੁਹਾਡੇ ਪਾਸ ਕੋਈ ਨਹੀਂ ਆਵੇਗਾ ਤੇ ਕਦੇ ਵੀ ਕੋਈ ਤੁਹਾਨੂੰ ਆ ਕੇ ਧਨ ਨਹੀਂ ਅਰਪਣ ਕਰੇਗਾ॥੨੩॥

**ਸ੍ਰੀ ਗੁਰ ਹਰਿਗੋਵਿੰਦ ਕੋ ਨੰਦ। ਸਭਿ ਤੇ ਲਘੁ, ਪਦ ਚਹੈ ਬਿਲੰਦ।**
**ਤਿਸ ਤ ਬਡੇ ਚਾਰ ਸੁਤ ਆਨ। ਤਿਨ ਕੋ ਬੰਸ ਜੁ ਗੁਨੀ ਮਹਾਨ॥ ੨੪॥**

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੁੱਤਰ, ਜਿਹੜੇ ਸਭ ਤੋਂ ਛੋਟੇ ਹਨ, ਉਹ ਵੱਡੀ ਪਦਵੀ ਚਾਹੁੰਦੇ ਹਨ। ਉਨ੍ਹਾਂ ਤੋਂ ਵੱਡੇ ਚਾਰ ਪੁੱਤਰ ਹੋਰ ਹਨ, ਜਿਨ੍ਹਾਂ ਦੀ ਵੰਸ਼ ਮਹਾਨ ਗੁਣੀ ਹੈ॥੨੪॥

**ਸਭਿਨਿ ਉਲੰਘਤਿ ਬੈਠਜੋ ਸੋਇ। ਤੇਗ ਬਹਾਦਰ ਮਸਤ ਜੁ ਹੋਇ।**
**ਅੰਤਰ ਗਤਿ ਮੱਖਣ ਮਿਲਿ ਗਯੋ। ਮਹਾਂ ਪਖੰਡ ਉਠਾਵਨਿ ਕਿਯੋ॥ ੨੫॥**

ਸਾਰਿਆਂ ਨੂੰ ਉਲੰਘ ਕੇ ਉਹ ਗੱਦੀ ਤੇ ਬੈਠ ਗਏ ਹਨ, ਜਿਹੜੇ ਸ੍ਰੀ ਤੇਗ ਬਹਾਦਰ ਜੀ ਮਸਤ ਹਨ। ਜਾਪਦਾ ਹੈ ਅੰਦਰਖਾਤੇ ਮੱਖਣ ਸ਼ਾਹ ਉਨ੍ਹਾਂ ਨਾਲ ਮਿਲ ਗਿਆ ਹੈ, ਉਸ ਨੇ ਮਹਾਂ ਪਖੰਡ ਬਣਾਇਆ ਹੈ॥੨੫॥

**ਕੈ ਤੇ ਮਿਲਿ ਕੈ ਕਰਹੁ ਮ੍ਰਿਜਾਦਾ। ਨਾਂਹਿ ਤ ਭਯੋ ਸਭਿਨਿ ਤੇ ਜ਼ਜਾਦਾ'।**
**ਸੁਨਤਿ ਸਭਿਨਿ ਸੋਢੀਨਿ ਬਿਚਾਰਾ। 'ਕਬਿ ਨ ਉਠਾਵਹਿ ਗੁਰਤਾ ਭਾਰਾ॥੨੬॥**

ਜਾਂ ਤਾ ਮਿਲ ਕੇ ਮਰਯਾਦਾ ਕਰੋ, ਨਹੀਂ ਤਾਂ ਉਹ ਸਭ ਨਾਲੋਂ ਵੱਡਾ ਹੋ ਗਿਆ ਹੈ।'' ਸਾਰੇ ਸੋਢੀਆਂ ਨੇ ਸੁਣ ਕੇ ਵਿਚਾਰ ਕੀਤੀ, ''ਉਹ ਕਦੀ ਵੀ ਗੁਰਤਾ ਦਾ ਭਾਰ ਨਹੀਂ ਚੁੱਕ ਸਕਦਾ॥੨੬॥

**ਲੇਨਿ ਦੇਨਿ ਕੀ ਅਕਲ ਨ ਕੋਈ। ਬੋਲਿਬਿ ਕੀ ਸਾਮਰਥ ਨ ਹੋਈ।**
**ਸਿੱਖਜਨਿ ਕੋ ਦੈਬੋ ਉਪਦੇਸ਼। ਇੱਤਜਾਦਿਕ ਕੋ ਲਖਹਿ ਨ ਲੇਸ਼॥ ੨੭॥**

ਉਸ ਨੂੰ ਲੈਣ-ਦੇਣ ਦੀ ਕੋਈ ਅਕਲ ਨਹੀਂ ਹੈ, ਬੋਲਣ ਦੇ ਉਹ ਸਮਰੱਥ ਨਹੀਂ ਹੈ। ਸਿੱਖਾਂ ਨੂੰ ਉਹ ਕਿਵੇਂ ਉਪਦੇਸ਼ ਦੇ ਸਕੇਗਾ। ਇਤਿਆਦਿਕ ਉਹ ਰਤਾ ਭਰ ਵੀ ਸਮਝ ਨਹੀਂ ਰੱਖਦਾ ਹੈ॥੨੭॥

**ਧਰੇ ਮੋਨ ਘਰ ਬੈਠਜੋ ਰਹੈ। ਜਗ ਬਿਵਹਾਰ ਕਥੰ ਸੋ ਲਹੈ।**
**ਇਕ ਮੱਖਨ ਕੀ ਦਿਸ਼ਿ ਕੋ ਦੇਖਿ। ਸੰਗਤਿ ਦੀਨਸਿ ਭੇਟ ਅਸ਼ੇਖ॥ ੨੮॥**

ਮੋਨ ਧਾਰ ਕੇ ਘਰ ਵਿਚ ਬੈਠਾ ਰਹੇਗਾ, ਜਗਤ ਦੇ ਵਿਹਾਰ ਕਿਵੇਂ ਜਾਣੇਗਾ। ਇਕ ਮੱਖਣ ਸ਼ਾਹ ਵਲ ਵੇਖ ਕੇ, ਸਾਰੀ ਸੰਗਤ ਉਸ ਨੂੰ ਭੇਟ ਦਿੰਦੀ ਹੈ॥੨੮॥

**ਜਬਿ ਇਹ ਚਲਜੋ ਜਾਇ ਨਿਜ ਦੇਸ਼। ਦੇਯ ਉਪਾਇਨ ਕੋ ਨਹਿਂ ਲੇਸ਼।**
**ਸਭਿ ਹਟਿ ਜੈ ਹੈਂ, ਜਾਇ ਨ ਕੋਈ। ਜਾਨਿ ਜਾਇਂ ਜੈਸੋ ਇਹ ਹੋਈ॥ ੨੯॥**

ਜਦ ਇਹ ਆਪਣੇ ਦੇਸ਼ ਨੂੰ ਚਲਾ ਜਾਵੇਗਾ, ਫਿਰ ਕੋਈ ਵੀ ਇਸ ਨੂੰ ਰਤੀ ਭਰ ਵੀ ਉਪਹਾਰ ਨਹੀਂ ਦੇਵੇਗਾ। ਸਾਰੇ ਹਟ ਜਾਣਗੇ, ਕੋਈ ਵੀ ਇਸ ਦੇ ਪਾਸ ਨਹੀਂ ਜਾਵੇਗਾ। ਸਾਰੇ ਜਾਣ ਜਾਣਗੇ ਜਿਵੇਂ ਇਹ ਹਨ॥੨੯॥

**ਅਬਿ ਮੱਖਣ ਕੇ ਕਹਿਬੇ ਕਰਿ ਕੈ। ਪਰਖੇ ਬਿਨ ਸ਼ਰਧਾ ਉਰ ਧਰਿਕੈ।**
**ਦਈ ਉਪਾਇਨ, ਮਾਨਜੋ ਇਹੀ। ਏਕ ਬਾਰ ਹੀ, ਪੁਨ ਹ੍ਵੈ ਨਹੀਂ'॥ ੩੦॥**

ਹੁਣ ਮੱਖਣ ਸ਼ਾਹ ਦੇ ਕਹਿਣ ਕਰਕੇ, ਪਰਖਣ ਤੋਂ ਬਿਨਾਂ ਹੀ ਹਿਰਦੇ ਵਿਚ ਸ਼ਰਧਾ ਧਾਰਨ ਕਰਕੇ, ਇਨ੍ਹਾਂ ਨੂੰ ਮੰਨ ਕੇ ਉਪਹਾਰ ਦਿੰਦੇ ਹਨ। ਇਕ ਵਾਰ ਹੀ ਮੰਨਣਗੇ ਫਿਰ ਇਨ੍ਹਾਂ ਦੇ ਪਾਸ ਨਹੀਂ ਆਉਣਗੇ''॥੩੦॥

**ਇਕ ਤੌਂ ਇਮ ਕਹਿ ਤੂਸ਼ਨਿ ਠਾਨੀ। ਅਤਿ ਕ੍ਰੋਧੀ ਇਕ ਤਿਨਹੁ ਬਖਾਨੀ।**
**'ਬੇਮਿਰਜਾਦ ਬਾਤ ਨਹਿਂ ਆਛੇ। ਭਯੋ ਅੱਗ੍ਰਣੀ ਸਭਿ ਕਰਿ ਪਾਛੇ॥ ੩੧॥**

ਕਈ ਤਾਂ ਇਸ ਤਰ੍ਹਾਂ ਕਹਿ ਕੇ ਚੁੱਪ ਹੋ ਗਏ, ਪਰ ਜਿਹੜੇ ਅਤੀ ਕ੍ਰੋਧੀ ਸਨ ਉਨ੍ਹਾਂ ਨੇ ਕਿਹਾ, ''ਮਰਯਾਦਾ ਰਹਿਤ ਗੱਲ ਚੰਗੀ ਨਹੀਂ, ਸਾਰਿਆਂ ਨੂੰ ਪਿੱਛੇ ਕਰਕੇ ਅੱਗੇ ਹੋ ਗਿਆ ਹੈ॥ ੩੧॥

ਕਿਸ ਭ੍ਰਾਤਾ ਕੋ ਭੈ ਨਹਿਂ ਮਾਨਜੋਂ। ਸਭਿ ਧਨ ਆਪ ਲਏ ਗਰਬਾਨਜੋਂ।
ਅਧਿਕ ਦਰਬ ਕਬਿ ਸਿਖ ਕੋ ਲਜਾਵੈ। ਜੋ ਅਜਾਨ ਇਕ ਨਿਕਟਿ ਚਢਾਵੈ ॥੩੨॥

ਕਿਸੇ ਭਰਾ ਦਾ ਭੈ ਨਹੀਂ ਮੰਨਿਆ ਹੈ, ਸਾਰਾ ਧਨ ਆਪ ਲੈ ਕੇ ਘੁਮੰਡ ਕਰਦਾ ਹੈ। ਕਈ ਸਿੱਖ ਬਹੁਤ ਧਨ ਲੈ ਕੇ ਆਉਂਦੇ ਹਨ, ਕਈ ਜਿਹੜੇ ਅਨਜਾਣ ਹਨ ਉਹ ਪਾਸ ਚੜ੍ਹਾਉਂਦੇ ਹਨ॥੩੨॥

ਸਭਿ ਭ੍ਰਾਤਨਿ ਕੇ ਢਿਗ ਸੋ ਦੇਯ। ਭਾਗ ਸਮਾਨ ਆਪਨੋ ਲੇਯ।
ਸ਼੍ਰੀ ਹਰਿਕ੍ਰਿਸ਼ਨ ਬਾਕ ਕੇ ਕਹੇ। ਗੁਰੂ ਬਕਾਲੇ ਮਹਿਂ ਸਿਖ ਚਹੇਂ॥ ੩੩॥

ਉਹ ਸਭ ਭਰਾਵਾਂ ਦੇ ਪਾਸ ਦੇਵੇ ਤੇ ਬਰਾਬਰ ਦਾ ਹਿੱਸਾ ਆਪ ਲਵੇ। ਜਿਹੜੇ ਸ੍ਰੀ ਗੁਰੂ ਹਰਿਕ੍ਰਿਸ਼ਨ ਨੇ ਬਚਨ ਕਹੇ ਹਨ, ਉਸ ਦਾ ਭਾਵ ਹੈ ਕਿ ਸਿੱਖ ਬਕਾਲੇ ਪਿੰਡ ਵਿਚ ਗੁਰੂ ਜੀ ਨੂੰ ਚਾਹੁੰਦੇ ਹਨ॥੩੩॥

ਯਾਂਤੇ ਅਹੈਂ ਗ੍ਰਾਮ ਮਹਿਂ ਜੇਈ। ਲੇਨਿ ਉਚਿਤ ਭੇਟਨਿ ਸਭਿ ਤੇਈ।
ਗੁਰੁ ਇਹ, ਨਾਮ ਨ ਕਿਸ ਕੋ ਲੀਨਾ। ਸਭਿਹਿਨਿ ਕੋ ਅਧਿਕਾਰ ਸੁ ਦੀਨਾ ॥੩੪॥

ਇਸ ਕਰਕੇ ਇਸ ਪਿੰਡ ਵਿਚ ਹੀ ਸਭ ਪਾਸੋਂ ਭੇਟਾ ਲੈਣੀਆਂ ਉਚਿਤ ਹਨ। ਏਥੇ ਕੌਣ ਗੁਰੂ ਹਨ, ਉਨ੍ਹਾਂ ਕਿਸੇ ਦਾ ਨਾਮ ਨਹੀਂ ਲਿਆ ਹੈ, ਉਨ੍ਹਾਂ ਨੇ ਸਾਰੇ ਸੋਢੀਆਂ ਨੂੰ ਅਧਿਕਾਰ ਦਿੱਤਾ ਹੈ॥੩੪॥

ਪੂਰਬ ਆਏ ਸਿਖ ਸਮੁਦਾਇ। ਲਜਾਏ ਅਲਪ ਉਪਾਇਨ ਭਾਇ।
ਕਿਸ ਨੇ ਕੌਇ ਕਿਸੀ ਨੇ ਕੌਈ। ਦਰਸ ਪਰਸ ਕਰਿ ਗਮਨੇ ਸੋਈ॥ ੩੫॥

ਪਹਿਲੀਆਂ ਜਿਹੜੀਆਂ ਸਿੱਖ-ਸੰਗਤਾਂ ਆਈਆਂ ਸਨ, ਉਹ ਪ੍ਰੇਮ ਨਾਲ ਬਹੁਤ ਥੋੜੇ ਉਪਹਾਰ ਲੈ ਕੇ ਆਈਆਂ ਸਨ। ਕਿਸੇ ਨੇ ਕੋਈ ਤੇ ਕਿਸੇ ਨੇ ਕੋਈ ਵੱਖ-ਵੱਖ ਉਪਹਾਰ ਲੈ ਕੇ ਆਏ ਸਨ ਤੇ ਉਹ ਗੁਰੂ ਜੀ ਦੇ ਦਰਸ਼ਨ ਪਰਸਨ ਕਰਕੇ ਵਾਪਸ ਚਲੇ ਗਏ ਸਨ॥੩੫॥

ਇਹ ਸਿਖ ਲਜਾਯੋ ਦਰਬ ਬਿਸਾਲਾ। ਦੈਬੋ ਚਹਿਯ ਸਭਿਨਿ ਇਕ ਸਾਲਾ।
ਇਸ ਢਿਗ ਕਥੰ ਰਹਨਿ ਧਨ ਦੈ ਹੈਂ। ਨਿਰਬਲ ਤੇ ਸਭਿ ਹੀ ਹਰਿ ਲੈਹੈਂ' ॥੩੬॥

ਇਹ ਸਿੱਖ ਬਹੁਤ ਧਨ ਲੈ ਕੇ ਆਇਆ ਹੈ, ਸਾਰਿਆਂ ਨੂੰ ਇਕ ਸਾਰ ਦੇਣਾ ਚਾਹੁੰਦਾ ਸੀ। ਇਨ੍ਹਾਂ ਪਾਸ ਕਿਵੇਂ ਧਨ ਰਹਿਣ ਦੇਵਾਂਗਾ, ਨਿਰਬਲ ਪਾਸੋਂ ਸਾਰੇ ਧਨ ਖੋਹ ਲੈਂਦੇ ਹਨ' ॥੩੬॥

ਅਧਿਕ ਅਸੂਯਕ ਇਸੀ ਪ੍ਰਕਾਰਾ। ਕਰਤਿ ਪਰਸਪਰ ਬਾਕ ਉਚਾਰਾ।
ਕੇਤਿਕ ਮਤਸਰ ਬਹੁ ਤਪਤਾਏ। 'ਧੀਰਮੱਲ ਕੀ ਸ਼ਰਨ ਸਿਧਾਏ॥ ੩੭॥

ਜ਼ਿਆਦਾ ਸੋਢੀ ਏਸ ਪ੍ਰਕਾਰ ਆਪਸ ਵਿਚ ਗੱਲਬਾਤ ਕਰਦੇ ਸਨ। ਕਈ ਹੰਕਾਰੀ ਬਹੁਤ ਗੁੱਸੇ ਵਿਚ ਆ ਗਏ। ਉਹ ਕਹਿਣ ਲੱਗੇ, "ਧੀਰਮੱਲ ਦੀ ਸ਼ਰਨ ਲੈਂਦੇ ਹਾਂ॥੩੭॥

ਜਿਸ ਕੇ ਸੰਗ ਨਰਨ ਕੋ ਬ੍ਰਿੰਦ। ਚਹੈ ਸੁ ਕਰੈ ਸਮਾਜ ਬਿਲੰਦ।
ਅਧਿਕ ਦਰਬ ਏਕਲ ਢਿਗ ਕੈਸੇ। ਰਹਨਿ ਦੇਹਿਂ ਅਸਮੰਜਸ ਐਸੇ॥ ੩੮॥

ਜਿਸ ਦੇ ਨਾਲ ਬਹੁਤ ਆਦਮੀ ਹਨ, ਜਿਵੇਂ ਚਾਹੇ ਬਹੁਤ ਸਾਜ਼ੋ-ਸਾਮਾਨ ਇਕੱਠਾ ਕਰ ਸਕਦਾ ਹੈ। ਬਹੁਤ ਧਨ ਇਕ ਪਾਸ ਕੈਸੇ ਰਹੇ, ਜੇ ਰਹਿਣ ਦੇਈਏ ਤਾਂ ਇਹ ਉਲਟ ਗੱਲ ਬਣਦੀ ਹੈ॥੩੮॥

ਜੇ ਕਰਿ ਧੀਰਮੱਲ ਢਿਗ ਹੋਇ। ਇਹ ਰਾਖਨਿ ਕੋ ਸਮਰਥ ਸੋਇ।
ਤਿਨਕੋ ਅਸ਼੍ਰਜ ਵੰਤ ਬਿਸਾਲਾ। ਸਦਾ ਸੁ ਮਾਨਹਿਂ ਮਾਨਵ ਜਾਲਾ॥ ੩੯॥

ਜੇਕਰ ਧੀਰਮੱਲ ਦੇ ਪਾਸ ਹੋਵੇ ਤਾਂ ਇਸ ਧਨ ਨੂੰ ਰੱਖਣ ਦੇ ਉਹ ਸਮਰੱਥ ਹੈ। ਉਸ ਦੇ ਪਾਸ ਬਹੁਤ ਧਨ ਦੌਲਤ ਹੈ, ਸਦਾ ਉਸ ਨੂੰ ਬਹੁਤ ਮਨੁੱਖ ਮੰਨਦੇ ਆ ਰਹੇ ਹਨ॥੩੯॥

ਭ੍ਰਾਤ ਭਤੀਜਾ ਗੁਰੁ ਇਸ ਕੇਰੇ। ਆਦਿ ਗ੍ਰਿੰਥ ਸਾਹਿਬ ਸ਼ੁਭ ਡੇਰੇ'।
ਇਮ ਮਸਲਤ ਕਰਿ ਪਹੁੰਚੇ ਪਾਸ। ਸੋਢੀ ਕਿਤਿਕ ਮਸੰਦ ਸੁ ਦਾਸ॥੪੦॥

ਭਰਾ ਭਤੀਜਾ ਉਸ ਦੇ ਗੁਰੂ ਹੋਏ ਹਨ, ਆਦਿ ਗ੍ਰੰਥ ਸਾਹਿਬ ਉਸ ਦੇ ਡੇਰੇ ਵਿਚ ਹੈ।" ਇਸ ਤਰ੍ਹਾਂ ਸਲਾਹ ਕਰਕੇ ਧੀਰਮੱਲ ਦੇ ਪਾਸ ਪਹੁੰਚੇ, ਇਨ੍ਹਾਂ ਵਿਚ ਕਈ ਅਖੌਤੀ ਸੋਢੀ ਗੁਰੂ, ਮਸੰਦ ਤੇ ਹੋਰ ਸੇਵਕ ਸਨ॥੪੦॥

ਜਾਇ ਸਰਬ ਬਿਰਤੰਤ ਸੁਨਾਯੋ। 'ਕਜਾ ਕੀਨਸਿ ਜੋ ਮੱਖਣ ਆਯੋ।
ਸਾਚ ਕਿ ਝੂਠ ਨਰਨਿ ਕੇ ਸੰਗ। ਕਹਿ ਭਰਮਾਏ ਕੀਨਿ ਕੁਢੰਗ'॥੪੧॥

ਧੀਰਮੱਲ ਨੂੰ ਜਾ ਕੇ ਸਾਰਾ ਬਿਰਤਾਂਤ ਸੁਣਾਇਆ, "ਮੱਖਣ ਸ਼ਾਹ ਨੇ ਆ ਕੇ ਕੀ ਕੀਤਾ ਹੈ, ਸੱਚ ਕਿ ਝੂਠ ਮਨੁੱਖਾਂ ਨੂੰ ਕਹਿ ਕੇ ਭਰਮਾ ਲਿਆ ਹੈ ਤੇ ਬੜਾ ਭੈੜਾ ਕਾਰਜ ਕੀਤਾ ਹੈ"॥੪੧॥

*ਗਿਆਰ੍ਹਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥*

## ਅਧਿਆਇ ਗਿਆਰ੍ਹਵਾਂ

### *ਧੀਰਮੱਲ ਵਲੋਂ ਗੋਲੀ ਚਲਾਉਣ ਦੀ ਗੋਂਦ*

ਦੋਹਰਾ- ਧੀਰਮੱਲਜ ਕੇ ਨਿਕਟਿ ਜਬਿ ਸਭਿਹਿਨਿ ਕੇ ਨਰ ਜਾਇ।
ਚਿੰਤਾਤੁਰ ਮਤਸਰ ਮਹਤ ਚਿਤਵਤਿ ਅਨਿਕ ਉਪਾਇ॥ ੧॥

ਧੀਰਮੱਲ ਪਾਸ ਜਦ ਸਾਰਿਆਂ ਅਖੌਤੀ ਗੁਰੂਆਂ ਦੇ ਮਨੁੱਖਾਂ ਨੇ ਜਾ ਕੇ ਕਿਹਾ ਤੇ ਵੱਡਾ ਹੰਕਾਰੀ ਬੜਾ ਫਿਕਰਮੰਦ ਹੋਇਆ ਤੇ ਚਿੱਤ ਵਿਚ ਅਨੇਕ ਉਪਾਅ ਸੋਚਣ ਲੱਗਾ॥੧॥

ਚੌਪਈ- ਇਕ ਮਸੰਦ ਤਬਿ ਜੋਰੇ ਹਾਥ। ਭਾਖਤਿ ਧੀਰਮੱਲ ਕੇ ਸਾਥ।
ਤਿਸ ਕੇ ਘਰ ਮਹਿਂ ਹੁਤੋ ਉਦਾਰਾ। ਜਿਸ ਬਸਿ ਲੇਨ ਦੇਨਿ ਬਿਵਹਾਰਾ॥੨॥

ਇਕ ਮਸੰਦ ਨੇ ਫਿਰ ਹੱਥ ਜੋੜ ਕੇ ਧੀਰਮੱਲ ਨੂੰ ਕਿਹਾ, ਧੀਰਮੱਲ ਦੇ ਘਰ ਵਿਚ ਉਹ ਕਰਤਾ ਧਰਤਾ ਤੇ ਧੀਰਮੱਲ ਦਾ ਸਾਰਾ ਕਾਰੋਬਾਰ ਲੈਣ-ਦੇਣ ਉਸ ਦੇ ਵੱਸ ਵਿਚ ਸੀ॥੨॥

ਹੁਤੋ ਪੁਸ਼ਟ ਸੋ ਧਨੀ ਬਡੇਰਾ। ਮਾਨਹਿਂ ਜਿਸ ਕੋ ਕਹਜੋ ਘਨੇਰਾ।
ਸਭਿ ਮਹਿਂ ਜਿਸ ਕੇ ਬਾਕ ਪ੍ਰਮਾਨ। ਧੀਰਮੱਲਜ ਅਨੁਸਾਰੀ ਜਾਨਿ॥੩॥

ਉਹ ਬੜਾ ਮੋਟਾ ਤੇ ਵੱਡਾ ਧਨੀ ਸੀ, ਉਸ ਦਾ ਕਿਹਾ ਧੀਰਮੱਲ ਬਹੁਤ ਮੰਨਦਾ ਸੀ। ਸਾਰਿਆਂ ਵਿਚ ਜਿਸ ਦਾ ਹੁਕਮ ਪ੍ਰਵਾਨ ਸੀ, ਸਾਰੇ ਉਸ ਨੂੰ ਧੀਰਮੱਲ ਦਾ ਅਨੁਸਾਰੀ ਜਾਣਦੇ ਸਨ॥੩॥

ਸ਼ੀਹਾ ਨਾਮ ਤਿਸੀ ਕੋ ਅਹੈ। ਗੁਰ ਸੋਂ ਦ੍ਰੋਹ ਕਰਤਿ ਬਹੁ ਰਹੈ।
ਲੋਭੀ ਕੁਟਿਲ ਕਠੋਰ ਮਹਾਨਾ। ਦੁਸ਼ਟ ਮੂਢ ਸ਼ੁਭ ਪੰਥ ਅਜਾਨਾ॥੪॥

Sri Satguru Jagjit Singh Ji eLlibrary NamdhariElibrary@gmail.com

ਉਸ ਮਸੰਦ ਦਾ ਨਾਮ ਸ਼ੀਹਾ ਸੀ, ਉਹ ਗੁਰੂ ਸਾਹਿਬਾਨ ਨਾਲ ਹਮੇਸ਼ਾਂ ਧਰੋਹ ਕਰਦਾ ਰਹਿੰਦਾ ਸੀ। ਉਹ ਲੋਭੀ, ਕੁਟਿਲ ਅਤੇ ਮਹਾਨ ਕਠੋਰ ਸੀ। ਦੁਸ਼ਟ, ਮੂਰਖ ਸ਼ੁਭ ਪੰਥ ਤੋਂ ਅਨਜਾਣ ਸੀ॥੪॥

'ਸੁਨਹੁ ਗੁਰੂ! ਤੁਮ ਮੇਰੀ ਬਾਤ। ਮਹਿੰਮਾ ਰਾਵਰਿ ਜਾਇ ਬਿਲਾਤਿ।
ਨਿਕਟਿ ਆਪ ਕੇ ਤਿਨਹਿਂ ਪੁਜਾਯੋ। ਨਹਿਂ ਕਿਸ ਤੇ ਲਘੁ ਭੀ ਡਰਪਾਯੋ॥੫॥

ਉਹ ਕਹਿਣ ਲੱਗਾ, "ਹੇ ਗੁਰੂ ਜੀ! ਮੇਰੀ ਗੱਲ ਸੁਣੋ। ਆਪ ਜੀ ਦੀ ਮਹਿਮਾ ਜਾਂਦੀ ਰਹੇਗੀ। ਆਪ ਜੀ ਦੇ ਪਾਸ ਹੀ ਉਸ ਆਪਣੀ ਪੂਜਾ ਕਰਵਾਈ ਹੈ, ਕਿਸੇ ਪਾਸੋਂ ਥੋੜਾ ਜੇਹਾ ਵੀ ਨਹੀਂ ਡਰਿਆ ਹੈ॥੫॥

ਜਬਿ ਕੇ ਸਿੱਖ ਮਾਨਿ ਹੈਂ ਆਪੀ। ਆਯੋ ਇਤੋ ਨ ਦਰਬ ਕਦਾਪੀ।
ਏਕ ਜਾਮ ਸੋ ਨਿਕਸਜੋ ਬਾਹਰ। ਸਭਿ ਮਹਿਂ ਅਜਹੁਂ ਭਯੋ ਨਹਿਂ ਜ਼ਾਹਰ॥੬॥

ਜਦ ਦੇ ਸਿੱਖ ਆਪ ਨੂੰ ਮੰਨਦੇ ਹਨ, ਕਦੀ ਵੀ ਏਨਾ ਧਨ ਨਹੀਂ ਆਇਆ ਹੈ। ਗੁਰੂ ਤੇਗ ਬਹਾਦਰ ਨੂੰ ਬਾਹਰ ਨਿਕਲੇ ਨੂੰ ਕੇਵਲ ਇਕ ਪਹਿਰ ਹੋਇਆ ਹੈ, ਸਾਰਿਆਂ ਵਿਚ ਹਾਲੇ ਉਹ ਜ਼ਾਹਰ ਵੀ ਨਹੀਂ ਹੋਏ ਹਨ॥੬॥

ਜਿਤਿਕ ਹਜ਼ਾਰਨਿ ਕੋ ਧਨ ਆਵਾ। ਇਸੀ ਪ੍ਰਕਾਰ ਜਿ ਹੋਹਿ ਚਢਾਵਾ।
ਸੈਨ ਸਕੇਲਹਿ ਬ੍ਰਿੰਦ ਸੁਖਾਰੇ। ਐਸ੍ਵਰਜ ਬਧਹਿ, ਘਟਹਿਂ ਤੁਮ ਸਾਰੇ॥੭॥

ਜਿੰਨਾ ਹਜ਼ਾਰਾਂ ਦਾ ਧਨ ਆਇਆ ਹੈ, ਏਸੇ ਪ੍ਰਕਾਰ ਜੇ ਚੜ੍ਹਾਵਾ ਚੜ੍ਹਦਾ ਰਿਹਾ ਤਾਂ ਉਹ ਆਸਾਨੀ ਨਾਲ ਬਹੁਤ ਸੈਨਾ ਇਕੱਠੀ ਕਰ ਲਵੇਗਾ। ਧਨ ਦੌਲਤ ਬਹੁਤ ਵੱਧ ਜਾਵੇਗਾ ਤੇ ਤੁਹਾਡਾ ਜਸ ਘੱਟ ਜਾਵੇਗਾ॥੭॥

ਸ੍ਰੀ ਗੁਰੁ ਹਰਿਗੋਬਿੰਦ ਹਰਿਰਾਇ। ਤਿਨ ਤੇ ਅਧਿਕ ਕਿ ਸਮ ਬਨ ਜਾਇ।
ਕਛੁ ਉਪਾਇ ਨ ਚਲਹਿ ਤੁਮਾਰੋ। ਛਾਇ ਜਾਇ ਸਭਿ ਪਰ ਬਲ ਭਾਰੋ॥੮॥

ਸ੍ਰੀ ਗੁਰੂ ਹਰਿਗੋਬਿੰਦ ਤੇ ਹਰਿਰਾਇ, ਉਨ੍ਹਾਂ ਤੋਂ ਵੱਡਾ ਜਾਂ ਬਰਾਬਰ ਦਾ ਬਣ ਜਾਵੇਗਾ। ਫਿਰ ਤੁਹਾਡਾ ਕੋਈ ਵੀ ਉਪਾਅ ਨਹੀਂ ਚਲੇਗਾ, ਸਾਰਿਆਂ ਉੱਤੇ ਫਿਰ ਉਸਦਾ ਭਾਰੀ ਬਲ ਛਾ ਜਾਵੇਗਾ॥੮॥

ਅਬਿ ਤੌ ਲਘੁ ਹੈ ਬਨਹਿ ਉਪਾਇ। ਜਿਮ ਚਾਹਹੁ ਤਿਮ ਕਰਹੁ ਬਨਾਇ।
ਨਹੀਂ ਦਾਸ, ਭਟ, ਚਾਕਰ ਨਾਂਹੀ। ਕੈ ਗਹਿ ਲੇਹੁ ਰਖਹੁ ਨਿਜ ਪਾਹੀ॥੯॥

ਹੁਣ ਤਾਂ ਛੋਟਾ ਹੈ, ਉਪਾਅ ਬਣ ਸਕਦਾ ਹੈ, ਜਿਵੇਂ ਚਾਹੋ ਉਸ ਤਰ੍ਹਾਂ ਬਣਾ ਕੇ ਕਰੋ। ਉਸਦੇ ਪਾਸ ਦਾਸ, ਸੂਰਮੇ ਅਤੇ ਨੌਕਰ ਨਹੀਂ ਹਨ ਜਾਂ ਉਸ ਨੂੰ ਫੜ ਲਵੋ ਤੇ ਆਪਣੇ ਪਾਸ ਰੱਖੋ॥੯॥

ਕੈ ਦਿਹੁ ਤ੍ਰਾਸ ਨ ਨਿਕਸੈ ਬਾਹਰ। ਕਿਧੌਂ ਸੰਘਾਰਹੁ ਹੋਇ ਨ ਜ਼ਾਹਰ।
ਕੈ ਅਬਿ ਦਰਬ ਛੀਨ ਲਿਹੁ ਤਾਂਹੀ। ਆਗੇ ਕੋ ਦਿਹੁ ਭੈ ਉਪਜਾਹੀ॥੧੦॥

ਜਾਂ ਉਸ ਨੂੰ ਏਨਾ ਡਰਾ ਦੇਵੋ ਕਿ ਬਾਹਰ ਨਾ ਨਿਕਲੇ, ਜਾਂ ਮਾਰ ਦੇਵੋ ਕਿ ਜ਼ਾਹਰ ਹੀ ਨਾ ਹੋਵੇ। ਜਾਂ ਉਸ ਦਾ ਹੁਣ ਧਨ ਖੋਹ ਲਵੋ ਤੇ ਅੱਗੇ ਵਾਸਤੇ ਡਰ ਉਤਪੰਨ ਕਰ ਦੇਵੋ॥੧੦॥

ਕਿਧੌਂ ਆਪਨੇ ਦਾਸ ਪਠਾਵਹੁ। ਦਰਬ ਜਿਤੋ ਤਿਹਠਾਂ ਠਹਿਰਾਵਹੁ।
ਸਭਿ ਲੋਕਨਿ ਕੀ ਬਰਜਹੁ ਭੀਰ। ਆਈ ਜਿਤਿਕ ਉਪਾਇਨ ਤੀਰ॥੧੧॥

ਜਾਂ ਆਪਣੇ ਦਾਸ ਭੇਜੋ, ਜਿੰਨਾ ਧਨ ਹੈ ਉਸ ਥਾਂ ਹੀ ਰਖਾ ਲਵੋ। ਸਭ ਲੋਕਾਂ ਦੀ ਭੀੜ ਨੂੰ ਵਰਜ ਦੇਵੋ, ਜਿੰਨੇ ਵੀ ਲੋਕ ਉਪਹਾਰ ਦੇਣ ਵਾਸਤੇ ਪਾਸ ਆਏ ਹਨ॥੧੧॥

ਸਭਿ ਸੰਗਤਿ ਜਬਿ ਡੇਰਨਿ ਜਾਵੈ। ਸਗਰੀ ਵਸਤੁ ਉਠਾਇ ਸੁ ਲਜਾਵੈਂ।
ਦਰਬ ਆਜ ਕੋ ਜੇ ਤਿਹ ਪਾਸ। ਰਹੈ ਤ ਤੁਮ ਕੋ ਉਪਜਹਿ ਤ੍ਰਾਸ॥ ੧੨॥

ਸਭ ਸੰਗਤ ਜਦ ਡੇਰਿਆਂ ਵਿਚ ਚਲੀ ਜਾਵੇਗੀ ਸਾਰੀਆਂ ਵਸਤਾਂ ਚੁੱਕ ਕੇ ਲੈ ਆਵਾਂਗੇ। ਅਜ ਦਾ ਧਨ ਜੋ ਉਨ੍ਹਾਂ ਪਾਸ ਰਹਿ ਜਾਂਦਾ ਹੈ ਤਾਂ ਤੁਹਾਨੂੰ ਡਰ ਉਪਜਾਵੇਗਾ॥੧੨॥

ਵਹਿਰ ਉਪਾਇਨ ਘਰ ਤੇ ਜਾਵਤ। ਲੇਨਿ ਉਪਾਇ ਚਿਤਹੁ ਤੁਮ ਤਾਵਤ।
ਬਹੁਰ ਨ ਤੁਮਰੇ ਕਰ ਸੋ ਆਵੈ। ਲੇ ਕਰਿ ਕਿਤਹੂੰ ਗੁਪਤ ਛਪਾਵੈ॥ ੧੩॥

ਜਦ ਤਕ ਘਰ ਤੋਂ ਬਾਹਰ ਉਪਹਾਰ ਜਾਂਦੇ ਹਨ, ਤਦ ਤਕ ਤੁਸੀਂ ਲੈਣ ਦਾ ਉਪਾਅ ਸੋਚੋ। ਫਿਰ ਉਹ ਤੁਹਾਡੇ ਹੱਥ ਵਿਚ ਨਹੀਂ ਆਉਣਗੇ, ਲੈ ਕੇ ਕਿਸੇ ਗੁਪਤ ਥਾਂ ਛੁਪਾ ਲਵੇਗਾ॥੧੩॥

ਚਾਕਰ ਰਾਖਿ ਹੋਹਿ ਪੁਨ ਗਾਢੋ। ਨਿਕਸਹਿ ਨਹੀਂ ਸੁ ਕਿਮ, ਜੇ ਕਾਢੋ।
ਜਿਮ ਲਘੁ ਜਰ ਤਰੁ ਕੀ ਸੁ ਉਖਾਰਹਿਂ। ਬਡੋ ਹੋਇਗੋ ਕੌਨ ਉਪਾਰਹਿ॥ ੧੪॥

ਨੌਕਰ ਰੱਖ ਕੇ ਫਿਰ ਬਲਵਾਨ ਹੋ ਜਾਵੇਗਾ, ਫਿਰ ਜੇ ਕੱਢਣਾ ਚਾਹੋਗੇ ਫਿਰ ਵੀ ਨਹੀਂ ਨਿਕਲੇਗਾ। ਜਿਵੇਂ ਛੋਟੇ ਦਰੱਖਤ ਦੀ ਜੜ੍ਹ ਛੋਟੀ ਹੁੰਦੀ ਤੇ ਝੱਟ ਪੁਟਿਆ ਜਾ ਸਕਦਾ ਹੈ, ਜਦ ਵੱਡਾ ਹੋ ਜਾਂਦਾ ਫਿਰ ਉਸ ਨੂੰ ਕੌਣ ਉਖਾੜ ਸਕਦਾ ਹੈ॥੧੪॥

ਨਿਜ ਹਿਤ ਬਾਤ ਕਰਹੁ ਅਬਿ ਹੋਇ। ਬੀਤੇ ਬਨਹਿ ਉਪਾਇ ਨ ਕੋਇ'।
ਇਮ ਸੁਨਿ ਧੀਰ ਮੱਲ ਨੇ ਕਹਜੋ। 'ਤਿਸ ਕੇ ਤੋ ਧਨ ਲੋਭ ਨ ਲਹਜੋ॥ ੧੫॥

ਆਪਣੇ ਹਿਤ ਦੀ ਗੱਲ ਹੁਣੇ ਹੁਣੇ ਹੀ ਕਰੋ, ਬੀਤ ਜਾਣ ਤੇ ਫਿਰ ਕੋਈ ਉਪਾਅ ਨਹੀਂ ਬਣੇਗਾ।" ਇਸ ਤਰ੍ਹਾਂ ਸੁਣ ਕੇ ਧੀਰਮੱਲ ਨੇ ਕਿਹਾ, "ਉਸ ਦੇ ਧਨ ਬਾਰੇ ਮੈਂ ਕਦੀ ਲੋਭ ਨਹੀਂ ਕੀਤਾ ਹੈ॥੧੫॥

ਜੇ ਤਿਸ ਪਾਸ ਅਚਾਨਕ ਆਵਾ। ਸੋ ਤਜਾਗਨਿ ਨਹਿਂ ਮੋ ਕਹੁ ਭਾਵਾ।
ਇਤੋ ਦਰਬ ਕਿਮ ਦੇਵੈਂ ਜਾਨਿ। ਜਿਸ ਧਨ ਕੇ ਨਹਿਂ ਕਛੂ ਸਮਾਨ॥ ੧੬॥

ਪਰ ਜੋ ਅਚਾਨਕ ਉਸ ਪਾਸ ਧਨ ਆ ਗਿਆ ਹੈ, ਉਸ ਨੂੰ ਛੱਡਣਾ ਮੈਨੂੰ ਚੰਗਾ ਨਹੀਂ ਲੱਗਾ ਹੈ, ਉਹ ਧਨ ਖੋਹ ਲੈਣਾ ਚਾਹੀਦਾ ਹੈ। ਏਨਾ ਧਨ ਕਿਵੇਂ ਜਾਣ ਦੇਵਾਂਗੇ, ਕੋਈ ਚੀਜ਼ ਵੀ ਜਿਸ ਧਨ ਦੇ ਬਰਾਬਰ ਨਹੀਂ ਹੈ॥੧੬ ।

ਅਬਿ ਤੋ ਗੁਰ ਹਿਤ ਜਿਤਿਕ ਉਪਾਇਨ। ਉਚਿਤ ਆਵਬੋ ਹਮਰੇ ਆਇਨ।
ਸਿੱਖ ਸੰਗਤਿ ਜੇ ਜਾਨਤਿ ਭੇਵ । ਪੂਜਹਿਂ ਮੋਹਿ ਜਾਨਿ ਗੁਰਦੇਵ॥ ੧੭॥

ਹੁਣ ਤਾਂ ਗੁਰੂ ਹਿਤ ਜਿੰਨੇ ਵੀ ਉਪਹਾਰ ਹਨ, ਉਨ੍ਹਾਂ ਦਾ ਸਾਡੇ ਘਰ ਆਉਣਾ ਉਚਿਤ ਹੈ। ਸਿੱਖ ਸੰਗਤ ਜਿਹੜੀ ਭੇਦ ਜਾਣਦੀ ਹੈ ਉਹ ਗੁਰਦੇਵ ਜਾਣ ਕੇ ਮੇਰੀ ਪੂਜਾ ਕਰਦੀ ਹੈ॥੧੭॥

ਸ਼੍ਰੀ ਹਰਿਰਾਇ ਅਨੁਜ ਮੈਂ ਅਹੋਂ। ਤਿਨਹੁੰ ਅਛਤ ਭੀ ਨਿਤ ਬਹੁ ਲਹੋਂ।
ਅਬਿ ਤਿਨ ਤੇ ਫਿਰਿ ਕੈ ਗੁਰਿਆਈ। ਸਰਬ ਭਾਂਤਿ ਮੁਝ ਘਰ ਬਡਿਆਈ॥੧੮॥

ਸ੍ਰੀ ਗੁਰੂ ਹਰਿਰਾਇ ਮੇਰੇ ਛੋਟੇ ਭਰਾ ਸਨ ਉਨ੍ਹਾਂ ਦੇ ਮੌਜੂਦ ਹੁੰਦਿਆਂ ਮੈਂ ਬਹੁਤ ਉਪਹਾਰ ਲੈਂਦਾ ਸੀ, ਹੁਣ ਉਨ੍ਹਾਂ ਤੋਂ ਗੁਰਿਆਈ ਫਿਰ ਕੇ ਸਭ ਪ੍ਰਕਾਰ ਵਡਿਆਈ ਮੇਰੇ ਘਰ ਆਈ ਹੈ॥੧੮॥

ਮੱਖਣ ਸਿੱਖ ਬਿਦੇਸ਼ੀ ਜੋਇ। ਇਸ ਮਹਿਮਾ ਕੋ ਲਖੈ ਨ ਸੋਇ।
ਨਿਜ ਮਤਿ ਤੇ ਕਰਿ ਗੁਰੂ ਬਨਾਵਾ। ਕਿਮ ਤਿਹ ਹੋਨਿ ਦੇਹਿਂ ਹਮ ਦਾਵਾ॥੧੯॥

ਮੱਖਣ ਸ਼ਾਹ ਜਿਹੜਾ ਬਿਦੇਸ਼ੀ ਸਿੱਖ ਹੈ, ਉਹ ਇਸ ਮਹਿਮਾ ਨੂੰ ਜਾਣਦਾ ਨਹੀਂ ਹੈ। ਆਪਣੀ ਮੱਤ ਕਰਕੇ ਗੁਰੂ ਬਣਾਇਆ ਹੈ, ਅਸੀਂ ਉਸ ਉਤੇ ਉਨ੍ਹਾਂ ਦਾ ਕਿਵੇਂ ਦਾਵਾ ਹੋਣ ਦੇਈਏ ॥੧੯॥

**ਇਕ ਪਰੰਤੁ ਮੁਝ ਚਿੰਤਾ ਹੋਇ। ਮੱਖਣ ਸਾਥ ਮਨੁਜ ਬਹੁ ਜੋਇ।**
**ਨਹਿਂ ਵਿਰੋਧ ਹਮਰੇ ਸੰਗ ਕਰੈ। ਤੌ ਆਛੀ ਬਿਧਿ ਰਿਦੇ ਬਿਚਰੈਂ॥ ੨੦॥**

ਪਰ ਇਕ ਮੈਨੂੰ ਚਿੰਤਾ ਹੈ, ਮੱਖਣ ਸ਼ਾਹ ਨਾਲ ਮਨੁੱਖ ਬਹੁਤ ਹਨ। ਕਿਸੇ ਤਰ੍ਹਾਂ ਸਾਡੇ ਨਾਲ ਵਿਰੋਧ ਨਾ ਕਰੇ, ਇਸ ਕਰਕੇ ਚੰਗੀ ਤਰ੍ਹਾਂ ਦਿਲ ਵਿਚ ਵਿਚਾਰ ਲਈਏ॥੨੦॥

**ਸੋ ਤੌ ਗੁਰ ਕੌ ਸਿੱਖ ਕਹਾਵੈ। ਕਿਮ ਹਮ ਸੌਂ ਉਰ ਦ੍ਰੋਹ ਬਧਾਵੈ।**
**ਗੁਰ ਹਿਤ ਭੇਟ ਹੁਤੀ ਸੋ ਦੀਨਸਿ। ਅਪਨਿ ਕਾਮਨਾ ਪੂਰਨ ਕੀਨਸਿ॥ ੨੧॥**

ਉਹ ਤਾਂ ਗੁਰੂ ਦਾ ਸਿੱਖ ਕਹਾਉਂਦਾ ਹੈ, ਕਿਵੇਂ ਸਾਡੇ ਨਾਲ ਦਿਲ ਵਿਚ ਧਰੋਹ ਵਧਾਵੇਗਾ। ਗੁਰੂ ਜੀ ਵਾਸਤੇ ਜੋ ਭੇਟ ਸੀ, ਉਹ ਉਸ ਦੇ ਦਿੱਤੀ ਤੇ ਆਪਣੀ ਕਾਮਨਾ ਪੂਰੀ ਕਰ ਲਈ ਹੈ॥੨੧॥

**ਹਮ ਭ੍ਰਾਤਾ ਕਿਸ ਬਿਧਿ ਸੁਰਚਾਇਂ। ਬੀਚ ਕਹਨਿ ਤਿਹ ਨਹਿਂ ਬਨਿ ਆਇ।**
**ਯਾਤੇ ਰੁਚਹਿ ਮੋਹਿ ਮਨ ਮਾਂਹੀ। ਦਰਬ ਛੀਨ ਕਰਿ ਆਨਹਿਂ ਪਾਹੀ॥ ੨੨॥**

ਅਸੀਂ ਭਰਾ ਹਾਂ ਆਪਸ ਵਿਚ ਕੁਝ ਵੀ ਕਰੀਏ, ਮੱਖਣ ਸ਼ਾਹ ਦਾ ਵਿਚ ਦਖਲ ਦੇਣਾ ਬਣਦਾ ਨਹੀਂ ਹੈ ਇਸ ਕਰਕੇ ਜਿਵੇਂ ਮੇਰੇ ਮਨ ਵਿਚ ਹੈ, ਉਸ ਤਰ੍ਹਾਂ ਕਰੋ, ਧਨ ਖੋਹ ਕੇ ਆਪਣੇ ਪਾਸ ਲੈ ਆਵੋ" ॥੨੨॥

**ਇਮ ਸੁਨਿ ਪੁਨਹਿਂ ਮਸੰਦ ਬਖਾਨਾ। 'ਕਾਰਜ ਕਰਨਿ ਅਲਪ ਭੀ ਜਾਨਾ।**
**ਤਊ ਉਤਸਾਹੁ ਅਧਿਕ ਕੋ ਕਰੈ। ਜਿਸਤੇ ਸਭਿ ਸੁਖੇਨ ਹੀ ਸਰੈ॥ ੨੩॥**

ਇਹ ਸੁਣ ਕੇ ਫਿਰ ਮਸੰਦ ਨੇ ਕਿਹਾ, "ਇਹ ਕਾਰਜ ਕਰਨਾ ਬੜਾ ਛੋਟਾ ਜਾਣਿਆ ਹੈ, ਫਿਰ ਵੀ ਸਾਨੂੰ ਉੱਦਮ ਵੱਡੇ ਕਾਰਜ ਦਾ ਕਰਨਾ ਚਾਹੀਦਾ ਹੈ, ਜਿਸ ਨਾਲ ਸਾਰਾ ਕਾਰਜ ਆਸਾਨੀ ਨਾਲ ਹੋ ਜਾਵੇ॥੨੩॥

**ਜੋ ਅਖੇਰ ਮ੍ਰਿਗ ਕੇ ਹੁਇ ਤਯਾਰੇ। ਕਰਹਿ ਸਮਾਜ ਸ਼ੇਰ ਕੋ ਭਾਰੇ।**
**ਸੋ ਬੁਧਿਵਾਨ ਗਿਨਜੈ ਨਰ ਜਾਇ। ਨਿਜ ਐਸ਼੍ਵਰਜ ਕੋ ਲੇਹਿ ਬਧਾਇ॥ ੨੪॥**

ਜੇ ਹਿਰਨ ਦਾ ਸ਼ਿਕਾਰ ਕਰਨ ਦੀ ਤਿਆਰੀ ਕਰੀਏ ਤਾਂ ਸ਼ੇਰ ਦੇ ਸ਼ਿਕਾਰ ਦਾ ਭਾਰੀ ਸਾਮਾਨ ਲੈ ਕੇ ਜਾਵੋ। ਉਹ ਇਨਸਾਨ ਬੁਧੀਮਾਨ ਗਿਣਿਆ ਜਾਂਦਾ ਹੈ, ਜਿਹੜਾ ਆਪਣੀ ਸੰਪਤੀ ਨੂੰ ਵਧਾ ਲਵੇ॥੨੪॥

**ਉੱਦਮ ਕਰਨਿ ਤੋਹਿ ਬਨਿ ਆਵੈ। ਜਿਸਤੇ ਗੁਰਤਾ ਉੱਤਮ ਪਾਵੈਂ।**
**ਮਾਰਨਿ ਉਚਿਤ ਤਿਸੈ ਕੋ ਮਾਰਿ। ਬੰਧਨ ਉਚਿਤ ਕੈਦ ਮਹਿਂ ਡਾਰਿ॥ ੨੫॥**

ਉੱਦਮ ਕਰਨ ਨਾਲ ਸਭ ਕੁਝ ਹੋ ਜਾਂਦਾ ਹੈ, ਜਿਸ ਨਾਲ ਉੱਤਮ ਗੁਰਤਾ ਪਾਵੋਗੇ। ਜਿਸ ਨੂੰ ਮਾਰਨਾ ਉਚਿਤ ਹੈ, ਉਸ ਨੂੰ ਮਾਰੋ, ਬੰਨ੍ਹਣਾ ਵੀ ਉਚਿਤ ਹੈ, ਕੈਦ ਵਿਚ ਸੁੱਟ ਲਵੋ॥੨੫॥

**ਤੁਵ ਪ੍ਰਤਾਪ ਤਬਿ ਬਧਹਿ ਬਿਲੰਦ। ਜਥਾ ਦੂਜ ਤੇ ਪੂਰਨ ਚੰਦ।**
**ਜੋ ਕਾਰਜ ਬੁਧਿ ਤੇ ਹੁਇ ਆਵੈ। ਤਿਸ ਕੋ ਨਰ ਤਿਸ ਹੀ ਬਿਧਿ ਪਾਵੈ॥ ੨੬॥**

ਤੁਹਾਡਾ ਫਿਰ ਪ੍ਰਤਾਪ ਬਹੁਤ ਵਧੇਗਾ, ਜਿਵੇਂ ਦੂਜ ਦਾ ਚੰਦ ਪੂਰਨਮਾਸ਼ੀ ਦਾ ਚੰਦ ਬਣ ਜਾਂਦਾ ਹੈ। ਜੋ ਕਾਰਜ ਬੁੱਧੀ ਨਾਲ ਹੋ ਜਾਵੇ, ਉਸ ਨੂੰ ਮਨੁੱਖ ਉਸੇ ਵਿਧੀ ਨਾਲ ਪਾ ਲੈਂਦਾ ਹੈ॥੨੬॥

ਜਹਿਂ ਬਲ ਤੇ ਕਾਰਜ ਸਰ ਜਾਇ। ਤਹਾਂ ਕਰਹਿ ਨਹਿਂ ਦੇਰ ਲਗਾਇ।
ਬਲ ਅਰੁ ਬੁਧਿ ਦੋਨਹੁ ਤੁਮ ਮਾਂਹੀ। ਦੇਸ਼ ਕਾਲ ਲਖਿ ਹ੍ਵੈ ਉਤਸਾਹੀ॥੨੭॥

ਜਿਸ ਸ਼ਕਤੀ ਨਾਲ ਕਾਰਜ ਪੂਰਾ ਹੋ ਜਾਵੇ, ਉਥੇ ਮਨੁੱਖ ਕਦੀ ਵੀ ਦੇਰ ਨਾ ਲਾਵੇ। ਬਲ ਅਤੇ ਬੁੱਧੀ ਦੋਵੇਂ ਤੁਹਾਡੇ ਪਾਸ ਹਨ। ਦੇਸ ਕਾਲ ਸਮਝ ਕੇ ਉਤਸ਼ਾਹ ਧਾਰਨ ਕਰੋ॥੨੭॥

ਅਬਿ ਮੈਂ ਕਹੌਂ ਕਰਹੁ ਸੋ ਬਾਤ। ਪਾਵਹੁ ਦਰਬ ਆਪ ਜਿਸ ਭਾਂਤਿ।
ਪੂਰਨ ਕਰਹੁ ਆਪਨੀ ਚਾਹੂ। ਸ਼ਸਤ੍ਰ ਬੰਧਾਵਹੁ ਜੇ ਭਟ ਪਾਹੂ॥ ੨੮॥

ਹੁਣ ਮੈਂ ਜੋ ਕਹਿੰਦਾ ਹਾਂ, ਉਹ ਗੱਲ ਕਰੋ, ਜਿਸ ਪ੍ਰਕਾਰ ਆਪ ਧਨ ਪਾਵੋ ਤੇ ਆਪਣੀ ਚਾਹਤ ਨੂੰ ਪੂਰਨ ਕਰੋ। ਜਿਹੜੇ ਤੁਹਾਡੇ ਪਾਸ ਸੂਰਮੇ ਹਨ, ਉਨ੍ਹਾਂ ਨੂੰ ਸ਼ਸਤਰ ਪਹਿਨਾਵੋ॥੨੮॥

ਰਾਖਹੁ ਤਹਾਂ ਜਸੂਸ ਲਗਾਇ। ਜਬਿ ਮੱਖਣ ਤਹਿਂ ਤੇ ਉਠਿ ਜਾਇ।
ਤਤਛਿਨ ਜਾਹਿਂ ਤਹਾਂ ਭਟ ਸਾਰੇ। ਲੇਹਿਂ ਅਚਾਨਕ ਧਨ ਵਥੁ ਭਾਰੇ॥ ੨੯॥

ਉਥੇ ਜਾਸੂਸ ਲਾ ਕੇ ਰੱਖੋ, ਜਦ ਮੱਖਣ ਸ਼ਾਹ ਉਥੋਂ ਉੱਠ ਕੇ ਚਲਾ ਜਾਵੇ, ਤੁਰੰਤ ਸਾਰੇ ਸੂਰਮੇਂ ਉਥੇ ਪਹੁੰਚ ਜਾਣ, ਅਚਾਨਕ ਹੀ ਸਾਰਾ ਧਨ ਅਤੇ ਵਸਤਾਂ ਲੈ ਲੈਣ॥੨੯॥

ਖਰਭਰਾਟ ਪਰਿ ਹੈ ਤਿਨ ਮਾਂਹੀ। ਤੁਪਕ ਤਾਕ ਹਤਿ ਹੈਂ ਤਬਿ ਤਾਂਹੀ।
ਨਿਤ ਕੀ ਕਲਹਾ ਦੇਹੁ ਮਿਟਾਇ। ਬਹੁਰ ਨ ਬੈਠਹਿ ਆਪ ਪੁਜਾਇ॥ ੩੦॥

ਉਨ੍ਹਾਂ ਦੇ ਵਿਚ ਖਲਬਲਾਹਟ ਮੱਚ ਜਾਵੇਗੀ, ਬੰਦੂਕ ਦਾ ਨਿਸ਼ਾਨਾ ਬੰਨ੍ਹ ਕੇ ਫਿਰ ਉਨ੍ਹਾਂ ਨੂੰ ਮਾਰ ਸਕਦੇ ਹਾਂ। ਨਿਤ ਦੀ ਕਲਹਾ ਹੀ ਮਿਟਾ ਦੇਵੋ, ਫਿਰ ਬੈਠ ਕੇ ਆਪਣੀ ਪੂਜਾ ਨਾ ਕਰਵਾਏ॥੩੦॥

ਇਕ ਮਰਿ ਗਏ ਸਰਬ ਭੈ ਪਾਵੈਂ। ਪੁਨ ਸੰਗਤਿ ਤੁਮਰੇ ਢਿਗ ਆਵੈ।
ਚਹੁੰਦਿਸ਼ਿ ਕੀ ਪੂਜਾ ਪੁਨ ਪਾਇ। ਲੇਹੁ ਬਾਹਨੀ ਬ੍ਰਿੰਦ ਬਨਾਇ॥ ੩੧॥

ਇਕ ਮਰ ਜਾਣ ਤੇ ਹੋਰ ਸਾਰੇ ਸੋਢੀ ਜਿਹੜੇ ਗੁਰੂ ਬਣਨਾ ਚਾਹੁੰਦੇ ਹਨ ਡਰ ਜਾਣਗੇ, ਫਿਰ ਸੰਗਤ ਕੇਵਲ ਤੁਹਾਡੇ ਪਾਸ ਆਵੇਗੀ। ਫਿਰ ਚਾਰੇ ਪਾਸਿਆਂ ਦੀ ਪੂਜਾ ਪਾਵੋਗੇ, ਫਿਰ ਬਹੁਤ ਵੱਡੀ ਸੈਨਾ ਖੜੀ ਕਰ ਲਵੋ॥੩੧॥

ਸ਼ੱਤ, ਸਹੰਸ੍ਰ, ਅਯੁਤਿ, ਸੁ ਲੱਛ। ਆਇ ਦਰਬ, ਨਹਿਂ ਰਹਿ ਪ੍ਰਤਿਪੱਛ।
ਕਰਹੁ ਖਰੀਦ ਅੱਸ੍ਰ ਸਮੁਦਾਇ। ਚਢਹੁ ਸੈਨ ਜੁਤਿ ਆਪ ਸੁਹਾਇ॥ ੩੨॥

ਸੈਂਕੜੇ, ਹਜ਼ਾਰਾਂ, ਦਸ ਹਜ਼ਾਰਾਂ ਤੇ ਲੱਖਾਂ ਦਾ ਜੋ ਧਨ ਆਵੇਗਾ ਤੇ ਕੋਈ ਵਿਰੋਧੀ ਵੀ ਨਹੀਂ ਰਹੇਗਾ। ਫਿਰ ਵੱਡੀ ਗਿਣਤੀ ਵਿਚ ਘੋੜੇ ਖਰੀਦੋ ਤੇ ਫਿਰ ਸੈਨਾ ਸਹਿਤ ਸ਼ੋਭਨੀਕ ਬਣ ਕੇ ਚੜ੍ਹਾਈ ਕਰੋ॥੩੨॥

ਰੁਚਿਰ ਮਤੰਗ ਕਰਹੁ ਅਸਵਾਰੀ। ਮੇਘ ਅਡੰਬਰ ਪਾਇ ਸ਼ਿੰਗਾਰੀ।
ਛਿਤ ਮਹਿਂ ਤੁਮਰੋ ਛਾਇ ਪ੍ਰਤਾਪ। ਡਰਹਿਂ ਭ੍ਰਾਤ ਢਿਗ ਆਵਹਿਂ ਆਪ॥ ੩੩॥

ਸੁੰਦਰ ਹਾਥੀਆਂ ਦੀ ਅਸਵਾਰੀ ਕਰੋ, ਜਿਸ ਉਤੇ ਛੱਤਰ ਵਾਲੀ ਅੰਬਾਰੀ ਪਾ ਕੇ ਸੁੰਦਰ ਢੰਗ ਨਾਲ ਸ਼ਿੰਗਾਰੀ ਹੋਵੇ। ਸਾਰੀ ਧਰਤੀ 'ਤੇ ਤੁਹਾਡਾ ਪ੍ਰਤਾਪ ਛਾ ਜਾਵੇਗਾ। ਜਦ ਤੁਸੀਂ ਪਾਸ ਆਵੋ ਤਾਂ ਤੁਹਾਡੇ ਭਰਾ ਵੀ ਤੁਹਾਥੋਂ ਡਰਨਗੇ॥੩੩॥

ਤੁਰਕੇਸ਼ੁਰ ਸੋਂ ਸੰਧਿ ਕਰੀਜੈ। ਬਹੁ ਮੋਲੀ ਵਸਤੂ ਦੇ ਦੀਜੈ।
ਤਿਸ ਅਨੁਸਾਰ ਹੋਇ ਕਰਿ ਨੀਤ। ਅਪਰ ਕਰਹੁ ਜਿਮ ਭਾਵਤਿ ਚੀਤ॥ ੩੪॥

ਤੁਰਕ ਬਾਦਸ਼ਾਹ ਨਾਲ ਸੰਧੀ ਕਰ ਲਵੋ, ਉਸ ਨੂੰ ਬਹੁਤ ਕੀਮਤੀ ਵਸਤਾਂ ਅਰਪਣ ਕਰੋ, ਸਦਾ ਉਸਦੀ ਆਗਿਆ ਅਨੁਸਾਰ ਹੋ ਕੇ ਰਹੋ, ਫਿਰ ਜਿਵੇਂ ਚਿੱਤ ਵਿਚ ਚੰਗਾ ਲੱਗੇ, ਉਸ ਤਰ੍ਹਾਂ ਹੀ ਕਾਰਜ ਕਰੋ॥੩੪॥

ਨਿਸ਼ਕੰਟਕ ਤੁਮ ਹ੍ਵੈ ਕਰਿ ਫੇਰੀ। ਭੋਗਹੁ ਮਾਯਾ ਸੌਜ ਘਨੇਰੀ।
ਸ਼੍ਰੀ ਨਾਨਕ ਪਰਤਾਪ ਬਿਸਾਲਾ। ਚਹੁੰਦਿਸ਼ਿ ਦੇਸ਼ਨਿ ਸਿੱਖੀ ਚਾਲਾ॥ ੩੫॥

ਨਿਰਭੈ ਹੋ ਕੇ ਫਿਰ ਫਿਰੋ, ਮਾਇਆ ਅਤੇ ਸਮੱਗਰੀ ਨੂੰ ਮਰਜ਼ੀ ਅਨੁਸਾਰ ਭੋਗੋ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੱਡਾ ਪ੍ਰਤਾਪ ਹੈ, ਚਾਰੇ ਪਾਸੇ ਦੇ ਦੇਸ਼ਾਂ ਵਿਚ ਸਿੱਖੀ ਚਲਾਈ ਹੈ॥੩੫॥

ਅਧਿਕ ਅਜਾਇਬ ਵਸਤੂ ਲਜਾਵੈਂ। ਸਕਲ ਆਨਿ ਤੁਮ ਕਹੁ ਅਰਪਾਵੈਂ।
ਭਰਹਿਂ ਖਜ਼ਾਨੇ ਮਾਯਾ ਸਾਥ। ਨਰਨਿ ਹਜ਼ਾਰਨਿ ਬਨਿ ਹੈਂ ਨਾਥ॥ ੩੬॥

ਸਿੱਖ ਵੱਡੀ ਗਿਣਤੀ ਵਿਚ ਅਜੀਬ ਵਸਤਾਂ ਲੈ ਕੇ ਆਉਣਗੇ। ਸਾਰੀਆਂ ਵਸਤਾਂ ਲਿਆ ਕੇ ਤੁਹਾਨੂੰ ਅਰਪਣ ਕਰਨਗੇ, ਤੁਹਾਡੇ ਖਜ਼ਾਨੇ ਮਾਇਆ ਨਾਲ ਭਰ ਦੇਣਗੇ ਤੇ ਹਜ਼ਾਰਾਂ ਮਨੁੱਖਾਂ ਦੇ ਤੁਸੀਂ ਮਾਲਕ ਬਣ ਜਾਵੋਗੇ॥੩੬॥

ਇਸ ਕੋ ਮਾਰਨਿ ਹੀ ਬਨਿ ਆਵੈ। ਨਾਂਹਿ ਤ ਇਹ ਕੰਟਕ ਬਧਿ ਜਾਵੈ।
ਇਮ ਮਸੰਦ ਨੈ ਮਸਲਤ ਦੀਨਸਿ। ਧੀਰਮੱਲ ਨੇ ਮਾਨਿ ਸੁ ਲੀਨਸਿ॥ ੩੭॥

ਇਸ ਨੂੰ ਮਾਰਨਾ ਹੀ ਬਣਦਾ ਹੈ, ਨਹੀਂ ਤਾਂ ਇਹ ਕੰਡਾ ਵਧ ਜਾਵੇਗਾ।" ਇਸ ਤਰ੍ਹਾਂ ਮਸੰਦ ਨੇ ਸਲਾਹ ਦਿੱਤੀ। ਧੀਰਮੱਲ ਨੇ ਉਹ ਸਲਾਹ ਮੰਨ ਲਈ॥੩੭॥

ਤੂਸ਼ਨਿ ਠਾਨਿ ਬਿਚਾਰਨਿ ਲਾਗਾ। 'ਕਵਨ ਕਰਤੱਬਜ ਮੋਹਿ ਹਿਤ ਪਾਗਾ।
ਮਾਰਨਿ ਮੰਤ੍ਰ ਕਹਤਿ ਜੋ ਏਹੀ। ਮੁਝ ਕੋ ਨੀਕੋ ਲਗਹਿ ਨ ਕੇਹੀ॥ ੩੮॥

ਚੁੱਪ ਧਾਰ ਕੇ ਧੀਰਮੱਲ ਸੋਚਣ ਲੱਗਾ, ਕਿਸ ਕਰਤਬ ਵਿਚ ਮੇਰੇ ਹਿੱਤ ਲਈ ਇਹ ਮਸੰਦ ਮੈਨੂੰ ਲਬੇੜਨ ਲੱਗਾ ਹੈ। ਮਾਰਨ ਦੀ ਜਿਹੜੀ ਇਹ ਸਲਾਹ ਦੇ ਰਿਹਾ ਹੈ, ਮੈਨੂੰ ਉਹ ਕਿਸੇ ਤਰ੍ਹਾਂ ਵੀ ਚੰਗੀ ਨਹੀਂ ਲੱਗੀ ਹੈ॥੩੮॥

ਪਿਤਾ ਭ੍ਰਾਤ ਹਮਰੋ ਸੋ ਅਹੈ। ਤੇਗ ਬਹਾਦਰ ਆਖਯ ਕਹੈਂ।
ਦੋਸ਼ ਨਹੀਂ ਕੁਛ ਤਿਸ ਨੇ ਕੀਨਾ। ਮਸਤ ਸੁਭਾਵ ਬਿਹਾਰ ਬਿਹੀਨਾ॥ ੩੯॥

ਸਾਡੇ ਪਿਤਾ ਜੀ ਦੇ ਇਹ ਭਰਾ ਹਨ, ਸ੍ਰੀ ਤੇਗ ਬਹਾਦਰ ਜਿਨ੍ਹਾਂ ਦਾ ਨਾਮ ਹੈ। ਉਸ ਨੇ ਕੋਈ ਵੀ ਕਸੂਰ ਨਹੀਂ ਕੀਤਾ ਹੈ, ਉਨ੍ਹਾਂ ਦਾ ਮਸਤ ਸੁਭਾਵ ਹੈ ਤੇ ਕਾਰਵਿਹਾਰ ਤੋਂ ਰਹਿਤ ਹਨ॥੩੯॥

ਨਹੀਂ ਪਰਸਪਰ ਬੋਲਿਬਿ ਕਾਹੂ। ਸਦਾ ਰਹੈ ਬੈਠਯੋ ਘਰ ਮਾਂਹੂ।
'ਭੋ ਮਸੰਦ! ਤਿਸ ਹਤਨੇ ਕੇਰਾ। ਨਹਿਂ ਉਤਸਾਹ ਹੋਤਿ ਹੈ ਮੇਰਾ॥ ੪੦॥

ਕਦੀ ਆਪਸ ਵਿਚ ਬੋਲਚਾਲ ਵੀ ਨਹੀਂ ਹੋਇਆ ਹੈ, ਸਦਾ ਹੀ ਘਰ ਵਿਚ ਬੈਠੇ ਰਹਿੰਦੇ ਹਨ। ਫਿਰ ਧੀਰਮੱਲ ਨੇ ਕਿਹਾ, "ਹੇ ਮਸੰਦ! ਉਸ ਨੂੰ ਮਾਰਨ ਦਾ ਮੇਰੇ ਵਿਚ ਉਤਸ਼ਾਹ ਨਹੀਂ ਹੈ॥੪੦॥

ਅਪਰ ਬਾਤ ਤੈਂ ਜਥਾ ਬਖਾਨੀ। ਸੋ ਤੈ ਕਰਨੀ ਬਨਹਿ ਮਹਾਨੀ।
ਸੁਭਟ ਸਨੱਧ ਬੱਧ ਕਹੁ ਕਰਿ ਕੈ। ਜਾਹੁ ਤਹਾਂ ਤੂੰ ਧੀਰਜ ਧਰਿ ਕੈ॥ ੪੧॥

ਹੋਰ ਗੱਲ ਤੂੰ ਜਿਵੇਂ ਕਹੀ ਹੈ, ਉਹ ਗੱਲ ਤਾਂ ਕਰਨੀ ਬਣਦੀ ਹੈ। ਸੂਰਮਿਆਂ ਨੂੰ ਸ਼ਸਤਰਧਾਰੀ ਕਰਕੇ, ਉਥੇ ਤੂੰ ਧੀਰਜ ਧਾਰਨ ਕਰਕੇ ਜਾ॥੪੧॥

ਸਰਬ ਉਪਾਇਨ ਦਰਬ ਸਮੇਤਾ। ਬਿਨਾ ਬਿਲਮ ਹਰਿ ਲਹੁ ਹੈ ਜੇਤਾ।
ਤੁਮ ਕੋ ਬਰਜਨਿ ਹਾਰ ਨ ਕੋਈ। ਨ੍ਰਿਭੈ ਜਾਇ ਕਰਿ ਆਨਹੁ ਸੋਈ॥ ੪੨ ॥

ਸਾਰੇ ਉਪਹਾਰ ਤੇ ਜਿੰਨਾ ਵੀ ਧਨ ਹੈ ਕਿਸੇ ਦੇਰ ਤੋਂ ਬਗੈਰ ਲੁਟ ਲਵੋ, ਤੈਨੂੰ ਕੋਈ ਰੋਕਣ ਵਾਲਾ ਨਹੀਂ ਹੈ, ਨਿਰਭੈ ਹੋ ਕੇ ਜਾ ਕੇ ਲੈ ਆਵੋ॥੪੨॥

ਜਬਿ ਮੱਖਨ ਗਮਨਹਿ ਨਿਜ ਡੇਰੇ। ਨਰਨਿ ਭੀਰ ਹੋਵਹਿ ਨਹਿਂ ਨੇਰੇ।
ਦਿਨ ਮੱਧਜਾਨ ਕਾਲ ਜਬਿ ਆਵੈ। ਹਿਤ ਅਹਾਰ ਕੇ ਸਕਲ ਸਿਧਾਵੈਂ॥ ੪੩ ॥

ਜਦ ਮੱਖਣ ਸ਼ਾਹ ਆਪਣੇ ਡੇਰੇ ਚਲਾ ਜਾਵੇ ਤੇ ਮਨੁੱਖਾਂ ਦੀ ਭੀੜ ਨੇੜੇ ਨਾ ਹੋਵੇ। ਜਦ ਦੁਪਹਿਰ ਦਾ ਸਮਾਂ ਹੋ ਜਾਵੇ ਭੋਜਨ ਖਾਣ ਵਾਸਤੇ ਸਾਰੇ ਚਲੇ ਜਾਣ॥੪੩॥

ਤਬਿ ਲਗਿ ਤੂਸ਼ਨਿ ਧਾਰੇ ਰਹੋ। ਭੇਦ ਨਰਨਿ ਮਹਿਂ ਕਿਮ ਨਹਿਂ ਕਹੋ।
ਸੁਨਿ ਮਸੰਦ ਸ਼ੀਹਾਂ ਰਿਸ ਕਰਿ ਕੈ। ਧੀਰਮੱਲ ਸੋਂ ਕਹਤਿ ਉਚਰਿਕੈ॥ ੪੪ ॥

ਤਦ ਤਕ ਚੁਪ ਧਾਰਨ ਕਰੀ ਰੱਖੋ, ਆਪਣੇ ਮਨੁੱਖਾਂ ਨੂੰ ਕੁਝ ਵੀ ਭੇਦ ਨਾ ਦੇਵੋ।" ਇਹ ਸੁਣ ਕੇ ਸ਼ੀਹਾਂ ਮਸੰਦ ਗੁੱਸਾ ਕਰਕੇ, ਧੀਰਮੱਲ ਨੂੰ ਉਚਾਰਨ ਕਰਕੇ ਕਹਿਣ ਲੱਗਾ॥੪੪॥

'ਗੁਰੂ ਬਨਾਵਨਿ ਜੋ ਇਸ ਕਾਲ। ਹਾਥ ਮਸੰਦਨਿ ਕੇ ਸੁ ਬਿਸਾਲ।
ਜਿਸ ਕੋ ਗਾਦੀ ਦੇਹਿਂ ਬਿਠਾਇ। ਸਿੱਖਜਨਿ ਤੇ ਤਿਸ ਲੇਹਿਂ ਪੁਜਾਇ॥ ੪੫ ॥

"ਇਸ ਸਮੇਂ ਜੋ ਗੁਰੂ ਬਣਾਉਣਾ ਹੈ, ਉਹ ਸਭ ਮਸੰਦਾਂ ਦੇ ਹੱਥ ਵਿਚ ਹੈ। ਜਿਸ ਨੂੰ ਅਸੀਂ ਗੱਦੀ ਤੇ ਬਿਠਾ ਦਿੰਦੇ ਹਾਂ, ਸਿੱਖਾਂ ਤੋਂ ਉਸਦੀ ਪੂਜਾ ਕਰਵਾ ਦਿੰਦੇ ਹਾਂ॥੪੫॥

ਸੰਗਤਿ ਸਭਿ ਮਸੰਦ ਅਨੁਸਾਰੀ। ਚਹੈ ਲਿਜਾਵੈ ਤਿਸੈ ਅਗਾਰੀ।
ਜਿਸੀ ਦੇਸ਼ ਮੈਂ ਹੈ ਜੁ ਮਸੰਦ। ਤਿਸ ਪਸ਼ਚਾਤ ਸੁ ਹੈਂ ਨਰ ਬ੍ਰਿੰਦ॥ ੪੬ ॥

ਸਾਰੀ ਸੰਗਤ ਮਸੰਦਾਂ ਦੀ ਆਗਿਆ ਅਨੁਸਾਰ ਹੈ, ਜਿਸ ਪਾਸ ਲੈ ਜਾਣਾ ਚਾਹੁੰਦੇ ਹਨ, ਉਸ ਪਾਸ ਲੈ ਜਾਂਦੇ ਹਨ। ਜਿਸ ਦੇਸ਼ ਵਿਚ ਵੀ ਜਿਹੜਾ ਮਸੰਦ ਹੈ, ਉਸ ਦੇ ਪਿੱਛੇ ਬਹੁਤ ਮਨੁੱਖ ਹਨ॥੪੬॥

ਕੋ ਮਸੰਦ ਤੁਮ ਤੇ ਫਿਰਿ ਜਾਵੈ। ਮਿਲਹਿ ਜਾਇ ਕੈ ਤਾਂਹਿ ਪੁਜਾਵੈ।
ਅਨਿਕ ਉਪੱਦ੍ਰਵ ਜੀਵਤਿ ਕਰੈ। ਨਿਸ਼ਕੰਟਕ ਹੁਇ ਹੈਂ ਜੇ ਮਰੈ॥ ੪੭ ॥

ਕੋਈ ਮਸੰਦ ਤੁਹਾਥੋਂ ਫਿਰ ਜਾਵੇ ਤਾਂ ਉਹ ਜਿਸ ਨੂੰ ਜਾ ਕੇ ਮਿਲੇਗਾ ਉਸਦੀ ਪੂਜਾ ਕਰਵਾ ਦੇਵੇਗਾ। ਅਨੇਕਾਂ ਉਪੱਦਰ ਇਹ ਜੀਉਂਦਿਆਂ ਕਰੇਗਾ, ਜੇ ਇਹ ਮਰ ਜਾਵੇਗਾ ਤਾਂ ਅਸੀਂ ਬੇਫਿਕਰ ਹੋ ਜਾਵਾਂਗੇ॥੪੭॥

ਜੇ ਤੁਮਰੀ ਸਾਲਾਹਿ ਨ ਐਸੇ। ਹਮ ਤੌ ਨਹੀਂ ਮਿਟਾਹਿੰਗੇ ਕੈਸੇ।
ਜਿਸ ਮਹਿਂ ਸੰਸਾ ਸਦਾ ਨਿਹਰੀਏ। ਬਿਨਾ ਬਿਚਾਰੇ ਤਿਸ ਪਰਹਰੀਏ॥ ੪੮ ॥

ਜੇ ਤੁਹਾਡੀ ਇਸ ਤਰ੍ਹਾਂ ਸਲਾਹ ਨਹੀਂ ਹੈ, ਤਾਂ ਅਸੀਂ ਤਾਂ ਕਿਸੇ ਤਰ੍ਹਾਂ ਵੀ ਨਹੀਂ ਖਤਮ ਕਰਾਂਗੇ। ਜਿਸ ਵਿਚ ਸਦਾ ਹੀ ਸ਼ੰਕਾ ਵੇਖੋ ਵਿਚਾਰ ਕਰਨ ਤੋਂ ਬਗੈਰ ਉਸ ਨੂੰ ਖਤਮ ਕਰ ਦੇਵੋ॥੪੮॥

ਨਾਂਹਿ ਤ ਪਸ਼ਚਾਤਾਪ ਕਰੰਤਾ। ਘਾਤ ਪਾਇ ਕਰਿ ਦਾਵ ਚੁਕੰਤਾ।
ਤੁਝ ਸ਼ਰੀਕ ਇਹ ਜਬਿ ਅਧਿਕਾਵੈ। ਪੁਨ ਕੈਸੇ ਕਰਿ ਹਾਥ ਨ ਆਵੈ॥ ੪੯ ॥

ਨਹੀਂ ਤਾਂ ਉਸ ਨੂੰ ਪਛਤਾਉਣਾ ਪੈਂਦਾ ਹੈ। ਜੇ ਮੌਕਾ ਮਿਲਣ ਤੇ ਵੀ ਮੌਕੇ ਨੂੰ ਗਵਾ ਦੇਵੇ। ਤੇਰਾ ਇਹ ਸ਼ਰੀਕ ਜਦ ਵਧ ਜਾਵੇਗਾ, ਫਿਰ ਇਹ ਕਿਸੇ ਤਰ੍ਹਾਂ ਵੀ ਤੇਰੇ ਹੱਥ ਵਿਚ ਨਹੀਂ ਆਉਣਾ॥੪੯॥

**ਕਹੇ ਤੁਮਾਰੇ ਤੇ ਇਸ ਭਾਂਤਿ। ਹਮ ਨਹਿਂ ਚੂਕਹਿਂਗੇ ਲਖਿ ਘਾਤ।**
**ਨਿਤ ਕੋ ਝਗਰਾ ਦੇਹਿਂ ਚੁਕਾਇ। ਸਭਿ ਕੋ ਮਹਾਂ ਤ੍ਰਾਸ ਉਪਜਾਇ॥ ੫੦॥**

ਤੁਹਾਡੇ ਇਸ ਪ੍ਰਕਾਰ ਕਹਿਣ ਉਤੇ ਵੀ, ਅਸੀਂ ਮੌਕਾ ਮਿਲਣ ਤੇ ਵਾਰ ਖਾਲੀ ਨਹੀਂ ਜਾਣ ਦੇਵਾਂਗੇ। ਨਿਤ ਦਾ ਝਗੜਾ ਮੁਕਾ ਦੇਵਾਂਗੇ ਤੇ ਸਾਰਿਆਂ ਸੋਢੀਆਂ ਵਿਚ ਵੱਡਾ ਡਰ ਪੈਦਾ ਕਰ ਦੇਵਾਂਗੇ ਤਾਂਕਿ ਦੁਬਾਰਾ ਕੋਈ ਆਪਣੇ ਆਪ ਨੂੰ ਗੁਰੂ ਨਾ ਕਹਾਏ॥੫੦॥

**ਇਸ ਬਿਧਿ ਕਰੇ ਬਿਨਾ, ਗੁਰਿਆਈ। ਹੋਹਿ ਨਹੀਂ ਤੁਮ ਘਰ ਠਹਿਰਾਈ।**
**ਇਹ ਬਡ ਕੰਟਕ ਦੈ ਹੈਂ ਟਾਰਿ। ਅਪਰ ਸਰਬ ਹੈਂ ਤੁਮ ਅਨੁਸਾਰਿ'॥ ੫੧॥**

ਇਸ ਵਿਧੀ ਅਨੁਸਾਰ ਕਰਨ ਤੋਂ ਬਗੈਰ ਗੁਰਿਆਈ ਤੁਹਾਡੇ ਘਰ ਵਿਚ ਨਹੀਂ ਠਹਿਰ ਸਕਦੀ ਹੈ। ਇਸ ਵੱਡੇ ਕੰਡੇ ਨੂੰ ਕੱਢ ਦੇਵਾਂਗੇ, ਹੋਰ ਸਾਰੇ ਤੁਹਾਡੇ ਅਨੁਸਾਰ ਹਨ"॥੫੧॥

**ਦੁਸ਼ਟ ਮਸੰਦ ਮੰਤ੍ਰ ਇਮ ਕਰਯੋ। ਲੋਭ ਦਰਬ ਕੋ ਬਹੁ ਉਰ ਧਰਯੋ।**
**ਧੀਰਮੱਲ ਕੋ ਕਹਯੋ ਨ ਮਾਨਾ। ਕਰਤਿ ਭਯੋ ਆਪਹਿ ਜਿਮ ਜਾਨਾ॥ ੫੨॥**

ਦੁਸ਼ਟ ਮਸੰਦ ਨੇ ਇਸ ਤਰ੍ਹਾਂ ਸਲਾਹ ਦਿੱਤੀ, ਹਿਰਦੇ ਵਿਚ ਉਸ ਧਨ ਦਾ ਬਹੁਤ ਲੋਭ ਧਾਰਨ ਕੀਤਾ ਹੋਇਆ ਸੀ। ਧੀਰਮੱਲ ਦੇ ਕਹੇ ਨੂੰ ਨਾ ਮੰਨਿਆ, ਉਸ ਤਰ੍ਹਾਂ ਹੀ ਕਰਨਾ ਚਾਹੁੰਦਾ ਸੀ ਜਿਵੇਂ ਆਪ ਸਮਝਦਾ ਸੀ॥੫੨॥

**'ਤੁਮ ਗੁਰ ਗਾਦੀ ਪਰ ਥਿਤ ਰਹੋ। ਇਸ ਬਿਧਿ ਕੇ ਭੇਵ ਨ ਕੁਛ ਲਹੋ।**
**ਨੀਤਿ ਜਾਨਿਬੋ ਮੁਸ਼ਕਲ ਹੋਇ। ਛਲ ਬਲ ਧਰੇ ਲਖਤਿ ਬਿਧਿ ਸੋਇ'॥੫੩॥**

ਮਸੰਦ ਬੋਲਿਆ, "ਤੁਸੀਂ ਗੁਰਗੱਦੀ 'ਤੇ ਸਥਿਤ ਰਹੋ, ਇਸ ਵਿਧੀ ਦੇ ਕੁਝ ਭੇਦ ਤੁਸੀਂ ਨਹੀਂ ਜਾਣਦੇ ਹੋ, ਨਿਤ ਮੁਸ਼ਕਲ ਖੜੀ ਹੋਵੇਗੀ। ਵਲ ਛਲ ਧਾਰਨ ਕਰਨਾ ਹੀ ਅਸੀਂ ਠੀਕ ਵਿਧੀ ਸਮਝੀ ਹੈ"॥੫੩॥

*ਗਿਆਰਵੀਂ ਰਾਸ ਦਾ ਗਿਆਰਵਾਂ ਅਧਿਆਇ ਸਮਾਪਤ ਹੋਇਆ॥ ੧੧॥*

## *ਅਧਿਆਇ ਬਾਰ੍ਹਵਾਂ*

### *ਧੀਰਮੱਲ ਵੱਲੋਂ ਹੋਰ ਵਿਰੋਧ*

*ਦੋਹਰਾ-* **ਦੁਸ਼ਟ ਮਸੰਦ ਹਕਾਰਿ ਕਰਿ ਦੁਰ ਬ੍ਰਿਤਿ ਚਿਤਵਯੋ ਪਾਪ।**
**ਗੁਰ ਢਿਗ ਲਾਇ ਜਸੂਸ ਕੋ ਸਥਿਤ ਤਯਾਰ ਹ੍ਵੈ ਆਪ॥ ੧॥**

ਦੁਸ਼ਟ ਮਸੰਦ ਨੇ ਜਸੂਸ ਨੂੰ ਬੁਲਾ ਕੇ ਆਪਣੀ ਖੋਟੀ ਬੁੱਧੀ ਨਾਲ ਪਾਪ ਬਾਰੇ ਸੋਚਿਆ। ਜਸੂਸ ਨੂੰ ਗੁਰੂ ਜੀ ਪਾਸ ਲਾ ਕੇ ਆਪ ਪਾਪ ਕਰਨ ਵਾਸਤੇ ਤਿਆਰ ਹੋ ਗਿਆ॥੧॥

ਚੌਪਈ ਮੱਖਣ ਸ਼ਾਹਿ ਸਮੀਪ ਗੁਰੂ ਕੇ। ਰਿਦੈ ਕਾਮਨਾ ਸਕਲ ਪੂਰ ਕੇ।
ਕਹਤਿ ਭਯੋ 'ਮੁਝ ਕਿਯੋ ਨਿਹਾਲ। ਦ੍ਵੈ ਲੋਕਨਿ ਦਿਯ ਅਨੰਦ ਬਿਸਾਲ' ॥੨॥

ਮੱਖਣ ਸ਼ਾਹ ਗੁਰੂ ਜੀ ਦੇ ਪਾਸ ਸੀ, ਉਸ ਨੇ ਆਪਣੇ ਹਿਰਦੇ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰ ਲਈਆਂ ਸਨ। ਉਸਨੇ ਗੁਰੂ ਜੀ ਨੂੰ ਕਿਹਾ, "ਮੈਨੂੰ ਤੁਸੀਂ ਨਿਹਾਲ ਕਰ ਦਿੱਤਾ ਹੈ, ਦੋਵਾਂ ਲੋਕਾਂ ਦਾ ਵਿਸ਼ਾਲ ਅਨੰਦ ਦਿੱਤਾ ਹੈ" ॥੨॥

ਚਰਨ ਸਪਰਸ਼ਤਿ ਕੋਮਲ ਹਾਥ। ਸਹਜ ਬਾਤ ਕਰਿ ਪ੍ਰੀਤੀ ਸਾਥ।
'ਸੰਗਤਿ ਦਿਯੋ ਦਰਸ ਥਿਤ ਆਪ। ਦੁਸ਼ਟਨਿ ਦਾਪ ਖਾਪਿ ਪਰਤਾਪ ॥੩॥

ਆਪਣੇ ਕੋਮਲ ਹੱਥਾਂ ਨਾਲ ਗੁਰੂ ਜੀ ਦੇ ਚਰਨ ਸਪਰਸ਼ ਕਰ ਰਿਹਾ ਸੀ। ਬੜੀ ਪ੍ਰੀਤ ਨਾਲ ਹੌਲੀ-ਹੌਲੀ ਗੱਲਾਂ ਕਰਦਾ ਸੀ। "ਆਪ ਜੀ ਨੇ ਬੈਠ ਕੇ ਸੰਗਤ ਨੂੰ ਦਰਸ਼ਨ ਦਿੱਤੇ ਹਨ ਤੇ ਦੁਸ਼ਟਾਂ ਦੇ ਪ੍ਰਤਾਪ ਅਤੇ ਹੰਕਾਰ ਨੂੰ ਨਾਸ਼ ਕੀਤਾ ਹੈ॥੩॥

ਨਹਿਂ ਅਬਿ ਕਾਲ ਛਪਨਿ ਕਹੁ ਰਾਵਰਿ। ਛਤ੍ਰ ਤੁਮਾਰੇ ਸੀਸ ਫਿਰਾਵਰਿ।
ਸਭਿ ਸਿੱਖਜਨਿ ਕੇ ਵਾਲੀ ਹੋਵਹੁ। ਬਨਹੁਂ ਸਹਾਇ ਦਾਸ ਦੁਖ ਖੋਵਹੁ ॥੪॥

ਹੁਣ ਆਪ ਜੀ ਦੇ ਛੁਪਣ ਦਾ ਸਮਾਂ ਨਹੀਂ ਹੈ, ਤੁਹਾਡੇ ਸਿਰ ਤੇ ਛੱਤਰ ਫਿਰ ਰਿਹਾ ਹੈ। ਸਾਰੇ ਸਿੱਖਾਂ ਦੇ ਵਾਲੀ ਬਣੋ। ਉਨ੍ਹਾਂ ਦੇ ਸਹਾਇਕ ਬਣ ਕੇ ਦਾਸਾਂ ਦੇ ਦੁਖ ਦੂਰ ਕਰੋ॥੪॥

ਬਿਨਾ ਆਸਰੇ ਸੰਗਤਿ ਸਾਰੀ। ਇਤ ਉਤ ਖੋਜਤਿ ਗੁਰ ਕਹੁ ਹਾਰੀ।
ਧੀਰ ਦਿਲਾਸਾ ਸਿੱਖਜਨਿ ਦੇਹੁ। ਦਰਸ ਕਰਾਵਹੁ ਭੇਟੈਂ ਲੇਹੁ॥ ੫॥

ਸਾਰੀ ਸੰਗਤ ਆਸਰੇ ਦੇ ਬਗੈਰ ਹੈ, ਏਧਰ ਓਧਰ ਗੁਰੂ ਜੀ ਨੂੰ ਲੱਭਦੀ ਹਾਰ ਗਈ ਹੈ। ਧੀਰਜ ਤੇ ਦਿਲਾਸਾ ਸਿੱਖਾਂ ਨੂੰ ਦੇਵੋ, ਦਰਸ਼ਨ ਦੇ ਕੇ ਭੇਟਾ ਲਵੋ॥੫॥

ਉਪਦੇਸ਼ਹੁ ਲਖਿ ਕਰਿ ਅਧਿਕਾਰੀ। ਇਮ ਮਹਿਮਾ ਹੁਇ ਜਗ ਬਿਸਤਾਰੀ'।
ਇੱਤ੍ਯਾਦਿਕ ਕਰਿ ਕਰਿ ਅਰਦਾਸ। ਬੈਠਾਰੇ ਦਰਸਤਿ ਗਨ ਦਾਸ॥੬॥

ਉਪਦੇਸ਼ ਦੇ ਅਧਿਕਾਰੀ ਸਮਝ ਕੇ ਉਪਦੇਸ਼ ਦੇਵੋ, ਇਸ ਤਰ੍ਹਾਂ ਸਾਰੇ ਜੱਗ ਵਿਚ ਮਹਿਮਾ ਫੈਲੇਗੀ।" ਇੱਤਆਦਿ ਬੇਨਤੀਆਂ ਕਰ ਕਰ, ਬੈਠਾਏ ਹੋਏ ਬਹੁਤ ਸੇਵਕ ਦਰਸ਼ਨ ਕਰ ਰਹੇ ਸਨ॥੬॥

ਇਸ ਕੋ ਪ੍ਰੇਮ ਹੇਰਿ ਗੁਰ ਪੂਰਾ। ਕਰਤਿ ਭਏ ਜਿਮ ਕਹਿ ਬਚ ਰੂਰਾ।
ਡੇਢ ਜਾਮ ਜਬਿ ਦਿਵਸ ਚਢ੍ਯੋ ਹੈ। ਗੁਰ ਅਰੁ ਸੰਗਤਿ ਅਨੰਦ ਬਢ੍ਯੋ ਹੈ॥੭॥

ਪੂਰਨ ਗੁਰੂ ਜੀ ਮੱਖਣ ਸ਼ਾਹ ਦਾ ਪ੍ਰੇਮ ਵੇਖ ਕੇ, ਉਸ ਤਰ੍ਹਾਂ ਹੀ ਕਰਦੇ ਸਨ ਜਿਵੇਂ ਉਹ ਸੁੰਦਰ ਬਚਨ ਕਹਿ ਰਿਹਾ ਸੀ। ਡੇਢ ਪਹਿਰ ਜਦ ਦਿਨ ਚੜ੍ਹ ਗਿਆ, ਗੁਰੂ ਜੀ ਅਤੇ ਸੰਗਤ ਦਾ ਬਹੁਤ ਅਨੰਦ ਵਧ ਗਿਆ॥੭॥

ਮੱਖਣ ਉਠ੍ਯੋ ਬੰਦਨਾ ਕੀਨਸਿ। ਵਸਤੁ ਸਕਲ ਕੌ ਸੌਂਪ ਸੁ ਦੀਨਸਿ।
ਹਰਖਤਿ ਹ੍ਵੈ ਗਮਨ੍ਯੋ ਨਿਜ ਡੇਰੇ। ਕਰਤਿ ਬਾਰਤਾਲਾਪ ਘਨੇਰੇ॥ ੮॥

ਮੱਖਣ ਸ਼ਾਹ ਨੇ ਉੱਠ ਕੇ ਬੰਦਨਾ ਕੀਤੀ ਤੇ ਸਾਰੀਆਂ ਵਸਤਾਂ ਗੁਰੂ ਜੀ ਨੂੰ ਸੌਂਪ ਦਿੱਤੀਆਂ। ਪ੍ਰਸੰਨ ਹੋ ਕੇ ਆਪਣੇ ਡੇਰੇ ਨੂੰ ਚਲੇ ਗਿਆ ਤੇ ਬਹੁਤ ਵਾਰਤਾਲਾਪ ਕਰਦਾ ਜਾਂਦਾ ਸੀ॥੮॥

ਨਿਜ ਸਾਥਨਿ ਸੋਂ ਸਕਲ ਬਤਾਈ। ਜਥਾ ਕਾਮਨਾ ਅਪਨੀ ਪਾਈ।
'ਗੁਰ ਕਰੁਨਾ ਤੇ ਜਸੁ ਮੈਂ ਪਾਯੋ। ਮੋਹਿ ਬਹਾਨੇ ਜਗ ਪ੍ਰਗਟਾਯੋ॥ ੯॥

ਆਪਣੇ ਸਾਥੀਆਂ ਨੂੰ ਸਾਰੀ ਗੱਲ ਦੱਸੀ, ਜਿਵੇਂ ਆਪਣੀ ਕਾਮਨਾ ਪਾਈ ਸੀ, "ਗੁਰੂ ਜੀ ਦੀ ਕਿਰਪਾ ਨਾਲ ਮੈਂ ਜੱਸ ਪਾਇਆ ਹੈ, ਮੇਰੇ ਬਹਾਨੇ ਜੱਗ ਵਿਚ ਪ੍ਰਗਟ ਹੋਏ ਹਨ॥੯॥

**ਆਵਨਿ ਦੂਰ ਸਫਲ ਭਾ ਮੇਰਾ। ਸਹਿ ਸੰਗਤਿ ਗੁਰ ਦਰਸ਼ਨ ਹੇਰਾ।**
**ਖੁਸ਼ੀ ਅਧਿਕ ਸਭਿ ਬਿਧਿ ਕੀ ਹੋਈ। ਨਿਜ ਸਮਾਨ ਮੈਂ ਲਖੌਂ ਨ ਕੋਈ॥੧੦॥**

ਬੜੀ ਦੂਰ ਤੋਂ ਆਉਣਾ ਮੇਰਾ ਸਫਲ ਹੋਇਆ ਹੈ, ਸੰਗਤ ਸਹਿਤ ਗੁਰੂ ਜੀ ਦੇ ਦਰਸ਼ਨ ਕੀਤੇ ਹਨ। ਸਭ ਵਿਧੀਆਂ ਨਾਲ ਬਹੁਤ ਪ੍ਰਸੰਨਤਾ ਹੋਈ ਹੈ, ਮੈਂ ਆਪਣੇ ਬਰਾਬਰ ਕਿਸੇ ਨੂੰ ਵੀ ਸਮਝਦਾ ਨਹੀਂ ਹਾਂ"॥੧੦॥

**ਕਹਤਿ ਪਰਸਪਰ ਡੇਰੇ ਆਯੋ। ਭੋਜਨ ਬੈਠਿ ਜਥਾ ਸੁਖ ਪਾਯੋ।**
**ਨਿਜ ਸਿਹਜਾ ਪਰ ਪੌਢਿ ਰਹਯੋ ਹੈ। ਕਿੰਚਤ ਨਿੰਦ੍ਰਾ ਅਨੰਦ ਲਹਯੋ ਹੈ॥੧੧॥**

ਆਪਸ ਵਿਚ ਗੱਲਾਂ ਕਰਦੇ ਡੇਰੇ ਆ ਗਏ, ਬੈਠ ਕੇ ਭੋਜਨ ਛੱਕ ਕੇ ਸੁਖ ਪ੍ਰਾਪਤ ਕੀਤਾ। ਆਪਣੇ ਬਿਸਤਰੇ ਤੇ ਲੰਮਾ ਪਿਆ ਹੈ, ਥੋੜ੍ਹੀ ਨੀਂਦ ਦਾ ਅਨੰਦ ਲਿਆ ਹੈ॥੧੧॥

**ਸਨੇ ਸਨੇ ਪੁਨ ਸੰਗਤਿ ਸਾਰੀ। ਲੇ ਲੇ ਖੁਸ਼ੀ ਸਰੂਪ ਨਿਹਾਰੀ।**
**ਜਾਤਿ ਭਏ ਨਿਜ ਡੇਰਨਿ ਮਾਂਹਿ। ਸਤਿਗੁਰ ਸਤੁਤਿ ਬਦਨ ਤੇ ਪ੍ਰਾਹਿ॥੧੨॥**

ਹੌਲੀ-ਹੌਲੀ ਫਿਰ ਸਾਰੀਆਂ ਸੰਗਤਾਂ, ਦਰਸ਼ਨ ਕਰਕੇ ਖੁਸ਼ੀਆਂ ਪ੍ਰਾਪਤ ਕਰਕੇ ਆਪਣੇ-ਆਪਣੇ ਡੇਰਿਆਂ ਨੂੰ ਜਾ ਰਹੀਆਂ ਸਨ ਤੇ ਆਪਣੇ ਮੁਖਾਂ ਤੋਂ ਸਤਿਗੁਰੂ ਜੀ ਦੀ ਉਸਤਤਿ ਕਰ ਰਹੀਆਂ ਸਨ॥੧੨॥

**ਗਏ ਜਥਾ ਸੁਖ ਹਰਖਤਿ ਸਾਰੇ। ਪੂਰਨ ਭਏ ਮਨੋਰਥ ਭਾਰੇ।**
**ਜਹਿਂ ਕਹਿਂ ਗੁਰ ਬਿਦਤਨਿ ਕੀ ਬਾਤ। ਪਰਸਤਿ ਭਈ ਮਹਦ ਅਵਿਦਾਤ॥੧੩॥**

ਸਾਰੇ ਬਹੁਤ ਸੁਖੀ ਅਤੇ ਪ੍ਰਸੰਨ ਹੋ ਕੇ ਗਏ, ਉਨ੍ਹਾਂ ਦੇ ਭਾਰੀ ਮਨੋਰਥ ਪੂਰੇ ਹੋਏ ਸਨ। ਜਿਥੇ ਕਿਥੇ ਗੁਰੂ ਜੀ ਦੇ ਪ੍ਰਗਟ ਹੋਣ ਦੀ ਗੱਲ ਬਹੁਤ ਉੱਜਲ ਢੰਗ ਨਾਲ ਫੈਲ ਗਈ॥੧੩॥

**ਘਟੀ ਚਤਰ ਲੌ ਟਿਕ ਗੁਰ ਰਹੇ। ਮ੍ਰਿਦੁਲ ਸੇਜ ਪਰ ਨਿੰਦ੍ਰਾ ਲਹੇ।**
**ਬਹੁਰ ਉਠੇ ਸ਼੍ਰੀ ਗੁਰ ਭਗਵਾਨ। ਕਹਯੋ 'ਤੁਰੰਗਨਿ ਕੋ ਅਬਿ ਆਨਿ'॥੧੪॥**

ਚਾਰ ਘੜੀਆਂ ਤਕ ਗੁਰੂ ਜੀ ਓਥੇ ਟਿਕ ਕੇ ਬੈਠੇ ਰਹੇ, ਫਿਰ ਨਰਮ ਬਿਸਤਰੇ 'ਤੇ ਸੁੱਤੇ ਰਹੇ। ਫਿਰ ਗੁਰੂ ਭਗਵਾਨ ਜੀ ਉੱਠੇ ਤੇ ਕਿਹਾ, "ਘੋੜੀ ਨੂੰ ਹੁਣ ਲਿਆਓ"॥੧੪॥

**ਸੁਨਤਿ ਦਾਸ ਨੇ ਰੁਚਿਰ ਬਨਾਈ। ਸਰਬ ਅੰਗ ਤੇ ਕਿਯ ਉਜਲਾਈ।**
**ਰੁਚਿਰ ਜ਼ੀਨ ਕੋ ਪਾਵਨ ਕੀਨਸਿ। ਕਵਿਕਾ ਲੇ ਕਰਿ ਮੁਖ ਮਹਿਂ ਦੀਨਸਿ॥੧੫॥**

ਇਹ ਸੁਣ ਸੇਵਕ ਨੇ ਘੋੜੇ ਨੂੰ ਸੁੰਦਰ ਢੰਗ ਨਾਲ ਸ਼ਿੰਗਾਰਿਆ, ਸੁੰਦਰ ਕਾਠੀ ਉਸ ਉਤੇ ਪਾਈ, ਲਗਾਮ ਲੈ ਕੇ ਘੋੜੇ ਦੇ ਮੂੰਹ ਵਿਚ ਦਿੱਤੀ॥੧੫॥

**ਡੋਰ ਸਾਥ ਬੰਧਨਿ ਕਰਿ ਲਜਾਵਾ। ਸ਼੍ਰੀ ਸਤਿਗੁਰ ਕੇ ਨਿਕਟਿ ਜਨਾਵਾ।**
**ਉਠੇ ਸੇਜ ਤਜਿ ਬਾਹਰ ਆਏ। ਚੰਬੀ ਬੜਵਾ ਨਿਕਟਿ ਅਨਾਏ॥੧੬॥**

ਰੱਸੇ ਨਾਲ ਬੰਨ੍ਹ ਕੇ ਲੈ ਆਇਆ ਤੇ ਸ੍ਰੀ ਸਤਿਗੁਰੂ ਜੀ ਦੇ ਪਾਸ ਜਾ ਕੇ ਉਨ੍ਹਾਂ ਨੂੰ ਦੱਸਿਆ। ਗੁਰੂ ਜੀ ਬਿਸਤਰੇ ਨੂੰ ਛੱਡ ਕੇ ਬਾਹਰ ਆਏ ਤੇ ਡੱਬਖੜੱਬੀ ਘੋੜੀ ਪਾਸ ਮੰਗਵਾਈ॥੧੬॥

ਪਾਇ ਰਕਾਬ ਪਾਇ ਆਰੋਹੇ। ਗਹਿ ਬਾਗਾ ਆਗਲ ਮਗ ਜੋਹੇ।
ਬਹਿਰ ਗਏ, ਗੁਰ ਛਾਯਾ ਹੇਰਿ। ਉਤਰ ਪਰੇ ਹਿਤ ਬੈਠਨਿ ਕੇਰ॥ ੧੭॥

ਰਕਾਬ ਤੇ ਚਰਨ ਧਰ ਕੇ ਘੋੜੀ ਉੱਤੇ ਚੜ੍ਹ ਗਏ, ਘੋੜੀ ਦੀ ਵਾਗ ਫੜ ਕੇ ਅੱਗੇ ਚਲ ਪਏ। ਬਾਹਰ ਜਾ ਕੇ ਗੁਰੂ ਜੀ ਛਾਂ ਵੇਖ ਕੇ, ਬੈਠਣ ਵਾਸਤੇ ਘੋੜੀ ਤੋਂ ਉੱਤਰ ਪਏ॥੧੭॥

ਕਿਤਿਕ ਸਿੱਖਜ ਤਹਿਂ ਪਹੁੰਚੇ ਜਾਇ। ਦਰਸ਼ਨ ਦਰਸਹਿ ਅਨੰਦ ਬਢਾਇ।
ਗੁਰਗਾਦੀ ਨਿਸ਼ਚੇ ਅਬਿ ਭਈ। ਸਭਿਹਿਨਿ ਕੀ ਸੰਸੈ ਮਤਿ ਗਈ॥ ੧੮॥

ਕਈ ਸਿੱਖ ਉਥੇ ਪਹੁੰਚ ਗਏ ਤੇ ਉਨ੍ਹਾਂ ਨੇ ਬੜਾ ਅਨੰਦ ਵਧਾ ਕੇ ਦਰਸ਼ਨ ਕੀਤੇ। ਗੁਰਗੱਦੀ ਬਾਰੇ ਹੁਣ ਨਿਸ਼ਚਾ ਹੋ ਗਿਆ ਹੈ, ਸਾਰਿਆਂ ਦੇ ਮਨ ਦੇ ਸੰਸੇ ਦੂਰ ਹੋ ਗਏ ਸਨ॥੧੮॥

ਇਮ ਮਨ ਜਾਨਿ ਜਾਨਿ ਢਿਗ ਆਵੈਂ। ਸਫਲਹਿਂ ਜਨਮ ਦਰਸ ਕੋ ਪਾਵੈਂ।
ਗ੍ਰਾਮ ਬਿਖੈ ਸਭਿ ਸੋਢਿਨ ਪਾਸ। ਜਹਿਂ ਕਹਿਂ ਭਾਖਹਿਂ ਗੁਰੂ ਪ੍ਰਕਾਸ਼॥ ੧੯॥

ਇਸ ਤਰ੍ਹਾਂ ਮਨ ਵਿਚ ਜਾਣ ਜਾਣ ਕੇ ਪਾਸ ਆਉਂਦੇ ਸਨ, ਦਰਸ਼ਨ ਕਰਕੇ ਜਨਮ ਸਫਲਾ ਕਰਦੇ ਸਨ। ਪਿੰਡ ਵਿਚ ਸਾਰੇ ਸੋਢੀਆਂ ਪਾਸ, ਜਿਥੇ ਕਿਥੇ ਗੁਰੂ ਜੀ ਦੇ ਪ੍ਰਗਟ ਹੋਣ ਬਾਰੇ ਦੱਸਦੇ ਸਨ॥੧੯॥

ਤਬਹਿ ਜਸੂਸ ਧੀਰਮੱਲ ਕੇਰਾ। ਬਰਨਨ ਕੀਨਿ ਬ੍ਰਿਤਾਂਤ ਬਡੇਰਾ।
'ਗਏ ਵਹਿਰ, ਸਿਖ ਤਹਿਂ ਭੀ ਆਏ। ਹੋਤਿ ਪ੍ਰਤਾਪ ਦਸਹੁੰ ਦਿਸ਼ਿ ਛਾਏ' ॥੨੦॥

ਤਦ ਧੀਰਮੱਲ ਦੇ ਜਸੂਸ ਨੇ, ਗੁਰੂ ਜੀ ਬਾਰੇ ਸਾਰਾ ਬਿਰਤਾਂਤ ਵਰਣਨ ਕੀਤਾ, "ਬਾਹਰ ਗਏ ਹਨ, ਉਥੇ ਵੀ ਸਿੱਖ ਆਏ ਹਨ, ਉਨ੍ਹਾਂ ਦਾ ਪ੍ਰਤਾਪ ਦਸਾਂ ਦਿਸ਼ਾਵਾਂ ਵਿਚ ਛਾ ਗਿਆ ਹੈ' ॥੨੦॥

ਸੁਨਤਿ ਧੀਰਮਲ ਰਿਦੈ ਬਿਚਾਰਾ। ਨਿਜ ਮਸੰਦ ਸੋਂ ਬਾਕ ਉਚਾਰਾ।
'ਇਹ ਤੌ ਬ੍ਯਾਧ ਅਸਾਧ ਹਮਾਰੇ। ਟਰਹਿ ਨਹੀਂ ਕਯੋਂਹੂੰ ਬਿਨ ਮਾਰੇ॥ ੨੧॥

ਇਹ ਸੁਣ ਕੇ ਧੀਰਮੱਲ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਆਪਣੇ ਮਸੰਦ ਨੂੰ ਕਿਹਾ, "ਇਹ ਤਾਂ ਲਾਇਲਾਜ ਬਿਮਾਰੀ ਸਾਡੇ ਗਲ ਪਈ ਹੈ, ਮਾਰਨ ਤੋਂ ਬਗੈਰ ਇਹ ਕਿਵੇਂ ਵੀ ਟਲੇਗੀ ਨਹੀਂ॥੨੧॥

ਜਿਤ ਕਿਤ ਬਿਦਤ ਬਾਰਤਾ ਭਈ। ਗੁਰਤਾ ਕੀ ਗਾਦੀ ਇਨ ਲਈ।
ਤਯੋਂ ਤਯੋਂ ਦੇਸ਼ ਬਿਦੇਸ਼ਨਿ ਜਾਵੈ। ਸੁਨਿ ਸੁਨਿ ਸਗਰੇ ਨਰ ਤਹਿਂ ਆਵੈਂ ॥੨੨॥

ਜਿਥੇ ਕਿਥੇ ਵਾਰਤਾ ਪ੍ਰਗਟ ਹੋਈ ਹੈ, ਗੁਰਤਾ ਦੀ ਇਨ੍ਹਾਂ ਗੱਦੀ ਲੈ ਲਈ ਹੈ। ਤਿਵੇਂ-ਤਿਵੇਂ ਇਹ ਗੱਲ ਦੇਸ਼ਾਂ ਬਿਦੇਸ਼ਾਂ ਵਿਚ ਪਹੁੰਚ ਜਾਵੇਗੀ, ਸੁਣ ਸੁਣ ਕੇ ਸਾਰੇ ਲੋਕ ਉਨ੍ਹਾਂ ਪਾਸ ਆਉਣਗੇ॥੨੨॥

ਅਸ ਨ ਹੋਹਿ ਇਹ ਗੁਰ ਹੁਇ ਜਾਈ। ਹਮਰੀ ਪੂਜਾ ਪਰਹਿ ਪਿਛਾਈ'।
ਸੁਨਿ ਮਸੰਦ ਨੇ ਧੀਰਜ ਦੀਨੋ। 'ਕਯੋਂ ਪਛੁਤਾਇਂ ਮਨਹੁਂ ਬਲ ਹੀਨੋ ? ॥੨੩॥

ਐਸਾ ਨਾ ਹੋਵੇ ਇਹ ਗੁਰੂ ਬਣ ਜਾਵੇ ਤੇ ਸਾਡੀ ਪੂਜਾ ਪਿੱਛੇ ਪੈ ਜਾਵੇ।" ਇਹ ਸੁਣ ਕੇ ਮਸੰਦ ਨੇ ਧੀਰਜ ਦਿੱਤਾ, "ਕਿਉਂ ਪਛਤਾਉਂਦੇ ਹੋ, ਮਾਨੋ ਬਲਹੀਣ ਹੋ ? ॥੨੩॥

ਮੈਂ ਜਸੂਸ ਰਾਖੇ ਤਹਿਂ ਲਾਇ। ਸੰਝ ਸਮੈ ਲੈ ਹੈਂ ਤਿਸ ਘਾਇ।
ਸਕਲ ਵਸਤੁ ਕੋ ਆਨਹਿਂ ਛੀਨ। ਸੋ ਤੁਮ ਤੇ ਸਭਿ ਹੀ ਬਿਧਿ ਹੀਨ॥ ੨੪॥

Sri Satguru Jagjit Singh Ji eLlibrary NamdhariElibrary@gmail.com

ਮੈਂ ਜਸੂਸ ਰੱਖ ਕੇ ਉਥੇ ਲਾਏ ਹਨ, ਸ਼ਾਮ ਦੇ ਸਮੇਂ ਉ.. ਨੂੰ ਮਾਰ ਲਵਾਂਗੇ ਤੇ ਸਾਰੀਆਂ ਵਸਤਾਂ ਖੋਹ ਲਿਆਵਾਂਗੇ, ਉਹ ਤੁਹਾਡੇ ਨਾਲੋਂ ਸਾਰੀਆਂ ਵਿਧੀਆਂ ਨਾਲ ਕਮਜ਼ੋਰ ਹਨ॥੨੪॥

ਅਸ ਤੈਂ ਫਿਕਰ ਧਾਰਿ ਹਮ ਰਹੈਂ। ਭਲੋ ਆਪ ਕੋ ਜਿਮ ਹੁਇ, ਚਹੈਂ।
ਨਾਂਹਿ ਤ ਅਬਿ ਜਸੂਸ ਜੋ ਆਵਾ। ਵਹਿਰ ਗਯੋ ਤਿਨ ਆਨਿ ਸੁਨਾਵਾ॥੨੫॥

ਇਸ ਕਰਕੇ ਅਸੀਂ ਫਿਕਰ ਧਾਰ ਕੇ ਰਹਿੰਦੇ ਹਾਂ, ਜਿਵੇਂ ਵੀ ਹੋਵੇ ਆਪ ਦਾ ਭਲਾ ਚਾਹੁੰਦੇ ਹਾਂ। ਨਹੀਂ ਤਾਂ ਹੁਣ ਜਿਹੜਾ ਜਸੂਸ ਆਇਆ ਹੈ, ਉਸ ਦੱਸਿਆ ਹੈ ਕਿ ਇਸ ਸਮੇਂ ਬਾਹਰ ਗਏ ਹਨ॥੨੫॥

ਜੇ ਹਮਰੇ ਢਿਗ ਮਗ ਕੌ ਆਇ। ਬ੍ਰਿੰਦ ਤੁਫੰਗੈਂ ਦੇਂ ਚਲਿਵਾਇ।
ਇਕ ਗੁਲਕਾ ਲਾਗੈ ਮਰਿ ਰਹੈ। ਬਹੁਤ ਲਗੇ ਕਸੋਂ ਜੀਵਨ ਲਹੈ'॥੨੬॥

ਜੇ ਚਲਦਾ ਹੋਇਆ, ਸਾਡੇ ਪਾਸ ਆਵੇਗਾ ਤਾਂ ਬਹੁਤ ਬੰਦੂਕਾਂ ਚਲਵਾ ਦੇਵਾਂਗੇ। ਇਕ ਗੋਲੀ ਲੱਗਣ ਨਾਲ ਹੀ ਮਰ ਜਾਣਗੇ। ਬਹੁਤ ਗੋਲੀਆਂ ਲਗਣ ਨਾਲ ਕਿਵੇਂ ਜੀਵਨ ਰਹੇਗਾ"॥੨੬॥

ਇਮ ਕਹਿ ਤਯਾਰ ਸੁਭਟ ਕੁਛ ਕਰੇ। ਕਸਿ ਕੈ ਕਮਰ ਭਏ ਤਹਿਂ ਖਰੇ।
'ਜਬਿ ਆਵਹਿ ਇਤ ਦਿਸ਼ਿ ਲਿਹੁ ਦੇਖਿ। ਹਤਹੁ ਤੁਫੰਗੈਂ ਮਿਲਹੁ ਅਸ਼ੇਖ॥੨੭॥

ਇਸ ਤਰ੍ਹਾਂ ਕਹਿ ਕੇ ਕੁਝ ਸੂਰਬੀਰ ਤਿਆਰ ਕੀਤੇ, ਉਹ ਕਮਰਕੱਸੇ ਕੱਸ ਕੇ ਉਥੇ ਖੜੇ ਸਨ, "ਜਦ ਸ੍ਰੀ ਤੇਗ ਬਹਾਦਰ ਨੂੰ ਏਧਰ ਆਉਂਦਾ ਵੇਖੋ ਤਾਂ ਮਿਲਕੇ ਗੋਲੀਆਂ ਚਲਾ ਕੇ ਮਾਰ ਦੇਵੋ॥੨੭॥

ਤਾਕ ਨਿਸ਼ਾਨੋ ਹਨਹੁ ਬਨਾਇ। ਨਹਿਂ ਜੀਵਤ ਜਿਮ ਘਰ ਕੌ ਜਾਇ'।
ਦੁਸ਼ਟ ਮਸੰਦ ਸੁ ਬਿਧਿ ਕਰਿ ਐਸੇ। ਧੀਰਮੱਲ ਕੇ ਢਿਗ ਹੁਇ ਬੈਸੇ॥੨੮॥

ਨਿਸ਼ਾਨਾ ਬੰਨ੍ਹ ਕੇ ਚੰਗੀ ਤਰ੍ਹਾਂ ਮਾਰ ਦੇਵੋ, ਜੀਉਂਦਾ ਫਿਰ ਮੁੜ ਕੇ ਘਰ ਨੂੰ ਨਾ ਜਾਵੇ।" ਦੁਸ਼ਟ ਮਸੰਦ ਐਸੀ ਵਿਧੀ ਕਰਕੇ ਧੀਰਮੱਲ ਦੇ ਪਾਸ ਬੈਠ ਗਿਆ॥੨੮॥

ਕਹਤਿ ਭਯੋ 'ਮੈਂ ਸੁਨੀ ਦੁਪਹਿਰੇ। ਨਿੰਦ੍ਰਾ ਬਸਿ ਪ੍ਰਯੰਕ ਪਰ ਠਹਿਰੇ।
ਗਯੋ ਨ ਮੈਂ ਤਬਿ ਕੀਨਿ ਬਿਚਾਰ। ਪਰਹਿ ਰੌਰ ਅਬਿ ਦਿਵਸ ਮਝਾਰ॥੨੯॥

ਕਹਿਣ ਲੱਗਾ, "ਮੈਂ ਸੁਣਿਆ ਦੁਪਹਿਰ ਸਮੇਂ ਨੀਂਦ ਦੇ ਵੱਸ ਹੋ ਕੇ ਪਲੰਘ ਉਤੇ ਲੇਟੇ ਹਨ। ਮੈਂ ਤਦ ਵਿਚਾਰ ਕਰਕੇ ਨਾ ਗਿਆ ਕਿ ਹੁਣ ਦਿਨ ਸਮੇਂ ਰੌਲਾ ਪਵੇਗਾ॥੨੯॥

ਕੋ ਜਾਨੈ ਜੋ ਕਸਾ ਹੁਇ ਜਾਇ। ਯਾਂਤੇ ਸਮੈਂ ਸੁ ਲੀਨਿ ਬਚਾਇ।
ਇਹਾਂ ਤੁਫੰਗ ਜਿ ਲਗੈ ਨ ਕੋਇ। ਪੁਨ ਪਹੁੰਚਹਿਂ ਘਰ ਮਹਿਂ ਜਹਿਂ ਹੋਇ'॥੩੦॥

ਕੌਣ ਜਾਣਦਾ ਹੈ ਕਿ ਕੀ ਹੋ ਜਾਵੇ, ਇਸ ਕਰਕੇ ਉਹ ਸਮਾਂ ਮੈਂ ਬਚਾ ਲਿਆ। ਏਥੇ ਜੇ ਕੋਈ ਗੋਲੀ ਨਹੀਂ ਲਗੇਗੀ, ਫਿਰ ਘਰ ਵਿਚ ਜਾ ਕੇ ਜਿੱਥੇ ਵੀ ਹੋਣਗੇ"॥੩੦॥

ਇਮ ਕਰਿ ਮੰਤ੍ਰ ਬੈਠਿ ਮਿਲਿ ਰਹੇ। ਗੁਰੂ ਉਡੀਕਹਿਂ ਪੰਥਹਿ ਲਹੇ।
ਇਤਨੇ ਮਹਿਂ ਸ੍ਰੀ ਤੇਗ ਬਹਾਦਰ। ਬੜਵਾ ਪਰ ਓਢੇ ਸਿਰ ਚਾਦਰ॥੩੧॥

ਇਸ ਤਰ੍ਹਾਂ ਸਲਾਹ ਕਰਕੇ, ਮਿਲ ਕੇ ਬੈਠੇ ਰਹੇ, ਰਾਹ ਵਿਚ ਗੁਰੂ ਜੀ ਦੀ ਉਡੀਕ ਕਰ ਰਹੇ ਸਨ। ਏਨੇ ਵਿਚ ਸ੍ਰੀ ਤੇਗ ਬਹਾਦਰ ਜੀ ਘੋੜੀ ਤੇ ਚੜ੍ਹੇ ਅਤੇ ਸਿਰ ਉਤੇ ਚਾਦਰ ਲਈ ਆ ਗਏ॥੩੧॥

ਸਹਿਜ ਸੁਭਾਇਕ ਆਵਨਿ ਕਰਿ ਹੀਂ। ਹਾਥ ਬਿਖੈ ਬਾਗਨਿ ਉਲਰਿਹੀਂ।
ਤੇਜ ਤੁਰੰਗਨਿ ਹੋਤਿ, ਥੰਭਾਵਤਿ। ਦੇ ਦੇ ਧੀਰਜ ਪੰਥ ਚਲਾਵਤਿ॥ ੩੨॥

ਸਹਿਜ ਸੁਭਾਅ ਉਧਰ ਆ ਗਏ, ਹੱਥਾਂ ਵਿਚ ਉਨ੍ਹਾਂ ਘੋੜੀ ਦੀਆਂ ਵਾਗਾਂ ਫੜੀਆਂ ਹੋਈਆਂ ਸਨ। ਘੋੜੀ ਬਹੁਤ ਤੇਜ਼ ਅਤੇ ਚੰਚਲ ਸੀ, ਉਸ ਨੂੰ ਰੋਕਦੇ ਸਨ, ਧੀਰਜ ਦੇ ਦੇ ਰਾਹੇ ਰਾਹ ਚਲਾਉਂਦੇ ਸਨ॥੩੨॥

ਸੂਖਮ ਇਕ ਕਰ ਬਿਖੈ ਰੁਮਾਲ। ਮੰਦ ਮੰਦ ਗਮਨਤਿ ਸੁਖ ਚਾਲ।
ਜਬਹਿ ਗ੍ਰਾਮ ਪ੍ਰਵਿਸ਼ੇ ਗੁਰ ਆਇ। ਛੂਟੀ ਤੁਫੰਗੈਂ ਸ਼ਬਦ ਉਠਾਇ॥ ੩੩॥

ਹੱਥ ਵਿਚ ਇਕ ਸੂਖਮ ਰੁਮਾਲ ਸੀ, ਹੌਲੀ-ਹੌਲੀ ਸੁਖਦਾਇਕ ਚਾਲ ਵਿਚ ਜਾ ਰਹੇ ਸਨ। ਜਦ ਗੁਰੂ ਜੀ ਨਗਰ ਦੇ ਵਿਚ ਦਾਖਲ ਹੋ ਗਏ ਤਾਂ ਗੋਲੀਆਂ ਚੱਲੀਆਂ ਤੇ ਬੜੀ ਉੱਚੀ ਆਵਾਜ਼ ਗੂੰਜੀ॥੩੩॥

ਤੁਪਕ ਤੜਾਕ ਅਚਾਨਕ ਸੁਨਿ ਕੈ। ਤੇਜ ਤੁਰੰਗਨਿ ਭੀ ਡਰ ਗੁਨਿ ਕੈ।
ਤਬਿ ਸ੍ਰੀ ਸਤਿਗੁਰ ਬਾਗ ਉਠਾਈ। ਦੇਖਤਿ ਤਿਸ ਦਿਸ਼ਿ ਗਿਰਾ ਅਲਾਈ॥ ੩੪॥

ਬੰਦੂਕ ਚਲਣ ਦਾ ਅਚਾਨਕ ਖੜਾਕ ਸੁਣ ਕੇ, ਤੇਜ਼ ਘੋੜੀ ਵੀ ਡਰ ਗਈ। ਤਦ ਸ੍ਰੀ ਸਤਿਗੁਰੂ ਜੀ ਨੇ ਘੋੜੀ ਦੀ ਵਾਗ ਉਪਰ ਚੁੱਕੀ ਤੇ ਉਸ ਪਾਸੇ ਵੇਖ ਕੇ ਬਚਨ ਕੀਤਾ॥੩੪॥

ਦੋਹਰਾ- 'ਭਲੇ ਧੀਰਮੱਲ ਭਲੇ ਜੀ, ਭਲੇ ਧੀਰਮੱਲ ਧੀਰ'।
ਬਹੁਤ ਬਾਰਿ ਬੋਲੇ ਬਦਨ ਸ੍ਰੀ ਪ੍ਰਭੁ ਗੁਨੀ ਗਹੀਰ॥ ੩੫॥

"ਭਲੇ ਧੀਰਮੱਲ ਭਲੇ ਜੀ, ਭਲੇ ਧੀਰਮੱਲ ਧੀਰਜਵਾਨ।" ਬਹੁਤ ਵਾਰ ਗੁਣਾਂ ਦੇ ਖਜ਼ਾਨੇ ਗੁਰੂ ਜੀ ਆਪਣੇ ਮੂੰਹ ਤੋਂ ਬੋਲੇ॥੩੫॥

ਚੌਪਈ-ਮੰਦ ਦੁਰਾਇ ਤੁਰੰਗਨਿ ਚਲੇ। ਬੋਲਤਿ 'ਭਲੇ ਧੀਰਮਲ ਭਲੇ'।
ਅਪਨੇ ਸਦਨ ਪ੍ਰਵੇਸ਼ੇ ਜਾਇ। ਉਤਰਿ ਸੇਜ ਪਰਿ ਰਹੇ ਸੁਹਾਇ॥ ੩੬॥

ਘੋੜੀ ਨੂੰ ਥੋੜਾ ਦੌੜਾ ਕੇ ਚਲ ਪਏ ਤੇ ਇਹ ਬੋਲਦੇ ਗਏ 'ਭਲੇ ਧੀਰਮੱਲ ਭਲੇ'। ਆਪਣੇ ਘਰ ਅੰਦਰ ਚਲੇ ਗਏ ਤੇ ਘੋੜੀ ਤੋਂ ਉਤਰ ਕੇ ਬਿਸਤਰੇ ਤੇ ਲੇਟ ਗਏ॥੩੬॥

*ਗਿਆਰਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥*

## *ਅਧਿਆਇ ਤੇਰ੍ਹਵਾਂ*

### *ਧੀਰਮੱਲ ਵਲੋਂ ਗੋਲੀ ਚਲੀ ਤੇ ਲੁੱਟ*

ਦੋਹਰਾ- ਚਿਤ ਮਹਿਂ ਚਿਤਹਿਂ ਕੁਕਰਮ ਕੋ ਜਥਾ ਧੀਰਮਲ ਕੀਨਿ।
ਸੋਢੀ ਅਪਰ ਕਿਤੇਕ ਹੀ ਦ੍ਵੈਸ਼ ਬੁਧਿ ਮਹਿਂ ਭੀਨ॥ ੧॥

ਗੁਰੂ ਜੀ ਚਿੱਤ ਵਿਚ ਵਿਚਾਰਦੇ ਸਨ, ਜਿਹੜਾ ਕੁਕਰਮ ਧੀਰਮੱਲ ਨੇ ਕੀਤਾ ਸੀ, ਹੋਰ ਕਈ ਸੋਢੀ ਵੀ ਦ੍ਵੈਸ਼ ਬੁੱਧੀ ਵਿਚ ਭਿੱਜੇ ਹੋਏ ਹਨ॥੧॥

ਚੌਪਈ- ਤਊ ਕਰਤਿ ਸਭਿਹਿਨਿ ਪਰ ਦਾਯਾ। ਠਾਨਹਿਂ ਕ੍ਰੋਧ ਜਿ ਲੋਭੀ ਮਾਯਾ।
ਅੰਤਰ ਅੰਧੇ ਗਯਾਨ ਬਿਹੂਨੇ। ਸ਼ਾਂਤੀ ਸਤਿ ਸੰਤੋਖ ਤੇ ਊਨੇ॥ ੨॥

ਫਿਰ ਵੀ ਸਭ ਉਤੇ ਦਇਆ ਕਰਦੇ ਹਨ ਤੇ ਵਿਚਾਰ ਕਰਦੇ ਹਨ ਇਨ੍ਹਾਂ ਮਾਇਆ ਦੇ ਲੋਭੀਆਂ ਨੇ ਕ੍ਰੋਧ ਧਾਰਨ ਕੀਤਾ ਹੈ। ਅੰਦਰੋਂ ਅੰਨ੍ਹੇ ਤੇ ਗਿਆਨ ਵਿਹੂਣੇ ਹਨ, ਸ਼ਾਂਤੀ, ਸਤ ਤੇ ਸੰਤੋਖ ਤੋਂ ਰਹਿਤ ਹਨ॥੨॥

ਤਾਪ ਈਰਖਾ ਅਧਿਕ ਤਪਾਏ। ਪ੍ਰਭੁ ਨਾਮ ਬਿਨ ਕਸੌਂ ਸੁਖ ਪਾਏ।
ਸਿੱਖਜਨਿ ਸ਼੍ਰੇਯ ਹੇਤੁ ਹਮ ਹੋਏ। ਸਹਿ ਨ ਸਕਹਿਂ ਮੂਰਖ ਮਤਿ ਜੋਏ॥ ੩॥

ਈਰਖਾ ਦੇ ਤਾਪ ਨੇ ਇਨ੍ਹਾਂ ਨੂੰ ਬਹੁਤ ਸਾੜਿਆ ਹੈ, ਪ੍ਰਭੂ ਦੇ ਨਾਮ ਤੋਂ ਬਗੈਰ ਇਹ ਕਿਵੇਂ ਸੁਖ ਪਾਉਣਗੇ। ਸਿੱਖਾਂ ਦਾ ਕਲਿਆਣ ਕਰਨ ਵਾਸਤੇ ਅਸੀਂ ਗੁਰੂ ਬਣੇ ਹਾਂ, ਜਿਹੜੇ ਮੂਰਖ ਮੱਤ ਵਾਲੇ ਹਨ, ਉਹ ਬਰਦਾਸ਼ਤ ਨਹੀਂ ਕਰ ਰਹੇ ਹਨ॥੩॥

ਜਾਨਿ ਭੱਵਿਖਯਤ ਕੋ ਬਿਰਤਾਂਤ। ਬੈਠੇ ਮੋਨ ਧਰੇ ਉਰ ਸ਼ਾਂਤਿ।
ਪਿਖਿ ਜਸੂਸ ਨੇ ਏਕਲ ਲਹੇ। ਕੋ ਇਕ ਦਾਸ ਪਾਸ ਜਿਨ ਅਹੇ॥ ੪॥

ਭਵਿੱਖਤ ਦਾ ਬਿਰਤਾਂਤ ਜਾਣ ਕੇ, ਹਿਰਦੇ ਵਿਚ ਸ਼ਾਂਤ ਹੋ ਕੇ ਮੋਨ ਧਾਰ ਕੇ ਬੈਠੇ ਰਹੇ। ਜਸੂਸ ਨੇ ਜਦ ਵੇਖਿਆ ਕਿ ਇਕੱਲੇ ਬੈਠੇ ਹਨ, ਕੇਵਲ ਇਕ ਸੇਵਕ ਜਿਨ੍ਹਾਂ ਦੇ ਪਾਸ ਸੀ॥੪॥

ਗਯੋ ਉਤਾਇਲ ਕਰਤਿ ਬਿਲੰਦ। ਧੀਰਮੱਲ ਅਰੁ ਜਹਾਂ ਮਸੰਦ।
ਸੁਧਿ ਦੀਨਸਿ 'ਏਕਾਕੀ ਅਹੇਂ। ਆਨਿ ਵਹਿਰ ਤੇ ਅਬਿ ਹੀ ਬਹੇ' ॥੫॥

ਉਹ ਬੜੀ ਤੇਜ਼ੀ ਨਾਲ ਉਥੇ ਪਹੁੰਚਿਆ, ਜਿੱਥੇ ਧੀਰਮੱਲ ਤੇ ਮਸੰਦ ਬੈਠਾ ਸੀ। ਉਸ ਨੇ ਜਾ ਕੇ ਖਬਰ ਦਿੱਤੀ "ਇਕੱਲੇ ਬੈਠੇ ਹਨ, ਬਾਹਰ ਤੋਂ ਆ ਕੇ ਹੁਣੇ ਹੀ ਬੈਠੇ ਹਨ"॥੫॥

ਤਬਿ ਮਸੰਦ ਲੈ ਕਰਿ ਭਟ ਬ੍ਰਿੰਦ। ਚਲਤਯੋ ਭਏ ਕੁਸੌਨ ਬਿਲੰਦ।
ਛੀਂਕ ਦਾਹਿਨੇ ਦਿਸ਼ਿ ਮਹਿਂ ਹੋਈ। ਸਨਮੁਖ ਪੌਨ ਧੂਰ ਮੁਖ ਗੋਈ॥ ੬॥

ਫਿਰ ਮਸੰਦ ਬਹੁਤ ਸੂਰਮੇ ਨਾਲ ਲੈ ਕੇ ਗਿਆ ਤੇ ਚਲਦੇ ਸਮੇਂ ਬਹੁਤ ਮਾੜੇ ਕੁਸ਼ਗਨ ਹੋਏ। ਸੱਜੇ ਪਾਸੇ ਕਿਸੇ ਨੇ ਛਿਕ ਮਾਰੀ ਸਾਹਮਣੀ ਹਵਾ ਸੀ, ਧੂੜ ਉੱਡ ਕੇ ਮੁਖ ਤੇ ਪਈ॥੬॥

ਬਾਮ ਬਿਲੋਚਨ ਫਰਕਨਿ ਲਾਗਾ। ਘਟ ਫੂਟਯੋ ਇਕ ਆਵਤਿ ਆਗਾ।
ਧੀਰਮਲ ਤਬਿ ਕੀਨਿ ਹਟਾਵਨਿ। 'ਠਹਿਰ,ਘਟੀ ਇਕ ਮੈਂ ਕਰਿ ਜਾਵਨਿ॥੭॥

ਖੱਬੀ ਅੱਖ ਫੜਕਨ ਲੱਗੀ, ਅੱਗੇ ਆਉਂਦਾ ਇਕ ਘੜਾ ਭੱਜ ਗਿਆ। ਧੀਰਮੱਲ ਨੇ ਤਦ ਉਨ੍ਹਾਂ ਨੂੰ ਰੋਕਿਆ, "ਇਕ ਘੜੀ ਠਹਿਰ ਜਾਵੋ, ਫਿਰ ਚਲੇ ਜਾਣਾ॥੭॥

ਨੀਕੀ ਬਾਤ ਨਹੀਂ ਕੁਛ ਹੋਈ। ਬਨਹਿ ਬਿਪਰਜੈ ਕਹੈ ਨ ਕੋਈ।
ਦ੍ਰਿਢ ਨਹਿਂ, ਢਹਯੋ ਜਾਇ ਮਨ ਮੇਰਾ। ਹਤਿ ਹੋਵਤਿ ਉਤਸ਼ਾਹ ਬਡੇਰਾ॥੮॥

ਕੋਈ ਚੰਗੀ ਗੱਲ ਨਹੀਂ ਹੋਈ ਹੈ, ਕੋਈ ਉਲਟੀ ਗੱਲ ਜੇ ਹੋ ਗਈ ਤਾਂ ਮੁੜ ਕੇ ਕੋਈ ਇਹ ਨਾ ਕਹੇ ਕਿ ਉਸ ਸਮੇਂ ਤੁਸੀਂ ਰੋਕਿਆ ਨਹੀਂ ਹੈ। ਮੇਰਾ ਮਨ ਦ੍ਰਿੜ੍ਹ ਨਹੀਂ, ਢਹਿੰਦਾ ਜਾਂਦਾ ਹੈ, ਵੱਡਾ ਉਤਸ਼ਾਹ ਖਤਮ ਹੋ ਗਿਆ ਹੈ॥੮॥

ਰਿਦੇ ਸਮਝਿ ਕਰਿ ਕਾਰਜ ਕਰਨੋ। ਤਿਹ ਐਸ਼੍ਵਰਜ ਨ ਹੋਵਤਿ ਹਰਨੋ'।
ਧੀਰਮੱਲ ਕਹਿ 'ਧੀਰ ਧਰੀਜੈ। ਕੌਨ ਸਹਾਇਕ ਤਿਹ ਪਰਖੀਜੈ' ॥ ੯॥

ਹਿਰਦੇ ਵਿਚ ਇਹ ਸਮਝ ਕੇ ਕਿ ਕਾਰਜ ਕਰਨਾ ਚਾਹੀਦਾ ਹੈ ਫਿਰ ਉਨ੍ਹਾਂ ਦਾ ਧਨ ਦੌਲਤ ਲੁਟਿਆ ਨਾ ਜਾ ਸਕੇਗਾ। ਧੀਰਮੱਲ ਨੇ ਕਿਹਾ, "ਧੀਰਜ ਧਾਰੋ ਤੇ ਪਹਿਲਾਂ ਪਰਖ ਲਵੋ, ਕੌਣ ਕੌਣ ਉਸ ਦਾ ਸਹਾਇਕ ਹੈ" ॥੯॥

ਸੁਨਿ ਮਸੰਦ ਨਹਿਂ ਮਾਨੀ ਬਾਤ। ਕਹਨਿ ਲਗਯੋ 'ਤੁਮ ਕਯੋਂ ਡਰਪਾਤਿ।
ਮੱਖਣ ਸਿੱਖ ਦੂਰ ਹੈ ਡੇਰਾ। ਕਿਸ ਨਹਿਂ ਬੋਲਨਿ ਦੇਊਂ ਊਚੇਰਾ॥ ੧੦॥

ਇਹ ਸੁਣ ਕੇ ਮਸੰਦ ਨੇ ਗੱਲ ਨਾ ਮੰਨੀ ਤੇ ਕਹਿਣ ਲੱਗਾ, "ਤੁਸੀਂ ਕਿਉਂ ਡਰਦੇ ਹੋ ? ਉਨ੍ਹਾਂ ਦੇ ਸਿੱਖ ਮੱਖਣ ਸ਼ਾਹ ਦਾ ਡੇਰਾ ਬਹੁਤ ਦੂਰ ਹੈ, ਕਿਸੇ ਨੂੰ ਉੱਚਾ ਬੋਲਣ ਨਹੀਂ ਦੇਵਾਂਗਾ॥੧੦॥

ਅਪਰ ਨ ਤਹਾਂ ਸਹਾਇਕ ਕੋਈ। ਕਿਹ ਸੋਂ ਮਿਲਹਿ ਨ ਬੋਲਹਿ ਸੋਈ।
ਨਿੱਤ ਰਹਤਿ ਉਨਮੱਤ ਮਹਾਨਾ। ਨਹਿਂ ਸਨੇਹ ਕਿਸ ਹੂੰ ਸੋਂ ਠਾਨਾ॥ ੧੧॥

ਹੋਰ ਉਥੇ ਕੋਈ ਸਹਾਇਕ ਨਹੀਂ ਹੈ, ਉਹ ਕਿਸੇ ਨੂੰ ਨਹੀਂ ਮਿਲਦੇ ਅਤੇ ਨਾ ਕਿਸੇ ਨਾਲ ਬੋਲਦੇ ਹਨ। ਸਦਾ ਹੀ ਮਹਾਨ ਮਤਵਾਲੇ ਰਹਿੰਦੇ ਹਨ, ਕਿਸੇ ਨਾਲ ਵੀ ਪ੍ਰੇਮ ਨਹੀਂ ਕਰਦੇ ਹਨ॥੧੧॥

ਤੁਮ ਨਿਚਿੰਤ ਬੈਠੇ ਰਹੁ ਡੇਰੇ। ਸਕਲ ਭਾਰ ਇਹ ਹੈ ਸਿਰ ਮੇਰੇ।
ਕਾਰਜ ਸੁਧਰੈ ਤੌ ਹੁਇ ਤੇਰਾ। ਬਿਗਰੈ ਹਮ ਮਰਿ ਹੈਂ ਤਿਸ ਬੇਰਾ" ॥ ੧੨॥

ਤੁਸੀਂ ਚਿੰਤਾ ਰਹਿਤ ਹੋ ਕੇ ਆਪਣੇ ਡੇਰੇ ਵਿਚ ਬੈਠੇ ਰਹੋ, ਇਹ ਸਾਰਾ ਭਾਰ ਮੇਰੇ ਸਿਰ 'ਤੇ ਹੈ। ਕਾਰਜ ਸੁਧਰੇ ਤਾਂ ਉਹ ਤੇਰਾ ਕੰਮ ਹੋਵੇਗਾ, ਜੇ ਵਿਗੜੇਗਾ ਤਾਂ ਉਸ ਸਮੇਂ ਅਸੀਂ ਮਰ ਜਾਵਾਂਗੇ" ॥੧੨॥

ਇਮ ਕਹਿ ਸਨਧਬੱਧ ਭਟ ਹੇਰਿ। ਅਪਨਿ ਸਾਥ ਹਿਤ ਲੀਨਸਿ ਟੇਰ।
ਸੈ ਤੁਫੰਗ ਲਛ ਹਤਨੇ ਹਾਰ। ਤਿਹ ਸੋਂ ਭਨਯੋ ਸਮੀਪ ਹਕਾਰਿ॥ ੧੩॥

ਇਸ ਤਰ੍ਹਾਂ ਕਹਿ ਕੇ ਹਥਿਆਰਬੱਧ ਸੂਰਮੇ ਵੇਖ ਕੇ, ਉਨ੍ਹਾਂ ਨੂੰ ਆਪਣੇ ਨਾਲ ਲੈ ਲਿਆ। ਸੌ ਸੂਰਮੇ ਬੰਦੂਕ ਦਾ ਨਿਸ਼ਾਨਾ ਲਾਉਣ ਵਾਲੇ ਸਨ, ਉਨ੍ਹਾਂ ਨੂੰ ਪਾਸ ਬੁਲਾ ਕੇ ਕਿਹਾ॥੧੩॥

'ਜਬਹਿ ਨਿਕਟਿ ਹੁਇ ਤਿਨ ਕੇ ਜਾਇ। ਹਤਹੁ ਤਾਕ ਕਰਿ ਤੁਪਕ ਬਨਾਇ।
ਹੁਇ ਜੁ ਪਿਛਾਰੀ, ਸਭਿ ਸਹਿ ਲੇਹਿਂ। ਏਕ ਬਾਰ ਤਿਹ ਕੋ ਹਿਤ ਦੇਹਿਂ' ॥੧੪॥

"ਜਦ ਉਨ੍ਹਾਂ ਦੇ ਨੇੜੇ ਜਾਵੋ, ਬੰਦੂਕ ਚੰਗੀ ਤਰ੍ਹਾਂ ਨਿਸ਼ਾਨਾ ਬੰਨ੍ਹ ਕੇ ਉਨ੍ਹਾਂ ਨੂੰ ਮਾਰ ਦੇਵੋ। ਜੋ ਬਾਅਦ ਵਿਚ ਹੋਵੇਗਾ ਅਸੀਂ ਸਭ ਸਹਿ ਲਵਾਂਗੇ, ਇਕ ਵਾਰ ਉਸ ਨੂੰ ਮਾਰ ਦੇਵੋ" ॥੧੪॥

ਸੰਗ ਪਚੀਸਕ ਭਟ ਲੇ ਚਲਯੋ। ਕੇਤਿਕ ਦਾਸਨਿ ਕੋ ਗਨ ਮਿਲਯੋ।
ਤੂਸ਼ਨਿ ਠਾਨੇ ਗਮਨ ਕਰੰਤੇ। ਚਲਤੇ ਤੂਰਨ ਕਦਮ ਉਠੰਤੇ॥ ੧੫॥

ਪੰਝੀ ਦੇ ਕਰੀਬ ਸੂਰਮੇ ਨਾਲ ਲੈ ਕੇ ਚਲ ਪਿਆ ਤੇ ਹੋਰ ਕਈ ਦਾਸਾਂ ਦਾ ਸਮੂਹ ਨਾਲ ਮਿਲ ਗਿਆ। ਚੁੱਪ ਧਾਰੀ ਚਲਦੇ ਗਏ, ਚਲਦੇ ਸਮੇਂ ਬੜੇ ਤੇਜ਼ ਤੇਜ਼ ਕਦਮ ਪੁੱਟਦੇ ਸਨ॥੧੫॥

ਸਤਿਗੁਰ ਕੇ ਘਰ ਪਹੁੰਚੇ ਜਾਇ। ਏਕਹਿ ਬਾਰਿ ਪਰੇ ਅਰਰਾਇ।
ਕੇਤਿਕ ਹੁਤੇ ਜੁ ਮਾਨਵ ਪਾਸ। 'ਕਯਾ ਹੈ ਕਯਾ ਹੈ' ਕਹਹਿਂ ਅਵਾਸ॥ ੧੬॥

ਸਤਿਗੁਰੂ ਜੀ ਦੇ ਘਰ ਪਹੁੰਚ ਗਏ, ਇਕੋ ਵਾਰ ਹਮਲਾ ਕਰਕੇ ਪੈ ਗਏ। ਜਿਹੜੇ ਕਈ ਮਨੁੱਖ ਗੁਰੂ ਜੀ ਪਾਸ ਮੌਜੂਦ ਸਨ, ਉਹ ਘਰ ਅੰਦਰ ਕਹਿਣ ਲੱਗੇ, "ਕੀ ਗੱਲ ਹੈ, ਕੀ ਗੱਲ ਹੈ" ॥੧੬॥

ਮਾਰਿ ਮਾਰਿ ਕਰਿ ਆਨਿ ਪਰੇ ਹੈਂ। ਔਚਕ ਪੌਰ ਮਝਾਰ ਬਰੇ ਹੈਂ।
ਹਥੋਹਥੀ ਗਹਿ ਲੀਨਸਿ ਕੇਈ। ਰੌਰ ਮਚਜੋ ਦੋਨਹੁੰ ਦਿਸ਼ਿ ਤੇਈ॥ ੧੭॥

ਮਾਰ ਮਾਰ ਕਰਦੇ ਆ ਪਏ ਹਨ, ਅਚਾਨਕ ਦਰਵਾਜ਼ੇ ਦੇ ਅੰਦਰ ਆ ਵੜੇ ਹਨ। ਕਈ ਗੁਰੂ ਜੀ ਦੇ ਸੇਵਕ ਹੱਥੋ-ਹੱਥੀ ਫੜ ਲਏ, ਦੋਵੀਂ ਪਾਸੀਂ ਬਹੁਤ ਰੌਲਾ ਮੱਚ ਗਿਆ॥੧੭॥

ਸਮੁਖ ਭਏ ਕੇਤਿਕ ਤਬਿ ਹੇਰੇ। 'ਹਤਹੁ ਬੰਦੂਕ' ਮਸੰਦ ਸੁ ਟੇਰੇ।
ਤਤਛਿਨ ਤਿਸ ਨੇ ਤਾਕ ਚਲਾਈ। ਸਤਗੁਰ ਕੇ ਸਿਰ ਕਹੁ ਚਲਿ ਆਈ॥੧੮॥

ਕਈ ਫਿਰ ਗੁਰੂ ਜੀ ਦੇ ਸਾਹਮਣੇ ਵੇਖੇ, "ਬੰਦੂਕ ਚਲਾਓ" ਮਸੰਦ ਨੇ ਪ੍ਰੇਰਿਆ। ਤੁਰਤ ਉਸ ਨੇ ਨਿਸ਼ਾਨਾ ਬੰਨ੍ਹ ਕੇ ਬੰਦੂਕ ਚਲਾਈ, ਉਹ ਗੁਰੂ ਜੀ ਦੇ ਸਿਰ ਵਲ ਚਲ ਕੇ ਆਈ॥੧੮॥

ਕਰ ਹੁੰਕਾਰ ਦੀਨਿ ਸੋ ਟਾਰੀ। ਮਸਤਕ ਚਾਟਤਿ ਗਿਰੀ ਅਗਾਰੀ।
ਕੁਛਕ ਚਰਮ ਗੁਲਕਾ ਨੇ ਫਾਰਾ। ਰੁਧਿਰ ਅਲਪ ਸਰਵਜੋ ਤਿਸ ਬਾਰਾ॥੧੯॥

ਗੁਰੂ ਜੀ ਨੇ ਹੁੰਗਾਰਾ ਮਾਰ ਕੇ ਗੋਲੀ ਨੂੰ ਟਾਲ ਦਿੱਤਾ, ਮੱਥੇ ਨੂੰ ਛੂੰਹਦੀ ਹੋਈ ਸਾਹਮਣੇ ਡਿੱਗ ਪਈ। ਕੁਝ ਕੁ ਮਾਸ ਗੋਲੀ ਨੇ ਚੀਰਿਆ, ਉਸ ਸਮੇਂ ਥੋੜਾ ਜਿਹਾ ਖੂਨ ਨਿਕਲਿਆ॥੧੯॥

ਦੇਖਿ ਦਾਸ ਭੈ ਮਾਨਿ ਘਨੇਰੇ। ਹਾਹਾਕਾਰ ਕੀਨਿ ਬਹੁਤੇਰੇ।
ਕਿਤਿਕ ਤਰਜਿ ਕਰਿ ਦੂਰ ਹਟਾਏ। ਕੇਤਿਕ ਗਹਿ ਕਰਿ ਦਾਸ ਬਿਠਾਏ॥੨੦॥

ਸੇਵਕਾਂ ਨੇ ਵੇਖ ਕੇ ਬੜਾ ਡਰ ਮੰਨਿਆ ਤੇ ਬਹੁਤ ਹਾਹਾਕਾਰ ਮਚਾਈ। ਕਈ ਤਾੜਨਾ ਕਰਕੇ ਦੂਰ ਹਟਾਏ। ਕਈ ਦਾਸਾਂ ਨੂੰ ਫੜ ਕੇ ਬਿਠਾ ਦਿੱਤਾ॥੨੦॥

ਸਭਿ ਦੀਨਾਰ ਜੁ ਧਰੀ ਅਗਾਰੀ। ਲਈ ਉਠਾਇ ਵਸਤੁ ਗਨ ਸਾਰੀ।
ਕੇਤਿਕ ਕੋ ਕਰਤਲ ਤੇ ਮਾਰਾ। ਖੜਗ ਮੁਸ਼ਟ ਤੇ ਕੋਇ ਪ੍ਰਹਾਰਾ॥ ੨੧॥

ਸਾਰੀਆਂ ਅਸ਼ਰਫੀਆਂ ਜਿਹੜੀਆਂ ਮੱਖਣ ਸ਼ਾਹ ਨੇ ਗੁਰੂ ਜੀ ਦੇ ਅੱਗੇ ਧਰੀਆਂ ਸਨ, ਉਨ੍ਹਾਂ ਸਮੇਤ ਬਹੁਤ ਵਸਤਾਂ ਚੁੱਕ ਲਈਆਂ। ਕਈਆਂ ਨੂੰ ਚਪੇੜਾਂ ਮਾਰ ਮਾਰ ਮਾਰਿਆ, ਕਈਆਂ ਉਤੇ ਤਲਵਾਰ ਦੀ ਮੁੱਠੀ ਨਾਲ ਵਾਰ ਕੀਤੇ॥੨੧॥

ਜੋ ਮੁਖ ਬੋਲਹਿ ਮਾਰਹਿਂ ਤਾਂਹੀ। ਕਰਤਿ ਆਪਨੋ ਬਲ ਗਰਬਾਹੀਂ।
ਵਸਤੁ ਸਦਨ ਕੀ ਪੂਰਬ ਜੇਈ। ਕਰਿ ਬਲ ਛੀਨ ਲੀਨਿ ਸਭਿ ਤੇਈ॥ ੨੨॥

ਜਿਹੜਾ ਵੀ ਮੁੱਖ ਤੋਂ ਬੋਲਦਾ ਸੀ, ਉਸ ਨੂੰ ਮਾਰਦੇ ਸਨ, ਆਪਣੇ ਬਲ ਤੇ ਬੜਾ ਹੰਕਾਰ ਕਰਦੇ ਸਨ। ਘਰ ਵਿਚ ਜਿਹੜੀਆਂ ਪਹਿਲੀਆਂ ਵੀ ਵਸਤਾਂ ਸਨ, ਬਲ ਕਰਕੇ ਸਾਰੀਆਂ ਖੋਹ ਲਈਆਂ॥੨੨॥

ਬਸਤ੍ਰ ਉਪਾਇਨ ਕੋ ਜੇ ਆਏ। ਬੰਧੇ ਭਾਰ ਤੁਰਤ ਉਠਵਾਏ।
ਸੰਖ ਚਮਰ ਸਭਿ ਹਰੇ ਤਿਨਹੁੰ ਨੇ। ਪਾਪ ਕਰਮ ਕੋ ਕਰਜੋ ਜਿਨਹੁੰ ਨੇ ॥੨੩॥

ਜਿਹੜੇ ਉਪਹਾਰ ਦੇ ਵਸਤਰ ਆਦਿ ਆਏ ਸਨ, ਉਹ ਪੰਡ ਬੰਨ੍ਹ ਕੇ ਤੁਰਤ ਚੁੱਕ ਲਏ। ਸੰਖ, ਚੌਰ ਸਭ ਉਨ੍ਹਾਂ ਨੇ ਖੋਹ ਲਏ ਜਿਨ੍ਹਾਂ ਨੇ ਪਾਪ ਦਾ ਵੱਡਾ ਕਰਮ ਕੀਤਾ ਸੀ॥੨੩॥

ਤਬਿ ਦੁਰਾਮਤਾ ਕਹਤਿ ਮਸੰਦ। 'ਗੁਰਤਾ ਕੋ ਡਸਾਇ ਮਸਨੰਦ।
ਬੈਠਿ ਗਯੋ ਤੁਝ ਕਿਨੈ ਬਿਠਾਯੋ? ਧੀਰਮੱਲ ਤੇ ਨਹਿਂ ਡਰਪਾਯੋ?॥ ੨੪॥

ਤਦ ਦੁਸ਼ਟ ਮੱਤ ਵਾਲਾ ਮਸੰਦ ਬੋਲਿਆ, "ਗੁਰਤਾ ਦਾ ਸਰਹਾਣਾ ਡਾਹਿਆ ਸੀ, ਬੈਠ ਗਿਆ ਸੀ, ਤੈਨੂੰ ਕਿਸ ਬਿਠਾਇਆ ਸੀ ? ਧੀਰਮੱਲ ਤੋਂ ਨਹੀਂ ਡਰਿਆ ਹੈਂ॥੨੪॥

**ਬ੍ਰਿੰਦ ਮਸੰਦ ਨ ਤੁਝ ਢਿਗ ਆਏ। ਜਿਸ ਤੇ ਗੁਰਤਾ ਲੇਤਿ ਜਮਾਏ।**
**ਬੋਲਨਿ ਮਿਲਿਨੇ ਕੀ ਸੁਧਿ ਨਾਂਹੀ। ਬਨਨਿ ਗੁਰੂ ਕਿਮ ਚਹਿ ਚਿਤ ਮਾਂਹੀ ? ॥੨੫॥**

ਕੋਈ ਵੀ ਮਸੰਦ ਸਮੂਹ ਤੇਰੇ ਪਾਸ ਨਹੀਂ ਆਇਆ ਹੈ, ਜਿਨ੍ਹਾਂ ਪਾਸੋਂ ਗੁਰਤਾ ਨੂੰ ਪੱਕਿਆਂ ਕਰਵਾ ਲੈਂਦਾ। ਬੋਲਣ ਮਿਲਣ ਦੀ ਤੈਨੂੰ ਸੋਝੀ ਨਹੀਂ, ਗੁਰੂ ਬਣਨ ਦੀ ਕਿਵੇਂ ਚਿੱਤ ਵਿਚ ਚਾਹਤ ਪੈਦਾ ਹੋਈ ਹੈ॥੨੫॥

**ਲੋਭ ਦਰਬ ਕੋ ਧਾਰਿ ਘਨੇਰਾ। ਮੱਖਣ ਮਿਲਜੋ ਧਨਾਢ ਬਡੇਰਾ।**
**ਨਿਜ ਘਰ ਮਹਿਂ ਬਿਤ ਮੰਤ੍ਰ ਪਕਾਵਾ। ਗੁਰੂ ਗੁਰੂ ਕਰਿ ਰੌਰ ਮਚਾਵਾ॥ ੨੬॥**

ਧਨ ਦੇ ਲੋਭ ਨੂੰ ਧਾਰਨ ਕਰਕੇ, ਮੱਖਣ ਸ਼ਾਹ ਤੈਨੂੰ ਵਡਾ ਧਨਾਢ ਮਿਲ ਗਿਆ। ਆਪਣੇ ਘਰ ਬੈਠ ਕੇ ਸਲਾਹ ਪਕਾ ਲਈ ਤੇ ਗੁਰੂ-ਗੁਰੂ ਕਰਕੇ ਰੌਲਾ ਮਚਾ ਦਿੱਤਾ॥ ੨੬॥

**ਗੁਰੁ ਹਿਤ ਹੁਤੀ ਉਪਾਇਨ ਜੋਇ। ਕਪਟ ਧਾਰਿ ਕਰਿ ਲੀਨੀ ਸੋਇ।**
**ਤੁਮ ਸਮੀਪ ਸੋ ਕਿਮ ਰਹਿ ਸਕਿ ਹੈ। ਜਿਮ ਮ੍ਰਿਗਲੇ ਜਿਹ ਕੇਹਰਿ ਤਕਿ ਹੈ॥ ੨੭॥**

ਗੁਰੂ ਵਾਸਤੇ ਜਿਹੜੇ ਉਪਹਾਰ ਸਨ, ਕਪਟ ਧਾਰ ਕੇ ਉਨ੍ਹਾਂ ਨੂੰ ਲੈ ਲਿਆ। ਤੇਰੇ ਪਾਸ ਉਹ ਉਪਹਾਰ ਕਿਵੇਂ ਰਹਿ ਸਕਦੇ ਹਨ, ਜਿਵੇਂ ਸ਼ੇਰ ਦੇ ਵੇਖਦਿਆਂ ਹਿਰਨ ਕੋਈ ਵਸਤੂ ਲੈ ਜਾਵੇ॥੨੭॥

**ਮਹਾਂ ਗਰੀਬ ਦੀਨਤਾ ਸਾਥ। ਕਿਮ ਸੋ ਬਨੈ ਸਿਖਨਿ ਕੋ ਨਾਥ।**
**ਤੁਝ ਤੇ ਛੀਨਹਿਂ ਹੈ ਜਬਿ ਐਸੇ। ਪੁਨਹਿਂ ਤ੍ਰਸਤ ਲੇ ਕੋਇ ਨ ਕੈਸੇ॥ ੨੮॥**

ਮਹਾਂ ਗਰੀਬ ਅਤੇ ਦੀਨਤਾ ਦੇ ਨਾਲ, ਕਿਵੇਂ ਸਿੱਖਾਂ ਦੇ ਨਾਥ ਬਣੇ ਹੋ। ਤੇਰੇ ਪਾਸੋਂ ਜਿਵੇਂ ਹੁਣ ਖੋਹੇ ਹਨ, ਫਿਰ ਡਰ ਮੰਨ ਕੇ ਕਿਸੇ ਪਾਸੋਂ ਕੁਝ ਨਾ ਲਵੇਂ॥੨੮॥

**ਗੁਰਤਾ ਧੀਰਮੱਲਜ ਕੀ ਹੋਇ। ਕਥੰ ਪੁਜਾਵਹਿ ਆਨ ਜਿ ਕੋਇ।**
**ਕ੍ਰਿਤ ਅਨਜਾਨ ਪਨੇ ਕਿਯ ਏਤੀ। ਯਾਂਤੇ ਭਈ ਸਾਸਨਾ ਤੇਤੀ॥ ੨੯॥**

ਗੁਰਤਾ ਧੀਰਮੱਲ ਦੀ ਹੋਵੇਗੀ, ਹੋਰ ਕੋਈ ਕਿਵੇਂ ਆ ਕੇ ਪੂਜਾ ਕਰਵਾ ਲਵੇਗਾ। ਇਹ ਤੂੰ ਏਨਾ ਕੰਮ ਅਣਜਾਣਪੁਣੇ ਵਿਚ ਕੀਤਾ ਹੈ, ਇਸ ਕਰਕੇ ਓਨੀਂ ਤੈਨੂੰ ਸਜ਼ਾ ਦਿੱਤੀ ਗਈ ਹੈ॥੨੯॥

**ਬਹੁਰ ਕਰਹੁ ਜੇ ਟਰਹੁ ਨ ਟਾਰੇ। ਹਾਨ ਪ੍ਰਾਨ ਹੁਇ ਜਾਇਂ ਤੁਮਾਰੇ।**
**ਅਬਿ ਕੇ ਜੀਵਤਿ ਜਗ ਮਹਿਂ ਰਹਜੋ। ਹਿਤ ਕੋ ਬਾਕ ਲਖਹੁ, ਮੈਂ ਕਹਜੋ ॥੩੦॥**

ਫਿਰ ਕਰੋਗੇ ਜੇ ਟਾਲਣ ਨਾਲ ਨਹੀਂ ਹਟੋਗੇ ਤਾਂ ਤੇਰੇ ਪ੍ਰਾਣ ਕੱਢ ਲਵਾਂਗੇ। ਹੁਣ ਤੂੰ ਜਗ ਵਿਚ ਜੀਉਂਦਾ ਰਿਹਾ ਹੈਂ, ਮੇਰੇ ਹਿੱਤ ਵਾਲੇ ਬੋਲ ਸਮਝੋ ਜੋ ਮੈਂ ਕਹੇ ਹਨ" ॥੩੦॥

**ਸ਼੍ਰੀ ਗੁਰ ਤੇਗ ਬਹਾਦਰ ਮਾਤਾ। ਨਾਮ ਨਾਨਕੀ ਜਗ ਬੱਖਜਾਤਾ।**
**ਸੁਨਿ ਮਸੰਦ ਤੇ ਕ੍ਰੋਧ ਬਧਾਵਾ। ਤਰਜਤਿ ਅਧਿਕ ਕਹਤਿ ਗੁਰ ਦਾਵਾ॥ ੩੧॥**

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਾਤਾ ਨੇ, ਜਿਨ੍ਹਾਂ ਦਾ ਨਾਮ ਨਾਨਕੀ ਜਗਤ ਵਿਚ ਪ੍ਰਸਿੱਧ ਹੈ, ਮਸੰਦ ਪਾਸੋਂ ਇਹ ਸੁਣ ਕੇ ਬੜਾ ਕ੍ਰੋਧ ਵਧਾਇਆ ਤੇ ਬਹੁਤ ਤਾੜਨਾ ਕਰਕੇ ਗੁਰੂ ਦਾਹਵੇ ਬਾਰੇ ਕਿਹਾ॥੩੧॥

ਮਮ ਸੁਤ ਕੋ ਗੁਰੁ ਪਿਤਾ ਪਿਤਾਮੈ। ਲੇਤਿ ਉਪਾਇਨ ਚਹੁੰਦਿਸ਼ਿ ਧਾਮੈ।
ਕੌਨ ਹੋਇ ਤੁਮ ਹਮਹਿਂ ਹਟਾਵੋ। ਬਿਨਾ ਕਾਜ ਨਿਜ ਬੈਰ ਲਗਾਵੋ॥ ੩੨॥

ਮੇਰੇ ਪੁੱਤਰ ਦੇ ਪਿਤਾ, ਪਿਤਾਮੇ ਗੁਰੂ ਸਨ, ਚਾਰੇ ਪਾਸਿਆਂ ਤੋਂ ਉਪਹਾਰ ਲੈਂਦੇ ਸਨ। ਤੁਸੀਂ ਸਾਨੂੰ ਹਟਾਉਣ ਵਾਲੇ ਕੌਣ ਹੁੰਦੇ ਹੋ? ਕਿਸੇ ਮਤਲਬ ਤੋਂ ਬਗੈਰ ਸਾਡੇ ਨਾਲ ਵੈਰ ਕਰਦੇ ਹੋ॥੩੨॥

ਨਿਜ ਨਿਜ ਘਰ ਕੇ ਸਕਲ ਬਿਸ਼ੇਸ਼। ਕੌਨ ਹਟਾਵਹਿਗੌ ਕਰਿ ਦ੍ਵੈਸ਼।
ਧੀਰਮੱਲ ਕੇ ਧਾਮ ਨ ਗਏ। ਤਿਸ ਕੇ ਗ੍ਰਾਮ ਪ੍ਰਵੇਸ਼ ਨ ਭਏ॥ ੩੩॥

ਆਪਣੇ-ਆਪਣੇ ਘਰ ਸਾਰੇ ਵਿਸ਼ੇਸ਼ ਹਨ, ਕਿਸ ਕਿਸ ਨੂੰ ਈਰਖਾ ਕਰਕੇ ਹਟਾਵੋਗੇ। ਅਸੀਂ ਧੀਰਮੱਲ ਦੇ ਘਰ ਨਹੀਂ ਗਏ ਹਾਂ, ਉਸ ਦੇ ਪਿੰਡ ਵਿਚ ਜਾ ਕੇ ਪ੍ਰਵੇਸ਼ ਨਹੀਂ ਕੀਤਾ ਹੈ॥੩੩॥

ਸੋ ਕਰਤਾਰ ਪੁਰੇ ਤੇ ਆਯੋ। ਬੀਚ ਬਕਾਲੇ ਦੰਭ ਕਮਾਯੋ।
ਜੇ ਗੁਰਤਾ ਤਿਸ ਕੇ ਢਿਗ ਆਈ। ਕਯੋਂ ਨਿਜ ਗ੍ਰਾਮ ਨ ਬਿਖੈ ਪੁਜਾਈ॥ ੩੪॥

ਉਹ ਕਰਤਾਰਪੁਰ ਤੋਂ ਆਇਆ ਹੈ ਤੇ ਬਕਾਲੇ ਪਿੰਡ ਆ ਕੇ ਉਸ ਪਖੰਡ ਰਚਿਆ ਹੈ। ਜੇ ਗੁਰਤਾ ਉਸ ਦੇ ਪਾਸ ਆਈ ਹੈ ਤਾਂ ਆਪਣੇ ਨਗਰ ਵਿਚ ਬੈਠ ਕੇ ਪੂਜਾ ਕਿਉਂ ਨਹੀਂ ਕਰਵਾਉਂਦਾ ਹੈ॥੩੪॥

ਲੋਭ ਅਗਨਿ ਤੇ ਤੁਝਹਿ ਜਰਾਵਾ। ਧੀਰਮੱਲ ਘਰ ਲਾਗਿਸਿ ਦਾਵਾ।
ਜਹਿਂ ਕਹਿਂ ਫਿਰਹੁ ਹੇਤੁ ਧਨ ਚਾਹਨਿ। ਨਿਜ ਗੰਭੀਰਤਾ ਕੋ ਕਰਿ ਦਾਹਨਿ॥੩੫॥

ਲੋਭ ਦੀ ਅੱਗ ਨਾਲ ਤੈਨੂੰ ਸਾੜਿਆ ਹੈ, ਧੀਰਮੱਲ ਦੇ ਘਰ ਦਾਵਾਨਲ ਅੱਗ ਲਗੇਗੀ। ਜਿਥੇ ਕਿਥੇ ਧਨ ਲੈਣ ਵਾਸਤੇ ਫਿਰਦਾ ਹੈ। ਆਪਣੀ ਗੰਭੀਰਤਾ ਨੂੰ ਸਾੜ ਲਿਆ ਹੈ॥੩੫॥

ਹਮ ਬੈਠੇ ਨਿਜ ਸਦਨ ਮਝਾਰਾ। ਤੂਸ਼ਨਿ ਧਾਰੇ ਕਰਿਹਂ ਗੁਜ਼ਾਰਾ।
ਜੇ ਸਿੱਖ ਆਵਿਹਂ ਦੇਹਿਂ ਉਪਾਇਨ। ਤੁਮ ਕਯੋਂ ਆਵਹੁ ਹਮਰੇ ਆਇਨ॥੩੬॥

ਅਸੀਂ ਆਪਣੇ ਘਰ ਵਿਚ ਬੈਠੇ ਹਾਂ, ਮੋਨ ਧਾਰ ਕੇ ਗੁਜ਼ਾਰਾ ਕਰ ਰਹੇ ਹਾਂ, ਜੇ ਸਿੱਖ ਸਾਡੇ ਘਰ ਆ ਕੇ ਉਪਹਾਰ ਦਿੰਦੇ ਹਨ, ਤੁਸੀਂ ਕਿਉਂ ਸਾਡੇ ਘਰ ਆਉਂਦੇ ਹੋ॥੩੬॥

ਹਮ ਤੁਮਰੇ ਢਿਗ ਜਾਇਂ ਨ ਕਬੈ। ਦਰਬ ਚਢਾਇਂ ਸਿਖਜ ਜੋ ਸਬੈ।
ਅਬਿ ਜਬਰੀ ਕਰਿ ਆਨਿ ਪਰੇ ਹੋ। ਜਯੋਂ ਬਿਖ ਪੀ ਕਰਿ ਆਪ ਮਰੇ ਹੋ॥੩੭॥

ਅਸੀਂ ਕਦੀ ਵੀ ਤੁਹਾਡੇ ਪਾਸ ਨਹੀਂ ਗਏ ਹਾਂ, ਜਿਥੇ ਸਾਰੇ ਸਿੱਖ ਆ ਕੇ ਧਨ ਚੜ੍ਹਾਉਂਦੇ ਹਨ। ਹੁਣ ਜ਼ਬਰਦਸਤੀ ਕਰਕੇ ਆ ਪਏ ਹੋ, ਜਿਵੇਂ ਜ਼ਹਿਰ ਪੀ ਕੇ ਆਪ ਮਰ ਗਏ ਹੋ॥੩੭॥

ਨਿੰਮ੍ਰ ਪੌਰ ਗੁਰੁ ਘਰ ਕੋ ਜਾਨਿ। ਊਚੇ ਕੋ ਢਹਿ ਜਾਇ ਗੁਮਾਨ।
ਬੁਰਾ ਹੋਨਿ ਤੁਮਰੋ ਢਿਗ ਆਵਾ। ਜਿਸਤੇ ਐਸੋ ਗਰਬ ਜਨਾਵਾ॥ ੩੮॥

ਗੁਰੂ ਘਰ ਦਾ ਦਰਵਾਜ਼ਾ ਨੀਵਾਂ ਜਾਣੋ, ਉੱਚੇ ਨੂੰ ਉਸਦਾ ਘੁਮੰਡ ਢਾਹ ਲੈਂਦਾ ਹੈ। ਬੁਰਾ ਹੋਣਾ ਕੇਵਲ ਤੁਹਾਡੇ ਪਾਸ ਆਇਆ ਹੈ, ਜਿਸ ਕਰਕੇ ਏਨਾ ਘੁਮੰਡ ਜਤਾਉਂਦੇ ਹੋ॥੩੮॥

ਦਰਬ ਹਜ਼ਾਰਨਿ ਹੀ ਘਰ ਮਾਂਹੀ। ਤਊ ਨ ਦੁਤੀਓ ਦੇਖਿ ਸਕਾਹੀਂ।
ਸ਼੍ਰੀ ਬਾਬਾ ਨਾਨਕ ਜਗਤੇਸ਼। ਫਲ ਦੇ ਤੁਮ ਕੋ ਕਸ਼ਟ ਬਿਸ਼ੇਸ਼॥ ੩੯॥

ਹਜ਼ਾਰਾਂ ਦਾ ਧਨ ਤੁਹਾਡੇ ਘਰ ਵਿਚ ਹੈ, ਫਿਰ ਵੀ ਦੂਸਰੇ ਦਾ ਧਨ ਵੇਖ ਨਹੀਂ ਸਕੇ ਹੋ। ਸ੍ਰੀ ਬਾਬਾ ਨਾਨਕ ਜੀ ਜਗਤ ਦੇ ਈਸਵਰ ਹਨ ਉਹ ਵਿਸ਼ੇਸ਼ ਕਸ਼ਟ ਦੇ ਕੇ ਤੁਹਾਨੂੰ ਇਸ ਕਾਰਜ ਦਾ ਫਲ ਦੇਣਗੇ॥੩੯॥

ਜੇ ਕਰਿ ਮੋਹਿ ਪੁੱਤ੍ਰ ਕੇ ਭਾਲ। ਗੁਲਕਾ ਲਗਤਿ ਮਰਤਿ ਤਤਕਾਲ।
ਤਬਿ ਕੋ ਹੋਵਤਿ ਹਾਲ ਤੁਮਾਰੋ? ਕਿਯੋ ਕੁਕਰਮ ਮਹਾਂ ਹੱਤਜਾਰੋ!' ॥ ੪੦ ॥

ਜੇ ਮੇਰੇ ਪੁੱਤਰ ਦੇ ਮੱਥੇ ਵਿਚ ਗੋਲੀ ਲੱਗਦੀ ਤਾਂ ਉਹ ਤੁਰਤ ਮਰ ਜਾਂਦਾ, ਫਿਰ ਤੁਹਾਡਾ ਕੀ ਹਾਲ ਹੁੰਦਾ? ਮਹਾਂ ਹਤਿਆਰਿਓ! ਏਡਾ ਕੁਕਰਮ ਕੀਤਾ ਹੈ"॥੪੦॥

ਇੱਤਜਾਦਿਕ ਕਹਿ ਬਾਰੰ ਬਾਰੀ। ਮਾਤ ਨਾਨਕੀ ਦੁਖਿਤਿ ਪੁਕਾਰੀ।
ਭਾਲ ਪੁੱਤ੍ਰ ਕੋ ਪੌਛਨਿ ਕਰਜੋ। ਨੀਰ ਬਿਲੋਚਨ ਤੇ ਬਹੁ ਢਰਜੋ॥ ੪੧ ॥

ਬਾਰ ਬਾਰ ਇੱਤਿਆਦਿ ਕਹਿ ਕੇ, ਮਾਤਾ ਨਾਨਕੀ ਜੀ ਨੇ ਦੁਖੀ ਹੋ ਕੇ ਪੁਕਾਰ ਕੀਤੀ। ਆਪਣੇ ਪੁੱਤਰ ਦੇ ਮੱਥੇ ਨੂੰ ਪੂੰਝਿਆ ਅੱਖਾਂ ਵਿਚ ਬਹੁਤ ਪਾਣੀ ਵਗਿਆ॥੪੧॥

ਨਯੋ ਜਨਮ ਨਿਜ ਸੁਤ ਕੌ ਜਾਨਾ। ਤਪਤ ਰਿਦਾ ਦੁਖ ਪਾਇ ਮਹਾਨਾ।
ਸ੍ਰੀ ਗੁਰ ਤੇਗ ਬਹਾਦਰ ਕਹਜੋ। 'ਧਨ ਮਹਿਂ ਇਹ ਕੁਕਰਮ ਹੀ ਲਹਜੋ॥ ੪੨ ॥

ਆਪਣੇ ਪੁੱਤਰ ਦਾ ਨਵਾਂ ਜਨਮ ਜਾਣਿਆ, ਹਿਰਦਾ ਤਪਦਾ ਸੀ, ਮਹਾਨ ਦੁੱਖ ਪਾਇਆ। ਸ੍ਰੀ ਗੁਰੂ ਤੇਗ ਬਹਾਦਰ ਨੇ ਕਿਹਾ, "ਧਨ ਵਿਚ ਇਹੋ ਕੁਕਰਮ ਹੀ ਲੁਕਿਆ ਹੈ॥੪੨॥

ਯਾਂਤੇ ਹੇ ਜਨਨੀ ਦਿਹੁ ਜਾਨਿ। ਤਿਨ ਘਰ ਪਰਿਹੈ ਕਸ਼ਟ ਮਹਾਨ।
ਧਨ ਕੇ ਤਜਾਗਨਿ ਹੀ ਸੁਖ ਹੋਇ। ਲੇਨਹਾਰ ਲਹਿ ਸੰਕਟ ਸੋਇ' ॥ ੪੩ ॥

ਇਸ ਕਰਕੇ ਹੇ ਮਾਤਾ ਜੀ! ਇਨ੍ਹਾਂ ਨੂੰ ਜਾਣ ਦੇਵੋ, ਇਨ੍ਹਾਂ ਦੇ ਘਰ ਵਿਚ ਮਹਾਨ ਕਸ਼ਟ ਪਵੇਗਾ। ਧਨ ਦੇ ਤਿਆਗ ਨਾਲ ਹੀ ਸੁਖ ਪ੍ਰਾਪਤ ਹੁੰਦਾ ਹੈ, ਲੈਣ ਵਾਲਾ ਸੰਕਟ ਹੀ ਪ੍ਰਾਪਤ ਕਰਦਾ ਹੈ"॥੪੩॥

ਇਮ ਧੀਰਜ ਸੋਂ ਬੈਠੇ ਰਹੇ। ਜਨਨੀ ਕੋ ਬਰਜਨ ਹਿਤ ਕਹੇ।
ਸੋ ਮਸੰਦ ਕਰਿ ਓਜ ਘਨੇਰਾ। ਵਸਤੁ ਸਰਬ ਲੇ ਦਰਬ ਬਡੇਰਾ॥ ੪੪ ॥

ਇਸ ਤਰ੍ਹਾਂ ਧੀਰਜ ਨਾਲ ਬੈਠੇ ਰਹੇ ਤੇ ਆਪਣੇ ਮਾਤਾ ਜੀ ਨੂੰ ਵਰਜਣ ਵਾਸਤੇ ਕਿਹਾ। ਉਸ ਮਸੰਦ ਨੇ ਬਹੁਤ ਸ਼ਕਤੀ ਲਾ ਕੇ ਸਾਰੀਆਂ ਵਸਤਾਂ ਅਤੇ ਬਹੁਤ ਧਨ ਲੈ ਲਿਆ॥੪੪॥

ਅਤਿ ਪ੍ਰਸੰਨਤਾ ਧਰਿ ਕਰਿ ਉਰ ਮੈਂ। ਪਹੁੰਚਜੋ ਧੀਰ ਮੱਲ ਕੇ ਘਰ ਮੈਂ।
ਸਗਰੀ ਵਸਤੂ ਆਪ ਦਿਖਾਈ। ਬਹੁ ਦੀਨਾਰ ਧਰੀ ਅਗਵਾਈ॥ ੪੫ ॥

ਦਿਲ ਵਿਚ ਅਤਿ ਪ੍ਰਸੰਨ ਹੋ ਕੇ, ਧੀਰਮੱਲ ਦੇ ਘਰ ਵਿਚ ਪਹੁੰਚ ਗਿਆ। ਸਾਰੀਆਂ ਵਸਤਾਂ ਆਪ ਵਿਖਾਈਆਂ ਤੇ ਬਹੁਤ ਅਸ਼ਰਫੀਆਂ ਅੱਗੇ ਧਰ ਦਿੱਤੀਆਂ॥੪੫॥

ਹੇਰਤਿ ਭਯੋ ਪ੍ਰਸੰਨ ਘਨੇਰਾ। ਹੇਮ ਸੁ ਕੰਕਨ ਲੇ ਤਿਸ ਬੇਰਾ।
'ਸਾਧ ਸਾਧ' ਕਹਿ ਦਿਯੇ ਮਸੰਦ। ਲੈ ਕਰਿ ਹਰਖਜੋ ਰਿਦੇ ਬਿਲੰਦ॥ ੪੬ ॥

ਧੀਰਮੱਲ ਵੇਖ ਕੇ ਬਹੁਤ ਪ੍ਰਸੰਨ ਹੋਇਆ, ਸੋਨੇ ਦੇ ਕੜੇ ਉਸੇ ਸਮੇਂ ਲੈ ਲਏ। "ਸ਼ਾਬਾਸ਼! ਸ਼ਾਬਾਸ਼!" ਕਹਿ ਕੇ ਉਹ ਕੜੇ ਮਸੰਦ ਨੂੰ ਦੇ ਦਿੱਤੇ॥੪੬॥

*ਗਿਆਰ੍ਹਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥*

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਚੌਦ੍ਹਵਾਂ

ਧੀਰਮੱਲ ਦੀ ਕਠੋਰਤਾ

ਦੋਹਰਾ- ਵਸਤੁ ਸਕਲ ਕੋ ਦੇਖਿ ਕੈ ਧੀਰਮਲ ਆਨੰਦ।
ਕੰਚਨ ਕੇ ਕੰਕਨ ਦਿਯੇ ਹਰਖਿਤ ਲਿਯੇ ਮਸੰਦ॥ ੧॥

ਸਾਰੀਆਂ ਵਸਤਾਂ ਵੇਖ ਕੇ ਧੀਰਮੱਲ ਬਹੁਤ ਪ੍ਰਸੰਨ ਹੋਇਆ। ਮਸੰਦ ਨੂੰ ਸੋਨੇ ਦੇ ਕੜੇ ਦਿੱਤੇ, ਜਿਨ੍ਹਾਂ ਨੂੰ ਪ੍ਰਾਪਤ ਕਰਕੇ ਮਸੰਦ ਬੜਾ ਖ਼ੁਸ਼ ਹੋਇਆ॥੧॥

ਚੌਪਈ- ਬੂਝੇ ਤੇ ਸਗਰੇ ਬਿਰਤਾਂਤ। ਕਹ੍ਯੋ ਮਸੰਦ 'ਸੁਨਹੁ ਸਭਿ ਬਾਤ।
ਪਰਾਲਬਧ ਤੇ ਜੀਵਤ ਰਹ੍ਯੋ। ਚਲੀ ਤੁਪਕ ਤਬਿ ਨੀਕ ਨ ਲਹ੍ਯੋ॥੨॥

ਪੁੱਛਣ ਉਤੇ ਮਸੰਦ ਨੇ ਸਾਰਾ ਬਿਰਤਾਂਤ ਕਹਿ ਕੇ ਸੁਣਾਇਆ। ਉਹ ਕਹਿਣ ਲੱਗਾ, "ਸਾਰੀ ਗੱਲ ਸੁਣੋ, ਕਿਸਮਤ ਕਰਕੇ ਬਚੇ ਰਹੇ ਹਨ, ਬੰਦੂਕ ਤਾਂ ਚਲਾਈ ਸੀ, ਪਰ ਨਿਸ਼ਾਨਾ ਠੀਕ ਨਾ ਲੱਗਾ॥੨॥

ਹਲੇ ਹਾਥ ਚਾਟਤਿ ਗਈ ਭਾਲ। ਤਿਨ ਜਨਨੀ ਆਈ ਤਤਕਾਲ।
ਤਿਸ ਨੇ ਰੱਛਾ ਕਰਿ ਸਭਿ ਭਾਂਤੀ। ਜੀਵਤ ਰਹ੍ਯੋ ਨ ਹੋਯਹੁ ਹਾਤੀ॥੩॥

ਹੱਥ ਹਿੱਲਣ ਕਰਕੇ ਗੋਲੀ ਮੱਥੇ ਨੂੰ ਛੂਹ ਕੇ ਲੰਘ ਗਈ। ਫਿਰ ਉਨ੍ਹਾਂ ਦੇ ਮਾਤਾ ਜੀ ਤੁਰਤ ਆ ਗਏ। ਉਸ ਨੇ ਹਰ ਪ੍ਰਕਾਰ ਉਨ੍ਹਾਂ ਦੀ ਰੱਖਿਆ ਕੀਤੀ। ਜੀਵਤ ਰਹੇ ਹਨ ਤੇ ਕਤਲ ਨਹੀਂ ਹੋਏ ਹਨ॥੩॥

ਨਹਿਂ ਪਰੰਤੁ ਆਗੇ ਪੁਨ ਕਰੇ। ਇਮ ਕਰਿਬੇ ਤੇ ਭੈ ਬਹੁ ਧਰੇ।
ਨਿਸ਼ਚੈ ਜਾਨਹੁ ਗੁਰੁਤਾ ਤੇਰੀ। ਜਹਿਂ ਕਹਿਂ ਲੇਹੁ ਭੇਟ ਬਹੁਤੇਰੀ॥੪॥

ਅੱਗੇ ਤੋਂ ਇਸ ਤਰ੍ਹਾਂ ਨਹੀਂ ਕਰੇਗਾ, ਇਸ ਤਰ੍ਹਾਂ ਕਰਨ ਨਾਲ ਬਹੁਤ ਭੈਅ ਧਾਰਨ ਕਰੇਗਾ। ਆਪਣੀ ਗੁਰਤਾ ਨੂੰ ਨਿਸ਼ਚੇ ਜਾਣੋ, ਜਿਥੋਂ ਕਿਥੋਂ ਬਹੁਤ ਭੇਟਾਵਾਂ ਲਵੋ॥੪॥

ਤੇਗਬਹਾਦਰ ਕਹਾ ਹਮ ਆਗੇ। ਸਭਿ ਸੋਢੀ ਲਰਿਬੇ ਤੇ ਭਾਗੇ।
ਤੁਮ ਸਮਾਨ ਨਹਿਂ ਦੂਸਰ ਕੋਈ। ਉੱਦਮ ਕਰਿ ਹੈ ਗੁਰ ਹ੍ਵੈ ਸੋਈ॥੫॥

ਸ੍ਰੀ ਤੇਗ ਬਹਾਦਰ ਸਾਡੇ ਅੱਗੇ ਕੀ ਹੈ, ਸਾਰੇ ਸੋਢੀ ਲੜਨ ਤੋਂ ਭੱਜਦੇ ਹਨ। ਤੇਰੇ ਵਰਗਾ ਹੋਰ ਕੋਈ ਨਹੀਂ ਹੈ ਜਿਹੜਾ ਉੱਦਮ ਕਰਦਾ ਹੈ, ਉਹੀ ਗੁਰੂ ਹੁੰਦਾ ਹੈ॥੫॥

ਇਸ ਪ੍ਰਕਾਰ ਜੇ ਦ੍ਰਿੜ ਤੁਮ ਰਹੋ। ਨਿਹਸੰਸੈ ਗੁਰਤਾ ਕਹੁ ਲਹੋ।
ਜਥਾ ਸ਼ਕਤਿ ਨਿਜ ਸੈਨ ਬਨਾਵਹੁ। ਸ੍ਰੀ ਹਰਿਰਾਇ ਸਦਰਸ਼ ਰਹਾਵਹੁ॥੬॥

ਇਸ ਪ੍ਰਕਾਰ ਜੇ ਤੁਸੀਂ ਦ੍ਰਿੜ੍ਹ ਰਹੋ ਅਤੇ ਗੁਰਤਾ ਬਾਰੇ ਕੋਈ ਸ਼ੰਕਾ ਨਾ ਕਰੋ। ਆਪਣੀ ਸ਼ਕਤੀ ਅਨੁਸਾਰ ਸੈਨਾ ਬਣਾਵੋ ਤੇ ਸ੍ਰੀ ਗੁਰੂ ਹਰਿਰਾਇ ਜੀ ਵਾਂਗ ਰਹੋ॥੬॥

ਸੁਭਟ ਸ਼ਸਤ੍ਰ ਕੇ ਧਰਨੇ ਹਾਰੇ। ਬਲੀ ਤੁਰੰਗਮ ਤਰ ਅਸਵਾਰੇ।
ਹੁਤੇ ਸਹੱਸ੍ਰ ਅਢਾਈ ਸੋਇ। ਸਮੁਖ ਸ਼ੱਤ੍ਰ ਕੇ ਸ਼ਸਤ੍ਰੀ ਜੋਇ॥ ੭॥

ਸ਼ਸਤਰਧਾਰੀ ਸੂਰਮੇ ਰੱਖੋ, ਬਲਵਾਨ ਘੋੜਿਆਂ ਦੀ ਸਵਾਰੀ ਕਰੋ। ਢਾਈ ਹਜ਼ਾਰ ਸੈਨਾ ਬਣਾਓ, ਜਿਹੜੇ ਵੈਰੀ ਦੇ ਸਾਹਮਣੇ ਸ਼ਸਤਰ ਚਲਾਉਣਾ ਜਾਣਦੇ ਹੋਣ॥੭॥

ਜਿਹਠਾਂ ਚਲਹਿਂ ਤਜਾਰ ਸਭਿ ਰਹੈਂ। ਰਿਪੁ ਬਲਵਾਨ ਤੁਰਤ ਹੀ ਗਹੈਂ।
ਸ੍ਰੀ ਹਰਿਰਾਇ ਅਨੁਜ ਤੂੰ ਅਹੈਂ। ਤਿਨ ਕੀ ਸਮਤਾ ਸਭਿ ਬਿਧਿ ਲਹੈਂ॥ ੮॥

ਜਿਥੇ ਵੀ ਚਲੀਏ ਸਾਰੇ ਤਿਆਰ ਰਹਿਣ, ਬਲਵਾਨ ਵੈਰੀ ਤੁਰਤ ਹੀ ਫੜ ਲੈਣ। ਤੁਸੀਂ ਸ੍ਰੀ ਗੁਰੂ ਹਰਿਰਾਇ ਜੀ ਦੇ ਵੱਡੇ ਭਰਾ ਹੋ ਉਨ੍ਹਾਂ ਦੀ ਬਰਾਬਰੀ ਸਭ ਪ੍ਰਕਾਰ ਲਈਏ॥੮॥

ਆਦਿ ਗ੍ਰਿੰਥ ਸਾਹਿਬ ਤੁਝ ਤੀਰ। ਇਹੀ ਅਧਿਕਤਾ ਲਖਹੁ ਗੰਭੀਰ।
ਸ੍ਰੀ ਨਾਨਕ ਕੀ ਗਾਦੀ ਬੈਸ। ਮਿਲਿ ਹਮ ਸੌਂ ਕਰਿ ਅਨੰਦ ਹਮੇਸ਼॥ ੯॥

ਆਦਿ ਗ੍ਰੰਥ ਸਾਹਿਬ ਤੁਹਾਡੇ ਪਾਸ ਹੈ, ਇਹ ਵਾਧਾ ਗੰਭੀਰਤਾ ਨਾਲ ਸਮਝੋ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠ ਕੇ ਸਾਡੇ ਨਾਲ ਮਿਲ ਕੇ ਸਦਾ ਅਨੰਦ ਮਾਣੋ"॥੯॥

ਸੁਨਿ ਕੈ ਧੀਰਮੱਲ ਹਰਖਾਵਾ। 'ਗੁਰ ਗਾਦੀ ਪਰ ਹਮਰੋ ਦਾਵਾ।
ਨਿਹਸੰਸੈ ਇਹ ਸਭਿ ਹੀ ਜਾਨੈਂ। ਦੇਸ਼ ਬਿਦੇਸ਼ ਉਪਾਇਨ ਆਨੈਂ॥ ੧੦॥

ਇਹ ਸੁਣ ਕੇ ਧੀਰਮੱਲ ਬਹੁਤ ਪ੍ਰਸੰਨ ਹੋਇਆ, "ਗੁਰਗੱਦੀ ਉਤੇ ਸਾਡਾ ਹੱਕ ਹੈ, ਸ਼ੱਕ ਰਹਿਤ ਹੋ ਕੇ ਸਾਰੇ ਹੀ ਇਸ ਬਾਰੇ ਜਾਣਦੇ ਹਨ, ਦੇਸ਼ਾਂ ਬਿਦੇਸ਼ਾਂ ਤੋਂ ਉਪਹਾਰ ਆਉਂਦੇ ਹਨ॥੧੦॥

ਤੂੰ ਮਸੰਦ ਲਾਯਕ ਕੋ ਮੇਰੇ। ਸੁਮਤਿਵੰਤ ਦੀਰਘ ਨਰ ਹੇਰੇ।
ਗੁਰ ਘਰ ਕੋ ਸਗਰੋ ਬਿਰਤਾਂਤ। ਨੀਕੀ ਰੀਤਿ ਤੋਹਿ ਬੱਖਜਾਤ॥ ੧੧॥

ਤੂੰ ਮਸੰਦ ਮੇਰੀ ਪਸੰਦ ਦਾ ਹੈਂ, ਵੱਡਾ ਸਮਝਦਾਰ ਹੈਂ ਜਿਸ ਨੇ ਬਹੁਤ ਮਨੁੱਖਾਂ ਨੂੰ ਵੇਖਿਆ ਹੈ। ਗੁਰੂ ਘਰ ਦਾ ਸਾਰਾ ਬਿਰਤਾਂਤ, ਤੁਹਾਨੂੰ ਚੰਗੀ ਰੀਤੀ ਨਾਲ ਪਤਾ ਹੈ॥੧੧॥

ਦੇਸ਼ ਬਿਦੇਸ਼ਨਿ ਕੇ ਜੁ ਮਸੰਦ। ਕੇਤਿਕ ਲਘੁ ਹੈਂ ਕਿਤਿਕ ਬਿਲੰਦ।
ਲਾਖਹੁੰ ਧਨ ਕੇ ਦੇਵਨ ਹਾਰੇ। ਦੇਸ਼ਨਿ ਸਿੱਖਜ ਤਿਨ੍ਹੈ ਅਨੁਸਾਰੇ॥ ੧੨॥

ਦੇਸ਼ਾਂ ਬਿਦੇਸ਼ਾਂ ਦੇ ਜਿਹੜੇ ਮਸੰਦ ਹਨ, ਕਈ ਛੋਟੇ ਹਨ, ਕਈ ਵੱਡੇ ਹਨ। ਲੱਖਾਂ ਦਾ ਧਨ ਉਹ ਦੇਣ ਵਾਲੇ ਹਨ, ਦੇਸ਼ਾਂ ਦੇ ਸਿੱਖ ਉਨ੍ਹਾਂ ਅਨੁਸਾਰ ਹਨ॥੧੨॥

ਨਿਜ ਮਤਿ ਕਰਿ ਤਿਨ ਲੇਹੁ ਮਿਲਾਇ। ਕਿਹ ਸਨਮਾਨਹੁ ਕਿਹ ਧਨ ਦਜਾਇ।
ਰਾਤ ਦਿਵਸ ਕਰਿ ਇਹੀ ਉਪਾਇ। ਕਰਤਿ ਰਹਹੁ ਜਿਸ ਤੇ ਸਭਿ ਆਇ॥੧੩॥

ਨਿਜ ਮੱਤ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਵੋ, ਕਿਸੇ ਦਾ ਸਨਮਾਨ ਕਰੋ, ਕਿਸੇ ਨੂੰ ਧਨ ਦੇਵੋ। ਰਾਤ ਦਿਨ ਇਹੋ ਉਪਾਅ ਕਰਦੇ ਰਹੋ, ਜਿਸ ਕਰਕੇ ਸਾਰੇ ਸਾਡੇ ਪਾਸ ਆਉਣ॥੧੩॥

ਤਿਨ ਅਨੁਸਾਰ ਸਿੱਖਜ ਪੁਨ ਆਵੈਂ। ਦਰਬ ਉਪਾਇਨ ਅਧਿਕ ਚਢਾਵੈਂ।
ਨਿਹਸੰਸੈ ਪੁਨ ਅਨੰਦ ਕਰੀਜੈ। ਸਰਬ ਭਾਂਤਿ ਕੇ ਸੁਖ ਬਰਤੀਜੈ'॥ ੧੪॥

ਉਨ੍ਹਾਂ ਦੇ ਅਨੁਸਾਰ ਫਿਰ ਸਿੱਖ ਆਉਣ ਤੇ ਧਨ ਤੇ ਉਪਹਾਰ ਬਹੁਤ ਚੜ੍ਹਾਉਣ। ਬਿਨਾਂ ਸ਼ੱਕ ਫਿਰ ਅਨੰਦ ਕਰੋ, ਸਭ ਪ੍ਰਕਾਰ ਦੇ ਸੁੱਖ ਪ੍ਰਾਪਤ ਕਰੋ"॥੧੪॥

ਇਮ ਪ੍ਰਸੰਨਤਾ ਕਰਿ ਕਰਿ ਘਨੀ। ਧੀਰਮੱਲ ਆਪਸ ਮਹਿ ਭਨੀ।
ਕਿਤਿਕ ਕਾਲ ਮਨਭਾਵਤਿ ਕਰਿਹੀ। ਦੁਰਜਨਤਾ ਅਰੁ ਗਰਬਨਿ ਧਰਿਹੀ ॥੧੫॥

ਇਸ ਤਰ੍ਹਾਂ ਵੱਡੀ ਪ੍ਰਸੰਨਤਾ ਧਾਰਨ ਕਰਕੇ ਧੀਰਮੱਲ ਅਤੇ ਮਸੰਦ ਆਪਸ ਵਿਚ ਗੱਲਾਂ ਕਰ ਰਹੇ ਸਨ। ਕਾਫੀ ਮਨ-ਭਾਉਂਦੀਆਂ ਗੱਲਾਂ ਕਰਦੇ ਰਹੇ। ਨੀਚਤਾ ਅਤੇ ਹੰਕਾਰ ਧਾਰਨ ਕਰਦੇ ਸਨ ॥੧੫॥

ਸ੍ਰੀ ਗੁਰ ਤੇਗਬਹਾਦਰ ਚੰਦ। ਨਿਜ ਸਰੂਪ ਮਹਿਂ ਸਦਾ ਅਨੰਦ।
ਆਵਨ ਜਾਨੇ ਦਰਬ ਸਮਾਨ। ਹਰਖ ਸ਼ੋਕ ਜਿਨ ਕੇ ਉਪਜਾ ਨ ॥ ੧੬ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਸਦਾ ਹੀ ਨਿਜ-ਸਰੂਪ ਵਿਚ ਅਨੰਦ ਲੈਂਦੇ ਸਨ। ਧਨ ਦਾ ਆਉਣਾ ਜਾਣਾ ਜਿਨ੍ਹਾਂ ਵਾਸਤੇ ਇਕ ਸਮਾਨ ਹੈ। ਖੁਸ਼ੀ-ਗ਼ਮੀ ਜਿਨ੍ਹਾਂ ਵਿਚ ਕਦੀ ਉਪਜੀ ਨਹੀਂ ਹੈ ॥੧੬॥

ਇਕ ਰਸ ਨਿਤ ਉਰ ਧੀਰਜਵੰਤ। ਮਹਿਦ ਜਿਤਿੰਦ੍ਰੈ ਗੁਨਨਿ ਮਹੰਤ।
ਬਡ ਉਦਾਰ, ਤੇਜ, ਬੁਧਿਵਾਨ। ਛਿਮਾਵੰਤ, ਉਰ ਕ੍ਰਿਪਾ ਮਹਾਨ ॥ ੧੭ ॥

ਸਦਾ ਇਕ ਰਸ ਰਹਿੰਦੇ ਹਨ ਤੇ ਹਿਰਦਾ ਧੀਰਜ ਵਾਲਾ ਹੈ, ਵੱਡੇ ਜੇਤੂ ਅਤੇ ਗੁਣਾਂ ਵਿਚ ਮਹਾਨ ਹਨ। ਵੱਡੇ ਫਰਾਖਦਿਲ, ਵੱਡੇ ਤੇਜ ਵਾਲੇ ਅਤੇ ਬੁਧਿਵਾਨ ਹਨ। ਖਿਮਾਂ ਕਰਨ ਵਾਲੇ ਹਨ ਅਤੇ ਹਿਰਦੇ ਵਿਚ ਮਹਾਨ ਕ੍ਰਿਪਾਲੂ ਹਨ ॥੧੭॥

ਸਰਲ ਚਿੱਤਜ ਨਿਸ਼ਕਪਟ ਸਦੀਵੇ। ਮਹਾਂ ਮੋਹ ਮਦ ਲੋਭ ਨ ਥੀਵੇ।
ਜਥਾ ਪ੍ਰਥਮ ਆਸਨ ਪਰ ਬੈਸੇ। ਮਨ ਉਦਬੇਗ ਬਿਨਾ ਰਹਿ ਤੈਸੇ ॥ ੧੮ ॥

ਸਰਲ ਚਿੱਤ ਅਤੇ ਸਦਾ ਹੀ ਨਿਸ਼ਕਪਟ ਹਨ, ਮੋਹ, ਅਹੰਕਾਰ ਅਤੇ ਲੋਭ ਤੋਂ ਅਭਿੱਜ ਹਨ। ਜਿਵੇਂ ਪਹਿਲਾਂ ਆਸਣ ਤੇ ਬੈਠੇ ਸਨ, ਮਨ ਘਬਰਾਹਟ ਬਗੈਰ ਉਸ ਤਰ੍ਹਾਂ ਹੀ ਰਹਿੰਦਾ ਹੈ ॥੧੮॥

ਮਾਤ ਨਾਨਕੀ ਅਤਿ ਦੁਖ ਪਾਯੋ। ਅੱਸ਼੍ਰ ਬੇਗ ਕੋ ਬਹੁਤ ਬਹਾਯੋ।
'ਹੇ ਸੁਤ ! ਕਜੋਂ ਤੁਮ ਚੇਤਤਿ ਨਾਂਹੀ। ਰਹਹੁ ਬੈਠਿ ਆਲਸ ਕੇ ਮਾਂਹੀ ॥ ੧੯ ॥

ਮਾਤਾ ਨਾਨਕੀ ਜੀ ਨੇ ਅਤੀ ਦੁਖ ਪਾਇਆ ਤੇ ਹੰਝੂਆਂ ਦੇ ਵੇਗ ਨੂੰ ਬਹੁਤ ਬਹਾਇਆ। ਕਹਿਣ ਲੱਗੀ, "ਹੇ ਪੁੱਤਰ ! ਕਿਉਂ ਤੁਸੀਂ ਸੁਚੇਤ ਨਹੀਂ ਹੁੰਦੇ, ਸਦਾ ਆਲਸ ਨਾਲ ਬੈਠੇ ਰਹਿੰਦੇ ਹੋ ॥੧੯॥

ਤਵ ਸ਼ਰੀਕ ਸਭਿ ਬਿਧਿ ਬਿਵਹਾਰਾ। ਕਰਤਿ ਸਦਾ ਅਪਮਾਨ ਹਮਾਰਾ।
ਦਰਬ ਹਜ਼ਾਰਨਿ ਕੋ ਨਿਤ ਲੇਤੇ। ਭੁੰਚਤਿ ਆਪ, ਨ ਦੂਸਰ ਦੇਤੇ ॥ ੨੦ ॥

ਤੁਹਾਡੇ ਸ਼ਰੀਕ ਸਾਰੀਆਂ ਵਿਧੀਆਂ ਨਾਲ ਵਿਹਾਰ ਕਰਦੇ ਹਨ, ਉਹ ਸਦਾ ਸਾਡਾ ਅਪਮਾਨ ਕਰਦੇ ਹਨ। ਸਦਾ ਹਜ਼ਾਰਾਂ ਦਾ ਧਨ ਪ੍ਰਾਪਤ ਕਰਦੇ ਹਨ। ਆਪ ਹੀ ਭੋਗਦੇ ਹਨ ਹੋਰ ਕਿਸੇ ਨੂੰ ਨਹੀਂ ਦਿੰਦੇ ॥੨੦॥

ਕਰਹਿਂ ਕਪਟ ਕੇ ਅਨਿਕ ਉਪਾਯਾ। ਜਯੋਂ ਕਯੋਂ ਹਰਹਿਂ ਅਪਰ ਤੇ ਮਾਯਾ।
ਉਤਸਵ ਬਯਾਹ ਆਦਿ ਜੋ ਕਰਹੀਂ। ਤਿਸ ਮਹਿਂ ਹਮ ਕੋ ਲਘੁ ਉਚਰਿਹੀਂ ॥੨੧॥

ਅਨੇਕ ਉਪਾਅ ਕਰਕੇ ਕਪਟ ਕਰਦੇ ਹਨ, ਜਿਵੇਂ ਕਿਵੇਂ ਦੂਸਰਿਆਂ ਪਾਸੋਂ ਮਾਇਆ ਖੋਹ ਲੈਂਦੇ ਹਨ। ਉਤਸਵ ਵਿਆਹ ਜੋ ਵੀ ਕਰਦੇ ਹਨ, ਉਸ ਵਿਚ ਸਾਨੂੰ ਘਟੀਆ ਅਤੇ ਕਮਜ਼ੋਰ ਕਹਿੰਦੇ ਹਨ ॥੨੧॥

ਲਖਹਿਂ ਨਿਲਾਇਕ ਬੁੱਧਿ ਬਿਹੀਨਾ। ਸੁਨਿ ਸੁਨਿ ਤਊ ਛਿਮਾ ਤੁਵ ਕੀਨਾ।
ਅਬਿ ਤਿਨ ਨੇ ਕਜਾ ਕੀਨਸਿ ਏਹੀ। ਮਹਾਂ ਕੁਕਰਮ ਮੰਦਮਤਿ ਜੇਹੀ॥੨੨॥

ਸਾਨੂੰ ਨਾਲਾਇਕ ਅਤੇ ਬੁੱਧੀ ਰਹਿਤ ਸਮਝਦੇ ਹਨ, ਫਿਰ ਵੀ ਤੁਸੀਂ ਸੁਣ ਸੁਣ ਕੇ ਮੁਆਫ਼ ਕਰ ਦਿੰਦੇ ਹੋ। ਹੁਣ ਉਨ੍ਹਾਂ ਨੇ ਇਹ ਸਾਡੇ ਨਾਲ ਕੀ ਕੀਤਾ ਹੈ। ਵੱਡਾ ਕੁਕਰਮ ਅਤੇ ਦੁਸਟ ਬੁੱਧੀ ਵਾਲਾ ਕਾਰਜ ਕੀਤਾ ਹੈ॥੨੨॥

ਪੁਰਸ਼ਾਰਥ ਤੁਮ ਕਰਹੁ ਨ ਕੋਈ। ਜਿਸ ਤੇ ਸਭਿ ਨਿਰਬਾਹਨ ਹੋਈ।
ਦੁਸ਼ਟ ਆਤਮਾ ਜੇ ਹਤਿ ਜਾਵੈਂ। ਦਰਬ ਹੇਤੁ ਬਡ ਪਾਪ ਕਮਾਵੈਂ॥ ੨੩॥

ਤੁਸੀਂ ਕਿਸੇ ਪ੍ਰਕਾਰ ਦਾ ਉੱਦਮ ਨਹੀਂ ਕਰਦੇ ਹੋ, ਜਿਸ ਕਾਰਨ ਸਭ ਪ੍ਰਕਾਰ ਦਾ ਨਿਰਬਾਹ ਹੋ ਸਕੇ। ਦੁਸਟ ਆਤਮਾ ਵਾਲੇ ਜੇ ਮਾਰ ਜਾਂਦੇ ਤਾਂ ਧਨ ਵਾਸਤੇ ਵੱਡਾ ਪਾਪ ਕਮਾਉਂਦੇ॥੨੩॥

ਤੌ ਮੇਰੀ ਗਤਿ ਕਹੁ ਕਜਾ ਹੋਤੀ। ਇਕ ਪੁੱਤ੍ਰਾ ਮੈਂ ਦੀਨ ਉਦੋਤੀ।
ਅਬਿ ਲੌ ਪੌਤ੍ਰ ਨਹੀਂ ਮਮ ਹੋਵਾ। ਨਿਸ ਬਾਸੁਰ ਤੇਰੋ ਮੁਖ ਜੋਵਾ॥ ੨੪॥

ਤਦ ਮੇਰੀ ਹਾਲਤ ਦੱਸੋ ਕਿਸ ਤਰ੍ਹਾਂ ਦੀ ਹੁੰਦੀ। ਇਕ ਪੁੱਤਰ ਮੇਰਾ, ਮੈਂ ਬਹੁਤ ਗ਼ਰੀਬ ਹਾਂ। ਹੁਣ ਤਕ ਮੇਰੇ ਘਰ ਪੋਤਰਾ ਨਹੀਂ ਹੋਇਆ, ਦਿਨ ਰਾਤ ਤੇਰਾ ਮੁਖ ਵੇਖਦੀ ਹਾਂ॥੨੪॥

ਸ੍ਰੀ ਨਾਨਕ ਜੀ ਰੱਛਾ ਕੀਨਸਿ। ਹਤੀ ਤੁਫੰਗ ਨਿਫਲ ਕਰਿ ਦੀਨਸਿ।
ਬਰਜਨਹਾਰ ਇਨਹਿ ਨਹਿਂ ਕੋਈ। ਧਨ ਭੁਜ ਬਲ ਤੇ ਗਰਬਤਿ ਜੋਈ'॥੨੫॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖਿਆ ਕੀਤੀ ਹੈ, ਜਿਹੜੀ ਬੰਦੂਕ ਚਲਾਈ ਸੀ, ਉਸ ਨੂੰ ਅਸਫਲ ਕਰ ਦਿੱਤਾ ਹੈ। ਇਨ੍ਹਾਂ ਨੂੰ ਕੋਈ ਰੋਕਣ ਵਾਲਾ ਨਹੀਂ ਹੈ, ਜਿਨ੍ਹਾਂ ਨੂੰ ਧਨ ਅਤੇ ਤਾਕਤ ਤੇ ਘੁਮੰਡ ਹੈ'॥੨੫॥

ਇੱਤਜਾਦਿਕ ਕਰਿ ਕਰਿ ਬਿਰਲਾਪ। ਲੋਚਨ ਤੇ ਛੋਰਤਿ ਬਹੁ ਆਪ।
ਸ੍ਰੀ ਗੁਰ ਕਹਜੋ 'ਮਾਤ! ਧਰਿ ਧੀਰ। ਦੇਖਿ ਅਨੁਚਿਤ ਨਹੀਂ ਕਰਿ ਪੀਰ॥੨੬॥

ਇਤਿਆਦਿਕ ਵਿਰਲਾਪ ਕਰ ਕਰ, ਅੱਖਾਂ ਵਿਚ ਬਹੁਤ ਪਾਣੀ ਛੱਡਦੀ ਹੈ, ਸ੍ਰੀ ਗੁਰੂ ਜੀ ਨੇ ਕਿਹਾ, "ਹੇ ਮਾਤਾ ਜੀ! ਧੀਰਜ ਧਾਰਨ ਕਰੋ। ਅਨਉਚਿਤ ਵੇਖ ਕੇ ਪੀੜ ਨਾ ਮੰਨੋ॥੨੬॥

ਜਬਰੀ ਕਰਤਿ ਗਰਬ ਧਰਿ ਜੋਇ। ਤਿਨ ਪਰ ਹਰਿ ਪ੍ਰਭੁ ਕ੍ਰੁੱਧਤਿ ਹੋਇ।
ਸਭਿ ਐਸ੍ਵਰਜ ਹਰਹਿ ਛਿਨ ਮਾਂਹੀ। ਹੋਹਿਂ ਦੀਨ, ਦੁਖ ਭੈ ਬਡਿ ਪਾਂਹੀ॥੨੭॥

ਜਿਹੜਾ ਵੀ ਘੁਮੰਡ ਕਰਕੇ ਜ਼ਬਰਦਸਤੀ ਕਰਦਾ ਹੈ, ਉਸ ਉਤੇ ਪ੍ਰਭੂ ਜੀ ਗੁੱਸੇ ਹੋ ਜਾਂਦੇ ਹਨ। ਸਾਰਾ ਧਨ ਦੌਲਤ ਇਕ ਛਿਨ ਵਿਚ ਖੋਹ ਲੈਂਦੇ ਹਨ, ਫਿਰ ਗਰੀਬ ਹੋ ਕੇ ਵੱਡਾ ਦੁੱਖ ਪਾਉਂਦੇ ਹਨ॥੨੭॥

ਸਭਿ ਕੇ ਸਿਰ ਪਰ ਸ੍ਰੀ ਕਰਤਾਰ। ਦੇਖਿ ਕਰਮ ਸੁਖ ਦੁਖ ਦਾਤਾਰ।
ਜਿਨਹੁਂ ਅਲੰਬ ਕਰਜੋ ਪ੍ਰਭੁ ਸੋਇ। ਤਿਨ ਕੋ ਤ੍ਰਾਸ ਨ ਕਿਨਹੂੰ ਹੋਇ॥ ੨੮॥

ਸਾਰਿਆਂ ਦੇ ਸਿਰ ਉਤੇ ਸ੍ਰੀ ਕਰਤਾਰ ਜੀ ਹਨ, ਕਰਮ ਵੇਖ ਕੇ ਦਾਤਾਰ ਦੁਖ ਸੁੱਖ ਦਿੰਦੇ ਹਨ। ਜਿਨ੍ਹਾਂ ਨੇ ਪ੍ਰਭੂ ਦਾ ਆਸਰਾ ਲਿਆ ਹੈ, ਉਨ੍ਹਾਂ ਨੂੰ ਕਿਸੇ ਦਾ ਵੀ ਡਰ ਨਹੀਂ ਹੁੰਦਾ॥੨੮॥

ਜਗਤ ਨਾਥ ਕੇ ਆਸ ਭਰੋਸਾ। ਟਿਕਹਿ ਪੁਰਖ ਧਾਰਹਿ ਸੰਤੋਸ਼ਾ।
ਦੁਖ ਸੁਖ ਜਨਮ ਮਰਨ ਕੇ ਮਾਂਹੀ। ਕਮਲਾਕੰਤ ਦੇਤਿ, ਅਨ ਨਾਂਹੀ॥ ੨੯॥

ਇਕ ਵਾਹਿਗੁਰੂ ਦੇ ਆਸ ਭਰੋਸੇ ਜਿਹੜਾ ਮਨੁੱਖ ਟਿਕਦਾ, ਉਹ ਸੰਤੋਖ ਧਾਰਨ ਕਰਦਾ ਹੈ। ਜਨਮ ਤੋਂ ਲੈ ਕੇ ਮਰਨ ਤਕ, ਦੁਖ ਸੁਖ ਇਕ ਵਾਹਿਗੁਰੂ ਦਿੰਦਾ ਹੈ ਹੋਰ ਕੋਈ ਨਹੀਂ॥ ੨੯॥

**ਇਹ ਅਜੋਗਤਾ ਕੀਨਸਿ ਜੋਇ। ਪਿਖਿ ਜਨਨੀ! ਨ ਚਿੰਤ ਕਰਿ ਕੋਇ।**
**ਹਤੇ ਦੇਵ ਨੇ ਸੋ ਇਸ ਕਾਲਾ, ਪਰਹਿ ਆਪਦਾ ਤਿਨਹਿ ਬਿਸਾਲਾ॥ ੩੦॥**

ਇਹ ਜੋ ਅਯੋਗਤਾ ਕੀਤੀ ਹੈ, ਹੇ ਮਾਤਾ ਜੀ! ਵੇਖੋ, ਇਸ ਬਾਰੇ ਕੋਈ ਚਿੰਤਾ ਨਾ ਕਰੋ। ਉਹ ਇਸ ਸਮੇਂ ਹੋਣੀ ਦੇ ਮਾਰੇ ਹੋਵੇ ਹਨ, ਉਨ੍ਹਾਂ ਨੂੰ ਬਹੁਤ ਵੱਡੀ ਬਿਪਤਾ ਪਵੇਗੀ॥ ੩੦॥

**ਹੁਇ ਅਧੀਨ ਸਭਿ ਤੇਰੇ ਆਇ। ਬ੍ਰੀੜਾ ਸਹਿਤ ਤ੍ਰਾਸ ਕੋ ਪਾਇ।**
**ਬਿਨ ਅਪਰਾਧ ਆਇ ਜੋ ਪਰੇ। ਧਨ ਹਿਤ ਪਾਪ ਕਰਤਿ ਨਹਿਂ ਡਰੇ। ੩੧॥**

ਉਹ ਅਧੀਨ ਹੋ ਕੇ ਤੁਹਾਡੇ ਪਾਸ ਆਉਣਗੇ ਤੇ ਸ਼ਰਮ ਸਹਿਤ ਬਹੁਤ ਡਰ ਪਾਉਣਗੇ। ਬਿਨਾਂ ਕਿਸੇ ਅਪਰਾਧ ਤੋਂ ਜਿਹੜੇ ਆ ਕੇ ਪਏ ਹਨ ਤੇ ਧਨ ਵਾਸਤੇ ਵੱਡਾ ਪਾਪ ਕਰਦੇ ਵੀ ਡਰੇ ਨਹੀਂ ਹਨ॥ ੩੧॥

**ਮੂਢ ਲੋਭ ਤੇ ਸੁਧਿ ਬੁਧਿ ਨਾਂਹੀ। ਬਹੁ ਦੁਰਾਤਮਾ ਸਾਸਨ ਪਾਹੀਂ।**
**ਅਰੁ ਜੋ ਤੋਹਿ ਮਨੋਰਥ ਮਾਤਾ! ਦੇ ਕਰਤਾਰ ਪ੍ਰਭੁ ਬੱਖਜਾਤਾ॥ ੩੨॥**

ਮੂਰਖ ਲੋਭ ਕਰਕੇ ਸੁੱਧ ਬੁੱਧ ਗਵਾ ਬੈਠੇ, ਇਸ ਦੁਸ਼ਟਤਾ ਕਰਕੇ ਬਹੁਤ ਸਜ਼ਾ ਪਾਉਣਗੇ। ਅਤੇ ਮਾਤਾ ਜੀ! ਜਿਹੜਾ ਤੁਹਾਡਾ ਮਨੋਰਥ ਹੈ, ਉਸ ਨੂੰ ਕਰਤਾਪੁਰਖ ਪ੍ਰਭੂ ਬਹੁਤ ਪ੍ਰਗਟ ਕਰੇਗਾ॥ ੩੨॥

**ਧੀਰਮੱਲ ਸੰਮਤ ਜੁ ਮਸੰਦ। ਇਹ ਅਪਰਾਧ ਅਜੋਗ ਬਿਲੰਦ।**
**ਲੋਭ ਲਗੇ ਕੀਨਸਿ ਤਿਨ ਐਸੇ। ਮਤਸ ਬਡਿਸ ਕਹੁ ਗ੍ਰਾਸਹਿ ਜੈਸੇ॥ ੩੩॥**

ਧੀਰਮੱਲ ਦਾ ਜਿਹੜਾ ਸਲਾਹਕਾਰ ਮਸੰਦ ਹੈ, ਇਹ ਅਯੋਗ ਵੱਡਾ ਅਪਰਾਧ ਉਸ ਨੇ ਕੀਤਾ ਹੈ। ਲੋਭ ਵਿਚ ਆ ਕੇ ਉਸ ਇਸ ਤਰ੍ਹਾਂ ਕੀਤਾ ਹੈ, ਉਸ ਨੂੰ ਇਸ ਤਰ੍ਹਾਂ ਫੜ ਲੈਣਗੇ ਜਿਵੇਂ ਵੱਡੀ ਮੱਛੀ ਕੁੰਡੀ ਨੂੰ ਨਿਗਲ ਕੇ ਫਸ ਜਾਂਦੀ ਹੈ॥ ੩੩।

**ਹਿੰਸਕ ਜਬਿ ਐਂਚੇ, ਹੁਇ ਬਾਹਰਾ ਅਧਿਕ ਦੁਖੀ ਮ੍ਰਿਤੁ ਪਾਵਹਿ ਜ਼ਾਹਰ।**
**ਜਯੋਂ ਬਟਪਾਰ ਧਨੀ ਮਗ ਜਾਤੇ। ਛੀਨਹਿਂ ਤਿਨਹਿਂ ਤ੍ਰਾਸ ਉਪਜਾਤੇ॥ ੩੪॥**

ਮੱਛੀ ਦਾ ਸ਼ਿਕਾਰੀ ਜਦ ਕੁੰਡੀ ਖਿੱਚਦਾ ਹੈ ਤਾਂ ਮੱਛੀ ਬਾਹਰ ਆ ਜਾਂਦੀ ਹੈ ਤੇ ਬਹੁਤ ਦੁਖੀ ਹੋ ਕੇ ਫਿਰ ਜ਼ਾਹਰਾ ਤੌਰ ਤੇ ਮ੍ਰਿਤੂ ਪ੍ਰਾਪਤ ਕਰਦੀ ਹੈ। ਜਿਵੇਂ ਲੁਟੇਰੇ ਧਨੀ ਦੇ ਘਰ ਵਲ ਜਾਂਦੇ ਹਨ ਤੇ ਉਸ ਨੂੰ ਡਰਾ ਕੇ ਸਾਰਾ ਧਨ ਖੋਹ ਲਿਆਉਂਦੇ ਹਨ॥ ੩੪॥

**ਨ੍ਰਿਪ ਕੀ ਸੈਨ ਆਨਿ ਪੁਨ ਪਰੈ। ਘੇਰ ਸਭਿਨਿ ਕੋ ਦ੍ਰਿਢ ਕਰਿ ਧਰੈ॥**
**ਲੇਹਿਂ ਦਰਬ ਅਰੁ ਆਯੁਧ ਹਰੈਂ। ਬੰਧਨ ਲਹੈਂ ਅਧਿਕ ਦੁਖ ਭਰੈਂ॥ ੩੫॥**

ਫਿਰ ਰਾਜੇ ਦੀ ਸੈਨਾ ਆ ਪੈਂਦੀ ਹੈ ਤੇ ਸਾਰਿਆਂ ਨੂੰ ਘੇਰ ਕੇ ਸਾਰਿਆਂ ਨੂੰ ਦ੍ਰਿੜ੍ਹਤਾ ਨਾਲ ਫੜ ਲੈਂਦੀ ਹੈ, ਧਨ ਖੋਹ ਲੈਂਦੀ ਹੈ ਤੇ ਹਥਿਆਰ ਫੜ ਲੈਂਦੀ ਹੈ। ਬੰਧਨਾਂ ਵਿਚ ਪੈ ਕੇ ਫਿਰ ਬਹੁਤ ਦੁਖ ਪਾਉਂਦੇ ਹਨ॥ ੩੫॥

**ਅਸ ਕੁਕਰਮ ਕਰਿ ਸੁਖ ਨਹਿਂ ਪਾਵੈ। ਅਪਜਸ ਸੰਚਹਿਂ ਉਰ ਪਛੁਤਾਵੈਂ।**
**ਅਬਿ ਤੂੰ ਛਿਮਾਕਰਹਿ ਭਲਿਮਾਨਿ। ਛਮੀ ਸਹਾਇ ਹੋਇ ਭਗਵਾਨ॥ ੩੬॥**

ਐਸਾ ਕੁਕਰਮ ਕਰਨ ਵਾਲੇ ਸੁਖ ਨਹੀਂ ਪਾਉਂਦੇ ਹਨ, ਬਹੁਤ ਬਦਨਾਮੀ ਕਰਵਾ ਕੇ ਫਿਰ ਪਛੁਤਾਉਂਦੇ ਹਨ। ਹੁਣ ਤੁਸੀਂ ਖਿਮਾ ਕਰਨਾ ਹੀ ਭਲੀ ਗੱਲ ਮੰਨੋ, ਖਿਮਾ ਕਰਨ ਵਾਲੇ ਦਾ ਭਗਵਾਨ ਸਹਾਇਕ ਹੁੰਦਾ ਹੈ ॥੩੬॥

ਬਹੁ ਅਪਮਾਨ ਰੁ ਮ੍ਰਿਤੁ ਕੋ ਪਾਵੈਂ। ਧਨ ਕੇ ਲੋਭ ਦੁਸ਼ਟ ਲਲਚਾਵੈਂ।
ਬਡੇ ਮਨੁਜ ਦੁਰਜੋਧਨ ਆਦਿ। ਲਗੇ ਲੋਭ ਤਜਾਗੀ ਮਿਰਜਾਦ॥ ੩੭॥

ਬਹੁਤ ਅਪਮਾਨਿਤ ਹੋ ਕੇ ਮੌਤ ਨੂੰ ਪ੍ਰਾਪਤ ਹੋਣਗੇ, ਧਨ ਦਾ ਲੋਭ ਕਰਕੇ ਦੁਸ਼ਟ ਲਾਲਚ ਵਿਚ ਆ ਗਏ ਹਨ। ਵੱਡੇ ਵੱਡੇ ਮਨੁੱਖਾਂ ਦਰਯੋਧਨ ਆਦਿ ਨੇ ਲੋਭ ਵਿਚ ਲੱਗ ਕੇ ਮਰਯਾਦਾ ਛੱਡ ਦਿੱਤੀ ਸੀ॥ ੩੭॥

ਸਭਿ ਹੀ ਅਪਦਾ ਪਾਵਤਿ ਰਹੇ। ਸੁਖ ਕੋ ਚਹਤਿ ਕਸ਼ਟ ਕੋ ਲਹੇ।
ਧੀਰਮੱਲ ਕੋ ਭਾਗ ਨ ਲੀਨਸਿ। ਹਮ ਨੇ ਕੁਛ ਲਾਲਚ ਨਹਿਂ ਕੀਨਸਿ॥ ੩੮॥

ਸਾਰੇ ਹੀ ਦੁਖ ਪਾਉਂਦੇ ਰਹੇ ਹਨ, ਸੁਖ ਨੂੰ ਚਾਹੁੰਦੇ ਸੀ, ਕਸ਼ਟ ਪ੍ਰਾਪਤ ਕਰਦੇ ਸਨ। ਅਸੀਂ ਧੀਰਮੱਲ ਪਾਸੋਂ ਕੋਈ ਹਿੱਸਾ ਨਹੀਂ ਲਿਆ ਹੈ। ਅਸੀਂ ਕਿਸੇ ਪ੍ਰਕਾਰ ਵੀ ਲਾਲਚ ਨਹੀਂ ਕੀਤਾ ਹੈ ॥ ੩੮॥

ਆਯੋ ਸਿੱਖਜ ਭਾਵਨੀ ਸਾਥ। ਅਰਪੀ ਵਸਤੁ ਜੋਰਿ ਜੁਗ ਹਾਥ।
ਨਹੀਂ ਹਕਾਰਨਿ ਡੇਰੇ ਗਏ। ਆਪਹਿ ਆਇ ਉਪਾਇਨ ਦਏ॥ ੩੯॥

ਸਿੱਖ ਆਪਣੇ-ਆਪ ਬੜੇ ਪਿਆਰ ਨਾਲ ਆਏ ਹਨ ਤੇ ਉਨ੍ਹਾਂ ਨੇ ਦੋਵੇਂ ਹੱਥ ਜੋੜ ਕੇ ਵਸਤਾਂ ਅਰਪਣ ਕੀਤੀਆਂ ਹਨ। ਅਸੀਂ ਉਨ੍ਹਾਂ ਦੇ ਡੇਰੇ ਵਿਖੇ ਬੁਲਾਉਣ ਨਹੀਂ ਗਏ ਹਾਂ, ਉਨ੍ਹਾਂ ਨੇ ਆਪੇ ਹੀ ਆ ਕੇ ਉਪਹਾਰ ਅਰਪਣ ਕੀਤੇ ਹਨ ॥ ੩੯॥

ਯਾਂਤੇ ਹਮਰੋ ਦੋਸ਼ ਨ ਕੋਈ। ਜਿਸ ਕੇ ਦਿਖਤਿ ਰੋਸ ਜੁਤਿ ਹੋਈ।
ਇਸ ਤੇ ਚਹੀਅਤਿ ਅਬਿ ਹੀ ਕਾਲ। ਹੋਹਿ ਅਨਾਦਰ ਕਸ਼ਟ ਬਿਸਾਲ' ॥੪੦॥

ਇਸ ਕਰਕੇ ਸਾਡਾ ਕੋਈ ਦੋਸ਼ ਨਹੀਂ ਹੈ, ਜਿਸ ਨੂੰ ਵੇਖ ਕੇ ਧੀਰਮੱਲ ਗੁੱਸੇ ਸਹਿਤ ਹੋਇਆ ਹੈ। ਇਸ ਕਰਕੇ ਅੱਜ ਜਾਂ ਕੱਲ੍ਹ ਇਸ ਦਾ ਵੱਡਾ ਅਨਾਦਰ ਹੋਣਾ ਚਾਹੀਦਾ ਹੈ ਤਾਂਕਿ ਇਹ ਬੁਰੀ ਤਰ੍ਹਾਂ ਦੁਖੀ ਹੋਵੇ' ॥ ੪੦॥

ਇਮ ਆਪਸ ਮਹਿਂ ਬਾਕ ਕਰੰਤੇ। ਪਰਮ ਦੁਖੀ ਜਨਨੀ ਜੁਤਿ ਚਿੰਤੇ।
ਕਿਤਿਕ ਸਿੱਖ ਤਹਿਂ ਦੇਖਨਿ ਕਰਜੋ। ਹਾਹਾਕਾਰ ਗ੍ਰਾਮ ਮਹਿਂ ਪਰਜੋ॥ ੪੧॥

ਗੁਰੂ ਜੀ ਅਤੇ ਉਨ੍ਹਾਂ ਦੇ ਮਾਤਾ ਜੀ ਇਸ ਤਰ੍ਹਾਂ ਆਪਸ ਵਿਚ ਗੱਲਾਂ ਕਰਦੇ ਸਨ। ਗੁਰੂ ਜੀ ਦੇ ਮਾਤਾ ਜੀ ਚਿੰਤਾ ਸਹਿਤ ਬਹੁਤ ਦੁਖੀ ਸਨ। ਕਈਆਂ ਸਿੱਖਾਂ ਨੇ ਓਥੇ ਵੇਖਿਆ ਸੀ, ਸਾਰੇ ਪਿੰਡ ਵਿਚ ਹਾਹਾਕਾਰ ਮਚੀ ਹੋਈ ਸੀ॥ ੪੧॥

'ਧੀਰਮੱਲ ਧਨ ਤੇ ਗਰਬਾਵਾ। ਕਰਤਿ ਆਪ ਹੀ ਗੁਰਤਾ ਦਾਵਾ।
ਜੇ ਕਰਿ ਕਰਾਮਾਤ ਮਹਿਂ ਪੂਰਾ। ਕਜੋਂ ਨਹਿਂ ਸਿੱਖਜ ਬੁਲਾਇ ਹਦੂਰਾ॥ ੪੨॥

ਨਗਰਵਾਸੀ ਕਹਿ ਰਹੇ ਸਨ, "ਧੀਰਮੱਲ ਧਨ ਕਰਕੇ ਵੱਡਾ ਹੰਕਾਰ ਕਰਦਾ ਹੈ, ਆਪ ਹੀ ਗੁਰਤਾ ਪਾਉਣ ਦਾ ਦਾਹਵਾ ਕਰਦਾ ਹੈ। ਜੇ ਕਰਾਮਾਤ ਵਿਚ ਪੂਰਾ ਹੈ, ਕਿਉਂ ਨਹੀਂ ਮੱਖਣ ਸ਼ਾਹ ਸਿੱਖ ਨੂੰ ਆਪਣੀ ਹਜ਼ੂਰੀ ਵਿਚ ਬੁਲਾਇਆ॥੪੨॥

ਮਨ ਖੈਂਚਹਿ ਅਪਨੇ ਮਹਿਂ ਲਾਵਹਿ। ਜਿਸ ਤੇ ਸਭਿ ਹੀ ਭੇਟ ਚਢਾਵਹਿਂ।
ਇਹ ਅਜੋਗਤਾ ਕੀਨਿ ਬਿਸਾਲਾ। ਪਰ ਘਰ ਮਹਿਂ ਬਰਿ ਧਰੀ ਕੁਚਾਲਾ॥ ੪੩॥

ਸਿੱਖ ਦਾ ਮਨ ਖਿੱਚ ਕੇ ਆਪਣੇ ਨਾਲ ਲਾਵੇ, ਜਿਸ ਨਾਲ ਉਹ ਆ ਕੇ ਸਾਰੀ ਹੀ ਭੇਟ ਚੜ੍ਹਾਵੇ। ਇਸ ਨੇ ਇਹ ਵੱਡੀ

ਅਯੋਗਤਾ ਕੀਤੀ ਹੈ। ਪਰਾਏ ਘਰ ਵਿਚ ਦਾਖਲ ਹੋ ਕੇ ਵੱਡੀ ਦੁਸ਼ਟਤਾ ਧਾਰਨ ਕੀਤੀ ਹੈ॥ ੪੩॥

ਸਗਰੀ ਵਸਤੁ ਲੂਟਿ ਕਰਿ ਲੀਨਿ। ਕਿਨਹੂੰ ਨਾਂਹਿਨ ਬਰਜਨਿ ਕੀਨਿ।
ਇਮ ਜੇ ਹੋਇ, ਨਿਬਲ ਰਹਿਂ ਨਾਂਹੀ। ਸਬਲ ਸੰਘਾਰਹਿਂ ਛੀਨ ਲਿਜਾਹੀਂ ॥੪੪॥

ਸਾਰੀਆਂ ਵਸਤਾਂ ਲੁੱਟ ਕੇ ਲੈ ਗਏ ਹਨ, ਕਿਸੇ ਨੇ ਵੀ ਉਨ੍ਹਾਂ ਨੂੰ ਰੋਕਿਆ ਨਹੀਂ ਹੈ। ਜੇ ਇਸ ਤਰ੍ਹਾਂ ਚਲਦੀ ਰਹੇਗੀ ਤਾਂ ਬਲਵਾਨ ਮਾਰ ਕੇ ਖੋਹ ਕੇ ਲੈ ਜਾਇਆ ਕਰਨਗੇ॥ ੪੪॥

ਇਮ ਕਹਿਤੇ ਕੇਤਿਕ ਮਿਲਿ ਗਏ। ਸਿੱਖਜ ਸਸ਼ੋਕ ਦੁਖਿਤ ਮਨ ਭਏ।
ਨਹਿਂ ਅਜੋਗਤਾ ਸਕਹਿਂ ਸਹਾਰੀ। 'ਕਰੀ ਕੁਕ੍ਰਿੱਤ ਧੀਰਮਲ ਭਾਰੀ॥ ੪੫॥

ਇਸ ਤਰ੍ਹਾਂ ਕਹਿੰਦੇ ਕਈ ਮਿਲ ਕੇ ਇਕੱਠੇ ਹੋਏ, ਸਾਰੇ ਸਿੱਖ ਵੱਡੇ ਸ਼ੋਕ ਸਹਿਤ ਸਨ ਤੇ ਉਨ੍ਹਾਂ ਦੇ ਮਨ ਬਹੁਤ ਦੁਖੀ ਸਨ। ਉਨ੍ਹਾਂ ਪਾਸੋਂ ਅਯੋਗਤਾ ਸਹਾਰੀ ਨਹੀਂ ਸੀ ਜਾਂਦੀ। ਕਹਿੰਦੇ ਸਨ, "ਧੀਰਮੱਲ ਨੇ ਵੱਡਾ ਕੁਕਰਮ ਕੀਤਾ ਹੈ॥ ੪੫॥

ਕਜਾ ਹਮ ਕਰਹਿਂ ਸਮਰਥ ਬਿਹੀਨ। ਗੁਰੁ ਅਵੱਗਜਾ ਦੇਖਨਿ ਕੀਨਿ।
ਤਿਹ ਸਮੀਪ ਮਾਨਵ ਸਮੁਦਾਇ। ਧੀਰਮੱਲਜ ਹਮ ਬਸਿ ਨਹਿਂ ਆਇ॥੪੬॥

ਅਸੀ ਸਮਰਥਾਹੀਣ ਹੁਣ ਕੀ ਕਰੀਏ, ਗੁਰੂ ਜੀ ਦੀ ਏਨੀ ਅਵੱਗਿਆ ਹੋਈ ਵੇਖੀ ਹੈ। ਉਸ ਦੇ ਪਾਸ ਬਹੁਤ ਮਨੁੱਖ ਹਨ, ਧੀਰਮੱਲ ਸਾਡੇ ਵੱਸ ਵਿਚ ਨਹੀਂ ਆਵੇਗਾ॥੪੬॥

ਮੱਖਣ ਸਾਥ ਪੰਚ ਸੈ ਨਰ ਹੈਂ। ਸੋ ਜੇ ਕਰਹਿ ਮਨੋਰਥ ਉਰ ਹੈ।
ਸੋ ਪਲਟਾ ਨਿਜ ਗੁਰ ਕੋ ਲੇਹਿ। ਜਥਾ ਗਰਬ ਕੋ ਫਲ ਤਿਸ ਦੇਹਿ ॥ ੪੭॥

ਮੱਖਣ ਸ਼ਾਹ ਦੇ ਨਾਲ ਪੰਜ ਸੌ ਮਨੁੱਖ ਹੈ, ਇਸ ਕਰਕੇ ਜੇ ਉਹ ਹਿਰਦੇ ਵਿਚ ਅਜਿਹਾ ਮਨੋਰਥ ਧਾਰਨ ਕਰੇ ਤਾਂ ਉਹ ਗੁਰੂ ਘਰ ਦਾ ਬਦਲਾ ਲੈ ਸਕਦਾ ਹੈ, ਜਿਵੇਂ ਮੱਖਣ ਸ਼ਾਹ ਹੰਕਾਰਿਆ ਹੈ, ਉਸ ਦੇ ਹੰਕਾਰ ਦਾ ਫਲ ਉਸ ਨੂੰ ਦੇ ਸਕਦਾ ਹੈ"॥੪੭॥

ਇਮ ਮਸਲਤ ਕਰਿ ਦ੍ਵੈ ਸਿਖ ਦੌਰੇ। ਹੁਤੇ ਵਹਿਰ ਉਤਰਜੋ ਜਸ ਠੌਰੇ।
ਜਾਇ ਤਹਾਂ ਸੁਧਿ ਸਕਲ ਬਤਾਈ। ਜਥਾ ਧੀਰਮੱਲ ਕਿਯ ਜਬਰਾਈ॥ ੪੮॥

ਇਸ ਤਰ੍ਹਾਂ ਸਲਾਹ ਕਰਕੇ ਦੋ ਸਿੱਖ ਦੌੜ ਪਏ, ਜਿੱਥੇ ਬਾਹਰ ਮੱਖਣ ਸ਼ਾਹ ਨੇ ਉਤਾਰਾ ਕੀਤਾ ਸੀ ਓਥੇ ਜਾ ਕੇ ਮੱਖਣ ਸ਼ਾਹ ਨੂੰ ਸਾਰੀ ਖ਼ਬਰ ਸੁਣਾਈ, ਜਿਵੇਂ ਧੀਰਮੱਲ ਨੇ ਜ਼ਬਰਦਸਤੀ ਕੀਤੀ ਸੀ॥ ੪੮॥

*ਗਿਆਰ੍ਹਵੀਂ ਰਾਸ ਦਾ ਚੌਦੁਵਾਂ ਅਧਿਆਇ ਸਮਾਪਤ ਹੋਇਆ॥੧੪॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਪੰਦਰ੍ਹਵਾਂ

*ਮੱਖਣ ਸ਼ਾਹ ਦਾ ਕ੍ਰੋਧ*

*ਦੋਹਰਾ*-ਪੌਢਜੋ ਹੁਤੋ ਪ੍ਰਯੰਕ ਪਰ ਮੱਖਣ ਸਿੱਖਜ ਬਿਸਾਲ।
ਊਚੇ ਬਾਕ ਪੁਕਾਰਤੇ ਪਹੁੰਚੇ ਸੋ ਤਤਕਾਲ॥ ੧॥

ਗੁਰੂ ਜੀ ਦਾ ਮਹਾਨ ਸਿੱਖ ਮੱਖਣ ਸ਼ਾਹ ਪਲੰਘ ਉਤੇ ਲੰਮਾ ਪਿਆ ਸੀ, ਕੁਝ ਸੇਵਕ ਉੱਚੀ-ਉੱਚੀ ਪੁਕਾਰਦੇ ਤੁਰਤ ਉਸ ਪਾਸ ਪਹੁੰਚੇ॥੧॥

*ਚੌਪਈ*-'ਮੱਖਣਸ਼ਾਹ! ਪਰੇ ਹੋ ਕਹਾਂ। ਭਯੋ ਬਿਘਨ ਸਤਿਗੁਰ ਘਰ ਮਹਾਂ।
ਜੋ ਤੈਂ ਦਰਬ ਜਾਇ ਅਰਪਾਵਾ। ਅਰੁ ਸਿੱਖਜਨਿ ਕੋ ਜਿਤਿਕ ਚਢਾਵਾ॥੨॥

ਹੇ ਮੱਖਣ ਸ਼ਾਹ! ਕਿੱਥੇ ਪਦੇ ਹੋ? ਸਤਿਗੁਰੂ ਜੀ ਦੇ ਘਰ ਵੱਡਾ ਵਿਘਨ ਪੈ ਗਿਆ ਹੈ, ਜੋ ਤੂੰ ਧਨ ਜਾ ਕੇ ਅਰਪਣ ਕੀਤਾ ਸੀ ਅਤੇ ਸਿੱਖਾਂ ਦਾ ਜਿੰਨਾ ਚੜ੍ਹਾਵਾ ਸੀ॥੨॥

ਧੀਰਮੱਲਜ ਸੁਨਿ ਕੈ ਅਨਖਾਯੋ। ਕਰਤਿ ਅਸੂਯਾ ਲੋਭ ਬਧਾਯੋ।
ਸੰਗ ਮਸੰਦ ਕਿਤਿਕ ਦੇ ਸੂਰ। ਪਠਿ ਦੀਨੇ ਕਰਿ ਰਿਦੈ ਗ਼ਰੂਰ॥ ੩॥

ਧੀਰਮੱਲ ਸੁਣ ਕੇ ਬੜੇ ਗੁੱਸੇ ਵਿਚ ਆ ਗਿਆ, ਈਰਖਾ ਕਰਕੇ ਉਸ ਬੜਾ ਲੋਭ ਵਧਾਇਆ। ਮਸੰਦ ਦੇ ਨਾਲ ਕਈ ਸੂਰਬੀਰ ਹਿਰਦੇ ਵਿਚ ਵੱਡਾ ਘੁਮੰਡ ਧਾਰ ਕੇ ਭੇਜ ਦਿੱਤੇ॥੩॥

ਸੋ ਚਲਿ ਆਇ ਕੁਕਰਮ ਕਮਾਵਾ। ਸਨਮੁਖ ਸਤਿਗੁਰ ਤੁਪਕ ਚਲਾਵਾ।
ਛੁਇ ਲਿਲਾਰ ਗਿਰ ਪਰੀ ਅਗਾਰੀ। ਨਿਜ ਅਜ਼ਮਤ ਕਰਿ ਬਚੇ, ਬਿਚਾਰੀ॥੪॥

ਉਹ ਚਲ ਕੇ ਆ ਗਏ ਤੇ ਉਨ੍ਹਾਂ ਵੱਡਾ ਕੁਕਰਮ ਕਮਾਇਆ ਹੈ। ਗੁਰੂ ਜੀ ਦੇ ਸਾਹਮਣੇ ਬੰਦੂਕ ਚਲਾਈ, ਗੋਲੀ ਮੱਥੇ ਨੂੰ ਛੂਹ ਕੇ ਅੱਗੇ ਜਾ ਡਿੱਗੀ। ਅਸੀਂ ਵਿਚਾਰ ਕੀਤੀ ਹੈ ਕਿ ਆਪਣੀ ਕਰਾਮਾਤ ਕਰਕੇ ਬੱਚ ਗਏ ਹਨ॥੪॥

ਤੁਮ ਜੋ ਦਰਬ ਦੀਨਿ ਸੋ ਲੀਨਾ। ਅਪਰ ਸਮਾਜ ਖਸੋਟਨਿ ਕੀਨਾ।
ਬਾਸਨ ਹੁਤੇ ਰਸੋਈ ਕੇਰੇ। ਇੱਤਜਾਦਿਕ ਲੇ ਵਸਤੁ ਘਨੇਰੇ॥ ੫॥

ਤੁਸੀਂ ਜਿਹੜਾ ਧਨ ਦਿੱਤਾ ਸੀ, ਖੋਹ ਲਿਆ ਹੈ, ਘਰ ਦਾ ਹੋਰ ਸਾਜ਼-ਸਾਮਾਨ ਵੀ ਲੈ ਗਏ ਹਨ। ਜਿਹੜੇ ਰਸੋਈ ਦੇ ਬਰਤਨ ਵੀ ਸੀ, ਇਤਿਆਦਿ ਸਾਰੀਆਂ ਵਸਤਾਂ ਲੈ ਗਏ ਹਨ॥੫॥

ਕਰਿ ਅਪਮਾਨ ਬਾਕ ਦੁਰ ਕਹੇ। ਨਹੀਂ ਤ੍ਰਾਸ ਦੂਸਰ ਕੋ ਲਹੇ।
ਮਨ ਭਾਵਤਿ ਕਰਿ ਕੈ ਸਭਿ ਬਾਤ। ਚਹਿਤਿ ਹੁਤੇ ਸਤਿਗੁਰ ਕੋ ਘਾਤ॥੬॥

ਗੁਰੂ ਜੀ ਦਾ ਬਹੁਤ ਦੁਰਵਾਕ ਕਹਿ ਕੇ ਅਪਮਾਨ ਕੀਤਾ ਹੈ। ਦੂਸਰੇ ਕਿਸੇ ਦਾ ਡਰ ਨਹੀਂ ਮੰਨਿਆ ਹੈ। ਮਨ-ਭਾਉਂਦੀ ਸਾਰੀ ਗੱਲ ਕਰਕੇ, ਗੁਰੂ ਜੀ ਨੂੰ ਮਾਰਨਾ ਚਾਹੁੰਦੇ ਸਨ॥੬॥

ਹੋਤੀ ਨਿਕਟਿ ਨ ਜੇ ਤਿਨ ਮਾਤ। ਜਿਯਤਿ ਨ ਰਹਨਿ ਦੇਤਿ ਕਿਸ ਭਾਂਤਿ।
ਤਰਜਿ ਤਰਜਿ ਕਰਿ ਬਰਜਿ ਹਟਾਏ। ਕੌਨ ਅਹੋ ਤੁਮ ਕਿਤ ਤੇ ਆਏ?॥੭॥

ਜੇ ਉਨ੍ਹਾਂ ਦੇ ਮਾਤਾ ਜੀ ਪਾਸ ਨਾ ਹੁੰਦੇ ਤਾਂ ਕਿਸੇ ਪ੍ਰਕਾਰ ਵੀ ਜੀਉਂਦਾ ਨਾ ਰਹਿਣ ਦਿੰਦੇ। ਉਨ੍ਹਾਂ ਨੇ ਝਿੜਕ ਝਿੜਕ ਵਰਜ ਕੇ ਹਟਾਏ, ਕੌਣ ਹੋ ਤੁਸੀਂ ਕਿਥੋਂ ਆਏ ਹੋ ? ॥੭॥

ਸ੍ਰੀ ਗੁਰ ਹਰਿਗੋਵਿੰਦ ਕੀ ਦਾਰਾ। ਦੀਰਘ ਦਰਸ਼ਨ ਤੇਜ ਉਦਾਰਾ।
ਰੱਛਜਾ ਸੁਤ ਕੀ ਸਭਿ ਬਿਧਿ ਕਰੀ। ਜਬਿ ਲੌ ਢਿਗ, ਤਬਿ ਲੌ ਤਹਿਂ ਖਰੀ ॥ ੮ ॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਜਿਨ੍ਹਾਂ ਦਾ ਲੰਮਾ ਸਰੀਰ ਤੇ ਵੱਡਾ ਤੇਜ ਸੀ, ਦੀ ਪਤਨੀ ਨੇ ਆਪਣੇ ਪੁੱਤਰ ਦੀ ਹਰ ਪ੍ਰਕਾਰ ਰੱਖਿਆ ਕੀਤੀ ਹੈ, ਜਦ ਤਕ ਉਹ ਦੁਸ਼ਟ ਓਥੇ ਰਹੇ, ਤਦ ਤਕ ਉਹ ਪੁੱਤਰ ਦੇ ਪਾਸ ਖੜੇ ਰਹੇ॥੮॥

ਸਭਿ ਵਸਤੂ ਲੇ, ਕਰਿ ਅਪਮਾਨਾ। ਗਏ ਨ੍ਰਿਭੈ ਹੁਇ ਅਪਨੇ ਥਾਨਾ।
ਸ੍ਰੀ ਗੁਰ ਤੇਗ ਬਹਾਦਰ ਧੀਰ। ਤੁਝ ਤੇ ਆਗੇ ਸਦਾ ਗੰਭੀਰ॥ ੯॥

ਸਭ ਵਸਤਾਂ ਲੈ ਕੇ, ਅਪਮਾਨ ਕਰਕੇ ਨਿਰਭੈ ਹੋ ਕੇ ਆਪਣੇ ਸਥਾਨ ਤੇ ਚਲੇ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਧੀਰਜਵਾਨ ਹਨ, ਉਹ ਸਦਾ ਹੀ ਗੰਭੀਰ ਰਹਿੰਦੇ ਹਨ॥੯॥

ਨਹੀਂ ਅਵੱਗਜਾ ਕਾਹੂੰ ਕੀਨਸਿ। ਪਤਿ ਸਮੇਤ ਨਿਜ ਘਰ ਸੁਖ ਭੀਨਸਿ।
ਤੈਂ ਅਬਿ ਆਇ ਗੁਰੂ ਬਿਦਤਾਵਾ। ਅਧਿਕ ਦਰਬ ਅਰਪਯੋ ਅਰਪਾਵਾ ॥੧੦ ॥

ਕੋਈ ਵੀ ਅਵੱਗਿਆ ਨਹੀਂ ਕੀਤੀ ਹੈ, ਇੱਜ਼ਤ ਨਾਲ ਆਪਣੇ ਘਰ ਵਿਚ ਸੁਖ ਵਿਚ ਭਿੱਜੇ ਰਹਿੰਦੇ ਹਨ। ਤੁਸੀਂ ਹੁਣ ਆ ਕੇ ਗੁਰੂ ਜੀ ਨੂੰ ਪ੍ਰਗਟ ਕੀਤਾ ਹੈ, ਬਹੁਤ ਧਨ ਦਿੱਤਾ ਅਤੇ ਦਿਵਾਇਆ ਹੈ॥੧੦॥

ਯਾਂਤੇ ਬਿਘਨ ਭਏ ਸਮੁਦਾਇ। ਜੋ ਅਬਿ ਤੁਝ ਕੋ ਦਏ ਸੁਨਾਇ।
ਕਾਰਨ ਕਸ਼ਟ ਦੇਨਿ ਕੋ ਹੋਵਾ। ਭਲੋ ਆਇ ਗੁਰ ਦਰਸ਼ਨ ਜੋਵਾ ॥ ੧੧ ॥

ਇਸ ਕਰਕੇ ਬਹੁਤ ਵਿਘਨ ਪਏ ਹਨ, ਜੋ ਤੁਹਾਨੂੰ ਹੁਣ ਸੁਣਾ ਦਿੱਤੇ ਹਨ। ਕਸ਼ਟ ਦੇਣ ਦਾ ਇਹੋ ਕਾਰਨ ਹੈ ਕਿ ਜਿਹੜੇ ਗੁਰੂ ਜੀ ਦੇ ਆ ਕੇ ਭਲੇ ਦਰਸ਼ਨ ਕੀਤੇ ਹਨ'' ॥੧੧॥

ਸੁਨਿ ਮੱਖਣ ਕੇ ਭਯੋ ਬਿਖਾਦ। ਹਤਿ ਹੋਵਤਿ ਭਾ ਉਰ ਅਹਿਲਾਦ।
ਕਿਸ ਕੋ ਗਹਯੋ ਧੀਰਮਲ ਓਟਾ। ਕੀਨਸਿ ਕਰਮ ਜਾਂਹਿ ਅਸ ਖੋਟਾ॥ ੧੨ ॥

ਇਹ ਸੁਣ ਕੇ ਮੱਖਣ ਸ਼ਾਹ ਨੂੰ ਬੜਾ ਦੁੱਖ ਹੋਇਆ, ਜੇ ਗੁਰੂ ਜੀ ਨੂੰ ਮਾਰ ਜਾਂਦੇ, ਇਹ ਸੋਚ ਕੇ ਦਿਲ ਬਹੁਤ ਉਦਾਸ ਹੋ ਗਿਆ। ਧੀਰ ਮੱਲ ਨੇ ਕਿਸ ਦਾ ਆਸਰਾ ਫੜਿਆ ਹੈ, ਜਿਸ ਨੇ ਅਜਿਹਾ ਖੋਟਾ ਕਰਮ ਕੀਤਾ ਹੈ॥੧੨॥

ਧਰਿ ਮੂਰਖਤਾ ਕਿਨੈ ਨ ਹੋਟਾ। ਪਰਹਿ ਅਬਹਿ ਜਿਸ ਕੇ ਘਰ ਟੋਟਾ।
ਇਹਾਂ ਦੇਸ਼ ਕਿਮ ਬਸਿ ਹੈਂ ਬਾਸ। ਛੀਨਹਿਂ ਨਿਬਲਨਿ ਸਬਲ ਹੁਲਾਸ॥੧੩॥

ਏਨੀ ਮੂਰਖਤਾ ਧਾਰਨ ਕੀਤੀ ਹੈ, ਕਿਸੇ ਵੀ ਰੋਕਿਆ ਨਹੀਂ ਹੈ, ਜਿਸ ਦੇ ਘਰ ਵਿਚ ਹੁਣ ਘਾਟਾ ਪੈ ਜਾਵੇਗਾ। ਇਸ ਦੇਸ਼ ਵਿਚ ਲੋਕ ਘਰਾਂ ਵਿਚ ਕਿਵੇਂ ਵੱਸਣਗੇ, ਬਲਵਾਨ ਜੋ ਨਿਰਬਲਾਂ ਨੂੰ ਖ਼ੁਸ਼ੀ ਨਾਲ ਲੁੱਟ ਲੈਣਗੇ॥੧੩॥

ਮਮ ਸਤਿਗੁਰ ਤੌ ਨਿਰਬਲ ਨਾਂਹੀ। ਚਿਤ ਕਰਿ ਜਿਸ ਕੇ ਹੁਇਂ ਪਖ ਮਾਂਹੀ।
ਸਗਰੀ ਅਵਨੀ ਕੋ ਪਤਿ ਹੌਨ। ਇਸ ਜੈਸੇ ਕੀ ਗਿਨਤੀ ਕੌਨ॥ ੧੪॥

ਫਿਰ ਵੀ ਮੇਰਾ ਸਤਿਗੁਰੂ ਨਿਰਬਲ ਨਹੀਂ ਹੈ, ਚਿੱਤ ਕਰਕੇ ਜਿਸ ਦੇ ਵੀ ਪੱਖ ਵਿਚ ਹੋ ਜਾਣ। ਉਹ ਸਾਰੀ ਧਰਤੀ ਦੇ ਮਾਲਕ ਹਨ, ਇਸ ਵਰਗਾ ਕਿਸ ਗਿਣਤੀ ਵਿਚ ਆਉਂਦਾ ਹੈ॥੧੪॥

ਤੱਦਪਿ ਮਹਿਮਾਂ ਸਤਿਗੁਰ ਗਰਵੀ। ਹੋਵਤਿ ਓਜ ਅਵੱਗਜਾ ਜਰਵੀ।
ਨਹੀਂ ਜਨਾਯੋ ਅਪਨੋ ਆਪ। ਜਿਨ ਮਹਿਂ ਸਮਰਥ ਮਹਿਦ ਪ੍ਰਤਾਪ॥ ੧੫॥

ਤਦ ਵੀ ਸਤਿਗੁਰੂ ਜੀ ਦੀ ਮਹਿਮਾ ਭਾਰੀ ਹੈ, ਸ਼ਕਤੀ ਹੁੰਦਿਆਂ ਵੀ ਅਵੱਗਿਆ ਸਹਿ ਲਈ ਹੈ। ਆਪਣੇ ਆਪ ਨੂੰ ਨਹੀਂ ਜਣਾਇਆ ਹੈ, ਜਿਨ੍ਹਾਂ ਵਿਚ ਵੱਡੀ ਸਮਰੱਥਾ ਹੈ ਤੇ ਜਿਨ੍ਹਾਂ ਦਾ ਮਹਾਨ ਪ੍ਰਤਾਪ ਹੈ॥੧੫॥

ਤੀਨ ਲੋਕ ਮਹਿਂ ਕੋਇ ਨ ਐਸੇ। ਸਮਤਾ ਧਰਹਿਂ ਗੁਰੂ ਚਿਤ ਜੈਸੇ।
ਸਭਿ ਤੇ ਮਹਿਮਾ ਇਹ ਅਧਿਕਾਈ। ਅਜਰ ਜਰਨ ਜੋ ਰਿਦੈ ਬਸਾਈ॥ ੧੬॥

ਤਿੰਨਾਂ ਲੋਕਾਂ ਵਿਚ ਕੋਈ ਵੀ ਐਸਾ ਨਹੀਂ ਹੈ, ਜਿਹੜਾ ਗੁਰੂ ਜੀ ਦੇ ਚਿੱਤ ਵਰਗੀ ਬਰਾਬਰੀ ਕਰ ਸਕੇ। ਉਨ੍ਹਾਂ ਦੀ ਮਹਿਮਾ ਸਭ ਤੋਂ ਜ਼ਿਆਦਾ ਹੈ, ਨਾ ਜਰੇ ਜਾਣ ਨੂੰ ਵੀ ਜਰਨਾ, ਜਿਨ੍ਹਾਂ ਨੇ ਹਿਰਦੇ ਵਿਚ ਵਸਾਇਆ ਹੈ॥੧੬॥

ਅਸ ਨਰ ਕੌਨ ਅਹੈ ਜਗ ਮਾਂਹੀ। ਹ੍ਵੈ ਅਤਿ ਬਲੀ, ਜਨਾਵਹਿ ਨਾਂਹੀ।
ਇਕ ਸਤਿਗੁਰ ਬਿਨ ਅਪਰ ਨ ਬੀਓ। ਅਪਨਿ ਹਾਨਿ ਕੋ ਕੋ ਚਹਿ ਕੀਓ ?॥੧੭॥

ਜਗ ਵਿਚ ਅਜਿਹਾ ਕੌਣ ਮਨੁੱਖ ਹੈ, ਜਿਹੜਾ ਅਤਿ ਬਲੀ ਹੋਵੇ ਤੇ ਫਿਰ ਆਪਣੇ ਬਲ ਨੂੰ ਜਤਾਵੇ ਨਹੀਂ। ਇਕ ਸਤਿਗੁਰੂ ਬਗੈਰ ਹੋਰ ਦੂਸਰਾ ਕੋਈ ਨਹੀਂ ਹੈ, ਆਪਣੀ ਹਾਨੀ ਨੂੰ ਕੀ ਚਾਹ ਕੇ ਕਰਵਾਇਆ ਹੈ ?॥੧੭॥

ਅਬਿ ਜੋ ਬਿਘਨ ਗੁਰੁ ਘਰ ਹੋਵਾ। ਸਰਬ ਦੋਸ਼ ਮੈਂ ਅਪਨੋ ਜੋਵਾ।
ਸੋ ਤੌ ਰਹੇ ਹਟਾਇ ਬਧੇਰੇ। ਮੈਂ ਬਿਦਤਾਏ ਸਭਿ ਪ੍ਰਤਿ ਟੇਰੇ॥ ੧੮॥

ਹੁਣ ਜਿਹੜਾ ਵਿਘਨ ਗੁਰੂ ਘਰ ਵਿਚ ਹੋਇਆ ਹੈ, ਇਹ ਸਾਰਾ ਦੋਸ਼ ਮੈਂ ਆਪਣਾ ਸਮਝਦਾ ਹਾਂ, ਉਹ ਤਾਂ ਮੈਨੂੰ ਬਹੁਤ ਰੋਕਦੇ ਰਹੇ ਸਨ, ਮੈਂ ਸਾਰਿਆਂ ਦੇ ਵਿਚ ਉਨ੍ਹਾਂ ਨੂੰ ਪ੍ਰਗਟ ਕਰ ਦਿੱਤਾ॥੧੮॥

ਜੇ ਅਸ ਬਿਘਨ ਬਿਨਾਸੋਂ ਨਾਂਹੀ। ਮਹਾਂ ਦੋਸ਼ ਫਲ ਹ੍ਵੈ ਮੁਝ ਮਾਂਹੀ।
ਨਿਜ ਬਲ ਤੇ ਮੈਂ ਸਕੋਂ ਸੁਧਾਰੀ। ਜੇ ਬਲਵਾਨ ਮੋਹਿ ਕੋ ਮਾਰੀ॥ ੧੯॥

ਜੇ ਮੈਂ ਹੁਣ ਐਸੇ ਵਿਘਨ ਨੂੰ ਦੂਰ ਨਹੀਂ ਕਰਾਂਗਾ, ਤਾਂ ਮੈਨੂੰ ਮਹਾਂ ਦੋਸ਼ ਦਾ ਫਲ ਮਿਲੇਗਾ। ਮੈਂ ਆਪਣੀ ਸ਼ਕਤੀ ਨਾਲ ਇਸ ਨੂੰ ਸੁਧਾਰ ਸਕਦਾ ਹਾਂ। ਜੇ ਬਲਵਾਨ ਮੈਨੂੰ ਮਾਰੇਗਾ॥੧੯॥

ਮ੍ਰਿਤੂ ਹੋਇ ਕਿਰਤਾਰਥ ਜਾਨੋਂ। ਅਬਿ ਮੈਂ ਜੀਵਨ ਸਫਲ ਨ ਮਾਨੋਂ'।
ਇਮ ਬिਚਾਰ ਕਰਿ ਆਇਸੁ ਦੀਨਿ। 'ਸੁਭਟਹੁ ਸੁਨਹੁਂ, ਬਿਲਮ ਕਯੋਂ ਕੀਨਿ॥੨੦॥

ਤਾਂ ਮੈਂ ਆਪਣੀ ਮੌਤ ਹੋਣ ਤੇ ਕਿਰਤਾਰਥ ਜਾਣਾਂਗਾ, ਹੁਣ ਮੈਂ ਆਪਣਾ ਜੀਵਨ ਸਫਲ ਨਹੀਂ ਮੰਨਦਾ ਹਾਂ।' ਇਸ ਤਰ੍ਹਾਂ ਵਿਚਾਰ ਕੇ ਉਸ ਆਪਣੇ ਸੂਰਮਿਆਂ ਨੂੰ ਹੁਕਮ ਕੀਤਾ, "ਹੇ ਮੇਰੇ ਸੂਰਬੀਰੋ ! ਸੁਣੋ, ਤੁਸੀਂ ਏਨੀ ਦੇਰੀ ਕਿਉਂ ਲਾਈ ਹੈ॥੨੦॥

ਜਿਸ ਕਾਰਨ ਹਮ ਮਗ ਚਲਿ ਆਏ। ਕਈ ਕੋਸ ਲੌ ਸੰਕਟ ਪਾਏ।
ਸੋ ਕਾਰਜ ਬਿਗਰਤਿ ਅਬਿ ਜਾਤੇ। ਗਹਹੁ ਸ਼ਸਤ੍ਰ ਤੀਛਨ ਰਿਪੁ ਘਾਤੋ॥ ੨੧॥

ਜਿਸ ਕਾਰਨ ਅਸੀਂ ਏਨਾ ਪੈਂਡਾ ਚਲ ਕੇ ਆਏ ਹਾਂ ਤੇ ਕਈ ਕੋਹਾਂ ਚਲ ਕੇ ਸੰਕਟ ਪਾਇਆ ਹੈ, ਉਹ ਕਾਰਜ ਹੁਣ ਵਿਗੜਦਾ ਜਾਂਦਾ ਹੈ। ਤਿੱਖੇ ਸ਼ਸਤਰਾਂ ਨੂੰ ਫੜੋ ਤੇ ਵੈਰੀ ਨੂੰ ਮਾਰ ਦੇਵੋ॥੨੧॥

ਜੇ ਮੁਝ ਸੋਂ ਕੋ ਕਰਹਿ ਲਰਾਈ। ਆਯੁਧ ਹਤਹੁ ਬਿਜੈ ਲਿਹੁ ਪਾਈ।
ਧਰਮ ਹੇਤੁ ਕਰਿ ਜੇ ਮ੍ਰਿਤੁ ਪਾਵਹੁ। ਸੁਰਗ ਨਿਸੰਸੇ ਸੁਖ ਸੋਂ ਜਾਵਹੁ'॥ ੨੨॥

ਜਿਹੜਾ ਮੇਰੇ ਨਾਲ ਲੜਾਈ ਕਰੇ, ਹਥਿਆਰ ਮਾਰ ਕੇ ਵਿਜੇ ਪ੍ਰਾਪਤ ਕਰੋ। ਧਰਮ ਵਾਸਤੇ ਜੇ ਮ੍ਰਿਤੂ ਪਾਵੇ ਤਾਂ ਕਿਸੇ ਸ਼ੱਕ ਦੇ ਬਗੈਰ ਸਵਰਗਾਂ ਵਿਚ ਜਾ ਕੇ ਸੁੱਖ ਪਾਵੋਂਗੇ" ॥੨੨॥

ਤੂਰਨ ਕਰੇ ਤਯਾਰ ਨਰ ਸਾਰੇ। ਚਲਯੋ ਆਪ ਉਦਬੇਗਹਿ ਧਾਰੇ।
ਸਿਪਰ ਖੜਗ ਨਿਜ ਕਰ ਮਹਿਂ ਲੀਨਸਿ। ਗੁਰੂ ਅਵੱਗਯਾ ਤੇ ਰਿਸ ਭੀਨਸਿ ॥੨੩॥

ਤੁਰਤ ਸਾਰੇ ਮਨੁੱਖ ਤਿਆਰ ਕੀਤੇ ਤੇ ਆਪ ਛੇਤੀ ਨਾਲ ਬੜਾ ਜੋਸ਼ ਧਾਰ ਕੇ ਚਲ ਪਿਆ। ਬਰਛੀ ਤੇ ਕਿਰਪਾਨ ਆਪਣੇ ਹੱਥ ਵਿਚ ਲਈ, ਗੁਰੂ ਜੀ ਦੀ ਅਵੱਗਿਆ ਬਾਰੇ ਸੁਣ ਕੇ ਬੜੇ ਗੁੱਸੇ ਵਿਚ ਭਰ ਗਿਆ॥੨੩॥

ਗ੍ਰਾਮ ਨਜੀਕ ਜਬੈ ਚਲਿ ਆਯੋ। ਸੁਨਯੋ ਰੌਰ ਜੋ ਨਰਨਿ ਮਚਾਯੋ।
ਹਾਹਾਕਾਰ ਕਰਹਿ ਤਹਿਂ ਕੋਈ। 'ਮਹਾਂ ਜ਼ੁਲਮ ਕੀਨਸਿ' ਕਹਿ ਸੋਈ॥ ੨੪॥

ਜਦ ਪਿੰਡ ਦੇ ਨੇੜੇ ਚਲ ਕੇ ਆਇਆ ਤਾਂ ਉਸ ਰੌਲਾ ਸੁਣਿਆ ਜਿਹੜਾ ਮਨੁੱਖਾਂ ਨੇ ਮਚਾਇਆ ਸੀ। ਕੋਈ ਉਥੇ ਹਾਹਾਕਾਰ ਕਰ ਰਿਹਾ ਸੀ ਤੇ ਕਹਿ ਰਿਹਾ ਸੀ, "ਬਹੁਤ ਵੱਡਾ ਜ਼ੁਲਮ ਕੀਤਾ ਹੈ" ॥੨੪॥

'ਮਹਤ ਭਯੋ ਉਤਪਾਤ ਬਕਾਲੇ। ਸੋਢੀ ਬ੍ਰਿੰਦ ਸ਼ਰੀਕ ਬਿਸਾਲੇ।
ਗਾਦੀਪਤਿ ਅਬਿ ਰਹਯੋ ਨ ਕੋਈ। ਸਭਿ ਝਗਰਤਿ ਹੈਂ, ਹਮ ਗੁਰ ਹੋਈ॥ ੨੫॥

"ਬਕਾਲੇ ਪਿੰਡ ਵਿਚ ਵੱਡੀ ਗੜਬੜ ਮੱਚੀ ਹੈ, ਸੋਢੀਆਂ ਦਾ ਆਪਸ ਵਿਚ ਵੱਡਾ ਸ਼ਰੀਕਾ ਹੈ। ਗੱਦੀ ਦਾ ਮਾਲਕ ਹੁਣ ਕੋਈ ਰਿਹਾ ਨਹੀਂ ਹੈ, ਸਾਰੇ ਝਗੜਦੇ ਹਨ ਕਿ ਮੈਂ ਗੁਰੂ ਹੋਇਆ ਹਾਂ॥੨੫॥

ਅਜ਼ਮਤਵੰਤ ਗੁਰੂ ਬਨਿ ਜੈ ਹੈ। ਸਨੇ ਸਨੇ ਕੂਰੇ ਗਿਰ ਪੈ ਹੈਂ'।
ਗਯੋ ਗ੍ਰਾਮ ਮਹਿਂ, ਗੁਰ ਕੋ ਦਾਸ। ਸਕਲ ਕਹੀ ਮੱਖਣ ਕੇ ਪਾਸ॥ ੨੬॥

ਕਰਾਮਾਤ ਵਾਲਾ ਗੁਰੂ ਬਣ ਜਾਵੇਗਾ, ਝੂਠੇ ਹੌਲੀ-ਹੌਲੀ ਡਿੱਗ ਪੈਣਗੇ।" ਗੁਰੂ ਦਾ ਦਾਸ ਪਿੰਡ ਵਿਚ ਗਿਆ ਤੇ ਸਾਰੀ ਗੱਲ ਮੱਖਣ ਸ਼ਾਹ ਪਾਸ ਕਹੀ॥੨੬॥

ਸੁਨਤਿ ਛੋਭ ਦੂਨੋ ਹੋਇ ਆਯੋ। ਤਿਸ ਕੋ ਅਪਨੈ ਸੰਗ ਰਲਾਯੋ।
'ਜਿਸ ਮਸੰਦ ਨੇ ਏਤੀ ਕਰੀ। ਤਿਸ ਕੋ ਦਿਹ ਦਿਖਾਇ ਇਕ ਬਿਰੀ' ॥੨੭॥

ਉਸ ਪਾਸੋਂ ਸੁਣ ਕੇ ਮੱਖਣ ਸ਼ਾਹ ਦਾ ਗੁੱਸਾ ਦੂਣਾ ਹੋ ਗਿਆ ਤੇ ਮੱਖਣ ਸ਼ਾਹ ਨੇ ਉਸ ਦਾਸ ਨੂੰ ਆਪਣੇ ਨਾਲ ਰਲਾ ਲਿਆ ਤੇ ਕਿਹਾ "ਜਿਸ ਮਸੰਦ ਨੇ ਏਨੀ ਕੀਤੀ ਹੈ, ਉਸ ਮਸੰਦ ਨੂੰ ਇਕ ਵਾਰ ਸਾਨੂੰ ਵਿਖਾ ਦੇਵੋ" ॥੨੭॥

ਇਮ ਕਹਿ ਔਚਕ ਜਾਇ ਪਰਯੋ ਹੈ। ਮਾਰਿ ਮਾਰਿ ਬਡ ਰੌਰ ਕਰਯੋ ਹੈ।
ਡੇਰੇ ਬਿਖੈ ਪ੍ਰਵੇਸ਼ਯੋ ਜਾਇ। ਸਭਿ ਸੁਭਟਨਿ ਕੋ ਲਯੋ ਦਬਾਇ॥ ੨੮॥

ਇਸ ਤਰ੍ਹਾਂ ਕਹਿ ਕੇ ਮੱਖਣ ਸ਼ਾਹ ਨੇ ਅਚਾਨਕ ਧੀਰਮੱਲ ਦੇ ਡੇਰੇ 'ਤੇ ਹਮਲਾ ਕਰ ਦਿੱਤਾ। ਮਾਰ ਲਵੋ ਮਾਰ ਲਵੋ ਦਾ ਵੱਡਾ ਰੌਲਾ ਮਚਾ ਦਿੱਤਾ। ਧੀਰਮੱਲ ਦੇ ਡੇਰੇ ਅੰਦਰ ਦਾਖਲ ਹੋ ਗਿਆ ਤੇ ਸਾਰੇ ਸੂਰਮਿਆਂ ਨੂੰ ਜਾ ਦਬਾਇਆ॥੨੮॥

ਜੋਧਾ ਹੁਤੇ ਪੰਚ ਸੈ ਸੰਗ। ਜਿਨਹੁਂ ਉਠਾਏ ਖੜਗ ਉਤੰਗ।
ਮੱਖਣ ਊਚੇ ਕਹਯੋ ਪੁਕਾਰ। 'ਨਹਿਂ ਪੂਰਬ ਹੀ ਕਰਹ ਪ੍ਰਹਾਰ॥ ੨੯॥

ਮੱਖਣ ਸ਼ਾਹ ਦੇ ਨਾਲ ਪੰਜ ਸੌ ਜੋਧੇ ਸਨ, ਜਿਨ੍ਹਾਂ ਨੇ ਤਲਵਾਰਾਂ ਚੁੱਕੀਆਂ ਹੋਈਆਂ ਸਨ। ਮੱਖਣ ਸ਼ਾਹ ਨੇ ਬੜੀ ਉੱਚੀ ਦਿੱਤੀ ਪੁਕਾਰ ਕੇ ਕਿਹਾ, "ਪਹਿਲਾਂ ਵਾਰ ਨਾ ਕਰੋ॥੨੯॥

ਧੀਰਮੱਲਜ ਕੇ ਮਾਨਵ ਜੋਈ। ਕਰਹਿ ਸ਼ਸਤ੍ਰ ਹਤਿ ਪ੍ਰਥਮੈ ਕੋਈ।
ਤੌ ਸਭਿ ਆਯੁਧ ਏਵ ਪ੍ਰਹਾਰੋ। ਰੁੰਡ ਮੁੰਡ ਨਜਾਰੇ ਕਰਿ ਡਾਰੋ॥ ੩੦॥

ਧੀਰਮੱਲ ਦੇ ਜਿਹੜੇ ਮਨੁੱਖ ਹਨ, ਜਿਹੜਾ ਵੀ ਪਹਿਲਾਂ ਸ਼ਸਤਰ ਦਾ ਵਾਰ ਕਰੇ ਤਾਂ ਸਾਰੇ ਇਸ ਤਰ੍ਹਾਂ ਸ਼ਸਤਰਾਂ ਦਾ ਵਾਰ ਕਰੋ ਕਿ ਰੁੰਡ ਮੁੰਡ ਕਰਕੇ ਸਾਰਿਆਂ ਨੂੰ ਡਕਰੇ-ਡਕਰੇ ਕਰ ਦੇਵੋ॥੩੦॥

ਇਹ ਭੀ ਜਾਨਹਿਂ, ਐਸੀ ਕਰੋ। ਮਹਾਂ ਦੁਸ਼ਟ ਗਹਿ ਲਿਹੁ ਨਹਿਂ ਡਰੋ।
ਲੂਟ ਲੇਉ ਇਨ ਕੋ ਸਭਿ ਡੇਰਾ। ਜੋ ਐਸ਼੍ਵਰਜ ਲੇ ਰਹੇ ਘਨੇਰਾ॥ ੩੧॥

ਇਹ ਵੀ ਜਾਣ ਲੈਣ, ਐਸੀ ਮਾਰ ਮਾਰੋ, ਮਹਾਂ ਦੁਸ਼ਟਾਂ ਨੂੰ ਫੜ ਲਵੋ, ਡਰੋ ਨਹੀਂ। ਇਨ੍ਹਾਂ ਦਾ ਸਾਰਾ ਡੇਰਾ ਲੁੱਟ ਲਵੋ, ਜਿਹੜਾ ਇਨ੍ਹਾਂ ਨੇ ਵੱਡਾ ਧਨ ਦੌਲਤ ਲੁੱਟਿਆ ਹੈ॥੩੧॥

ਜੋ ਕਰਿ ਆਗੇ ਹਾਥ ਉਠਾਵਹਿ। ਕਿਧੌਂ ਕਟਕ ਕੋ ਬਾਤ ਸਨਾਵਹਿ।
ਇਕ ਤੇ ਦ੍ਵੈ, ਦ੍ਵੈ ਤੇ ਕਰਿ ਚਾਰ। ਐਸੇ ਕੀਜਹਿ ਖੜਗ ਪ੍ਰਹਾਰ॥ ੩੨॥

ਜੇ ਕੋਈ ਅੱਗੋਂ ਹੱਥ ਚੁਕੇ ਜਾਂ ਕੜਕ ਕੇ ਕੋਈ ਗੱਲ ਕਰੇ ਤਾਂ ਇਕ ਤੋਂ ਦੋ-ਦੋ ਤੇ ਚਾਰ ਟੋਟੇ ਕਰ ਦੇਵੋ, ਇਸ ਤਰ੍ਹਾਂ ਤਲਵਾਰ ਦੇ ਵਾਰ ਕਰੋ॥੩੨॥

ਸ੍ਰੀ ਗੁਰ ਸੰਗ ਕਰੀ ਇਨ ਜੈਸੀ। ਚਹਿਯਤਿ ਹੁਤੀ ਕਰਨਿ ਅਬਿ ਤੈਸੀ।
ਤਦਪਿ ਗੁਰੂ ਕੇ ਕੁਲ ਮਹਿਂ ਭਯੋ। ਯਾਂਤੇ ਜੀਵਤ ਅਬਿ ਰਹਿ ਗਯੋ॥ ੩੩॥

ਸ੍ਰੀ ਗੁਰੂ ਜੀ ਨਾਲ ਇਨ੍ਹਾਂ ਨੇ ਜਿਵੇਂ ਕੀਤੀ ਹੈ, ਹੁਣ ਉਸ ਤਰ੍ਹਾਂ ਦੀ ਹੀ ਕਰਨੀ ਚਾਹੀਦੀ ਹੈ। ਫਿਰ ਵੀ ਗੁਰੂ ਜੀ ਦੇ ਕੁਲ ਵਿਚ ਪੈਦਾ ਹੋਏ ਹਨ, ਇਸ ਕਰਕੇ ਹੁਣ ਜੀਉਂਦੇ ਰਹਿ ਗਏ ਹਨ॥੩੩॥

ਧੀਰ ਮੱਲਜ ਕੋ ਕੁਛ ਨ ਕਹੀਜੈ। ਗਹੋ ਮਸੰਦ ਬੰਧਿ ਕਰਿ ਲੀਜੈ।
ਹਾਥ ਪਿਛਾਰੀ ਕਰਿ ਕੈ ਦੋਇ। ਦਾਮਨਿ ਸਾਥ ਬਾਂਧਿ ਲਿਹੁ ਸੋਇ॥ ੩੪॥

ਧੀਰਮੱਲ ਨੂੰ ਕੁਝ ਨਾ ਕਹੋ, ਮਸੰਦ ਨੂੰ ਫੜ ਕੇ ਬੰਨ੍ਹ ਲਵੋ। ਦੋਵੇਂ ਹੱਥ ਪਿਛਾੜੀ ਕਰਕੇ ਰੱਸੀ ਨਾਲ ਬੰਨ੍ਹ ਲਵੋ॥੩੪॥

ਸਗਰੀ ਵਸਤੁ ਸੰਭਾਰਿ ਉਠਾਵਹੁ। ਸਤਿਗੁਰ ਕੇ ਘਰ ਕੋ ਪਹੁੰਚਾਵਹੁ'।
ਇਮ ਕਹਿ ਮੱਖਣ ਰਿਸ ਉਰ ਭਰਿਕੈ। ਬਦਨ ਬਿਲੋਚਨ ਆਰੁਨ ਕਰਿਕੈ॥੩੫॥

ਸਾਰੀਆਂ ਵਸਤਾਂ ਸੰਭਾਲ ਕੇ ਚੁੱਕ ਲਵੋ ਤੇ ਸਤਿਗੁਰੂ ਜੀ ਦੇ ਘਰ ਪਹੁੰਚਾ ਦੇਵੋ।" ਇਸ ਤਰ੍ਹਾਂ ਕਹਿ ਕੇ ਮੱਖਣ ਸ਼ਾਹ ਦਿਲ ਵਿਚ ਗੁੱਸਾ ਭਰ ਕੇ, ਮੁੱਖ ਤੇ ਅੱਖਾਂ ਲਾਲ ਕਰ ਲਈਆਂ॥੩੫॥

ਨ੍ਰਿਭੈ ਹੋਇ ਜਿਮ ਕੇਹਰਿ ਕ੍ਰੂਰ। ਪਿਖਿ ਅਜੋਗਤਾ ਤਪਤਜੋ ਭੂਰ।
ਹੋਵਨਿ ਮ੍ਰਿਤੂ ਨੀਕ ਮੁਖ ਜਾਨਾ। ਧਿਕ ਜੀਵਨ ਲਖਿ ਗੁਰ ਅਪਮਾਨਾ॥ ੩੬॥

ਜਿਵੇਂ ਭਿਆਨਕ ਸ਼ੇਰ ਨਿਰਭੈ ਹੋ ਜਾਂਦਾ ਹੈ, ਅਯੋਗ ਹੋਇਆ ਵੇਖ ਕੇ ਉਹ ਬਹੁਤ ਗੁੱਸੇ ਵਿਚ ਆ ਗਿਆ। ਆਪਣਾ ਮਰ ਜਾਣਾ ਚੰਗਾ ਸਮਝਿਆ, ਧਿਰਕਾਰ ਉਹ ਜੀਵਨ ਹੈ ਜਿਸ ਨੇ ਆਪਣੇ ਗੁਰੂ ਜੀ ਦਾ ਏਨਾ ਅਪਮਾਨ ਵੇਖਿਆ ਹੋਵੇ॥੩੬॥

ਗੁਰ ਕੀ ਨਿੰਦਾ ਸੁਨੀ ਨ ਜਾਇ। ਦੁਸ਼ਟ ਬਾਕ ਜਬਿ ਕਹਿਂਤਿ ਬਨਾਇ।
ਪਾਪ ਆਤਮਾ ਕੁਮਤਿ ਅਸਾਧੂ। ਪਿਖਤਿ ਜਿ ਕਰਹਿ ਗੁਰੂ ਅਪਰਾਧੂ॥ ੩੭॥

ਗੁਰੂ ਜੀ ਦੀ ਨਿੰਦਿਆ ਸੁਣੀ ਨਹੀਂ ਜਾਂਦੀ ਹੈ, ਦੁਸ਼ਟ ਜਦ ਗੱਲ ਬਣਾ ਕੇ ਕਹਿੰਦੇ ਹਨ। ਜਿਹੜੇ ਕਿਸੇ ਨੂੰ ਗੁਰੂ ਜੀ ਦੀ ਅਵੱਗਿਆ ਕਰਦੇ ਤੱਕਦੇ ਹਨ, ਉਹ ਪਾਪੀ ਆਤਮਾ ਵਾਲੇ ਮੂਰਖ ਅਤੇ ਦੁਸ਼ਟ ਹਨ॥੩੭॥

ਸੋ ਕਿਮ ਸਹਜੋ ਜਾਇ ਸਿਖ ਪਾਹੀ। ਨੀਕੀ ਮ੍ਰਿਤੁ ਲਖਹਿ ਮਨ ਮਾਂਹੀ।
ਤੁਲਾ ਨ ਰੰਚਕ ਸਹਿ ਹੈ ਜੋਇ। ਤੋਲਾ ਧਰੈ ਸਹੈ ਕਿਮ ਸੋਇ॥ ੩੮॥

ਸੋ ਗੁਰੂ ਜੀ ਦੇ ਸਿੱਖ ਪਾਸੋਂ ਕਿਵੇਂ ਬਰਦਾਸ਼ਤ ਹੋ ਸਕਦਾ ਹੈ, ਉਹ ਆਪਣੇ ਮਨ ਵਿਚ ਉਸ ਨਾਲੋਂ ਮਰ ਜਾਣਾ ਹੀ ਚੰਗਾ ਸਮਝਦਾ ਹੈ। ਤੱਕੜੀ ਜਦ ਰੱਤੀ ਦਾ ਭਾਰ ਨਹੀਂ ਸਹਿ ਸਕਦੀ ਤਾਂ ਤੋਲਾ ਧਰਨ ਨਾਲ ਉਹ ਕਿਵੇਂ ਭਾਰ ਸਹਿ ਲਵੇਗੀ॥੩੮॥

ਬਿਮਲ ਰਿਦਾ ਨਹਿੰ ਕੁਬਚ ਸਹਿਤ ਹੈ। ਗੁਰ ਅਪਮਾਨ ਸੁ ਕਥੰ ਲਹਿਤਿ ਹੈ।
ਛੁਭਤਿ ਹੋਇ ਇਮ ਮੱਖਣ ਸ਼ਾਹ। ਤਿਸ ਡੇਰੇ ਪਰ ਪਰਜੋ ਉਮਾਹ॥ ੩੯॥

ਕੋਮਲ ਹਿਰਦਾ ਜੋ ਭੈੜੇ ਬਚਨ ਨਹੀਂ ਸਹਾਰ ਸਕਦਾ, ਉਹ ਗੁਰੂ ਜੀ ਦੇ ਅਪਮਾਨ ਨੂੰ ਕਿਵੇਂ ਵੇਖ ਸਕਦਾ ਹੈ ? ਮੱਖਣ ਸ਼ਾਹ ਨੇ ਹੁਣ ਬਹੁਤ ਗੁੱਸੇ ਨਾਲ ਭਰ ਕੇ, ਧੀਰਮੱਲ ਦੇ ਡੇਰੇ ਤੇ ਬੜੇ ਜੋਸ਼ ਨਾਲ ਹਮਲਾ ਕਰ ਦਿੱਤਾ॥੩੯॥

*ਗਿਆਰ੍ਹਵੀ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥*

## *ਅਧਿਆਇ ਸੋਲ੍ਹਵਾਂ*

*ਮੱਖਣ ਸ਼ਾਹ ਦਾ ਸ਼ੀਹੇਂ ਮਸੰਦ ਨੂੰ ਦੰਡ*

ਦੋਹਰਾ- ਆਵਨਿ ਨਿਜ ਪਰ ਕ੍ਰੋਧ ਕੈ ਬਿੰਦ ਨਰਨਿ ਕੋ ਜਾਨਿ।
ਧੀਰਮੱਲ ਨੇ ਧੀਰ ਸਭਿ ਕੀਨਸਿ ਬਲ ਜੁਤਿ ਹਾਨਿ॥ ੧॥

ਜਦ ਧੀਰਮੱਲ ਨੇ ਆਪਣੇ ਡੇਰੇ ਉਤੇ ਬਹੁਤ ਮਨੁੱਖਾਂ ਦੇ ਹਮਲੇ ਬਾਰੇ ਜਾਣਿਆਂ ਤਾਂ ਧੀਰਮੱਲ ਨੇ ਬੜਾ ਧੀਰਜ ਕੀਤਾ ਤੇ ਬਲ ਸਹਿਤ ਹੋਣ ਤੇ ਵੀ ਬਹੁਤ ਘਬਰਾ ਗਿਆ॥੧॥

ਚੌਪਈ- ਮੱਖਣ ਲਿਯੇ ਸੈਨ ਕੋ ਆਵਾ। 'ਕਰੋਂ ਜੁੱਧ ਮੈਂ' ਬਾਕ ਅਲਾਵਾ।
ਸੰਗਤਿ ਮਹਿੰ ਨਰ ਆਯੁਧ ਧਾਰੇ। ਕਰੇ ਸਕੇਲਨਿ ਸਕਲ ਹਕਾਰੇ॥੨॥

ਮੱਖਣ ਸ਼ਾਹ ਸੈਨਾ ਲੈ ਕੇ ਆ ਗਿਆ ਹੈ, "ਮੈਂ ਯੁੱਧ ਕਰਾਂਗਾ" ਬੋਲਿਆ। ਮੇਰੀ ਸੰਗਤ ਵਿਚ ਸ਼ਸਤਰਧਾਰੀ ਮਨੁੱਖ ਹਨ, ਸਾਰੇ ਬੁਲਾ ਕੇ ਇਕੱਠੇ ਕਰ ਲਏ॥੨॥

ਜਾਨਤਿ ਭਯੋ ਮਨੁਜ ਸਮੁਦਾਇ। ਹਮਰ ਭਟ ਥੋਰੇ ਬਿਨ ਪਾਇ।
ਅਪਨੋ ਦੁਰਗ ਨ ਅਪਨੋ ਗ੍ਰਾਮੁ। ਅਪਨੋ ਮਿੱਤ੍ਰ ਨ ਅਪਨੋ ਧਾਮੁ॥ ੩॥

ਮਨੁੱਖ ਦੇ ਇਕੱਠ ਬਾਰੇ ਜਾਣਦਾ ਸੀ, ਸਾਡੇ ਮਨੁੱਖ ਥੋੜੇ ਹਨ, ਜਿਹੜੇ ਡੱਟ ਕੇ ਨਹੀਂ ਲੜ ਸਕਦੇ, ਕਿਉਂਕਿ ਅਨੀਤੀ ਸਾਡੀ ਹੈ, ਇਸ ਕਰਕੇ ਦਿਲ ਮਜ਼ਬੂਤ ਨਹੀਂ ਰਹਿ ਸਕਦਾ। ਨਾ ਆਪਣਾ ਕੋਈ ਕਿਲ੍ਹਾ ਹੈ ਨਾ ਆਪਣਾ ਪਿੰਡ ਹੈ, ਨਾ ਆਪਣਾ ਕੋਈ ਮਿੱਤਰ ਹੈ ਨਾ ਆਪਣਾ ਘਰ ਹੈ॥੩॥

ਬਿਗਰ ਜਾਇ ਜੇ ਪਰਹਿ ਲਰਾਈ। ਸਬਲ ਬਿੰਦ ਜੈ, ਨਿਬਲ ਪਲਾਈ।
ਮਰਹਿੰ ਸੁਭਟ ਅਰੁ ਜੈ ਹੈਂ ਭਾਜੂ। ਨਸ਼ਟਹਿ ਕਾਰਜ ਸਕਲ ਸਮਾਜੂ॥ ੪॥

ਜੇ ਲੜਾਈ ਕਰਨੀ ਪਵੇਗੀ ਤਾਂ ਗੱਲ ਵਿਗੜ ਜਾਵੇਗੀ, ਭਾਵ ਲੋਕ ਮੇਰੇ ਨਾਲ ਵਿਗੜ ਜਾਣਗੇ ਉਹ ਜਿੱਤ ਜਾਣਗੇ ਤੇ ਸਾਡੇ ਮਨੁੱਖ ਦੌੜ ਜਾਣਗੇ। ਸੂਰਮੇ ਮਰ ਜਾਣਗੇ ਜਾਂ ਭੱਜ ਜਾਣਗੇ ਤੇ ਸਾਰੇ ਸਾਜ਼ੋ-ਸਾਮਾਨ ਸਹਿਤ ਸਾਰਾ ਕਾਰਜ ਨਸ਼ਟ ਹੋ ਜਾਵੇਗਾ॥੪॥

ਯਾਂਤੇ ਤੂਸ਼ਨਿ ਹੀ ਬਨਿ ਆਵੈ। ਬੈਠੇ ਕੋਇ ਨ ਆਯੁਧ ਘਾਵੈ।
ਨਿਜ ਮਸੰਦ ਸੋਂ ਬੋਲਜੋ ਤਬੈ। 'ਹਮ ਕਰਤੱਬਜ ਕਰੈਂ ਕਹਾ ਅਬੈ॥ ੫॥

ਇਸ ਕਰਕੇ ਚੁੱਪ ਰਹਿਣਾ ਹੀ ਬਣਦਾ ਹੈ, ਬੈਠਿਆਂ ਤੇ ਕੋਈ ਵੀ ਵਾਰ ਨਹੀਂ ਕਰਦਾ ਹੈ। ਤਦ ਆਪਣੇ ਮਸੰਦ ਨੂੰ ਕਹਿਣ ਲੱਗਾ, "ਹੁਣ ਅਸੀਂ ਕੀ ਕਰਤਬ ਕਰੀਏ॥੫॥

ਭਾਗੇ ਬਨਹਿ, ਨ ਬਨਹਿ ਲਰਾਈ। ਸਦਨ ਆਪਨੋ ਨਿਕਟਿ ਨ ਥਾਈ।
ਲਰਹਿਂ, ਸੁਭਟ ਦਿਖੀਯਤਿ ਹੈਂ ਥੋਰੇ। ਉਤ ਜੋਧਾ ਗਨ ਭਏ ਸ ਜੋਰੇ॥ ੬॥

ਨਾ ਭੱਜਣਾ ਹੀ ਬਣਦਾ ਤੇ ਨਾ ਲੜਨਾ ਹੀ ਬਣਦਾ ਹੈ, ਸਾਡਾ ਘਰ ਏਥੇ ਨੇੜੇ ਨਹੀਂ ਹੈ। ਜੇ ਸੂਰਬੀਰ ਲੜਨ ਤਾਂ ਇਹ ਥੋੜੇ ਦਿਸਦੇ ਹਨ, ਉਧਰ ਯੋਧੇ ਬਹੁਤ ਜ਼ੋਰਾਵਰ ਹਨ॥੬॥

ਲਰਿਕੈ ਮਰਿ ਜੈ ਹੈਂ ਸਭਿ ਆਜ। ਕੈ ਨਿਜ ਨਿਜ ਦਿਸ਼ਿ ਪਰਿ ਹੈਂ ਭਾਜ।
ਲੂਟਹਿਂ ਵਸਤੁ ਸਭਿ ਹੋਵੈ ਰੌਰੇ। ਦੁਸਹਿ ਭਈ ਪਰਹਹਿਂ ਅਬਿ ਹੌਰੇ॥ ੭॥

ਲੜ ਕੇ ਸਾਰੇ ਹੀ ਅੱਜ ਮਰ ਜਾਣਗੇ, ਜਾਂ ਆਪਣੇ-ਆਪਣੇ ਪਾਸੇ ਭੱਜ ਜਾਣਗੇ। ਸਭ ਵਸਤਾਂ ਲੁੱਟ ਲੈਣਗੇ ਤੇ ਬਹੁਤ ਰੌਲਾ ਮਚੇਗਾ। ਬਹੁਤ ਕਠਨ ਸਮੱਸਿਆ ਆ ਪਈ ਹੈ, ਹੁਣ ਹੌਲੇ ਪੈ ਜਾਵਾਂਗੇ॥੭॥

ਪਿਖੇ ਕੁਸ਼ਗਨ ਹਟਾਯੋ ਤੋਹਿ। ਗਯੋ, ਸੁ ਹੋਨਹਾਰ ਹੀ ਹੋਹਿ।
ਸੁਨਤਿ ਮਸੰਦ ਅਨਾਨੰਦ ਮਹਾਂ। ਕਹਤਿ ਭਯੋ 'ਹੈ ਜਾਨਹਿਂ ਕਹਾਂ॥ ੮॥

ਤੇਰੇ ਜਾਣ ਸਮੇਂ ਮੈਂ ਭੈੜੇ ਕੁਸ਼ਗਨ ਵੇਖ ਕੇ ਤੈਨੂੰ ਰੋਕਿਆ ਸੀ, ਉਹ ਹੋਣਹਾਰ ਹੋਣੀ ਹੀ ਹੋਈ ਹੈ।" ਇਹ ਸੁਣ ਕੇ ਮਸੰਦ ਬਹੁਤ ਉਦਾਸ ਹੋ ਗਿਆ, ਕਹਿਣ ਲੱਗਾ, "ਕਿਥੇ ਜਾਣਦੇ ਸੀ, ਕੀ ਹੋਵੇਗਾ॥੮॥

ਮੱਖਣ ਕਰਜੋ ਚਹਤਿ ਜੰਗ ਜੋਇ। ਇਸੇ ਅਨੁਚਿਤ ਸਭੀ ਬਿਧਿ ਸੋਇ।
ਨਹੀਂ ਬਿਚਾਰ ਰਿਦੈ ਮਹਿਂ ਕੀਨਾ। ਉਚਤਾਨੁਚਿਤ ਨਹੀਂ ਮਨ ਚੀਨਾ॥ ੯॥

ਮੱਖਣ ਸ਼ਾਹ ਜਿਹੜੀ ਲੜਾਈ ਕਰਨੀ ਚਾਹੁੰਦਾ ਹੈ, ਇਸ ਨੂੰ ਸਾਰੀਆਂ ਵਿਧੀਆਂ ਅਨੁਸਾਰ ਉਚਿਤ ਨਹੀਂ ਹੈ। ਉਸ ਨੇ ਹਿਰਦੇ ਵਿਚ ਵਿਚਾਰ ਨਹੀਂ ਕੀਤੀ ਹੈ ਤੇ ਆਪਣੇ ਮਨ ਵਿਚ ਉਸ ਜਾਣਿਆ ਨਹੀਂ ਹੈ॥੯॥

ਤੁਮ ਗੁਰ ਰੂਪ ਭ੍ਰਾਤ ਗੁਰ ਭਯੋ। ਪੁਨਹਿ ਭਤੀਜੇ ਸੋ ਪਦ ਲਯੋ।
ਗੁਰੂ ਗ੍ਰਿੰਥ ਸਾਹਿਬ ਤੁਮ ਪਾਸ। ਸਾਦਰ ਦਰਸ਼ਨ ਜਾਸ ਪ੍ਰਕਾਸ਼॥ ੧੦॥

ਤੁਸੀਂ ਗੁਰੂ ਰੂਪ ਹੋ ਤੇ ਤੁਹਾਡਾ ਭਰਾ ਗੁਰੂ ਹੋਇਆ ਹੈ, ਫਿਰ ਭਤੀਜੇ ਨੇ ਇਹ ਪਦਵੀ ਪ੍ਰਾਪਤ ਕੀਤੀ। ਗੁਰੂ ਗ੍ਰੰਥ ਸਾਹਿਬ ਤੁਹਾਡੇ ਪਾਸ ਹੈ, ਜਿਨ੍ਹਾਂ ਦੇ ਆਦਰਯੋਗ ਦਰਸ਼ਨ ਅਤੇ ਜੱਸ ਪ੍ਰਕਾਸ਼ਮਈ ਹੈ॥੧੦॥

ਪੱਛਪਾਤ ਕਰਿ ਜੇ ਨਹਿਂ ਮਾਨਹਿ। ਪੁਨਹਿ ਅਵੱਗਜਾ ਕਰਨੀ ਠਾਨਹਿ।
ਬਿਨ ਉਪਚਾਰ ਅਸਾਧ ਸੁ ਬਜਾਧੀ। ਸਿਖ ਲਖਿ ਹੋਯੋ ਚਹਿ ਅਪਰਾਧੀ॥ ੧੧॥

ਪੱਖਪਾਤ ਕਰਕੇ ਜਿਹੜਾ ਨਹੀਂ ਮੰਨਦਾ ਹੈ, ਫਿਰ ਅਵੱਗਿਆ ਧਾਰਨ ਕੀਤੀ ਹੈ। ਇਲਾਜ ਰਹਿਤ ਜਿਹੜੀ ਲਾਇਲਾਜ ਬਿਮਾਰੀ ਹੈ, ਸਿੱਖ ਸਮਝ ਕੇ ਅਪਰਾਧੀ ਹੋਣਾ ਚਾਹੁੰਦਾ ਹੈ॥੧੧॥

ਤਿਸ ਕੋ ਕਰਾਮਾਤ ਕੇ ਜ਼ੋਰ। ਚਹੀਅਤਿ ਬਸੀ ਕਰਨਿ ਬਲ ਤੋਰ।
ਅਬਿ ਇਹ ਸਮਾਂ ਆਪ ਕੋ ਆਵਾ। ਕਰਿ ਜੁ ਸਕਹਿਂ ਹਮ, ਕਰਿ ਦਿਖਰਾਵਾ ॥੧੨॥

ਉਨ੍ਹਾਂ ਨੂੰ ਕਰਾਮਾਤ ਦੇ ਜੋਰ ਤੇ ਬਲ ਤੋਲ ਕੇ ਵੱਸ ਕਰਨਾ ਚਾਹੁੰਦਾ ਹੈ। ਹੁਣ ਇਹ ਤੁਹਾਡਾ ਸਮਾਂ ਆਇਆ ਹੈ, ਅਸੀਂ ਜੋ ਕਰ ਸਕਦੇ ਸੀ, ਕਰ ਕੇ ਵਿਖਾ ਦਿੱਤਾ ਹੈ ॥੧੨॥

ਦਾਮ ਭੇਦ ਕੋ ਰਹਜੋ ਨ ਕਾਲ। ਦੰਡ ਨ ਉਚਿਤ, ਸੈਨ ਬਡ ਨਾਲ।
ਸਾਮ ਉਪਾਇ ਬਨਹਿ ਜੇ ਇਹਾਂ। ਹੋਇ ਤ ਕਰਹੁ ਸ਼ੀਘ੍ਰ ਬੁਧਿ ਮਹਾਂ !' ॥੧੩॥

ਹੁਣ ਧਨ ਭੇਦ ਦਾ ਕੋਈ ਸਮਾਂ ਨਹੀਂ ਰਿਹਾ ਹੈ, ਉਸ ਨਾਲ ਲੜਾਈ ਲੜਨੀ ਵੀ ਉਚਿਤ ਨਹੀਂ, ਉਸ ਨਾਲ ਵੱਡੀ ਫੌਜ ਹੈ। ਸ਼ਰਨ ਲੈਣ ਦਾ ਜੇ ਏਥੇ ਉਪਾਅ ਬਣਦਾ ਹੈ ਤਾਂ ਛੇਤੀ ਕਰੋ ਤੁਹਾਡੀ ਮਹਾਨ ਬੁੱਧੀ ਹੈ" ॥੧੩॥

ਭੈ ਆਤੁਰ ਇਮ ਆਪਸ ਮਾਂਹੀ। ਬੋਲਤਿ ਹੁਤੇ ਰਹੀ ਸੁਧਿ ਨਾਂਹੀ।
ਸੁਨਜੋ ਦ੍ਵਾਰ ਪਰ ਰੌਰ ਬਿਸਾਲਾ। ਦਰ ਪਰ ਆਇ ਗਏ ਤਤਕਾਲਾ ॥੧੪॥

ਭੈ ਨਾਲ ਆਪਸ ਵਿਚ ਏਨੇ ਆਤਰ ਹੋ ਗਏ ਸਨ, ਇਕ ਦੂਸਰੇ ਨਾਲ ਬੋਲਦੇ ਸਨ, ਪਰ ਥੋੜੀ ਵੀ ਹੋਸ਼ ਨਹੀਂ ਸੀ ਜਦ ਦਰਵਾਜ਼ੇ ਉਤੇ ਬਹੁਤ ਰੌਲਾ ਸੁਣਿਆ ਤਾਂ ਤੁਰਤ ਦਰਵਾਜ਼ੇ ਤੇ ਆ ਗਏ ॥੧੪॥

ਇਕ ਇਕ ਕੋ ਦਸ ਦਸ ਨਰ ਧਾਏ। ਗਹਿ ਗਹਿ ਸਭਿ ਕੇ ਸ਼ਸਤ੍ਰ ਛਿਨਾਏ।
ਹਾਥ ਜੋਰਿ ਸਭਿ ਨੈ ਹੁਇ ਦੀਨ। ਇਮ ਕਾਤੁਰ ਕਰਿ ਕਰਿ ਤਜਿ ਦੀਨਿ ॥੧੫॥

ਇਕ ਇਕ ਵਲ ਦਸ ਦਸ ਮਨੁੱਖ ਭੱਜੇ ਆਏ, ਫੜ ਫੜ ਕੇ ਸਭ ਪਾਸੋਂ ਸ਼ਸਤਰ ਖੋਹ ਲਏ। ਹੱਥ ਜੋੜ ਕੇ ਸਭ ਨੇ ਦੀਨ ਹੋ ਕੇ, ਇਸ ਤਰ੍ਹਾਂ ਕਾਇਰਤਾ ਵਿਖਾ ਕੇ ਸ਼ਸਤਰ ਸੁੱਟ ਦਿੱਤੇ ॥੧੫॥

ਅੰਤਰ ਜਾਇ ਪ੍ਰਵੇਸ਼ੇ ਸਾਰੇ। ਬਦਨ ਪਰਸਪਰ ਕਰਤਿ ਨਿਹਾਰੇ।
ਤਜੀ ਸੂਰਤਾ ਡਰੇ ਬਿਸਾਲਾ। ਨਹਿਂ ਕੁਛ ਸਕਜੋ ਹੋਇ ਤਿਸ ਕਾਲਾ ॥੧੬॥

ਸਾਰੇ ਅੰਦਰ ਦਾਖਲ ਹੋ ਗਏ, ਆਪਸ ਵਿਚ ਚਿਹਰੇ ਵੇਖਦੇ ਸਨ। ਧੀਰਮੱਲੀਆਂ ਨੇ ਬਹਾਦਰੀ ਛੱਡ ਦਿੱਤੀ ਤੇ ਬਹੁਤ ਡਰ ਗਏ, ਉਸ ਸਮੇਂ ਉਨ੍ਹਾਂ ਪਾਸੋਂ ਕੁਝ ਨਾ ਹੋ ਸਕਿਆ ॥੧੬॥

ਨਹਿਂ ਭਾਜਨਿ ਕੀ ਤਬਿ ਗਤਿ ਰਹੀ। ਮੁਖ ਤੇ ਬਿਨਤੀ ਜਾਇ ਨ ਕਹੀ।
ਪੂਰਬ ਸਭਿ ਕੇ ਆਯੁਧ ਛੀਨੇ। ਕਿਤਿਕ ਪਲਾਏ ਮ੍ਰਿਤੁ ਡਰ ਕੀਨੇ ॥੧੭॥

ਉਸ ਸਮੇਂ ਨਾ ਹੀ ਭੱਜਣ ਵਾਲੀ ਹਾਲਤ ਰਹੀ, ਮੁਖ ਤੋਂ ਬੇਨਤੀ ਵੀ ਕਹੀ ਨਹੀਂ ਸੀ ਜਾਂਦੀ। ਪਹਿਲਾਂ ਸਾਰਿਆਂ ਦੇ ਹਥਿਆਰ ਖੋਹੇ ਗਏ, ਕਈ ਮੌਤ ਤੋਂ ਡਰਦੇ ਭੱਜ ਗਏ ॥੧੭॥

ਹੁਇ ਤੂਸ਼ਨਿ ਤਸਕਰ ਸਮ ਕੋਈ। ਕਿਤਿਕ ਬੈਠਿਰਗੇ ਬ੍ਰੀੜਾ ਖੋਈ।
ਧੀਰਮੱਲ ਕੋ ਬਦਨ ਨਿਹਾਰੈਂ। ਕਿਤਿਕ ਦੁਰਾਵਤਿ ਵਸਤੂ ਟਾਰੈਂ ॥੧੮॥

ਚੋਰਾਂ ਵਾਂਗ ਸਾਰੇ ਚੁੱਪ ਹੋ ਗਏ, ਕਈ ਸ਼ਰਮ ਗਵਾ ਕੇ ਬੈਠ ਗਏ। ਧੀਰਮੱਲ ਦੇ ਚਿਹਰੇ ਵਲ ਵੇਖ ਰਹੇ ਸਨ। ਕਈ ਲੁਕਾ ਲੁਕਾ ਕੇ ਵਸਤਾਂ ਨਜ਼ਰਾਂ ਤੋਂ ਓਹਲੇ ਕਰਦੇ ਸਨ ॥੧੮॥

ਸਭਿ ਕੇ ਸ਼ਸਤ੍ਰ ਛੀਨ ਕਰਿ ਲੀਨਿ। ਏਕ ਥਾਨ ਬੰਧਵਾਵਨਿ ਕੀਨਿ।
ਪੁਨਿਹ ਵਸਤੁ ਸਗਰੀ ਸੁ ਸੰਭਾਰੀ। ਸਤਿਗੁਰ ਕੇ ਘਰ ਕੀ ਜੁ ਨਿਹਾਰੀ ॥੧੯॥

ਸਾਰਿਆਂ ਪਾਸੋਂ ਸ਼ਸਤਰ ਖੋਹ ਕੇ ਇਕ ਥਾਂ ਬੰਨ੍ਹਵਾ ਲਏ। ਫਿਰ ਸਾਰੀਆਂ ਵਸਤਾਂ ਸੰਭਾਲੀਆਂ, ਜਿਹੜੀਆਂ ਸਤਿਗੁਰੂ ਜੀ ਦੇ ਘਰ ਦੀਆਂ ਵੇਖੀਆਂ ॥੧੯॥

ਬਹੁਰੋ ਦਰਬ ਸਰਬ ਕਢਵਾਯੋ। ਤਿਨਹੂੰ ਕੇ ਨਰ ਸਿਰ ਉਚਵਾਯੋ।
ਪੁਨ ਤਿਨ ਡੇਰੇ ਕੀ ਵਥੁ ਸਾਰੀ। ਬੰਧਿ ਭਾਰ ਕਰਿ ਸਕਲ ਸੰਭਾਰੀ॥ ੨੦॥

ਫਿਰ ਸਾਰਾ ਧਨ ਕਢਵਾਇਆ ਤੇ ਉਨ੍ਹਾਂ ਦੇ ਹੀ ਮਨੁੱਖਾਂ ਦੇ ਸਿਰਾਂ ਤੇ ਚੁਕਵਾਇਆ। ਫਿਰ ਉਨ੍ਹਾਂ ਦੇ ਡੇਰੇ ਦੀਆਂ ਸਾਰੀਆਂ ਵਸਤਾਂ ਪੰਡਾਂ ਵਿਚ ਬੰਨ੍ਹ ਕੇ ਸਾਰੀਆਂ ਸੰਭਾਲ ਲਈਆਂ ॥੨੦॥

ਬਹੁਰ ਗ੍ਰਿੰਥ ਸਾਹਿਬ ਜੀ ਲੀਨਿ। ਸਿਰ ਉਚਵਾਇ ਸਿੱਖਜ ਕੇ ਦੀਨਿ।
ਪੁਨ ਮਸੰਦ ਕੋ ਗਹਿ ਕਰਿ ਬੰਧਾ। ਜਿਨ ਅਪਮਾਨ ਕੀਨਿ ਮਤਿ ਅੰਧਾ ॥੨੧॥

ਫਿਰ ਗੁਰੂ ਗ੍ਰੰਥ ਸਾਹਿਬ ਨੂੰ ਲਿਆ ਕੇ ਇਕ ਸਿੱਖ ਦੇ ਸਿਰ ਉਤੇ ਚੁਕਵਾ ਦਿੱਤਾ। ਫਿਰ ਮਸੰਦ ਨੂੰ ਫੜ ਕੇ ਬੰਨ੍ਹ ਲਿਆ, ਜਿਸ ਅਕਲ ਦੇ ਅੰਨ੍ਹੇ ਨੇ ਗੁਰੂ ਜੀ ਦਾ ਅਪਮਾਨ ਕੀਤਾ ਸੀ॥੨੧॥

ਹਾਹਾਕਾਰ ਸਕਲ ਨਰ ਕਰੈਂ। 'ਕਿਯ ਕੁਕਰਮ ਤੈਸੋ ਫਲ ਭਰੈਂ'।
ਧੀਰਮੱਲ ਬੋਲਜੋ ਉਰ ਦੂੱਖਜ। 'ਭੋ ਮੱਖਣ! ਤੂੰ ਸਤਿਗੁਰ ਸਿੱਖਜ॥ ੨੨॥

ਸਾਰੇ ਮਨੁੱਖ ਰੌਲਾ ਪਾ ਰਹੇ ਸਨ, "ਜੈਸਾ ਕੁਕਰਮ ਕੀਤਾ ਹੈ ਵੈਸਾ ਹੀ ਫਲ ਪਾ ਰਹੇ ਹਾਂ"। ਫਿਰ ਧੀਰਮੱਲ ਦੁਖੀ ਹੋ ਕੇ ਬੋਲਿਆ, "ਹੇ ਮੱਖਣ ਸ਼ਾਹ! ਤੂੰ ਸਤਿਗੁਰੂ ਜੀ ਦਾ ਸਿੱਖ ਹੈਂ॥੨੨॥

ਹਮ ਸਤਿਗੁਰ ਕੇ ਬੰਸ ਮਝਾਰ। ਤੈਂ ਕਿਮ ਕੀਨਸਿ ਇਹ ਅਪਕਾਰ।
ਸਤਿਗੁਰ ਡਰ ਨ ਧਰਹਿਂ ਉਰ ਮਾਂਹੀ। ਇਸ ਕੋ ਫਲ ਦੁਖ ਲਹਿਂ ਸੁਖ ਨਾਂਹੀ ॥੨੩॥

ਅਸੀਂ ਸਤਿਗੁਰੂ ਜੀ ਦੀ ਵੰਸ਼ ਵਿਚੋਂ ਹਾਂ, ਤੂੰ ਇਹ ਬੁਰਾ ਕੰਮ ਕਿਵੇਂ ਕੀਤਾ ਹੈ। ਸਤਿਗੁਰੂ ਜੀ ਦਾ ਡਰ ਹਿਰਦੇ ਵਿਚ ਧਾਰਨ ਨਹੀਂ ਕਰਦਾ ਹੈਂ, ਇਸ ਦਾ ਫਲ ਦੁਖ ਲਵੇਂਗਾ, ਸੁੱਖ ਨਹੀਂ ਪਾਵੇਂਗਾ॥੨੩॥

ਕਰਜੋ ਅਨਾਦਰ ਹਮਰੋ ਭਾਰੀ। ਵਸਤੁ ਖਸੋਟਿ ਲੀਨਿ ਤੈਂ ਸਾਰੀ।
ਪੁਨ ਮਸੰਦ ਹਮਰੋ ਗਹਿ ਕਰਿ ਕੈ। ਲਿਯੋ ਗ੍ਰਿੰਥ ਸਾਹਿਬ ਸਿਰ ਧਰਿ ਕੈ ॥੨੪॥

ਤੂੰ ਸਾਡਾ ਭਾਰੀ ਅਨਾਦਰ ਕੀਤਾ ਹੈ, ਸਾਡੀਆਂ ਸਾਰੀਆਂ ਵਸਤਾਂ ਖੋਹ ਲਈਆਂ ਹਨ। ਫਿਰ ਸਾਡੇ ਮਸੰਦ ਨੂੰ ਫੜ ਕੇ ਤੇ ਗੁਰੂ ਗ੍ਰੰਥ ਸਾਹਿਬ ਨੂੰ ਸਿਰ ਤੇ ਧਰ ਕੇ ਲੈ ਗਏ ਹੋ॥੨੪॥

ਹਮ ਭ੍ਰਾਤਾ ਸੋਢੀ ਕੁਲ ਸਾਰੇ। ਕਰਹਿਂ ਪਰਸਪਰ ਬਹੁ ਬਿਵਹਾਰੇ।
ਲਰਹਿਂ ਮਿਲਹਿਂ ਹਮ ਬਾਰਿ ਅਨੇਕ। ਬੋਲਜੋ ਅਬਿ ਲੌ ਸਿੱਖਜ ਨ ਏਕ' ॥੨੫॥

ਅਸੀਂ ਸੋਢੀ ਕੁਲ ਕਰਕੇ ਸਾਰੇ ਭਰਾ ਹਾਂ, ਅਸੀਂ ਆਪਸ ਵਿਚ ਬਹੁਤ ਵਿਵਹਾਰ ਕਰਦੇ ਹਾਂ। ਅਸੀਂ ਅਨੇਕ ਵਾਰ ਲੜਦੇ ਅਤੇ ਮਿਲਦੇ ਹਾਂ, ਹੁਣ ਤਕ ਇਕ ਸਿੱਖ ਵੀ ਨਹੀਂ ਬੋਲਿਆ ਹੈ" ॥੨੫॥

ਸੁਨਿ ਕੈ ਮੱਖਣ ਸ਼ਾਹਿ ਬਖਾਨਾ। 'ਧੀਰਮੱਲਜ! ਤੁਮ ਕੁੱਕ੍ਰਿਤ ਠਾਨਾ।
ਕਰਿ ਨ ਸਕਹਿ ਕੋ ਏਤੀ ਬਾਤ। ਜਸ ਤੈਂ ਕਰੀ ਮਤੀ ਬੱਖਜਾਤ॥ ੨੬॥

ਇਹ ਸੁਣ ਕੇ ਮੱਖਣ ਸ਼ਾਹ ਨੇ ਕਿਹਾ, "ਹੇ ਧੀਰਮੱਲ! ਤੂੰ ਵੱਡਾ ਖੋਟਾ ਕੰਮ ਕੀਤਾ ਹੈ, ਕੋਈ ਵੀ ਇਨਸਾਨ ਏਨੀ ਗੱਲ ਨਹੀਂ ਕਰ ਸਕਦਾ, ਜਿਵੇਂ ਤੂੰ ਆਪਣੀ ਮੱਤ ਪ੍ਰਗਟ ਕੀਤੀ ਹੈ॥੨੬॥

ਗੁਰ ਤੇ ਸਿਖ ਕੇ ਸਦਾ ਸਹਾਈ। ਦੋਨਹੁਂ ਲੋਕਨਿ ਮਹਿਂ ਸੁਖਦਾਈ।
ਕਬਹੁਂ ਕੁ ਸਮਾ ਹੋਇ ਅਸ ਜਾਈ। ਬਨਹਿਂ ਸਹਾਇ ਸਿੱਖ ਅਧਿਕਾਈ ॥੨੭॥

ਗੁਰੂ ਜੀ ਤਾਂ ਸਿੱਖ ਦੇ ਸਦਾ ਸਹਾਇਕ ਹੁੰਦੇ ਹਨ, ਦੋਵਾਂ ਲੋਕਾਂ ਵਿਚ ਸੁਖ ਦਿੰਦੇ ਹਨ। ਕਦੇ ਐਸਾ ਸਮਾਂ ਪੈਣ ਤੇ ਸਿੱਖ ਵੀ ਗੁਰੂ ਜੀ ਦੇ ਆ ਸਹਾਈ ਹੁੰਦੇ ਹਨ॥੨੭॥

ਸ੍ਰੀ ਗੁਰ ਤੇਗਬਹਾਦਰ ਚੰਦ। ਸਮ ਰਹਿਂ ਹਰਖ ਸ਼ੋਕ ਜੇ ਦ੍ਵੰਦ।
ਨਹਿਂ ਇੱਛਾ ਥੀ ਜਗ ਬਿਦਤਾਏਂ। ਮੈਂ ਕਰਿ ਬਿਨਤੀ ਬਾਹਿਰ ਬਿਠਾਏ ॥੨੮॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਖੁਸ਼ੀ ਗ਼ਮੀ ਦੋਹਾਂ ਵਿਚ ਇਕ ਸਮਾਨ ਰਹਿੰਦੇ ਹਨ। ਉਨ੍ਹਾਂ ਦੀ ਜਗ ਵਿਚ ਪ੍ਰਗਟ ਹੋਣ ਦੀ ਇੱਛਾ ਨਹੀਂ ਸੀ, ਮੈਂ ਬੇਨਤੀ ਕਰ ਕੇ ਬਾਹਰ ਬਿਠਾ ਦਿੱਤੇ॥੨੮॥

ਨਹੀਂ ਕਰਤਿ ਕੁਛ ਅੰਗੀਕਾਰੇ। ਜਗ ਮਿੱਥਯਾ ਜਿਨ ਕੇਰ ਬਿਚਾਰੇ।
ਬ੍ਰਹਮਗ੍ਯਾਨ ਜਿਨ ਕੇ ਦ੍ਰਿੜ ਹੋਵਾ। ਉਰ ਅਬਿਬੇਕ ਕਟਕ ਕੋ ਖੋਵਾ ॥੨੯॥

ਕੁਝ ਵੀ ਅੰਗੀਕਾਰ ਨਹੀਂ ਕਰਦੇ ਸਨ, ਜਿਹੜੇ ਇਸ ਜਗਤ ਨੂੰ ਮਿਥਿਆ ਭਾਵ ਝੂਠਾ ਜਾਣਦੇ ਹਨ। ਜਿਨ੍ਹਾਂ ਨੇ ਬ੍ਰਹਮਗਿਆਨ ਦ੍ਰਿੜ੍ਹ ਕੀਤਾ ਹੈ। ਜਿਨ੍ਹਾਂ ਨੇ ਦਿਲ ਵਿਚੋਂ ਅਗਿਆਨਤਾ ਦੀ ਸੈਨਾ ਨਾਸ਼ ਕੀਤੀ ਹੈ॥੨੯॥

ਤਵ ਪਿਤ ਕੋ ਭ੍ਰਾਤਾ ਬਡਿ ਥਾਨ। ਗ੍ਯਾਨਵਾਨ ਜਿਨ ਬ੍ਰਿਤੀ ਸਮਾਨ।
ਸ਼ਾਂਤਿ ਜਿਤੇਂਦ੍ਰੈ ਮਹਾਂ ਪ੍ਰਬੀਨ। ਸੋਢੀ ਕੁਲ ਕੋ ਭੂਖਨ ਚੀਨ॥ ੩੦॥

ਤੁਹਾਡੇ ਪਿਤਾ ਜੀ ਦੇ ਭਰਾ ਕਰਕੇ ਵੱਡੇ ਥਾਂ ਹਨ, ਵੱਡੇ ਗਿਆਨਵਾਨ ਹਨ ਤੇ ਜਿਨ੍ਹਾਂ ਦੀ ਬ੍ਰਿਤੀ ਸਮਾਨ ਹੈ, ਸ਼ਾਂਤ ਸਰੂਪ ਹਨ, ਇੰਦਰੇ ਆਪਣੇ ਵੱਸ ਵਿਚ ਕੀਤੇ ਹੋਏ ਹਨ ਤੇ ਮਹਾਨ ਚਤੁਰ ਹਨ, ਉਨ੍ਹਾਂ ਨੂੰ ਸੋਢੀ ਕੁਲ ਦੇ ਸਿਰਤਾਜ ਜਾਣੋ॥੩੦॥

ਤਿਨ ਕੀ ਕਰੀ ਅਵੱਗ੍ਯਾ ਭਾਰੀ। ਹਤੀ ਤੁਪਕ, ਚਾਹਸਿ ਚਿਤ ਮਾਰੀ।
ਬਡ ਅਪਰਾਧ ਕੀਨਿ ਮਤਿ ਹੀਨੇ !। ਗੁਰ ਕੇ ਬੰਸ ਬਿਖੇ ਤੁਝ ਚੀਨੇ॥ ੩੧॥

ਤੁਸੀਂ ਉਨ੍ਹਾਂ ਦੀ ਭਾਰੀ ਅਵੱਗਿਆ ਕੀਤੀ ਹੈ, ਗੋਲੀ ਮਾਰੀ ਹੈ, ਜਾਨ ਤੋਂ ਮਾਰ ਦੇਣਾ ਚਾਹੁੰਦੇ ਸੀ ਹੇ ਮੂਰਖੋ ! ਵੱਡਾ ਅਪਰਾਧ ਕੀਤਾ ਹੈ। ਗੁਰੂ ਦੇ ਵੰਸ਼ ਵਿਚੋਂ ਤੈਨੂੰ ਜਾਣਿਆ ਹੈ॥੩੧॥

ਛੋਰਿ ਦੀਨਿ, ਨਹਿਂ ਕੀਨਿ ਸੰਘਾਰ। ਉਚਿਤ ਮਾਰਬੇ ਹੁਤੋ ਬਿਚਾਰ'।
ਇਮ ਕਹਿ ਸਭਿ ਵਸ਼ੁ ਕੀਨਿ ਅਗਾਰੀ। ਆਏ ਸਤਿਗੁਰ ਸਦਨ ਮਝਾਰੀ ॥੩੨॥

ਇਸ ਕਰਕੇ ਛੱਡ ਦਿੱਤਾ ਹੈ, ਮਾਰਿਆ ਨਹੀਂ ਹੈ, ਸਾਡਾ ਵਿਚਾਰ ਸੀ ਕਿ ਮਾਰਨਾ ਹੀ ਉਚਿਤ ਹੈ।'' ਇਸ ਤਰ੍ਹਾਂ ਕਰਕੇ ਸਭ ਵਸਤੂਆਂ ਅੱਗੇ ਲਾ ਕੇ ਸਤਿਗੁਰੂ ਜੀ ਦੇ ਘਰ ਵਿਚ ਆ ਗਏ॥੩੨॥

ਸਗਰੀ ਵਸਤੁ ਆਨਿ ਧਰਿਵਾਈ। ਸੌਂਪੀ ਜਹਾਂ ਨਾਨਕੀ ਮਾਈ।
ਪੋਸ਼ਿਸ਼ ਆਦਿ ਧੀਰਮਲ ਕੇਰੀ। ਆਨਿ ਧਰੀ ਤਹਿਂ ਪੋਟ ਘਨੇਰੀ॥ ੩੩॥

ਸਾਰੀਆਂ ਵਸਤਾਂ ਲਿਆ ਕੇ ਧਰਵਾ ਦਿੱਤੀਆਂ, ਜਿਥੇ ਮਾਤਾ ਨਾਨਕੀ ਜੀ ਸਨ, ਉਨ੍ਹਾਂ ਨੂੰ ਸੌਂਪ ਦਿੱਤੀਆਂ। ਧੀਰਮੱਲ ਆਦਿ ਦੇ ਜਿਹੜੇ ਕੱਪੜੇ ਸਨ, ਉਨ੍ਹਾਂ ਦੀ ਵੱਡੀ ਪੰਡ ਲਿਆ ਕੇ ਧਰ ਦਿੱਤੀ॥੩੩॥

ਦਰਬ ਸਰਬ ਗੁਰ ਆਗੇ ਧਰਜੋ। ਸਰਬਸ ਅਪਰ ਨਿਵੇਦਨ ਕਰਜੋ।
ਸ੍ਰੀ ਗ੍ਰਿੰਥ ਕਰਿਵਾਯਹੁ ਡੇਰਾ। ਆਯੋ ਮੱਖਣ ਸਿੱਖ ਬਡੇਰਾ॥ ੩੪॥

ਸਾਰਾ ਧਨ ਗੁਰੂ ਜੀ ਦੇ ਅੱਗੇ ਧਰ ਦਿੱਤਾ ਤੇ ਸਾਰਾ ਗੁਰੂ ਜੀ ਨੂੰ ਅਰਪਣ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਯੋਗ ਸਥਾਨ ਤੇ ਰਖਵਾਇਆ ਤੇ ਗੁਰੂ ਜੀ ਦਾ ਮਹਾਨ ਸਿੱਖ ਮੱਖਣ ਸ਼ਾਹ ਆ ਗਿਆ॥੩੪॥

**ਹਾਥ ਜੋਰਿ ਕੈ ਬੰਦਨ ਠਾਨੀ। ਮੁਖ ਦੇਖਯੋ ਰਹਿ ਏਕ ਸਮਾਨੀ।**
**ਪ੍ਰਾਪਤਿ ਦਰਬ ਨ ਹਰਖ ਭਯੋ ਹੈ। ਸ਼ੋਕ ਨ ਚਿਤ ਮਹਿਂ ਸਰਬ ਗਯੋ ਹੈ॥ ੩੫॥**

ਮੱਖਣ ਸ਼ਾਹ ਨੇ ਹੱਥ ਜੋੜ ਕੇ ਬੰਦਨਾ ਕੀਤੀ, ਗੁਰੂ ਜੀ ਦੇ ਮੁਖ ਵਲ ਵੇਖਿਆ, ਉਹ ਇਕ ਸਮਾਨ ਹੀ ਸੀ। ਧਨ ਪ੍ਰਾਪਤ ਕਰਕੇ ਉਨ੍ਹਾਂ ਨੂੰ ਕੋਈ ਪ੍ਰਸੰਨਤਾ ਨਾ ਹੋਈ, ਉਸ ਸਮੇਂ ਵੀ ਮਨ ਵਿਚ ਕੋਈ ਚਿੰਤਾ ਨਹੀਂ ਕੀਤੀ ਸੀ ਕਿ ਸਾਰਾ ਧਨ ਚਲੇ ਗਿਆ ਹੈ॥੩੫॥

**ਇਕਰਸ ਰਿਦਾ ਦੇਖਿ ਗੁਰ ਕੇਰਾ। ਉਪਜਯੋ ਰਿਦੇ ਅਨੰਦ ਘਨੇਰਾ।**
**ਸ਼ਿਵ ਮੂਰਤਿ ਆਨਨ ਬਿਗਸਾਨਾ। ਮਨਹੁਂ ਪ੍ਰਫੁੱਲਜਤਿ ਕਮਲ ਮਹਾਨਾ॥੩੬॥**

ਗੁਰੂ ਜੀ ਦਾ ਇਕ ਰਸ ਹਿਰਦਾ ਵੇਖ ਕੇ, ਮੱਖਣ ਸ਼ਾਹ ਦੇ ਹਿਰਦੇ ਵਿਚ ਬੜਾ ਅਨੰਦ ਪ੍ਰਗਟ ਹੋਇਆ। ਕਲਿਆਣ ਰੂਪ ਸ਼ੀਸ਼ਾ ਖਿੜ ਗਿਆ, ਮਾਨੋ ਮਹਾਨ ਕੰਵਲ ਦਾ ਫੁੱਲ ਖਿੜ ਉਠਿਆ ਹੋਵੇ॥੩੬॥

**ਕਰੁਨਾ ਭਰੇ ਬਿਲੋਚਨ ਰੂਰੇ। ਆਸਨ ਪਰ ਬੈਠੇ ਗੁਰ ਪੂਰੇ।**
**ਦੀਰਘ ਦਰਸ਼ਨ ਆਯੁਤ ਛਾਤੀ। ਲਾਂਬੀ ਭੁਜਾ ਧਰੇ ਉਰ ਸ਼ਾਂਤੀ॥ ੩੭॥**

ਸੁੰਦਰ ਨੈਣ ਕਿਰਪਾ ਦੇ ਭਰੇ ਸਨ, ਪੂਰਨ ਗੁਰੂ ਆਪਣੇ ਆਸਣ ਉਤੇ ਬੈਠੇ ਸਨ। ਵੱਡਾ ਉਚਾ ਲੰਮਾ ਸਰੀਰ ਤੇ ਚੌੜੀ ਛਾਤੀ ਸੀ, ਲੰਮੀਆਂ ਬਾਹਾਂ ਸਨ ਤੇ ਹਿਰਦੇ ਵਿਚ ਸ਼ਾਂਤੀ ਰੱਖਦੇ ਸਨ॥੩੭॥

**ਸਗਰੀ ਦੀਰਘ ਦੇਹਿ ਸੁਹਾਵੈ। ਸੇਤ ਬਸਤ੍ਰ ਨਿਰਮਲ ਛਬਿ ਛਾਵੈ।**
**ਸਗਰੇ ਸਦ ਗੁਨ ਸਦਨ ਮਹਾਨਾ। ਬੈਠੇ ਮਹਾਂ ਬਿਰਾਜਤਿ ਥਾਨਾ॥ ੩੮॥**

ਸਮੂਹ ਵੱਡਾ ਸਰੀਰ ਸ਼ੋਭ ਰਿਹਾ ਸੀ, ਸਫੇਦ ਵਸਤਰਾਂ ਕਰਕੇ ਨਿਰਮਲ ਸ਼ੋਭਾ ਛਾਈ ਹੋਈ ਸੀ। ਘਰ ਵਿਚ ਸਾਰੇ ਚੰਗੇ ਗੁਣ ਮੌਜੂਦ ਸਨ, ਗੁਰੂ ਜੀ ਆਪਣੇ ਆਸਣ ਤੇ ਬਿਰਾਜਮਾਨ ਸਨ॥੩੮॥

*ਗਿਆਰ੍ਹਵੀ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥*

## ਅਧਿਆਇ ਸਤਾਰ੍ਹਵਾਂ

*ਮੱਖਣ ਸ਼ਾਹ ਨੂੰ ਗੁਰੂ ਜੀ ਦਾ ਵਰਜਣਾ*

**ਦੋਹਰਾ- ਸਗਲ ਵਸਤੁ ਕੋ ਦੇਖਿ ਕਰਿ ਸ੍ਰੀ ਗੁਰ ਪਰਮ ਕ੍ਰਿਪਾਲ।**
**ਮੁਖ ਮੱਖਣ ਕੀ ਦਿਸ਼ਾ ਕਰਿ ਬੂਝਨਿ ਕੀਨਿ ਹਵਾਲ॥ ੧॥**

ਸਾਰੀਆਂ ਵਸਤੂਆਂ ਨੂੰ ਵੇਖ ਕੇ ਕ੍ਰਿਪਾਲੂ ਗੁਰੂ ਜੀ ਨੇ ਮੱਖਣ ਸ਼ਾਹ ਵਲ ਮੂੰਹ ਕਰਕੇ ਇਸ ਬਾਰੇ ਸਾਰਾ ਹਾਲ ਪੁੱਛਿਆ॥੧॥

ਚੌਪਈ-'ਸਭਿ ਵਸਤੂ ਕੈਸੀ ਇਹ ਲ੍ਯਾਏ ? ਕਰਹਿਂ ਰੌਰ ਕ੍ਯੋਂ ਨਰ ਸਮੁਦਾਏ ?
ਤੈਂ ਅਬਿ ਸੰਝ ਪਈ ਕਿਮ ਆਵਾ ? ਆਯੁਧ ਬੰਧੇ ਮੁਖ ਦਰਸਾਵਾ' ॥੨॥

"ਇਹ ਸਾਰੀਆਂ ਵਸਤਾਂ ਕਿਸ ਤਰ੍ਹਾਂ ਲਿਆਏ ਹੋ, ਇਹ ਮਨੁੱਖ ਇਕੱਠੇ ਹੋ ਕੇ ਰੌਲਾ ਕਿਉਂ ਪਾ ਰਹੇ ਹਨ ? ਤੂੰ ਹੁਣ ਸ਼ਾਮ ਹੋਣ ਤੇ ਕਿਵੇਂ ਆਇਆ ਹੈਂ ? ਸ਼ਸਤਰ ਧਾਰਨ ਕਰਕੇ ਮੁਖ ਵਿਖਾਇਆ ਹੈ"? ॥੨॥

ਸੁਨਿ ਮੱਖਣ ਹਰਖੰਤਿ ਬਖਾਨਾ। 'ਜਿਨ ਤੁਮਰੋ ਕੀਨਸਿ ਅਪਮਾਨਾ।
ਮਹਾਂ ਮੰਦਮਤਿ ਨਿੰਦਕ ਪਾਪੀ। ਦੁਸ਼ਟ ਦੁਰਾਤਮ ਦੁਖ ਸੰਤਾਪੀ॥ ੩॥

ਇਹ ਸੁਣ ਕੇ ਮੱਖਣ ਸ਼ਾਹ ਪ੍ਰਸੰਨ ਹੋ ਕੇ ਬੋਲਿਆ, "ਜਿਨ੍ਹਾਂ ਨੇ ਤੁਹਾਡਾ ਅਪਮਾਨ ਕੀਤਾ ਸੀ, ਉਸ ਮਹਾਂ ਮਾੜੀ ਮੱਤ ਵਾਲੇ ਪਾਪੀ ਨਿੰਦਕ, ਦੁਸ਼ਟ, ਭੈੜੀ ਆਤਮਾ ਵਾਲੇ ਦੁਖ ਦੇਣ ਵਾਲੇ ਸੰਤਾਪੀ॥੩॥

ਤਿਸ ਮਸੰਦ ਕੋ ਬੰਧਨ ਕਰ੍ਯੋ। ਧੀਰਮੱਲਜ ਕੇ ਨਿਕਟਿ, ਨ ਹਰ੍ਯੋ।
ਵਸਤੁ ਤੁਮਾਰੀ ਲੂਟਿ ਜਿ ਲੀਨਸਿ। ਤਿਨ ਤੇ ਮੈਂ ਛੀਨਸਿ ਦੁਖ ਦੀਨਸਿ॥੪॥

ਉਸ ਮਸੰਦ ਨੂੰ ਜੋ ਧੀਰਮੱਲ ਦੇ ਪਾਸ ਸੀ, ਉਸ ਨੂੰ ਬੰਨ੍ਹ ਲਿਆ ਹੈ, ਪਰ ਜਾਨੋ ਨਹੀਂ ਮਾਰਿਆ ਹੈ। ਜਿਹੜੀਆਂ ਤੁਹਾਡੀਆਂ ਵਸਤਾਂ ਉਸ ਲੁੱਟ ਲਈਆਂ ਸਨ, ਉਨ੍ਹਾਂ ਨੂੰ ਮੈਂ ਦੁੱਖੀ ਕਰਕੇ ਉਹ ਵਸਤਾਂ ਖੋਹ ਲਈਆਂ ਹਨ॥੪॥

ਰਾਵਰ ਕੋ ਅਪਰਾਧੀ ਆਨ੍ਯੋਂ। ਜਿਸ ਨੇ ਆਇ ਕੁਕਰਮ ਕਮਾਨ੍ਯੋਂ।
ਗੁਰ ਕੁਲ ਤੇ ਉਪਜ੍ਯੋ ਲਖਿ ਕਰਿਕੈ। ਹਤ੍ਯੋ ਨ ਧੀਰ ਮੱਲ ਹਮ ਧਰਿ ਕੈ॥੫॥

ਆਪ ਜੀ ਦੇ ਅਪਰਾਧੀ ਨੂੰ ਲਿਆਂਦਾ ਹੈ, ਜਿਸ ਨੇ ਆ ਕੇ ਕੁਕਰਮ ਕਮਾਇਆ ਸੀ। ਗੁਰੂ ਵੰਸ਼ ਵਿਚ ਪੈਦਾ ਹੋਇਆ ਹੋਣ ਕਰਕੇ ਧੀਰਮੱਲ ਨੂੰ ਧੀਰਜ ਧਾਰ ਕੇ ਨਹੀਂ ਮਾਰਿਆ ਹੈ॥੫॥

ਮੁਝ ਦੇਖਤਿ ਅਪਰਾਧ ਤੁਮਾਰੋ। ਕੋਇ ਜਿ ਕਰਹਿ ਦੁਰਾਤਮ ਭਾਰੋ।
ਐਸੇ ਸ਼ਸਤ੍ਰ ਪ੍ਰਹਾਰਨਿ ਕਰਿ ਹੌਂ। ਮਾਰਨਿ ਕਰੌਂ, ਕਿ ਲਰਿ ਕੈ ਮਰਿ ਹੌਂ॥੬॥

ਮੇਰੇ ਵੇਖਦਿਆਂ ਜੇ ਕੋਈ ਤੁਹਾਡਾ ਵੱਡਾ ਅਪਰਾਧ ਕਰੇ, ਕੋਈ ਜੇ ਬਹੁਤ ਭੈੜਾ ਕਾਰਜ ਕਰੇ, ਐਸੇ ਲੋਕਾਂ ਤੇ ਮੈਂ ਸ਼ਸਤਰਾਂ ਦਾ ਵਾਰ ਕਰਾਂਗਾ। ਮਾਰ ਦੇਵਾਂਗਾ ਜਾਂ ਲੜ ਕੇ ਮਰ ਜਾਵਾਂਗਾ॥੬॥

ਸੁਧਿ ਪਹੁੰਚੀ ਜਬਿ ਹੀ ਮੁਝ ਡੇਰੇ। ਤਬਹਿ ਦੌਰ ਮੈਂ ਆਇ ਅਦੇਰੇ।
ਧੀਰਮੱਲਜ ਕੋ ਦੋਸ਼ ਬਡੇਰਾ। ਮੈਂ ਇਮ ਲਖਿ ਕੈ ਲੂਟ੍ਯੋ ਡੇਰਾ॥ ੭॥

ਜਦ ਮੈਨੂੰ ਡੇਰੇ ਵਿਚ ਇਸ ਬਾਰੇ ਖਬਰ ਪੁੱਜੀ ਤਾਂ ਤੁਰਤ ਕਿਸੇ ਦੇਰ ਬਗੈਰ ਭੱਜਾ ਆਇਆ ਹਾਂ। ਧੀਰਮੱਲ ਦਾ ਇਹ ਬਹੁਤ ਵੱਡਾ ਦੋਸ਼ ਹੈ, ਮੈਂ ਇਹ ਸਮਝ ਕੇ ਸਾਰਾ ਡੇਰਾ ਲੁੱਟ ਲਿਆ ਹੈ॥੭॥

ਆਨੀ ਸਗਰੀ ਵਸਤੁ ਤੁਮਾਰੀ। ਅਰੁ ਤਿਨ ਕੀ ਛੀਨਸਿ ਗਹਿ ਸਾਰੀ।
ਆਪ ਸਕਲ ਸੰਭਾਰਹੁ ਭਲੇ। ਕਰਹਿ ਅਨਾਦਰ ਰਿਪੁ ਨਿਰਬਲੇ॥ ੮॥

ਤੁਹਾਡੀਆਂ ਸਾਰੀਆਂ ਵਸਤਾਂ ਲੈ ਆਂਦੀਆਂ ਹਨ, ਅਤੇ ਉਨ੍ਹਾਂ ਦੀਆਂ ਵੀ ਸਾਰੀਆਂ ਵਸਤਾਂ ਖੋਹ ਲਈਆਂ ਹਨ। ਆਪ ਭਲੀ ਪ੍ਰਕਾਰ ਸਾਰੀਆਂ ਸੰਭਾਲੋ, ਜਿਸ ਵੈਰੀ ਨੇ ਆਪ ਦਾ ਅਨਾਦਰ ਕੀਤਾ ਸੀ, ਉਸ ਨੂੰ ਨਿਰਬਲ ਕਰਕੇ ਸਾਰੀ ਸਮੱਗਰੀ ਲੈ ਆਇਆ ਹਾਂ॥੮॥

ਆਨਿ, ਸਦਨ ਮਹਿਂ ਸਰਬ ਸੁ ਲੀਨਾ। ਤਿਨ ਕੋ ਕੁਛ ਅਪਕਾਰ ਨ ਕੀਨਾ।
ਬਿਨ ਕਾਰਨ ਤੇ ਕਿਯ ਅਪਰਾਧੇ। ਯਾਂਤੇ ਮੈਂ ਆਨ੍ਯੋਂ ਤਿਸ ਬਾਂਧੇ॥ ੯॥

ਸਾਰੀ ਸਮੱਗਰੀ ਘਰ ਵਿਚ ਲੈ ਆਇਆ ਹਾਂ, ਆਪ ਜੀ ਨੇ ਉਸ ਦਾ ਕੁਝ ਵੀ ਬੁਰਾ ਨਹੀਂ ਸੀ ਕੀਤਾ। ਕਿਸੇ ਕਾਰਨ ਬਗੈਰ ਉਸ ਅਪਰਾਧ ਕੀਤਾ ਸੀ. ਇਸ ਕਰਕੇ ਮੈਂ ਉਸ ਮਸੰਦ ਨੂੰ ਬੰਨ੍ਹ ਕੇ ਲੈ ਆਇਆ ਹਾਂ॥੯॥

ਜਬਹਿ ਦੁਸ਼ਟ ਤੁਮਰੇ ਘਰ ਆਏ। ਮੋ ਢਿਗ ਕਸੋਂ ਨਹਿਂ ਸੁਧਿ ਪਹੁੰਚਾਏ।
ਸਭਿ ਕੋ ਤਤਛਿਨ ਬੰਧਨ ਕਰਤੋ। ਕਰਤਿ ਸ਼ਸਤ੍ਰ ਜੇ ਪ੍ਰਾਨ ਪ੍ਰਹਰਿਤੋ॥ ੧੦॥

ਜਦ ਦੁਸ਼ਟ ਤੁਹਾਡੇ ਘਰ ਆਏ ਸੀ, ਉਸ ਸਮੇਂ ਮੇਰੇ ਪਾਸ ਖਬਰ ਕਿਉਂ ਨਹੀਂ ਪਹੁੰਚਾਈ ਸੀ। ਸਾਰਿਆਂ ਨੂੰ ਮੈਂ ਤੁਰਤ ਬੰਨ੍ਹ ਲੈਂਦਾ ਤੇ ਹਥਿਆਰਾਂ ਨਾਲ ਉਨ੍ਹਾਂ ਦੇ ਪ੍ਰਾਣ ਕੱਢ ਲੈਂਦਾ॥੧੦॥

ਅਪਨੀ ਵਸਤੁ ਦਰਬ ਯੁਤਿ ਲੀਜੈ। ਤਿਨ ਕੀ ਆਨੀ ਰਾਖਨਿ ਕੀਜੈ।
ਪੁਨ ਆਗੇ ਜੇ ਹ੍ਵੈ ਮਤਿਵਾਨਾ। ਕਬਿ ਨ ਕਰਹਿ ਕੋਈ ਅਪਮਾਨਾ॥ ੧੧॥

ਆਪਣੀਆਂ ਵਸਤਾਂ ਧਨ ਸਹਿਤ ਲਵੋ, ਉਨ੍ਹਾਂ ਦੀਆਂ ਵੀ ਵਸਤਾਂ ਲਿਆਂਦੀਆਂ ਹਨ, ਇਹ ਵੀ ਰੱਖ ਲਵੋ। ਫਿਰ ਜੇ ਅੱਗੇ ਅਕਲ ਵਾਲਾ ਹੋਵੇਗਾ ਤਾਂ ਕਦੇ ਵੀ ਕੋਈ ਅਪਮਾਨ ਨਹੀਂ ਕਰੇਗਾ"॥੧੧॥

ਸੁਨਿ ਸਤਿਗੁਰ ਕਹਿ ਬਾਕ ਪ੍ਰਬੀਨਾ। 'ਮੱਖਣ ਸ਼ਾਹ! ਕਹਾਂ ਤੈਂ ਕੀਨਾ?।
ਕਾਮ ਕ੍ਰੋਧ ਕੇ ਬਸਿ ਹ੍ਵੈ ਸੋਈ। ਆਨਿ ਕੁਕਰਮ ਕਰਯੋ ਤਿਨ ਜੋਈ॥ ੧੨॥

ਇਹ ਸੁਣ ਕੇ ਸਤਿਗੁਰੂ ਜੀ ਨੇ ਚਤੁਰ ਬਚਨ ਕਹੇ, "ਮੱਖਣ ਸ਼ਾਹ! ਇਹ ਤੂੰ ਕੀ ਕੀਤਾ ਹੈ? ਕਾਮ ਕ੍ਰੋਧ ਦੇ ਵੱਸ ਹੋ ਕੇ ਤੂੰ ਵੀ ਉਹੋ ਕੁਕਰਮ ਕਰ ਦਿੱਤਾ ਜੋ ਉਨ੍ਹਾਂ ਕੀਤਾ ਸੀ॥੧੨॥

ਹਮ ਤਿਨ ਸਮ ਨਹਿਂ ਕਰਿਬੋ ਚਾਹੈਂ। ਜਾਨਹਿਂ ਮਹਾਂ ਦੋਸ਼ ਤਿਸ ਮਾਂਹੈ।
ਜਨਮ ਮਰਨ ਜਗ ਬਾਰੰਬਾਰੀ। ਦੇਤਿ ਕਾਮਨਾ, ਹ੍ਵੈ ਨ ਉਬਾਰੀ॥ ੧੩॥

ਅਸੀਂ ਉਨ੍ਹਾਂ ਵਾਂਗ ਨਹੀਂ ਕਰਨਾ ਚਾਹੁੰਦੇ, ਇਸ ਵਿਚ ਮਹਾਂ ਦੋਸ਼ ਸਮਝਦੇ ਹਾਂ। ਤ੍ਰਿਸ਼ਨਾ ਹੀ ਇਸ ਜਗ ਵਿਚ ਬਾਰ-ਬਾਰ ਜਨਮ ਮਰਨ ਦਿੰਦੀ ਹੈ, ਇਸ ਤੋਂ ਬਚਿਆ ਨਹੀਂ ਜਾ ਸਕਦਾ॥੧੩॥

ਕਾਮ ਮੂਲ ਹੈ ਸਕਲ ਬਿਕਾਰੇ। ਕਾਮ ਬਿਨਾਸਹਿਂ ਸੁਮਤਿ ਬਿਚਾਰੇ।
ਪੁਨ ਇਹ ਬਿਨਾ ਉਪਾਇ ਨਸੰਤੇ। ਜਨਮ ਮਰਨ ਜੋ ਦੇਤਿ ਅਨੰਤੇ॥ ੧੪॥

ਕਾਮਨਾ ਸਾਰੇ ਵਿਕਾਰਾਂ ਦਾ ਮੂਲ ਹੈ, ਸ੍ਰੇਸ਼ਟ ਬੁੱਧੀ ਵਾਲੇ ਇਹ ਗੱਲ ਵਿਚਾਰ ਕੇ ਕਾਮਨਾ ਨੂੰ ਨਾਸ਼ ਕਰਦੇ ਹਨ, ਫਿਰ ਇਹ ਵਿਕਾਰ ਬਿਨਾਂ ਉਪਾਅ ਦੇ ਹੀ ਦੂਰ ਹੋ ਜਾਂਦੇ ਹਨ, ਜਿਹੜੇ ਅਨੰਤ ਜਨਮ ਮਰਨ ਦਿੰਦੇ ਹਨ॥੧੪॥

ਤੂੰ ਸਤਿਗੁਰ ਕੋ ਸਿੱਖਯ ਮਹਾਨਾ। ਸਦ ਗੁਨ ਧਰਿ, ਜਿਸਤੇ ਸ਼ੁਭ ਜਾਨਾ।
ਧੀਰਮਲ ਕੀ ਵਸਤੂ ਸਰਬਾ। ਫੇਰਿ ਦੇਹੁ ਤਿਨ ਢਿਗ ਯੁਤਿ ਦਰਬਾ॥ ੧੫॥

ਤੂੰ ਸਤਿਗੁਰੂ ਦਾ ਮਹਾਨ ਸਿੱਖ ਹੈਂ। ਸੱਚੇ ਗੁਣ ਧਾਰਨ ਕਰੋ, ਜਿਸ ਕਰਕੇ ਸ਼ੁਭ ਜਾਣਿਆਂ ਜਾਵੇ। ਧੀਰਮੱਲ ਦੀਆਂ ਸਾਰੀਆਂ ਵਸਤਾਂ ਧਨ ਸਹਿਤ ਉਸ ਨੂੰ ਫਿਰ ਵਾਪਸ ਕਰ ਦੇਵੋ॥੧੫॥

ਜੋ ਹਮਰੇ ਢਿਗ ਧਨ ਅਰਪਾਯੋ। ਸਭਿ ਦੇਵਹੁ ਤਿਸ ਢਿਗ ਪਹੁੰਚਾਯੋ।
ਮਨ ਉਦ੍ਵੇਗ ਕੋ ਨਿਬਲ ਕਰੀਜੈ। ਹੁਇ ਪ੍ਰਸੰਨ ਇਹ ਸਭਿ ਤਿਸ ਦੀਜੈ॥ ੧੬॥

ਜੋ ਸਾਡੇ ਪਾਸ ਧਨ ਅਰਪਣ ਹੋਇਆ ਹੈ, ਸਾਰਾ ਉਸ ਦੇ ਪਾਸ ਪਹੁੰਚਾ ਦੇਵੋ। ਮਨ ਦੀ ਘਬਰਾਹਟ ਨੂੰ ਘੱਟ ਕਰੋ, ਪ੍ਰਸੰਨ ਹੋ ਕੇ ਇਹ ਸਭ ਕੁਝ ਉਸ ਨੂੰ ਦੇ ਦੇਵੋ॥੧੬॥

ਬਹੁਰੋ ਤੁਝ ਨੀਕੇ ਉਪਦੇਸ਼ਹਿਂ। ਲਖਹੁ ਸੁਭਾਸ਼ੁਭ, ਤਜਹੁ ਕਲੇਸ਼ਹਿ।
ਸਤਿਗੁਰ ਮਿਲਿਨਿ ਸੁਫਲ ਹੁਇ ਜਾਵੈ। ਜਨਮ ਮਰਨ ਤੇ ਖਿਰਤਾ ਪਾਵੈ' ॥੧੭॥

ਫਿਰ ਤੈਨੂੰ ਚੰਗਾ ਉਪਦੇਸ਼ ਦਿੰਦੇ ਹਾਂ, ਸ਼ੁਭ, ਅਸ਼ੁਭ ਨੂੰ ਸਮਝੋ ਤੇ ਕਲੇਸ਼ ਨੂੰ ਛੱਡੋ। ਫਿਰ ਸਤਿਗੁਰੂ ਨੂੰ ਮਿਲਣਾ ਸਫਲ ਹੋ ਜਾਂਦਾ ਹੈ, ਤੇ ਜਨਮ ਮਰਨ ਤੋਂ ਮੁਕਤੀ ਮਿਲ ਜਾਂਦੀ ਹੈ" ॥੧੭॥

ਸੁਨਿ ਮੱਖਣ ਕਰ ਜੋਰਿ ਬਖਾਨਾ। 'ਜਿਨਹੁਂ ਕੀਨਿ ਅਪਮਾਨ ਮਹਾਨਾ।
ਪ੍ਰਾਣਾਂਤਕ ਲੌ ਕਰਿ ਅਪਰਾਧੂ। ਕੁਮਤੀ, ਦੁਸ਼ਟ, ਕਠੋਰ, ਅਸਾਧੂ॥ ੧੮॥

ਇਹ ਸੁਣ ਕੇ ਮੱਖਣ ਸ਼ਾਹ ਨੇ ਹੱਥ ਜੋੜ ਕੇ ਕਿਹਾ, "ਜਿਸ ਨੇ ਤੁਹਾਡਾ ਵੱਡਾ ਅਪਮਾਨ ਕੀਤਾ ਹੈ, ਪ੍ਰਾਣ ਲੈ ਲੈਣ ਤਕ ਦਾ ਅਪਰਾਧੀ ਹੈ, ਜਿਹੜਾ ਭੈੜੀ ਬੁਧੀ ਵਾਲਾ, ਦੁਸ਼ਟ, ਕਠੋਰ ਅਤੇ ਬਦਮਾਸ਼ ਹੈ॥੧੮॥

ਤਿਨ ਪਰ ਮ੍ਰਿਦੁਲ ਛਿਮਾ ਬਹੁ ਕਰਨੀ। ਨੀਤਿ ਬਿਖੈ ਇਹ ਨੀਕ ਨ ਬਰਨੀ।
ਛਮੀ ਪੁਰਖ ਕੇ ਕਾਜ ਉਦਾਰਾ। ਨਸ਼ਟ ਹੋਤਿ, ਜਿਮ ਅਗਨੀ ਪਾਰਾ॥ ੧੯॥

ਉਨ੍ਹਾਂ ਨੂੰ ਕੋਮਲ ਸ਼ਬਦਾਂ ਨਾਲ ਮੁਆਫ ਕਰ ਦੇਣਾ, ਨੀਤੀ ਵਿਚ ਇਹ ਠੀਕ ਨਹੀਂ ਜਾਣਿਆ ਗਿਆ ਹੈ। ਖਿਮਾਂ ਕਰਨ ਵਾਲੇ ਪੁਰਖ ਦਾ ਵੱਡਾ ਕਾਰਜ, ਇਸ ਤਰ੍ਹਾਂ ਨਾਸ਼ ਹੋ ਜਾਂਦਾ ਹੈ, ਜਿਵੇਂ ਅੱਗ ਪਾਰੇ ਨੂੰ ਸਾੜ ਦਿੰਦੀ ਹੈ॥੧੯॥

ਤਿਸ ਕੋ ਸਕਲ ਕਰਹਿਂ ਅਪਰਾਧਾ। ਡਰ ਕੋ ਛੋਰਿ, ਦੇਤਿ ਹੈਂ ਬਾਧਾ।
ਦਾਰਿੱਦ੍ਰੀ ਅਰੁ ਆਲਸਕਾਰੀ। ਇਮ ਅਪਕੀਰਤਿ ਹੁਇ ਬਿਸਤਾਰੀ॥ ੨੦॥

ਖਿਮਾ ਕਰਨ ਵਾਲੇ ਪੁਰਸ਼ ਦਾ ਸਾਰੇ ਅਪਰਾਧ ਕਰਦੇ ਹਨ, ਡਰ ਨੂੰ ਛੱਡ ਕੇ ਉਹ ਰੁਕਾਵਟਾਂ ਪਾਉਂਦੇ ਹਨ। ਦਲਿਦਰੀ ਅਤੇ ਆਲਸੀ ਕਹਿ ਕੇ ਉਸ ਦੀ ਭੈੜੀ ਕੀਰਤੀ ਫੈਲਾਉਂਦੇ ਹਨ॥੨੦॥

ਕਰਿ ਅਪਰਾਧ ਨਹੀਂ ਡਰਪਾਵੈਂ। ਜਸ ਕਿਯ ਤਸ ਫਲ ਜੇ ਨਹਿਂ ਪਾਵੈਂ।
ਪੁਨਹਿ ਕਰਨਿ ਕੋ ਹੈ ਉਤਸਾਹੀ। ਭੀਰੂ ਲਖੈਂ, ਅਪਰ ਸੋਂ ਪ੍ਰਾਹੀ॥ ੨੧॥

ਅਪਰਾਧ ਕਰਕੇ ਫਿਰ ਡਰਦੇ ਨਹੀਂ ਹਨ, ਜਿਵੇਂ ਕੀਤਾ ਹੈ, ਉਸ ਤਰ੍ਹਾਂ ਹੀ ਉਸਦਾ ਜੇ ਫਲ ਨਾ ਪਾਉਣ। ਤਾਂ ਉਹ ਫਿਰ ਦੁਬਾਰਾ ਕਰਨ ਨੂੰ ਉਤਸ਼ਾਹੀ ਹੋ ਜਾਂਦੇ ਹਨ, ਉਸ ਨੂੰ ਕਾਇਰ ਸਮਝਦੇ ਹਨ ਤੇ ਦੂਸਰਿਆਂ ਪਾਸ ਡਰਾਕਲ ਕਹਿੰਦੇ ਹਨ॥੨੧॥

ਦੰਡ ਉਚਿਤ ਹੀ ਨਿਤ ਅਪਰਾਧੀ। ਪੁਰਸ਼ੋਤਮ ਮਿਰਜਾਦਾ ਬਾਧੀ।
ਦੇਖਹੁ ਰਾਮਚੰਦ ਬਡ ਧੀਰ। ਨੀਰਧ ਕੋ ਗੰਭੀਰ ਅਭੀਰ॥ ੨੨॥

ਅਪਰਾਧੀ ਨੂੰ ਸਦਾ ਦੰਡ ਦੇਣਾ ਉਚਿਤ ਹੈ, ਉੱਤਮ ਪੁਰਸ਼ਾਂ ਨੇ ਇਹ ਮਰਯਾਦਾ ਬੰਨ੍ਹੀ ਹੈ। ਵੇਖੋ ਰਾਮਚੰਦਰ ਜੀ ਵੱਡੇ ਧੀਰਜਵਾਨ ਸਨ, ਸਾਗਰ ਜੋ ਬੜਾ ਗੰਭੀਰ ਅਤੇ ਅਭੀਰ ਹੈ ਉਸਨੂੰ ਵੀ ਦੰਡ ਦਿੱਤਾ॥੨੨॥

ਅਸ ਆਸ਼ੈ ਲਖਿ ਓਜ ਪ੍ਰਕਾਸ਼ਾ। ਜਿਸ ਤੇ ਅਤਿ ਚਿਤਵਯੋ ਚਿਤ ਤ੍ਰਾਸਾ।
ਹੁਇ ਭੈ ਭੀਤ ਉਪਾਇ ਬਤਾਇਵ। ਸਕਲ ਕਟਕ ਕਪਿ ਪਾਰ ਲੰਘਾਇਵ ॥੨੩॥

ਐਸੇ ਆਸ਼ੇ ਸਮਝ ਕੇ ਰਾਮਚੰਦਰ ਜੀ ਨੇ ਸ਼ਕਤੀ ਦਾ ਪ੍ਰਕਾਸ਼ ਕੀਤਾ, ਅਪਰਾਧੀ ਨੂੰ ਦੰਡ ਦੇਣਾ ਉਚਿਤ ਸਮਝਿਆ, ਜਿਸ ਕਰਕੇ ਸਮੁੰਦਰ ਨੇ ਚਿੱਤ ਵਿਚ ਬਹੁਤ ਡਰ ਮੰਨਿਆ ਤੇ ਭੈਭੀਤ ਹੋ ਕੇ ਉਸ ਨੇ ਉਪਾਅ ਦੱਸ ਦਿੱਤਾ ਤੇ ਬਾਂਦਰਾਂ ਦਾ ਸਾਰਾ ਦਲ ਆਪਣੇ ਉਤੋਂ ਪਾਰ ਲੰਘਾ ਦਿੱਤਾ॥੨੩॥

ਜੇ ਨ ਛਿਮਾ ਤਜਾਗਤਿ ਤਿਸ ਕਾਲਾ। ਨਹਿਂ ਕਾਰਜ ਕਿਮ ਹੋਤਿ ਸੁਖਾਲਾ।
ਪੁਨ ਸ਼੍ਰੀ ਕ੍ਰਿਸ਼ਨ ਚਤੁਰ ਬਲਵਾਨਾ। ਸਭਾ ਕੌਰਵਨਿ ਕੀ ਜੁ ਮਹਾਨਾ॥ ੨੪॥

ਜੇ ਉਸ ਸਮੇਂ ਛਿਮਾ ਨੂੰ ਨਾ ਛੱਡਦੇ ਤਾਂ ਸਾਰਾ ਕਾਰਜ ਕਿਵੇਂ ਸੁਖਾਲਾ ਹੁੰਦਾ। ਫਿਰ ਸ੍ਰੀ ਕ੍ਰਿਸ਼ਨ ਜਿਹੜੇ ਚਤੁਰ ਬਲਵਾਨ ਸਨ, ਜਦ ਕੌਰਵਾਂ ਦੀ ਮਹਾਨ ਸਭਾ ਲੱਗੀ ਹੋਈ ਸੀ॥੨੪॥

ਬੈਠਜੋ ਬੀਚ ਛਿਮਾ ਕਰਿ ਰਹੈ। ਦੁਰਜੋਧਨ ਬਡ ਪਦ ਕੋ ਲਹੈ।
ਤੇਜ ਪ੍ਰਭਾਵ ਅਪਨਿ ਬਿਦਤਾਵਾ। ਜਿਸ ਤੇ ਅਪਨੋ ਆਪ ਬਚਾਵਾ॥੨੫॥

ਸਭਾ ਵਿਚ ਬੈਠ ਕੇ ਛਿਮਾ ਕਰ ਰਹੇ ਸਨ, ਪਰ ਜਦ ਦੁਰਯੋਧਨ ਦੀ ਵੱਡੀ ਪਦਵੀ ਨੂੰ ਦੇਖ ਕੇ ਆਪਣਾ ਤੇਜ ਪ੍ਰਭਾਵ ਪ੍ਰਗਟ ਕੀਤਾ, ਜਿਸ ਨਾਲ ਆਪਣੇ ਆਪ ਨੂੰ ਬਚਾਇਆ॥੨੫॥

ਇਮ ਅਛਿਮਾ ਮਹਿਂ ਗੁਨ ਬਹੁ ਰਹੈ। ਛਿਮਾਵਾਨ ਬਾਧਾ ਬਡ ਸਹੈ।
ਅੌਕ੍ਰਿਤ ਕਾਜ,ਅਪਜਸੁ ਬਿਸਤਾਰਨਿ। ਦੋਸ਼ ਛਿਮਾ ਮਹਿਂ ਕਰੇ ਉਚਾਰਨਿ॥੨੬॥

ਇਸ ਤਰ੍ਹਾਂ ਛਿਮਾ ਨਾ ਧਾਰਨ ਵਿਚ ਵੀ ਬਹੁਤ ਗੁਣ ਹਨ, ਛਿਮਾਵਾਨ ਨੂੰ ਬਹੁਤ ਵਧੀਕੀਆਂ ਸਹਿਣੀਆਂ ਪੈਂਦੀਆਂ ਹਨ, ਕੰਮ ਸੌਰਦਾ ਨਹੀਂ ਤੇ ਅਪਜਸ ਬਹੁਤ ਫੈਲ ਜਾਂਦਾ ਹੈ। ਛਿਮਾ ਵਿਚ ਜਿਹੜੇ ਦੋਸ਼ ਹਨ ਉਹ ਉਚਾਰਨ ਕੀਤੇ ਹਨ॥੨੬॥

ਜੇ ਤੁਮ ਰਹਹੁ ਛਿਮਾ ਕਹੁ ਧਾਰੀ। ਸਭਿ ਹੀ ਕਰਹਿਂ ਅਵੱਗਜਾ ਭਾਰੀ।
ਦੁਸ਼ਟ ਕੁਕਰਮ ਕਰਨਿ ਨਿਤ ਚਾਹੈਂ। ਰੁਕਹਿਂ ਦੰਡ ਕੋ ਤ੍ਰਾਸ ਧਰਾਹੈਂ॥੨੭॥

ਜੇ ਤੁਸੀਂ ਛਿਮਾ ਨੂੰ ਧਾਰਨ ਕਰੀ ਰਖੋਗੇ ਤਾਂ ਸਾਰੇ ਹੀ ਭਾਰੀ ਅਵੱਗਿਆ ਧਾਰਨ ਕਰਨਗੇ। ਦੁਸ਼ਟ ਸਦਾ ਹੀ ਕੁਕਰਮ ਕਰਨਾ ਚਾਹੁੰਦੇ ਹਨ, ਪਰ ਦੰਡ ਦਾ ਭੈ ਧਾਰ ਕੇ ਕੁਕਰਮ ਕਰਨ ਤੋਂ ਰੁਕੇ ਰਹਿੰਦੇ ਹਨ॥੨੭॥

ਨਾਂਹਿ ਤ ਕਰਹਿਂ ਸਭਿਨਿ ਅਪਕਾਰਾ। ਦੇਹਿਂ ਪ੍ਰਜਾ ਕੋ ਕਸ਼ਟ ਅਪਾਰਾ।
ਦੰਡ ਤ੍ਰਾਸ ਤੇ ਅਪਨਿ ਮ੍ਰਿਜਾਦਾ। ਰੁਕੇ ਰਹੈਂ, ਨਹਿਂ ਲਹੈਂ ਬਿਸਾਦਾ॥੨੮॥

ਨਹੀਂ ਤਾਂ ਸਾਰੇ ਹੀ ਅਪਰਾਧ ਕਰਦੇ ਹਨ ਤੇ ਪ੍ਰਜਾ ਨੂੰ ਭਾਰੀ ਦੁਖ ਦਿੰਦੇ ਹਨ। ਸਜ਼ਾ ਦੇ ਡਰ ਕਰਕੇ ਆਪਣੀ ਮਰਯਾਦਾ ਵਿਚ ਰੁਕੇ ਰਹਿੰਦੇ ਹਨ। ਫਿਰ ਉਹ ਫਸਾਦ ਨਹੀਂ ਲੱਭਦੇ ਫਿਰਦੇ ਤੇ ਪੁਆੜੇ ਨਹੀਂ ਖੜੇ ਕਰਦੇ॥੨੮॥

ਕਜੋਂ ਤੁਮ ਦੁਸ਼ਟ ਅਵੱਗਜਾ ਸਹੋ? ਅਬਿ ਹੇ ਪ੍ਰਭੋ! ਮੋਹਿ ਸੋਂ ਕਹੋ'।
ਨਿਜ ਸਿਖ ਤੇ ਸੁਨਿ ਕਰਿ ਇਮ ਬੈਨ। ਕ੍ਰਿਪਾ ਦ੍ਰਿਸ਼ਟਿ ਜੁਤਿ ਸੁੰਦਰ ਨੈਨ॥੨੯॥

ਤੁਸੀਂ ਉਨ੍ਹਾਂ ਦੁਸ਼ਟਾਂ ਦੀ ਅਵੱਗਿਆ ਕਿਉਂ ਬਰਦਾਸ਼ਤ ਕਰਦੇ ਹੋ? ਹੇ ਪ੍ਰਭੂ ਜੀ! ਹੁਣ ਮੈਨੂੰ ਹੁਕਮ ਕਰੋ।'' ਆਪਣੇ ਸਿੱਖ ਪਾਸੋਂ ਇਸ ਤਰ੍ਹਾਂ ਦੇ ਬਚਨ ਸੁਣਕੇ ਗੁਰੂ ਜੀ ਦੇ ਸੁੰਦਰ ਨੈਣ ਕਿਰਪਾ-ਦ੍ਰਿਸ਼ਟੀ ਸਹਿਤ ਹੋ ਗਏ॥੨੯॥

ਧੀਰਮਲਜ ਕੀ ਵਸਤੁ ਹਟਾਵਨਿ। ਸਰਬ ਦਰਬ ਕੋ ਤਿਸੈ ਦਿਵਾਵਨਿ।
ਕ੍ਰਿਪਾ ਨਿਧਾਨ ਅਪਨਿ ਭਿੱਪ੍ਰਾਇ। ਕਹਜੋ ਚਹਤਿ ਸ਼ੁਭ ਮਤ ਦਰਸਾਇ॥੩੦॥

ਧੀਰਮੱਲ ਦੀਆਂ ਵਸਤਾਂ ਮੋੜਨ ਤੇ ਸਾਰਾ ਧਨ ਉਸ ਨੂੰ ਦਿਵਾਉਣ ਵਾਸਤੇ ਕ੍ਰਿਪਾ-ਨਿਧਾਨ ਭਾਵ ਗੁਰੂ ਜੀ ਆਪਣਾ ਇਰਾਦਾ ਸ਼ੁਭ ਮੱਤ ਦਰਸਾ ਕੇ ਕਹਿਣਾ ਚਾਹੁੰਦੇ ਸਨ॥੩੦॥

ਦੋਹਰਾ- ਸਦਗੁਨ ਸਗਰੇ ਗਜਾਨ ਜੁਤਿ ਰਿਦਾ ਸਦਨ ਜਿਨ ਕੇਰ।
ਸਿਖ ਕੋ ਕਰਨ ਨਿਹਾਲ ਪੁਨ ਬੋਲੇ ਸਤਿਗੁਰ ਫੇਰ॥ ੩੧॥

ਸ਼ੁਭ ਗੁਣ ਭਰਪੂਰ ਅਤੇ ਗਿਆਨ ਦਾ ਘਰ ਜਿਨ੍ਹਾਂ ਦਾ ਹਿਰਦਾ ਸੀ, ਸਿੱਖ ਨੂੰ ਫਿਰ ਨਿਹਾਲ ਕਰਨ ਵਾਸਤੇ ਸਤਿਗੁਰੂ ਜੀ ਬੋਲੇ॥੩੧॥

ਦੋਹਰਾ 'ਭੋ ਮੱਖਣ ਸਿਖ! ਕਾਨ ਦੈ ਸੁਨਹੁ, ਬਿਕਾਰ ਜਿ ਬ੍ਰਿੰਦ।
ਉਪਜਤਿ ਹੈਂ ਨਰ ਕੇ ਰਿਦੈ ਸੰਕਟ ਦੇਤਿ ਬਿਲੰਦ॥ ੩੨॥

"ਹੇ ਮੱਖਣ ਸ਼ਾਹ ਸਿੱਖ! ਕੰਨ ਦੇ ਕੇ ਸੁਣੋ, ਇਸ ਵਿਚ ਬਹੁਤ ਵਿਕਾਰ ਹਨ, ਜਿਹੜੇ ਮਨੁੱਖ ਦੇ ਹਿਰਦੇ ਵਿਚ ਪ੍ਰਗਟ ਹੋ ਕੇ ਉਸ ਨੂੰ ਬਹੁਤ ਦੁਖੀ ਕਰਦੇ ਹਨ॥੩੨॥

ਚੌਪਈ- ਸੁਖ ਕੌ ਚਾਹਤਿ ਜਿਨਹੁਂ ਕਰਤਿ ਹੈ। ਤਿਨ ਹੀ ਤੇ ਬਡ ਕਸ਼ਟ ਪਰਤਿ ਹੈ।
ਅਜਿਤੇਂਦ੍ਰੀ ਜਬਿ ਪਿਖਹਿ ਕਿ ਸੁਨਿ ਹੈ। ਕਾਮ ਉਪਾਵਤਿ ਉਰ ਤਤਛਿਨ ਹੈ॥੩੩॥

ਸੁਖ ਦੀ ਚਾਹ ਕਰਕੇ ਜੋ ਵਿਕਾਰ ਕਰਦਾ ਹੈ, ਉਸ ਤੋਂ ਹੀ ਫਿਰ ਵੱਡਾ ਕਸ਼ਟ ਪੈ ਜਾਂਦਾ ਹੈ। ਜਿਸ ਨੇ ਆਪਣੇ ਇੰਦਰੇ ਨਹੀਂ ਜਿੱਤੇ ਹਨ, ਉਹ ਜਦ ਇਸਤਰੀ ਨੂੰ ਵੇਖਦਾ ਹੈ ਜਾਂ ਉਸ ਬਾਰੇ ਸੁਣਦਾ ਹੈ ਤਾਂ ਉਸ ਦੇ ਹਿਰਦੇ ਵਿਚ ਤੁਰਤ ਕਾਮ ਪ੍ਰਗਟ ਹੁੰਦਾ ਹੈ॥੩੩॥

ਤਿਯ ਕੋ ਚਹਨਿ ਕਹਤਿ ਹੈਂ ਕਾਮ। ਸਕਲ ਚਾਹ ਸੋ ਭੀ ਲਖਿ ਨਾਮ।
ਧਨ ਇਸਤ੍ਰੀ ਤੇ ਆਦਿ ਪਦਾਰਥ। ਪਿਖਿ ਸੁਨਿ ਲੇਬੇ ਚਾਹਤਿ ਸ੍ਵਾਰਥ॥੩੪॥

ਇਸਤਰੀ ਦੀ ਚਾਹਤ ਨੂੰ ਹੀ ਕਾਮ ਕਹਿੰਦੇ ਹਨ। ਸਾਰੇ ਪਦਾਰਥਾਂ ਦੀ ਇੱਛਾ ਦਾ ਨਾਮ ਵੀ ਕਾਮ ਭਾਵ ਕਾਮਨਾ ਜਾਣੋ। ਮਨੁੱਖ ਧਨ ਇਸਤਰੀ ਤੇ ਆਦਿ ਪਦਾਰਥ ਸਵਾਰਥ ਕਰਕੇ ਲੈਣਾ ਚਾਹੁੰਦਾ ਹੈ॥੩੪॥

ਜਬਹਿ ਲੈਨ ਹਿਤ ਕਾਮ ਉਠਾਵਾ। ਤਿਹ ਪ੍ਰਤਿਬੰਧਕ ਜੋ ਦਰਸਾਵਾ।
ਤਬਹਿ ਕ੍ਰੋਧ ਮਨ ਮਾਂਹਿ ਉਪਾਵੈ। ਕ੍ਰਿੱਤਾਕ੍ਰਿੱਤ ਨ ਪੁਨ ਚਿਤ ਆਵੈ॥੩੫॥

ਜਦ ਲੈਣ ਵਾਸਤੇ ਕਾਮਨਾ ਕਰਦਾ ਹੈ, ਉਸ ਕਾਮਨਾ ਦੀ ਪੂਰਨਤਾ ਅੱਗੇ ਜਦ ਕੋਈ ਰੋਕ ਦਿੱਸ ਪਵੇ ਤਦ ਮਨ ਵਿਚ ਕ੍ਰੋਧ ਪ੍ਰਗਟ ਹੁੰਦਾ ਹੈ। ਕਰਨ ਯੋਗ ਜਾਂ ਨਾ ਕਰਨ ਯੋਗ ਫਿਰ ਚੇਤੇ ਨਹੀਂ ਆਉਂਦਾ ਭਾਵ ਮਨੁੱਖ ਫਿਰ ਬਬੇਕ ਰਹਿਤ ਹੋ ਜਾਂਦਾ ਹੈ॥੩੫॥

ਹੋਇ ਕ੍ਰੋਧ ਬਸਿ ਕਰਤਿ ਕੁਕਰਮ। ਬੁਧਿ ਸਭਿ ਨਾਸਹਿ ਤਜਾਗਹਿ ਧਰਮ।
ਜਬਿ ਨਰ ਕੇ ਉਰ ਕ੍ਰੋਧ ਉਪਾਇ। ਕੋ ਅਸ ਪਾਪ ਜੁ ਕਰਿ ਨ ਸਕਾਇ॥੩੬॥

ਕ੍ਰੋਧ ਦੇ ਵੱਸ ਹੋ ਕੇ ਫਿਰ ਕੁਕਰਮ ਕਰਦਾ ਹੈ, ਬੁੱਧੀ ਦਾ ਨਾਸ਼ ਹੋ ਜਾਂਦਾ ਹੈ ਤੇ ਧਰਮ ਨੂੰ ਤਿਆਗ ਦਿੰਦਾ ਹੈ। ਜਦ ਮਨੁੱਖ ਦੇ ਹਿਰਦੇ ਵਿਚ ਕ੍ਰੋਧ ਪ੍ਰਗਟ ਹੋ ਜਾਵੇ ਤਾਂ ਕੋਈ ਵੀ ਐਸਾ ਪਾਪ ਨਹੀਂ ਹੈ, ਜਿਹੜਾ ਉਹ ਕਰ ਨਾ ਸਕੇ॥੩੬॥

ਮਾਤ ਪਿਤਾ ਗੁਰਦੇਵ ਮਹਾਨੇ। ਕਰਤਿ ਅਵੱਗਜਾ ਕਛੂ ਨ ਜਾਨੇ।
ਜੋ ਹੈ ਅਬਧ, ਬਧਹਿ ਤਿਨ ਤਾਈਂ। ਨਿਸ਼ਠੁਰ ਬਾਕ ਕਹੈ ਸਮੁਦਾਈ॥੩੭॥

ਮਾਤਾ, ਪਿਤਾ, ਗੁਰਦੇਵ ਜਿਹੜੇ ਮਹਾਨ ਹਨ, ਉਨ੍ਹਾਂ ਦੀ ਵੀ ਅਵੱਗਿਆ ਕਰਦਾ ਹੈ ਤੇ ਉਨ੍ਹਾਂ ਨੂੰ ਕੁਝ ਨਹੀਂ ਜਾਣਦਾ ਹੈ। ਜੋ ਮਾਰਨ ਯੋਗ ਨਹੀਂ ਹਨ, ਉਨ੍ਹਾਂ ਨੂੰ ਵੀ ਮਾਰਦਾ ਹੈ। ਸਖਤ ਅਤੇ ਕੌੜੇ ਬਚਨ ਬੋਲਦਾ ਹੈ॥੩੭॥

ਉਪਜੇ ਕ੍ਰੋਧ ਅਪਰ ਕਜਾ ਕਹਿਨੋ। ਪ੍ਰਾਨ ਬਿਨਾਸਹਿ ਜਾਇ ਨ ਸਹਿਨੋ।
ਆਨ ਸਮਾਨ ਨ ਪ੍ਰਾਨ ਹਾਨ ਕੈ। ਸੋ ਭੀ ਕਰਹਿ ਅਜਾਨ ਜਾਨਿ ਕੈ॥੩੮॥

ਜਦ ਕ੍ਰੋਧ ਪੈਦਾ ਹੁੰਦਾ ਹੈ, ਹੋਰ ਕੀ ਕਹਿਣਾ ਹੈ, ਪ੍ਰਾਣ ਤਕ ਨਾਸ਼ ਕਰ ਦਿੰਦਾ ਹੈ, ਬਰਦਾਸ਼ਤ ਨਹੀਂ ਕਰ ਸਕਦਾ ਹੈ। ਪ੍ਰਾਣ ਲੈਣ ਦੇ ਬਰਾਬਰ ਹੋਰ ਕੋਈ ਪਾਪ ਨਹੀਂ ਹੈ, ਉਹ ਵੀ ਅਣਜਾਨ ਜਾਣ ਕੇ ਕਰਦਾ ਹੈ॥੩੮॥

ਜੇ ਕ੍ਰੋਧਤਿ ਹੁਇ ਬਸਿ ਨਹਿਂ ਚਲੈ। ਉਰ ਮਹਿਂ ਤਪਤਹਿ ਕਾਮ ਨ ਮਿਲੈ।
ਤਿਹ ਦੁਖ ਤੇ ਨਹਿਂ ਕਰਹਿ ਅਹਾਰਾ। ਨਿਸ ਮਹਿਂ ਨੀਂਦ ਨ ਪਾਇ ਦੁਖਾਰਾ ॥੩੯॥

ਜੇ ਗੁੱਸੇ ਵਿਚ ਆਉਣ ਨਾਲ ਵੱਸ ਨਹੀਂ ਚਲਦਾ ਤੇ ਚਾਹਤ ਪੂਰੀ ਨਹੀਂ ਹੁੰਦੀ ਹੈ ਤਾਂ ਦਿਲ ਵਿਚ ਤੜਪਦਾ ਹੈ। ਉਸ ਦੁਖ ਕਰਕੇ ਫਿਰ ਭੋਜਨ ਨਹੀਂ ਖਾਂਦਾ ਹੈ, ਰਾਤ ਨੂੰ ਦੁਖੀ ਹੋਏ ਨੂੰ ਨੀਂਦ ਨਹੀਂ ਆਉਂਦੀ ਹੈ॥੩੯॥

ਦਿਵਸ ਜਾਮਨੀ ਇਮ ਤਪਤਾਵੈ। ਅਨਿਕ ਭਾਂਤਿ ਸੰਕਲਪ ਉਠਾਵੈ।
ਗਿਨਤੀ ਗਿਨਹਿ ਨ ਓਰਕ ਆਵੈ। ਏਵ ਕਸ਼ਟ ਮਹਿਂ ਬੈਸ ਬਿਤਾਵੈ ॥੪੦॥

ਰਾਤ ਦਿਨ ਇਸ ਤਰ੍ਹਾਂ ਤੜਪਦਾ ਹੈ, ਅਨੇਕ ਪ੍ਰਕਾਰ ਦੇ ਸੰਕਲਪ ਕਰਦਾ ਹੈ। ਬੇਅੰਤ ਗਿਣਤੀਆਂ ਗਿਣਦਾ ਹੈ। ਇਸ ਤਰ੍ਹਾਂ ਹੀ ਦੁੱਖੀ ਹੋ ਕੇ ਉਮਰ ਗੁਜ਼ਾਰਦਾ ਹੈ॥੪੦॥

ਮਤਸਰ ਮਹਤ ਅਸੂਯਾ ਧਾਰੈ। ਇੱਤਜਾਦਿਕ ਉਪਜਾਇ ਬਿਕਾਰੈ।
ਯਾਂਤੇ ਕਾਮ ਮੂਲ ਮਨ ਜਾਨਿ। ਅਪਰ ਬਿਕਾਰ ਕਾਂਡ ਫਲ ਮਾਨਿ ॥੪੧॥

ਬਹੁਤ ਅਹੰਕਾਰ ਅਤੇ ਈਰਖਾ ਧਾਰਨ ਕਰਦਾ ਹੈ, ਇਤਿਆਦਿ ਵਿਕਾਰ ਪੈਦਾ ਹੁੰਦੇ ਹਨ। ਇਸ ਕਰਕੇ ਮਨ ਵਿਚ ਕਾਮਨਾ ਜਾਂ ਤ੍ਰਿਸ਼ਨਾ ਨੂੰ ਹੀ ਮੂਲ ਜਾਣੋ, ਹੋਰ ਵਿਕਾਰ ਡਾਹਣੀ ਤੇ ਲੱਗਾ ਫਲ ਸਮਝ ਲਵੋ॥੪੧॥

ਜਬਹਿ ਮੂਲ ਕੋ ਦੇਹਿਂ ਉਖੇਰ। ਸ਼ਾਖਾ ਪੱਤ੍ਰ ਨ ਫਲ ਹੈ ਫੇਰ।
ਇਮ ਅਵਗੁਨ ਉਰ ਤੇ ਪਰਹਰੈ। ਸਦ ਗੁਨ ਆਨਿ ਪ੍ਰਵੇਸ਼ਨਿ ਕਰੈਂ ॥੪੨॥

ਜਦ ਦਰੱਖਤ ਦੀ ਜੜ੍ਹ ਨੂੰ ਪੁੱਟ ਦੇਈਏ, ਫਿਰ ਡਾਹਣੀਆਂ, ਪੱਤੇ ਤੇ ਫਲ ਨਹੀਂ ਲੱਗਦਾ ਹੈ। ਇਸ ਤਰ੍ਹਾਂ ਔਗੁਣ ਜਦ ਦਿਲ ਤੋਂ ਦੂਰ ਕਰ ਲਵੋਗੇ, ਫਿਰ ਸ਼ੁਭ ਗੁਣ ਤੁਹਾਡੇ ਅੰਦਰ ਪ੍ਰਵੇਸ਼ ਕਰ ਜਾਣਗੇ॥੪੨॥

ਕਰਨੀ ਛਿਮਾ ਮਹਾਂ ਤਪ ਜਾਨ। ਛਿਮਾ ਕਰਨਿ ਹੀ ਦੈਬੋ ਦਾਨ।
ਛਿਮਾ ਸਕਲ ਤੀਰਥ ਅਸ਼ਨਾਨ। ਛਿਮਾ ਕਰਤਿ ਨਰ ਕੀ ਕਲਿਆਨ ॥੪੩॥

ਖਿਮਾ ਕਰਨਾ ਮਹਾਨ ਤਪੱਸਿਆ ਜਾਣੋ, ਖਿਮਾ ਕਰਨਾ ਦਾਨ ਦੇਣ ਦੇ ਤੁਲ ਹੈ। ਖਿਮਾ ਹੀ ਸਭ ਤੀਰਥਾਂ ਦਾ ਇਸ਼ਨਾਨ ਹੈ। ਖਿਮਾ ਕਰਨ ਨਾਲ ਹੀ ਮਨੁੱਖ ਦਾ ਕਲਿਆਣ ਹੁੰਦਾ ਹੈ॥੪੩॥

ਛਿਮਾ ਸਮਾਨ ਆਨ ਗੁਨ ਨਾਂਹੀ। ਯਾਂਤੇ ਛਿਮਾ ਧਰਹੁ ਮਨ ਮਾਂਹੀ।
ਸਦ ਗੁਨ ਕੋ ਨਹਿਂ ਤਜਾਗਨਿ ਕੀਜੈ। ਸਦਾ ਰਿਦੈ ਮਹਿਂ ਇਸਥਿਰ ਕੀਜੈ ॥੪੪॥

ਖਿਮਾ ਕਰਨ ਦੇ ਬਰਾਬਰ ਹੋਰ ਕੋਈ ਗੁਣ ਨਹੀਂ ਹੈ, ਇਸ ਕਰਕੇ ਮਨ ਵਿਚ ਖਿਮਾ ਧਾਰਨ ਕਰੋ। ਸ਼ੁਭ ਗੁਣਾਂ ਦਾ ਕਦੇ ਵੀ ਤਿਆਗ ਨਾ ਕਰੋ, ਸਦਾ ਹੀ ਹਿਰਦੇ ਵਿਚ ਇਨ੍ਹਾਂ ਨੂੰ ਸਥਿਰ ਕਰੋ॥੪੪॥

*ਗਿਆਰ੍ਹਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥*

# ਅਧਿਆਇ ਅਠਾਰ੍ਹਵਾਂ

## ਘਰ ਵਿਚ ਵਿਚਾਰ ਤੇ ਗੁਰੂ ਜੀ ਦਾ ਉਪਦੇਸ਼

ਦੋਹਰਾ- ਇਸ ਪ੍ਰਕਾਰ ਜਬਿ ਸਤਿਗੁਰੂ ਮੱਖਣ ਕੋ ਬਹੁ ਬਾਰਿ।
'ਧੀਰਮੱਲਜ ਕੀ ਵਸਤੁ ਸਭਿ ਫੇਰਹੁ' ਕਰਤਿ ਉਚਾਰਿ॥ ੧॥

ਇਸ ਤਰ੍ਹਾਂ ਜਦ ਸਤਿਗੁਰੂ ਜੀ ਨੇ ਮੱਖਣ ਸ਼ਾਹ ਨੂੰ ਬਹੁਤ ਵਾਰ 'ਧੀਰਮੱਲ ਦੀਆਂ ਵਸਤਾਂ ਵਾਪਸ ਕਰੋ' ਬਾਰੇ ਉਚਾਰਨ ਕੀਤਾ॥੧॥

ਚੌਪਈ- ਮਾਤ ਨਾਨਕੀ ਤਬਿ ਚਲਿ ਆਈ। ਜਿਸ ਕੇ ਰਿਦੇ ਅਧਿਕ ਰਿਸ ਛਾਈ।
'ਧੀਰਮਲ ਕੀਨਸਿ ਅਪਰਾਧੂ। ਤਿਸ ਕੋ ਹਿਤ ਚਹਿ ਪੁਨ ਇਹ ਸਾਧੂ॥੨॥

ਫਿਰ ਮਾਤਾ ਨਾਨਕੀ ਜੀ ਚਲ ਕੇ ਆਏ, ਜਿਸ ਦਾ ਹਿਰਦਾ ਬਹੁਤ ਗੁੱਸੇ ਨਾਲ ਭਰਿਆ ਹੋਇਆ ਸੀ, "ਧੀਰਮੱਲ ਨੇ ਵੱਡਾ ਅਪਰਾਧ ਕੀਤਾ ਹੈ, ਇਹ ਸੰਤ ਜੀ ਫਿਰ ਉਸਦਾ ਹਿਤ ਚਾਹੁੰਦੇ ਹਨ॥੨॥

ਜੋਗ ਦੰਡ ਕੋ ਸ਼ੱਤ੍ਰੂ ਬਿਸਾਲਾ। ਜ੍ਵਾਲਾ ਬਮਣੀ ਹਤਿ ਤਿਸ ਕਾਲਾ।
ਪ੍ਰਾਨ ਹਾਨਿ ਲਗਿ ਕੀਨਿ ਖੁਟਾਈ। ਹਮ ਘਰ ਕੀ ਸਭਿ ਬਸਤੁ ਲੁਟਾਈ'॥੩॥

ਵੱਡਾ ਦੁਸ਼ਮਣ ਸਜ਼ਾ ਦੇ ਯੋਗ ਸੀ, ਉਸ ਸਮੇਂ ਬੰਦੂਕ ਚਲਾ ਕੇ ਮਾਰਨਾ ਚਾਹੁੰਦਾ ਸੀ। ਪ੍ਰਾਣ ਲੈਣ ਤਕ ਦਾ ਖੋਟਾ ਕਰਮ ਕੀਤਾ ਤੇ ਸਾਡੇ ਘਰ ਦੀਆਂ ਸਾਰੀਆਂ ਵਸਤਾਂ ਲੁੱਟ ਲਈਆਂ"॥੩॥

ਇਮ ਅਸਮੰਜਸ ਲਖਿ ਕਰਿ ਆਈ। ਮੱਖਨ ਸਹਿਤ ਉਠੇ ਅਗੁਵਾਈ।
ਹਾਥ ਜੋਰਿ ਪਦ ਬੰਦਨ ਠਾਨੀ। ਬੈਠੀ ਮਾਤਾ ਪਰਮ ਸੁ ਸਜਾਨੀ॥੪॥

ਇਸ ਤਰ੍ਹਾਂ ਉਲਟ ਗੱਲ ਸਮਝ ਕੇ ਮਾਤਾ ਜੀ ਆਏ। ਮੱਖਣ ਸਹਿਤ ਗੁਰੂ ਜੀ ਉੱਠ ਕੇ ਅੱਗੇ ਆਏ। ਮੱਖਣ ਸ਼ਾਹ ਨੇ ਹੱਥ ਜੋੜ ਕੇ ਮਾਤਾ ਜੀ ਦੇ ਚਰਨਾਂ ਤੇ ਮੱਥਾ ਟੇਕਿਆ, ਪਰਮ ਸਿਆਣੇ ਮਾਤਾ ਜੀ ਬੈਠ ਗਏ॥੪॥

ਸ੍ਰੀ ਗੁਰ ਪਿਖਿ ਕੈ ਤੂਸ਼ਨਿ ਰਹੇ। ਅਪਰ ਭਿ ਨਹੀਂ ਬਾਕ ਕਿਸਿ ਕਹੇ।
ਦੀਰਘ ਸੀਤਲ ਸ੍ਵਾਸਨਿ ਲੀਨਸਿ। ਜਲ ਪਰਪੂਲਤ ਬਿਲੋਚਨ ਕੀਨਸਿ॥੫॥

ਸਤਿਗੁਰੂ ਜੀ ਵੇਖ ਕੇ ਚੁੱਪ ਰਹੇ, ਹੋਰ ਵੀ ਕਿਸੇ ਨੇ ਕੋਈ ਬਚਨ ਨਾ ਕੀਤਾ। ਲੰਮੇ ਠੰਡੇ ਸਾਹ ਲੈ ਰਹੇ ਸਨ, ਨੈਣ ਜਲ ਨਾਲ ਭਰ ਆਏ॥੫॥

'ਭੋ ਮੱਖਣ ਸਿੱਖ ! ਸੁਨੀਅਹਿ ਬਾਤੀ। ਮਮ ਸੁਤ ਸਦਾ ਰਹਤਿ ਇਹ ਭਾਂਤੀ।
ਭਏ ਪੰਚ ਭ੍ਰਾਤਾ ਬਰ ਬੀਰ। ਛੱਤ੍ਰੀ ਧਰਮ ਬਿਖੈ ਧਰਿ ਧੀਰ॥ ੬॥

ਮਾਤਾ ਜੀ ਨੇ ਕਿਹਾ, "ਹੇ ਮੱਖਣ ਸ਼ਾਹ ਸਿੱਖ ! ਮੇਰੀ ਗੱਲ ਸੁਣੋ। ਮੇਰਾ ਪੁੱਤਰ ਸਦਾ ਇਸ ਪ੍ਰਕਾਰ ਰਹਿੰਦਾ ਹੈ। ਇਹ ਪੰਜ ਭਰਾ ਵੱਡੇ ਸੂਰਬੀਰ ਹੋਏ ਹਨ, ਜਿਹੜੇ ਖੱਤਰੀ ਧਰਮ ਵਿਚ ਵੱਡੇ ਧੀਰਜਵਾਨ ਹਨ॥੬॥

ਬਡੋ ਭ੍ਰਾਤ ਗੁਰਦਿੱਤਾ ਭਯੋ। ਸਭਿ ਤੇ ਲਘੁ ਮਮ ਸੁਤ ਜਨਮਯੋ।
ਨਹਿਂ ਬਿਵਹਾਰ ਰੁਚਹਿ ਜਿਸ ਕੋਈ। ਬੈਠਹਿ ਨਿਤ ਇਕਾਂਤ ਕੋ ਹੋਈ॥੭॥

ਇਨ੍ਹਾਂ ਦਾ ਵੱਡਾ ਭਰਾ ਗੁਰਦਿੱਤਾ ਹੋਇਆ ਹੈ, ਮੇਰਾ ਪੁੱਤਰ ਸਭ ਤੋਂ ਛੋਟਾ ਹੈ, ਜਿਸ ਦੀ ਕਿਸੇ ਵੀ ਕਾਰੋਬਾਰ ਵਿਚ ਰੁਚੀ ਨਹੀਂ ਹੈ। ਸਦਾ ਹੀ ਇਕਾਂਤ ਵਿਚ ਬੈਠਾ ਰਹਿੰਦਾ ਹੈ॥੭॥

ਨਹਿ ਬੋਲਨਿ ਕਰਤੋ ਕਿਹ ਸੰਗ। ਲੇਨਿ ਦੇਨਿ ਤੈ ਕਹਾਂ ਸੁ ਢੰਗ।
ਸਿੱਖਜ ਅਨੇਕ ਉਪਾਇਨ ਲਜਾਵਹਿਂ। ਭਨਹਿਂ ਬੇਨਤੀ ਗੁਰੂ ਮਨਾਵਹਿਂ॥ ੮॥

ਕਿਸੇ ਨਾਲ ਵੀ ਬੋਲਦਾ ਨਹੀਂ ਹੈ, ਲੈਣ ਦੇਣ ਤਾਂ ਕਿਤੇ ਰਿਹਾ। ਸਿੱਖ ਅਨੇਕਾਂ ਹੀ ਉਪਹਾਰ ਲਿਆਉਂਦੇ ਹਨ ਤੇ ਬੇਨਤੀ ਕਰਕੇ ਗੁਰੂ ਨੂੰ ਮਨਾਉਂਦੇ ਹਨ॥੮॥

ਇਸ ਕੇ ਭ੍ਰਾਤ ਸਰਬ ਬੁਧਿਵੰਤੇ। ਲੇਬਿ ਦੇਬਿ ਸਭਿ ਸੋਂ ਬਰਤੰਤੇ।
ਬਹੁਤ ਮੋਲ ਕੇ ਬਸਤ੍ਰਨਿ ਪਹਿਰੈਂ। ਸਿੱਖਜਨਿ ਬਿਖੈ ਪੁਜਾਵਹਿਂ ਠਹਿਰੈਂ॥ ੯॥

ਇਨ੍ਹਾਂ ਦੇ ਸਾਰੇ ਭਰਾ ਵੱਡੇ ਬੁਧੀਮਾਨ ਹੋਏ ਹਨ, ਲੈਣ ਦੇਣ ਕਰਕੇ ਸਭ ਨਾਲ ਵਰਤਦੇ ਹਨ। ਬਹੁਤ ਕੀਮਤੀ ਕਪੜੇ ਪਾਉਂਦੇ ਹਨ ਤੇ ਸਿੱਖਾਂ ਪਾਸੋਂ ਆਪਣੀ ਪੂਜਾ ਕਰਵਾਉਂਦੇ ਹਨ॥੯॥

ਹੈ ਜਿਸ ਉਚਿਤ ਬਰਤ ਹੈਂ ਤੈਸੇ। ਅਨਿਕ ਮਨੁਜ ਸੰਗੀ ਰਹਿਂ ਜੈਸੇ।
ਬਹੁਤ ਮੋਲ ਕੇ ਭੂਖਨ ਧਾਰੈਂ। ਅਪਨਿ ਅਧਿਕਤਾ ਚਹਤਿ ਉਚਾਰੈਂ॥ ੧੦॥

ਜਿਸ ਤਰ੍ਹਾਂ ਉਚਿਤ ਹੈ, ਉਸ ਤਰ੍ਹਾਂ ਵਰਤਦੇ ਹਨ, ਅਨੇਕਾਂ ਮਨੁੱਖ ਉਨ੍ਹਾਂ ਦੇ ਨਾਲ ਰਹਿੰਦੇ ਹਨ। ਬਹੁਤ ਕੀਮਤੀ ਕਪੜੇ ਪਾਉਂਦੇ ਹਨ ਤੇ ਉਚਾਰਨ ਕਰਕੇ ਆਪਣੀ ਵਡਿਆਈ ਚਾਹੁੰਦੇ ਹਨ॥੧੦॥

ਪਿਤਾ ਪਾਸ ਤੇ ਅਪਨਿ ਬਡਾਈ। ਅਭਿਲਾਖਤਿ ਭੇ ਬਿਧਿਨਿ ਬਨਾਈ।
ਤਰੁਲ ਤੁਰੰਗਨਿ ਪਰ ਆਰੋਹੈਂ। ਸ਼ਸਤ੍ਰ ਸਜਾਇ ਸਭਿਨਿ ਮਹਿਂ ਸੋਹੈਂ॥ ੧੧॥

ਪਿਤਾ ਪਾਸੋਂ ਆਪਣੀ ਵਡਿਆਈ, ਕਈ ਵਿਧੀਆਂ ਬਣਾ ਕੇ ਚਾਹੁੰਦੇ ਹਨ। ਚੰਚਲ ਘੋੜਿਆਂ ਦੀ ਸਵਾਰੀ ਕਰਦੇ ਹਨ ਤੇ ਸ਼ਸਤਰ ਸਜਾ ਕੇ ਸਭ ਵਿਚ ਸ਼ੋਭਾ ਪਾਉਂਦੇ ਹਨ॥੧੧॥

ਪਿਤ ਕੇ ਸਾਥ ਜਹਾਂ ਕਹਿਂ ਜਾਹਿਂ। ਭਨਹਿਂ ਸੁਨਹਿਂ ਬਿਦਤਹਿਂ ਸਭਿ ਮਾਂਹਿ।
ਸਵਤਨ ਸੁਤ ਅਰੁ ਨਿਜ ਸੁਤ ਚਾਲ। ਮਮ ਮਨ ਹੋਵਤਿ ਦੇਖਿ ਬਿਹਾਲ॥੧੨॥

ਆਪਣੇ ਪਿਤਾ ਜੀ ਦੇ ਨਾਲ ਜਿਥੇ ਕਿਥੇ ਜਾਂਦੇ ਸਨ। ਕਹਿ ਸੁਣ ਕੇ ਸਭ ਵਿਚ ਪ੍ਰਗਟ ਹੁੰਦੇ ਸਨ। ਸੌਂਕਣਾਂ ਦੇ ਪੁੱਤਰਾਂ ਦੀ ਅਤੇ ਆਪਣੇ ਪੁੱਤਰ ਦੀ ਰੀਤੀ ਵੇਖ ਕੇ ਮੇਰਾ ਮਨ ਵਿਆਕੁਲ ਹੋ ਜਾਂਦਾ ਸੀ॥੧੨॥

ਨਿਸ ਬਾਸੁਰ ਚਿੰਤਾ ਮਹਿਂ ਰਹੌਂ। ਕਿਸੁ ਸੰਗ ਕੈਸੇ ਨਹਿਂ ਕਹੌਂ।
ਅਪਨੇ ਭਾਗ ਜਾਨਿ ਕਰਿ ਮੰਦ। ਸਵਤਨਿ ਸੁਤ ਕੋ ਲਖੌਂ ਬਿਲੰਦ॥ ੧੩॥

ਦਿਨ ਰਾਤ ਚਿੰਤਾ ਵਿਚ ਰਹਿੰਦੀ ਸੀ ਤੇ ਕਿਸੇ ਪਾਸ ਕੁਝ ਵੀ ਨਹੀਂ ਕਹਿੰਦੀ ਸੀ। ਆਪਣੇ ਮਾੜੇ ਭਾਗ ਜਾਣ ਕੇ, ਸੌਂਕਣਾਂ ਦੇ ਪੁੱਤਰਾਂ ਨੂੰ ਵੱਡੇ ਸਮਝਦੀ ਸੀ॥੧੩॥

ਕਿਤਿਕ ਦਜੋਸ ਬੀਤਹਿਂ ਘਰ ਮਾਂਹਿ। ਕਬਿ ਕਬਿ ਜਾਹਿਂ ਪਿਤਾ ਨਿਜ ਪਾਹਿ।
ਸਭਿ ਤੇ ਲਘੁ ਅਪਨੋ ਸੁਤ ਦੇਖਿ। ਰੀਤਿ ਸ਼ਾਂਤਿਕੀ ਰਿਦੈ ਅਸ਼ੇਖ॥ ੧੪॥

ਕਈ ਦਿਨ ਘਰ ਵਿਚ ਹੀ ਬਤੀਤ ਕਰਦੇ ਸਨ, ਕਦੀ-ਕਦੀ ਆਪਣੇ ਪਿਤਾ ਜੀ ਪਾਸ ਜਾਂਦੇ ਸਨ। ਇਨ੍ਹਾਂ ਦੇ ਪਿਤਾ ਜੀ ਆਪਣੇ ਸਭ ਤੋਂ ਛੋਟੇ ਪੁੱਤਰ ਨੂੰ ਪੂਰਨ ਤੌਰ ਤੇ ਸ਼ਾਂਤ ਚਿੱਤ ਵੇਖਦੇ ਸਨ॥੧੪॥

Sri Satguru Jagjit Singh Ji eLlibrary NamdhariElibrary@gmail.com

ਚਾਰਹੁੰ ਸੁਤ ਤੇ ਪਿਖਿ ਲਘੁ ਮੇਰਾ। ਕਰਤਿ ਭਏ ਸਨਮਾਨ ਬਡੇਰਾ।
ਚਰਨ ਉਠਾਇ ਬਿਠਾਵਨਿ ਕੀਨਸਿ। ਮੁਖ ਤੇ ਬੋਲਿ ਅਧਿਕ ਹਿਤ ਦੀਨਸਿ ॥੧੫॥

ਮੇਰੇ ਪੁੱਤਰ ਨੂੰ ਚਾਰੇ ਪੁੱਤਰਾਂ ਤੋਂ ਛੋਟਾ ਜਾਣ ਕੇ, ਇਨ੍ਹਾਂ ਦੇ ਪਿਤਾ ਜੀ ਬੜਾ ਸਨਮਾਨ ਕਰਦੇ ਸਨ। ਚੁੱਕ ਕੇ ਆਪਣੇ ਪਾਸ ਬਿਠਾ ਲੈਂਦੇ ਸਨ ਤੇ ਵੱਡਾ ਆਦਰ ਦੇ ਕੇ ਪਿਆਰ ਕਰਦੇ ਸਨ॥੧੫॥

ਦੇਖਿ ਪੁੱਤ੍ਰ ਪਰ ਪਿਤਾ ਸਨੇਹ। ਮਨ ਮੇਰੇ ਭਾ ਹਰਖ ਅਛੇਹੁ।
ਕਿਤਿਕ ਬੇਰ ਬੈਠੇ ਉਠਿ ਆਵਾ। ਨਹੀਂ ਪੁੱਤ੍ਰ ਮਮ ਕਛੂ ਅਲਾਵਾ ॥ ੧੬ ॥

ਆਪਣੇ ਪੁੱਤਰ ਉਤੇ ਪਿਤਾ ਜੀ ਦਾ ਪਿਆਰ ਵੇਖ ਕੇ ਮੇਰਾ ਮਨ ਬਹੁਤ ਪ੍ਰਸੰਨ ਹੁੰਦਾ ਸੀ। ਕਈ ਵਾਰ ਬੈਠ ਕੇ ਉਠ ਆਉਂਦਾ ਸੀ। ਮੇਰਾ ਪੁੱਤਰ ਕੁਝ ਵੀ ਨਹੀਂ ਬੋਲਦਾ ਸੀ॥੧੬॥

ਆਵਤਿ ਕੀ ਦਿਸ਼ਿ ਦੇਖਤਿ ਰਹੇ। ਪ੍ਰੇਮ ਭਰੇ ਲੋਚਨ ਮੈਂ ਲਹੇ।
ਇਸੀ ਪ੍ਰਕਾਰ ਜਬਹਿ ਜਬਿ ਗਇਊ। ਦਿਨ ਪ੍ਰਤਿ ਪ੍ਰੇਮ ਅਧਿਕ ਹੀ ਭਇਊ ॥੧੭॥

ਸਤਿਗੁਰੂ ਜੀ ਆਉਣ ਵਾਲੇ ਪਾਸੇ ਵੇਖਦੇ ਰਹਿੰਦੇ ਸਨ, ਮੈਂ ਗੁਰੂ ਜੀ ਦੇ ਪ੍ਰੇਮ ਭਰੇ ਨੈਣਾਂ ਨੂੰ ਵੇਖਦੀ ਸੀ। ਇਸ ਪ੍ਰਕਾਰ ਜਦ ਕਦੀ ਵੀ ਮੇਰਾ ਪੁੱਤਰ ਗਿਆ, ਦਿਨ ਪ੍ਰਤਿ ਪਿਆਰ ਵਧਦਾ ਹੀ ਗਿਆ॥੧੭॥

ਕਈ ਬਾਰ ਮੈਂ ਦੇਖਨਿ ਕੀਨਿ। ਤਜੋਂ ਤਜੋਂ ਮਮ ਮਨ ਸੰਸੈ ਭੀਨ।
ਏਕ ਦਿਵਸ ਪਿਖਿ ਜਗ ਗੁਰ ਬੈਸੇ। ਹਾਥ ਜੋਰਿ ਮੈਂ ਬੂਝੇ ਐਸੇ ॥ ੧੮ ॥

ਕਈ ਵਾਰ ਮੈਂ ਵੇਖਿਆ ਤਾਂ ਤਿਵੇਂ ਤਿਵੇਂ ਮੇਰਾ ਮਨ ਸ਼ੰਕੇ ਵਿਚ ਭਿੱਜ ਗਿਆ। ਇਕ ਦਿਨ ਜਦ ਮੈਂ ਜਗਤ ਦੇ ਗੁਰੂ ਜੀ ਨੂੰ ਬੈਠਿਆਂ ਵੇਖਿਆ, ਹੱਥ ਜੋੜ ਕੇ ਮੈਂ ਪੁੱਛਿਆ॥੧੮॥

ਮਮ ਸੁਤ ਨਹਿੰ ਜਾਨਹਿ ਬਿਵਹਾਰ। ਨਹੀਂ ਰਿਦੇ ਮਹਿੰ ਬੁੱਧਿ ਉਦਾਰ।
ਨਹਿੰ ਬੋਲਹਿ ਨਹਿੰ ਕਿਸ ਤੇ ਸੁਨਿ ਹੈ। ਕੋ ਕਾਰਜ ਕਿਹੁ ਭਾਂਤਿ ਨ ਬਨਿ ਹੈ ॥੧੯॥

ਮੇਰਾ ਪੁੱਤਰ ਤਾਂ ਆਮ ਕਾਰ ਵਿਹਾਰ ਜਾਣਦਾ ਹੀ ਨਹੀਂ ਹੈ, ਹਿਰਦੇ ਵਿਚ ਕੋਈ ਉੱਤਮ ਬੁਧੀ ਵੀ ਨਹੀਂ ਹੈ, ਨਾ ਬੋਲਦਾ ਹੈ, ਨਾ ਕਿਸੇ ਦੀ ਗੱਲ ਸੁਣਦਾ ਹੈ, ਕੋਈ ਕੰਮ ਕਰਨ ਦੇ ਵਾਸਤੇ ਵੀ ਇਹ ਯੋਗ ਨਹੀਂ ਹੈ॥੧੯॥

ਸਰਬ ਭਾਂਤਿ ਮਹਿੰ ਭੋਰ ਸੁਭਾਊ। ਨਹੀਂ ਸੁਜਾਨ ਪਛਾਨ ਨ ਕਾਊ।
ਇਕ ਪਰੰਤੁ ਐਸੇ ਸੁਖ ਹੋਵਾ। ਤੁਮਰੇ ਢਿਗ ਮੈਂ ਆਵਤਿ ਜੋਵਾ ॥ ੨੦ ॥

ਸਭ ਪ੍ਰਕਾਰ ਇਨ੍ਹਾਂ ਦਾ ਭੋਲਾ ਸੁਭਾਅ ਹੈ, ਏਨੇ ਚਤੁਰ ਨਹੀਂ ਹਨ, ਕਿਸੇ ਗੱਲ ਦੀ ਪਛਾਣ ਨਹੀਂ ਹੈ। ਪਰ ਜਦ ਵੀ ਪਤੀ ਜੀ ਤੁਹਾਡੇ ਪਾਸ ਆਉਂਦੇ ਹਨ ਤਾਂ ਤੁਸੀਂ ਬੜਾ ਸੁਖ ਅਨੁਭਵ ਕਰਦੇ ਹੋ, ਇਸਦਾ ਕੀ ਕਾਰਨ ਹੈ ? ॥੨੦॥

ਚਾਰਹੁੰ ਪੁੱਤ੍ਰਨਿ ਤੇ ਇਸ ਕੇਰ। ਕਰਤੇ ਹੋ ਸਨਮਾਨ ਬਡੇਰ।
ਗੁਰਦਿੱਤਾ, ਸੂਰਜ ਮੱਲ ਜੋਇ। ਅਨੀਰਾਇ ਤੀਸਰ ਸੁਤ ਸੋਇ ॥ ੨੧ ॥

ਚਾਰੇ ਪੁੱਤਰ ਤੁਹਾਡੇ ਹਨ, ਪਰ ਇਸਦਾ ਏਨਾ ਕਿਉਂ ਸਨਮਾਨ ਕਰਦੇ ਹੋ, ਗੁਰਦਿੱਤਾ ਅਤੇ ਸੂਰਜ ਮਲ ਹਨ, ਅਨੀ ਰਾਏ ਤੀਸਰਾ ਪੁੱਤਰ ਹੈ॥੨੧॥

ਅਟਲਰਾਇ ਚਾਰਹੁੰ ਮਤਿਵਾਨ। ਇਨ ਕੋ ਅਸ ਨ ਕਰਹੁ ਸਨਮਾਨ।
ਮਮ ਸੁਤ ਕੋ ਸਾਦਰ ਬੈਠਾਈ। ਸ਼੍ਰੀ ਮੁਖ ਤੇ ਬਹੁ ਕਰਤਿ ਬਡਾਈ ॥ ੨੨ ॥

ਅਟਲ ਰਾਏ ਚੌਥਾ ਪੁੱਤਰ ਸਾਰੇ ਬੁਧਿਮਾਨ ਹਨ, ਇਨ੍ਹਾਂ ਦਾ ਇਸ ਤਰ੍ਹਾਂ ਕਿਉਂ ਸਨਮਾਨ ਨਹੀਂ ਕਰਦੇ ਹੋ, ਮੇਰੇ ਪੁੱਤਰ ਨੂੰ ਬੜੇ ਆਦਰ ਨਾਲ ਆਪਣੇ ਪਾਸ ਗੋਦ ਵਿਚ ਬਿਠਾਉਂਦੇ ਹੋ ਤੇ ਆਪਣੇ ਸ਼ੁਭ ਮੁਖ ਤੋਂ ਇਸ ਦੀ ਵਡਿਆਈ ਕਰਦੇ ਹੋ॥੨੨॥

ਕੋ ਕਾਰਨ ਇਸ ਮਹਿਂ ਸਮੁਝਾਵਹੁ। ਨਿਤ ਸੰਸੈ ਹੁਇ ਰਿਦੈ ਮਿਟਾਵਹੁ।
ਸੁਨਿ ਕੈ ਜਗ ਗੁਰ ਮੁਗਲ ਅਰਾਤੀ। ਦੀਰਘ ਬਾਹੂ ਆਯੁਤ ਛਾਤੀ॥ ੨੩॥

ਇਸਦਾ ਕੀ ਕਾਰਨ ਹੈ, ਮੈਨੂੰ ਸਮਝਾਵੋ, ਮੇਰੇ ਹਿਰਦੇ ਵਿਚ ਜਿਹੜਾ ਨਿਤ ਸ਼ੰਕਾ ਉਠਦਾ ਹੈ, ਉਸ ਨੂੰ ਖਤਮ ਕਰੋ। ਇਹ ਸੁਣ ਕੇ ਮੁਗ਼ਲਾਂ ਨੂੰ ਮਾਰਨ ਵਾਲੇ ਗੁਰੂ ਜੀ ਬੋਲੇ ਜਿਨ੍ਹਾਂ ਦੀਆਂ ਲੰਮੀਆਂ ਬਾਹਾਂ ਅਤੇ ਚੌੜੀ ਛਾਤੀ ਸੀ।੨੩॥

ਕਮਲ ਪੱਤ੍ਰ ਬਿਸਤਿਰਤਿ ਬਿਲੋਚਨ। ਅਵਿਲੋਕਤਿ ਮੋਚਤਿ ਚਿਤ ਸੋਚਨਿ।
ਸਰਬ ਨਰਨਿ ਦੇ ਦਹਿ ਬਿਸਾਲ। ਕੌਨ ਕਰੈ ਸਮਤਾ ਤਿਨ ਨਾਲ॥ ੨੪॥

ਜਿਨ੍ਹਾਂ ਦੇ ਕੰਵਲ ਦੇ ਪੱਤਿਆਂ ਵਰਗੇ ਨੈਣ, ਵੇਖ ਕੇ ਚਿੱਤ ਦੀਆਂ ਚਿੰਤਾਵਾਂ ਦੂਰ ਕਰ ਦਿੰਦੇ ਸਨ, ਜਿਨ੍ਹਾਂ ਦਾ ਸਭ ਮਨੁੱਖਾਂ ਨਾਲੋਂ ਵਿਸ਼ਾਲ ਸਰੀਰ ਸੀ, ਦੁਨੀਆਂ ਵਿਚ ਉਨ੍ਹਾਂ ਦੀ ਕੌਣ ਬਰਾਬਰੀ ਕਰ ਸਕਦਾ ਸੀ॥੨੪॥

ਕਹਤਿ ਭਏ ਪਿਖਿ ਮੁਝ ਕਰ ਜੋਰੀ। ਇਸ ਕੀ ਸੁਨਹੁ ਬਾਤ, ਮਤਿ ਭੋਰੀ!
ਮਹਾਂ ਪੁਰਖ ਇਹ ਹੁਇ ਬਡ ਭਾਗ। ਜਿਸ ਕੇ ਰਿਦੈ ਦ੍ਵੈਸ਼ ਨਹਿਂ ਰਾਗ॥ ੨੫॥

ਮੈਨੂੰ ਹੱਥ ਜੋੜ ਕੇ ਖਲੋਤੀ ਵੇਖ ਕੇ ਕਹਿਣ ਲੱਗੇ, ਇਸ ਦੀ ਵੀ ਗੱਲ ਸੁਣ ਲਵੋ, ਇਸ ਦੀ ਬੁੱਧੀ ਬੇਸ਼ਕ ਭੋਲੀ ਭਾਲੀ ਹੈ, ਇਹ ਵੱਡਭਾਗਾ, ਇਸ ਦੁਨੀਆਂ ਤੇ ਮਹਾਨ ਮਹਾਂਪੁਰਖ ਹੋਵੇਗਾ, ਜਿਸ ਦੇ ਹਿਰਦੇ ਵਿਚ ਨਾ ਈਰਖਾ ਹੈ ਅਤੇ ਨਾ ਹੀ ਕਿਸੇ ਨਾਲ ਪ੍ਰੇਮ ਹੈ॥੨੫॥

ਇਸ ਕੇ ਸੁਤ ਪੁਰਸ਼ੋਤਮ ਹੋਇ। ਜਿਸਕੀ ਸਮਤਾ ਕਰਹਿ ਨ ਕੋਇ।
ਜਗਤ ਬਿਖੈ ਬਡ ਬਧਹਿ ਪ੍ਰਤਾਪੁ। ਕਰਤਾ ਦੁਸ਼ਟ ਮਲੇਛਨਿ ਖਾਪ॥ ੨੬॥

ਇਸ ਦਾ ਪੁੱਤਰ ਦੁਨੀਆਂ ਦਾ ਉੱਤਮ ਪੁਰਖ ਹੋਵੇਗਾ, ਜਿਸ ਦੀ ਇਸ ਸੰਸਾਰ ਵਿਚ ਕੋਈ ਬਰਾਬਰੀ ਨਹੀਂ ਕਰ ਸਕੇਗਾ। ਜਗ ਵਿਚ ਉਸਦਾ ਵੱਡਾ ਪ੍ਰਤਾਪ ਵਧੇਗਾ, ਦੁਸ਼ਟ ਮਲੇਛਾਂ ਦਾ ਉਹ ਖਾਤਮਾ ਕਰੇਗਾ॥੨੬॥

ਸ਼੍ਰੀ ਗੁਰ ਨਾਨਕ ਕੋ ਜਸੁ ਚੰਦ। ਚੰਦ ਨ ਸਮ ਉਜਲਾਇ ਬਿਲੰਦ।
ਰੱਛਾ ਕਰਹਿ ਧਰਮ ਕੀ ਧਰਨੀ। ਧਰਨੀ ਕੀਰਤਿ ਕਰਿ ਹੈ ਕਰਨੀ॥ ੨੭॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੱਸ ਚੰਦ ਵਾਂਗ ਪ੍ਰਕਾਸ਼ਮਈ ਹੈ, ਪਰ ਉਨ੍ਹਾਂ ਦੀ ਚੰਦ ਵੀ ਬਰਾਬਰੀ ਨਹੀਂ ਕਰ ਸਕੇਗਾ ਉਸ ਤੋਂ ਵੀ ਵੱਡਾ ਉੱਜਲ ਉਨ੍ਹਾਂ ਦਾ ਜੱਸ ਹੋਵੇਗਾ, ਉਹ ਇਸ ਧਰਤੀ ਉਤੇ ਧਰਮ ਦੀ ਰੱਖਿਆ ਕਰਨਗੇ॥੨੭॥

ਅਵਨੀ ਅਖਿਲ, ਆਪਨਿਧ ਅੰਬਰ। ਅੰਬਰ ਲਗਿ ਜਸੁ ਕਥਹਿਂ ਸੁਰੰਬਰ।
ਸ਼੍ਰੀ ਗੁਰ ਨਾਨਕ ਨਾਮ ਉਦਾਰਾ। ਉੱਜਲ, ਕਰਹਿ ਜਗਤ ਬਿਸਤਾਰਾ॥ ੨੮॥

ਧਰਤੀ ਉਨ੍ਹਾਂ ਦੀ ਕਰਨੀ ਦੀ ਕੀਰਤੀ ਕਰੇਗੀ, ਭਾਵ ਸਭ ਲੋਕ ਸਵਰਗ ਦੇ ਦੇਵਤਿਆਂ ਤਕ ਉਨ੍ਹਾਂ ਦਾ ਜੱਸ ਕਰਨਗੇ, ਉਨ੍ਹਾਂ ਦੀ ਕੀਰਤੀ ਸਾਰੀ ਪ੍ਰਿਥਵੀ, ਸਮੁੰਦਰ ਅਤੇ ਅਕਾਸ਼ ਤੱਕ ਫੈਲ ਜਾਵੇਗੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਿਹੜਾ ਉੱਤਮ ਨਾਮ ਹੈ, ਉਸ ਨੂੰ ਜਗਤ ਵਿਚ ਮਹਾਨ ਉੱਜਲ ਕਰਨਗੇ॥੨੮॥

ਯਾਂਤੇ ਇਨ ਕੋ ਆਦਰ ਘਨੋ। ਕਰਤਿ ਸਭਿਨਿ ਤੇ ਕੀਰਤਿ ਸਨੋ।
ਇਸ ਕੇ ਪਿਤ ਅਸ ਸਾਚ ਉਚਾਰੀ। ਕਰਿਵ ਪ੍ਰਤੀਛਨ ਰੁਚਿ ਮੈਂ ਰਾਚੀ॥ ੨੯॥

ਇਸ ਕਰਕੇ ਮੈਂ ਇਨ੍ਹਾਂ ਦਾ ਸਭ ਨਾਲੋਂ ਜ਼ਿਆਦਾ ਆਦਰ, ਕੀਰਤੀ ਅਤੇ ਮਹਿਮਾ ਕਰਦਾ ਹਾਂ।'' ਇਨ੍ਹਾਂ ਦੇ ਪਿਤਾ ਜੀ ਨੇ ਸੱਚੀ ਗੱਲ ਕਹੀ ਸੀ, ਮੈਂ ਇੰਤਜ਼ਾਰ ਕਰਦੀ ਉਸ ਰੁਚੀ ਵਿਚ ਰੰਗੀ ਹੋਈ ਹਾਂ॥੨੯॥

ਮੈਂ ਬਯ ਤੇ ਅਬਿ ਬਿਰਧਾ ਭਈ। ਕਬਿ ਸੁ ਸਮਾ ਇਸ ਸੁਤ ਜਨਮਈ।
ਤਿਨ ਕੋ ਬਾਕ ਹੋਇ ਸਦ ਸਾਚੇ। ਸੱਤਜ ਸੰਧ ਨਿਤ ਸਤਿ ਮਹਿਂ ਰਾਚੇ॥੩੦॥

ਮੈਂ ਉਮਰ ਕਰਕੇ ਹੁਣ ਬਿਰਧ ਹੋ ਗਈ ਹਾਂ, ਕਦ ਉਹ ਸਮਾਂ ਆਵੇਗਾ ਜਦ ਇਨ੍ਹਾਂ ਦੇ ਘਰ ਪੁੱਤ ਜਨਮ ਲਵੇਗਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਬਚਨ ਸਦਾ ਸੱਚੇ ਹੁੰਦੇ ਹਨ, ਸੱਚ ਸਹਿਤ ਸਦਾ ਸੱਚ ਵਿਚ ਰੰਗੇ ਹੁੰਦੇ ਹਨ॥੩੦॥

ਇਕ ਤੌ ਇਹ ਬਿਰਤਾਂਤ ਬਖਾਨਾ। ਦੁਤਿਯ ਕਹੌਂ ਮੱਖਣ! ਸੁਨਿ ਕਾਨਾ।
ਅੰਤ ਸਮੈਂ ਮਹਿਂ ਮੈਂ ਤਿਸ ਕਾਲ। ਨਿਜ ਦਿਸ਼ ਤੇ ਹੁਇ ਦੀਨ ਬਿਸਾਲ॥੩੧॥

ਇਕ ਤਾਂ ਇਹ ਬਿਰਤਾਂਤ ਵਰਣਨ ਕੀਤਾ ਹੈ, ਦੂਸਰਾ ਵੀ ਕਹਿੰਦੀ ਹਾਂ, ਹੇ ਮੱਖਣ ਸ਼ਾਹ! ਕੰਨ ਲਾ ਕੇ ਸੁਣੋ। ਜਦ ਵੱਡੇ ਗੁਰੂ ਜੀ ਸ੍ਰੀ ਹਰਿਗੋਬਿੰਦ ਸਾਹਿਬ ਦਾ ਅੰਤ ਸਮਾਂ ਆਇਆ ਤਾਂ ਮੈਂ ਆਪਣੇ ਵਲੋਂ ਬਹੁਤ ਦੀਨ ਹੋ ਗਈ॥੩੧।

ਹਾਥ ਜੋਰਿ ਕਰਿ ਆਗੈ ਖਰੀ। ਖਰੀ ਰੀਤਿ ਮੈਂ ਬਿਨਤੀ ਕਰੀ।
ਕਰੀ ਸੁੰਡ ਜੈਸੇ ਭੁਜਦੰਡ। ਦੰਡ ਜੁ ਦੇਤਿ ਸ਼ੱਤ੍ਰੂ ਗਨ ਖੰਡਿ॥ ੩੨॥

ਹੱਥ ਜੋੜ ਕੇ ਅੱਗੇ ਖੜੀ ਹੋ ਗਈ, ਚੰਗੀ ਤਰ੍ਹਾਂ ਮੈਂ ਬੇਨਤੀ ਕੀਤੀ ਤੇ ਹਾਥੀ ਦੀ ਸੁੰਡ ਵਾਂਗ ਡੰਡੌਤ ਬੰਦਨਾ ਕੀਤੀ, ਜਿਹੜੇ ਗੁਰੂ ਜੀ ਵੈਰੀਆਂ ਨੂੰ ਟੁਕੜੇ-ਟੁਕੜੇ ਕਰਕੇ ਸਜ਼ਾ ਦਿੰਦੇ ਸਨ॥੩੨॥

ਹੇ ਪ੍ਰਭੁ! ਮੋਹਿ ਗਤੀ ਕਹਾ ਹੋਇ?। ਮਮ ਸੁਤ ਲਖਹਿ ਬਿਹਾਰ ਨ ਕੋਇ।
ਆਪ ਬਿਨਾ ਕੋ ਹਮਰੋ ਨਾਥ?। ਜਿਨ ਕੇ ਪੱਖੀ ਕੋਇ ਨ ਸਾਥ॥ ੩੩॥

ਮੈਂ ਬੇਨਤੀ ਕੀਤੀ, "ਹੇ ਪ੍ਰਭੂ ਜੀ! ਮੇਰੀ ਕੀ ਦਸ਼ਾ ਹੋਵੇਗੀ, ਮੇਰਾ ਪੁੱਤ ਤਾਂ ਕੋਈ ਵੀ ਕਾਰ ਵਿਹਾਰ ਨਹੀਂ ਜਾਣਦਾ ਹੈ, ਤੁਹਾਡੇ ਬਗੈਰ ਸਾਡਾ ਕੌਣ ਮਾਲਕ ਹੈ, ਜਿਨ੍ਹਾਂ ਦਾ ਕੋਈ ਵੀ ਪੱਖ ਪੂਰਨ ਵਾਲਾ ਅਤੇ ਸਾਥੀ ਨਹੀਂ ਹੈ॥੩੩॥

ਕਿਸ ਕੇ ਹਮ ਅਲੰਬ ਹੁਇ ਜੀਵਹਿਂ?। ਜਬਿ ਨਿਰਾਸਰੇ ਤੁਮ ਤੇ ਥੀਵਹਿਂ।
ਗੁਰਦਿਤੇ ਕੇ ਸੁਤ ਹਰਿਰਾਇ। ਗੁਰ ਗਾਦੀ ਪਰ ਦਏ ਟਿਕਾਇ॥ ੩੪॥

ਕਿਸ ਦੇ ਆਸਰੇ ਅਸੀਂ ਜੀਵਨ ਨਿਰਬਾਹ ਕਰਾਂਗੇ, ਜਦ ਤੁਹਾਡੇ ਬਗੈਰ ਆਸਰਾ ਰਹਿਤ ਹੋ ਜਾਵਾਂਗੇ। ਸ੍ਰੀ ਗੁਰਦਿੱਤੇ ਜੀ ਦੇ ਪੁੱਤਰ ਸ੍ਰੀ ਗੁਰੂ ਹਰਿਰਾਇ ਜੀ ਹਨ, ਉਨ੍ਹਾਂ ਨੂੰ ਗੁਰਗੱਦੀ ਉਤੇ ਬਿਠਾ ਦਿੱਤਾ ਹੈ॥੩੪॥

ਪੁੱਤ੍ਰ ਸਰਲ ਕੀ ਮੈਂ ਹੌ ਮਾਤਾ। ਜਿਸ ਬਿਵਹਾਰ ਕਛੂ ਨਹਿਂ ਜਾਤਾ।
ਰਾਵਰ ਅਬਿ ਬਿਕੁੰਠ ਚਹਿਂ ਜਾਨੇ। ਪ੍ਰਤਿਪਾਲਕ ਥੇ ਸਦਾ ਮਹਾਨੇ॥ ੩੫॥

ਇਕ ਸਿੱਧੇ ਸਾਦੇ ਪੁੱਤਰ ਦੀ ਮੈਂ ਮਾਤਾ ਹਾਂ, ਜਿਸ ਨੇ ਦੁਨਿਆਵੀ ਵਿਹਾਰ ਬਾਰੇ ਕੁਝ ਨਹੀਂ ਜਾਣਿਆ ਹੈ। ਹੁਣ ਆਪ ਜੀ ਬਿਕੁੰਠ ਜਾਣਾ ਚਾਹੁੰਦੇ ਹੋ, ਜਿਹੜੇ ਸਦਾ ਸਾਡੀ ਪਾਲਣਾ ਕਰਦੇ ਸੀ॥੩੫॥

ਤੇਗ ਬਹਾਦਰ ਕੇ ਪਿਤ ਸੁਨਿ ਕੈ। ਧੀਰਜ ਦੀਨਿ ਮੋਹਿ ਬਚ ਭਨਿ ਕੈ।
'ਨਹਿਂ ਚਿੰਤਾ ਕਰਿ ਤੂੰ ਕਿਸ ਭਾਂਤਿ। ਸਭਿ ਗੁਨ ਕੀ ਨਿਧਿ ਹੈ ਤੁਵ ਤਾਤ॥੩੬॥

ਸ੍ਰੀ ਤੇਗ ਬਹਾਦਰ ਦੇ ਪਿਤਾ ਜੀ ਨੇ ਇਹ ਗੱਲਾਂ ਸੁਣਕੇ, ਮੈਨੂੰ ਇਹ ਬਚਨ ਕਹਿ ਕੇ ਧੀਰਜ ਦਿੱਤਾ, "ਤੂੰ ਕਿਸੇ ਤਰ੍ਹਾਂ ਵੀ ਚਿੰਤਾ ਨਾ ਕਰ, ਤੇਰਾ ਪੁੱਤਰ ਸਭ ਗੁਣਾਂ ਦਾ ਖਜ਼ਾਨਾ ਹੈ॥੩੬॥

ਅਪਰ ਥਾਨ ਫਿਰ ਕਰਿ ਗੁਰਿਆਈ। ਪੁਨ ਆਵਹਿ ਤੁਝ ਘਰ ਬਡਿਆਈ।
ਸਭਿ ਹੀ ਨਮਹਿਂ ਤੋਹਿ ਢਿਗ ਆਇ। ਕੋਇ ਨ ਕਰਿ ਸਕਿ ਹੈ ਸਮਤਾਇ॥੩੭॥

ਹੋਰ ਥਾਵਾਂ ਤੋਂ ਗੁਰਿਆਈ ਫਿਰ ਕੇ, ਫਿਰ ਉਹ ਵਡਿਆਈ ਤੇਰੇ ਘਰ ਆਵੇਗੀ, ਸਾਰੇ ਹੀ ਆ ਕੇ ਤੈਨੂੰ ਨਮਸਕਾਰ ਕਰਨਗੇ, ਕੋਈ ਵੀ ਤੁਹਾਡੀ ਬਰਾਬਰੀ ਨਹੀਂ ਕਰ ਸਕੇਗਾ॥੩੭॥

ਨਿੰਦਕ ਮਤਸਰ ਕਰਿ ਪਛੁਤਾਵਹਿਂ। ਜੋ ਪੂਜਹਿਂ ਸਭਿ ਬਾਂਛਤਿ ਪਾਵਹਿਂ'।
ਇਸ ਪ੍ਰਕਾਰ ਕਹਿ ਮੁਝ ਹਰਖਾਵਾ। ਕ੍ਰਿਪਾ ਦ੍ਰਿਸ਼ਟਿ ਦੇਖੇ ਸੁਖ ਪਾਵਾ॥ ੩੮॥

ਨਿੰਦਕ ਹੰਕਾਰ ਕਰਕੇ ਪਛਤਾਉਣਗੇ, ਜਿਹੜੇ ਵੀ ਮੇਰੇ ਪੁੱਤਰ ਨੂੰ ਪੂਜਣਗੇ ਮਨ ਮੰਗੀਆਂ ਮੁਰਾਦਾਂ ਪਾਉਣਗੇ।' ਇਸ ਤਰ੍ਹਾਂ ਕਹਿ ਕੇ ਮੈਨੂੰ ਪ੍ਰਸੰਨ ਕਰ ਦਿੱਤਾ, ਕਿਰਪਾ ਦ੍ਰਿਸ਼ਟੀ ਵੇਖਕੇ ਮੈਂ ਸੁਖ ਪਾਇਆ॥੩੮॥

ਮਮ ਸੁਤ ਪਿਤ ਕੌ ਜੋ ਅਸ ਬੈਨ। ਕਰਹੁਂ ਪ੍ਰਤੀਛਨ ਮੈਂ ਦਿਨ ਰੈਨ।
ਅਬਿ ਸਾਚਾ ਸੋ ਹੋਵਨਿ ਲਾਗਾ। ਤਊ ਮੋਹਿ ਸੁਤ ਦਿਢ ਬੈਰਾਗਾ॥ ੩੯॥

ਮੇਰੇ ਪੁੱਤਰ ਦੇ ਪਿਤਾ ਜੀ ਦੇ ਜਿਹੜੇ ਅਜਿਹੇ ਬਚਨ ਹਨ, ਉਨ੍ਹਾਂ ਦੇ ਪੂਰਨ ਹੋਣ ਦੀ ਮੈਂ ਦਿਨ ਰਾਤ ਇੰਤਜ਼ਾਰ ਕਰਦੀ ਰਹੀ ਹਾਂ। ਹੁਣ ਉਨ੍ਹਾਂ ਦੇ ਉਹ ਬਚਨ ਸੱਚੇ ਹੋਣ ਲੱਗੇ ਹਨ, ਫਿਰ ਵੀ ਮੇਰੇ ਪੁੱਤਰ ਨੇ ਦ੍ਰਿੜ੍ਹ ਵੈਰਾਗ ਧਾਰਨ ਕੀਤਾ ਹੈ॥੩੯॥

ਧੀਰਮੱਲ ਤੇ ਆਦਿ ਸ਼ਰੀਕਾ। ਕਰਤਿ ਦ੍ਵੈਸ਼ ਨਹਿਂ ਭਾਵਹਿ ਨੀਕਾ।
ਪ੍ਰਾਨ ਹਾਨਿ ਲਗਿ ਕਰਤਿ ਖੁਟਾਈ। ਜ੍ਵਾਲਾ ਬਮਣੀ ਕਹਿ ਚਲਿਵਾਈ॥ ੪੦॥

ਧੀਰਮੱਲ ਆਦਿ ਜਿਹੜੇ ਸ਼ਰੀਕ ਹਨ, ਉਹ ਈਰਖਾ ਕਰਦੇ ਹਨ ਉਨ੍ਹਾਂ ਨੂੰ ਇਹ ਕੁਝ ਚੰਗਾ ਨਹੀਂ ਲੱਗਦਾ ਹੈ। ਉਨ੍ਹਾਂ ਜਾਨ ਤੋਂ ਮਾਰਨ ਤੱਕ ਦੀ ਖੋਟ ਕੀਤੀ ਹੈ, ਜਿਨ੍ਹਾਂ ਨੇ ਮੇਰੇ ਪੁੱਤਰ ਉਤੇ ਗੋਲੀ ਚਲਾਈ ਹੈ॥੪੦॥

ਤਿਸ ਕੋ ਭੀ ਹਿਤ, ਬਾਤਨਿ ਹੇਰਿ। ਫੇਰਹਿ ਕੌਨ ਕਹੈਂ ਬਹੁ ਬੇਰ।
ਧੀਰਮੱਲ ਕੋ ਬਡੋ ਸਮਾਜ। ਸਰਬ ਸਮ੍ਰਿੱਧ ਤਾਂਹਿ, ਘਰ ਆਜ॥ ੪੧॥

ਉਸ ਦੀਆਂ ਖੋਟ ਵਾਲੀਆਂ ਗੱਲਾਂ ਵੇਖ ਕੇ ਵੀ, ਉਸ ਦਾ ਹੀ ਹਿੱਤ ਕਰ ਜਾਂਦੇ ਹਨ। ਧੀਰਮੱਲ ਪਾਸ ਬਹੁਤ ਧਨ ਦੌਲਤ ਹੈ। ਸਭ ਪ੍ਰਕਾਰ ਦੀ ਸਮੱਗਰੀ ਅੱਜ ਉਸ ਦੇ ਘਰ ਵਿਚ ਹੈ॥੪੧॥

ਹਮਰੋ ਜੇਤਿਕ ਅਹੈ ਗੁਜ਼ਾਰਾ। ਸੋ ਨੀਕੇ ਤੈਂ ਦ੍ਰਿਗਨਿ ਨਿਹਾਰਾ।
ਤਊ ਸੰਤੋਸ਼ ਸਹਿਤ ਸੁਤ ਮੇਰਾ। ਫਿਰਵਾਵਤਿ ਕਹਿ ਦਰਬ ਘਨੇਰਾ॥ ੪੨॥

ਸਾਡਾ ਜਿਥੋਂ ਤਕ ਗੁਜ਼ਾਰਾ ਚਲਦਾ ਹੈ, ਉਹ ਤੁਸੀਂ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ, ਫਿਰ ਵੀ ਮੇਰਾ ਪੁੱਤਰ ਸੰਤੋਖ ਸਹਿਤ ਹੈ, ਬਹੁਤ ਵੱਡੇ ਧਨ ਨੂੰ ਵਾਪਸ ਕਰਨਾ ਚਾਹੁੰਦਾ ਹੈ॥੪੨॥

ਤ੍ਰਿਸ਼ਨਾ ਅਗਨਿ ਲਗੀ ਤਿਨ ਘਰ ਕੋ। ਚਹੈਂ ਦਰਬ ਨਿਤ, ਸ਼ਾਂਤਿ ਨ ਉਰ ਕੋ।
ਜਿਮ ਇਹ ਕਹੈਂ ਮਾਨਿਬੋ ਸੋਊ। ਚਲਹਿ ਨਹੀਂ ਬਸ ਹਮਰੋ ਕੋਊ॥ ੪੩॥

ਉਸ ਦੇ ਘਰ ਨੂੰ ਤ੍ਰਿਸ਼ਨਾ ਦੀ ਅੱਗ ਲੱਗੀ ਹੈ, ਸਦਾ ਧਨ ਚਾਹੁੰਦੇ ਹਨ ਹਿਰਦੇ ਵਿਚ ਸ਼ਾਂਤੀ ਨਹੀਂ ਹੈ। ਜਿਸ ਤਰ੍ਹਾਂ ਵੀ ਇਹ ਕਹਿੰਦੇ ਹਨ, ਇਨ੍ਹਾਂ ਦੀ ਗੱਲ ਮੰਨ ਲਵੇ, ਇਨ੍ਹਾਂ ਉਤੇ ਸਾਡਾ ਕੋਈ ਵੀ ਵੱਸ ਨਹੀਂ ਚਲਦਾ ਹੈ'॥੪੩॥

ਇਮ ਕਹਿ ਜਨਨੀ ਢੋਰਤਿ ਲੋਚਨ। ਅਸਮੰਜਸ ਲਖਿ ਕਰਤੀ ਸੋਚਨ।
'ਮਮ ਸੁਤ ਤਿਨ ਕੋ ਕਰਹਿ ਭਲੇਰਾ। ਧਨ ਮਦ ਤੇ ਸੋ ਕਿਤ ਅਘ ਕੇਰਾ'॥੪੪॥

ਇਸ ਤਰ੍ਹਾਂ ਕਹਿ ਕੇ ਮਾਤਾ ਜੀ ਨੇ ਅੱਖਾਂ ਪੂੰਝੀਆਂ, ਉਲਟੀ ਗੱਲ ਵੇਖ ਕੇ ਸੋਚਾਂ ਵਿਚ ਪੈ ਗਈ। "ਮੇਰਾ ਪੁੱਤਰ ਉਨ੍ਹਾਂ ਦਾ ਭਲਾ ਕਰਦਾ ਹੈ, ਜਿਹੜਾ ਧਨ ਦਾ ਹੰਕਾਰ ਕਰਕੇ ਪਾਪਾਂ ਨੂੰ ਕਰਨ ਵਾਲਾ ਹੈ"॥੪੪॥

Sri Satguru Jagjit Singh Ji eLlibrary NamdhariElibrary@gmail.com

ਤੂਸ਼ਨਿ ਜਨਨੀ ਨੇ ਤਬਿ ਠਾਨਾ। ਮਮ ਸੁਤ ਬਚਜੋ ਇਹੀ ਬਡ ਜਾਨਾ।
ਇਮ ਬੋਲਤਿ ਸੁਨਿਤੇ ਗੁਰ ਧਾਮਾ। ਬੀਤੀ ਤਬਹਿ ਜਾਮਨੀ ਜਾਮਾ॥ ੪੫॥

ਚੁੱਪ ਹੋਈ ਮਾਤਾ ਜੀ ਨੇ ਫਿਰ ਇਹ ਸਮਝਿਆ ਕਿ ਮੇਰਾ ਪੁੱਤ ਬਚ ਗਿਆ ਹੈ, ਇਹੀ ਸਭ ਤੋਂ ਵੱਡੀ ਗੱਲ ਹੈ। ਇਸ ਤਰ੍ਹਾਂ ਬੋਲਦਿਆਂ ਸੁਣਦਿਆਂ ਗੁਰੂ ਜੀ ਦੇ ਘਰ ਇਕ ਪਹਿਰ ਰਾਤ ਬੀਤ ਗਈ॥੪੫॥

*ਗਿਆਰ੍ਹਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥*

## ਅਧਿਆਇ ਉਨ੍ਹੀਵਾਂ

### ਧੀਰਮੱਲ ਦੀਆਂ ਚੀਜ਼ਾਂ ਮੋੜੀਆਂ

*ਦੋਹਰਾ-* ਸੁਨਿ ਜਨਨੀ ਕੇ ਬਾਕ ਕੋ ਦੁਚਿਤਾ ਮੱਖਣ ਜਾਨਿ।
ਬਹੁਰ ਕਹਜੋ 'ਨਹਿਂ ਦੇਰ ਕਰਿ ਜਾਹੁ ਧੀਰਮੱਲ ਥਾਨ॥ ੧॥

ਮਾਤਾ ਜੀ ਦੇ ਬਚਨਾਂ ਨੂੰ ਸੁਣ ਕੇ ਮੱਖਣ ਸ਼ਾਹ ਦੁਚਿਤੀ ਵਿਚ ਪੈ ਗਿਆ। ਗੁਰੂ ਜੀ ਨੇ ਫਿਰ ਕਿਹਾ, "ਹੁਣ ਦੇਰ ਨਾ ਕਰੋ ਧੀਰਮੱਲ ਦੇ ਡੇਰੇ ਜਾਵੋ॥੧॥

*ਚੌਪਈ-* ਫੇਰਹੁ ਵਸਤੁ ਜਿਤਿਕ ਤਿਨ ਕੇਰੀ। ਨਿਜ ਧਨ ਕੋ ਭੀ ਦੀਜਹਿ ਫੇਰੀ।
ਚੰਚਲ ਲਛਮੀ ਥਿਰ ਨ ਰਹਤਿ ਹੈ। ਆਏ ਸੁਖ ਚਿਤ,ਗਈ ਦਹਤਿ ਹੈ॥੨॥

ਉਸਦੀਆਂ ਜਿੰਨੀਆਂ ਵੀ ਵਸਤਾਂ ਹਨ ਸਭ ਮੋੜ ਦੇਵੋ ਤੇ ਆਪਣੇ ਲੁੱਟੇ ਹੋਏ ਧਨ ਨੂੰ ਵੀ ਉਸ ਨੂੰ ਦੇ ਦੇਵੋ। ਇਹ ਮਾਇਆ ਚੰਚਲ ਹੈ, ਕਦੀ ਵੀ ਇਕ ਥਾਂ ਟਿਕਦੀ ਨਹੀਂ ਹੈ, ਜਦ ਆਉਂਦੀ ਹੈ ਤਾਂ ਮਨ ਵਿਚ ਸੁਖ ਪੈਦਾ ਹੁੰਦਾ ਹੈ, ਪਰ ਜਦ ਜਾਂਦੀ ਹੈ ਤਾਂ ਚਿੱਤ ਨੂੰ ਸਾੜਦੀ ਹੈ॥੨॥

ਲੋਭੀ ਇਸ ਹਿਤ ਪਾਪ ਅਨੇਕ। ਕਰਤਿ ਕਰਤਿ ਮ੍ਰਿਤੁ ਲਹਿ ਅਬਿਬੇਕ।
ਜਜੋਂ ਪ੍ਰਭੁ ਰਾਖੈ ਤਿਮ ਇਹ ਰਹੈ। ਸ਼ਬਦ ਬਿਖੇ ਸ੍ਰੀ ਨਾਨਕ ਕਹੈਂ॥ ੩॥

ਇਹ ਮਾਇਆ ਦੇ ਲੋਭੀ ਅਨੇਕਾਂ ਪਾਪ ਕਰਦੇ ਹਨ, ਤੇ ਪਾਪ ਕਰਦੇ ਕਰਦੇ ਇਹ ਬਬੇਕ ਰਹਿਤ ਮਨੁੱਖ ਮਰ ਜਾਂਦੇ ਹਨ। ਜਿਵੇਂ ਪ੍ਰਭੂ ਰਖਦਾ ਹੈ ਤਿਵੇਂ ਇਹ ਰਹਿੰਦੀ ਹੈ, ਇਕ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ॥੩॥

*ਸਿਰੀਰਾਗੁ ਮਹਲਾ ੧ ਘਰੁ ੫॥*

*ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥*
*ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ॥ ੧॥* *(ਪੰਨਾ ੨੫)*

ਨਾ ਠੱਗੀ ਜਾਣ ਵਾਲੀ ਮਾਇਆ ਠੱਗਣ ਨਾਲ ਵੀ ਠੱਗੀ ਨਹੀਂ ਜਾਂਦੀ, ਨਾ ਕਿਸੇ ਪ੍ਰਕਾਰ ਦੀ ਕਟਾਰ ਹੀ ਇਸਨੂੰ ਜ਼ਖਮੀ ਕਰ ਸਕਦੀ ਹੈ ਜਿਵੇਂ ਮਾਲਕ ਇਸ ਨੂੰ ਰਖਦਾ ਹੈ, ਇਹ ਉਸ ਤਰ੍ਹਾਂ ਹੀ ਰਹਿੰਦੀ ਹੈ। ਇਸ ਦੇ ਪ੍ਰਭਾਵ ਹੇਠ ਹੀ ਲਾਲਚੀ ਬੰਦੇ ਦਾ ਮਨ ਡੱਕੋ-ਡੋਲੇ ਖਾਂਦਾ ਹੈ॥੧॥

*ਚੌਪਈ-* ਛਲ ਤੇ ਛਲੀ ਨ ਜਾਵਹਿ ਮਾਯਾ। ਆਦਿ ਕਟਾਰ ਨ ਆਯੁਧ ਘਾਯਾ।
ਤਉ ਨਰਨਿ ਕੇ ਮਨ ਟਲਪਲੈ। ਹਮ ਕੋ ਸਭਿ ਤੇ ਬਹੁਤੀ ਮਿਲੈ॥ ੪॥

ਮਾਇਆ ਛਲ ਨਾਲ ਵੀ ਛਲੀ ਨਹੀਂ ਜਾ ਸਕਦੀ, ਕਟਾਰ ਆਦਿ ਹਥਿਆਰ ਵੀ ਇਸ ਨੂੰ ਜ਼ਖ਼ਮੀ ਨਹੀਂ ਕਰ ਸਕਦੇ, ਫਿਰ ਵੀ ਮਨੁੱਖਾਂ ਦੇ ਮਨ ਡੱਕੇ-ਡੋਲੇ ਖਾਂਦੇ ਹਨ। ਸਾਨੂੰ ਸਾਰਿਆਂ ਨਾਲੋਂ ਜ਼ਿਆਦਾ ਮਿਲਦੀ ਹੈ॥੪॥

ਸੰਚਨਿ, ਪਾਲਨਿ, ਨਾਸ਼ ਮਝਾਰ। ਦੁਖ ਦਾਯਕ ਧਨ ਕੌ ਨਿਰਧਾਰ।
ਭੋ ਮੱਖਣ! ਕਯੋਂ ਚਿੰਤਾ ਕਰੈਂ। ਦੇਹੁ ਧੀਰਮੱਲ ਉਰ ਦੁਖ ਹਰੈ॥ ੫॥

ਮਾਇਆ ਨੂੰ ਇਕੱਠੇ ਕਰਨ ਅਤੇ ਪਾਲਣ ਵਿਚ ਹੀ ਨਾਸ਼ ਹੈ, ਇਸ ਮਾਇਆ ਨੂੰ ਦੁਖਦਾਇਕ ਸਮਝੋ। ਹੇ ਮੱਖਣ ਸ਼ਾਹ! ਕਿਉਂ ਚਿੰਤਾ ਕਰਦਾ ਹੈਂ, ਇਹ ਧੀਰਮੱਲ ਨੂੰ ਦੇ ਦੇਵੋ ਤਾਂਕਿ ਉਸ ਦੇ ਦਿਲ ਦੇ ਦੁੱਖ ਦੂਰ ਹੋ ਜਾਣ॥੫॥

ਲੋਭੀ ਧਨ ਤੇ ਸੁਖ ਕੋ ਚਾਹੈ। ਨਿਸ ਦਿਨ ਇਹ ਤਿਨ ਕੇ ਉਰ ਦਾਹੈ।
ਅਪਰ ਬਿਚਾਰ ਕਰਹੁ ਨਹਿਂ ਕੋਈ। ਆਨੀ ਵਸਤੁ ਦੀਜਿਯਹਿ ਸੋਈ' ॥ ੬॥

ਲੋਭੀ ਧਨ ਦਾ ਸੁਖ ਚਾਹੁੰਦਾ ਹੈ, ਰਾਤ ਦਿਨ ਉਸਦਾ ਹਿਰਦਾ ਧਨ ਵਾਸਤੇ ਸੜਦਾ ਹੈ। ਹੋਰ ਕੋਈ ਵੀ ਵਿਚਾਰ ਉਸ ਦੇ ਮਨ ਵਿਚ ਨਹੀਂ ਆਉਂਦਾ ਹੈ, ਜੋ ਵਸਤਾਂ ਲਿਆਂਦੀਆਂ ਹਨ ਉਹ ਵੀ ਦੇ ਦੇਵੋ" ॥੬॥

ਗੁਰ ਬਚ ਸ਼ਿੰਖਲ ਤੇ ਰੁਕ ਗਇਊ। ਮੱਖਣ ਮਨ ਕੁੰਜਰ ਤਬਿ ਭਇਊ।
ਕਹਨਿ ਲਗਯੋ 'ਭੋ ਗੁਰਹਿ ਰਜਾਇ। ਹਮਰੋ ਬਸ ਨ ਚਲਹਿ ਕਿਸ ਭਾਇ॥੭॥

ਗੁਰੂ ਜੀ ਦਾ ਬਚਨ ਫਿਰ ਸੰਗਲ ਤੇ ਰੁਕ ਗਿਆ ਤੇ ਮੱਖਣ ਸ਼ਾਹ ਦਾ ਮਨ ਹਾਥੀ ਬਣ ਗਿਆ। ਫਿਰ ਕਹਿਣ ਲੱਗਾ, "ਜਿਵੇਂ ਗੁਰੂ ਜੀ ਦਾ ਹੁਕਮ ਹੈ, ਸਾਡਾ ਕਿਸੇ ਪ੍ਰਕਾਰ ਵੀ ਵੱਸ ਨਹੀਂ ਚਲਦਾ ਹੈ॥੭॥

ਰਾਵਰਿ ਬਾਕਨਿ ਕੇ ਅਨੁਸਾਰਾ। ਇਸ ਪ੍ਰਕਾਰ ਹੈ ਮਤੋ ਹਮਾਰਾ'।
ਗੁਰ ਜਨਨੀ ਕੇ ਦੇਖਤਿ ਤਹਾਂ। ਨਿਜ ਭ੍ਰਿਤਜਨਿ ਸੋਂ ਮੱਖਣ ਕਹਾ॥ ੮॥

ਆਪ ਜੀ ਦੇ ਬਚਨਾਂ ਅਨੁਸਾਰ ਹੀ ਸਾਡਾ ਮੱਤ ਹੈ।" ਗੁਰੂ ਜੀ ਦੀ ਮਾਤਾ ਜੀ ਦੇ ਵੇਖਦੇ ਹੀ ਮੱਖਣ ਸ਼ਾਹ ਨੇ ਆਪਣੇ ਸਾਥੀਆਂ ਨੂੰ ਕਿਹਾ॥੮॥

'ਧੀਰਮੱਲ ਕੇ ਨਿਕਟਿ ਸਿਧਾਵਹੁ। ਦਰਬ ਵਸਤੁ ਦਿਹੁ, ਪੁਨਹਿਂ ਸੁਨਾਵਹੁ।
ਇਮ ਜਾਨਹੁਂ ਸਤਿਗੁਰ ਬਡਿਆਈ। ਬੁਰੇ ਕਰਤਿ ਸੋ ਠਟਹਿਂ ਭਲਾਈ॥ ੯॥

"ਧੀਰਮੱਲ ਦੇ ਪਾਸ ਜਾਵੋ, ਧਨ ਅਤੇ ਸਾਰੀਆਂ ਵਸਤਾਂ ਦੇ ਕੇ ਸੁਣਾਵੋ। ਇਸ ਤਰ੍ਹਾਂ ਸਤਿਗੁਰੂ ਜੀ ਦੀ ਵਡਿਆਈ ਜਾਣੋ, ਬੁਰਾ ਕਰਨ ਵਾਲੇ ਦੀ ਵੀ ਉਹ ਭਲਿਆਈ ਚਾਹੁੰਦੇ ਹਨ॥੯॥

ਬਹੁਰ ਨਹੀਂ ਕਿਮ ਕਰਨੀ ਰਾਰ। ਦੁਰਚਾਰਨਿ ਸੋਂ ਮਸਲਤ ਧਾਰਿ।
ਸਤਿਗੁਰ ਕਰੁਨਾ ਤੇ ਇਮ ਭਈ। ਵਸਤੂ ਅਪਰਾਧੀ ਕਹੁ ਦਈ॥ ੧੦॥

ਫਿਰ ਦੁਬਾਰਾ ਅਜਿਹਾ ਕਾਰਾ ਨਹੀਂ ਕਰਨਾ ਹੈ, ਦੁਰਾਚਾਰਾਂ ਨਾਲ ਮਿਲ ਕੇ ਤੁਸੀਂ ਸਲਾਹ ਬਣਾਈ ਸੀ। ਸਤਿਗੁਰੂ ਜੀ ਦੀ ਕਿਰਪਾ ਨਾਲ ਇਸ ਤਰ੍ਹਾਂ ਹੋਇਆ ਹੈ ਕਿ ਅਪਰਾਧੀ ਨੂੰ ਵਸਤਾਂ ਵਾਪਸ ਦੇ ਦਿੱਤੀਆਂ ਹਨ॥੧੦॥

ਭਲੀ ਭਈ ਨਹਿਂ ਆਯੁਧ ਚਾਲੇ। ਚਲਤਿ ਜਿ, ਨਹਿਂ ਪਾਯਤ ਕਿਤ ਭਾਲੇ।
ਜੀਵਤਿ ਰਹਯੋ ਦਰਬ ਪੁਨ ਪਾਯਾ। ਇਹ ਸ਼੍ਰੀ ਤੇਗ ਬਹਾਦਰ ਦਾਯਾ' ॥੧੧॥

ਚੰਗਾ ਹੋਇਆ ਹੈ ਕਿ ਸ਼ਸਤਰ ਨਹੀਂ ਚਲਾਏ ਹਨ, ਜੇ ਚਲ ਜਾਂਦੇ ਕਿਤੇ ਲੱਭਿਆਂ ਵੀ ਨਾ ਲੱਭਦੇ। ਜੀਉਂਦੇ ਰਹੇ ਹੋ ਤੇ ਫਿਰ ਧਨ ਪਾ ਲਿਆ ਹੈ, ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਦਇਆ ਨਾਲ ਹੋਇਆ ਹੈ" ॥੧੧॥

ਇਮ ਕਹਿ ਪਠੇ ਸੁ ਮੱਖਣ ਸ਼ਾਹ। ਵਸਤੂ ਅਖਿਲ ਸੌਂਪਿ ਕਰਿ ਤਾਂਹਿ।
ਸ੍ਰੀ ਗੁਰ ਇਮ ਵਸਤੁ ਫਿਰਵਾਇ। ਪੌਢੇ ਮ੍ਰਿਦੁਲ ਸੇਜ ਪਰ ਜਾਇ॥ ੧੨॥

ਇਸ ਤਰ੍ਹਾਂ ਕਹਿ ਕੇ ਮੱਖਣ ਸ਼ਾਹ ਨੇ ਆਪਣੇ ਆਦਮੀਆਂ ਨੂੰ ਭੇਜਿਆ ਤੇ ਅਨੇਕ ਵਸਤਾਂ ਉਨ੍ਹਾਂ ਨੂੰ ਸੌਂਪ ਦਿੱਤੀਆਂ। ਗੁਰੂ ਜੀ ਨੇ ਇਸ ਤਰ੍ਹਾਂ ਵਸਤਾਂ ਮੁੜਵਾ ਦਿੱਤੀਆਂ ਤੇ ਸੇਜ ਉਤੇ ਜਾ ਕੇ ਲੰਮੇ ਪੈ ਗਏ॥੧੨॥

ਤਬਿ ਮੱਖਣ ਉਠਿ ਬੰਦਨਿ ਕਰਿ ਕੈ। ਸੌਂਪਤਿ ਵਸਤੁ ਸੰਭਾਰਨਿ ਕਰਿ ਕੈ।
ਅਖਲ ਦਈ ਵਸਤੂ ਜਬਿ ਫੇਰਿ। ਪੁਨਹਿ ਗ੍ਰਿੰਥ ਸਾਹਿਬ ਜੀ ਹੇਰਿ॥ ੧੩॥

ਫਿਰ ਮੱਖਣ ਸ਼ਾਹ ਉੱਠ ਕੇ ਬੰਦਨਾ ਕਰਕੇ ਤੇ ਸਾਰੀਆਂ ਵਸਤਾਂ ਸੰਭਾਲ ਕੇ ਸੌਂਪ ਗਿਆ। ਅਨੇਕਾਂ ਵਸਤਾਂ ਵਾਪਸ ਕਰ ਦਿੱਤੀਆਂ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੇਖਿਆ॥੧੩॥

ਦਿਯੋ ਨ ਚਹਤਿ ਅਮੋਲਕ ਜਾਨਿ। ਰਹੈ ਗੁਰੂ ਢਿਗ ਇੱਛਾ ਠਾਨਿ।
ਤਿਹ ਢਿਗ ਹੋਨਿ ਅਜੋਗ ਪਛਾਨਿ। ਗੁਰ ਘਰ ਮਹਿਂ ਰਹਿ ਉਚਿਤ ਸੁ ਮਾਨਿ॥੧੪॥

ਉਸ ਨੂੰ ਅਮੋਲਕ ਜਾਣ ਕੇ ਦੇਣਾ ਨਹੀਂ ਸੀ ਚਾਹੁੰਦਾ, ਉਸ ਦੇ ਮਨ ਦੀ ਇਹੋ ਇੱਛਾ ਸੀ ਕਿ ਇਹ ਗੁਰੂ ਜੀ ਪਾਸ ਰਹੇ। ਧੀਰਮੱਲ ਦੇ ਪਾਸ ਹੋਣਾ ਉਸ ਅਯੋਗ ਸਮਝਿਆ, ਗੁਰੂ ਘਰ ਵਿਚ ਉਸ ਦਾ ਰਹਿਣਾ ਉਚਿਤ ਮੰਨਿਆ॥੧੪॥

ਗੁਰ ਜਨਨੀ ਸੋਂ ਬਾਨੀ ਪ੍ਰਾਹੀ। 'ਇਹ ਸਮਾਨ ਦੂਸਰ ਕੁਛ ਨਾਂਹੀ।
ਨਹਿਂ ਫੇਰਹੁਂ ਐਸੇ ਮਤ ਮੇਰਾ। ਨਿਜ ਘਰ ਮਹਿਂ ਕਰਿਵਾਵਹੁ ਡੇਰਾ॥ ੧੫॥

ਮੱਖਣ ਸ਼ਾਹ ਨੇ ਫਿਰ ਮਾਤਾ ਜੀ ਨੂੰ ਕਿਹਾ, "ਇਸ ਵਰਗਾ ਦੂਸਰਾ ਕੋਈ ਨਹੀਂ ਹੈ। ਇਸ ਤਰ੍ਹਾਂ ਮੇਰਾ ਮੱਤ ਹੈ ਇਸ ਨੂੰ ਨਹੀਂ ਮੋੜਾਂਗਾ, ਗੁਰੂ ਗ੍ਰੰਥ ਸਾਹਿਬ ਦਾ ਆਪਣੇ ਘਰ ਵਿਚ ਹੀ ਡੇਰਾ ਕਰਵਾਵੋ॥੧੫॥

ਗੁਰੂ ਨ ਪੂਛੈਂ, ਕਹਹੁ ਨ ਕੋਈ। ਇਸ ਦਰਸ਼ਨ ਪਰਸੇ ਸੁਖ ਹੋਈ'।
ਏਵ ਮਤੋ ਕਰਿ ਸਦਨ ਰਖਾਯੋ। ਨਹਿਂ ਬਹੁਤਨਿ ਕੇ ਪਾਸ ਬਤਾਯੋ॥ ੧੬॥

ਗੁਰੂ ਜੀ ਜੇ ਨਾ ਪੁੱਛਣ, ਕੋਈ ਵੀ ਨਾ ਕਹੇ, ਇਨ੍ਹਾਂ ਦੇ ਦਰਸ਼ਨ ਕਰਨ ਨਾਲ ਸੁਖ ਪ੍ਰਾਪਤ ਹੁੰਦਾ ਹੈ।" ਇਸ ਤਰ੍ਹਾਂ ਸਲਾਹ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਘਰ ਵਿਚ ਰੱਖ ਲਿਆ ਤੇ ਬਹੁਤੇ ਲੋਕਾਂ ਨੂੰ ਨਾ ਦੱਸਿਆ॥੧੬॥

ਲੇ ਕਰਿ ਸਰਬ ਵਸਤੁ ਕੋ ਦਾਸ। ਅਰਪੀ ਜਾਇ ਧੀਰਮਲ ਪਾਸ।
ਕਹਿਵਤ ਮੱਖਣ ਕੀ ਸੁ ਸੁਨਾਈ। ਸਤਿਗੁਰ ਕੀ ਕਰੁਨਾ ਸੁ ਬਤਾਈ॥ ੧੭॥

ਸੇਵਕ ਬਾਕੀ ਸਾਰੀਆਂ ਵਸਤਾਂ ਲੈ ਗਏ ਤੇ ਸਾਰੀਆਂ ਜਾ ਕੇ ਧੀਰਮੱਲ ਨੂੰ ਅਰਪਣ ਕਰ ਦਿੱਤੀਆਂ। ਜੋ ਮੱਖਣ ਸ਼ਾਹ ਨੇ ਕਿਹਾ ਸੀ, ਉਹ ਜਾ ਕੇ ਸੁਣਾਇਆ ਤੇ ਸਤਿਗੁਰੂ ਜੀ ਦੀ ਕਿਰਪਾ ਦੱਸੀ॥੧੭॥

ਬਾਨ ਬਾਕ ਤੇ ਬੀਧਨ ਹੋਵਾ। ਧੀਰਮੱਲ ਊਚੇ ਨਹਿਂ ਜੋਵਾ।
ਧਰੇ ਲੋਭ, ਧਨ ਤਜਯੋ ਨ ਜਾਈ। ਸਹੈ ਨ ਉਰ ਬਾਕ ਜਿ ਦੁਖਦਾਈ॥ ੧੮॥

ਗੁਰੂ ਜੀ ਦੇ ਬਾਣ ਰੂਪੀ ਬਚਨਾਂ ਨਾਲ ਵਿੰਨ੍ਹਿਆ ਗਿਆ, ਫਿਰ ਧੀਰਮੱਲ ਉੱਚੀ ਆਵਾਜ਼ ਵਿਚ ਨਾ ਬੋਲਿਆ। ਉਸ ਨੇ ਜਿਵੇਂ ਲੋਭ ਧਾਰਨ ਕੀਤਾ ਹੋਇਆ ਸੀ, ਧਨ ਨੂੰ ਛੱਡ ਵੀ ਨਹੀਂ ਸੀ ਸਕਦਾ, ਪਰ ਦੁਖਦਾਈ ਬਚਨਾਂ ਨੂੰ ਸਹਾਰਿਆ ਵੀ ਨਹੀਂ ਸੀ ਜਾਂਦਾ॥੧੮॥

ਤੂਸ਼ਨਿ ਰਹਯੋ ਧਾਰ ਕਰਿ ਜਦਾ। ਲੀਨਸਿ ਵਸਤੁ ਮਸੰਦਨਿ ਤਦਾ।
ਸ੍ਰੀ ਗੁਰ ਤੇਗ ਬਹਾਦਰ ਕੇਰੀ। ਬਡ ਬਹਾਦੁਰੀ ਲਖਿ ਤਿਸ ਬੇਰੀ॥ ੧੯॥

ਉਸ ਸਮੇਂ ਚੁੱਪ ਧਾਰ ਕੇ ਬੈਠਾ ਰਿਹਾ ਤੇ ਮਸੰਦਾਂ ਨੇ ਤਦ ਵਸਤਾਂ ਲੈ ਲਈਆਂ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਉਸ ਸਮੇਂ ਵੱਡੀ ਬਹਾਦਰੀ ਸਮਝੀ॥੧੯॥

ਜਾਨਿ ਜਾਨਿ ਬਡ ਦੇ ਬਡਿਆਈ। ਲੱਜਜਤ ਹੋਤਿ, ਸਹੀ ਨਹਿੰ ਜਾਈ।
ਅਪਨੋ ਭੀ ਹਿਤ ਹੈ ਜਿਸ ਮਾਂਹੀ। ਤਊ ਦੁਖਦ ਲਖਿ ਹਰਖਤਿ ਨਾਂਹੀ॥੨੦॥

ਗੁਰੂ ਜੀ ਦੀ ਵੱਡੀ ਵਡਿਆਈ ਜਾਣ ਜਾਣ ਕੇ ਸ਼ਰਮਿੰਦਾ ਹੁੰਦਾ ਸੀ, ਤੇ ਵਡਿਆਈ ਬਰਦਾਸ਼ਤ ਨਹੀਂ ਸੀ ਹੁੰਦੀ। ਆਪਣਾ ਵੀ ਜਿਸ ਵਿਚ ਹਿੱਤ ਹੈ, ਫਿਰ ਵੀ ਵੇਖ ਕੇ ਦੁਖੀ ਹੋਇਆ ਤੇ ਪ੍ਰਸੰਨਤਾ ਨਾ ਧਾਰਨ ਕੀਤੀ॥੨੦॥

ਆਇ ਦਾਸ ਜੋ ਦੇ ਦੇ ਜਾਂਹਿ। ਲੇ ਮਸੰਦ ਸੋ ਰਾਖਹਿਂ ਪਾਹਿ।
ਨਹਿੰ ਬਿਲੋਕਨੋ ਕਿਸ ਦਿਸ਼ਿ ਕਰਿਹੀ। ਲੱਜਾ ਧਰਤਿ ਮਨਹੁ ਅਬਿ ਮਰਿਹੀ॥੨੧॥

ਦਾਸ ਆ ਆ ਕੇ ਜਿਹੜਾ ਸਾਮਾਨ ਦੇ ਦੇ ਜਾਂਦੇ ਸਨ, ਉਨ੍ਹਾਂ ਨੂੰ ਮਸੰਦ ਲੈ ਲੈ ਆਪਣੇ ਪਾਸ ਰੱਖੀ ਜਾਂਦੇ ਸੀ। ਕਿਸੇ ਪਾਸੇ ਵੀ ਵੇਖਦੇ ਨਹੀਂ ਸਨ, ਲਾਜ ਧਾਰਨ ਕੀਤੀ ਸੀ, ਮਾਨੋਂ ਹੁਣੇ ਹੀ ਮਰ ਜਾਣਗੇ॥੨੧॥

ਰਿਦੈ ਬਿਚਾਰਤਿ ਭਾ ਬਹੁ ਭਾਂਤਿ। ਗੁਰਤਾ ਕੇ ਗੁਨ ਇਹ ਬੱਖਜਾਤ।
ਮੈਂ ਅਪਰਾਧ ਕੀਨਿ ਤਿਨ ਐਸੇ। ਪ੍ਰਾਨ ਹਾਨਿ ਹੁਇ ਜਾਵਹਿਂ ਜੈਸੇ॥੨੨॥

ਹਿਰਦੇ ਵਿਚ ਬਹੁਤ ਪ੍ਰਕਾਰ ਵਿਚਾਰਦੇ ਸਨ, ਇਹ ਗੁਰਤਾ ਦੇ ਗੁਣ ਪ੍ਰਗਟ ਹਨ। ਮੈਂ ਉਨ੍ਹਾਂ ਤੇ ਐਸਾ ਅਪਰਾਧ ਕੀਤਾ ਹੈ ਕਿ ਜਿਵੇਂ ਉਨ੍ਹਾਂ ਦੇ ਪ੍ਰਾਣ ਹੀ ਲੈ ਲੈਣ ਲੱਗਾ ਸੀ॥੨੨॥

ਸੋ ਅਪਰਾਧ ਚਿਤਯੋ ਨਹਿਂ ਕੋਈ। ਪੁਨ ਕੀਨਸਿ ਜਿਮ ਮਮ ਹਿਤ ਹੋਈ।
ਹਰਿ ਕਿਸ ਮਹਿਂ ਐਸੇ ਗੁਨ ਨਾਂਹੀ। ਜੈਸੇ ਗੁਰ ਤੇਗ ਬਹਾਦਰ ਮਾਂਹੀ॥੨੩॥

ਉਸ ਅਪਰਾਧ ਨੂੰ ਚਿੱਤ ਵਿਚ ਵਿਚਾਰਿਆ ਨਹੀਂ ਹੈ, ਫਿਰ ਇਸ ਤਰ੍ਹਾਂ ਕੀਤਾ ਹੈ ਜਿਵੇਂ ਮੇਰੇ ਹਿੱਤ ਦੀ ਗੱਲ ਹੋਵੇ। ਹਰ ਕਿਸੇ ਵਿਚ ਐਸੇ ਗੁਣ ਨਹੀਂ ਹਨ, ਜੈਸੇ ਗੁਣ ਸ੍ਰੀ ਗੁਰੂ ਤੇਗ ਬਹਾਦਰ ਵਿਚ ਹਨ॥੨੩॥

ਗੁਰਤਾ ਉਚਿਤ ਨ ਕੈਸੇ ਹੋਇਂ?। ਧੰਨ ਧੰਨ ਤਿਨ ਸਮ ਨਹਿਂ ਕੋਇ।
ਅਪਨੋ ਦਰਬ, ਵਸਤੁ ਮਮ ਸਾਰੀ। ਫੇਰਿ ਦੀਨਿ, ਅਵਗੁਨ ਨ ਬਿਚਾਰੀ॥੨੪॥

ਉਹ ਗੁਰਤਾ ਦੇ ਉਚਿਤ ਕਿਸੇ ਤਰ੍ਹਾਂ ਵੀ ਨਹੀਂ ਹੋ ਸਕਦੇ? ਉਹ ਧੰਨ ਧੰਨ ਹਨ, ਉਨ੍ਹਾਂ ਵਰਗਾ ਹੋਰ ਕੋਈ ਨਹੀਂ ਹੈ। ਆਪਣਾ ਧਨ ਤੇ ਮੇਰੀਆਂ ਸਾਰੀਆਂ ਵਸਤਾਂ ਮੋੜ ਦਿੱਤੀਆਂ ਹਨ, ਮੇਰੇ ਔਗੁਣ ਨੂੰ ਨਹੀਂ ਵਿਚਾਰਿਆ ਹੈ॥੨੪॥

ਸੁਨਤਿ ਹੁਤੇ ਬ੍ਰਿਛਨਿ ਕੀ ਰੀਤਿ। ਸੰਤਨਿ ਬਿਖੇ ਬਸਤਿ ਹੈ ਮੀਤ।
ਅਪਕਾਰੀ ਪਰ ਹ੍ਵੈਂ ਉਪਕਾਰੀ। ਸੋ ਅਬਿ ਨੀਕੀ ਨੈਨ ਨਿਹਾਰੀ॥੨੫॥

ਰੁੱਖਾਂ ਦੀ ਰੀਤੀ ਸੁਣਦੇ ਹੁੰਦੇ ਸੀ, ਸੰਤਾਂ ਵਿਚ ਮਿੱਤਰ ਵੱਸਦੇ ਹਨ। ਖੋਟੇ ਉਤੇ ਵੀ ਉਪਕਾਰ ਕਰਦੇ ਹਨ, ਉਹ ਹੁਣ ਮੈਂ ਚੰਗੀ ਤਰ੍ਹਾਂ ਆਪਣੀਆਂ ਅੱਖਾਂ ਨਾਲ ਵੇਖ ਲਿਆ ਹੈ॥੨੫॥

ਇਮ ਬਿਚਾਰਿ ਕਰਿ ਕਰਿ ਪਛੁਤਾਵਹਿ। ਅਪਨਿ ਆਪ ਕੋ ਧਿਕਹਿ ਮਨਾਵਹਿ।
ਸਰਬ ਵਸਤੁ ਕੋ ਲੇਯ ਮਸੰਦ। ਪਿਖਯੋ ਧੀਰਮਲ ਦੁਖੀ ਬਿਲੰਦ॥੨੬॥

ਧੀਰਮੱਲ ਇਸ ਤਰ੍ਹਾਂ ਵਿਚਾਰ ਕਰ ਕਰ ਕੇ ਪਛਤਾਇਆ, ਆਪਣੇ ਆਪ ਨੂੰ ਧਿਰਕਾਰ ਮਨਾਉਂਦਾ ਹੈ। ਮਸੰਦਾਂ ਨੇ ਜਦ ਸਾਰੀਆਂ ਵਸਤਾਂ ਲੈ ਕੇ ਧੀਰਮੱਲ ਨੂੰ ਬੜਾ ਦੁੱਖੀ ਵੇਖਿਆ॥੨੬॥

ਗ੍ਰੀਵਾ ਕੋ ਊਚੀ ਨ ਉਠਾਵੈ। ਨਹਿੰ ਸਨਮੁਖ ਕਿਹ ਨੇਤ੍ਰ ਲਗਾਵੈ।
ਇਮ ਮਨ ਜਾਨਿ ਧੀਰ ਕੋ ਦੇਨਿ। ਕਹਜੋ ਮਸੰਦ ਫੁਲਾਵਨਿ ਫੇਨ॥ ੨੭॥

ਧੌਣ ਉੱਚੀ ਨਹੀਂ ਸੀ ਚੁਕਦਾ, ਨਾ ਨੇਤਰ ਸਾਹਮਣੇ ਹੀ ਕਰਦਾ ਸੀ। ਇਸ ਤਰ੍ਹਾਂ ਮਨ ਵਿਚ ਜਾਣ ਕੇ ਧੀਰਜ ਦੇਣ ਵਾਸਤੇ ਮਸੰਦ ਨੇ ਝੱਗ ਵਾਂਗ ਫੁਲਾਉਣ ਵਾਸਤੇ ਕਿਹਾ॥੨੭॥

'ਕਜੋਂ ਤੁਮ ਦੀਨ ਮਨੇ ਹੁਇ ਰਹੇ ?। ਅਪਨਿ ਪ੍ਰਤਾਪ ਆਪ ਨਹਿੰ ਲਹੇ॥
ਬਡੋ ਪ੍ਰਭਾਵ ਪਛਾਨਿ ਤੁਮਾਰੋ। ਨਿਜ ਕੋ ਲਘੁਤਾ ਬਿਖੈ ਬਿਚਾਰੋ॥ ੨੮॥

"ਤੁਸੀਂ ਮਨ ਵਿਚ ਕਿਉਂ ਦੀਨ ਹੋ ਰਹੇ ਹੋ ? ਆਪਣੇ ਪ੍ਰਤਾਪ ਨੂੰ ਆਪ ਨਹੀਂ ਜਾਣਦੇ ਹੋ। ਤੁਹਾਡਾ ਵੱਡਾ ਪ੍ਰਭਾਵ ਪਛਾਣ ਕੇ, ਆਪਣੇ ਆਪ ਨੂੰ ਛੋਟਾ ਸਮਝਿਆ ਹੈ॥੨੮॥

ਦਰਬ ਸਹਿਤ ਵਸਤੂ ਦੇ ਦੀਨਸਿ। ਅਪਨੇ ਉਚਿਤ ਨਹੀਂ ਇਮ ਚੀਨਸਿ।
ਤੁਮਰੇ ਸਦਨ ਬਿਖੈ ਗੁਰਿਆਈ। ਨਹਿੰ ਕਿਸ ਹੂੰ ਤੇ ਛਪਹਿ ਛਪਾਈ॥ ੨੯॥

ਧਨ ਸਮੇਤ ਸਾਰੀਆਂ ਵਸਤਾਂ ਦੇ ਦਿੱਤੀਆਂ ਹਨ, ਇਹ ਵਸਤਾਂ ਆਪਣੇ ਉਚਿਤ ਨਹੀਂ ਜਾਣੀਆਂ ਹਨ। ਤੁਹਾਡੇ ਘਰ ਵਿਚ ਗੁਰਿਆਈ ਹੈ, ਇਹ ਕਿਸੇ ਪਾਸੋਂ ਛੁਪਾਇਆਂ, ਛੁਪਾਈ ਨਹੀਂ ਜਾ ਸਕਦੀ ਹੈ॥੨੯॥

ਗੁਰ ਹਰਿਰਾਇ ਅਨੁਜ ਤੂੰ ਅਹੈਂ। ਨਿਜ ਭ੍ਰਾਤਾ ਕੀ ਸਮਤਾ ਲਹੈਂ।
ਦ੍ਵੈ ਹਜ਼ਾਰ ਦ੍ਵੈ ਸ਼ਤ ਅਸਵਾਰ। ਹੁਤੇ ਸਾਥ ਨਿਤ ਸ਼ਸਤ੍ਰਨਿ ਧਾਰਿ॥ ੩੦॥

ਤੂੰ ਗੁਰੂ ਹਰਿਰਾਇ ਸਾਹਿਬ ਦਾ ਭਰਾ ਹੈਂ, ਆਪਣੇ ਭਰਾ ਦੀ ਬਰਾਬਰੀ ਚਾਹੁੰਦਾ ਹੈਂ, ਜਿਹੜੇ ਬਾਈ ਸੈ ਸ਼ਸਤਰਧਾਰੀ ਘੋੜ-ਸਵਾਰ ਸਦਾ ਆਪਣੇ ਨਾਲ ਰੱਖਦੇ ਸਨ॥੩੦॥

ਐਸ਼੍ਵਰਜ ਮਹਿਂ ਘਰ ਬਡੋ ਤੁਮਾਰਾ। ਜ਼ਾਹਰ ਜਗਤ ਜਾਨਤੌ ਸਾਰਾ।
ਸ੍ਰੀ ਗੁਰ ਹਰਿ ਗੁਵਿੰਦ ਜੀ ਆਪੀ। ਤੁਮਰੇ ਘਰ ਕੋ ਗੁਰਤਾ ਥਾਪੀ॥ ੩੧॥

ਧਨ ਦੌਲਤ ਵਿਚ ਤੁਹਾਡਾ ਘਰ ਸਭ ਤੋਂ ਵੱਡਾ ਹੈ, ਪ੍ਰਗਟ ਰੂਪ ਵਿਚ ਸਾਰਾ ਜਗਤ ਜਾਣਦਾ ਹੈ। ਗੁਰੂ ਹਰਿਗੋਬਿੰਦ ਜੀ ਨੇ ਆਪ ਤੁਹਾਡੇ ਘਰ ਵਿਚ ਗੁਰਤਾ ਸਥਾਪਤ ਕੀਤੀ॥੩੧॥

ਦੇਸ਼ ਅਨੇਕ ਗਿਨੇ ਨਹਿੰ ਜਾਇਂ। ਪੂਜਤਿ ਰਹੇ ਉਪਾਇਨ ਲਜਾਇ।
ਕਹਾਂ ਭਯੋ ਇਕ ਸਿਖ ਪਰਦੇਸੀ। ਕਿਯ ਅਜੋਗਤਾ ਮੂਢਨਿ ਜੈਸੀ॥ ੩੨॥

ਅਨੇਕਾਂ ਦੇਸ਼ ਹਨ, ਜਿਹੜੇ ਗਿਣੇ ਨਹੀਂ ਜਾਂਦੇ, ਉਹ ਉਪਹਾਰ ਲਿਆ ਕੇ ਪੂਜਾ ਕਰਦੇ ਰਹੇ ਹਨ। ਕੀ ਹੋਇਆ ਜੇ ਇਕ ਪਰਦੇਸੀ ਸਿੱਖ ਨੇ ਮੂਰਖਾਂ ਵਰਗੀ ਅਯੋਗਤਾ ਕੀਤੀ ਹੈ॥੩੨॥

ਤਊ ਚਚਾ ਤੁਮ ਤੇਗਬਹਾਦਰ। ਲਖਹਿ ਆਪ ਕੇ ਘਰ ਕੌ ਆਦਰ।
ਤੁਮ ਤੇ ਊਨ ਆਪ ਕੋ ਜਾਨਾ। ਅਖਿਲ ਉਪਾਇਨ ਕੋ ਅਰਪਾਨਾ॥ ੩੩॥

ਫਿਰ ਵੀ ਗੁਰੂ ਤੇਗ ਬਹਾਦਰ ਜੀ ਤੁਹਾਡੇ ਚਾਚਾ ਹਨ, ਉਨ੍ਹਾਂ ਨੇ ਤੁਹਾਡੇ ਘਰ ਦੇ ਆਦਰ ਨੂੰ ਸਮਝਿਆ ਹੈ, ਤੁਹਾਡੇ ਨਾਲੋਂ ਆਪਣੇ ਆਪ ਨੂੰ ਘੱਟ ਜਾਣਿਆ ਹੈ। ਸਾਰੇ ਉਪਹਾਰਾਂ ਨੂੰ ਅਰਪਣ ਕਰ ਦਿੱਤਾ ਹੈ॥੩੩॥

ਕਿਧੌਂ ਤੁਮਾਰੇ ਤੇ ਡਰਪਾਵਾ। ਬਾਤ ਭਵਿੱਖਜਤ ਮਹਿਂ ਚਿਤ ਲਾਵਾ।
ਪਰਦੇਸੀ ਮੱਖਣ ਚਲਿ ਜਾਇ। ਕੇਚਿਤ ਬਾਸੁਰ ਇਹਾਂ ਬਸਾਇ॥ ੩੪॥

ਜਾਂ ਤੁਹਾਡੇ ਪਾਸੋਂ ਡਰ ਗਏ ਹਨ, ਭਵਿੱਖਤ ਦੀ ਗੱਲ ਨੂੰ ਚਿੱਤ ਵਿਚ ਲਿਆਂਦਾ ਹੈ। ਪ੍ਰਦੇਸੀ ਮੱਖਣ ਸ਼ਾਹ ਚਲਾ ਜਾਵੇਗਾ, ਕਿੰਨੇ ਦਿਨ ਉਸ ਨੂੰ ਏਥੇ ਵਸਾਵੇਗਾ॥੩੪॥

ਪੁਨਹਿ ਇਕਾਕੀ ਮੈਂ ਰਹਿ ਜਾਵੌਂ। ਤਦਾ ਸਹਾਇਤ ਕਿਸ ਕੀ ਪਾਵੌਂ।
ਤ੍ਰਾਸ ਭਵਿੱਖਜਤ ਕੇਰ ਬਿਚਾਰਾ। ਦੀਨਸਿ ਵਸਤੂ ਅਰੁ ਧਨ ਸਾਰਾ॥ ੩੫॥

ਫਿਰ ਮੈਂ ਇਕੱਲਾ ਰਹਿ ਜਾਵਾਂਗਾ, ਫਿਰ ਕਿਸ ਦੀ ਸਹਾਇਤਾ ਪਾਵਾਂਗਾ। ਭਵਿੱਖ ਦੇ ਡਰ ਨੂੰ ਵਿਚਾਰਿਆ ਹੈ, ਸਾਰੀਆਂ ਵਸਤਾਂ ਅਤੇ ਸਾਰਾ ਧਨ ਵਾਪਸ ਦੇ ਦਿੱਤਾ ਹੈ॥੩੫॥

ਹਰਖਹੁ ਕਰਿ ਉਤਸਾਹੁ ਬਡੇਰਾ। ਚਿੰਤ ਕਰਨਿ ਕੀ ਨਹਿਂ ਇਹ ਬੇਰਾ।
ਮਿਲਹਿ ਤੋਹਿ ਸਭਿ ਬਿਧਿ ਬਡਿਆਈ। ਬ੍ਰਧਹਿ ਸਾਮ੍ਰਿਧ ਸੈਨ ਸਮੁਦਾਈ॥ ੩੬॥

ਵੱਡਾ ਉਤਸ਼ਾਹ ਕਰਕੇ ਪ੍ਰਸੰਨ ਹੋਵੋ, ਚਿੰਤਾ ਕਰਨ ਦਾ ਇਹ ਸਮਾਂ ਨਹੀਂ ਹੈ। ਤੁਹਾਨੂੰ ਸਰਬ ਪ੍ਰਕਾਰ ਵਡਿਆਈ ਮਿਲੇਗੀ। ਧਨ, ਸਮੱਗਰੀ ਸੈਨਾ ਬਹੁਤ ਵਧੇਗੀ॥੩੬॥

ਵਸਤੁ ਸੰਭਾਰਹੁ ਦਰਬ ਸਮੇਤਾ। ਗੁਰੁਤਾ ਥਿਰਤਾ ਤੋਹਿ ਨਿਕੇਤਾ।
ਧਰਿ ਧੀਰਜ ਅਸ ਬਾਤਨਿ ਮਾਂਹੀ। ਹੋਹਿ ਦੀਨ ਉਚਿਤੀ ਤੁਝ ਨਾਂਹੀ॥ ੩੭॥

ਧਨ ਸਮੇਤ ਸਾਰੀਆਂ ਵਸਤਾਂ ਸੰਭਾਲੋ, ਗੁਰਤਾ ਤੁਹਾਡੇ ਘਰ ਵਿਚ ਸਥਿਰ ਹੋ ਗਈ ਹੈ। ਅਜਿਹੀਆਂ ਗੱਲਾਂ ਕਰਕੇ ਧੀਰਜ ਧਾਰਨ ਕਰੋ ਤੁਸੀਂ ਦੀਨ ਹੋ ਜਾਵੋ, ਇਹ ਗੱਲ ਤੁਹਾਡੇ ਵਾਸਤੇ ਉਚਿਤ ਨਹੀਂ ਹੈ॥੩੭॥

ਜੇ ਉਤਸਾਹ ਗੇਰ ਇਮ ਦੇਵੈਂ। ਕੋਇ ਨ ਆਇ ਤੋਹਿ ਪਗ ਨੇਵੈ।
ਸਕਲ ਪਦਾਰਥ ਅਬਿ ਘਰ ਆਏ। ਦੇਹੁ ਲੇਹੁ ਮਨ ਮੋਦ ਬਢਾਏ'॥ ੩੮॥

ਜੇ ਇਸ ਤਰ੍ਹਾਂ ਉਤਸ਼ਾਹ ਡੇਗ ਦੇਵੋਗੇ ਤਾਂ ਕੋਈ ਵੀ ਆ ਕੇ ਤੁਹਾਡੇ ਚਰਨਾਂ ਤੇ ਨਿਵੇਂਗਾ ਨਹੀਂ। ਸਾਰੇ ਪਦਾਰਥ ਹੁਣ ਘਰ ਆ ਗਏ ਹਨ, ਮਨ ਵਿਚ ਖੁਸ਼ੀ ਵਧਾ ਕੇ ਲੈਣ ਦੇਣ ਕਰੋ"॥੩੮॥

*ਗਿਆਰ੍ਹਵੀਂ ਰਾਸ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ॥੧੯॥*

## *ਅਧਿਆਇ ਵੀਹਵਾਂ*

### *ਧੀਰਮੱਲ ਦੀ ਵਾਪਸੀ*

*ਦੋਹਰਾ-* ਸੁਨਿ ਮਸੰਦ ਕੇ ਬਾਕ ਕੋ ਧੀਰਮੱਲ ਲਘੁਧੀਰ।
ਕੁਛਕ ਦੀਨ ਮਨ ਹੋਇ ਕੈ ਕਹਜੋ ਪਾਇ ਪਰ ਪੀਰ॥ ੧॥

ਮਸੰਦ ਦੀਆਂ ਗੱਲਾਂ ਸੁਣ ਕੇ ਧੀਰਮੱਲ ਨੇ ਥੋੜਾ ਜਿਹਾ ਹੌਂਸਲਾ ਕੀਤਾ, ਪਰ ਮਨ ਵਿਚ ਕੁਝ ਦੀਨ ਹੋ ਕੇ ਤੇ ਕੁਝ ਪੀੜ ਅਨੁਭਵ ਕਰਕੇ ਕਿਹਾ॥੧॥

*ਚੌਪਈ-* 'ਭੋ ਮਸੰਦ! ਤੈਂ ਭਨਜੋ ਬਨਾਇ। ਜੇ ਉਹ ਚਹਿਤ ਮੋਹਿ ਮਰਿਵਾਇ।
ਜਿਸ ਕੇ ਪਾਸ ਪੰਚ ਸੈ ਨਰ ਹੈਂ। ਅਸ ਮੱਖਣ ਅਬਿ ਰਹਿ ਅਨੁਸਰਿ ਹੈ॥੨॥

"ਹੇ ਮਸੰਦ ! ਤੂੰ ਬੜਾ ਬਣਾ ਕੇ ਕਿਹਾ ਹੈ, ਜੇ ਉਹ ਚਾਹੁੰਦੇ ਮੈਨੂੰ ਮਰਵਾ ਸਕਦੇ ਸਨ। ਜਿਸ ਦੇ ਪਾਸ ਪੰਜ ਸੌ ਸੂਰਬੀਰ ਹਨ, ਐਸਾ ਮੱਖਣ ਸ਼ਾਹ ਗੁਰੂ ਜੀ ਦੀ ਆਗਿਆ ਵਿਚ ਰਹਿੰਦਾ ਹੈ॥੨॥

**ਤਿਸ ਰਜਾਇ ਕੋ ਪਾਇ ਕਰੰਤਾ। ਯਾਂਤੇ ਬਚਜੋ ਮੋਹਿ ਨਹਿੰ ਹੰਤਾ।**
**ਪੂਰਬ ਭੀ ਸ਼ਾਂਤੀ ਚਿਤ ਸੋਇ। ਕਬਹੁੰ ਕੁਕਰਮ ਕੀਨਿ ਨਹਿੰ ਕੋਇ॥ ੩॥**

ਮੱਖਣ ਸ਼ਾਹ ਉਨ੍ਹਾਂ ਦਾ ਹੁਕਮ ਪਾ ਕੇ ਕੰਮ ਕਰਦਾ ਹੈ, ਇਸ ਕਰਕੇ ਮੈਂ ਬਚਿਆ ਹਾਂ, ਮੈਨੂੰ ਮਾਰਿਆ ਨਹੀਂ ਹੈ। ਪਹਿਲਾਂ ਵੀ ਉਨ੍ਹਾਂ ਦਾ ਚਿੱਤ ਸ਼ਾਂਤ ਹੈ, ਕਦੇ ਵੀ ਕੋਈ ਕੁਕਰਮ ਨਹੀਂ ਕੀਤਾ ਹੈ॥੩॥

**ਅਬਿ ਭੀ ਕਰਿ ਨਹਿੰ ਸਕਹਿ ਖੁਟਾਈ। ਮੁਝ ਮਨ ਮੈਂ ਇਸ ਹੀ ਬਿਧਿ ਆਈ।**
**ਅਥਵਾ ਤੋਹਿ ਕਹਜੋ ਜਿਸ ਭਾਂਤੀ। ਹੁਈ ਹੋਇਗੀ ਤੈਸਿਹੁੰ ਬਾਤੀ॥ ੪॥**

ਹੁਣ ਵੀ ਉਹ ਕਿਸੇ ਪ੍ਰਕਾਰ ਦੀ ਖੁਟਾਈ ਨਹੀਂ ਕਰ ਸਕਦੇ, ਮੇਰੇ ਮਨ ਵਿਚ ਇਸ ਪ੍ਰਕਾਰ ਹੀ ਆਈ ਹੈ। ਜਾਂ ਜਿਸ ਪ੍ਰਕਾਰ ਤੁਸੀਂ ਕਿਹਾ ਹੈ, ਐਸੀ ਗੱਲ ਵੀ ਹੋਈ ਹੋਵੇਗੀ॥੪॥

**ਤਊ ਸੁਨਹੁ ਮੋਕਹੁ ਦੁਖਦਾਈ। ਭਯੋ ਬਿਗਾਰ ਜਿ ਨਹਿੰ ਸੁਧਰਾਈ।**
**ਪਤਿ ਮਹਿੰ ਰਖਨਾ ਅਸ ਪਰ ਗਇਊ। ਜਿਸ ਤੇ ਪੂਰਬ ਸਮ ਨਹਿੰ ਭਇਊ॥੫॥**

ਫਿਰ ਵੀ ਸੁਣੋ ਜਿਹੜੀ ਗੱਲ ਮੈਨੂੰ ਦੁਖੀ ਕਰ ਰਹੀ ਹੈ, ਜਿਹੜਾ ਵਿਗਾੜ ਪੈ ਗਿਆ ਹੈ, ਉਹ ਹੁਣ ਸੁਧਰ ਨਹੀਂ ਸਕਦਾ ਹੈ। ਮੇਰੀ ਇੱਜ਼ਤ ਵਿਚ ਵੱਡਾ ਫਰਕ ਪੈ ਗਿਆ ਹੈ, ਉਹ ਹੁਣ ਪਹਿਲਾਂ ਵਾਂਗ ਨਹੀਂ ਹੋ ਸਕਦਾ ਹੈ॥੫॥

**ਅਪਜਸੁ ਬਿਥਰਹਿ ਸਭਿਹਿਨਿ ਮਾਂਹੀ। ਇਹ ਬਿਰਤਾਂਤ ਦੁਰਹਿ ਕਿਮ ਨਾਂਹੀ।**
**ਸੋਢੀ ਬਿੰਦ ਸ਼ਰੀਕ ਹਮਾਰੇ। ਮਿਲਹਿੰ ਪਰਸਪਰ ਹਸਹਿ ਉਦਾਰੇ॥ ੬॥**

ਸਾਰਿਆਂ ਵਿਚ ਮੇਰੀ ਨਿੰਦਿਆ ਫੈਲੇਗੀ, ਇਹ ਬਿਰਤਾਂਤ ਕਿਸੇ ਤਰ੍ਹਾਂ ਵੀ ਛੁਪੇਗਾ ਨਹੀਂ। ਬਹੁਤ ਸੋਢੀ ਸਾਡੇ ਸ਼ਰੀਕ ਹਨ, ਉਹ ਆਪਸ ਵਿਚ ਮਿਲਕੇ ਬਹੁਤ ਹੱਸਣਗੇ॥੬॥

**ਸਭਿ ਬਿਧਿ ਮੇਰੀ ਭਨਹਿੰ ਖੁਟਾਈ। ਤੇਗ ਬਹਾਦਰ ਕੀ ਭਲਿਆਈ।**
**ਕਿਮ ਬੈਠੌਂ ਮੈਂ ਸਭਾ ਮਝਾਰੀ। ਹੋਵੌਂ ਲੱਜਿਤ ਰਿਦੇ ਬਿਚਾਰੀ॥ ੭॥**

ਸਭ ਪ੍ਰਕਾਰ ਮੇਰੇ ਖੋਟੇ ਕਾਰੇ ਬਾਰੇ ਕਹਿਣਗੇ ਤੇ ਸ੍ਰੀ ਤੇਗ ਬਹਾਦਰ ਜੀ ਦੀ ਭਲਿਆਈ ਚਾਹੁਣਗੇ। ਮੈਂ ਸਭਾ ਦੇ ਵਿਚ ਕਿਵੇਂ ਬੈਠਾਂਗਾ। ਹਿਰਦੇ ਵਿਚ ਵਿਚਾਰ ਕੇ ਲੱਜਿਤ ਹੋਵਾਂਗਾ॥੭॥

**ਜੇ ਰਹਿਤੇ ਕਰਤਾਰਪੁਰੇ ਮਹਿੰ। ਅਸ ਬਿਨਪਤੀ ਹੋਤਿ ਤਿਹਠਾਂ ਨਹਿੰ।**
**ਨਿਜ ਨਿਕੇਤ ਰਹਿ ਸੁਜਸੁ ਸਮੇਤ। ਆਵਹਿੰ ਸਿਖ ਸੰਗਤਿ ਕਰਿ ਹੇਤੁ॥ ੮॥**

ਜੇ ਕਰਤਾਰਪੁਰ ਦੇ ਵਿਚ ਹੀ ਰਹਿੰਦੇ, ਉਥੇ ਅਜਿਹੀ ਬੇਇੱਜ਼ਤੀ ਨਾ ਹੁੰਦੀ। ਆਪਣੇ ਘਰ ਵਿਖੇ ਸ੍ਰੇਸ਼ਟ ਜੱਸ ਸਮੇਤ ਰਹਿੰਦਾ ਤੇ ਸਿੱਖ ਸੰਗਤ ਪ੍ਰੇਮ ਕਰਕੇ ਆਉਂਦੀ॥੮॥

**ਅਨਗਨ ਚਲੀ ਉਪਾਇਨ ਆਵਹਿ। ਨਿਜ ਘਰ ਮਹਿੰ ਸਭਿ ਬਿਧਿ ਸੁਖ ਪਾਵਹਿੰ।**
**ਕੇਤਿਕ ਮਿਲਤਿ ਜਿ ਮੱਖਣ ਜੈਸੇ। ਪਿਖਨਿ ਸਮ੍ਰੱਥ ਨ ਹ੍ਵੈ ਤਿਹ ਕੈਸੇ॥ ੯॥**

ਅਣਗਿਣਤ ਉਪਹਾਰ ਚਲੇ ਆਉਂਦੇ ਸਨ, ਆਪਣੇ ਘਰ ਵਿਚ ਸਭ ਪ੍ਰਕਾਰ ਦੇ ਸੁੱਖ ਪਾਉਂਦੇ ਸੀ। ਕਈ ਮੱਖਣ ਸ਼ਾਹ ਵਰਗੇ ਮਿਲਦੇ, ਕਿਸੇ ਤਰ੍ਹਾਂ ਵੀ ਉਨ੍ਹਾਂ ਨੂੰ ਮੇਰੇ ਵਲ ਵੇਖਣ ਦੀ ਤਾਕਤ ਨਾ ਹੁੰਦੀ॥੯॥

ਤੈਂ ਕਹਿ ਕਹਿ ਉਪਦੇਸ਼ ਘਨੇਰੇ। ਇਹਾਂ ਆਨਿ ਕਰਿਵਾਯਹੁ ਡੇਰੇ।
ਪੁਨਹ ਚਲਯੋ ਛੀਂਕਤਿ ਮੈਂ ਬਰਜਯੋ। ਨਹਿਂ ਮਾਨਯੋਂ, ਅਪਨੋ ਮਤ ਸਰਜਯੋ॥੧੦॥

ਤੂੰ ਬਹੁਤ ਉਪਦੇਸ਼ ਕਹਿ ਕਹਿ ਕੇ ਸਾਡਾ ਏਥੇ ਡੇਰਾ ਆ ਕਰਵਾਇਆ ਹੈ। ਫਿਰ ਛਿੱਕ ਪੈਣ ਉਤੇ ਵੀ ਚਲੇ ਗਿਆ ਜਦ ਮੈਂ ਰੋਕਿਆ ਵੀ ਸੀ, ਮੇਰੀ ਗੱਲ ਨਹੀਂ ਮੰਨੀ, ਤੂੰ ਆਪਣੀ ਮਰਜ਼ੀ ਕੀਤੀ॥੧੦॥

ਅਪਜਸੁ ਕੋ ਸੰਕਟ ਮੁਝ ਦੀਨਸਿ। ਤੁਮ ਅਨੁਸਾਰ ਏਹੁ ਫਲ ਲੀਨਸਿ।
ਜਥਾ ਤੁਰੰਗ ਹੋਇ ਮੁਹਤਾਣਾ। ਜਾਹਿ ਕੁਮਾਰਗ ਕਰੇ ਪਿਛਾਣਾਂ॥ ੧੧॥

ਬਦਨਾਮੀ ਦਾ ਸੰਕਟ ਮੈਨੂੰ ਦਿੱਤਾ ਹੈ, ਤੇਰੇ ਅਨੁਸਾਰ ਹੋ ਕੇ ਇਹ ਫਲ ਪਾਇਆ ਹੈ। ਜਿਵੇਂ ਮੂੰਹ-ਜ਼ੋਰ ਘੋੜਾ ਹੋਵੇ ਮਲੋ-ਮਲੀ ਮਾੜੇ ਰਸਤੇ ਲੈ ਤੁਰਦਾ ਹੈ॥੧੧॥

ਬਿਖਰੀ ਧਰਾ ਗੇਰਿ ਅਸਵਾਰਿ। ਪੁਨ ਬਿਚਰਤਿ ਨਿਜ ਇੱਛਾ ਧਾਰਿ।
ਤਸ ਮੇਰੇ ਸੰਗ ਕੀਨਸਿ ਬਾਤ। ਪੁਨ ਨ ਹਾਥ ਆਵਹਿ ਕਿਸ ਭਾਂਤਿ॥ ੧੨॥

ਵਿਗੜ ਕੇ ਸਵਾਰ ਨੂੰ ਧਰਤੀ ਉਤੇ ਡੇਗ ਦਿੰਦਾ ਹੈ, ਫਿਰ ਆਪਣੀ ਇੱਛਾ ਅਨੁਸਾਰ ਭੱਜਾ ਫਿਰਦਾ ਹੈ। ਉਸ ਤਰ੍ਹਾਂ ਤੂੰ ਮੇਰੇ ਨਾਲ ਗੱਲ ਕੀਤੀ ਹੈ, ਜਿਹੜੀ ਮੇਰੀ ਇੱਜ਼ਤ ਗਈ ਹੈ ਉਹ ਦੁਬਾਰਾ ਹੁਣ ਹੱਥ ਨਹੀਂ ਆਉਣੀ ਹੈ॥੧੨॥

ਮਮ ਚਿਤ ਅਬਿ ਥਿਰਤਾ ਨਹਿਂ ਗਹੇ। ਕੁਤੋ ਸ਼ਰੀਕ ਹਾਸ ਕੋ ਸਹੇਂ।
ਮੈਂ ਤੋ ਇਹਾਂ ਰਾਤਿ ਹੀ ਰਹੌਂ। ਤਿਮਰ ਹੋਤਿ ਹੀ ਨਿਕਸਨਿ ਚਹੌਂ॥ ੧੩॥

ਮੇਰਾ ਚਿੱਤ ਹੁਣ ਸਥਿਰਤਾ ਨਹੀਂ ਫੜਦਾ ਹੈ, ਕਿਵੇਂ ਸ਼ਰੀਕਾਂ ਦੇ ਹਾਸੇ ਨੂੰ ਬਰਦਾਸ਼ਤ ਕਰਾਂਗਾ। ਮੈਂ ਤਾਂ ਏਥੇ ਅਜ ਦੀ ਰਾਤ ਹੀ ਰਹਾਂਗਾ। ਹਨੇਰੇ ਵਿਚ ਹੀ ਰਾਤੋ-ਰਾਤ ਨਿਕਲਣਾ ਚਾਹਾਂਗਾ॥੧੩॥

ਨਹਿਂ ਕਿਸ ਹੂੰ ਨਿਜ ਮੁਖ ਦਿਖਲਾਵੌਂ। ਅਰਣੋਦੈ ਤੇ ਪ੍ਰਥਮ ਸਿਧਾਵੌਂ।
ਅਸ ਲਾਲਚ ਤੈਂ ਮੋਹਿ ਕਰਾਵਾ। ਜਿਸ ਤੇ ਪੂਰਬ ਸੁਜਸੁ ਨਸਾਵਾ॥ ੧੪॥

ਕਿਸੇ ਨੂੰ ਆਪਣਾ ਮੂੰਹ ਨਹੀਂ ਵਿਖਾਵਾਂਗਾ, ਸੂਰਜ ਚੜ੍ਹਨ ਤੋਂ ਪਹਿਲਾਂ ਹੀ ਚਲਾ ਜਾਵਾਂਗਾ। ਤੂੰ ਮੈਨੂੰ ਐਸਾ ਲਾਲਚ ਕਰਵਾਇਆ ਹੈ, ਜਿਸ ਨਾਲ ਪਹਿਲਾ ਸ੍ਰੇਸ਼ਟ ਜੱਸ ਦੂਰ ਨੱਸ ਗਿਆ ਹੈ॥੧੪॥

ਅਬਿ ਤੂ ਵਸਤੁ ਸੰਭਾਰਨਿ ਕਰੀਅਹਿ। ਰਹੀ ਗਈ ਕੀ ਸੋਝੀ ਧਰੀਅਹਿ।
ਸਭਿ ਕੇ ਭਾਰ ਲੇਹੁ ਬੰਧਵਾਇ। ਡੇਰਾ ਤਯਾਰ ਕਰਹੁ ਸਮੁਦਾਇ॥ ੧੫॥

ਹੁਣ ਤੂੰ ਵਸਤਾਂ ਨੂੰ ਸੰਭਾਲਣ ਦਾ ਕੰਮ ਕਰ, ਰਹੀ ਗਈ ਦੀ ਸੋਝੀ ਧਾਰਨ ਕਰੀਏ। ਸਾਰੇ ਸਾਮਾਨ ਦੀਆਂ ਪੰਡਾਂ ਬੰਨ੍ਹ ਲਵੋ ਤੇ ਸਾਰਾ ਡੇਰਾ ਤਿਆਰ ਕਰਵਾਵੋ॥੧੫॥

ਅਪਨੇ ਨਗਰ ਬਿਖੈ ਨਿਤ ਰਹੈਂ। ਜਹਿਂ ਸਭਿ ਬਿਧਿ ਕੀ ਕੀਰਤਿ ਲਹੈਂ।
ਰਹੈਂ ਜਿ ਗ੍ਰਾਮ ਬਕਾਲੇ ਠੌਰਾ। ਸਰਬ ਸ਼ਰੀਕਨਿ ਮਹਿਂ ਭਾ ਹੌਰਾ॥ ੧੬॥

ਸਦਾ ਆਪਣੇ ਨਗਰ ਵਿਚ ਰਹਿੰਦੇ ਸੀ ਤੇ ਸਭ ਪ੍ਰਕਾਰ ਦੀ ਕੀਰਤੀ ਪਾਉਂਦੇ ਸੀ। ਜੇ ਬਕਾਲੇ ਪਿੰਡ ਵਿਚ ਰਹਾਂਗੇ ਤਾਂ ਸਾਰੇ ਸ਼ਰੀਕਾਂ ਵਿਚ ਹੌਲੇ ਹੋ ਜਾਵਾਂਗੇ॥੧੬॥

ਚਾਹਨਿ ਆਏ ਅਧਿਕ ਬਡਾਈ। ਭਈ ਪ੍ਰਥਮ ਹੀ ਤੇ ਲਘੁਤਾਈ।
ਇਸ ਪ੍ਰਕਾਰ ਕੋ ਮਤਿ ਸੁਨਿ ਕਰਿਕੈ। ਰਹਯੋ ਮਸੰਦ ਮੋਨਤਾ ਧਰਿ ਕੈ॥ ੧੭॥

ਵੱਡੀ ਵਡਿਆਈ ਲੈਣ ਆਏ ਸੀ, ਉਹ ਪਹਿਲਾਂ ਨਾਲੋਂ ਵੀ ਘਟ ਗਈ ਹੈ।" ਇਸ ਪ੍ਰਕਾਰ ਦਾ ਮੱਤ ਸੁਣਕੇ, ਮਸੰਦ ਮੋਨ ਧਾਰ ਕੇ ਬੈਠਾ ਰਿਹਾ॥੧੭॥

ਧੀਰਮੱਲ ਤੇ ਸੁਨਿ ਭ੍ਰਿਤ ਸਾਰੇ। ਵਸਤੁ ਸਹਿਤ ਡੋਰੇ ਕਿਯ ਤਜਾਰੇ।
ਜਾਗ੍ਰਤ ਰਹੇ ਨੀਂਦ ਨਹਿਂ ਆਈ। ਬੰਧੇ ਭਾਰ ਧਰੇ ਇਕ ਥਾਂਈ॥ ੧੮॥

ਧੀਰਮੱਲ ਪਾਸੋਂ ਆਗਿਆ ਸੁਣ ਕੇ ਸਾਰੇ ਸੇਵਕਾਂ ਨੇ ਵਸਤਾਂ ਸਮੇਤ ਡੋਲੇ ਤਿਆਰ ਕੀਤੇ। ਸਾਰੀ ਰਾਤ ਜਾਗਦੇ ਰਹੇ ਨੀਂਦ ਨਾ ਆਈ। ਸਾਰੀਆਂ ਪੰਡਾਂ ਬੰਨ੍ਹ ਕੇ ਇਕ ਥਾਂ ਟਿਕਾ ਲਈਆਂ॥੧੮॥

ਮੱਖਣ ਕੇ ਨਰ ਦੇ ਦੇ ਜਾਹਿਂ। ਲੇ ਲੇ ਭਾਰ ਸਕਲ ਬੰਧਾਵਹਿਂ।
ਅਰਧ ਰਾਤ੍ਰਿ ਲੌ ਰੌਰਾ ਰਹਜੋ। ਪੁਨ ਟਿਕ ਰਹੇ ਥਾਨ ਨਿਜ ਲਹਜੋ॥ ੧੯॥

ਮੱਖਣ ਸ਼ਾਹ ਦੇ ਆਦਮੀ ਦੇ ਦੇ ਜਾਂਦੇ ਸਨ, ਲੈ ਲੈ ਕੇ ਪੰਡਾਂ ਬੰਨ੍ਹਵਾਈ ਜਾਂਦੇ ਸਨ। ਅੱਧੀ ਰਾਤ ਤਕ ਰੌਲਾ ਪੈਂਦਾ ਰਿਹਾ, ਫਿਰ ਆਪਣੇ-ਆਪਣੇ ਸਥਾਨਾਂ ਤੇ ਟਿਕ ਗਏ॥੧੯॥

ਮੱਖਣ ਅਪਨੇ ਜਨ ਸਭਿ ਲੀਨੇ। ਸਿਵਰ ਜਾਇ ਸਿਹਜਾ ਸੁਖ ਭੀਨੇ।
ਨਿਜ ਗੁਰ ਕੋ ਬਦਲਾ ਲੈ ਗਯੋ। ਤਊ ਰਿਦੇ ਮਹਿਂ ਅਟਪਟ ਭਯੋ॥ ੨੦॥

ਮੱਖਣ ਸ਼ਾਹ ਨੇ ਆਪਣੇ ਸਾਰੇ ਬੰਦਿਆਂ ਨੂੰ ਲਿਆ ਤੇ ਆਪਣੇ ਡੇਰੇ ਜਾ ਕੇ ਪਲੰਘ 'ਤੇ ਲੇਟ ਕੇ ਸੁਖ ਪ੍ਰਾਪਤ ਕੀਤਾ। ਆਪਣੇ ਗੁਰੂ ਜੀ ਦਾ ਬਦਲਾ ਲੈ ਲਿਆ, ਫਿਰ ਵੀ ਹਿਰਦਾ ਕੁਝ ਘਬਰਾਇਆ ਹੋਇਆ ਸੀ॥੨੦॥

ਗੁਰ ਸੁਸ਼ੀਲਤਾ ਅਧਿਕ ਬਿਚਾਰਤਿ। ਅਪਰ ਕੌਨ ਇਮ ਛਿਮਾ ਸੁ ਧਾਰਤਿ।
ਤਿਨਹੁਂ ਕੀਨਿ ਦੀਰਘ ਅਪਰਾਧੂ। ਇਹ ਕੈਸੇ ਬਰਤੈਂ ਬਡ ਸਾਧੂ॥ ੨੧॥

ਗੁਰੂ ਜੀ ਦੀ ਸੁਸ਼ੀਲਤਾ ਬਾਰੇ ਬਹੁਤ ਵਿਚਾਰ ਕਰਦਾ ਸੀ। ਹੋਰ ਕੌਣ ਹੈ ਜਿਹੜਾ ਅਜਿਹੀ ਖਿਮਾ ਧਾਰਨ ਕਰਦਾ ਹੋਵੇ। ਧੀਰਮੱਲੀਆਂ ਨੇ ਵੱਡਾ ਅਪਰਾਧ ਕੀਤਾ ਹੈ। ਗੁਰੂ ਜੀ ਨੇ ਉਨ੍ਹਾਂ ਨਾਲ ਕੈਸਾ ਚੰਗਾ ਵਰਤਾਅ ਕੀਤਾ ਹੈ॥੨੧॥

ਨਿਜ ਧਨ ਵਸਤੂ ਤਿਸ ਕੀ ਦਈ। ਨਹੀਂ ਬਿਕਿਰਤਾ ਬੁਧਿ ਕੀ ਭਈ।
ਧੀਰਜ ਉਰ ਮਹਿਂ ਰਹਿ ਇਕਸਾਰਾ। ਨਹਿਂ ਕੋਈ ਅਪਰਾਧ ਬਿਚਾਰਾ॥ ੨੨॥

ਆਪਣਾ ਧਨ ਤੇ ਉਨ੍ਹਾਂ ਦੀਆਂ ਸਾਰੀਆਂ ਵਸਤਾਂ ਦੇ ਦਿੱਤੀਆਂ ਹਨ। ਬੁੱਧੀ ਵਿਚ ਕਿਸੇ ਪ੍ਰਕਾਰ ਦਾ ਵਿਗਾੜ ਨਹੀਂ ਆਇਆ ਹੈ। ਹਿਰਦੇ ਵਿਚ ਇਕਸਾਰ ਧੀਰਜ ਰਹਿੰਦਾ ਹੈ, ਕਦੀ ਵੀ ਕੋਈ ਅਪਰਾਧ ਨਹੀਂ ਵਿਚਾਰਿਆ ਹੈ॥੨੨॥

ਇੱਤਜਾਦਿਕ ਗੁਣ ਸਹਿਤ ਬਿਬੇਕ। ਮੱਖਣ ਚਿਤਵਤਿ ਰਿਦੇ ਅਨੇਕ।
ਭਯੋ ਨੀਂਦ ਵਸਿ ਮੁੰਦ੍ਰਿਤ ਨੈਨ। ਨਿਜ ਘਰ ਪੌਢੇ ਗੁਰ ਸੁਖਦੈਨ॥ ੨੩॥

ਇਤਿਆਦਿ ਗੁਣਾਂ ਸਹਿਤ ਵੱਡਾ ਗਿਆਨ ਹੈ। ਮੱਖਣ ਸ਼ਾਹ ਹਿਰਦੇ ਵਿਚ ਅਨੇਕ ਗੱਲਾਂ ਸੋਚ ਰਿਹਾ ਸੀ। ਫਿਰ ਨੀਂਦ ਦੇ ਵੱਸ ਵਿਚ ਹੋ ਕੇ ਅੱਖਾਂ ਬੰਦ ਕਰ ਲਈਆਂ। ਸੁਖ ਦੇਣ ਵਾਲੇ ਗੁਰੂ ਜੀ ਆਪਣੇ ਘਰ ਲੰਮੇ ਪਏ ਸਨ॥੨੩॥

ਆਧੀ ਰਾਤਿ ਢਰੀ ਜਬਿ ਆਇ। ਲੋਕ ਗਏ ਟਿਕ ਨਿਜ ਨਿਜ ਥਾਇਂ।
ਆਦਿ ਮਸੰਦ ਅਪਰ ਮੁਖਿ ਮਾਨਵ। ਧੀਰ ਮੱਲ ਸੋਂ ਕੀਨਿ ਬਖਾਨਵ॥ ੨੪॥

ਜਦ ਅੱਧੀ ਰਾਤ ਢਲ ਗਈ ਤਾਂ ਸਾਰੇ ਲੋਕ ਆਪਣੇ ਆਪਣੇ ਥਾਂ ਟਿਕ ਗਏ। ਮਸੰਦ ਆਦਿ ਹੋਰ ਮੁਖੀ ਮਨੁੱਖਾਂ ਧੀਰਮੱਲ ਨੂੰ ਕਿਹਾ॥੨੪॥

'ਅਪਨੀ ਵਸਤੁ ਅਖਿਲ ਹੀ ਆਈ। ਆਯੋ ਸੰਗ ਦਰਬ ਸਮੁਦਾਈ।
ਸ਼੍ਰੀ ਗ੍ਰਿੰਥ ਸਾਹਿਬ ਜੀ ਮਹਾਂ। ਸੋ ਨਹਿਂ ਦੀਨਸਿ ਰਾਖਜੋ ਤਹਾਂ॥ ੨੫॥

"ਆਪਣੀਆਂ ਸਾਰੀਆਂ ਵਸਤਾਂ ਆ ਗਈਆਂ ਹਨ, ਨਾਲ ਸਾਰਾ ਧਨ ਵੀ ਆ ਗਿਆ ਹੈ, ਪਰ ਮਹਾਨ ਸ੍ਰੀ ਗ੍ਰੰਥ ਸਾਹਿਬ ਨੂੰ ਨਹੀਂ ਦਿੱਤਾ ਹੈ, ਉਹ ਉਥੇ ਹੀ ਰੱਖ ਲਿਆ ਹੈ॥੨੫॥

ਜਿਸ ਕੈ ਸਮ ਕੋ ਦੂਸਰ ਨਾਂਹੀ। ਵਸਤੁ ਅਮੋਲਕ ਤੁਮਰੇ ਪਾਹੀ।
ਜਿਸ ਕੋ ਤਜਨੋ ਨਹਿਂ ਬਨਿ ਆਇ। ਜੋ ਬਡਿਅਨਿ ਕੇ ਹਾਥਨਿ ਕਾਇ॥੨੬॥

ਜਿਸ ਦੇ ਬਰਾਬਰ ਹੋਰ ਕੋਈ ਦੂਸਰਾ ਨਹੀਂ ਹੈ, ਉਹ ਅਮੋਲਕ ਵਸਤੂ ਤੁਹਾਡੇ ਪਾਸ ਹੈ। ਉਸ ਨੂੰ ਛੱਡਣਾ ਨਹੀ ਬਣਦਾ ਹੈ ਜੋ ਵੱਡਿਆਂ ਦੇ ਹੱਥਾਂ ਦਾ ਹੈ॥੨੬॥

ਸੰਗਤਿ ਸਗਰੀ ਜਿਹ ਬਡ ਮਾਨਹਿ। ਦਰਸ਼ਨ ਕਰਹਿ ਕ੍ਰਿਤਾਰਥ ਜਾਨਹਿ।
ਜਯੋਂ ਕਯੋਂ ਦੇਵਹਿ ਤਿਹ ਅਨਵਾਵਹੁ। ਤਿਸ ਬਿਹੀਨ ਕਿਮ ਘਰ ਕੋ ਜਾਵਹੁ॥੨੭॥

ਜਿਸ ਨੂੰ ਸਾਰੀ ਸੰਗਤ ਵੱਡਾ ਮੰਨਦੀ ਹੈ, ਦਰਸ਼ਨ ਕਰਕੇ ਕ੍ਰਿਤਾਰਥ ਹੋਇਆ ਜਾਣਦੇ ਹਨ, ਜਿਵੇਂ ਕਿਵੇਂ ਦੇਣ, ਉਸ ਨੂੰ ਮੰਗਵਾਵੋ, ਉਸ ਤੋਂ ਬਿਨਾਂ ਕਿਵੇਂ ਘਰ ਨੂੰ ਜਾਵੋਗੇ॥੨੭॥

ਐਸੀ ਵਸਤੁ ਹਾਥ ਨਹਿਂ ਆਵਹਿ। ਸਭਿਹਿਨਿ ਬਿਖੈ ਮਹਤਤਾ ਪਾਵਹਿ।
ਸੁਨਿ ਕੈ ਧੀਰਮੱਲ ਅਨੁਖਾਯੋ। 'ਮਮ ਘਰ ਤੇ ਤੁਮ ਨੇ ਸੁ ਗਵਾਯੋ॥੨੮॥

ਐਸੀ ਵਸਤੂ ਹੱਥ ਨਹੀਂ ਆਉਂਦੀ ਹੈ, ਜਿਹੜੀ ਸਾਰਿਆਂ ਵਿਚ ਮਹੱਤਤਾ ਪਾਉਂਦੀ ਹੈ।" ਇਹ ਸੁਣ ਕੇ ਧੀਰਮੱਲ ਗੁੱਸੇ ਵਿਚ ਆਇਆ, "ਮੇਰੇ ਘਰ ਤੋਂ ਤੁਸੀਂ ਉਸ ਨੂੰ ਗਵਾਇਆ ਹੈ॥੨੮॥

ਮਮ ਘਰ ਕਿਮ ਆਵੈ ਜੇ ਗਯੋ। ਰਿਪੁ ਬਲਵਾਨ ਪਾਸ ਜੇ ਥਿਯੋ।
ਲਰਿਬੇ ਤੇ ਹਮ ਹਾਥ ਨ ਆਵੈ। ਜਾਚਨਿ ਤਿਨ ਤੇ ਕਿਮ ਬਨਿ ਆਵੈ॥੨੯॥

ਜੇ ਗਿਆ ਹੈ ਤਾਂ ਮੇਰੇ ਘਰ ਕਿਸ ਤਰ੍ਹਾਂ ਆਵੇਗਾ, ਜਦ ਉਨ੍ਹਾਂ ਦੇ ਪਾਸ ਬਲਵਾਨ ਦੁਸ਼ਮਣ ਹਨ। ਲੜਨ ਨਾਲ ਉਹ ਸਾਡੇ ਹੱਥ ਨਹੀਂ ਆਵੇਗਾ, ਉਨ੍ਹਾਂ ਪਾਸੋਂ ਮੰਗਣਾ ਕਿਵੇਂ ਬਣਦਾ ਹੈ॥੨੯॥

ਮਾਰਨਿ ਮਰਨ ਬੈਰ ਪਰਿ ਗਯੋ। ਤੁਮਰੇ ਪ੍ਰੇਰੇ ਮੈਂ ਕਰਿ ਲਯੋ।
ਆਇ ਗ੍ਰਿੰਥ ਸਾਹਿਬ ਹਮ ਪਾਹੀ। ਅਸ ਉਪਾਇ ਕੋ ਪਾਯਤਿ ਨਾਂਹੀ॥੩੦॥

ਮਾਰਨ ਮਰਨ ਦਾ ਵੈਰ ਪੈ ਗਿਆ ਹੈ, ਤੁਹਾਡੀ ਪ੍ਰੇਰਨਾ ਕਰਕੇ ਮੈਂ ਇਹ ਕੁਝ ਕਰ ਲਿਆ ਹੈ। ਸ੍ਰੀ ਗ੍ਰੰਥ ਸਾਹਿਬ ਸਾਡੇ ਹੱਥ ਆਵੇ ਐਸਾ ਉਪਾਅ ਕੋਈ ਲਭਦਾ ਨਹੀਂ ਹੈ॥੩੦॥

ਵਸਤੁ ਦਰਬ ਇਹ ਸਭਿ ਕਰ ਆਇ। ਕਹਹੁ ਗ੍ਰਿੰਥ ਸਾਹਿਬ ਕਿਤ ਪਾਇਂ?
ਇਹੁ ਜੋ ਕਾਜ ਬੁਰੋ ਬਹੁ ਭਯੋ। ਜਿਸ ਕੋ ਨਹਿਂ ਉਪਾਇ ਕੁਛ ਥਿਯੋ॥੩੧॥

ਵਸਤਾਂ ਤੇ ਧਨ ਇਹ ਸਭ ਕੁਝ ਸਾਡੇ ਹੱਥ ਆ ਗਿਆ ਹੈ, ਦੱਸੋ ਗ੍ਰੰਥ ਸਾਹਿਬ ਕਿਵੇਂ ਪਾ ਸਕਾਂਗੇ? ਭਾਵ ਕਿਤੋਂ ਨਹੀਂ ਮਿਲਣਗੇ। ਇਹ ਕਾਰਜ ਬਹੁਤ ਮਾੜਾ ਹੋਇਆ ਹੈ, ਜਿਸ ਨੂੰ ਪ੍ਰਾਪਤ ਕਰਨ ਦਾ ਕੋਈ ਵੀ ਉਪਾਅ ਨਹੀਂ ਹੈ। ੩੧॥

ਜੇ ਕਰਿ ਬੈਠਿ ਰਹੌਂ ਇਸਥਾਨ। ਤਊ ਨ ਸੋ ਦੈਹੈ ਮੁਝ ਆਨਿ।
ਸ੍ਰੀ ਗੁਰ ਅਰਜਨ ਜੀ ਇਹੁ ਕੀਨਾ। ਹਮਹਿਂ ਗੁਰੂ ਹਰਿਗੋਬਿੰਦ ਦੀਨਾ॥੩੨॥

ਜੇ ਇਸ ਥਾਂ ਬੈਠ ਵੀ ਰਹਾਂਗੇ, ਫਿਰ ਵੀ ਲਿਆ ਕੇ ਮੈਨੂੰ ਨਹੀਂ ਦੇਣਗੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਤਿਆਰ ਕੀਤਾ ਹੈ, ਸਾਨੂੰ ਗੁਰੂ ਹਰਿਗੋਬਿੰਦ ਜੀ ਨੇ ਦਿੱਤਾ ਹੈ॥੩੨॥

ਉਨ ਕੇ ਹਮਰੇ ਹੈਂ ਸੁ ਬਡੇਰੇ। ਦਾਵਾ ਕਰਿ ਬੈਠਹਿਂ ਇਸ ਬੇਰੇ।
ਜੇ ਗੁਰ ਤੇਗ ਬਹਾਦਰ ਦੇਯ। ਨਹਿਂ ਲਾਲਚ ਕਰਿ ਆਪ ਸੁ ਲੇਯ॥ ੩੩॥

ਉਨ੍ਹਾਂ ਦੇ ਤੇ ਸਾਡੇ ਉਹ ਵਡੇਰੇ ਹਨ, ਇਸ ਸਮੇਂ ਕਬਜ਼ਾ ਕਰ ਬੈਠਣਗੇ। ਜੇ ਗੁਰੂ ਤੇਗ ਬਹਾਦਰ ਜੀ ਦੇਣ ਤੇ ਲਾਲਚ ਕਰਕੇ ਆਪ ਨਾ ਲੈਣ॥੩੩॥

ਤੌ ਹਮਰੇ ਕਰ ਆਵੈ ਸੋਇ। ਅਪਰ ਉਪਾਇ ਚਲਹਿ ਨਹਿਂ ਕੋਇ।
ਤਊ ਨ ਮੋਰੋ ਹੋਵਹਿ ਰਹਿਨੋ। ਮਹਾਂ ਕਸ਼ਟ ਇਹ ਜਾਇ ਨ ਸਹਿਨੋ॥ ੩੪॥

ਫਿਰ ਉਹ ਸਾਡੇ ਹੱਥ ਵਿਚ ਆਉਂਦਾ ਹੈ, ਹੋਰ ਕੋਈ ਉਪਾਅ ਨਹੀਂ ਚਲਦਾ ਹੈ। ਫਿਰ ਵੀ ਮੇਰੇ ਪਾਸੋਂ ਏਥੇ ਰਿਹਾ ਨਹੀਂ ਜਾਣਾ। ਇਹ ਮਹਾਂ ਕਸ਼ਟ ਮੈਥੋਂ ਬਰਦਾਸ਼ਤ ਨਹੀਂ ਹੋਣਾ॥੩੪॥

ਭੋਰ ਹੋਤਿ ਤੇ ਪ੍ਰਥਮ ਸਿਧਾਵੋਂ। ਸ਼੍ਰੀ ਕਰਤਾਰਪੁਰੇ ਮਹਿਂ ਜਾਵੋਂ।
ਸ਼੍ਰੀ ਗੁਰ ਨਾਨਕ ਆਦਿ ਮਹਾਨੇ। ਸ਼੍ਰੀ ਹਰਿਰਾਇ ਤੀਕ ਜਗ ਮਾਨੇ॥ ੩੫॥

ਸਵੇਰ ਹੋਣ ਤੋਂ ਪਹਿਲਾਂ ਚਲ ਪਵਾਂਗਾ ਤੇ ਸ੍ਰੀ ਕਰਤਾਰਪੁਰ ਪਹੁੰਚ ਜਾਵਾਂਗਾ। ਸ੍ਰੀ ਗੁਰੂ ਨਾਨਕ ਦੇਵ ਆਦਿ ਮਹਾਨ ਹਨ, ਸ੍ਰੀ ਗੁਰੂ ਹਰਿਰਾਇ ਤਕ ਜਗ ਮੰਨਦਾ ਹੈ॥੩੫॥

ਸਭਿਹਿਨਿ ਕੇ ਮੈਂ ਚਰਨ ਮਨਾਵੋਂ। ਬਹੁ ਪੰਚਾਂਮ੍ਰਿਤ ਕਰਿ ਬਰਤਾਵੋਂ।
ਸ਼੍ਰੀ ਗੁਰ ਤੇਗ ਬਹਾਦਰ ਰਿਦੇ। ਬਸ ਕਰਿ, ਬੁਧਿ ਫੇਰਹਿਂ ਜਦ ਕਦੇ॥ ੩੬॥

ਸਾਰਿਆਂ ਦੇ ਮੈਂ ਚਰਨ ਮਨਾਵਾਂਗਾ, ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਵਰਤਾਵਾਂਗਾ। ਗੁਰੂ ਤੇਗ ਬਹਾਦਰ ਜੀ ਦੇ ਹਿਰਦੇ ਵਿਚ ਵੱਸ ਕੇ, ਜਦ ਕਦੇ ਉਨ੍ਹਾਂ ਦੀ ਬੁੱਧੀ ਫੇਰ ਦੇਵੇ॥੩੬॥

ਦੇਹਿਂ ਗ੍ਰਿੰਥ ਸਾਹਿਬ ਬਿਨ ਜਾਚੇ। ਪੂਰਹਿਂ ਕਾਮ ਇਹ ਸਤਿਗੁਰ ਸਾਚੇ।
ਸ਼ਰਨ ਬਡਨਿ ਕੀ ਬਿਨਾ ਜਿ ਆਨ। ਨਹਿਂ ਉਪਾਇ ਕੋ ਨਿਸ਼ਚੈ ਜਾਨਿ॥ ੩੭॥

ਮੰਗਣ ਤੋਂ ਬਗੈਰ ਹੀ ਮੈਨੂੰ ਗੁਰੂ ਗ੍ਰੰਥ ਸਾਹਿਬ ਦੇ ਦੇਣ, ਹੇ ਸੱਚੇ ਸਤਿਗੁਰੂ ਜੀ! ਇਹ ਮੇਰੀ ਕਾਮਨਾ ਪੂਰੀ ਕਰੋ। ਵੱਡਿਆਂ ਦੀ ਸ਼ਰਨ ਬਗੈਰ ਹੋਰ ਕੋਈ ਉਪਾਅ ਨਹੀਂ ਹੈ, ਇਹ ਗੱਲ ਨਿਸ਼ਚੇ ਜਾਣੋ॥੩੭॥

ਸੋ ਮੈਂ ਸ਼ਰਨ ਸਭਿਨਿ ਕੀ ਅਹੋਂ। ਤਿਨ ਤੇ ਪੂਰਨ ਕਾਮਨਾ ਚਹੋਂ।
ਜਤਨ ਹੁਤੋ ਇਹੁ ਸੋ ਕਰਿ ਦੀਨਿ। ਅਪਰ ਉਪਾਇਨ ਤੇ ਮੈਂ ਹੀਨਾ॥ ੩੮॥

ਇਸ ਕਰਕੇ ਮੈਂ ਸਾਰਿਆਂ ਦੀ ਸ਼ਰਨ ਆਇਆ ਹਾਂ, ਤੁਹਾਡੇ ਪਾਸੋਂ ਆਪਣੀ ਕਾਮਨਾ ਪੂਰੀ ਕਰਨੀ ਚਾਹੁੰਦਾ ਹਾਂ। ਇਹੋ ਇਕ ਯਤਨ ਹੈ ਜੋ ਕਰ ਦਿੱਤਾ ਹੈ, ਹੋਰ ਉਪਾਵਾਂ ਤੋਂ ਮੈਂ ਬਗੈਰ ਹਾਂ॥੩੮॥

ਪਸਚਾਤਾਪ ਕਰਤਿ ਬਹੁ ਬਾਰੀ। ਸੋਚਤਿ ਸੰਕਟ ਪ੍ਰਾਪਤਿ ਭਾਰੀ।
ਇਮ ਬਿਰਲਾਪਤਿ ਬਹੁਤ ਬਿਸੂਰਤਿ। ਅਚਲ ਰਹਤਿ ਜਨੁ ਚਿੱਤ੍ਰੀ ਮੂਰਤਿ॥ ੩੯॥

ਬਹੁਤ ਵਾਰ ਪਸ਼ਚਾਤਾਪ ਕੀਤਾ, ਸੋਚਦਾ ਸੀ, ਭਾਰੀ ਸੰਕਟ ਪ੍ਰਾਪਤ ਹੋਇਆ ਹੈ। ਇਸ ਤਰ੍ਹਾਂ ਵਿਰਲਾਪ ਕਰਦਾ ਬਹੁਤ ਵਿਆਕੁਲ ਹੋ ਗਿਆ ਤੇ ਇਕ ਚਿਤਰੀ ਮੂਰਤੀ ਵਾਂਗ ਅਚਲ ਹੋ ਗਿਆ॥੩੯॥

ਜਾਗ੍ਰਤਿ ਬੀਤ ਗਈ ਸਭਿ ਰੈਨ। ਪੌਢਿ, ਨਹੀਂ ਤਬਿ ਮੁੰਦੇ ਨੈਨ।
ਚਿੰਤਾ ਸਲਿਤਾ ਮਨ ਅਰਬਿੰਦ। ਬਹਜੋ ਫਿਰਤਿ ਦੁਖ ਮਾਨਿ ਬਿਲੰਦ॥ ੪੦॥

ਸਾਰੀ ਰਾਤ ਜਾਗਦਿਆਂ ਹੀ ਬੀਤ ਗਈ, ਲੰਮਾ ਪੈ ਰਿਹਾ ਤਦ ਵੀ ਅੱਖ ਨਾ ਲੱਗੀ। ਮਨ ਰੂਪੀ ਕੰਵਲ ਚਿੰਤਾ ਰੂਪੀ ਨਦੀ ਵਿਚ ਬੜਾ ਦੁੱਖ ਮੰਨ ਕੇ ਰੁੜ੍ਹ ਰਿਹਾ ਹੈ॥੪੦॥

ਚਤਰ ਘਟੀ ਰਾਤੀ ਜਬਿ ਰਹੀ। ਧੀਰਮੱਲ ਨਿਜ ਜਨ ਸੋਂ ਕਹੀ।
'ਆਨਹੁ ਅਬਹਿ ਜੁ ਬਾਹਨ ਮੇਰਾ। ਪਰਹੁ ਪੰਥ, ਨਹਿਂ ਕੀਜਹਿ ਦੇਰਾ ॥ ੪੧ ॥

ਜਦ ਚਾਰ ਘੜੀਆਂ ਰਾਤ ਬਾਕੀ ਰਹਿ ਗਈ, ਧੀਰਮੱਲ ਨੇ ਫਿਰ ਆਪਣੇ ਨਿਜੀ ਬੰਦੇ ਨੂੰ ਕਿਹਾ, "ਮੇਰੀ ਸਵਾਰੀ ਲੈ ਕੇ ਆਵੋ ਤੇ ਸਾਰੇ ਰਾਹੇ ਰਾਹ ਪੈ ਜਾਵੋ, ਕੋਈ ਦੇਰ ਨਾ ਕਰੋ"॥੪੧॥

ਅਪਨੀ ਵਸਤੁ ਅਖਿਲ ਸੰਭਾਰੀ। ਲੀਨਿ ਦਰਬ ਮੁਖ ਤੁਸ਼ਨਿ ਧਾਰੀ।
ਗਮਨੇ ਮਾਰਗ ਪੁਰਿ ਕਰਤਾਰ। ਚਿਤਹਿ ਗ੍ਰਿੰਥ ਜੀ ਰਿਦੇ ਮਝਾਰ॥ ੪੨ ॥

ਆਪਣੀਆਂ ਸਾਰੀਆਂ ਵਸਤਾਂ ਸੰਭਾਲ ਲਈਆਂ, ਮੁਖ ਤੋਂ ਚੁਪ ਧਾਰ ਕੇ ਸਾਰਾ ਧਨ ਲੈ ਲਿਆ। ਕਰਤਾਰਪੁਰ ਵਲ ਦੇ ਰਸਤੇ ਚਲ ਪਏ। ਚਿੱਤ ਵਿਚ ਸ੍ਰੀ ਗ੍ਰੰਥ ਸਾਹਿਬ ਬਾਰੇ ਸੋਚਦਾ ਸੀ॥੪੨॥

ਭਲੀ ਬਡਾਈ ਪਾਵਨਿ ਆਏ। ਹੁਤੀ ਪ੍ਰਥਮ ਭੀ ਦਈ ਗਵਾਏ।
ਅਧਿਕ ਬਿਸੂਰਤਿ ਨਿਜ ਘਰ ਗਯੋ। ਨਹੀਂ ਬਸਿ ਚਲਯੋ ਰਿਦੇ ਪਛੁਤਯੋ॥੪੩ ॥

ਭਲੀ ਵਡਿਆਈ ਪਾਉਣ ਆਏ ਸਨ, ਜਿਹੜੀ ਪਹਿਲਾ ਵੱਡੀ ਭੱਲ ਸੀ ਉਹ ਵੀ ਗਵਾ ਲਈ। ਬਹੁਤ ਵਿਆਕੁਲ ਹੋ ਕੇ ਤੇ ਝੂਰਦਾ ਹੋਇਆ ਘਰ ਨੂੰ ਗਿਆ, ਕੁਝ ਵੀ ਵੱਸ ਨਹੀਂ ਚਲਿਆ ਹੈ, ਹਿਰਦੇ ਵਿਚ ਬਹੁਤ ਪਛੁਤਾਇਆ ਹੈ॥੪੩॥

*ਗਿਆਰ੍ਹਵੀਂ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥*

## *ਅਧਿਆਇ ਇਕੀਵਾਂ*

*ਮੱਖਣ ਸ਼ਾਹ ਤੇ ਗੁਰੂ ਜੀ ਸ੍ਰੀ ਅੰਮ੍ਰਿਤਸਰ ਗਏ*

ਦੋਹਰਾ- ਗ੍ਰਾਮ ਬਕਾਲੇ ਕੇ ਬਿਖੈ ਹੋਈ ਜਬਹਿ ਪ੍ਰਭਾਤਿ।
ਧੀਰਮੱਲ ਕੋ ਸਿਵਰ ਪਿਖਿ ਪਰਜੋ ਛੂਛ, ਗਾ ਰਾਤ॥ ੧ ॥

ਜਦ ਬਕਾਲੇ ਪਿੰਡ ਵਿਚ ਸਵੇਰ ਹੋਈ ਤਾਂ ਧੀਰਮੱਲ ਦਾ ਡੇਰਾ ਖਾਲੀ ਵੇਖਿਆ, ਉਹ ਰਾਤ ਨੂੰ ਹੀ ਚਲਾ ਗਿਆ ਸੀ॥੧॥

ਚੌਪਈ- ਸਭਿਹਿਨਿ ਪੇਖਜੋ ਉਠਿ ਸੋ ਗਯੋ। ਨਹਿਂ ਰਹਿ ਸਕਜੋ ਖੋਟ ਜਿਨ ਕਜੋ।
ਨਿਜ ਪ੍ਰਾਨਨਿ ਮੈਂ ਸੰਸੇ ਜਾਨਾ। ਜਿਸ ਨੇ ਕੂਰ ਕਰਮ ਇਤ ਠਾਨਾ॥ ੨ ॥

ਸਾਰਿਆਂ ਨੇ ਵੇਖਿਆ ਉੱਠ ਕੇ ਚਲਾ ਗਿਆ ਹੈ, ਜਿਸ ਨੇ ਖੋਟ ਕੀਤੀ ਸੀ, ਉਹ ਨਹੀਂ ਰਹਿ ਸਕਿਆ ਹੈ। ਆਪਣੇ ਪ੍ਰਾਣਾਂ ਦਾ ਸੰਸਾ ਜਾਣਿਆ ਹੈ, ਜਿਸ ਨੇ ਏਡਾ ਭੈੜਾ ਕਰਮ ਕਰਨਾ ਚਾਹਿਆ ਹੈ॥੨॥

ਕੈਸੇ ਚਰਨ ਟਿਕਹਿਂ ਤਿਸ ਕੇਰੇ। ਬਡ ਅਪਰਾਧ ਕੀਨਿ ਸਭਿ ਹੇਰੇ।
ਤ੍ਰਸਤਿ ਕਰਤਿ ਭਾ ਸੰਸੇ ਪ੍ਰਾਨ। ਸਮ ਕਾਇਰ ਕੇ ਧੀਰ ਧਰਾ ਨ॥ ੩ ॥

ਉਸ ਦੇ ਪੈਰ ਕਿਵੇਂ ਟਿਕ ਸਕਦੇ ਸਨ, ਐਸਾ ਵੱਡਾ ਅਪਰਾਧ ਕਰਦੇ ਨੂੰ ਜਿਸ ਨੂੰ ਸਭ ਨੇ ਵੇਖਿਆ ਹੋਵੇ। ਡਰਦਾ ਸੀ, ਕਿਉਂਕਿ ਪ੍ਰਾਣਾਂ ਦਾ ਸੰਸਾ ਸੀ, ਕਾਇਰਾਂ ਵਾਂਗ ਧੀਰਜ ਨਾ ਧਾਰਨ ਕਰ ਸਕਿਆ॥੩॥

ਇਸ ਪ੍ਰਕਾਰ ਤਹਿਂ ਮੱਖਣ ਸ਼ਾਹ। ਰਹਜੋ ਗੁਰੂ ਢਿਗ ਪ੍ਰੇਮ ਉਮਾਹ।
ਦਰਸ਼ਨ ਦਰਸਹਿ ਪਰਸਹਿ ਚਰਨ। ਹਰੰਜੋ ਚਹੈ ਦੁਖ ਜਨਮ ਰੁ ਮਰਨ॥੪॥

ਇਸ ਪ੍ਰਕਾਰ ਉਥੇ ਮੱਖਣ ਸ਼ਾਹ, ਗੁਰੂ ਜੀ ਪਾਸ ਬੜੇ ਪ੍ਰੇਮ ਅਤੇ ਉਤਸ਼ਾਹ ਨਾਲ ਰਿਹਾ। ਗੁਰੂ ਜੀ ਦੇ ਦਰਸ਼ਨ ਕਰਦਾ ਸੀ ਤੇ ਚਰਨ ਪਰਸਦਾ ਸੀ। ਜਨਮ ਮਰਨ ਦਾ ਦੁਖ ਦੂਰ ਕਰਨਾ ਚਾਹੁੰਦਾ ਸੀ॥੪॥

ਨਿਤ ਪ੍ਰਤਿ ਸ਼ਰਧਾ ਅਧਿਕ ਬੁਧਾਵਹਿ। ਸ੍ਰੀ ਮੁਖ ਬਾਕ ਸੁਨਹਿ ਸੁਖ ਪਾਵਹਿ।
ਸ਼੍ਰੀ ਗੁਰ ਭਗਤਿ ਗ੍ਯਾਨ ਉਪਦੇਸ਼ਹਿਂ। ਕਟਤਿ ਕਲੇਸ਼ ਅਸ਼ੇਸ਼ ਹਮੇਸ਼ਹਿਂ॥੫॥

ਨਿਤਾਪ੍ਰਤਿ ਬਹੁਤ ਸ਼ਰਧਾ ਵਧਾਉਂਦਾ ਸੀ ਤੇ ਗੁਰੂ ਜੀ ਦੇ ਮੁੱਖ ਤੋਂ ਬਚਨ ਸੁਣ ਕੇ ਬੜਾ ਸੁਖ ਪਾਉਂਦਾ ਸੀ। ਸ੍ਰੀ ਗੁਰੂ ਜੀ ਭਗਤੀ ਗਿਆਨ ਦਾ ਉਪਦੇਸ਼ ਦਿੰਦੇ ਸਨ ਤੇ ਹਮੇਸ਼ਾਂ ਸਾਰੇ ਕਲੇਸ਼ਾਂ ਨੂੰ ਕੱਟਦੇ ਸਨ॥੫॥

ਇਕ ਦਿਨ ਮੱਖਣ ਸ਼ਾਹ ਬਖਾਨਾ। 'ਸ੍ਰੀ ਗੁਰਦੇਵ ਅਨੰਦ ਨਿਧਾਨਾ!
ਗੁਰ ਅਰਜਨ ਜੀ ਰਚਜੋ ਸੁਧਾਸਰ। ਤਿਨ ਕੇ ਪਿਤ ਉਪਦੇਸ਼ਜੋ ਜੋ ਕਰ॥੬॥

ਇਕ ਦਿਨ ਮੱਖਣ ਸ਼ਾਹ ਨੇ ਕਿਹਾ, "ਹੇ ਅਨੰਦ ਦੇ ਖਜ਼ਾਨੇ ਸ੍ਰੀ ਗੁਰਦੇਵ ਜੀ! ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਬਣਾਇਆ ਹੈ, ਜਿਵੇਂ ਉਨ੍ਹਾਂ ਦੇ ਪਿਤਾ ਜੀ ਨੇ ਉਪਦੇਸ਼ ਕੀਤਾ ਸੀ॥੬॥

ਤਹਾਂ ਜਾਨਿ ਕੀ ਹੈ ਮਮ ਚਾਹੂ। ਮੱਜਨ ਕਰੌਂ ਕਲੁਖ ਗਨ ਦਾਹੂ।
ਭਲੋ ਪਰਬ ਅਬਿ ਪਹੁੰਚਜੋ ਆਨਿ। ਭਯੋ ਬਿਸਾਖੀ ਕੌ ਇਸ਼ਨਾਨ॥੭॥

ਉਥੇ ਜਾਣ ਦੀ ਮੇਰੀ ਚਾਹਤ ਹੈ, ਇਸ਼ਨਾਨ ਕਰਕੇ ਪਾਪਾਂ ਦਾ ਨਾਸ਼ ਕਰਾਂਗਾ। ਭਲਾ ਪੁਰਬ ਹੁਣ ਨੇੜੇ ਆ ਗਿਆ ਹੈ, ਵਿਸਾਖੀ ਦਾ ਇਸ਼ਨਾਨ ਹੋਵੇਗਾ॥੭॥

ਦਰਸ਼ਨ ਦਰਸੌਂ ਸ਼੍ਰੀ ਗੁਰੁ ਧਾਮ। ਕਹੀ ਪ੍ਰਸ਼ੰਸਾ ਜਿਸ ਅਭਿਰਾਮ।
ਰਾਵਰ ਕੀ ਮੈਂ ਆਇਸੁ ਪਾਇ। ਪੁਨ ਆਵੌਂ ਸੁੰਦਰ ਦਰਸਾਇ'॥੮॥

ਸ੍ਰੀ ਗੁਰੂ ਧਾਮ ਦੇ ਦਰਸ਼ਨ ਕਰਾਂਗਾ, ਜਿਸ ਦੀ ਬੜੀ ਸੁੰਦਰ ਪ੍ਰਸੰਸਾ ਕੀਤੀ ਗਈ ਹੈ। ਆਪ ਜੀ ਦੀ ਮੈਂ ਆਗਿਆ ਪਾ ਕੇ ਸੁੰਦਰ ਦਰਸ਼ਨ ਕਰਕੇ ਫਿਰ ਆ ਜਾਵਾਂਗਾ"॥੮॥

ਸ਼੍ਰੀ ਗੁਰੁ ਕਹਜੋ 'ਦੂਰ ਕੁਛ ਨਾਂਹੀ। ਜਿਸ ਦਰਸ਼ਨ ਤੇ ਸਭਿ ਸੁਖ ਪਾਹੀਂ।
ਹਮ ਭੀ ਗਮਨਹਿਂ ਚਲਿ ਦਰਸੈ ਹੈਂ। ਕਰਹਿਂ ਸ਼ਨਾਨ ਥਾਨ ਸਿਰ ਨਜੈ ਹੈਂ॥੯॥

ਸ੍ਰੀ ਗੁਰੂ ਜੀ ਨੇ ਕਿਹਾ, "ਬਹੁਤ ਦੂਰ ਨਹੀਂ ਹੈ, ਜਿਸ ਦੇ ਦਰਸ਼ਨ ਕਰਨ ਨਾਲ ਸਾਰੇ ਸੁੱਖ ਪ੍ਰਾਪਤ ਹੁੰਦੇ ਹਨ। ਅਸੀਂ ਵੀ ਜਾ ਕੇ ਦਰਸ਼ਨ ਕਰਾਂਗੇ ਤੇ ਇਸ਼ਨਾਨ ਕਰਕੇ ਉਸ ਪਵਿੱਤਰ ਸਥਾਨ ਦੇ ਅੱਗੇ ਸਿਰ ਨਿਵਾਵਾਂਗੇ॥੯॥

ਚਲਹਿਂ ਬੇਗ ਇਕਠੇ ਮਗ ਸੋਇ। ਮਿਲਹਿਂ ਆਇ ਪੁਨ ਹਰਖਤਿ ਹੋਇ।
ਸਤਿਗੁਰੁ ਕਰਹਿਂ ਭਾਵਨਾ ਪੂਰੀ। ਉੱਜਲ ਸੁਮਤਿ ਹੋਇ ਬਿਧਿ ਰੂਰੀ'॥੧੦॥

ਛੇਤੀ ਹੀ ਇਕੱਠੇ ਅੰਮ੍ਰਿਤਸਰ ਦੇ ਰਸਤੇ ਪੈ ਜਾਵਾਂਗੇ, ਫਿਰ ਆ ਕੇ ਪ੍ਰਸੰਨ ਹੋ ਕੇ ਮਿਲਾਂਗੇ। ਸਤਿਗੁਰੂ ਸਾਡੀ ਭਾਵਨਾ ਪੂਰੀ ਕਰੇ ਤੇ ਸੁੰਦਰ ਵਿਧੀ ਨਾਲ ਸਾਡੀ ਉੱਜਲ ਮੱਤ ਹੋਵੇ"॥੧੦॥

ਇਸ ਪ੍ਰਕਾਰ ਸਤਿਗੁਰੁ ਫੁਰਮਾਇ। 'ਤ੍ਯਾਰੀ ਕਰਹੁ' ਸੁ ਦੀਨਿ ਰਜ਼ਾਇ।
ਸੁਨਿ ਮੱਖਣ ਹਰਖ੍ਯੋ ਇਸ ਭਾਇ। ਕਾਰਨ ਇਕ, ਦ੍ਵੈ ਕਾਰਜ ਪਾਇ॥ ੧੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਫੁਰਮਾਇਆ, "ਤਿਆਰੀ ਕਰੋ" ਆਗਿਆ ਦੇ ਦਿੱਤੀ। ਇਹ ਸੁਣ ਕੇ ਮੱਖਣ ਸ਼ਾਹ ਬਹੁਤ ਪ੍ਰਸੰਨ ਹੋਇਆ। ਇਕ ਪੰਥ ਦੋ ਕਾਰਜ ਹੋ ਗਏ॥੧੧॥

ਅਪਨੇ ਭਾਗ ਧੰਨ ਮਨ ਜਾਨੇ। ਦਯਾ ਗੁਰੂ ਕੀ ਮਾਨਿ ਮਹਾਨੇ।
ਜਬਿ ਲੌ ਦਰਸ਼ਨ ਹੋਵਤਿ ਰਹੈਂ। ਤਬਿ ਲੌ ਲਾਭ ਅਧਿਕ ਮੁਝ ਅਹੈ॥ ੧੨॥

ਮੱਖਣ ਸ਼ਾਹ ਨੇ ਆਪਣੇ ਧੰਨ ਭਾਗ ਜਾਣੇ, ਗੁਰੂ ਜੀ ਦੀ ਮਹਾਨ ਦਇਆ ਮੰਨੀ। ਜਦ ਤਕ ਗੁਰੂ ਜੀ ਦੇ ਦਰਸ਼ਨ ਹੁੰਦੇ ਰਹਿਣ ਤਦ ਤਕ ਮੈਨੂੰ ਬਹੁਤ ਲਾਭ ਹੈ॥੧੨॥

ਭਯੋ ਸੁ ਤਯਾਰ ਕੂਚ ਕਿਯ ਡੇਰਾ। ਗੁਰੁ ਘਰ ਕੋ ਆਯਹੁ ਤਿਸ ਬੇਰਾ।
ਪਦ ਅਰਬਿੰਦ ਬੰਦਨਾ ਕੀਨਸਿ। ਦਰਸ਼ਨ ਦਰਸਿ ਪ੍ਰੇਮ ਰਸ ਭੀਨਸਿ॥ ੧੩॥

ਉਹ ਤਿਆਰ ਹੋ ਗਿਆ ਤੇ ਡੇਰਾ ਕੂਚ ਕਰ ਦਿੱਤਾ, ਉਸ ਸਮੇਂ ਗੁਰੂ ਜੀ ਦੇ ਘਰ ਵਲ ਆ ਗਿਆ। ਗੁਰੂ ਤੇਗ ਬਹਾਦਰ ਜੀ ਨੂੰ ਮਿਲ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਦਰਸ਼ਨ ਕਰਕੇ ਪ੍ਰੇਮ ਰਸ ਵਿਚ ਭਿੱਜ ਗਿਆ॥੧੩॥

'ਰਾਵਰ ਕਰਹੁ ਅਰੂਢਨਿ ਜਿਸ ਪਰ। ਸੋ ਅਨਵਾਵੌਂ ਤੁਮ ਰਜ਼ਾਇ ਕਰਿ।
ਚਢਹੁ ਉਚਾਵਹਿਂ ਜਾਹਿਂ ਕਹਾਰ। ਨਤੁਰ ਤੁਰੰਗਮ ਬਲੀ ਉਦਾਰ॥ ੧੪॥

ਫਿਰ ਮੱਖਣ ਸ਼ਾਹ ਨੇ ਕਿਹਾ, "ਜਿਸ ਵਾਹਣ ਤੇ ਵੀ ਤੁਸੀਂ ਸਵਾਰੀ ਕਰਨਾ ਚਾਹੁੰਦੇ ਹੋ, ਉਹ ਮੈਨੂੰ ਦੱਸੋ, ਤਾਂਕਿ ਉਹ ਸਵਾਰੀ ਨੂੰ ਮੈਂ ਮੰਗਵਾ ਲਵਾਂ। ਪਾਲਕੀ ਵਿਚ ਬੈਠਣਾ ਚਾਹੋ ਤਾਂ ਕਹਾਰ ਪਾਲਕੀ ਚੁੱਕ ਲੈਣਗੇ, ਨਹੀਂ ਤਾਂ ਬਹੁਤ ਬਲਵਾਨ ਘੋੜੇ ਹਨ॥੧੪॥

ਕੈ ਬੜਵਾ ਕੀ ਲਿਹੁ ਅਸਵਾਰੀ। ਗਮਹੁ ਪੰਥ ਜਿਸ ਰੀਤਿ ਸੁਖਾਰੀ।
ਰਾਵਰ ਕੀ ਰਜ਼ਾਇ ਹ੍ਵੈ ਜੈਸੇ। ਤੁਮ ਹਿਤ ਕਰਿਹੈਂ ਤਯਾਰੀ ਤੈਸੇ' ॥ ੧੫॥

ਜਾਂ ਘੋੜੀ ਦੀ ਸਵਾਰੀ ਕਰਨੀ ਚਾਹੁੰਦੇ ਹੋ, ਆਸਾਨ ਰੀਤੀ ਨਾਲ ਸਫਰ ਕਰੋ। ਆਪ ਜੀ ਦੀ ਜਿਵੇਂ ਮਰਜ਼ੀ ਹੈ, ਤੁਹਾਡੇ ਵਾਸਤੇ ਉਸ ਤਰ੍ਹਾਂ ਹੀ ਤਿਆਰੀ ਕਰਵਾਈਏ"॥੧੫॥

ਸੁਨਿ ਕਰਿ ਸ਼੍ਰੀ ਗੁਰੂ ਤੇਗਬਹਾਦੁਰ। 'ਜੋ ਬਾਹਨ ਹੋਵਹਿ ਅਬਿ ਹਾਦਰ।
ਤਿਸ ਪਰ ਚਲਹਿਂ ਬਿਚਾਰ ਨ ਕਾਈ'। ਤਬਿ ਮੱਖਣ ਬਡਵਾ ਮੰਗਵਾਈ॥੧੬॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਬੋਲੇ, "ਜਿਹੜਾ ਵੀ ਵਾਹਣ (ਸਵਾਰੀ) ਹੁਣ ਤਿਆਰ ਹੋਵੇ ਉਸ ਉਤੇ ਹੀ ਚਲੇ ਜਾਵਾਂਗੇ, ਸਾਨੂੰ ਕੋਈ ਵਿਚਾਰ ਨਹੀਂ ਹੈ।" ਤਦ ਮੱਖਣ ਸ਼ਾਹ ਨੇ ਘੋੜੀ ਮੰਗਵਾਈ॥੧੬॥

ਸੁੰਦਰ ਜ਼ੀਨ ਜਰਾਊ ਪਾਇ। ਸਰਬ ਸਾਜ ਜਿਸ ਉਚਿਤ ਸੁਹਾਇ।
ਬਰਣ ਸ੍ਵੇਤ ਤਨ ਰਜਤ ਸਮਾਨ। ਧੀਰ ਤੁਰੰਗਨਿ ਰੁਚਿਰ ਮਹਾਨ॥ ੧੭॥

ਉਸ ਉਤੇ ਸੁੰਦਰ ਜੜਾਊ ਕਾਠੀ ਪਾਈ, ਸਾਰੇ ਸਾਜ ਜਿਸ ਦੇ ਉਚਿਤ ਹੋ ਕੇ ਸ਼ੋਭ ਰਹੇ ਸਨ, ਸਫੈਦ ਰੰਗ ਸੀ ਤੇ ਸਰੀਰ ਚਾਂਦੀ ਵਾਂਗ ਸੀ। ਧੀਰਜਵਾਨ ਘੋੜੀ ਮਹਾਨ ਸੁੰਦਰ ਸੀ॥੧੭॥

ਛੇਰਤਿ ਤੇਜ ਉਠਾਵ ਬਡੇਰਾ। ਸੁਖਦਾਯਕ ਮਗ ਗਮਨਤਿ ਬੇਰਾ।
ਮਾਰਗ ਚਲੈ ਥੋਰਈ ਜਾਨੈ। ਪਹੁੰਚਹਿ ਦੂਰ ਉਲੰਘਿ ਬਡ ਥਾਨੈ॥ ੧੮॥

ਘੋੜੀ ਛੇੜਦਿਆਂ ਹੀ ਬੜਾ ਵੱਡਾ ਕਦਮ ਪੁੱਟਦੀ ਸੀ, ਰਾਹ ਵਿਚ ਚਲਣ ਸਮੇਂ ਬੜੀ ਸੁਖਦਾਈ ਸੀ। ਰਾਹ ਵਿਚ ਚਲਦੀ ਇੰਝ ਪ੍ਰਤੀਤ ਹੁੰਦੀ ਹੈ, ਜਿਵੇਂ ਬਹੁਤ ਹੌਲੀ ਚਲ ਰਹੀ ਹੈ ਪਰ ਲੰਮੇ ਉਲਾਂਘ ਕਰਕੇ ਪੈਂਡਾ ਬਹੁਤ ਮੁਕਾਉਂਦੀ ਹੈ॥੧੮॥

ਪਿਖਿ ਪ੍ਰਸੰਨ ਤਿਹਂ ਸ਼੍ਰੀ ਗੁਰੂ ਭਏ। ਤ੍ਯਾਰੀ ਕੀਨਿ ਦਾਸ ਸੰਗ ਲਏ।
ਹੁਤੀ ਤੇਜ ਤੁਰੰਗਨਿ ਗੁਰੂ ਕੇਰੀ। ਸੋ ਬਿਚ ਸਦਨ ਬੰਧਾਇਵ ਹੇਰੀ॥ ੧੯॥

ਉਸ ਘੋੜੀ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ, ਸੇਵਕ ਨਾਲ ਲੈ ਕੇ ਤਿਆਰੀ ਕਰ ਲਈ। ਗੁਰੂ ਜੀ ਦੀ ਆਪਣੀ ਘੋੜੀ ਬਹੁਤ ਤੇਜ ਸੀ, ਉਹ ਘਰ ਦੇ ਅੰਦਰ ਬੰਨ੍ਹੀ ਹੋਈ ਵੇਖੀ॥੧੯॥

ਹੁਤੀ ਧੀਰ ਜੋ ਮੱਖਣ ਦੀਨਿ। ਤਿਹ ਅਰੂਢਿ ਕਰਿ ਚਲੇ ਪ੍ਰਬੀਨ।
ਗਮਨਜੋਂ ਮੱਖਣ ਸ਼ਾਹ ਪਿਛਾਰੀ। ਲਿਯੇ ਸੰਗ ਮਾਨੁਖ ਭਟ ਭਾਰੀ॥ ੨੦॥

ਜਿਹੜੀ ਮੱਖਣ ਸ਼ਾਹ ਨੇ ਘੋੜੀ ਦਿੱਤੀ, ਉਹ ਬੜੀ ਧੀਰਜ ਵਾਲੀ ਸੀ, ਉਸ ਉੱਤੇ ਸਵਾਰ ਹੋ ਕੇ ਪ੍ਰਬੀਨ ਗੁਰੂ ਜੀ ਚਲ ਪਏ। ਮੱਖਣ ਸ਼ਾਹ ਉਨ੍ਹਾਂ ਦੇ ਪਿੱਛੇ-ਪਿੱਛੇ ਚਲ ਪਿਆ, ਬਹੁਤ ਭਾਰੀ ਸੂਰਮੇ ਨਾਲ ਲੈ ਲਏ॥੨੦॥

ਮਾਰਗ ਗਏ ਉਲੰਘ ਕਰਿ ਸਾਰਾ। ਜਾਇ ਸੁਧਾਸਰ ਤਬਹਿ ਨਿਹਾਰਾ।
ਹੁਤੇ ਮਸੰਦ ਅਗਾਰੀ ਜੇਤੇ। ਗੁਰ ਆਗਮਨ ਸ਼੍ਰੋਨ ਸੁਨਿ ਤੇਤੋ॥ ੨੧॥

ਸਾਰਾ ਮਾਰਗ ਲੰਘ ਗਏ ਤੇ ਜਾ ਕੇ ਅੰਮ੍ਰਿਤ ਸਰੋਵਰ ਨੂੰ ਵੇਖਿਆ। ਉਥੇ ਅੱਗੇ ਜਿੰਨੇ ਵੀ ਮਸੰਦ ਸਨ, ਉਨ੍ਹਾਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ॥੨੧॥

ਕਹੂੰ ਕਹੂੰ ਗਮਨੇ ਡਰਪਾਇ। ਮਤ ਹਮ ਸਾਥ ਬਿਗਰ ਇਹ ਜਾਇ।
ਦਰਬ ਆਮਦਨ ਦੇਖਿ ਬਿਸਾਲਾ। ਅਬਿ ਮੇਲੇ ਕੋ ਆਯੋ ਕਾਲਾ॥ ੨੨॥

ਉਹ ਡਰਦੇ ਹੋਏ ਕੋਈ ਕਿਤੇ, ਕੋਈ ਕਿਤੇ ਭੱਜ ਗਏ, ਕਿਤੇ ਸਾਡੇ ਨਾਲ ਇਹ ਨਾਰਾਜ਼ ਹੀ ਨਾ ਹੋ ਜਾਣ। ਧਨ ਦੀ ਵਿਸ਼ਾਲ ਆਮਦਨ ਵੇਖ ਲੈਣਗੇ, ਹੁਣ ਵਿਸਾਖੀ ਦੇ ਮੇਲੇ ਦਾ ਸਮਾਂ ਆਇਆ ਹੈ॥੨੨॥

ਰਹਹਿਂ ਜਿ ਆਪ ਬਿਲੋਕਹਿਂ ਤਾਂਹੀ। ਹਮ ਤੇ ਪੁਨ ਲੈ ਹੈਂ ਬਿਧਿ ਯਾਹੀ।
ਮੱਖਣ ਸਿੱਖ ਸੰਗ ਜਿਨ ਅਹੈ। ਹਮ ਸੋਂ ਕਰਹਿ ਜਥਾ ਚਿਤ ਚਹੈ॥ ੨੩॥

ਜੇ ਆਪ ਰਹਾਂਗੇ ਤਾਂ ਇਹ ਵੇਖ ਲੈਣਗੇ, ਫਿਰ ਸਾਥੋਂ ਇਹ ਧਨ ਖੋਹ ਲੈਣਗੇ। ਜਿਨ੍ਹਾਂ ਦੇ ਨਾਲ ਮੱਖਣ ਸ਼ਾਹ ਵਰਗਾ ਬਲਵਾਨ ਸਿੱਖ ਹੈ, ਉਹ ਸਾਡੇ ਨਾਲ ਜਿਵੇਂ ਮਰਜ਼ੀ ਸਲੂਕ ਕਰ ਸਕਦਾ ਹੈ॥੨੩॥

ਧੀਰਮੱਲ ਕੋ ਲੂਟਯੋ ਡੇਰਾ। ਗੁਰ ਘਰ ਮਹਿਂ ਤਿਸ ਤੇ ਨ ਬਡੇਰਾ।
ਅਪਰ ਕੌਨ ਸੋਂ ਕਰਹਿ ਭਲਾਈ। ਹਮ ਤੇ ਧਨ ਲੇ ਪਾਇ ਗੁਰਾਈ॥ ੨੪॥

ਇਸ ਨੇ ਧੀਰਮੱਲ ਦਾ ਡੇਰਾ ਹੀ ਲੁੱਟ ਲਿਆ ਹੈ, ਗੁਰੂ ਘਰ ਵਿਚ ਇਸ ਤੋਂ ਵੱਡਾ ਕੋਈ ਨਹੀਂ ਹੈ। ਹੋਰ ਕਿਸੇ ਨਾਲ ਇਹ ਕਿਹੜੀ ਭਲਾਈ ਕਰੇਗਾ। ਇਨ੍ਹਾਂ ਨੇ ਗੁਰਗੱਦੀ ਪਾਈ ਹੈ, ਇਸ ਕਰਕੇ ਸਾਥੋਂ ਧਨ ਲੈਣਗੇ॥੨੪॥

ਮਿਲਹੁ ਨਹੀਂ ਕੋ ਜਾਇ ਅਗਾਰੀ। ਛਪੀਅਹਿ ਨਿਜ ਨਿਜ ਥਾਨ ਮਝਾਰੀ।
ਇਨ ਕੋ ਸਦਾ ਸੁਭਾਵ ਸਿਸੁਤੇ। ਪ੍ਰੀਤਿ ਨ ਕਰਿਹੈਂ ਕਬਹਿ ਕਿਸੂ ਤੇ॥ ੨੫॥

ਕੋਈ ਵੀ ਜਾ ਕੇ ਅੱਗੇ ਹੋ ਕੇ ਨਾ ਮਿਲੇ, ਆਪਣੇ-ਆਪਣੇ ਥਾਵਾਂ ਵਿਚ ਜਾ ਕੇ ਲੁਕ ਜਾਈਏ। ਇਨ੍ਹਾਂ ਦਾ ਬਾਲਪਣ ਤੋਂ ਇਹ ਸੁਭਾਵ ਹੈ ਕਿ ਕਿਸੇ ਦੇ ਨਾਲ ਵੀ ਪ੍ਰੀਤ ਨਹੀਂ ਕਰਦੇ ਹਨ॥੨੫॥

ਸਭਿਹਿਨਿ ਤੇ ਹੁਇ ਬਹਹਿ ਨਿਰਾਲਾ। ਮੇਲ ਨ ਕਿਸ ਮਸੰਦ ਕੇ ਨਾਲਾ।
ਗੁਰਤਾ ਇਨ ਕਹੁ ਪ੍ਰਾਪਤਿ ਭਈ। ਇਹ ਸਭਿ ਬਾਤ ਅਬਹਿ ਬਿਦਤਈ॥੨੬॥

ਸਾਰਿਆਂ ਨਾਲੋਂ ਵੱਖ ਹੋ ਕੇ ਬੈਠਦੇ ਹਨ, ਕਿਸੇ ਮਸੰਦ ਨਾਲ ਵੀ ਇਨ੍ਹਾਂ ਦਾ ਮੇਲ ਨਹੀਂ ਹੈ। ਇਨ੍ਹਾਂ ਨੇ ਗੁਰਤਾ ਪ੍ਰਾਪਤ ਕੀਤੀ ਹੈ, ਇਹ ਸਾਰੀ ਗੱਲ ਹੁਣ ਪ੍ਰਗਟ ਹੋ ਗਈ ਹੈ॥੨੬॥

ਨਹਿਂ ਮਸੰਦ ਕੋ ਮਿਲਨੇ ਆਵਾ। ਅਪਰ ਨ ਕਿਨ ਹੂੰ ਦੀਨਿ ਚਢਾਵਾ।
ਪ੍ਰਥਮੈਂ ਅੰਮ੍ਰਿਤਸਰ ਜੀ ਆਯੋ। ਦਰਬ ਸੰਭਾਰਨਿ ਕੋ ਲਲਚਾਯੋ॥ ੨੭॥

ਹਾਲੇ ਕੋਈ ਹੋਰ ਮਸੰਦ ਇਨ੍ਹਾਂ ਨੂੰ ਮਿਲਣ ਵੀ ਨਹੀਂ ਆਇਆ ਹੈ। ਹੋਰ ਕਿਸੇ ਨੇ ਇਨ੍ਹਾਂ ਨੂੰ ਚੜ੍ਹਾਵਾ ਵੀ ਨਹੀਂ ਦਿੱਤਾ ਹੈ। ਪਹਿਲਾਂ ਅੰਮ੍ਰਿਤਸਰ ਵਿਚ ਆਏ ਹਨ। ਧਨ ਸੰਭਾਲਣ ਵਾਸਤੇ ਇਨ੍ਹਾਂ ਦਾ ਮਨ ਲਲਚਾਇਆ ਹੈ॥੨੭॥

ਅਪਰ ਮਸੰਦ ਸਰਬ ਮਿਲਿ ਜਾਇਂ। ਗੁਰੁਤਾ ਇਨ ਕੀ ਅਚਲ ਟਿਕਾਇਂ।
ਅਬਿ ਲੌ ਸਭਿਹਿਨਿ ਸੰਸੈ ਅਹਾ। ਗੁਰੂ ਭਯੋ ਨਿਸ਼ਚੈ ਨਹਿਂ ਲਹਾ॥ ੨੮॥

ਹੋਰ ਮਸੰਦ ਇਨ੍ਹਾਂ ਨੂੰ ਸਾਰੇ ਮਿਲ ਜਾਣਗੇ, ਇਨ੍ਹਾਂ ਦੀ ਗੁਰਤਾ ਅਚਲ ਟਿਕਾ ਦੇਣਗੇ। ਹੁਣ ਤਕ ਸਾਰੇ ਸੰਸਿਆਂ ਵਿਚ ਹਨ। ਕੌਣ ਗੁਰੂ ਜੀ ਬਣੇ ਹਨ ਪੱਕੀ ਤਰ੍ਹਾਂ ਨਹੀਂ ਜਾਣਿਆ ਗਿਆ ਹੈ॥ ੨੮॥

ਹਰਿਗੁਵਿੰਦ ਗੁਰ ਕੇ ਇਹ ਨੰਦਨ। ਦਾਵਾ ਰਾਖਤਿ ਊਪਰ ਮਸੰਦਨ।
ਇਨ ਸੋਂ ਮਿਲਿਨਿ ਨ ਅਬਿ ਬਨਿ ਆਇ। ਨਹੀਂ ਕਠੋਰ ਕਹੇ ਬਚ ਜਾਇਂ॥੨੯॥

ਗੁਰੂ ਹਰਿਗੋਬਿੰਦ ਜੀ ਦੇ ਇਹ ਪੁੱਤਰ ਹਨ, ਮਸੰਦਾਂ ਉੱਤੇ ਵੀ ਇਨ੍ਹਾਂ ਦਾ ਦਾਹਵਾ ਹੈ। ਇਨ੍ਹਾਂ ਨੂੰ ਹੁਣ ਮਿਲਣਾ ਨਹੀਂ ਬਣਦਾ ਹੈ, ਨਹੀਂ ਤਾਂ ਕਿਤੇ ਕਠੋਰ ਬਚਨ ਨਾ ਕਹਿ ਜਾਣ॥੨੯॥

ਇਮ ਬਿਚਾਰਿ ਕਰਿ ਆਪਸ ਮਾਂਹਿ। ਦੁਰੇ ਮੰਦਮਤਿ ਸੰਸੈ ਪ੍ਰਾਹਿ।
ਸ੍ਰੀ ਹਰਿਮੰਦਰ ਚਾਰੋਂ ਦ੍ਵਾਰ। ਕਰੇ ਅਸੰਜਤਿ ਸਭਿਨਿ ਕਿਵਾਰ॥ ੩੦॥

ਆਪਸ ਵਿਚ ਇਸ ਤਰ੍ਹਾਂ ਵਿਚਾਰ ਕਰਕੇ, ਮਾੜੀ ਮੱਤ ਵਾਲੇ ਸੰਸਾ ਕਰਕੇ ਲੁਕ ਗਏ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ੇ ਬੰਦ ਕਰ ਲਏ॥੩੦॥

ਹੁਤੋ ਦਰਸ਼ਨੀ ਪੌਰ ਬਡੇਰਾ। ਦੇ ਕਪਾਟ ਤਾਰੋ ਪੁਨ ਭੇਰਾ।
ਸ੍ਰੀ ਗੁਰ ਤੇਗ ਬਹਾਦਰ ਸ੍ਵਾਮੀ। ਲਖਿ ਮਸੰਦ ਬਿਧਿ ਅੰਤਰਜਾਮੀ॥ ੩੧॥

ਦਰਸ਼ਨੀ ਡਿਉੜੀ ਦਾ ਦਰਵਾਜ਼ਾ ਬਹੁਤ ਵੱਡਾ ਸੀ, ਉਸ ਦੇ ਦਰਵਾਜ਼ੇ ਬੰਦ ਕਰਕੇ ਤਾਲਾ ਲਾ ਦਿੱਤਾ। ਸ੍ਰੀ ਗੁਰ ਤੇਗ ਬਹਾਦਰ ਜੀ ਅੰਤਰਜਾਮੀ ਸਵਾਮੀ ਮਸੰਦਾਂ ਦੀ ਵਿਧੀ ਨੂੰ ਸਮਝ ਗਏ॥੩੧॥

ਗਏ ਤਹਾਂ ਜਬਿ, ਪਿਖਯੋ ਨ ਕੋਈ। ਬੇਮੁਖ ਭਏ ਜਾਨਿ ਮਨ ਸੋਈ।
ਮੱਖਨ ਸਾਥ ਕਹਯੋ ਇਸ ਭਾਂਤਿ। 'ਪਿਖਹੁ ਮਸੰਦਨਿ ਕੋ ਬਿਰਤਾਂਤ॥ ੩੨॥

ਜਦ ਹਰਿਮੰਦਰ ਵਿਚ ਗਏ ਤਾਂ ਕੋਈ ਮਸੰਦ ਵੀ ਨਜ਼ਰ ਨਾ ਆਇਆ। ਇਹ ਬੇਮੁਖ ਹੋ ਗਏ ਹਨ, ਗੁਰੂ ਜੀ ਨੇ ਮਨ ਵਿਚ ਜਾਣ ਲਿਆ। ਫਿਰ ਮੱਖਣ ਸ਼ਾਹ ਨੂੰ ਇਸ ਪ੍ਰਕਾਰ ਕਿਹਾ, "ਮਸੰਦਾਂ ਦੇ ਇਸ ਬਿਰਤਾਂਤ ਨੂੰ ਵੇਖੋ॥੩੨॥

ਭਿੰਨ ਭਿੰਨ ਹੁਇ ਛਪੇ ਸਥਾਨ। ਨਹਿਂ ਆਏ ਕਰਿਬੇ ਸਨਮਾਨ।
ਧਨ ਕੇ ਲੋਭ ਲਗੇ ਮਤਿਮੰਦ। ਹਮ ਕੋ ਸੁਨਿ ਨਹਿਂ ਭਏ ਅਨੰਦ॥ ੩੩॥

ਵੱਖ-ਵੱਖ ਹੋ ਕੇ ਲੁਕ ਗਏ ਹਨ ਤੇ ਸਨਮਾਨ ਕਰਨ ਵੀ ਨਹੀਂ ਆਏ ਹਨ। ਮਾੜੀ ਮੱਤ ਵਾਲੇ ਧਨ ਦੇ ਲੋਭ ਵਿਚ ਲੱਗੇ ਹੋਏ ਹਨ। ਸਾਡੇ ਬਾਰੇ ਸੁਣ ਕੇ ਅਨੰਦ ਧਾਰਨ ਨਹੀਂ ਕੀਤਾ ਹੈ॥੩੩॥

**ਸ੍ਰੀ ਗੁਰ ਮੰਦਿਰ ਕੇ ਦਰਵਾਜੇ। ਭੇਰਿ ਗਏ ਨਹਿਂ ਬਾਜਤਿ ਬਾਜੇ।**
**ਸਬਦ ਕੀਰਤਨ ਸੁਨਿਯਤਿ ਨਾਂਹੀ। ਕੀਨਸਿ ਕਹਾਂ ਮਹਾਂ ਲਬ ਮਾਂਹੀ' ॥ ੩੪ ॥**

ਸ੍ਰੀ ਗੁਰੂ ਜੀ ਦੇ ਮੰਦਰ ਦੇ ਦਰਵਾਜ਼ੇ ਬੰਦ ਕਰ ਕੇ ਚਲੇ ਗਏ ਹਨ ਤੇ ਵਾਜੇ ਨਹੀਂ ਵਜਾਏ ਹਨ। ਸ਼ਬਦ ਕੀਰਤਨ ਸੁਣਦੇ ਨਹੀਂ ਹਨ। ਦਿਲ ਵਿਚ ਮਹਾਂ ਲੋਭ ਧਾਰਨ ਕੀਤਾ ਹੈ" ॥੩੪॥

**ਸੁਨਿ ਮੱਖਣ ਬੋਲਜੋ ਗੁਰ ਸੰਗ। 'ਫੁਰਮਾਵਨਿ ਮੁਝ ਕਰਹੁ ਨਿਸੰਗ।**
**ਇਨ ਸੋਂ ਕਰੋਂ ਧੀਰਮੱਲ ਜੈਸੇ। ਦੰਡ ਉਚਿਤ ਦੁਰਜਨ ਹੁਇਂ ਐਸੇ ॥ ੩੫ ॥**

ਇਹ ਸੁਣ ਕੇ ਮੱਖਣ ਸ਼ਾਹ ਗੁਰੂ ਜੀ ਨੂੰ ਕਹਿਣ ਲੱਗਾ, "ਨਿਸ਼ੰਗ ਹੋ ਕੇ ਮੈਨੂੰ ਹੁਕਮ ਕਰੋ, ਇਨ੍ਹਾਂ ਨਾਲ ਵੀ ਧੀਰਮੱਲ ਵਾਲਾ ਸਲੂਕ ਕਰਾਂ, ਅਜਿਹੇ ਦੁਸ਼ਟ ਦੰਡ ਦੇਣ ਦੇ ਯੋਗ ਹਨ॥੩੫॥

**ਤੁਮਰੋ ਵਸਤੁ ਦਰਬ ਸਮੁਦਾਏ। ਕਰਹਿਂ ਚੁਰਾਵਨਿ ਮਦ ਉਪਜਾਏ।**
**ਅਬਿ ਤੁਮ ਕੋ ਦੇਖਤਿ ਦੂਰ ਰਹੇ। ਸਨਮੁਖ ਆਇ ਸੁ ਬਾਕ ਨ ਕਹੇ ॥ ੩੬ ॥**

ਇਹ ਸਾਰਾ ਧਨ ਤੁਹਾਡਾ ਹੈ, ਬੜੇ ਪ੍ਰਸੰਨ ਹੋ ਕੇ ਚੋਰੀ ਕਰ ਰਹੇ ਹਨ। ਹੁਣ ਤੁਹਾਨੂੰ ਵੇਖ ਕੇ ਲੁੱਕ ਗਏ ਹਨ, ਸਾਹਮਣੇ ਆ ਕੇ ਬਚਨ ਨਹੀਂ ਕੀਤੇ ਹਨ॥੩੬॥

**ਨਹੀਂ ਉਪਾਇਨ ਆਗੇ ਧਰੀ। ਦੀਨ ਹੋਇ ਨਹਿਂ ਬਿਨਤੀ ਕਰੀ।**
**ਅਸ ਅਨੀਤਿ ਕਸ ਸਕਹਿਂ ਸਹਾਰ। ਜਾਵਤਿ ਮਤਿ ਦੀਜਹਿ ਨਹਿਂ ਤਾਰ ॥ ੩੭ ॥**

ਤੁਹਾਡੇ ਅੱਗੇ ਉਪਹਾਰ ਨਹੀਂ ਧਰੇ ਹਨ ਤੇ ਦੀਨ ਹੋ ਕੇ ਬੇਨਤੀ ਵੀ ਨਹੀਂ ਕੀਤੀ ਹੈ। ਇਨ੍ਹਾਂ ਦੀ ਅਜਿਹੀ ਅਨੀਤੀ ਕਿਵੇਂ ਬਰਦਾਸ਼ਤ ਕਰ ਲਈਏ, ਜਦ ਤਕ ਤਾੜ ਕੇ ਇਨ੍ਹਾਂ ਨੂੰ ਮੱਤ ਨਾ ਦੇਈਏ॥੩੭॥

**ਛਮੀ ਪੁਰਖ ਮਹਿਂ ਤੁਮ ਪਰਧਾਨ। ਕਰਹੁ ਛਿਮਾ ਸਭਿ ਦੰਡ ਸਥਾਨਾ'।**
**ਸ੍ਰੀ ਗੁਰ ਕਹਜੋ 'ਸਮੋ ਜਬਿ ਆਵਹਿ। ਦੁਸ਼ਟ ਮੰਦ ਤਾੜਨ ਕੋ ਪਾਵਹਿਂ ॥ ੩੮ ॥**

ਖਿਮਾ ਕਰਨ ਵਾਲੇ ਪੁਰਖਾਂ ਵਿਚ ਤੁਸੀਂ ਸਭ ਤੋਂ ਵੱਡੇ ਹੋ, ਸਾਰੀਆਂ ਦੰਡ ਯੋਗ ਥਾਵਾਂ ਤੇ ਖਿਮਾ ਕਰਦੇ ਹੋ।" ਸ੍ਰੀ ਗੁਰੂ ਜੀ ਨੇ ਕਿਹਾ, "ਜਦ ਸਮਾਂ ਆਵੇਗਾ, ਦੁਸ਼ਟ ਮਾੜੀ ਮੱਤ ਵਾਲੇ ਆਪੇ ਤਾੜਨਾ ਪਾ ਲੈਣਗੇ॥੩੮॥

**ਸਭਿ ਮਸੰਦ ਤੇ ਲੈ ਹੈਂ ਲੇਖਾ। ਪੀੜਹਿਂ ਨਿਜ ਦਰਗਾਹ ਬਿਸ਼ੇਖਾ।**
**ਸ੍ਰੀ ਗੁਰ ਅਰਜਨ ਜੀ ਇਕ ਕਾਲ। ਇਨ ਕੋ ਪਿਖਿ ਕਰਿ ਖੋਟ ਬਿਸਾਲ ॥ ੩੯ ॥**

ਫਿਰ ਸਭ ਮਸੰਦਾਂ ਤੋਂ ਲੇਖਾ ਲਵਾਂਗੇ ਤੇ ਦਰਗਾਹ ਵਿਚ ਜਾ ਕੇ ਬਹੁਤ ਪੀੜੇ ਜਾਣਗੇ। ਇਕ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਵਿਚ ਜਦ ਵਿਸ਼ਾਲ ਖੋਟ ਵੇਖੀ ਸੀ॥੩੯॥

**ਦੀਨਹੁ ਸ੍ਰਾਪ ਰਹਹਿਂ ਜਰ ਨਾਂਹੀ। ਕਿਸੀ ਸਮੇ ਮਹਿਂ ਹੈ ਬਿਨਸਾਹੀ।**
**ਸਮੈ ਆਇ ਜਬਿ ਪ੍ਰਾਪਤਿ ਹੋਇ। ਇਨ ਕੋ ਮੂਲ ਬਿਨਾਸਹਿ ਸੋਇ ॥ ੪੦ ॥**

ਇਨ੍ਹਾਂ ਨੂੰ ਸ੍ਰਾਪ ਦਿੱਤਾ ਸੀ ਕਿ ਇਨ੍ਹਾਂ ਦੀ ਜੜ੍ਹ ਨਹੀਂ ਰਹੇਗੀ, ਕਿਸੇ ਸਮੇਂ ਇਹ ਖਤਮ ਹੋ ਜਾਣਗੇ। ਜਦ ਉਹ ਸਮਾਂ ਪ੍ਰਾਪਤ ਹੋ ਜਾਵੇਗਾ ਤਾਂ ਇਨ੍ਹਾਂ ਦਾ ਮੂਲ ਹੀ ਖਤਮ ਹੋ ਜਾਵੇਗਾ॥੪੦॥

ਧਰੇ ਲੋਭ ਇਹ ਮਰੇ ਅਗਾਰੀ। ਦਯੋ ਸ੍ਰਾਪ ਇਨ ਜਰੇਂ ਉਖਾਰੀ।
ਮਰੇ ਹੂਏ ਇਹ, ਕਹਾ ਹਮ ਮਾਰੈਂ। ਸ਼ਰਧਾ ਹੀਨ ਸਿਦਕ ਉਰ ਹਾਰੈਂ ॥ ੪੧ ॥

ਲੋਭ ਧਾਰਨ ਕਾਰਨ ਇਹ ਅੱਗੇ ਜਾ ਕੇ ਮਰ ਜਾਣਗੇ। ਗੁਰੂ ਜੀ ਨੇ ਸਰਾਪ ਦਿੱਤਾ ਹੈ ਕਿ ਇਨ੍ਹਾਂ ਦੀਆਂ ਜੜ੍ਹਾਂ ਹੀ ਪਟੀਆਂ ਜਾਣਗੀਆਂ। ਇਹ ਤਾਂ ਪਹਿਲਾਂ ਹੀ ਮਰੇ ਹੋਏ ਹਨ, ਅਸੀਂ ਇਨ੍ਹਾਂ ਨੂੰ ਕੀ ਮਾਰਨਾ ਹੈ। ਸ਼ਰਧਾਹੀਣ ਹੋ ਕੇ ਦਿਲ ਦਾ ਸਿਦਕ ਹਾਰ ਗਏ ਹਨ॥੪੧॥

ਹਮ ਨਹਿਂ ਬੁਰਾ ਕਿਸੂ ਕੋ ਕਰਿਹੀਂ। ਜਸ ਕੁਕਰਮ ਤਸ ਫਲ ਕੋ ਭਰਿਹੀਂ।
ਤੂੰ ਅਬਿ ਕਰਿ ਸ਼ਨਾਨ ਸਰ ਮਾਂਹਿ। ਜਿਸ ਤੇ ਅਖਿਲ ਪਾਪ ਬਿਨਸਾਹਿਂ॥੪੨॥

ਅਸੀਂ ਕਿਸੇ ਦਾ ਬੁਰਾ ਨਹੀਂ ਕਰਾਂਗੇ, ਜਿਵੇਂ ਕੁਕਰਮ ਕਰਨਗੇ ਤਿਵੇਂ ਫਲ ਪ੍ਰਾਪਤ ਕਰਨਗੇ। ਤੂੰ ਹੁਣ ਸਰੋਵਰ ਵਿਚ ਇਸਨਾਨ ਕਰ, ਜਿਸ ਕਾਰਨ ਸਾਰੇ ਪਾਪਾਂ ਦਾ ਨਾਸ਼ ਹੋ ਜਾਵੇ॥੪੨॥

ਮਨੋ ਕਾਮਨਾ ਪੂਰਨ ਕਰੈਂ। ਮਨ ਕੀ ਤਨ ਕੀ ਮਲ ਕੋ ਹਰੈਂ।
ਕਰਹੁ ਤਿਹਾਵਲ ਹੁਇ ਅਰਦਾਸ। ਸਤਿਗੁਰ ਪੂਰਤਿ ਉਰ ਕੀ ਆਸ ॥ ੪੩ ॥

ਮਨੋਂਕਾਮਨਾਂ ਪੂਰਨ ਕਰੀਏ, ਮਨ ਤੇ ਤਨ ਦੀ ਮੈਲ ਦੂਰ ਕਰੀਏ। ਕੜਾਹ ਪ੍ਰਸ਼ਾਦਿ ਤਿਆਰ ਕਰਕੇ ਅਰਦਾਸ ਕਰੋ, ਸਤਿਗੁਰੂ ਜੀ ਤੁਹਾਡੇ ਦਿਲ ਦੀ ਆਸ ਪੂਰੀ ਕਰਨਾ॥੪੨॥

ਅਸ ਕਹਿ ਮੱਖਣ ਕੋ ਤਬਿ ਛੋਰਾ। ਹਟੇ ਆਪ ਗੁਰ ਉੱਤਰ ਓਰਾ।
ਹਰਖ ਸ਼ੋਕ ਮਹਿਂ ਬ੍ਰਿਤੀ ਸਮਾਨ। ਸਭਿ ਪਰ ਕ੍ਰਿਪਾ ਦ੍ਰਿਸ਼ਟਿ ਕੋ ਠਾਨਿ॥੪੪॥

ਇਸ ਤਰ੍ਹਾਂ ਕਹਿ ਕੇ ਮੱਖਣ ਸ਼ਾਹ ਨੂੰ ਛੱਡ ਦਿੱਤਾ ਤੇ ਆਪ ਉਤਰ ਵਾਲੇ ਪਾਸੇ ਪਿਛਾਂਹ ਹੱਟ ਗਏ। ਉਨ੍ਹਾਂ ਦੀ ਖੁਸ਼ੀ ਗ਼ਮੀਂ ਵਿਚ ਸਮਾਨ ਬ੍ਰਿਤੀ ਸੀ ਤੇ ਉਨ੍ਹਾਂ ਨੇ ਸਾਰਿਆਂ ਉਤੇ ਕ੍ਰਿਪਾ-ਦ੍ਰਿਸ਼ਟੀ ਧਾਰਨ ਕੀਤੀ ਹੋਈ ਸੀ। ੪੪॥

*ਗਿਆਰ੍ਹਵੀਂ ਰਾਸ ਦਾ ਇਕੀਵਾਂ ਅਧਿਆਇ ਸਮਾਪਤ ਹੋਇਆ॥੨੧॥*

## ਅਧਿਆਇ ਬਾਈਵਾਂ

*ਸ੍ਰੀ ਅੰਮ੍ਰਿਤਸਰ ਤੋਂ ਵੱਲੇ ਗਏ*

*ਦੋਹਰਾ-* ਭਈ ਮਸੰਦਨਿ ਕੋ ਖਬਰ ਬਸੇ ਨ ਗੁਰੂ ਕ੍ਰਿਪਾਲ।
ਖਰੇ ਹੋਇ ਹਟਿ ਕੈ ਗਏ ਹਮਰੀ ਹੇਰਿ ਕੁਚਾਲ॥ ੧॥

ਮਸੰਦਾਂ ਨੂੰ ਇਹ ਖਬਰ ਪੁੱਜੀ ਕਿ ਅੰਮ੍ਰਿਤਸਰ ਵਿਚ ਗੁਰੂ ਜੀ ਠਹਿਰੇ ਨਹੀਂ ਹਨ ਤੇ ਸਾਡੀ ਕੁਟਲਚਾਲ ਵੇਖ ਕੇ ਸ੍ਰੀ ਅੰਮ੍ਰਿਤ ਸਰੋਵਰ ਪਾਸ ਖੜੇ ਹੋ ਕੇ ਵਾਪਸ ਮੁੜ ਗਏ ਹਨ॥੧॥

*ਚੌਪਈ-* ਹਰਖਤਿ ਹੋਇ ਨਿਕਸਿਪੁਨ ਆਏ। ਲੇਹਿਂ ਉਪਾਇਨ ਜੋ ਸਿਖ ਲਯਾਏ।
ਦਰਬ ਘਨੋ ਦੁਕੂਲ ਬਹੁ ਮੋਲੇ। ਵਸਤੂ ਅਪਰ ਦੇਹਿਂ ਸਿਖ, ਸੋ ਲੇਂ॥੨॥

ਤਾਂ ਪ੍ਰਸੰਨ ਹੋ ਕੇ ਬਾਹਰ ਨਿਕਲ ਆਏ, ਉਹ ਸਾਰੇ ਉਪਹਾਰ ਲੈ ਲਏ ਜੋ ਸਿੱਖ ਲਿਆਏ ਸਨ, ਬਹੁਤ ਧਨ ਤੇ ਬਹੁਤ ਕੀਮਤੀ ਵਸਤਰ ਸਨ, ਸਿੱਖ ਜਿਹੜੀਆਂ ਹੋਰ ਵਸਤਾਂ ਵੀ ਦੇ ਰਹੇ ਸਨ, ਉਹ ਲੈ ਰਹੇ ਸਨ॥੨॥

ਸਿੱਖਜਨਿ ਕੋ ਮੇਲਾ ਬਡ ਹੋਵਾ। ਮੱਜਹਿਂ ਹਰਿਮੰਦਰ ਬਰ ਜੋਵਾ।
ਪੰਚਾਂਮ੍ਰਿਤ ਕਰਿਵਾਇ ਲਿਆਵਹਿਂ। ਕਰਿ ਬੰਦਨਿ ਅਰਦਾਸ ਅਲਾਵਹਿਂ॥ ੩॥

ਸਿੱਖਾਂ ਦਾ ਬਹੁਤ ਵੱਡਾ ਮੇਲਾ ਲੱਗ ਗਿਆ, ਇਸ਼ਨਾਨ ਕਰਕੇ ਹਰਿਮੰਦਰ ਸਾਹਿਬ ਵਿਚ ਜਾਂਦੇ ਸਨ। ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ ਲਿਆਉਂਦੇ ਸਨ ਤੇ ਬੰਦਨਾ ਕਰਕੇ ਅਰਦਾਸ ਕਰਦੇ ਸਨ॥੩॥

ਮੱਖਣ ਸਿੱਖ ਕੀਨਸਿ ਇਸ਼ਨਾਨ। ਅਧਿਕ ਭਾਵਨਾ ਉਰ ਮਹਿਂ ਠਾਨਿ।
ਪਹਿਰੀ ਪੋਸ਼ਿਸ਼ ਪੁਨਹਿਂ ਨਵੀਨ। ਪੰਚਾਂਮ੍ਰਿਤ ਕਰਿ ਸੰਗੇ ਲੀਨਿ॥ ੪॥

ਮੱਖਣ ਸ਼ਾਹ ਸਿੱਖ ਨੇ ਇਸ਼ਨਾਨ ਕੀਤਾ, ਤੇ ਹਿਰਦੇ ਵਿਚ ਬਹੁਤ ਭਾਵਨਾ ਧਾਰਨ ਕੀਤੀ। ਫਿਰ ਸੁੰਦਰ ਪੋਸ਼ਾਕ ਪਹਿਣ ਲਈ, ਕੜਾਹ ਪ੍ਰਸ਼ਾਦਿ ਤਿਆਰ ਕਰਕੇ ਨਾਲ ਲੈ ਲਿਆ॥੪॥

ਸ੍ਰੀ ਹਰਿ ਮੰਦਿਰ ਕੋ ਤਬਿ ਗਯੋ। ਹਾਥ ਜੋਰਿ ਨੰਮ੍ਰੀ ਬਹੁ ਭਯੋ।
ਨਮਸਕਾਰ ਕਰਿ ਬਾਰੰਬਾਰ। ਪੁਨ ਅਰਦਾਸ ਕਰਾਇ ਉਦਾਰ॥ ੫॥

ਸ੍ਰੀ ਹਰਿਮੰਦਰ ਸਾਹਿਬ ਵਿਚ ਫਿਰ ਗਿਆ, ਹੱਥ ਜੋੜ ਕੇ ਬਹੁਤ ਸਨਿਮਰ ਹੋ ਗਿਆ। ਬਾਰ-ਬਾਰ ਨਮਸਕਾਰ ਕੀਤੀ, ਫਿਰ ਬਹੁਤ ਉੱਤਮ ਵਸਤਾਂ ਅਰਦਾਸ ਕਰਵਾਈਆਂ॥੫॥

ਪੰਚਾਂਮ੍ਰਿਤ ਕੋ ਤਬਿ ਵੰਡਵਾਇ। ਇਕਠੋ ਭੇ ਮਸੰਦ ਸਮੁਦਾਇ।
ਤਿਨ ਸਭਿ ਕੋ ਪਿਖਿ ਮੱਖਣ ਕਹਯੋ। 'ਤੁਮ ਮਹਿਂ ਅਧਿਕ ਖੋਟ ਮੈਂ ਲਹਯੋ। ੬॥

ਕੜਾਹ ਪ੍ਰਸ਼ਾਦਿ ਨੂੰ ਫਿਰ ਵੰਡਵਾ ਦਿੱਤਾ, ਸਾਰੇ ਮਸੰਦ ਇਕੱਠੇ ਹੋ ਗਏ। ਸਾਰਿਆਂ ਦੇ ਸਰੀਰਾਂ ਵਲ ਵੇਖ ਕੇ ਮੱਖਣ ਸ਼ਾਹ ਨੇ ਕਿਹਾ, "ਤੁਹਾਡੇ ਵਿਚ ਮੈਂ ਬਹੁਤ ਖੋਟ ਵੇਖੀ ਹੈ॥੬॥

ਸ੍ਰੀ ਗੁਰੁ ਕਾਰਨ ਕਰਨ ਕ੍ਰਿਪਾਲ। ਚਲਿ ਕਰਿ ਆਏ ਕਰਨਿ ਨਿਹਾਲ।
ਤੁਮ ਬੇਮੁਖ ਹੁਇ ਦੂਰੇ ਘਰਨਿ ਮੈਂ। ਨਹਿਂ ਦਰਸ਼ਨ ਕੀਨਸਿ ਤਿਸ ਛਿਨ ਮੈਂ॥੭॥

ਸ੍ਰੀ ਗੁਰੂ ਜੀ ਕਾਰਨ ਕਰਨ ਕ੍ਰਿਪਾਲੂ ਹਨ, ਉਹ ਚਲ ਕੇ ਤੁਹਾਨੂੰ ਨਿਹਾਲ ਕਰਨ ਵਾਸਤੇ ਆਏ ਸਨ। ਤੁਸੀਂ ਬੇਮੁਖ ਹੋ ਕੇ ਘਰਾਂ ਵਿਚ ਜਾ ਲੁਕੇ, ਉਸ ਸਮੇਂ ਉਨ੍ਹਾਂ ਦੇ ਦਰਸ਼ਨ ਨਹੀਂ ਕੀਤੇ ਹਨ॥੭॥

ਨਹਿਂ ਸਨਮਾਨ ਕੀਨਿ ਤਿਨ ਕੇਰਾ। ਇਹ ਕਜਾ ਕੀਨਸਿ ਖੋਟ ਬਡੇਰਾ?
ਛਿਮਾਵੰਤ ਗੁਰ ਕਹੈਂ ਨ ਕਾਹੂੰ। ਨਾਂਹਿ ਤ ਬਿਪਤ ਪਰਤਿ ਤੁਮ ਮਾਂਹੂੰ॥ ੮॥

ਉਨ੍ਹਾਂ ਦਾ ਸਨਮਾਨ ਨਹੀਂ ਕੀਤਾ ਹੈ, ਇਹ ਏਡਾ ਵੱਡਾ ਖੋਟ ਕਿਉਂ ਕੀਤਾ ਹੈ? ਗੁਰੂ ਜੀ ਖਿਮਾਵੰਤ ਹਨ, ਉਹ ਕੁਝ ਵੀ ਨਹੀਂ ਕਹਿੰਦੇ ਹਨ, ਨਹੀਂ ਤਾਂ ਤੁਹਾਡੇ ਵਿਚ ਬਿਪਤਾ ਪੈ ਜਾਂਦੀ॥੮॥

ਇਹ ਅਪਰਾਧ ਜਿ ਤੁਮ ਤੇ ਭਯੋ। ਨਹੀਂ ਬਿਚਾਰਨਿ ਉਰ ਕਿਛ ਕਿਯੋ।
ਤਊ ਆਪਨੀ ਸੰਤਤਿ ਕੇਰਾ। ਕੀਨਿ ਬੁਰਾ ਲਹਿ ਕਸ਼ਟ ਬਡੇਰਾ?॥ ੯॥

ਇਹ ਅਪਰਾਧ ਜੋ ਤੁਹਾਡੇ ਤੋਂ ਹੋਇਆ, ਉਨ੍ਹਾਂ ਨੇ ਹਿਰਦੇ ਵਿਚ ਕੁਝ ਵੀ ਨਹੀਂ ਵਿਚਾਰਿਆ ਹੈ। ਫਿਰ ਵੀ ਤੁਸੀਂ ਆਪਣੀ ਸੰਤਾਨ ਲਈ ਬਹੁਤ ਬੁਰਾ ਕੀਤਾ ਹੈ, ਵੱਡਾ ਕਸ਼ਟ ਪਾਉਗੇ?॥੯॥

ਬਾਕਨਿ ਤੇ ਹੀ ਸੁਖ ਦੁਖ ਦਾਤਾ। ਅਸ ਸਤਿਗੁਰ ਤੁਮ ਕਯੋਂ ਨਹਿਂ ਜਾਤਾ?
ਤੀਖਨ ਬਡ ਕੁਠਾਰ ਲੇ ਹਾਥ। ਨਿਜ ਪਗ ਹਤਯੋ ਮੂਢਤਾ ਸਾਥ॥ ੧੦॥

ਆਪਣੇ ਸ਼ੁਭ ਬਚਨਾਂ ਨਾਲ ਹੀ ਸੁਖ ਦੁਖ ਦੇ ਦਾਤੇ ਹਨ, ਐਸੇ ਸਤਿਗੁਰੂ ਜੀ ਨੂੰ ਤੁਸੀਂ ਕਿਉਂ ਨਹੀਂ ਜਾਣਿਆ ਹੈ? ਤਿੱਖਾ ਵੱਡਾ ਕੁਹਾੜਾ ਲੈ ਕੇ, ਮੂਰਖਤਾ ਧਾਰ ਕੇ ਆਪਣਾ ਪੈਰ ਵੱਢ ਲਿਆ ਹੈ॥੧੦॥

ਅਬਿ ਹੀ ਫਲ ਲੇਤੇ ਤੁਮ ਪਾਇ। ਪਰ ਸਤਿਗੁਰ ਕੀ ਜਥਾ ਰਜਾਇ।
ਸੁਨਿ ਮਸੰਦ ਬੋਲੇ ਧਰਿ ਤ੍ਰਾਸ। 'ਭੋ ਮੱਖਣ! ਸੁਨਿ, ਕਹਿਂ ਤੁਝ ਪਾਸ॥ ੧੧॥

ਹੁਣ ਹੀ ਤੁਸੀਂ ਫਲ ਪ੍ਰਾਪਤ ਕਰ ਲੈਂਦੇ, ਪਰ ਸਤਿਗੁਰੂ ਜੀ ਦੀ ਜਿਵੇਂ ਰਜ਼ਾ ਹੈ।" ਇਹ ਸੁਣ ਕੇ ਮਸੰਦ ਬਹੁਤ ਡਰ ਕੇ ਬੋਲੇ, "ਹੇ ਮੱਖਣ ਸ਼ਾਹ! ਤੇਰੇ ਪਾਸ ਅਸੀਂ ਕਹਿੰਦੇ ਹਾਂ॥੧੧॥

ਇਹ ਪਰਤਾਪ ਗੁਰਨਿ ਕੋ ਸਾਰਾ। ਸਭਿਹਿਨਿ ਪਰ ਤਿਨ ਕੋ ਉਪਕਾਰਾ।
ਰਣ ਜੈ ਕਰਿ ਸ੍ਰੀ ਹਰਿਗੋਵਿੰਦ। ਕਰੇ ਨਾਸ਼ ਦਲ ਤੁਰਕ ਬਿਲੰਦ॥ ੧੨॥

ਇਹ ਸਾਰਾ ਗੁਰੂ ਜੀ ਦਾ ਪ੍ਰਤਾਪ ਹੈ, ਉਹ ਸਾਰਿਆਂ ਉੱਤੇ ਉਪਕਾਰ ਕਰਦੇ ਹਨ। ਸ੍ਰੀ ਹਰਿਗੋਬਿੰਦ ਜੀ ਰਣਖੇਤਰ ਵਿਚ ਯੁੱਧ ਕਰਦੇ ਸਨ ਤਾਂ ਉਹ ਤੁਰਕਾਂ ਦੇ ਵੱਡੇ ਦਲ ਦਾ ਨਾਸ਼ ਕਰ ਦਿੰਦੇ ਸਨ॥੧੨॥

ਤਬਿ ਕੇ ਕਰਹਿ ਈਰਖਾ, ਦ੍ਰੋਹੀ। ਇਹ ਸਤਿ ਬਾਤ ਕਹਤਿ ਹੈਂ ਤੋਹੀ।
ਸ੍ਰੀ ਹਰਿਰਾਇ ਗੁਰੂ ਪੁਨ ਭਏ। ਨਹੀਂ ਸੁਧਾਸਰ ਬਾਸੋ ਕਦੇ॥ ੧੩॥

ਤਦ ਦੇ ਧਰੋਹੀ ਈਰਖਾ ਕਰਦੇ ਹਨ, ਇਹ ਅਸੀਂ ਤੁਹਾਨੂੰ ਸੱਚੀ ਗੱਲ ਕਹਿੰਦੇ ਹਾਂ। ਬਾਅਦ ਵਿਚ ਸ੍ਰੀ ਗੁਰੂ ਹਰਿਰਾਇ ਜੀ ਗੁਰੂ ਹੋਏ ਹਨ, ਉਹ ਵੀ ਅੰਮ੍ਰਿਤਸਰ ਆ ਕੇ ਨਹੀਂ ਵੱਸੇ ਹਨ॥੧੩॥

ਸੁਨਿ ਕਰਿ ਜੋ ਮਲੇਛ ਸਮੁਦਾਇ। ਆਇ ਬਿਗਾਰ ਕਰਹਿਂ ਇਸ ਥਾਇਂ।
ਇੱਤਜਾਦਿਕ ਉਰ ਗਟੀ ਬਿਚਾਰ। ਨਹੀਂ ਆਇ ਬੈਠੇ ਦਰਬਾਰ॥ ੧੪॥

ਸੁਣ ਕੇ ਜੋ ਮਲੇਸ਼ ਇਕੱਠੇ ਹੋ ਕੇ ਆ ਕੇ ਏਥੇ ਵਿਗਾੜ ਕਰਨ ਇਤਿਆਦਿ ਹਿਰਦੇ ਵਿਚ ਗਿਣਤੀਆਂ ਵਿਚਾਰ ਕੇ, ਏਥੇ ਦਰਬਾਰ ਵਿਚ ਆ ਕੇ ਨਹੀਂ ਬੈਠੇ ਹਨ॥੧੪॥

ਇਹ ਅਬਿ ਲੌ ਭੇ ਗੁਰੂ ਨ ਨੀਕੇ। ਸਕਲ ਮਸੰਦਨਿ ਕਿਯੋ ਨ ਠੀਕੇ।
ਅਰੁ ਸੰਸੇ ਮਹਿਂ ਸਗਰੀ ਸੰਗਤਿ। ਨਿਸ਼ਚੇ ਕਿਯੋ ਨ ਸਿੱਖਜਨਿ ਪੰਗਤਿ॥ ੧੫॥

ਹੁਣ ਤਕ ਸੱਚੇ ਗੁਰੂ ਜੀ ਬਾਰੇ ਕੋਈ ਪਤਾ ਨਹੀਂ ਸੀ, ਸਾਰੇ ਮਸੰਦਾਂ ਨੇ ਠੀਕ ਨਾ ਜਾਣਿਆ ਅਤੇ ਸਾਰੀ ਸੰਗਤ ਸੰਸੇ ਵਿਚ ਰਹੀ, ਸਾਰੇ ਸਿੱਖਾਂ ਨੇ ਕੋਈ ਨਿਸ਼ਚਾ ਨਾ ਕੀਤਾ॥੧੫॥

ਨਹੀਂ ਉਪਾਇਨ ਕਿਤ ਕੀ ਆਈ। ਕੀਰਤਿ ਕਿਤੇ ਨਹੀਂ ਬਿਥਰਾਈ।
ਜਬਿ ਇਕ ਆਨ ਹੋਇ ਸਭਿ ਜਾਨ। ਹਮ ਭੀ ਦਾਸ, ਲੇਹਿਂ ਮਨ ਮਾਨਿ'॥ ੧੬॥

ਕਿਸੇ ਪਾਸੇ ਤੋਂ ਵੀ ਉਪਹਾਰ ਨਹੀਂ ਆਏ ਹਨ, ਕਿਤੇ ਵੀ ਕੀਰਤੀ ਫੈਲੀ ਨਹੀਂ ਹੈ। ਜਦੋਂ ਕੋਈ ਇਕ ਗੁਰੂ ਆ ਕੇ ਪ੍ਰਗਟ ਹੋਵੇਗਾ ਤਾਂ ਸਭਨਾਂ ਵਿਚ ਜਾਣਿਆ ਜਾਵੇਗਾ, ਅਸੀਂ ਵੀ ਸੇਵਕ ਮਨ ਵਿਚ ਮੰਨ ਲਵਾਂਗੇ"॥੧੬॥

ਸੁਨਿ ਮੱਖਣ ਨੇ ਪੁਨ ਸਮੁਝਾਏ। 'ਸ੍ਰੀ ਹਰਿਕ੍ਰਿਸ਼ਨ ਬਾਕ ਕੋ ਗਾਏ।
ਬਾਬਾ ਕਹਜੋ ਬਕਾਲੇ ਮਾਂਹਿ। ਸੋ ਇਹ ਪ੍ਰਗਟੇ ਰੁਕਹਿਂ ਨ ਕਾਹਿ'॥ ੧੭॥

ਇਹ ਸੁਣ ਕੇ ਮੱਖਣ ਸ਼ਾਹ ਨੇ ਫਿਰ ਸਮਝਾਇਆ, "ਸ੍ਰੀ ਹਰਿਕ੍ਰਿਸ਼ਨ ਜੀ ਨੇ ਬਚਨ ਕੀਤੇ ਸਨ, ਇਹ ਕਿਹਾ ਸੀ ਕਿ ਬਾਬਾ ਬਕਾਲੇ ਵਿਚ ਹੈ, ਸੋ ਇਹ ਪ੍ਰਗਟ ਹੋਏ ਹਨ, ਕਿਸੇ ਤਰ੍ਹਾਂ ਵੀ ਰੁਕੇ ਨਹੀਂ ਹਨ॥੧੭॥

ਅਪਨੀ ਕਥਾ ਸੁ ਅਖਿਲ ਸੁਨਾਇ। ਪੁਨਹਿਂ ਸਭਿਨਿ ਕੋ ਡਰ ਉਪਜਾਇ।
'ਅਬਿ ਭੀ ਜਾਹੁ ਜਾਚਨਾ ਕਰੋ। ਰਿਦੇ ਦੁਸ਼ਟਤਾ ਸਗਰੀ ਹਰੋ॥ ੧੮ ॥

ਮੱਖਣ ਸ਼ਾਹ ਨੇ ਆਪਣੀ ਸਾਰੀ ਕਥਾ ਸੁਣਾਈ, ਫਿਰ ਸਾਰਿਆਂ ਨੂੰ ਡਰ ਉਪਜਾਇਆ, "ਹੁਣ ਵੀ ਜਾ ਕੇ, ਉਨ੍ਹਾਂ ਪਾਸੋਂ ਮੁਆਫੀ ਮੰਗੋ ਹਿਰਦੇ ਦੀ ਸਾਰੀ ਦੁਸ਼ਟਤਾ ਦੂਰ ਕਰੋ॥੧੮॥

ਗਈ ਬੀਤ ਪਰ ਤਊ ਸੰਭਾਰਹੁ। ਕਰ ਜੋਰਹੁ ਅਰੁ ਬਿਨੈ ਉਚਾਰਹੁ'।
ਇਮ ਸੁਨਿ, ਮਿਲੇ ਮਸੰਦ ਬਿਚਾਰਹਿਂ। 'ਮੱਖਣ ਕੋ ਨ ਬਾਕ ਤ੍ਰਿਸਕਾਰਹਿਂ॥੧੯॥

ਬੀਤ ਗਈ ਹੈ, ਪਰ ਫਿਰ ਵੀ ਸੰਭਾਲੋ, ਹੱਥ ਜੋੜ ਕੇ ਬੇਨਤੀ ਉਚਾਰਨ ਕਰੋ।" ਇਹ ਸੁਣ ਕੇ ਮਸੰਦ ਮਿਲ ਕੇ ਵਿਚਾਰ ਕਰਦੇ ਸਨ, "ਮੱਖਣ ਸ਼ਾਹ ਦੇ ਬਚਨਾਂ ਨੂੰ ਸੁਟਣਾ ਨਹੀਂ ਚਾਹੀਦਾ॥੧੯॥

ਮਤਿ ਇਹ ਬਿਗਰ ਪਰੈ ਹਮ ਸੰਗ। ਧੀਰਮੱਲ ਸਮ ਕਰਹਿ ਨ ਢੰਗ।
ਚਲਹੁ ਵਹਿਰ ਹੀ ਮਿਲਿ ਕੈ ਤਾਂਹਿ। ਕਹਿ ਸ਼ੁਭ ਬਾਕ ਲੇਹੁ ਹਰਖਾਹਿ॥੨੦॥

ਪਤਾ ਨਹੀਂ ਇਹ ਸਾਡੇ ਨਾਲ ਵਿਗੜ ਨਾ ਪਵੇ, ਧੀਰਮੱਲ ਵਾਂਗ ਸਲੂਕ ਨਾ ਕਰੇ। ਉਨ੍ਹਾਂ ਨੂੰ ਬਾਹਰ ਜਾ ਕੇ ਹੀ ਮਿਲ ਲਈਏ ਸ਼ੁਭ ਬਚਨ ਕਹਿ ਕੇ ਉਨ੍ਹਾਂ ਨੂੰ ਪ੍ਰਸੰਨ ਕਰ ਲਵੋ॥੨੦॥

ਕਛੂ ਉਪਾਇਨ ਲੇਹੁ ਪ੍ਰਸ਼ਾਦਿ। ਜਥਾ ਅਹੈ ਗੁਰੁ ਘਰ ਮਿਰਜਾਦਿ'।
ਇਮ ਬਿਚਾਰ ਕਰਿ ਅਖਿਲ ਮਸੰਦ। ਗਮਨੇ ਬਾਹਰ ਲਾਜ ਬਿਲੰਦ॥ ੨੧ ॥

ਕੁਝ ਉਪਹਾਰ ਅਤੇ ਪ੍ਰਸਾਦਿ ਲੈ ਲਵੋ, ਜਿਵੇਂ ਵੀ ਗੁਰੂ ਘਰ ਦੀ ਮਰਯਾਦਾ ਹੈ।" ਇਸ ਤਰ੍ਹਾਂ ਕਹਿ ਕੇ ਸਾਰੇ ਮਸੰਦ, ਬੜੇ ਸ਼ਰਮਿੰਦੇ ਹੋਏ ਬਾਹਰ ਚਲੇ ਗਏ॥੨੧॥

ਸ੍ਰੀ ਗੁਰ ਅੰਮ੍ਰਿਤਸਰ ਤੇ ਮੁਰਿ ਕੈ। ਏਕ ਗ੍ਰਾਮ ਤਹਿਂ ਨਿਕਟਿ ਨਿਹਰਿਕੈ।
ਵੱਲਾ ਕਹੈਂ ਤਿਸੀ ਕੋ ਨਾਇ। ਤੀਨ ਕੋਸ ਉੱਤਰ ਦਿਸ਼ਿ ਥਾਇਂ॥ ੨੨ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਅੰਮ੍ਰਿਤ ਸਰੋਵਰ ਤੋਂ ਮੁੜ ਕੇ, ਇਕ ਪਿੰਡ ਦੇ ਨੇੜੇ ਠਹਿਰ ਕੇ, ਜਿਸ ਪਿੰਡ ਨੂੰ ਵੱਲੇ ਦੇ ਨਾਂ ਨਾਲ ਪੁਕਾਰਦੇ ਸਨ ਤੇ ਅੰਮ੍ਰਿਤ ਸਰੋਵਰ ਦੇ ਉੱਤਰ ਵਾਲੇ ਪਾਸੇ ਤਿੰਨ ਕੋਹ ਤੇ ਸਥਿਤ ਹੈ॥੨੨॥

ਤਹਿਂ ਇਕ ਸਿਖ ਕੇ ਘਰ ਕਰਿ ਡੇਰਾ। ਸੇਵਾ ਕਰਤਿ ਸੁ ਭਾਵ ਬਡੇਰਾ।
ਪਰੀ ਨਿਸਾ ਕੀਨਸਿ ਬਿਸਰਾਮੂ। ਜਿਨ ਕੇ ਬਾਕ ਮੋਖ ਕੇ ਧਾਮੂ॥ ੨੩ ॥

ਉਥੇ ਇਕ ਸਿੱਖ ਦੇ ਘਰ ਉਨ੍ਹਾਂ ਡੇਰਾ ਕੀਤਾ, ਜਿਹੜਾ ਬੜਾ ਪ੍ਰੇਮ ਵਧਾ ਕੇ ਸੇਵਾ ਕਰਦਾ ਸੀ। ਰਾਤ ਪੈਣ ਤੇ ਗੁਰੂ ਜੀ ਨੇ ਉਥੇ ਵਿਸ਼ਰਾਮ ਕੀਤਾ, ਜਿਸ ਗੁਰੂ ਜੀ ਦੇ ਬਚਨ ਹੀ ਮੁਕਤੀ ਦਾ ਘਰ ਸਨ॥੨੩॥

ਅਗਲੀ ਜਬਿ ਪ੍ਰਭਾਤਿ ਹੁਇ ਆਈ। ਕਰੀ ਸਕਲ ਤਨ ਕੀ ਸੁਚਤਾਈ।
ਬੈਠੇ ਸ੍ਰੀ ਗੁਰ ਤਬਹਿ ਪ੍ਰਯੰਕ। ਤਬਿ ਮਸੰਦ ਉਰ ਧਰੇ ਅਤੰਕ॥ ੨੪ ॥

ਅਗਲੇ ਦਿਨ ਦੀ ਜਦ ਸਵੇਰ ਹੋਈ ਤਾਂ ਗੁਰੂ ਜੀ ਨੇ ਤਨ ਦੀ ਸਾਰੀ ਸੁਚਤਾਈ ਕੀਤੀ। ਤਦ ਗੁਰੂ ਜੀ ਪਲੰਘ ਤੇ ਬੈਠ ਗਏ ਤਦ ਮਸੰਦ ਹਿਰਦੇ ਵਿਚ ਡਰ ਧਾਰਕੇ॥੨੪॥

ਦੀਨ ਮਨੇ ਦੋਨਹੁਂ ਕਰ ਜੋਰੇ। ਪਹੁੰਚੇ ਢਿਗ ਗੁਰ, ਚਹਤਿ ਨਿਹੋਰੇ।
ਬੰਦਨ ਕਰਹਿਂ ਨੰਮ੍ਰਤਾ ਧਾਰਿ। ਅਰਪਿ ਉਪਾਇਨ ਕਛੁਕ ਅਗਾਰ॥ ੨੫ ॥

ਤਦ ਮਸੰਦ ਦੋਵੇਂ ਹੱਥ ਜੋੜ ਕੇ ਮਨ ਵਿਚ ਦੀਨ ਹੋ ਕੇ ਗੁਰੂ ਜੀ ਪਾਸ ਪਹੁੰਚੇ, ਉਹ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਬੰਦਨਾ ਕਰਕੇ ਉਨ੍ਹਾਂ ਨਿੰਮਰਤਾ ਧਾਰਨ ਕੀਤੀ ਤੇ ਕੁਝ ਉਪਹਾਰ ਅੱਗੇ ਅਰਪਣ ਕੀਤੇ॥੨੫॥

ਕਹਤਿ ਭਏ 'ਭੈ ਤੁਰਕਨਿ ਕੇਰਾ। ਰਹੈ ਸੁਧਾਸਰ ਬੀਚ ਬਡੇਰਾ।
ਕੋ ਗੁਰ ਰਹਹਿ, ਕਿ ਨਾਂਹੀ ਇਹਾਂ। ਪਿਖਿ ਪਿਖਿ ਜਾਹਿਂ ਬੈਰ ਕਰਿ ਮਹਾਂ॥੨੬॥

ਕਹਿਣ ਲੱਗੇ, "ਤੁਰਕਾਂ ਦਾ ਬਹੁਤ ਭੈ ਧਾਰਨ ਕਰਕੇ ਅਸੀਂ ਅੰਮ੍ਰਿਤਸਰ ਵਿਚ ਰਹੇ ਹਾਂ। ਮੁਸਲਮਾਨ ਸਦਾ ਇਹ ਸੂਹ ਕੱਢਦੇ ਰਹਿੰਦੇ ਹਨ ਕਿ ਕੋਈ ਗੁਰੂ ਏਥੇ ਰਹਿੰਦਾ ਹੈ ਕਿ ਨਹੀਂ ਰਹਿੰਦਾ ਹੈ, ਬਹੁਤ ਵੈਰ ਕਰਕੇ ਵੇਖ ਵੇਖ ਜਾਂਦੇ ਸਨ॥੨੬॥

ਪੈਂਦੇ ਕੋ ਸੁਤ ਆਦਿਕ ਆਨਿ। ਜਿਨਹਿਂ ਗੁਰੂ ਰਣ ਮਹਿਂ ਕਿਯ ਹਾਨ।
ਤਿਨ ਕੇ ਸਨਬੰਧੀ ਜੋ ਅਹੈਂ। ਸੋ ਪ੍ਰਤੀਛਨਾ ਕਰਤੇ ਰਹੈਂ॥ ੨੭॥

ਪੈਂਦੇ ਦੇ ਪੁੱਤਰ ਆਦਿ ਆਉਂਦੇ ਸਨ, ਜਿਸ ਪੈਂਦੇ ਖਾਨ ਨੂੰ ਗੁਰੂ ਜੀ ਨੇ ਰਣ ਵਿਚ ਮਾਰਿਆ ਸੀ। ਉਨ੍ਹਾਂ ਦੇ ਜੋ ਸੰਬੰਧੀ ਹਨ, ਉਹ ਇੰਤਜ਼ਾਰ ਕਰਦੇ ਰਹਿੰਦੇ ਸਨ॥੨੭॥

ਤਿਨ ਦੁਸ਼ਟਨਿ ਤੇ ਹਮ ਡਰਪਾਇਂ। ਆਇ ਬਿਗਾਰ ਨ ਕੁਛ ਕਰਿ ਜਾਇਂ।
ਹਮ ਅੰਮ੍ਰਿਤਸਰ ਰਹਤਿ ਹੈਂ ਜੇਤੇ। ਨਿਤ ਗੁਲਾਮ ਗੁਰ ਘਰ ਕੇ ਤੇਤੇ॥ ੨੮॥

ਉਨ੍ਹਾਂ ਦੁਸ਼ਟਾਂ ਤੋਂ ਅਸੀਂ ਡਰਦੇ ਸੀ, ਆ ਕੇ ਕੁਝ ਵਿਗਾੜ ਨਾ ਕਰ ਜਾਣ। ਅਸੀਂ ਜਿੰਨੇ ਵੀ ਅੰਮ੍ਰਿਤਸਰ ਵਿਚ ਰਹਿੰਦੇ ਹਾਂ ਅਸੀਂ ਸਾਰੇ ਗੁਰੂ ਘਰ ਦੇ ਗੁਲਾਮ ਹਾਂ॥੨੮॥

ਇਹ ਅਸਥਾਨ ਸਦੀਵ ਤੁਮਾਰੋ। ਰਾਵਰ ਸ੍ਵਾਮੀ ਸਦਾ ਸੰਭਾਰੋ।
ਸੁਨਿ ਕੈ ਸ਼੍ਰੀ ਗੁਰ ਤੇਗ ਬਹਾਦਰ। ਪਿਖੇ ਮਸੰਦ ਆਇ ਭੇ ਹਾਦਰ॥ ੨੯॥

ਇਹ ਅਸਥਾਨ ਸਦਾ ਤੁਹਾਡਾ ਹੈ, ਆਪ ਮਾਲਕ ਹੋ ਸਦਾ ਸੰਭਾਲੋ।" ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਨੇ ਇਹ ਵੇਖਿਆ ਕਿ ਮਸੰਦ ਆ ਕੇ ਹਾਜ਼ਰ ਹੋ ਗਏ ਹਨ॥੨੯॥

ਮਨ ਖੋਟੇ ਜਿਨ ਕੇ ਸਭਿ ਭਾਂਤੀ। ਮੁਖ ਤੇ ਅਪਰ ਬਨਾਵਹਿਂ ਬਾਤੀ।
ਧਨ ਲੋਭੀ ਇਹ ਸ੍ਵਾਨ ਸਮਾਨਾ। ਕਰਹਿਂ ਚੁਰਾਵਨਿ ਭੇਟ ਮਹਾਨਾ॥ ੩੦॥

ਜਿਨ੍ਹਾਂ ਦੇ ਸਭ ਪ੍ਰਕਾਰ ਮਨ ਖੋਟੇ ਹਨ, ਮੁਖ ਤੋਂ ਹੋਰ ਹੀ ਗੱਲਾਂ ਬਣਾਉਂਦੇ ਹਨ। ਧਨ ਲੋਭੀ ਇਹ ਕੁੱਤੇ ਬਰਾਬਰ ਹਨ, ਬਹੁਤ ਮਹਾਨ ਭੇਟਾਵਾਂ ਇਹ ਚੁਰਾ ਲੈਂਦੇ ਹਨ॥੩੦॥

ਬਹੁਤ ਦਿਵਸ ਕੇ ਕਰਹਿਂ ਕੁਕਰਮ। ਭਏ ਮੰਦਮਤਿ ਬਿਸਰੇ ਧਰਮ।
ਇਨਹਿ ਬਿਨਾਸਨਿ ਕਰਨੇ ਹਾਰਾ। ਹੋਹਿ ਅਗਾਰੀ ਪੁਰਖ ਉਦਾਰਾ॥ ੩੧॥

ਬਹੁਤ ਦਿਨਾਂ ਦੇ ਕੁਕਰਮ ਕਰ ਰਹੇ ਹਨ, ਮਾੜੀ ਮੱਤ ਵਾਲੇ ਹੋ ਗਏ ਹਨ, ਤੇ ਧਰਮ ਨੂੰ ਵਿਸਾਰ ਦਿੱਤਾ ਹੈ। ਇਨ੍ਹਾਂ ਦਾ ਨਾਸ਼ ਕਰਨ ਵਾਲਾ ਅੱਗੇ ਜਾ ਕੇ ਇਕ ਵੱਡਾ ਮਹਾਨ ਪੁਰਖ ਹੋਵੇਗਾ॥੩੧॥

ਇਮ ਬਿਚਾਰਿ ਜਗ ਗੁਰ ਸਭਿ ਸ੍ਵਾਮੀ। ਬਚਨ ਬਖਾਨਤੋਂ ਅੰਤਰਜਾਮੀ।
'ਨਹਿਂ ਮਸੰਦ ਤੁਮ ਅੰਮ੍ਰਿਤਸਰੀਏ। ਤ੍ਰਿਸ਼ਨਾਗਨ ਤੇ ਅੰਤਰ ਸਰੀਏ॥ ੩੨॥

ਇਹ ਵਿਚਾਰ ਕੇ ਜਗਤ ਦੇ ਗੁਰੂ ਤੇ ਸਭ ਦੇ ਸਵਾਮੀ ਅੰਤਰਜਾਮੀ ਗੁਰੂ ਜੀ ਨੇ ਬਚਨ ਕੀਤਾ, "ਹੇ ਮਸੰਦੋ! ਤੁਸੀਂ ਸ੍ਰੀ ਅੰਮ੍ਰਿਤਸਰ ਸਰਵੋਰ ਦੇ ਹਰਿਮੰਦਰ ਸਾਹਿਬ ਦੇ ਮਸੰਦ ਨਹੀਂ ਹੋ, ਤੁਸੀਂ ਤਾਂ ਤ੍ਰਿਸ਼ਨਾ ਦੀ ਅੱਗ ਨਾਲ ਅੰਦਰੋਂ ਸੜੇ ਹੋਏ ਹੋ॥੩੨॥

ਜਸ ਖੋਟੇ ਮਗ ਕੀਨਿ ਅਲੰਬ। ਤਸ ਫਲ ਪ੍ਰਾਪਤ ਕਸ਼ਟ ਕਦੰਬ।
ਤੁਮ ਕੈ ਸੰਤਤਿ ਪਾਇ ਤੁਮਾਰੀ। ਜਿਮ ਗੁਰ ਘਰ ਕੇ ਭੇ ਦੁਰਚਾਰੀ' ॥੩੩॥

ਜਿਵੇਂ ਤੁਸੀਂ ਖੋਟੇ ਰਾਹ ਦਾ ਆਸਰਾ ਲਿਆ ਹੈ, ਉਸਦਾ ਵੈਸਾ ਹੀ ਫਲ ਬਹੁਤ ਦੁੱਖ ਪ੍ਰਾਪਤ ਕਰੋਗੇ। ਤੁਹਾਡੀ ਸੰਤਾਨ ਤੁਹਾਡੇ ਕੁਕਰਮਾਂ ਦਾ ਫਲ ਪਾਵੇਗੀ ਜਿਵੇਂ ਤੁਸੀਂ ਗੁਰੂ ਘਰ ਦੇ ਹੋ ਕੇ, ਖੋਟੇ ਕਰਮ ਕਰਨ ਵਾਲੇ ਹੋ ਗਏ ਹੋ" ॥੩੩॥

ਇਮ ਕਹਿ ਠਾਨੀ ਮੌਨ ਗੁਸਾਈਂ। ਮਿਲਿ ਮਸੰਦ ਗਮਨੇ ਸਮੁਦਾਈ।
ਭਯੋ ਸ੍ਰਾਪ ਦੁਖਦਾਯਕ ਜਿਨ ਕੋ। ਨਹਿਂ ਗੁਰਮਤਿ ਪ੍ਰਾਪਤਿ ਕਿਮ ਤਿਨ ਕੋ ॥੩੪॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਮੌਨ ਧਾਰਨ ਕਰ ਲਈ, ਮਸੰਦ ਮਿਲ ਕੇ ਇਕੱਠੇ ਹੋ ਕੇ ਚਲੇ ਗਏ। ਜਿਨ੍ਹਾਂ ਨੂੰ ਬੜਾ ਦੁਖਦਾਈ ਸਰਾਪ ਮਿਲਿਆ ਸੀ, ਉਨ੍ਹਾਂ ਨੂੰ ਗੁਰਮਤਿ ਪ੍ਰਾਪਤ ਕਿਵੇਂ ਹੋਣੀ ਸੀ ॥੩੪॥

'ਅੰਤਰ ਸਰੀਏ' ਸ੍ਰਾਪ ਜੁ ਕਹਜੋ। ਅਬਿ ਲੌ ਤਹਾਂ ਅਹੈ ਹਮ ਲਹਜੋ।
ਸ੍ਰੀ ਗੁਰ ਬਸਹਿਂ ਗ੍ਰਾਮ ਤਿਸ ਫੇਰੀ। ਕਰਤਿ ਪ੍ਰਤੀਖਨ ਮੱਖਣ ਕੇਰੀ ॥੩੫॥

'ਅੰਦਰ ਸੜੀਏ' ਜਿਹੜਾ ਸਰਾਪ ਕਿਹਾ ਸੀ, ਹਾਲੇ ਤਕ ਇਹ ਸਰਾਪ ਦਾ ਪ੍ਰਭਾਵ ਉਥੇ ਚਲਦਾ ਹੈ। ਸ੍ਰੀ ਗੁਰੂ ਜੀ ਫਿਰ ਉਸੇ ਪਿੰਡ ਵਿਚ ਠਹਿਰ ਗਏ, ਉਹ ਮੱਖਣ ਸ਼ਾਹ ਦਾ ਇੰਤਜ਼ਾਰ ਕਰ ਰਹੇ ਸਨ ॥੩੫॥

ਮਗਨ ਸ੍ਵਰੂਪਾਨੰਦ ਮਹਿਂ ਬੈਸੇ। ਜਿਨਹਿਂ ਬਿਕਾਰ ਛੁਯੋ ਨਹਿਂ ਕੈਸੇ।
ਖਾਨ ਪਾਨ ਕਰਿਕੈ ਸ਼ੁਭ ਭਾਂਤੀ। ਟਿਕੇ ਸੇਜ ਊਪਰ ਪਸ਼ਚਾਤੀ ॥੩੬॥

ਆਪਣੇ ਸਰੂਪ ਦੇ ਅਨੰਦ ਵਿਚ ਮਗਨ ਬੈਠੇ ਸਨ, ਜਿਨ੍ਹਾਂ ਨੂੰ ਕੋਈ ਵਿਕਾਰ ਵੀ ਛੋਹਿਆ ਨਹੀਂ ਸੀ। ਸ਼ੁਭ ਪ੍ਰਕਾਰ ਖਾ ਪੀ ਕੇ, ਬਾਅਦ ਵਿਚ ਗੁਰੂ ਜੀ ਸੇਜ ਉਤੇ ਟਿਕ ਗਏ ॥੩੬॥

*ਗਿਆਰ੍ਹਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ ॥੨੨॥*

## ਅਧਿਆਇ ਤੇਈਵਾਂ

### *ਸ੍ਰੀ ਗੁਰੂ ਜੀ ਦਾ ਬਕਾਲੇ ਤੋਂ ਕੂਚ*

ਦੋਹਰਾ- ਮੱਖਣ ਕਰਿ ਇਸ਼ਨਾਨ ਕੋ ਦਰਸ਼ਨ ਪਰਸਨ ਕੀਨਿ।
ਪੁਨ ਕਰਾਇ ਅਰਦਾਸ ਕੋ ਚਲਜੋ ਸੁ ਮਤੀ ਪ੍ਰਬੀਨ ॥੧॥

ਮੱਖਣ ਸ਼ਾਹ ਨੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਦਰਸ਼ਨ ਪਰਸਣਾ ਕੀਤੇ, ਫਿਰ ਅਰਦਾਸ ਕਰਵਾ ਕੇ ਸ੍ਰੇਸ਼ਟ ਬੁੱਧੀ ਵਾਲਾ ਚਲ ਪਿਆ ॥੧॥

ਚੌਪਈ- ਸ੍ਰੀ ਗੁਰੁ ਤੇਗ ਬਹਾਦਰ ਜਿਤ ਕੋ। ਗਮਨੇ ਹੁਤੇ ਚਲਜੋ ਤਬਿ ਤਿਤ ਕੋ।
ਅਧਿਕ ਪ੍ਰਸੰਨ ਹੋਇ ਤਿਸ ਛਿਨ ਮੈਂ। ਮਹਿਮਾ ਸਤਿਗੁਰ ਕੀ ਲਖਿ ਮਨ ਮੈਂ ॥੨॥

ਸ੍ਰੀ ਗੁਰੂ ਤੇਗ ਬਹਾਦਰ ਜੀ ਜਿਸ ਪਾਸੇ ਗਏ ਹੋਏ ਸਨ, ਉਸ ਪਾਸੇ ਚਲ ਪਿਆ, ਉਸ ਸਮੇਂ ਬਹੁਤ ਪ੍ਰਸੰਨ ਹੋ ਕੇ ਤੇ ਗੁਰੂ ਜੀ ਦੀ ਮਹਿਮਾ ਨੂੰ ਆਪਣੇ ਮਨ ਵਿਚ ਜਾਣਿਆ ॥੨॥

ਸਹਿਨ ਸ਼ੀਲ ਜਿਨ ਕੇ ਨ ਸਮਾਨਾ। ਸਰਬ ਸ਼ਕਤਿ ਧਰਿ ਸ੍ਰੀ ਭਗਵਾਨਾ।
ਮਗ ਮਹਿਂ ਇਮ ਠਾਨਤਿ ਬਡਿਆਈ। ਪਹੁੰਚਜੋ ਗ੍ਰਾਮ ਗੁਰੂ ਜਿਸ ਥਾਈਂ ॥ ੩ ॥

ਜਿਨ੍ਹਾਂ ਵਰਗਾ ਹੋਰ ਕੋਈ ਸਹਿਨਸ਼ੀਲ ਨਹੀਂ ਹੈ, ਉਨ੍ਹਾਂ ਸ੍ਰੀ ਭਗਵਾਨ ਦੀ ਸਾਰੀ ਸ਼ਕਤੀ ਧਾਰਨ ਕੀਤੀ ਹੈ। ਰਾਹ ਵਿਚ ਇਸ ਤਰ੍ਹਾਂ ਵਡਿਆਈ ਕਰਦਾ ਹੋਇਆ, ਉਸ ਪਿੰਡ ਵੱਲੇ ਪਹੁੰਚ ਗਿਆ, ਜਿਥੇ ਗੁਰੂ ਜੀ ਠਹਿਰੇ ਹੋਏ ਸਨ॥੩॥

ਵਹਿਰ ਗ੍ਰਾਮ ਤੇ ਕੀਨਸਿ ਡੇਰਾ। ਵਸਤੁ ਸੰਭਾਰਿ ਧਰੀ ਤਿਸ ਬੇਰਾ।
ਸਰਬ ਭਾਂਤਿ ਤੇ ਕਰਿ ਤਕਰਾਈ। ਮੱਦ੍ਰ ਦੇਸ਼ ਨਰ ਜਾਨਿ ਖੁਟਾਈ॥ ੪ ॥

ਪਿੰਡ ਦੇ ਬਾਹਰ ਹੀ ਆਪਣਾ ਡੇਰਾ ਕਰ ਲਿਆ ਤੇ ਸਾਰੀਆਂ ਵਸਤਾਂ ਸੰਭਾਲ ਕੇ ਉਥੇ ਧਰ ਦਿੱਤੀਆਂ। ਆਪਣੇ ਬੰਦਿਆਂ ਨੂੰ ਸਰਬ ਪ੍ਰਕਾਰ ਤਕੜਾਈ ਕਰਨ ਵਾਸਤੇ ਕਿਹਾ, ਕਿਉਂਕਿ ਉਹ ਪੰਜਾਬ ਦੇ ਲੋਕਾਂ ਦੀ ਖੁਟਾਈ ਨੂੰ ਜਾਣਦਾ ਸੀ॥੪॥

ਮਿਲਜੋ ਗੁਰੂ ਸੰਗ ਬੰਦਨ ਧਾਰਾ। ਸਭਿ ਪ੍ਰਸੰਗ ਭਾ ਤਥਾ ਉਚਾਰਾ।
'ਲੋਭ ਮਸੰਦਨ ਕੋ ਧਨ ਕੇਰੇ। ਬੇਮੁਖ ਭਏ ਕਪਾਟ ਸੁ ਭੇਰੇ॥ ੫ ॥

ਗੁਰੂ ਜੀ ਨੂੰ ਮਿਲ ਕੇ ਬੰਦਨਾ ਧਾਰਨ ਕੀਤੀ, ਸਾਰਾ ਪ੍ਰਸੰਗ ਉਸ ਤਰ੍ਹਾਂ ਉਚਾਰਨ ਕੀਤਾ, "ਮਸੰਦਾਂ ਨੂੰ ਧਨ ਦਾ ਬਹੁਤ ਲੋਭ ਹੈ, ਬੇਮੁਖ ਹੋ ਕੇ ਉਨ੍ਹਾਂ ਦਰਵਾਜ਼ੇ ਬੰਦ ਕੀਤੇ ਹਨ॥੫॥

ਅਜਹੁਂ ਨ ਸ਼ਰਧਾ ਜਿਨ ਕੇ ਭਈ। ਕੌਨ ਗੁਰੂ, ਪਾਰੁਖ ਨਹਿਂ ਅਈ।
ਮੈਂ ਤਰਜਨ ਕਰਿ ਸੁਜਸੁ ਉਚਾਰਾ। ਤਬਿ ਮਿਲਿਬੇ ਹਿਤ ਇਤ ਪਗ ਧਾਰਾ ॥੬॥

ਹਾਲੇ ਵੀ ਜਿਨ੍ਹਾਂ ਨੇ ਸ਼ਰਧਾ ਨਹੀਂ ਧਾਰਨ ਕੀਤੀ ਹੈ, ਕੌਣ ਗੁਰੂ ਹੈ, ਇਹ ਪ੍ਰੀਖਿਆ ਨਹੀਂ ਹੋਈ ਹੈ। ਮੈਂ ਤਾੜਨਾ ਕਰਕੇ ਸ੍ਰੇਸ਼ਟ ਜੱਸ ਉਚਾਰਨ ਕੀਤਾ, ਤਦ ਇਨ੍ਹਾਂ ਮਿਲਣ ਵਾਸਤੇ ਚਲਣ ਦੀ ਤਿਆਰੀ ਕੀਤੀ॥੬॥

ਧਨ ਹਿਤ ਗੁਰੂ ਸਥਾਨ ਸੰਭਾਰੇ। ਲੋਭ ਰਿਦੇ ਡਹਿਕਾਇ ਉਦਾਰੇ।
ਜੇ ਕਰਿ ਇਨਹੁਂ ਸਜ਼ਾਇ ਨ ਬਨੇ। ਕਰਿ ਹੰਕਾਰ ਅਫ਼ਰ ਹੈਂ ਘਨੇ॥ ੭ ॥

ਧਨ ਵਾਸਤੇ ਇਨ੍ਹਾਂ ਗੁਰੂ ਸਥਾਨ ਸੰਭਾਲੇ ਹਨ, ਦਿਲ ਜਿਨ੍ਹਾਂ ਦਾ ਬੜੇ ਲੋਭ ਵਿਚ ਭਟਕ ਰਿਹਾ ਹੈ। ਜੇ ਇਨ੍ਹਾਂ ਨੂੰ ਸਜ਼ਾ ਨਾ ਦਿੱਤੀ ਗਈ, ਤਾਂ ਹੰਕਾਰ ਕਰਕੇ ਬਹੁਤ ਆਫਰ ਜਾਣਗੇ॥੭॥

ਤੁਮ ਤੇ ਸ਼ੰਕਤਿ ਮੈਂ ਅਬਿ ਰਹਜੋ। ਤ੍ਰਾਸ ਦੇਨ ਕੋ ਨਹਿਂ ਕੁਛ ਕਹਜੋ'।
ਸੁਨਿ ਸ੍ਰੀ ਤੇਗ ਬਹਾਦਰ ਸ੍ਰਾਮੀ। ਬੋਲੇ ਜਾਨਿ ਮਸੰਦਨਿ ਖਾਮੀ॥ ੮ ॥

ਮੈਂ ਤੁਹਾਥੋਂ ਡਰਦਾ ਰਿਹਾ ਹਾਂ, ਮਸੰਦਾਂ ਨੂੰ ਡਰ ਪਾਉਣ ਬਾਰੇ ਤੁਸੀਂ ਕੁਝ ਨਹੀਂ ਕਿਹਾ ਹੈ।" ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਸਵਾਮੀ, ਮਸੰਦਾਂ ਵਿਚ ਖਾਮੀ ਜਾਣ ਕੇ ਬੋਲੇ॥੮॥

'ਇਨਹੁਂ ਸਜ਼ਾਇ ਦੇਨਿ ਕੋ ਭਾਰੀ। ਉਪਜਹਿਗੋ ਇਕ ਪੁਰਖ ਅਗਾਰੀ।
ਕਰਹਿ ਤਾੜਨਾ, ਪ੍ਰਾਨਨਿ ਹਾਨਹਿ। ਜਰਾਂ ਉਖਾਰਹਿ, ਕੋਇਕ ਮਾਨਹਿ॥ ੯ ॥

ਇਨ੍ਹਾਂ ਨੂੰ ਭਾਰੀ ਸਜ਼ਾਵਾਂ ਦੇਣ ਵਾਸਤੇ, ਅੱਗੇ ਜਾ ਕੇ ਇਕ ਮਹਾਂਪੁਰਖ ਪ੍ਰਗਟ ਹੋਣਗੇ, ਇਨ੍ਹਾਂ ਨੂੰ ਤਾੜਨਾ ਕਰਨਗੇ, ਇਨ੍ਹਾਂ ਨੂੰ ਜਾਨੋਂ ਮਾਰ ਦੇਣਗੇ ਤੇ ਇਨ੍ਹਾਂ ਦੀਆਂ ਜੜ੍ਹਾਂ ਉਖੇੜ ਦੇਣਗੇ। ਕਿਸੇ ਇਕ ਅੱਧੇ ਨੂੰ ਮੰਨਣਗੇ। ਭਾਵ ਵਿਰਲੇ-ਵਿਰਲੇ ਮਸੰਦ ਦੀ ਕਦਰ ਕਰਨਗੇ, ਜੈਸੇ ਭਾਈ ਫੇਰੂ ਆਦਿ ਮਸੰਦਾਂ ਦਾ ਸਨਮਾਨ ਹੋਇਆ ਸੀ॥੯॥

ਕਰਜੋ ਕ੍ਰਿਤ ਕੌ ਤਬਿ ਫਲ ਪਾਵੈਂ। ਗੁਰ ਸਿਖ ਅਪਨੇ ਮੁਖ ਨਹਿਂ ਲਾਵੈ'।
ਇਮ ਕਹਿ ਸਤਿਗੁਰੁ ਸੁਖੁਪਤਿ ਧਾਰੀ। ਮੱਖਣ ਗਾ ਨਿਜ ਸਿਵਰ ਮਝਾਰੀ ॥੧੦॥

ਆਪਣੀ ਚੰਗੀ ਕੀਤੀ ਕ੍ਰਿਤ ਦਾ ਫਿਰ ਫਲ ਪਾਉਣਗੇ, ਗੁਰੂ ਸਿੱਖ ਇਨ੍ਹਾਂ ਨੂੰ ਆਪਣੇ ਮੂੰਹ ਨਹੀਂ ਲਾਉਣਗੇ।" ਇਹ ਕਹਿ ਕੇ ਗੁਰੂ ਜੀ ਸੌਂ ਗਏ। ਮੱਖਣ ਸ਼ਾਹ ਆਪਣੇ ਡੇਰੇ ਵਿਚ ਚਲਾ ਗਿਆ॥੧੦॥

ਸੁਪਤਿ ਭਏ ਸੁਖ ਨਿਸਾ ਬਿਤਾਈ। ਜਾਗੇ ਬਹੁਰ ਪ੍ਰਾਤਿ ਹੁਇ ਆਈ।
ਭਏ ਤਯਾਰ ਮਗ ਕਰਨਿ ਪਯਾਨਾ। ਸੁੰਦਰ ਜ਼ੀਨ ਪਵਾਇ ਕਿਕਾਨਾ॥ ੧੧॥

ਆਰਾਮ ਨਾਲ ਸੌਂ ਕੇ ਰਾਤ ਬਿਤੀਤ ਕੀਤੀ, ਜਦ ਸਵੇਰ ਹੋ ਗਈ ਤਾਂ ਫਿਰ ਜਾਗ ਪਏ। ਤਿਆਰ ਹੋ ਕੇ ਫਿਰ ਚਲ ਪਏ, ਘੋੜੇ ਤੇ ਸੁੰਦਰ ਕਾਠੀ ਪਵਾਈ॥੧੧॥

ਭਏ ਅਰੂਢਨਿ ਮਾਰਗ ਚਾਲੇ। ਪਹੁੰਚੇ ਆਇ ਸੁ ਬੀਚ ਬਕਾਲੇ।
ਡੇਰਾ ਕਰਤਿ ਭਏ ਨਿਜ ਧਾਮ। ਮਿਲੇ ਮਾਤ ਕੌ ਕੀਨਿ ਪ੍ਰਨਾਮ॥ ੧੨॥

ਘੋੜੇ 'ਤੇ ਚੜ੍ਹ ਕੇ ਰਾਹੇ ਰਾਹ ਚਲ ਪਏ ਤੇ ਬਕਾਲੇ ਪਿੰਡ ਵਿਚ ਆ ਪਹੁੰਚੇ। ਆਪਣੇ ਘਰ ਵਿਚ ਡੇਰਾ ਕੀਤਾ ਤੇ ਆਪਣੇ ਮਾਤਾ ਜੀ ਨੂੰ ਮਿਲ ਕੇ ਪ੍ਰਨਾਮ ਕੀਤਾ॥੧੨॥

ਅਨਿਕ ਬਿਘਨ ਤੇ ਸੁਤ ਬਚਿ ਗਯੋ। ਯਾਂ ਤੇ ਅਧਿਕ ਨੇਹੁ ਉਰ ਭਯੋ।
ਮਿਲਿ ਕਰਿ ਮੁਖ ਸਿਰ ਪਰ ਕਰ ਫੇਰਾ। ਬਾਰਿ ਬਾਰਿ ਧਰਿ ਮੋਦ ਘਨੇਰਾ॥੧੩॥

ਅਨੇਕਾਂ ਵਿਘਨਾਂ ਤੋਂ ਪੁੱਤਰ ਬਚ ਗਿਆ ਹੈ, ਇਸ ਕਰਕੇ ਦਿਲ ਵਿਚ ਬਹੁਤ ਪ੍ਰੇਮ ਭਰ ਆਇਆ। ਗੁਰੂ ਜੀ ਨੂੰ ਮਿਲ ਕੇ ਉਸ ਦੇ ਮੁੱਖ ਅਤੇ ਸਿਰ ਤੇ ਹੱਥ ਫੇਰਿਆ, ਬਾਰ-ਬਾਰ ਬਹੁਤ ਪ੍ਰਸੰਨਤਾ ਧਾਰਨ ਕੀਤੀ॥੧੩॥

ਤੈਸੇ ਮੱਖਣ ਉਤਰਯੋ ਆਨਿ। ਡੇਰਾ ਕਰਤਿ ਭਯੋ ਨਿਜ ਥਾਨ।
ਖਾਨ ਪਾਨ ਕਰਿ ਕੈ ਸਭਿ ਭਾਂਤੀ। ਸੁਪਤੇ ਤਿਮਰ ਪ੍ਰਵਿਰਤੇ ਰਾਤੀ॥ ੧੪॥

ਉਸ ਤਰ੍ਹਾਂ ਹੀ ਮੱਖਣ ਸ਼ਾਹ ਨੇ ਵੀ ਆ ਉਤਾਰਾ ਕੀਤਾ ਤੇ ਆਪਣੇ ਪਹਿਲੇ ਥਾਂ 'ਤੇ ਹੀ ਡੇਰਾ ਲਾ ਲਿਆ। ਸਭ ਪ੍ਰਕਾਰ ਖਾ ਪੀ ਕੇ, ਹਨੇਰਾ ਹੁੰਦਿਆਂ ਹੀ ਰਾਤ ਨੂੰ ਸੌਂ ਗਏ॥੧੪॥

ਜਾਮ ਜਾਮਨੀ ਜਾਗ੍ਰਨ ਕਰੇ। ਬਿਧਿ ਤੇ ਸੌਚ ਸੁ ਮੱਜਨ ਕਰੇ।
ਬਿਦਤੀ ਬਾਤ ਜਹਾਂ ਕਹਿਂ ਦੇਸੁ। ਬਿਦਤ ਭਏ ਸਤਿਗੁਰੂ ਵਿਸ਼ੇਸ਼॥ ੧੫॥

ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪਏ, ਚੰਗੀ ਵਿਧੀ ਅਨੁਸਾਰ ਸੌਚ ਅਤੇ ਇਸ਼ਨਾਨ ਕੀਤਾ। ਦੇਸ਼ ਵਿਚ ਜਿੱਥੇ ਕਿੱਥੇ ਇਹ ਗੱਲ ਪ੍ਰਗਟ ਹੋ ਗਈ ਕਿ ਸੱਚੇ ਸਤਿਗੁਰੂ ਜੀ ਪ੍ਰਗਟ ਹੋ ਗਏ ਹਨ॥੧੫॥

ਮੰਜੀ ਅਪਰ ਸੋਢੀਅਨਿ ਲਾਈ। ਲੱਜਿਤਿ ਹੋਤਿ ਗਏ ਨਿਜ ਥਾਈਂ।
ਸ਼੍ਰੀ ਗੁਰ ਹਰਿਗੋਵਿੰਦ ਕੋ ਨੰਦ। ਗੁਰਤਾ ਗਾਦੀ ਥਿਰੇ ਬਿਲੰਦ॥ ੧੬॥

ਜਿਹੜੀਆਂ ਹੋਰ ਸੋਢੀਆਂ ਨੇ ਮੰਜੀਆਂ ਲਾਈਆਂ ਸਨ, ਉਹ ਸ਼ਰਮਿੰਦੇ ਹੋਏ ਆਪਣੇ ਆਪਣੇ ਘਰਾਂ ਨੂੰ ਚਲੇ ਗਏ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੁੱਤਰ, ਉੱਚੀ ਗੁਰਤਾ-ਗੱਦੀ ਤੇ ਬੈਠੇ ਸਨ॥੧੬॥

ਕਹੈਂ ਪਰਸਪਰ ਸਿਖ ਪੁਰਿ ਗ੍ਰਾਮ। ਸਭਿ ਬਿਧਿ ਸੁਜਸੁ ਸੁਨਹਿਂ ਅਭਿਰਾਮ।
ਨਿਕਟ ਕਿ ਦੂਰ ਦਰਸ ਕੇ ਹੇਤੁ। ਆਵਤਿ ਗਮਨੇ ਤਜੇ ਨਿਕੇਤ॥ ੧੭॥

ਨਗਰਾਂ ਗ੍ਰਾਮਾਂ ਵਿਚ ਸਿੱਖ ਆਪਸ ਵਿਚ ਕਹਿੰਦੇ ਸਨ, ਸਭ ਪ੍ਰਕਾਰ ਉਨ੍ਹਾਂ ਦਾ ਸ੍ਰੇਸ਼ਟ ਸੁੰਦਰ ਜੱਸ ਸੁਣਦੇ ਹਾਂ। ਦੂਰ ਨੇੜੇ ਤੋਂ ਸੰਗਤਾਂ ਦਰਸ਼ਨ ਕਰਨ ਵਾਸਤੇ ਆਉਂਦੀਆਂ ਸਨ ਆਪਣੇ ਘਰ ਛੱਡ ਕੇ ਚਲੇ ਆਉਂਦੇ ਸਨ॥੧੭॥

ਅਨਿਕ ਅਕੋਰਨਿ ਕੋ ਲੈ ਆਵਹਿਂ। ਗ੍ਰਾਮ ਬਕਾਲੇ ਕੀ ਦਿਸ਼ਿ ਧਾਵਹਿਂ।
ਜਬਿ ਬੈਠਹਿਂ ਸ਼੍ਰੀ ਤੇਗ ਬਹਾਦਰ। ਸੰਗਤਿ ਆਨਿ ਖਰੀ ਹੁਇ ਹਾਦਰ॥੧੮॥

ਅਨੇਕ ਪ੍ਰਕਾਰ ਦੇ ਉਪਹਾਰ ਲੈ ਕੇ ਆਉਂਦੇ ਸਨ ਤੇ ਬਕਾਲੇ ਪਿੰਡ ਵਲ ਭੱਜੇ ਆਉਂਦੇ ਸਨ। ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਬੈਠ ਜਾਂਦੇ ਸਨ, ਸੰਗਤ ਆ ਕੇ ਖੜੀ ਹੋ ਕੇ ਹਾਜ਼ਰ ਹੋ ਜਾਂਦੀ ਸੀ॥੧੮॥

ਦਰਬ ਆਦਿ ਬਹੁ ਧਰਹਿਂ ਅਗਾਰੀ। ਬੰਦਨ ਕਰਹਿਂ ਭਾਉ ਕੋ ਧਾਰੀ।
ਆਵਨਿ ਲਗੀ ਭੇਟ ਚਹੂੰ ਓਰ। ਮਾਨਹਿਂ ਸਿੱਖ ਝੁਕੈਂ ਕਰ ਜੋਰਿ॥ ੧੯॥

ਧਨ ਆਦਿ ਬਹੁਤ ਅੱਗੇ ਧਰਦੇ ਸਨ ਤੇ ਪ੍ਰੇਮ ਧਾਰ ਕੇ ਬੰਦਨਾ ਕਰਦੇ ਸਨ। ਚਾਰੇ ਪਾਸਿਆਂ ਤੋਂ ਭੇਟ ਆਉਣ ਲੱਗੀ। ਸਿੱਖ ਮੰਨਦੇ ਸਨ ਤੇ ਹੱਥ ਜੋੜ ਕੇ ਅੱਗੇ ਝੁਕਦੇ ਸਨ॥੧੯॥

ਸੁਨਹਿਂ ਬਿਲੋਕਹਿਂ ਸੋਢੀ ਸਾਰੇ। ਜਰਹਿਂ ਨਹੀਂ, ਉਰ ਜਰਹਿਂ ਕੁਢਾਰੇ।
ਦ੍ਵੈਸ਼ ਉਪਾਵਤਿ ਕਟੁ ਬਚ ਕਹੈਂ। ਨਹੀਂ ਮਹਾਤਮ ਗੁਰ ਕੋ ਲਹੈਂ॥ ੨੦॥

ਸੁਣ ਕੇ ਸਾਰੇ ਸੋਢੀ ਵੇਖਦੇ ਸਨ, ਸਹਾਰ ਨਹੀਂ ਸੀ ਸਕਦੇ, ਖੋਟੇ ਹਿਰਦੇ ਵਿਚ ਸੜਦੇ ਸਨ। ਈਰਖਾ ਕਰਦੇ ਤੇ ਕੁਟਲ ਬਚਨ ਕਹਿੰਦੇ ਸਨ। ਉਹ ਗੁਰੂ ਜੀ ਦੇ ਮਹਾਤਮ ਨੂੰ ਨਹੀਂ ਸੀ ਸਮਝਦੇ॥੨੦॥

ਕਿਤਿਕ ਦਿਵਸ ਰਹਿ ਮੱਖਣ ਸ਼ਾਹੂ। ਅਪਨੇ ਦੇਸ਼ ਗਮਨ ਕਰਿ ਚਾਹੂ।
ਬਹੁ ਦਿਨ ਬਿਤੇ ਛੋਰਿ ਘਰ ਆਯੋ। ਪੂਰੀ ਕਾਮਨਾ ਦਰਸ਼ਨ ਪਾਯੋ॥ ੨੧॥

ਕਈ ਦਿਨ ਰਹਿ ਕੇ ਮੱਖਣ ਸ਼ਾਹ, ਆਪਣੇ ਦੇਸ਼ ਨੂੰ ਜਾਣਾ ਚਾਹੁੰਦਾ ਸੀ। ਬਹੁਤ ਦਿਨ ਬੀਤ ਗਏ ਸਨ, ਜਦ ਘਰ ਛੱਡ ਕੇ ਆਇਆ ਸੀ, ਗੁਰੂ ਜੀ ਦੇ ਦਰਸ਼ਨ ਪਾ ਕੇ ਕਾਮਨਾ ਪੂਰੀ ਹੋਈ ਸੀ॥੨੧॥

ਰਿਦੈ ਬਿਚਾਰਤਿ ਇਕ ਦਿਨ ਐਸੇ। ਚਲਿ ਆਯਹੁ ਜਹਿਂ ਸਤਿਗੁਰ ਬੈਸੇ।
ਨਿੰਮ੍ਰਿ ਹੋਇ ਕਰਿ ਬੰਦਨ ਠਾਨੀ। ਪ੍ਰੇਮ ਜਨਾਵਤਿ ਬੋਲਜੋ ਬਾਨੀ॥ ੨੨॥

ਇਸ ਤਰ੍ਹਾਂ ਹਿਰਦੇ ਵਿਚ ਵਿਚਾਰ ਕੇ ਇਕ ਦਿਨ ਉਥੇ ਚਲ ਕੇ ਆ ਗਿਆ ਜਿਥੇ ਗੁਰੂ ਜੀ ਬੈਠੇ ਸਨ। ਸਨਿਮਰ ਹੋ ਕੇ ਬੰਦਨਾ ਕੀਤੀ, ਪ੍ਰੇਮ ਜਤਾ ਕੇ ਬੋਲਿਆ॥੨੨॥

ਦੂਰ ਅਧਿਕ ਤੇ ਮੈਂ ਚਲਿ ਆਯੋ। ਬਾਂਛਤਿ ਰਾਵਰਿ ਦਰਸ਼ਨ ਪਾਯੋ।
ਭਯੋ ਕ੍ਰਿਤਾਰਥ ਅਬਿ ਸਭਿ ਭਾਂਤੀ। ਹਤਿ ਸੰਸੈ ਭਾ, ਸੀਤਲ ਛਾਤੀ॥ ੨੩॥

ਮੈਂ ਬਹੁਤ ਦੂਰ ਤੋਂ ਚਲ ਕੇ ਆਇਆ ਹਾਂ, ਮਨ ਇੱਛਤ ਆਪ ਜੀ ਦੇ ਦਰਸਨ ਕੀਤੇ ਹਨ। ਹੁਣ ਮੈਂ ਸਭ ਪ੍ਰਕਾਰ ਕ੍ਰਿਤਾਰਥ ਹੋ ਗਿਆ ਹਾਂ, ਹੁਣ ਸਭ ਪ੍ਰਕਾਰ ਸੰਸੇ ਦੂਰ ਹੋ ਗਏ ਹਨ ਤੇ ਛਾਤੀ ਵਿਚ ਠੰਡ ਪੈ ਗਈ ਹੈ॥੨੩॥

ਚਿਰੰਕਾਲ ਭਾ ਤਜੇ ਨਿਕੇਤ। ਚਲਜੋ ਚਹਤਿ ਤੁਮ ਨਾਮ ਸਮੇਤ।
ਸੁਨਿ ਸਤਿਗੁਰ ਕਹਿ ਸਹਜ ਸੁਭਾਇ। 'ਹਮ ਤੇ ਭੀ ਇਤ ਬਸਜੋ ਨ ਜਾਇ॥੨੪॥

ਘਰ ਨੂੰ ਛੱਡੇ ਨੂੰ ਬਹੁਤ ਦੇਰ ਹੋ ਗਈ ਹੈ, ਤੁਹਾਡੇ ਨਾਮ ਸਹਿਤ ਹੁਣ ਚਲਣਾ ਚਾਹੁੰਦਾ ਹਾਂ। ਇਹ ਸੁਣ ਕੇ ਸਤਿਗੁਰੂ ਜੀ ਨੇ ਸਹਿਜ ਸੁਭਾਅ ਕਿਹਾ, "ਸਾਥੋਂ ਵੀ ਏਥੇ ਰਿਹਾ ਨਹੀਂ ਜਾਂਦਾ ਹੈ॥੨੪॥

ਤਜਹਿਂ ਦੇਸ਼ ਹੁਇਂ ਸਤੁੱਦ੍ਰਵ ਪਾਰ। ਕਹੂੰ ਕਰਹਿੰਗੇ ਅਪਨਿ ਅਗਾਰ।
ਮਤਸਰ ਇਹਾਂ ਕਰਤਿ ਹੈਂ ਘਨੇ। ਅਸ ਨ ਹੋਇ ਕੋ ਜਾਵਹਿਂ ਹਨੇ॥ ੨੫॥

ਇਸ ਦੇਸ਼ ਨੂੰ ਛੱਡ ਕੇ ਸਤਲੁਜ ਦਰਿਆ ਪਾਰ ਕਰਾਂਗੇ ਤੇ ਕਿਤੇ ਅੱਗੇ ਜਾ ਕੇ ਆਪਣਾ ਘਰ ਬਣਾਵਾਂਗੇ। ਏਥੇ ਸੋਢੀ ਬਹੁਤ ਈਰਖਾ ਕਰਦੇ ਹਨ, ਐਸਾ ਨਾ ਹੋਵੇ ਕਿ ਕੋਈ ਮਾਰਿਆ ਜਾਵੇ ਭਾਵ ਕੋਈ ਬਖੇੜਾ ਵਧ ਕੇ ਲੜਾਈ ਖੜੀ ਹੋ ਜਾਵੇ ਤੇ ਕਿਸੇ ਦੇ ਮਾਰੇ ਜਾਣ ਤਕ ਨੌਬਤ ਅੱਪੜ ਜਾਵੇ॥੨੫॥

ਜਹਾਂ ਸ਼ਾਂਤਿ ਹੁਇ ਬਿਨਾ ਬਖੇਰੇ। ਤਹਾਂ ਕੁਸ਼ਲ ਹ੍ਵੈ ਬਸਿਬੇ ਕੇਰੋ।
ਸ੍ਰੀ ਹਰਿ ਕ੍ਰਿਸ਼ਨ ਬਾਕ ਕੋ ਕਹੇ। ਗ੍ਰਾਮ ਬਕਾਲੇ ਗੁਰਤਾ ਲਹੇ॥ ੨੬॥

ਜਿੱਥੇ ਝਗੜੇ ਤੋਂ ਬਗੈਰ ਸ਼ਾਂਤੀ ਹੋਵੇ, ਉਥੇ ਵਸਣਾ ਕੁਸ਼ਲ ਹੋਵੇਗਾ। ਸ੍ਰੀ ਹਰਿਕ੍ਰਿਸ਼ਨ ਜੀ ਨੇ ਜਿਹੜੇ ਬਚਨ ਕਹੇ ਹਨ ਕਿ ਪਿੰਡ ਬਕਾਲੇ ਵਿਚ ਜਿਹੜੇ ਰਹਿੰਦੇ ਹਨ, ਉਹ ਗੁਰਤਾ ਪ੍ਰਾਪਤ ਕਰਨਗੇ॥੨੬॥

*ਨੋਟ :- ਅੰਕ ੧੬ ਵਿਚ ਕਹਿ ਆਏ ਹਨ ਕਿ ਸਾਰੇ ਸੋਢੀ ਸ਼ਰਮਿੰਦੇ ਹੋ ਕੇ ਚਲੇ ਗਏ ਸਨ, ਉਨ੍ਹਾਂ ਦੀ ਈਰਖਾ ਬਾਰੇ ਏਥੇ ਕਹਿਣਾ ਯੋਗ ਨਹੀਂ ਜਾਪਦਾ ਹੈ।*

ਯਾਂਤੇ ਇਹਾਂ ਬਸਨਿ ਸਭਿ ਚਾਹੈਂ। ਵਧਹਿ ਦ੍ਵੈਸ਼ ਪੁਨ ਆਪਸ ਮਾਂਹੈ।
ਆਗੇ ਧੀਰਮੱਲ ਬਹੁ ਕੀਨਿ। ਕਹਾਂ ਲਾਭ ਹੋਯਹੁ ਦੁਖ ਭੀਨ'॥ ੨੭॥

ਇਸ ਕਰਕੇ ਏਥੇ ਸਾਰੇ ਵੱਸਣਾ ਚਾਹੁੰਦੇ ਹਨ, ਫਿਰ ਆਪਸ ਵਿਚ ਈਰਖਾ ਵਧੇਗੀ। ਅੱਗੇ ਧੀਰਮੱਲ ਨੇ ਬਹੁਤ ਕੁਝ ਕੀਤਾ ਹੈ, ਦੁਖ ਪ੍ਰਾਪਤ ਕਰਨ ਤੋਂ ਬਗੈਰ ਕੀ ਲਾਭ ਹੋਇਆ ਹੈ'॥੨੭॥

ਇਮ ਕਹਿ ਸ੍ਰੀ ਸਤਿਗੁਰੁ ਭੇ ਤਜਾਰ। ਜਨਨੀ ਸੋਂ ਤਬਿ ਕੀਨਿ ਉਚਾਰਿ।
'ਅਪਰ ਗ੍ਰਾਮ ਬਸਿਬੋ ਅਬਿ ਬਨੈ। ਦ੍ਵੈਸ਼ੀ ਦ੍ਵੈਸ਼ ਕਰਤਿ ਇਤ ਘਨੈ'॥ ੨੮॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਤਿਆਰ ਹੋ ਗਏ, ਫਿਰ ਆਪਣੇ ਮਾਤਾ ਜੀ ਨੂੰ ਕਿਹਾ, "ਕਿਸੇ ਹੋਰ ਨਗਰ ਜਾਂ ਪਿੰਡ ਵਿਚ ਹੁਣ ਵੱਸਣਾ ਬਣਦਾ ਹੈ, ਏਥੇ ਈਰਖਾਲੂ ਬਹੁਤ ਈਰਖਾ ਕਰਦੇ ਹਨ॥੨੮॥

ਇੱਤਜਾਦਿਕ ਕਹਿ ਕੈ ਸੰਗ ਮਾਤ। ਸੁਪਤੇ ਸਤਿਗੁਰ ਬਿਤੀ ਸੁ ਰਾਤਿ।
ਭਈ ਪ੍ਰਭਾਤਿ ਸੌਚ ਸਭਿ ਕੀਨਿ। ਮੱਜਨ ਕਰਜੋ ਪਹਿਰਿ ਪਟ ਲੀਨਿ॥ ੨੯॥

ਇਤਿਆਦਿ ਗੱਲਾਂ ਮਾਤਾ ਜੀ ਨਾਲ ਕਹਿ ਕੇ, ਸਤਿਗੁਰੂ ਜੀ ਸੌਂ ਗਏ ਤੇ ਰਾਤ ਬੀਤ ਗਈ। ਸਵੇਰ ਹੋਣ ਤੇ ਸਭ ਪ੍ਰਕਾਰ ਸੌਚ ਕੀਤੀ ਤੇ ਇਸ਼ਨਾਨ ਕਰਕੇ ਕਪੜੇ ਪਹਿਣ ਲਏ॥੨੯॥

ਮਾਤ ਨਾਨਕੀ ਲਖਿ ਸਭਿ ਬਾਤ। ਨਹਿਂ ਰਹਿਬੇ ਕੀ ਮਰਜ਼ੀ ਤਾਤ।
ਘਰ ਕੀ ਵਸਤੁ ਸਰਬ ਸੰਭਵਾਈ। ਚਿਰੰਕਾਲ ਕੀ ਬਸਤਿ ਜੁ ਹਾਈ॥ ੩੦॥

ਮਾਤਾ ਨਾਨਕੀ ਜੀ ਸਭ ਗੱਲ ਸਮਝ ਗਈ ਕਿ ਮੇਰੇ ਪੁੱਤਰ ਦੀ ਇਸ ਥਾਂ ਰਹਿਣ ਦੀ ਮਰਜ਼ੀ ਨਹੀਂ ਹੈ। ਘਰ ਦੀਆਂ ਸਾਰੀਆਂ ਵਸਤਾਂ ਸੰਭਾਲੀਆਂ, ਜਿੱਥੇ ਬੜੇ ਲੰਮੇ ਸਮੇਂ ਤੋਂ ਉਹ ਵੱਸਦੇ ਆ ਰਹੇ ਸਨ॥੩੦॥

ਨਹਿਂ ਚਿਤ ਚਹਤਿ ਤਜਾਗਿਬੇ ਗ੍ਰਾਮੂ। ਪਤਿ ਪਾਛੇ ਬਾਸੀ ਕਰਿ ਧਾਮੂ।
ਤਊ ਜਾਨਿ ਸਭਿ ਰੀਤਿ ਲਚਾਰੀ। ਵਸਤੁ ਸੰਭਾਰਤਿ ਦ੍ਰਿਗ ਜਲ ਡਾਰੀ॥ ੩੧॥

ਉਹ ਆਪਣੇ ਚਿੱਤ ਵਿਚ ਪਿੰਡ ਨੂੰ ਛੱਡਣਾ ਨਹੀਂ ਸੀ ਚਾਹੁੰਦੇ ਸਨ। ਆਪਣੇ ਪਤੀ ਜੀ ਦੇ ਬਾਅਦ ਉਥੇ ਘਰ ਬਣਾ ਕੇ ਵਸੀ ਸੀ। ਫਿਰ ਵੀ ਸਾਰੀ ਲਚਾਰੀ ਦੀ ਰੀਤੀ ਜਾਣ ਕੇ ਵਸਤਾਂ ਸੰਭਾਲਦੀ ਅੱਖਾਂ ਵਿਚੋਂ ਜਲ ਡੋਗ ਰਹੀ ਸੀ॥੩੧।

ਜ਼ੀਨ ਤੁਰੰਗਨ ਪਰ ਸ਼ੁਭ ਪਾਏ। ਮੱਖਣ ਤਜਾਰ ਭਯੋ ਸਹਿਸਾਏ।
ਸਭਿ ਦਾਸਨਿ ਸੋਂ ਕੀਨਿ ਉਚਾਰੀ। 'ਆਨਹੁ ਸਗਰੀ ਵਸਤੁ ਸੰਭਾਰੀ॥ ੩੨॥

ਘੋੜਿਆਂ ਉਤੇ ਸ਼ੁਭ ਕਾਠੀਆਂ ਪਾਈਆਂ, ਮੱਖਣ ਸ਼ਾਹ ਬਹੁਤ ਜਲਦੀ ਤਿਆਰ ਹੋ ਗਿਆ। ਫਿਰ ਸਾਰੇ ਦਾਸਾਂ ਨੂੰ ਉਚਾਰਨ ਕੀਤਾ, "ਸਾਰੀਆਂ ਵਸਤਾਂ ਸੰਭਾਲ ਕੇ ਲੈ ਆਵੋ॥੩੨॥

ਗੁਰ ਘਰ ਕੀ ਅਰੁ ਅਪਣੀ ਜੇਤੀ। ਲੇ ਕਰਿ ਆਵਹੁ ਬੇਗ ਸਮੇਤੀ'।
ਇਮ ਕਹਿ ਆਨਿ ਮਿਲਜੋ ਗੁਰੁ ਸੰਗ। ਕੀਨਸਿ ਬੰਦਨ ਉਤਰਿ ਤੁਰੰਗ॥੩੩॥

ਗੁਰੂ ਘਰ ਅਤੇ ਆਪਣੀਆਂ ਜਿੰਨੀਆਂ ਵੀ ਵਸਤਾਂ ਹਨ, ਸਾਰੀਆਂ ਛੇਤੀ ਨਾਲ ਸੰਭਾਲ ਕੇ ਲੈ ਆਵੋ।" ਇਸ ਤਰ੍ਹਾਂ ਕਹਿ ਕੇ ਮੱਖਣ ਸ਼ਾਹ ਗੁਰੂ ਜੀ ਨੂੰ ਆ ਮਿਲਿਆ ਤੇ ਘੋੜੇ ਉਤੋਂ ਉੱਤਰ ਕੇ ਬੰਦਨਾ ਕੀਤੀ॥੩੩॥

ਹਾਥ ਜੋਰਿ ਕਰਿ ਗਿਰਾ ਉਚਾਰੀ। 'ਚਢਹੁ ਆਪ ਨਹਿਂ ਕਰਹੁ ਅਵਾਰੀ।
ਸਲਿਤਾ ਤਰਨੀ ਪਰ ਚਢਿ ਤਰਨੀ। ਮਿਲਹਿਂ ਆਇ ਸਭਿ,ਵਸਤੁ ਸੰਭਾਰਿਨੀ'॥੩੪॥

ਹੱਥ ਜੋੜ ਕੇ ਬੋਲਿਆ, "ਹੁਣ ਘੋੜੇ ਤੇ ਚੜ੍ਹੋ ਕੋਈ ਦੇਰ ਨਾ ਲਾਵੋ। ਜਿਥੇ ਨਦੀ ਪਾਰ ਹੋਣ ਲਈ ਬੇੜੀ ਤੇ ਚੜ੍ਹਨਾ ਹੈ, ਉਥੇ ਬਾਅਦ ਵਿਚ ਸਾਰੇ ਹੋਰ ਸਾਥੀ ਚੀਜ਼ਾਂ ਸੰਭਾਲ ਕੇ ਆ ਮਿਲਣਗੇ"॥੩੪॥

ਸੁਨਿ ਸ੍ਰੀ ਤੇਗ ਬਹਾਦਰ ਚੰਦ। ਕਹਿ ਬੜਵਾ ਮੰਗਵਾਇ ਬਿਲੰਦ।
ਸਜਤਿ ਜ਼ੀਨ ਜੁਤਿ ਲੇ ਕਰਿ ਆਵਾ। ਆਗੇ ਖਰੋ ਦਾਸ ਦ੍ਰਿਸ਼ਟਾਵਾ॥੩੫॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬੜੀ ਬਲਵਾਨ ਘੋੜੀ ਮੰਗਵਾਈ। ਸੇਵਕ ਕਾਠੀ ਸਹਿਤ ਸਜਾਈ ਹੋਈ ਘੋੜੀ ਲੈ ਆਇਆ। ਅੱਗੇ ਖੜਾ ਹੋਇਆ ਦਾਸ ਦਿਖਾਈ ਦਿੱਤਾ॥੩੫॥

ਸ੍ਰੀ ਨਾਨਕ ਕੋ ਤਬਹਿ ਮਨਾਇ। ਉਠਿ ਸ੍ਰੀ ਤੇਗ ਬਹਾਦਰ ਰਾਇ।
ਲੇ ਮੱਖਨ ਕੋ ਅਪਨੇ ਸੰਗ। ਚਢੇ ਤੁਰੰਗਨਿ ਪਰ ਸ਼ੁਭ ਰੰਗ॥੩੬॥

ਫਿਰ ਉੱਠ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਧਿਆਇਆ। ਤੇ ਮੱਖਣ ਸ਼ਾਹ ਨੂੰ ਆਪਣੇ ਨਾਲ ਲੈ ਕੇ ਘੋੜਿਆਂ ਉਤੇ ਚੜ੍ਹ ਪਏ॥੩੬॥

ਦਾਸ ਛੋਰਿ ਤਬਿ ਗਹਾਈ। ਮਾਰਗ ਗਮਨ ਕੀਨਿ ਅਗਵਾਈ।
ਪਾਛੇ ਮੱਖਨ ਚਢਿ ਕਰਿ ਪਜਾਨਾ। ਸੰਗ ਕਿਤਿਕ ਅਸਵਾਰ ਸੁਜਾਨਾ॥੩੭॥

ਦਾਸ ਨੇ ਫਿਰ ਆਪਣੇ ਹੱਥੋਂ ਛੱਡ ਕੇ ਵਾਗ ਗੁਰੂ ਜੀ ਨੂੰ ਫੜਾਈ। ਗੁਰੂ ਜੀ ਸਭ ਦੇ ਅੱਗੇ ਲੱਗ ਕੇ ਚਲ ਪਏ। ਮੱਖਣ ਸ਼ਾਹ ਸਵਾਰ ਹੋ ਕੇ ਪਿੱਛੇ ਪਿੱਛੇ ਚਲ ਪਿਆ, ਨਾਲ ਬਹੁਤ ਸਵਾਰ ਸਨ॥੩੭॥

ਸ੍ਰੀ ਗੁਜਰੀ ਕੋ ਭ੍ਰਾਤਾ ਅਹੈ। ਨਾਮ ਕ੍ਰਿਪਾਲ ਤਿਸੀ ਕੋ ਕਹੈਂ।
ਸੋ ਤੁਰੰਗ ਪਰ ਹ੍ਵੈ ਅਸਵਾਰ। ਕੀਨਸਿ ਤਜਾਰੀ ਗੁਰ ਕੀ ਲਾਰ॥੩੮॥

ਮਾਤਾ ਗੁਜਰੀ ਜੀ ਦੇ ਭਰਾ ਨਾਲ ਸਨ, ਉਨ੍ਹਾਂ ਦਾ ਨਾਮ ਕਿਰਪਾਲ ਚੰਦ ਕਹਿੰਦੇ ਸਨ। ਉਹ ਵੀ ਘੋੜੇ ਉਤੇ ਅਸਵਾਰ ਹੋ ਗਏ, ਉਹ ਵੀ ਤਿਆਰੀ ਕਰਕੇ ਗੁਰੂ ਜੀ ਨਾਲ ਜਾ ਰਹੇ ਸਨ॥੩੮॥

ਅਪਰ ਦਾਸ ਕੇਤਿਕ ਸੰਗ ਹੋਏ। ਕੇਤਿਕ ਵਸਤੁ ਸੰਭਾਰਤਿ ਜੋਏ।
ਸਨੇ ਸਨੇ ਸ੍ਰੀ ਸਤਿਗੁਰ ਚਾਲੇ। ਪਰਜੋ ਬਹੀਰ ਦਾਸ ਬਹੁ ਨਾਲੇ॥੩੯॥

ਹੋਰ ਕਈ ਦਾਸ ਨਾਲ ਹੋ ਗਏ, ਕਈ ਵਸਤਾਂ ਨੂੰ ਸੰਭਾਲ ਰਹੇ ਸਨ। ਹੌਲੀ-ਹੌਲੀ ਸ੍ਰੀ ਸਤਿਗੁਰ ਜੀ ਚਲ ਪਏ, ਫਿਰ ਸਾਰੀ ਵਹੀਰ ਚਲ ਪਈ ਜਿਸ ਨਾਲ ਬਹੁਤ ਸੇਵਕ ਸਨ॥੩੯॥

ਇਕ ਆਗੈ ਇਕ ਪਾਛੈ ਆਇ। ਗਮਨੇ ਇਮ ਉਰ ਸ਼ੋਕ ਉਪਾਇ।
ਰਿਦੈ ਬਿਚਾਰਹਿ ਗੁਰਤਾ ਗਾਦੀ। ਭਈ ਬਿਦਤ ਸਿੱਖਜਨਿ ਅਹਿਲਾਦੀ ॥੪੦॥

ਇਕ ਅੱਗੇ ਆਉਂਦਾ ਸੀ, ਇਕ ਪਿੱਛੇ ਆਉਂਦਾ ਸੀ। ਹਿਰਦੇ ਵਿਚ ਦੁਖ ਪ੍ਰਾਪਤ ਕਰਕੇ ਚਲ ਪਏ। ਹਿਰਦੇ ਵਿਚ ਵਿਚਾਰਦੇ ਸਨ, ਮਹਾਨ ਗੁਰਤਾ-ਗੱਦੀ ਸਿੱਖਾਂ ਵਿਚ ਪ੍ਰਗਟ ਹੋਈ ਹੈ॥੪੦॥

ਤਊ ਸ਼ਰੀਕਾ ਸੋਢੀ ਕਰੈਂ। ਨਾਹਕ ਬੈਰ ਪਰਸਪਰ ਧਰੈਂ।
ਇਹ ਬਡ ਖੋਟ ਦੇਤਿ ਦੁਖ ਭਾਰੀ। ਬਸਤਿ ਬਕਾਲੇ ਗ੍ਰਾਮ ਮਝਾਰੀ ॥ ੪੧ ॥

ਫਿਰ ਵੀ ਸੋਢੀ ਸ਼ਰੀਕਾ ਕਰਦੇ ਸਨ, ਖਾਹਮਖਾਹ ਫ਼ਜ਼ੂਲ ਵਿਚ ਆਪਸ ਵਿਚ ਵੈਰ ਧਾਰਨ ਕਰਦੇ ਸਨ। ਇਹ ਵੱਡਾ ਖੋਟ ਬਹੁਤ ਦੁੱਖ ਦਿੰਦਾ ਹੈ, ਜਿਥੇ ਬਕਾਲੇ ਪਿੰਡ ਵਿਚ ਨੌਵੇਂ ਗੁਰੂ ਜੀ ਵੱਸਦੇ ਸਨ॥੪੧॥

ਹੇਰਿ ਬੈਰ ਕੋ ਛੋਰਨਿ ਕਰਜੋ। ਅਪਰ ਥਾਨ ਬਸਿਬੇ ਚਿਤ ਧਰਜੋ।
ਕਿਸ ਕੌ ਸੁਧਿ ਕਿਸ ਥਲ ਚਲਿ ਜਾਵੈਂ। ਕਹਾਂ ਥਿਰਹਿ ਨਿਜ ਗ੍ਰਾਮ ਬਸਾਵੈਂ ॥੪੨ ॥

ਅਜਿਹਾ ਵੈਰ ਵੇਖ ਕੇ ਛੱਡ ਦਿੱਤਾ, ਕਿਸੇ ਥਾਂ ਹੋਰ ਜਾ ਕੇ ਵਸਣਾ ਮਨ ਵਿਚ ਧਾਰਨ ਕੀਤਾ। ਕਿਸੇ ਨੂੰ ਪਤਾ ਨਹੀਂ ਸੀ ਕਿ ਕਿਸ ਥਾਂ ਚਲੇ ਜਾਣਗੇ, ਕਿੱਥੇ ਬੈਠ ਕੇ ਪਿੰਡ ਵਸਾਉਣਗੇ॥੪੨॥

ਇੱਤ੍ਯਾਦਿਕ ਗਿਣਤੀ ਮਹਿ ਦਾਸ। ਗਮਨੇ ਸੰਗ ਸੁ ਰਿਦੇ ਉਦਾਸ।
ਸ੍ਰੀ ਗੁਰ ਤੇਗ ਬਹਾਦਰ ਚਲੇ। ਮੱਖਣ ਸੰਗ ਸੁਭਟ ਗਨ ਭਲੇ॥ ੪੩ ॥

ਦਾਸ ਇਤਿਆਦਿ ਗਿਣਤੀਆਂ ਕਰਦੇ ਸਨ, ਜਿਹੜੇ ਨਾਲ ਗਏ ਸਨ, ਉਨ੍ਹਾਂ ਦੇ ਹਿਰਦੇ ਉਦਾਸ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਚਲੇ ਜਾ ਰਹੇ ਸਨ, ਮੱਖਣ ਸ਼ਾਹ ਦੇ ਨਾਲ ਬਹੁਤ ਭਾਰੀ ਸੂਰਬੀਰ ਸਨ॥੪੩॥

ਕੁਛ ਮਗ ਉਲੰਘਤਿ ਪਹੁਚੇ ਆਇ। ਨਦੀ ਬਿਪਾਸਾ ਚਲਿ ਜਿਸ ਥਾਇਂ।
ਤਰਨੀ ਪਰ ਚਢਿ ਕੈ ਤਟ ਪਾਰ। ਹੇਰੀ ਚਲਹਿ ਬਿਮਲ ਬਹੁ ਬਾਰਿ॥ ੪੪ ॥

ਕੁਝ ਪੈਂਡਾ ਚਲ ਕੇ ਉਥੇ ਆ ਪਹੁੰਚੇ, ਜਿਥੇ ਬਿਆਸਾ ਨਦੀ ਵਗ ਰਹੀ ਸੀ। ਬੇੜੀ ਤੇ ਚੜ੍ਹ ਕੇ ਦਰਿਆ ਪਾਰ ਕਰਨ ਲਈ ਨਦੀ ਦੇ ਨਿਰਮਲ ਜਲ ਨੂੰ ਵੇਖ ਰਹੇ ਸਨ॥੪੪॥

ਨੌਕਾ ਨਹੀਂ ਨਿਕਟਿ ਕੋ ਆਈ। ਇਮ ਬਿਲੋਕਿ ਠਾਂਢੇ ਤਿਸ ਥਾਈਂ।
ਸਾਥ ਪਾਛਲੋ ਆਵਤਿ ਚਾਲਾ। ਕਰਤਿ ਬਿਲੋਕਨਿ ਖਰੇ ਕ੍ਰਿਪਾਲਾ॥ ੪੫ ॥

ਕੋਈ ਵੀ ਬੇੜੀ ਪਾਸ ਨਾ ਆਈ, ਇਸ ਤਰ੍ਹਾਂ ਵੇਖਦੇ ਉਸ ਥਾਂ ਖੜੇ ਰਹੇ। ਪਿਛਲੇ ਸਾਥੀ ਚਲੇ ਆ ਰਹੇ ਸਨ, ਕ੍ਰਿਪਾਲੂ ਗੁਰੂ ਜੀ ਖੜੇ ਹੋ ਕੇ ਉਨ੍ਹਾਂ ਨੂੰ ਵੇਖ ਰਹੇ ਸਨ॥੪੫॥

*ਗਿਆਰ੍ਹਵੀਂ ਰਾਸ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥*

❖❖❖

# ਅਧਿਆਇ ਚਵੀਵਾਂ

## ਸ੍ਰੀ ਗੁਰੂ ਗ੍ਰੰਥ ਜੀ ਜਲ ਵਿਚ ਰੱਖੇ

*ਦੋਹਰਾ-* ਠਾਂਢੇ ਤਰੀ ਪ੍ਰਤੀਖਤੇ ਪਿਖਤਿ ਪਾਛਲੇ ਸਾਥ।
ਆਇ ਮਿਲਹਿਂ ਇਕਠੇ ਸਕਲ ਉਲੰਘਨਿ ਕੋ ਚਹਿਂ ਨਾਥ॥ ੧॥

ਗੁਰੂ ਜੀ ਦਰਿਆ ਦੇ ਕਿਨਾਰੇ ਤੇ ਖੜੇ ਪਿਛਲੇ ਸਾਥੀਆਂ ਦਾ ਇੰਤਜ਼ਾਰ ਕਰ ਰਹੇ ਸਨ। ਸਾਰੇ ਆ ਕੇ ਜੇ ਮਿਲ ਪੈਣ ਤਾਂ ਗੁਰੂ ਜੀ ਸਾਰਿਆਂ ਨੂੰ ਇਕੱਠਿਆਂ ਹੀ ਪਾਰ ਕਰਨਾ ਚਾਹੁੰਦੇ ਸਨ॥੧॥

*ਚੌਪਈ-* ਅਲਪ ਵਸਤੁ ਕੁਛ ਸਦਨ ਮਝਾਰੀ। ਧੀਰਮੱਲ ਕੋ ਦੀਨਸਿ ਸਾਰੀ।
ਲਘੁ ਤੁਰੰਗਨਿ ਪਰ ਧਰਿ ਸੋ ਲਜਾਏ। ਸਨੇ ਸਨੇ ਗੁਰ ਢਿਗ ਚਲਿ ਆਏ॥੨॥

ਘਰ ਦੀਆਂ ਬਹੁਤ ਥੋੜ੍ਹੀਆਂ ਵਸਤਾਂ ਸਨ, ਸਾਰੀਆਂ ਹੀ ਧੀਰਮੱਲ ਨੂੰ ਦੇ ਦਿੱਤੀਆਂ ਸਨ। ਛੋਟੇ ਘੋੜਿਆਂ ਤੇ ਉਹ ਲੱਦ ਕੇ ਲਿਆਏ ਸਨ, ਹੌਲੀ-ਹੌਲੀ ਚਲ ਕੇ ਗੁਰੂ ਜੀ ਪਾਸ ਪਹੁੰਚ ਗਏ॥੨॥

ਕੇਤਿਕ ਸਿੱਖਜ ਫਕੀਰ ਕਿਤੇਕ। ਮਿਲ ਸੰਗੀ ਭੇ ਜਲਧਿ ਬਿਬੇਕ।
ਆਇ ਆਇ ਗੁਰ ਢਿਗ ਹੁਇ ਠਾਢੇ। ਸ਼ਰਧਾਲੂ ਪ੍ਰੇਮੀ ਮਨ ਗਾਢੇ॥੩॥

ਕਈ ਸਿੱਖ ਅਤੇ ਕਈ ਫਕੀਰ, ਮਿਲ ਕੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਦੇ ਨਾਲ ਹੋ ਗਏ। ਆ ਆ ਕੇ ਉਹ ਗੁਰੂ ਜੀ ਪਾਸ ਖੜੇ ਹੁੰਦੇ ਜਾਂਦੇ ਸਨ, ਸਾਰੇ ਸ਼ਰਧਾਲੂਆਂ ਦੇ ਮਨ ਪ੍ਰੇਮ ਵਿਚ ਗੱਢੇ ਹੋਏ ਸਨ॥੩॥

ਇਤਨੇ ਮਹਿਂ ਸਿਖ ਸੋ ਚਲਿ ਆਯੋ। ਗੁਰੂ ਗ੍ਰੰਥ ਜਿਨ ਸੀਸ ਉਠਾਯੋ।
ਦੇਖਤਿ ਗੁਰ ਅਰ ਸਿਖ ਤਿਸ ਓਰ। ਬੰਦਨ ਕਰੀ ਸਕਲ ਕਰ ਜੋਰਿ॥੪॥

ਏਨੇ ਵਿਚ ਉਹ ਸਿੱਖ ਚਲ ਕੇ ਆ ਗਿਆ, ਜਿਸ ਨੇ ਗੁਰੂ ਗ੍ਰੰਥ ਸਾਹਿਬ ਸਿਰ ਉਤੇ ਚੁਕਿਆ ਹੋਇਆ ਸੀ। ਗੁਰੂ ਜੀ ਅਤੇ ਸਿੱਖਾਂ ਨੇ ਉਸ ਵਲ ਵੇਖ ਕੇ ਸਾਰਿਆਂ ਨੇ ਹੱਥ ਜੋੜ ਕੇ ਬੰਦਨਾ ਕੀਤੀ॥੧੯॥

ਤੇਗ ਬਹਾਦਰ ਗੁਰੂ ਬਖਾਨਜੋ। 'ਕੌਨ ਗ੍ਰਿੰਥ ਸਾਹਿਬ ਇਹ ਆਨਜੋ।
ਕਿਤ ਲੇ ਜਾਇ, ਅਹੈ ਕਿਸ ਪਾਸ ? ਬੂਝਹੁ ਇਸ ਕੋ, ਕਰਹੁ ਪ੍ਰਕਾਸ਼'॥੫॥

ਫਿਰ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਇਸ ਗੁਰੂ ਗ੍ਰੰਥ ਸਾਹਿਬ ਨੂੰ ਕੌਣ ਲਿਆਇਆ ਹੈ ਤੇ ਕਿੱਥੇ ਲੈ ਕੇ ਜਾ ਰਿਹਾ ਹੈ ਤੇ ਕਿਸ ਪਾਸ ਲੈ ਕੇ ਜਾ ਰਿਹਾ ਹੈ, ਮੈਂ ਇਸ ਬਾਰੇ ਪੁੱਛ ਰਿਹਾ ਹਾਂ, ਇਸ ਬਾਰੇ ਸਾਨੂੰ ਸਮਝਾਉ"॥੫॥

ਤਬਿ ਕ੍ਰਿਪਾਲ ਗੁਜਰੀ ਕੋ ਭ੍ਰਾਤ। ਸਰਬ ਸੁਨਾਇ ਭਨਜੋ ਸੁ ਬ੍ਰਿਤਾਂਤ।
'ਸ੍ਰੀ ਗੁਰ ਅਰਜਨ ਪ੍ਰਥਮ ਲਿਖਾਯੋ। ਧੀਰਮੱਲ ਸੋ ਛਲ ਕਰਿ ਪਾਯੋ॥੬॥

ਤਦ ਸ੍ਰੀ ਕ੍ਰਿਪਾਲ ਚੰਦ, ਮਾਤਾ ਗੁਜਰੀ ਜੀ ਦੇ ਭਰਾ ਨੇ ਸਾਰਾ ਬ੍ਰਿਤਾਂਤ ਕਹਿ ਕੇ ਸੁਣਾਇਆ, "ਸਭ ਤੋਂ ਪਹਿਲਾਂ ਇਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਾਇਆ ਸੀ, ਧੀਰਮੱਲ ਨੇ ਉਸ ਨੂੰ ਛੱਲ ਕਰਕੇ ਪ੍ਰਾਪਤ ਕਰ ਲਿਆ ਸੀ॥੬॥

ਡੇਰਾ ਲੂਟ ਲੀਨਿ ਜਬਿ ਸਾਰੇ। ਤਬਿ ਤੇ ਆਯਹੁ ਸਦਨ ਹਮਾਰੇ।
ਮਹਾਂ ਮਹਾਤਮ ਹੈ ਇਸ ਕੇਰਾ। ਜਿਸ ਕੇ ਦਰਸ਼ਨ ਪੁੰਨ ਘਨੇਰਾ॥੭॥

ਜਦ ਸਾਰਾ ਉਸ ਦਾ ਡੇਰਾ ਲੁੱਟ ਲਿਆ, ਤਦ ਤੋਂ ਇਹ ਸਾਡੇ ਘਰ ਵਿਚ ਆਇਆ ਹੈ, ਇਸ ਦਾ ਬਹੁਤ ਵੱਡਾ ਮਹਾਤਮ ਹੈ, ਜਿਸ ਦੇ ਦਰਸ਼ਨ ਕਰਨ ਨਾਲ ਬਹੁਤ ਪੁੰਨ ਪ੍ਰਾਪਤ ਹੁੰਦਾ ਹੈ॥੭॥

ਰਾਵਰਿ ਬਡਨਿ ਬਨਾਯੋ ਏਹੀ। ਇਸ ਢਿਗ ਹੁਇ ਪੂਜਾ ਬਹੁ ਲੇਹੀ।
ਇਸ ਕਰਿ ਸਰਬ ਸੰਗਤਾਂ ਆਵੈਂ। ਦਰਸਹਿੰ ਅਨਿਕ ਅਕੋਰ ਚਢਾਵੈਂ॥ ੮॥

ਆਪ ਜੀ ਦੇ ਵੱਡਿਆਂ ਨੇ ਇਸ ਨੂੰ ਬਣਾਇਆ ਹੈ, ਇਸ ਪਾਸ ਬਹੁਤ ਲਾਭਦਾਇਕ ਪੂਜਾ ਹੁੰਦੀ ਹੈ। ਇਸ ਕਰਕੇ ਸਾਰੀਆਂ ਸੰਗਤਾਂ ਆਉਂਦੀਆਂ ਤੇ ਕਈ ਪ੍ਰਕਾਰ ਦੇ ਉਪਹਾਰ ਚੜ੍ਹਾ ਕੇ ਦਰਸ਼ਨ ਕਰਦੀਆਂ ਹਨ॥੮॥

ਯਾਂਤੇ ਆਪ ਨਿਕਟਿ ਅਬਿ ਰਹੈ। ਅਪਰ ਥਾਨ ਕੇ ਉਚਿਤ ਨ ਅਹੈ।
ਸੁਨਿ ਸ੍ਰੀ ਤੇਗ ਬਹਾਦਰ ਕਹਯੋ। 'ਹਮਰੇ ਸੰਗ ਕੌਨ ਬਿਧਿ ਰਹਯੋ॥ ੯॥

ਇਸ ਕਰਕੇ ਹੁਣ ਇਹ ਆਪ ਜੀ ਦੇ ਪਾਸ ਰਹੇਗਾ, ਹੋਰ ਕਿਸੇ ਥਾਂ ਰਖਣ ਦੇ ਇਹ ਯੋਗ ਨਹੀਂ।" ਇਹ ਸੁਣ ਕੇ ਸ੍ਰੀ ਤੇਗ ਬਹਾਦਰ ਨੇ ਕਿਹਾ, "ਸਾਡੇ ਪਾਸ ਇਹ ਕਿਵੇਂ ਰਹਿ ਗਿਆ ਹੈ॥੯॥

ਕਿਨ ਇਹ ਰਾਖਿ ਸਾਥ ਨਿਜ ਆਨਯੋ? ਫੇਰਨਿ ਕਹਯੋ, ਨਹੀਂ ਸੋ ਮਾਨਯੋ।
ਧੀਰਮੱਲ ਕੇ ਨਿਕਟਿ ਕਦੀ ਕੋ। ਅਬਿ ਭੀ ਦੈਬੋ ਬਨਹਿ ਤਿਸੀ ਕੋ॥ ੧੦॥

ਕਿਸ ਨੇ ਇਹ ਰੱਖ ਕੇ ਆਪਣੇ ਨਾਲ ਲਿਆਂਦਾ ਹੈ, ਇਸ ਨੂੰ ਵਾਪਸ ਕਰਨ ਵਾਸਤੇ ਕਿਹਾ ਸੀ, ਉਹ ਗੱਲ ਕਿਉਂ ਨਹੀਂ ਮੰਨੀ ਹੈ। ਇਹ ਕਦੀ ਧੀਰਮੱਲ ਪਾਸ ਸੀ, ਹੁਣ ਵੀ ਉਸ ਨੂੰ ਦੇਣਾ ਬਣਦਾ ਸੀ॥੧੦॥

ਛੀਨ ਲੇਨਿ ਇਹੁ ਉਚਿਤ ਨ ਹਮੈ। ਰਿਦੇ ਬਿਸੂਰਹਿ ਦੁਖ ਸਭਿ ਸਮੈ।
ਤਬਹਿ ਕ੍ਰਿਪਾਲ ਸੁਨਾਵਨਿ ਕੀਨਿ। 'ਮੱਖਣ ਅਰੁ ਮਾਤਾ ਨਹਿਂ ਦੀਨਿ॥ ੧੧॥

ਉਸ ਪਾਸੋਂ ਖੋਹ ਲੈਣਾ ਸਾਡੇ ਵਾਸਤੇ ਉਚਿਤ ਨਹੀਂ ਹੈ, ਚਿੱਤ ਵਿਚ ਦੁਖੀ ਹੋ ਕੇ ਸਭ ਸਮੇਂ ਝੂਰਦਾ ਰਹੇਗਾ " ਤਦ ਭਾਈ ਕ੍ਰਿਪਾਲ ਜੀ ਨੇ ਸੁਣਾ ਕੇ ਕਿਹਾ, "ਮੱਖਣ ਸ਼ਾਹ ਅਤੇ ਮਾਤਾ ਜੀ ਨੇ ਨਹੀਂ ਦਿੱਤਾ ਹੈ॥੧੧॥

ਹੁਤੋ ਪਿਤਾਮੇ ਰਾਵਰਿ ਕੇਰਾ। ਜਿਨਹੁੰ ਗ੍ਰਿੰਥ ਜੀ ਕੀਨਿ ਬਡੇਰਾ।
ਯਾਂਤੇ ਵਸਤੁ ਆਪ ਕੀ ਅਹੈ। ਜੋ ਗੁਰ ਗਾਦੀ ਪਰ, ਸੋ ਲਹੈ॥ ੧੨॥

ਆਪ ਜੀ ਦੇ ਪਿਤਾਮੇ ਹਨ, ਜਿਨ੍ਹਾਂ ਇਹ ਵੱਡਾ ਗ੍ਰੰਥ ਤਿਆਰ ਕੀਤਾ ਹੈ, ਇਸ ਕਰਕੇ ਇਹ ਆਪ ਜੀ ਦੀ ਵਸਤੂ ਹੈ, ਜਿਹੜਾ ਗੁਰੂ-ਗੱਦੀ ਉਤੇ ਬੈਠਦਾ ਹੈ, ਉਹੀ ਇਸ ਨੂੰ ਪ੍ਰਾਪਤ ਕਰੇ॥੧੨॥

ਇਮ ਬਿਚਾਰ ਕਰਿ ਦਿਯੋ ਨ ਮਾਤਾ। ਉਚਿਤ ਬਿਚਾਰ ਲੇਹੁ, ਸੁਖਦਾਤਾ!
ਅਤਿਸ਼ੈ ਦੁਰਲਭ ਵਸਤੁ ਅਜਾਇਬ। ਇਹ ਨਹਿਂ ਦੇਨਿ ਬਨਹਿ, ਗੁਰਸਾਹਿਬ!' ॥੧੩॥

ਇਸ ਤਰ੍ਹਾਂ ਵਿਚਾਰ ਕੇ ਮਾਤਾ ਜੀ ਨੇ ਦਿੱਤਾ ਨਹੀਂ ਹੈ, ਹੇ ਸੁਖਦਾਤਾ! ਇਸ ਨੂੰ ਉਚਿਤ ਵਿਚਾਰ ਕੇ ਵੇਖ ਲਵੋ। ਇਹ ਅਸਚਰਜ ਦੁਰਲੱਭ ਵਸਤੂ ਹੈ, ਹੇ ਗੁਰੂ ਸਾਹਿਬ! ਇਹ ਵਾਪਸ ਦੇਣਾ ਨਹੀਂ ਬਣਦਾ ਹੈ" ॥੧੩॥

ਇਤਨੇ ਬਿਖੈ ਨਾਨਕੀ ਆਈ। ਸੁੰਦਰ ਸਜੰਦਨ ਪਰ ਸੁਖਦਾਈ।
ਗੁਜਰੀ ਸੰਗ ਚਢੀ ਸੁਭ ਡੋਰੇ। ਝਾਲਰ ਜ਼ਰੀਦਾਰ ਚਹੁੰ ਓਰੇ॥ ੧੪॥

ਏਨੇ ਵਿਚ ਉਥੇ ਮਾਤਾ ਨਾਨਕੀ ਜੀ ਆਈ, ਸੁੰਦਰ ਰੱਥਾਂ ਉਤੇ ਉਹ ਸਵਾਰ ਸਨ, ਨਾਲ ਮਾਤਾ ਗੁਜਰੀ ਜੀ ਸੁਭ ਡੋਲੇ ਵਿਚ ਚੜ੍ਹੇ ਹੋਏ ਸਨ, ਜਿਸ ਡੋਲੇ ਨੂੰ ਚਾਰੇ ਪਾਸੇ ਜ਼ਰੀਦਾਰ ਝਾਲਰ ਲੱਗੀ ਹੋਈ ਸੀ॥੧੪॥

ਨਿਕਟਿ ਆਇ ਸੁਤ ਕੇ ਬਚ ਸੁਨੇ। ਹਠ ਕਰਿ ਰਹੇ ਹੇਰਿ ਸਿਰ ਧੁਨੇ।
ਸ਼ਤ੍ਰੂ ਕੌ ਹਿਤ ਚਾਹਤਿ ਰਹੈ। ਪ੍ਰਾਨ ਹਾਨਿ ਲਗਿ ਖੋਟੋ ਅਹੈ॥ ੧੫॥

ਮਾਤਾ ਜੀ ਨੇ ਨੇੜੇ ਆ ਕੇ ਆਪਣੇ ਪੁੱਤਰ ਦੇ ਬਚਨ ਸੁਣੇ, ਹੱਠ ਕਰ ਰਹੇ ਹਨ, ਵੇਖ ਕੇ ਸਿਰ ਹਿਲਾਇਆ। ਵੈਰੀ ਦਾ ਹਿੱਤ ਚਾਹੁੰਦੇ ਰਹਿੰਦੇ ਹਨ, ਜਿਹੜਾ ਪ੍ਰਾਣ ਲੈਣ ਤਕ ਖੋਟ ਕਰਨ ਵਾਲੇ ਹਨ॥੧੫॥

ਕਹੌ ਕਹਾਂ ਲਗਿ ਬਹੁ ਸਮੁਝਾਏ। ਸਰਲ ਸੁਭਾਉ ਨ ਕੁਛ ਲਖਿ ਪਾਏ।
ਸਿੱਖਜਨਿ ਸੰਗ ਗੁਰੂ ਪੁਨ ਕਹਜੋ। 'ਧੀਰਮੱਲ ਕੋ ਹਮ ਇਹ ਲਹਜੋ॥ ੧੬॥

ਦੱਸੋ ਕਿਥੋਂ ਤਕ ਸਮਝਾਈਏ, ਸਰਲ ਸੁਭਾਅ, ਕੁਝ ਸਮਝਦੇ ਹੀ ਨਹੀਂ ਹਨ। ਸਿੱਖਾਂ ਨੂੰ ਫਿਰ ਗੁਰੂ ਜੀ ਨੇ ਕਿਹਾ, "ਧੀਰਮੱਲ ਦਾ ਇਹ ਗੁਰੂ ਗ੍ਰੰਥ ਸਾਹਿਬ ਹੈ॥੧੬॥

ਕੋ ਅਬਿ ਗਮਨਹੁ, ਲੇ ਕਰਿ ਜਾਵੈ। ਸੌਪੈ ਜਾਇ ਤਿਸੀ ਕੋ ਪਾਹੋ।
ਹਮਰੇ ਸੰਗ ਨ ਰਾਖਨਿ ਕਰੋ। ਸ੍ਰੀ ਕਰਤਾਰਪੁਰੇ ਲੇ ਧਰੋ'॥ ੧੭॥

ਕੋਈ ਹੁਣ ਇਸ ਨੂੰ ਲੈ ਕੇ ਜਾਵੇ, ਉਸ ਦੇ ਪਾਸ ਇਸ ਦੀ ਸੌਂਪਣਾ ਕਰ ਕੇ ਆਵੇ। ਸਾਡੇ ਪਾਸ ਇਸ ਨੂੰ ਨਾ ਰੱਖੋ, ਸ੍ਰੀ ਕਰਤਾਰਪੁਰ ਵਿਚ ਲੈ ਕੇ ਧਰੋ"॥੧੭॥

ਸੁਨਿ ਸਿੱਖਜਨਿ ਸਭਿ ਜੋਰੇ ਹਾਥ। ਹੋਇ ਨੰਮ੍ਰਿ ਬੋਲੇ ਗੁਰ ਸਾਥ।
'ਧੀਰਮੱਲ ਤਨ ਮਨ ਤੇ ਖੋਟਾ। ਤਿਸ ਕੇ ਦੇਖਨਿ ਤੇ ਬਹੁ ਤੋਟਾ॥ ੧੮॥

ਇਹ ਸੁਣ ਕੇ ਸਭ ਸਿੱਖ ਹੱਥ ਜੋੜ ਕੇ ਤੇ ਨਿੰਮਰ ਹੋ ਕੇ ਗੁਰੂ ਜੀ ਪਾਸ ਬੋਲੇ, "ਧੀਰਮੱਲ ਤਨ ਮਨ ਤੋਂ ਖੋਟਾ ਹੈ, ਉਸ ਨੂੰ ਵੇਖਣ ਵਿਚ ਹੀ ਬਹੁਤ ਘਾਟਾ ਹੈ॥੧੮॥

ਗੁਰ ਨਿੰਦਕ ਬਡ ਪਾਪ ਕਮਾਏ। ਕਹਿ ਕਰਿ ਤੁਮ ਪਰ ਤੁਪਕ ਚਲਾਏ।
ਕਰਹਿ ਸਦਾ ਦੁਸਟਨਿ ਕੀ ਸੰਗਤਿ। ਉੱਤਮ ਜਨ ਜਿਸ ਕੀ ਨਹਿੰ ਪੰਗਤਿ॥੧੯॥

ਗੁਰੂ ਨਿੰਦਕ ਵੱਡੇ ਪਾਪ ਕਮਾਉਂਦਾ ਹੈ, ਕਹਿ ਕੇ ਤੁਹਾਡੇ ਉਤੇ ਉਸ ਬੰਦੂਕ ਚਲਵਾਈ ਹੈ। ਉਹ ਸਦਾ ਦੁਸ਼ਟਾਂ ਦੀ ਸੰਗਤ ਕਰਦਾ ਹੈ, ਉੱਤਮ ਲੋਕ ਜਿਸ ਦਾ ਸਾਥ ਨਹੀਂ ਕਰਦੇ ਹਨ॥੧੯॥

ਹਮ ਤਿਸ ਕੀ ਦਿਸ਼ਿ ਮੁਖ ਨਹਿੰ ਕਰੈਂ। ਮਿਲਿਬੇ ਕੀ ਬਾਂਛਾ ਨਹਿੰ ਧਰੈਂ।
ਰਾਵਰ ਕੋ ਅਪਰਾਧੀ ਭਾਰੋ। ਹਮ ਬਿਲੋਕਿ ਨਹਿੰ ਸਕਹਿੰ ਸਹਾਰੋ'॥ ੨੦॥

ਅਸੀ ਉਸ ਦੇ ਵਲ ਮੁਖ ਨਹੀਂ ਕਰਦੇ ਹਾਂ, ਉਸ ਨੂੰ ਮਿਲਣ ਦੀ ਕੋਈ ਇੱਛਾ ਨਹੀਂ ਧਾਰਨ ਕਰਦੇ ਹਾਂ। ਉਹ ਆਪ ਜੀ ਦਾ ਵੱਡਾ ਅਪਰਾਧੀ ਹੈ, ਅਸੀਂ ਉਸ ਨੂੰ ਵੇਖ ਕੇ ਸਹਾਰ ਨਹੀਂ ਸਕਦੇ ਹਾਂ"॥੨੦॥

ਸੁਨਿ ਗੁਰ ਸਭਿ ਸਿੱਖਨਿ ਕੀ ਬਿਨਤੀ। ਮਨ ਮਹਿੰ ਗਿਨਤਿ ਰਹੇ ਗਨ ਗਿਨਤੀ।
'ਨਹਿਨ ਗ੍ਰਿੰਥ ਸਾਹਿਬ ਹਮ ਰਾਖੈਂ। ਤਿਸ ਢਿਗ ਪਹੁੰਚੈ ਚਿਤ ਅਭਿਲਾਖੈਂ॥੨੧॥

ਗੁਰੂ ਜੀ ਸਭ ਸਿੱਖਾਂ ਦੀ ਬੇਨਤੀ ਸੁਣ ਕੇ ਮਨ ਵਿਚ ਬਹੁਤ ਗਿਣਤੀਆਂ ਗਿਣਦੇ ਰਹੇ। "ਅਸੀਂ ਗ੍ਰੰਥ ਸਾਹਿਬ ਨਹੀਂ ਰੱਖਾਂਗੇ, ਸਾਡੇ ਚਿੱਤ ਦੀ ਅਭਿਲਾਸ਼ਾ ਹੈ ਕਿ ਇਹ ਗ੍ਰੰਥ ਧੀਰਮੱਲ ਪਾਸ ਪਹੁੰਚੇ॥੨੧॥

*ਨੋਟ-ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਖਿਮਾ, ਤਿਆਗ ਅਤੇ ਵੈਰਾਗ ਦੀ ਅਵਸਥਾ ਵੀ ਕਮਾਲ ਦੀ ਹੈ। ਆਪ ਦੇ ਤਿਆਗ ਨੂੰ ਇਕ 'ਉੱਤਮ ਫਲ ਇਹ ਲੱਗਾ ਕਿ ਅਨੰਦਪੁਰ ਦੇ ਸਾਕੇ ਤੇ ਹੋਰਨਾਂ ਪੰਥਕ ਖੇਦਾਂ ਤੇ ਦੁੱਖਾਂ ਦੇ ਸਮੇਂ ਗ੍ਰੰਥ ਸਾਹਿਬ ਦੀ ਬੀੜ ਕਰਤਾਰਪੁਰ ਵਿਚ ਸਹੀ ਸਲਾਮਤ ਪਈ ਰਹੀ ਜੋ ਅੱਜ ਤਕ ਪ੍ਰਾਪਤ ਹੈ। ਨਹੀਂ ਤਾਂ ਕੀ ਜਾਣੀਏ ਅਨੰਦਪੁਰ ਦੀਆਂ ਲੁੱਟਾਂ ਤੇ ਹੋਰ ਸਾਕਿਆਂ ਵੇਲੇ ਨੌਂ ਮਣ ਰਚਨਾ ਦੀ ਤੇ ਦਮਦਮੇ ਦੀ ਅਸਲ ਲਿਖਤ ਵਾਂਗ ਇਹ ਗ੍ਰੰਥ ਸਾਹਿਬ ਵੀ ਅਲੋਪ ਹੋ ਜਾਂਦਾ।*

ਮਾਤ ਨਾਨਕੀ ਬਰਜਤਿ ਹੇਰਿ। 'ਹੇ ਸੁਤ ਕਯੋਂ ਹਠ ਕਰਹੁ ਬਡੇਰ?
ਦੁਰਲਭ ਵਸਤੂ ਅਪਨਿ ਬਡਨਿ ਕੀ। ਬਹੁਰ ਨ ਪ੍ਰਾਪਤਿ ਅਨਿਕ ਜਤਨ ਕੀ ॥੨੨॥

ਇਹ ਵੇਖ ਕੇ ਮਾਤਾ ਨਾਨਕੀ ਜੀ ਵਰਜਦੇ ਰਹੇ, "ਹੇ ਪੁੱਤਰ! ਏਡਾ ਵੱਡਾ ਹੱਠ ਕਿਉਂ ਧਾਰਨ ਕੀਤਾ ਹੈ। ਇਹ ਦੁਰਲੱਭ ਵਸਤੂ ਸਾਡੇ ਵੱਡਿਆਂ ਵਲੋਂ ਤਿਆਰ ਕੀਤੀ ਗਈ ਹੈ, ਫਿਰ ਇਹ ਅਨੇਕਾਂ ਯਤਨ ਕਰਨ ਨਾਲ ਵੀ ਪ੍ਰਾਪਤ ਨਹੀਂ ਹੋਣੀ ਹੈ॥੨੨।

ਨਹਿਂ ਦੀਜਹਿ ਨਿਜ ਸਾਥ ਰਖੀਜਹਿ। ਨੀਕੇ ਰਿਦੇ ਬਿਚਾਰ ਲਖੀਜਹਿਂ।
ਰਿਪੁ ਕੋ ਕਛੂ ਤਦਾਰਕ ਹੋਇ। ਕਰੀ ਅਵੱਗਯਾ ਲੇ ਫਲ ਸੋਇ॥ ੨੩॥

ਇਸ ਨੂੰ ਨਾ ਦੇਵੋ, ਆਪਣੇ ਪਾਸ ਰਖੋ, ਆਪਣੇ ਹਿਰਦੇ ਵਿਚ ਚੰਗੀ ਤਰ੍ਹਾਂ ਵਿਚਾਰ ਕੇ ਵੇਖ ਲਵੋ। ਵੈਰੀ ਨੂੰ ਕੁਝ ਤਾਂ ਦੰਡ ਮਿਲੇ, ਜੋ ਅਵੱਗਿਆ ਕੀਤੀ ਹੈ, ਉਸ ਦਾ ਫਲ ਪ੍ਰਾਪਤ ਹੋਵੇ॥੨੩॥

ਅਧਿਕ ਸ਼ਰੀਕਾ ਉਰ ਮਹਿਂ ਧਾਰਹਿ। ਨਹਿਂ ਬਡਿਆਈ ਤਨਕ ਬਿਚਾਰਹਿ।
ਅਹੈ ਭਤੀਜਾ ਬਡ ਅਹੰਕਾਰਿ। ਨਹਿਂ ਜਿਸ ਕੇ ਕੁਛ ਰਹਯੋ ਬਿਚਾਰ॥ ੨੪॥

ਉਹ ਹਿਰਦੇ ਵਿਚ ਵੱਡਾ ਸ਼ਰੀਕਾ ਧਾਰਨ ਕਰਦਾ ਹੈ, ਜ਼ਰਾ ਭਰ ਵੀ ਵਡਿਆਈ ਨਹੀਂ ਵਿਚਾਰਦਾ ਹੈ। ਇਹ ਭਤੀਜਾ ਵੱਡਾ ਹੰਕਾਰੀ ਹੈ, ਜਿਸ ਦੇ ਵਿਚਾਰ ਵਿਚ ਕੁਝ ਵੀ ਨਹੀਂ ਰਿਹਾ ਹੈ॥੨੪॥

ਕਿਸੀ ਰੀਤਿ ਤੇ ਅਦਬ ਨ ਰਾਖਾ। ਕਰਤਿ ਸਦਾ ਮਾਰਨਿ ਅਭਿਲਾਖਾ।
ਇਮ ਸਨੇਹੁ ਤਿਸ ਕੇ ਸੰਗ ਧਰਨਾ। ਕਿਮ ਨ ਚਿਤਹੁ ਜਿਮ ਦੁਰਮਤ ਕਰਨਾ ॥੨੫॥

ਕਿਸੇ ਰੀਤੀ ਨਾਲ ਵੀ ਉਸ ਆਦਰ ਨਹੀਂ ਰੱਖਿਆ ਹੈ ਤੇ ਸਦਾ ਹੀ ਮਾਰਨ ਦੀ ਅਭਿਲਾਸ਼ਾ ਕਰਦਾ ਹੈ। ਉਸ ਨਾਲ ਅਜਿਹਾ ਪਿਆਰ ਧਾਰਨ ਕਰਨਾ ਚੰਗਾ ਨਹੀਂ, ਤੁਸੀਂ ਕਿਸੇ ਵੇਲੇ ਵੀ ਚਿੱਤ ਵਿਚ ਨਹੀਂ ਲਿਆਉਂਦੇ ਹੋ, ਜਿਵੇਂ ਉਹ ਸਾਡੇ ਨਾਲ ਖੋਟ ਕਰਦਾ ਹੈ" ॥੨੫॥

ਸੁਨਤਿ ਮਾਤ ਤੇ ਧਰਿ ਮੁਖ ਮੋਨ। ਚਿਤਹਿਂ ਉਪਾਇ ਕਰਹਿਂ ਅਬਿ ਕੌਨ।
ਸਿਖ ਸੇਵਕ ਤਹਿਂ ਜਾਇ ਨ ਕੋਈ। ਲਖਹਿਂ ਮਹਾਂ ਅਪਰਾਧੀ ਸੋਈ॥ ੨੬॥

ਮਾਤਾ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ ਗੁਰੂ ਜੀ ਨੇ ਮੋਨ ਧਾਰਨ ਕਰ ਲਈ, ਮਨ ਵਿਚ ਸੋਚਦੇ ਸਨ, ਹੁਣ ਕੀ ਉਪਾਅ ਧਾਰਨ ਕਰੀਏ। ਸਿੱਖ ਸੇਵਕ ਉਥੇ ਕੋਈ ਜਾਂਦਾ ਨਹੀਂ ਹੈ, ਉਸ ਨੂੰ ਮਹਾਂ ਅਪਰਾਧੀ ਸਮਝਦੇ ਹਨ॥੨੬॥

ਕਰਤਾ ਜਾਨਿ ਕੁਕਰਮਨਿ ਕੇਰਾ। ਨਹਿਂ ਚਾਹਤਿ ਸਿਖ ਦਰਸ਼ਨ ਹੇਰਾ।
ਕਰਹਿਂ ਪਰਣ, ਤਿਸ ਮੁਖ ਨਹਿਂ ਲਾਗਹਿਂ। ਕਿਮ ਪਹੁੰਚਾਇਂ ਗ੍ਰਿੰਥ ਤਿਸ ਆਗਹਿ॥੨੭॥

ਉਸ ਨੂੰ ਕੁਕਰਮਾਂ ਦਾ ਕਰਨ ਵਾਲਾ ਜਾਣ ਕੇ, ਕੋਈ ਵੀ ਸਿੱਖ ਉਸ ਦੇ ਦਰਸ਼ਨ ਕਰਨਾ ਨਹੀਂ ਚਾਹੁੰਦਾ ਹੈ, ਉਨ੍ਹਾਂ ਨੇ ਪ੍ਰਣ ਕੀਤੇ ਹਨ ਕਿ ਉਸ ਦੇ ਮੂੰਹ ਨਹੀਂ ਲਗਾਂਗੇ, ਸ੍ਰੀ ਗ੍ਰੰਥ ਸਾਹਿਬ ਉਸ ਦੇ ਪਾਸ ਕਿਵੇਂ ਪਹੁੰਚੇਗਾ॥੨੭॥

ਤਰਨੀ ਕੀ ਪ੍ਰਤੀਖਨਾ ਕਰਤੇ। ਇਸ ਕਾਰਜ ਕੋ ਰਿਦੇ ਬਿਚਰਿਤੇ।
ਜਬਿ ਨੌਕਾ ਚਲਿ ਕਰਿ ਢਿਗ ਆਈ। ਭਏ ਅਰੂਢਨਿ ਤਬਹਿ ਗੁਸਾਈਂ॥੨੮॥

ਜਦ ਬੇੜੀ ਦਾ ਇੰਤਜ਼ਾਰ ਕਰ ਰਹੇ ਸਨ ਤਦ ਇਸ ਕਾਰਜ ਨੂੰ ਹਿਰਦੇ ਵਿਚ ਵਿਚਾਰ ਰਹੇ ਸਨ। ਜਦ ਬੇੜੀ ਚਲ ਕੇ ਨੇੜੇ ਆਈ ਤਾਂ ਗੁਰੂ ਜੀ ਉਸ ਬੇੜੀ ਦੇ ਉਤੇ ਸਵਾਰ ਹੋ ਗਏ॥੨੮॥

ਸਜੰਦਨ ਡੌਰੇ ਨਰ ਸਮੁਦਾਏ। ਮੱਖਣ ਆਦਿਕ ਤੁਰਤ ਚਢਾਏ।
ਗੁਰ ਗ੍ਰਿੰਥ ਕੋ ਤਰੀ ਮਝਾਰ। ਸ਼ੁਭ ਥਲ ਪਿਖਿ ਕਰਿ ਧਰਯੋ ਸੁਧਾਰਿ॥ ੨੯॥

ਰੱਥ, ਛੋਲੇ ਅਤੇ ਸਾਰੇ ਮਨੁੱਖ, ਮੱਖਣ ਸ਼ਾਹ ਆਦਿ ਤੁਰਤ ਚੜ੍ਹਾ ਲਏ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੁਭ ਬਲ ਵੇਖ ਕੇ ਸੁਧਾਰ ਕੇ ਧਰ ਲਿਆ॥੨੯॥

**ਕਰਨਧਾਰ ਤਬਿ ਪ੍ਰੇਰਨਿ ਕਰੀ। ਨੀਰ ਗੰਭੀਰ ਸ਼ੀਘ੍ਰ ਚਲਿ ਤਰੀ।**
**ਪਰਲੇ ਤੀਰ ਗਈ ਤਤਕਾਲਾ। ਉਤਰਿ ਪਰੇ ਸਤਿਗੁਰੂ ਕ੍ਰਿਪਾਲਾ॥ ੩੦॥**

ਮਲਾਹ ਨੂੰ ਫਿਰ ਪ੍ਰੇਰਨਾ ਕੀਤੀ, ਡੂੰਘੇ ਪਾਣੀ ਵਿਚ ਤੁਰਤ ਬੇੜੀ ਚਲ ਪਈ। ਤੁਰਤ ਪਾਰਲੇ ਕੰਢੇ ਪਹੁੰਚ ਗਈ। ਸਤਿਗੁਰੂ ਕ੍ਰਿਪਾਲੂ ਜੀ ਫਿਰ ਬੇੜੀ ਵਿਚੋਂ ਉਤਰ ਪਏ॥੩੦॥

**ਇਕ ਨਰ ਸ੍ਰੀ ਕਰਤਾਰਪੁਰੇ ਕੋ। ਉਤਰਜੋ ਗੁਰੂ ਕੇ ਸੰਗ ਉਰੇ ਕੋ।**
**ਬੂਝਨ ਕੀਨੋ, ਤਾਂਹਿ ਬਖਾਨਾ। 'ਮੈਂ ਤਿਸ ਨਗਰ ਬਿਖੈ ਚਲਿ ਜਾਨਾ'॥ ੩੧॥**

ਇਕ ਮਨੁੱਖ ਕਰਤਾਰਪੁਰ ਦਾ ਰਹਿਣ ਵਾਲਾ ਸੀ, ਉਹ ਵੀ ਗੁਰੂ ਜੀ ਨਾਲ ਹੀ ਪਾਰਲੇ ਕੰਢੇ ਉੱਤਰ ਪਿਆ। ਜਦ ਗੁਰੂ ਜੀ ਨੇ ਉਸ ਨੂੰ ਪੁਛਿਆ ਤਾਂ ਉਸ ਨੇ ਕਿਹਾ, "ਮੈਂ ਕਰਤਾਰਪੁਰ ਨਗਰ ਵਿਚ ਚਲ ਕੇ ਜਾਣਾ ਹੈ"॥੩੧॥

**ਸਤਿਗੁਰ ਕਹਜੋ 'ਕਾਜ ਹਮ ਕੀਜੈ। ਏਕ ਸੰਦੇਸ ਧੀਰਮਲ ਦੀਜੈ।**
**ਗੁਰੂ ਗ੍ਰਿੰਥ ਜੋ ਤੁਮ ਤੇ ਲਿਯੋ। ਸੋ ਦਰਿਆਉ ਬਿਖੈ ਧਰਿ ਦਿਯੋ॥ ੩੨॥**

ਸਤਿਗੁਰੂ ਜੀ ਨੇ ਕਿਹਾ, "ਸਾਡਾ ਇਕ ਕੰਮ ਕਰੋ, ਇਕ ਸੰਦੇਸ਼ਾ ਧੀਰਮੱਲ ਨੂੰ ਦੇਵੋ, ਗੁਰੂ ਗ੍ਰੰਥ ਸਾਹਿਬ ਜੋ ਅਸੀਂ ਤੈਥੋਂ ਲਿਆ ਹੈ, ਉਸ ਨੂੰ ਅਸੀਂ ਦਰਿਆ ਦੇ ਵਿਚ ਧਰ ਦਿੱਤਾ ਹੈ॥੩੨॥

**ਆਪ ਜਾਇ ਕਰਿ ਲੇਉ ਨਿਕਾਸ। ਪੁਨ ਸਦੀਵ ਤੁਮ ਰਾਖਹੁ ਪਾਸ।**
**ਹਮ ਨਹਿੰ ਕੀਨਸਿ ਅੰਗੀਕਾਰ। ਜਾਇਂ ਅਗਾਰੀ ਪੰਥ ਮਝਾਰ'॥ ੩੩॥**

ਆਪ ਜਾ ਕੇ ਉਸ ਨੂੰ ਕੱਢ ਲਵੋ, ਫਿਰ ਤੁਸੀਂ ਸਦਾ ਉਸ ਨੂੰ ਆਪਣੇ ਪਾਸ ਰੱਖੋ। ਅਸੀਂ ਇਸ ਨੂੰ ਅੰਗੀਕਾਰ ਨਹੀਂ ਕੀਤਾ ਹੈ, ਅਸੀਂ ਰਾਹੇ-ਰਾਹ ਅੱਗੇ ਜਾ ਰਹੇ ਹਾਂ"॥੩੩॥

**ਹਾਥ ਜੋਰਿ ਤਿਹ ਮਾਨਵ ਮਾਨੀ। 'ਮੈਂ ਪਹੁੰਚਤਿ ਹੀ ਕਰੋਂ ਬਖਾਨੀ'।**
**ਇਮ ਸਮੁਝਾਇ ਗੁਰੂ ਗਤਿ ਦਾਨੀ। ਹੁਤੋ ਗੰਭੀਰ ਬੇਗ ਜਹਿੰ ਪਾਨੀ॥ ੩੪॥**

ਹੱਥ ਜੋੜ ਕੇ ਉਸ ਮਨੁੱਖ ਨੇ ਗੱਲ ਮੰਨ ਲਈ, "ਮੈਂ ਪਹੁੰਚਦਿਆਂ ਹੀ ਉਨ੍ਹਾਂ ਨੂੰ ਦੱਸ ਦੇਵਾਂਗਾ" ਮੁਕਤੀਦਾਤੇ ਗੁਰੂ ਜੀ ਨੇ ਉਸ ਨੂੰ ਇਸ ਤਰ੍ਹਾਂ ਸਮਝਾ ਕੇ ਜਿਥੇ ਪਾਣੀ ਦਾ ਵੇਗ ਬੜਾ ਗੰਭੀਰ ਸੀ॥੩੪॥

**ਮੰਜੀ ਕੇ ਸਮੇਤ ਜਲ ਮਾਹਿ। ਕਹਿ ਕਰਿ ਭਲੇ ਰਖਾਯਹੁ ਤਾਂਹਿ।**
**'ਭਲੇ ਸੰਭਾਲਹੁ ਭੋ ਦਰਿਆਇ! ਤੁਝ ਤੇ ਲੇਹਿ ਧੀਰਮਲ ਆਇ'॥ ੩੫॥**

ਮੰਜੀ ਦੇ ਸਮੇਤ ਗੁਰੂ ਗ੍ਰੰਥ ਸਾਹਿਬ ਨੂੰ ਭਲੀ ਪ੍ਰਕਾਰ ਕਹਿ ਕੇ ਰਖਵਾ ਦਿੱਤਾ ਤੇ ਦਰਿਆਂ ਨੂੰ ਕਿਹਾ, "ਹੇ ਦਰਿਆ! ਇਸ ਨੂੰ ਭਲੀ ਪ੍ਰਕਾਰ ਸੰਭਾਲੋ, ਤੇਰੇ ਪਾਸੋਂ ਧੀਰਮੱਲ ਆ ਕੇ ਲੈ ਲਵੇਗਾ"॥੩੫॥

**ਜਲ ਗੰਭੀਰ ਮਹਿੰ ਜਬਹਿ ਟਿਕਾਏ। ਸਕਲ ਬਿਲੋਕਤਿ ਬਹੁ ਬਿਸਮਾਏ।**
**'ਪ੍ਰਥਮ ਕਹਤਿ ਬਿੱਪ੍ਰੀਤ ਬਿਸਾਲਾ। ਰਿਪੁ ਕੋ ਚਹਤਿ ਭਲੋ ਸਭਿ ਕਾਲਾ॥ ੩੬॥**

ਜਦ ਗੰਭੀਰ ਜਲ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਟਿਕਾ ਦਿੱਤਾ, ਸਾਰੇ ਵੇਖ ਕੇ ਬਹੁਤ ਹੈਰਾਨ ਹੋਏ, "ਪਹਿਲਾਂ ਕਹਿੰਦੇ ਸਨ ਇਹ ਬੜਾ ਉਲਟਾ ਕਾਰਜ ਹੈ, ਇਹ ਹਰ ਸਮੇਂ ਦੁਸ਼ਮਣ ਦਾ ਭਲਾ ਚਾਹੁੰਦੇ ਹਨ॥੩੬॥

ਵਸਤੁ ਅਮੋਲਕ ਰਖਿਬੇ ਲਾਇਕ। ਦੇ ਸ਼ਰੀਕ ਕੇ ਸਦਨ ਸੁਭਾਇਕ।
ਕੋ ਤਹਿਂ ਗਯੋ ਨ,ਅਬਿ ਕਜਾ ਕਰਜੋ। ਸਲਿਤਾ ਸਹਿਤ ਬੇਗ ਮਹਿਂ ਧਰਜੋ ॥੩੭॥

ਅਮੋਲਕ ਵਸਤੂ ਰੱਖਣ ਦੇ ਲਾਇਕ ਹੈ, ਸ਼ਰੀਕ ਦੇ ਘਰ ਪਹੁੰਚਾਉਣਾ ਚਾਹੁੰਦੇ ਹਨ। ਜਦ ਧੀਰਮੱਲ ਪਾਸ ਕੋਈ ਵੀ ਲੈ ਕੇ ਗਿਆ ਨਹੀਂ ਹੈ ਤਾਂ ਹੁਣ ਕੀ ਕੀਤਾ ਹੈ। ਦਰਿਆ ਦੇ ਗੰਭੀਰ ਵਹਿਣ ਵਿਚ ਧਰ ਦਿੱਤਾ ਹੈ ॥੩੭॥

ਜਲ ਮਹਿਂ ਕਾਗਦ ਭੀਗਹਿਂ ਜਬੈ। ਬਚਹਿਂ ਨ, ਸ਼ੀਘ੍ਰ ਜਾਹਿਂ ਗਰ ਤਬੈ।
ਕਿਮ ਅੱਖਰ ਸਾਬਤ ਰਹਿ ਜੈ ਹੈਂ। ਬਿਨਾ ਭੀਤ ਜਿਮ ਚਿੱਤ੍ਰ ਨ ਪੈ ਹੈ' ॥੩੮॥

ਪਾਣੀ ਵਿਚ ਜਦ ਕਾਗਜ਼ ਭਿੱਜ ਜਾਣਗੇ, ਤਾਂ ਫਿਰ ਉਹ ਬਚਣਗੇ ਨਹੀਂ ਛੇਤੀ ਹੀ ਗਲ੍ਹ ਜਾਣਗੇ। ਕਿਵੇਂ ਅੱਖਰ ਸਾਬਤ ਰਹਿ ਜਾਣਗੇ, ਕੰਧ ਤੋਂ ਬਗੈਰ ਜਿਵੇਂ ਮੂਰਤ ਨਹੀਂ ਰਹਿ ਸਕਦੀ' ॥੩੮॥

ਇੱਤਜਾਦਿਕ ਆਪਸ ਮਹਿਂ ਕਹੈਂ। ਗੁਰ ਮਹਿਮਾ ਕਹੁ ਭੇਵ ਨ ਲਹੈਂ।
ਪੁਨ ਸਤਿਗੁਰ ਚਲਿ ਪਰੇ ਅਗਾਰੀ। ਮੱਖਣ ਆਦਿਕ ਚਲੇ ਪਿਛਾਰੀ ॥੩੯॥

ਇੱਤਆਦਿ ਆਪਸ ਵਿਚ ਕਹਿੰਦੇ ਸਨ, ਪਰ ਗੁਰੂ ਜੀ ਦੀ ਮਹਿਮਾ ਦਾ ਭੇਦ ਨਹੀਂ ਸੀ ਸਮਝਦੇ। ਫਿਰ ਸਤਿਗੁਰੂ ਜੀ ਅੱਗੇ ਚਲ ਪਏ, ਤੇ ਮੱਖਣ ਸ਼ਾਹ ਆਦਿ ਪਿੱਛੇ-ਪਿੱਛੇ ਚਲ ਪਏ ॥੩੯॥

ਸਿਖ ਸ਼ਰਧਾਲੂ ਤੂਸ਼ਨਿ ਰਹੈਂ। ਗੁਰ ਕੋ ਚਰਿਤ ਭਲੇ ਉਰ ਲਹੈਂ।
'ਜੋ ਕਿਛ ਕਰਹਿਂ ਸੁ ਆਛੀ ਬਨੈ। ਸਤਿਗੁਰ ਮਤਿ ਜਾਨਹਿ ਕੋ ਮਨੈ' ॥੪੦॥

ਸ਼ਰਧਾਲੂ ਸਿੱਖ ਚੁਪ ਰਹੇ, ਉਨ੍ਹਾਂ ਨੇ ਗੁਰੂ ਦੇ ਚਰਿੱਤਰ ਨੂੰ ਭਲੀ ਪ੍ਰਕਾਰ ਹਿਰਦੇ ਵਿਚ ਸਮਝਿਆ, "ਜੋ ਕੁਝ ਕਰਦੇ ਹਨ, ਉਹ ਚੰਗਾ ਹੀ ਬਣੇਗਾ। ਸਤਿਗੁਰਾਂ ਦੀ ਮੱਤ ਨੂੰ ਕੌਣ ਮਨ ਵਿਚ ਜਾਣ ਸਕਦਾ ਹੈ" ॥੪੦॥

ਕੇਚਿਤ ਕਹੈਂ 'ਦੁਲਭ ਸ਼ੁਭ ਮਹਾਂ। ਬਹੈ ਨਦੀ, ਪੁਨ ਪ੍ਰਾਪਤਿ ਕਹਾਂ।
ਸ੍ਰੀ ਗੁਰ ਅਰਜਨ ਹਾਥਨਿ ਕੇਰਾ। ਇਨਹੁਂ ਕੀਨਿ ਲੋਪ ਸੁ ਇਸ ਬੇਰਾ ॥੪੧॥

ਕਈ ਕਹਿੰਦੇ, "ਮਹਾਂ ਸ਼ੁਭ ਦੁਰਲੱਭ ਗ੍ਰੰਥ ਹੈ, ਦਰਿਆ ਵਿਚ ਵਹਿ ਜਾਵੇਗਾ, ਫਿਰ ਕਿਥੋਂ ਪ੍ਰਾਪਤ ਹੋਵੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੱਥਾਂ ਦਾ ਤਿਆਰ ਹੋਇਆ ਹੈ, ਇਨ੍ਹਾਂ ਨੇ ਇਸ ਸਮੇਂ ਉਸ ਨੂੰ ਅਲੋਪ ਕਰ ਦਿੱਤਾ ਹੈ ॥੪੧॥

ਅਸ ਵਸਤੂ ਪੁਨ ਹਾਥ ਨ ਆਵੈ। ਕੌਨ ਗੁਰੂ ਸੰਗ ਕਹਿ ਸਮੁਝਾਵੈ।
ਕਰਜੋ ਨਿਫਲ ਜਲ ਬਿਖੈ ਟਿਕਾਯੋ। ਕਿਤ ਬਹਿ ਜਾਇ, ਕੌਨ ਲੇ ਪਾਯੋ' ॥੪੨॥

ਐਸੀ ਵਸਤੂ ਫਿਰ ਹੱਥ ਨਹੀਂ ਆਵੇਗੀ, ਕੌਣ ਗੁਰੂ ਜੀ ਦੇ ਪਾਸ ਜਾ ਕੇ ਉਨ੍ਹਾਂ ਨੂੰ ਸਮਝਾਵੇ। ਨਿਸ਼ਫਲ ਕਾਰਜ ਕੀਤਾ ਹੈ ਜਿਹੜਾ ਉਸ ਨੂੰ ਜਲ ਵਿਚ ਟਿਕਾ ਦਿੱਤਾ ਹੈ, ਜਦ ਅੱਗੇ ਵਹਿ ਜਾਵੇਗਾ ਤਾਂ ਕੌਣ ਪਾ ਸਕੇਗਾ" ॥੪੨।

ਪਿਖਤਿ ਨਾਨਕੀ ਰਿਦਾ ਤਪਾਯੋ। ਨਹਿਂ ਸੁਤ ਸੋਂ ਪੁਨ ਬਾਕ ਅਲਾਯੋ।
ਮਾਰਗ ਚਲੇ ਜਾਹਿਂ ਅਗੁਵਾਈ। ਸੇਵਕ ਸਿਖ ਫਕੀਰ ਸਮੁਦਾਈ ॥੪੩॥

ਇਹ ਵੇਖ ਕੇ ਮਾਤਾ ਨਾਨਕੀ ਜੀ ਦਾ ਹਿਰਦਾ ਤੱਪ ਗਿਆ। ਫਿਰ ਉਨ੍ਹਾਂ ਨੇ ਆਪਣੇ ਪੁੱਤਰ ਨਾਲ ਕੋਈ ਵੀ ਗੱਲ ਨਾ ਕੀਤੀ। ਰਾਹ ਵਿਚ ਅੱਗੇ-ਅੱਗੇ ਚਲੇ ਜਾ ਰਹੇ ਸਨ, ਸੇਵਕ, ਸਿੱਖ ਅਤੇ ਫਕੀਰ ਸਾਰੇ ਉਨ੍ਹਾਂ ਦੇ ਨਾਲ ਸਨ ॥੪੩॥

ਸਤਿਗੁਰ ਕੀ ਕ੍ਰਿਤ ਮੱਖਣ ਦੇਖਿ। ਧਰੀ ਮੌਨ ਬਿਸਮਾਇ ਬਿਸ਼ੇਖ।
ਕਹਿ ਨ ਸਕਹਿ ਕੁਛ ਲਖਿ ਸਰਬੱਗਜ। ਹਮ ਕਜਾ ਜਾਨਿ ਸਕਹਿਂ ਅਲਪੱਗਜ ॥੪੪॥

ਸਤਿਗੁਰੂ ਜੀ ਦਾ ਇਹ ਕਾਰਜ ਵੇਖ ਕੇ, ਮੱਖਣ ਸ਼ਾਹ ਮੋਨ ਧਾਰ ਕੇ ਬਹੁਤ ਹੈਰਾਨ ਹੋਇਆ। ਸਰਬ ਸਮਰੱਥ ਸਮਝ ਕੇ ਕੁਝ ਵੀ ਕਹਿ ਨਾ ਸਕਿਆ, "ਅਸੀਂ ਥੋੜੀ ਮੱਤ ਵਾਲੇ ਕੀ ਜਾਣ ਸਕਦੇ ਹਾਂ"॥੪੪॥

*ਗਿਆਰ੍ਹਵੀਂ ਰਾਸ ਦਾ ਚਵੀਵਾਂ ਅਧਿਆਇ ਸਮਾਪਤ ਹੋਇਆ॥੨੪॥*

# ਅਧਿਆਇ ਪੰਜੀਵਾਂ

### *ਧੀਰਮੱਲ ਨੂੰ ਸੁਨੇਹਾ ਪੁੱਜਾ*

*ਦੋਹਰਾ-* ਗਮਨਹਾਰ ਕਰਤਾਰਪੁਰਿ ਸੁਨਿ ਗੁਰ ਕ੍ਰਿਤੀ ਨਿਹਾਰਿ।
ਉਰ ਬਿਸਮਜੋ ਗੁਰ ਕਹਾ ਕਰਜੋ, ਕਾਗਦ ਨੀਰ ਮਝਾਰ!॥੧॥

ਕਰਤਾਰਪੁਰ ਨੂੰ ਜਾਣ ਵਾਲਾ ਮਨੁੱਖ ਗੁਰੂ ਜੀ ਤੋਂ ਸੁਨੇਹਾ ਸੁਣ ਕੇ ਅਤੇ ਗੁਰੂ ਜੀ ਦੀ ਕ੍ਰਿਤ ਵੇਖਕੇ ਹਿਰਦੇ ਵਿਚ ਬਹੁਤ ਹੈਰਾਨ ਹੋਇਆ, ਇਹ ਗੁਰੂ ਜੀ ਨੇ ਕੀ ਕੀਤਾ ਹੈ ਕਾਗਜ਼ਾਂ ਨੂੰ ਜਲ ਵਿਚ ਧਰ ਦਿੱਤਾ ਹੈ॥੧॥

*ਚੌਪਈ-* ਬਹੁਰ ਧੀਰਮੱਲ ਸੰਗ ਉਚਾਰਾ। 'ਜਲ ਤੇ ਲਿਹੁ ਨਿਕਾਸਿ ਬਿਨ ਬਾਰਾ'।
ਜੇ ਅਬਿ ਸਾਬਤ ਪ੍ਰਾਪਤਿ ਹਾਥ। ਤੌ ਅਤਿ ਕਰਾਮਾਤ ਕੇ ਸਾਥ॥੨॥

ਫਿਰ ਉਸ ਧੀਰਮੱਲ ਨੂੰ ਆ ਕੇ ਕਿਹਾ, "ਕਿਸੇ ਦੇਰ ਤੋਂ ਬਗੈਰ ਪਾਣੀ ਵਿਚੋਂ ਜਾ ਕੇ ਕੱਢ ਲਵੋ।" ਜੇ ਗ੍ਰੰਥ ਸਾਹਿਬ ਹੁਣ ਸਾਬਤ ਹੱਥ ਵਿਚ ਪ੍ਰਾਪਤ ਹੋ ਜਾਂਦੇ ਹਨ ਤਾਂ ਗੁਰੂ ਜੀ ਭਾਰੀ ਕਰਾਮਾਤ ਵਾਲੇ ਹਨ॥੨॥

ਜੇ ਨਹਿਂ ਨਿਕਸਜੋ, ਕੈ ਗਰ ਗਯੋ। ਦੁਲਭ ਗ੍ਰਿੰਥ ਤੌ ਬਿਨਸਤਿ ਭਯੋ।
ਧੀਰਮੱਲ ਸੋਂ ਠਾਨਜੋ ਹਾਸ। ਜਿਸ ਪ੍ਰਤਿ ਕਹਜੋ ਕਿ 'ਲੇਹੁ ਨਿਕਾਸਿ'॥੩॥

ਜੇ ਹੁਣ ਸ੍ਰੀ ਗ੍ਰੰਥ ਸਾਹਿਬ ਨਾ ਨਿਕਲਿਆ ਜਾਂ ਗਲ ਗਿਆ ਤਾਂ ਤੁਹਾਡਾ ਦੁਰਲੱਭ ਗ੍ਰੰਥ ਖਤਮ ਹੋਇਆ ਸਮਝੋ। ਧੀਰਮੱਲ ਨੇ ਉਸਦੀ ਗੱਲ ਨੂੰ ਮਜ਼ਾਕ ਸਮਝਿਆ, ਜਿਸ ਨੇ ਜਾ ਕੇ ਕਿਹਾ ਕਿ "ਬਾਹਰ ਕੱਢ ਲਵੋ"॥੩॥

ਏਵ ਬਿਚਾਰਤਿ ਮਾਰਗ ਜਾਤੇ। ਕਹਿਬੇ ਕਾਰਨ ਤੇ ਉਤਲਾਤੇ।
ਸ਼੍ਰੋਤਾ! ਸੁਨਹੁ ਗ੍ਰਿੰਥ ਕੀ ਕਥਾ। ਪੁਨ ਸਤਿਗੁਰ ਕੀ ਉਚਰੋਂ ਜਥਾ॥੪॥

ਇਸ ਤਰ੍ਹਾਂ ਵਿਚਾਰਦਾ ਰਾਹੇ-ਰਾਹ ਜਾ ਰਿਹਾ ਸੀ, ਧੀਰਮੱਲ ਨੂੰ ਛੇਤੀ ਕਹਿਣ ਦੇ ਕਾਰਨ ਕਾਹਲੀ-ਕਾਹਲੀ ਚਲਦਾ ਸੀ। ਹੇ ਸ਼੍ਰੋਤਾ ਗਨ! ਪਹਿਲਾਂ ਸ੍ਰੀ ਗ੍ਰੰਥ ਸਾਹਿਬ ਦੀ ਕਥਾ ਸੁਣੋ, ਫਿਰ ਸਤਿਗੁਰੂ ਜੀ ਦੀ ਕਥਾ ਉਚਾਰਨ ਕਰਾਂਗਾ।੪॥

ਸੋ ਨਰ ਪਹੁੰਚਜੋ ਪੁਰਿ ਕਰਤਾਰ। ਅਦਭੁਤ ਗਾਥਾ ਰਿਦੈ ਬਿਚਾਰਿ।
ਧੀਰਮੱਲ ਕੇ ਸਦਨ ਸਿਧਾਯੋ। ਗੁਰੂ ਜਾਨਿ ਤਿਹ ਸੀਸ ਨਿਵਾਯੋ॥੫॥

ਉਹ ਮਨੁੱਖ ਕਰਤਾਰਪੁਰ ਵਿਚ ਪਹੁੰਚਿਆ ਤੇ ਅਦਭੁਤ ਗਾਥਾ ਹਿਰਦੇ ਵਿਚ ਵਿਚਾਰੀ। ਸ੍ਰੀ ਧੀਰਮੱਲ ਦੇ ਘਰ ਗਿਆ, ਗੁਰੂ ਜਾਣ ਕੇ ਉਸ ਅੱਗੇ ਸਿਰ ਨਿਵਾਇਆ॥੫॥

ਹਾਥ ਜੋਰਿ ਸਭਿ ਕਥਾ ਉਚਾਰੀ। 'ਮੈਂ ਆਵਤਿ ਇਤ, ਜਥਾ ਨਿਹਾਰੀ।
ਸਤਿਗੁਰ ਤੇਗ ਬਹਾਦਰ ਧੀਰ। ਦੇਖੇ ਨਦੀ ਬਿਪਾਸਾ ਤੀਰ॥੬॥

ਹੱਥ ਜੋੜ ਕੇ ਸਭ ਕਥਾ ਉਚਾਰਨ ਕੀਤੀ, "ਮੈਂ ਏਧਰ ਆਉਂਦਿਆਂ ਜਿਵੇਂ ਵੇਖਿਆ ਹੈ। ਸ੍ਰੀ ਸਤਿਗੁਰੂ ਜੀ ਤੇਗ਼ ਬਹਾਦਰ ਜੀ ਧੀਰਜਵਾਨ, ਬਿਆਸਾ ਨਦੀ ਦੇ ਕਿਨਾਰੇ ਵੇਖੇ ਸਨ॥੬॥

ਕਹੈਂ ਸਿੱਖ ਸੋਂ ਗ੍ਰਿੰਥ ਲਿਜਾਵਹੁ। ਸ਼੍ਰੀ ਕਰਤਾਰ ਪੂਰੇ ਪਹੁੰਚਾਵਹੁ।
ਇਤਿ ਆਵਨਿ ਕੋ ਕਿਨਹੁ ਨ ਮਾਨੀ। ਤਬਿ ਧਰਿ ਦੀਨਿ ਗ੍ਰਿੰਥ ਬਿਚ ਪਾਨੀ॥੭॥

ਉਹ ਆਪਣੇ ਸਿੱਖਾਂ ਨੂੰ ਕਹਿ ਰਹੇ ਸਨ ਕਿ ਸ੍ਰੀ ਗ੍ਰੰਥ ਸਾਹਿਬ ਨੂੰ ਲੈ ਜਾਵੋ ਤੇ ਕਰਤਾਰਪੁਰ ਵਿਖੇ ਪਹੁੰਚਾ ਦੇਵੋ। ਪਰ ਏਧਰ ਆਉਣ ਵਾਸਤੇ ਕੋਈ ਵੀ ਸਿੱਖ ਨਾ ਮੰਨਿਆ, ਫਿਰ ਗ੍ਰੰਥ ਸਾਹਿਬ ਨੂੰ ਦਰਿਆ ਦੇ ਪਾਣੀ ਵਿਚ ਧਰ ਦਿੱਤਾ॥੭॥

ਮੋ ਸੰਗ ਕਹਜੋ ਤਹਾਂ ਤੂੰ ਜਾਤਿ। ਤਿਨ ਸੌਂ ਕਹਿ ਦੀਜੈ ਇਹ ਬਾਤ।
ਸੌਂਪਜੋ ਗ੍ਰਿੰਥ ਬੀਰ ਦਰੀਆਉ। ਆਉ ਨਿਕਾਸਿ, ਪਾਸ ਲੇ ਜਾਉ॥ ੮॥

ਮੈਨੂੰ ਫਿਰ ਕਿਹਾ ਕਿ ਤੂੰ ਉਥੇ ਜਾ ਰਿਹਾ ਹੈਂ, ਉਨ੍ਹਾਂ ਨੂੰ ਇਹ ਗੱਲ ਦੱਸ ਦੇਵੀਂ। ਗ੍ਰੰਥ ਨੂੰ ਦਰਿਆ ਦੇ ਵਿਚ ਸੌਂਪ ਦਿੱਤਾ ਹੈ। ਆ ਕੇ ਕੱਢ ਕੇ ਆਪਣੇ ਪਾਸ ਲੈ ਜਾਵੋ॥੮॥

ਮੈਂ ਗੁਰ ਤੇ ਸੁਨਿ ਦੇਖਤਿ ਭਯੋ। ਮੰਜੀ ਸਹਿਤ ਤਹਾਂ ਧਰਿ ਦਯੋ।
ਚਲਿ ਤੂਰਨ ਹੀ ਮਾਰਗ ਆਯੋ। ਤੁਮਰੇ ਹਿਤ ਇਹ ਆਨਿ ਸੁਨਾਯੋ'॥ ੯॥

ਮੈਂ ਗੁਰੂ ਜੀ ਪਾਸੋਂ ਸੁਣ ਕੇ ਵੇਖਦਾ ਪਿਆ ਸੀ, ਮੰਜੀ ਸਾਹਿਬ ਦੇ ਨਾਲ ਹੀ ਦਰਿਆ ਦੇ ਵਿਚ ਧਰ ਦਿੱਤਾ। ਫਿਰ ਮੈਂ ਤੁਰਤ ਚਲ ਕੇ ਰਾਹ ਵਿਚ ਆ ਗਿਆ, ਤੁਹਾਡੇ ਵਾਸਤੇ ਇਹ ਗੱਲ ਆ ਕੇ ਸੁਣਾਈ ਹੈ"॥੯॥

ਬਿਨਾ ਗ੍ਰਿੰਥ ਝੂਰਤਿ ਮਲ ਧੀਰ। ਚਿਤ ਮਹਿਂ ਪੀਰ ਗਹੀਰ ਅਧੀਰ।
ਸੁਨਤਿ ਬਾਤ ਕੋ ਹਰਖ ਉਪਾਜਹੁ। ਜਾਨਜੋ ਰਿਦੈ, ਮੋਹਿ ਢਿਗ ਆਯੋ॥੧੦॥

ਗ੍ਰੰਥ ਸਾਹਿਬ ਤੋਂ ਬਗੈਰ ਧੀਰਮੱਲ ਝੂਰ ਰਿਹਾ ਸੀ, ਚਿੱਤ ਵਿਚ ਬਹੁਤ ਡੂੰਘੀ ਪੀੜ ਸੀ। ਉਸ ਵਿਅਕਤੀ ਦੀ ਗੱਲ ਸੁਣ ਕੇ ਬਹੁਤ ਪ੍ਰਸੰਨ ਹੋਇਆ। ਹਿਰਦੇ ਵਿਚ ਇਹ ਜਾਣਿਆ ਕਿ ਹੁਣ ਗ੍ਰੰਥ ਮੇਰੇ ਪਾਸ ਆ ਗਿਆ ਹੈ॥੧੦॥

ਬੂਝਨਿ ਲਗਜੋ 'ਨੀਰ ਮਹਿਂ ਕੈਸੇ?। ਰਹਹਿ ਸਬੂਤ ਸੁ ਪੂਰਬ ਜੈਸੇ।
ਕਾਗਰ ਭੀਗ ਜਾਹਿਂ ਗਰ ਸੋਈ। ਲੇਹਿਂ ਨਿਕਾਸਿ ਕਾਜ ਕਹਾ ਹੋਈ॥੧੧॥

ਪੁੱਛਣ ਲੱਗਾ, "ਪਾਣੀ ਵਿਚ ਕਿਸ ਤਰ੍ਹਾਂ ਰੱਖਿਆ ਹੈ? ਉਥੇ ਪਹਿਲਾਂ ਵਾਂਗ ਕਿਵੇਂ ਸਾਬਤ ਰਹੇਗਾ। ਕਾਗਜ਼ ਭਿੱਜ ਕੇ ਗਲ ਜਾਣਗੇ ਜੇ ਕੱਢ ਵੀ ਲਈਏ ਤਾਂ ਸਾਡੇ ਕਿਸ ਕੰਮ ਆਉਣਗੇ"॥੧੧॥

ਸੁਨਿ ਮਸੰਦ ਬੋਲਜੋ ਮਤਿ ਖੋਟਾ। 'ਇਹ ਕਹਾ ਕਰਜੋ ਨ ਕਿਨਹੂੰ ਹੋਟਾ?
ਬਡੇ ਗੁਰੂਨਿ ਕੀ ਹਾਥਿ ਨਿਸ਼ਾਨੀ। ਮਹਾਂ ਮਹਾਤਮਵਾਨ ਸਮਾਨੀ॥ ੧੨॥

ਇਹ ਸੁਣ ਕੇ ਖੋਟੀ ਮੱਤ ਵਾਲਾ ਮਸੰਦ ਬੋਲਿਆ, "ਇਹ ਕੀ ਕੀਤਾ, ਉਸ ਨੂੰ ਕਿਸੇ ਰੋਕਿਆ ਨਹੀਂ ਹੈ? ਵੱਡੇ ਗੁਰਾਂ ਦੇ ਹੱਥਾਂ ਦੀ ਨਿਸ਼ਾਨੀ ਸੀ, ਮਹਾਨ ਮਹਾਤਮਵਾਨ ਵਾਂਗ ਸੀ॥੧੨॥

ਗੁਰ ਸੰਗਤਿ ਜਿਹ ਦੇਖਨਿ ਚਹੈਂ। ਦਰਸ਼ਨ ਕਰੈਂ ਪਾਪ ਬਡ ਦਹੈਂ।
ਹਮ ਤੇ ਅਰੁ ਆਪਨਿ ਤੇ ਖੋਯੋ। ਇਸ ਮਹਿਂ ਕੌਨ ਭਲੋ ਨਿਜ ਜੋਯੋ॥ ੧੩॥

ਗੁਰ ਸੰਗਤ ਜਿਸ ਦੇ ਦਰਸ਼ਨ ਕਰਨਾ ਚਾਹੁੰਦੀ ਹੈ, ਦਰਸ਼ਨ ਕਰਨ ਨਾਲ ਵੱਡੇ ਪਾਪ ਨਾਸ਼ ਹੋ ਜਾਂਦੇ ਹਨ। ਸਾਡੇ ਪਾਸੋਂ ਤੇ ਆਪਣੇ ਪਾਸੋਂ ਵੀ ਗਵਾ ਲਿਆ ਹੈ। ਇਸ ਵਿਚ ਆਪਣਾ ਭਲਾ ਕੀ ਵੇਖਿਆ ਹੈ॥੧੩॥

ਪੁਨ ਤੁਮ ਸੰਗ ਹਾਸ ਕਰਿ ਭੇਜਾ। ਸਲਿਤਾ ਤੇ ਨਿਕਾਸਿ ਕਰਿ ਲੇਜਾ।
ਬਡੋ ਕਾਜ ਤਿਨ ਦੀਨਿ ਬਿਗਾਰੀ। ਅਬਿ ਕੈਸੇ ਕੋ ਸਕਹਿ ਸੁਧਾਰੀ' ॥ ੧੪ ॥

ਫਿਰ ਤੁਹਾਡੇ ਪਾਸ ਮਜ਼ਾਕ ਕਰਕੇ ਭੇਜਿਆ ਹੈ, ਦਰਿਆ ਵਿਚੋਂ ਕੱਢ ਕੇ ਲੈ ਜਾ। ਵੱਡੇ ਕਾਰਜ ਨੂੰ ਉਸ ਵਿਗਾੜ ਦਿੱਤਾ ਹੈ, ਹੁਣ ਉਸਦਾ ਕੋਈ ਕਿਵੇਂ ਸੁਧਾਰ ਕਰ ਸਕਦਾ ਹੈ' ॥੧੪॥

ਧੀਰਮੱਲ ਚਿਤਵਨਿ ਚਿਤਵੰਤਾ। ਬੋਲਯੋ ਸਭਿ ਮਹਿਂ ਗੁਰੂ ਬ੍ਰਿਤੰਤਾ।
'ਆਛੋ ਹੀ ਤੈਂ ਕੀਨਿ ਉਚਾਰ। ਤਊ ਦੇਖੀਏ ਰਿਦੈ ਬਿਚਾਰਿ॥ ੧੫ ॥

ਧੀਰਮੱਲ ਚਿੱਤ ਵਿਚ ਸੋਚ ਰਿਹਾ ਸੀ ਤੇ ਉਸ ਨੇ ਸਭ ਦੇ ਪਾਸ ਗੁਰੂ ਜੀ ਦਾ ਬ੍ਰਿਤਾਂਤ ਕਿਹਾ, ' ਤੂੰ ਚੰਗੀ ਗੱਲ ਉਚਾਰਨ ਕੀਤੀ ਹੈ, ਫਿਰ ਵੀ ਹਿਰਦੇ ਵਿਚ ਜੇ ਵਿਚਾਰ ਕੇ ਵੇਖੀਏ॥੧੫॥

ਲਘੁ ਬਯ ਤੇ ਸ੍ਰੀ ਤੇਗ ਬਹਾਦਰ। ਬਡੇ ਗੁਰੂ ਭੀ ਠਾਨਤਿ ਆਦਰ।
ਭੂਲ ਨ ਕਬਿਹੂੰ ਕੂਰ ਬਖਾਨਾ। ਰਹਯੋ ਸਦਾ ਮਨ ਸਦ ਗੁਨ ਸਾਨਾ॥ ੧੬ ॥

ਛੋਟੀ ਉਮਰ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵੱਡੇ ਗੁਰੂ ਹਰਿਗੋਬਿੰਦ ਜੀ ਵੱਡਾ ਆਦਰ ਕਰਦੇ ਸਨ। ਉਹ ਭੁੱਲ ਕੇ ਵੀ ਕਦੀ ਝੂਠ ਨਹੀਂ ਬੋਲਦੇ ਹਨ, ਉਹ ਸਦਾ ਹੀ ਸ੍ਰੇਸ਼ਟ ਗੁਣਾਂ ਵਿਚ ਸੰਯੁਕਤ ਰਹਿੰਦੇ ਹਨ॥੧੬॥

ਅਬਿ ਭੀ ਪਿਖਹੁ ਬਕਾਲੇ ਮਾਂਹਿ। ਹਮ ਕੈਸੇ ਕੀਨੀ ਸੰਗ ਤਾਂਹਿ।
ਸੀਲ ਸਾਧਿ ਤਿਨ ਕੁਛ ਨ ਬਿਚਾਰਾ। ਹਰ ਪਰ ਪੁਨ ਕੀਨਸਿ ਉਪਕਾਰਾ ॥੧੭ ॥

ਹੁਣ ਵੀ ਵੇਖੋ ਬਕਾਲੇ ਪਿੰਡ ਵਿਚ, ਅਸੀਂ ਉਨ੍ਹਾਂ ਨਾਲ ਕੀ ਸਲੂਕ ਕੀਤਾ। ਸ੍ਰੇਸ਼ਟ ਸਾਧੂ ਵਾਂਗ ਉਨ੍ਹਾਂ ਕੁਝ ਨਹੀਂ ਵਿਚਾਰਿਆ ਹੈ। ਸਾਡੇ ਉਤੇ ਫਿਰ ਉਪਕਾਰ ਕੀਤਾ ਹੈ॥੧੭॥

ਲੁਟੀ ਵਸਤੁ ਭੇਜੀ ਤਤਕਾਲਾ। ਨਿਜ ਪੂਜਾ ਸੰਗ ਦੀਨਿ ਬਿਸਾਲਾ।
ਇਮ ਕਿਸ ਤੇ ਬਨਿ ਆਵਹਿ ਕਾਰ। ਯਾਂਤੇ ਲਖੀਯਤਿ ਸਾਧੁ ਉਦਾਰ॥ ੧੮ ॥

ਲੁਟੀਆਂ ਹੋਈਆਂ ਵਸਤਾਂ ਵੀ ਤੁਰਤ ਭੇਜ ਦਿੱਤੀਆਂ ਹਨ, ਆਪਣੀ ਪੂੰਜੀ ਵੀ ਨਾਲ ਬਹੁਤ ਦਿੱਤੀ ਹੈ, ਐਸੀ ਕਾਰ ਕਿਸ ਪਾਸੋਂ ਹੋ ਸਕਦੀ ਹੈ, ਇਸ ਕਰਕੇ ਉਹ ਵੱਡੇ ਸਾਧੂ ਸਮਝ ਵਿਚ ਆਉਂਦੇ ਹਨ॥੧੮॥

ਭੋਰਾ ਬਹੁ ਸੁਭਾਵ ਜਿਨ ਕੇਰਾ। ਤਿਨ ਕੇ ਬਚ ਨਿਸ਼ਚਾ ਹੁਇ ਮੇਰਾ।
ਹਾਸ ਕਰਨਿ ਸੋਂ ਕਯੋਂਹੂੰ ਨ ਜਾਨਹਿਂ। ਪੁਨ ਹਮ ਸੋਂ ਕਿਮ ਕੂਰ ਬਖਾਨਹਿਂ॥੧੯॥

ਉਨ੍ਹਾਂ ਦਾ ਸੁਭਾਵ ਬਹੁਤ ਭੋਲਾ ਹੈ, ਉਨ੍ਹਾਂ ਦੇ ਬਚਨਾਂ ਤੇ ਮੈਨੂੰ ਭਰੋਸਾ ਹੈ। ਮਜ਼ਾਕ ਕਰਨਾ ਉਹ ਕਦੇ ਵੀ ਨਹੀਂ ਜਾਣਦੇ ਹਨ। ਫਿਰ ਸਾਡੇ ਨਾਲ ਕਿਵੇਂ ਝੂਠ ਬੋਲਣਗੇ॥੧੯॥

ਜੇ ਅਬਿ ਕਰੀਅਹਿ ਭਲੇ ਬਿਚਾਰ। ਹਮ ਤੇ ਹੀ ਸਭਿ ਭਯੋ ਬਿਗਾਰ।
ਤਊ ਛਿਮਾ ਧਾਰਨਿ ਉਰ ਕੀਨਿ। ਇਤੋ ਪਦਾਰਥ ਪਠਿ ਜੋ ਦੀਨਿ॥ ੨੦ ॥

ਜੇ ਹੁਣ ਭਲੀ ਪ੍ਰਕਾਰ ਵਿਚਾਰ ਕਰੀਏ, ਸਾਡੇ ਪਾਸੋਂ ਹੀ ਸਾਰਾ ਵਿਗਾੜ ਹੋਇਆ ਹੈ, ਫਿਰ ਵੀ ਹਿਰਦੇ ਵਿਚ ਖਿਮਾ ਧਾਰਨ ਕੀਤੀ ਹੈ, ਏਨੇ ਪਦਾਰਥ ਜਿਹੜੇ ਵਾਪਸ ਭੇਜ ਦਿੱਤੇ ਹਨ॥੨੦॥

ਚਲਹੁ ਨਦੀ ਕੋ ਅਬਹਿ ਨਿਹਾਰਹਿਂ। ਗ੍ਰਿੰਥ ਨਿਕਾਸਹਿਂ ਬਹੁਰ ਸੰਭਾਰਹਿਂ।
ਸ੍ਰੀ ਨਾਨਕ ਆਦਿਕ ਗੁਰ ਸਾਰੇ। ਕੀਨਿ ਮਨਾਵਨਿ ਮੈਂ ਬਹੁ ਵਾਰੇ॥ ੨੧ ॥

ਨਦੀ 'ਤੇ ਚਲ ਕੇ ਹੁਣੇ ਵੇਖਦੇ ਹਾਂ, ਗ੍ਰੰਥ ਕੱਢ ਕੇ ਫਿਰ ਸੰਭਾਲਦੇ ਹਾਂ। ਸ੍ਰੀ ਗੁਰੂ ਨਾਨਕ ਆਦਿ ਸਾਰੇ ਗੁਰੂ ਸਾਹਿਬਾਨ, ਮੈਂ ਬਹੁਤ ਵਾਰ ਮਨਾਏ ਹਨ॥੨੧॥

**ਕਰਨਿ ਤਿਹਾਵਲ ਮਾਨਜੋ ਘਨੋਂ। ਭਏ ਸਹਾਇ ਆਇ, ਮਨ ਗਿਨੋਂ।**
**ਦੁਰਲਭ ਉੱਦਮ ਗ੍ਰਿੰਥ ਪਦਾਰਥ। ਜੇ ਕਰਿ ਲਹੈਂ, ਭਏ ਸਭਿ ਸ੍ਵਾਰਥ॥੨੨॥**

ਬਹੁਤ ਕੜਾਹ ਪ੍ਰਸ਼ਾਦ ਤਿਆਰ ਕਰਨਾ ਮੰਨਿਆ ਹੈ, ਮੈਂ ਮਨ ਵਿਚ ਸਮਝਦਾ ਹਾਂ ਕਿ ਉਹ ਮੇਰੀ ਸਹਾਇਤਾ ਕਰਨ ਆਏ ਹਨ। ਸ੍ਰੀ ਗ੍ਰੰਥ ਸਾਹਿਬ ਇਕ ਦੁਰਲੱਭ ਪਦਾਰਥ ਹਨ, ਜੇ ਲੱਭ ਲਈਏ ਤਾਂ ਸਾਰੇ ਸ੍ਵਾਰਥ ਪੂਰੇ ਹੋ ਜਾਂਦੇ ਹਨ॥੨੨॥

**ਮੋਹਿ ਬੰਸ ਮਹਿਂ ਰਹੇ ਬਡਾਈ। ਚਢਹਿਂ ਅਕੋਰਨ ਕੇ ਸਮੁਦਾਈ।**
**ਤਿਸ ਹੀ ਸੰਗ ਸੁ ਗੁਰਤਾ ਗਾਦੀ। ਬਨਹਿ ਅਬਾਦੀ, ਝੂਰਹਿਂ ਬਾਦੀ॥੨੩॥**

ਮੇਰੀ ਵੰਸ਼ ਵਿਚ ਇਹ ਵਡਿਆਈ ਰਹੇਗੀ, ਤੇ ਬਹੁਤ ਉਪਹਾਰ ਚੜ੍ਹਾਵੇ ਵਜੋਂ ਚੜ੍ਹਨਗੇ। ਉਸ ਦੇ ਨਾਲ ਹੀ ਮੇਰੀ ਗੁਰਤਾ ਗੱਦੀ ਆਬਾਦ ਹੋ ਜਾਵੇਗੀ ਤੇ ਵਿਰੋਧੀ ਝੂਰਨਗੇ॥੨੩॥

**ਜਥਾ ਰੰਕ ਸੁਰਤਰੁ ਕੋ ਪਾਵਹਿ। ਮੋਕਹੁ ਅਸ ਅਨੰਦ ਉਪਜਾਵਹਿ।**
**ਚਲਿਬੇ ਕੀ ਤਯਾਰੀ ਕਰਿ ਲੀਜਹਿ। ਇਸ ਮਹਿਂ ਸੰਸੈ ਨੈਕ ਨ ਕੀਜਹਿ' ॥੨੪॥**

ਜਿਵੇਂ ਗਰੀਬ ਕਲਪਬ੍ਰਿਛ ਨੂੰ ਪਾ ਲਵੇ, ਮੈਨੂੰ ਇਸ ਤਰ੍ਹਾਂ ਅਨੰਦ ਉਪਜਾਵੇਗੀ। ਚੱਲਣ ਦੀ ਹੁਣ ਤਿਆਰੀ ਕਰ ਲਵੋ, ਇਸ ਉਤੇ ਰਤਾ ਭਰ ਵੀ ਸੰਸਾ ਨਾ ਕਰੋ" ॥੨੪॥

**ਸੁਨਿ ਮਸੰਦ ਸ਼ੀਂਹੇਂ ਬਚ ਕਹਜੋ। 'ਬਾਤਨਿ ਤੇ ਅਨੰਦ ਕਿਮ ਲਹਜੋ।**
**ਤੇਰੋ ਹੈ ਸ਼ਰੀਕ ਸੋ ਭਾਰਾ। ਸ਼ੁਭ ਗੁਨਵੰਤਾ ਜਿਸਹਿ ਬਿਚਾਰਾ॥੨੫॥**

ਇਹ ਸੁਣ ਕੇ ਸ਼ੀਂਹਾਂ ਮਸੰਦ ਬੋਲਿਆ, "ਗੱਲਾਂ ਨਾਲ ਹੀ ਕਿਵੇਂ ਅਨੰਦ ਲੈਂਦੇ ਹੋ। ਉਹ ਤੇਰਾ ਵੱਡਾ ਸ਼ਰੀਕ ਹੈ। ਸ਼ੁਭ ਗੁਣਾਂ ਵਾਲਾ ਜਿਸ ਨੂੰ ਵਿਚਾਰਿਆ ਹੈ॥੨੫॥

**ਹਾਸੀ ਕਰੀ ਤੋਹਿ ਸੰਗ ਐਸੇ। ਜਗ ਮਹਿਂ ਹੌਰਾ ਹੁਇ ਹੈਂ ਜੈਸੇ।**
**ਖੋਜਹਿਂ ਜਬਿਹੂੰ ਜਾਇ ਬਿਪਾਸਾ। ਸੁਨਿ ਪਿਖਿ ਕਰਹਿਂ ਸਕਲ ਨਰ ਹਾਸਾ॥੨੬॥**

ਉਨ੍ਹਾਂ ਨੇ ਤੇਰੇ ਨਾਲ ਇਸ ਤਰ੍ਹਾਂ ਮਜ਼ਾਕ ਕੀਤਾ ਹੈ, ਜਿਵੇਂ ਜਗ ਵਿਚ ਹੌਲਾ ਪੈ ਜਾਵੇਂਗਾ। ਜਦ ਬਿਆਸ ਦਰਿਆ ਵਿਚ ਜਾ ਕੇ ਲਭਦਾ ਫਿਰੇਂਗਾ ਤਾਂ ਸਾਰੇ ਮਨੁੱਖ ਸੁਣ ਕੇ ਵੇਖ ਕੇ ਤੇਰਾ ਹਾਸਾ ਉਡਾਉਣਗੇ॥੨੬॥

**ਬਿਨਾ ਅਕਲ ਤੇ ਜਾਨਹਿਂ ਤੋਹੀ। ਨਦੀ ਸਬੇਗ ਬਿਖੈ ਕਯਾ ਹੋਹੀ।**
**ਬਹਜੋ ਹੋਇ ਗੋ ਜਲ ਕੇ ਜ਼ੋਰ। ਕੇਤਿਕ ਥਾਨ ਕਰਹਿੰਗੇ ਟੋਰ?॥੨੭॥**

ਤੈਨੂੰ ਉਹ ਬੇਅਕਲ ਜਾਣਦੇ ਹਨ, ਵਗਦੀ ਨਦੀ ਵਿਚ ਕੀ ਹੋਵੇਗਾ। ਉਹ ਜਲ ਦੇ ਜ਼ੋਰ ਨਾਲ ਬਹਿ ਗਿਆ ਹੋਵੇਗਾ, ਕਿਥੇ ਕਿਥੇ ਜਾ ਕੇ ਲਭਦੇ ਫਿਰਾਂਗੇ?॥੨੭॥

**ਕਿਮ ਪ੍ਰਾਪਤ ਹ੍ਵੈ, ਰਿਦੈ ਬਿਚਾਰੋ। ਦਬਜੋ ਹੋਹਿ ਸਿਕਤਾ ਪਰ ਭਾਰੋ।**
**ਜੇ ਕਦਾਂਚ ਕਰਿ ਆਵਹਿ ਹਾਥ। ਕਾਗਦ ਗਰ ਹੋਹਿਂ ਜਲ ਸਾਥ॥੨੮॥**

ਕਿਵੇਂ ਪ੍ਰਾਪਤ ਹੋਵੇ, ਇਹ ਹਿਰਦੇ ਵਿਚ ਵਿਚਾਰ ਕਰੋ, ਰੇਤ ਦਾ ਉਪਰ ਭਾਰ ਪੈ ਗਿਆ ਹੋਵੇਗਾ। ਜੇ ਕਦੀ ਹੱਥ ਵੀ ਆ ਜਾਵੇ ਤਾਂ ਜਲ ਨਾਲ ਕਾਗਜ਼ ਗਲ਼ ਗਏ ਹੋਣਗੇ॥੨੮॥

ਉਜਰ ਆਪਨੋ ਕਲੋਂ ਤੂੰ ਖੋਵਹਿ। ਨਹਿਂ ਸ਼ਰੀਕ ਕੋ ਆਸ਼ੈ ਜੋਵਹਿ।
ਪ੍ਰਥਮ ਪਦਾਰਥ ਜੇ ਸਭਿ ਮੋਰੇ। ਕਿਮ ਦੀਨੇ, ਸੋ ਲਖ੍ਯੋ ਨ ਥੋਰੇ॥ ੨੯॥

ਆਪਣੀ ਤਾਕਤ ਨੂੰ ਤੂੰ ਕਿਉਂ ਗਵਾਉਂਦਾ ਹੈਂ ਤੇ ਆਪਣੇ ਸ਼ਰੀਕ ਦੇ ਆਸ਼ੇ ਨੂੰ ਨਹੀਂ ਸਮਝਦਾ ਹੈਂ। ਪਹਿਲਾਂ ਜਿਹੜੇ ਪਦਾਰਥ ਮੇਰੇ ਹਨ, ਉਹ ਕਿਉਂ ਦਿੱਤੇ ਹਨ, ਤੂੰ ਥੋੜਾ ਵੀ ਨਹੀਂ ਸਮਝਿਆ ਹੈ॥੨੯॥

ਮਹਿਮਾ ਸੰਗਤਿ ਬਿਖੈ ਬਧਾਵਨਿ। ਅਪਨੇ ਗੁਨ ਗਨ ਕਰਤਿ ਦਿਖਾਵਨਿ।
ਜਿਸ ਕੋ ਲੋਕ ਬਿਲੋਕਿ ਬਿਸਾਲੇ। ਅਰਪਹਿਂ ਆਨਿ ਪਦਾਰਥ ਜਾਲੇ॥ ੩੦॥

ਸੰਗਤ ਵਿਚ ਆਪਣੀ ਮਹਿਮਾ ਵਧਾਉਣ ਵਾਸਤੇ ਤੇ ਆਪਣੇ ਚੰਗੇ ਗੁਣ ਵਿਖਾਉਣ ਵਾਸਤੇ, ਜਿਸ ਨੂੰ ਵਿਸ਼ਾਲ ਲੋਕ ਵੇਖ ਕੇ ਆ ਕੇ ਬਹੁਤ ਪਦਾਰਥ ਅਰਪਣ ਕਰਨ॥੩੦॥

ਆਸ਼ੈ ਗੂਢ ਲਖ੍ਯੋ ਤੁਮ ਨਾਂਹੀ। ਨਿਸ਼ਚੈ ਕਰਹੁ ਸ਼ੱਤ੍ਰੂ ਬਚ ਮਾਂਹੀ।
ਇੱਤ੍ਯਾਦਿਕ ਬਹੁ ਕਹ੍ਯੋ ਮਸੰਦ। ਜੋ ਗੁਰ ਨਿੰਦਕ ਹੁਤੋ ਬਿਲੰਦ॥ ੩੧॥

ਤੂੰ ਉਨ੍ਹਾਂ ਦੇ ਡੂੰਘੇ ਆਸ਼ਿਆਂ ਨੂੰ ਨਹੀਂ ਸਮਝਿਆ ਹੈਂ ਤੇ ਵੈਰੀ ਦੇ ਬਚਨਾਂ ਤੇ ਭਰੋਸਾ ਕਰਦਾ ਹੈਂ।" ਇੱਤਆਦਿ ਮਸੰਦ ਨੇ ਬਹੁਤ ਕਿਹਾ, ਜਿਹੜਾ ਕਿ ਵੱਡਾ ਗੁਰੂ ਨਿੰਦਕ ਸੀ॥੩੧॥

ਰਾਖ੍ਯੋ ਰੋਕਿ ਚਢਨਿ ਨਹਿਂ ਦਯੋ। ਸੋ ਦਿਨ ਇਮ ਬਿਤੀਤ ਕਰਿ ਗਯੋ।
ਗੁਰ ਸੋਂ ਧੀਰਮੱਲ ਕਰਿ ਬਿਨਤੀ। ਸਗਰੀ ਨਿਸ ਮਨ ਮਹਿਂ ਗਿਨ ਗਿਨਤੀ॥੩੨॥

ਉਸ ਨੇ ਧੀਰਮੱਲ ਨੂੰ ਰੋਕ ਰਖਿਆ ਤੇ ਬਿਆਸਾ ਨਦੀ ਵਲ ਨਾ ਜਾਣ ਦਿੱਤਾ। ਉਹ ਦਿਨ ਵੀ ਇਸ ਤਰ੍ਹਾਂ ਬਤੀਤ ਕਰ ਦਿੱਤਾ। ਗੁਰੂ ਜੀ ਪਾਸ ਬੇਨਤੀ ਕਰਕੇ ਧੀਰਮੱਲ ਨੇ ਸਾਰੀ ਰਾਤ ਮਨ ਵਿਚ ਗਿਣਤੀਆਂ ਗਿਣਦਿਆਂ ਗੁਜ਼ਾਰ ਦਿੱਤੀ॥੩੨॥

ਉਤਰਹਿਂ ਚਢਹਿਂ ਗਟੀ ਬਹੁ ਬਾਰੀ। ਭਈ ਪ੍ਰਾਤਿ ਚਢਿਬੇ ਕਹੁ ਤਯਾਰੀ।
ਗੁਰੂ ਬਾਕ ਪਰ ਨਿਸ਼ਚਾ ਧਰੈ। 'ਕੂਰ ਨ ਕਹੈਂ ਸਦਾ ਸਚ ਰਰੈਂ'॥ ੩੩॥

ਬਹੁਤ ਵਾਰ ਗਿਣਤੀਆਂ ਦਾ ਉਤਰਾਅ ਚੜ੍ਹਾਅ ਹੁੰਦਾ ਰਿਹਾ, ਸਵੇਰ ਹੋਈ ਤਾਂ ਧੀਰਮੱਲ ਨੇ ਚੜ੍ਹਨ ਦੀ ਤਿਆਰੀ ਕਰ ਦਿੱਤੀ। ਗੁਰੂ ਜੀ ਦੇ ਬਚਨਾਂ 'ਤੇ ਨਿਸ਼ਚਾ ਧਾਰਨ ਕੀਤਾ, "ਉਹ ਝੂਠ ਨਹੀਂ ਕਹਿੰਦੇ ਸਦਾ ਸੱਚ ਬੋਲਦੇ ਹਨ"॥੩੩॥

ਸ਼ੀਹਾਂ ਦੁਸ਼ਟ ਮਸੰਦ ਹਟਾਵੈ। ਗੁਰ ਮਹਿਂ ਔਗੁਨ ਕਲਪਿ ਸੁਨਾਵੈ।
ਪੁਨ ਮਿਟ ਰਹਹਿ ਸੰਦੇਹ ਉਪਾਇ। ਚਿਤ ਮਹਿਂ ਨਹਿਂ ਦ੍ਰਿਸਿਥਿਰਤਾ ਪਾਇ॥੩੪॥

ਸ਼ੀਹਾਂ ਦੁਸ਼ਟ ਮਸੰਦ ਹਟਾਉਂਦਾ ਰਿਹਾ ਗੁਰੂ ਜੀ ਵਿਚ ਔਗੁਣ ਮਿੱਥ ਕੇ ਸੁਣਾਉਂਦਾ ਹੈ। ਫਿਰ ਧੀਰਮੱਲ ਸੰਦੇਹ ਪਾ ਕੇ ਹਟਿਆ ਰਹਿੰਦਾ ਸੀ, ਪਰ ਚਿੱਤ ਵਿਚ ਕਦੇ ਵੀ ਸਥਿਰਤਾ ਨਹੀਂ ਪਾਉਂਦਾ ਸੀ॥੩੪॥

ਆਠਹੁ ਜਾਮ ਸਚਿੰਤ ਬਿਤਾਵੈ। ਚਢਨਿ ਲਗੈ ਤਬਿ ਦੁਸ਼ਟ ਹਟਾਵੈ।
ਕਿਤਿਕ ਦਿਵਸ ਬੀਤੇ ਇਸ ਭਾਂਤੀ। ਮਿਲਿ ਮਿਲਿ ਕਰਹਿ ਅਨਿਕ ਬਿਧਿ ਬਾਤੀ॥੩੫॥

ਅੱਠੇ ਪਹਿਰ ਚਿੰਤਾ ਸਹਿਤ ਬਤੀਤ ਕਰਦਾ ਸੀ, ਜਦ ਵੀ ਉਹ ਬਿਆਸਾ ਨਦੀ ਵਲ ਜਾਣ ਦੀ ਤਿਆਰੀ ਕਰਦਾ ਸੀ ਤਾਂ ਦੁਸ਼ਟ ਮਸੰਦ ਹਟਾ ਦਿੰਦਾ ਸੀ। ਇਸ ਪ੍ਰਕਾਰ ਕਈ ਦਿਨ ਬੀਤ ਗਏ, ਮਿਲ ਮਿਲ ਕੇ ਅਨੇਕ ਪ੍ਰਕਾਰ ਗੱਲਾਂ ਕਰਦਾ ਸੀ॥੩੫॥

ਕਹੌਂ ਕਹਾਂ ਲਗਿ ਸਕਲ ਬ੍ਰਿਤੰਤ। ਚਿਤ ਮਹਿਂ ਅਤਿ ਚਿੰਤਾ ਚਿਤਵੰਤਿ।
ਗੁਰ ਪਰ ਕਰਹਿ ਜਬਹਿ ਵਿੱਸ਼੍ਵਾਸ਼। ਦੁਸ਼ਟ ਮਸੰਦ ਸੁ ਦੇਤਿ ਬਿਨਾਸਿ॥ ੩੬॥

ਕਿਥੋਂ ਤਕ ਸਾਰਾ ਬ੍ਰਿਤਾਂਤ ਕਹਾਂ, ਚਿੱਤ ਵਿਚ ਅਤਿ ਚਿੰਤਤ ਹੋ ਕੇ ਸੋਚਦਾ ਸੀ। ਜਦ ਵੀ ਗੁਰੂ ਜੀ ਉਤੇ ਵਿਸ਼ਵਾਸ ਕਰਦਾ ਸੀ ਦੁਸ਼ਟ ਮਸੰਦ ਵਿਸ਼ਵਾਸ ਨੂੰ ਖਤਮ ਕਰ ਦਿੰਦਾ ਸੀ॥੩੬॥

ਗੁਰ ਜਸੁ ਸ੍ਵਾਂਤੀ ਬੂੰਦ ਸਮਾਨ। ਸਿਖ ਮਨ ਸੁਕਤਾ ਪਰਹਿ ਜਿ ਆਨ।
ਮੁਕਤਾ ਅਨੰਦ ਅਮੋਲਕ ਹੋਇ। ਦਾਰਿਦ ਚਿੰਤਾ ਸਭਿ ਦੇ ਖੋਇ॥ ੩੭॥

ਗੁਰੂ ਜੀ ਦਾ ਜੱਸ ਸਵਾਂਤ ਦੀ ਬੂੰਦ ਵਾਂਗ ਹੈ ਜੇ ਸਿੱਖ ਦੇ ਸਿੱਖੀ ਰੂਪੀ ਮਨ ਵਿਚ ਮੋਤੀ ਆ ਪਵੇ। ਮੋਤੀ ਦਾ ਅਨੰਦ ਅਮੋਲਕ ਹੁੰਦਾ ਹੈ, ਦਲਿਦਰ, ਚਿੰਤਾਵਾਂ ਸਭ ਵਿਨਾਸ਼ ਹੋ ਜਾਂਦੀਆਂ ਹਨ॥੩੭॥

ਦੁਸ਼ਟ ਸਰਪ ਕੇ ਅੰਤਰ ਪਰੈ। ਨਿੰਦਾ ਬਿਖ ਕੋ ਤਤਛਿਨ ਕਰੈ।
ਬੁਰਾ ਕਰਹਿ ਲੋਕਨਿ ਡਸ ਜਾਇ। ਗੁਰ ਨਿਸ਼ਚਾ ਕਹਿ ਦੇਤਿ ਭੁਲਾਇ॥ ੩੮॥

ਜੇ ਉਹ ਸਵਾਂਤੀ ਬੂੰਦ ਦੁਸ਼ਟ ਸੱਪ ਦੇ ਅੰਦਰ ਪਵੇ, ਤਾਂ ਨਿੰਦਿਆ ਰੂਪੀ ਜ਼ਹਿਰ ਉਸ ਵਿਚ ਭਰ ਦਿੰਦੀ ਹੈ ਤਾਂ ਉਹ ਲੋਕਾਂ ਨੂੰ ਡੰਗ ਮਾਰ ਕੇ ਬੁਰਾ ਕਰਦਾ ਹੈ। ਇਸ ਤਰ੍ਹਾਂ ਸ਼ੀਂਹਾਂ ਦੁਸ਼ਟ ਕਹਿ ਕੇ ਗੁਰੂ ਜੀ 'ਤੇ ਉਸਦਾ ਨਿਸਚਾ ਭੁਲਾ ਦਿੰਦਾ ਹੈ॥੩੮॥

ਖੋਟੀ ਸੰਗਤਿ ਰੰਗਤਿ ਹੋਇ। ਕਹਹੁ ਕੌਨ ਬਿਗਰਯੋ ਨਹਿੰ ਜੋਇ।
ਪ੍ਰਥਮ ਧੀਰਮਲ ਦ੍ਵੈਸ਼ੀ ਆਪ। ਦੁਖਹਿ ਬਿਲੋਕਹਿ ਗੁਰੂ ਪ੍ਰਤਾਪ॥ ੩੯॥

ਖੋਟੀ ਸੰਗਤ ਦਾ ਰੰਗ ਚੜ੍ਹ ਜਾਂਦਾ ਹੈ, ਦੱਸੋ ਖੋਟੀ ਸੰਗਤ ਵਿਚ ਕੌਣ ਨਹੀਂ ਵਿਗੜਿਆ ਹੈ। ਪਹਿਲਾਂ ਧੀਰਮੱਲ ਆਪ ਈਰਖਾਲੂ ਹੈ, ਉਹ ਗੁਰੂ ਜੀ ਦਾ ਪ੍ਰਤਾਪ ਵੇਖ ਕੇ ਦੁਖੀ ਹੁੰਦਾ ਹੈ॥੩੯॥

ਗੁਨ ਗਨ ਪਿਖਿ ਉਪਜਹਿ ਬਿਸ੍ਵਾਸ। ਦੁਸ਼ਟ ਮਸੰਦ ਸੁ ਦੇਤਿ ਬਿਨਾਸ਼।
ਇਮ ਕੇਤਿਕ ਦਿਨ ਜਬਹਿ ਬਿਤਾਏ। ਧੀਰਮੱਲ ਬਹੁ ਚਿੰਤ ਉਪਾਏ॥ ੪੦॥

ਬਹੁਤ ਗੁਣ ਵੇਖ ਕੇ ਵਿਸ਼ਵਾਸ ਪੈਦਾ ਹੁੰਦਾ ਹੈ, ਪਰ ਦੁਸ਼ਟ ਮਸੰਦ ਉਸ ਵਿਸ਼ਵਾਸ ਨੂੰ ਖਤਮ ਕਰ ਦਿੰਦਾ ਹੈ। ਇਸ ਤਰ੍ਹਾਂ ਕਈ ਦਿਨ ਜਦ ਬਤੀਤ ਕੀਤੇ, ਧੀਰਮੱਲ ਬਹੁਤ ਚਿੰਤਤ ਹੋ ਗਿਆ॥ ੪੦॥

ਹਠ ਕੋ ਧਾਰਿ ਚਢਨਿ ਪੁਨ ਚਾਹਾ। ਖੋਜੌਂ ਏਕ ਬਾਰਿ ਜਲ ਮਾਂਹਾ।
ਮਹਾਂ ਪੁਰਖ ਸ੍ਰੀ ਤੇਗ ਬਹਾਦਰ। ਬਚਨ ਸਾਚ ਜਿਨ, ਮਾਨਯੋ ਸਾਦਰ॥ ੪੧॥

ਹੱਠ ਧਾਰ ਕੇ ਫਿਰ ਉਧਰ ਜਾਣਾ ਚਾਹਿਆ, ਇਕ ਵਾਰ ਜਲ ਵਿਚ ਖੋਜ ਕਰਕੇ ਵੇਖ ਲਈਏ। ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਂ ਪੁਰਖ ਹਨ ਜਿਨ੍ਹਾਂ ਨੇ ਆਦਰ ਨਾਲ ਉਨ੍ਹਾਂ ਦਾ ਸੱਚਾ ਬਚਨ ਮੰਨ ਲਿਆ ਹੈ॥੪੧॥

ਅਨਿਕ ਜੁਕਤਿ ਕਹਿ ਦੁਸ਼ਟ ਸੁਨਾਵੈ। 'ਕਯੋਂ ਹੌਰਾ ਹੁਇ?' ਚਢਤਿ ਹਟਾਵੈ।
ਕਹਯੋ ਕਿ 'ਏਕ ਬਾਰਿ ਮੈਂ ਜਾਊਂ। ਗੁਰ ਬਚ ਮਾਨ ਗ੍ਰਿੰਥ ਮੈਂ ਪਾਊਂ'॥ ੪੨॥

ਅਨੇਕਾਂ ਜੁਗਤੀਆਂ ਨਾਲ ਦੁਸ਼ਟ ਕਹਿ ਕੇ ਸੁਣਾਉਂਦਾ ਸੀ "ਕਿਉਂ ਹੌਲਾ ਹੁੰਦਾ ਹੈਂ?" ਚਲਣ ਲੱਗੇ ਨੂੰ ਰੋਕ ਲੈਂਦਾ ਸੀ। ਫਿਰ ਕਿਹਾ, "ਇਕ ਵਾਰ ਮੈਂ ਜ਼ਰੂਰ ਜਾਵਾਂਗਾ, ਗੁਰੂ ਜੀ ਦਾ ਬਚਨ ਮੰਨ ਕੇ ਗ੍ਰੰਥ ਪਾਵਾਂਗਾ"॥ ੪੨॥

*ਗਿਆਰਵੀਂ ਰਾਸ ਦਾ ਪੰਜੀਵਾਂ ਅਧਿਆਇ ਸਮਾਪਤ ਹੋਇਆ॥੨੫॥*

❖❖❖

# ਅਧਿਆਇ ਛੱਬੀਵਾਂ

## ਧੀਰਮੱਲ ਨੂੰ ਬੀੜ ਦਾ ਮਿਲਣਾ

ਦੋਹਰਾ- ਉਠਿ ਪ੍ਰਭਾਤਿ ਕੋ ਤਯਾਰ ਭਾ ਕਰਿ ਕੈ ਸੌਚ ਸ਼ਨਾਨ।
ਕੇਵਟ ਬ੍ਰਿੰਦ ਬੁਲਾਇ ਕਰਿ ਦੇਨਿ ਦਰਬ ਬਹੁ ਮਾਨਿ॥ ੧॥

ਸੌਚ ਇਸ਼ਨਾਨ ਕਰਕੇ ਧੀਰਮੱਲ ਅਗਲੀ ਸਵੇਰੇ ਉਠ ਕੇ ਤਿਆਰ ਹੋ ਗਿਆ। ਬਹੁਤ ਮਲਾਹ ਮੰਗਵਾ ਕੇ, ਉਨ੍ਹਾਂ ਨੂੰ ਬਹੁਤ ਧਨ ਦੇਣਾ ਮੰਨਿਆ॥੧॥

ਚੌਪਈ- ਅਪਰ ਨੀਰ ਮਹਿਂ ਤਰਨੇ ਹਾਰੇ। ਸੁਨਿ ਸੁਨਿ ਗੁਨਿ ਤਿਨ ਲੀਨਿ ਹਕਾਰੇ।
ਜਾਰ ਬ੍ਰਿੰਦ ਕੋ ਲਯੋ ਮੰਗਾਇ। ਸਭਿ ਬਿਧਿ ਤੇ ਤਯਾਰੀ ਕਰਿਵਾਇ॥੨॥

ਹੋਰ ਜਿਹੜੇ ਪਾਣੀ ਵਿਚ ਤਰਨ ਵਾਲੇ ਸਨ, ਉਨ੍ਹਾਂ ਦੇ ਗੁਣ ਸੁਣ ਕੇ ਬੁਲਾ ਲਏ। ਬਹੁਤ ਜਾਲ ਮੰਗਵਾ ਲਏ ਤੇ ਸਾਰੀਆਂ ਵਿਧੀਆਂ ਨਾਲ ਤਿਆਰੀ ਕਰਵਾਈ॥੨॥

ਜ਼ੀਨ ਪਰਯੋ ਸੁੰਦਰ ਹਯ ਆਯੋ। ਗੁਰ ਗਨ ਕੋ ਮਨ ਬਿਖੈ ਮਨਾਯੋ।
ਨੰਮ੍ਰਿ ਸੀਸ ਕਰਿ ਬੰਦਨ ਧਾਰੀ। 'ਇਹੀ ਕਾਮਨਾ ਪੂਰਹੁ ਹਮਾਰੀ॥ ੩॥

ਕਾਠੀ ਪਾਈ, ਇਕ ਸੁੰਦਰ ਘੋੜਾ ਆਇਆ, ਸਾਰੇ ਗੁਰੂ ਸਾਹਿਬਾਨ ਨੂੰ ਮਨ ਵਿਚ ਮਨਾਇਆ। ਸਨਿਮਰ ਸਿਰ ਕਰਕੇ ਬੰਦਨਾ ਧਾਰਨ ਕੀਤੀ, "ਹੇ ਗੁਰੂ ਸਾਹਿਬਾਨ ਜੀ! ਇਹ ਮੇਰੀ ਕਾਮਨਾ ਪੂਰੀ ਕਰੋ॥੩॥

ਪੰਚਾਂਮ੍ਰਿਤ ਬਹੁ ਆਨਿ ਕਰਾਵੌਂ। ਜੇ ਕਰਿ ਗ੍ਰਿੰਥ ਜਾਇ ਮੈਂ ਪਾਵੌਂ।
ਇਮ ਮਨੌਤ ਕੌ ਮਾਨਿ ਘਨੇਰੀ। ਹਯ ਪਰ ਚਢ੍ਯੋ ਸੌਨ ਸ਼ੁਭ ਹੇਰੀ॥ ੪॥

ਮੈਂ ਆ ਕੇ ਬਹੁਤ ਕੜਾਹ ਪ੍ਰਸ਼ਾਦਿ ਕਰਵਾਵਾਂਗਾ, ਜੇ ਮੈਂ ਗ੍ਰੰਥ ਸਾਹਿਬ ਨੂੰ ਪ੍ਰਾਪਤ ਕਰ ਲਵਾਂ।" ਇਸ ਤਰ੍ਹਾਂ ਬਹੁਤ ਵੱਡੀ ਮਨੌਤ ਮੰਨ ਕੇ ਘੋੜੇ ਉਤੇ ਚੜ੍ਹ ਕੇ ਸ਼ੁਭ ਸ਼ਗੁਨ ਵੇਖਿਆ॥੪॥

ਹਰਖ੍ਯੋ ਲਖ੍ਯੋ ਕਾਜ ਹੁਇ ਮੇਰੋ। ਜਿਸ ਤੇ ਔਰ ਨ ਭਲੋ ਬਡੇਰੋ।
ਗਮਨ੍ਯੋ ਮਾਰਗ ਲੈ ਨਰ ਬ੍ਰਿੰਦ। ਸੰਗ ਬਿਬਸ ਹੁਇ ਚਲ੍ਯੋ ਮਸੰਦ॥੫॥

ਵੇਖ ਕੇ ਖੁਸ਼ ਹੋਇਆ ਕਿ ਮੇਰਾ ਕਾਰਜ ਹੋ ਜਾਵੇਗਾ, ਜਿਸ ਤੋਂ ਹੋਰ ਕੋਈ ਭਲੀ ਅਤੇ ਵੱਡੀ ਗੱਲ ਨਹੀਂ ਹੈ। ਬਹੁਤ ਮਨੁੱਖ ਨਾਲ ਲੈ ਕੇ ਚਲ ਪਿਆ, ਬੇਬਸ ਹੋਇਆ ਮਸੰਦ ਸ਼ੀਹਾਂ ਵੀ ਨਾਲ ਚਲ ਪਿਆ॥੫॥

ਤਿਸ ਨਰ ਕੋ ਲੈ ਸੰਗਿ ਕਰ੍ਯੋ ਹੈ। ਆਨਿ ਬਿਪਾਸਾ ਕੂਲ ਖਰ੍ਯੋ ਹੈ।
ਜਹਿਂ ਤਿਨ ਥਾਨ ਬਤਾਵਨਿ ਕੀਨਾ। ਦੇਖਿ ਤਹਾਂ ਡੇਰਾ ਕਰਿ ਦੀਨਾ॥੬॥

ਉਸ ਮਨੁੱਖ ਨੂੰ ਵੀ ਨਾਲ ਲੈ ਲਿਆ ਤੇ ਬਿਆਸਾ ਦਰਿਆ ਦੇ ਕਿਨਾਰੇ ਤੇ ਆ ਖੜੇ ਹੋਏ। ਜਿਹੜਾ ਉਸ ਮਨੁੱਖ ਨੇ ਥਾਂ ਦੱਸਿਆ, ਉਹ ਵੇਖ ਕੇ ਉਥੇ ਡੇਰਾ ਲਾ ਲਿਆ॥੬॥

ਤੰਬੂ ਅਰੁ ਕਨਾਤ ਲਗਵਾਏ। ਤਰਨਹਾਰ ਨਰ ਚਲਿ ਕਰਿ ਆਏ।
ਸਭਿ ਕੋ ਦੀਨਸਿ ਅਧਿਕ ਦਿਲਾਸਾ। 'ਕਰਹੁ ਕਾਜ ਪੂਰਵਹੁ ਮਮ ਆਸਾ॥੭॥

ਤੰਬੂ ਅਤੇ ਕਨਾਤਾਂ ਲਗਵਾਈਆਂ, ਤਰਨ ਵਾਲੇ ਮਨੁੱਖ ਚਲ ਕੇ ਆਏ। ਸਾਰਿਆਂ ਨੂੰ ਬਹੁਤ ਦਿਲਾਸਾ ਦਿੱਤਾ, "ਕਾਰਜ ਕਰਕੇ ਮੇਰੀ ਆਸ ਪੂਰੀ ਕਰੋ ॥੭॥

ਧਨ ਗਨ ਦੈਹੋਂ ਰੇਸ਼ਮ ਚੀਰ। ਜਬਿਹੂੰ ਗ੍ਰਿੰਥ ਲਜਾਇਹੋ ਤੀਰ।
ਸੁਨਿ ਕਰਿ ਬਰੇ ਬੀਚ ਬਹੁ ਪਾਨੀ। ਪਾਏ ਜਾਰ ਬਿਥਾਰਿ ਮਹਾਨੀ ॥ ੮॥

ਬਹੁਤ ਧਨ ਅਤੇ ਰੇਸ਼ਮੀ ਕਪੜੇ ਦੇਵਾਂਗਾ, ਜਦ ਗ੍ਰੰਥ ਸਾਹਿਬ ਨੂੰ ਆਪਣੇ ਪਾਸ ਲਿਆਵਾਂਗਾ।" ਉਹ ਸੁਣ ਕੇ ਪਾਣੀ ਦੇ ਵਿਚ ਵੜ ਗਏ, ਚੌੜੇ ਕਰਕੇ ਮਹਾਨ ਜਾਲ ਸੁੱਟ ਦਿੱਤੇ ॥੮॥

ਖੋਜਨਿ ਲਗੇ ਫਿਰਹਿਂ ਜਲ ਮਾਂਹੀ। ਕੇਵਟ ਬ੍ਰਿੰਦ ਪਾਇਂ ਸੋ ਨਾਂਹੀ।
ਖੋਜਹਿਂ ਕਰ ਸੋਂ, ਟੁਭਕੀ ਮਾਰਹਿਂ। ਇਤ ਉਤ ਬਿਚਰਹਿਂ, ਜਾਰ ਪਸਾਰਹਿਂ ॥ ੯॥

ਖੋਜਨ ਲੱਗੇ ਤੇ ਜਲ ਵਿਚ ਬਹੁਤ ਫਿਰੇ, ਬਹੁਤ ਮਲਾਹ ਇਕੱਠੇ ਹੋਏ ਸਨ, ਪਰ ਲੱਭ ਨਹੀਂ ਸੀ ਰਹੇ। ਕਈ ਚੁੱਭੀਆਂ ਮਾਰ ਕੇ ਹੱਥਾਂ ਨਾਲ ਲੱਭਦੇ ਸਨ ਤੇ ਜਾਲ ਫੈਲਾ ਕੇ ਏਧਰ ਓਧਰ ਫਿਰਦੇ ਸਨ ॥੯॥

ਫਿਰਹਿਂ ਮੱਧ ਅਰੁ ਦੋਨਹੁਂ ਤੀਰ। ਜਹਿਂ ਥੋਰੋ ਅਰੁ ਦੀਰਘ ਨੀਰ।
ਅਨਿਕ ਬਿਧਿਨਿ ਕੇ ਜਤਨ ਰਚੰਤੇ। ਜਲ ਮੈਂ ਲੈ ਹੁਇ ਕਿਤਿਕ ਫਿਰੰਤੇ ॥੧੦॥

ਦਰਿਆ ਦੇ ਵਿਚਕਾਰ ਅਤੇ ਦੋਹਾਂ ਕਿਨਾਰਿਆਂ ਨੇੜੇ ਫਿਰਦੇ ਸਨ, ਜਿਥੇ ਥੋੜਾ ਅਤੇ ਜ਼ਿਆਦਾ ਪਾਣੀ ਸੀ, ਅਨੇਕ ਵਿਧੀਆਂ ਨਾਲ ਯਤਨ ਕਰਦੇ ਸਨ, ਜਲ ਵਿਚ ਚੁੱਭੀਆਂ ਮਾਰ ਕੇ ਕਈ ਫਿਰਦੇ ਸਨ ॥੧੦॥

ਸ੍ਰੀ ਨਾਨਕ ਕੌ ਕਿਤਿਕ ਮਨਾਵੈਂ। 'ਕਰਹੁ ਕ੍ਰਿਪਾ ਜਿਮ ਗ੍ਰਿੰਥ ਸੁ ਪਾਵੈਂ।
ਕੇਤਿਕ ਜਤਨ ਬਤਾਵਹਿਂ ਖਰੇ। ਕੇਤਿਕ ਬੁਧਿ ਕਰ ਬਲ ਤੇ ਕਰੇ ॥ ੧੧॥

ਕਈ ਗੁਰੂ ਨਾਨਕ ਦੇਵ ਜੀ ਨੂੰ ਮਨਾਉਂਦੇ ਸਨ, "ਕਿਰਪਾ ਕਰੋ ਜਿਵੇਂ ਗ੍ਰੰਥ ਲੱਭ ਲਈਏ।" ਕਈ ਖੜੇ ਹੋ ਕੇ ਯਤਨ ਕਰਨ ਬਾਰੇ ਦੱਸ ਰਹੇ ਸਨ। ਕਈ ਬੁੱਧੀ ਦੇ ਬਲ ਨਾਲ ਕਾਰਜ ਕਰ ਰਹੇ ਸਨ ॥੧੧॥

ਧੀਰ ਮੱਲ ਬਹੁ ਦੇਤਿ ਦਿਲਾਸਾ। 'ਸ੍ਰੀ ਸਤਿਗੁਰ ਪੂਰਵਹਿੰਗੇ ਆਸਾ।
ਮੰਜੀ ਸਹਿਤ ਗ੍ਰਿੰਥ ਜੀ ਪਾਵਹਿਂ। ਇਮ ਨਿਸ਼ਚਾ ਮੇਰੇ ਮਨ ਆਵਹਿ ॥ ੧੨॥

ਧੀਰਮੱਲ ਬਹੁਤ ਦਿਲਾਸਾ ਦੇ ਰਿਹਾ ਸੀ, "ਸ੍ਰੀ ਸਤਿਗੁਰੂ ਆਸ ਪੂਰੀ ਕਰਨਗੇ। ਮੰਜੀ ਸਹਿਤ ਗ੍ਰੰਥ ਨੂੰ ਪਾਵਾਂਗੇ, ਇਸ ਤਰ੍ਹਾਂ ਨਿਸ਼ਚਾ ਮੇਰੇ ਮਨ ਵਿਚ ਆਉਂਦਾ ਹੈ ॥੧੨॥

ਅਚਹੁ ਤਿਹਾਵਲ ਸਭਿ ਤ੍ਰਿਪਤਾਇ। ਕਰੈਂ ਹਮੇਸ਼ ਕਿਤਿਕ ਦਿਨ ਜਾਇ'।
ਜਯੋਂ ਜਯੋਂ ਭਨੈ ਧੀਰਮਲ ਤਿਨ ਕੋ। ਤਯੋਂ ਤਯੋਂ ਜਤਨ ਕਰਹਿਂ ਤਨ ਮਨ ਕੋ ॥੧੩॥

ਸਭ ਕੜਾਹ ਪ੍ਰਸ਼ਾਦਿ ਛੱਕ ਕੇ ਤ੍ਰਿਪਤ ਹੋਵੋ, ਕੁਝ ਦਿਨ ਚੜ੍ਹ ਜਾਣ ਤੇ ਹਮੇਸ਼ਾਂ ਤਿਆਰ ਕਰਾਂਗੇ।" ਜਿਵੇਂ-ਜਿਵੇਂ ਧੀਰਮੱਲ ਉਨ੍ਹਾਂ ਨੂੰ ਕਹਿੰਦਾ ਸੀ, ਤਿਵੇਂ-ਤਿਵੇਂ ਉਹ ਤਨ ਮਨ ਨਾਲ ਯਤਨ ਕਰਦੇ ਸਨ ॥੧੩॥

ਇਕ ਦਿਨ ਬੀਤਿ ਦੁਤਿਯ ਦਿਨ ਬੀਤਾ। ਚਿੰਤਾ ਹੋਤਿ ਸਭਿਨਿ ਕੇ ਚੀਤਾ।
ਕਹੈ ਜਿ ਨਰ, ਬੁਲਵਾਯੋ ਪਾਹੀ। 'ਧਰਤਿ ਗ੍ਰਿੰਥ ਤੈ ਪਿਖਯੋ ਕਿ ਨਾਂਹੀ ? ॥੧੪॥

ਇਕ ਦਿਨ ਬਤੀਤ ਕਰਕੇ ਦੂਸਰਾ ਦਿਨ ਵੀ ਬੀਤ ਗਿਆ, ਸਾਰਿਆਂ ਦੇ ਚਿੱਤ ਵਿਚ ਚਿੰਤਾ ਸੀ। ਜਿਸ ਮਨੁੱਖ ਨੇ ਦੱਸਿਆ ਸੀ, ਉਸ ਨੂੰ ਪੁਛਿਆ, "ਜਿਸ ਥਾਂ ਗ੍ਰੰਥ ਸਾਹਿਬ ਰੱਖਿਆ ਸੀ, ਉਹ ਵੇਖਿਆ ਹੈ ਕਿ ਨਹੀਂ ? ॥੧੪॥

ਕੌਨ ਸਥਾਨ ਟਿਕਾਵਤਿ ਲਹਯੋ?। ਭਯੋ ਸਥਿਰ ਕੈ ਆਗੈ ਬਹਯੋ'।
ਸੁਨਿ ਕੈ ਪੁਨਹਿ ਬਤਾਵਨਿ ਕੀਏ।'ਇਸ ਥਲ ਬਰਯੋ ਸਿੱਖ ਸਿਰ ਲੀਏ ॥੧੫॥

ਕਿਸ ਸਥਾਨ ਤੇ ਟਿਕਾਉਂਦਿਆਂ ਤੂੰ ਵੇਖਿਆ ਹੈ, ਉਹ ਸਥਿਰ ਰਿਹਾ ਹੈ ਕਿ ਅੱਗੇ ਵਹਿ ਗਿਆ ਹੈ।" ਇਹ ਸੁਣ ਕੇ ਉਸ ਆਦਮੀ ਨੇ ਦੱਸਿਆ, "ਇਕ ਸਿੱਖ ਸਿਰ ਤੇ ਲੈ ਕੇ ਇਸ ਥਾਂ ਪਾਣੀ ਅੰਦਰ ਵੜਿਆ ਸੀ॥੧੫॥

ਮੁਝ ਦੇਖਤਿ ਹੀ ਤਬਹਿ ਉਤਾਰਾ। ਇਹਾ ਟਿਕਾਯਹੁ ਨੀਰ ਮਝਾਰਾ।
ਸ੍ਰੀ ਗੁਰ ਤੇਗ ਬਹਾਦਰ ਫੇਰ। ਨੀਕੇ ਧਰਯੋ ਬਿਲੋਚਨ ਹੇਰਿ॥ ੧੬॥

ਮੇਰੇ ਵੇਖਦਿਆਂ ਹੀ ਇਕ ਸਿੱਖ ਨੇ ਸਿਰ ਤੋਂ ਥੱਲੇ ਲਾਹਿਆ ਤੇ ਇਸ ਥਾਂ ਪਾਣੀ ਵਿਚ ਟਿਕਾ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਫਿਰ ਅੱਖਾਂ ਨਾਲ ਵੇਖ ਕੇ ਚੰਗੀ ਤਰ੍ਹਾਂ ਥੱਲੇ ਧਰਿਆ॥੧੬॥

ਨਮੋ ਠਾਨਿ ਕਰਿ ਗਮਨੇ ਆਗੇ। ਸਰਬ ਲੋਕ ਤਿਨ ਕੈ ਸੰਗ ਲਾਗੇ।
ਇਹ ਠਾਂ ਜਬਿ ਨਰ ਕੋਇ ਨ ਖਲਯੋ। ਮੈਂ ਤੁਮਰੀ ਦਿਸ਼ਿ ਮਾਰਗ ਚਲਯੋ॥੧੭॥

ਨਮਸਕਾਰਾਂ ਕਰਕੇ ਫਿਰ ਅੱਗੇ ਚਲੇ ਗਏ ਤੇ ਸਾਰੇ ਉਨ੍ਹਾਂ ਦੇ ਪਿੱਛੇ ਚਲੇ ਗਏ। ਇਸ ਥਾਂ ਜਦ ਕੋਈ ਵੀ ਮਨੁੱਖ ਖੜਾ ਨਹੀਂ ਸੀ, ਮੈਂ ਤੁਹਾਡੇ ਵਾਲੇ ਪਾਸੇ ਰਾਹੇ-ਰਾਹ ਚਲ ਪਿਆ॥੧੭॥

ਕੈ ਸਿਕਤਾ ਊਪਰ ਕੋ ਫਿਰਯੋ। ਕੈ ਜਲ ਬੇਗ ਬਹਾਵਨਿ ਕਰਯੋ।
ਇਸ ਤੇ ਤਰੈ ਔਰ ਖੁਜਵਾਈਏ। ਮਿਹਨਤ ਕਰੇ ਸੁ ਦੁਰਲਭ ਪਾਈਏ॥੧੮॥

ਜਾਂ ਰੇਤ ਉਪਰ ਚੜ੍ਹ ਗਈ ਹੈ ਜਾਂ ਪਾਣੀ ਦਾ ਪ੍ਰਵਾਹ ਬਹਾ ਕੇ ਲੈ ਗਿਆ ਹੈ। ਇਸ ਤੋਂ ਥੱਲੇ ਹੋਰ ਖੋਜ ਕਰੋ, ਮਿਹਨਤ ਕਰਕੇ ਦੁਰਲੱਭ ਗ੍ਰੰਥ ਪਾ ਲਵੋ॥੧੮॥

ਸਲਿਤਾ ਬਿਖੈ ਗ੍ਰਿੰਥ ਹੈ ਇਹਾਂ। ਉਰ ਨਿਸ਼ਚਾ ਕੀਜਹਿ ਦ੍ਰਿਢ ਮਹਾਂ'।
ਧੀਰਮੱਲ ਸੁਨਿ ਬਾਕ ਉਚਾਰੇ। 'ਕਯੋਹੁੰ ਨ ਪ੍ਰਾਪਤਿ ਖੋਜਤਿ ਹਾਰੇ॥ ੧੯॥

ਦਰਿਆ ਦੇ ਵਿਚ ਹੀ ਏਥੇ ਗ੍ਰੰਥ ਸਾਹਿਬ ਹੈ, ਦਿਲ ਵਿਚ ਮਹਾਨ ਨਿਸ਼ਚਾ ਕਰੋ।" ਧੀਰਮੱਲ ਨੇ ਸੁਣ ਕੇ ਕਿਹਾ, "ਕਿਸੇ ਤਰ੍ਹਾਂ ਵੀ ਪ੍ਰਾਪਤ ਨਹੀਂ ਹੋਇਆ ਹੈ, ਲੱਭ-ਲੱਭ ਥੱਕ ਗਏ ਹਾਂ॥੧੯॥

ਜਿਹ ਬਿਧਿ ਨਿਕਸਹਿ ਜਤਨ ਬਤਾਵਹੁ। ਮਮ ਆਗਵਨਿ ਇਹਾਂ ਸਫਲਾਵਹੁ।
ਟੁਭਕੀ ਮਾਰਹਿਂ ਸਿਕਤਾ ਹੇਰਹਿਂ। ਹਾਥਨਿ ਤੇ ਗਹਿ ਜਲ ਯੁਤਿ ਪ੍ਰੇਰਹਿਂ॥੨੦॥

ਕਿਸ ਤਰ੍ਹਾਂ ਨਿਕਲੇ ਉਹ ਸਾਨੂੰ ਯਤਨ ਦੱਸੋ, ਮੇਰਾ ਏਥੇ ਆਉਣਾ ਸਫ਼ਲ ਕਰੋ। ਚੁੱਭੀ ਮਾਰ ਕੇ ਰੇਤ ਵੇਖੀਏ, ਮੇਰੇ ਟੋਭੇ ਜਲ ਸਹਿਤ ਰੇਤ ਨੂੰ ਫੜ ਕੇ ਹਟਾਉਣ॥੨੦॥

ਕਰਯੋ ਟਿਕਾਵਨਿ ਜਹਾ ਬਤਾਵਹੁ। ਤਿਹ ਕੇ ਤਰੇ ਦੂਰ ਖੁਜਵਾਵਹੁ'।
ਸੋ ਨਰ ਬੋਲਯੋ ਪੁਨਹਿ ਬਤਾਵੈ। 'ਜੇ ਤੁਮ ਚਹਹੁ ਗ੍ਰਿੰਥ ਜੀ ਪਾਵੈਂ॥ ੨੧॥

ਜਿਥੇ ਤੁਸੀਂ ਟਿਕਾਉਣ ਬਾਰੇ ਦੱਸਦੇ ਹੋ, ਉਸ ਥਾਂ ਦੇ ਬਹੁਤ ਥੱਲੇ ਦੂਰ ਤਕ ਖੋਜ ਕਰੋ।" ਉਹ ਮਨੁੱਖ ਫਿਰ ਦੱਸਣ ਵਾਸਤੇ ਬੋਲਿਆ, "ਜੇ ਤੁਸੀਂ ਚਾਹੁੰਦੇ ਹੋ ਗ੍ਰੰਥ ਸਾਹਿਬ ਨੂੰ ਪਾਈਏ॥੨੧॥

ਕਹੌਂ ਢੀਠ ਹ੍ਵੈ ਆਪ ਅਗੇਰੇ। ਇਸ ਪ੍ਰਕਾਰ ਬਚ ਮਾਨੋ ਮੇਰੇ।
ਹ੍ਵੈ ਨਿਸ਼ਕਪਟ ਤਜਹੁ ਅਹਿਮਤ ਕੋ। ਧਰਹੁ ਭਾਇ ਸੂਧਾ ਕਰਿ ਚਿਤ ਕੋ॥੨੨॥

Sri Satguru Jagjit Singh Ji eLlibrary NamdhariElibrary@gmail.com

ਤਾਂ ਮੈਂ ਦੀਨ ਹੋ ਕੇ ਆਪ ਜੀ ਦੇ ਅੱਗੇ ਕਹਿੰਦਾ ਹਾਂ, ਇਸ ਪ੍ਰਕਾਰ ਮੇਰੇ ਬਚਨ ਮੰਨੋ, ਨਿਸ਼ਕਪਟ ਹੋ ਕੇ ਹੰਕਾਰ ਨੂੰ ਛੱਡੋ, ਚਿੱਤ ਨੂੰ ਪਵਿੱਤਰ ਕਰਕੇ ਪ੍ਰੇਮ ਧਾਰਨ ਕਰੋ॥੨੨॥

ਸ੍ਰੀ ਨਾਨਕ ਆਦਿਕ ਸੁਖ ਧਾਮ। ਤੇਗ ਬਹਾਦਰ ਲਗਿ ਲਿਹੁ ਨਾਮ।
ਸਭਿ ਕੀ ਕਰਹੁ ਅਰਾਧਨਿ ਅਬੈ। ਮਨ ਮਹਿਂ ਮਾਨਿ ਮਨੌਤਨਿ ਤਬੈ॥ ੨੩॥

ਸ੍ਰੀ ਗੁਰੂ ਨਾਨਕ ਦੇਵ ਆਦਿ ਜਿਹੜੇ ਗੁਰੂ ਸਾਹਿਬਾਨ ਹੋਏ ਹਨ, ਉਨ੍ਹਾਂ ਸਭ ਦੇ ਸ਼ੁਭ ਨਾਮ ਗੁਰੂ ਤੇਗ ਬਹਾਦਰ ਤਕ ਲਵੋ ਤੇ ਸਾਰਿਆਂ ਦੀ ਹੁਣ ਅਰਾਧਣਾ ਕਰੋ ਤਦ ਮਨ ਵਿਚ ਮਨੌਤ ਮਨਾਓ॥੨੩॥

ਅਬਿ ਤੁਮ ਕਰਹੁ ਇਸੀ ਬਿਧਿ ਕਾਜ। ਗੁਰੁ ਨਿਬਹਾਹਿਂ ਨਾਮ ਕੀ ਲਾਜ।
ਔਚਕ ਹੋਹਿਂ ਸਹਾਇਕ ਆਇ। ਤਤਛਿਨ ਦੁਲਭ ਗ੍ਰਿੰਥ ਲਿਹੁ ਪਾਇ' ॥੨੪॥

ਹੁਣ ਤੁਸੀਂ ਏਸੇ ਵਿਧੀ ਅਨੁਸਾਰ ਕਾਰਜ ਕਰੋ, ਗੁਰੂ ਸਾਹਿਬਾਨ ਆਪ ਆਪਣੇ ਨਾਮ ਦੀ ਲਾਜ ਰੱਖਣਗੇ। ਅਚਾਨਕ ਆ ਕੇ ਸਹਾਇਤਾ ਕਰ ਦੇਣਗੇ ਤੇ ਤੁਰੰਤ ਗ੍ਰੰਥ ਪ੍ਰਾਪਤ ਕਰ ਲਵੋਗੇ" ॥੨੪॥

ਧੀਰਮੱਲ ਬਾਨੀ ਸੁਨਿ ਮਾਨੀ। ਕੀਨਿ ਸਰਾਹਨਿ 'ਨੀਕ ਬਖਾਨੀ।
ਕੋ ਅਸ ਅਹੈ, ਕਾਜ ਕੇ ਪਰੇ। ਸੁਗਮ ਜਤਨ ਤੇ ਸਿੱਖਜ ਨ ਕਰੇ' ॥ ੨੫॥

ਧੀਰਮੱਲ ਨੇ ਉਸ ਮਨੁੱਖ ਦੇ ਬਚਨ ਸੁਣ ਕੇ ਮੰਨ ਲਏ ਤੇ ਉਸ ਦੀ ਸ਼ਲਾਘਾ ਕਰਦੇ ਹੋਏ ਕਿਹਾ, "ਤੁਸੀਂ ਠੀਕ ਕਿਹਾ ਹੈ, ਜੇ ਕੋਈ ਅਜਿਹਾ ਕੰਮ ਆ ਪਵੇ, ਤਾਂ ਸਿੱਖ ਸੌਖੇ ਯਤਨਾਂ ਵਾਲੀ ਸਿੱਖਿਆ ਤੇ ਅਮਲ ਕਿਉਂ ਨਾ ਕਰੇ" ॥੨੫॥

ਨਿਰਹੰਕਾਰ ਹੋਇ ਮਨ ਬਾਨੀ। ਪਦ ਅਰੁ ਪਾਨ ਪਖਾਰਸਿ ਪਾਨੀ।
ਸਰਲ ਰਿਦਾ ਕਰਿ ਹੋਇ ਸਿ ਖਰਜੋ। ਨੌ ਸਤਿਗੁਰ ਕੋ ਸਿਮਰਨਿ ਕਰਜੋ ॥੨੬॥

ਮਨ ਬਾਣੀ ਕਰਕੇ ਨਿਰਹੰਕਾਰ ਹੋ ਕੇ, ਪੈਰ ਅਤੇ ਹੱਥ ਪਾਣੀ ਨਾਲ ਧੋਤੇ ਤੇ ਸਰਲ ਹਿਰਦਾ ਕਰਕੇ ਖੜਾ ਹੋ ਗਿਆ। ਸਤਿਗੁਰੂ ਸਾਹਿਬਾਨ ਜੀ ਦੇ ਨਾਵਾਂ ਦਾ ਸਿਮਰਨ ਕੀਤਾ॥੨੬॥

ਪੰਚ ਬਾਰਿ ਸਭਿ ਲੇ ਕਰਿ ਨਾਮ। ਕਰ ਕੋ ਜੋਰਤਿ ਕਰਜੋ ਪ੍ਰਣਾਮ।
'ਅਪਨੋ ਕਾਰਜ ਆਪ ਕਰੀਜੈ। ਪਾਨ ਨਿਸਾਨੀ ਕੌ ਬਿਦਤੀਜੈ॥ ੨੭॥

ਪੰਜ ਵਾਰ ਸਾਰਿਆਂ ਦੇ ਨਾਂ ਲੈ ਕੇ, ਹੱਥ ਜੋੜ ਕੇ ਪ੍ਰਣਾਮ ਕੀਤਾ ਤੇ ਕਿਹਾ, "ਆਪਣਾ ਕਾਰਜ ਆਪ ਕਰੋ ਤੇ ਪ੍ਰਾਪਤ ਕਰਨ ਦੀ ਨਿਸ਼ਾਨੀ ਨੂੰ ਪ੍ਰਗਟ ਕਰੋ॥੨੭॥

ਪੰਚ ਹਜ਼ਾਰ ਰਜਤਪਣ ਕੇਰ। ਪੰਚਾਂਮ੍ਰਿਤ ਕਰਾਇ ਤਿਨ ਹੇਰਿ'।
ਇਮ ਸਭਿ ਮਹਿਂ ਕੀਨਸਿ ਅਰਦਾਸ। ਖਰੇ ਹੋਇ ਸਲਿਤਾ ਕੇ ਪਾਸ॥ ੨੮॥

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਵੇਖ ਕੇ ਪੰਜ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦ ਕਰਾਵਾਂਗਾ।" ਇਸ ਤਰ੍ਹਾਂ ਸਭ ਵਿਚ ਖੜੇ ਹੋ ਕੇ ਦਰਿਆ ਦੇ ਪਾਸ ਅਰਦਾਸ ਕੀਤੀ॥੨੮॥

ਨਵ ਗੁਰੂਅਨਿ ਕੋ ਕਰਿ ਕਰਿ ਨਮੋ। ਸਿਮਰਜੋ ਗ੍ਰਿੰਥ ਬਹੁਰ ਤਿਹ ਸਮੋ।
'ਸੱਤਿਨਾਮ ਕੀ ਜਾਗਤਿ ਜੋਤਿ। ਚਿਤਵਤਿ ਜਹਿਂ ਕਹਿਂ, ਹਾਜ਼ਰ ਹੋਤਿ॥ ੨੯॥

ਨੌਵਾਂ ਗੁਰੂ ਸਾਹਿਬਾਨ ਨੂੰ ਨਮਸਕਾਰ ਕਰ ਕਰ ਫਿਰ ਉਸ ਸਮੇਂ ਗ੍ਰੰਥ ਸਾਹਿਬ ਦਾ ਸਿਮਰਨ ਕੀਤਾ, "ਸਤਿਨਾਮ ਦੀ ਜਗਦੀ ਜੋਤ ਹੋ, ਜਿੱਥੇ ਕਿੱਥੇ ਵੀ ਯਾਦ ਕਰਦੇ ਹਾਂ ਹਾਜ਼ਰ ਹੁੰਦੇ ਹੋ॥੨੯॥

ਮਨੋ ਕਾਮਨਾ ਦੇਂ ਤਤਕਾਲ। ਤੁਮ ਤੇ ਨਹਿਂ ਕੋ ਅਪਰ ਬਿਸਾਲ'।
ਬਾਰਿ ਬਾਰਿ ਕਹਿ ਸਿਰ ਧਰਿ ਧਰਨੀ। ਪਰਜੋ ਪ੍ਰੇਮ ਕਰਿ ਸਤਿਗੁਰੁ ਸ਼ਰਨੀ ॥੩੦॥

ਤੁਰਤ ਮਨੋਂਕਾਮਨਾ ਪੂਰੀ ਕਰਦੇ ਹੋ, ਤੁਹਾਡੇ ਨਾਲੋਂ ਹੋਰ ਕੋਈ ਵੱਡਾ ਨਹੀਂ ਹੈ।" ਬਾਰ-ਬਾਰ ਕਹਿ ਕੇ ਸਿਰ ਧਰਤੀ 'ਤੇ ਧਰਿਆ ਤੇ ਬਹੁਤ ਪ੍ਰੇਮ ਕਰਕੇ ਸਤਿਗੁਰੂ ਜੀ ਦੀ ਸ਼ਰਨ ਪੈ ਗਿਆ ॥੩੦॥

'ਇਮ ਕਹਿ ਬਚ ਨਰ ਮੁਝ ਢਿਗ ਭੇਜਾ। ਆਇ ਧੀਰਮਲ ਗ੍ਰਿੰਥ ਸੁ ਲੇਜਾ।
ਸੋ ਬਚ ਪੂਰਨਿ ਕੀਜਹਿ ਅਬੈ। ਜਿਸਤੇ ਬਿਦਤ ਹੋਇ ਜਗ ਸਬੈ' ॥ ੩੧॥

"ਇਸ ਤਰ੍ਹਾਂ ਬਚਨ ਕਹਿ ਕੇ ਮਨੁੱਖ ਨੂੰ ਮੇਰੇ ਪਾਸ ਭੇਜਿਆ ਹੈ, ਹੇ ਧੀਰਮੱਲ ! ਆ ਕੇ ਗ੍ਰੰਥ ਲੈ ਜਾ। ਉਹ ਬਚਨ ਹੁਣ ਪੂਰਾ ਕਰੋ, ਜਿਸ ਕਰਕੇ ਸਾਰੇ ਜਗ ਵਿਚ ਪ੍ਰਗਟ ਹੋਵੇ" ॥੩੧॥

ਨਮੋ ਕਰਤਿ ਇਮ ਬਾਕ ਉਚਾਰੇ। ਬੰਦਨ ਕਰਤਿ ਭਏ ਸਿਖ ਸਾਰੇ।
ਪੁਨ ਪ੍ਰਵਿਸ਼ਾਏ ਨਰ ਬਿਚ ਨੀਰ। ਖਰੋ ਧੀਰਮਲ ਸਰਿਤਾ ਤੀਰ॥ ੩੨॥

ਨਮਸਕਾਰ ਕਰਕੇ ਇਸ ਤਰ੍ਹਾਂ ਬਚਨ ਉਚਾਰਨ ਕੀਤਾ, ਸਾਰੇ ਸਿੱਖ ਬੰਦਨਾ ਕਰ ਰਹੇ ਸਨ। ਫਿਰ ਇਕ ਮਨੁੱਖ ਨੂੰ ਜਲ ਦੇ ਵਿਚ ਪ੍ਰਵੇਸ਼ ਕਰਵਾਇਆ ਤੇ ਧੀਰਮੱਲ ਨਦੀ ਦੇ ਕਿਨਾਰੇ ਖੜਾ ਰਿਹਾ॥੩੨॥

ਟੂਭਕੀ ਮਾਰਿ ਹਾਥ ਜਬਿ ਫੇਰਾ। ਇਤ ਉਤ ਸਿਕਤਾ ਗਨ ਕੋ ਪ੍ਰੇਰਾ।
ਤਬਹਿ ਪੰਘੂਰੇ ਕੋ ਬਡ ਪਾਵਾ। ਲਗਜੋ ਹਾਥ ਜਾਨਜੋ ਤਬਿ ਪਾਵਾ॥ ੩੩॥

ਚੁੱਭੀ ਮਾਰ ਕੇ ਜਦ ਹੱਥ ਫੇਰਿਆ, ਏਧਰ ਓਧਰ ਰੇਤ ਨੂੰ ਹਟਾਇਆ ਤਦ ਪੀੜ੍ਹੇ ਦਾ ਵੱਡਾ ਪਾਵਾ, ਹੱਥ ਨੂੰ ਲੱਗਾ ਤਾਂ ਜਾਣ ਲਿਆ ਕਿ ਹੁਣ ਪ੍ਰਾਪਤ ਕਰ ਲਵਾਂਗੇ॥੩੩॥

ਨਿਕਸਜੋ ਜਲ ਤੇ ਵਹਿਰ ਬਤਾਯੋ।'ਚਿੰਤਾ ਤਜਹੁ ਗ੍ਰਿੰਥ ਜੀ ਪਾਯੋ।
ਊਪਰ ਸਿਕਤਾ ਕੇਤਿਕ ਪਰਜੋ। ਜਿਸ ਨੇ ਸਕਲ ਅਛਾਦਨਿ ਕਰਜੋ' ॥ ੩੪॥

ਜਲ ਵਿਚੋਂ ਬਾਹਰ ਨਿਕਲ ਕੇ ਟੋਭੇ ਨੇ ਦੱਸਿਆ, "ਚਿੰਤਾ ਛੱਡੋ ਗ੍ਰੰਥ ਸਾਹਿਬ ਪ੍ਰਾਪਤ ਹੋ ਗਿਆ ਹੈ। ਉੱਤੇ ਕੁਝ ਰੇਤ ਪਈ ਹੈ, ਜਿਸ ਨੇ ਸਾਰਾ ਹੀ ਢੱਕਿਆ ਹੋਇਆ ਹੈ" ॥੩੪॥

ਸੁਨਿ ਹਰਖੇ ਦੀਰਘ ਤਿਸ ਕਾਲ। ਤਹਿਂ ਕੋ ਪਹੁਚੇ ਮਾਨਵ ਜਾਲ।
ਟੂਭਕੀ ਮਾਰਤਿ ਸਿਕਤਾ ਟਾਰੈਂ। ਗਹੈਂ ਪੰਘੂਰਾ ਉਰਧ ਉਠਾਰੈਂ॥ ੩੫॥

ਇਹ ਸੁਣ ਕੇ ਉਸ ਸਮੇਂ ਸਾਰੇ ਮਨੁੱਖ ਬਹੁਤ ਪ੍ਰਸੰਨ ਹੋਏ, ਉਸ ਥਾਂ ਤਕ ਫਿਰ ਬਹੁਤ ਮਨੁੱਖ ਪਹੁੰਚੇ। ਚੁੱਭੀ ਮਾਰ ਕੇ ਰੇਤ ਹਟਾਉਂਦੇ ਸਨ ਤੇ ਪੀੜ੍ਹੇ ਨੂੰ ਫੜ ਕੇ ਉਪਰ ਚੁੱਕਦੇ ਸਨ॥੩੫॥

ਮਾਨਵ ਚਾਰ ਲਗੇ ਚਹੁੰ ਓਰੇ। ਗਹਿ ਕਰ ਮਹਿਂ ਕੀਨਸਿ ਬਡ ਜੋਰੇ।
ਊਪਰ ਕੋ ਨਿਕਾਸਿ ਲੇ ਆਏ। ਦੇਖਤਿ ਭਏ ਮੁਦਤ ਸਮੁਦਾਏ॥ ੩੬॥

ਚਾਰ ਮਨੁੱਖ ਚਾਰੇ ਪਾਸੇ ਲੱਗ ਗਏ, ਹੱਥਾਂ ਵਿਚ ਫੜ ਕੇ ਬਹੁਤ ਜ਼ੋਰ ਲਾਇਆ ਤੇ ਉਪਰ ਕੱਢ ਕੇ ਲੈ ਆਏ ਤੇ ਵੇਖ ਕੇ ਸਾਰੇ ਮਨੁੱਖ ਬਹੁਤ ਪ੍ਰਸੰਨ ਹੋਏ॥੩੬॥

ਆਨਿ ਤੀਰ ਪਰ ਜਬਹਿ ਟਿਕਾਵਾ। ਸਭਿਨਿ ਪਹੁੰਚਿ ਤਹਿਂ ਸੀਸ ਨਿਵਾਵਾ।
ਨਿਦੁਰਤਿ ਨੀਰ ਧੀਰਮੱਲ ਹੇਰਤਿ। ਹਾਥਨਿ ਸਿਕਤਾ ਪ੍ਰੇਰਤਿ ਗੇਰਤਿ॥ ੩੭॥

ਜਦ ਪੀੜ੍ਹੇ ਸਹਿਤ ਗ੍ਰੰਥ ਸਾਹਿਬ ਨੂੰ ਬਾਹਰ ਲਿਆ ਕੇ ਟਿਕਾਇਆ, ਸਾਰਿਆਂ ਨੇ ਪਾਸ ਪਹੁੰਚ ਕੇ ਸਿਰ ਨਿਵਾਇਆ। ਨੁਚੜਦੇ ਹੋਏ ਪਾਣੀ ਨੂੰ ਧੀਰਮੱਲ ਵੇਖ ਰਿਹਾ ਸੀ, ਆਪਣੇ ਹੱਥਾਂ ਨਾਲ ਰੇਤ ਨੂੰ ਥੱਲੇ ਡੇਗ ਰਿਹਾ ਸੀ॥੩੭॥

ਊਪਰ ਤਿਸ ਕੇ ਪੰਚ ਰੁਮਾਲ। ਦੋਇ ਰੇਸ਼ਮੀ ਸੁੰਦਰ ਲਾਲ।
ਤੀਨ ਰੁਮਾਲ ਤੂਲ ਕੇ ਹੁਤੇ। ਖੋਲਨਿ ਕਰੇ ਆਪ ਕਰ ਤਿਤੇ॥ ੩੮॥

ਗ੍ਰੰਥ ਸਾਹਿਬ ਦੇ ਉਪਰ ਪੰਜ ਰੁਮਾਲੇ ਸਨ, ਦੋ ਰੇਸ਼ਮੀ ਸੁੰਦਰ ਲਾਲ ਰੰਗ ਦੇ ਸਨ। ਤਿੰਨ ਰੁਮਾਲੇ ਸੂਤ ਦੇ ਬਣੇ ਸਨ, ਧੀਰਮੱਲ ਨੇ ਆਪਣੇ ਹੱਥਾਂ ਨਾਲ ਖੋਲ੍ਹੇ॥੩੮॥

ਨਿਕਸ੍ਯੋ ਗ੍ਰਿੰਥ ਬਿਲੋਕ੍ਯੋ ਤਬੈ। ਊਪਰ ਜਲ ਸੋਂ ਭੀਜ੍ਯੋ ਤਬੈ।
ਸ਼ੁਸ਼ਕ ਬਸਤ੍ਰ ਤਬਿ ਤਰੇ ਬਿਛਾਏ। ਆਤਪ ਨੀਕੀ ਰੀਤਿ ਲਗਾਏ॥ ੩੯॥

ਰੁਮਾਲਾਂ ਵਿਚੋਂ ਜਦ ਗ੍ਰੰਥ ਸਾਹਿਬ ਨਿਕਲਿਆ ਤਾਂ ਉਸ ਨੂੰ ਵੇਖਿਆ ਤਾਂ ਉਹ ਉਪਰਲੇ ਵਾਲੇ ਪਾਸੇ ਤੋਂ ਜਲ ਨਾਲ ਭਿੱਜਾ ਹੋਇਆ ਸੀ। ਖੁਸ਼ਕ ਕਪੜੇ ਥੱਲੇ ਵਿਛਾਏ ਤੇ ਚੰਗੀ ਰੀਤੀ ਅਨੁਸਾਰ ਧੁੱਪ ਲਵਾਈ॥੩੯॥

ਖੋਲਿ ਬਿਲੋਕ੍ਯੋ ਸਭਿ ਬਿਸਮਾਏ। ਊਪਰ ਤੇ ਭੀਗ੍ਯੋ ਸਭਿ ਥਾਂਏ।
ਜਹਿਂ ਲਗਿ ਅੱਖਰ ਹੈਂ ਬਿਚ ਲਿਖੇ। ਪਹੁੰਚ੍ਯੋ ਨੀਰ ਨ ਤਿਨ ਕੇ ਬਿਖੇ॥ ੪੦॥

ਜਦ ਖੋਲ੍ਹ ਕੇ ਵੇਖਿਆ ਤਾਂ ਸਾਰੇ ਬਹੁਤ ਹੈਰਾਨ ਹੋਏ, ਉਪਰੋਂ ਸਭ ਥਾਂ ਭਿੱਜਾ ਹੋਇਆ ਸੀ, ਜਿੱਥੋਂ ਤਕ ਵਿਚ ਅੱਖਰ ਲਿਖੇ ਸਨ, ਉਨ੍ਹਾਂ ਤਕ ਪਾਣੀ ਨਹੀਂ ਸੀ ਪਹੁੰਚਿਆ॥੪੦॥

ਸਕਲ ਸ਼ੁਸ਼ਕ ਜ੍ਯੋਂ ਕੇ ਤ੍ਯੋਂ ਅਹੇ। ਦੇਖਤਿ ਰਿਦੇ ਅਚੰਭਾ ਲਹੇ।
ਜਬਿ ਕੋ ਧਰ੍ਯੋ ਦਿਵਸ ਤਬਿ ਗਿਨੇ। ਤ੍ਰੈਦਸ ਬੀਤੇ ਤਿਸ ਨਰ ਭਨੇ॥ ੪੧॥

ਸਾਰੇ ਹੀ ਪਹਿਲਾਂ ਵਾਂਗ ਜਿਉਂ ਦੇ ਤਿਉਂ ਖੁਸ਼ਕ ਸਨ, ਇਹ ਵੇਖ ਕੇ ਹਿਰਦੇ ਵਿਚ ਬਹੁਤ ਹੈਰਾਨ ਹੋਏ। ਜਦ ਤੋਂ ਗ੍ਰੰਥ ਸਾਹਿਬ ਨੂੰ ਪਾਣੀ ਵਿਚ ਰਖਿਆ ਸੀ, ਉਹ ਦਿਨ ਗਿਣੇ ਤਾਂ ਮਨੁੱਖਾਂ ਨੇ ਕਿਹਾ ਕਿ ਤੇਰਾਂ ਦਿਨ ਬੀਤ ਗਏ ਹਨ॥੪੧॥

ਸਤਿਗੁਰ ਦੇ ਕਰਿ ਹਾਥ ਬਚਾਯੋ। ਨੀਰ ਬਰਨ ਪਰ ਛੁਹਨਿ ਨ ਪਾਯੋ।
ਬਡ ਉਤਸਾਹ ਕਰਤਿ ਲੇ ਚਾਲੇ। ਬਾਦਿਤ ਕੋ ਬਜਵਾਇ ਬਿਸਾਲੇ॥ ੪੨॥

ਸਤਿਗੁਰੂ ਜੀ ਨੇ ਹੱਥ ਦੇ ਕੇ ਬਚਾਇਆ ਹੈ, ਪਾਣੀ ਅੱਖਰਾਂ ਨੂੰ ਛੂਹ ਨਹੀਂ ਸਕਿਆ ਹੈ। ਵੱਡਾ ਉਤਸ਼ਾਹ ਕਰਦੇ ਲੈ ਕੇ ਚਲ ਪਏ ਤੇ ਬਹੁਤ ਵਾਜੇ ਵਜਵਾਏ॥੪੨॥

ਚੌਰ ਢੁਰਤਿ ਚਾਰਹੁੰ ਦਿਸ਼ਿ ਸੋਇ। ਸੰਖ ਬਜਾਇਂ ਸ਼ਬਦ ਬਡ ਹੋਇ।
ਅੰਜੁਲ ਪੁਸ਼ਪਨਿ ਕੇ ਬਰਖਾਵੈਂ। ਗੁੰਦਤਿ ਗਾਨ ਮਾਲਾ ਲਰਕਾਵੈਂ॥ ੪੩॥

ਚਾਰੇ ਪਾਸੇ ਚੌਰ ਫਿਰ ਰਿਹਾ ਸੀ, ਸੰਖ ਵਜਾ ਕੇ ਬਹੁਤ ਉੱਚੀ ਆਵਾਜ਼ ਉੱਠਦੀ ਸੀ। ਬੁਕ ਭਰ-ਭਰ ਫੁੱਲਾਂ ਦੀ ਵਰਖਾ ਕਰਦੇ ਸਨ। ਬਹੁਤ ਹਾਰ ਪਰੋ ਕੇ ਨਾਲ ਲਟਕਾਉਂਦੇ ਸਨ॥੪੩॥

ਧੂਪ ਧੁਖਾਵਤਿ ਚਲਤਿ ਅਗਾਰੀ। ਭਯੋ ਅਨੰਦ ਸਭਿਨਿ ਮਹਿਂ ਭਾਰੀ।
ਸ੍ਰੀ ਕਰਤਾਰ ਪੁਰੇ ਨਰ ਸਾਰੇ। ਹਿਤ ਆਦਰ ਹੁਇ ਮਿਲੇ ਅਗਾਰੇ॥ ੪੪॥

ਧੂਪ ਧੁਖਾ ਕੇ ਅੱਗੇ-ਅੱਗੇ ਚਲਦੇ ਸਨ, ਸਾਰਿਆਂ ਦੇ ਵਿਚ ਵੱਡਾ ਅਨੰਦ ਛਾ ਗਿਆ। ਸ੍ਰੀ ਕਰਤਾਰਪੁਰ ਦੇ ਸਾਰੇ ਮਨੁੱਖ ਆਦਰ ਵਾਸਤੇ ਅਗੋਂ ਆ ਕੇ ਮਿਲੇ॥੪੪॥

ਪੁਰਹਿ ਪ੍ਰਵੇਸ਼ਿਤ ਭਯੋ ਉਛਾਹੂ। ਨਮੋ ਕਰਹਿਂ ਅਚਰਜ ਮਨ ਮਾਂਹੂ।
ਸੁਨਿ ਸੁਨਿ ਨਰ ਸਭਿ ਗ੍ਰਿੰਥ ਕਹਾਨੀ। ਦਿਨ ਤ੍ਰੌਦਸ ਮਹਿਂ ਛੁਯੋ ਨ ਪਾਨੀ ॥੪੫॥

ਸ਼ਹਿਰ ਵਿਚ ਪ੍ਰਵੇਸ਼ ਹੁੰਦਿਆਂ ਹੀ ਵੱਡਾ ਉਤਸ਼ਾਹ ਹੋਇਆ। ਨਮਸਕਾਰ ਕਰਕੇ ਮਨ ਵਿਚ ਬਹੁਤ ਹੈਰਾਨ ਹੁੰਦੇ ਸਨ। ਸਾਰੇ ਮਨੁੱਖ ਗ੍ਰੰਥ ਦੀ ਕਹਾਣੀ ਸੁਣ ਸੁਣ ਕੇ, ਕਿ ਤੇਰਾਂ ਦਿਨ ਪਾਣੀ ਵਿਚ ਰਹਿਣ ਤੇ ਵੀ ਪਾਣੀ ਛੂਹਿਆ ਨਹੀਂ ਹੈ॥੪੫॥

ਉੱਤਮ ਸਦਨ ਬਿਖੇ ਲੈ ਗਏ। ਅਤਿ ਅਨੰਦ ਨਰ ਨਾਰੀ ਭਏ।
ਦੀਪਮਾਲਿਕਾ ਨਿਸਾ ਮਝਾਰੀ। ਗਰੀ ਬਜਾਰਨਿ ਘਰ ਘਰ ਬਾਰੀ॥ ੪੬॥

ਫਿਰ ਉੱਤਮ ਘਰ ਵਿਚ ਲੈ ਗਏ, ਸਾਰੇ ਇਸਤਰੀ ਪੁਰਸ਼ ਬਹੁਤ ਪ੍ਰਸੰਨ ਹੋਏ। ਰਾਤ ਨੂੰ ਗਲੀਆਂ ਬਾਜ਼ਾਰਾਂ ਤੇ ਘਰ-ਘਰ ਦੀਪਮਾਲਾ ਜਗਾਈ ਗਈ॥੪੬॥

ਸੁਖ ਸੋਂ ਸੁਪਤਿ ਪ੍ਰਾਤਿ ਪੁਨ ਚੀਨ। ਸੌਚ ਸ਼ਨਾਨ ਸਰਬ ਨੇ ਕੀਨਿ।
ਬਖਸ਼ਿਸ਼ ਧੀਰਮੱਲ ਬਹੁ ਕਰੀ। ਬਸਤ੍ਰ ਬਿਭੂਖਨ ਧਨ ਤਿਸ ਘਰੀ॥ ੪੭॥

ਸੁੱਖ ਨਾਲ ਸੌਂ ਗਏ, ਫਿਰ ਸਵੇਰ ਹੋਈ ਵੇਖ ਕੇ ਸਾਰਿਆਂ ਨੇ ਸੌਚ ਇਸ਼ਨਾਨ ਕੀਤਾ। ਧੀਰਮੱਲ ਨੇ ਬਹੁਤ ਬਖਸ਼ੀਸ਼ਾਂ ਵੰਡੀਆਂ। ਉਸ ਸਮੇਂ, ਕੱਪੜੇ, ਗਹਿਣੇ ਅਤੇ ਧਨ ਬਹੁਤ ਵੰਡਿਆ॥੪੭॥

ਕਰਿ ਪੰਚਾਂਮ੍ਰਿਤ ਬਹੁ ਬਰਤਾਯੋ। ਤ੍ਰਿਪਤ ਹੋਇ ਸਭਿਹੂੰ ਨਰ ਖਾਯੋ।
ਅਪਰ ਕਹਾਂ ਲਗਿ ਕਰੌਂ ਬਖਾਨਿ। ਦਿਨ ਦਿਨ ਪ੍ਰਤਿ ਉਤਸਾਹ ਮਹਾਨ ॥੪੮॥

ਕੜਾਹ ਪ੍ਰਸ਼ਾਦਿ ਤਿਆਰ ਕਰਕੇ ਬਹੁਤ ਵਰਤਾਇਆ, ਸਾਰੇ ਮਨੁੱਖਾਂ ਨੇ ਤ੍ਰਿਪਤ ਹੋ ਕੇ ਛਕਿਆ। ਹੋਰ ਕਿਥੋਂ ਤਕ ਵਰਣਨ ਕਰਾਂ, ਦਿਨ-ਬ-ਦਿਨ ਉਤਸ਼ਾਹ ਬਹੁਤ ਵਧਦਾ ਜਾਂਦਾ ਸੀ॥੪੮॥

ਗਰਜੋ ਸੁਪੇਦਾ ਕਾਗਦ ਜੋਇ। ਅਪਰ ਲਗਾਇ ਸੁਧਾਰਜੋ ਸੋਇ।
ਅਬਿਲੌ ਚਿੰਨ੍ਹਤਿ ਪੱਤ੍ਰੇ ਸਾਰੇ। ਕਹਤਿ ਕਵੀ ਹਮ ਆਪ ਨਿਹਾਰੇ॥ ੪੯॥

ਜਿਹੜਾ ਹਾਸ਼ੀਏ ਵਾਲਾ ਸਫੇਦ ਕਾਗਜ਼ ਗਲ ਗਿਆ ਸੀ, ਉਥੇ ਹੋਰ ਕਾਗਜ਼ ਲਾ ਕੇ ਸੁਧਾਰ ਲਿਆ। ਹੁਣ ਤਕ ਜਿਹੜੇ ਨਿਸ਼ਾਨ ਵਾਲੇ ਪੱਤਰੇ ਹਨ ਉਹ ਕਵੀ ਕਹਿੰਦਾ ਹੈ ਕਿ ਮੈਂ ਆਪ ਵੇਖੇ ਹਨ॥੪੯॥

ਪੂਜਾ ਨਿਤਪ੍ਰਤਿ ਹੋਤਿ ਬਡੇਰੀ। ਆਇ ਅਕੋਰ ਧਨਾਦਿ ਘਨੇਰੀ।
ਪੰਥ ਖਾਲਸਾ ਅਬਿਲੌ ਦਰਸੈ। ਗੁਰ ਕਰ ਕੋ ਲਖਿ ਸਭਿ ਕੋ ਹਰਸ਼ੈ॥ ੫੦॥

ਨਿਤਪ੍ਰਤਿ ਬਹੁਤ ਪੂਜਾ ਹੁੰਦੀ ਹੈ। ਉਪਹਾਰ ਅਤੇ ਧਨ ਆਦਿ ਬਹੁਤ ਚੜ੍ਹਾਵੇ ਦੇ ਰੂਪ ਵਿਚ ਆਉਂਦਾ ਹੈ। ਪੰਥ ਖਾਲਸਾ, ਹੁਣ ਤਕ ਗ੍ਰੰਥ ਸਾਹਿਬ ਦੇ ਦਰਸ਼ਨ ਕਰਦਾ ਹੈ, ਗੁਰੂ ਜੀ ਦੇ ਹੱਥਾਂ ਦਾ ਜਾਣ ਕੇ ਹਰ ਕੋਈ ਦਰਸ਼ਨ ਕਰਕੇ ਬਹੁਤ ਖੁਸ਼ ਹੁੰਦਾ ਹੈ॥੫੦॥

ਤਬਿ ਤੇ ਧੀਰਮੱਲ ਕੇ ਧਾਮ। ਰਹੈ ਗ੍ਰਿੰਥ ਸਾਹਿਬ ਅਭਿਰਾਮ।
ਤਿਸ ਕੀ ਕੁਲ ਕੇ ਲੇਤਿ ਅਕੋਰ। ਅਬਹਿ ਖਾਲਸੇ ਕਰਿ ਕੈ ਜੋਰ॥ ੫੧॥

ਉਸ ਸਮੇਂ ਤੋਂ ਸੁੰਦਰ ਸ੍ਰੀ ਗ੍ਰੰਥ ਸਾਹਿਬ ਧੀਰਮੱਲ ਦੇ ਘਰ ਵਿਚ ਟਿਕ ਰਿਹਾ ਹੈ। ਉਸ ਦੀ ਕੁਲ ਦੇ ਲੋਕ ਉਪਹਾਰ ਪ੍ਰਾਪਤ ਕਰਦੇ ਹਨ। ਹੁਣ ਖਾਲਸੇ ਨੇ ਹੱਥ ਜੋੜ ਕੇ ਬੇਨਤੀ ਕੀਤੀ ਸੀ॥੫੧॥

ਆਦਿ ਸੁਧਾਸਰ ਲਵਪੁਰਿ ਮਾਂਹੀ। ਰਾਖਹਿਂ ਗ੍ਰਿੰਥ ਸੁ ਅਪਨੇ ਪਾਂਹੀ।
ਧਨ ਆਦਿਕ ਭੇਟਾ ਜੋ ਦੇਯ। ਧੀਰਮੱਲ ਕੇ ਸਗਰੀ ਲੇਯ॥ ੫੨॥

ਕਿ ਇਸ ਗ੍ਰੰਥ ਨੂੰ ਅੰਮ੍ਰਿਤਸਰ ਜਾਂ ਲਾਹੌਰ ਵਿਖੇ ਆਪਣੇ ਪਾਸ ਰਖੀਏ। ਧਨ ਆਦਿ ਜੋ ਭੇਟ ਆਵੇਗੀ ਉਹ ਸਾਰੀ ਧੀਰਮੱਲੀਏ ਲੈ ਲੈਣ॥੫੨॥

ਕਰੀ ਕ੍ਰਿਪਾ ਨਹਿੰ ਲੀਨਸਿ ਛੀਨ। ਸਤਿਗੁਰ ਮੱਤਿ ਕੋ ਜਾਨਿ ਪ੍ਰਬੀਨ।
ਪੁਨਹਿੰ ਭਵਿੱਖਜਤ ਕੀ ਸੁਧਿ ਨਾਂਹੀ। ਲੇਹਿ ਪੰਥ ਕੈ ਰਹਿ ਤਿਨ ਪਾਹੀ॥੫੩॥

ਪਰ ਗੁਰੂ ਜੀ ਨੇ ਕਿਰਪਾ ਕੀਤੀ ਹੈ, ਗ੍ਰੰਥ ਸਾਹਿਬ ਨੂੰ ਜਬਰੀ ਖੋਹਿਆ ਨਹੀਂ ਹੈ। ਪ੍ਰਬੀਨ ਸਤਿਗੁਰੂ ਤੇਗ ਬਹਾਦਰ ਜੀ ਦੀ ਮੱਤ ਨੂੰ ਜਾਣਿਆ ਹੈ, ਬਾਅਦ ਦੀ ਭਵਿੱਖ ਦੀ ਕੋਈ ਸੋਝੀ ਨਹੀਂ ਹੈ ਕਿ ਪੰਥ ਵਾਲੇ ਇਸ ਗ੍ਰੰਥ ਨੂੰ ਲੈ ਲੈਣਗੇ ਕਿ ਇਨ੍ਹਾਂ ਪਾਸ ਹੀ ਰਹਿਣ ਦੇਣਗੇ॥੫੩॥

*ਨੋਟ : ਹੁਣ ਤਕ ਇਹ ਗ੍ਰੰਥ ਕਰਤਾਰਪੁਰ ਵਿਖੇ ਧੀਰਮੱਲ ਦੀ ਸੰਤਾਨ ਪਾਸ ਹੀ ਮੌਜੂਦ ਹੈ। ਧੀਰਮੱਲ ਦੀ ਸੰਤਾਨ ਹੁਣ ਸਿੰਘ ਸੱਜ ਗਈ ਹੈ, ਇਸ ਕਰਕੇ ਉਨ੍ਹਾਂ ਦਾ ਹੁਣ ਪੰਥ ਨਾਲ ਮੇਲ ਹੋ ਗਿਆ ਹੈ।*

*ਗਿਆਰ੍ਹਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥੨੬॥*

## ਅਧਿਆਇ ਸਤਾਈਵਾਂ

### ਅਨੰਦਪੁਰ ਵਸਾਉਣ ਵਾਲੀ ਥਾਂ ਆਉਣਾ

ਦੋਹਰਾ- ਗੁਰੂ ਗ੍ਰਿੰਥ ਗਾਥਾ ਜਥਾ ਕਥੀ ਸੁ ਮੈਂ ਚਿਤ ਲਾਇ।
ਅਬਿ ਪ੍ਰਸੰਗ ਨੌਮੇ ਗੁਰੂ ਸੁਨਿ ਸ੍ਰੋਤਾ ਸੁਖ ਪਾਇ॥ ੧॥

ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਮੈਂ ਚਿੱਤ ਲਾ ਕੇ ਵਰਣਨ ਕੀਤੀ ਹੈ, ਹੇ ਸ੍ਰੋਤਾ ਗਨ ! ਹੁਣ ਨੌਵੇਂ ਗੁਰੂ ਸਾਹਿਬ ਦੀ ਕਥਾ ਸੁੱਖ ਪਾ ਕੇ ਸੁਣੋ॥੧॥

ਚੌਪਈ- ਨਦੀ ਗ੍ਰਿੰਥ ਸਾਹਿਬ ਕੋ ਧਰਿ ਕੈ। ਸੌਂਪਿ ਭਲੇ ਅਰੁ ਬੰਦਨ ਕਰਿ ਕੈ।
ਜਾਇ ਮਜਲ ਉਤਰੇ ਨਿਸ ਜਾਨਿ। ਖਾਨ ਪਾਨ ਸਭਿ ਕੀਨਿ ਸਥਾਨ॥੨॥

ਸ੍ਰੀ ਗ੍ਰੰਥ ਸਾਹਿਬ ਨੂੰ ਦਰਿਆ ਵਿਚ ਰੱਖਕੇ ਤੇ ਭਲੀ ਪ੍ਰਕਾਰ ਦਰਿਆ ਨੂੰ ਸੌਂਪਣਾ ਕਰਕੇ ਅਤੇ ਬੰਦਨਾ ਕਰਕੇ ਗੁਰੂ ਜੀ ਚਲੇ ਗਏ ਤੇ ਫਿਰ ਰਾਹ ਵਿਚ ਰਾਤ ਜਾਣ ਕੇ ਇਕ ਮੰਜ਼ਲ ਤੇ ਉਤਾਰਾ ਕਰ ਲਿਆ, ਉਸ ਥਾਂ ਜਾ ਕੇ ਸਭ ਪ੍ਰਕਾਰ ਖਾਣ ਪੀਣ ਕੀਤਾ॥੨॥

ਸੁਪਤਿ ਜਥਾ ਸੁਖ ਕਰਿ ਬਿਸਰਾਮ। ਜਾਗੇ ਜਾਮਨਿ ਜਾਨਿ ਸੁ ਜਾਮੁ।
ਸੌਚ ਸ਼ਨਾਨ ਕੀਨਿ ਗੁਰ ਪੂਰੇ। ਦਾਸਨਿ ਸੁਖਦ ਚਲਿਤ ਜਿਨ ਰੂਰੇ॥੩॥

ਸੁਖ ਨਾਲ ਵਿਸ਼ਰਾਮ ਕਰਕੇ ਸੌਂ ਗਏ, ਫਿਰ ਰਾਤ ਰਹਿੰਦੀ ਜਾਣ ਕੇ ਜਾਗ ਪਏ। ਪੂਰਨ ਗੁਰੂ ਜੀ ਨੇ ਫਿਰ ਸੌਚ ਇਸ਼ਨਾਨ ਕੀਤਾ। ਆਪਣੇ ਦਾਸਾਂ ਨੂੰ ਜਿਹੜੇ ਸੁੱਖ ਦਿੰਦੇ ਹਨ ਤੇ ਜਿਨ੍ਹਾਂ ਦੇ ਚਰਿੱਤਰ ਬਹੁਤ ਸੁੰਦਰ ਹਨ॥੩॥

ਆਸਾਵਾਰ ਰਬਾਬੀ ਗਾਵਤਿ। ਸੁਨਹਿੰ ਸਿੱਖਜ ਸਭਿ ਪਾਪ ਮਿਟਾਵਤਿ।
ਸਤਿਗੁਰ ਧਜਾਨ ਲਾਇ ਕਰਿ ਥਿਰੇ। ਨਿਜ ਸਰੂਪ ਮਹਿੰ ਇਕਤਾ ਕਰੇ॥੪॥

ਆਸਾ ਦੀ ਵਾਰ ਦਾ ਰਬਾਬੀ ਕੀਰਤਨ ਕਰਦੇ ਸਨ, ਸਾਰੇ ਸਿੱਖ ਸੁਣ ਕੇ ਪਾਪ ਮਿਟਾਉਂਦੇ ਸਨ। ਸਤਿਗੁਰੂ ਜੀ ਧਿਆਨ ਲਾ ਕੇ ਬੈਠੇ ਸਨ, ਆਪਣੇ ਨਿਜੀ-ਸਰੂਪ ਵਿਚ ਇਕਮਿਕ ਹੋਏ ਸਨ॥੪॥

ਭਈ ਪ੍ਰਭਾਤਿ ਭੋਗ ਤਬਿ ਪਾਯੋ। ਸੁਨਿ ਅਰਦਾਸ ਸੀਸ ਸਭਿ ਨਜਾਯੋ।
ਸਗਰੇ ਵਾਹਨ ਕੀਨਸਿ ਤਯਾਰੀ। ਡੋਰੇ ਅਰੁ ਸਜੰਦਨ ਅਸੁ ਭਾਰੀ॥ ੫॥

ਜਦ ਸਵੇਰ ਹੋਈ ਤਾਂ ਭੋਗ ਪਿਆ, ਅਰਦਾਸ ਸੁਣ ਕੇ ਸਭ ਨੇ ਸਿਰ ਨਿਵਾਇਆ। ਸਾਰੀਆਂ ਗੱਡੀਆਂ ਫਿਰ ਤਿਆਰ ਕੀਤੀਆਂ। ਡੋਲੇ, ਰੱਥ ਅਤੇ ਭਾਰੀ ਘੋੜੇ ਤਿਆਰ ਕੀਤੇ॥੫॥

ਪਹਿਰ ਬਸਤ੍ਰ ਸਭਿ ਸ਼ਸਤ੍ਰ ਲਗਾਏ। ਪ੍ਰਥਮ ਖੜਗ ਸੁੰਦਰ ਗਰ ਪਾਏ।
ਕੰਚਨ ਮੁਸ਼ਟ ਮਹਾਂ ਖਰ ਧਾਰਾ। ਸਰ ਖਰ ਭਰਿ ਤਰਕਸ਼ ਗਰ ਧਾਰਾ॥ ੬॥

ਕਪੜੇ ਪਹਿਣ ਕੇ ਸਭ ਨੇ ਸ਼ਸਤਰ ਸਜਾ ਲਏ, ਪਹਿਲਾਂ ਸੁੰਦਰ ਕਿਰਪਾਨਾਂ ਗਲ ਵਿਚ ਪਾਈਆਂ। ਤਿੱਖੀ ਧਾਰ ਵਾਲੀਆਂ ਤਲਵਾਰਾਂ ਨੂੰ ਸੋਨੇ ਦੀਆਂ ਮੁੱਠਾਂ ਲੱਗੀਆਂ ਹੋਈਆਂ ਸਨ। ਤਿੱਖੇ ਤੀਰਾਂ ਨਾਲ ਭੱਥੇ ਭਰ ਕੇ ਗਲ ਵਿਚ ਧਾਰਨ ਕੀਤੇ ਸਨ॥੬॥

ਧਨੁਖ ਹਾਥ ਗਹਿ ਭੇ ਅਸਵਾਰ। ਮੱਖਣ ਸੰਗ ਲੋਕ ਗਨ ਲਾਰ।
ਸਨੇ ਸਨੇ ਚਲਿ ਪੰਥ ਗੁਸਾਈਂ। ਕਰਿ ਡੇਰਾ ਨਿਸ ਆਇ ਬਿਤਾਈ॥ ੭॥

ਧਨੁੱਖ ਹੱਥ ਵਿਚ ਫੜ ਕੇ ਅਸਵਾਰ ਹੋ ਗਏ, ਮੱਖਣ ਸ਼ਾਹ ਨਾਲ ਮਨੁੱਖਾਂ ਦੀ ਇਕ ਲੰਮੀ ਕਤਾਰ ਸੀ। ਹੌਲੀ-ਹੌਲੀ ਗੁਰੂ ਜੀ ਰਾਹੋ-ਰਾਹ ਜਾ ਰਹੇ ਸਨ। ਡੇਰਾ ਕਰਕੇ ਰਾਤ ਬਤੀਤ ਕਰਕੇ ਆਏ ਸਨ॥੭॥

ਦੇਸ਼ ਵਿਦੇਸ਼ਨਿ ਮਹਿਂ ਸੁਧਿ ਹੋਈ। ਬਿਦਤੇ ਗੁਰੂ ਸੁਨਤਿ ਸਭਿ ਕੋਈ।
ਲੇ ਕਰਿ ਘਰ ਤੇ ਅਨਿਕ ਅਕੋਰ। ਸੰਗਤਿ ਆਇ ਗੁਰੂ ਕੀ ਓਰ॥ ੮॥

ਦੇਸ਼ਾਂ ਬਿਦੇਸ਼ਾਂ ਵਿਚ ਖਬਰ ਫੈਲ ਗਈ, ਗੁਰੂ ਜੀ ਪ੍ਰਗਟ ਹੋ ਗਏ ਹਨ, ਸਭ ਨੇ ਸੁਣ ਲਿਆ। ਘਰ ਵਿਚੋਂ ਅਨੇਕਾਂ ਉਪਹਾਰ ਲੈ ਕੇ ਸੰਗਤ ਗੁਰੂ ਜੀ ਵਲ ਆ ਰਹੀ ਸੀ॥੮॥

ਮਾਰਗ ਬਿਖੈ ਮਿਲਹਿਂ ਦਰਸੰਤੇ। ਦਰਬ ਆਦਿ ਅਨਗਨ ਅਰਪੰਤੇ।
ਚਹੁੰਦਿਸ਼ਿ ਤੇ ਚਲਿ ਆਇਂ ਘਨੇਰੇ। ਮਨੌ ਕਾਮਨਾ ਪਾਇਂ ਬਡੇਰੇ॥ ੯॥

ਰਸਤੇ ਵਿਚ ਮਿਲਕੇ ਦਰਸ਼ਨ ਕਰਦੇ ਸਨ, ਧਨ ਆਦਿ ਬਹੁਤ ਅਰਪਣ ਕਰਦੇ ਸਨ। ਚਾਰੋ ਪਾਸਿਆਂ ਤੋਂ ਬਹੁਤ ਲੋਕ ਚਲ ਕੇ ਆ ਰਹੇ ਸਨ, ਵੱਡੀਆਂ ਮਨੋਂ ਕਾਮਨਾਵਾਂ ਪੂਰੀਆਂ ਕਰਦੇ ਸਨ॥ ੯॥

ਨਿਤਪ੍ਰਤਿ ਮਿਲਹਿਂ ਹਜ਼ਾਰਹੁਂ ਆਇ। ਅਰਪਹਿਂ ਵਸਤੁਨਿ ਕੋ ਸਮੁਦਾਇ।
ਪੰਥ ਉਲੰਘਿ ਗਏ ਗੁਰ ਧੀਰ। ਖਰੇ ਜਾਇ ਸਤੱਦ੍ਰਵ ਕੇ ਤੀਰ॥ ੧੦॥

ਨਿਤਪ੍ਰਤੀ ਹਜ਼ਾਰਾਂ ਲੋਕ ਆ ਕੇ ਮਿਲਦੇ ਸਨ ਤੇ ਬਹੁਤ ਵਸਤਾਂ ਅਰਪਣ ਕਰਦੇ ਸਨ। ਧੀਰਜਵਾਨ ਗੁਰੂ ਜੀ ਸਾਰਾ ਪੈਂਡਾ ਲੰਘ ਗਏ ਤੇ ਸਤਲੁਜ ਦਰਿਆ ਦੇ ਕਿਨਾਰੇ ਜਾ ਕੇ ਖਲੋ ਗਏ॥੧੦॥

ਕਹਿ ਕਰਿ ਤਰਨੀ ਤਬਿ ਮੰਗਵਾਈ। ਕਰਨਧਾਰ ਆਨੀ ਸਹਿਸਾਈ।
ਮੱਖਣ ਸਹਿਤ ਪਾਰ ਤਬਿ ਪਰੇ। ਸਗਰੇ ਨਰ ਤੈਸੇ ਜਲ ਤਰੇ॥ ੧੧॥

ਕਹਿ ਕਰ ਕੇ ਫਿਰ ਬੇੜੀਆਂ ਮੰਗਵਾਈਆਂ, ਮਲਾਹ ਤੁਰਤ ਬੇੜੀਆਂ ਲੈ ਆਏ। ਮੱਖਣ ਸ਼ਾਹ ਸਮੇਤ ਗੁਰੂ ਜੀ ਦਰਿਆ ਤੋਂ ਪਾਰ ਹੋ ਗਏ, ਸਾਰੇ ਮਨੁੱਖ ਉਸ ਤਰ੍ਹਾਂ ਹੀ ਜਲ ਨੂੰ ਪਾਰ ਕਰ ਗਏ॥੧੧॥

ਡੇਰਾ ਕਰਯੋ ਪਾਰਲੇ ਕੂਲ। ਸ਼੍ਰੀ ਗੁਰ ਦੇਵ ਅਨੰਦ ਕੇ ਮੂਲ।
ਚਹਤਿ ਆਪਨੋ ਨਗਰ ਬਸਾਯੋ। ਰੁਚਿਰ ਸਥਾਨ ਚਿਤਵਿ ਮਨ ਭਾਯੋ॥ ੧੨॥

ਪਾਰਲੇ ਕੰਢੇ ਜਾ ਕੇ ਡੇਰਾ ਲਾ ਲਿਆ। ਸ੍ਰੀ ਗੁਰਦੇਵ ਜੀ ਅਨੰਦ ਦਾ ਮੂਲ ਹਨ। ਉਹ ਆਪਣਾ ਨਵਾਂ ਨਗਰ ਵਸਾਉਣਾ ਚਾਹੁੰਦੇ ਹਨ। ਮਨ ਭਾਉਂਦਾ ਸੁੰਦਰ ਸਥਾਨ ਚਿੱਤ ਵਿਚ ਵੀਚਾਰਦੇ ਹਨ॥੧੨॥

ਪੰਚ ਕੋਸ ਕੀਰਤ ਪੁਰਿ ਪਰੇ। ਤਹਾਂ ਜਾਇ ਗੁਰ ਡੇਰਾ ਕਰੇ।
ਹੁਤੇ ਰਾਜ ਗਿਰਪਤ ਕਹਿਲੂਰੀ। ਦੂਣ ਪਹਾਰਨਿ ਕੀ ਬਹੁ ਰੂਰੀ॥ ੧੩॥

ਪੰਜ ਕੋਹ ਉਥੋਂ ਕੀਰਤਪੁਰ ਦੂਰ ਸੀ, ਉਥੇ ਜਾ ਕੇ ਗੁਰੂ ਜੀ ਨੇ ਡੇਰਾ ਲਾ ਲਿਆ। ਉਥੇ ਕਹਿਲੂਰੀ ਪਹਾੜੀ ਰਾਜੇ ਦਾ ਰਾਜ ਸੀ, ਉਹ ਥਾਂ ਪਹਾੜਾਂ ਦੀ ਸੁੰਦਰ ਦੂਨ ਸੀ॥੧੩॥

ਇਤ ਸਤੱਦ੍ਰਵ ਕੌ ਚਲਹਿ ਪ੍ਰਵਾਹੂ। ਨਿਰਮਲ ਨੀਰ ਸਦੀਵ ਅਥਾਹੂ।
ਸਿੰਧ ਗਾਮਨੀ ਸਲਿਤਾ ਮਹਾਂ। ਬੈਠੇ ਦ੍ਰਿਸ਼ਟਿ ਪਰਹਿ ਜਲ ਤਹਾਂ॥ ੧੪॥

ਏਥੇ ਸਤਲੁਜ ਦਰਿਆ ਦਾ ਪ੍ਰਵਾਹ ਚਲਦਾ ਸੀ, ਸਦਾ ਹੀ ਅਥਾਹ ਡੂੰਘਾ ਨਿਰਮਲ ਜਲ ਵੱਗਦਾ ਸੀ। ਸਮੁੰਦਰ ਵਲ ਜਾਣ ਵਾਲੀ ਇਹ ਬੜੀ ਵੱਡੀ ਨਦੀ ਸੀ, ਉਥੇ ਬੈਠਿਆਂ ਜਲ ਤੇ ਦ੍ਰਿਸ਼ਟੀ ਪੈਂਦੀ ਸੀ॥੧੪॥

ਦੁਤਿਯ ਦਿਸ਼ਾ ਮਹਿਂ ਤੁੰਗ ਪਹਾਰ। ਪੂਰਬ ਪਸ਼ਚਮ ਧਾਰ ਉਦਾਰ।
ਨਿਕਟਿ ਸ਼ਿਖਰ ਪਰ ਨੈਨਾ ਦੇਵੀ। ਜਗ ਜਨਨੀ ਈਸੁਰੀ ਅਭੇਵੀ॥ ੧੫॥

ਦੂਸਰੇ ਪਾਸੇ ਉੱਚੇ ਪਹਾੜ ਸਨ, ਪੂਰਬ ਪੱਛਮ ਵਿਚ ਪਹਾੜਾਂ ਦੀ ਕਤਾਰ ਸੀ। ਨੇੜੇ ਹੀ ਪਹਾੜ ਦੇ ਸਿਖਰ ਉਤੇ ਨੈਣਾ ਦੇਵੀ ਸੀ ਜਿਹੜੀ ਜਗਤ ਮਾਤਾ ਬੜੀ ਮਹਾਨ ਤੇ ਭੇਦ ਰਹਿਤ ਹੈ॥੧੫॥

ਕਰਨੀ ਬਿਦਤ ਭਵਿੱਖਜਤ ਜਾਨੀ। ਅਵਿਨੀ ਰਵਨੀ ਪਿਖਿਯ ਮਹਾਨੀ।
ਤਿਸ ਥਲ ਮਹਿਂ ਕੀਨਸਿ ਗੁਰ ਡੇਰਾ। ਸਰਬ ਰੀਤਿ ਸੁਖਦਾਇਕ ਹੇਰਾ॥੧੬॥

ਉਸ ਨੂੰ ਭਵਿੱਖ ਵਿਚ ਪ੍ਰਗਟ ਕਰਨ ਬਾਰੇ ਜਾਣਿਆ, ਧਰਤੀ ਉਤੇ ਉਸ ਦੀ ਸੁੰਦਰ ਮਹਾਨਤਾ ਵੇਖੀ। ਉਸ ਥਾਂ ਗੁਰੂ ਜੀ ਨੇ ਡੇਰਾ ਲਾ ਲਿਆ। ਸਾਰੀਆਂ ਰੀਤੀਆਂ ਨਾਲ ਸੁਖਦਾਇਕ ਸਮਝਿਆ॥੧੬॥

ਪੁਰਿ ਅਰੁ ਗ੍ਰਾਮ ਅਪਰ ਸੋਢੀਨਿ। ਕਰਹਿਂ ਸ਼ਰੀਕਾ ਦ੍ਵੈਸ਼ੀ ਚੀਨ।
ਤਹਿਂ ਨਿਵਾਸ ਹ੍ਵੈ ਬਧਹਿ ਬਿਖਾਦਾ। ਦੇਖਿ ਪਰਸਪਰ ਬੰਧਹਿਂ ਬਾਦਾ॥੧੭॥

ਨਗਰਾਂ ਅਤੇ ਪਿੰਡਾਂ ਦੇ ਜਿਹੜੇ ਹੋਰ ਸੋਢੀ ਸਨ, ਉਨ੍ਹਾਂ ਦੇ ਸ਼ਰੀਕੇ ਅਤੇ ਈਰਖਾ ਨੂੰ ਸਮਝਿਆ। ਉਥੇ ਨਿਵਾਸ ਕਰਨ ਨਾਲ ਝਗੜਾ ਵਧੇਗਾ, ਵੇਖ ਕੇ ਆਪਸ ਵਿਚ ਝਗੜੇ ਬੰਨ੍ਹਣਗੇ॥੧੭॥

ਸ੍ਰੀ ਅੰਮ੍ਰਿਤਸਰ ਲਵਪੁਰਿ ਨੇਰੇ। ਤਹਿਂ ਜੇ ਬਸਿਹੈਂ ਪਰਹਿਂ ਬਖੇਰੇ।
ਇੱਤਜਾਦਿਕ ਬਹੁ ਭਾਂਤਿ ਬਿਚਾਰਾ। ਨਗਰ ਬਸਾਯੋ ਚਹੈਂ ਨਿਆਰਾ॥ ੧੮॥

ਸ੍ਰੀ ਅੰਮ੍ਰਿਤਸਰ, ਲਾਹੌਰ ਦੇ ਨੇੜੇ ਹੈ, ਉਥੇ ਜਿਹੜਾ ਵਸੇਗਾ, ਉਸ ਨੂੰ ਵੀ ਝੰਝਟ ਪੈਣਗੇ। ਇੱਤਆਦਿ ਬਹੁਤ ਪ੍ਰਕਾਰ ਵਿਚਾਰ ਕੀਤੀ। ਆਪਣਾ ਵੱਖਰਾ ਨਗਰ ਵਸਾਉਣਾ ਚਾਹੁੰਦੇ ਸਨ॥੧੮॥

ਜਿਮ ਪੂਰਬ ਗੁਰੁ ਜੇਤਿਕ ਭਏ। ਨਿਜ ਨਿਜ ਨਗਰ ਬਸਾਵਨਿ ਕਿਏ।
ਤਿਮ ਅਪਨੋ ਹਮ ਅਬਹਿ ਬਸਾਵੈਂ। ਪੁਨਹਿ ਸ਼ਰੀਕਾ ਕ੍ਵੈ ਨ ਕਮਾਵੈ॥ ੧੯॥

ਜਿਵੇਂ ਜਿੰਨੇ ਵੀ ਪਹਿਲੇ ਗੁਰੂ ਸਾਹਿਬਾਨ ਹੋਏ ਹਨ, ਉਨ੍ਹਾਂ ਸਭ ਨੇ ਆਪਣਾ-ਆਪਣਾ ਨਗਰ ਵਸਾਇਆ ਹੈ। ਉਸ ਤਰ੍ਹਾਂ ਅਸੀਂ ਵੀ ਆਪਣਾ ਨਗਰ ਵਸਾਵਾਂਗੇ, ਫਿਰ ਕੋਈ ਸ਼ਰੀਕਾ ਨਹੀਂ ਕਮਾਵੇਗਾ॥੧੯॥

ਸੁਖ ਸੋਂ ਬਾਸ ਕਰਹਿਂ ਨਿਜ ਪੁਰਿ ਮੈਂ। ਮਤਸਰ ਤੇ ਨ ਤਪੈ ਕੋ ਉਰ ਮੈਂ।
ਇਮ ਬਿਚਾਰ ਕਰਿ ਕਾਰਨ ਬ੍ਰਿੰਦੂ। ਥਿਰ ਭਏ ਤੇਗ ਬਹਾਦਰ ਇੰਦੂ ॥ ੨੦ ॥

ਆਪਣੇ ਨਗਰ ਵਿਚ ਸੁੱਖ ਨਾਲ ਵਸਾਂਗੇ, ਕੋਈ ਵੀ ਹਿਰਦੇ ਵਿਚ ਈਰਖਾ ਧਾਰਨ ਕਰਕੇ ਨਹੀਂ ਸੜੇਗਾ। ਇਸ ਕਈ ਕਾਰਨਾਂ ਬਾਰੇ ਵਿਚਾਰ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਸਥਿਰ ਹੋ ਗਏ॥੨੦॥

ਸੁਨਿ ਸੁਨਿ ਪੁੰਜ ਸੰਗਤਾਂ ਆਵੈਂ। ਧਨ ਸਮੁਦਾਇ ਵਸਤੁ ਅਰਪਾਵੈਂ।
ਨਿਤ ਪ੍ਰਤਿ ਆਮਦਨੀ ਬਹੁ ਹੋਇ। ਦੇਗ ਕਰਹਿਂ ਗੁਰ ਸਮਿਯੇ ਦੋਇ ॥ ੨੧ ॥

ਸੁਣ ਸੁਣ ਕੇ ਬਹੁਤ ਸੰਗਤਾਂ ਆਉਂਦੀਆਂ ਸਨ, ਧਨ ਅਤੇ ਬਹੁਤ ਵਸਤਾਂ ਅਰਪਣ ਕਰਦੇ ਸਨ। ਨਿਤਪ੍ਰਤਿ ਬਹੁਤ ਆਮਦਨੀ ਹੁੰਦੀ ਸੀ। ਗੁਰੂ ਜੀ ਦੋਵੇਂ ਵੇਲੇ ਲੰਗਰ ਚਲਾਉਂਦੇ ਸਨ॥੨੧॥

ਦੇਸ਼ਨਿ ਕੇ ਮਸੰਦ ਗਨ ਅਹੈਂ। ਗੁਰੂ ਭਏ, ਨਿਸ਼ਚੈ ਜਬਿ ਲਹੈਂ।
ਭਾਈ ਬ੍ਰਿਧ ਕੇ ਬੰਸ ਪਵਿੱਤਾ। ਪਿਤਾ ਪੂਤ ਝੰਡਾ ਗੁਰਦਿੱਤਾ ॥ ੨੨ ॥

ਦੇਸ਼ਾਂ ਵਿਦੇਸ਼ਾਂ ਦੇ ਜਿਹੜੇ ਬਹੁਤ ਮਸੰਦ ਸਨ, ਜਦ ਉਨ੍ਹਾਂ ਦਾ ਨਿਸ਼ਚਾ ਹੋ ਗਿਆ ਕਿ ਪੂਰਨ ਗੁਰੂ ਪ੍ਰਗਟ ਹੋ ਗਏ ਹਨ। ਬਾਬਾ ਬੁੱਢਾ ਜੀ ਦਾ ਪਵਿੱਤਰ ਵੰਸ਼ ਹੈ, ਉਸ ਵੰਸ਼ ਵਿਚ ਝੰਡਾ ਅਤੇ ਉਸ ਦਾ ਪੁੱਤਰ ਗੁਰਦਿੱਤਾ ਸਨ॥੨੨॥

ਭੇਟ ਅਨੇਕ ਪ੍ਰਕਾਰਨਿ ਲਜਾਏ। ਸੁਭ ਦਸਤਾਰ ਦੇਨਿ ਕਹੁ ਆਏ।
ਬਾਜ ਅਮੋਲਕ ਕਠਨ ਕਮਾਨ। ਆਨਜੋ ਤਰਕਸ਼ ਭਰਿ ਖਰ ਬਾਨ ॥ ੨੩ ॥

ਉਹ ਅਨੇਕ ਪ੍ਰਕਾਰ ਦੀਆਂ ਭੇਟਾਵਾਂ ਲਿਆਏ, ਤੇ ਸ਼ੁਭ ਦਸਤਾਰ ਦੇਣ ਵਾਸਤੇ ਆਏ ਸਨ। ਉਹ ਇਕ ਅਮੋਲਕ ਘੋੜਾ, ਭਾਰੀ ਤੀਰ ਕਮਾਨ ਤੇ ਤਿੱਖੇ ਤੀਰਾਂ ਦਾ ਭੱਥਾ ਭਰ ਕੇ ਲਿਆਏ॥੨੩॥

ਗਾਦੀ ਪਰ ਸ਼੍ਰੀ ਤੇਗ ਬਹਾਦਰ। ਪਹੁੰਚੇ ਨਿਕਟਿ ਕਰਨਿ ਕਹੁ ਆਦਰ।
ਸਕਲ ਅਕੋਰ ਅਰਪਨਾ ਕਰੀ। ਸੂਖਮ ਪਾਗ ਨਮੋ ਕਰਿ ਧਰੀ ॥ ੨੪ ॥

ਗੱਦੀ ਉਤੇ ਸ੍ਰੀ ਤੇਗ ਬਹਾਦਰ ਜੀ ਬੈਠੇ ਸਨ, ਉਹ ਬਹੁਤ ਆਦਰ ਕਰਨ ਵਾਸਤੇ ਗੁਰੂ ਜੀ ਦੇ ਪਾਸ ਪਹੁੰਚੇ। ਸਾਰੇ ਉਪਹਾਰ ਭੇਟ ਕਰ ਦਿੱਤੇ ਤੇ ਸੂਖਮ ਦਸਤਾਰ ਨਮਸਕਾਰ ਕਰਕੇ ਅੱਗੇ ਧਰ ਦਿੱਤੀ॥੨੪॥

ਜਥਾ ਜੋਗ ਸਤਿਗੁਰੂ ਉਤਾਰੇ। ਸੇਵ ਕਰਾਈ ਅਨਿਕ ਪ੍ਰਕਾਰੇ।
ਬ੍ਰਿੱਧ ਕੌ ਬੰਸ ਮਿਲਜੋ ਜਬਿ ਆਈ। ਜਾਨਜੋ ਤਬਿ ਮਸੰਦ ਸਮੁਦਾਈ ॥ ੨੫ ॥

ਯਥਾ ਯੋਗ ਸਤਿਗੁਰੂ ਜੀ ਨੇ ਉਤਾਰਾ ਦਿੱਤਾ ਤੇ ਅਨੇਕ ਪ੍ਰਕਾਰ ਸੇਵਾ ਕਰਵਾਈ। ਜਦ ਬਾਬਾ ਬੁੱਢਾ ਜੀ ਦਾ ਵੰਸ਼ ਆ ਕੇ ਮਿਲ ਪਿਆ, ਤਦ ਸਾਰੇ ਮਸੰਦ ਜਾਣ ਗਏ॥੨੫॥

ਲੇ ਲੇ ਬ੍ਰਿੰਦ ਪਦਾਰਥ ਆਏ। ਭਏ ਦੀਨ ਪਦ ਸੀਸ ਨਿਵਾਏ।
ਸਭਿ ਕੇ ਸਿਵਰ ਗੁਰੂ ਕਰਿਵਾਏ। ਜਥਾ ਜੋਗ ਦੇ ਮਾਨ ਬਧਾਏ ॥ ੨੬ ॥

ਉਹ ਬਹੁਤ ਪਦਾਰਥ ਲੈ ਲੈ ਕੇ ਆਏ ਤੇ ਦੀਨ ਹੋ ਕੇ ਚਰਨ ਕੰਵਲਾਂ ਤੇ ਸਿਰ ਨਿਵਾਏ। ਸਾਰਿਆਂ ਦੇ ਤੰਬੂ ਗੁਰੂ ਜੀ ਨੇ ਲਵਾ ਦਿੱਤੇ ਤੇ ਯਥਾ ਯੋਗ ਉਨ੍ਹਾਂ ਦਾ ਮਾਣ ਵਧਾਇਆ॥੨੬॥

ਪ੍ਰਥਮ ਰੀਤਿ ਸੋਂ ਦੇ ਸਿਰੁਪਾਊ। ਤਿਨ ਦੇਸ਼ਨਿ ਕੌ ਦਈ ਬਿਦਾਊ।
ਗੁਰ ਸੁਭਾਵ ਕੀ ਕਰਤਿ ਪ੍ਰਸ਼ੰਸ਼ਾ। ਕਹੈਂ ਕਿ 'ਅਬਿ ਨਾਸਜੋ ਮਨ ਸੰਸਾ' ॥ ੨੭ ॥

ਪਹਿਲੀਆਂ ਰੀਤੀਆਂ ਅਨੁਸਾਰ ਸਿਰੋਪੇ ਦਿੱਤੇ ਤੇ ਉਨ੍ਹਾਂ ਦੇ ਦੇਸ਼ਾਂ ਦੀ ਵਿਦੈਗੀ ਦਿੱਤੀ। ਉਹ ਗੁਰੂ ਜੀ ਦੇ ਸੁਭਾਵ ਦੀ ਪ੍ਰਸੰਸਾ ਕਰਦੇ ਸਨ। ਕਹਿੰਦੇ ਸਨ, 'ਹੁਣ ਸ਼ੰਕਾ ਦੂਰ ਹੋਈ ਹੈ' ॥੨੭॥

ਜਬਿ ਐਸੇ ਆਏ ਸਮੁਦਾਇ। ਧੀਰਮੱਲ ਸੁਨਿ ਮਨ ਖੁਨਸਾਇ।
ਦੇ ਧਨ ਕੋ ਮਸੰਦ ਅਪਨਾਵੈ। ਤਊ ਨ ਕੋ ਤਿਸ ਕੇ ਢਿਗ ਜਾਵੈ ॥ ੨੮ ॥

ਜਦ ਇਸ ਤਰ੍ਹਾਂ ਸੰਗਤ ਇਕੱਠੀ ਹੋ ਕੇ ਆਈ ਤਾਂ ਧੀਰਮੱਲ ਸੁਣ ਕੇ ਔਖਾ ਹੋਇਆ। ਉਹ ਧਨ ਦੇ ਕੇ ਮਸੰਦ ਅਪਨਾਉਂਦਾ ਸੀ, ਫਿਰ ਵੀ ਕੋਈ ਵੀ ਉਸ ਦੇ ਪਾਸ ਨਹੀਂ ਸੀ ਜਾਂਦਾ॥੨੮॥

ਕਾਬਲ ਮਹਿਂ ਮਸੰਦ ਇਕ ਰਹੈ। ਬਿਨਾ ਸੰਦੇਹ ਨ ਗੁਰ ਕੋ ਲਹੈ।
ਤਿਨ ਦੋਨਹੁ ਥਲ ਮਨੁਜ ਪਠਾਏ। ਤੂਰਨ ਮਗ ਉਲੰਘਤਿ ਸੋ ਆਏ ॥ ੨੯ ॥

ਕਾਬਲ ਵਿਚ ਇਕ ਮਸੰਦ ਰਹਿੰਦਾ ਸੀ। ਉਹ ਸ਼ੰਕੇ ਤੋਂ ਬਗੈਰ ਗੁਰੂ ਨਹੀਂ ਸੀ ਅਪਨਾਉਂਦਾ। ਉਸ ਨੇ ਦੋਵਾਂ ਥਾਵਾਂ ਤੇ ਆਪਣੇ ਮਨੁੱਖ ਭੇਜੇ, ਲੰਮਾ ਪੈਂਡਾ ਲੰਘ ਕੇ ਉਹ ਪਹੁੰਚ ਗਏ॥੨੯॥

ਕੁਛਕ ਭੇਟ ਗੁਰੁ ਨਿਕਟਿ ਪਠਾਈ। ਧੀਰਮੱਲ ਢਿਗ ਤਿਤੀ ਪੁਚਾਈ।
ਦੋਨਹੁੰ ਥਲ ਤੇ ਲੇ ਦਸਤਾਰ। ਗਮਨੇ ਨਿਜ ਪੁਰਿ ਪੰਥ ਮਝਾਰ ॥ ੩੦ ॥

ਕੁਝ ਭੇਟ ਉਸ ਗੁਰੂ ਜੀ ਪਾਸ ਭੇਜੀ, ਉਨੀ ਭੇਟ ਧੀਰਮੱਲ ਪਾਸ ਪਹੁੰਚਾ ਦਿੱਤੀ। ਦੋਵਾਂ ਸਥਾਨਾਂ ਤੋਂ ਦਸਤਾਰ ਪ੍ਰਾਪਤ ਕੀਤੀ ਤੇ ਉਸ ਦੇ ਵਿਅਕਤੀ ਵਾਪਸ ਉਸ ਦੇ ਪਾਸ ਚਲੇ ਗਏ॥੩੦॥

ਤਿਸ ਮਸੰਦ ਕੋ ਦੀਨੀ ਜਾਇ। ਦੋਨੋ ਦੇਖਿ ਸੰਦੇਹ ਉਪਾਇ।
ਇਨ ਮੈਂ ਕਿਮ ਪਰਖੌਂ ਗੁਰੁ ਜੋਇ। ਪੁਨ ਮੈਂ ਰਹੌਂ ਦਾਸ ਤਿਸ ਹੋਇ ॥ ੩੧ ॥

ਦੋਵੇਂ ਦਸਤਾਰਾਂ ਉਸ ਮਸੰਦ ਨੂੰ ਜਾ ਕੇ ਦਿੱਤੀਆਂ, ਦੋਵੇਂ ਵੇਖ ਕੇ ਉਸ ਦੇ ਮਨ ਵਿਚ ਸ਼ੰਕਾ ਉਤਪੰਨ ਹੋਇਆ। ਇਨ੍ਹਾਂ ਵਿਚ ਮੈਂ ਕਿਵੇਂ ਪਰਖਾਂਗਾ ਕਿ ਕਿਹੜਾ ਸੱਚਾ ਗੁਰੂ ਹੈ, ਫਿਰ ਮੈਂ ਉਸਦਾ ਦਾਸ ਬਣ ਕੇ ਰਹਾਂਗਾ॥੩੧॥

ਚਿਤਵਤਿ ਚਿਤ ਮਹਿਂ ਇਮ ਪੁਨ ਆਈ। ਤੋਲ ਲੇਹੁਂ ਦ੍ਵੈ ਪਾਗ ਜਿ ਪਾਈ।
ਗੁਰ ਕੀ ਗਰੁਵੀ, ਬਿਨ ਗੁਰੁ ਹੋਰੀ। ਲੇਉਂ ਪਤਾ ਬੈਠਯੋ ਇਸ ਠੌਰੀ ॥ ੩੨ ॥

ਚਿੱਤ ਵਿਚਾਰ ਕਰਦਿਆਂ ਫਿਰ ਮਨ ਵਿਚ ਆਈ, ਜਿਹੜੀਆਂ ਦੋਵੇਂ ਪੱਗਾਂ ਪ੍ਰਾਪਤ ਕੀਤੀਆਂ ਹਨ, ਇਨ੍ਹਾਂ ਨੂੰ ਤੋਲ ਲਵੋ। ਗੁਰੂ ਜੀ ਦੀ ਭਾਰੀ ਹੋਵੇਗੀ ਤੇ ਜਿਹੜਾ ਗੁਰੂ ਨਹੀਂ ਹੋਵੇਗਾ ਉਸ ਦੀ ਹੌਲੀ ਹੋਵੇਗੀ, ਇਸ ਥਾਂ ਬੈਠਾ ਹੀ ਮੈਂ ਪਤਾ ਲਾ ਲਵਾਂਗਾ॥੩੨॥

ਪਾਛੇ ਧੀਰਮੱਲਯ ਗੁਰ ਆਗੇ। ਧਰਿ ਪਗਰੀ ਤਬਿ ਤੋਲਨਿ ਲਾਗੇ।
ਚਿਤ ਮਹਿਂ ਚਿਤਵਨਿ ਧਾਰੀ ਐਸੇ। ਜੋ ਗੁਰ ਹੋਇ ਜਨਾਵਹੁ ਤੈਸੇ ॥ ੩੩ ॥

ਉਸ ਨੇ ਤੱਕੜੀ ਦੇ ਪਿਛਲੇ ਪੱਲੜੇ ਵਿਚ ਧੀਰਮੱਲ ਦੀ ਪੱਗ ਰੱਖ ਲਈ ਤੇ ਅਗਲੇ ਪੱਲੜੇ ਵਿਚ ਗੁਰੂ ਜੀ ਦੀ ਪੱਗੜੀ ਰੱਖ ਲਈ। ਦੋਵੇਂ ਪੱਗਾਂ ਰੱਖ ਕੇ ਫਿਰ ਤੋਲਣ ਲੱਗਾ, ਚਿੱਤ ਵਿਚ ਇਸ ਤਰ੍ਹਾਂ ਵਿਚਾਰ ਧਾਰਨ ਕੀਤੀ ਹੋਈ ਸੀ, ਜਿਹੜਾ ਗੁਰੂ ਹੋਵੇਗਾ ਉਸ ਨੂੰ ਉਸ ਤਰ੍ਹਾਂ ਹੀ ਜਨਾਵਾਂਗਾ॥੩੩॥

ਨਿਜ ਅਜ਼ਮਤ ਕੋ ਮੋਹਿ ਜਨਾਵਹੁ। ਦਾਸ ਜਾਨਿ ਅਬਿ ਚਰਨ ਲਗਾਵਹੁ।
ਇਮ ਉਰ ਧਰਿ ਤਕਰੀ ਪਰ ਤੋਲੀ। ਭਈ ਧੀਰਮਲ ਕੀ ਤਬਿ ਹੋਲੀ ॥ ੩੪ ॥

ਆਪਣੀ ਕਰਾਮਾਤ ਨੂੰ ਮੇਰੇ ਪਾਸ ਪ੍ਰਗਟ ਕਰੋ, ਦਾਸ ਜਾਣ ਕੇ ਮੈਨੂੰ ਆਪਣੀ ਚਰਨੀਂ ਲਾਵੋ। ਇਸ ਤਰ੍ਹਾਂ ਦਿਲ ਵਿਚ

ਧਾਰ ਕੇ ਤੱਕੜੀ ਉਤੇ ਤੋਲੀ। ਉਸ ਸਮੇਂ ਧੀਰਮੱਲ ਦੀ ਪੱਗੜੀ ਹੋਲੀ ਨਿਕਲੀ॥੩੪॥

ਪਠੀ ਜੁ ਗੁਰ ਸੁ ਉਠੇ ਨ ਉਠਾਈ। ਤਜੋਂ ਤਜੋਂ ਹੋਤਿ ਅਧਿਕ ਗਰਵਾਈ।
ਸਿਖ ਸੰਗਤਿ ਤਹਿਂ ਥੇ ਸਮੁਦਾਇ। 'ਧੰਨ ਗੁਰੂ' ਬੋਲੇ ਹਰਖਾਇ॥ ੩੫॥

ਜਿਹੜੀ ਪੱਗੜੀ ਗੁਰੂ ਜੀ ਨੇ ਭੇਜੀ ਸੀ, ਉਹ ਪੱਲੜਾ ਚੁਕਿਆਂ ਵੀ ਚੁਕਿਆ ਨਹੀਂ ਸੀ ਜਾਂਦਾ, ਤਿਵੇਂ-ਤਿਵੇਂ ਉਹ ਪੱਲੜਾ ਜ਼ਿਆਦਾ ਭਾਰੀ ਹੁੰਦਾ ਜਾਂਦਾ ਸੀ। ਉਥੇ ਬਹੁਤ ਸਿੱਖ ਸੰਗਤ ਇਕੱਠੀ ਹੋਈ ਸੀ, ਉਹ ਪ੍ਰਸੰਨ ਹੋ ਕੇ ਬੋਲੇ, "ਧੰਨ ਗੁਰੂ ਜੀ"॥੩੫॥

ਇਮ ਪਿਖਿ ਪਿਖਿ ਕਰਿ ਪਤਾ ਅਨੇਕ। ਜਾਨਜੋਂ ਸਤਿਗੁਰ ਜਲਧਿ ਬਿਬੇਕ।
ਦੇਸ਼ ਬਦੇਸ਼ਨਿ ਕੀਰਤਿ ਹੋਈ। ਲਖਜੋ ਨਵੇਂ ਸਤਿਗੁਰ ਇਮ ਲੋਈ॥ ੩੬॥

ਇਸ ਤਰ੍ਹਾਂ ਵੇਖ ਕੇ ਅਨੇਕਾਂ ਨੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਦਾ ਪਤਾ ਜਾਣਿਆ। ਦੇਸ਼ਾਂ ਵਿਦੇਸ਼ਾਂ ਵਿਚ ਗੁਰੂ ਜੀ ਦੀ ਬਹੁਤ ਕੀਰਤੀ ਹੋਈ। ਇਸ ਤਰ੍ਹਾਂ ਲੋਕਾਂ ਨਵੇਂ ਗੁਰੂ ਜੀ ਬਾਰੇ ਜਾਣਿਆ॥੩੬॥

ਸੂਰਜ ਚਢਜੋ ਨ ਛਪੈ ਛਪਾਯੋ। ਮਹਿ ਮੰਡਲ ਤਮ ਮੋਹ ਮਿਟਾਯੋ।
ਧੀਰਮੱਲ ਕਰਿ ਚਿੰਤਾ ਮਨੇ। ਬ੍ਰਿਧ ਕੁਲ ਨਿਕਟਿ ਪਠ ਨਰ ਘਨੇ॥ ੩੭॥

ਚੜ੍ਹਿਆ ਹੋਇਆ ਸੂਰਜ ਫਿਰ ਛੁਪਾਇਆਂ ਵੀ ਨਹੀਂ ਛੁਪਦਾ ਹੈ, ਸਾਰੇ ਮੰਡਲ ਵਿਚ ਮੋਹ ਰੂਪੀ ਹਨੇਰਾ ਦੂਰ ਕਰ ਦਿੰਦਾ ਹੈ। ਧੀਰਮੱਲ ਨੇ ਮਨ ਵਿਚ ਚਿੰਤਾ ਧਾਰ ਕੇ ਬਾਬਾ ਬੁੱਢਾ ਜੀ ਦੀ ਵੰਸ਼ ਪਾਸ ਬਹੁਤ ਮਨੁੱਖਾਂ ਨੂੰ ਭੇਜਿਆ॥੩੭॥

'ਕਲਗ਼ੀ ਬਾਜ ਭੇਟ ਮੁਝ ਦੀਜੈ। ਜਿਤੋ ਚਹੋ ਧਨ ਤੁਮ ਅਬਿ ਲੀਜੈ'।
ਅਨਿਕ ਉਪਾਵਨਿ ਕੋ ਕਰਿ ਹਾਰਾ। ਤਿਨਹੁਂ ਨਹੀਂ ਮਾਨੀ ਇਕ ਬਾਰਾ॥ ੩੮॥

"ਕਲਗੀ ਅਤੇ ਘੋੜਾ ਮੈਨੂੰ ਭੇਟਾ ਵਿਚ ਦੇਵੋ, ਜਿੰਨਾ ਵੀ ਧਨ ਚਾਹੁੰਦੇ ਹੋ ਮੇਰੇ ਪਾਸੋਂ ਲੈ ਲਵੋ।" ਅਨੇਕਾਂ ਉਪਾਅ ਕਰਕੇ ਹਾਰ ਗਿਆ ਪਰ ਬਾਬਾ ਬੁੱਢਾ ਜੀ ਦੀ ਵੰਸ਼ ਨੇ ਉਸ ਦੀ ਇਕ ਗੱਲ ਵੀ ਨਾ ਮੰਨੀ॥੩੮॥

ਨਹਿਂ ਅਪਨੇ ਤੇ ਭੇਟ ਪਠਾਈ। ਨਹੀਂ ਆਇ ਨਿਜ ਗ੍ਰੀਵ ਨਿਵਾਈ।
ਇਸ ਤੇ ਆਦਿ ਜਤਨ ਬਹੁ ਕਰੇ। ਪ੍ਰਥਮ ਸਮਾਨ ਰਹਜੋ ਥਿਰ ਘਰੇ॥ ੩੯॥

ਆਪਣੇ ਪਾਸੋਂ ਕੋਈ ਵੀ ਭੇਟ ਨਾ ਭੇਜੀ ਤੇ ਨਾ ਹੀ ਪਾਸ ਆ ਕੇ ਸਿਰ ਝੁਕਾਇਆ, ਧੀਰਮੱਲ ਨੇ ਹੋਰ ਵੀ ਬਹੁਤ ਯਤਨ ਕੀਤੇ, ਪਰ ਪਹਿਲਾਂ ਵਾਂਗ ਹੀ ਘਰ ਵਿਚ ਸਥਿਰ ਰਿਹਾ॥੩੯॥

ਬਿਨ ਧਨ ਜੋ ਲਖਪਤੀ ਕਹਾਵੈ। ਹੁੰਡੀ ਕਹਿ ਕਹਿ ਕੂਰ ਚਲਾਵੈ।
ਸੁਮਤਿਵਾਨ ਸਜਾਨੇ ਨਹਿਂ ਮਾਨੇ। ਭ੍ਰਿਮ ਜਾਹਿਂ ਜੇ ਹੋਹਿ ਇਆਨੇ॥ ੪੦॥

ਜੇ ਕੋਈ ਧਨ ਤੋਂ ਬਗੈਰ ਹੀ ਲੱਖਪਤੀ ਕਹਾਵੇ, ਝੂਠ ਬੋਲ ਬੋਲ ਹੁੰਡੀ ਚਲਾਵੇ ਤਾਂ ਬੁਧੀਵਾਨ ਸਿਆਣੇ ਕਦੀ ਵੀ ਨਹੀਂ ਮੰਨਣਗੇ, ਪਰ ਜੇ ਮੂਰਖ ਹੋਣ ਤਾਂ ਭਰਮ ਜਾਣ॥੪੦॥

ਗਰਜਜੋ ਕੇਹਰਿ ਜਬਿ ਬਨ ਮਾਂਹੀ। ਮ੍ਰਿਗ ਜੰਬੁਕ ਕਿਮ ਥਿਰਤਾ ਪਾਹੀਂ।
ਗਜ ਆਦਿਕ ਜਿਸ ਤੇ ਭੈ ਧਾਰੇਂ। ਤਿਸ ਆਗੈ ਕਜਾ ਅਪਰ ਬਿਚਾਰੇ॥ ੪੧॥

ਜਦ ਜੰਗਲ ਵਿਚ ਸ਼ੇਰ ਗੱਜਿਆ ਤਾਂ ਹਿਰਨ ਅਤੇ ਗਿੱਦੜ ਕਿਵੇਂ ਸਥਿਰਤਾ ਪ੍ਰਾਪਤ ਕਰ ਲੈਣਗੇ। ਹਾਥੀ ਆਦਿ ਵੀ ਜਿਸ ਤੋਂ ਡਰਦੇ ਹਨ, ਉਸ ਦੇ ਅੱਗੇ ਹੋਰ ਵਿਚਾਰੇ ਕੀ ਹਨ॥੪੧॥

*ਗਿਆਰਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥*

# ਅਧਿਆਇ ਅਠਾਈਵਾਂ

*ਮੱਖਣ ਸ਼ਾਹ ਵਿਦਾ, ਸ੍ਰੀ ਅਨੰਦਪੁਰ ਵਸਾਉਣਾ*

*ਦੋਹਰਾ-* ਜਬਿ ਸਤਿਗੁਰੁ ਥਿਰਤਾ ਗਹੀ ਐਸ੍ਵਰਜ ਭਯੋ ਬਿਸਾਲ।
ਮੱਖਣ ਰਿਦੈ ਅਨੰਦ ਹ੍ਵੈ ਪੂਜੈ ਗੁਰੂ ਕ੍ਰਿਪਾਲ॥ ੧॥

ਜਦ ਗੁਰੂ ਜੀ ਪੱਕੇ ਤੌਰ ਤੇ ਬੈਠ ਗਏ ਤਾਂ ਬਹੁਤ ਧਨ ਦੌਲਤ ਇਕੱਠਾ ਹੋ ਗਿਆ। ਮੱਖਣ ਸ਼ਾਹ ਦੇ ਹਿਰਦੇ ਵਿਚ ਅਨੰਦ ਛਾ ਗਿਆ, ਉਹ ਕ੍ਰਿਪਾਲੂ ਗੁਰੂ ਜੀ ਦੀ ਪੂਜਾ ਕਰਦਾ ਸੀ॥੧॥

*ਚੌਪਈ-* ਇਕ ਦਿਨ ਹਾਥ ਜੋਰਿ ਕਰਿ ਕਹ੍ਯੋ। 'ਪ੍ਰਭੁ ਜੀ ਰਾਵਰਿ ਦਰਸ਼ਨ ਲਹ੍ਯੋ।
ਮਨੋ ਕਾਮਨਾ ਪੂਰਨ ਹੋਈ। ਜਨਮ ਮਰਨ ਕੀ ਚਿੰਤ ਨ ਕੋਈ॥ ੨॥

ਇਕ ਦਿਨ ਮੱਖਣ ਸ਼ਾਹ ਨੇ ਹੱਥ ਜੋੜ ਕੇ ਕਿਹਾ, "ਪ੍ਰਭੂ ਜੀ ਆਪ ਜੀ ਦੇ ਦਰਸ਼ਨ ਹੋਏ ਹਨ। ਸਾਰੀਆਂ ਮਨੋਕਾਮਨਾਵਾਂ ਪੂਰਨ ਹੋਈਆਂ ਹਨ, ਜਨਮ ਮਰਨ ਦੀ ਕੋਈ ਚਿੰਤਾ ਨਹੀਂ ਰਹੀ ਹੈ॥੨॥

ਜਯੋਂ ਜਯੋਂ ਨਿਤ ਪ੍ਰਤਿ ਦਰਸ਼ਨ ਕਰ੍ਯੋ। ਮੋਹ ਤਿਮਰ ਉਰ ਤੇ ਪਰਹਰ੍ਯੋ।
ਲੋਕ ਪ੍ਰਲੋਕ ਸਹਾਯਕ ਪਾਏ। ਬਡੇ ਭਾਗ ਜਾਗੇ, ਹਿਤਵਾਏ॥ ੩॥

ਜਿਵੇਂ ਨਿਤਾਪ੍ਰਤਿ ਦਰਸ਼ਨ ਕੀਤੇ ਹਨ, ਮੇਰੇ ਦਿਲ ਦੇ ਮੋਹ ਦਾ ਹਨੇਰਾ ਦੂਰ ਹੋ ਗਿਆ ਹੈ। ਲੋਕ ਪਰਲੋਕ ਵਿਚ ਤੁਹਾਨੂੰ ਸਹਾਇਕ ਪਾਇਆ ਹੈ, ਮੇਰੇ ਵੱਡੇ ਭਾਗ ਜਾਗੇ ਹਨ ਤੇ ਪ੍ਰੇਮ ਵਾਲਾ ਹੋ ਗਿਆ ਹਾਂ॥੩॥

ਛਪੇ ਬਹੁਤ ਹੀ ਪ੍ਰਾਪਤਿ ਭਏ। ਸਭਿ ਸੰਗਤਿ ਕੇ ਸੰਸੇ ਗਏ।
ਅਬਿ ਮੈਂ ਚਾਹੌਂ ਚਲ੍ਯੋ ਅਵਾਸ। ਚਿਤ ਨਿਤ ਚਰਨ ਕਵਲ ਕੇ ਪਾਸ॥੪॥

ਜਿਹੜੇ ਬਹੁਤ ਛੁਪੇ ਸਨ, ਉਹ ਪ੍ਰਾਪਤ ਹੋ ਗਏ ਹਨ, ਸਾਰੀ ਸੰਗਤ ਦੇ ਸ਼ੰਕੇ ਦੂਰ ਹੋ ਗਏ ਹਨ। ਹੁਣ ਮੈਂ ਆਪਣੇ ਘਰ ਜਾਣਾ ਚਾਹੁੰਦਾ ਹਾਂ। ਮੇਰਾ ਚਿੱਤ ਸਦਾ ਹੀ ਆਪ ਜੀ ਦੇ ਚਰਨ ਕੰਵਲਾਂ ਪਾਸ ਰਹੇਗਾ॥੪॥

ਨਹਿਂ ਬਿਸਰਹੁ ਉਰ ਬਰ ਕੌ ਦੀਜੈ। ਇਹ ਸੇਵਕ ਪਰ ਕਰੁਨਾ ਕੀਜੈ।
ਬਾਂਛਤਿ ਰਹੌਂ ਦਰਸ ਕੋ ਹੇਰੇ। ਆਵਤਿ ਅਹੌ ਚੁਮਾਸਾ ਨੇਰੇ॥ ੫॥

ਮੈਂ ਆਪ ਜੀ ਦੇ ਚਰਨਾਂ ਨੂੰ ਨਾ ਵਿਸਰਾਂ, ਇਹ ਮੈਨੂੰ ਵਰ ਦੇਵੋ, ਇਸ ਸੇਵਕ ਉਤੇ ਕਿਰਪਾ ਕਰੋ। ਆਪ ਜੀ ਦੇ ਦਰਸ਼ਨਾਂ ਦੀ ਸਦਾ ਇੱਛਾ ਬਣੀ ਰਹੇ। ਚਾਰ ਮਹੀਨਿਆਂ ਬਾਅਦ ਆਪ ਜੀ ਦੇ ਨੇੜੇ ਆਉਂਦਾ ਰਹਾਂ॥੫॥

ਚਲ੍ਯੋ ਨ ਜਾਇ ਪੰਥ ਹੁਇ ਪਾਨੀ। ਸਦਨ ਹਮਾਰੇ ਦੂਰ ਮਹਾਨੀ।
ਹੇ ਪ੍ਰਭੁ! ਮੁਝ ਕੋ ਨਾਂਹਿ ਬਿਸਾਰੋ। ਸੇਵਕ ਜਾਨਿ ਸਦਾ ਸੰਭਾਰੋ॥੬॥

ਚਲਿਆ ਨਹੀਂ ਜਾਂਦਾ ਹੈ, ਰਾਹ ਵਿਚ ਪਾਣੀ ਹੁੰਦਾ ਹੈ, ਸਾਡੇ ਘਰ ਬਹੁਤ ਦੂਰ ਹਨ। ਹੇ ਪ੍ਰਭੂ ਜੀ! ਮੈਨੂੰ ਨਾ ਵਿਸਾਰੋ, ਸੇਵਕ ਜਾਣ ਕੇ ਸਦਾ ਸੰਭਾਲ ਕਰੋ"॥੬॥

ਸੁਨਿ ਸ਼੍ਰੀ ਤੇਗ ਬਹਾਦਰ ਪੂਰੇ। ਭਏ ਪ੍ਰਸੰਨ ਦੀਨਿ ਬਰ ਰੂਰੇ।
'ਜਨਮ ਮਰਨ ਤੇਰੋ ਕਟਿ ਗਇਊ। ਸ਼੍ਰੀ ਨਾਨਕ ਕੋ ਸੇਵਕ ਭਇਊ॥੭॥

ਇਹ ਸੁਣ ਕੇ ਪੂਰਨ ਸਤਿਗੁਰੂ ਤੇਗ ਬਹਾਦਰ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਸੁੰਦਰ ਵਰ ਦਿੱਤੇ, "ਤੇਰਾ ਜਨਮ ਮਰਨ ਕੱਟਿਆ ਗਿਆ ਹੈ। ਤੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੇਵਕ ਹੋ ਗਿਆ ਹੈਂ॥੭॥

ਸੱਤਿਨਾਮ ਸਿਮਰਹੁ ਦਿਨ ਰਾਤੀ। ਗੁਰ ਬਾਨੀ ਪਢਿ ਹੈ ਚਿਤ ਸ਼ਾਂਤੀ।
ਮਨ ਸੌਂ ਮਿਲੇ ਸਦਾ ਮਿਲ ਰਹੇ। ਪੁਨ ਬਿਯੋਗ ਸੋ ਕਬਹੂੰ ਨ ਲਹੇ॥ ੮॥

ਦਿਨ ਰਾਤ ਸਤਿਨਾਮ ਦਾ ਸਿਮਰਨ ਕਰੋ, ਗੁਰਬਾਣੀ ਪੜ੍ਹੋਗੇ ਤਾਂ ਚਿੱਤ ਵਿਚ ਸ਼ਾਂਤੀ ਪ੍ਰਾਪਤ ਹੋਵੇਗੀ। ਜਿਹੜੇ ਮਨ ਕਰਕੇ ਮਿਲੇ ਹੁੰਦੇ ਹਨ, ਉਹ ਸਦਾ ਹੀ ਮਿਲ ਰਹਿੰਦੇ ਹਨ। ਫਿਰ ਉਨ੍ਹਾਂ ਨੂੰ ਕਦੇ ਵੀ ਵਿਯੋਗ ਨਹੀਂ ਹੁੰਦਾ॥੮॥

ਦ੍ਰਿਸ਼ਟਿਮਾਨ ਪਰ ਕਹਾਂ ਸਨੇਹੁ। ਬਿਨਸਨਹਾਰੇ ਆਦਿਕ ਦੇਹੁ।
ਸੱਤਾ ਚੇਤਨ ਫੁਰਿਬੇ ਹਾਰੀ। ਬਾਲ ਬ੍ਰਿੱਧ ਬਯ ਕੇ ਨ ਮਝਾਰੀ॥ ੯॥

ਜੋ ਦਿਖਾਈ ਦਿੰਦਾ ਹੈ, ਉਸ ਨੂੰ ਕੀ ਪਿਆਰ ਕਰਨਾ ਹੋਇਆ, ਇਹ ਸਾਰੇ ਸਰੀਰ ਆਦਿ ਨਾਸ਼ਵਾਨ ਹਨ। ਪ੍ਰਕਾਸ਼ਨ ਵਾਲੀ ਜੋ ਚੇਤਨ ਸਤਾ ਹੈ, ਉਹ ਬਾਲ ਬ੍ਰਿਧ ਆਦਿ ਅਵਸਥਾ ਵਿਚ ਨਹੀਂ॥੯॥

ਸਦਾ ਏਕ ਰਸ ਪਰਮ ਪੁਨੀਤਾ। ਨਿਜ ਸਰੂਪ ਲਖਿ ਥਿਰ ਕਰਿ ਚੀਤਾ।
ਜਿਸ ਮੈਂ ਦੁਖ ਸੁਖ ਹਰਖ ਨ ਸ਼ੋਕ। ਆਵਨ ਜਾਨ ਨ ਲੋਕ ਪ੍ਰਲੋਕ॥ ੧੦॥

ਉਹ ਪਰਮ ਪੁਨੀਤ ਸਦਾ ਇਕ ਰਸ ਰਹਿੰਦੀ ਹੈ, ਉਸ ਨੂੰ ਆਪਣਾ ਸਰੂਪ ਸਮਝ ਕੇ ਚਿੱਤ ਨੂੰ ਟਿਕਾਓ। ਜਿਸ ਵਿਚ ਨਾ ਦੁਖ ਸੁਖ ਅਤੇ ਨਾ ਹੀ ਖੁਸ਼ੀ ਅਤੇ ਗ਼ਮੀ ਹੈ। ਨਾ ਹੀ ਲੋਕ ਪਰਲੋਕ ਵਿਚ ਆਉਣਾ ਜਾਣਾ ਪੈਂਦਾ ਹੈ॥੧੦॥

ਮਨ ਥਿਰ ਸਦਾ ਤਿਸੀ ਮਹਿ ਕਰੀਅਹਿ। ਸਦਾ ਸਰੂਪ ਅਨੂਪ ਸੰਭਰੀਅਹਿ।
ਇਮ ਕਹਿ ਖੁਸ਼ੀ ਕਰੀ ਗੁਰ ਜਬੈ। ਚਰਨ ਕਮਲ ਸੰਗ ਲਿਪਟਯੋ ਤਬੈ॥ ੧੧॥

ਮਨ ਸਦਾ ਹੀ ਉਸ ਵਿਚ ਸਥਿਰ ਕਰੋ, ਤੇ ਸਦਾ ਹੀ ਅਨੁਪਮ ਸਰੂਪ ਨੂੰ ਸੰਭਾਲੋ।" ਇਹ ਕਹਿ ਕੇ ਜਦ ਗੁਰੂ ਜੀ ਨੇ ਆਪਣੀ ਖੁਸ਼ੀ ਕੀਤੀ ਤਦ ਚਰਨ ਕੰਵਲਾਂ ਨਾਲ ਲਿਪਟ ਗਿਆ॥੧੧॥

ਤਜੇ ਨ ਜਾਹਿਂ ਸੀਸ ਧਰਿ ਰਹਿਊ। ਹਾਥਨਿ ਸਾਥ ਪਲੋਸਤਿ ਗਹਿਊ।
ਕਿਤਿਕ ਬਾਰਿ ਮਹਿਂ ਗੁਰੂ ਛੁਰਾਏ। ਪ੍ਰੇਮ ਬਸੀ ਦ੍ਰਿਗ ਜਲ ਢੁਰਿ ਆਏ॥ ੧੨॥

ਚਰਨਾਂ ਉਤੇ ਸਿਰ ਧਰਿਆ ਸੀ ਤੇ ਛੱਡਿਆ ਨਹੀਂ ਸੀ ਜਾਂਦਾ, ਚਰਨ ਫੜ ਕੇ ਹੱਥਾਂ ਨਾਲ ਪਲੋਸਦਾ ਸੀ। ਕਾਫ਼ੀ ਦੇਰ ਬਾਅਦ ਗੁਰੂ ਜੀ ਨੇ ਚਰਨ ਛੁੜਵਾਏ, ਪ੍ਰੇਮ ਵੱਸ ਹੋ ਕੇ ਨੈਣਾਂ ਵਿਚੋਂ ਜਲ ਵਹਿ ਤੁਰਿਆ॥੧੨॥

ਬਾਰਿ ਬਾਰਿ ਬੰਦਨ ਕਰਿ ਭਲੇ। ਬਿਦਾ ਭਯੋ ਚਿਤ ਚਹਤਿ ਨ ਚਲੇ।
ਮੁਰਿ ਮੁਰਿ ਹੇਰਤਿ ਨੀਠ ਚਲੰਤਾ। ਉਰ ਧਰਿ ਲੀਨਿ ਧਯਾਨ ਭਗਵੰਤਾ॥੧੩॥

ਬਾਰ-ਬਾਰ ਭਲੀ ਪ੍ਰਕਾਰ ਬੰਦਨਾ ਕਰਦਾ ਸੀ, ਗੁਰੂ ਜੀ ਨੇ ਵਿਦਾ ਕਰ ਦਿੱਤਾ ਸੀ, ਪਰ ਉਸ ਦਾ ਜਾਣ ਨੂੰ ਚਿੱਤ ਨਹੀਂ ਸੀ ਕਰਦਾ। ਮੁੜ-ਮੁੜ ਵੇਖ-ਵੇਖ ਹੌਲੀ-ਹੌਲੀ ਚਲਦਾ ਸੀ, ਹਿਰਦੇ ਵਿਚ ਗੁਰੂ ਜੀ ਦਾ ਧਿਆਨ ਧਾਰਨ ਕੀਤਾ ਹੋਇਆ ਸੀ॥੧੩॥

ਬਹੁਤ ਮੋਲ ਕੋ ਬਰ ਸਿਰੁਪਾਇ। ਕਰਨਾ ਸਹਿਤ ਗੁਰੂ ਤੇ ਪਾਇ।
ਸਿਰ ਪਰ ਧਰਿ ਨਿਜ ਆਇਵਿ ਡੇਰੇ। ਚਢਯੋ ਤੁਰੰਗਮ ਪਰ ਮਗ ਪ੍ਰੇਰੇ॥ ੧੪॥

ਗੁਰੂ ਜੀ ਨੇ ਬਹੁਤ ਕੀਮਤੀ ਸ੍ਰੇਸ਼ਟ ਸਿਰੋਪਾ ਦਿੱਤਾ, ਮੱਖਣ ਸ਼ਾਹ ਨੇ ਕਿਰਪਾ ਸਹਿਤ ਗੁਰੂ ਜੀ ਤੋ ਪ੍ਰਾਪਤ ਕੀਤਾ। ਸਿਰੋਪੇ ਨੂੰ ਸਿਰ ਉਤੇ ਧਰ ਕੇ ਆਪਣੇ ਡੇਰੇ ਆਇਆ ਤੇ ਘੋੜੇ ਉਤੇ ਚੜ੍ਹ ਕੇ ਆਪਣੇ ਰਾਹੇ ਪੈ ਗਿਆ॥੧੪॥

ਗੁਰੁ ਗੁਰੁ ਸਿਮਰਤਿ ਕੀਨਿ ਪਯਾਨਾ। ਲੇ ਕਰਿ ਅਪਨਿ ਸਮਾਜ ਮਹਾਨਾ।
ਗਯੋ ਆਪਨੇ ਦੇਸ਼ ਮਝਾਰੀ। ਜਹਿਂ ਕਹਿਂ ਕੀਰਤਿ ਗੁਰਨਿ ਉਚਾਰੀ॥ ੧੫॥

ਗੁਰੂ ਗੁਰੂ ਸਿਮਰਨ ਕਰਦਿਆਂ ਚਲ ਪਿਆ ਤੇ ਆਪਣੇ ਨਾਲ ਆਪਣੇ ਸਾਰੇ ਸਮਾਜ ਨੂੰ ਲੈ ਲਿਆ। ਆਪਣੇ ਦੇਸ਼ ਦੇ ਵਿਚ ਚਲਾ ਗਿਆ, ਜਿਥੇ ਕਿਥੇ ਗੁਰੂ ਜੀ ਦੀ ਕੀਰਤੀ ਉਚਾਰਨ ਕੀਤੀ॥੧੫॥

ਇਮ ਮੱਖਣ ਜਬਿ ਸਦਨ ਸਿਧਾਰਾ। ਭਯੋ ਸਫਲ ਨਿਜ ਜਨਮ ਸੁਧਾਰਾ।
ਪੀਛੈ ਸਤਿਗੁਰੁ ਉੱਦਮ ਧਰੈਂ। ਨਗਰ ਬਸਾਵਨਿ ਕੋ ਚਿਤ ਕਰੈਂ॥ ੧੬॥

ਇਸ ਤਰ੍ਹਾਂ ਮੱਖਣ ਸ਼ਾਹ ਜਦ ਆਪਣੇ ਘਰ ਗਿਆ ਤਾਂ ਉਸ ਨੇ ਸਫਲ ਹੋ ਕੇ ਆਪਣਾ ਜਨਮ ਸੁਧਾਰ ਲਿਆ। ਪਿੱਛੋਂ ਸਤਿਗੁਰੂ ਜੀ ਨੇ ਉੱਦਮ ਧਾਰਨ ਕੀਤਾ, ਨਗਰ ਵਸਾਉਣ ਨੂੰ ਚਿੱਤ ਕਰਦਾ ਸੀ॥੧੬॥

ਨ੍ਰਿਪ ਕੇ ਲੋਕ ਗ੍ਰਾਮ ਕੇ ਔਰ। ਕਰਤਿ ਮਾਲਕੀ ਜੇ ਤਿਸ ਠੌਰ।
ਤਿਨ ਕੇ ਨਿਕਟਿ ਮਸੰਦ ਪਠਾਯੋ। ਜਾਇ ਪਹੂੰਚਿ ਪ੍ਰਸੰਗ ਸੁਨਾਯੋ॥ ੧੭॥

ਪਿੰਡ ਦੇ ਜਿਹੜੇ ਹੋਰ ਰਾਜੇ ਦੇ ਲੋਕ ਸਨ, ਜੋ ਉਸ ਥਾਂ ਦੇ ਮਾਲਕ ਸਨ, ਉਨ੍ਹਾਂ ਦੇ ਪਾਸ ਮਸੰਦ ਨੂੰ ਭੇਜਿਆ, ਉਸ ਨੇ ਜਾ ਕੇ ਪਹੁੰਚ ਕੇ ਪ੍ਰਸੰਗ ਸੁਣਾਇਆ॥੧੭॥

'ਸ੍ਰੀ ਹਰਿ ਗੋਵਿੰਦ ਗੁਰੂ ਬਿਸਾਲਾ। ਤਿਨ ਕੇ ਨੰਦਨ ਧੀਰ ਕ੍ਰਿਪਾਲਾ।
ਜਿਨ ਸ੍ਰੀ ਤੇਗ ਬਹਾਦਰ ਨਾਮੂ। ਬਿਰਤਿ ਸ਼ਾਂਤਕੀ ਬਡ ਗੁਨ ਧਾਮੂ॥ ੧੮॥

"ਸ੍ਰੀ ਗੁਰੂ ਹਰਿਗੋਬਿੰਦ ਜੀ ਵਿਸ਼ਾਲ ਗੁਰੂ ਹੋਏ ਹਨ, ਉਨ੍ਹਾਂ ਦੇ ਪੁੱਤਰ ਕ੍ਰਿਪਾਲੂ ਧੀਰਜਵਾਨ ਹਨ। ਜਿਨ੍ਹਾਂ ਦਾ ਸ੍ਰੀ ਗੁਰੂ ਤੇਗ ਬਹਾਦਰ ਨਾਮ ਹੈ। ਉਨ੍ਹਾਂ ਦੀ ਸ਼ਾਂਤ ਬ੍ਰਿਤੀ ਹੈ ਵੱਡੇ ਗੁਣਾਂ ਦੇ ਘਰ ਹਨ॥੧੮॥

ਸੋ ਚਾਹਤਿ ਹੈਂ ਨਗਰ ਬਸਾਏ। ਥਾਂਨ ਚੰਛਿਕਾ ਤਰੇ ਸੁਹਾਏ।
ਜਥਾ ਇਨਹੁਂ ਕੇ ਜੇਸ਼ਟ ਭ੍ਰਾਤਾ। ਬਾਬਾ ਗੁਰਦਿੱਤਾ ਬੱਖਜਾਤਾ॥ ੧੯॥

ਉਹ ਇਕ ਨਗਰ ਵਸਾਉਣਾ ਚਾਹੁੰਦੇ ਹਨ, ਚੰਛਿਕਾ ਹੇਠਾਂ ਇਹ ਸਥਾਨ ਸ਼ੋਭਦਾ ਹੈ, ਜਿਵੇਂ ਇਨ੍ਹਾਂ ਦੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਬਹੁਤ ਮਸ਼ਹੂਰ ਹੋਏ ਹਨ॥੧੯॥

ਪੂਰਬ ਆਇ ਨਿਕਟਿ ਗਿਰ ਥਾਨ। ਪਿਖਿ ਰਮਣੀਕ ਅਨੰਦ ਮਹਾਨ।
ਸ੍ਰੀ ਕੀਰਤਪੁਰਿ ਕੀਨਿ ਬਸਾਵਨਿ। ਚਾਰਹੁਂ ਬਰਨ ਕਰੇ ਘਰ ਪਾਵਨਿ॥ ੨੦॥

ਪਹਿਲਾਂ ਉਹ ਪਹਾੜੀ ਸਥਾਨ ਦੇ ਨੇੜੇ ਆਏ ਤੇ ਮਹਾਨ ਅਨੰਦਮਈ ਤੇ ਰਮਣੀਕ ਸਥਾਨ ਵੇਖ ਕੇ, ਉਨ੍ਹਾਂ ਕੀਰਤਪੁਰ ਨਾਮੀਂ ਨਗਰ ਵਸਾਇਆ ਤੇ ਚਾਰੇ ਵਰਨਾਂ ਦੇ ਉਥੇ ਘਰ ਬਣਵਾਏ॥੨੦॥

ਤਿਮ ਅਭਿਲਾਖਤਿ ਥਿਰਤਾ ਲਹੇ। ਜ਼ਰ ਖਰੀਦ ਛਿਤ ਕੋ ਚਿਤ ਚਹੇ।
ਇਸ ਕਾਰਨ ਤੇ ਹਮ ਚਲਿ ਆਏ'। ਸੁਨਿ ਮਸੰਦ ਤੇ ਨਰ ਸਮੁਦਾਏ॥ ੨੧॥

ਉਸ ਤਰ੍ਹਾਂ ਹੀ ਇਹ ਏਥੇ ਪੱਕਾ ਨਿਵਾਸ ਕਰਨਾ ਚਾਹੁੰਦੇ ਹਨ, ਧਰਤੀ ਨੂੰ ਮੁਲ ਖਰੀਦਣਾ ਚਾਹੁੰਦੇ ਹਨ। ਇਸ ਕਰਕੇ ਅਸੀਂ ਚਲ ਕੇ ਤੁਹਾਡੇ ਪਾਸ ਆਏ ਹਾਂ।" ਮਸੰਦ ਪਾਸੋਂ ਸਾਰੇ ਮਨੁੱਖਾਂ ਨੇ ਇਸ ਤਰ੍ਹਾਂ ਸੁਣਿਆ॥੨੧॥

ਅਵਨੀ ਪਤਿ ਕੋ ਬੂਝਨਿ ਕੀਨਾ। ਦੀਨਿ ਹੁਕਮ ਨੀਕੇ ਚਿਤ ਚੀਨਾ।
ਨ੍ਰਿਪ ਕੇ ਨਰ ਅਰੁ ਗ੍ਰਾਮਨਿ ਕੇਰੇ। ਆਇ ਸਥਾਨ ਸਰਬ ਕੋ ਹੇਰੇ॥ ੨੨॥

ਧਰਤੀ ਦੇ ਮਾਲਕ ਬਾਰੇ ਪੁਛਿਆ, ਚਿੱਤ ਵਿਚ ਚੰਗਾ ਸਮਝ ਕੇ ਹੁਕਮ ਦਿੱਤਾ। ਪਿੰਡ ਅਤੇ ਰਾਜੇ ਦੇ ਲੋਕ ਆਏ ਤੇ ਸਾਰੇ ਸਥਾਨ ਨੂੰ ਵੇਖਿਆ॥੨੨॥

**ਮਿੱਲਿ ਸਭਿਹਿਨਿ ਜਿਮ ਮੋਲ ਬਖਾਨਾ। ਕੇਤਿਕ ਦੀਨਿ ਦਰਬ ਤਿਨ ਪਾਨਾ।**
**ਜ਼ਰ ਖਰੀਦ ਕੇ ਪਟੇ ਲਿਖਾਏ। ਲੇ ਸਤਿਗੁਰ ਨਿਜ ਨਿਕਟਿ ਰਖਾਏ॥ ੨੩॥**

ਸਾਰਿਆਂ ਨੇ ਮਿਲ ਕੇ ਜਿਵੇਂ ਮੁਲ ਕਿਹਾ ਤਾਂ ਮਸੰਦਾਂ ਨੇ ਕਾਫੀ ਧਨ ਉਨ੍ਹਾਂ ਦੇ ਹੱਥ ਵਿਚ ਦੇ ਦਿੱਤਾ। ਧਰਤੀ ਦੀ ਖਰੀਦ ਦਾ ਪਟਾ ਲਿਖਵਾ ਲਿਆ ਤੇ ਲੈ ਕੇ ਸਤਿਗੁਰੂ ਜੀ ਦੇ ਪਾਸ ਰੱਖ ਦਿੱਤਾ॥੨੩॥

**ਰੁਚਿਰ ਮਹੂਰਤ ਮਹਿਂ ਕਰਿ ਤਯਾਰੀ। ਗਨ ਕਾਰੀਗਰ ਲੀਨਿ ਹਕਾਰੀ।**
**ਬ੍ਰਿੰਦ ਮਜੂਰਨਿ ਦੇ ਧਨ ਆਨੇ। ਲੇ ਸਭਿ ਅਪਨੇ ਸੰਗ ਪਯਾਨੇ॥ ੨੪॥**

ਚੰਗੇ ਮਹੂਰਤ ਵਿਚ ਤਿਆਰੀ ਕਰਕੇ, ਬਹੁਤ ਕਾਰੀਗਰਾਂ ਨੂੰ ਆਪਣੇ ਪਾਸ ਬੁਲਾ ਲਿਆ। ਬਹੁਤ ਮਜ਼ਦੂਰ ਧਨ ਦੇ ਕੇ ਲਿਆਂਦੇ, ਸਾਰੇ ਆਪਣੇ ਨਾਲ ਲੈ ਕੇ ਚਲ ਪਏ॥੨੪॥

**ਸਭ ਤਰਕੀਬ ਆਪ ਉਪਦੇਸ਼ੀ। ਸਦਨ ਆਦਿ ਕੀ ਨੀਵ ਵਿਸ਼ੇਸ਼ੀ।**
**ਥਾਨ ਅਜੀਤ ਜਾਨਿ ਪੁਰਿ ਕੀਨਾ। ਬਿਜੈ ਮਹੂਰਤ ਮਹਿਂ ਚਿਤ ਚੀਨਾ॥ ੨੫॥**

ਗੁਰੂ ਜੀ ਨੇ ਸਾਰੀ ਤਰਕੀਬ ਬਾਰੇ ਆਪ ਉਪਦੇਸ਼ ਕੀਤਾ। ਘਰਾਂ ਆਦਿ ਦੀ ਵਿਸ਼ੇਸ਼ ਨੀਂਹ ਰਖਾਈ। ਅਜਿਤ ਥਾਂ ਜਾਣ ਕੇ ਨਗਰ ਵਸਾਉਣਾ ਆਰੰਭ ਦਿੱਤਾ ਤੇ ਵਿਜੇ ਮਹੂਰਤ ਵਿਚ ਆਪਣਾ ਚਿੱਤ ਪਹਿਚਾਣਿਆ॥੨੫॥

**ਟਕ ਲਗਾਇ ਗੁਰ ਪ੍ਰਥਮ ਮਨਾਏ। ਦਾਸਨਿ ਤੇ ਪਕਵਾਨ ਅਨਾਏ।**
**ਸਰਬ ਪ੍ਰਕਾਰ ਕੀਨਿ ਗਨ ਮੰਗਲ। ਜਿਨ ਦਰਸ਼ਨ ਤੇ ਮਿਟਹਿਂ ਅਮੰਗਲ॥੨੬॥**

ਟਕ ਲਾ ਕੇ ਸਾਰੇ ਗੁਰੂ ਸਾਹਿਬਾਨ ਨੂੰ ਮਨਾਇਆ ਤੇ ਸੇਵਕਾਂ ਪਾਸੋਂ ਪਕਵਾਨ ਮੰਗਵਾਏ। ਸਰਬ ਪ੍ਰਕਾਰ ਬਹੁਤ ਮੰਗਲ ਕੀਤੇ, ਜਿਸ ਦੇ ਦਰਸ਼ਨਾਂ ਨਾਲ ਦੁਖ ਮਿੱਟ ਜਾਂਦੇ ਹਨ॥੨੬॥

**ਕਾਰੀਗਰ ਲਗਾਇ ਗਨ ਦਏ। ਸਦਨ ਉਸਾਰਨਿ ਲਾਗਤਿ ਭਏ।**
**ਬਸਨਹਾਰ ਗਨ ਲੋਕ ਬੁਲਾਏ। ਦਾਨ ਮਾਨ ਕਰਿ ਸੇ ਹਰਖਾਏ॥ ੨੭॥**

ਬਹੁਤ ਕਾਰੀਗਰ ਲਾ ਦਿੱਤੇ, ਘਰਾਂ ਦੀ ਉਸਾਰੀ ਕਰਨ ਲੱਗ ਗਏ। ਵੱਸਣ ਵਾਸਤੇ ਬਹੁਤ ਲੋਕਾਂ ਨੂੰ ਬੁਲਾਇਆ, ਦਾਨ ਮਾਨ ਦੇ ਕੇ ਪ੍ਰਸੰਨ ਕੀਤੇ॥੨੭॥

**ਨਿਕਟਿ ਕਿ ਦੂਰ ਸੁਨਜੋ ਸਭਿਹੂੰਨਿ। 'ਗੁਰ ਪੁਰਿ ਬਸਨਿ ਲਗਜੋ ਬਿਚ ਦੂੰਨ'।**
**ਕੇਤਿਕ ਬਨਕ ਆਇ ਕਰਿ ਮਿਲੇ। ਬਨਜ ਹੇਤੁ ਹਾਟਨਿ ਕਰਿ ਭਲੇ॥ ੨੮॥**

ਨੇੜੇ ਜਾਂ ਦੂਰ ਸਾਰਿਆਂ ਨੇ ਸੁਣਿਆ, "ਪਹਾੜ ਦੀ ਦੂਨ ਵਿਚ ਇਕ ਗੁਰੂ ਜੀ ਦਾ ਸ਼ਹਿਰ ਵਸਣ ਲੱਗਾ ਹੈ।" ਕਈ ਬਾਣੀਏਂ ਆ ਕੇ ਮਿਲੇ, ਵਪਾਰ ਵਾਸਤੇ ਭਲੀਆਂ ਦੁਕਾਨਾਂ ਬਣਾਈਆਂ॥੨੮॥

**ਕਿਤਿਕ ਮਿਹਨਤੀ ਮਾਨਵ ਆਏ। ਚਲਹਿ ਜੀਵਕਾ ਮਨ ਲਖਿ ਪਾਏ।**
**ਅਪਨੇ ਸਦਨ ਉਸਾਰਨਿ ਚਹੇ। ਸੁਤ ਬਨਿਤਾ ਲੇ ਕਰਿ ਤਹਿਂ ਰਹੇ॥ ੨੯॥**

ਕਈ ਮਿਹਨਤੀ ਮਨੁੱਖ ਆਏ, ਸਾਡੀ ਜੀਵਕਾ ਚਲੇਗੀ, ਉਨ੍ਹਾਂ ਨੇ ਮਨ ਵਿਚ ਸਮਝ ਲਿਆ। ਆਪਣੇ ਘਰ ਉਸਾਰਨਾ ਚਾਹੁੰਦੇ ਸਨ। ਪੁੱਤਰ-ਇਸਤਰੀ ਨੂੰ ਲਿਆ ਕੇ ਉਥੇ ਰਹਿ ਪਏ॥੨੯॥

Sri Satguru Jagjit Singh Ji eLlibrary NamdhariElibrary@gmail.com

ਕੇਤਿਕ ਦੂਾਬੇ ਆਦਿਕ ਦੇਸ਼। ਬਸਨਹਾਰ ਮਿਲਿ ਗੁਰੂ ਵਿਸ਼ੇਸ਼।
ਕਿਤਿਕ ਪਹਾਰਨਿ ਕੀ ਜਹਿਂ ਦੂੰਨ। ਗੁਰ ਪੁਰਿ ਬਸਨਿ ਜਾਨਿ ਸਭਿਹੂੰਨਿ ॥੩੦॥

ਕਈ ਦੁਆਬੇ ਆਦਿ ਦੇਸ਼ ਦੇ ਲੋਕ, ਜਿਹੜੇ ਨਗਰ ਵਿਚ ਵੱਸਣਾ ਚਾਹੁੰਦੇ ਸਨ, ਉਹ ਗੁਰੂ ਜੀ ਨੂੰ ਮਿਲੇ, ਕਈ ਪਹਾੜੀਆਂ ਦੀ ਜਿਨ੍ਹਾਂ ਦੀ ਇਹ ਦੂਨ ਸੀ, ਸਾਰਿਆਂ ਨੇ ਗੁਰੂ ਜੀ ਦੀ ਨਗਰੀ ਵਿਚ ਵੱਸਣਾ ਚੰਗਾ ਜਾਣਿਆ ॥੩੦॥

ਸੁਤ ਬਨਿਤਾਦਿਕ ਲਿਏ ਕੁਟੰਬ। ਬਸਜੋ ਚਹਤਿ ਭੇ ਗੁਰੂ ਅਲੰਬ।
ਮਿਲਹਿਂ ਮਸੰਦਨਿ ਕੇ ਸੰਗਿ ਜਾਇ। ਚਹਤਿ ਵਸਤੁ ਕੋ ਜਾਚਤਿ ਪਾਇ ॥ ੩੧ ॥

ਪੁੱਤਰ ਪਤਨੀ ਤੇ ਸਾਰਾ ਪਰਿਵਾਰ ਲੈ ਕੇ ਉਹ ਗੁਰੂ ਜੀ ਦਾ ਆਸਰਾ ਲੈ ਕੇ ਵੱਸਣਾ ਚਾਹੁੰਦੇ ਸਨ। ਮਸੰਦਾਂ ਨੂੰ ਜਾ ਕੇ ਮਿਲਦੇ ਸਨ। ਲੋੜੀਂਦੀ ਵਸਤੂ ਨੂੰ ਉਹ ਮੰਗ ਕੇ ਪ੍ਰਾਪਤ ਕਰ ਲੈਂਦੇ ਸਨ ॥੩੧॥

ਹੁਕਮ ਕਿਯੋ ਸ਼੍ਰੀ ਤੇਗ ਬਹਾਦਰ। 'ਜੋ ਮੰਗਹਿ ਕੁਛ, ਦੀਜਹਿ ਸਾਦਰ'।
ਯਾਂਤੇ ਕਰੀ ਸਹਾਇ ਮਸੰਦ। ਕਾਸ਼ਟ ਆਦਿਕ ਦੇਤਿ ਬਿਲੰਦ ॥ ੩੨ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹੁਕਮ ਕੀਤਾ, "ਜਿਹੜੀ ਵੀ ਕੋਈ ਚੀਜ਼ ਮੰਗਦਾ ਹੈ, ਬੜੇ ਆਦਰ ਨਾਲ ਦੇਵੋ।" ਇਸ ਕਰਕੇ ਮਸੰਦਾਂ ਨੇ ਉਨ੍ਹਾਂ ਦੀ ਸਹਾਇਤਾ ਕੀਤੀ, ਲੱਕੜ ਆਦਿ ਬਹੁਤ ਦਿੱਤੀ ॥੩੨॥

ਕੇਤਿਕ ਚਿਨਹਿਂ ਚਿਨਾਵਹਿਂ ਕੇਈ। ਲੇ ਕੁਟੰਬ ਬਾਸੇ ਤਹਿਂ ਤੇਈ।
ਚਿਨੀ ਦੂਕਾਨ ਬਜ਼ਾਰ ਬਨਾਯੋ। ਲੇ ਵਸਤੁਨਿ ਬਿਵਹਾਰ ਚਲਾਯੋ ॥ ੩੩ ॥

ਕਈ ਆਪ ਬਣਾਉਂਦੇ ਸਨ, ਕਈ ਕਿਸੇ ਪਾਸੋਂ ਬਣਵਾਉਂਦੇ ਸਨ ਤੇ ਕਈ ਕੁਟੰਬ ਲੈ ਕੇ ਉਥੇ ਵੱਸ ਜਾਂਦੇ ਸਨ। ਦੁਕਾਨਾਂ ਚਿਣ ਕੇ ਬਜ਼ਾਰ ਬਣਾ ਲਿਆ। ਵਸਤਾਂ ਲੈ ਕੇ ਉਨ੍ਹਾਂ ਆਪਣਾ ਵਿਉਪਾਰ ਚਲਾ ਲਿਆ ॥੩੩॥

ਸੰਗਤਿ ਆਵਤਿ ਦੇਸ਼ ਬਿਦੇਸ਼। ਸੌਦਾ ਹੋਵਨਿ ਲਗਜੋ ਬਿਸ਼ੇਸ਼।
ਚਾਵਰ, ਚੂਨ, ਦਾਰ ਤੇ ਆਦਿ। ਸਭਿ ਬਨਜਹਿਂ ਹਿਤ ਭੋਜਨ ਸਾਦਿ ॥ ੩੪ ॥

ਦੇਸ਼ ਵਿਦੇਸ਼ ਦੀ ਸੰਗਤ ਆਉਂਦੀ ਸੀ ਤੇ ਵਿਸ਼ੇਸ਼ ਸੌਦੇ ਹੋਣ ਲੱਗੇ। ਚਾਵਲ, ਆਟਾ, ਦਾਲ ਆਦਿ, ਭੋਜਨ ਤਿਆਰ ਕਰਨ ਵਾਲੀਆਂ ਸਾਰੀਆਂ ਵਸਤਾਂ ਰੱਖ ਲਈਆਂ ॥੩੪॥

ਇਸ ਬਿਧਿ ਕਿਤਿਕ ਬਸੇ ਤਹਿਂ ਆਨਿ। ਮਿਹਨਤ ਮਾਨਵ ਠਾਨਿ ਮਹਾਨ।
ਲੇਤਿ ਮਜੂਰੀ ਜੋ ਜਿਸ ਕਰਿ ਹੀ। ਅਪਨਿ ਜੀਵਕਾ ਸਭਿ ਅਨੁਸਰਹੀ ॥ ੩੫ ॥

ਇਸ ਵਿਧੀ ਨਾਲ ਕਈ ਲੋਕ ਉਥੇ ਆ ਕੇ ਵੱਸ ਗਏ, ਮਨੁੱਖਾਂ ਨੇ ਬਹੁਤ ਮਿਹਨਤ ਕੀਤੀ। ਜੋ ਜਿਸ ਦਾ ਕੰਮ ਕਰਦਾ ਸੀ, ਆਪਣੀ ਮਜਦੂਰੀ ਲੈਂਦਾ ਸੀ, ਆਪਣੀ ਜੀਵਕਾ ਸਾਰੇ ਚਲਾਉਂਦੇ ਸਨ ॥੩੫॥

ਪ੍ਰਥਮ ਸਭਿਨਿ ਕੋ ਜੋ ਜਿਸ ਲਾਇਕ। ਦੇਤਿ ਭਏ ਗੁਰੁ ਸਭਿ ਸੁਖਦਾਇਕ।
ਪ੍ਰਥਮ ਗੁਰਨਿ ਜਿਮ ਨਗਰ ਬਸਾਏ। ਤਿਮ ਹੀ ਹੋਤਿ ਭਯੋ ਸਮੁਦਾਏ ॥ ੩੬ ॥

ਪਹਿਲਾਂ ਗੁਰੂ ਜੀ ਨੇ ਸਾਰਿਆਂ ਨੂੰ ਜੋ ਜਿਸ ਦੇ ਵੀ ਲਾਇਕ ਸੀ, ਸਭ ਪ੍ਰਕਾਰ ਦੇ ਸੁਖ ਦਿੱਤੇ। ਪਹਿਲੇ ਗੁਰੂ ਸਾਹਿਬਾਨ ਨੇ ਜਿਵੇਂ ਨਗਰ ਵਸਾਏ ਸਨ ਉਸ ਤਰ੍ਹਾਂ ਇਹ ਸਾਰਾ ਨਗਰ ਵਸਾਇਆ ॥੩੬॥

ਪੁਨ ਸਤਿਗੁਰ ਨਿਜ ਧਾਮਨਿ ਕੇਰੀ। ਨੀਵੀ ਨੀਵ ਖੁਦਾਇ ਘਨੇਰੀ।
ਖਰੇ ਹੋਇ ਕਰਿ ਜੁਗਤਿ ਬਤਾਈ। 'ਇਮ ਚਿਨੀਯਹਿ ਨਿਕੇਤ ਸੁਖਦਾਈ' ॥੩੭॥

ਫਿਰ ਸਤਿਗੁਰੂ ਜੀ ਨੇ ਆਪਣੇ ਘਰ ਬਣਵਾਏ, ਬਹੁਤ ਨੀਵੀਂ ਨੀਂਹ ਦੀ ਖੁਦਾਈ ਕੀਤੀ। ਗੁਰੂ ਜੀ ਨੇ ਆਪ ਖੜ੍ਹੇ ਹੋ ਕੇ ਜੁਗਤ ਦੱਸੀ, "ਇਸ ਤਰ੍ਹਾਂ ਸੁਖਦਾਈ ਘਰਾਂ ਦੀ ਚਿਣਾਈ ਕੀਤੀ ਗਈ" ॥੩੭॥

ਸੁਨਿ ਕਾਰੀਗਰ ਲਗੇ ਉਸਾਰਨਿ। ਸੁੰਦਰ ਘਰ ਸਮੇਤ ਬਿਸਤਾਰਨਿ।
ਇਕ ਧ੍ਰਮਸਾਲਾ ਬਡੀ ਬਨਾਈ। ਜਿਸ ਮਹਿਂ ਸੰਗਤਿ ਉਤਰਹਿ ਆਈ ॥ ੩੮ ॥

ਇਹ ਸੁਣ ਕੇ ਕਾਰੀਗਰ ਉਸਾਰੀ ਕਰਨ ਲੱਗੇ, ਸੁੰਦਰ ਘਰਾਂ ਸਮੇਤ ਵਿਸਥਾਰ ਕੀਤਾ। ਇਕ ਵੱਡੀ ਧਰਮਸਾਲਾ ਬਣਾਈ ਜਿਸ ਵਿਚ ਸੰਗਤ ਆ ਕੇ ਉਤਾਰਾ ਕਰੇ॥੩੮॥

ਰਾਖੇ ਦਰ ਅਨੇਕ ਚਹੁੰ ਓਰ। ਗ੍ਰੀਖਮ ਮਹਿਂ ਸਮੀਰ ਕੀ ਲੋਰ।
ਇਕ ਦਰ ਕੇ ਕੇਤਿਕ ਬਨਵਾਏ। ਇਸ ਪ੍ਰਕਾਰ ਪੁਰਿ ਗੁਰੂ ਬਸਾਏ ॥ ੩੯ ॥

ਚਾਰੇ ਪਾਸੇ ਅਨੇਕਾਂ ਦਰਵਾਜ਼ੇ ਰੱਖੇ, ਗਰਮੀ ਵਿਚ ਠੰਡੀ ਹਵਾ ਦੀ ਲੋੜ ਸੀ। ਇਕ ਦਰਵਾਜ਼ੇ ਵਾਲੇ ਵੀ ਕਈ ਘਰ ਬਣਾਏ। ਇਸ ਪ੍ਰਕਾਰ ਗੁਰੂ ਜੀ ਨੇ ਆਪਣੀ ਨਗਰੀ ਵਸਾਈ॥੩੯॥

*ਗਿਆਰ੍ਹਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥੨੮॥*

## ਅਧਿਆਇ ਉਣੱਤੀਵਾਂ

*ਮਾਖੋ ਦੈਂਤ*

ਦੋਹਰਾ- ਸਤਿਗੁਰ ਰਿਦੈ ਬਿਚਾਰਿ ਕਰਿ ਪਿਖਿ ਪੁਰਿ ਕੀ ਦਿਸ਼ਿ ਦੌਨ।
ਹੁਤੇ ਮਸੰਦਨਿ ਸਹਿਤ ਥਿਤ, ਚਢਿ ਕਰਿ ਊਚੇ ਭੌਨ॥ ੧ ॥

ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੇ ਨਗਰ ਦੇ ਦੋਵਾਂ ਪਾਸਿਆਂ ਵਲ ਵੇਖਿਆ, ਉਸ ਵੇਲੇ ਗੁਰੂ ਜੀ ਮਸੰਦ ਨਾਲ ਖੜੇ ਸਨ ਤੇ ਇਕ ਬੜੇ ਉੱਚੇ ਭਵਨ ਤੇ ਚੜ੍ਹੇ ਹੋਏ ਸਨ॥੧॥

ਚੌਪਈ- ਇਕ ਦਿਸ਼ਿ ਧਾਰ ਫੈਲ ਜੁਤਿ ਸੈਲ। ਹਰਿਤ ਤਰੋਵਰੁ ਸੁੰਦਰ ਸੈਲ।
ਦਿਖੀਅਤਿ ਗਿਰਵਰ ਤੁੰਗ ਨਜੀਕਾ। ਜਹਾਂ ਬਾਸ ਸ੍ਰੀ ਦੇਵੀ ਜੀ ਕਾ ॥੨ ॥

ਇਕ ਪਾਸੇ ਪਹਾੜ ਸ਼੍ਰੇਣੀ ਪੱਥਰਾਂ ਸਣੇ ਫੈਲ ਰਹੀ ਸੀ, ਉਸ ਦੇ ਉਪਰ ਹਰੇ ਬ੍ਰਿਛਾਂ ਦਾ ਸੋਹਣਾ ਨਜ਼ਾਰਾ ਸੀ। ਬੜੇ ਉੱਚੇ ਪਹਾੜ ਨਜ਼ਦੀਕ ਹੀ ਦਿਖਾਈ ਦਿੰਦੇ ਹਨ, ਜਿਥੇ ਦੇਵੀ ਦਾ ਵਾਸਾ ਸੀ॥੨॥

*ਨੋਟ : ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਦੇਵੀ ਵਾਲੀ ਗੱਲ ਗੁਰੂ ਜੀ ਤੇ ਕੋਈ ਅਸਰ ਨਹੀਂ ਸੀ ਰੱਖਦੀ। ਛੇਵੀਂ ਪਾਤਸ਼ਾਹੀ ਜੀ ਦੇ ਸਮੇਂ ਦਾ ਹਾਲ 'ਦਬਿਸਤਾਨ ਮਜ਼ਾਹਬ' ਵਾਲੇ ਨੇ ਲਿਖਿਆ ਹੈ ਕਿ ਕਿਵੇਂ ਸਿੱਖ ਦੇਵੀ ਪੂਜਨ ਨੂੰ ਮਖੌਲ ਨਾਲ ਵੇਖਦੇ ਸਨ। ਕਵੀ ਜੀ ਇਸ ਤਰ੍ਹਾਂ ਲਿਖ ਰਹੇ ਹਨ ਜਿਵੇਂ ਉਥੇ ਕੋਈ ਮੰਦਰ ਸੀ, ਪਰ ਅਸਲ ਵਿਚ ਉਥੇ ਕੋਈ ਮੰਦਰ ਨਹੀਂ ਸੀ।*

ਦੁਤਿਯ ਦਿਸ਼ਾ ਦ੍ਰਿਗ ਫੇਰਤਿ ਹੇਰਾ। ਸਤੁੱਦ੍ਰਵ ਕੇਰ ਪ੍ਰਵਾਹ ਬਡੇਰਾ।
ਹੋਤਿ ਅਨੰਦ ਪਿਖੇ ਅਭਿਰਾਮੂ। ਯਾਂਤੇ ਧਰਿ ਅਨੰਦਪੁਰਿ ਨਾਮੂ ॥ ੩ ॥

ਦੂਜੇ ਪਾਸੇ ਅੱਖਾਂ ਫੇਰ ਕੇ ਵੇਖਿਆ, ਸਤਿਲੁਜ ਦਰਿਆ ਦਾ ਵੱਡਾ ਪ੍ਰਵਾਹ ਵਹਿ ਰਿਹਾ ਸੀ, ਓਧਰ ਬਹੁਤ ਸੁੰਦਰ ਅਨੰਦ ਹੁੰਦਾ ਵੇਖਿਆ, ਇਸ ਕਰਕੇ ਸ਼ਹਿਰ ਦਾ ਨਾਂ ਹੀ ਅਨੰਦਪੁਰ ਰੱਖ ਦਿੱਤਾ॥੩॥

ਜਿਸ ਦਿਨ ਧਰਯੋ ਸੁ ਨਾਮ ਗੁਸਾਈਂ। ਤਿਸ ਤੇ ਨਿਸਾ ਭਈ ਜਬਿ ਆਈ।
ਖਾਨ ਪਾਨ ਕਰਿ ਪੌਢਨਿ ਕੀਨਾ। ਤਿਮਰ ਦਸੋਂ ਦਿਸ਼ਿ ਛਾਯੋ ਪੀਨਾ॥ ੪॥

ਜਿਸ ਦਿਨ ਮਾਲਕ ਨੇ ਇਹ ਨਾਂ ਰੱਖਿਆ, ਉਸ ਦਿਨ ਦੀ ਜਦ ਰਾਤ ਆਈ। ਖਾ ਪੀ ਕੇ ਜਦ ਲੰਮੇ ਪੈ ਗਏ, ਦਸੇ ਪਾਸੇ ਸੰਘਣਾ ਹਨ੍ਹੇਰਾ ਛਾ ਗਿਆ॥੪॥

ਤਬਿ ਇਕ ਦਾਨਵ ਆਵਨਿ ਚਹਯੋ। ਬਹੁ ਦੁਰਗੰਧਿਤ ਬਾਯੂ ਬਹਯੋ।
ਜਬਿ ਬਦਬੋਇ ਗੁਰੂ ਕੋ ਆਈ। ਮੁਖ ਤੇ ਬਸਨ ਠਾਨਿ ਸਹਿਸਾਈ॥ ੫॥

ਤਦ ਫਿਰ ਇਕ ਦੈਂਤ ਨੇ ਆਉਣਾ ਚਾਹਿਆ, ਤਦ ਬਹੁਤ ਬਦਬੋਦਾਰ ਹਵਾ ਚਲੀ। ਜਦ ਉਹ ਬਦਬੋ ਗੁਰੂ ਜੀ ਨੂੰ ਆਈ ਤਾਂ ਉਨ੍ਹਾਂ ਤੁਰਤ ਮੁੱਖ ਤੇ ਕੱਪੜਾ ਲੈ ਲਿਆ॥੫॥

ਕਰਯੋ ਬਿਲੋਕਨਿ ਜਿਸ ਦਿਸ਼ਿ ਪੌਰ। ਦਾਰੁਨ ਬੇਖ ਖਰਯੋ ਤਿਸ ਠੌਰ।
ਮਹਾਂ ਭਯਾਨਕ ਰੂਪ ਦਿਖਾਵਾ। ਜਿਹ ਕੇ ਪਿਖੇ ਤ੍ਰਾਸ ਨਰ ਪਾਵਾ॥ ੬॥

ਜਿਸ ਪਾਸੇ ਦਰਵਾਜ਼ਾ ਸੀ ਜਦ ਉਸ ਪਾਸੇ ਵੇਖਿਆ, ਓਧਰ ਇਕ ਵੱਡਾ ਸਰੀਰ ਦਿਖਾਈ ਦਿੱਤਾ, ਜਿਸ ਨੂੰ ਵੇਖ ਕੇ ਮਨੁੱਖ ਡਰ ਜਾਵੇ॥੬॥

ਸੀਸ ਮਹਾਂਨ ਬਿਖਾਨ ਖਰੇ ਖਰ। ਲਾਲ ਬਿਸਾਲ ਕਰਾਲ ਬਾਲ ਧਰਿ।
ਓਠਨਿ ਕੋ ਚਾਟਤਿ ਬਡ ਜੀਹਾ। ਰਕਤ ਬਿਲੋਚਨ ਦਾਰੁਨ ਦੀਹਾ॥ ੭॥

ਸਿਰ ਦੇ ਉਤੇ ਬੜੇ ਤਿੱਖੇ ਸਿੰਗ ਸਨ ਅਤੇ ਸਿਰ ਉਤੇ ਬੜੇ ਭਿਆਨਕ ਲਾਲ ਵਾਲ ਧਾਰੇ ਹੋਏ ਸਨ। ਜ਼ਬਾਨ ਨਾਲ ਹੋਠਾਂ ਨੂੰ ਚਟ ਰਿਹਾ ਸੀ। ਲਾਲ ਅੱਖਾਂ ਬੜੀਆਂ ਭਿਆਨਕ ਸਨ॥੭॥

ਸ਼ਮਸ ਬਾਲ ਭੀ ਲਾਲ ਬਡੇਰੇ। ਗਰ ਮਹਿਂ ਕਰ ਮਹਿਂ ਹਾਡ ਘਨੇਰੇ।
ਕਾਰੋ ਰੰਗ ਅੰਗ ਸਭਿ ਕੇਰਾ। ਥੂਲ ਉਦਰ ਅਰੁ ਧੁਮਨੀ ਹੇਰਾ॥ ੮॥

ਦਾੜ੍ਹੀ ਦੇ ਵਾਲ ਵੀ ਬੜੇ ਲਾਲ ਸਨ। ਗਲ ਵਿਚ ਅਤੇ ਹੱਥ ਵਿਚ ਵੱਡੇ-ਵੱਡੇ ਹੱਡ ਫੜੇ ਹੋਏ ਸਨ। ਸਰੀਰ ਦੇ ਸਾਰੇ ਅੰਗਾਂ ਦਾ ਰੰਗ ਬਹੁਤ ਕਾਲਾ ਸੀ। ਢਿੱਡ ਬੜਾ ਮੋਟਾ ਤੇ ਫੁਲਿਆ ਹੋਇਆ ਸੀ ਤੇ ਸਾਰੀਆਂ ਨਾੜੀਆਂ ਵਿਖਾਈ ਦਿੰਦੀਆਂ ਸਨ॥੮॥

ਹਾਥਨਿ ਮਹਿਂ ਨਰ ਮੁੰਡ ਬਜਾਵਹਿ। ਕ੍ਰੂਰ ਦ੍ਰਿਸ਼ਟਿ ਤੇ ਗੁਰਨਿ ਡਰਾਵਹਿ।
'ਅਬਿ ਹਮ ਖੈ ਹੈਂ' ਤ੍ਰਿਯ ਸੰਗ ਕਹੈ। 'ਤ੍ਰਿਪਤਹਿਂ ਰਕਤ ਬਿੰਦ ਜਬਿ ਲਹੈਂ'॥ ੯॥

ਹੱਥਾਂ ਨਾਲ ਮਨੁੱਖਾਂ ਦੇ ਸਿਰ ਵਜਾਉਂਦਾ ਸੀ ਤੇ ਭਿਆਨਕ ਦ੍ਰਿਸ਼ਟੀ ਨਾਲ ਗੁਰੂ ਜੀ ਨੂੰ ਡਰਾਉਂਦਾ ਸੀ। ਇਸਤਰੀਆਂ ਨੂੰ ਕਹਿੰਦਾ ਸੀ, "ਹੁਣ ਮੈਂ ਤੁਹਾਨੂੰ ਖਾਵਾਂਗਾ। ਬਹੁਤ ਲਹੂ ਪੀ ਕੇ ਤ੍ਰਿਪਤ ਹੋਵਾਂਗਾ।੯॥

ਨਿਜ ਪੁਰਿ ਹਮਰੇ ਬਾਸ ਬਸਾਯੋ। ਤਨਕ ਨਹੀਂ ਉਰ ਮੈਂ ਡਰਪਾਯੋ'।
ਇਮ ਬੋਲਤਿ ਕੋ ਸੁਨਿ ਰਿਸ ਧਰਿਕੈ। ਧਨੁਖ ਧਰਯੋ ਢਿਗ ਗੁਰੁ ਗਹਿ ਕਰਿਕੈ॥੧੦॥

ਸਾਡੇ ਵੱਸਣ ਦੀ ਜਗ੍ਹਾ ਵਿਚ ਆਪਣਾ ਨਗਰ ਵਸਾਇਆ ਹੈ, ਹਿਰਦੇ ਵਿਚ ਰਤੀ ਭਰ ਵੀ ਡਰ ਨਹੀਂ ਮੰਨਿਆ ਹੈ।" ਇਸ ਤਰ੍ਹਾਂ ਬੋਲਦਾ ਸੁਣ ਕੇ ਗੁਰੂ ਜੀ ਨੇ ਗੁੱਸੇ ਵਿਚ ਆ ਕੇ ਧਨੁੱਖ ਨੂੰ ਫੜ ਕੇ ਆਪਣੇ ਪਾਸ ਧਰਿਆ॥੧੦॥

ਤੀਖਨ ਭੀਖਨ ਸੰਧਯੋ ਬਾਨ। ਜਬਿ ਖੈਂਚਯੋ ਕਰਿ ਬਾਹੁਨਿ ਤਾਨਿ।
ਲਖਯੋ ਪ੍ਰਤਾਪ ਸ਼ਕਤਿ ਮੈਂ ਮਹਾਂ। ਮੋ ਕਹੁ ਪਿਖਿ ਸਧੀਰ ਥਿਰ ਇਹਾਂ॥ ੧੧॥

ਬੜੇ ਤਿੱਖੇ ਤੀਰ ਨੂੰ ਧਨੁੱਖ ਵਿਚ ਜੋੜਿਆ ਤੇ ਬਾਹਾਂ ਦੇ ਜ਼ੋਰ ਨਾਲ ਕਮਾਨ ਨੂੰ ਖਿੱਚਿਆ। ਦੈਂਤ ਨੇ ਮਹਾਨ ਸਕਤੀ ਦੇ ਪ੍ਰਤਾਪ ਨੂੰ ਸਮਝਿਆ। ਮੈਨੂੰ ਵੇਖ ਕੇ ਏਥੇ ਧੀਰਜ ਸਹਿਤ ਖੜੇ ਰਹੇ ਹਨ॥੧੧॥

**ਐਸੀ ਹੋਇ ਨ, ਸਰ ਕੋ ਛੋਰਹਿਂ। ਅਜ਼ਮਤ ਬਲ ਤੇ ਮੁਰ ਉਰ ਫੋਰਹਿਂ।**
**ਤ੍ਰਸਤਿ ਹੋਇ ਕਰਿ ਤਬਿ ਘਿਘਿਆਯੋ। ਕਰੇ ਕੋਪ ਗੁਰਬਾਕ ਅਲਾਯੋ ॥ ੧੨ ॥**

ਐਸਾ ਨਾ ਹੋਵੇ ਕਿ ਤੀਰ ਛੱਡ ਦੇਣ, ਕਰਾਮਾਤ ਦੇ ਬਲ ਨਾਲ ਮੇਰਾ ਹਿਰਦਾ ਪਾੜ ਦੇਣ। ਡਰਿਆ ਹੋਇਆ ਫਿਰ ਮਿੰਨਤਾਂ ਕਰਨ ਲੱਗਾ। ਗੁਰੂ ਜੀ ਨੇ ਗੁੱਸੇ ਵਿਚ ਆ ਕੇ ਫਿਰ ਬਚਨ ਕੀਤਾ॥੧੨॥

**'ਖਰੋ ਹੋਹੁ ਤੁਝ ਜਾਨਿ ਨ ਦੇਹੈਂ। ਏਕ ਬਾਨ ਤੇ ਪ੍ਰਾਨਹਿਂ ਘੇਹੈਂ।**
**ਹਿਲਯੋ ਡਰਾਵਨਿ ਅਪਰ ਨਰਨਿ ਕੋ। ਛਿਨ ਮੈਂ ਕਰਹਿਂ ਨਾਸ ਤੁਵ ਤਨ ਕੋ ॥੧੩ ॥**

"ਖੜਾ ਹੋ ਜਾ ਤੈਨੂੰ ਹੁਣ ਜਾਣ ਨਹੀਂ ਦੇਵਾਂਗੇ, ਇਕ ਤੀਰ ਨਾਲ ਹੀ ਤੇਰੇ ਪ੍ਰਾਣ ਕੱਢ ਲਵਾਂਗੇ। ਹੋਰ ਲੋਕਾਂ ਨੂੰ ਡਰਾਉਣ ਗਿਝਿਆ ਹੈਂ, ਇਕ ਛਿਨ ਵਿਚ ਤੇਰਾ ਸਰੀਰ ਨਾਸ਼ ਕਰ ਦੇਵਾਂਗੇ॥੧੩॥

**ਫੇਰ ਨ ਫੇਰਾ ਕਰਹਿਂ, ਨ ਹੇਰੈਂ। ਸਹਿਤ ਕੁਟੰਬ ਹਤਹਿਂ ਇਸ ਬੇਰੈ।**
**ਨਾਂਹਿ ਤ ਕਹੁ ਅਪਨੋ ਬਿਰਤਾਂਤ। ਥਾਉਂ ਨਾਉਂ ਕੀਜਹਿ ਬੱਖਯਾਤ' ॥ ੧੪ ॥**

ਫਿਰ ਕਦੀ ਫੇਰਾ ਨਹੀਂ ਪਾਵੇਂਗਾ ਤੇ ਨਾ ਏਧਰ ਵੇਖੇਂਗਾ, ਇਸ ਸਮੇਂ ਤੈਨੂੰ ਕੁਟੰਬ ਸਹਿਤ ਮਾਰ ਦੇਵਾਂਗੇ। ਨਹੀਂ ਤਾਂ ਸਾਨੂੰ ਆਪਣਾ ਬਿਰਤਾਂਤ ਸੁਣਾ, ਆਪਣਾ ਨਾਂ ਥਾਂ ਪ੍ਰਗਟ ਕਰੋ' ॥੧੪॥

**ਸੁਨਿ ਕਰ ਜੋਰਿ ਨਿਹੋਰਨਿ ਕਰਤਾ। ਸਨਮੁਖ ਹੁਇ ਕਰਿ ਅਸੁਰ ਉਚਰਿਤਾ।**
**'ਮਾਖੋ ਨਾਮ ਜਾਨੀਅਹਿ ਮੇਰਾ। ਇਸ ਪੀਪਰ ਤਰੁ ਪਰ ਨਿਤ ਡੇਰਾ ॥ ੧੫ ॥**

ਇਹ ਸੁਣ ਕੇ ਹੱਥ ਜੋੜ ਕੇ ਵੇਖਣ ਲੱਗਾ, ਸਾਹਮਣੇ ਹੋ ਕੇ ਦੈਂਤ ਕਹਿਣ ਲੱਗਾ, "ਮਾਖੋ ਮੇਰਾ ਇਹ ਨਾਮ ਜਾਣੋ, ਇਸ ਪਿੱਪਲ ਦੇ ਦਰੱਖਤ ਤੇ ਮੈਂ ਸਦਾ ਰਹਿੰਦਾ ਹਾਂ॥੧੫॥

**ਚਿਰੰਕਾਲ ਕੋ ਬਾਸ ਹਮਾਰੋ। ਨਿਜੁ ਕੁਟੰਬ ਜੁਤਿ ਰਹਤਿ ਸੁਖਾਰੋ।**
**ਛੀਨ ਲੀਨਿ ਤੁਮ ਕੀਨਿ ਬਸੇਰਾ। ਚਹੋ ਬਸਾਵਨਿ ਨਗਰ ਬਡੇਰਾ ॥ ੧੬ ॥**

ਬੜੀ ਦੇਰ ਦਾ ਮੇਰਾ ਏਥੇ ਵਸੇਬਾ ਹੈ, ਆਪਣੇ ਪਰਿਵਾਰ ਸਹਿਤ ਮੈਂ ਸੁਖੀ ਰਹਿੰਦਾ ਹਾਂ। ਤੁਸੀਂ ਏਥੇ ਬਸੇਰਾ ਕਰਕੇ ਮੇਰਾ ਘਰ ਖੋਹ ਲਿਆ ਹੈ। ਏਥੇ ਵੱਡਾ ਨਗਰ ਵਸਾਉਣਾ ਚਾਹੁੰਦੇ ਹੋ॥੧੬॥

**ਰਹਜੋ ਨ ਜਾਇ ਸਮੀਪ ਤੁਮਾਰੇ। ਕਰਹੁ ਕੀਰਤਨ ਊਚ ਉਚਾਰੇ।**
**ਪਢਹਿਂ ਸਿੱਖ ਊਚੇ ਗੁਰੁ ਬਾਨੀ। ਹਮਰੀ ਕੁਲ ਕੋ ਇਹ ਦੁਖਦਾਨੀ ॥ ੧੭ ॥**

ਤੁਹਾਡੇ ਪਾਸ ਮੈਥੋਂ ਰਿਹਾ ਨਹੀਂ ਜਾ ਸਕਦਾ, ਬੜਾ ਉੱਚਾ ਉਚਾਰਨ ਕਰਕੇ ਕੀਰਤਨ ਕਰਦੇ ਹੋ। ਸਿੱਖ ਬੜੀ ਉੱਚੀ-ਉੱਚੀ ਗੁਰਬਾਣੀ ਪੜ੍ਹਦੇ ਹਨ, ਸਾਡੀ ਵੰਸ਼ ਵਾਸਤੇ ਇਹ ਬਹੁਤ ਦੁੱਖ ਦੇਣ ਵਾਲੀ ਗੱਲ ਹੈ॥੧੭॥

**ਰੱਛਜਾ ਸਗਲ ਦੇਸ਼ ਕੀ ਹੋਈ। ਕਛੂ ਨ ਭੱਛਨ ਦੇਂ ਹਮ ਜੋਈ।**
**ਸ਼ਬਦ ਪਢਤਿ ਜਹਿਂ ਲਗਿ ਸਿਖ ਫਿਰੈਂ। ਤਿਸ ਦਿਸ਼ਿ ਮਹਿਂ ਡਰ ਕਰਿ ਨਹਿ ਬਰੈਂ ॥੧੮ ॥**

ਸਾਰੇ ਇਲਾਕੇ ਦੀ ਰੱਖਿਆ ਹੋ ਗਈ ਹੈ, ਜੋ ਅਸੀਂ ਖਾਂਦੇ ਸੀ, ਹੁਣ ਕੁਝ ਵੀ ਨਹੀਂ ਖਾਣ ਦੇਵੋਗੇ। ਸ਼ਬਦ ਪੜ੍ਹਦੇ ਜਿਥੋਂ ਤਕ ਸਿੱਖ ਫਿਰਦੇ ਹਨ, ਉਸ ਪਾਸੇ ਅਸੀਂ ਡਰ ਮੰਨ ਕੇ ਨਹੀਂ ਜਾਂਦੇ ਹਾਂ॥੧੮॥

Sri Satguru Jagjit Singh Ji eLlibrary NamdhariElibrary@gmail.com

ਅਪਰ ਥਾਨ ਕਿਤ ਨਗਰ ਬਸਾਵਹੁ। ਹਮਰੋ ਬਾਸਾ ਇਹਾਂ ਬਚਾਵਹੁ।
ਬਰਖ ਸਾਤ ਸੈ ਬੀਤੇ ਮੋਹੀ। ਬਹੁ ਗੁਜ਼ਰਾਨ ਭਲੀ ਬਿਧਿ ਹੋਹੀ॥ ੧੯॥

ਕਿਸੇ ਹੋਰ ਥਾਂ ਜਾ ਕੇ ਨਗਰ ਵਸਾਵੋ, ਸਾਡਾ ਵਾਸਾ ਏਥੇ ਬਚਾਵੋ। ਸਤ ਸੌ ਸਾਲ ਬੀਤ ਗਿਆ ਹੈ, ਭਲੀ ਪ੍ਰਕਾਰ ਏਥੇ ਗੁਜ਼ਰਾਨ ਕੀਤਾ ਹੈ॥੧੯॥

ਗਿਰ ਕਹਿਲੂਰ ਦੂਣ ਇਹ ਸਾਰੀ। ਬਿਚਰੌਂ ਸਭਿ ਥਲ ਕਰੌਂ ਅਹਾਰੀ।
ਭਈ ਚਿੰਤ ਜਬਿ ਕੇ ਤੁਮ ਆਏ। ਛੁਧਤਿ ਰਹਨਿ ਲਾਗੇ ਦੁਖ ਪਾਏ॥ ੨੦॥

ਕਹਿਲੂਰ ਦੇ ਪਹਾੜ ਤੇ ਇਸ ਸਾਰੀ ਦੂਨ ਵਿਚ ਮੈਂ ਫਿਰਦਾ ਹਾਂ ਤੇ ਆਪਣੀ ਸ਼ਕਤੀ ਨਾਲ ਭੋਜਨ ਛੱਕਦਾ ਹਾਂ। ਜਦ ਦੇ ਤੁਸੀਂ ਏਥੇ ਆਏ ਹੋ, ਮੈਂ ਚਿੰਤਿਤ ਹੋ ਗਿਆ ਹਾਂ, ਭੁੱਖਾ ਰਹਿਣ ਕਰਕੇ ਬਹੁਤ ਦੁੱਖ ਪਾਇਆ ਹੈ॥੨੦॥

ਇਸ ਕਾਰਨ ਤੇ ਆਯਹੁ ਤੀਰ। ਤੁਮ ਨਹਿਂ ਤ੍ਰਸੇ ਰਹੋ ਧਰਿ ਧੀਰ।
ਦੇਖਿ ਬਾਨ ਮਾਰਤਿ ਮਨ ਜਾਨੇ। ਕਰਾਮਾਤ ਜੁਤਿ ਗੁਰੂ ਮਹਾਨੇ॥ ੨੧॥

ਇਸ ਕਰਕੇ ਮੈਂ ਤੁਹਾਡੇ ਪਾਸ ਆਇਆ ਹਾਂ, ਤੁਸੀਂ ਮੈਥੋਂ ਡਰੇ ਨਹੀਂ ਹੋ, ਧੀਰਜ ਧਾਰ ਕੇ ਬੈਠੇ ਰਹੇ ਹੋ। ਵੇਖ ਕੇ ਤੀਰ ਮਾਰਦੇ ਇਹ ਮੈਂ ਮਨ ਵਿਚ ਜਾਣਿਆ ਹੈ, ਤੁਸੀਂ ਗੁਰੂ ਜੀ ਕਰਾਮਾਤ ਸਹਿਤ ਹੋ॥੨੧॥

ਜੇ ਇਮ ਹੋਤਿ ਨ, ਦੇਤੋ ਮਾਰ। ਕਰਤਿ ਨਗਰ ਕੇ ਨਰਨਿ ਉਜਾਰਿ।
ਅਤਿ ਸਮਰਥ ਜੁਤਿ ਜਬਹਿ ਪਛਾਨੇ। ਤਜਿ ਗਿਨਤੀ ਸਭਿ ਬਿਨਤੀ ਠਾਨੇ॥੨੨॥

ਤੁਸੀਂ ਜੇ ਇਸ ਤਰ੍ਹਾਂ ਦੇ ਨਾ ਹੁੰਦੇ ਤਾਂ ਮੈਂ ਤੁਹਾਨੂੰ ਮਾਰ ਦਿੰਦਾ, ਤੇ ਨਗਰ ਦੇ ਮਨੁੱਖਾਂ ਨੂੰ ਉਜਾੜ ਦਿੰਦਾ। ਅਤਿ ਸਮਰੱਥਾ ਸਹਿਤ ਜਦ ਮੈਂ ਪਛਾਣੇ ਹਨ ਤਾਂ ਸਾਰੀਆਂ ਗਿਣਤੀਆਂ ਛੱਡ ਕੇ ਬੇਨਤੀ ਕੀਤੀ ਹੈ"॥੨੨॥

ਅਸ ਕਹਿ ਖਰੋ ਕੰਪ ਤਨ ਕਰਤਾ। ਸੈਲ ਜੁ ਸੁਰਮੇ ਕੀ ਸਮਸਰਤਾ।
ਮਨਹੁ ਸ਼ਜਾਮਘਨ, ਦਾਂਤ ਨਿਕਾਰੇ। ਅਹੈਂ ਬਲਾਕਾ ਬਿਸਦ ਨਿਹਾਰੇਂ॥ ੨੩॥

ਇਸ ਤਰ੍ਹਾਂ ਕਹਿ ਕੇ ਖੜਾ ਰਿਹਾ ਤੇ ਸਰੀਰ ਕੰਬਦਾ ਸੀ, ਜਿਹੜਾ ਸੁਰਮੇ ਦੇ ਪਹਾੜ ਵਾਂਗ ਕਾਲਾ ਸੀ। ਮਾਨੋ ਕਾਲਾ ਬੱਦਲ ਹੋਵੇ। ਦੰਦ ਕੱਢਦਾ ਸੀ ਜਿਹੜੇ ਬਗਲੇ ਵਾਂਗ ਚਿੱਟੇ ਦਿਸਦੇ ਸਨ॥੨੩॥

ਸੁਨਿ ਕਰਿ ਸਤਿਗੁਰੁ ਤੇਗ ਬਹਾਦੁਰ। ਕ੍ਰੂਰ ਬਾਕ ਤੇ ਕਰਤਿ ਅਨਾਦਰ।
'ਚਲਜੋ ਜਾਹਿ ਅਬਿ ਰਹੋ ਨ ਈਹਾਂ। ਅਪਰ ਥਾਨ ਬਸਿਬ ਕਰਿ ਪ੍ਰੀਹਾ॥ ੨੪॥

ਇਹ ਸੁਣ ਕੇ ਸਤਿਗੁਰੂ ਤੇਗ ਬਹਾਦਰ ਜੀ ਨੇ ਬੜੇ ਸਖਤ ਸ਼ਬਦ ਬੋਲ ਕੇ ਉਸ ਦਾ ਅਨਾਦਰ ਕੀਤਾ, "ਹੁਣ ਏਥੋਂ ਚਲੇ ਜਾ ਤੇ ਏਥੇ ਨਾ ਰਹੋ ਆਪਣੀ ਇੱਛਾ ਅਨੁਸਾਰ ਕਿਸੇ ਹੋਰ ਥਾਂ ਜਾ ਕੇ ਰਹੋ॥੨੪॥

ਇਸ ਥਲ ਗੁਰ ਕੁਲ ਅਚਲ ਬਸੇਗੀ। ਬਿਘਨ ਅਨੇਕਨਿ ਤੁਰਤ ਨਸੇਗੀ।
ਹੁਇ ਹੈ ਰਾਜ ਪ੍ਰਤਾਪ ਹਮਾਰਾ। ਆਵਹਿ ਸੰਗਤਿ ਵਾਰ ਨ ਪਾਰਾ॥ ੨੫॥

ਇਸ ਥਾਂ ਗੁਰੂ ਵੰਸ਼ ਅਚੱਲ ਵੱਸੇਗੀ, ਅਨੇਕਾਂ ਵਿਘਨ ਪੈਣਗੇ ਜਿਹੜੇ ਤੁਰਤ ਦੂਰ ਹੋ ਜਾਣਗੇ। ਸਾਡਾ ਰਾਜ ਪ੍ਰਤਾਪ ਹੋਵੇਗਾ, ਏਥੇ ਏਨੀ ਸੰਗਤ ਆਵੇਗੀ ਕਿ ਕੋਈ ਅੰਤ ਨਹੀਂ ਰਹੇਗਾ॥੨੫॥

ਤੁਮ ਸਮ ਕੀ ਕਿਮ ਹੋਇ ਰਿਹਾਇਸ਼। ਅਬਿ ਚਲਿ ਜਾਹੁ ਮਾਨਿ ਮਮ ਆਇਸੁ।
ਅਪਰ ਮਲੇਛਨਿ ਕੇ ਗਨ ਦੇਸ਼। ਤਹਿਂ ਬਸਿ ਕਰਿ ਗੁਜ਼ਰਾਨ ਵਿਸ਼ੇਸ਼॥ ੨੬॥

ਤੇਰੇ ਵਰਗਿਆਂ ਦੀ ਏਥੇ ਰਿਹਾਇਸ਼ ਕਿਵੇਂ ਹੋਵੇਗੀ, ਹੁਣ ਮੇਰੀ ਆਗਿਆ ਮੰਨ ਕੇ ਚਲੇ ਜਾਵੋ। ਮਲੇਛਾਂ ਦੇ ਹੋਰ ਬਹੁਤ ਦੇਸ਼ ਹਨ, ਉਥੇ ਵਸੇਬਾ ਕਰਕੇ ਆਪਣਾ ਗੁਜ਼ਾਰਾ ਕਰੋ॥੨੬॥

ਇਹਾਂ ਜੰਗ ਬਡ ਪਰਹਿਂ ਪਵਾੜੇ। ਦਲ ਜੁਟਹਿਂ ਕਰਿ ਅਧਿਕ ਅਖਾੜੇ।
ਤੁਝ ਕੋ ਬਨਹਿ ਗਮਨ ਇਸ ਕਾਲਾ। ਨਤੁ ਸੰਕਟ ਕੋ ਲਹੈਂ ਬਿਸਾਲਾ ॥੨੭॥

ਏਥੇ ਬਹੁਤ ਜੰਗਾਂ ਹੋਣੀਆਂ ਹਨ ਤੇ ਕਈ ਪਵਾੜੇ ਪੈਣੇ ਹਨ, ਫੌਜਾਂ ਆਪਸ ਵਿਚ ਭਿੜਨਗੀਆਂ ਤੇ ਕਈ ਜੰਗੀ ਅਖਾੜੇ ਲੱਗਣਗੇ। ਇਸ ਸਮੇਂ ਤੇਰਾ ਜਾਣਾ ਹੀ ਬਣਦਾ ਹੈ, ਨਹੀਂ ਤਾਂ ਬਹੁਤ ਵੱਡਾ ਸੰਕਟ ਪ੍ਰਾਪਤ ਕਰੇਂਗਾ" ॥੨੭॥

ਸੁਨਿ ਮਾਖੋ ਤਬਿ ਜੋਰਤਿ ਹਾਥ। 'ਕਰੁਨਾ ਕਰਹੁ ਕੁਛਕ ਗੁਰੁਨਾਥ!।
ਮੇਰੋ ਨਾਮ ਕਹੈਂ ਅਰੁ ਸੁਨੈਂ। ਬਿਦਤੌਂ ਜਗਤ, ਚਾਹਿ ਅਸ ਮਨੈ॥ ੨੮॥

ਇਹ ਸੁਣ ਕੇ ਫਿਰ ਮਾਖੋ ਦੈਂਤ ਨੇ ਹੱਥ ਜੋੜੇ, "ਹੇ ਮਾਲਕ ਗੁਰੂ ਜੀ! ਕੁਝ ਕਿਰਪਾ ਕਰੋ। ਮੇਰਾ ਨਾਂ ਕਹਿਣ ਅਤੇ ਸੁਣਨ, ਸਾਰੇ ਜਗਤ ਵਿਚ ਮਸ਼ਹੂਰ ਹੋਵੇ, ਮੇਰੇ ਮਨ ਵਿਚ ਇਹ ਚਾਹ ਹੈ॥੨੮॥

ਪੁਰਿ ਮੈਂ ਜਿਮ ਮੇਰੋ ਹੁਇ ਨਾਮੁ। ਕਰਿਬੇ ਉਚਿਤ ਤਥਾ, ਸੁਖ ਧਾਮੁ!'।
ਇਮ ਕਹਿ ਬਿਨਤੀ ਕੀਨਿ ਮਹਾਨੀ। ਸੁਨਿ ਕਰਿ ਸਤਿਗੁਰੁ ਕਰੁਨਾ ਠਾਨੀ॥੨੯॥

ਨਗਰ ਵਿਚ ਜਿਵੇਂ ਮੇਰਾ ਨਾਂ ਹੋਵੇ, ਹੇ ਸੁਖਾਂ ਦੇ ਘਰ! ਉਸ ਤਰ੍ਹਾਂ ਉਚਿਤ ਕਰ ਦੇਵੋ।" ਇਸ ਤਰ੍ਹਾਂ ਕਹਿ ਕੇ ਮਹਾਨ ਬੇਨਤੀ ਕੀਤੀ। ਇਹ ਸੁਣ ਕੇ ਸਤਿਗੁਰੂ ਜੀ ਨੇ ਕਿਰਪਾ ਧਾਰਨ ਕੀਤੀ॥੨੯॥

'ਜਿਤਿਕ ਭੂਪ ਜੁਤਿ ਮਨੁਜ ਪਹਾਰੀ। ਅਰ ਹਿੰਦੂ ਜੇ ਦੇਸ਼ ਮਝਾਰੀ।
ਹਮਰੇ ਸਿਖ ਸੇਵਕ ਜੇ ਨਾਂਹੀ। ਅਪਰ ਪੰਥ ਕੇ ਗਮਨਹਿਂ ਮਾਂਹੀ॥ ੩੦॥

ਉਨ੍ਹਾਂ ਨੇ ਫੁਰਮਾਇਆ, "ਰਾਜ ਸਹਿਤ ਸਾਰੇ ਪਹਾੜੀ ਮਨੁੱਖ ਅਤੇ ਦੇਸ਼ ਅੰਦਰ ਜਿਹੜੇ ਹੋਰ ਹਿੰਦੂ ਰਹਿੰਦੇ ਹਨ, ਜਿਹੜੇ ਸਾਡੇ ਸਿੱਖ ਸੇਵਕ ਨਹੀਂ ਹਨ, ਭਾਵ ਜਿਹੜੇ ਹੋਰ ਪੰਥ ਵਿਚ ਚਲਣ ਵਾਲੇ ਹਨ॥੩੦॥

ਸੋ ਸਭਿ ਤੋਹਿ ਨਾਮ ਪਰ ਕਹੈਂ। ਮਾਖੋਵਾਲ ਅਨੰਦਪੁਰਿ ਲਹੈਂ।
ਇਮ ਸੰਗਜਾ ਇਸ ਪੁਰਿ ਕੀ ਹੋਇ। ਨਰ ਨਾਰੀ ਭਾਖਹਿਂ ਸਭਿ ਕੋਇ॥ ੩੧॥

ਉਹ ਇਸ ਥਾਂ ਨੂੰ ਤੇਰੇ ਨਾ ਉਤੇ ਹੀ ਕਹਿਣਗੇ, ਮਾਖੋਵਾਲ ਅਨੰਦਪੁਰ ਜਾਣਿਆ ਜਾਵੇਗਾ। ਇਸ ਤਰ੍ਹਾਂ ਇਸ ਨਗਰ ਦੀ ਸੰਗਿਆ ਹੋਵੇਗੀ, ਇਸਤਰੀ ਪੁਰਸ਼ ਸਾਰੇ ਹੀ ਕਹਿਣਗੇ॥੩੧॥

ਬਿਦਤਹਿ ਜਗਤ ਵਿਖੈ ਤੁਵ ਨਾਮ। ਬਸਹਿ ਨਗਰ ਇਸ ਥਲ ਅਭਿਰਾਮੁ'।
ਸੁਨਤਿ ਬਾਕ ਕੋ ਜਿਮ ਗੁਰ ਭਾਖਯੋ। ਹਰਖਤਿ ਹੁਇ ਮਾਖੋ ਨਹਿਂ ਮਾਖਯੋ॥੩੨॥

ਜਗਤ ਵਿਚ ਤੇਰਾ ਨਾਂ ਪ੍ਰਸਿੱਧ ਹੋਵੇਗਾ, ਏਥੇ ਇਕ ਸੁੰਦਰ ਨਗਰ ਵਸੇਗਾ।" ਜਿਵੇਂ ਗੁਰੂ ਜੀ ਨੇ ਕਿਹਾ ਸੀ, ਉਨ੍ਹਾ ਬਚਨਾਂ ਨੂੰ ਸੁਣਕੇ ਮਾਖੋ ਦੈਂਤ ਬੜਾ ਪ੍ਰਸੰਨ ਹੋਇਆ, ਫਿਰ ਗੁੱਸਾ ਨਹੀਂ ਕੀਤਾ॥੩੨॥

ਬੂਝਨਿ ਲਗਯੋ 'ਦੇਸ਼ ਅਬਿ ਕੌਨ? ਬਸੌਂ ਜਾਇ ਕਰਿ ਕੈ ਨਿਜ ਭੌਨ।
ਆਪ ਬਤਾਵਹੁ ਸੋ ਇਸਥਾਨਾ। ਕਰਿ ਬੰਦਨ ਪਦ ਠਾਨਿ ਸੁ ਪਜਾਨਾ' ॥੩੩॥

ਫਿਰ ਪੁੱਛਣ ਲੱਗਾ, "ਹੁਣ ਕਿਹੜੇ ਦੇਸ਼ ਜਾਵਾਂ? ਜਿਥੇ ਆਪਣਾ ਘਰ ਵਸਾ ਕੇ ਰਹਾਂ, ਆਪ ਜੀ ਉਹ ਸਥਾਨ ਮੈਨੂੰ ਦੱਸੋ। ਫਿਰ ਚਰਨ ਕੰਵਲਾਂ ਤੇ ਬੰਦਨਾ ਕਰਕੇ ਉਸ ਸਥਾਨ 'ਤੇ ਚਲਾ ਜਾਵਾਂਗਾ" ॥੩੩॥

ਤਬਿ ਸਤਿਗੁਰ ਹਿਤ ਤਾਂਹਿ ਬਿਚਾਰਾ। ਲਖਜੋ ਭਵਿੱਖਜਤ ਜੋ ਹੁਇ ਸਾਰਾ।
ਕਹਜੋ ਬਾਕ ਮਾਖੋ ਸੰਗ ਫੇਰ। 'ਬਸਜੋ ਚਹੈਂ ਜੇ ਕਾਲ ਬਡੇਰ॥ ੩੪॥

ਫਿਰ ਸਤਿਗੁਰੂ ਜੀ ਨੇ ਉਸ ਦੇ ਹਿਤ ਵਾਸਤੇ ਵਿਚਾਰ ਕੀਤੀ। ਸਾਰੇ ਭਵਿੱਖ ਨੂੰ ਵੇਖਿਆ ਜੋ ਅੱਗੇ ਸਭ ਕੁਝ ਹੋਣਾ ਸੀ। ਤੇ ਮਾਖੋ ਪਾਸ ਫਿਰ ਬਚਨ ਕੀਤਾ, "ਜੇ ਲੰਮੇ ਸਮੇਂ ਤਕ ਵੱਸਣਾ ਚਾਹੁੰਦਾ ਹੈਂ॥੩੪॥

ਬਿਨ ਚਿੰਤਾ ਚਿਤ ਸਹਿਤ ਕੁਟੰਬ। ਬ੍ਰਿੱਧ ਜੀਵਕਾ ਧਾਰਿ ਅਲੰਬ।
ਦੇਸ਼ਬਾਵਨੀ ਤੁਰਕਨਿ ਕੇਰੀ। ਬਾਸਹਿ ਪੁਰੀ ਸਿਰੰਦ ਬਡੇਰੀ॥ ੩੫॥

ਜੇ ਚਿੰਤਾ ਰਹਿਤ ਹੋ ਕੇ ਆਪਣੇ ਕੁਟੰਬ ਸਹਿਤ ਰਹਿਣਾ ਚਾਹੁੰਦਾ ਹੈਂ, ਭਾਰੀ ਜੀਵਕਾ ਦਾ ਆਸਰਾ ਧਾਰ ਕੇ ਰਹਿਣਾ ਚਾਹੁੰਦਾ ਹੈਂ ਤਾਂ ਸਰਹੰਦ ਦੀ ਨਗਰੀ ਵਿਚ ਜਾ ਕੇ ਵੱਸੋ, ਉਹ ਤੁਰਕਾਂ ਦਾ ਬਵੰਜਾ ਪਿੰਡਾਂ ਵਾਲਾ ਦੇਸ਼ ਹੈ॥੩੫॥

ਤਹਾਂ ਜਾਇ ਸੁਖ ਸਾਥ ਬਸੀਜਹਿ। ਗਨ ਗ੍ਰਾਮਨਿ ਮਹਿਂ ਜੀਵਾ ਕੀਜਹਿ।
ਸੂਕੇ ਹਰੇ ਖੇਤ ਹੈਂ ਜੇਊ। ਸਭਿਕੀ ਲੇਹੁ ਭੱਛ ਕਰਿ ਤੇਊ॥ ੩੬॥

ਉਥੇ ਜਾ ਕੇ ਸੁੱਖ ਦੇ ਨਾਲ ਵੱਸੋ, ਬਹੁਤ ਪਿੰਡਾਂ ਵਿਚ ਜਾ ਕੇ ਆਪਣਾ ਜੀਵਨ ਨਿਰਬਾਹ ਕਰੋ। ਸੁੱਕੇ ਹਰੇ ਜਿਹੜੇ ਖੇਤ ਹਨ, ਸਾਰਿਆਂ ਨੂੰ ਖਾ ਲਵੋ॥੩੬॥

ਆਛੋ ਦੇਸ਼ ਕਰਹਿਂ ਗੁਜ਼ਰਾਨਾ। ਸੁਨਹੁਂ ਤੋਰ ਹਿਤ ਕੀਨਿ ਬਖਾਨਾ।
ਪ੍ਰਥਮੇ ਬਾਸ ਹੋਇ ਤਹਿਂ ਤੇਰਾ। ਕਿਤਿਕ ਕਾਲ ਬੀਤਹਿ ਲਿਹੁ ਹੇਰਾ॥ ੩੭॥

ਚੰਗੇ ਦੇਸ਼ ਵਿਚ ਗੁਜ਼ਾਰਾ ਕਰੋ, ਸੁਣੋ, ਇਹ ਤੁਹਾਡੇ ਹਿਤ ਵਾਸਤੇ ਕਿਹਾ ਹੈ। ਪਹਿਲਾਂ ਤੇਰਾ ਉਥੇ ਹੀ ਵਾਸਾ ਸੀ, ਬਾਕੀ ਸਮਾਂ ਵੀ ਉਥੇ ਹੀ ਬਤੀਤ ਕੀਤਾ ਸੀ॥੩੭॥

ਤਹਿਂ ਆਵਹਿ ਬਹੁ ਜਾਤਿ ਤਿਹਾਰੀ। ਬਸਹਿ ਬਠਿੰਡੇ ਕੇ ਜੁ ਮਝਾਰੀ।
ਏਕ ਆਂਖ ਜਿਸ ਕੀ ਬਲਵੰਤਾ। ਸੌ ਸੰਮਤ ਕੋ ਬਾਸ ਕਰੰਤਾ॥ ੩੮॥

ਉਥੇ ਤੁਹਾਡੀ ਜਾਤ ਦੇ ਬਹੁਤ ਦੈਂਤ ਆਉਂਦੇ ਹਨ, ਜਿਹੜੇ ਬਠਿੰਡੇ ਦੇ ਵਿਚ ਰਹਿੰਦੇ ਹਨ। ਜਿਸ ਦੀ ਇਕ ਅੱਖ ਹੈ, ਉਹ ਬਹੁਤ ਬਲਵਾਨ ਹੈ, ਉਹ ਸੌ ਸਾਲ ਤੋਂ ਉਥੇ ਰਹਿ ਰਿਹਾ ਹੈ॥੩੮॥

ਤਿਸਹਿ ਦੁਰਗ ਤੇ ਦੇਹਿਂ ਨਿਕਾਸੀ। ਕਰਹਿਂ ਪਠਾਵਨਿ ਸੋ ਤੁਝ ਪਾਸੀ।
ਬਡ ਕੁਟੰਬ ਕੋ ਲੇ ਕਰਿ ਆਵਹਿ। ਬੀਚ ਸਿਰੰਦ ਬਸਹਿ ਸੁਖ ਪਾਵਹਿ॥ ੩੯॥

ਉਸ ਨੂੰ ਕਿਲ੍ਹੇ ਵਿਚੋਂ ਕੱਢ ਦੇਵਾਂਗੇ ਤੇ ਤੇਰੇ ਪਾਸ ਭੇਜ ਦੇਵਾਂਗੇ। ਉਹ ਆਪਣੇ ਵੱਡੇ ਪਰਿਵਾਰ ਨੂੰ ਲੈ ਕੇ ਆਵੇਗਾ ਤੇ ਸਰਹੰਦ ਵਿਚ ਵੱਸ ਕੇ ਸੁੱਖ ਪਾਵੇਗਾ॥੩੯॥

ਤਿਸ ਕੇ ਸੰਗ ਮੇਲ ਕਰਿ ਰਹੋ। ਸਭਿ ਕੇ ਸਹਿਤ ਬਸਹੁ ਸੁਖ ਲਹੋ'।
ਇਮ ਕ੍ਰਿਪਾਲ ਜਬਿ ਥਾਨ ਬਤਾਯਹੁ। ਬੰਦਨ ਠਾਨਿ ਰਿਦੇ ਹਰਖਾਯਹੁ॥ ੪੦॥

ਉਸ ਦੇ ਨਾਲ ਮਿਲ ਕੇ ਰਹੋ, ਸਾਰਿਆਂ ਦੇ ਨਾਲ ਵੱਸੋ ਤੇ ਸੁਖ ਪਾਵੋ।" ਇਸ ਤਰ੍ਹਾਂ ਕ੍ਰਿਪਾਲੂ ਗੁਰੂ ਜੀ ਨੇ ਜਦ ਸਥਾਨ ਬਾਰੇ ਦੱਸਿਆ ਤਾਂ ਬੰਦਨਾ ਕਰਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥੪੦॥

ਲੇ ਕਰਿ ਨਿਜ ਕੁਟੰਬ ਕੋ ਸਾਥ। ਸਿਰ ਪਰ ਆਇਸੁ ਮਾਨੀ ਨਾਥ।
ਗਯੋ ਸਿਰੰਦ ਬਿਖੈ ਜਹਿਂ ਬਾਗ। ਬਡੇ ਬ੍ਰਿਛਨਿ ਕਹੁ ਕਰਿ ਅਨੁਰਾਗ॥ ੪੧॥

ਆਪਣੇ ਸਾਰੇ ਪਰਿਵਾਰ ਨੂੰ ਨਾਲ ਲੈ ਕੇ ਤੇ ਗੁਰੂ ਜੀ ਦੀ ਆਗਿਆ ਸਿਰ ਮੱਥੇ ਪ੍ਰਵਾਨ ਕਰਕੇ, ਸਰਹੰਦ ਵਿਚ ਪਹੁੰਚ ਗਿਆ। ਵੱਡੇ ਬ੍ਰਿਛਾਂ ਨਾਲ ਬਹੁਤ ਪਿਆਰ ਹੋਣ ਕਰਕੇ ਉਥੇ ਚਲੇ ਗਿਆ ਜਿਥੇ ਬਹੁਤ ਬਾਗ਼ ਸਨ॥੪੧॥

**ਬਸਜੋ ਭਲੇ ਨਿਜ ਜੀਵਾ ਕਰੇ। ਖੇਤਨਿ ਕੀ ਸ਼ੈ ਸਭਿ ਕੀ ਹਰੇ।**
**ਬਾਦਿ ਬਟੋਰਹਿਂ ਗਾਹਿ ਬਨਾਵਹਿਂ। ਆਨਹਿਂ ਧਰਹਿਂ ਕਿ ਪੀਸਿ ਪਕਾਵਹਿਂ॥੪੨॥**

ਉਥੇ ਭਲੀ ਪ੍ਰਕਾਰ ਵੱਸ ਗਿਆ ਤੇ ਆਪਣੀ ਜੀਵਕਾ ਤੋਰਦਾ ਸੀ। ਖੇਤਾਂ ਦੀ ਸ਼ੈ ਸਭ ਕਿਸੇ ਦੀ ਲੈ ਜਾਂਦਾ ਸੀ। ਲੋਕ ਜਦ ਫਸਲ ਵੱਢਕੇ ਇਕੱਠੀ ਕਰਕੇ ਗਾਹ ਬਣਾਉਂਦੇ ਸਨ। ਆ ਕੇ ਘਰ ਵਿਚ ਧਰਦੇ ਸਨ ਤੇ ਪੀਹ ਕੇ ਪਕਾਉਂਦੇ ਸਨ॥੪੨॥

**ਸਤਿਗੁਰੁ ਹਰਿ ਪਰਮੇਸ਼ੁਰ ਨਾਮੁ। ਕਰਹਿਂ ਨ, ਕ੍ਰਿਤ ਕਰਹਿਂ ਸਭਿ ਧਾਮੁ।**
**ਤਿਨ ਤੇ ਵਹਿਰ ਕਿ ਘਰ ਮਹਿਂ ਹੋਇ। ਸ਼ੈ ਅਨਾਜ ਕੀ ਕਾਢਹਿ ਸੋਇ॥੪੩॥**

ਸਤਿਗੁਰੂ, ਹਰੀ, ਪਰਮੇਸ਼ਰ ਦਾ ਨਾਮ ਨਹੀਂ ਜਪਦੇ ਸਨ, ਪਰ ਸਾਰੇ ਘਰ ਦੀ ਕ੍ਰਿਤ ਕਰਦੇ ਸਨ। ਉਨ੍ਹਾਂ ਦੇ ਘਰਾਂ ਦੇ ਬਾਹਰ ਜਾਂ ਘਰ ਵਿਚ ਪਈਆਂ ਅਨਾਜ ਦੀਆਂ ਚੀਜ਼ਾਂ ਕੱਢ ਕੇ ਲੈ ਜਾਂਦਾ ਸੀ॥੪੩॥

**ਕਹੂੰ ਚੁਥਾਈ ਕਹੂੰ ਤਿਹਾਈ। ਕਿਤ ਤੇ ਅਰਧ ਲੇਤਿ ਸੋ ਖਾਈ।**
**ਅਚਵਨਿ ਲਗ ਜੁ ਹਰਿ ਗੁਰ ਨਾਮੁ। ਸਿਮਰਹਿਂ, ਨਹਿਂ ਪ੍ਰਵਿਸ਼ੈ ਤਿਸ ਧਾਮੁ॥੪੪॥**

ਕਿਸੇ ਪਾਸੋਂ ਚੌਥਾ ਹਿੱਸਾ, ਕਿਸੇ ਪਾਸੋਂ ਤੀਜਾ ਹਿੱਸਾ ਤੇ ਕਿਸੇ ਪਾਸੋਂ ਅੱਧਾ ਹਿੱਸਾ ਲੈ ਕੇ ਖਾ ਜਾਂਦਾ ਸੀ। ਜਿਹੜੇ ਹਰੀ, ਗੁਰੂ ਦੇ ਨਾਮ ਦਾ ਸਿਮਰਨ ਕਰਦੇ ਸਨ, ਉਨ੍ਹਾਂ ਦੇ ਘਰਾਂ ਵਿਚ ਨਹੀਂ ਸੀ ਜਾਂਦਾ॥੪੪॥

**ਇਮ ਮਾਖੋ ਜਬਿ ਗੁਰੂ ਨਿਕਾਰਾ। ਸੁਪਤਿ ਜਥਾ ਸੁਖ ਭਈ ਸਕਾਰਾ।**
**ਸੌਚ ਸ਼ਨਾਨ ਕੀਨਿ ਪ੍ਰਭੁ ਬੈਸੇ। ਪੁਰਿ ਕੀ ਕਾਰ ਕਰਾਵਹਿਂ ਤੈਸੇ॥੪੫॥**

ਇਸ ਤਰ੍ਹਾਂ ਮਾਖੋ ਨੂੰ ਜਦ ਗੁਰੂ ਜੀ ਨੇ ਕੱਢ ਦਿੱਤਾ ਤੇ ਫਿਰ ਆਰਾਮ ਨਾਲ ਸੌਂ ਗਏ ਤੇ ਫਿਰ ਸਵੇਰ ਹੋ ਗਈ। ਫਿਰ ਗੁਰੂ ਜੀ ਨੇ ਉੱਠ ਕੇ ਸੌਚ ਇਸ਼ਨਾਨ ਕੀਤਾ ਤੇ ਪਹਿਲਾਂ ਵਾਂਗ ਹੀ ਨਗਰ ਦੀ ਕਾਰ ਕਰਵਾਉਣ ਲੱਗ ਗਏ॥੪੫॥

*ਗਿਆਰਵੀਂ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥੨੯॥*

## *ਅਧਿਆਇ ਤੀਹਵਾਂ*

### *ਇਕ ਪੀਰ ਦਾ ਸੰਸਾ ਦੂਰ ਕੀਤਾ*

**ਦੋਹਰਾ- ਸ੍ਰੀ ਗੁਰ ਹਰਿ ਗੋਬਿੰਦ ਕੇ ਨੰਦਨ ਬੰਦਨ ਜੋਗ।**
**ਤੇਗ ਬਹਾਦਰ ਧਰਮ ਧੁਰ ਸਦਾ ਰਹੈਂ ਬ੍ਰਿਤਿ ਜੋਗ॥੧॥**

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੁੱਤਰ ਬੰਦਨਾ ਯੋਗ ਹਨ, ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਦਾ ਆਸਰਾ ਹਨ, ਪਰਮਾਤਮਾ ਵਿਖੇ ਜੁੜੀ ਬ੍ਰਿਤੀ ਵਿਚ ਸਦਾ ਰਹਿੰਦੇ ਹਨ॥੧॥

**ਚੌਪਈ-ਮੰਦਿਰ ਸੁੰਦਰ ਹੇਤ ਕਰਾਵਨਿ। ਸ੍ਰੀ ਗੁਰ ਸ਼ਿਲਪੀ ਕਰੇ ਅਵਾਹਨਿ।**
**ਬ੍ਰਿੰਦ ਮਜੂਰ ਬੁਲਾਇ ਲਗਾਏ। ਧਰਮਸਾਲ ਕੋ ਬਦੋਤ ਬਨਾਏ॥੨॥**

ਸੁੰਦਰ ਘਰ ਬਣਾਉਣ ਵਾਸਤੇ ਗੁਰੂ ਜੀ ਨੇ ਕਈ ਕਾਰੀਗਰ ਬੁਲਵਾਏ। ਬਹੁਤ ਮਜ਼ਦੂਰ ਬੁਲਾ ਕੇ ਲਾਏ। ਫਿਰ ਧਰਮਸ਼ਾਲਾ ਬਣਾਉਣ ਦੀ ਵਿਉਂਤ ਬਣਾਈ॥੨॥

ਦਾਰ ਬਿਲੰਦ ਸੁਗੰਧਤਿ ਬ੍ਰਿੰਦ। ਨਾਨਾ ਚਿੱਤ੍ਰਤਿ ਬਨ ਅਰਬਿੰਦ।
ਸੁਘਰਨ ਘਰਿ ਘਰਿ ਘਰ ਘਰ ਦ੍ਵਾਰਾ। ਕਰੀ ਸੁਹਾਵਨ ਅਨਿਕ ਪ੍ਰਕਾਰਾ॥੩॥

ਲੱਕੜਾਂ ਬਹੁਤ ਉੱਚੀਆਂ ਅਤੇ ਸੁਗੰਧਤ ਸਨ। ਸੁਘੜ ਕਾਰੀਗਰਾਂ ਨੇ ਲੱਕੜੀਆਂ ਘੜ ਕੇ ਤੇ ਚਿੱਤਰਕਾਰੀ ਵਾਲੇ ਦਰਵਾਜ਼ੇ ਬਣਾ ਕੇ ਅਨੇਕ ਪ੍ਰਕਾਰ ਧਰਮਸਾਲਾ ਸਜਾਈ॥੩॥

ਚਾਰੁ ਚੌਕ ਚੌਕੋਨ ਅਕਾਰ। ਰਚਜੋ ਫਰਸ਼ ਇਤ ਉਤ ਦਰਬਾਰ।
ਰੁਤ ਖ਼ਸ਼ਟਨਿ ਮਹਿਂ ਸਭਿ ਸੁਖਦਾਯਕ। ਸੁੰਦਰ ਬਨਜੋਂ ਦੇਖਿਬੇ ਲਾਯਕ॥੪॥

ਚਕੋਰ ਅਕਾਰ ਦਾ ਸੁੰਦਰ ਚੌਕ ਤਿਆਰ ਕੀਤਾ ਤੇ ਦਰਬਾਰ ਦੇ ਏਧਰ ਓਧਰ ਸੁੰਦਰ ਫਰਸ਼ ਤਿਆਰ ਕਰਵਾਇਆ। ਛੇਵੀਂ ਰੁੱਤ ਵਿਚ ਹਰ ਪ੍ਰਕਾਰ ਸੁਖਦਾਇਕ, ਸੁੰਦਰ ਅਤੇ ਵੇਖਣਯੋਗ ਦਰਬਾਰ ਤਿਆਰ ਹੋ ਗਿਆ॥੪॥

ਇਕ ਧ੍ਰਮਸਾਲ ਬਿਦੇਸ਼ਨਿ ਹੇਤੁ। ਇਕ ਰਹਿਬੇ ਹਿਤ ਬਨੇ ਨਿਕੇਤੁ।
ਏਕ ਪੀਰ ਕਿਤ ਗਮਨਤਿ ਜਾਈ। ਬਲ ਅਨੰਦਪੁਰਿ ਪਹੁੰਚਜੋ ਆਈ॥੫॥

ਇਕ ਧਰਮਸ਼ਾਲਾ ਵਿਦੇਸ਼ੀਆਂ ਵਾਸਤੇ ਬਣਾਈ, ਕਈ ਰਹਾਇਸ਼ ਵਾਸਤੇ ਘਰ ਬਣਾਏ। ਇਕ ਵਾਰ ਇਕ ਪੀਰ ਕਿਤੇ ਜਾ ਰਿਹਾ ਸੀ, ਉਹ ਤੁਰਦਾ ਫਿਰਦਾ ਅਨੰਦਪੁਰ ਪਹੁੰਚ ਗਿਆ॥੫॥

ਚਿਨਤੀ ਲਗੀ ਦੇਖਿ ਕਰਿ ਸੋਇ। ਰਚਨਾ ਰੁਚਿਰ ਬਜਾਰਨਿ ਜੋਇ।
'ਕਿਨਹੁਂ ਕੀਨ ਇਹ ?' ਪੂਛਤਿ ਭਯਿਊ। ਸੁਨਤਿ ਸ਼ਿਲਪੀਯਨਿ ਉਤਰ ਦਯਿਊ॥੬॥

ਉਸ ਨੇ ਚਿਣਵਾਈ ਕਰ ਰਹੇ ਕਾਰੀਗਰਾਂ ਨੂੰ ਵੇਖਿਆ ਜਿਥੇ ਸੁੰਦਰ ਬਜ਼ਾਰਾਂ ਦੀ ਰਚਨਾ ਹੋਈ ਸੀ, ਉਹ ਕਾਰੀਗਰਾਂ ਨੂੰ ਪੁੱਛਣ ਲੱਗਾ, "ਇਹ ਕੌਣ ਬਣਾ ਰਿਹਾ ਹੈ ?" ਇਹ ਸੁਣ ਕੇ ਕਾਰੀਗਰਾਂ ਨੇ ਉੱਤਰ ਦਿੱਤਾ॥੬॥

'ਸ੍ਰੀ ਗੁਰ ਹਰਿਗੁਵਿੰਦ ਕੁਲ ਚੰਦੁ। ਤਿਨਕੇ ਤੇਗ ਬਹਾਦਰ ਨੰਦ।
ਬੈਠਹਿਂ ਬਿਦਤ ਅਬਹਿ ਗੁਰਗਾਦੀ। ਭਰੇ ਬਿਰਾਗਗਜਾਨ ਅਹਿਲਾਦੀ॥੭॥

"ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਕੁਲ ਦੇ ਚੰਦ, ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ। ਉਹ ਹੁਣੇ ਗੁਰਗੱਦੀ 'ਤੇ ਬੈਠੇ ਹਨ। ਉਹ ਵੱਡੇ ਵੈਰਾਗੀ ਅਤੇ ਗਿਆਨਵਾਨ ਹਨ॥੭॥

ਤਿਨਹੁ ਕਰਾਏ ਇਹ ਬਰ ਮੰਦਰ। ਬਾਂਛਤਿ ਪੁਰਿ ਬਸਾਇਬੋ ਸੁੰਦਰ'।
ਸੁਨਤਿ ਪੀਰ ਨੇ ਤਰਕ ਬਿਚਾਰੀ। ਕਰਨਿ ਕਹਿਨ ਗੁਰ ਬਿਖਮ ਨਿਹਾਰੀ॥੮॥

ਉਨ੍ਹਾਂ ਨੇ ਹੀ ਇਹ ਸ੍ਰੇਸ਼ਟ ਘਰ ਤਿਆਰ ਕਰਵਾਏ ਹਨ, ਓਹ ਇਕ ਸੁੰਦਰ ਨਗਰ ਵਸਾਉਣਾ ਚਾਹੁੰਦੇ ਹਨ।" ਇਹ ਸੁਣਕੇ ਪੀਰ ਨੇ ਤਰਕ ਕੀਤਾ, "ਗੁਰੂ ਜੀ ਦੇ ਕਹਿਣ ਅਤੇ ਕਰਨ ਵਿਚ ਫਰਕ ਵੇਖਿਆ ਹੈ॥੮॥

ਜੋ ਬੈਰਾਗ ਹੋਤਿ ਉਰ ਮਾਂਹੀ। ਇਤੋ ਅਰੰਭ ਕਰਤਿ ਕਿਮ ਨਾਂਹੀ।
ਇਕ ਸਰੀਰ ਨਿਰਬਾਹ ਬਿਚਾਰੈਂ। ਜਿਸ ਕਿਸ ਬਿਧਿ ਕਰਿ ਕਾਲ ਗੁਜ਼ਾਰੈਂ॥੯॥

ਜੇ ਉਨ੍ਹਾਂ ਦੇ ਹਿਰਦੇ ਵਿਚ ਵੈਰਾਗ ਹੁੰਦਾ ਤਾਂ ਏਡਾ ਕਾਰਜ ਕਦੇ ਵੀ ਆਰੰਭ ਨਾ ਕਰਦੇ। ਵੈਰਾਗੀ ਤਾਂ ਕੇਵਲ ਇਕ ਸਰੀਰ ਦੇ ਨਿਰਬਾਹ ਬਾਰੇ ਵਿਚਾਰ ਕਰਦੇ ਹਨ ਤੇ ਜਿਸ ਕਿਸ ਵਿਧੀ ਨਾਲ ਸਮਾਂ ਗੁਜ਼ਾਰਦੇ ਹਨ॥੯॥

ਪੁਨ ਹਿੰਦਵਨਿ ਕੋ ਗੁਰੂ ਕਹਾਵੈਂ। ਕਿਮ ਨਿਜ ਸਿੱਖਨਿ ਕੋ ਸੁ ਤਰਾਵੈਂ।
ਇਮ ਮਨ ਠਾਨਿ ਬਖਾਨਯੋ ਧੀਰ। 'ਸ਼ਿਲਪੀ! ਸੁਨਹੁ ਹੋਹੁ ਤੁਮ ਤੀਰ ॥੧੦॥

ਫਿਰ ਹਿੰਦੂਆਂ ਦੇ ਗੁਰੂ ਕਹਾਉਂਦੇ ਹਨ, ਉਹ ਕਿਵੇਂ ਆਪਣੇ ਸਿੱਖਾਂ ਨੂੰ ਤਾਰਨਗੇ। ਇਸ ਤਰ੍ਹਾਂ ਮਨ ਵਿਚ ਧਾਰ ਕੇ ਧੀਰਜਵਾਨ ਫਕੀਰ ਬੋਲਿਆ, "ਹੇ ਕਾਰੀਗਰ! ਮੇਰੇ ਕੋਲ ਹੋ ਕੇ ਤੁਸੀਂ ਸੁਣੋ॥੧੦॥

ਗੁਰੂ ਸਮੀਪ ਜਾਇਬੋ ਜਬੈ। ਇਹ ਸੰਦੇਸਾ ਭਾਖਹੁ ਤਬੈ।
ਇਮ ਪ੍ਰਿਵਿਰਤਿ ਮਹਿਂ ਰਿਦਾ ਤੁਮਾਰੋ। ਗਨ ਸੇਵਕ ਕਿਮ ਪਾਰ ਉਤਾਰੋ? ॥੧੧॥

ਜਦ ਤੁਸੀਂ ਗੁਰੂ ਜੀ ਪਾਸ ਜਾਵੋਗੇ, ਤਦ ਮੇਰਾ ਇਹ ਸੰਦੇਸ਼ਾ ਕਹੋ, "ਇਸ ਤਰ੍ਹਾਂ ਪਰਵਿਰਤੀ ਵਿਚ ਤੁਹਾਡਾ ਹਿਰਦਾ ਹੈ ਤਾਂ ਆਪਣੇ ਸਾਰੇ ਸੇਵਕਾਂ ਦਾ ਕਿਵੇਂ ਪਾਰ ਉਤਾਰਾ ਕਰੋਗੇ? ॥੧੧॥

ਏਵ ਪ੍ਰਸ਼ਨ ਕਰਿ ਉੱਤਰ ਲੀਜੋ। ਹਟਿ ਆਵੋਂ ਮੈਂ, ਤਬਿ ਤੁਮ ਦੀਜੋ'।
ਇਮ ਕਹਿ ਚਲਯੋ ਗਯੋ ਜਿਤ ਜਾਨਾ। ਸ਼ਿਲਪੀ ਕਰੀ ਕਾਰ ਤਿਸ ਥਾਨਾ ॥੧੨॥

ਇਸ ਤਰ੍ਹਾਂ ਪ੍ਰਸ਼ਨ ਕਰਕੇ ਉੱਤਰ ਲਵੋ। ਜਦ ਮੈਂ ਮੁੜ ਕੇ ਆਵਾਂਗਾ ਤਦ ਮੈਨੂੰ ਉੱਤਰ ਦੇ ਦੇਵੋ।" ਇਸ ਤਰ੍ਹਾਂ ਕਹਿ ਕੇ ਚਲੇ ਗਿਆ ਜਿਥੇ ਜਾਣਾ ਸੀ। ਕਾਰੀਗਰ ਉਸ ਥਾਂ ਕੰਮ ਕਰਦੇ ਰਹੇ॥੧੨॥

ਗੁਰ ਢਿਗ ਸੰਧ੍ਯਾ ਕੋ ਉਠਿ ਗਇਊ। ਰਿਦੇ ਸੰਦੇਸਾ ਸਿਮਰਤਿ ਭਇਊ।
ਦਰਸਯੋ ਦਰਸ ਬੰਦਨਾ ਠਾਨੀ। ਸਮੁਖ ਖਰੋ ਹੁਇ ਗਿਰਾ ਬਖਾਨੀ ॥੧੩॥

ਸ਼ਾਮ ਨੂੰ ਉੱਠਕੇ ਜਦ ਕਾਰੀਗਰ ਗੁਰੂ ਜੀ ਪਾਸ ਗਏ ਤਾਂ ਹਿਰਦੇ ਵਿਚ ਫਕੀਰ ਦਾ ਸੰਦੇਸ਼ਾ ਯਾਦ ਆਇਆ। ਗੁਰੂ ਜੀ ਦੇ ਦਰਸ਼ਨ ਕਰਕੇ ਬੰਦਨਾ ਕੀਤੀ ਤੇ ਸਾਹਮਣੇ ਖੜੇ ਹੋ ਕੇ ਬੋਲੇ॥੧੩॥

'ਏਕ ਪੀਰ ਤਿਹ ਮਾਰਗ ਜਾਤਿ। ਹਮ ਸੋਂ ਪੂਛਿ ਕਹੀ ਤਿਨ ਬਾਤ।
ਇਮ ਪ੍ਰਿਬ੍ਰਿਤਿ ਮਹਿਂ ਜਬਿ ਗੁਰ ਹੋਵਾ। ਕਿਮ ਤਰਿਬੋ ਸਿੱਖਜਨਿ ਕੋ ਜੋਵਾ? ॥੧੪॥

ਇਕ ਪੀਰ ਇਸ ਰਸਤੇ ਜਾ ਰਿਹਾ ਸੀ, ਸਾਡੇ ਪਾਸੋਂ ਪੁੱਛ ਕੇ ਉਸ ਗੱਲ ਕੀਤੀ, "ਐਸੀ ਵੈਰਾਗਮਈ ਪਰਵਿਰਤੀ ਵਿਚ ਜੇ ਗੁਰੂ ਜੀ ਹੋਏ ਹਨ, ਫਿਰ ਉਹ ਆਪਣੇ ਸਿੱਖਾਂ ਨੂੰ ਕਿਵੇਂ ਤਾਰਨਗੇ? ॥੧੪॥

ਇਸ ਕੋ ਉੱਤਰ ਗੁਰੁ ਤੇ ਲੀਜੋ। ਹਟਿ ਹਮ ਆਵਹਿਂ ਤਬਿ ਤੁਮ ਦੀਜੋ।
ਜਯੋਂ ਰਾਵਰ ਕੀ ਹੋਇ ਰਜਾਇ। ਤਯੋਂ ਆਵਤਿ ਕੋ ਕਹੈਂ ਬਨਾਇ' ॥੧੫॥

ਇਸ ਦਾ ਉੱਤਰ ਆਪਣੇ ਗੁਰੂ ਜੀ ਪਾਸੋਂ ਲਵੋ, ਜਦੋਂ ਅਸੀਂ ਵਾਪਸ ਆਵਾਂਗੇ ਤਾਂ ਸਾਨੂੰ ਉੱਤਰ ਦੇ ਦੇਵੋ। ਜਿਵੇਂ ਆਪ ਜੀ ਦੀ ਮਰਜ਼ੀ ਹੋਵੇ, ਉਸ ਤਰ੍ਹਾਂ ਉਸ ਨੂੰ ਆਉਂਦੇ ਹੋਏ ਨੂੰ ਕਹਿ ਦੇਈਏ" ॥੧੫॥

ਸੁਨਿ ਤਿਨ ਤੇ ਸ੍ਰੀ ਗੁਰੁ ਮੁਸਕਾਨੇ। ਕਹਯੋ ਤਬਹਿ 'ਇਮ ਕਰਹੁ ਬਖਾਨੇ।
ਹਮਰੇ ਸਾਥ ਚਲੋ ਗੁਰ ਪਾਸ। ਜਿਮ ਪੂਛਹੁ ਤਿਮ ਕਰਹੁ ਪ੍ਰਕਾਸ਼ ॥੧੬॥

ਉਨ੍ਹਾਂ ਪਾਸੋਂ ਸੁਣ ਕੇ ਗੁਰੂ ਜੀ ਮੁਸਕਰਾਏ, ਤਦ ਕਿਹਾ, "ਉਸ ਨੂੰ ਇਸ ਤਰ੍ਹਾਂ ਕਹੋ, ਸਾਡੇ ਨਾਲ ਗੁਰੂ ਜੀ ਪਾਸ ਚਲੋ, ਜਿਵੇਂ ਪੁੱਛਣਾ ਹੈ ਉਸ ਤਰ੍ਹਾਂ ਜਾ ਕੇ ਉਨ੍ਹਾਂ ਨੂੰ ਕਹੋ॥੧੬॥

ਉੱਤਰ ਚਹਤਿ ਰੂਬਰੋ ਦੀਏ। ਇਮ ਕਹਿ ਆਵਹੁ ਤਿਹ ਸੰਗ ਲੀਏ'।
ਸੁਨਿ ਸ਼ਿਲਪੀ ਸੋ ਰੈਨ ਗੁਜ਼ਾਰੀ। ਭਈ ਪ੍ਰਾਤਿ ਲਗਿ ਕਰਨਿ ਉਸਾਰੀ ॥੧੭॥

ਉੱਤਰ ਚਾਹੁੰਦਾ ਹੈ, ਉਹ ਉਸ ਦੇ ਸਾਹਮਣੇ ਦੇਵਾਂਗੇ, ਇਸ ਤਰ੍ਹਾਂ ਕਹਿ ਕੇ ਉਸ ਨੂੰ ਆਪਣੇ ਨਾਲ ਲੈ ਆਵੋ।'' ਇਹ ਸੁਣ ਕੇ ਕਾਰੀਗਰਾਂ ਨੇ ਰਾਤ ਗੁਜ਼ਾਰੀ, ਜਦ ਸਵੇਰ ਹੋਈ ਤਾਂ ਫਿਰ ਉਸਾਰੀ ਕਰਨ ਲੱਗ ਗਏ॥੧੭॥

ਕਰਹਿ ਪ੍ਰਤੀਖਨ ਦੇਖਨਿ ਪੀਰ। ਲੇ ਕਰਿ ਚਲਵਿ ਸੰਗ ਗੁਰ ਤੀਰ।
ਇਤਨੇ ਮਹਿਂ ਆਯੋ ਚਲਿ ਸੋਇ। ਮਿਲੇ ਪਰਸਪਰ ਹਰਖਿਤ ਹੋਇ॥ ੧੮ ॥

ਉਹ ਪੀਰ ਦੀ ਉਡੀਕ ਕਰਨ ਲੱਗ ਗਏ, ਪੀਰ ਨੂੰ ਅਸੀਂ ਗੁਰੂ ਜੀ ਪਾਸ ਲੈ ਕੇ ਜਾਵਾਂਗੇ। ਏਨੇ ਵਿਚ ਪੀਰ ਚਲ ਕੇ ਆ ਗਿਆ। ਆਪਸ ਵਿਚ ਮਿਲ ਕੇ ਪ੍ਰਸੰਨ ਹੋਏ॥੧੮॥

ਬੂਝਯੋ 'ਮੋਹਿ ਸੰਦੇਸਾ ਦੇਹੁ। ਗੁਰੂ ਸੌਂ ਕਹਯੋ ਕਿ ਨਾਂਹੀ ਏਹੁ?'।
ਸ਼ਿਲਪੀ ਸਾਦਰ ਸੁਧਿ ਸੁ ਬਤਾਈ। 'ਹੁਕਮ ਭਯੋ ਲਿਹੁ ਦਰਸ਼ਨ ਪਾਈ' ॥੧੯॥

ਪੀਰ ਨੇ ਪੁਛਿਆ, "ਮੇਰਾ ਸੰਦੇਸ਼ਾ ਦੇਵੋ, ਗੁਰੂ ਜੀ ਨੂੰ ਕਿਹਾ ਹੈ ਕਿ ਨਹੀਂ?'' ਕਾਰੀਗਰਾਂ ਨੇ ਆਦਰ ਨਾਲ ਸਾਰੀ ਗੱਲ ਦੱਸੀ, "ਹੁਕਮ ਹੋਇਆ ਹੈ ਕਿ ਦਰਸ਼ਨ ਕਰਕੇ ਉੱਤਰ ਪਾ ਲਵੋ" ॥੧੯॥

ਸੁਨਤਿ ਪੀਰ ਨੇ ਰਿਦੇ ਬਿਚਾਰਾ। ਉੱਤਰ ਉਚਰਹਿਂ ਕੌਣ ਪ੍ਰਕਾਰਾ।
ਚਹਿਯ ਸੁਨਯੋਂ, ਮਿਲਿਨੋ ਬਨਿ ਆਵੈ। ਸਿਫਤ ਖ਼ੁਦਾਇ ਪੰਥ ਬਿਦਤਾਵੈਂ ॥੨੦॥

ਇਹ ਸੁਣ ਕੇ ਪੀਰ ਨੇ ਹਿਰਦੇ ਵਿਚ ਵਿਚਾਰਿਆ, ਕਿਸ ਪ੍ਰਕਾਰ ਉੱਤਰ ਦੇਣਗੇ, ਸੁਣਨਾ ਚਾਹੀਦਾ ਹੈ, ਇਸ ਕਰਕੇ ਮਿਲਣਾ ਬਣਦਾ ਹੈ। ਖ਼ੁਦਾ ਦੇ ਪੰਥ ਦੀ ਸਿਫਤ ਪ੍ਰਗਟ ਕਰਦੇ ਹਨ॥੨੦॥

ਹੋਇ ਗੁਫਤਗੋ, ਨੀਕੀ ਅਹੈ। ਮਹਾਂ ਪੁਰਖ ਸੰਗਤਿ ਸੁਖ ਲਹੈ।
ਏਵ ਬਿਚਾਰਤਿ ਗਮਨਯੋ ਸਾਥ । ਜਿਹ ਠਾਂ ਬੈਠੇ ਗੁਰੂ ਜਗ ਨਾਥ॥ ੨੧॥

ਚੰਗੀ ਗੱਲਬਾਤ ਹੋਵੇਗੀ, ਮਹਾਂਪੁਰਖਾਂ ਦੀ ਸੰਗਤ ਵਿਚ ਸੁਖ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਕਹਿ ਕੇ ਨਾਲ ਚਲੇ ਗਿਆ ਜਿਥੇ ਜਗਤ ਦੇ ਮਾਲਕ ਗੁਰੂ ਜੀ ਬੈਠੇ ਸਨ॥੨੧॥

ਝੁਕਯੋ ਸਲਾਮ ਕੀਨਿ, ਭਾ ਖਰੋ। ਖਰੋ ਭਾਇ ਅੰਤਰ ਉਰ ਭਰੋ।
ਆਇਸੁ ਪਾਇ ਅਸੀਨਯੋ ਪੀਰ। ਬੂਝਨਿ ਕੀਨਸਿ ਗੁਰੂ ਗਹੀਰ॥ ੨੨॥

ਜਾ ਕੇ ਝੁਕ ਕੇ ਸਲਾਮ ਕੀਤੀ ਤੇ ਫਿਰ ਖੜਾ ਹੋ ਗਿਆ ਤੇ ਹਿਰਦੇ ਵਿਚ ਖਰਾ ਪ੍ਰੇਮ ਭਰ ਗਿਆ। ਆਗਿਆ ਪਾ ਕੇ ਪੀਰ ਬੈਠ ਗਿਆ ਤੇ ਗੁਰੂ ਜੀ ਨੇ ਉਸ ਨੂੰ ਪੁਛਿਆ॥੨੨॥

'ਕੌਨ ਅਹੋ? ਤੁਮ ਕਹਾਂ ਬਸੰਤੇ? ਕਯਾ ਪੂਛਤਿ ਹੋ? ਕਹਹੁ ਮਤੰਤੇ'।
ਭਨਯੋ ਪੀਰ ਨੇ 'ਸੱਜਦ ਮੈਂ ਹੌਂ। ਰੋਪਰ ਨਗਰੀ ਬਿਖੈ ਬਸੈ ਹੌਂ॥ ੨੩॥

"ਤੁਸੀਂ ਕੌਣ ਹੋ? ਤੇ ਕਿਥੇ ਰਹਿੰਦੇ ਹੋ? ਕੀ ਪੁੱਛਦੇ ਹੋ? ਆਪਣਾ ਮੱਤ ਕਹੋ। ਪੀਰ ਨੇ ਕਿਹਾ, "ਮੈਂ ਸੱਜਦ ਹਾਂ, ਰੋਪੜ ਦੀ ਨਗਰੀ ਵਿਚ ਰਹਿੰਦਾ ਹਾਂ॥੨੩॥

ਹਮਰੇ ਹੁਤੇ ਮੁਰੀਦ ਅਗਾਰੀ। ਤਿਨ ਢਿਗ ਜਾਨਿ ਹੇਤੁ ਉਰ ਧਾਰੀ।
ਇਤ ਦਿਸ਼ਿ ਆਵਨਿ ਭਯੋ ਹਮਾਰਾ। ਜਿਸ ਤੇ ਯਾਫਤ ਦਰਸ ਤੁਮਾਰਾ॥੨੪॥

ਅਗਲੇ ਪਾਸੇ ਸਾਡੇ ਕਈ ਮੁਰੀਦ ਰਹਿੰਦੇ ਹਨ, ਉਨ੍ਹਾਂ ਪਾਸ ਜਾਣ ਵਾਸਤੇ ਹਿਰਦੇ ਵਿਚ ਧਾਰਨ ਕੀਤਾ ਸੀ। ਇਸ ਪਾਸੇ ਸਾਡਾ ਆਉਣਾ ਹੋ ਗਿਆ, ਜਿਸ ਕਰਕੇ ਤੁਹਾਡੇ ਦਰਸ਼ਨ ਪਾਏ ਹਨ॥੨੪॥

ਤੁਮ ਹਿੰਦੁਨਿ ਕੇ ਗੁਰੂ ਕਹਾਵਹੁ। ਭਲੋ ਹੋਨਿ ਕੋ ਪੰਥ ਬਤਾਵਹੁ।
ਇਹ ਮਹਿਲਾਦਿਤ ਮਹਾਂ ਉਸਾਰਨਿ। ਨਿਤ ਪ੍ਰਤਿ ਮਮਤਾ ਅਧਿਕ ਬਿਥਾਰਨਿ ॥੨੫ ॥

ਤੁਸੀਂ ਹਿੰਦੂਆਂ ਦੇ ਗੁਰੂ ਕਹਾਉਂਦੇ ਹੋ, ਭਲਾ ਹੋਣ ਦਾ ਰਾਹ ਦੱਸਦੇ ਹੋ। ਇਹ ਮਹਾਨ ਮਹਿਲ ਉਸਾਰ ਰਹੇ ਹੋ, ਨਿਤ ਪ੍ਰਤਿ ਮਮਤਾ ਦਾ ਬਹੁਤ ਵਿਸਥਾਰ ਕਰ ਰਹੇ ਹੋ ॥੨੫॥

ਸੰਤ ਜਨਹੁ ਕੈ ਨਾਂਹਿਨ ਨੀਕੀ। ਬਡਤਾ ਜਗ ਕੀ ਜਾਨਤਿ ਫੀਕੀ।
ਹੁਇ ਪ੍ਰਲੋਕ ਮਹਿਂ ਜੋ ਸੁਖਦਾਈ। ਤਿਸ ਆਚਰਹਿਂ, ਤਜਹਿਂ ਚਪਲਾਈ' ॥੨੬ ॥

ਸੰਤ ਲੋਕਾਂ ਵਾਸਤੇ ਇਹ ਗੱਲ ਚੰਗੀ ਨਹੀਂ, ਸੰਤ ਜਗ ਦੀ ਵਡਿਆਈ ਫਿੱਕੀ ਜਾਣਦੇ ਹਨ ਜਿਹੜੀ ਗੱਲ ਪਰਲੋਕ ਵਿਚ ਸੁਖਦਾਈ ਹੋਵੇ, ਉਸ ਤਰ੍ਹਾਂ ਵਿਚਰੋ, ਇਹ ਚੰਚਲਤਾਈ ਛੱਡੋ" ॥੨੬॥

'ਸੁਨਹੁ ਪੀਰ !' ਗੁਰਬਾਕ ਉਚਾਰਾ। 'ਸਭਿ ਆਸ੍ਰਮ ਤੇ ਗ੍ਰਿਹਸਤ ਉਦਾਰਾ।
ਅਪਰ ਸਕਲ ਕਹੁ ਇਹ ਉਪਜੈਤੋ। ਪੁਨ ਸਭਿਹੂੰਨਿ ਅਲੰਬ ਰਹੰਤੋ ॥ ੨੭ ॥

ਗੁਰੂ ਜੀ ਨੇ ਕਿਹਾ, "ਹੇ ਪੀਰ ਜੀ ! ਸੁਣੋ, ਸਭ ਆਸ਼ਰਮਾਂ ਨਾਲੋਂ ਗ੍ਰਿਹਸਤ ਮਾਰਗ ਮਹਾਨ ਹੈ। ਹੋਰ ਸਾਰਿਆਂ ਨੂੰ ਇਹੋ ਹੀ ਉਪਜਾਉਂਦੇ ਹਨ, ਫਿਰ ਇਹ ਸਾਰਿਆਂ ਦਾ ਆਸਰਾ ਰਹਿੰਦੇ ਹਨ ॥੨੭॥

ਜੋ ਗ੍ਰਿਹਸਤ ਤੇ ਉਤਰਹਿ ਪੂਰਾ। ਅੰਤਕਾਲ ਪ੍ਰਾਪਤਿ ਪਦ ਰੂਰਾ।
ਪੁੰਨ ਦਾਨ ਕਾ ਕਰਹਿ ਸਰੀਰ। ਸੋ ਗਿਰਹੀ ਗੰਗਾ ਕਾ ਨੀਰ ॥ ੨੮ ॥

ਜੋ ਗ੍ਰਿਹਸਤ ਵਿਚ ਪੂਰਾ ਉਤਰਦਾ ਹੈ, ਅੰਤ ਕਾਲ ਸਮੇਂ ਉਹ ਸੁੰਦਰ ਪਦਵੀ ਪਾਉਂਦਾ ਹੈ। ਉਹ ਆਪਣਾ ਸਰੀਰ ਪੁੰਨ ਦਾਨ ਵਾਲਾ ਬਣਾਉਂਦਾ ਹੈ, ਇਸ ਕਰਕੇ ਗ੍ਰਿਹਸਤੀ ਗੰਗਾ ਦੇ ਜਲ ਵਾਂਗ ਸ਼ੁੱਧ ਅਤੇ ਨਿਰਮਲ ਹੈ ॥੨੮॥

ਜੋ ਜੋ ਥਾਨ ਵਾਨ ਜਿਤ ਹੋਇ। ਹੇਰਿ ਅਤਿਥਿ ਕੋ ਪੂਜਹਿ ਸੋਇ।
ਮਹਾਂ ਪੁੰਨ ਫਲ ਹੈ ਇਸ ਕੇਰਾ। ਚਿਰੰਕਾਲ ਸੁਖ ਪਾਇ ਬਡੇਰਾ ॥ ੨੯ ॥

ਜੋ ਜੋ ਗ੍ਰਹਿਸਤੀ ਮਕਾਨ ਵਾਲਾ ਹੋਵੇ, ਉਹ ਪ੍ਰਾਹੁਣੇ ਨੂੰ ਵੇਖ ਕੇ ਉਸ ਦੀ ਪੂਜਾ ਕਰਦਾ ਹੈ। ਇਸ ਦਾ ਫਲ ਮਹਾਨ ਪੁੰਨ ਵਾਲਾ ਹੈ, ਬਹੁਤ ਦੇਰ ਤਕ ਉਹ ਵੱਡਾ ਸੁੱਖ ਪ੍ਰਾਪਤ ਕਰਦਾ ਹੈ ॥੨੯॥

ਇਸੀ ਪੁੰਨ ਕੇ ਫਲ ਚਹਿ ਦੇਖਾ। ਬਸਤ੍ਰ ਅਛਾਦ ਸਰੀਰ ਅਸ਼ੇਖਾ।
ਪੌਢਹੁ, ਜਾਨਿ ਲੇਹੁ ਇਸ ਕਾਲ। ਜਿਮ ਇਸ ਤੇ ਸੁਖ ਲਹਿਸਿ ਬਿਸਾਲਾ' ॥੩੦ ॥

ਇਸ ਪੁੰਨ ਦੇ ਫਲ ਵੇਖਣਾ ਚਾਹੁੰਦੇ ਹੋ ਤਾਂ ਕਪੜਿਆਂ ਨਾਲ ਸਾਰਾ ਸਰੀਰ ਢੱਕ ਲਵੋ। ਲੰਮੇ ਪੈ ਜਾਵੋ ਤੇ ਇਸ ਗੱਲ ਨੂੰ ਪੱਕੀ ਤਰ੍ਹਾਂ ਜਾਣ ਲਵੋ ਜਿਵੇਂ ਇਸ ਤੋਂ ਵਿਸ਼ਾਲ ਸੁਖ ਪ੍ਰਾਪਤ ਹੁੰਦਾ ਹੈ" ॥੩੦॥

ਸੁਨਤਿ ਪੀਰ ਚਿਤ ਚੌਂਕ੍ਰਿਤਿ ਹੋਵਾ। ਦੇਖਨਿ ਚਹਤਿ ਪਰਜੋ ਤਬਿ ਸੋਵਾ।
ਭਯੋ ਸੁਪਨ, ਹੁਇ ਗੁਰ ਕੈ ਸੰਗ। ਬਡੇ ਬੇਗ ਤੇ ਜਾਇ ਉਤੰਗ ॥ ੩੧ ॥

ਇਹ ਸੁਣ ਕੇ ਪੀਰ ਦਾ ਚਿੱਤ ਹੈਰਾਨ ਰਹਿ ਗਿਆ, ਵੇਖਣਾ ਚਾਹੁੰਦਾ ਸੀ, ਇਸ ਕਰਕੇ ਚਾਦਰ ਲੈ ਕੇ ਲੰਮਾ ਪੈ ਕੇ ਸੌਂ ਗਿਆ। ਸੁਪਨਾ ਆਇਆ ਕਿ ਗੁਰੂ ਜੀ ਦੇ ਨਾਲ, ਬੜੀ ਤੇਜ਼ੀ ਨਾਲ ਉਪਰ ਵਲ ਜਾ ਰਿਹਾ ਹੈ ॥੩੧॥

ਪਹੁੰਚੇ ਸੁਰਗ ਸੁ ਮੰਦਿਰ ਸੁੰਦਰ। ਭੋਗ ਅਨੰਦ ਮਹਾਂ ਜਿਨ ਅੰਦਰ।
ਅਨਿਕ ਭਾਂਤਿ ਕੀ ਰਚਨਾ ਦੇਖੀ। ਪੀਰ ਮਤੀ ਬਿਸਮਾਇ ਬਸ਼ੇਖੀ ॥ ੩੨ ॥

ਸਵਰਗ ਵਿਚ ਪਹੁੰਚ ਕੇ ਸੁੰਦਰ ਮੰਦਰ ਵੇਖੇ, ਜਿਨ੍ਹਾਂ ਦੇ ਅੰਦਰ ਮਹਾਂ ਅਨੰਦ ਭੋਗ ਰਹੇ ਸਨ। ਅਨੇਕ ਪ੍ਰਕਾਰ ਦੀ ਰਚਨਾ ਵੇਖੀ, ਪੀਰ ਦੀ ਬੁੱਧੀ ਬਹੁਤ ਹੈਰਾਨ ਰਹਿ ਗਈ॥੩੨॥

ਕਿਤਿਕ ਦੂਰ ਗਮਨੰਤਿ ਨੇ ਹੇਰਾ। ਘਰ ਕੰਚਨ ਕੋ ਜਟਿਤਿ ਬਡੇਰਾ।
ਰੇਸ਼ਮ ਡੋਰ ਬੀਚ ਲਰਕਾਈ। ਜ਼ਰੀਦਾਰ ਗੁੰਫੇ ਛਬਿ ਛਾਈ॥ ੩੩॥

ਕਾਫੀ ਦੂਰ ਜਾਂਦੇ ਨੇ ਵੇਖਿਆ, ਘਰ ਸੋਨੇ ਨਾਲ ਜੜੇ ਹੋਏ ਸਨ। ਰੇਸ਼ਮ ਦੀਆਂ ਡੋਰਾਂ ਵਿਚ ਲਮਕ ਰਹੀਆਂ ਸਨ, ਜ਼ਰੀਦਾਰ ਗੁਛਿਆਂ ਦੀ ਛਵੀ ਛਾਈ ਹੋਈ ਸੀ॥੩੩॥

ਰੁਚਰ ਪ੍ਰਯੰਕ ਸੁ ਚਾਮੀਕਰ ਕੋ। ਚਹੁੰਦਿਸ਼ਿ ਮੁਕਤਾ ਝਾਲਰ ਬਰ ਕੋ।
ਮ੍ਰਿਦੁਲ ਸੇਜ ਪਯ ਫੇਨ ਸਮਾਨਾ। ਆਸਤਰਨ ਸਿਹਜਾ ਉਪਧਾਨਾ॥ ੩੪॥

ਸੁੰਦਰ ਸੋਨੇ ਦੇ ਪਲੰਘ ਸਨ, ਜਿਨ੍ਹਾਂ ਦੇ ਚਾਰੇ ਪਾਸੇ ਮੋਤੀਆਂ ਦੀਆਂ ਝਾਲਰਾਂ ਲੱਗੀਆਂ ਹੋਈਆਂ ਸਨ। ਨਰਮ ਸੇਜ ਦੁੱਧ ਦੀ ਝੱਗ ਵਾਂਗ ਸੀ ਤੇ ਬਿਸਤਰੇ ਉੱਤੇ ਸੁੰਦਰ ਸਿਰਹਾਣਾ ਰਖਿਆ ਹੋਇਆ ਸੀ॥੩੪॥

ਤਿਸ ਪਰ ਬੈਠਜੋ ਪੁਰਖ ਸੁਹਾਈ। ਚੰਦ੍ਰਮੁਖੀ ਗਹਿ ਡੋਰ ਝੁਲਾਈ।
ਤਿਸ ਕੋ ਸ਼੍ਰੀ ਗੁਰੁ ਬੂਝਨਿ ਕੀਨਾ। 'ਕੋ ਸੁਭ ਕਰਮ, ਦਾਨ ਕੋ ਦੀਨਾ? ॥ ੩੫॥

ਅਜਿਹੇ ਪਲੰਘਾਂ ਤੇ ਬੈਠੇ ਮਨੁੱਖ ਸ਼ੋਭ ਰਹੇ ਸਨ, ਇਸਤਰੀ ਡੋਰ ਖਿੱਚ ਕੇ ਪੱਖਾ ਝੱਲ ਰਹੀ ਸੀ, ਉਸ ਮਨੁੱਖ ਨੂੰ ਗੁਰੂ ਜੀ ਨੇ ਪੁੱਛਿਆ, "ਕਿਹੜਾ ਸ਼ੁਭ ਕਰਮ ਜਾਂ ਦਾਨ ਤੂੰ ਦਿੱਤਾ ਹੈ?॥੩੫॥

ਜਿਸ ਤੇ ਅਸ ਸੁਖ ਪ੍ਰਾਪਤਿ ਭਇਊ। ਸੋ ਤੁਮ ਕਹਹੁ ਜਥਾ ਬਿਧਿ ਕਇਊ'।
ਸੁਨਤਿ ਪੁਰਖ ਨੇ ਕਰਿ ਉਰ ਗਜਾਤ। ਅਪਨੋ ਉਚਰਤਿ ਭਯੋ ਬ੍ਰਿਤਾਂਤ॥ ੩੬॥

ਜਿਸ ਕਰਕੇ ਅਜਿਹਾ ਸੁਖ ਪ੍ਰਾਪਤ ਕੀਤਾ ਹੈ, ਉਹ ਵਿਧੀ ਸਾਨੂੰ ਦੱਸੋ ਜਿਵੇਂ ਤੁਸੀਂ ਕੀਤਾ ਹੈ।" ਇਹ ਸੁਣਕੇ ਉਸ ਨੂੰ ਜੋ ਹਿਰਦੇ ਵਿਚ ਗਿਆਨ ਸੀ, ਆਪਣਾ ਬਿਆਨ ਉਚਾਰਨ ਕਰਨ ਲੱਗਾ॥੩੬॥

'ਪੂਰਬ ਜਨਮ ਸ਼ੇਰ ਕੋ ਮੇਰਾ। ਜੂਨ ਤਾਮਸੀ ਅਘੀ ਬਡੇਰਾ।
ਏਕ ਸਥਾਨ ਕਰਤਿ ਮੈਂ ਬਾਸਾ। ਅਲਪ ਮਹੀਰੁਹ ਤਰੈ ਨਿਵਾਸਾ॥ ੩੭॥

"ਪਹਿਲਾ ਜਨਮ ਮੇਰਾ ਸ਼ੇਰ ਦਾ ਸੀ, ਤਾਮਸੀ ਜੂਨ ਪਾਪਾਂ ਨਾਲ ਭਰੀ ਸੀ। ਇਕ ਥਾਂ ਮੈਂ ਵਾਸਾ ਕਰਦਾ ਸੀ, ਛੋਟੇ ਜੇਹੇ ਬ੍ਰਿਛ ਦੇ ਹੇਠਾਂ ਰਹਿੰਦਾ ਸੀ॥੩੭॥

ਬਿਰਛਾ ਹੀਸ ਕੋ ਸੰਘਨ ਘਨੋ। ਮਾਨੁਖ ਸਦਨ ਬਨਾਯੋ ਮਨੋ।
ਪਾਨੀ ਪੌਨ ਛੁਵੈ ਨਹਿਂ ਜਹਾਂ। ਨਿਸ ਮਹਿਂ ਬਸੌਂ ਜਾਇ ਕਰਿ ਤਹਾਂ॥ ੩੮॥

ਉਸ ਦਰੱਖਤ ਉੱਤੇ ਕਾਂਟੇਦਾਰ ਹੀਸ ਦੀ ਵੇਲ ਚੜ੍ਹੀ ਹੋਈ ਸੀ, ਜਿਸ ਕਰਕੇ ਬੜੀ ਸੰਘਣੀ ਝੁੱਗੀ ਬਣੀ ਹੋਈ ਸੀ, ਮਾਨੋ ਮਨੁੱਖ ਨੇ ਆਪਣਾ ਘਰ ਬਣਾਇਆ ਹੋਵੇ, ਪੌਣ ਪਾਣੀ ਜਿੱਥੇ ਛੂਹ ਨਹੀਂ ਸੀ ਸਕਦਾ, ਰਾਤ ਸਮੇਂ ਮੈਂ ਉਥੇ ਜਾ ਕੇ ਰਹਿੰਦਾ ਸੀ॥੩੮॥

ਏਕ ਦਿਵਸ ਮੈਂ ਗਮਨਜੋ ਬਾਹਰ। ਹਿਤ ਅਹਾਰ ਜੀਵਨ ਹਤਿ ਜ਼ਾਹਰ।
ਬਿਚਰਤਿ ਬਨ ਮਹਿਂ ਮ੍ਰਿਗ ਕੋ ਮਾਰਜੋ। ਤ੍ਰਿਪਤ ਹੋਇ ਮਗ ਸਦਨ ਸਿਧਾਰਜੋ॥੩੯॥

ਇਕ ਦਿਨ ਮੈਂ ਬਾਹਰ ਗਿਆ, ਆਪਣੇ ਭੋਜਨ ਵਾਸਤੇ ਪ੍ਰਗਟ ਜੀਵਾਂ ਨੂੰ ਮਾਰਨ ਗਿਆ। ਜੰਗਲ ਵਿਚ ਫਿਰਦਿਆਂ ਮੈਂ ਇਕ ਹਿਰਨ ਨੂੰ ਮਾਰਿਆ, ਮਾਸ ਖਾ ਕੇ ਤ੍ਰਿਪਤ ਹੋ ਕੇ ਆਪਣੇ ਘਰ ਵਲ ਚਲ ਪਿਆ॥੩੯॥

ਚਲੀ ਬਾਉ ਘਨ ਕੀ ਘਟ ਆਈ। ਧੂਲ ਉਡੀ ਦ੍ਰਿਸ਼ਟੀ ਤਮ ਛਾਈ।
ਪੰਥੀ ਦੋਇ ਤਹਾਂ ਰੁਕਿ ਗਏ। ਕਿਤੇ ਆਸਰੋ ਪਿਖਤਿ ਨ ਭਏ॥ ੪੦॥

ਹਵਾ ਚਲੀ ਤੇ ਬੱਦਲਾਂ ਦੀ ਘਟਾ ਆਈ, ਧੂੜ ਉਡੀ ਤੇ ਹਨ੍ਹੇਰਾ ਛਾ ਗਿਆ। ਦੋ ਰਾਹੀ ਉਥੇ ਰੁੱਕ ਗਏ ਕਿਤੇ ਰਹਿਣ ਵਾਸਤੇ ਆਸਰਾ ਨਹੀ ਸੀ ਲੱਭਦਾ॥੪੦॥

ਇਤ ਉਤ ਬਿਚਰਤਿ ਜੋ ਘਰ ਮੇਰਾ। ਦੇਖਜੋ ਕੀਨਸਿ ਦੌਰਿ ਬਸੇਰਾ।
ਅਪਰ ਅਲੰਬ ਨਹੀਂ ਢਿਗ ਕੋਈ। ਕਰਕਾ ਕੀ ਬਰਖਾ ਬਹੁ ਜੋਈ॥ ੪੧॥

ਏਧਰ ਉਧਰ ਫਿਰਦਿਆਂ, ਉਨ੍ਹਾਂ ਮੇਰਾ ਘਰ ਵੇਖਿਆ ਤਾਂ ਦੌੜ ਕੇ ਅੰਦਰ ਚਲੇ ਗਏ। ਹੋਰ ਕੋਈ ਨੇੜੇ ਆਸਰਾ ਨਹੀਂ ਸੀ। ਗੜ੍ਹਿਆਂ ਦੀ ਬਹੁਤ ਵਰਖਾ ਹੋਈ॥੪੧॥

ਬੈਠਿ ਤਿਨ੍ਹੌਂ ਨੇ ਜਾਨੀ ਹੇਰਿ। ਇਹ ਸਥਾਨ ਬਾਸੋ ਬਡ ਸ਼ੇਰ।
ਅਸ ਨ ਹੋਇ ਅਬਿ ਚਲਿ ਸੋ ਆਵੈ। ਹਤਹਿ ਹਮਹਿਂ ਦੋਹਨਿ ਕੋ ਖਾਵੈ॥੪੨॥

ਬੈਠੇ-ਬੈਠੇ ਉਨ੍ਹਾਂ ਨੇ ਵੇਖ ਕੇ ਜਾਣਿਆ, ਇਸ ਸਥਾਨ ਵਿਖੇ ਵੱਡੇ ਸ਼ੇਰ ਦਾ ਵਾਸਾ ਹੈ। ਐਸਾ ਨਾ ਹੋਵੇ ਕਿ ਉਹ ਚਲ ਕੇ ਆ ਜਾਵੇ ਤੇ ਸਾਨੂੰ ਦੋਹਾਂ ਨੂੰ ਮਾਰ ਕੇ ਖਾ ਜਾਵੇ॥੪੨॥

ਕਰਕਾ ਬਰਖਤਿ ਮੈਂ ਤਬਿ ਆਯੋ। ਬੋਲ ਨਰਨਿ ਕੋ ਢਿਗ ਸੁਨਿ ਪਾਯੋ।
ਜਾਨਜੋਂ ਮਨੁਜ ਅਹੈਂ ਘਰ ਮਾਂਹਿ। ਆਗੇ ਗਮਨ ਕੀਨਿ ਤਬਿ ਨਾਂਹਿ॥ ੪੩॥

ਗੜ੍ਹਿਆਂ ਦੇ ਵਰ੍ਹਦਿਆਂ, ਮੈਂ ਤਦ ਉਥੇ ਆਇਆ, ਉਨ੍ਹਾਂ ਮਨੁੱਖਾਂ ਦੇ ਪਾਸ ਜਾ ਕੇ ਉਨ੍ਹਾਂ ਦੀਆਂ ਗੱਲਾਂ ਨੂੰ ਮੈਂ ਸੁਣਿਆ। ਮੈਂ ਜਾਣਿਆ ਕਿ ਮਨੁੱਖ ਮੇਰੇ ਘਰ ਵਿਚ ਹਨ, ਫਿਰ ਮੈਂ ਅੱਗੇ ਨਾ ਗਿਆ॥੪੩॥

ਮੇਰੇ ਅਤਿਥਿ ਭਏ ਇਹ ਆਇ। ਰੈਨ ਬਸੇਰਾ ਕਰਿ ਸੁਖ ਪਾਇਂ।
ਇਸ ਤੇ ਪਰੇ ਧਰਮ ਨਹਿਂ ਔਰ। ਅਭਿਆਗਤਿ ਕੋ ਦੇ ਸੁਖ ਠੌਰ॥ ੪੪॥

ਇਹ ਮੇਰੇ ਮਹਿਮਾਨ ਬਣ ਕੇ ਆਏ ਹਨ, ਰਾਤ ਏਥੇ ਠਹਿਰ ਕੇ ਸੁੱਖ ਪਾਉਣ। ਇਸ ਤੋਂ ਪਰ੍ਹੇ ਹੋਰ ਕੋਈ ਧਰਮ ਨਹੀਂ ਹੈ। ਬੇਆਸਰੇ ਨੂੰ ਸੁਖ ਤੇ ਸਥਾਨ ਦੇਵੇ॥੪੪॥

ਪੂਰਬ ਕਿਸੀ ਪੁੰਨ ਤੇ ਮੋਹੀ। ਇਸ ਪ੍ਰਕਾਰ ਮਤਿ ਉਰ ਮਹਿਂ ਹੋਹੀ।
ਖਰੋ ਰਹਜੋ ਮੈਂ ਬਾਹਰ ਤਬੈ। ਓਰੇ ਸਹੇ ਗਾਤ ਪਰ ਸਬੈ॥ ੪੫॥

ਪਿਛਲੇ ਜਨਮ ਦੇ ਕਿਸੇ ਪੁੰਨ ਕਰਕੇ, ਮੇਰੀ ਬੁੱਧੀ ਇਸ ਤਰ੍ਹਾਂ ਦੀ ਹੋਈ ਸੀ। ਤਦ ਮੈਂ ਬਾਹਰ ਹੀ ਖੜਾ ਰਿਹਾ ਸਾਰੇ ਗੜ੍ਹੇ ਮੈਂ ਆਪਣੇ ਸਰੀਰ ਤੇ ਬਰਦਾਸ਼ਤ ਕੀਤੇ॥੪੫॥

ਡਰਤਿ ਸੁ ਪੰਥੀ ਬਾਸੇ ਘਰ ਮਹਿਂ। ਸੁਖ ਸੋਂ ਬਿਤੀ ਜਾਮਨੀ ਤਿਨ ਕਹਿ।
ਦੇਖਤਿ ਰਹੇ ਵਹਿਰ ਦਿਸ਼ਿ ਦੋਊ। ਮਤ ਕੇਹਰਿ ਸੰਘਾਰਹਿ ਕੋਊ॥ ੪੬॥

ਉਹ ਰਾਹੀਂ ਡਰਦੇ ਹੋਏ ਮੇਰੇ ਘਰ ਵਿਚ ਹੀ ਰਹੇ, ਉਨ੍ਹਾਂ ਦੀ ਰਾਤ ਬੜੇ ਸੁੱਖ ਨਾਲ ਬਤੀਤ ਹੋਈ। ਦੋਵੇਂ ਬਾਹਰ ਵਲ ਵੇਖਦੇ ਰਹੇ ਕਿ ਸ਼ੇਰ ਆ ਕੇ ਕਿਸੇ ਨੂੰ ਮਾਰ ਨਾ ਦੇਵੇ॥੪੬॥

ਮੈਂ ਮਨ ਧਰਮ ਜਾਨਿ ਹਟਿ ਰਹਜੋ। ਦੂਖ ਬਰਖਾ ਸਭਿ ਤਨ ਪਰ ਸਹਜੋ।
ਅਰਧ ਰਾਤਿ ਲੌ ਬ੍ਰਿਸ਼ਟੀ ਭਈ। ਬਿਨਾ ਆਸਰੇ ਮੈਂ ਸਿਰ ਲਈ॥ ੪੭॥

ਮੈਂ ਆਪਣਾ ਧਰਮ ਜਾਣ ਕੇ ਦੂਰ ਹੀ ਰਿਹਾ, ਵਰਖਾ ਦਾ ਸਾਰਾ ਦੁੱਖ ਆਪਣੇ ਸਰੀਰ ਤੇ ਬਰਦਾਸ਼ਤ ਕੀਤਾ। ਅੱਧੀ ਰਾਤ ਤਕ ਬਾਰਸ਼ ਹੁੰਦੀ ਰਹੀ ਤੇ ਮੈਂ ਕਿਸੇ ਆਸਰੇ ਤੋਂ ਬਗੈਰ ਹੀ ਰਿਹਾ॥੪੭॥

**ਪੁਨਹਿ ਪੌਨ ਗਮਨੀ ਅਤਿ ਸੀਰ। ਬਜਾਪਜੇ ਸਗਰੇ ਸੀਤ ਸਰੀਰ।**
**ਭੋਰ ਹੋਤਿ ਮੈਂ ਮਿਰਤਕ ਭਇਊ। ਸਿਸਰ ਬਿਸਾਲ ਪ੍ਰਾਨ ਛਟਿ ਗਇਊ॥੪੮॥**

ਫਿਰ ਬਹੁਤ ਠੰਡੀ ਹਵਾ ਚਲੀ, ਸਾਰਾ ਸਰੀਰ ਸੀਤ ਨਾਲ ਠੰਡਾ ਹੋ ਗਿਆ। ਸਵੇਰ ਹੋਣ ਤਕ ਮੈਂ ਮਰ ਗਿਆ। ਬਹੁਤ ਠੰਡ ਕਰਕੇ ਪ੍ਰਾਣ ਨਿਕਲ ਗਏ॥੪੮॥

**ਭਈ ਪ੍ਰਾਤਿ ਸੋ ਸੰਤ ਪ੍ਰਬੀਨਾ। ਨਿਕਸੇ ਮ੍ਰਿਤਕ ਮੋਹਿ ਪਿਖਿ ਲੀਨਾ।**
**ਕਰੁਨਾ ਕੀਨਿ ਜਾਨਿ ਮਮ ਕਰਮ। ਫਲ ਦੀਨਸਿ ਅਸ, ਜਸ ਅਤਿ ਧਰਮ॥੪੯॥**

ਜਦ ਸਵੇਰ ਹੋਈ ਤਾਂ ਪ੍ਰਬੀਨ ਸੰਤ ਬਾਹਰ ਨਿਕਲੇ, ਮੈਨੂੰ ਮਰੇ ਹੋਏ ਨੂੰ ਉਨ੍ਹਾਂ ਵੇਖ ਲਿਆ। ਮੇਰਾ ਅਜਿਹਾ ਕਰਮ ਜਾਣ ਕੇ ਉਨ੍ਹਾਂ ਮੇਰੇ ਤੇ ਕਿਰਪਾ ਕੀਤੀ, ਐਸਾ ਫਲ ਦਿੱਤਾ, ਜਿਵੇਂ ਬੜਾ ਧਰਮ ਕੀਤਾ ਹੋਵੇ॥੪੯॥

**ਤਿਸ ਰਾਤ੍ਰੀ ਕਾ ਫਲ ਅਸ ਹੋਵਾ। ਪਹੁੰਚਿ ਸੁਰਗ ਸਭਿ ਬਿਧਿ ਸੁਖ ਜੋਵਾ।**
**ਅਤਿਥ ਪੂਜਿਬੋ ਧਰਮ ਮਹਾਨਾ। ਨਹਿਂ ਗ੍ਰਿਹਸਤੀ ਕੇ ਅਪਰ ਸਮਾਨਾ॥੫੦॥**

ਉਸ ਰਾਤ ਦਾ ਅਜਿਹਾ ਫਲ ਪ੍ਰਾਪਤ ਹੋਇਆ ਹੈ, ਸਵਰਗ ਵਿਚ ਪਹੁੰਚ ਕੇ ਸਭ ਵਿਧੀਆਂ ਨਾਲ ਸੁੱਖ ਪਾਇਆ ਹੈ। ਮਹਿਮਾਨ ਦੀ ਪੂਜਾ ਕਰਨੀ ਮਹਾਨ ਧਰਮ ਹੈ, ਗ੍ਰਿਹਸਤੀ ਦੇ ਬਰਾਬਰ ਹੋਰ ਕੋਈ ਨਹੀਂ ਹੋ ਸਕਦਾ"॥੫੦॥

**ਇਹ ਸਭਿ ਪੀਰ ਸੁਨੀ ਜਹਿ ਕਾਨ। ਕਰਜੋ ਜਗਾਵਨਿ ਪਰਜੋ ਜਿ ਥਾਨ।**
**ਉਠਤਿ ਚਰਨ ਪਰ ਬੰਦਨ ਕੀਨਿ। 'ਰਾਵਰਿ ਭੇਦ ਲਖਜੋ ਨਹਿਂ ਚੀਨ॥੫੧॥**

ਪੀਰ ਨੇ ਜਦ ਇਹ ਸਾਰੀ ਕਹਾਣੀ ਆਪਣੇ ਕੰਨਾਂ ਨਾਲ ਸੁਣੀ ਤਾਂ ਜਿੱਥੇ ਉਹ ਪਿਆ ਸੀ, ਉਥੇ ਜਾਗ ਪਿਆ। ਉਠ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ, "ਮੈਂ ਆਪ ਜੀ ਦੇ ਭੇਦ ਨੂੰ ਜਾਣ ਨਹੀਂ ਸੀ ਸਕਿਆ॥੫੧॥

**ਜੋ ਤੁਮ ਕਹਹੁ ਸੁ ਹੈ ਸਭਿ ਨੀਕੀ। ਰਾਵਰਿ ਕਰੈ ਬਿਨਾ ਬਹੁ ਫੀਕੀ।**
**ਜਗਤ ਉਧਾਰਨਿ ਧਾਰਨਿ ਤਨ ਕੋ। ਮੈਂ ਅਸ ਨਿਸ਼ਚੈ ਕੀਨਸਿ ਮਨ ਕੋ'॥੫੨॥**

ਜੋ ਤੁਸੀਂ ਕਹਿੰਦੇ ਹੋ, ਉਹ ਸਭ ਚੰਗਾ ਹੈ। ਜੋ ਆਪ ਜੀ ਦੀ ਕਹਿਣੀ ਹੈ, ਉਹ ਤਦ ਹੀ ਸੋਹਣੀ ਹੈ ਕਿ ਆਪ ਦੀ ਕਰਨੀ ਵੀ ਉਹੋ ਹੈ, ਨਹੀਂ ਤਾਂ ਕਹਿਣੀ ਫਿੱਕੀ ਪੈ ਜਾਵੇ। ਜਗਤ ਦਾ ਉਧਾਰ ਕਰਨ ਵਾਸਤੇ ਤੁਸੀਂ ਸਰੀਰ ਧਾਰਨ ਕੀਤਾ ਹੈ। ਮੈਂ ਮਨ ਵਿਚ ਇਸ ਤਰ੍ਹਾਂ ਨਿਸ਼ਚੇ ਕੀਤਾ ਹੈ"॥੫੨॥

**ਸਤਿਗੁਰ ਖੁਸ਼ੀ ਭਏ ਸੁਨਿ ਬਿਨਤੀ। ਸ਼ਰਧਾ ਦਈ, ਤਜਾਗਿ ਬਿਯ ਗਿਨਤੀ।**
**ਬੰਦਨ ਕਰਿ ਨਿਜ ਧਾਮ ਸਿਧਾਰਾ। ਅਪਰ ਥਾਨ ਮਹਿਂ ਸੁਜਸੁ ਪਸਾਰਾ॥੫੩॥**

ਸਤਿਗੁਰੂ ਜੀ ਬੇਨਤੀ ਸੁਣ ਕੇ ਪ੍ਰਸੰਨ ਹੋਏ, ਦੂਜੀਆਂ ਗਿਣਤੀਆਂ ਛੱਡ ਕੇ ਭਾਰੀ ਸ਼ਰਧਾ ਉਤਪੰਨ ਹੋਈ। ਫਿਰ ਬੰਦਨਾ ਕਰ ਕੇ ਆਪਣੇ ਘਰ ਨੂੰ ਚਲਾ ਗਿਆ। ਹੋਰ ਥਾਵਾਂ ਤੇ ਜਾ ਕੇ ਗੁਰੂ ਜੀ ਦੇ ਜੱਸ ਦਾ ਪਸਾਰ ਕੀਤਾ॥੫੩ ।

*ਗਿਆਰ੍ਹਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਇਕੱਤੀਵਾਂ

## ਗੁਰੂ ਜੀ ਦੀ ਮਹਿਮਾ, ਧੀਰਮੱਲ ਦੀ ਈਰਖਾ

ਦੋਹਰਾ- ਸੁੰਦਰ ਸਦਨ ਸੁਧਾਰਿ ਕਰਿ ਬਸੈਂ ਗੁਰੂ ਮਹਾਂਰਾਜ।
ਪ੍ਰਜਾ ਬਸਾਵਨਿ ਪੁਨ ਕਰੀ ਦੇ ਸਭਿ ਬਿਧਿਨਿ ਸਮਾਜ॥ ੧॥

ਸੁੰਦਰ ਘਰ ਬਣਾ ਕੇ ਗੁਰੂ ਜੀ ਉਥੇ ਰਹਿਣ ਲੱਗ ਗਏ। ਫਿਰ ਸਭ ਵਿਧੀਆਂ ਨਾਲ ਸਾਜ਼ੋ-ਸਾਮਾਨ ਦੇ ਕੇ ਪ੍ਰਜਾ ਨੂੰ ਉਥੇ ਵਸਾਇਆ॥ ੧॥

ਚੌਪਈ- ਨਿਤ ਪ੍ਰਤਿ ਸੰਗਤਿ ਆਇ ਨਵੀਨ। ਡੇਰਾ ਪਰਹਿ ਬਨਜ ਹੁਇ ਪੀਨ।
ਬੈਸਨ ਆਦਿ ਦੁਕਾਨ ਬਨਾਈ। ਗ਼ਨੀ ਗਰੀਬ ਬਸੈਂ ਸਮੁਦਾਈ॥ ੨॥

ਨਿਤਪ੍ਰਤਿ ਨਵੀਂ ਸੰਗਤ ਆਉਂਦੀ ਸੀ, ਉਹ ਆ ਕੇ ਡੇਰਾ ਕਰਦੇ ਸਨ ਤੇ ਭਾਰੀ ਵਪਾਰ ਚਲਦਾ ਸੀ। ਵੈਸ਼ਾਂ ਆਦਿ ਨੇ ਆਕੇ ਦੁਕਾਨਾਂ ਬਣਾਈਆਂ, ਧਨੀ ਗ਼ਰੀਬ ਸਭ ਮਿਲ ਕੇ ਵੱਸਦੇ ਸਨ॥੨॥

ਕਿਤਿਕ ਸਿੱਖਜ ਹੀ ਰਚੈਂ ਅਵਾਸ। ਹੇਤੁ ਜੀਵਕਾ ਕੀਨਸਿ ਬਾਸ।
ਕ੍ਰਿਤ ਕੇ ਕਰਨ ਹਾਰ ਨਰ ਬ੍ਰਿੰਦ। ਬਸੇ ਆਨਿ ਕਰਿ ਢਿਗ ਬਖ਼ਸ਼ਿੰਦ॥੩॥

ਕਈ ਸਿੱਖ ਵੀ ਆਪਣੇ ਘਰ ਬਣਾਉਂਦੇ ਸਨ, ਜੀਵਕਾ ਵਾਸਤੇ ਵਸੇਬਾ ਕਰਦੇ ਸਨ। ਬਹੁਤ ਮਜ਼ਦੂਰ ਮਨੁੱਖ ਕ੍ਰਿਤ ਕਰਨ ਵਾਲੇ ਸਨ, ਉਹ ਵੀ ਗੁਰੂ ਜੀ ਦੇ ਪਾਸ ਆ ਕੇ ਵੱਸ ਗਏ॥੩॥

ਆਇਂ ਸੈਕਰੇ ਨਿਤ ਨਰ ਨਾਰੀ। ਰਹੈ ਭੀਰ ਦਰਬਾਰ ਅਗਾਰੀ।
ਬ੍ਰਿੰਦ ਮਸੰਦ ਅਨੰਦ ਬਿਲੰਦੇ। ਰਚੈਂ ਨਿਕੇਤ ਨਿਕਟਿ ਸੁਖਕੰਦੇ॥ ੪॥

ਨਿੱਤ ਸੈਂਕੜੇ ਇਸਤਰੀ ਪੁਰਸ਼ ਆਉਂਦੇ ਸਨ ਤੇ ਗੁਰੂ ਜੀ ਦੇ ਦਰਬਾਰ ਅੱਗੇ ਬਹੁਤ ਭੀੜ ਰਹਿੰਦੀ ਸੀ। ਬਹੁਤ ਮਸੰਦ ਬੜੇ ਅਨੰਦ ਨਾਲ ਰਹਿੰਦੇ ਸਨ, ਉਹ ਗੁਰੂ ਜੀ ਦੇ ਨੇੜੇ ਨੇੜੇ ਮਕਾਨ ਬਣਵਾ ਰਹੇ ਸਨ॥੪॥

ਅਨਿਕ ਫਕੀਰਨਿ ਪੰਕਤਿ ਆਈ। ਲਖੇ ਕ੍ਰਿਪਾਲ ਪਰੇ ਸ਼ਰਣਾਈ।
ਬੰਦਨ ਕਰਿ ਬੈਠਹਿਂ ਨਿਤ ਪਾਸ। ਬਨਹਿ ਦੇਗ ਤੇ ਅਚਵਹਿਂ ਗ੍ਰਾਸ॥੫॥

ਅਨੇਕਾਂ ਫਕੀਰਾਂ ਦੀਆਂ ਪੰਗਤੀਆਂ ਆਈਆਂ, ਕਿਰਪਾਲੂ ਗੁਰੂ ਜੀ ਨੂੰ ਵੇਖ ਕੇ ਉਹ ਉਨ੍ਹਾਂ ਦੀ ਸ਼ਰਨ ਵਿਚ ਆ ਜਾਂਦੇ ਸਨ। ਬੰਦਨਾ ਕਰਕੇ ਨਿੱਤ ਪਾਸ ਬੈਠ ਜਾਂਦੇ ਸਨ। ਜਦ ਲੰਗਰ ਚਲਦਾ ਸੀ ਤਾਂ ਭੋਜਨ ਛੱਕਦੇ ਸਨ॥੫॥

ਬਾਂਛਤਿ ਬਸਤ੍ਰ ਪਾਇ ਗਨ ਰਹੈਂ। ਜਨਮ ਸੁਧਾਰਹਿਂ 'ਗੁਰੁ ਗੁਰੁ' ਕਹੈਂ।
ਕੇਤਿਕ ਦਾਸ ਸਦਾ ਰਹਿਂ ਸਾਥ। ਸੇਵਾ ਕਰਹਿਂ ਜੋਰਿ ਕਰਿ ਹਾਥ॥ ੬॥

ਮਨ ਭਾਉਂਦੇ ਕਪੜੇ ਪਾਉਂਦੇ ਸਨ ਤੇ ਉਥੇ ਗੁਰੂ ਜੀ ਪਾਸ ਰਹਿੰਦੇ ਸਨ ਤੇ 'ਗੁਰੁ ਗੁਰੁ' ਕਹਿ ਕੇ ਜਨਮ ਸੁਧਾਰਦੇ ਸਨ। ਕਈ ਸੇਵਕ ਸਦਾ ਹੀ ਨਾਲ ਰਹਿੰਦੇ ਸਨ ਤੇ ਹੱਥ ਜੋੜ ਕੇ ਸੇਵਾ ਕਰਦੇ ਸਨ॥੬॥

ਦਿਨਪ੍ਰਤਿ ਐਸ੍ਰਜ ਬਧਹਿ ਬਿਸਾਲਾ। ਦੁਗੁਨ ਚੁਗੁਨਾ ਦਸਗੁਨ ਜਾਲਾ।
ਇਕ ਆਵਹਿ ਸੰਗਤਿ ਇਕ ਜਾਹੀ। ਪਸਰਯੋ ਸੁਜਸੁ ਅਸ਼ਟ ਦਿਸ਼ਿ ਮਾਂਹੀ॥੭॥

ਦਿਨ ਪ੍ਰਤਿ ਧਨ ਦੌਲਤ ਵਧਦਾ ਜਾਂਦਾ ਸੀ, ਦੂਨਾ, ਚਾਰ ਗੁਣਾਂ ਅਤੇ ਦਸ ਗੁਣਾਂ ਹੋ ਗਿਆ। ਇਕ ਸੰਗਤ ਆਉਂਦੀ ਸੀ, ਇਕ ਜਾਂਦੀ ਸੀ। ਗੁਰੂ ਜੀ ਦਾ ਜੱਸ ਅੱਠਾਂ ਦਿਸ਼ਾਵਾਂ ਵਿਚ ਫੈਲ ਗਿਆ॥੭॥

**ਜੇ ਦੁਰਲਭ ਹੈਂ ਅਨਿਕ ਅਕੋਰੇਂ। ਅਰਪਨਿ ਕਰੈਂ ਖਰੇ ਕਰ ਜੋਰੇਂ।**
**ਅੰਬਰ, ਪਸ਼ਮੰਬਰ, ਪਾਟੰਬਰ। ਸੁੰਦਰ ਆਦਿ ਊਨ ਕੇ ਕੰਬਰ॥ ੮॥**

ਜਿਹੜੇ ਅਨੇਕਾਂ ਉਪਹਾਰ ਦੁਰਲੱਭ ਹਨ, ਉਹ ਹੱਥ ਜੋੜ ਕੇ ਗੁਰੂ ਜੀ ਅੱਗੇ ਅਰਪਣ ਕਰਦੇ ਸਨ। ਸੂਤੀ ਕਪੜੇ, ਪਸ਼ਮੀਨੇ ਦੇ ਕਪੜੇ, ਪਟ ਦੇ ਕਪੜੇ ਅਤੇ ਉਨ ਦੇ ਸੁੰਦਰ ਕੰਬਲ ਅਰਪਣ ਕਰਦੇ ਸਨ॥੮॥

**ਸ੍ਰੀ ਗੁਜਰੀ ਹਿਤ ਘਨੇ ਬਿਭੂਖਨ। ਆਗੇ ਅਰਪਹਿਂ ਆਨਿ ਅਦੂਖਨ।**
**ਧਨ ਕੀ ਗਨਤੀ ਕਛੂ ਨ ਹੋਇ। ਦਿਨ ਪ੍ਰਤਿ ਗੁਰ ਆਗੇ ਬਹੁ ਜੋਇ॥ ੯॥**

ਮਾਤਾ ਗੁਜਰੀ ਜੀ ਵਾਸਤੇ ਬਹੁਤ ਗਹਿਣੇ ਲੈ ਕੇ ਆਉਂਦੇ ਸਨ, ਉਹ ਆ ਕੇ ਗੁਰੂ ਜੀ ਦੇ ਅੱਗੇ ਅਰਪਣ ਕਰ ਦਿੰਦੇ ਸਨ। ਧਨ ਦੀ ਕੋਈ ਗਿਣਤੀ ਨਹੀਂ ਸੀ ਹੁੰਦੀ, ਦਿਨ ਪ੍ਰਤਿ ਗੁਰੂ ਜੀ ਦੇ ਅੱਗੇ ਬਹੁਤ ਧਨ ਆਉਂਦਾ ਸੀ॥੯॥

**ਪਿਖਿ ਸ੍ਰੀ ਤੇਗ ਬਹਾਦਰ ਦਰਬ। ਖਰਚਨ ਕਰਤਿ ਜਾਤਿ ਤਿਮ ਸਰਬ।**
**ਨਗਰ ਬਸਾਵਨਿ ਮਹਿਂ ਬਹੁ ਦੇਤਿ। ਜਹਿਂ ਕਹਿਂ ਸੁੰਦਰ ਬਨਹਿਂ ਨਿਕੇਤ॥੧੦॥**

ਗੁਰੂ ਤੇਗ ਬਹਾਦਰ ਜੀ ਧਨ ਨੂੰ ਆਉਂਦਾ ਵੇਖ ਕੇ ਸਾਰਾ ਧਨ ਖਰਚ ਦਿੰਦੇ ਸਨ। ਨਗਰ ਵਸਾਉਣ ਵਾਸਤੇ ਬਹੁਤ ਧਨ ਦਿੰਦੇ ਸਨ, ਜਿਥੇ ਕਿਥੇ ਸੁੰਦਰ ਘਰ ਬਣ ਰਹੇ ਸਨ॥੧੦॥

**ਦੀਰਘ ਦੇਗ ਬਨਹਿ ਜੁਗ ਕਾਲਾ। ਹੋਤਿ ਖਰਚ ਲੇ ਅੰਨ ਬਿਸਾਲਾ।**
**ਸਿਰੇਪਾਉ ਸਿੱਖਜਨਿ ਕੋ ਦੇਤਿ। ਲੇਤਿ ਸ਼੍ਰੇਯ ਕੇ ਹਤੁ ਸੁਚੇਤ॥ ੧੧॥**

ਦੋਵੇਂ ਵੇਲੇ ਸੁੰਦਰ ਲੰਗਰ ਤਿਆਰ ਹੁੰਦਾ ਸੀ, ਉਸ ਵਿਚ ਬਹੁਤ ਧਨ ਖਰਚ ਹੁੰਦਾ ਸੀ, ਬਹੁਤ ਅਨਾਜ ਖਰੀਦਦੇ ਸਨ। ਸਿੱਖਾਂ ਨੂੰ ਸਿਰੋਪੇ ਦਿੰਦੇ ਸਨ, ਸਿੱਖ ਸਾਵਧਾਨ ਹੋ ਕੇ,ਮੁਕਤੀ ਪ੍ਰਾਪਤ ਕਰਦੇ ਸਨ॥੧੧॥

**ਇੱਤਜਾਦਿਕ ਬਹੁ ਕਾਰਨ ਔਰ। ਖਰਚਿ ਕਰਤਿ ਸੋਢੀ ਸਿਰਮੌਰ।**
**ਇਸ ਬਿਧਿ ਕਤਿਕ ਬਿਤੇ ਮਹੀਨੇ। ਗੁਰੂ ਬਿਦਤ ਸਭਿ ਦੇਸ਼ਨਿ ਚੀਨੇ॥੧੨॥**

ਇਸ ਤਰ੍ਹਾਂ ਹੋਰ ਬਹੁਤ ਕਾਰਨ ਸਨ, ਸ਼੍ਰੋਮਣੀ ਸੋਢੀ ਪਾਤਸ਼ਾਹ ਬਹੁਤ ਖਰਚ ਕਰਦੇ ਸਨ। ਇਸ ਪ੍ਰਕਾਰ ਕਈ ਮਹੀਨੇ ਬਤੀਤ ਕੀਤੇ। ਗੁਰੂ ਜੀ ਦੇ ਪ੍ਰਗਟ ਹੋਣ ਬਾਰੇ ਸਾਰੇ ਦੇਸ਼ਾਂ ਨੇ ਜਾਣ ਲਿਆ॥੧੨॥

**ਜੋ ਸ਼ਰੀਕ ਸੋਢੀ ਕੁਲ ਅਹੈਂ। ਮਤਸਰ ਸਹਿਤ ਬਿਸਮ ਉਰ ਰਹੈਂ।**
**ਕਿਸ ਪ੍ਰਕਾਰ ਬਿਵਹਾਰ ਮਝਾਰੀ। ਨਹਿਂ ਮਤਿ ਹੁਤੀ, ਬਿਤੀ ਬਯ ਸਾਰੀ॥੧੩॥**

ਜਿਹੜੇ ਸੋਢੀ ਕੁਲ ਦੇ ਸ਼ਰੀਕ ਸਨ, ਉਹ ਈਰਖਾ ਸਹਿਤ ਹਿਰਦੇ ਵਿਚ ਹੈਰਾਨ ਰਹਿੰਦੇ ਸਨ। ਕਿਸ ਪ੍ਰਕਾਰ ਸਾਰੇ ਵਿਹਾਰ ਚਲਾ ਰਹੇ ਹਨ, ਕਿਸੇ ਵੀ ਵਿਹਾਰ ਵਿਚ ਗੁਰੂ ਜੀ ਨੇ ਸਾਰੀ ਉਮਰ ਆਪਣੀ ਬੁੱਧੀ ਨਹੀਂ ਸੀ ਲਗਾਈ॥੧੩॥

**ਲਖਹਿਂ ਨਿਲਾਯਕ ਸਗਲੇ ਜਾਂਹੂੰ। ਜਿਮ ਨਿਸ਼ਚੈ ਗੁਰ ਕੀਨਸਿ ਤਾਂਹੂੰ।**
**ਬਡ ਐਸ਼੍ਵਰਜ ਵਧਜੋ ਤਤਕਾਲਾ। ਦੇਖਾ ਦੇਖੀ ਮਾਨਵ ਜਾਲਾ॥ ੧੪॥**

ਜਿਸ ਨੂੰ ਸਾਰੇ ਨਾਲਾਇਕ ਸਮਝਦੇ ਸਨ, ਜਿਵੇਂ ਨਿਸ਼ਚੇ ਕਰਕੇ ਇਨ੍ਹਾਂ ਨੂੰ ਗੁਰੂ ਬਣਾਇਆ ਹੈ। ਤੁਰਤ ਹੀ ਧਨ ਦੌਲਤ ਬਹੁਤ ਵੱਧ ਗਿਆ ਹੈ, ਵੇਖਾਵੇਖੀ ਬਹੁਤ ਮਨੁੱਖ ਆ ਰਹੇ ਹਨ॥੧੪॥

ਹਮ ਕੋ ਤਜਿ ਤਜਿ ਤਿਸ ਢਿਗ ਗਏ। ਇਕ ਮੱਖਨ ਨ ਅਸ ਬਿਧਿ ਕਏ।
ਅਜਹੁਂ ਨ ਕੁਛ ਬਿਚਾਰ ਉਰ ਆਯੋ। ਧੀਰਮੱਲ ਘਰ ਗ੍ਰਿੰਥ ਪੁਚਾਯੋ॥ ੧੫॥

ਸਾਨੂੰ ਛੱਡ ਛੱਡ ਕੇ ਉਨ੍ਹਾਂ ਦੇ ਪਾਸ ਚਲੇ ਗਏ ਹਨ, ਇਕ ਮੱਖਣ ਸ਼ਾਹ ਨੇ ਐਸੀ ਵਿਧੀ ਕੀਤੀ ਹੈ। ਹਾਲੇ ਵੀ ਦੁਨੀਆਂਦਾਰੀ ਦੀ ਕੁਝ ਵਿਚਾਰ ਨਹੀਂ ਆਈ ਹੈ। ਧੀਰਮੱਲ ਦੇ ਘਰ ਗ੍ਰੰਥ ਸਾਹਿਬ ਪਹੁੰਚਾ ਦਿੱਤਾ ਹੈ॥੧੫॥

ਦੁਲਭ ਵਸਤੁ ਨਿਜ ਬਡਿਅਨਿ ਕਰ ਕੀ। ਮਹਿਮਾ ਲਖਿ ਨ ਸਕਯੋ ਅਸ ਬਰ ਕੀ।
ਕੈ ਧਰਿ ਤ੍ਰਾਸ ਫੇਰ ਕਰਿ ਦੀਨਾ। ਰਾਖਯੋ ਨਿਕਟਿ ਨ, ਕ੍ਯਾ ਇਹ ਕੀਨਾ ! ॥੧੬॥

ਜਿਹੜੀ ਵੱਡਿਆਂ ਦੇ ਹੱਥ ਦੀ ਦੁਰਲੱਭ ਵਸਤੂ ਸੀ, ਉਸ ਦੀ ਮਹਿਮਾ ਨਹੀਂ ਜਾਣ ਸਕੇ ਹਨ, ਐਸੇ ਸ੍ਰੇਸ਼ਟ ਗੁਰੂ ਗ੍ਰੰਥ ਸਾਹਿਬ ਜੀ ਹਨ ਜਾਂ ਫਿਰ ਡਰ ਕਰਕੇ ਮੋੜ ਦਿੱਤਾ ਹੈ ਆਪਣੇ ਪਾਸ ਨਹੀਂ ਰੱਖਿਆ ਹੈ, ਇਹ ਕੀ ਕੀਤਾ ਹੈ॥੧੬॥

ਜੋ ਸੰਗਤਿ ਹਮ ਮਾਨਨਿ ਲਾਗੀ। ਸਹਿਤ ਉਪਾਇਨ ਸੋ ਅਬਿ ਭਾਗੀ।
ਇੱਤਜਾਦਿਕ ਸੋਢੀ ਦੁਖ ਪਾਵੈਂ। ਔਗੁਨ ਕਲਪਹਿਂ ਅਨਿਕ ਸੁਨਾਵੈਂ॥ ੧੭॥

ਜੋ ਸੰਗਤ ਸਾਨੂੰ ਮੰਨਣ ਲੱਗੀ ਸੀ, ਉਹ ਉਪਹਾਰਾਂ ਸਹਿਤ ਓਧਰ ਭੱਜ ਗਈ ਹੈ। ਇਸ ਤਰ੍ਹਾਂ ਹੋਰ ਸੋਢੀ ਦੁਖ ਪਾਉਂਦੇ ਸਨ। ਅਨੇਕਾਂ ਔਗੁਣ ਕਲਪ ਕੇ ਸੁਣਾਉਂਦੇ ਸਨ॥੧੭॥

ਜਯੋਂ ਜਯੋਂ ਧੀਰਮੱਲ ਜਸੁ ਸੁਨੈ। ਸੰਗਤਿ ਜਾਤਿ ਦੇਖਿ ਸਿਰ ਧੁਨੈ।
ਮਹਿਮਾ ਮਨ ਮਹਿਂ ਮਾਨਹਿ ਨੀਕੀ। ਤਊ ਲੋਭ ਵਸਿ ਮਤਿ ਹੈ ਫੀਕੀ॥੧੮॥

ਜਿਵੇਂ ਜਿਵੇਂ ਧੀਰਮੱਲ ਜੱਸ ਸੁਣਦਾ ਸੀ ਤੇ ਸੰਗਤ ਨੂੰ ਜਾਂਦੀ ਵੇਖ ਕੇ ਸਿਰ ਹਿਲਾਉਂਦਾ ਸੀ। ਮਨ ਵਿਚ ਚੰਗੀ ਮਹਿਮਾ ਮੰਨਦਾ ਸੀ, ਫਿਰ ਵੀ ਲੋਭ ਵੱਸ ਹੋ ਕੇ ਬੁੱਧੀ ਫਿਕੀ ਹੋ ਗਈ॥੧੮॥

ਜਾਨਹਿ ਐਸ੍ਵਰਜ ਭਯੋ ਘਨੇਰੇ। ਚਹੁਂਦਿਸ਼ਿ ਕੀ ਸੰਗਤਿ ਤਿਸ ਨੇਰੇ।
ਬ੍ਰਿੰਦ ਦਰਬ ਕੋ ਅਰਪਹਿ ਜਾਈ। ਮਹਿ ਮਹਿਂ ਮਹਿਮਾ ਮਹਿਤ ਲਖਾਈ॥੧੯॥

ਜਾਣਦਾ ਸੀ ਕਿ ਧਨ ਦੌਲਤ ਬਹੁਤ ਵਧਿਆ ਹੈ, ਚਾਰੇ ਪਾਸਿਆਂ ਦੀ ਸੰਗਤ ਉਨ੍ਹਾਂ ਦੇ ਪਾਸ ਜਾਂਦੀ ਹੈ। ਬਹੁਤ ਧਨ ਜਾ ਕੇ ਅਰਪਣ ਕਰਦੇ ਹਨ। ਪ੍ਰਿਥਵੀ ਵਿਖੇ ਬਹੁਤ ਮਹਿਮਾ ਵਧੀ ਹੋਈ ਦਿਖਾਈ ਦਿੰਦੀ ਹੈ॥੧੯॥

ਭ੍ਰਾਤ ਭਤੀਜਾ ਮਮ ਗੁਰੁ ਭਯੋ। ਤਿਨ ਪਸ਼ਚਾਤ ਉਚਿਤ ਮੈਂ ਥਯੋ।
ਦੁਇ ਪੀੜ੍ਹੀ ਇਹ ਊਪਰ ਰਹੈਂ। ਕਿਮ ਗੁਰੁ ਕਰੇ, ਨ ਇਸ ਪਦ ਲਹੈਂ॥ ੨੦॥

ਮੇਰਾ ਭਰਾ ਤੇ ਭਤੀਜਾ ਗੁਰੂ ਹੋਏ ਹਨ, ਉਨਾਂ ਤੋਂ ਬਾਅਦ ਗੁਰਗੱਦੀ ਵਾਸਤੇ ਮੈਂ ਉਚਿਤ ਸੀ, ਇਹ ਦੋ ਪੀੜ੍ਹੀਆਂ ਉੱਚੇ ਸਨ, ਕਿਵੇਂ ਇਨ੍ਹਾਂ ਨੂੰ ਗੁਰੂ ਕਰ ਲਿਆ, ਇਹ ਤਾਂ ਇਸ ਪਦਵੀ ਨੂੰ ਲੈ ਨਹੀਂ ਸਕਦੇ॥੨੦॥

ਦਿੱਲੀ ਮਹਿਂ ਮਸੰਦ ਬਿਰਮਾਯੋ। ਤਿਸ ਤੇ ਅਪਨੋ ਨਾਮ ਕਹਾਯੋ।
ਪੁਨ ਮੱਖਣ ਮੂਰਖ ਅਨਜਾਨ। ਧਨ ਦੇ ਕਰਿ ਜਗ ਕੀਨਿ ਬਖਾਨ॥ ੨੧॥

ਦਿੱਲੀ ਵਿਚ ਮਸੰਦਾਂ ਨੂੰ ਭਰਮਾ ਲਿਆ ਹੈ ਤੇ ਉਨ੍ਹਾਂ ਪਾਸੋਂ ਆਪਣਾ ਨਾਂ ਕਹਾਇਆ ਹੈ, ਫਿਰ ਮੱਖਣ ਮੂਰਖ ਅਨਜਾਣ ਨੇ ਧਨ ਦੇ ਕੇ ਜਗ ਵਿਚ ਕਹਿ ਦਿੱਤਾ ਹੈ॥੨੧॥

ਦੇਨਿ ਲੇਨਿ ਕਰਿ ਇਨਕੇ ਸਾਥ। ਬੈਠਯੋ ਬਨਿ ਖਿਲੰਦ ਗੁਰੁ ਨਾਥ।
ਮੋ ਤੇ ਜਰੀ ਨ ਜਾਇ ਬਡਾਈ। 'ਕਹੁ ਸ਼ੀਹਾਂ ! ਕ੍ਯਾ ਕਰਹਿਂ ਉਪਾਈ ? ॥੨੨॥

ਉਸ ਦੇ ਨਾਲ ਦੇਣ ਲੈਣ ਕਰਕੇ, ਵੱਡੇ ਗੁਰੂ ਮਾਲਕ ਬਣ ਕੇ ਬੈਠ ਗਏ ਹਨ। ਮੇਰੇ ਪਾਸੋਂ ਵਡਿਆਈ ਜਰੀ ਨਹੀਂ ਜਾਂਦੀ ਹੈ। "ਹੇ ਮਸੰਦ ਸ਼ੀਂਹਾਂ ! ਦੱਸੋ ਕੀ ਉਪਾਅ ਕਰੀਏ ?" ॥੨੨॥

ਇਸ ਕੀ ਜਿਮ ਮਨੌਤ ਹਟਿ ਜਾਇ। ਚਹੂੰਦਿਸ਼ਿ ਤੇ ਧਨ ਭਾ ਸਮੁਦਾਇ।
ਭਯੋ ਗ਼ਰੀਬ ਪ੍ਰਥਮ ਇਹ ਰਹਿਊ। ਨੀਠ ਨੀਠ ਗੁਜ਼ਰਾਨ ਨਿਬਹਿਊ ॥੨੩॥

ਇਨ੍ਹਾਂ ਦੀ ਜਿਵੇਂ ਮਨੌਤ ਹੱਟ ਜਾਵੇ, ਚਾਰੇ ਪਾਸਿਆਂ ਤੋਂ ਜਿਹੜਾ ਬਹੁਤ ਧਨ ਆ ਰਿਹਾ ਹੈ। ਪਹਿਲਾਂ ਤਾਂ ਇਹ ਬਹੁਤ ਗ਼ਰੀਬ ਸਨ, ਮਸਾਂ-ਮਸਾਂ ਗੁਜ਼ਾਰਾ ਚਲਦਾ ਸੀ॥੨੩॥

ਛਪਜੋ ਰਹੈ ਕੋ ਜਾਨਹਿ ਨਾਂਹੀ। ਨਹਿਂ ਕੁਛ ਬਿਦਤ ਸੰਗਤਾਂ ਮਾਂਹੀ।
ਏਕ ਬਾਰਿ ਐਸੇ ਬਨਿ ਗਯੋ। ਨਗਰ ਵਸਾਵਨਿ ਸਮਰਥ ਭਯੋ॥ ੨੪॥

ਲੁਕ ਕੇ ਰਹਿੰਦੇ ਸਨ, ਕੋਈ ਵੀ ਜਾਣਦਾ ਨਹੀਂ ਸੀ, ਸੰਗਤਾਂ ਵਿਚ ਕਿਸੇ ਪ੍ਰਕਾਰ ਵੀ ਪ੍ਰਗਟ ਨਹੀਂ ਸਨ। ਇਕੋ ਵਾਰ ਐਸੇ ਬਣ ਗਏ ਹਨ ਕਿ ਇਕ ਨਗਰ ਵਸਾਉਣ ਦੇ ਸਮਰੱਥ ਹੋ ਗਏ ਹਨ॥੨੪॥

ਮਾਰਨ ਹਿਤ ਜੋ ਕਰੇ ਉਪਾਇ। ਸੋ ਸਭਿ ਬਾਦ ਗਏ ਦੁਖਦਾਇ।
ਅਬਿ ਜੋ ਬਨਹਿ ਬਤਾਵਹੁ ਮੋਹੀ। ਜਬਿ ਇਹ ਟਰੈ ਸ਼ਾਂਤਿ ਚਿਤ ਹੋਹੀ' ॥੨੫॥

ਮਾਰਨ ਹਿਤ ਜਿਹੜੇ ਉਪਾਅ ਕੀਤੇ ਸਨ, ਉਹ ਸਭ ਦੁਖਦਾਈ ਵਿਅਰਥ ਗਏ ਹਨ। ਹੁਣ ਜੋ ਬਣਦਾ ਹੈ ਮੈਨੂੰ ਦੱਸੋ, ਜਦ ਇਹ ਟਲ ਕੇ ਸ਼ਾਂਤ ਚਿੱਤ ਹੋ ਜਾਣਾ" ॥੨੫॥

ਧੀਰਮੱਲ ਤੇ ਸੁਨਿ ਕਰਿ ਬੈਨ। ਦੁਸ਼ਟ ਮਸੰਦ ਕ੍ਰੂਰ ਕਰਿ ਨੈਨ।
ਕਹਜੋ ਕਿ 'ਮੈਂ ਸਭਿ ਕਰਨੇ ਹਾਰਾ। ਜਾਨੌਂ ਜਤਨ ਅਨਿਕ ਪਰਕਾਰਾ ॥੨੬॥

ਧੀਰਮੱਲ ਪਾਸੋਂ ਅਜਿਹੇ ਬੋਲ ਸੁਣ ਕੇ ਦੁਸ਼ਟ ਸ਼ੀਹੇਂ ਮਸੰਦ ਨੇ ਭਿਆਨਕ ਨੈਣ ਕੱਢ ਕੇ ਕਿਹਾ, "ਮੈਂ ਸਭ ਕਰਨਹਾਰ ਹਾਂ, ਮੈਂ ਅਨੇਕ ਪ੍ਰਕਾਰ ਦੇ ਯਤਨ ਜਾਣਦਾ ਹਾਂ॥੨੬॥

ਮੋਹਿ ਕਹੇ ਮਹਿਂ ਰਹੀਏ ਆਪ। ਵਧਹਿ ਚੌਗੁਨੋ ਅਧਿਕ ਪ੍ਰਤਾਪ।
ਕੋ ਅਸ ਕਾਜ ਜੁ ਤੁਮ ਤੇ ਹੋਇ ਨ। ਤੂਰਨ ਰਿਪੁ ਕੇ ਸੁਖ ਕੋ ਖੋਇ ਨ ॥੨੭॥

ਮੇਰੇ ਕਹੇ ਉਤੇ ਆਪ ਰਹੋਗੇ ਤਾਂ ਤੁਹਾਡਾ ਚਾਰ ਗੁਣਾਂ ਪ੍ਰਤਾਪ ਜ਼ਿਆਦਾ ਵਧੇਗਾ। ਕਿਹੜਾ ਐਸਾ ਕਾਰਜ ਹੈ ਜਿਹੜਾ ਤੁਹਾਡੇ ਪਾਸੋਂ ਨਹੀਂ ਹੋ ਸਕਦਾ ਹੈ, ਜਿਹੜਾ ਵੈਰੀ ਦੇ ਸੁੱਖ ਨੂੰ ਖੋਹ ਨਾ ਲਵੇ॥੨੭॥

ਅਬਿ ਇਮ ਜਤਨ ਬਨਾਵਨਿ ਕਰੋ। ਰਾਮਰਾਇ ਸੰਗ ਪ੍ਰੀਤੀ ਧਰੋ।
ਅਹੈ ਭਤੀਜਾ ਪੁੱਤ੍ਰ ਮਨਿੰਦ। ਕੁਲ ਮਹਿਂ ਲਾਯਕ ਜਨੁ ਨਭ ਇੰਦ ॥ ੨੮॥

ਹੁਣ ਇਸ ਤਰ੍ਹਾਂ ਯਤਨ ਬਣਾਓ ਕਿ ਰਾਮਰਾਇ ਨਾਲ ਪ੍ਰੀਤ ਧਾਰਨ ਕਰੋ। ਇਹ ਭਤੀਜਾ ਪੁੱਤਰਾਂ ਵਰਗਾ ਹੈ, ਕੁਲ ਵਿਚ ਉਸ ਦੀ ਲਿਆਕਤ ਇਸ ਤਰ੍ਹਾਂ ਪ੍ਰਕਾਸ਼ਮਈ ਹੈ ਜਿਵੇਂ ਅਕਾਸ਼ ਵਿਚ ਚੰਦਰਮਾ ਹੈ॥੨੮॥

ਆਲਮਗੀਰ ਕਹੇ ਮਹਿਂ ਜਾਂਹੀ। ਸਾਦਰ ਨਿਤ ਸਮੀਪ ਚਲਿ ਜਾਹੀ।
ਸ਼ਾਹੁ ਸੰਗ ਸੋ ਬਾਤ ਚਲਾਵੈ। ਅਜ਼ਮਤਿ ਹਿਤ ਨਿਤ ਨਿਕਟਿ ਬੁਲਾਵੈ॥੨੯॥

ਜਿਹੜਾ ਔਰੰਗਜ਼ੇਬ ਦੀ ਆਗਿਆ ਵਿਚ ਹੈ, ਬੜੇ ਆਦਰ ਨਾਲ ਬਾਦਸ਼ਾਹ ਦੇ ਪਾਸ ਚਲ ਕੇ ਜਾਂਦਾ ਹੈ ਬਾਦਸ਼ਾਹ ਨਾਲ ਜਾ ਕੇ ਜੋ ਗੱਲਾਂ ਕਰਦਾ ਹੈ, ਕਰਾਮਾਤ ਵਾਸਤੇ ਬਾਦਸ਼ਾਹ ਉਸ ਨੂੰ ਆਪਣੇ ਪਾਸ ਬੁਲਾਉਂਦਾ ਹੈ॥੨੯॥

ਦਿੱਲੀ ਬਿਖੈ ਜਾਇ ਜੇ ਬਰੈ। ਹਿਤ ਹਮ ਰਹੈਂ ਕਾਜ ਸਭਿ ਸਰੈ।
ਸ਼ਾਹੁ ਸਭਾ ਮਹਿਂ ਹੋਹਿ ਪ੍ਰਵੇਸ਼। ਜਾਚਹਿ ਅਜ਼ਮਤ ਅਧਿਕ ਹਮੇਸ਼॥ ੩੦॥

ਦਿੱਲੀ ਵਿਖੇ ਜਾ ਕੇ ਜੇ ਉਹ ਰਹੇ ਤਾਂ ਅਸੀਂ ਜੇ ਏਧਰ ਰਹੀਏ ਤਾਂ ਸਾਡੇ ਸਾਰੇ ਕੰਮ ਸਵਾਰ ਦੇਵੇਗਾ। ਬਾਦਸ਼ਾਹ ਦੀ ਸਭਾ ਵਿਚ ਜਾ ਕੇ ਦਾਖਲ ਹੋਵੇ ਜਿਹੜਾ ਸਦਾ ਬਹੁਤ ਕਰਾਮਾਤਾਂ ਵੇਖਣੀਆਂ ਚਾਹੁੰਦਾ ਰਹਿੰਦਾ ਹੈ॥੩੦॥

ਅਪਨੇ ਕਾਜ ਚਹੈ ਕਰਿਵਾਵੈ। ਨਹਿਂ ਆਵਨਿ ਦੇ ਨਿਕਟਿ ਬਸਾਵੈ।
ਰਾਮਰਾਇ ਮਹਿਂ ਅਜ਼ਮਤਿ ਭਾਰੀ। ਕਿਮ ਸਰਬਰ ਹੁਇ ਸ਼ਾਹੁ ਅਗਾਰੀ॥ ੩੧॥

ਆਪਣੇ ਕਾਰਜ ਕਰਵਾਉਣੇ ਚਾਹੁੰਦਾ ਹੈ, ਉਸ ਨੂੰ ਆਉਣ ਨਹੀਂ ਦਿੰਦਾ ਹੈ, ਆਪਣੇ ਪਾਸ ਵਾਸਾ ਕਰਵਾਉਂਦਾ ਹੈ। ਰਾਮਰਾਇ ਵਿਚ ਵੱਡੀ ਕਰਾਮਾਤ ਹੈ, ਬਾਦਸ਼ਾਹ ਉਸ ਦਾ ਕਿਵੇਂ ਮੁਕਾਬਲਾ ਕਰ ਸਕਦਾ ਹੈ॥੩੧॥

ਜੇ ਕਰਿ ਕਰਾਮਾਤ ਨਹਿਂ ਹੋਇ। ਕੈ ਹਠ ਕਰੈ ਦਿਖਾਇ ਨ ਸੋਇ।
ਮਹਾਂ ਕ੍ਰੂਰ ਮਤਿ ਅਵਰੰਗ ਸ਼ਾਹੂ। ਪਕਰਹਿ ਦੇਹਿ ਕੈਦ ਕੇ ਮਾਂਹੂ॥ ੩੨॥

ਜੇ ਕਰਾਮਾਤ ਨਾ ਹੋਵੇ ਜਾਂ ਜ਼ਿੱਦ ਕਰਕੇ ਉਹ ਕਰਾਮਾਤ ਨਾ ਵਿਖਾਵੇ ਤਾਂ ਨੌਰੰਗਾ ਬਾਦਸਾਹ ਮਹਾਨ ਦੁਸ਼ਟ ਮੱਤ ਵਾਲਾ ਹੈ, ਉਹ ਫੜ ਕੇ ਕੈਦ ਵਿਚ ਸੁੱਟ ਲਵੇਗਾ॥੩੨॥

ਕੈ ਕਰਿ ਕ੍ਰੋਧ ਕੁਮਤਿ ਤਤਕਾਲਾ। ਧਰ ਤੇ ਸੀਸ ਕਰਾਇ ਨਿਰਾਲਾ।
ਜਬਿ ਦੋਨਹੁ ਮੈਂ ਇਕ ਬਨਿ ਜਾਇ। ਹੋਇ ਕੈਦ ਕੈ ਪ੍ਰਾਨ ਬਿਲਾਇ॥ ੩੩॥

ਜਾਂ ਮਾੜੀ ਮੱਤ ਵਾਲਾ ਕ੍ਰੋਧ ਕਰਕੇ ਤੁਰਤ ਧੜ ਨਾਲੋਂ ਸਿਰ ਵੱਖ ਕਰ ਦੇਵੇਗਾ। ਜਦ ਦੋਹਾਂ ਵਿਚੋਂ ਇਕ ਬਣ ਜਾਵੇ ਨੌਰੰਗਾ ਉਨ੍ਹਾਂ ਨੂੰ ਕੈਦ ਕਰ ਲਵੇਗਾ ਜਾਂ ਪ੍ਰਾਣ ਕੱਢ ਲਵੇਗਾ॥੩੩॥

ਤਬਿ ਤੁਮ ਹੀ ਹੋ ਗੁਰੁ ਜਗ ਮਾਂਹੀ। ਸਭਿ ਸਿਖ ਆਇਂ ਆਪ ਕੇ ਪਾਹੀ।
ਅਰਪਹਿਂ ਦਰਬ ਚਹੂੰ ਦਿਸ਼ਿ ਕੇਰਾ। ਹੁਇ ਰਾਵਰਿ ਐਸ਼੍ਵਰਜ ਘਨੇਰਾ॥ ੩੪॥

ਤਦ ਤੁਸੀਂ ਹੀ ਜਗ ਵਿਚ ਗੁਰੂ ਹੋਵੋਗੇ, ਫਿਰ ਸਾਰੇ ਸਿੱਖ ਤੁਹਾਡੇ ਪਾਸ ਆਉਣਗੇ। ਚਾਰੇ ਪਾਸਿਆਂ ਦੇ ਸਿੱਖ ਤੁਹਾਨੂੰ ਧਨ ਅਰਪਣ ਕਰਨਗੇ ਤਾਂ ਆਪ ਦੇ ਪਾਸ ਬਹੁਤ ਧਨ ਦੌਲਤ ਹੋ ਜਾਵੇਗੀ॥੩੪॥

ਇਹ ਉਪਾਇ ਅਬਿ ਜਾਨਜੋ ਪਰੈ। ਜਿਸ ਤੇ ਨਿਜ ਸ਼ਤ੍ਰੂ ਪਰਹਰੈ'।
ਸੁਨਤਿ ਧੀਰਮਲ ਅਨੰਦ ਉਮਾਹਾ। 'ਸਾਧ ਸਾਧ' ਸੋ ਦੁਸ਼ਟ ਸਰਾਹਾ॥ ੩੫॥

ਇਹ ਉਪਾਅ ਕਰਨਾ ਹੀ ਹੁਣ ਸਮਝ ਵਿਚ ਆਉਂਦਾ ਹੈ, ਜਿਸ ਨਾਲ ਸਾਡਾ ਵੈਰੀ ਦੂਰ ਕੀਤਾ ਜਾ ਸਕਦਾ ਹੈ' ਇਹ ਸੁਣ ਕੇ ਧੀਰਮੱਲ ਬਹੁਤ ਪ੍ਰਸੰਨ ਹੋਇਆ, "ਸ਼ਾਬਾਸ਼ ਸ਼ਾਬਾਸ਼" ਕਹਿ ਕੇ ਧੀਰਮੱਲ ਨੇ ਦੁਸ਼ਟ ਮਸੰਦ ਦੀ ਸ਼ਲਾਘਾ ਕੀਤੀ॥੩੫॥

'ਹੋਨਹਾਰ ਤੈਂ ਬਾਤ ਬਖਾਨੀ। ਤਹਿਂ ਪਹੁੰਚੇ ਹੁਇ ਨਿਸ਼ਚੈ ਹਾਨੀ।
ਸੰਤ ਸੈਂਕਰੇ ਤਿਹ ਮਰਿਵਾਏ। ਕਿਮਹੂੰ ਕਿਸ ਤੇ ਤ੍ਰਾਸ ਨ ਪਾਏ॥ ੩੬॥

"ਤੂੰ ਬਹੁਤ ਚੰਗੀ ਗੱਲ ਕਹੀ ਹੈ, ਜੇ ਗੁਰੂ ਤੇਗ ਬਹਾਦਰ ਜੀ ਨੌਰੰਗੇ ਦੇ ਪਾਸ ਪਹੁੰਚਣਗੇ ਤਾਂ ਇਨ੍ਹਾਂ ਨੂੰ ਜ਼ਰੂਰ ਨੁਕਸਾਨ ਹੋਵੇਗਾ। ਨੌਰੰਗੇ ਨੇ ਸੈਂਕੜੇ ਸੰਤਾਂ ਨੂੰ ਮਰਵਾਇਆ ਹੈ, ਕਦੀ ਵੀ ਕਿਸੇ ਪਾਸੋਂ ਨਹੀਂ ਡਰਿਆ ਹੈ॥੩੬॥

ਮੋਰ ਭਤੀਜਾ ਅਜ਼ਮਤ ਭਾਰੀ। ਹਮ ਪਰ ਬਨਹਿ ਕਜੋਂ ਨ ਉਪਕਾਰੀ।
ਇਕ ਤੌ ਹਮ ਪਰ ਅਹੈ ਅਸਾਨ। ਦੂਜੇ ਤਿਸ ਕੋ ਭੀ ਰਿਪ ਜਾਨਿ॥ ੩੭॥

Sri Satguru Jagjit Singh Ji eLlibrary NamdhariElibrary@gmail.com

ਮੇਰੇ ਭਤੀਜੇ ਵਿਚ ਭਾਰੀ ਕਰਾਮਾਤ ਹੈ, ਸਾਡੇ ਉਤੇ ਉਹ ਕਿਉਂ ਉਪਕਾਰ ਨਹੀਂ ਕਰੇਗਾ। ਇਕ ਤਾਂ ਸਾਡੇ ਉਤੇ ਇਹ ਉਪਕਾਰ ਕਰੇਗਾ, ਦੂਸਰਾ ਉਹ ਵੀ ਗੁਰੂ ਜੀ ਨੂੰ ਆਪਣਾ ਵੈਰੀ ਜਾਣਦਾ ਹੈ॥੩੭॥

ਜੇ ਜਗ ਗੁਰਤਾ ਇਨ ਬਿਦਤਾਈ। ਰਾਮਰਾਇ ਲਘੁਤਾ ਕੌ ਪਾਈ।
ਨਿਤ ਪ੍ਰਤਿ ਦਰਬ ਹਜ਼ਾਰਹੁੰ ਜੋਇ। ਹਮਰੋ ਅਹੈ, ਲੇਤਿ ਹੈ ਸੋਇ॥ ੩੮॥

ਜੇ ਜਗਤ ਦੀ ਗੁਰਤਾ ਇਨ੍ਹਾਂ ਪ੍ਰਗਟ ਕੀਤੀ ਹੈ ਤੇ ਰਾਮਰਾਇ ਨੇ ਛੋਟਾਪਣ ਪ੍ਰਾਪਤ ਕੀਤਾ ਹੈ। ਨਿਤਪ੍ਰਤਿ ਇਹ ਹਜ਼ਾਰਾਂ ਦਾ ਧਨ ਪ੍ਰਾਪਤ ਕਰਦੇ ਹਨ, ਸਾਡੀ ਗੁਰਗੱਦੀ ਹੈ ਤੇ ਧਨ ਸ੍ਰੀ ਤੇਗ ਬਹਾਦਰ ਜੀ ਪ੍ਰਾਪਤ ਕਰਦੇ ਹਨ॥੩੮॥

ਰਾਮਰਾਇ ਹਮ ਏਕੋ ਅਹੈਂ। ਹਾਨ ਲਾਭ ਦੋਨਹੁੰ ਸਮ ਲਹੈਂ।
ਯਾਂਤੇ ਲਿਖੋ ਭਲੀ ਬਿਧਿ ਪਾਤੀ। ਤੂੰ ਕਿਮ ਬੈਠਯੋ ਸੀਤਲ ਛਾਤੀ ?॥ ੩੯॥

ਰਾਮਰਾਇ ਤੇ ਅਸੀਂ ਦੋਵੇਂ ਇਕ ਹਾਂ, ਹਾਣ ਲਾਭ ਦੋਵੇਂ ਬਰਾਬਰ ਜਾਣਦੇ ਹਾਂ। ਇਸ ਕਰਕੇ ਭਲੀ ਪ੍ਰਕਾਰ ਰਾਮਰਾਇ ਨੂੰ ਚਿੱਠੀ ਲਿਖੋ ਕਿ ਤੂੰ ਕਿਵੇਂ ਠੰਡੀ ਛਾਤੀ ਕਰਕੇ ਬੈਠਾ ਹੈਂ ?॥੩੯॥

ਸ਼ੱਤ੍ਰ ਸ਼ਰੀਕ ਹਮਾਰ ਤੁਮਾਰੋ। ਵਧਤਿ ਜਾਤਿ ਦਿਨਪ੍ਰਤਿ ਅਤਿ ਭਾਰੋ।
ਬਿਨ ਟਾਰੇ ਇਸ, ਕਿਮ ਬਨਿ ਆਵੈ। ਜਿਸ ਤੇ ਮਹਿਮਾ ਮਹਿ ਮਹਿੰ ਜਾਵੈ॥੪੦॥

ਸਾਡਾ ਤੁਹਾਡਾ ਵੈਰੀ ਸ਼ਰੀਕ, ਦਿਨ ਪ੍ਰਤਿ ਵਧਦਾ ਹੀ ਜਾਂਦਾ ਹੈ। ਇਸ ਨੂੰ ਹਟਾਉਣ ਤੋਂ ਬਗੈਰ ਕਿਵੇਂ ਵੀ ਕੁਝ ਬਣਦਾ ਨਹੀਂ ਹੈ, ਜਿਸ ਸ਼ਰੀਕ ਕਰਕੇ ਸਾਡੀ ਮਹਿਮਾ ਧਰਤੀ ਤੇ ਨਾਸ਼ ਹੋ ਰਹੀ ਹੈ"॥੪੦॥

ਇੱਤਯਾਦਿਕ ਮਿਲਿ ਮੰਤ੍ਰ ਬਿਚਾਰਾ। ਗੁਰ ਉਪਕਾਰ ਨ ਉਰ ਕੁਛ ਧਾਰਾ।
ਲੋਭ ਗੁਸੇ ਮਾਇਆ ਮਦ ਚਰਯੋ। ਚਿਤਵਨਿ ਕਲਮਲ ਕੋ ਚਿਤ ਕਰਯੋ॥੪੧॥

ਇਸ ਤਰ੍ਹਾਂ ਮਿਲ ਕੇ ਸਲਾਹ-ਮਸ਼ਵਰਾ ਕੀਤਾ। ਗੁਰੂ ਜੀ ਦੇ ਉਪਕਾਰ ਨੂੰ ਦਿਲ ਵਿਚ ਧਾਰਨ ਨਾ ਕੀਤਾ। ਲੋਭ ਵਿਚ ਗੁੱਸੇ ਹੋਏ ਨੂੰ ਮਾਇਆ ਦਾ ਨਸ਼ਾ ਚੜ੍ਹਿਆ ਹੋਇਆ ਹੈ, ਪਾਪ ਕਰਨ ਵਾਸਤੇ ਚਿੱਤ ਵਿਚ ਵਿਚਾਰ ਕੀਤੀ॥੪੧॥

*ਗਿਆਰ੍ਹਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥*

## ਅਧਿਆਇ ਬੱਤੀਵਾਂ

### ਧੀਰਮੱਲ ਰਾਮਰਾਇ ਮੇਲ

*ਦੋਹਰਾ-* ਧੀਰਮੱਲ ਪਾਤੀ ਲਿਖੀ ਕਰੀ ਤਰੀਫ ਉਦਾਰ।
'ਸਭਿ ਉਪਮਾ ਕੇ ਉਚਿਤ ਹੋ ਸੁਨਿ ਸੁਤ ਬਰਖੁਰਦਾਰ!॥ ੧॥

ਧੀਰਮੱਲ ਨੇ ਚਿੱਠੀ ਲਿਖੀ ਤੇ ਉਸ ਵਿਚ ਰਾਮਰਾਇ ਦੀ ਬਹੁਤ ਸ਼ਲਾਘਾ ਕੀਤੀ। ਹੇ ਬਰਖੁਰਦਾਰ ਪੁੱਤਰ ! ਸੁਣੋ, ਤੁਸੀਂ ਹਰ ਪ੍ਰਕਾਰ ਦੀ ਉਪਮਾ ਵਾਸਤੇ ਉਚਿਤ ਹੋ॥੧॥

*ਚੌਪਈ-* ਮੋਹਿ ਅਨੁਜ ਸ੍ਰੀ ਗੁਰੁ ਹਰਿਰਾਇ। ਤਿਹ ਜੇਸ਼ਟ ਸੁਤ ਗੁਨ ਸਮੁਦਾਇ।
ਤੁਰਕੇਸ਼ੁਰ ਕੋ ਬਸਿ ਕਰਿ ਲੀਨਾ। ਜਗ ਮਹਿਂ ਬਿਦਤਯੋ ਅਜ਼ਮਤ ਪੀਨਾ॥੨॥

ਸ੍ਰੀ ਗੁਰੂ ਹਰਿਰਾਇ ਜੀ ਮੇਰੇ ਛੋਟੇ ਭਰਾ ਸਨ, ਤੁਸੀਂ ਉਨ੍ਹਾਂ ਦੇ ਵੱਡੇ ਪੁੱਤਰ ਗੁਣਾਂ ਦਾ ਖਜ਼ਾਨਾ ਹੋ। ਤੁਰਕ ਬਾਦਸ਼ਾਹ ਨੂੰ ਤੁਸੀਂ ਵੱਸ ਵਿਚ ਰੱਖਿਆ ਹੈ, ਤੁਸੀਂ ਜਗ ਵਿਚ ਭਾਰੀ ਕਰਾਮਾਤੀ ਦੇ ਤੌਰ ਤੇ ਪ੍ਰਸਿੱਧ ਹੋ॥੨॥

ਤੋ ਸਮ ਅਪਰ ਨਹੀਂ ਜਗ ਕੋਈ। ਇਤੀ ਸ਼ਕਤਿ ਕਿਤ ਪੱਯਤਿ ਸੋਈ।
ਤੁਵ ਪਿਤ ਜੈਸੇ ਅਨੁਜ ਹਮਾਰਾ। ਤਿਨ ਹੀ ਸਮ ਮੈਂ ਤੋਹਿ ਨਿਹਾਰਾ॥ ੩॥

ਤੁਹਾਡੇ ਵਰਗਾ ਜਗ ਵਿਚ ਹੋਰ ਕੋਈ ਨਹੀਂ ਹੈ, ਏਨੀ ਸ਼ਕਤੀ ਹੋਰ ਕਿਸੇ ਵਿਚ ਨਹੀਂ ਹੋ ਸਕਦੀ। ਜਿਵੇਂ ਤੁਹਾਡੇ ਪਿਤਾ ਜੀ ਸਾਡੇ ਛੋਟੇ ਭਰਾ ਹਨ, ਉਨ੍ਹਾਂ ਵਰਗਾ ਹੀ ਮੈਂ ਤੈਨੂੰ ਵੇਖਦਾ ਹਾਂ॥੩॥

ਗੁਰਤਾ ਵਸਤੁ ਹਮਾਰ ਤੁਮਾਰੀ। ਸਭਿ ਕਾਰਨ ਤੇ ਲਖਿ ਅਧਿਕਾਰੀ।
ਤੇਗ ਬਹਾਦਰ ਦੂਰ ਬਡੇਰੀ। ਕਿਮ ਗੁਰ ਬਨਿ ਬੈਠਯੋ ਇਸ ਬੇਰੀ॥ ੪॥

ਗੁਰਤਾ ਦੀ ਵਸਤੂ ਸਾਡੀ ਤੁਹਾਡੀ ਹੈ, ਸਭ ਕਾਰਨਾਂ ਕਰਕੇ ਅਸੀਂ ਇਸ ਦੇ ਹੱਕਦਾਰ ਸਮਝੋ। ਸ੍ਰੀ ਤੇਗ ਬਹਾਦਰ ਜੀ ਦੋ ਪੀੜ੍ਹੀਆਂ ਉਪਰ ਹੋਣ ਕਰਕੇ ਗੁਰਿਆਈ ਤੋਂ ਬਹੁਤ ਦੂਰ ਹਨ ਇਸ ਸਮੇਂ ਉਹ ਕਿਵੇਂ ਗੁਰੂ ਬਣ ਕੇ ਬੈਠ ਗਏ ਹਨ॥੪॥

ਚਿਤ ਮਹਿਂ ਕਯੋਂ ਨ ਚਿੰਤ ਕੋ ਠਾਨੈਂ? ਮਹਿ ਮਹਿਂ ਮਹਿਮਾ ਮਹਿਤੀ ਹਾਨੈ।
ਦਰਬ ਹਜ਼ਾਰਹੁਂ ਰੋਜ਼ ਸੰਭਾਰੈ। ਬਡ ਐਸ਼੍ਰਜ ਆਪਨੋ ਧਾਰੈ॥ ੫॥

ਚਿੱਤ ਵਿਚ ਉਹ ਕਿਉਂ ਚਿੰਤਾ ਧਾਰਨ ਨਹੀਂ ਕਰਦੇ ਹਨ? ਧਰਤੀ ਉਤੇ ਸਾਡੀ ਮਹਿਮਾ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਹਜ਼ਾਰਾਂ ਰੁਪਈਆਂ ਦਾ ਧਨ ਉਹ ਰੋਜ਼ ਸੰਭਾਲਦੇ ਹਨ ਤੇ ਬਹੁਤ ਧਨ ਦੌਲਤ ਅਤੇ ਸੰਪਤੀ ਬਣਾ ਲਈ ਹੈ॥੫॥

ਸ਼ਾਹੁ ਨਿਕਟਿ ਬੁਲਵਾਵਨਿ ਠਾਨੋ। ਜਯੋਂ ਕਯੋਂ ਕਰਿ ਸ਼ੱਤ੍ਰੂ ਤਹਿਂ ਹਾਨੋ।
ਕਰੇ ਜਤਨ ਮੈਂ ਸਰਯੋ ਨ ਕੋਈ। ਬਚਯੋ ਸੰਘਾਰਨ ਸਭਿ ਤੇ ਸੋਈ॥ ੬॥

ਉਨ੍ਹਾਂ ਨੂੰ ਬਾਦਸ਼ਾਹ ਦੇ ਪਾਸ ਬੁਲਾਵੋ, ਜਿਵੇਂ ਤਿਵੇਂ ਕਰਕੇ ਇਸ ਵੈਰੀ ਨੂੰ ਮਰਵਾ ਦੇਵੋ। ਮੈਂ ਬੜਾ ਯਤਨ ਕੀਤਾ ਸੀ, ਪਰ ਕਾਰਜ ਪੂਰਾ ਨਹੀਂ ਹੋਇਆ ਹੈ, ਮਾਰਨ ਦੇ ਸਾਰੇ ਯਤਨਾਂ ਤੋਂ ਬਚ ਗਏ ਹਨ॥੬॥

ਯਾਂਤੇ ਸੁਧਿ ਤੁਵ ਨਿਕਟਿ ਪਠਾਈ। ਬਨਿ ਆਵੈ ਅਬਿ ਕਰਨਿ ਉਪਾਈ।
ਇਮ ਲਿਖਿ ਦੂਤ ਪਠਾਵਨਿ ਕੀਨਾ। ਜਾਨਯੋ ਰਿਪੁ ਹੁਇ ਪ੍ਰਾਨ ਬਿਹੀਨਾ॥੭॥

ਇਸ ਕਰਕੇ ਇਹ ਖਬਰ ਤੁਹਾਡੇ ਪਾਸ ਪਹੁੰਚਾਈ ਹੈ, ਹੁਣ ਉਨ੍ਹਾਂ ਨੂੰ ਗੁਰਗੱਦੀ ਤੋਂ ਹਟਾਉਣ ਦਾ ਯਤਨ ਕਰਨਾ ਬਣਦਾ ਹੈ।" ਇਸ ਤਰ੍ਹਾਂ ਚਿੱਠੀ ਲਿਖ ਕੇ ਇਕ ਦੂਤ ਦੇ ਹੱਥ ਰਾਮਰਾਇ ਵਲ ਭੇਜ ਦਿੱਤੀ, ਇਹ ਸਮਝ ਲਿਆ ਕਿ ਵੈਰੀ ਹੁਣ ਪ੍ਰਾਣ ਰਹਿਤ ਹੋ ਜਾਵੇਗਾ॥੭॥

ਬਹੁਤ ਮੋਲ ਕੋ ਇਕ ਸਿਰੁਪਾਉ। ਵਸਤੁ ਅਜਾਇਬ ਅਪਰ ਪਠਾਉ।
ਦਿੱਲੀ ਮਹਿਂ ਲੇ ਕਰਿ ਸੋ ਗਯੋ। ਰਾਮਰਾਇ ਢਿਗ ਪਹੁੰਚਤਿ ਭਯੋ॥ ੮॥

ਬਹੁਤ ਕੀਮਤੀ ਇਕ ਸਿਰੋਪਾ ਤੇ ਹੋਰ ਅਜੀਬ ਵਸਤਾਂ ਵੀ ਦੂਤ ਦੇ ਹੱਥ ਭੇਜੀਆਂ। ਉਹ ਦੂਤ ਸਾਰੀਆਂ ਵਸਤਾਂ ਅਤੇ ਚਿੱਠੀ ਲੈ ਕੇ ਦਿੱਲੀ ਚਲੇ ਗਿਆ ਤੇ ਰਾਮਰਾਇ ਦੇ ਪਾਸ ਪਹੁੰਚ ਗਿਆ॥੮॥

ਬੰਦਨ ਠਾਨਿ ਦੀਨਿ ਪੁਨ ਪਾਤੀ। ਅਪਰ ਸੁਨਾਇ ਕੁਸ਼ਲ ਬਹੁ ਭਾਂਤੀ।
ਰਾਮਰਾਇ ਤਬਿ ਖੋਲਨਿ ਕੀਨਿ। ਪਠਿ ਕਰਿ ਸਭਿ ਮਤਲਬ ਕੋ ਚੀਨਿ॥ ੯॥

ਬੰਦਨਾ ਕਰਕੇ ਫਿਰ ਚਿੱਠੀ ਦੇ ਦਿੱਤੀ ਤੇ ਹੋਰ ਸਾਰੀ ਸੁਖ-ਸਾਂਦ ਬਹੁਤ ਪ੍ਰਕਾਰ ਦੱਸੀ। ਰਾਮਰਾਇ ਨੇ ਤਦ ਚਿੱਠੀ ਖੋਲ੍ਹ ਲਈ ਤੇ ਪੜ੍ਹ ਕੇ ਸਾਰੇ ਮਤਲਬ ਨੂੰ ਸਮਝਿਆ॥੯॥ .

ਧੀਰਮੱਲ ਭਾ ਮੋਹਿ ਅਧੀਨ। ਯਾਂਤੇ ਕੁਛਕ ਹਰਖ ਮੈਂ ਲੀਨਿ।
ਪੁਨ ਚਿੰਤਾ ਚਿਤ ਬਿਖੈ ਉਪਾਈ। ਗਈ ਅਪਰ ਥਲ ਮਹਿਂ ਬਡਿਆਈ॥੧੦॥

ਧੀਰਮੱਲ ਮੇਰੇ ਅਧੀਨ ਹੋ ਗਿਆ ਹੈ, ਇਸ ਕਰਕੇ ਮੈਂ ਕੁਝ ਪ੍ਰਸੰਨਤਾ ਪ੍ਰਾਪਤ ਕੀਤੀ ਹੈ। ਫਿਰ ਚਿੱਤ ਵਿਚ ਬਹੁਤ ਚਿੰਤਾ ਪਾਈ। ਸਾਡੇ ਘਰ ਦੀ ਵਡਿਆਈ ਹੋਰ ਸਥਾਨ ਤੇ ਚਲੇ ਗਈ ਹੈ॥੧੦॥

ਪ੍ਰਥਮ ਭਯੋ ਉਤਪਾਤ ਬਿਸਾਲਾ। ਦੂਹੂੰ ਦਿਸ਼ਿਨਿ ਜੋ ਸ੍ਰਾਪ ਕਰਾਲਾ।
ਸਭਿ ਸੰਗਤਿ ਮਹਿਂ ਮੋਰ ਖੁਟਾਈ। ਪਿਤ ਸਤਿਗੁਰੁ ਪੂਰਬ ਬਿਦਤਾਈ॥੧੧॥

ਪਹਿਲਾਂ ਹੀ ਵੱਡੀ ਮੁਸੀਬਤ ਆਈ ਸੀ, ਦੋਹਾਂ ਪਾਸਿਆਂ ਤੋਂ ਵਿਕਰਾਲ ਸਰਾਪ ਦਿੱਤੇ ਗਏ ਸਨ। ਸਾਰੀ ਸਿੱਖ-ਸੰਗਤ ਵਿਚ ਮੇਰੀ ਖੋਟ, ਮੇਰੇ ਪਿਤਾ ਸਤਿਗੁਰੂ ਜੀ ਨੇ ਪ੍ਰਗਟ ਕੀਤੀ ਹੈ॥੧੧॥

ਸ੍ਰੀ ਹਰਿ ਕ੍ਰਿਸ਼ਨ ਬਹੁਰ ਪਰਲੋਕ। ਜਿਸ ਤੇ ਸਭਿ ਕੁਟੰਬ ਮਹਿਂ ਸ਼ੋਕ।
ਮੋ ਕਹੁ ਬੁਰਾ ਜਗਤ ਠਹਿਰਾਯੋ। ਅਬਹਿ ਅਪਰ ਉਤਪਾਤ ਉਠਾਯੋ॥ ੧੨॥

ਫਿਰ ਸ੍ਰੀ ਹਰਿਕ੍ਰਿਸ਼ਨ ਜੀ ਪਰਲੋਕ ਸਿਧਾਰ ਗਏ ਹਨ, ਜਿਸ ਕਰਕੇ ਸਾਰੇ ਪਰਿਵਾਰ ਵਿਚ ਮਾਤਮ ਛਾ ਗਿਆ ਹੈ। ਜਗਤ ਨੇ ਮੈਨੂੰ ਬੁਰਾ ਠਹਿਰਾਇਆ ਹੈ, ਹੁਣ ਹੋਰ ਮੁਸੀਬਤ ਖੜੀ ਹੋ ਗਈ ਹੈ॥੧੨॥

ਹ੍ਵੈ ਜੈ ਹੈ ਕੁਛ ਤੇ ਕੁਛ ਔਰ। ਮਹਾਂ ਕਲੰਕਤਿ ਕਹਿਂ ਸਭਿ ਠੌਰ।
ਇੱਤਯਾਦਿਕ ਮਨ ਗਟੀ ਬਿਚਾਰਹਿ। ਕਹਾ ਕਰੌਂ ਮੈਂ ਜਤਨ ਸੁਧਾਰਹਿ॥੧੩॥

ਕੁਝ ਤੋਂ ਕੁਝ ਹੋਰ ਹੋ ਜਾਵੇਗਾ, ਸਭ ਥਾਂ ਮੈਨੂੰ ਮਹਾਂ ਕਲੰਕੀ ਕਹਿੰਦੇ ਹਨ। ਇਸ ਤਰ੍ਹਾਂ ਮਨ ਵਿਚ ਹੋਰ ਗਿਣਤੀਆਂ ਵੀਚਾਰਦਾ ਸੀ। ਇਸ ਨੂੰ ਠੀਕ ਕਰਨ ਵਾਸਤੇ ਮੈਂ ਕੀ ਜਤਨ ਕਰਾਂ॥੧੩॥

ਪਾਤੀ ਕੌ ਉੱਤਰ ਲਿਖਿ ਦੀਨੋ। 'ਤੁਮ ਹੋ ਬਡੇ ਸਕਲ ਬਿਧਿ ਚੀਨੋ।
ਜਿਤਿਕ ਉਪਾਇ ਮੋਹਿ ਤੇ ਬਨੈ। ਕਰੌਂ ਸੁ ਮੈਂ ਜਿਮ ਚਿੰਤਾ ਹਨੈ॥ ੧੪॥

ਚਿੱਠੀ ਦਾ ਉੱਤਰ ਲਿਖ ਦਿੱਤਾ, "ਤੁਸੀਂ ਵੱਡੇ ਹੋ, ਸਭ ਵਿਧੀਆਂ ਜਾਣਦੇ ਹੋ, ਜਿੰਨੇ ਉਪਾਅ ਮੈਥੋਂ ਬਣਦੇ ਹਨ ਉਹ ਮੈਂ ਕਰਾਂਗਾ, ਜਿਵੇਂ ਤੁਹਾਡੀ ਚਿੰਤਾ ਦਾ ਨਾਸ਼ ਹੋਵੇ॥੧੪॥

ਕਹੇ ਤੁਮਾਰੇ ਮਹਿਂ ਮੈਂ ਦਿਨ ਰਾਤੀ। ਮਾਨੌਂ ਕਯੋਂ ਨ ਰਾਵਰੀ ਬਾਤੀ'।
ਲਿਖੀ ਪਠਾਈ ਪੁਰਿ ਕਰਤਾਰ। ਪਠਤਿ ਧੀਰਮੱਲ ਆਨੰਦ ਧਾਰਿ॥ ੧੫॥

ਮੈਂ ਦਿਨ ਰਾਤ ਤੁਹਾਡੀ ਆਗਿਆ ਅਨੁਸਾਰ ਹਾਂ, ਆਪ ਜੀ ਦੀ ਗੱਲ ਕਿਉਂ ਨਹੀਂ ਮੰਨਾਂਗਾ।" ਚਿੱਠੀ ਲਿਖ ਕੇ ਕਰਤਾਰਪੁਰ ਭੇਜ ਦਿੱਤੀ, ਧੀਰਮੱਲ ਨੇ ਅਨੰਦ ਧਾਰ ਕੇ ਚਿੱਠੀ ਪੜ੍ਹੀ॥੧੫॥

ਕਹਜੋ ਮਸੰਦ ਸੰਗ ਸਮੁਝਾਇ। 'ਸਫਲਹਿ ਤੇਰੋ ਕਹਜੋ ਉਪਾਇ।
ਰਾਮਰਾਇ ਖ਼ਾਤਰ ਕਰਿ ਪਠੀ। ਇਹੁ ਪਾਤੀ ਮੈਂ ਤਿਸ ਕੀ ਪਠੀ॥ ੧੬॥

ਧੀਰਮੱਲ ਨੇ ਮਸੰਦ ਨੂੰ ਸਮਝਾ ਕੇ ਕਿਹਾ, "ਤੇਰਾ ਕਿਹਾ ਉਪਾਅ ਸਫਲ ਹੋਵੇਗਾ, ਰਾਮਰਾਇ ਨੇ ਤਸੱਲੀ ਲਿਖ ਕੇ ਭੇਜੀ ਹੈ, ਇਹ ਮੈਂ ਉਸ ਦੀ ਚਿੱਠੀ ਪੜ੍ਹੀ ਹੈ॥੧੬॥

ਇਸ ਪ੍ਰਕਾਰ ਇਹ ਭਯੋ ਬ੍ਰਿਤੰਤ। ਗੁਰ ਦ੍ਰੋਹੀ ਅਨਿਹਿਤ ਚਿਤਵੰਤਿ।
ਬੁਰੇ ਭਲੇ ਕੀ ਸਾਰ ਨ ਜਾਨੈ। ਭਏ ਲੋਭ ਬਸਿ ਕੁੱਕ੍ਰਿਤ ਠਾਨੈਂ॥ ੧੭॥

ਇਸ ਪ੍ਰਕਾਰ ਇਹ ਬ੍ਰਿਤਾਂਤ ਹੋਇਆ ਹੈ, ਗੁਰੂ ਵਿਰੋਧੀ ਬੁਰੀ ਤਰ੍ਹਾਂ ਚਿੰਤਾਵਾਨ ਸੀ। ਬੁਰੇ ਭਲੇ ਦੀ ਸਾਰ ਨਹੀਂ ਸੀ ਜਾਣਦਾ, ਲੋਭ ਦੇ ਵੱਸ ਹੋ ਕੇ ਕੁਕਰਮ ਕਰਦਾ ਸੀ॥੧੭॥

ਇਕ ਦਿਨ ਤੁਰਕੇਸ਼ੁਰ ਕੇ ਤੀਰ। ਬੈਠਜੋ ਰਾਮਰਾਇ ਨਰ ਭੀਰ।
ਕਹਜੋ ਪ੍ਰਸੰਗ ਗੁਰਨਿ ਕੋ ਤੌਨ। 'ਅਬਿ ਗਾਦੀ ਪਰ ਬੈਠਜੋ ਕੌਨ ?॥ ੧੮॥

ਸ੍ਰੀ ਰਾਮਰਾਇ ਇਕ ਦਿਨ ਬਾਦਸ਼ਾਹ ਨੌਰੰਗ ਦੇ ਪਾਸ ਬਹੁਤ ਮਨੁੱਖਾਂ ਸਹਿਤ ਬੈਠਾ ਸੀ। ਬਾਦਸ਼ਾਹ ਨੇ ਗੁਰੂ ਸਾਹਿਬਾਨ ਬਾਰੇ ਪ੍ਰਸੰਗ ਤੋਰਿਆ, "ਹੁਣ ਗੁਰਗੱਦੀ ਤੇ ਕੌਣ ਬੈਠਾ ਹੈ ?॥੧੮॥

ਸ੍ਰੀ ਹਰਿ ਕ੍ਰਿਸ਼ਨ ਬਾਲ ਬਯ ਜਾਂਹਿ। ਪਹੁੰਚੇ ਸੋ ਪ੍ਰਲੋਕ ਕੇ ਮਾਂਹਿ।
ਅਧਿਕਾਰੀ ਸੁਤ ਹੁਤੋ ਨ ਕੋਇ। ਗਾਦੀ ਪਰ ਬੈਠਤਿ ਹੈ ਜੋਇ'॥ ੧੯॥

ਸ੍ਰੀ ਹਰਿਕ੍ਰਿਸ਼ਨ ਜਿਨ੍ਹਾਂ ਦੀ ਬਾਲ ਉਮਰ ਸੀ, ਉਹ ਤਾਂ ਪਰਲੋਕ ਵਿਚ ਪਹੁੰਚ ਗਏ ਹਨ, ਉਨ੍ਹਾਂ ਦਾ ਉਤਰਾਧਿਕਾਰੀ ਕੋਈ ਪੁੱਤਰ ਨਹੀਂ ਸੀ, ਜਿਹੜਾ ਕਿ ਉਨ੍ਹਾਂ ਦੇ ਥਾਂ ਗੱਦੀ ਤੇ ਬੈਠਦਾ"॥੧੯॥

ਰਾਮਰਾਇ ਸਭਿ ਬਾਤ ਸੁਨਾਈ। 'ਸ੍ਰੀ ਹਰਿ ਕ੍ਰਿਸ਼ਨ ਕਹੀ ਗੁਰਿਆਈ।
ਹੁਤੋ ਹਮਾਰੀ ਕੁਲ ਮਹਿਂ ਏਕ। ਜਿਸ ਕੈ ਨਹਿਂ ਬਿਵਹਾਰ ਬਿਬੇਕ॥ ੨੦॥

ਸ੍ਰੀ ਰਾਮਰਾਇ ਨੇ ਸਾਰੀ ਗੱਲ ਸੁਣਾਈ, "ਸ੍ਰੀ ਹਰਿਕ੍ਰਿਸ਼ਨ ਜੀ ਗੁਰਿਆਈ ਬਾਰੇ ਕਹਿ ਗਏ ਸਨ। ਸਾਡੀ ਵੰਸ਼ ਵਿਚ ਇਕ ਵਿਅਕਤੀ ਹੈ ਜਿਸ ਨੂੰ ਨਾ ਕੋਈ ਕਾਰਵਿਹਾਰ ਆਉਂਦਾ ਹੈ ਤੇ ਨਾ ਹੀ ਉਨ੍ਹਾਂ ਪਾਸ ਗਿਆਨ ਹੈ॥੨੦॥

ਸੋ ਗਾਦੀ ਪਰ ਹੁਇ ਬਿਦਤਾਯੋ। ਸੁਨਜੋਂ ਸੁ ਮੈਂ ਨਿਜ ਨਗਰ ਬਸਾਯੋ।
ਅਜ਼ਮਤ ਸਹਿਤ ਲੋਕ ਤਿਸ ਕਹੈਂ। ਅਰਪਹਿਂ ਦਰਬ ਕਾਮਨਾ ਲਹੈਂ॥ ੨੧॥

ਉਹ ਗੱਦੀ ਤੇ ਬੈਠੇ ਪ੍ਰਗਟ ਹੋਏ ਹਨ, ਉਨ੍ਹਾਂ ਬਾਰੇ ਮੈਂ ਸੁਣਿਆ ਹੈ ਕਿ ਉਨ੍ਹਾਂ ਨੇ ਇਕ ਨਵਾਂ ਨਗਰ ਵਸਾਇਆ ਹੈ। ਉਸ ਨੂੰ ਕਰਾਮਾਤ ਸਹਿਤ ਲੋਕ ਕਹਿੰਦੇ ਹਨ, ਧਨ ਅਰਪਣ ਕਰਕੇ ਕਾਮਨਾਵਾਂ ਪਾਉਂਦੇ ਹਨ॥੨੧॥

ਪ੍ਰਗਟਜੋ ਗੁਰੂ ਤਬਹਿ ਲਖਿ ਲੇਹਿਂ। ਢਿਗ ਰਾਵਰ ਕੇ ਅਜ਼ਮਤ ਦੇਹਿ।
ਨਾਂਹਿ ਤ ਝੂਠ ਸਾਚ ਕਹਿ ਕਰਿ ਕੈ। ਬਿਰਮਾਵਹਿ ਨਰ ਗਨ ਛਲ ਧਰਿ ਕੈ'॥੨੨॥

ਗੁਰੂ ਪ੍ਰਗਟ ਹੋਇਆ ਤਦ ਹੀ ਸਮਝਾਂਗੇ ਜੇ ਆਪ ਜੀ ਦੇ ਪਾਸ ਕਰਾਮਾਤ ਵਿਖਾਵੇਗਾ। ਨਹੀਂ ਤਾਂ ਸੱਚ ਝੂਠ ਕਹਿ ਕੇ ਤੇ ਛਲ ਕਰਕੇ ਬਹੁਤ ਲੋਕਾਂ ਨੂੰ ਭਰਮਾਉਂਦੇ ਹਨ"॥੨੨॥

ਸੁਨਿ ਇਮ ਸ਼ਾਹੁ ਗਿਰਾ ਤਬਿ ਕਹੀ। 'ਤੋ ਮਹਿਂ ਅਜ਼ਮਤ ਮੈਂ ਬਹੁ ਲਹੀ।
ਨਹਿਂ ਏਤਿਕ ਕਿਸ ਅਪਰ ਮਝਾਰੀ। ਕਹਾਂ ਕਰਹਿਂ ਤਿਸ ਨਿਕਟਿ ਹਕਾਰੀ॥੨੩॥

ਇਹ ਸੁਣ ਕੇ ਬਾਦਸ਼ਾਹ ਨੇ ਤਦ ਕਿਹਾ, "ਤੇਰੇ ਵਿਚ ਮੈਂ ਬਹੁਤ ਕਰਾਮਾਤ ਵੇਖੀ ਹੈ, ਏਨੀ ਕਰਾਮਾਤ ਕਿਸੇ ਹੋਰ ਵਿਚ ਨਹੀਂ ਹੈ, ਉਨ੍ਹਾਂ ਨੂੰ ਪਾਸ ਬੁਲਾ ਕੇ ਕੀ ਕਰਾਂਗੇ॥੨੩॥

ਤੁਮ ਭੀ ਗੁਰ ਘਰ ਕੇ ਸੁਤ ਪੋਤੇ। ਅਪਰ ਅਲਪ ਜਾਨੋਂ ਸਭਿ ਤੋ ਤੇ'।
ਰਾਮਰਾਇ ਸੁਨਿ ਬਹੁਰ ਬਖਾਨੀ॥ 'ਤੁਮ ਮਾਲਕ ਹੋ ਸਕਲ ਸਥਾਨੀ॥ ੨੪॥

ਤੁਸੀਂ ਵੀ ਗੁਰੂ ਘਰ ਦੇ ਪੁੱਤ ਪੋਤੇ ਹੋ, ਬਾਕੀ ਸਾਰੇ ਤੁਹਾਥੋਂ ਛੋਟੇ ਜਾਣੋ।" ਰਾਮਰਾਇ ਨੇ ਸੁਣ ਕੇ ਫਿਰ ਕਿਹਾ, "ਤੁਸੀ ਸਾਰੇ ਥਾਵਾਂ ਦੇ ਮਾਲਕ ਹੋ॥੨੪॥

ਤਿਸ ਮਹਿ ਬਸਹਿ ਜਿ ਨਰ ਸਮੁਦਾਇ। ਕਰੈਂ ਨ ਤੁਮਾਰੇ ਕਾਜ ਬਨਾਇ।
ਸੁਨਿ ਇਮ ਸ਼ਾਹੁ ਮੋਨ ਕਰਿ ਰਹਜੋ। ਅਪਰ ਪ੍ਰਸੰਗ ਚਲਜੋ ਕਿਸ ਕਹਜੋ ॥੨੫॥

ਉਸ ਸਥਾਨ ਵਿਚ ਜਿਹੜੇ ਸਾਰੇ ਮਨੁੱਖ ਵੱਸਦੇ ਹਨ ਤਾਂ ਉਹ ਤੁਹਾਡਾ ਕਾਰਜ ਕਿਉਂ ਨਹੀਂ ਕਰਨਗੇ।" ਇਹ ਸੁਣ ਕੇ ਬਾਦਸ਼ਾਹ ਚੁੱਪ ਕਰ ਰਿਹਾ, ਹੋਰ ਪ੍ਰਸੰਗ ਚਲ ਪਿਆ ਜਿਹੜਾ ਕਿਸੇ ਹੋਰ ਨੇ ਕਿਹਾ॥੨੫॥

ਇਹ ਬ੍ਰਿਤੰਤ ਭਾ ਸਭਾ ਮਝਾਰੀ। ਸੁਨਜੋਂ ਸੁ ਪੁਰਿ ਕੀ ਸੰਗਤਿ ਸਾਰੀ।
'ਰਾਮਰਾਇ ਇਨ ਸੰਗ ਖੁਟਾਈ। ਕਰਜੋ ਚਹਤਿ ਹੈ ਬਹੁ ਬਿਦਤਾਈ॥ ੨੬॥

ਇਸ ਤਰ੍ਹਾਂ ਬਾਦਸ਼ਾਹ ਦੀ ਸਭਾ ਵਿਚ ਵਾਪਰਿਆ, ਇਸ ਬਾਰੇ ਦਿੱਲੀ ਨਗਰ ਦੀ ਸਾਰੀ ਸੰਗਤ ਨੇ ਜਾਣਿਆ। "ਰਾਮਰਾਇ ਗੁਰੂ ਜੀ ਨਾਲ ਖੁਟਾਈ ਕਰ ਰਿਹਾ ਹੈ ਉਹ ਗੁਰੂ ਜੀ ਨੂੰ ਬਹੁਤ ਜ਼ਾਹਰ ਕਰਨਾ ਚਾਹੁੰਦਾ ਹੈ॥੨੬॥

ਮਿਲਹਿ ਪਰਸਪਰ ਸਿਖ ਸਭਿ ਕਹੈਂ। 'ਇਹ ਉਤਪਾਤ ਕਰਤਿ ਹੀ ਰਹੈ'।
ਪੁਨ ਕੇਤਿਕ ਦਿਨ ਦੀਨਿ ਬਿਤਾਇ। ਪੁਨ ਸੰਗਤਿ ਮਿਲਿ ਕਰਿ ਸਮੁਦਾਇ ॥੨੭॥

ਸਾਰੇ ਸਿੱਖ ਆਪਸ ਵਿਚ ਮਿਲਕੇ ਕਹਿੰਦੇ ਸਨ, "ਇਹ ਕੋਈ ਨਾ ਕੋਈ ਪੰਗਾ ਖੜਾ ਕਰਦਾ ਹੀ ਰਹੇਗਾ।" ਫਿਰ ਕਈ ਦਿਨ ਬਤੀਤ ਕਰ ਦਿੱਤੇ, ਫਿਰ ਸੰਗਤ ਮਿਲ ਕੇ ਇਕੱਠੀ ਹੋਈ॥੨੭॥

ਦਰਸ਼ਨ ਕੀ ਲਾਲਸ ਬਹੁ ਜਾਗੀ। ਭਏ ਤਯਾਰ ਕੇਤਿਕ ਬਡਭਾਗੀ।
ਲੈ ਲੈ ਵਸਤੁ ਅਜਾਇਬ ਚਲੇ। ਧਨ ਗਨ ਲੀਨਿ ਰਿਝਾਵਨਿ ਭਲੇ॥ ੨੮॥

ਦਰਸ਼ਨਾਂ ਦੀ ਲਾਲਸਾ ਬਹੁਤ ਜਾਗੀ ਤੇ ਕਈ ਵਡਭਾਗੀ ਤਿਆਰ ਹੋ ਗਏ। ਬਹੁਮੁਲੀਆਂ ਵਸਤਾਂ ਲੈ ਲੈ ਕੇ ਚਲ ਪਏ ਤੇ ਗੁਰੂ ਜੀ ਨੂੰ ਭਲੀ ਪ੍ਰਕਾਰ ਪ੍ਰਸੰਨ ਕਰਨ ਵਾਸਤੇ ਬਹੁਤ ਧਨ ਲਿਆ॥੨੮॥

ਸਿਮਰਤਿ ਸਤਿਗੁਰ ਕੋ ਚਲਿ ਆਏ। ਪੰਥ ਅਨੰਦਪੁਰੇ ਨਿਯਰਾਏ।
ਹਰਖੇ ਜਬਹਿ ਪ੍ਰਵੇਸ਼ੇ ਪੁਰਿ ਮੈਂ। ਪ੍ਰਥਮ ਸਿਵਰ ਕੋ ਕਰਿ ਸੁਖ ਉਰ ਮੈਂ॥੨੯॥

ਸਤਿਗੁਰੂ ਜੀ ਦਾ ਸਿਮਰਨ ਕਰਦੇ ਚਲ ਕੇ ਆ ਗਏ ਤੇ ਅਨੰਦਪੁਰ ਨਗਰੀ ਦੇ ਨੇੜੇ ਆ ਗਏ। ਨਗਰ ਵਿਚ ਦਾਖਲ ਹੋ ਕੇ ਬਹੁਤ ਪ੍ਰਸੰਨ ਹੋਏ, ਪਹਿਲਾਂ ਆਪਣਾ ਡੇਰਾ ਲਾ ਕੇ ਹਿਰਦੇ ਵਿਚ ਸੁਖ ਪ੍ਰਾਪਤ ਕੀਤਾ॥੨੯॥

ਪਾਇ ਰੁ ਪਾਨ ਪਖਾਰੇ ਪਾਨੀ। ਬਸਤ੍ਰ ਪਹਿਰ ਕਰਿ ਸ੍ਰਮ ਕੋ ਹਾਨੀ।
ਸਭਿ ਅਕੋਰ ਲੈ ਗੁਰ ਢਿਗ ਗਏ। ਮਹਾਂ ਮਸੰਦ ਅਗਾਊ ਭਏ॥ ੩੦॥

ਹੱਥ ਪੈਰ ਪਾਣੀ ਨਾਲ ਧੋਤੇ, ਕੱਪੜੇ ਪਹਿਣ ਕੇ ਥਕਾਵਟ ਨੂੰ ਦੂਰ ਕੀਤਾ। ਫਿਰ ਸਾਰੇ ਉਪਹਾਰ ਲੈ ਕੇ ਗੁਰੂ ਜੀ ਪਾਸ ਆ ਗਏ। ਵੱਡੇ-ਵੱਡੇ ਮਸੰਦ ਅੱਗੇ ਆ ਮਿਲੇ॥੩੦॥

ਚਰਨ ਕਮਲ ਪਰ ਅਰਪਿ ਅਕੋਰ। ਅਭਿਬੰਦਨ ਸਨਮੁਖ ਕਰ ਜੋਰਿ।
ਬੈਠੇ ਦਰਸ਼ਨ ਕਰਿ ਹਰਖਾਏ। ਕੁਸ਼ਲ ਪ੍ਰਸ਼ਨ ਕੋ ਕੀਨਿ ਸੁਨਾਏ॥ ੩੧॥

ਸਿੱਖ ਸੰਗਤ ਨੇ ਗੁਰੂ ਜੀ ਦੇ ਚਰਨਕੰਵਲਾਂ ਤੇ ਉਪਹਾਰ ਰੱਖ ਦਿੱਤੇ ਤੇ ਹੱਥ ਜੋੜ ਕੇ ਸਾਹਮਣੇ ਹੋ ਕੇ ਬੰਦਨਾ ਕੀਤੀ, ਬੈਠ ਕੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ, ਸੁਖ ਸਾਂਦ ਪੁੱਛੀ ਅਤੇ ਸੁਣਾਈ॥੩੧॥

ਬਿਨਤੀ ਕਰਿ ਕਰਿ ਬਿਤ ਅਰਪੰਤੇ। ਸਭਿ ਸਿੱਖਜਨਿ ਕੇ ਨਾਮ ਭਨੰਤੇ।
'ਮਹਾਂਰਾਜ! ਇਹ ਦਸਵੰਧ ਲਜਾਯੋ'। 'ਇਨਹਿ ਮਨੋਰਥ ਗੁਰ ਤੇ ਪਾਯੋ' ॥੩੨॥

ਬੇਨਤੀਆਂ ਕਰ ਕਰ ਉਪਹਾਰ ਅਰਪਣ ਕਰਦੇ ਸਨ ਤੇ ਸਾਰੇ ਸਿੱਖਾਂ ਦੇ ਨਾਮ ਲੈਂਦੇ ਸਨ, "ਮਹਾਰਾਜ ਇਹ ਦਸਵੰਧ ਲਿਆਇਆ ਹੈ। ਇਨ੍ਹਾਂ ਨੇ ਗੁਰੂ ਜੀ ਪਾਸੋਂ ਆਪਣਾ ਮਨੋਰਥ ਪਾਇਆ ਹੈ" ॥੩੨॥

'ਇਸ ਨੇ ਇਹ ਮਨੌਤ ਮਨ ਮਾਨੀ'। 'ਇਸ ਕੀ ਤੁਮ ਸਹਾਇਤਾ ਠਾਨੀ'।
'ਇਸ ਸਿਖ ਕੋ ਰੁਜ ਤਨ ਤੇ ਹਰਜੋ'। 'ਇਹ ਚਾਹਤਿ ਸਫਲਜੋ ਧਨ ਕਰਜੋ' ॥੩੩॥

"ਇਸ ਨੇ ਇਹ ਮਨੌਤ ਮੰਨੀ ਸੀ, ਇਸ ਦੀ ਤੁਸੀਂ ਸਹਾਇਤਾ ਕੀਤੀ ਹੈ। ਇਸ ਸਿੱਖ ਦੇ ਸਰੀਰ ਤੋਂ ਬਿਮਾਰੀ ਦੂਰ ਹੋਈ ਹੈ। ਇਹ ਆਪਣਾ ਧਨ ਸਫਲ ਕਰਨਾ ਚਾਹੁੰਦਾ ਹੈ" ॥੩੩॥

ਇੱਤਯਾਦਿਕ ਅਰਦਾਸ ਪ੍ਰਕਾਸ਼ਿ। ਧਰਹਿਂ ਅਕੋਰ ਚਰਨ ਕੇ ਪਾਸ।
ਸੁਮਤਿਵੰਤ ਗੁਰਬਖਸ਼ ਮਸੰਦ। ਜਿਸ ਕੇ ਸਿਖ ਅਨੁਸਾਰਿ ਬਿਲੰਦ ॥ ੩੪॥

ਇਤਿਆਦਿਕ ਅਰਦਾਸਾਂ ਕਰਦੇ ਸਨ ਤੇ ਚਰਨ ਕੰਵਲਾਂ ਪਾਸ ਉਪਹਾਰ ਧਰਦੇ ਸਨ। ਬੁਧੀਵਾਨ ਮਸੰਦ ਗੁਰਬਖਸ਼, ਜਿਸ ਦੀ ਆਗਿਆ ਅਨੁਸਾਰ ਬਹੁਤ ਸਿੱਖ ਸਨ॥੩੪॥

ਪੁਨ ਕਰ ਜੋਰਿ ਪ੍ਰਸੰਗ ਉਚਾਰੇ। 'ਸ੍ਰੀ ਹਰਿਕ੍ਰਿਸ਼ਨ ਬਿਕੁੰਠ ਸਿਧਾਰੇ।
ਅੰਤ ਸਮੈਂ ਮੁਝ ਸੰਗ ਬਖਾਨਾ। ਬਾਬਾ ਬਸਹਿ ਬਕਾਲੇ ਥਾਨਾ ॥ ੩੫॥

ਉਸ ਨੇ ਹੱਥ ਜੋੜ ਕੇ ਪ੍ਰਸੰਗ ਉਚਾਰਨ ਕੀਤਾ, "ਸ੍ਰੀ ਹਰਿਕ੍ਰਿਸ਼ਨ ਬਿਕੁੰਠ ਚਲੇ ਗਏ ਹਨ। ਅੰਤ ਸਮੇਂ ਉਨ੍ਹਾਂ ਮੈਨੂੰ ਕਿਹਾ ਸੀ, ਬਾਬਾ ਬਕਾਲੇ ਵਾਲੇ ਸਥਾਨ ਤੇ ਵੱਸਦਾ ਹੈ॥੩੫॥

ਸੋ ਸਰੂਪ ਤੁਮ ਦੇਖੇ ਆਇ। ਦਾਸਨਿ ਲੋਕ ਪ੍ਰਲੋਕ ਸਹਾਇ'।
ਸ੍ਰੀ ਗੁਰੂ ਮੁਸਕਾਏ ਮੁਖ ਕਹਜੋ। 'ਰਾਮਰਾਇ ਕੈਸੇ ਕਹਿ ਲਹਜੋ ? ॥ ੩੬॥

ਉਹੋ ਸਰੂਪ ਅਸੀਂ ਆ ਕੇ ਵੇਖਿਆ ਹੈ, ਆਪਣੇ ਦਾਸਾਂ ਦੀ ਪਰਲੋਕ ਵਿਚ ਸਹਾਇਤਾ ਕਰੋਗੇ।" ਸ੍ਰੀ ਗੁਰੂ ਜੀ ਨੇ ਮੁਸਕਰਾ ਕੇ ਮੁੱਖ ਤੋਂ ਕਿਹਾ, "ਰਾਮਰਾਇ ਨੇ ਕਿਵੇਂ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਵਿਖੇ ਸਦਵਾ ਲਿਆ॥੩੬॥

ਸ਼ਾਹੁ ਨਿਕਟਿ ਕਿਮ ਪਹੁਚੇ ਜਾਇ ?। ਕਿਮ ਤਿਨ ਸ੍ਰਾਪ ਦੀਨਿ ਰਿਸ ਪਾਇ ?
ਕੀਰਤਪੁਰਿ ਤੇ ਪ੍ਰਥਮ ਹਕਾਰੇ। ਤੁਰਕੇਸ਼ੁਰ ਕੋ ਸੀਖ ਸਿਖਾਰੇ॥ ੩੭॥

ਬਾਦਸ਼ਾਹ ਦੇ ਪਾਸ ਕਿਵੇਂ ਜਾ ਕੇ ਪਹੁੰਚੇ ? ਉਸ ਨੇ ਗੁੱਸੇ ਵਿਚ ਆ ਕੇ ਕਿਵੇਂ ਸਰਾਪ ਦਿੱਤਾ? ਪਹਿਲਾਂ ਕੀਰਤਪੁਰ ਤੋਂ ਬੁਲਾਏ, ਤੁਰਕ ਬਾਦਸ਼ਾਹ ਪਾਸ ਚੁਗਲੀ ਕਰਕੇ ਸਿਖਾਇਆ॥੩੭॥

ਜਬਿ ਪਹੁਚੇ ਤਬਿ ਕਜੋਂ ਦੁਖ ਪਾਯੋ ?। ਕਹਾਂ ਬਿਗਾਰ ਕੀਨਿ ਪੁਰਿ ਜਾਯੋ ?।
ਜਿਸ ਤੇ ਸ੍ਰੀ ਹਰਿ ਕ੍ਰਿਸ਼ਨ ਕਿ ਸੰਗ। ਰਚਜੋ ਬਿਰੋਧ ਸ ਸ੍ਰਾਪ ਨਿਸੰਗ' ॥ ੩੮॥

ਜਦ ਪਹੁੰਚੇ ਤੇ ਫਿਰ ਕਿਉਂ ਦੁਖ ਪਾਇਆ ? ਨਗਰ ਵਿਚ ਜਾ ਕੇ ਉਨ੍ਹਾਂ ਕੀ ਵਿਗਾੜ ਕੀਤਾ ਸੀ ? ਜਿਸ ਕਾਰਨ ਸ੍ਰੀ ਗੁਰੂ ਹਰਿਕ੍ਰਿਸ਼ਨ ਦੇ ਨਾਲ ਏਨਾ ਵਿਰੋਧ ਰਚਿਆ ਤੇ ਵੱਡਾ ਨਿਸੰਗ ਹੋ ਕੇ ਸਰਾਪ ਦਿੱਤਾ" ॥੩੮॥

ਸੁਨਿ ਗੁਰਬਖਸ਼ ਬ੍ਰਿਤਾਂਤ ਸੁਨਾਯੋ। 'ਗੁਰਤਾ ਗੁਰ ਕੀ ਪਿਖਿ ਤਪਤਾਯੋ।
ਕਹਿ ਬੁਲਿਵਾਏ ਆਸ਼ੈ ਏਵ। ਮਿਲਹਿਂ ਨ ਤੁਰਕ ਸਾਥ ਗੁਰਦੇਵ॥ ੩੯॥

ਇਹ ਸੁਣ ਕੇ ਗੁਰਬਖਸ਼ ਨੇ ਬ੍ਰਿਤਾਂਤ ਸੁਣਾਇਆ, "ਗੁਰੂ ਜੀ ਦੀ ਗੁਰਤਾ ਵੇਖ ਕੇ ਸੜ ਗਿਆ। ਇਹ ਆਸ਼ਾ ਰੱਖ ਕੇ ਬੁਲਵਾਇਆ ਸੀ ਕਿ ਗੁਰੂ ਜੀ ਤੁਰਕ ਨੂੰ ਨਹੀਂ ਮਿਲਣਗੇ॥੩੯॥

ਜਾਹਿ ਪਲਾਇ ਕਿ ਜੰਗਲ ਦੇਸ਼। ਮਿਲਹਿਂ ਜਿ, ਟੂਟਹਿ ਪ੍ਰਣ ਸੁ ਵਿਸ਼ੇਸ਼।
ਬਹੁਰ ਸਿਖਾਯੋ ਅਜ਼ਮਤ ਹੇਰਹਿਂ। ਬਾਰਿ ਬਾਰਿ ਇਸ ਹੀ ਹਿਤ ਪ੍ਰੇਰਹਿ ॥੪੦॥

ਮਾਲਵੇ ਦੇਸ਼ ਵਲ ਭੱਜ ਜਾਣਗੇ, ਜੇ ਬਾਦਸ਼ਾਹ ਨੂੰ ਮਿਲਣਗੇ ਤਾਂ ਵਿਸ਼ੇਸ਼ ਤੌਰ ਤੇ ਧਾਰਨ ਕੀਤਾ ਪ੍ਰਣ ਟੁੱਟ ਜਾਵੇਗਾ। ਫਿਰ ਬਾਦਸ਼ਾਹ ਨੂੰ ਸਿਖਾਇਆ ਕਿ ਕਰਾਮਾਤ ਵੇਖੋ, ਬਾਰ-ਬਾਰ ਇਸ ਵਾਸਤੇ ਪ੍ਰੇਰਦਾ ਸੀ॥੪੦॥

ਸ੍ਰੀ ਹਰਿਕ੍ਰਿਸ਼ਨ ਸੁ ਪਹੁਚੇ ਜਬੈ। ਤਿਸਤੇ ਮਹਿਮਾ ਅਧਿਕੀ ਤਬੈ।
ਤੁਰਕੇਸ਼ੁਰ ਸੋਂ ਮਿਲੇ ਨ ਜਾਇ। ਇੱਤਜਾਦਿਕ ਪਿਖਿ ਰਿਸ ਉਪਜਾਇ ॥੪੧॥

ਸ੍ਰੀ ਹਰਿਕ੍ਰਿਸ਼ਨ ਜੀ ਜਦ ਦਿੱਲੀ ਪਹੁੰਚ ਗਏ ਤਾਂ ਉਨ੍ਹਾਂ ਦੀ ਮਹਿਮਾ ਬਹੁਤ ਵੱਧ ਗਈ। ਤੁਰਕ ਬਾਦਸ਼ਾਹ ਨੂੰ ਉਹ ਜਾ ਕੇ ਮਿਲੇ ਨਹੀਂ ਇਸ ਤਰ੍ਹਾਂ ਵੇਖ ਕੇ ਗੁੱਸੇ ਵਿਚ ਆ ਗਿਆ॥੪੧॥

ਅਪਰ ਨ ਬਸ ਕੁਛ ਚਲਜੋ ਅਗਾਰੇ। ਸ੍ਰਾਪ ਸੀਤਲਾ ਕੇਰ ਉਚਾਰੇ।
ਹਰਖ ਨ ਸ਼ੋਕ ਗੁਰੂ ਕੋ ਹੋਯੋ। ਹੋਨਹਾਰ ਕਹੁ ਨੀਕੇ ਜੋਯੋ॥ ੪੨॥

ਗੁਰੂ ਜੀ ਦੇ ਅੱਗੇ ਹੋਰ ਕੋਈ ਵੱਸ ਨਾ ਚਲਿਆ ਤੇ ਸੀਤਲਾ ਨਿਕਲਣ ਦਾ ਸਰਾਪ ਉਚਾਰਨ ਕਰ ਦਿੱਤਾ। ਗੁਰੂ ਜੀ ਇਹ ਸੁਣ ਕੇ ਨਾ ਖੁਸ਼ ਹੋਏ ਤੇ ਨਾ ਹੀ ਉਨ੍ਹਾਂ ਦੁੱਖ ਮਨਾਇਆ ਜੋ ਹੋਣਾ ਹੈ, ਉਸ ਨੂੰ ਚੰਗਾ ਸਮਝਿਆ॥੪੨॥

ਤਿਸ ਕਾਰਨ ਤੇ ਤਜਜੋ ਸ਼ਰੀਰ। ਸ੍ਰੀ ਹਰਿਕ੍ਰਿਸ਼ਨ ਮਹਾਂ ਮਤਿ ਧੀਰ।
ਕੌਤਿਕ ਤਿਨ ਕੀਨੇ ਉਤਪਾਤ। ਅਜਹੁੰ ਨ ਬੈਠਤਿ ਚਿਤ ਕਰਿ ਸ਼ਾਂਤਿ ॥੪੩॥

ਉਸ ਕਾਰਨ ਉਨ੍ਹਾਂ ਸਰੀਰ ਛੱਡ ਦਿੱਤਾ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਬੁੱਧੀ ਮਹਾਨ ਧੀਰਜਵਾਨ ਸੀ। ਉਸ ਨੇ ਬਹੁਤ ਮੁਸੀਬਤਾਂ ਖੜੀਆਂ ਕੀਤੀਆਂ ਹਨ, ਹਾਲੇ ਵੀ ਚਿੱਤ ਨੂੰ ਸ਼ਾਂਤ ਕਰਕੇ ਨਹੀਂ ਬੈਠਦਾ ਹੈ॥੪੩॥

ਏਕ ਦਿਵਸ ਰਾਵਰ ਕੀ ਗਾਥਾ। ਕਹਿਤਿ ਭਯੋ ਤੁਰਕੇਸ਼ੁਰ ਸਾਥਾ।
ਗੁਰੂ ਭਏ ਅਬਿ ਤਿਨਹੁਂ ਹਕਾਰੋ। ਅਜ਼ਮਤ ਨਾਨਾ ਬਿਧਿਨਿ ਨਿਹਾਰੋ॥ ੪੪॥

ਇਕ ਦਿਨ ਆਪ ਜੀ ਬਾਰੇ ਪ੍ਰਸੰਗ ਚਲ ਪਿਆ, ਉਹ ਤੁਰਕ ਬਾਦਸ਼ਾਹ ਨੂੰ ਕਹਿਣ ਲੱਗਾ। ਹੁਣ ਜਿਹੜੇ ਨਵੇਂ ਗੁਰੂ ਬਣੇ ਹਨ, ਉਨ੍ਹਾਂ ਨੂੰ ਬੁਲਾਓ, ਤੇ ਉਨ੍ਹਾਂ ਦੀ ਕਈ ਵਿਧੀਆਂ ਅਨੁਸਾਰ ਕਰਾਮਾਤ ਵੇਖੋ॥੪੪॥

ਸ਼ਾਹੁ ਨਹੀਂ ਮਾਨੀ ਕੁਛ ਬਾਤ। ਚਹਿਤਿ ਆਪ ਸੋਂ ਭੀ ਉਤਪਾਤ।
ਕਹਾਂ ਕਰਹਿਗੋ ਤੁਮਰੋ ਸੋਇ। ਕਿਮ ਸਮਸਰਤਾ ਪ੍ਰਾਪਤਿ ਹੋਇ॥ ੪੫॥

ਬਾਦਸ਼ਾਹ ਉਸ ਦੀ ਗੱਲ ਨਹੀਂ ਮੰਨਿਆ ਹੈ, ਉਹ ਤੁਹਾਡੇ ਤੇ ਵੀ ਕੋਈ ਬਿਪਤਾ ਖੜੀ ਕਰਨੀ ਚਾਹੁੰਦਾ ਹੈ। ਉਹ ਤੁਹਾਡਾ ਕੀ ਕਰੇਗਾ, ਕਿਵੇਂ ਬਰਾਬਰਤਾ ਪ੍ਰਾਪਤ ਹੋ ਸਕਦੀ ਹੈ॥੪੫॥

ਗੁਰਤਾ ਨਹੀਂ ਹਾਥ ਕਿਮ ਆਵੈ। ਜਤਨ ਅਨੇਕ ਸੁ ਨਿਸ਼ਫਲ ਜਾਵੈਂ।
ਇੱਤਜਾਦਿਕ ਸਭਿ ਬਾਤ ਸੁਨਾਈ। ਮੁਸਕਾਨੇ ਸੁਨਿ ਤਬਹਿ ਗੁਸਾਈਂ ॥੪੬॥

ਗੁਰਤਾ ਉਸ ਦੇ ਹੱਥ ਕਿਵੇਂ ਆ ਜਾਵੇਗੀ, ਅਨੇਕਾਂ ਯਤਨ ਕਰਕੇ ਵੇਖ ਲਵੇ, ਵਿਅਰਥ ਜਾਣਗੇ।" ਇਸ ਤਰ੍ਹਾਂ ਸਾਰੀ ਗੱਲ ਸੁਣਾਈ, ਗੁਰੂ ਜੀ ਸੁਣ ਕੇ ਮੁਸਕਰਾ ਪਏ॥੪੬॥

*ਗਿਆਰ੍ਹਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਤੇਤੀਵਾਂ

### ਗੁਰੂ ਜੀ ਦਾ ਤੀਰਥਾਂ ਨੂੰ ਪਵਿੱਤ੍ਰ ਕਰਨ ਜਾਣਾ

ਦੋਹਰਾ- ਤੇਗ ਬਹਾਦਰ ਸਤਿਗੁਰੂ ਸਭਿ ਗਜਾਤਾ ਸੁ ਪ੍ਰਬੀਨ।
ਲਖੀ ਭਵਿੱਖਜਤ ਬਾਰਤਾ ਜਿਮ ਹ੍ਵੈ ਹੈ ਸੋ ਚੀਨਿ॥ ੧॥

ਪ੍ਰਬੀਨ ਸਤਿਗੁਰੂ ਤੇਗ ਬਹਾਦਰ ਜੀ ਸਭ ਪ੍ਰਕਾਰ ਗਿਆਤਾ ਹਨ, ਉਨ੍ਹਾਂ ਨੇ ਭਵਿੱਖ ਦੀ ਵਾਰਤਾ ਸਮਝੀ, ਜਿਵੇਂ ਅੱਗੇ ਜਾ ਕੇ ਹੋਣੀ ਸੀ॥੧॥

ਚੌਪਈ- ਪੁਨ ਸਿੱਖਜਨਿ ਕੋ ਕਰਨਿ ਉਧਾਰ। ਕਿਤਿਕ ਪ੍ਰਤੀਖਤਿ ਸਦਨ ਮਝਾਰ।
ਪੂਰਬ ਦੇਸ਼ ਜੁ ਦੂਰ ਵਿਸ਼ੇਸ਼। ਸੰਗਤਿ ਕੋ ਅਭਿਲਾਖ ਅਸ਼ੇਸ਼॥ ੨॥

ਫਿਰ ਸਿੱਖਾਂ ਦਾ ਕਲਿਆਣ ਕਰਨ ਵਾਸਤੇ, ਕਈ ਆਪਣੇ ਘਰਾਂ ਵਿਚ ਹੀ ਗੁਰੂ ਜੀ ਨੂੰ ਉਡੀਕ ਰਹੇ ਸਨ। ਪੂਰਬ ਦੇਸ਼ ਜਿਹੜਾ ਬਹੁਤ ਦੂਰ ਸੀ, ਸੰਗਤ ਦੀ ਦਰਸ਼ਨ ਕਰਨ ਦੀ ਬੜੀ ਅਭਿਲਾਸ਼ਾ ਸੀ॥੨॥

ਗਮਨ ਤੀਰਥਨਿ ਕੀਨਿ ਬਹਾਨਾ। ਨਿਜ ਦਾਸਨਿ ਚਾਹਤਿ ਕੱਲਜਾਨਾ।
ਪੁਰਿ ਅਨੰਦ ਜੇਤਿਕ ਬਸ ਗਏ। ਤਿਤੇ ਬਸਾਇ ਦੇਤਿ ਸੁਖ ਭਏ॥ ੩॥

ਤੀਰਥਾਂ ਨੂੰ ਜਾਣ ਦਾ ਬਹਾਨਾ ਕੀਤਾ, ਪਰ ਅਸਲ ਵਿਚ ਆਪਣੇ ਸੇਵਕਾਂ ਦਾ ਕਲਿਆਣ ਕਰਨਾ ਚਾਹੁੰਦੇ ਸਨ। ਅਨੰਦਪੁਰ ਵਿਚ ਜਿੰਨੇ ਲੋਕ ਵੱਸ ਗਏ ਸਨ, ਉਨ੍ਹਾਂ ਨੂੰ ਵਸਾ ਕੇ ਸੁੱਖ ਦੇ ਰਹੇ ਸਨ॥੩॥

ਲਖਯੋ ਸ਼ਰੀਕਾ ਸੋਢਿਨਿ ਕੇਰਾ। ਪਿਖਿ ਸੰਕਟ ਕੋ ਪਾਇਂ ਬਡੇਰਾ।
ਅਨਿਕ ਉਪਾਵਨਿ ਕੋ ਨਿਤ ਠਾਨੈਂ। ਦਰਬ ਲੋਭ ਜਿਨ ਰਿਦੈ ਮਹਾਨੈ॥੪॥

ਸੋਢੀਆਂ ਦਾ ਸ਼ਰੀਕਾ ਵੇਖਿਆ, ਜਿਹੜੇ ਸੋਢੀ ਗੁਰੂ ਜੀ ਵਲ ਵੇਖ ਕੇ ਬੜਾ ਦੁਖ ਪਾ ਰਹੇ ਸਨ। ਗੁਰੂ ਜੀ ਨੂੰ ਦੂਰ ਕਰਨ ਦੇ ਜਿਹੜੇ ਨਿੱਤ ਉਪਾਅ ਕਰਦੇ ਸਨ। ਜਿਨ੍ਹਾਂ ਦੇ ਹਿਰਦਿਆਂ ਵਿਚ ਧਨ ਦਾ ਭਾਰੀ ਲੋਭ ਸੀ॥੪॥

ਹਮ ਚਿਤ ਸ਼ਾਂਤਿ ਧਰੇ ਬਹੁ ਰਹੇ। ਤਊ ਦੇਖਿ ਤਿਨ, ਉਰ ਦੁਖ ਦਹੇ।
ਇਨ ਤੇ ਅਧਿਕ ਦੂਰ ਅਬਿ ਜਾਇਂ। ਬਿਨ ਦੇਖੇ ਹਮ ਕੋ, ਸੁਖ ਪਾਇਂ॥੫॥

ਗੁਰੂ ਜੀ ਕਹਿੰਦੇ ਸਨ, 'ਅਸੀਂ ਚਿੱਤ ਵਿਚ ਬਹੁਤ ਸ਼ਾਂਤੀ ਧਾਰ ਕੇ ਰਹੇ ਹਾਂ ਫਿਰ ਵੀ ਉਨ੍ਹਾਂ ਦੇ ਸਾਨੂੰ ਵੇਖ ਕੇ ਤਨ ਤੇ ਹਿਰਦੇ ਬਹੁਤ ਸੜਦੇ ਹਨ। ਇਨ੍ਹਾਂ ਤੋਂ ਹੁਣ ਦੂਰ ਜਾਂਦੇ ਹਾਂ, ਸਾਨੂੰ ਵੇਖਣ ਤੋਂ ਬਗੈਰ ਇਹ ਸੁੱਖ ਪਾਉਣਗੇ॥੫॥

ਤਾਂਤੇ ਗਮਨ ਕਰਨਿ ਅਬਿ ਆਛੇ। ਪੂਰਹਿਂ ਕਾਮਨਾ ਜੋ ਸਿਖ ਬਾਂਛੇ।
ਬਹੁ ਕਾਰਨ ਕੋ ਜਾਨਿ ਗੁਸਾਈਂ। ਕਹਿ ਨਿਜ ਲੋਕਨਿ ਸਕਲ ਜਨਾਈ॥੬॥

ਇਸ ਕਰਕੇ ਹੁਣ ਬਾਹਰ ਫਿਰਨਾ ਹੀ ਚੰਗਾ ਹੈ, ਸਿੱਖ ਜੋ ਕਾਮਨਾ ਕਰਕੇ ਮੰਗਦੇ, ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕਰੀਦੇ। ਪ੍ਰਭੂ ਬਹੁਤ ਕਾਰਨਾਂ ਨੂੰ ਜਾਣ ਕੇ ਤੇ ਆਪਣੇ ਲੋਕਾਂ ਨੂੰ ਕਹਿ ਕੇ ਸੂਚਿਤ ਕਰ ਦਿੱਤਾ॥ ੬॥

'ਸਰਬ ਭਾਂਤਿ ਤਜਾਰੀ ਕਰਿ ਲੀਜੈ। ਦੇਸ਼ ਬਿਦੇਸ਼ਨਿ ਬਿਚਰਨਿ ਕੀਜੈ।
ਸਨੇ ਸਨੇ ਗਮਨੈਂ ਸੁਖ ਪਾਏ। ਡੇਰੇ ਸਜੰਦਨ ਸਾਜਿ ਬਨਾਏ'॥ ੭॥

"ਸਰਬ ਪ੍ਰਕਾਰ ਤਿਆਰੀ ਕਰ ਲਵੋ, ਦੇਸ਼ਾਂ ਬਦੇਸ਼ਾਂ ਵਿਚ ਵਿਚਰਨ ਕਰੀਏ। ਹੌਲੀ ਹੌਲੀ ਸੁੱਖ ਪਾ ਕੇ ਚਲਾਂਗੇ, ਡੋਲੇ ਤੇ ਰੱਥਾਂ ਦੇ ਸਾਜ ਬਣਾਏ" ॥੭॥

ਕੇਤਿਕ ਦਾਸ ਫਕੀਰਨਿ ਸਾਥ। ਚਹਤਿ ਦਰਸ ਨਿਤ ਸਤਿਗੁਰੁ ਨਾਥ।
ਤੀਰਥ ਕਰੈਂ ਪੁੰਨ ਜਿਨ ਮਹਾਂ। ਬਿਚਰਹਿਂ ਸੈਲ ਕਰਹਿਂ ਜਹਿਂ ਕਹਾਂ॥ ੮॥

ਕਈ ਦਾਸ ਅਤੇ ਫਕੀਰ ਨਾਲ ਚਲ ਪਏ, ਉਹ ਸਤਿਗੁਰੂ ਮਾਲਕ ਦੇ ਨਿਤ ਦਰਸ਼ਨ ਕਰਨਾ ਚਾਹੁੰਦੇ ਸਨ। ਤੀਰਥਾਂ ਨੂੰ ਪਵਿੱਤਰ ਕਰੀਏ, ਜਿਨ੍ਹਾਂ ਵਿਚ ਵਿਚਰੀਏ ਅਤੇ ਜਿਥੇ ਕਿਥੇ ਦੀ ਸੈਰ ਕਰੀਏ॥੮॥

ਸਫਲ ਜਨਮ ਅਪਨੇ ਕੋ ਚਾਹਤਿ। ਇੱਤਜਾਦਿਕ ਕੋ ਜਾਨਿ ਉਮਾਹਤਿ।
ਜੇਤਿਕ ਪੁਰਿ ਮਹਿਂ ਲੋਕ ਬਸਾਏ। ਕਰਿ ਇਕਠੇ ਸਭਿ ਨਿਕਟਿ ਬੁਲਾਏ॥ ੯॥

ਆਪਣਾ ਜਨਮ ਸਫਲ ਕਰਨਾ ਚਾਹੁੰਦੇ ਹਨ, ਇਸ ਤਰ੍ਹਾਂ ਹੋਰ ਜਾਣ ਕੇ ਬੜੇ ਉਤਸ਼ਾਹਤ ਹੋ ਗਏ, ਜਿੰਨੇ ਨਗਰ ਵਿਚ ਲੋਕ ਵਸਾਏ ਸਨ, ਇਕੱਠੇ ਕਰਕੇ ਸਭ ਪਾਸ ਬੁਲਾਏ॥੯॥

ਸਾਦਰ ਕਹ੍ਯੋ 'ਬਸਹੁ ਸੁਖ ਪਾਇ। ਹਮ ਅਬਿ ਤੀਰਥ ਕਰਨਿ ਸਿਧਾਇਂ।
ਕੇਤਿਕ ਦਿਨ ਇਸ ਜੰਗਲ ਦੇਸ਼। ਕਰਹਿਂ ਬਿਤਾਵਨਿ ਹੋਇ ਪ੍ਰਵੇਸ਼॥ ੧੦॥

ਗੁਰੂ ਜੀ ਨੇ ਉਨ੍ਹਾਂ ਨੂੰ ਬੜੇ ਆਦਰ ਨਾਲ ਕਿਹਾ, "ਅਸੀਂ ਹੁਣ ਤੀਰਥਾਂ ਤੇ ਚਲੇ ਹਾਂ। ਕਈ ਦਿਨ ਮਾਲਵੇ ਦੇਸ਼ ਵਿਚ ਪ੍ਰਵੇਸ਼ ਕਰਕੇ ਬਿਤਾਵਾਂਗੇ॥੧੦॥

ਪੁਨ ਹਮ ਪੂਰਬ ਦਿਸ਼ਾ ਪਧਾਰੈਂ। ਬਿਚਰਹਿਂ ਤਹਿਂ ਕੇ ਦੇਸ਼ ਨਿਹਾਰਹਿਂ'।
ਹਾਥ ਜੋਰਿ ਪੁਨ ਨਰਨਿ ਸੁਨਾਈ। 'ਤੁਮ ਹਮਰੇ ਨਿਤ ਨਾਥ ਸਦਾਈ॥ ੧੧॥

ਫਿਰ ਅਸੀਂ ਪੂਰਬ ਵਾਲੇ ਪਾਸੇ ਨੂੰ ਚਲੇ ਜਾਵਾਂਗੇ, ਉਹ ਸਾਰਾ ਦੇਸ਼ ਫਿਰ ਕੇ ਵੇਖਾਂਗੇ।" ਹੱਥ ਜੋੜ ਕੇ ਫਿਰ ਉਨ੍ਹਾਂ ਮਨੁੱਖਾਂ ਕਿਹਾ, "ਤੁਸੀਂ ਸਦਾ ਸਾਡੇ ਮਾਲਕ ਹੋ॥੧੧॥

ਦੂਰ ਕਿ ਨਿਕਟਿ ਰਹਹੁ ਕਿਸ ਥਾਨੂ। ਸਦ ਸਮਰੱਥ ਗੁਰੂ ਭਗਵਾਨੂ।
ਅਪਨੇ ਜਾਨਿ,ਸਹਾਇਕ ਰਹੀਅਹਿ। ਬਹੁਰੋ ਆਵਨਿ ਤੂਰਨਿ ਚਹੀਅਹਿ ॥੧੨॥

ਦੂਰ ਜਾਂ ਨੇੜੇ ਕਿਸੇ ਸਥਾਨ 'ਤੇ ਵੀ ਰਹੋ, ਤੁਸੀਂ ਸਦਾ ਸਮਰੱਥ ਗੁਰੂ ਭਗਵਾਨ ਹੋ। ਆਪਣੇ ਜਾਣ ਕੇ ਸਦਾ ਸਹਾਇਕ ਰਹੋ। ਫਿਰ ਛੇਤੀ ਹੀ ਆਉਣਾ ਚਾਹੋ॥੧੨॥

ਸਦਾ ਅਲੰਬ ਤੁਮਾਰੇ ਰਹੈਂ। ਸਦਾ ਪ੍ਰਤੀਖਤਿ ਹੀ ਚਿਤ ਚਹੈਂ।
ਜਬਿ ਆਵਹੁ ਪੁਰਿ ਬਸਹਿ ਬਡੇਰਾ। ਨਾਂਹਿ ਤ ਇਤੋ ਹੋਇ ਜਿਮ ਹੇਰਾ" ॥੧੩॥

ਸਦਾ ਤੁਹਾਡੇ ਆਸਰੇ ਰਹਿੰਦੇ ਹਾਂ, ਸਦਾ ਚਿੱਤ ਵਿਚ ਉਡੀਕਦੇ ਹੀ ਰਹਾਂਗੇ। ਜਦ ਫਿਰ ਆਵੋਗੇ ਤਾਂ ਫਿਰ ਵੱਡਾ ਨਗਰ ਵਸੇਗਾ, ਨਹੀਂ ਤਾਂ ਇਸ ਤਰ੍ਹਾਂ ਹੋਵੇਗਾ ਜਿਵੇਂ ਵੇਖਦੇ ਹੋ" ॥੧੩॥

ਸੁਨਿ ਸਤਿਗਰੁ ਪ੍ਰਸੰਨ ਬਿਸਾਲਾ। ਕਹਤਿ ਭਏ ਤਿਨ ਕੌ ਤਤਕਾਲਾ।
'ਮਹਾਂ ਪੁਰਖ ਜਬਿ ਜਨਮ ਸੁ ਪਾਵੈ। ਅਪਨੋ ਜਾਨਿ ਇਹਾਂ ਤਬਿ ਆਵੈ॥ ੧੪॥

ਸਤਿਗੁਰੂ ਜੀ ਇਹ ਸੁਣ ਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੂੰ ਤੁਰਤ ਕਹਿਣ ਲੱਗੇ। "ਮਹਾਂਪੁਰਖ ਜਦ ਜਨਮ ਪਾਵੇਗਾ ਤਾਂ ਆਪਣਾ ਜਾਣ ਕੇ ਤਦ ਏਥੇ ਆਵੇਗਾ॥੧੪॥

ਕਰਹਿ ਬਸਾਵਨਿ ਦਿਸਹਿ ਬਿਸਾਲਾ। ਰਚਨਾ ਅਧਿਕ ਰਚਹਿ ਤਤਕਾਲਾ।
ਬੀਜ ਮਾਤ੍ਰ ਹਮ ਕੀਨਿ ਬਸਾਵਨਿ। ਤਰੁਵਰ ਸਮ ਤਬਿ ਹੋਇ ਬਿ੍ਧਾਵਨਿ ॥੧੫॥

ਤਾਂ ਉਹ ਇਸ ਸ਼ਹਿਰ ਨੂੰ ਵਸਾ ਕੇ ਬਹੁਤ ਵੱਡਾ ਬਣਾ ਦੇਵੇਗਾ ਤੁਰਤ ਬਹੁਤ ਵੱਡੀ ਰਚਨਾ ਰਚ ਦੇਵੇਗਾ। ਅਸੀਂ ਤਾਂ ਬੀਜ ਮਾਤ੍ਰ ਇਸ ਨੂੰ ਵਸਾਇਆ ਹੈ, ਫਿਰ ਇਹ ਪੂਰੇ ਰੁੱਖ ਜਿੰਨਾ ਵਧ ਕੇ ਹੋ ਜਾਵੇਗਾ ॥੧੫॥

ਲੋਕ ਹਜ਼ਾਰਹੁਂ ਨਿਤ ਪ੍ਰਤਿ ਆਵੈਂ। ਬਸਨਹਾਰ ਦੀਰਘ ਸੁਖ ਪਾਵੈਂ।
ਇੱਤਜਾਦਿਕ ਸੁਨਿ ਗੁਰ ਕੀ ਬਾਨੀ। ਸਭਿਨਿ ਜੋਰਿ ਕਰ ਬੰਦਨ ਠਾਨੀ ॥੧੬॥

ਹਜ਼ਾਰਾਂ ਲੋਕ ਨਿਤਪ੍ਰਤਿ ਆਉਣਗੇ ਤੇ ਏਥੋਂ ਦੇ ਵਸਣ ਵਾਲੇ ਬਹੁਤ ਸੁੱਖ ਪਾਉਣਗੇ।" ਇਸ ਤਰ੍ਹਾਂ ਗੁਰੂ ਜੀ ਦੀ ਬਾਣੀ ਸੁਣ ਕੇ ਸਾਰਿਆਂ ਨੇ ਹੱਥ ਜੋੜ ਕੇ ਬੰਦਨਾ ਕੀਤੀ ॥੧੬॥

ਤਬਿ ਸਤਿਗੁਰ ਤਯਾਰੀ ਕਰਿਵਾਈ। ਬਾਹਨ ਜ਼ੀਨ ਅਧਿਕ ਛਬਿ ਛਾਈ।
ਸਭਿ ਕੋ ਧੀਰਜ ਦੇ ਕਰਿ ਭਲੇ। ਸਿੱਖ ਉਧਾਰਨਿ ਦੇਸ਼ਨਿ ਚਲੇ ॥ ੧੭॥

ਤਦ ਸਤਿਗੁਰੂ ਜੀ ਨੇ ਤਿਆਰੀ ਕਰਵਾਈ, ਵਾਹਣਾਂ ਉੱਤੇ ਜ਼ੀਨ ਦੀ ਛਵੀ ਬਹੁਤ ਸ਼ੋਭ ਰਹੀ ਸੀ। ਸਾਰਿਆਂ ਨੂੰ ਭਲੀ ਪ੍ਰਕਾਰ ਧੀਰਜ ਦੇ ਕੇ, ਸਿੱਖਾਂ ਦਾ ਉਧਾਰ ਕਰਨ ਵਾਸਤੇ ਦੂਸਰੇ ਦੇਸ਼ਾਂ ਵਲ ਚਲ ਪਏ ॥੧੭॥

ਮਾਤ ਨਾਨਕੀ ਸਯੰਦਨ ਮਾਂਹੀ। ਪੁੱਤ੍ਰ ਸਨੇਹ ਧਾਰਿ ਸੰਗ ਜਾਹੀ।
ਬਹੁਰ ਤੀਰਥਨਿ ਕੇ ਇਸ਼ਨਾਨ। ਅਧਿਕ ਸ਼ਰੀਕਾ ਸੋਢਨਿ ਜਾਨਿ ॥ ੧੮॥

ਮਾਤਾ ਨਾਨਕੀ ਜੀ ਰੱਥ ਵਿਚ ਬੈਠ ਗਏ, ਬੜਾ ਪ੍ਰੇਮ ਧਾਰ ਕੇ ਪੁੱਤਰ ਦੇ ਨਾਲ ਜਾ ਰਹੀ ਸੀ। ਬਹੁਤ ਤੀਰਥਾਂ ਦਾ ਇਸ਼ਨਾਨ ਕਰਨ ਵਾਸਤੇ ਅਤੇ ਸੋਢੀਆਂ ਦਾ ਵੱਡਾ ਸ਼ਰੀਕਾ ਵੇਖ ਕੇ ਗੁਰੂ ਜੀ ਜਾ ਰਹੇ ਸਨ ॥੧੮॥

ਸ੍ਰੀ ਗੁਜਰੀ ਚਢਿ ਕਰਿ ਤਬਿ ਡੋਰੇ। ਪਤਿ ਕੇ ਸੰਗ ਚਲੀ ਸੁਖ ਲੋਰੇ।
ਭ੍ਰਾਤ ਕ੍ਰਿਪਾਲ ਸਾਥ ਨਿਜ ਕਰਿਓ। ਸੋ ਤੁਰੰਗ ਸੁੰਦਰ ਪਰ ਚਰਿਓ ॥ ੧੯॥

ਮਾਤਾ ਗੁਜਰੀ ਜੀ ਡੋਲੇ ਵਿਚ ਚੜ੍ਹ ਗਏ, ਆਪਣੇ ਪਤੀ ਜੀ ਦੇ ਨਾਲ ਚਲ ਪਈ, ਸੁੱਖ ਚਾਹੁੰਦੀ ਸੀ। ਆਪਣੇ ਭਰਾ ਕ੍ਰਿਪਾਲ ਨੂੰ ਨਾਲ ਲੈ ਲਿਆ, ਜਿਹੜਾ ਇਕ ਸੁੰਦਰ ਘੋੜੇ ਤੇ ਚੜ੍ਹ ਗਿਆ ॥੧੯॥

ਅਪਰ ਸਕਲ ਪਾਇਨ ਸੰਗ ਚਲੇ। ਜੇ ਚਾਹਤਿ ਪ੍ਰਲੋਕ ਹੁਇ ਭਲੇ।
ਸ੍ਰੀ ਸਤਿਗੁਰ ਹ੍ਵੈ ਕੈ ਅਸਵਾਰ। ਸ੍ਰੀ ਨਾਨਕ ਉਰ ਸਿਮਰਨ ਧਾਰਿ ॥ ੨੦॥

ਹੋਰ ਸਾਰੇ ਪੈਦਲ ਹੀ ਨਾਲ ਚਲ ਪਏ, ਜਿਹੜੇ ਚਾਹੁੰਦੇ ਸਨ ਕਿ ਪਰਲੋਕ ਵਿਚ ਭਲਾ ਹੋਵੇਗਾ। ਸ੍ਰੀ ਸਤਿਗੁਰੂ ਜੀ ਨੇ ਘੋੜੇ ਤੇ ਸਵਾਰ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਪਣੇ ਹਿਰਦੇ ਵਿਚ ਸਿਮਰਨ ਕੀਤਾ ॥੨੦॥

ਮੰਦ ਮੰਦ ਗਮਨੇ ਗੁਰੁ ਸੁਾਮੀ। ਸਕਲ ਘਟਨਿ ਕੇ ਅੰਤਰਜਾਮੀ।
ਪ੍ਰਥਮ ਸਿਵਰ ਦੁਇ ਕੋਸ ਲਗਾਯੋ। ਨਰ ਸਮੁਦਾਇ ਮਿਲਨਿ ਕੋ ਆਯੋ ॥੨੧॥

ਗੁਰੂ ਸਵਾਮੀ ਜੀ ਹੌਲੀ-ਹੌਲੀ ਚਲ ਪਏ, ਜਿਹੜੇ ਸਾਰੇ ਦਿਲਾਂ ਦੀਆਂ ਜਾਣਨ ਵਾਲੇ ਅੰਤਰਜਾਮੀ ਸਨ। ਪਹਿਲਾਂ ਦੋ ਕੋਹਾਂ ਤੇ ਜਾ ਕੇ ਡੇਰਾ ਲਾ ਲਿਆ, ਬਹੁਤ ਮਨੁੱਖ ਇਕੱਠੇ ਹੋ ਕੇ ਮਿਲਣ ਵਾਸਤੇ ਆਏ ॥੨੧॥

ਜੇਤਿਕ ਦਰਬ ਕੋਸ਼ ਮਹਿਂ ਜਾਨਾ। ਕੋਸ਼ਪਤੀ ਸੰਗ ਬਾਕ ਬਖਾਨਾ।
ਏਕ ਦਾਸ ਕੌ ਪੁਰਿ ਮਹਿਂ ਤਯਾਗਾ। ਆਇਸੁ ਮਾਨਿ ਰਹਯੋ ਬਡਭਾਗਾ ॥੨੨॥

ਜਿੰਨਾ ਧਨ ਖਜ਼ਾਨੇ ਵਿਚ ਜਾਣਿਆ, ਖਜ਼ਾਨਚੀ ਨੂੰ ਬਜ਼ਨ ਕੀਤਾ। ਇਕ ਦਾਸ ਨੂੰ ਨਗਰ ਵਿਚ ਛੱਡ ਦਿੱਤਾ, ਉਹ ਵਡਭਾਗਾ ਹੁਕਮ ਮੰਨ ਕੇ ਰਹਿ ਗਿਆ॥੨੨॥

ਸਗਰੋ ਧਨ ਤਿਸ ਕੋ ਤਬਿ ਦੀਨਾ। ਕਹਜੋ ਗੁਰੂ 'ਲਖਿ ਖਰਚ ਪ੍ਰਬੀਨਾ!
ਕੂਪ ਲਗਾਵਹੁ ਸਦਨ ਬਨਾਵਹੁ। ਖਰਚਹੁ ਪੁਰਿ ਕੇ ਹੇਤੁ ਬਸਾਵਹੁ॥ ੨੩॥

ਸਾਰਾ ਧਨ ਫਿਰ ਉਸ ਨੂੰ ਦੇ ਦਿੱਤਾ, ਗੁਰੂ ਜੀ ਨੇ ਕਿਹਾ, "ਹੇ ਚਤੁਰ! ਖਰਚ ਸਮਝ ਕੇ ਕਰੋ, ਖੂਹ ਲਵਾਵੋ ਤੇ ਘਰ ਬਣਾਵੋ, ਨਗਰ ਵਸਾਉਣ ਵਾਸਤੇ ਖਰਚ ਕਰੋ॥੨੩॥

ਜਿਮ ਸਭਿ ਲੋਕ ਅਧਿਕ ਸੁਖ ਪਾਇ। ਸੋ ਤੁਮ ਕੀਜਹਿ ਸਦਾ ਬਨਾਇ।
ਪੁਰਿ ਕੋ ਖੇਦ ਦਹਿ ਨਹਿਂ ਕੋਈ। ਜੇ ਕੋ ਦੇਹਿ, ਰਹੈ ਨਹਿਂ ਸੋਈ' ॥ ੨੪॥

ਜਿਵੇਂ ਸਾਰੇ ਲੋਕ ਵਾਧੂ ਸੁਖ ਪਾਉਣ, ਉਹ ਕੰਮ ਤੁਸੀਂ ਸਦਾ ਬਣਾ ਕੇ ਕਰੋ ਭਾਵ ਨਾ ਧਨ ਵਿਅਰਥ ਗੁਆਈਂ ਅਤੇ ਨਾ ਸੂਮਪੁਣਾ ਕਰੀਂ। ਨਗਰ ਨੂੰ ਕੋਈ ਦੁੱਖ ਨਹੀਂ ਦੇਵੇਗਾ, ਜੇ ਕੋਈ ਦੇਵੇਗਾ ਤਾਂ ਉਹ ਰਹੇਗਾ ਨਹੀਂ" ॥੨੪॥

ਇਮ ਤਿਸ ਕੋ ਸਮੁਝਾਇ ਗੁਸਾਈਂ। ਬੈਠੀ ਸੰਗਤਿ ਢਿਗ ਸਮੁਦਾਈ।
ਤਿਨਿ ਦਿਸ਼ਿ ਦੇਖਿ ਦ੍ਰਿਸ਼ਟਿ ਜੁਤਿ ਕਰੁਨਾ। ਚਾਹਹਿਂ ਤਿਨਹਿਂ ਕਲੇਸ਼ਨਿ ਹਰਨਾ॥੨੫॥

ਇਸ ਤਰ੍ਹਾਂ ਗੁਰੂ ਜੀ ਨੇ ਉਸ ਨੂੰ ਸਮਝਾਇਆ, ਸਾਰੀ ਸੰਗਤ ਪਾਸ ਬੈਠੀ ਸੀ। ਗੁਰੂ ਜੀ ਨੇ ਉਸਨੂੰ ਕਿਰਪਾ ਸਹਿਤ ਵੇਖਿਆ, ਉਸ ਦੇ ਸਾਰੇ ਕਲੇਸ਼ ਦੂਰ ਕਰਨਾ ਚਾਹੁੰਦੇ ਸਨ॥੨੫॥

ਕੁਛਕ ਦੀਨਿ ਉਪਦੇਸ਼ ਬਨਾਇ। ਬਹੁਰ ਬਿਸਰਜਨਿ ਕੀਨਿ ਸੁਨਾਇ।
'ਭੋ ਸਿੱਖਹੁ! ਨਰ ਤਨ ਇਹ ਰਤਨ। ਜਿਮ ਸਫਲਹਿ ਤਿਮ ਕੀਜਹਿ ਜਤਨ॥੨੬॥

ਉਸ ਨੂੰ ਚੰਗੀ ਤਰ੍ਹਾਂ ਉਪਦੇਸ਼ ਦਿੱਤਾ, ਫਿਰ ਸਾਰਿਆਂ ਨੂੰ ਸੁਣਾ ਕੇ ਵਿਦਾ ਕੀਤਾ, "ਹੇ ਸਿਖੋ! ਇਹ ਮਨੁੱਖੀ ਸਰੀਰ ਰਤਨ ਸ਼ਮਾਨ ਹੈ, ਜਿਵੇਂ ਸਫਲ ਹੋਵੇ, ਉਸ ਤਰ੍ਹਾਂ ਹੀ ਯਤਨ ਕਰੋ॥੨੬॥

ਜਗ ਧੰਧੇ ਮਹਿਂ ਫਸਿ ਨ ਬਿਤਾਵਹੁ। ਬਿਨਸ ਜਾਇ, ਪਿਖਿ ਨਹਿਂ ਬਿਰਮਾਵਹੁ।
ਹੇਤੁ ਜੀਵਕਾ ਹੁਇ ਨਿਸ਼ਪਾਪ। ਕਰੋ ਕਾਰ ਕੋ ਹਰਿ ਹਰਿ ਜਾਪ॥ ੨੭॥

ਜਗਤ ਦੇ ਧੰਧਿਆਂ ਵਿਚ ਫਸ ਇਸ ਨੂੰ ਬਤੀਤ ਨਾ ਕਰੋ, ਇਹ ਸਰੀਰ ਖਤਮ ਹੋ ਜਾਣਾ ਹੈ, ਦੁਨਿਆਵੀ ਪਦਾਰਥ ਵੇਖ ਕੇ ਭਰਮ ਨਾ ਜਾਵੋ। ਆਪਣੇ ਜੀਵਨ ਨਿਰਬਾਹ ਵਾਸਤੇ ਪਾਪ ਰਹਿਤ ਹੋ ਕੇ ਕਾਰ ਕਰੋ ਤੇ ਨਾਲ ਨਾਲ ਹਰੀ ਦਾ ਨਾਮ ਜਪੋ॥੨੭॥

ਮਨ ਮਹਿਂ ਸਿਮਰਨ ਕੀ ਲਿਵ ਰਾਖਹੁ। ਸ੍ਵਾਸ ਨ ਬ੍ਰਿਥਾ ਜਾਇ ਇਮ ਕਾਂਖਹੁ।
ਸੰਗਤਿ ਜਹਿਂ ਗੁਰੁ ਕੀ ਮਿਲਿ ਜਾਇ। ਸੇਵਾ ਕਰਹੁ ਪ੍ਰੇਮ ਉਪਜਾਇ॥ ੨੮॥

ਮਨ ਵਿਚ ਸਿਮਰਨ ਦੀ ਲਿਵ ਲਾਈ ਰਖੋ, ਇਹ ਇੱਛਾ ਧਾਰ ਕੇ ਰੱਖੋ ਕਿ ਇਕ ਸਵਾਸ ਵੀ ਵਿਅਰਥ ਨਾ ਜਾਵੇ। ਜਿਥੇ ਵੀ ਗੁਰੂ ਦੀ ਸੰਗਤ ਮਿਲ ਜਾਵੇ, ਪ੍ਰੇਮ ਸਹਿਤ ਸੇਵਾ ਕਰੋ॥੨੮॥

ਪੱਖਾ ਪਾਨੀ ਪੀਸਨਿ ਕੀਜਹਿ। ਜਥਾ ਸ਼ਕਤਿ ਧਨ ਆਦਿਕ ਦੀਜੈ।
ਅੰਨ ਬਸਨ ਅਰਪਨਿ ਕਰਿ ਦੈ ਹੋ। ਚਰਨਨਿ ਚਾਂਪ ਸਫਲਤਾ ਪੈ ਹੋ॥ ੨੯॥

ਪੱਖਾ ਝੱਲੋ, ਪਾਣੀ ਪਿਆਵੋ ਅਤੇ ਚੱਕੀ ਨਾਲ ਆਟਾ ਪੀਸੋ ਤੇ ਆਪਣੀ ਸ਼ਕਤੀ ਅਨੁਸਾਰ ਧਨ ਆਦਿ ਦੇਵੋ। ਅਨਾਜ ਅਤੇ ਕਪੜੇ ਅਰਪਣ ਕਰ ਦੇਵੋ ਤੇ ਚਰਨ ਘੁਟਣ ਨਾਲ ਸਫਲਤਾ ਪਾਉਗੇ॥੨੯॥

**ਅਬਿ ਤਪ ਕਰਿਬੇ ਕੋ ਨਹਿਂ ਕਾਲ। ਜਿਸ ਤੇ ਉਪਜਤਿ ਸ਼ਕਤਿ ਬਿਸਾਲ।**
**ਤੀਨਹੁਂ ਦੇਵ ਆਦਿ ਜਗ ਅਹੇ। ਸੋ ਭੀ ਤਪ ਕੋ ਤਾਪਤਿ ਰਹੇ॥ ੩੦॥**

ਹੁਣ ਤਪ ਕਰਨ ਦਾ ਸਮਾਂ ਨਹੀਂ ਹੈ, ਜਿਸ ਨਾਲ ਵਿਸ਼ਾਲ ਸ਼ਕਤੀ ਪੈਦਾ ਹੁੰਦੀ ਸੀ। ਤਿੰਨੇ ਦੇਵਤੇ ਜਿਹੜੇ ਆਦਿ ਜਗ ਵਿਚ ਹੋਏ ਹਨ, ਉਹ ਵੀ ਤਪ ਕਰਦੇ ਰਹੇ ਹਨ॥੩੦॥

**ਅਸ ਕੋ ਵਸਤੁ ਨ ਜਾਨੀ ਪਰੇ। ਪਾਇ ਨਹੀਂ ਤਪ ਤਾਪਨ ਕਰੇ।**
**ਧ੍ਰੂ ਤੇ ਆਦਿ ਜਿਤਕ ਵਡਿਆਈ। ਅਧਿਕ ਪ੍ਰਤਾਪ ਹੋਇ ਬਿਰਧਾਈ॥ ੩੧॥**

ਐਸੀ ਵਸਤੂ ਕੋਈ ਜਾਣੀ ਨਹੀਂ ਜਾਂਦੀ ਜਿਹੜੀ ਕਿ ਤਪ ਕਰਨ ਨਾਲ ਪਾਈ ਨਹੀਂ ਜਾ ਸਕਦੀ। ਧ੍ਰੂ ਭਗਤ ਤੇ ਹੋਰ ਜਿਨ੍ਹਾਂ ਭਗਤਾਂ ਨੇ ਵਡਿਆਈ ਲਈ ਹੈ, ਉਨ੍ਹਾਂ ਦਾ ਬਹੁਤ ਪ੍ਰਤਾਪ ਵਧਿਆ ਹੈ॥ ੩੧॥

**ਤਪ ਕਰਿਬੇ ਤੇ ਪ੍ਰਾਪਤਿ ਹੋਇ। ਤਪ ਕੀ ਮਹਿਮਾ ਕਹਿ ਸਭਿ ਕੋਇ।**
**ਤਿਸ ਕੋ ਸਮਾ ਨਹੀਂ ਅਬਿ ਜਾਨਹੁਂ। ਨਿਰਬਲ ਪ੍ਰਾਨੀ ਬਿਦਤ ਪਛਾਨਹੁਂ॥੩੨॥**

ਉਹ ਤਪ ਕਰਨ ਨਾਲ ਹੀ ਪ੍ਰਾਪਤ ਹੋਈ ਹੈ, ਸਾਰੇ ਹੀ ਤਪ ਦੀ ਮਹਿਮਾ ਕਰਦੇ ਹਨ। ਅਜਿਹੇ ਤਪ ਕਰਨ ਦਾ ਹੁਣ ਸਮਾਂ ਨਹੀਂ ਹੈ, ਤਪ ਕਰਨ ਵਾਲੇ ਨੂੰ ਪ੍ਰਗਟ ਰੂਪ ਵਿਚ ਨਿਰਬਲ ਪ੍ਰਾਣੀ ਪਛਾਣੋ॥ ੩੨॥

**ਤਿਸ ਤੇ ਸਹਸ ਗੁਨਾ ਫਲ ਪਾਵੈ। ਜੋ ਸਤਿ ਸੰਗਤਿ ਸੇਵ ਕਮਾਵੈ।**
**ਤਪ ਕੀ ਮਹਿੰਮਾ ਤੇ ਅਧਿਕਾਈ। ਅਪਰ ਬਾਤ ਕਜਾ ਕਹੈਂ ਬਨਾਈ॥ ੩੩॥**

ਉਸ ਨਾਲੋਂ ਉਹ ਪ੍ਰਾਣੀ ਸੌ ਗੁਣਾਂ ਵੱਧ ਫਲ ਪ੍ਰਾਪਤ ਕਰਦਾ ਹੈ ਜਿਹੜਾ ਸਤਿਸੰਗਤ ਵਿਚ ਸੇਵਾ ਦੀ ਕਮਾਈ ਕਰਦਾ ਹੈ। ਤਪ ਦੀ ਮਹਿਮਾ ਨਾਲੋਂ ਇਸ ਨਾਲ ਵਧ ਵਡਿਆਈ ਮਿਲਦੀ ਹੈ, ਹੋਰ ਕਿਹੜੀ ਗੱਲ ਬਣਾ ਕੇ ਕਹੀਏ। ੩੩॥

**ਯਾਂਤੇ ਜਾਨਹੁਂ ਸੇਵਾ ਸਾਰ। ਸੇਵਹੁ ਸੰਤ ਕਿ ਗੁਰੁ ਦਰਬਾਰ।**
**ਐਸੀ ਦੁਲਭ ਵਸਤੁ ਕੁਛ ਨਾਂਹੀ। ਸੇਵਹਿ ਸੰਗਤਿ ਬਹੁਰ ਨ ਪਾਹੀ॥ ੩੪॥**

ਇਸ ਕਰਕੇ ਸੇਵਾ ਦੀ ਸਾਰ ਨੂੰ ਜਾਣੋ, ਸੰਤ ਤੇ ਗੁਰ-ਦਰਬਾਰ ਦੀ ਸੇਵਾ ਕਰੋ, ਐਸੀ ਦੁਰਲੱਭ ਵਸਤੂ ਕੋਈ ਨਹੀਂ ਹੈ, ਸੰਗਤ ਦੀ ਸੇਵਾ ਫਿਰ ਨਹੀਂ ਮਿਲਦੀ ਹੈ॥ ੩੪॥

**ਮਹਾਂ ਮਹਾਤਮ ਸਿਮਰੇ ਨਾਮੁ। ਮਨ ਕੋ ਕੀਜਹਿ ਤਹਿਂ ਬਿਸਰਾਮ।**
**ਸ੍ਵਾਰਥ ਕਿਧੌਂ ਅਕਾਰਥ ਬ੍ਰਿੰਦ। ਫੁਰਹਿਂ ਸਦਾ ਮਨ ਥਿਰ ਨ ਰਹਿੰਦ॥ ੩੫॥**

ਨਾਮ ਸਿਮਰਨ ਨਾਲ ਮਹਾਨ ਮਹਾਤਮ ਪ੍ਰਾਪਤ ਹੁੰਦਾ ਹੈ, ਆਪਣੇ ਮਨ ਨੂੰ ਨਾਮ ਦੇ ਵਿਚ ਟਿਕਾਓ। ਮਤਲਬ ਦੇ ਜਾਂ ਬੇਮਤਲਬੇ ਸਾਰੇ ਸੰਕਲਪ, ਮਨ ਵਿਚ ਸਦਾ ਫੁਰਦੇ ਹਨ ਤੇ ਮਨ ਸਥਿਰ ਨਹੀਂ ਰਹਿੰਦਾ ਹੈ॥ ੩੫॥

**ਸਨੇ ਸਨੇ ਤਿਸ ਕੋ ਅਟਕਾਇ। ਕਰਹੁ ਟਿਕਾਵਨਿ ਕੋਰ ਉਪਾਇ।**
**ਜਿਮ ਜਿਮ ਥਿਰਤਾ ਗਹੈ ਸੁਭਾਊ। ਤਿਮ ਤਿਮ ਨਿਪੁਨ ਕਰਹਿ ਬਿਰਧਾਊ॥੩੬॥**

ਹੌਲੀ ਹੌਲੀ ਉਸ ਨੂੰ ਅਟਕਾਓ, ਉਪਾਅ ਕਰਕੇ ਉਸ ਨੂੰ ਟਿਕਾਵੋ। ਜਿਵੇਂ-ਜਿਵੇਂ ਤੁਹਾਡਾ ਸੁਭਾਅ ਸਥਿਰਤਾ ਫੜੇ, ਤਿਵੇਂ-ਤਿਵੇਂ ਨਿਪੁੰਨ ਕਰਕੇ ਵਧਾਵੇਗਾ॥ ੩੬॥

**ਸਤਿਗੁਰੁ ਕੇ ਪਗ ਪੰਕਜ ਲਾਵੈ। ਕੈ ਲਿਵ ਨਾਮ ਬਿਖੈ ਅਟਕਾਵੈ।**
**ਜਲ ਪ੍ਰਵਾਹ ਸਮ ਮਨ ਕੋ ਅਹੈ। ਜਿਤਹਿ ਕਰਹਿ ਤਿਤ ਹੀ ਨਿਤ ਬਹੈ॥ ੩੭॥**

ਸਤਿਗੁਰੂ ਜੀ ਦੇ ਚਰਨ ਕੰਵਲਾਂ ਤੇ ਲਾਵੇਗਾ ਜਾਂ ਤੁਹਾਡੀ ਲਿਵ ਨਾਮ ਵਿਚ ਅਟਕਾਅ ਦੇਵੇਗਾ। ਜਲ ਪ੍ਰਵਾਹ ਵਾਂਗ ਮਨ ਦਾ ਵੇਗ ਹੈ, ਜਿਧਰ ਵੀ ਲਾ ਦੇਵੋਗੇ, ਓਧਰ ਹੀ ਵਹਿ ਤੁਰਦਾ ਹੈ॥ ੩੭॥

ਸਨੇ ਸਨੇ ਬਿਖ਼ਿਯਨਿ ਤੇ ਰੋਕੈ। ਲਘੁ ਸੁਖ ਪੁਨ ਕੇ ਨਰਕ ਬਿਲੋਕੈ।
ਨਾਸ਼ਵੰਤ ਜਗ ਮੋਦ ਜੁ ਅਹੈ। ਅਲਪ ਕਾਲ ਮਹਿਂ, ਥਿਰ ਨਹਿਂ ਰਹੈ॥ ੩੮॥

ਹੌਲੀ-ਹੌਲੀ ਵਿਸ਼ਿਆਂ ਤੋਂ ਮਨ ਨੂੰ ਰੋਕੋ, ਕਿਉਂਕਿ ਵਿਸ਼ੇ ਥੋੜਾ ਸੁਖ ਦੇ ਕੇ ਫਿਰ ਨਰਕ ਵਿਖਾਉਂਦੇ ਹਨ। ਜਗਤ ਦੀਆਂ ਖੁਸ਼ੀਆਂ ਨਾਸ਼ਵਾਨ ਹਨ, ਇਹ ਥੋੜੇ ਸਮੇਂ ਤਕ ਹੁੰਦੀਆਂ ਹਨ ਸਦਾ ਸਥਿਰ ਨਹੀਂ ਰਹਿੰਦੀਆਂ ਹਨ॥ ੩੮॥

ਸਤਿਗੁਰੁ ਸੰਤਨਿ ਕੀ ਨਿਤ ਸੇਵਾ। ਕਰਿ ਮਨ ਅਮਲ ਜਨਾਇ ਸੁ ਭੇਵਾ।
ਦੁਖ ਜਬਿ ਆਨਿ ਕਿ ਅਪਦਾ ਪਰੈ। ਪ੍ਰਭੁ ਭਾਣੋ ਲਖਿ ਸਿਰ ਪਰ ਧਰੈ॥ ੩੯॥

ਸਤਿਗੁਰ ਤੇ ਸੰਤਾਂ ਦੀ ਨਿਤ ਸੇਵਾ ਕਰੋ, ਸੇਵਾ ਮਨ ਨੂੰ ਨਿਰਮਲ ਕਰਕੇ ਭੇਦ ਨੂੰ ਦਰਸਾ ਦਿੰਦੀ ਹੈ ਕਿ ਨਿਰਮਲ ਮਨ ਹੀ ਨਾਮ ਵਿਚ ਉੱਨਤ ਹੁੰਦਾ ਹੈ। ਦੁਖ ਜਦ ਆਵੇ ਜਾਂ ਕੋਈ ਬਿਪਤਾ ਆ ਪਵੇ ਤਾਂ ਪ੍ਰਭੂ ਦਾ ਭਾਣਾ ਮੰਨ ਕੇ ਉਸ ਨੂੰ ਸਿਰ ਉਤੇ ਧਾਰਨ ਕਰੇ॥ ੩੯॥

ਜਾਨਿ ਕਰਮ ਫਲ ਤਰਕ ਨ ਠਾਨੈ। ਨਹਿਂ ਈਸੁਰ ਪਰ ਦੋਸ਼ ਬਖਾਨੈ।
ਭੋਗਹਿ ਸੰਕਟ ਕੋ ਹਰਖਾਇ। ਲਖਹਿ ਕੁਕਰਮਨਿ ਫਲ ਬਿਨਸਾਇ॥ ੪੦॥

ਕਰਮਾਂ ਦਾ ਫਲ ਜਾਣ ਕੇ ਤਰਕ ਨਾ ਕਰੇ ਤੇ ਨਾ ਹੀ ਈਸ਼ਵਰ ਉਤੇ ਦੋਸ਼ ਲਾਵੇ, ਪ੍ਰਸੰਨ ਹੋ ਕੇ ਸੰਕਟ ਭੋਗੇ। ਇਹ ਸਮਝੇ ਕਿ ਸੰਕਟ ਭੋਗਣ ਨਾਲ ਕੀਤੇ ਹੋਏ ਖੋਟੇ ਕਰਮਾਂ ਦਾ ਫਲ ਦੂਰ ਹੋ ਰਿਹਾ ਹੈ॥ ੪੦॥

ਸੁਖ ਜਬਿ ਆਇ ਨ ਕਰਹਿ ਹੰਕਾਰ। ਜਾਨਹਿ ਦੀਨਿ ਪ੍ਰਭੂ ਕਰਤਾਰ।
ਕ੍ਰਿਪਾ ਕਰੀ ਮੁਝ ਪਰ, ਗੁਰ ਦਯੋ। ਸਿਮਰਹਿ ਸੱਤਿਨਾਮ ਦੁਖ ਛਯੋ॥ ੪੧॥

ਜਦ ਸੁਖ ਆਵੇ ਤਾਂ ਹੰਕਾਰ ਨਾ ਕਰੇ, ਇਹ ਸਮਝੇ ਕਿ ਸੁਖ ਕਰਤਾਰ ਪ੍ਰਭੂ ਨੇ ਦਿੱਤੇ ਹਨ। ਮੇਰੇ ਉਤੇ ਕਿਰਪਾ ਕਰਕੇ ਗੁਰੂ ਜੀ ਨੇ ਸੁਖ ਦਿੱਤਾ ਹੈ। ਸਤਿਨਾਮ ਦਾ ਸਿਮਰਨ ਕਰੇ ਤਾਂ ਦੁਖ ਦੂਰ ਹੋ ਜਾਣਗੇ'॥ ੪੧॥

ਇੱਤਯਾਦਿਕ ਬਹੁ ਦੇ ਉਪਦੇਸ਼। ਸੰਗਤਿ ਕੀਨਸਿ ਬਿਦਾ ਅਸ਼ੇਸ਼।
ਠਾਨਿ ਬੰਦਨਾ ਸਦਨ ਸਿਧਾਈ। ਬਸਿ ਤਹਿਂ ਸਤਿਗੁਰ ਰਾਤਿ ਬਿਤਾਈ॥ ੪੨॥

ਇਸ ਤਰ੍ਹਾਂ ਹੋਰ ਬਹੁਤ ਉਪਦੇਸ਼ ਕੀਤੇ, ਫਿਰ ਸੰਗਤ ਨੂੰ ਵਿਦਾ ਕਰ ਦਿੱਤਾ। ਸੰਗਤ ਬੰਦਨਾ ਕਰਕੇ ਆਪਣੇ ਘਰਾਂ ਨੂੰ ਚਲੇ ਗਈ, ਓਥੇ ਠਹਿਰ ਕੇ ਸਤਿਗੁਰੂ ਜੀ ਨੇ ਰਾਤ ਬਤੀਤ ਕੀਤੀ॥ ੪੨॥

ਭਈ ਪ੍ਰਭਾਤਿ ਅਗਾਰੀ ਚਾਲੇ। ਕਰਿ ਮੰਜ਼ਲ ਡੇਰਾ ਪੁਨ ਡਾਲੇ।
ਸਨੇ ਸਨੇ ਚਲਿ ਮਗ ਬਿਚਰੰਤੇ। ਮਿਲਹਿ ਜੁ ਸਿੱਖ ਉਧਾਰ ਕਰੰਤੇ॥ ੪੩॥

ਸਵੇਰ ਹੋਈ ਤਾਂ ਅੱਗੇ ਚਲ ਪਏ, ਮੰਜ਼ਲ ਤਹਿ ਕਰਕੇ ਫਿਰ ਡੇਰਾ ਲਾ ਲਿਆ। ਰਾਹ ਦੇ ਵਿਚ ਬਹੁਤ ਹੌਲੀ-ਹੌਲੀ ਚਲਦੇ ਸਨ, ਜਿਹੜਾ ਵੀ ਸਿੱਖ ਮਿਲਦਾ ਸੀ, ਉਸ ਦਾ ਉਧਾਰ ਕਰਦੇ ਸਨ॥ ੪੩॥

ਜਹਾਂ ਜਾਇਂ ਸਿਖ ਸੁਨਿ ਗਨ ਆਵੈਂ। ਸਭਿ ਡੇਰੇ ਕੀ ਸੇਵ ਕਮਾਵੈਂ।
ਰੋਪਰ ਨਗਰ ਉਲੰਘਤਿ ਆਏ। ਇਮ ਚਲਿ ਬਸੇ ਗ੍ਰਾਮ ਸਮੁਦਾਏ॥ ੪੪॥

ਜਿਥੇ ਵੀ ਜਾਂਦੇ ਸਨ, ਬਹੁਤ ਸਿੱਖ ਸੁਣ ਕੇ ਆਉਂਦੇ ਸਨ ਤੇ ਸਾਰੇ ਡੇਰੇ ਦੀ ਸੇਵਾ ਕਰਦੇ ਸਨ। ਰੋਪੜ ਨਗਰ ਲੰਘ ਕੇ ਆ ਗਏ ਇਸ ਤਰ੍ਹਾਂ ਚਲ ਕੇ ਬਹੁਤ ਪਿੰਡਾਂ ਵਿਚ ਠਹਿਰੇ॥ ੪੪॥

ਪਟਿਆਰੋ ਪੁਰਿ ਬਸਜੋ ਨ ਜਬੈ। ਤਿਸ ਤੇ ਪਰੇ ਗ੍ਰਾਮ ਲੰਘਿ ਤਬੈ।
ਤਹਾਂ ਜਾਇ ਡੇਰਾ ਕਰਿ ਦੀਨਿ। ਬਸੇ ਨਿਸਾ ਸਿਖ ਸੇਵਾ ਕੀਨਿ॥ ੪੫ ॥

ਪਟਿਆਲਾ ਨਗਰ ਹਾਲੇ ਵੱਸਿਆ ਨਹੀਂ ਸੀ ਉਸ ਸਥਾਨ ਤੋਂ ਅੱਗੇ ਕਈ ਪਿੰਡ ਲੰਘ ਗਏ, ਉਥੇ ਜਾ ਕੇ ਡੇਰਾ ਕਰ ਦਿੱਤਾ, ਰਾਤ ਓਥੇ ਠਹਿਰੇ ਤਾਂ ਸਿੱਖਾਂ ਨੇ ਸੇਵਾ ਕੀਤੀ॥ ੪੫ ॥

*ਗਿਆਰ੍ਹਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩ ॥*

## ਅਧਿਆਇ ਚੌਂਤ੍ਰੀਵਾਂ

*ਮੂਲੋਵਾਲ ਦਾ ਮਈਆ ਤੇ ਗੌਂਦਾ, ਸ਼ੇਖੇ ਦਾ ਤਿਲੋਕਾ ਜਿਵੰਧਾ*

ਦੋਹਰਾ- ਸ੍ਰੀ ਗੁਰ ਹਰਿਗੋਬਿੰਦ ਕੇ ਨੰਦਨ ਧੀਰ ਕ੍ਰਿਪਾਲ।
ਸਹਿਜ ਸੁਭਾਇਕ ਬਿਚਰਤੇ ਪਹੁਚੇ ਮੂਲੋਵਾਲ॥ ੧ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੁੱਤਰ ਕ੍ਰਿਪਾਲੂ ਧੀਰਜਵਾਨ ਸਹਿਜ ਸੁਭਾਅ ਵਿਚਰਦੇ ਪਿੰਡ ਮੂਲੋਵਾਲ ਜਾ ਪਹੁੰਚੇ॥ ੧ ॥

ਚੌਪਈ- ਦੇਖਿ ਗ੍ਰਾਮ ਗੁਰ ਠਾਂਢੇ ਰਹੇ। ਰੁਚਿਰ ਉਚਿਤ ਥਲ ਤਹਿ ਕੋ ਲਹੇ।
ਡੇਰਾ ਕੀਨਿ ਗ਼ਰੀਬ ਨਿਵਾਜ। ਅਪਰ ਟਿਕਾਯੋ ਸਕਲ ਸਮਾਜ॥ ੨ ॥

ਪਿੰਡ ਨੂੰ ਵੇਖ ਕੇ ਗੁਰੂ ਜੀ ਖੜੇ ਰਹੇ, ਕੋਈ ਸੁੰਦਰ ਉਚਿਤ ਥਾਂ ਵੇਖ ਰਹੇ ਸਨ। ਫਿਰ ਗਰੀਬ-ਨਿਵਾਜ ਗੁਰੂ ਜੀ ਨੇ ਡੇਰਾ ਕੀਤਾ, ਹੋਰ ਸਾਰਾ ਸਾਜ਼ੋ-ਸਾਮਾਨ ਓਥੇ ਟਿਕਾਅ ਦਿੱਤਾ॥ ੨ ॥

ਬੀਤ ਗਈ ਘਟਿਕਾ ਜੁਗ ਜਬੈ। ਮਈਆ ਗੌਂਦਾ ਦੋਨਹੁ ਤਬੈ।
ਆਨਿ ਬੰਦਨਾ ਕੀਨਸਿ ਗੁਰ ਕੋ। ਬੈਠੇ ਨਿਕਟਿ ਭਾਉ ਕਰਿ ਉਰ ਕੋ॥ ੩ ॥

ਜਦ ਦੋ ਘੜੀਆਂ ਬੀਤ ਗਈਆਂ ਤਾਂ ਮਈਆ ਤੇ ਗੌਂਦਾ ਦੋਵੇਂ ਆਏ। ਆ ਕੇ ਉਨ੍ਹਾਂ ਗੁਰੂ ਜੀ ਨੂੰ ਬੰਦਨਾ ਕੀਤੀ ਤੇ ਹਿਰਦੇ ਵਿਚ ਬੜਾ ਪ੍ਰੇਮ ਭਰ ਕੇ ਗੁਰੂ ਜੀ ਦੇ ਪਾਸ ਹੀ ਬੈਠ ਗਏ॥ ੩ ॥

ਸ੍ਰੀ ਸਤਿਗੁਰ ਤਿਨ ਸਾਥ ਬਖਾਨਾ। 'ਆਨਹੁ ਸੁੰਦਰ ਜਲ ਹਿਤ ਪਾਨਾ।
ਮਾਰਗ ਸਗਰੇ ਸ੍ਰਮ ਕੋ ਹਰਿਬੇ। ਹਾਥਨਿ ਪਾਂਵ ਪਖਾਰਨਿ ਕਰਿਬੇ'॥ ੪ ॥

ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਪੀਣ ਵਾਸਤੇ ਸੁੰਦਰ ਜਲ ਲਿਆਵੋ। ਸਾਰੇ ਰਾਹ ਦੀ ਥਕਾਵਟ ਨੂੰ ਦੂਰ ਕਰੀਏ ਤੇ ਹੱਥ ਪੈਰ ਧੋਈਏ"॥ ੪ ॥

ਸੁਨਿ ਗੌਂਦੇ ਤਬਿ ਬਾਕ ਉਚਾਰਾ। 'ਇਹ ਜੋ ਕੂਪ ਨੀਰ ਬਹੁ ਖਾਰਾ।
ਕੰਕਰ ਬੀਚ ਪਰੇ ਜੁ ਸਮੂਹ। ਗ੍ਰਾਮ ਨ ਲੇਵਹਿ ਜਲ ਇਸ ਖੂਹ॥ ੫ ॥

ਇਹ ਸੁਣ ਕੇ ਗੌਂਦੇ ਨੇ ਕਿਹਾ, "ਇਸ ਖੂਹ ਦਾ ਪਾਣੀ ਬਹੁਤ ਖਾਰਾ ਹੈ, ਇਸ ਵਿਚ ਬਹੁਤ ਕੰਕਰ ਪਏ ਹਨ, ਇਸ ਕਰਕੇ ਪਿੰਡ ਵਾਲੇ ਇਸ ਖੂਹ ਦਾ ਪਾਣੀ ਨਹੀਂ ਲੈਂਦੇ ਹਨ॥ ੫ ॥

ਹੁਕਮ ਆਪ ਕੋ ਜੇ ਅਬਿ ਹੋਇ। ਬਾਹਰ ਕੂਪ ਦੂਰ ਹੈ ਸੋਇ।
ਤਹਾਂ ਜਾਇ ਕਰਿ ਜਲ ਕੋ ਲਜਾਵੈਂ। ਲਗਹਿ ਬਿਲਮ ਪਰ ਆਛੋ ਆਵੈ॥ ੬॥

ਜੇ ਆਪ ਜੀ ਦਾ ਹੁਣ ਹੁਕਮ ਹੋਵੇ, ਬਾਹਰ ਜਿਹੜਾ ਬਹੁਤ ਦੂਰ ਖੂਹ ਹੈ, ਓਥੇ ਜਾ ਕੇ ਉਸ ਦਾ ਜਲ ਲੈ ਆਈਏ। ਥੋੜੀ ਦੇਰ ਤਾਂ ਲੱਗੇਗੀ ਪਰ ਪਾਣੀ ਚੰਗਾ ਆਵੇਗਾ॥ ੬॥

ਸਗਰੋ ਗ੍ਰਾਮ ਤਹਾਂ ਤੇ ਆਨੈਂ। ਪੀਵਤਿ ਪਾਨੀ ਦਿਨ ਗੁਜ਼ਰਾਨੈਂ।
ਕਠਨ ਲਜਾਇਬੋ ਸਭਿ ਕੋ ਅਹੈ। ਤਊ ਲਜਾਇ ਨੀਕੋ ਤਿਸ ਲਹੈਂ॥ ੭॥

ਸਾਰਾ ਪਿੰਡ ਓਥੋਂ ਪਾਣੀ ਲਿਆਉਂਦਾ ਹੈ, ਉਸ ਖੂਹ ਦਾ ਪਾਣੀ ਪੀ ਕੇ ਦਿਨ ਗੁਜ਼ਾਰਦੇ ਹਨ। ਸਾਰਿਆਂ ਵਾਸਤੇ ਓਥੋਂ ਪਾਣੀ ਲਿਆਉਣਾ ਕਠਿਨ ਹੈ, ਫਿਰ ਵੀ ਚੰਗਾ ਸਮਝ ਓਥੋਂ ਹੀ ਪਾਣੀ ਲਿਆਉਂਦੇ ਹਨ"॥ ੭॥

ਨੀਰ ਕਠਨਤਾ ਲਜਾਵਨਿ ਕੇਰੀ। ਸ੍ਰੀ ਸਤਿਗੁਰੁ ਸੁਨਿ ਕੈ ਤਿਸ ਬੇਰੀ।
ਤਿਨ ਪਰ ਕਰਨਿ ਹੇਤੁ ਉਪਕਾਰਾ। ਕਹਜੋ ਬਾਕ 'ਇਹੁ ਹੋਇ ਨ ਖਾਰਾ॥ ੮॥

ਓਥੋਂ ਪਾਣੀ ਲਿਆਉਣ ਵਿਚ ਕਠਿਨਾਈ ਹੈ। ਸ੍ਰੀ ਸਤਿਗੁਰੂ ਜੀ ਨੇ ਇਹ ਸੁਣ ਕੇ ਉਸ ਸਮੇਂ ਕਿਹਾ। ਪਿੰਡ ਵਾਲਿਆਂ ਤੇ ਉਹ ਉਪਕਾਰ ਕਰਨਾ ਚਾਹੁੰਦੇ ਸਨ, ਬਚਨ ਕੀਤਾ, "ਇਸ ਖੂਹ ਦਾ ਪਾਣੀ ਖਾਰਾ ਨਹੀਂ ਹੋਵੇਗਾ॥ ੮॥

ਬਿਚ ਤੇ ਕੰਟਕ ਸਕਲ ਕਢਾਓ। ਊਪਰ ਤੇ ਸੁੰਦਰ ਕਰਿਵਾਓ।
ਹੋਹਿ ਮਧੁਰ ਜਲ ਸੀਤਲ ਅਬੈ। ਪੀਵਹੁ ਗ੍ਰਾਮ ਬਿਖੈ ਨਰ ਸਬੈ॥ ੯॥

ਇਸ ਖੂਹ ਵਿਚੋਂ ਸਾਰੇ ਕੰਕਰ ਬਾਹਰ ਕਢਵਾਓ ਤੇ ਉਪਰੋਂ ਇਸ ਨੂੰ ਸੁੰਦਰ ਬਣਾਓ। ਹੁਣ ਪਾਣੀ ਠੰਡਾ ਅਤੇ ਮਿੱਠਾ ਹੋ ਜਾਵੇਗਾ ਤੇ ਪਿੰਡ ਦੇ ਸਾਰੇ ਲੋਕ ਇਸ ਪਾਣੀ ਨੂੰ ਪੀਵੇ॥ ੯॥

ਪ੍ਰਥਮ ਹਮਾਰੇ ਕਾਰਨ ਲਜਾਵਹੁ। ਵਾਹਿਗੁਰੁ ਕਹਿ ਕਰਿ ਮੁਖ ਪਜਾਵਹੁ'।
ਸੁਨਿ ਬਿਸਮਜੋਂ ਗੋਂਦਾ ਹੁਲਸਾਯੋ। ਮਾਨਜੋਂ ਬਚਨ ਨੀਰ ਸੋ ਲਜਾਯੋ॥ ੧੦॥

ਪਹਿਲਾਂ ਸਾਡੇ ਵਾਸਤੇ ਲਿਆਵੋ, ਵਾਹਿਗੁਰੂ ਕਹਿ ਕੇ ਸਾਨੂੰ ਪਿਆਵੋ।" ਇਹ ਸੁਣ ਕੇ ਗੋਂਦਾ ਬੜਾ ਹੈਰਾਨ ਤੇ ਪ੍ਰਸੰਨ ਹੋਇਆ। ਗੁਰੂ ਜੀ ਦਾ ਬਚਨ ਮੰਨ ਕੇ ਉਸ ਖੂਹ ਦਾ ਪਾਣੀ ਲਿਆਇਆ॥ ੧੦॥

ਸ੍ਰੀ ਸਤਿਗੁਰੁ ਜਬਿ ਪੀਵਨਿ ਕਰਜੋ। ਸੀਤਲ ਮਧੁਰ ਸ੍ਵਾਦ ਕੌ ਭਰਜੋ।
ਤ੍ਰਿਪਤ ਹੋਇ ਕਰਿ ਬਾਕ ਬਖਾਨਾ। 'ਇਹੁ ਤੌ ਸੁੰਦਰ ਮਧੁਰ ਮਹਾਨਾ॥ ੧੧॥

ਸਤਿਗੁਰੂ ਜੀ ਨੇ ਜਦ ਉਹ ਪਾਣੀ ਪੀਤਾ ਤਾਂ ਉਹ ਪਾਣੀ ਬੜਾ ਠੰਡਾ ਸੀ ਅਤੇ ਮਿੱਠੇ ਸਵਾਦ ਨਾਲ ਭਰਿਆ ਪਿਆ ਸੀ। ਗੁਰੂ ਜੀ ਨੇ ਪਾਣੀ ਪੀ ਕੇ ਤ੍ਰਿਪਤ ਹੋ ਕੇ ਕਿਹਾ, "ਇਹ ਪਾਣੀ ਤੇ ਬਹੁਤ ਸੁੰਦਰ ਅਤੇ ਬਹੁਤ ਮਿੱਠਾ ਹੈ॥ ੧੧॥

ਅਬਿ ਤੇ ਕੂਪ ਗੁਰੂ ਕੋ ਹੋਇ। ਅਪਰ ਜਿ ਇਹਾਂ ਲਗਾਵਸਿ ਕੋਇ।
ਨੌ ਲਗਿ ਲਗਹਿਂ, ਹੋਹਿਂ ਦਸ ਸਾਰੇ। ਇਕਦਸ਼ਮੋ ਜੇ ਬਹੁਰ ਉਸਾਰੇ॥ ੧੨॥

ਹੁਣ ਤੋਂ ਇਹ ਗੁਰੂ ਜੀ ਦਾ ਖੂਹ ਹੋਇਆ, ਹੋਰ ਜੇ ਏਥੇ ਕੋਈ ਖੂਹ ਲਗਵਾਏਗਾ ਤਾਂ ਨੌਂ ਤਕ ਲਗਣਗੇ ਤੇ ਸਾਰੇ ਦਸ ਹੋਣਗੇ। ਗਿਆਰ੍ਹਵਾਂ ਖੂਹ ਜੇ ਕੋਈ ਬਾਅਦ ਵਿਚ ਉਸਾਰੇਗਾ॥ ੧੨॥

ਤੌ ਨਹਿ ਲਗਹਿ ਹੁਕਮ ਹੈ ਐਸੇ। ਭਗਨਿ ਬਿਦੀਰਨ ਹੋਇ ਸੁ ਕੈਸੇ'।
ਇਹ ਜੋ ਬਾਕ ਗੁਰੂ ਕੋ ਭਯੋ। ਅਬਿ ਲਗਿ ਇਕਦਸ਼ਮੋ ਨਹਿਂ ਥਿਯੋ॥ ੧੩॥

ਤਾਂ ਉਹ ਨਹੀਂ ਲਗੇਗਾ ਐਸਾ ਹੁਕਮ ਹੈ, ਕਿਵੇਂ ਨਾ ਕਿਵੇਂ ਉਹ ਢਹਿ ਕੇ ਨਾਸ਼ ਹੋ ਜਾਵੇਗਾ।" ਇਹ ਜਿਹੜਾ ਬਚਨ ਗੁਰੂ ਜੀ ਨੇ ਕੀਤਾ ਸੀ, ਹੁਣ ਤਕ ਗਿਆਰ੍ਹਵਾਂ ਖੂਹ ਨਹੀਂ ਲੱਗਾ ਹੈ॥ ੧੩॥

**ਦਸ ਹੀ ਕੂਪ ਰਹੈਂ ਤਿਸ ਗ੍ਰਾਮ। ਸਲਿਲ ਭਯੋ ਸੀਤਲ ਅਭਿਰਾਮ।**
**ਜਲ ਕੋ ਪ੍ਰਥਮ ਗੁਰੂ ਜਬਿ ਪਿਯੋ। ਪੁਨ ਮਈਏ ਅਰੁ ਗੋਂਦੇ ਪਿਯੋ॥ ੧੪॥**

ਇਸ ਥਾਂ ਦਸ ਹੀ ਖੂਹ ਰਹੇ ਹਨ। ਉਸ ਖੂਹ ਦਾ ਪਾਣੀ ਬੜਾ ਸੁੰਦਰ ਅਤੇ ਸੀਤਲ ਹੋ ਗਿਆ। ਸਭ ਤੋਂ ਪਹਿਲਾਂ ਜਦ ਗੁਰੂ ਜੀ ਨੇ ਪਾਣੀ ਪੀਤਾ ਤਾਂ ਫਿਰ ਮਈਏ ਅਤੇ ਗੋਂਦੇ ਨੇ ਜਲ ਛਕਿਆ॥ ੧੪॥

**ਪਾਇ ਸ੍ਵਾਦ ਜਲ ਕੋ ਬਿਸਮਾਏ। ਗੁਰ ਪਗ ਪੰਕਜ ਸ਼ਰਧ ਵਧਾਏ।**
**ਗ੍ਰਾਮ ਬਿਖੈ ਭਈ ਕਥਾ ਅਨੂਪ। 'ਸ੍ਰੀ ਗੁਰੁ ਮੀਠਾ ਕੀਨਸਿ ਕੂਪ'॥ ੧੫॥**

ਜਲ ਦਾ ਸਵਾਦ ਵੇਖ ਕੇ ਬਹੁਤ ਹੈਰਾਨ ਹੋਏ, ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕ ਕੇ ਸ਼ਰਧਾ ਵਧਾਈ। ਪਿੰਡ ਵਿਚ ਅਨੂਪਮ ਕਥਾ ਚਲ ਪਈ, "ਗੁਰੂ ਜੀ ਨੇ ਖੂਹ ਦਾ ਪਾਣੀ ਮਿੱਠਾ ਕਰ ਦਿੱਤਾ ਹੈ"॥੧੫॥

**ਸਰਬ ਭਾਉ ਧਰਿ ਬੰਦਨ ਕਰਿਹੀਂ। ਅਨਿਕ ਭਾਂਤਿ ਕੇ ਗੁਨਨਿ ਉਚਰਿਹੀਂ।**
**ਇਕ ਦੁਇ ਦਿਨ ਗੁਰੁ ਉਹਾਂ ਗੁਜ਼ਾਰੇ। ਉਪਦੇਸ਼ਤਿ ਸਤਿਨਾਮ ਸੁਖਾਰੇ॥ ੧੬॥**

ਸਾਰੇ ਪ੍ਰੇਮ ਧਾਰ ਕੇ ਬੰਦਨਾ ਕਰਦੇ ਸਨ, ਅਨੇਕ ਪ੍ਰਕਾਰ ਦੇ ਗੁਣ ਉਚਾਰਨ ਕਰਦੇ ਸਨ। ਇਕ ਦੋ ਦਿਨ ਗੁਰੂ ਜੀ ਨੇ ਉਥੇ ਗੁਜ਼ਾਰੇ ਤੇ ਸੁਖਦਾਇਕ ਸਤਿਨਾਮ ਦਾ ਉਪਦੇਸ਼ ਦਿੱਤਾ॥ ੧੬॥

**ਸੇਵਾ ਗੋਂਦੇ ਨੀਕ ਨ ਕਰੀ। ਹਿਰਦੈ ਅਧਿਕ ਨ ਸ਼ਰਧਾ ਧਰੀ।**
**ਅਪਰ ਹੁਤੇ ਸੋ ਕਰਤੇ ਰਹੇ। ਜਥਾ ਸ਼ਕਤਿ ਉਰ ਪ੍ਰੀਤੀ ਲਹੇ॥ ੧੭॥**

ਗੋਂਦੇ ਨੇ ਚੰਗੀ ਸੇਵਾ ਨਾ ਕੀਤੀ ਤੇ ਹਿਰਦੇ ਵਿਚ ਜ਼ਿਆਦਾ ਸ਼ਰਧਾ ਨਾ ਧਾਰਨ ਕੀਤੀ। ਜਿਹੜੇ ਹੋਰ ਸਿੱਖ ਸਨ, ਉਹ ਸੇਵਾ ਕਰਦੇ ਰਹੇ, ਜਥਾ-ਸ਼ਕਤੀ ਉਨ੍ਹਾਂ ਹਿਰਦੇ ਵਿਚ ਪ੍ਰੀਤ ਧਾਰਨ ਕੀਤੀ॥ ੧੭॥

**ਸ੍ਰੀ ਗੁਰੁ ਤਿਨ ਕੋ ਪਾਗ ਬੰਧਾਈ। 'ਅਬਿ ਤੁਮ ਚੌਧਰ ਲਿਹੁ ਇਸ ਥਾਂਈ।**
**ਬਨਹੁੰ ਗ੍ਰਾਮ ਕੇ ਮੁੱਖਜ ਉਦਾਰੇ। ਤੁਮਰੇ ਅਨੁਸਾਰੀ ਹੁਇੰ ਸਾਰੇ'॥ ੧੮॥**

ਗੁਰੂ ਜੀ ਨੇ ਉਨ੍ਹਾਂ ਨੂੰ ਪੱਗ ਬੰਨ੍ਹਾਈ, "ਹੁਣ ਤੁਸੀਂ ਇਸ ਥਾਂ ਦੀ ਚੌਧਰ ਲਵੋ। ਇਸ ਨਗਰ ਦੇ ਉੱਤਮ ਮੁਖੀ ਬਣੋ, ਸਾਰੇ ਲੋਕ ਤੇਰੀ ਆਗਿਆ ਅਨੁਸਾਰ ਚਲਣਗੇ"॥ ੧੮॥

**ਸੁਨਿ ਗੋਂਦਾ ਆਯੋ ਤਬਿ ਧਾਇ। ਹਾਥ ਜੋਰਿ ਕਰਿ ਕਹਯੋ ਸੁਨਾਇ।**
**'ਚੌਧਰਤਾ ਮੇਰੇ ਘਰ ਮਾਂਹੀ। ਅਪਰ ਕਿਸੀ ਕੋ ਮਿਲਿ ਹੈ ਨਾਂਹੀ॥ ੧੯॥**

ਇਹ ਸੁਣ ਕੇ ਗੋਂਦਾ ਭੱਜਾ ਆਇਆ, ਹੱਥ ਜੋੜ ਕੇ ਸੁਣਾ ਕੇ ਕਿਹਾ, "ਚੌਧਰਤਾ ਮੇਰੇ ਘਰ ਵਿਚ ਹੈ, ਹੋਰ ਕਿਸੇ ਨੂੰ ਇਹ ਮਿਲ ਨਹੀਂ ਸਕਦੀ॥ ੧੯॥

**ਹੈ ਹਮੇਸ਼ ਤੇ ਮਮ ਅਨੁਸਾਰੇ। ਬਸੈਂ ਗ੍ਰਾਮ ਮਹਿਂ ਜੇ ਨਰ ਸਾਰੇ।**
**ਅਪਰ ਚੌਧਰੀ ਕਿਮ ਠਹਿਰਾਵਹੁ। ਰੰਕਨਿ ਕੋ ਪਦ ਊਚ ਬਿਠਾਵਹੁ॥ ੨੦॥**

ਇਸ ਪਿੰਡ ਵਿਚ ਸਾਰੇ ਮਨੁੱਖ ਜਿਹੜੇ ਵੱਸਦੇ ਹਨ, ਉਹ ਸਦਾ ਹੀ ਮੇਰੀ ਆਗਿਆ ਅਨੁਸਾਰ ਹੀ ਰਹਿੰਦੇ ਹਨ। ਹੋਰ ਕਿਸੇ ਨੂੰ ਚੌਧਰੀ ਕਿਵੇਂ ਬਣਾ ਦੇਵੋਗੇ। ਇਕ ਗਰੀਬ ਨੂੰ ਉੱਚੀ ਪਦਵੀ ਤੇ ਬਿਠਾ ਰਹੇ ਹੋ"॥ ੨੦॥

ਗੁਰੂ ਕਹਯੋ 'ਗੋਂਦੇ! ਸੁਨਿ ਲੇਹੁ। ਪ੍ਰਥਮ ਚੌਧਰੀ ਤੁਮ ਸਭਿ ਕੇਹੁ।
ਅਬਿ ਤੁਮਰੇ ਘਰ ਰਹੈ ਨ ਕੋਇ। ਯਾਂਤੇ ਅਪਰ ਚੌਧਰੀ ਹੋਇ' ॥ ੨੧ ॥

ਗੁਰੂ ਜੀ ਨੇ ਕਿਹਾ, "ਹੇ ਗੋਂਦੇ ! ਸੁਣ ਲਵੋ, ਪਹਿਲਾਂ ਤੁਸੀਂ ਸਾਰਿਆਂ ਦੇ ਚੌਧਰੀ ਸੀ, ਹੁਣ ਤੁਹਾਡੇ ਘਰ ਕੋਈ ਰਹੇਗਾ ਨਹੀਂ, ਇਸ ਕਰਕੇ ਹੋਰ ਵਿਅਕਤੀ ਚੌਧਰੀ ਹੋਵੇਗਾ" ॥ ੨੧ ॥

ਤਬਿ ਕੌ ਪੰਚਪਨੋ ਤਿਨ ਕੇਰਿ। ਰਹਯੋ ਨ, ਭਏ ਸੁ ਅਪਰ ਬਡੇਰ।
ਪੁਨ ਸ੍ਰੀ ਗੁਰੁ ਨੇ ਕੀਨਸਿ ਪਯਾਨਾ। ਪਹੁੰਚੇ ਸ਼ੇਖੇ ਗ੍ਰਾਮ ਸਥਾਨਾ ॥ ੨੨ ॥

ਤਦ ਤੋਂ ਚੌਧਰਤਾ, ਉਨ੍ਹਾਂ ਦੇ ਪਾਸ ਹੈ, ਗੋਂਦਾ ਨਾ ਰਿਹਾ ਤੇ ਹੋਰ ਵੱਡੇ ਹੋ ਗਏ। ਫਿਰ ਗੁਰੂ ਜੀ ਓਥੋਂ ਚਲ ਪਏ ਤੇ ਸ਼ੇਖੇ ਪਿੰਡ ਵਾਲੀ ਥਾਂ ਚਲੇ ਗਏ ॥ ੨੨ ॥

ਛਾਯਾ ਜਲ ਕੋ ਸੁਖ ਜਹਿਂ ਹੇਰਾ। ਗ੍ਰਾਮ ਵਹਿਰ ਕੀਨਸਿ ਗੁਰ ਡੇਰਾ।
ਤਹਾਂ ਜਾਟ ਜੀਵੰਧਾ ਰਹੈ। ਨਾਮ ਤਿਲੋਕਾ ਤਿਸ ਕੋ ਕਹੈਂ ॥ ੨੩ ॥

ਜਿਥੇ ਛਾਂ ਅਤੇ ਜਲ ਦਾ ਸੁਖ ਵੇਖਿਆ, ਓਥੇ ਪਿੰਡ ਦੇ ਬਾਹਰ ਡੇਰਾ ਲਾ ਲਿਆ। ਉਥੇ ਜੀਵੰਧਾ ਗੋਤ ਦਾ ਜੱਟ ਰਹਿੰਦਾ ਸੀ ਤੇ ਜਿਸ ਦਾ ਨਾਮ ਤਿਲੋਕਾ ਸੀ ॥ ੨੩ ॥

ਬਹੁ ਗ੍ਰਾਮਨਿ ਕੋ ਬਡ ਸਰਦਾਰ। ਜਿਸ ਕੇ ਲੋਕ ਬ੍ਰਿੰਦ ਅਨੁਸਾਰਿ।
ਸਿੱਖ ਬੈਰਾਗੀ ਕੋ ਸੋ ਅਹੈ। ਤਿਸ ਕੇ ਹੁਕਮ ਬਿਖੈ ਨਿਤ ਰਹੈ ॥ ੨੪ ॥

ਉਹ ਬਹੁਤ ਪਿੰਡਾਂ ਦਾ ਵੱਡਾ ਸਰਦਾਰ ਸੀ ਤੇ ਬਹੁਤ ਲੋਕ ਉਸ ਦੀ ਆਗਿਆ ਅਨੁਸਾਰ ਚਲਦੇ ਸਨ। ਤਿਲੋਕਾ ਇਕ ਬੈਰਾਗੀ ਦਾ ਸਿੱਖ ਸੀ ਤੇ ਸਦਾ ਹੀ ਉਸ ਦੇ ਹੁਕਮ ਅਨੁਸਾਰ ਚਲਦਾ ਸੀ ॥ ੨੪ ॥

ਸ੍ਰੀ ਗੁਰ ਕੋ ਆਵਨਿ ਸੁਨਿ ਪਾਯੋ। ਮਿਲੌਂ ਕਿ ਨਹੀਂ ਭਰਮ ਉਪਜਾਯੋ।
ਅਪਨੇ ਗੁਰੁ ਬੈਰਾਗੀ ਸਾਥ। ਮਿਲਿਬੇ ਹਿਤ ਬੂਝੀ ਸਭਿ ਗਾਥ ॥ ੨੫ ॥

ਜਦ ਉਸ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ, ਮਿਲਾਂ ਕਿ ਨਹੀਂ ਭਰਮਾਂ ਵਿਚ ਪੈ ਗਿਆ। ਆਪਣੇ ਗੁਰੂ ਬੈਰਾਗੀ ਨੂੰ ਮਿਲਕੇ ਉਸ ਨੇ ਸਾਰੀ ਗੱਲ ਪੁੱਛੀ ॥ ੨੫ ॥

'ਗੁਰੁ ਨਾਨਕ ਕੀ ਗਾਦੀ ਪਰ ਹੈਂ। ਸਰਬ ਲੋਕ ਮਿਲਿ ਬੰਦਨ ਕਰਿ ਹੈਂ।
ਵਹਿਰ ਆਨਿ ਉਤਰਯੋ ਤਿਨ ਡੇਰਾ। ਮਿਲੌਂ ਕਿ ਨਹਿਂ, ਭਰਮਤਿ ਚਿਤ ਮੇਰਾ' ॥੨੬ ॥

"ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਹਨ, ਸਭ ਲੋਕ ਮਿਲ ਮਿਲ ਬੰਦਨਾ ਕਰਦੇ ਹਨ। ਬਾਹਰ ਆ ਕੇ ਉਸ ਆਪਣਾ ਡੇਰਾ ਉਤਾਰਿਆ ਹੈ, ਮਿਲਾਂ ਕਿ ਨਹੀਂ, ਮੇਰਾ ਚਿੱਤ ਭਰਮਾਂ ਵਿਚ ਪੈ ਗਿਆ ਹੈ" ॥ ੨੬ ॥

ਸੁਨਤਿ ਬਿਰਾਗੀ ਛੁਭਯੋ ਬਿਸਾਲ। ਜੇ ਕਰਿ ਜਾਇ ਮਿਲੈ ਤਿਨ ਨਾਲ।
ਹੋਇ ਨ ਐਸੇ, ਇਹ ਫਿਰ ਜਾਇ। ਲੇ ਸਿੱਖੀ ਤਿਨ ਸੀਸ ਨਿਵਾਇ ॥ ੨੭ ॥

ਇਹ ਸੁਣ ਬੈਰਾਗੀ ਬਹੁਤ ਘਬਰਾ ਗਿਆ, ਉਹ ਸੋਚਾਂ ਵਿਚ ਪੈ ਗਿਆ ਕਿ ਜੇ ਇਹ ਗੁਰੂ ਜੀ ਨੂੰ ਜਾ ਮਿਲੇਗਾ ਤਾਂ ਐਸਾ ਨਾ ਹੋਵੇ ਕਿ ਇਹ ਬਦਲ ਜਾਵੇ ਤੇ ਗੁਰੂ ਜੀ ਨੂੰ ਸਿਰ ਨਿਵਾ ਸਿੱਖੀ ਗ੍ਰਹਿਣ ਕਰ ਲਵੇ ॥੨੭ ॥

ਜਬਿ ਇਹ ਜਾਇ, ਪ੍ਰਬੋਧਹਿ ਸੋਇ। ਨਹਿਂ ਮਨਤਾ ਮੇਰੀ ਪੁਨ ਹੋਇ।
ਇਸ ਫਿਰ ਗਏ ਅਪਰਿ ਫਿਰ ਜਾਇਂ। ਗੁਰ ਕੇ ਸਿੱਖ ਬਨਹਿਂ ਸਮੁਦਾਇਂ ॥ ੨੮ ॥

ਜਦ ਇਹ ਉਨ੍ਹਾਂ ਪਾਸ ਜਾਵੇਗਾ ਤਾਂ ਉਹ ਇਸ ਨੂੰ ਉਪਦੇਸ਼ ਦੇਣਗੇ, ਫਿਰ ਮੇਰੀ ਮਾਨਤਾ ਨਹੀਂ ਹੋਵੇਗੀ। ਜੇ ਇਹ ਬਦਲ ਜਾਵੇਗਾ ਤਾਂ ਹੋਰ ਵੀ ਬਦਲ ਜਾਣਗੇ, ਸਾਰੇ ਹੀ ਗੁਰੂ ਦੇ ਸਿੱਖ ਬਣ ਜਾਣਗੇ॥੨੮॥

**ਮੋ ਕਹੁ ਨਮਸਕਾਰ ਨਹਿਂ ਕਰਿ ਹੀਂ। ਆਨਿ ਉਪਾਇਨ ਬਹੁਰ ਨ ਧਰਿਹੀਂ।**
**ਯਾਂਤੇ ਅਬਿ ਹੀ ਬਨਹਿ ਉਪਾਇ। ਮਿਲਿਨੇ ਦੇਉਂ ਨ, ਲੇਹੁਂ ਹਟਾਇ॥ ੨੯॥**

ਮੈਨੂੰ ਇਹ ਨਮਸਕਾਰ ਨਹੀਂ ਕਰਨਗੇ, ਫਿਰ ਆ ਕੇ ਮੇਰੇ ਅੱਗੇ ਉਪਹਾਰ ਨਹੀਂ ਧਰਨਗੇ। ਇਸ ਕਰਕੇ ਹੁਣ ਹੀ ਉਪਾਅ ਕਰਨਾ ਬਣਦਾ ਹੈ। ਇਸਨੂੰ ਮਿਲਣ ਹੀ ਨਹੀਂ ਦੇਵਾਂਗਾ ਰੋਕ ਲਵਾਂਗਾ॥੨੯॥

**ਜੇ ਮਿਲ ਕਰਿ ਮਹਿਮਾ ਲੇ ਜਾਨਿ। ਪੁਨ ਮਮ ਕਹਜੋ ਨ ਧਰਿ ਹੈ ਕਾਨ।**
**ਇਮ ਬਿਚਾਰ ਕਰਿ ਕਹਜੋ ਬਿਰਾਗੀ। 'ਸੁਨਹੁ ਤਿਲੋਕਾ ! ਹਰਿ ਅਨੁਰਾਗੀ॥੩੦॥**

ਜੇ ਮਿਲ ਕੇ ਗੁਰੂ ਜੀ ਦੀ ਮਹਿਮਾ ਜਾਣ ਲਵੇਗਾ, ਫਿਰ ਮੇਰੇ ਕਹੇ ਨੂੰ ਕੰਨ ਨਹੀਂ ਦੇਵੇਗਾ ਭਾਵ ਮੇਰੇ ਕਹਿਣੇ ਨਹੀਂ ਲੱਗੇਗਾ। ਇਸ ਤਰ੍ਹਾਂ ਵਿਚਾਰ ਕਰਕੇ ਬੈਰਾਗੀ ਨੇ ਕਿਹਾ, ਪ੍ਰਭੂ ਨੂੰ ਪਿਆਰ ਕਰਨ ਵਾਲੇ ਹੇ ਤਿਲੋਕੇ ! ਮੇਰੀ ਗੱਲ ਸੁਣੋ॥੩੦॥

**ਅਪਨ ਪੰਥ ਕੋ ਹੋਰਾ ਗੋਰਾ। ਸੁਨਤਿ ਜਾਇ ਮਿਲੀਅਹਿ ਤਿਸ ਠੌਰਾ।**
**ਸ਼ੁਭ ਮਾਰਗ ਕੀ ਬਾਤ ਬਤਾਵੈ। ਦਰਸ਼ਨ ਬੋਲਨਿ ਪੁੰਨ ਉਪਾਵੈ॥ ੩੧॥**

ਆਪਣੇ ਪੰਥ ਦਾ ਭਾਵੇ ਕੋਈ ਹੋਲਾ ਚਾਹੇ ਫਿਰ ਵੀ ਉਹ ਭਾਰੀ ਹੁੰਦਾ ਹੈ, ਆਪਣੇ ਪੰਥੀਆਂ ਬਾਰੇ ਸੁਣਕੇ ਉਨ੍ਹਾਂ ਦੇ ਪਾਸ ਜਾਵੇ, ਉਹ ਸ਼ੁਭ ਮਾਰਗ ਦੀ ਗੱਲ ਕਰਨਗੇ, ਦਰਸ਼ਨ ਕਰਨ ਅਤੇ ਬੋਲਣ ਦਾ ਪੁੰਨ ਪ੍ਰਾਪਤ ਕਰਨਗੇ॥੩੧॥

**ਬਧਹਿ ਧਰਮ ਸੁਧਰਹਿ ਪਰਲੋਕ। ਸੁਜਸੁ ਕਹੈਂ ਨਿਜ ਪੰਥੀ ਲੋਕ।**
**ਪਰ ਮਤ ਕੋ ਮਿਲਿਬੋ ਨਹਿਂ ਨੀਕਾ। ਨਹਿਂ ਕੱਲਜਾਨ ਹੋਤਿ ਤਿਸ ਜੀਕਾ॥੩੨॥**

ਇਸ ਨਾਲ ਧਰਮ ਵਧਦਾ ਹੈ ਤੇ ਪਰਲੋਕ ਸੁਧਰਦਾ ਹੈ, ਆਪਣੇ ਪੰਥ ਦੇ ਲੋਕ ਸਦਾ ਸ੍ਰੇਸ਼ਟ ਜੱਸ ਕਹਿੰਦੇ ਹਨ। ਦੂਸਰੀ ਮੱਤ ਦੇ ਲੋਕਾਂ ਨੂੰ ਮਿਲਣਾ ਚੰਗਾ ਨਹੀਂ ਹੈ, ਉਸ ਜੀਵ ਦਾ ਫਿਰ ਕਲਿਆਣ ਨਹੀਂ ਹੁੰਦਾ॥੩੨॥

**ਤੁਮ ਧਨਵਾਨਨਿ ਕੇ ਢਿਗ ਜਾਇ। ਲੇਂ ਬਿਰਮਾਇ ਸੁ ਬਾਤ ਬਨਾਇ।**
**ਅਨਿਕ ਮਤਨਿ ਕੇ ਚਾਹਤਿ ਐਸੇ। ਧਨੀ ਹੋਹਿਂ ਸਿਖ ਹਮਰੇ ਜੈਸੇ॥ ੩੩॥**

ਤੇਰੇ ਵਰਗੇ ਧਨੀ ਪੁਰਸ਼ ਨੂੰ ਉਹ ਪਾਸ ਜਾਣ ਤੇ ਗੱਲਾਂ ਬਣਾ ਕੇ ਭਰਮਾ ਲੈਣਗੇ। ਹੋਰ ਮੱਤਾਂ ਵਾਲੇ ਸਾਰੇ ਇਸ ਤਰ੍ਹਾਂ ਚਾਹੁੰਦੇ ਹਨ ਕਿ ਧਨੀ ਲੋਕ ਸਾਡੇ ਸਿੱਖ ਹੋਣ॥੩੩॥

**ਜਜੋਂ ਕਜੋਂ ਕਹਿ ਮਨ ਕੋ ਬਿਰਮਾਵੈਂ। ਬਨਹਿਂ ਸਿੱਖ ਬਹੁ ਦਰਬ ਚੜ੍ਹਾਵੈਂ।**
**ਅਪਨਿ ਪੰਥ ਤੇ ਬੇਮੁਖ ਹੋਇ। ਮਿਲਿ ਪਰਮੱਤਿ ਧਨ ਅਰਪਹਿਂ ਸੋਇ॥ ੩੪॥**

ਜਿਵੇਂ ਕਿਵੇਂ ਕਹਿ ਕੇ ਮਨ ਨੂੰ ਭਰਮਾ ਲੈਂਦੇ ਹਨ ਤੇ ਧਨੀ ਲੋਕ ਸਿੱਖ ਬਣ ਕੇ ਬਹੁਤ ਧਨ ਚੜ੍ਹਾਉਂਦੇ ਹਨ। ਫਿਰ ਉਹ ਆਪਣੇ ਪੰਥ ਤੋਂ ਬੇਮੁੱਖ ਹੋ ਕੇ ਪਰਾਏ ਮੱਤ ਵਿਚ ਧਨ ਚੜ੍ਹਾਉਂਦੇ ਹਨ॥੩੪॥

**ਯਾਂਤੇ ਨਹਿਂ ਮਿਲੀਅਹਿ ਕਿਸ ਸਾਥ। ਲਿਹੁ ਤੁਲਸੀ ਚਰਣੋਦਕ ਹਾਥ'।**
**ਇਮ ਬਰਜਜੋ ਹਟਿ ਰਹਜੋ ਤਿਲੋਕਾ। ਨਹਿਂ ਸ਼੍ਰੀ ਗੁਰੁ ਕੋ ਦਰਸ ਬਿਲੋਕਾ॥੩੫॥**

ਇਸ ਕਰਕੇ ਕਿਸੇ ਦੇ ਨਾਲ ਨਾ ਮਿਲੋ, ਤੁਲਸੀ ਅਤੇ ਚਰਣਾਮ੍ਰਿਤ ਆਪਣੇ ਹੱਥ ਵਿਚ ਲਵੋ।'' ਇਸ ਤਰ੍ਹਾਂ ਰੋਕਣ ਨਾਲ ਤਿਲੋਕਾ ਰੁਕ ਗਿਆ ਤੇ ਉਸ ਨੇ ਗੁਰੂ ਜੀ ਦੇ ਦਰਸ਼ਨ ਨਾ ਕੀਤੇ॥੩੫॥

ਕਰੀ ਨ ਸੇਵਾ ਕਿਸੂ ਪ੍ਰਕਾਰ। ਅਤਿਸ਼ੈ ਮੂਰਖ ਮੰਦ ਗਵਾਰ।
ਦਿਨ ਦੋਇਕ ਤਹਿਂ ਰਾਖਜੋ ਡੇਰਾ। ਸਹਿਜ ਸੁਭਾਇਕ ਗੁਰੁ ਤਿਸ ਬੇਰਾ ॥ ੩੬ ॥

ਕਿਸੇ ਪ੍ਰਕਾਰ ਵੀ ਉਸ ਗੁਰੂ ਜੀ ਦੀ ਸੇਵਾ ਨਾ ਕੀਤੀ, ਵੱਡਾ ਮੂਰਖ ਮਾੜੀ ਮੱਤ ਵਾਲਾ ਗਵਾਰ ਸੀ। ਗੁਰੂ ਜੀ ਨੇ ਦੋ ਦਿਨ ਉਥੇ ਡੇਰਾ ਰਖਿਆ, ਸਹਿਜ ਸੁਭਾਅ ਗੁਰੂ ਜੀ ਨੇ ਉਸ ਸਮੇਂ ਕਿਹਾ ॥੩੬॥

ਬੈਠੇ ਹੁਤੇ ਲੋਕ ਕੁਛ ਪਾਸ। ਕਰਤਿ ਬਾਰਤਾਲਾਪ ਪ੍ਰਕਾਸ਼।
ਨਿਕਸਜੋ ਵਹਿਰ ਜਿਵੰਧਾ ਗਯੋ। ਜਿਤ ਦਿਸ਼ਿ ਗੁਰੁ,ਹਟਿ ਤਿਸ ਦਿਸ਼ਿ ਅਯੋ ॥੩੭॥

ਕੁਝ ਲੋਕ ਉਸ ਸਮੇਂ ਗੁਰੂ ਜੀ ਦੇ ਪਾਸ ਬੈਠੇ ਸਨ, ਉਹ ਗੁਰੂ ਜੀ ਨਾਲ ਵਾਰਤਾਲਾਪ ਕਰ ਰਹੇ ਸਨ। ਜਵੰਧਾ ਘਰੋਂ ਨਿਕਲ ਕੇ ਬਾਹਰ ਗਿਆ, ਜਿਸ ਪਾਸੇ ਗੁਰੂ ਜੀ ਬੈਠੇ ਸਨ, ਉਸ ਪਾਸੇ ਤੋਂ ਵਾਪਸ ਆ ਗਿਆ ॥੩੭॥

ਨਿਕਟਿ ਨਹੀਂ ਗੁਰ ਕੇ ਚਲਿ ਆਯੋ। ਨਹੀਂ ਭਾਵ ਕਰਿ ਸੀਸ ਨਿਵਾਯੋ।
ਨਹੀਂ ਸਮੀਪ ਜਾਇ ਕਰਿ ਬੈਸਾ। ਬੋਲਜੋ ਸੁਨਜੋਂ ਬਾਕ ਨਹਿਂ ਕੈਸਾ ॥ ੩੮ ॥

ਪਰ ਗੁਰੂ ਜੀ ਪਾਸ ਚਲ ਕੇ ਨਾ ਆਇਆ, ਨਾ ਹੀ ਪ੍ਰੇਮ ਕਰਕੇ ਸਿਰ ਨਿਵਾਇਆ। ਨਾ ਹੀ ਗੁਰੂ ਜੀ ਦੇ ਪਾਸ ਜਾ ਕੇ ਬੈਠਾ। ਕੋਈ ਵੀ ਬਚਨ ਬਿਲਾਸ ਨਾ ਬੋਲਿਆ ਨਾ ਸੁਣਿਆ ॥੩੮॥

ਗ੍ਰਾਮ ਪ੍ਰਵੇਸ਼ ਭਯੋ ਜਬਿ ਲਹਜੋ। ਸ੍ਰੀ ਗੁਰ ਤੇਗ ਬਹਾਦਰ ਕਹਜੋ।
'ਕੌਨ ਹੁਤੋ ਇਹ ਗਮਨਜੋ ਗ੍ਰਾਮ ?। ਕੌਨ ਜਾਤਿ ਕੁਲ ਕਜਾ ਹੈ ਨਾਮ ?' ॥੩੯॥

ਜਦ ਪਿੰਡ ਦੇ ਅੰਦਰ ਚਲਾ ਗਿਆ ਤਾਂ ਸ੍ਰੀ ਗੁਰੂ ਤੇਗ ਬਹਾਦਰ ਨੇ ਕਿਹਾ, "ਇਹ ਕੌਣ ਸੀ ਜਿਹੜਾ ਪਿੰਡ ਵਿਚ ਗਿਆ ਹੈ, ਕੌਣ ਜ਼ਾਤ ਤੇ ਕੁਲ ਹੈ ਤੇ ਇਸ ਦਾ ਕੀ ਨਾਮ ਹੈ?" ॥੩੯॥

ਤਹਿਂ ਕੇ ਨਰ ਗੁਰੁ ਢਿਗ ਜੋ ਅਹੈਂ। ਤਿਨਹੂੰ ਪ੍ਰਸੰਗ ਤਿਸੀ ਕਹੁ ਕਹੈਂ।
'ਇਹ ਜੀਵੰਧਨਿ ਮਹਿਂ ਸਿਰਦਾਰ। ਬਹੁਤੇ ਲੋਕ ਰਹੈਂ ਅਨੁਸਾਰਿ ॥ ੪੦ ॥

ਉਸ ਪਿੰਡ ਦੇ ਕੁਝ ਮਨੁੱਖ ਜੋ ਗੁਰੂ ਜੀ ਪਾਸ ਆਏ ਸਨ, ਉਨ੍ਹਾਂ ਨੇ ਤਿਲੋਕੇ ਬਾਰੇ ਦੱਸਿਆ, "ਇਹ ਜਵੰਧਿਆਂ ਦਾ ਸਰਦਾਰ ਹੈ, ਬਹੁਤ ਲੋਕ ਇਸ ਦੀ ਆਗਿਆ ਵਿਚ ਰਹਿੰਦੇ ਹਨ ॥੪੦॥

ਘਰ ਤੇ ਵਹਿਰ ਜਿ ਕਿਤ ਕੋ ਚਾਲੈ। ਨਰ ਸਮੁਦਾਇ ਚਲਹਿਂ ਇਸ ਨਾਲੈ।
ਅਬਿ ਭੀ ਹੁਤੇ ਸੰਗ ਨਰ ਬ੍ਰਿੰਦ। ਮਾਨਹਿਂ ਇਸ ਕੋ ਹੁਕਮ ਬਿਲੰਦ ॥ ੪੧ ॥

ਘਰ ਤੋਂ ਬਾਹਰ ਜੇ ਕਿਤੇ ਜਾਂਦਾ ਹੈ ਤਾਂ ਬਹੁਤ ਮਨੁੱਖ ਇਸ ਦੇ ਨਾਲ ਜਾਂਦੇ ਹਨ। ਹੁਣ ਵੀ ਬਹੁਤ ਮਨੁੱਖ ਇਸ ਦੇ ਨਾਲ ਸਨ, ਉਹ ਇਸ ਦਾ ਬਹੁਤ ਹੁਕਮ ਮੰਨਦੇ ਹਨ ॥੪੧॥

ਜੀਵੰਧਨਿ ਕੋ ਬਾਹਿਯਾ ਸਾਰਾ। ਤਿਨ ਮਹਿਂ ਇਹੁ ਸਰਦਾਰ ਉਦਾਰਾ'।
ਸੁਨਿ ਸਤਿਗੁਰ ਬੋਲੇ ਰਿਸ ਭੇਈ। 'ਨਹਿਂ ਬਾਹਿਯਾ ! ਨਹਿਂ ਤੇਹਿਯਾ ਕੋਈ ॥੪੨॥

ਏਥੇ ਜਵੰਧਿਆਂ ਦੇ ਬਾਈ ਪਿੰਡ ਹਨ, ਉਨ੍ਹਾਂ ਦਾ ਇਹ ਵੱਡਾ ਸਰਦਾਰ ਹੈ। ਸਤਿਗੁਰੂ ਜੀ ਗੁੱਸੇ ਵਿਚ ਆ ਕੇ ਬੋਲੇ, "ਨਾ ਬਾਹੀਆ ਨਾ ਤੇਹੀਆ ਕੋਈ ॥੪੨॥

ਕਛੁ ਨਹਿਂ ਰਹਹਿ ਉਜਰ ਸਭਿ ਜਾਵਹਿ। ਬਚਹਿਂ ਜੁ ਅਪਰ ਸੁ ਗ੍ਰਾਮ ਬਸਾਵਹਿਂ।
ਨਹਿਂ ਸਰਦਾਰੀ ਨਹਿਂ ਸਰਦਾਰ। ਮਰਿ ਮਰਿ ਜਨਮਹਿਂ ਹੋਹਿਂ ਖੁਆਰ ॥ ੪੩ ॥

ਕੁਝ ਨਹੀਂ ਰਹੇਗਾ, ਸਭ ਉਜੜ ਜਾਣਗੇ, ਜਿਹੜੇ ਬਚਣਗੇ ਉਹ ਹੋਰ ਪਿੰਡ ਵਸਾਉਣਗੇ। ਨਾ ਸਰਦਾਰੀ ਰਹੇਗੀ ਨਾ ਸਰਦਾਰ ਰਹਿਣਗੇ, ਮਰ-ਮਰ ਕੇ ਜਨਮ ਲੈਣਗੇ ਤੇ ਖੁਆਰ ਹੋਣਗੇ॥੪੩॥

ਹੋਇ ਏਮਨਾਵਾਦ ਸਮਾਨ। ਬਿਨਸਹਿਂ ਸ਼ੀਘ੍ਰ ਮਹਾਨ ਅਜਾਨਾ।
ਇਕ ਸਿਖ ਸੇਵ ਕਰੀ ਸੁਨਿ ਗਯੋ। ਨਿਜ ਕੁਟੰਬ ਸੰਗ ਉਚਰਤਿ ਭਯੋ॥ ੪੪॥

ਏਮਨਾਬਾਦ ਵਾਂਗ ਹਾਲ ਹੋਵੇਗਾ, ਮਹਾਨ ਮੂਰਖ ਛੇਤੀ ਹੀ ਮਰ ਜਾਵੇਗਾ।" ਇਕ ਸਿੱਖ ਸੇਵਾ ਕਰ ਰਿਹਾ ਸੀ, ਉਹ ਸਭ ਕੁਝ ਸੁਣ ਕੇ ਗਿਆ ਤੇ ਆਪਣੇ ਪਰਿਵਾਰ ਨੂੰ ਜਾ ਕੇ ਸਾਰੀ ਗੱਲ ਦੱਸੀ॥੪੪॥

ਬੱਜ੍ਰ ਸਮਾਨ ਸ੍ਰਾਪ ਇਹ ਹੁਯੋ। ਜਿਸ ਤੇ ਜੀਵੰਧਨਿ ਕੁਲ ਛਯੋ।
ਸਭਿ ਬਾਹਿਯੇ ਕੋ ਹੋਯਹੁ ਨਾਸ਼। ਕਰਿਕਾ ਸਮ ਗਰਿਗੇ ਨਰ ਨਾਸ਼॥ ੪੫॥

ਬੱਜਰ ਵਰਗਾ ਇਹ ਹੁਕਮ ਹੋਇਆ ਹੈ, ਜਿਸ ਨਾਲ ਜਵੰਧਨ ਕੁਲ ਦਾ ਨਾਸ਼ ਹੋ ਜਾਵੇਗਾ। ਸਾਰੇ ਬਾਈ ਪਿੰਡ ਹੀ ਨਾਸ਼ ਹੋ ਜਾਣਗੇ। ਗੜਿਆਂ ਵਾਂਗ ਗਲ ਕੇ ਸਾਰੇ ਮਨੁੱਖ ਨਾਸ਼ ਹੋ ਜਾਣਗੇ॥੪੫॥

ਤਹਿਂ ਤੇ ਸ਼੍ਰੀ ਗੁਰੁ ਕੂਚ ਕਰਾਏ। ਪਹੁੰਚੇ ਆਇ ਨਗਰ ਹਡਿਆਏ।
ਉਤਰੇ ਤਹਾਂ ਲਗਾਯੋ ਡੇਰਾ। ਕੁਛ ਮਿਲਿ ਗ੍ਰਾਮ ਅਏ ਤਿਸ ਬੇਰਾ॥ ੪੬॥

ਉਥੋਂ ਗੁਰੂ ਜੀ ਨੇ ਆਪਣਾ ਡੇਰਾ ਕੂਚ ਕਰਵਾਇਆ ਤੇ ਹਡਿਆਏ ਪਿੰਡ ਵਿਚ ਪਹੁੰਚ ਗਏ। ਉਥੇ ਉਤਾਰਾ ਕਰਕੇ ਡੇਰਾ ਲਾ ਲਿਆ, ਉਸ ਸਮੇਂ ਕੁਝ ਪਿੰਡ ਮਿਲ ਕੇ ਆਏ॥੪੬॥

ਡਰੇ ਸ੍ਰਾਪ ਤੇ ਬਿਨਤੀ ਠਾਨੀ। 'ਕਿਮ ਸਭਿ ਹੀ ਕੀ ਕਰਤੇ ਹਾਨੀ'।
ਸ਼੍ਰੀ ਗੁਰੁ ਕਹਯੋ 'ਹੁਕਮ ਹੈ ਐਸੇ। ਮੇਟ ਸਕਹਿ ਕੋ ਇਸ ਨਹਿਂ ਕੈਸੇ'॥ ੪੭॥

ਸਰਾਪ ਤੋਂ ਡਰਿਆਂ ਹੋਇਆਂ ਨੇ ਬੇਨਤੀ ਕੀਤੀ, "ਕਿਵੇਂ ਸਾਰਿਆਂ ਨੂੰ ਹੀ ਨਾਸ਼ ਕਰਦੇ ਹੋ। ਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਹੀ ਹੁਕਮ ਹੈ, ਇਸ ਨੂੰ ਕੋਈ ਵੀ ਕਿਸੇ ਤਰ੍ਹਾਂ ਮੇਟ ਨਹੀਂ ਸਕਦਾ"॥੪੭॥

*ਗਿਆਰ੍ਹਵੀਂ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥*

## ਅਧਿਆਇ ਪੈਂਤੀਵਾਂ

### ਹਡਿਆਏ ਨਗਰ ਵਿਚ ਤਾਪ ਦੇ ਰੋਗੀ ਅਰੋਗ ਕੀਤੇ

ਦੋਹਰਾ- ਵਹਿਰ ਹਡਜਾਏ ਨਗਰ ਤ ਉਤਰਿ ਰਹੇ ਸ਼ੁਭ ਥਾਇਂ।
ਬੈਠੇ ਗੁਰੂ ਬਿਰਾਜ ਹੀ ਨਿਯੋਗ੍ਰੋਧ ਕੀ ਛਾਇ॥ ੧॥

ਹਡਿਆਏ ਪਿੰਡ ਦੇ ਬਾਹਰ ਸ਼ੁਭ ਥਾਂ ਵੇਖ ਕੇ ਗੁਰੂ ਜੀ ਨੇ ਉਤਾਰਾ ਕਰ ਲਿਆ। ਬੋਹੜ ਦੇ ਬ੍ਰਿਛ ਦੀ ਛਾਂ ਹੇਠ ਗੁਰੂ ਜੀ ਬਿਰਾਜ ਗਏ॥੧॥

ਚੌਪਈ- ਤਹਿਂ ਇਕ ਪੁਰਿ ਕੋ ਨਰ ਪਰਿ ਰਹਯੋ। ਜ੍ਵਰ ਤਨ ਚਢ੍ਯੋ ਅਗਨਿ ਜਨੁ ਦਹਯੋ।
ਮੁਖ ਸੂਖਤਿ ਲੇ ਸ੍ਵਾਸ ਸਜੋਰ। ਕੰਪਤਿ ਕਾਇਆਂ ਸੰਕਟ ਘੋਰ॥ ੨॥

ਉਥੇ ਉਸ ਨਗਰ ਦਾ ਇਕ ਮਨੁੱਖ ਲੰਮਾ ਪਿਆ ਸੀ, ਉਸ ਨੂੰ ਏਨਾ ਬੁਖਾਰ ਚੜ੍ਹਿਆ ਹੋਇਆ ਸੀ, ਮਾਨੋ ਅੱਗ ਨੇ ਸਾੜਿਆ ਹੋਵੇ। ਮੂੰਹ ਸੁਕਦਾ ਸੀ ਤੇ ਜ਼ੋਰ-ਜ਼ੋਰ ਦੀ ਸਾਹ ਲੈ ਰਿਹਾ ਸੀ। ਸਰੀਰ ਕੰਬਦਾ ਸੀ ਤੇ ਵੱਡਾ ਦੁਖ ਪਾ ਰਿਹਾ ਸੀ॥੨॥

**ਸਿਰ ਅਰੁ ਹਾਡ ਫੋਰਨੀ ਘਨੀ। ਪੀੜਤਿ ਜ੍ਵਰ ਤੇ ਜਾਇ ਨ ਭਨੀ।**
**ਕਬਿ ਬੈਠਹਿ ਕਬਿ ਭੂ ਮਹਿਂ ਪਰਹੀ। ਕਬਿ ਅੰਗਰਾਇ ਜੰਭਾਵਨ ਕਰਿ ਹੀ॥੩॥**

ਸਿਰ ਅਤੇ ਹੱਡ ਬਹੁਤ ਟੁੱਟ ਰਹੇ ਸਨ। ਬੁਖਾਰ ਨਾਲ ਏਨਾ ਪੀੜਤ ਸੀ ਕਿ ਬੋਲਿਆ ਨਹੀਂ ਸੀ ਜਾਂਦਾ। ਕਦੀ ਬੈਠ ਜਾਂਦਾ ਸੀ ਤੇ ਕਦੀ ਧਰਤੀ 'ਤੇ ਲੇਟ ਜਾਂਦਾ ਸੀ। ਕਦੀ ਉਬਾਸੀਆਂ ਲੈ ਕੇ ਅੰਗੜਾਈ ਲੈਂਦਾ ਸੀ॥੩॥

**ਬ੍ਯਾਕੁਲ ਦੇਖਿ ਗੁਰੂ ਬਚ ਕਹ੍ਯੋ। 'ਇਹ ਕੋ ਅਹੈ ਪਾਇ ਦੁਖ ਰਹ੍ਯੋ?।**
**ਅਪਨੇ ਘਰ ਕ੍ਯੋਂ ਜਾਇ ਨ ਪਰ੍ਯੋ?। ਵਹਿਰ ਪ੍ਰਿਥੀ ਪਰ ਰਜ ਸੋਂ ਭਰ੍ਯੋ' ॥੪॥**

ਉਸ ਨੂੰ ਵਿਆਕੁਲ ਵੇਖ ਕੇ ਗੁਰੂ ਜੀ ਨੇ ਬਚਨ ਕਹੇ, "ਇਹ ਕੌਣ ਏਨਾ ਦੁਖ ਪਾ ਰਿਹਾ ਹੈ? ਆਪਣੇ ਘਰ ਵਿਚ ਜਾ ਕੇ ਕਿਉਂ ਨਹੀਂ ਲੇਟਦਾ ਹੈ, ਬਾਹਰ ਧਰਤੀ ਤੇ ਧੂੜ ਨਾਲ ਭਰਿਆ ਹੈ" ॥੪॥

**ਤਿਹ ਪੁਰਿ ਕੇ ਮਾਨਵ ਇਕ ਦੋਇ। ਦੀਨਮਨੇ ਸੁਨਿ ਬੋਲੇ ਸੋਇ।**
**'ਇਸਿ ਕੋ ਚਢ੍ਯੋ ਬਡੋ ਜ੍ਵਰ ਜ਼ੋਰ। ਪਾਇ ਰਹ੍ਯੋ ਸੰਕਟ ਉਰ ਘੋਰ॥ ੫॥**

ਉਸ ਨਗਰ ਦੇ ਇਕ ਦੋ ਆਦਮੀ ਸੁਣ ਕੇ ਦੀਨ ਮਨ ਹੋ ਕੇ ਬੋਲੇ, "ਇਸ ਨੂੰ ਬੜੇ ਜ਼ੋਰ ਦਾ ਬੁਖਾਰ ਚੜ੍ਹਿਆ ਹੈ, ਉਹ ਹਿਰਦੇ ਵਿਚ ਵੱਡਾ ਸੰਕਟ ਪਾ ਰਿਹਾ ਹੈ॥੫॥

**ਗਾਤ ਦੂਬਰੋ ਪੀਰੋ ਰੰਗ। ਭਏ ਨਿਬਲ ਜਿਹ ਸਗਰੇ ਅੰਗ।**
**ਨਹਿਂ ਭੋਜਨ ਕੀ ਰੁਚਿ ਉਰ ਜਾਗੇ। ਪਰ੍ਯੋ ਰਹੈ ਨਿਸ ਦਿਨ ਦੁਖ ਪਾਗੇ॥੬॥**

ਬੜਾ ਲਿਸਾ ਹੋ ਗਿਆ ਹੈ ਤੇ ਰੰਗ ਪੀਲਾ ਹੋ ਗਿਆ ਹੈ ਤੇ ਸਾਰੇ ਅੰਗ ਨਿਰਬਲ ਹੋ ਗਏ ਹਨ। ਹਿਰਦੇ ਵਿਚ ਨਾ ਭੋਜਨ ਖਾਣ ਦੀ ਰੁਚੀ ਜਾਗਦੀ ਹੈ, ਰਾਤ ਦਿਨ ਦੁੱਖ ਵਿਚ ਗ੍ਰਸਿਆ ਪਿਆ ਰਹਿੰਦਾ ਹੈ॥੬॥

**ਇਸ ਨਗਰੀ ਮਹਿਂ ਜ੍ਵਰ ਕੋ ਜ਼ੋਰ। ਗਨ ਮਾਨਵ ਪ੍ਰਾਪਤਿ ਦੁਖ ਘੋਰ।**
**ਦੀਖਤਿ ਹੈ ਜਸ ਇਸ ਕੋ ਹਾਲ। ਤਸ ਬਹੁ ਨਰ ਕੋ ਕਸ਼ਟ ਬਿਸਾਲ॥ ੭॥**

ਇਸ ਨਗਰ ਵਿਚ ਬੁਖਾਰ ਦਾ ਬਹੁਤ ਜ਼ੋਰ ਹੈ, ਬਹੁਤ ਮਨੁੱਖ ਘੋਰ ਦੁੱਖ ਪਾ ਰਹੇ ਹਨ। ਜਿਵੇਂ ਇਸ ਦਾ ਹਾਲ ਵੇਖ ਰਹੇ ਹੋ, ਉਸ ਤਰ੍ਹਾਂ ਹੀ ਹੋਰ ਬਹੁਤ ਮਨੁੱਖ ਦੁੱਖ ਪਾ ਰਹੇ ਹਨ॥੭॥

**ਮ੍ਰਿਤੁ ਕੇ ਬਸੀ ਸੈਂਕਰੇ ਹੋਏ। ਜ੍ਵਰ ਕੇ ਗੇਰੇ ਨਹੀਂ ਖਰੋਏ।**
**ਹਾਹਾਕਾਰ ਹੋਤਿ ਪੁਰਿ ਮਾਂਹੀ। ਜੀਵਨ ਆਸਾ ਜੀਵਨ ਨਾਂਹੀ॥ ੮॥**

ਸੈਂਕੜੇ ਮਨੁੱਖ ਮ੍ਰਿਤੂ ਦੇ ਵੱਸ ਹੋਏ ਹਨ, ਬੁਖਾਰ ਦੇ ਡੇਗੇ ਖਲੋਂਦੇ ਨਹੀਂ ਹਨ। ਸਾਰੇ ਨਗਰ ਵਿਚ ਹਾਹਾਕਾਰ ਮੱਚੀ ਹੋਈ ਹੈ। ਜੀਵਾਂ ਨੂੰ ਜੀਉਣ ਦੀ ਆਸ ਨਹੀਂ ਰਹੀ॥੮॥

**ਕਰਿ ਕਰਿ ਹਾਰੇ ਗਨ ਉਪਚਾਰ। ਰੰਕ ਰਾਵ ਸਭਿ ਕੋ ਇਕਸਾਰ।**
**ਇਹ ਕੰਪਤਿ ਦੁਖ ਪਾਇ ਬਡੇਰਾ। ਬੋਲਨਿ ਸ਼ਕਤਿ ਭਿ ਨਹਿਂ ਇਸ ਬੇਰਾ॥ ੯॥**

ਬਹੁਤ ਇਲਾਜ ਕਰ-ਕਰ ਹਾਰ ਗਏ ਹਨ, ਅਮੀਰ ਗਰੀਬ ਸਭ ਨੂੰ ਇਕਸਾਰ ਬੁਖਾਰ ਚੜ੍ਹਿਆ ਹੈ। ਇਹ ਕੰਬਦਾ ਹੋਇਆ ਬਹੁਤ ਦੁੱਖ ਪਾ ਰਿਹਾ ਹੈ, ਇਸ ਸਮੇਂ ਬੋਲਣ ਦੀ ਸ਼ਕਤੀ ਵੀ ਨਹੀਂ ਹੈ॥੯॥

ਸੂਖ ਗਯੋ ਮੁਖ, ਲੇਟਤਿ ਅਹੈ। ਆਸ ਨ, ਇਹ ਜੀਵਤਿ ਬਚ ਰਹੈ।
ਜੇ ਕਰਿ ਰਾਵਰਿ ਬਸ ਉਪਚਾਰ। ਕਰਹੁ ਕ੍ਰਿਪਾ ਦਿਹੁ ਦਾਨ ਉਦਾਰ॥ ੧੦॥

ਏਥੇ ਲੇਟਦਿਆਂ ਮੂੰਹ ਸੁਕ ਗਿਆ ਹੈ, ਇਹ ਉਮੀਦ ਨਹੀਂ ਕਿ ਇਹ ਜੀਊਂਦਾ ਬਚ ਰਹੇਗਾ। ਜੇ ਆਪ ਜੀ ਦੇ ਵੱਸ ਵਿਚ ਇਲਾਜ ਹੈ ਤਾਂ ਕਿਰਪਾ ਕਰਕੇ ਜੀਵਨ ਦਾਨ ਬਖਸ਼ੋ॥੧੦॥

ਪੁਰਖ ਕ੍ਰਿਪਾਲ ਹੋਤਿ ਉਪਕਾਰੀ। ਬਚਹਿਂ ਪ੍ਰਾਨ ਜੇ ਹੁਇ ਜੁਰ ਟਾਰੀ'।
ਬੈਠਿ ਬਿਰਾਜੇ ਸਤਿਗੁਰ ਜਹਾਂ। ਹੋਵਾ ਖਨਜੋ ਹੁਤੋ ਲਘੁ ਤਹਾਂ॥ ੧੧॥

ਕ੍ਰਿਪਾਲੂ ਪੁਰਖ ਉਪਕਾਰੀ ਹੁੰਦੇ ਹਨ, ਪ੍ਰਾਣ ਬਚ ਜਾਣਗੇ ਜੇ ਬੁਖਾਰ ਹਟਾ ਦੇਵੋਗੇ।" ਸਤਿਗੁਰੂ ਜੀ ਜਿਥੇ ਬੈਠੇ ਬਿਰਾਜ ਰਹੇ ਸਨ, ਉਸ ਦੇ ਲਾਗੇ ਇਕ ਛੋਟਾ ਜਿਹਾ ਟੋਆ ਪੁਟਿਆ ਹੋਇਆ ਸੀ॥੧੧॥

ਸੋ ਜਲ ਸੋਂ ਪੂਰਨ ਤਿਸ ਕਾਲ। ਨੇਤ੍ਰ ਚਲਾਇ ਬਿਲੋਕਿ ਕ੍ਰਿਪਾਲ।
ਕਹਜੋ 'ਜਾਇ ਤੁਮ ਇਸੇ ਉਠਾਵਹੁ। ਲਘੁ ਸਰ ਮਹਿਂ ਮੱਜਨ ਕਰਿਵਾਵਹੁ॥੧੨॥

ਜਿਹੜਾ ਉਸ ਸਮੇਂ ਜਲ ਨਾਲ ਭਰਿਆ ਹੋਇਆ ਸੀ, ਗੁਰੂ ਜੀ ਨੇ ਉਸ ਛਪੜੀ ਵਲ ਆਪਣੇ ਨੈਣਾਂ ਨਾਲ ਵੇਖਿਆ ਤੇ ਕਿਹਾ "ਜਾਉ ਜਾ ਕੇ ਇਸ ਵਿਅਕਤੀ ਨੂੰ ਉਠਾਵੋ ਤੇ ਇਸ ਟੋਏ ਵਿਚ ਇਸ਼ਨਾਨ ਕਰਾਵੋ॥੧੨॥

ਉਤਰ ਜਾਇ ਜੁਰ ਆਛੋ ਹੋਇ। ਬਹੁਰ ਨ ਪ੍ਰਾਪਤਿ ਸੰਕਟ ਕੋਇ'।
ਭਾਉ ਧਾਰਿ ਗੁਰ ਕੋ ਬਚ ਮਾਨਜੋ। ਗਹਿ ਕੈ ਤਿਹ ਜਲ ਸੰਗ ਸ਼ਨਾਨਜੋ॥੧੩॥

ਬੁਖਾਰ ਉਤਰ ਜਾਵੇਗਾ ਤੇ ਚੰਗਾ ਹੋ ਜਾਵੇਗਾ, ਫਿਰ ਬਾਅਦ ਵਿਚ ਕੋਈ ਸੰਕਟ ਪ੍ਰਾਪਤ ਨਹੀਂ ਹੋਵੇਗਾ।" ਪ੍ਰੇਮ ਧਾਰ ਕੇ ਉਨ੍ਹਾਂ ਨੇ ਗੁਰੂ ਜੀ ਦਾ ਬਚਨ ਮੰਨ ਲਿਆ। ਉਸ ਮਨੁੱਖ ਨੂੰ ਫੜ ਕੇ ਛਪੜੀ ਦੇ ਜਲ ਨਾਲ ਇਸ਼ਨਾਨ ਕਰਵਾ ਦਿੱਤਾ॥੧੩॥

ਨੀਰ ਸਪਰਸ਼ਜੋ ਜਹਿਂ ਜਹਿਂ ਤਨੁ ਮੈਂ। ਸਗਰੋ ਉਤਰਿ ਗਯੋ ਜੁਰ ਛਿਨ ਮੈਂ।
ਬਿਸਮੇ ਲੋਗ ਅਰੋਗ ਨਿਹਾਰਜੋ। ਸਤਿਗੁਰ ਚਰਨ ਭਾਉ ਉਰ ਧਾਰਜੋ॥ ੧੪॥

ਜਿੱਥੇ ਜਿੱਥੇ ਸਰੀਰ ਨੂੰ ਪਾਣੀ ਲੱਗਾ, ਸਾਰਾ ਬੁਖਾਰ ਇਕ ਛਿਨ ਵਿਚ ਉਤਰ ਗਿਆ। ਅਰੋਗ ਵੇਖ ਕੇ ਲੋਕ ਬਹੁਤ ਹੈਰਾਨ ਹੋਏ। ਸਤਿਗੁਰੂ ਜੀ ਦੇ ਚਰਨਾਂ ਨਾਲ ਉਨ੍ਹਾਂ ਪ੍ਰੇਮ ਧਾਰਨ ਕਰ ਲਿਆ॥੧੪॥

ਪੁਰਿ ਮਹਿਂ ਇਕ ਦੁਇ ਸਾਥ ਬਤਾਏ। ਸੁਨਿ ਜੁਰ ਚਢੇ ਦੌਰਤੇ ਆਏ।
ਹਾਥ ਜੋਰਿ ਕਰਿ ਬਿਨੈ ਉਚਾਰੇ। 'ਹਮ ਦਾਸਨਿ ਕੇ ਦਾਸ ਤੁਮਾਰੇ॥ ੧੫॥

ਨਗਰ ਵਿਚ ਲੋਕਾਂ ਨੇ ਇਕ ਦੂਜੇ ਨਾਲ ਗੱਲ ਕੀਤੀ, ਇਹ ਸੁਣ ਕੇ ਬੁਖਾਰ ਚੜ੍ਹਿਆਂ ਹੀ ਲੋਕ ਦੌੜਦੇ ਆਏ। ਹੱਥ ਜੋੜ ਕੇ ਬੇਨਤੀ ਕਰਦੇ ਸਨ, "ਅਸੀਂ ਤੁਹਾਡੇ ਦਾਸਾਂ ਦੇ ਦਾਸ ਹਾਂ॥੧੫॥

ਪੁਰਿ ਕੇ ਭਾਗ ਜਗੇ ਤੁਮ ਆਏ। ਬਹੁ ਮਰਿ ਰਹੇ ਜੁ ਤਾਪ ਦਬਾਏ।
ਅਬਿ ਹਮ ਸ਼ਰਣ ਤੁਮਾਰੀ ਪਰੇ। ਕਰਹੁ ਉਬਾਰਨਿ ਨਾਂਹਿ ਤ ਮਰੇ॥ ੧੬॥

ਨਗਰ ਦੇ ਭਾਗ ਜਾਗ ਪਏ ਹਨ, ਤੁਸੀਂ ਆਏ ਹੋ, ਬਹੁਤ ਮਰ ਰਹੇ ਸਨ, ਜਿਨ੍ਹਾਂ ਨੂੰ ਤਾਪ ਨੇ ਦੱਬਿਆ ਸੀ। ਹੁਣ ਤੁਹਾਡੀ ਸ਼ਰਨ ਵਿਚ ਆ ਗਏ ਹਾਂ, ਸਾਨੂੰ ਬਚਾਓ ਨਹੀਂ ਤਾਂ ਮਰ ਜਾਵਾਂਗੇ॥੧੬॥

ਜਿਸ ਕੋ ਤਾਪ ਆਪ ਨੇ ਖੋਵਾ। ਗਯੋ ਕਸ਼ਟ ਭਾ ਨਵਾਂ ਨਰੋਵਾ।
ਤਿਸੈ ਬਿਲੋਕਿ ਦੌਰ ਹਮ ਆਏ। ਕਰਹੁ ਬਾਕ ਜੁਰ ਦੇਹੁ ਗਵਾਏ'॥ ੧੭॥

ਜਿਸ ਦਾ ਆਪ ਨੇ ਤਾਪ ਦੂਰ ਕੀਤਾ ਹੈ, ਉਸ ਦੇ ਕਸ਼ਟ ਦੂਰ ਹੋ ਗਏ ਹਨ ਤੇ ਉਹ ਨਵਾਂ ਨਰੋਆ ਹੋ ਗਿਆ ਹੈ। ਉਸ ਨੂੰ ਵੇਖ ਕੇ ਅਸੀਂ ਦੌੜ ਕੇ ਆਏ ਹਾਂ। ਬਚਨ ਕਰਕੇ ਤਾਪ ਨੂੰ ਦੂਰ ਕਰ ਦੇਵੋ" ॥੧੭॥

ਇਮ ਕਹਿ ਜਬਿ ਬਹੁਤੇ ਘਿਘਿਆਏ। ਕ੍ਰਿਪਾ ਕਰੀ ਗੁਰ ਪਿਖਿ ਮੁਸਕਾਏ।
ਕਹਯੋ ਕਿ 'ਤੁਮ ਭੀ ਕਰੋ ਸ਼ਨਾਨ। ਉਤਰਿ ਜਾਇ ਜ੍ਵਰ ਸੰਕਟ ਹਾਨਿ' ॥੧੮॥

ਇਸ ਤਰ੍ਹਾਂ ਕਹਿ ਕੇ ਜਦ ਬਹੁਤ ਤਰਲੇ ਕਰਨ ਲੱਗੇ ਤਾਂ ਗੁਰੂ ਜੀ ਨੇ ਕਿਰਪਾ ਕੀਤੀ ਤੇ ਵੇਖ ਕੇ ਮੁਸਕਰਾਏ ਤੇ ਕਿਹਾ, "ਤੁਸੀਂ ਵੀ ਇਸ਼ਨਾਨ ਕਰੋ, ਤੁਹਾਡਾ ਬੁਖ਼ਾਰ ਉਤਰ ਜਾਵੇਗਾ ਤੇ ਸੰਕਟ ਦੂਰ ਹੋ ਜਾਵੇਗਾ" ॥੧੮॥

ਸੁਨਿ ਕਰਿ ਲਘੁ ਸਰ ਮਹਿਂ ਸੋ ਬਰੇ। ਮੱਜਨ ਕਰਤਿ ਤਾਪ ਕੋ ਹਰੇ।
ਤਿਮ ਹੀ ਸੁਨਿ ਸੁਨਿ ਆਵਨਿ ਲਾਗੇ। ਗਾਤ ਦੂਬਰੇ ਤਨ ਜੁਰ ਦਾਗੇ ॥੧੯॥

ਇਹ ਸੁਣ ਕੇ ਉਹ ਛੋਟੀ ਛਪੜੀ ਵਿਚ ਵੜ ਗਏ, ਇਸ਼ਨਾਨ ਕਰਨ ਨਾਲ ਤਾਪ ਉਤਰ ਗਿਆ। ਇਸ ਤਰ੍ਹਾਂ ਸੁਣ-ਸੁਣ ਹੋਰ ਲੋਕ ਆਉਣ ਲੱਗੇ, ਜਿਨ੍ਹਾਂ ਦੇ ਸਰੀਰ ਤਾਪ ਨਾਲ ਤਪ ਰਹੇ ਸਨ ॥੧੯॥

ਸਭਿਹਿਨਿ ਕੋ ਸ਼੍ਰੀ ਗੁਰ ਫੁਰਮਾਯੋ। 'ਜਿਸ ਕੋ ਤਨੁ ਤਾਪ ਤਪਤਾਯੋ।
ਸੋ ਸਭਿ ਕਰਤੇ ਜਾਹੁ ਸ਼ਨਾਨ। ਸਿਮਰਹੁ ਵਾਹਿਗੁਰੂ ਸੁਖ ਦਾਨ ॥ ੨੦॥

ਸਾਰਿਆਂ ਨੂੰ ਗੁਰੂ ਜੀ ਨੇ ਫੁਰਮਾਇਆ, "ਜਿਸ ਦੇ ਸਰੀਰ ਨੂੰ ਤਾਪ ਨੇ ਤਪਾਇਆ ਹੈ, ਉਹ ਸਾਰੇ ਇਸ਼ਨਾਨ ਕਰਦੇ ਜਾਵੋ ਤੇ ਸੁਖ ਦਾਤੇ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰੋ ॥੨੦॥

ਜਿਮ ਦੁਖ ਤੇ ਗੁਰ ਇਹਾਂ ਛੁਟਾਏ। ਤਿਮ ਜਮ ਤੇ ਦੇ ਹਾਥ ਬਚਾਏ।
ਯਾਂਤੇ ਸਿਮਰਹੁ ਸ਼੍ਰੀ ਸਤਿਨਾਮ। ਹਲਤ ਪਲਤ ਸੁਖਦਾ ਅਭਿਰਾਮ' ॥ ੨੧॥

ਜਿਵੇਂ ਦੁੱਖ ਤੋਂ ਗੁਰੂ ਜੀ ਨੇ ਏਥੇ ਛੁਡਵਾਏ ਹਨ, ਉਸ ਤਰ੍ਹਾਂ ਹੀ ਉਹ ਜਮ ਤੋਂ ਹੱਥ ਦੇ ਕੇ ਬਚਾ ਲੈਣਗੇ। ਇਸ ਕਰਕੇ ਸਤਿਨਾਮ ਦਾ ਸਿਮਰਨ ਕਰੋ, ਲੋਕ ਪਰਲੋਕ ਸੁਖਦਾਇਕ ਅਤੇ ਸੁੰਦਰ ਹੋ ਜਾਣਗੇ" ॥੨੧॥

ਚਢਤਿ ਜਿਤਿਕ ਜੋ ਜ੍ਵਰ ਪੁਰਿ ਮਾਂਹੀ। ਸੁਨਿ ਸਭਿ ਆਇ ਸ਼ਨਾਨ ਕਰਾਹੀਂ।
ਅਪਰ ਸੈਂਕਰੇ ਰੰਕ ਸੁ ਧਨੀ। ਕੀਰਤਿ ਬਿਸਦ ਗੁਰੂ ਕੀ ਸੁਨੀ ॥ ੨੨॥

ਨਗਰ ਵਿਚ ਜਿਨ੍ਹਾਂ ਜਿਨ੍ਹਾਂ ਨੂੰ ਵੀ ਬੁਖ਼ਾਰ ਚੜ੍ਹਿਆ ਸੀ ਸਭ ਨੇ ਆ ਕੇ ਇਸ਼ਨਾਨ ਕੀਤਾ। ਹੋਰ ਸੈਂਕੜੇ ਅਮੀਰ ਗ਼ਰੀਬ ਆਏ, ਉਨ੍ਹਾਂ ਗੁਰੂ ਜੀ ਦੀ ਬਹੁਤ ਵੱਡੀ ਕੀਰਤੀ ਸੁਣੀ ॥੨੨॥

ਲੇਕਰਿ ਅਨਿਕ ਉਪਾਇਨ ਆਏ। ਅਸਨ ਬਸਨ ਧਨ ਬਹੁਤ ਚਢਾਏ।
ਅਨਿਕ ਸਿੱਖ ਹੋਏ ਧਰਿ ਭਾਉ। ਸਿੱਖੀ ਧਰਿ ਜਪਯੋ ਸਤਿਨਾਉ ॥ ੨੩॥

ਕਈ ਪ੍ਰਕਾਰ ਦੇ ਉਪਹਾਰ ਲੈ ਕੇ ਆਏ, ਭੋਜਨ, ਕਪੜੇ ਅਤੇ ਧਨ ਬਹੁਤ ਲਿਆਏ। ਅਨੇਕਾਂ ਲੋਕ ਧੀਰਜ ਧਾਰ ਕੇ ਸਿੱਖ ਹੋਏ। ਸਿੱਖੀ ਧਾਰ ਕੇ ਸੱਚੇ ਨਾਮ ਦਾ ਜਾਪ ਕੀਤਾ ॥੨੩॥

ਬਸੇ ਜਿਤਿਕ ਬਾਸੁਰ ਤਿਸ ਥਾਨ। ਦਿਨ ਪ੍ਰਤਿ ਕਰਿਹੀਂ ਸੇਵ ਮਹਾਂਨ।
ਲਗਯੋ ਤੜਾਗ ਤਹਾਂ ਪੁਨ ਭਾਰੀ। ਜਹਿਂ ਬੈਠੇ ਸੋ ਥਾਨ ਸੁਧਾਰੀ ॥ ੨੪॥

ਗੁਰੂ ਜੀ ਜਿੰਨੇ ਦਿਨ ਉਸ ਸਥਾਨ ਤੇ ਰਹੇ, ਦਿਨ ਪ੍ਰਤਿ ਪਿੰਡ ਦੇ ਲੋਕ ਬਹੁਤ ਸੇਵਾ ਕਰਦੇ ਸਨ। ਜਿਥੇ ਗੁਰੂ ਜੀ ਬੈਠੇ ਸਨ, ਉਸ ਸਥਾਨ ਨੂੰ ਸਧਾਰ ਕੇ ਉਸ ਥਾਂ ਬਹੁਤ ਵੱਡਾ ਸਰੋਵਰ ਬਣਾਇਆ ਗਿਆ ॥੨੪॥

ਸੋ ਅਬਿ ਲੌ ਹਮ ਦੇਖਨਿ ਕਰਜੋ। ਗੁਰਦ੍ਵਾਰਾ ਤਿਸ ਤੀਰ ਨਿਹਰਜੋ।
ਮਹਿਮਾ ਸਤਿਗੁਰ ਕੀ ਪ੍ਰਗਟਾਈ। ਪੁਰਿ ਹਡਿਆਏ ਮਾਹਿਂ ਅਬਿ ਤਾਂਈ॥੨੫॥

ਕਵੀ ਜੀ ਕਹਿੰਦੇ ਹਨ, "ਉਹ ਸਰੋਵਰ ਹੁਣ ਤਕ ਉਥੇ ਮੌਜੂਦ ਹੈ, ਮੈਂ ਉਸ ਨੂੰ ਵੇਖਣ ਗਿਆ ਸੀ, ਸਰੋਵਰ ਦੇ ਕੰਢੇ ਤੇ ਇਕ ਗੁਰਦੁਆਰਾ ਵੀ ਵੇਖਿਆ ਹੈ। ਹਡਿਆਏ ਪਿੰਡ ਵਿਚ ਹੁਣ ਸਤਿਗੁਰੂ ਜੀ ਦੀ ਮਹਿਮਾ ਪ੍ਰਗਟ ਕੀਤੀ ਹੈ॥੨੫॥

ਤਹਿਂ ਤੇ ਕਰਜੋ ਕੂਚ ਗੁਰੂ ਸ੍ਵਾਮੀ। ਗਮਨੇ ਸ਼੍ਰੀ ਪ੍ਰਭੁ ਅੰਤਰਜਾਮੀ।
ਕਰਿ ਪੁਰਿ ਕੇ ਨਰ ਭਾਉ ਬਡੇਰਾ। ਰਾਖਨਿ ਹੇਤੁ ਕਹਜੋ ਬਹੁਤੇਰਾ॥੨੬॥

ਗੁਰੂ ਸਵਾਮੀ ਜੀ ਨੇ ਫਿਰ ਉਸ ਪਿੰਡ ਤੋਂ ਕੂਚ ਕਰ ਲਿਆ ਤੇ ਪ੍ਰਭੂ ਅੰਤਰਜਾਮੀ ਅੱਗੇ ਚਲ ਪਏ। ਪਿੰਡ ਦੇ ਲੋਕਾਂ ਨੇ ਬਹੁਤ ਪ੍ਰੇਮ ਕਰਕੇ ਗੁਰੂ ਜੀ ਨੂੰ ਹੋਰ ਰਹਿਣ ਵਾਸਤੇ ਬਹੁਤ ਕਿਹਾ॥੨੬॥

ਦੇ ਧੀਰਜ ਤਿਨ ਕੋ ਬਹੁ ਭਾਂਤੀ। ਚਲਤਿ ਭਏ ਗੁਰ ਹੋਤਿ ਪ੍ਰਭਾਤੀ।
'ਪੌਲਾ' ਗ੍ਰਾਮ ਕੋਸ ਜੁਗ ਲਹਜੋ। ਤਹਾਂ ਤੁਰੰਗ ਅੜੀ ਕਰਿ ਰਹਜੋ॥੨੭॥

ਗੁਰੂ ਜੀ ਉਨ੍ਹਾਂ ਨੂੰ ਬਹੁਤ ਪ੍ਰਕਾਰ ਧੀਰਜ ਦੇ ਕੇ ਸਵੇਰ ਹੁੰਦਿਆਂ ਹੀ ਚਲ ਪਏ। ਦੋ ਕੋਹ ਦੀ ਵਾਟ ਤੇ ਪੌਲਾ ਨਾਮੀ ਪਿੰਡ ਸੀ, ਉਧਰ ਜਾਂਦਿਆਂ ਘੋੜੇ ਨੇ ਅੜੀ ਕਰ ਲਈ॥੨੭॥

ਹਨਹਿਂ ਰਕਾਬਨਿ ਕਮਚੀ ਮਾਰੈਂ। ਤਊ ਨ ਪਾਇ ਅਗਾਰੀ ਡਾਰੈ।
ਗੁਰੂ ਕਹਜੋ 'ਇਹ ਤੁਰਕਨਿ ਬੰਦੇ। ਪ੍ਰਭੁ ਗੁਰ ਕੋ ਨ ਲਖਹਿਂ ਮਤਿਮੰਦੇ'॥੨੮॥

ਉਸ ਨੂੰ ਰਕਾਬਾਂ ਤੇ ਚਾਬਕ ਮਾਰਦੇ ਸਨ, ਫਿਰ ਵੀ ਉਸ ਨੇ ਇਕ ਪੈਰ ਵੀ ਅੱਗੇ ਨਾ ਧਰਿਆ। ਗੁਰੂ ਜੀ ਨੇ ਕਿਹਾ, "ਇਸ ਪਿੰਡ ਦੇ ਲੋਕ ਤੁਰਕਾਂ ਨੂੰ ਪੂਜਣ ਵਾਲੇ ਹਨ, ਇਹ ਮਾੜੀ ਮੱਤ ਵਾਲੇ ਪ੍ਰਭੂ ਗੁਰੂ ਜੀ ਨੂੰ ਨਹੀਂ ਸਮਝਦੇ ਹਨ॥੨੮॥

ਹਟੇ ਤਹਾਂ ਤੇ ਗਮਨੇ ਗ੍ਰਾਮੂ। 'ਸੋਹੀਬਾਲ' ਕਹੈਂ ਤਿਹ ਨਾਮੂ।
ਉਤਰੇ ਤਹਾਂ ਸੁਚੇਤਾ ਕੀਨਿ। ਚਢੇ 'ਕੈਲਾ' ਇਕ ਗ੍ਰਾਮ ਸੁ ਚੀਨ॥੨੯॥

ਉਥੋਂ ਵਾਪਸ ਹੋ ਕੇ ਇਕ ਹੋਰ ਪਿੰਡ ਵਲ ਚਲ ਪਏ, ਜਿਸ ਪਿੰਡ ਦਾ ਨਾਮ 'ਸੋਹੀਵਾਲ' ਸੀ। ਉਥੇ ਉਤਰ ਕੇ ਮੂੰਹ ਹੱਥ ਧੋ ਕੇ ਸੁਚੇਤ ਹੋ ਗਏ ਤੇ ਫਿਰ ਘੋੜਿਆਂ ਤੇ ਚੜ੍ਹ ਕੇ ਇਕ ਹੋਰ ਪਿੰਡ ਵੇਖਿਆ॥੨੯॥

ਤਹਿਂ ਕੇ ਨਰਨਿ ਭਾਉ ਨਹਿਂ ਕੀਨਾ। ਪੁਨ ਗਮਨੇ ਤਿਨ ਲਖਿ ਮਤਿ ਹੀਨਾ।
ਸੰਗਤਿ ਆਨਿ ਮਿਲੀ ਸਮੁਦਾਈ। ਬਹੁ ਧਨ ਆਦਿ ਉਪਾਇਨ ਲਜਾਈ॥੩੦॥

ਉਸ ਪਿੰਡ ਵਾਲਿਆਂ ਵੀ ਪ੍ਰੇਮ ਨਾ ਕੀਤਾ, ਉਨ੍ਹਾਂ ਨੂੰ ਮੱਤ-ਹੀਣੇ ਸਮਝ ਕੇ ਅੱਗੇ ਚਲ ਪਏ। ਉਥੇ ਰਾਹ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤ ਆ ਮਿਲੀ, ਜਿਹੜੀ ਬਹੁਤ ਧਨ ਅਤੇ ਉਪਹਾਰ ਲਿਆਈ ਸੀ॥੩੦॥

ਦਰਸ਼ਨ ਕਰਿ ਕਰਿ ਅਰਪਨਿ ਕਰੀ। ਪੂਰੀ ਕਾਮਨਾ ਜਿਮ ਉਰਧਰੀ।
ਗ੍ਰਾਮ 'ਢਿੱਲਵੀਂ' ਪਹੁਚੇ ਜਾਇ। ਡੇਰਾ ਕੀਨਿ ਹੇਰਿ ਸ਼ੁਭ ਥਾਇ॥੩੧॥

ਦਰਸ਼ਨ ਕਰ ਕਰ ਉਹ ਅਰਪਣ ਕਰਦੇ ਸਨ, ਆਪਣੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ, ਜਿਵੇਂ ਦਿਲ ਵਿਚ ਧਾਰਨ ਕੀਤੀਆਂ ਸਨ। ਫਿਰ ਢਿਲਵਾਂ ਪਿੰਡ ਵਿਚ ਜਾ ਪਹੁੰਚੇ ਤੇ ਸ਼ੁਭ ਥਾਂ ਵੇਖ ਕੇ ਡੇਰਾ ਲਾ ਲਿਆ॥੩੧॥

ਏਕ ਨਿਸਾ ਬਸਿ ਕੈ ਤਿਸ ਥਾਨ। ਭਏ ਪਰਬ ਕੋ ਚਾਹਤਿ ਦਾਨ।
ਧੇਨੁ ਇਕੋਤਰ ਸੈ ਮੰਗਵਾਈ। ਬਰਨ ਬਿਖੇ ਕਪਲਾਂ ਸਮੁਦਾਈ॥੩੨॥

ਉਸ ਥਾਂ ਇਕ ਰਾਤ ਠਹਿਰ ਕੇ, ਪੁੰਨ ਆਦਿ ਸ਼ੁਭ ਕਰਮ ਕਰਨ ਦਾ ਸਮਾਂ ਜਾਣ ਕੇ ਦਾਨ ਕਰਨਾ ਚਾਹੁੰਦੇ ਸਨ। ਇਕੋਤਰ ਸੌ (ਇਕ ਸੌ ਇਕ) ਗਾਵਾਂ ਮੰਗਵਾਈਆਂ ਜਿਹੜੀਆਂ ਕਪਲਾ ਗਾਂ ਦੀ ਨਸਲ ਦੀਆਂ ਕਾਲੇ ਥਣਾਂ ਵਾਲੀਆਂ ਸਨ॥੩੨॥

ਦੇ ਦੇ ਦਰਬ ਮੋਲ ਅਨਵਾਈ। ਕਰੀ ਦਾਨ ਹਿਤ ਸਭਿ ਇਕ ਠਾਈ।
ਗੁਜਰਾਤੀ ਦਿਜ ਤਬੈ ਬੁਲਾਏ। 'ਲੇਹੁ ਦਾਨੁ ਧੇਨੂ ਸਮੁਦਾਏ॥ ੩੩॥

ਧਨ ਦੇ-ਦੇ ਕੇ ਮੁਲ ਮੰਗਵਾਈਆਂ ਤੇ ਦਾਨ ਕਰਨ ਵਾਸਤੇ ਸਭ ਇਕੱਠੀਆਂ ਕੀਤੀਆ। ਫਿਰ ਗੁਜਰਾਤੀ ਬ੍ਰਾਹਮਣ ਬੁਲਵਾਏ। "ਇਹ ਸਾਰੀਆਂ ਗਾਵਾਂ ਦਾਨ ਵਿਚ ਲਵੋ॥੩੩॥

ਅਪਰ ਦਰਬ ਇਨ ਸੰਗ ਘਨੇਰਾ। ਦੈ ਹੈਂ ਤੁਮ ਕੋ ਸਭਿ ਇਸ ਬੇਰਾ'।
ਸੁਨਿ ਕੈ ਦਿਜਹੁਂ ਨ ਮਾਨੀ ਬਾਤ। 'ਕਠਨ ਦਾਨ ਇਹ ਸਹਜੋ ਨ ਜਾਤਿ॥੩੪॥

ਇਨ੍ਹਾਂ ਦੇ ਨਾਲ ਹੋਰ ਬਹੁਤ ਧਨ ਲਵੋ, ਸਾਰਾ ਕੁਝ ਤੁਹਾਨੂੰ ਇਸ ਸਮੇਂ ਦਿੰਦੇ ਹਾਂ।" ਇਹ ਸੁਣ ਕੇ ਬ੍ਰਾਹਮਣਾਂ ਨੇ ਗੱਲ ਨਾ ਮੰਨੀ, "ਇਹ ਬੜਾ ਕਠਨ ਦਾਨ ਹੈ ਇਹ ਸਾਥੋਂ ਬਰਦਾਸ਼ਤ ਨਹੀਂ ਹੋ ਸਕਦਾ॥੩੪॥

ਪ੍ਰਾਨਨਿ ਕੋ ਪਲਟੋ ਅਸ ਦਾਨ। ਲੇਤੇ ਹੋਇ ਜੀਵ ਕੀ ਹਾਨਿ।
ਮਹਾਂ ਪਤਿੱਗ੍ਰਹੁ ਕਿਮ ਲੇ ਸਕਹੀਂ। ਹਾਨਿ ਪ੍ਰਾਨ ਲੌ ਜਿਸ ਮਹਿਂ ਤਕਹੀਂ' ॥੩੫॥

ਐਸਾ ਦਾਨ ਪ੍ਰਾਣਾਂ ਦੇ ਬਦਲੇ ਵਿਚ ਹੈ, ਇਹ ਲੈਂਦਿਆਂ ਜੀਵ ਦੀ ਮੌਤ ਹੋ ਜਾਂਦੀ ਹੈ। ਮਹਾਨ ਵੱਡਾ ਦਾਨ ਕਿਵੇਂ ਲੈ ਸਕਦੇ ਹਾਂ। ਜਿਸ ਵਿਚ ਪ੍ਰਾਣਾਂ ਦਾ ਨਾਸ਼ ਹੋਣਾ ਵੇਖਦੇ ਹਾਂ"॥੩੫॥

ਜਬਿ ਅਸ ਕ੍ਰਿਤ ਸੋ ਬਿੱਪ੍ਰ ਨਿਹਾਰੇ। ਪੁਨਹ ਖੋਜ ਕਰਿ ਅਪਰ ਹਕਾਰੇ।
ਸੁਨਿ ਸੁਨਿ ਧੀਰ ਨ ਧਰਿ ਹੈ ਕੋਈ। ਨਹਿਂ ਸਮਰਥ ਲੇਬੇ ਕੋ ਹੋਈ॥ ੩੬॥

ਜਦ ਇਸ ਤਰ੍ਹਾਂ ਕਰਦੇ ਉਹ ਬ੍ਰਾਹਮਣ ਵੇਖੇ ਤਾਂ ਖੋਜ ਕਰਕੇ ਹੋਰ ਬੁਲਾਏ। ਸੁਣ-ਸੁਣ ਕੇ ਕੋਈ ਵੀ ਧੀਰਜ ਧਾਰਨ ਨਹੀਂ ਸੀ ਕਰਦਾ, ਲੈਣ ਦੇ ਕੋਈ ਵੀ ਸਮਰੱਥ ਨਹੀਂ ਸੀ ਹੁੰਦਾ॥੩੬॥

ਬਹੁਰ ਤਪ ਕਉ ਇਕ ਗੁਜਰਾਤੀ। ਗੁਰ ਮਹਿਮਾ ਸੁ ਲਖਹਿ ਸਭਿ ਭਾਂਤੀ।
ਹਾਥ ਜੋਰਿ ਕਰਿ ਗੁਰੂ ਅਗਾਰੀ। ਭਾਉ ਧਰੇ ਉਰ ਗਿਰਾ ਉਚਾਰੀ॥ ੩੭॥

ਫਿਰ ਤਪੇ ਨਾਮੀ ਪਿੰਡ ਦਾ ਇਕ ਗੁਜਰਾਤੀ ਬ੍ਰਾਹਮਣ ਗੁਰੂ ਜੀ ਦੀ ਹਰ ਪ੍ਰਕਾਰ ਸ੍ਰੇਸ਼ਟ ਮਹਿਮਾ ਨੂੰ ਜਾਣਦਾ ਸੀ। ਉਹ ਗੁਰੂ ਜੀ ਅੱਗੇ ਹੱਥ ਜੋੜ ਕੇ ਅਤੇ ਬੜਾ ਪ੍ਰੇਮ ਧਾਰ ਕੇ ਬੋਲਿਆ॥੩੭॥

'ਕ੍ਰਿਪਾ ਕਰਹੁ ਜੇ ਬਨਹੁ ਸਹਾਇਕ। ਤੌ ਇਹ ਦਾਨ ਸਕਹਿ ਲੇ ਪਾਯਕ।
ਲੇਉਂ ਧੇਨੁ ਮੈਂ ਆਪ ਭਰੋਸੇ। ਹਰਹੁ ਪ੍ਰਤਿੱਗ੍ਰਹ ਕਹੁ ਸਭਿ ਦੋਸ਼ੇ॥ ੩੮॥

"ਕ੍ਰਿਪਾ ਕਰੋ ਜੇ ਮੇਰੇ ਸਹਾਇਕ ਬਣੋ ਤਾਂ ਦਾਸ ਇਹ ਦਾਨ ਲੈ ਸਕਦਾ ਹੈ। ਮੈਂ ਆਪ ਜੀ ਦੇ ਭਰੋਸੇ ਗਾਈਆਂ ਲਵਾਂਗਾ ਤੇ ਪ੍ਰਤਿਗ੍ਰਹ ਦੇ ਵੱਡੇ ਦਾਨ ਦੇ ਸਾਰੇ ਦੋਸ਼ਾਂ ਨੂੰ ਦੂਰ ਕਰੋ॥੩੮॥

ਗਰਬ ਜਾਤਿ ਕੋ ਹੌਂ ਨਹਿਂ ਕਰਿਹੌਂ। ਸ਼੍ਰੇਯਦ ਰਾਵਰਿ ਸ਼ਰਨੀ ਪਰਿਹੌਂ।
ਚਹੁਂ ਅਲੰਬ ਦੁਹਿ ਲੋਕ ਤੁਮਾਰਾ। ਹੋ ਸਮਰੱਥ ਕਰਹੁ ਨਿਸਤਾਰਾ' ॥ ੩੯॥

ਮੈਂ ਆਪਣੀ ਜਾਤ ਦਾ ਹੰਕਾਰ ਨਹੀਂ ਕਰਦਾ ਹਾਂ, ਮੁਕਤੀਦਾਤਾ ਜੀ ਆਪ ਜੀ ਦੀ ਸ਼ਰਨੀਂ ਪੈਂਦਾ ਹਾਂ। ਦੋਹਾਂ ਲੋਕਾਂ ਵਿਚ ਤੁਹਾਡਾ ਆਸਰਾ ਚਾਹੁੰਦਾ ਹਾਂ, ਤੁਸੀਂ ਸਮਰੱਥ ਹੋ, ਮੇਰਾ ਨਿਸਤਾਰਾ ਕਰੋ"॥੩੯॥

ਸਰਲ ਰਿਦੈ ਦਿਜ ਬਿਨੈ ਜੁ ਠਾਨੀ। ਕ੍ਰਿਪਾ ਨਿਧਾਨ ਬਿਹਸ ਕੈ ਮਾਨੀ।
'ਜੇ ਨਰ ਕਰਹਿਂ ਭਰੋਸਾ ਗੁਰ ਕੋ। ਨਹਿਂ ਭੁਲਾਇ ਦਿਢ ਨਿਸ਼ਚਾ ਉਰ ਕੋ ॥੪੦॥

ਸਾਫ ਹਿਰਦੇ ਨਾਲ ਬ੍ਰਾਹਮਣ ਨੇ ਜੋ ਬੇਨਤੀ ਕੀਤੀ, ਕਿਰਪਾ ਨਿਧਾਨ ਗੁਰੂ ਜੀ ਨੇ ਮੰਨ ਲਈ ਤੇ ਕਿਹਾ, "ਜੇ ਮਨੁੱਖ ਗੁਰੂ ਜੀ ਤੇ ਭਰੋਸਾ ਕਰੇ ਤੇ ਆਪਣੇ ਹਿਰਦੇ ਦਾ ਦ੍ਰਿੜ੍ਹ ਨਿਸ਼ਚਾ ਨਾ ਭੁਲਾਏ॥੪੦॥

ਤਿਨ ਕੇ ਕਯੋਂ ਨ ਸਹਾਇਕ ਹੋਇਂ। ਸ੍ਰੀ ਨਾਨਕ ਜਗ ਸੂਰਜ ਜੋਇ'।
ਤਬਿ ਸੰਕਲਪ ਕੀਨਿ ਸ਼ੁਭ ਭਾਂਤੀ। ਲੀਨਸਿ ਤਪੇ ਗ੍ਰਾਮ ਗੁਜਰਾਤੀ॥ ੪੧॥

ਗੁਰੂ ਜੀ ਉਸ ਦੀ ਕਿਉਂ ਸਹਾਇਤਾ ਨਹੀਂ ਕਰਨਗੇ, ਸ੍ਰੀ ਨਾਨਕ ਦੇਵ ਜੀ ਜਿਹੜੇ ਜਗ ਵਿਚ ਸੂਰਜ ਵਾਂਗ ਪ੍ਰਕਾਸ਼ਵਾਨ ਹਨ। ਫਿਰ ਸ਼ੁਭ ਭਾਂਤ ਸੰਕਲਪ ਕੀਤਾ ਤੇ ਤਪੇ ਪਿੰਡ ਦੇ ਗੁਜਰਾਤੀ ਬ੍ਰਾਹਮਣ ਨੇ ਦਾਨ ਲੈ ਲਿਆ॥੪੧॥

ਗੁਰ ਕਰ ਤੇ ਜਲ ਕਰ ਪਰ ਧਾਰਾ। ਸ਼੍ਯਾਮ ਬਰਨ ਹੁਇ ਗਾ ਤਨ ਸਾਰਾ।
ਚਿਤ ਬ੍ਯਾਕੁਲ ਧੀਰਜ ਨਹਿਂ ਰਹਯੋ। ਸੰਕਟ ਨਿਜ ਸਰੀਰ ਪਰ ਲਹਯੋ॥੪੨॥

ਗੁਰੂ ਜੀ ਦੇ ਹੱਥ ਤੋਂ ਜਲ ਲੈ ਕੇ ਆਪਣੇ ਹੱਥ ਤੇ ਧਾਰਿਆ ਤਾਂ ਸਾਰਾ ਸਰੀਰ ਕਾਲੇ ਰੰਗ ਦਾ ਹੋ ਗਿਆ। ਚਿੱਤ ਵਿਆਕੁਲ ਹੋ ਗਿਆ ਤੇ ਧੀਰਜ ਨਾ ਰਿਹਾ, ਆਪਣੇ ਸਰੀਰ ਉਤੇ ਸੰਕਟ ਲੈ ਲਿਆ॥੪੨॥

ਬਹੁ ਪੀੜਤ ਹ੍ਵੈ ਗਿਰਾ ਉਚਾਰੀ। 'ਅਬਿ ਸਹਾਇ ਕੀ ਰਾਵਰਿ ਬਾਰੀ।
ਤ੍ਰਾਸ ਬਿਸਾਲ ਹਰਹੁ ਸਭਿ ਮੇਰਾ। ਕ੍ਰਿਪਾ ਨਿਧਾਨ! ਜਾਨਿ ਕਰਿ ਚੇਰਾ' ॥੪੩॥

ਫਿਰ ਬਹੁਤ ਦੁਖੀ ਹੋ ਕੇ ਬੋਲਿਆ, "ਹੁਣ ਸਹਾਇਤਾ ਕਰਨ ਦੀ ਆਪ ਜੀ ਦੀ ਵਾਰੀ ਹੈ, ਮੇਰੇ ਇਸ ਵਿਸ਼ਾਲ ਡਰ ਨੂੰ ਦੂਰ ਕਰੋ। ਹੇ ਕਿਰਪਾ ਨਿਧਾਨ! ਮੈਨੂੰ ਆਪਣਾ ਦਾਸ ਜਾਣੋ" ॥੪੩॥

ਸੁਨਿ ਸਤਿਗੁਰ ਨੇ ਕਰ ਸਿਰ ਧਾਰਾ। ਕਸ਼ਟ ਪ੍ਰਤਿੱਗ੍ਰਹੁ ਤੁਰਤ ਬਿਦਾਰਾ।
ਸੀਤਲ ਭਯੋ ਤਪਤ ਸਭਿ ਭਾਗੀ। ਜਿਮ ਰਵਿ ਤੇਜ ਹੋਇ ਘਨ ਆਗੀ॥੪੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਦੇ ਸਿਰ ਉਤੇ ਹੱਥ ਰਖਿਆ ਤੇ ਪ੍ਰਤਿਗ੍ਰਹੁ ਦੇ ਸਾਰੇ ਦੁੱਖ ਨੂੰ ਦੂਰ ਕਰ ਦਿੱਤਾ। ਸਰੀਰ ਸੀਤਲ ਹੋ ਗਿਆ ਤੇ ਤਪਸ਼ ਸਾਰੀ ਦੂਰ ਹੋ ਗਈ ਜਿਵੇਂ ਸੂਰਜ ਦੇ ਤੇਜ ਨੂੰ ਬੱਦਲ ਅੱਗੇ ਆ ਕੇ ਦੂਰ ਕਰ ਦਿੰਦੇ ਹਨ॥੪੪॥

ਗੁਰੂ ਹਾਥ ਕੋ ਪਿਖ੍ਯੋ ਪ੍ਰਭਾਊ। ਭਯੋ ਦੀਨ ਤਜਿ ਜਾਤਿ ਸੁਭਾਊ।
ਨਮੋ ਠਾਨਿ ਪੁਨ ਬਿਨੈ ਬਖਾਨੀ। 'ਦੇਤਿ ਲੇਤਿ ਤੁਮ ਹੀ ਸਭਿ ਥਾਨੀ॥ ੪੫॥

ਜਦ ਬ੍ਰਾਹਮਣ ਨੇ ਗੁਰੂ ਜੀ ਦੇ ਹੱਥ ਦਾ ਪ੍ਰਭਾਵ ਵੇਖਿਆ ਤਾਂ ਉਹ ਦੀਨ ਹੋ ਗਿਆ ਤੇ ਆਪਣੀ ਬ੍ਰਾਹਮਣ ਜਾਤੀ ਦੇ ਸੁਭਾਅ ਨੂੰ ਛੱਡ ਕੇ। ਨਮਸਕਾਰ ਕਰਕੇ ਫਿਰ ਬੇਨਤੀ ਕੀਤੀ, "ਤੁਸੀਂ ਹੀ ਸਭ ਥਾਂ ਦਿੰਦੇ ਲੈਂਦੇ ਹੋ॥੪੫॥

ਇਕ ਮਹਿਂ ਥਿਰ ਕੈ ਹੋਵਤਿ ਦਾਤਾ। ਦੁਤੀਏ ਮਹਿਂ ਜਾਚਤਿ ਚਿਤ ਰਾਤਾ।
ਮਮ ਗ਼ਰਜ਼ੀ ਕੀ ਅਰਜ਼ੀ ਸੁਨੀਅਹਿਂ। ਅਪਰ ਦਾਸ ਸਮ ਸੇਵਕ ਜਨੀਅਹਿਂ॥੪੬॥

ਇਕ ਸਰੀਰ ਵਿਚ ਹੋ ਕੇ ਦਾਤੇ ਹੋ, ਦੂਸਰੇ ਵਿਚ ਚਿੱਤ ਅਨੁਸਾਰ ਮੰਗਦੇ ਹੋ। ਮੇਰੇ ਗਰੀਬ ਦੀ ਬੇਨਤੀ ਸੁਣੋ ਤੇ ਹੋਰ ਦਾਸਾਂ ਵਾਂਗ ਮੈਨੂੰ ਵੀ ਆਪਣਾ ਸੇਵਕ ਜਾਣੋ॥੪੬॥

ਮਾਨਹੁਂ ਮੋਹਿ ਕਹਯੋ ਇਮ ਕਰੀਅਹਿ। ਚਰਨ ਆਪਨੋ ਮਮ ਸਿਰ ਧਰੀਅਹਿ॥
ਜਗ ਸਾਗਰ ਤੇ ਡੁਬਤਿ ਉਬਰੀਅਹਿ। ਰਾਖਹੁ ਸ਼ਰਨ ਦੋਸ਼ ਗਨ ਹਰੀਅਹਿ' ॥੪੭॥

ਮੇਰਾ ਕਿਹਾ ਮੰਨ ਕੇ ਇਸ ਤਰ੍ਹਾਂ ਕਰੋ, ਆਪਣੇ ਚਰਨ ਮੇਰੇ ਸਿਰ ਤੇ ਧਰ ਦੇਵੋ। ਜਗ ਸਾਗਰ ਵਿਚ ਡੁੱਬਦੇ ਨੂੰ ਬਚਾ ਲਵੋ, ਆਪਣੀ ਸ਼ਰਨ ਵਿਚ ਰੱਖੋ ਤੇ ਸਾਰੇ ਦੋਸ਼ ਦੂਰ ਕਰੋ" ॥੪੭॥

ਤਜਾਗਜੋ ਬਿੱਪ੍ਰ ਜਾਤਿ ਹੰਕਾਰਾ। ਲਖਿ ਸਤਿਗੁਰ ਉਰ ਸਰਲ ਸੁਧਾਰਾ।
ਪਗਪੰਕਜ ਦਿਜ ਕੇ ਸਿਰ ਲਾਯੋ। ਜਨਮ ਮਰਨੁ ਕੋ ਭਰਮ ਮਿਟਾਯੋ ॥ ੪੮ ॥

ਬ੍ਰਾਹਮਣ ਨੇ ਆਪਣੀ ਜਾਤੀ ਦੇ ਹੰਕਾਰ ਨੂੰ ਛੱਡ ਦਿੱਤਾ। ਜਦ ਗੁਰੂ ਜੀ ਨੇ ਵੇਖਿਆ ਕਿ ਉਸ ਨੇ ਆਪਣੇ ਹਿਰਦੇ ਨੂੰ ਸ਼ੁਧ ਕਰ ਲਿਆ ਹੈ ਤਾਂ ਉਨ੍ਹਾਂ ਨੇ ਆਪਣੇ ਚਰਨ-ਕੰਵਲਾਂ ਨੂੰ ਬ੍ਰਾਹਮਣ ਦੇ ਸਿਰ ਦੇ ਨਾਲ ਲਾਇਆ। ਬ੍ਰਾਹਮਣ ਦਾ ਜਨਮ ਮਰਨ ਦਾ ਭਰਮ ਮਿੱਟ ਗਿਆ" ॥੪੮॥

ਜੀਵਤਿ ਰਹਜੋ ਬਿੱਪ੍ਰ ਗੁਰ ਸਿਮਰਜੋ। ਪ੍ਰਾਪਤਿ ਭਈ ਸੁ ਗਤਿ ਜਬਿ ਮਰਜੋ।
ਪੁਨ ਸਤਿਗੁਰ ਬਡ ਜੱਗਜ ਕਰਾਯਹੁ। ਸਭਿ ਸੰਗਤਿ ਮਨ ਭਾਵਤਿ ਖਾਯਹੁ ॥੪੯ ॥

ਜਦ ਤਕ ਬ੍ਰਾਹਮਣ ਜੀਉਂਦਾ ਰਿਹਾ, ਗੁਰੂ ਜੀ ਦਾ ਸਿਮਰਨ ਕਰਦਾ ਰਿਹਾ ਤੇ ਜਦ ਮਰਿਆ ਤਾਂ ਸ਼ੁਭ-ਗਤੀ ਪ੍ਰਾਪਤ ਕੀਤੀ। ਫਿਰ ਸਤਿਗੁਰੂ ਜੀ ਨੇ ਵੱਡਾ ਯੱਗ ਕਰਵਾਇਆ ਤੇ ਸਾਰੀ ਸੰਗਤ ਨੇ ਮਨ-ਭਾਉਂਦੇ ਭੋਜਨ ਖਾਧੇ॥੪੯॥

ਨਿਕਟਿ ਗ੍ਰਾਮ ਦਿਜ ਆਦਿਕ ਸਾਰੇ। ਪਠਿ ਪਠਿ ਨਰ ਨਿਜ ਨਿਕਟਿ ਹਕਾਰੇ।
ਸਭਿ ਕੋ ਭੋਜਨ ਦੇ ਪਕਵਾਨਾ। ਪੂਪ ਪੂਰਿਕਾ ਸ੍ਵਾਦ ਮਹਾਨਾ॥ ੫੦ ॥

ਨੇੜਲੇ ਪਿੰਡਾਂ ਦੇ ਬ੍ਰਾਹਮਣ ਆਦਿ ਸਾਰੇ, ਮਨੁੱਖ ਭੇਜ ਭੇਜ ਕੇ ਆਪਣੇ ਪਾਸ ਬੁਲਾਏ। ਸਭ ਨੂੰ ਭੋਜਨ ਤੇ ਪਕਵਾਨ ਦਿੱਤੇ। ਮਾਲ੍ਹ ਪੂੜੇ ਅਤੇ ਪੂੜੀਆਂ ਬਹੁਤ ਸਵਾਦ ਸਨ॥੫੦॥

ਬਿੱਪ੍ਰਨਿ ਕੋ ਧਨ ਦਛਨਾ ਦੀਨਿ। ਸਭਿਨਿ ਗੁਰੂ ਕੀ ਉਸਤਤਿ ਕੀਨਿ।
ਇਸ ਪ੍ਰਕਾਰ ਕਰਿ ਤਹਾਂ ਨਿਹਾਲ। ਕਰਜੋ ਕੂਚ ਸਤਿਗੁਰੂ ਕ੍ਰਿਪਾਲ॥ ੫੧ ॥

ਬ੍ਰਾਹਮਣਾਂ ਨੂੰ ਧਨ ਦੇ ਰੂਪ ਵਿਚ ਦਛਨਾ ਦਿੱਤੀ ਤੇ ਸਾਰਿਆਂ ਨੇ ਗੁਰੂ ਜੀ ਦੀ ਬਹੁਤ ਉਸਤਤਿ ਕੀਤੀ। ਇਸ ਪ੍ਰਕਾਰ ਉਥੇ ਸਭ ਨੂੰ ਨਿਹਾਲ ਕਰਕੇ, ਕ੍ਰਿਪਾਲੂ ਸਤਿਗੁਰੂ ਜੀ ਨੇ ਉਥੋਂ ਡੇਰਾ ਕੂਚ ਕਰ ਦਿੱਤਾ॥੫੧॥

*ਨੋਟ :- ਅਸਲ ਵਿਚ ਉਨ੍ਹਾਂ ਦਿਨਾਂ ਵਿਚ ਉਨ੍ਹਾਂ ਪਿੰਡਾਂ ਵਿਚ ਬਿਮਾਰੀ ਫੈਲੀ ਹੋਈ ਸੀ, ਲੋਕ ਬਹੁਤ ਗਰੀਬ ਸਨ। ਗੁਰੂ ਜੀ ਸੰਗਤਾਂ ਵਲੋਂ ਚੜ੍ਹਾਏ ਧਨ ਨੂੰ ਆਪਣੇ ਪਾਸ ਨਹੀਂ ਸੀ ਰੱਖਦੇ, ਉਸ ਨੂੰ ਖਰਚ ਕਰ ਦਿੰਦੇ ਸਨ। ਉਨ੍ਹਾਂ ਨੇ ਇਕ ਸੌ ਇਕ ਗਾਂ ਮੁਲ ਲੈਕੇ ਗਰੀਬਾਂ ਵਿਚ ਵੰਡ ਦਿੱਤੀ ਤਾਂਕਿ ਉਹ ਦੁੱਧ ਪੀ ਕੇ ਤਕੜੇ ਹੋਣ। ਕਿਸੇ ਬ੍ਰਾਹਮਣ ਨੂੰ ਸਿਆਣਾ ਸਮਝ ਕੇ ਇਸ ਕੰਮ ਵਾਸਤੇ ਲਾਇਆ ਸੀ। ਇਸ ਕਰਕੇ ਕਵੀ ਜੀ ਨੇ ਬ੍ਰਾਹਮਣਾਂ ਨੂੰ ਦਾਨ ਕਰਨ ਦੀ ਕਹਾਣੀ ਬਣਾਂ ਲਈ ਹੈ।*

*ਗਿਆਰ੍ਹਵੀ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥*

## *ਅਧਿਆਇ ਛੱਤੀਵਾਂ*

*ਭੰਦੇਹਰੀ, ਅਲੀਸ਼ੇਰ, ਜੋਗੇ, ਭੂਪਾਲੀ*

ਦੋਹਰਾ- ਤਹਿੰ ਤੇ ਸਤਿਗੁਰ ਗਮਨ ਕਿਯ ਗਏ 'ਭੰਦੇਹਰੀ' ਗ੍ਰਾਮ।
ਨਿਕਟਿ ਜਾਇ ਠਾਂਢੇ ਭਏ ਪਠਜੋ ਸਿੱਖਜ ਤਿਨ ਧਾਮ॥ ੧ ॥

ਉਸ ਸਥਾਨ ਤੋਂ ਚਲ ਕੇ ਸਤਿਗੁਰੂ ਜੀ 'ਭੰਦੇਹਰੀ' ਪਿੰਡ ਵਲ ਚਲੇ ਗਏ। ਪਿੰਡ ਦੇ ਬਾਹਰਵਾਰ ਜਾ ਕੇ ਖੜੇ ਹੋ ਗਏ।

ਇਕ ਸਿੱਖ ਨੂੰ ਉਨ੍ਹਾਂ ਲੋਕਾਂ ਦੇ ਘਰ ਭੇਜਿਆ॥੧॥

ਚੌਪਈ- ਸਿੱਖ ਜਾਇ ਕਰਿ ਨਰ ਗਨ ਲਹਜੋ। ਉਤਰਨਿ ਹੇਤੁ ਸਭਿਨਿ ਸੋਂ ਕਹਜੋ।
'ਵਾਹਿਗੁਰੂ ਠਾਢੇ ਢਿਗ ਗ੍ਰਾਮ। ਡੇਰਾ ਕਰਹਿਂ ਬਤਾਵਹੁ ਧਾਮ॥ ੨॥

ਸਿੱਖ ਜਾ ਕੇ ਬਹੁਤ ਮਨੁੱਖਾਂ ਨੂੰ ਮਿਲਿਆ ਤੇ ਉਤਾਰਾ ਕਰਨ ਵਾਸਤੇ ਸਾਰਿਆਂ ਨੂੰ ਕਿਹਾ, "ਪ੍ਰਭੂ ਜੀ ਤੁਹਾਡੇ ਪਿੰਡ ਦੇ ਪਾਸ ਖੜੇ ਹਨ. ਜਿਥੇ ਡੇਰਾ ਕਰੀਏ ਉਹ ਘਰ ਦੱਸੋ॥੨॥

ਬਸਹਿਂ ਜਾਮਨੀ ਪ੍ਰਾਤ ਸਿਧਾਰੈਂ। ਦਰਸ਼ਨ ਦਰਸਹੁ ਬਿਘਨ ਬਿਦਾਰੈਂ'।
ਸੁਨਿ ਭੰਦੇਹਰੀ ਕਹਿ ਤਿਸ ਕਾਲ। 'ਜਾਹੁ ਬੂਝਿ ਕਰਿ ਸਦਨ ਕੁਲਾਲ॥ ੩॥

ਰਾਤ ਨੂੰ ਠਹਿਰਨਗੇ, ਸਵੇਰੇ ਚਲੇ ਜਾਣਗੇ, ਦਰਸ਼ਨ ਕਰਕੇ ਸਾਰੇ ਵਿਘਨ ਦੂਰ ਕਰੋ।" ਇਹ ਸੁਣ ਕੇ ਭੰਦੇਹਰੀ ਦੇ ਲੋਕ ਉਸ ਸਮੇਂ ਕਹਿਣ ਲੱਗੇ, "ਜਾ ਕੇ ਘੁਮਿਆਰ ਦਾ ਘਰ ਪੁੱਛ ਲਵੋ॥੩॥

ਹੈ ਹਮੇਸ਼ ਕੀ ਰੀਤਿ ਹਮਾਰੇ। ਘਰ ਕੁਲਾਲ ਕੇ ਦੇਤਿ ਉਤਾਰੇ।
ਜੋ ਚਾਹਤਿ ਕਿਯ ਰਾਤਿ ਬਸੇਰਾ। ਸਦਨ ਤਿਨਹੁਂ ਕੇ ਪਾਵਤਿ ਡੇਰਾ॥ ੪॥

ਸਾਡੇ ਇਹ ਸਦਾ ਦੀ ਰੀਤ ਹੈ ਕਿ ਅਸੀਂ ਘੁਮਿਆਰ ਦੇ ਘਰ ਹੀ ਉਤਾਰਾ ਕਰਵਾਉਂਦੇ ਹਾਂ। ਜਿਹੜਾ ਵੀ ਰਾਤ ਰਹਿਣਾ ਚਾਹੁੰਦਾ ਹੈ, ਉਹ ਘੁਮਿਆਰਾਂ ਦੇ ਘਰ ਹੀ ਡੇਰਾ ਲਾਉਂਦਾ ਹੈ"॥੪॥

ਸੁਨਿ ਸਿਖ ਨੇ ਗੁਰ ਨਿਕਟਿ ਸੁਨਾਈ। 'ਮੂਰਖ ਲੋਕ ਬਸਹਿਂ ਇਸ ਥਾਂਈ।
ਨਹਿਂ ਕੁਛ ਮਹਿਮਾ ਲਖਹਿਂ ਤੁਮਾਰੀ। ਜਾਮਨਿ ਬਸਨਿ ਕੁਰੀਤ ਉਚਾਰੀ॥ ੫॥

ਸਿੱਖ ਨੇ ਇਸ ਤਰ੍ਹਾਂ ਸੁਣ ਕੇ ਗੁਰੂ ਜੀ ਦੇ ਪਾਸ ਜਾ ਕੇ ਕਿਹਾ, "ਇਸ ਥਾਂ ਮੂਰਖ ਲੋਕ ਰਹਿੰਦੇ ਹਨ, ਉਹ ਤੁਹਾਡੀ ਕੁਝ ਵੀ ਮਹਿਮਾ ਨਹੀਂ ਜਾਣਦੇ। ਰਾਤ ਰਹਿਣ ਵਾਸਤੇ ਉਲਟੀ ਰੀਤੀ ਉਚਾਰਨ ਕਰਦੇ ਹਨ॥੫॥

ਅਪਰ ਗ੍ਰਾਮ ਚਲਿ ਕਰਹੁ ਬਸੇਰਾ। ਇਨ ਮਨਮੁੱਖਨਿ ਭਾਗ ਮੰਦੇਰਾ।
ਜਥਾ ਰੰਕ ਗਨ ਸੁਰਤਰੁ ਪਾਏ। ਨਹਿਂ ਸੇਵਹਿਂ ਕਿਛ ਲੇ ਨ ਸਕਾਏ॥ ੬॥

ਹੋਰ ਕਿਸੇ ਪਿੰਡ ਵਿਚ ਜਾ ਕੇ ਨਿਵਾਸ ਕਰੋ, ਇਨ੍ਹਾਂ ਮਨਮੁੱਖਾਂ ਦੇ ਮਾੜੇ ਭਾਗ ਹਨ। ਜਿਵੇਂ ਕਿਸੇ ਗਰੀਬ ਨੂੰ ਕਲਪਬ੍ਰਿੱਛ ਮਿਲ ਜਾਵੇ। ਸੇਵਾ ਨਹੀਂ ਕਰਨਗੇ ਤਾਂ ਕੁਝ ਪ੍ਰਾਪਤ ਵੀ ਨਹੀਂ ਕਰ ਸਕਣਗੇ"॥੬॥

ਸੁਨਿ ਸਤਿਗੁਰ ਚਲਿ ਪਰੇ ਅਗਾਰੀ। ਮੂਢਨਿ ਮਹਿਮਾ ਕਛੁ ਨ ਬਿਚਾਰੀ।
'ਅਲੀਸ਼ੇਰ' ਡੇਰਾ ਕਿਯ ਗ੍ਰਾਮ। ਬੈਠਿ ਬਿਰਾਜੇ ਸ੍ਰੀ ਸੁਖ ਧਾਮ॥ ੭॥

ਇਹ ਸੁਣ ਸਤਿਗੁਰੂ ਜੀ ਅੱਗੇ ਚਲ ਪਏ, ਮੂਰਖਾਂ ਨੇ ਗੁਰੂ ਜੀ ਦੀ ਕੁਝ ਵੀ ਮਹਿਮਾ ਨਾ ਵਿਚਾਰੀ। ਫਿਰ ਗੁਰੂ ਜੀ ਨੇ 'ਅਲੀਸ਼ੇਰ' ਪਿੰਡ ਵਿਚ ਜਾ ਕੇ ਡੇਰਾ ਕੀਤਾ, ਸੁੱਖਾਂ ਦੇ ਘਰ ਭਾਵ ਗੁਰੂ ਜੀ ਉਥੇ ਬੈਠ ਕੇ ਬਿਰਾਜ ਗਏ॥੭।

ਦੋਹਰਾ- ਪੀਛੇ ਸਭਿਨਿ ਭੰਦੇਹਰਨਿ ਮਹਿਮਾ ਸੁਨੀ ਬਿਸਾਲ।
ਹੁਤੇ ਪੁਰਖ ਪੂਰਨ ਗੁਰੂ ਸਭਿ ਪਰ ਹੋਤਿ ਕ੍ਰਿਪਾਲ॥ ੮॥

ਬਾਅਦ ਵਿਚ ਭੰਦੇਹਰੀ ਦੇ ਲੋਕਾਂ ਨੇ ਗੁਰੂ ਜੀ ਦੀ ਮਹਾਨ ਮਹਿਮਾ ਸੁਣੀ। ਗੁਰੂ ਜੀ ਪੂਰਨ ਪੁਰਖ ਹਨ ਤੇ ਸਾਰਿਆਂ ਉੱਤੇ ਕਿਰਪਾ ਕਰਦੇ ਹਨ॥੮॥

ਚੌਪਈ- ਮਿਲੇ ਨ ਹਮ ਉਠਿ,ਘਰ ਮਹਿਂ ਆਏ। ਨਹਿਂ ਕੁਛ ਸੇਵ ਕਰੀ ਮਨ ਲਾਏ।
ਪਸ਼ਚਾਤਾਪ ਕਰਤਿ ਮਿਲਿ ਬੈਸੇ। ਤਿਨ ਮਹਿਂ ਲਗਜੋ ਕਹਨਿ ਇਕ ਐਸੇ॥੯॥

ਅਸੀਂ ਉੱਠ ਕੇ ਮਿਲੇ ਨਹੀਂ ਹਾਂ, ਸਾਡੇ ਘਰ ਵਿਚ ਚਲ ਕੇ ਆਏ ਸਨ ਤੇ ਨਾ ਹੀ ਮਨ ਲਾ ਕੇ ਕੋਈ ਸੇਵਾ ਕੀਤੀ ਹੈ।

ਪਸ਼ਚਾਤਾਪ ਕਰਦੇ ਹੋਏ, ਮਿਲ ਕੇ ਬੈਠ ਗਏ, ਉਨ੍ਹਾਂ ਵਿਚੋਂ ਇਕ ਵਿਅਕਤੀ ਇਸ ਤਰ੍ਹਾਂ ਕਹਿਣ ਲੱਗਾ ॥੯॥

'ਅਬਿ ਭੀ ਨਿਕਟਿ ਅਹੈ ਤਿਨ ਡੇਰਾ। ਚਲਹੁ ਲੇਹੁ ਦਰਸ਼ਨ ਇਕ ਬੇਰਾ'।
ਕਹਹਿਂ ਪਰਸਪਰ 'ਸਭਿ ਹੀ ਚਲੀਏ। ਕੌਨ ਭੇਟ ਆਗੈ ਧਰਿ ਮਿਲੀਏ ॥੧੦॥

"ਹੁਣ ਵੀ ਉਨ੍ਹਾਂ ਦਾ ਡੇਰਾ ਨੇੜੇ ਹੀ ਹੈ, ਚਲੋ ਚਲ ਕੇ ਇਕ ਵਾਰ ਦਰਸ਼ਨ ਕਰ ਲਵੋ।" ਆਪਸ ਵਿਚ ਕਹਿੰਦੇ ਸਨ, "ਸਾਰੇ ਇਕੱਠੇ ਹੀ ਚਲੀਏ ਤੇ ਕਿਹੜੀ ਭੇਟ ਅੱਗੇ ਰੱਖ ਮਿਲੀਏ ॥੧੦॥

ਕਹਾ ਲੇ ਕਰਿ ਦਰਸ਼ਨ ਕੋ ਦੇਹਿਂ?। ਕਿਮ ਪ੍ਰਸੰਨ ਹੁਇ ਬਚਨ ਕਰੇਹਿਂ?'।
ਇਕ ਨਰ ਕਹਨਿ ਲਗ੍ਯੋ ਤਿਨ ਮਾਂਹਿ। 'ਮੈਂ ਜਿਮ ਸੁਨੀ ਕਹੌਂ ਤੁਮ ਪਾਹਿ ॥੧੧॥

ਕੀ ਭੇਟ ਲੈ ਕੇ ਦਰਸ਼ਨ ਦੇਣਗੇ? ਕਿਵੇਂ ਪ੍ਰਸੰਨ ਹੋ ਕੇ ਬਚਨ ਕਰਨ?" ਉਨ੍ਹਾਂ ਵਿਚੋਂ ਇਕ ਵਿਅਕਤੀ ਕਹਿਣ ਲੱਗਾ, "ਜਿਵੇਂ ਮੈਂ ਸੁਣਿਆ ਹੈ, ਉਸ ਤਰ੍ਹਾਂ ਤੁਹਾਡੇ ਪਾਸ ਕਹਿੰਦਾ ਹਾਂ ॥੧੧॥

ਟਕਿਯਨਿ ਰੋਕਨ ਕੀ ਇਕ ਥੈਲੀ। ਅਪਰ ਪ੍ਰਸ਼ਾਦਿ ਲੇਤਿ ਹੈਂ ਭੇਲੀ।
ਖੁਸ਼ੀ ਹੋਤਿ ਪੁਨ ਦਰਸ਼ਨ ਦੇਤਿ। ਮਿਲਿ ਕਰਿ ਇਮ ਨਰ ਬਰ ਬਰ ਲੇਤਿ ॥੧੨॥

ਟਕੇ ਰਖਣ ਵਾਲੀ ਇਕ ਥੈਲੀ ਲਵੋ ਤੇ ਹੋਰ ਪ੍ਰਸ਼ਾਦਿ ਵਜੋਂ ਗੁੜ ਦੀ ਭੇਲੀ ਲੈ ਲੈਂਦੇ ਹਾਂ। ਖੁਸ਼ ਹੋ ਕੇ ਫਿਰ ਦਰਸ਼ਨ ਦਿੰਦੇ ਹਨ। ਇਸ ਤਰ੍ਹਾਂ ਮਨੁੱਖ ਮਿਲ ਕੇ ਸ੍ਰੇਸ਼ਟ ਵਰ ਪ੍ਰਾਪਤ ਕਰਦੇ ਹਨ ॥੧੨॥

ਭੇਲੀ ਸਭਿ ਮਹਿਂ ਦੇਂ ਬਰਤਾਇ। ਦਰਸਹਿਂ ਲੋਕ ਹੋਇ ਸਮੁਦਾਇ।
ਨਗਰ ਹਛਜਾਏ ਜ੍ਵਰ ਨਰ ਗਨ ਕੋ। ਦਿਯੋ ਉਤਾਰਿ ਉਚਾਰਿ ਬਚਨ ਕੋ' ॥੧੩॥

ਗੁੜ ਦੀ ਭੇਲੀ ਸਾਰਿਆਂ ਵਿਚ ਵਰਤਾ ਦੇਵਾਂਗੇ। ਲੋਕ ਇਕੱਠੇ ਹੋ ਕੇ ਦਰਸ਼ਨ ਕਰਨਗੇ। ਨਗਰ ਹਡਿਆਏ ਵਿਚ ਬਹੁਤ ਲੋਕਾਂ ਨੂੰ ਬੁਖਾਰ ਚੜ੍ਹਿਆ ਹੋਇਆ ਸੀ। ਗੁਰੂ ਜੀ ਨੇ ਬਚਨ ਉਚਾਰ ਕੇ ਹੀ ਬੁਖਾਰ ਉਤਾਰ ਦਿੱਤਾ" ॥੧੩॥

ਨਰ ਤੇ ਸੁਨਿ ਭੰਦੇਹਰ ਸਾਰੇ। ਲੈ ਥੈਲੀ ਅਰੁ ਭੇਲੀ ਤਜਾਰੇ।
ਮਾਰਗ ਪਰੇ ਦਰਸਿਬੇ ਹੇਤੁ। ਜਿਨ ਕੇ ਸੁਧਿ ਪਰਲੋਕ ਅਚੇਤ ॥ ੧੪॥

ਉਸ ਵਿਅਕਤੀ ਪਾਸੋਂ ਸੁਣ ਕੇ ਭੰਦੇਹਰ ਦੇ ਸਾਰੇ ਲੋਕ ਟਕਿਆਂ ਦੀ ਭਰੀ ਹੋਈ ਇਕ ਥੈਲੀ ਤੇ ਗੁੜ ਦੀ ਭੇਲੀ ਲੈ ਕੇ ਤਿਆਰ ਹੋ ਗਏ। ਦਰਸ਼ਨ ਕਰਨ ਵਾਸਤੇ ਗੁਰੂ ਜੀ ਵਲ ਚਲ ਪਏ। ਜਿਹੜੇ ਪ੍ਰਲੋਕ ਦੀ ਸੁੱਧ ਤੋਂ ਬੇਖਬਰ ਸਨ ॥੧੪॥

ਅਰਧ ਪੰਥ ਜਬ ਪਹੁਚੇ ਜਾਇ। ਮਿਲ੍ਯੋ ਸਮੁਖ ਮਾਨਵ ਇਕ ਆਇ।
ਬੂਝਨਿ ਲਗੇ 'ਕਹਾਂ ਤੇ ਆਯੋ?। ਗੁਰੂ ਸਿਵਰ ਕਿਸ ਥਲ ਮੈਂ ਛਾਯੋ? ॥੧੫॥

ਜਦ ਰਾਹ ਦੇ ਅੱਧ ਵਿਚ ਪਹੁੰਚ ਗਏ ਤਾਂ ਇਕ ਮਨੁੱਖ ਸਾਹਮਣੇ ਆ ਕੇ ਮਿਲਿਆ? ਉਸ ਨੂੰ ਪੁੱਛਣ ਲੱਗੇ, "ਕਿਥੋਂ ਆਏ ਹੋ, ਗੁਰੂ ਜੀ ਨੇ ਆਪਣਾ ਡੇਰਾ ਕਿਸ ਸਥਾਨ ਤੇ ਲਾਇਆ ਹੈ? ॥੧੫॥

ਜੇ ਕਰਿ ਤਿਨਕੋ ਦਰਸ਼ਨਿ ਲੀਨਿ। ਹਮਹੁੰ ਬਤਾਵਹੁ ਕਿਸਿ ਬਿਧਿ ਕੀਨਿ?।
ਕੌਨ ਉਪਾਇਨ ਅਰਪੀ ਜਾਇ? ਕਿਮ ਸ੍ਰੀ ਮੁਖ ਕਹਿ ਨਿਕਟਿ ਬਿਠਾਇ?' ॥੧੬॥

ਜੇ ਉਨ੍ਹਾਂ ਦੇ ਦਰਸ਼ਨ ਪਾਉਣੇ ਹੋਣ ਤਾਂ ਸਾਨੂੰ ਦੱਸੋ ਕਿ ਕਿਸ ਵਿਧੀ ਨਾਲ ਦਰਸ਼ਨ ਹੁੰਦੇ ਹਨ? ਕਿਹੜੇ ਉਪਹਾਰ ਅਰਪਣ ਕਰੀਏ, ਕਿਵੇਂ ਆਪਣੇ ਮੁੱਖ ਤੋਂ ਕਹਿ ਕੇ ਬਿਠਾ ਲੈਂਦੇ ਹਨ?" ॥੧੬॥

ਸੁਨਿ ਕੈ ਤਿਸ ਨੇ ਸਕਲ ਬਤਾਈ। 'ਗੁਰ ਦਰਸ਼ਨ ਕੀਨਸਿ ਢਿਗ ਜਾਈ।
ਮੈਂ ਨ ਪਾਸ ਤੇ ਪੈਸਾ ਦੀਨਸਿ। ਨਹਿਂ ਤਿਨ ਜਾਚਿ ਕਛੂ ਅਬਿ ਲੀਨਸਿ ॥੧੭॥

ਉਨ੍ਹਾਂ ਦੀ ਗੱਲ ਸੁਣਕੇ, ਉਸ ਮਨੁੱਖ ਨੇ ਉਨ੍ਹਾਂ ਨੂੰ ਸਭ ਕੁਝ ਦੱਸਿਆ। ਮੈਂ ਪਾਸ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਹਨ। ਮੈਂ ਆਪਣੇ ਕੋਲੋਂ ਕੋਈ ਪੈਸਾ ਨਹੀਂ ਦਿੱਤਾ ਹੈ, ਉਨ੍ਹਾਂ ਨੇ ਹੁਣ ਮੰਗ ਕੇ ਵੀ ਕੁਝ ਨਹੀਂ ਲਿਆ ਹੈ॥੧੭॥

ਬੈਠੇ ਜੋ ਪ੍ਰਸ਼ਾਦਿ ਕੁਛੁ ਆਵਾ। ਬਰਤਤਿ ਦਿਯੋ ਤਹਾਂ ਮੈਂ ਖਾਵਾ।
ਬਿਨਾ ਦਿਯੇ ਦਰਸ਼ਨ ਬਹੁ ਕਰੈਂ। ਆਵਹਿਂ ਜਾਇ ਨਿਕਟਿ ਬਹੁ ਥਿਰੈਂ॥ ੧੮॥

ਜੇ ਬੈਠਿਆਂ ਕੁਝ ਪ੍ਰਸ਼ਾਦ ਆ ਜਾਂਦਾ ਹੈ ਤਾਂ ਉਥੇ ਹੀ ਵਰਤਾ ਦਿੰਦੇ ਹਨ, ਮੈਂ ਵੀ ਕੁਝ ਪ੍ਰਸਾਦਿ ਖਾਧਾ ਹੈ। ਕੁਝ ਦੇਣ ਤੋਂ ਬਗੈਰ ਹੀ ਬਹੁਤ ਲੋਕ ਦਰਸ਼ਨ ਕਰਦੇ ਹਨ। ਕਈ ਲੋਕ ਆਉਂਦੇ ਜਾਂਦੇ ਹਨ, ਕਈ ਮਨੁੱਖ ਪਾਸ ਬੈਠ ਜਾਂਦੇ ਹਨ॥੧੮॥

ਸੁੰਦਰ ਹੈ ਸੁਭਾਇ ਜਿਨ ਕੇਰਾ। ਅਲੀਸ਼ੇਰ ਢਿਗ ਕੀਨਸਿ ਡੇਰਾ।
ਲੇਨਿ ਦੇਨਿ ਕੀ ਬਾਤ ਨ ਕੋਈ। ਬੈਠੇ ਦਰਸ਼ਨ ਦੇਵਹਿਂ ਸੋਈ'॥ ੧੯॥

ਉਨ੍ਹਾਂ ਦਾ ਸੁਭਾਅ ਬਹੁਤ ਸੁੰਦਰ ਹੈ, 'ਅਲੀਸ਼ੇਰਾ' ਪਿੰਡ ਦੇ ਲਾਗੇ ਡੇਰਾ ਕੀਤਾ ਹੈ। ਲੈਣ ਦੇਣ ਦੀ ਉਥੇ ਕੋਈ ਗੱਲ ਨਹੀਂ ਹੈ। ਗੁਰੂ ਜੀ ਬੈਠ ਕੇ ਦਰਸ਼ਨ ਦਿੰਦੇ ਹਨ" ॥੧੯॥

ਸੁਨਤਿ ਭੰਦੇਹਰ ਹਰਖ ਬਧਾਏ। ਬੈਸਿ ਗਏ ਤਿਹਠਾਂ ਸਮੁਦਾਏ।
ਗੁਰ ਰੋਰੀ ਤਹਿਂ ਫੋਰਨਿ ਕਰੀ। ਆਪਸ ਮਹਿਂ ਬਰਤੀ ਸਮਸਰੀ॥ ੨੦॥

ਭੰਦੇਹਰ ਦੇ ਲੋਕ ਇਸ ਤਰ੍ਹਾਂ ਸੁਣ ਕੇ ਬਹੁਤ ਪ੍ਰਸੰਨ ਹੋਏ। ਉਥੇ ਹੀ ਸਾਰੇ ਇਕੱਠੇ ਹੋ ਕੇ ਬੈਠ ਗਏ। ਗੁੜ ਦੀ ਰੋੜੀ ਉਥੇ ਹੀ ਤੋੜ ਲਈ ਤੇ ਆਪਸ ਵਿਚ ਸਾਰਿਆਂ ਨੂੰ ਵਰਤਾ ਦਿੱਤੀ॥੨੦॥

ਲਾਲਚ ਕਰਿ ਖੈਬੇ ਮਿਸ਼ਟਾਨ। ਤਿਸੀ ਥਾਨ ਮਹਿਂ ਕੀਨਸਿ ਖਾਨ।
ਕਹਹਿਂ ਪਰਸਪਰ 'ਭੀ ਹੈ ਆਛੇ। ਗੁੜ ਖਾਵਹਿਂ ਲੇਂ ਦਰਸ਼ਨ ਪਾਛੇ॥ ੨੧॥

ਲਾਲਚ ਕਰਕੇ ਮਿੱਠਾ ਖਾਂਦੇ ਸਨ, ਉਸ ਥਾਂ ਬੈਠ ਕੇ ਸਾਰਾ ਮਿੱਠਾ ਖਾ ਲਿਆ। ਆਪਸ ਵਿਚ ਕਹਿੰਦੇ ਸਨ, "ਇਹ ਵੀ ਚੰਗਾ ਹੋਇਆ ਹੈ, ਪਹਿਲਾਂ ਗੁੜ ਖਾਂਦੇ ਹਾਂ ਬਾਅਦ ਵਿਚ ਦਰਸ਼ਨ ਕਰ ਲਵਾਂਗੇ॥੨੧॥

ਨਾਂਹਿ ਤ ਅਰਪਤਿ ਤਿਨ ਕੇ ਪਾਸ। ਸੋ ਲੇਤੇ ਹਮ ਹੋਤਿ ਨਿਰਾਸ।
ਨਿਕਟਿ ਟਕੇ ਭੀ ਰਾਖਹੁ ਨਾਂਹੀ। ਖਨਿਕੈ ਦਾਬ ਚਲਹੁ ਛਿਤ ਮਾਂਹੀ॥ ੨੨॥

ਨਹੀਂ ਤਾਂ ਉਨ੍ਹਾਂ ਦੇ ਪਾਸ ਅਰਪਣ ਕਰਦੇ, ਉਹ ਲੈਂਦੇ ਤੇ ਅਸੀਂ ਨਿਰਾਸ਼ ਹੋ ਜਾਂਦੇ। ਹੁਣ ਟਕੇ ਵੀ ਆਪਣੇ ਪਾਸ ਨਾ ਰੱਖੋ। ਏਥੇ ਟੋਆ ਪੁੱਟ ਕੇ ਧਰਤੀ ਵਿਚ ਦੱਬ ਕੇ ਫਿਰ ਅੱਗੇ ਜਾਂਦੇ ਹਾਂ॥੨੨॥

ਢਿਗ ਤੇ ਹੇਰਿ ਜਾਚਿ ਨਹਿਂ ਲੇਹਿਂ। ਰਾਖੇ ਜਾਇਂ ਨ ਗੁਰ ਤੇ ਏਹ'।
ਮਨ ਕੇ ਰੰਕ ਮਹਾਂ ਮਤਿਮੰਦੇ। ਕਰਮ ਕਰਤਿ ਹੈਂ ਪਸੂ ਮਨਿੰਦੇ॥ ੨੩॥

ਪਾਸ ਰੱਖੇ ਹੋਏ ਵੇਖ ਕੇ ਕਿਤੇ ਮੰਗ ਹੀ ਨਾ ਲੈਣ, ਇਹ ਗੁਰੂ ਜੀ ਪਾਸੋਂ ਰੱਖੇ ਨਹੀਂ ਜਾਣੇ ਹਨ।" ਮਨ ਦੇ ਗਰੀਬ ਮਹਾਂ ਮੂਰਖ ਸਨ, ਪਸ਼ੂਆਂ ਵਾਂਗ ਕਰਮ ਕਰਦੇ ਸਨ॥੨੩॥

ਇਮ ਕਹਿ ਤਿਸ ਥਲ ਟਕੇ ਦਬਾਏ। ਸਭਿ ਮਿਲਿ ਗਏ ਗੁਰੂ ਜਿਸ ਥਾਂਏ।
ਦਰਸ਼ਨ ਕੀਨਸਿ ਹਾਥਨਿ ਜੋਰਿ। ਨਮੋ ਠਾਨਿ ਢਿਗ ਟਿਕੇ ਬਹੋਰ॥ ੨੪॥

ਇਸ ਤਰ੍ਹਾਂ ਕਹਿ ਕੇ ਸਾਰੇ ਟਕੇ ਉਸ ਥਾਂ ਧਰਤੀ ਵਿਚ ਦੱਬ ਦਿੱਤੇ, ਫਿਰ ਸਾਰੇ ਮਿਲ ਕੇ ਉਸ ਸਥਾਨ ਵਿਖੇ ਪਹੁੰਚ ਗਏ ਜਿਥੇ ਗੁਰੂ ਜੀ ਬਿਰਾਜਮਾਨ ਸਨ। ਹੱਥ ਜੋੜ ਕੇ ਦਰਸ਼ਨ ਕੀਤੇ ਤੇ ਫਿਰ ਨਮਸਕਾਰ ਕਰਕੇ ਗੁਰੂ ਜੀ ਦੇ ਪਾਸ ਬੈਠ ਗਏ॥੨੪॥

ਕਰਹਿਂ ਪਰਸਪਰ ਬੋਲਨਿ ਐਸੇ। ਸਤਿਗੁਰ ਸੁਨਹਿਂ ਬਾਕ ਤਿਨ ਜੈਸੇ।
'ਕਹਤਿ ਹੁਤੋ ਇਕ ਮਾਨਵ ਕੂਰ। ਲੇ ਕਰਿ ਦਰਸ਼ਨ ਦੇਤਿ ਹਜ਼ੂਰ॥ ੨੫॥

ਆਪਸ ਵਿਚ ਇਸ ਤਰ੍ਹਾਂ ਗੱਲਾਂ ਕਰ ਰਹੇ ਸਨ, ਜਿਵੇਂ ਗੁਰੂ ਜੀ ਉਨ੍ਹਾਂ ਦੀਆ ਗੱਲਾਂ ਸੁਣ ਲੈਣ। "ਇਕ ਮਨੁੱਖ ਝੂਠ ਬੋਲ ਰਿਹਾ ਸੀ ਕਿ ਗੁਰੂ ਜੀ ਉਪਹਾਰ ਲੈ ਕੇ ਦਰਸ਼ਨ ਦਿੰਦੇ ਹਨ॥੨੫॥

ਇਹਾਂ ਲੇਨਿ ਕੋ ਜ਼ਿਕਰ ਨ ਕੋਈ। ਬੈਠੇ ਦੇਤਿ ਦਰਸ ਗੁਰ ਸੋਈ।
ਦਰਸ਼ਨ ਹਮ ਅਮੋਲ ਹੀ ਪਾਯੋ। ਜਿਨ ਕੋ ਸੁਜਸੁ ਜਗਤ ਮੈਂ ਛਾਯੋ' ॥੨੬॥

ਏਥੇ ਲੈਣ ਦੇਣ ਦਾ ਕੋਈ ਜ਼ਿਕਰ ਹੀ ਨਹੀਂ ਹੈ, ਗੁਰੂ ਜੀ ਬੈਠ ਕੇ ਦਰਸ਼ਨ ਦੇ ਰਹੇ ਹਨ। ਅਸੀਂ ਤਾਂ ਅਮੋਲਕ ਦਰਸ਼ਨ ਪਾ ਲਏ ਹਨ, ਜਿਨ੍ਹਾਂ ਦਾ ਸ੍ਰੇਸ਼ਟ ਜੱਸ ਜਗਤ ਵਿਚ ਛਾਇਆ ਹੈ" ॥੨੬॥

ਇਮ ਭਾਖਤਿ ਘਟਿਕਾ ਜੁਗ ਬੈਠੇ। ਪੁਨਹਿਂ ਗ੍ਰਾਮ ਅਪਨੇ ਚਲਿ ਪੈਠੇ।
ਅਲੀਸ਼ੇਰ ਕੇ ਮਨੁਜਨਿ ਸੁਨੀ। 'ਉਤਰੇ ਵਹਿਰ ਗੁਰੂ ਜਗ ਧਨੀ॥ ੨੭॥

ਇਸ ਤਰ੍ਹਾਂ ਬੋਲਦੇ ਦੋ ਘੜੀਆਂ ਉਥੇ ਬੈਠੇ ਰਹੇ, ਫਿਰ ਆਪਣੇ ਪਿੰਡ ਵਲ ਚਲ ਪਏ। ਉੱਧਰ ਅਲੀਸ਼ੇਰ ਪਿੰਡ ਦੇ ਲੋਕਾਂ ਨੇ ਵੀ ਸੁਣਿਆ ਕਿ "ਜਗਤ ਦੇ ਧਨੀ ਭਾਵ ਗੁਰੂ ਜੀ ਨੇ ਬਾਹਰ ਉਤਾਰਾ ਕੀਤਾ ਹੈ॥੨੭॥

ਨਰ ਸਮੁਦਾਇ ਆਇ ਦਰਸੰਤੇ। ਅਨਿਕ ਭਾਂਤਿ ਕੀ ਸੇਵ ਕਰੰਤੇ।
ਹਮ ਕੋ ਭੀ ਅਬਿ ਇਮ ਬਨਿ ਆਇ। ਦਰਸ਼ਨ ਕਰਹਿਂ ਮਿਲਹਿਂ ਢਿਗ ਜਾਇ ॥੨੮॥

ਬਹੁਤ ਮਨੁੱਖ ਇਕੱਠੇ ਹੋ ਕੇ ਦਰਸ਼ਨਾਂ ਵਾਸਤੇ ਆਉਂਦੇ ਹਨ, ਤੇ ਅਨੇਕ ਪ੍ਰਕਾਰ ਦੀ ਸੇਵਾ ਕਰਦੇ ਹਨ। ਸਾਨੂੰ ਵੀ ਹੁਣ ਇਸ ਤਰ੍ਹਾਂ ਕਰਨਾ ਬਣਦਾ ਹੈ, ਉਨ੍ਹਾਂ ਦੇ ਪਾਸ ਜਾ ਕੇ ਉਨ੍ਹਾਂ ਦੇ ਦਰਸ਼ਨ ਕਰੀਏ॥੨੮॥

ਪੁਰਖ ਮਹਾਨ ਸਮੀਪੀ ਪਾਇ। ਨਹਿਂ ਦਰਸਹਿਂ ਇਹ ਦੋਸ਼ ਕਹਾਇ।
ਪੁਨਹਿਂ ਪਰਸਪਰ ਕਹਤਿ ਸੁਨੰਤੇ। 'ਕਹਾ ਲੇ ਚਲਹਿਂ ਜਿ ਤਿਨ ਦਰਸੰਤੇ॥੨੯॥

ਮਹਾਂਪੁਰਖ ਸਾਡੇ ਨੇੜੇ ਆਏ ਹਨ, ਜੇ ਹੁਣ ਦਰਸ਼ਨ ਨਹੀਂ ਕਰਾਂਗੇ ਤਾਂ ਵੱਡਾ ਦੋਸ਼ ਲਗੇਗਾ। ਪਹਿਲਾਂ ਆਪਸ ਵਿਚ ਇਹ ਕਹਿੰਦੇ ਸੁਣਦੇ ਸਨ, "ਉਨ੍ਹਾਂ ਦੇ ਦਰਸ਼ਨ ਵਾਸਤੇ ਕੀ ਲੈ ਕੇ ਚਲੀਏ॥੨੯॥

ਪੁਰਬ ਕਰਹੁ ਉਪਾਇਨ ਤਯਾਰ। ਮਿਲਿ ਸਭਿ ਦਰਸਹੁ ਦਰਸ ਉਦਾਰ'।
ਇਕ ਨੇ ਕਹਯੋ 'ਭੰਦੇਹਰ ਆਏ। ਤਿਨਹਿਂ ਆਨਿ ਕਹਾ ਤਹਾਂ ਚਢਾਏ ? ॥੩੦॥

ਪਹਿਲਾਂ ਉਪਹਾਰ ਤਿਆਰ ਕਰੋ, ਫਿਰ ਸਾਰੇ ਮਿਲਕੇ ਉੱਤਮ ਦਰਸ਼ਨ ਕਰੋ।" ਇਕ ਨੇ ਕਿਹਾ, "ਭੰਦੇਹਰ ਪਿੰਡ ਤੋਂ ਲੋਕ ਆਏ ਸਨ, ਉਨ੍ਹਾਂ ਨੇ ਆ ਕੇ ਉਥੇ ਕੀ ਚੜ੍ਹਾਇਆ ਹੈ ? ॥੩੦॥

ਸਭਿ ਸੁਧਿ ਲਿਹ ਗਮਨੇ ਮਿਲਿ ਜਥਾ। ਪੁਨ ਤੁਮ ਕਰਹੁ ਲਾਇਕੀ ਤਥਾ।
ਗ੍ਰਾਮ ਪੰਚਾਇਤ ਹੁਤੀ ਸੁ ਜੈਸੇ। ਘਾਟ ਨ ਤੁਮ ਭੀ ਲਾਇਕ ਤੈਸੇ' ॥ ੩੧॥

ਸਾਰੀ ਖਬਰ ਲੈ ਕੇ ਮਿਲਣ ਵਾਸਤੇ ਚਲਾਂਗੇ ਫਿਰ ਤੁਸੀਂ ਉਸ ਤਰ੍ਹਾਂ ਕਰੋ ਜਿਵੇਂ ਉਚਿਤ ਹੈ। ਜਿਵੇਂ ਗ੍ਰਾਮ ਪੰਚਾਇਤ ਹੁੰਦੀ ਹੈ, ਤੁਹਾਡੇ ਪਾਸ ਵੀ ਕੋਈ ਘਾਟ ਨਹੀਂ ਹੈ ਤੁਸੀਂ ਵੀ ਉਨ੍ਹਾਂ ਵਾਂਗ ਕਰ ਸਕਦੇ ਹੋ" ॥੩੧॥

ਤਿਨ ਮਹੁਂ ਇਕ ਨੇ ਸਕਲ ਸੁਨਾਈ। 'ਉਨ ਕੀ ਸੁਧਿ ਮੁਝ ਤੇ ਲਿਹੁ ਪਾਈ।
ਕਛੂ ਨ ਭੇਟ ਧਰੀ ਗੁਰ ਆਗੇ। ਛੂਛੇ ਪਾਨ ਦਰਸ ਕਹੁ ਲਾਗੇ॥ ੩੨॥

ਉਨ੍ਹਾਂ ਵਿਚੋਂ ਇਕ ਵਿਅਕਤੀ ਨੇ ਸਾਰੀ ਗੱਲ ਸੁਣਾਈ, "ਉਨ੍ਹਾਂ ਬਾਰੇ ਸਾਰੀ ਖਬਰ ਮੇਰੇ ਪਾਸੋਂ ਸੁਣੋ। ਉਨ੍ਹਾਂ ਨੇ ਗੁਰੂ ਜੀ ਅੱਗੇ ਕੋਈ ਭੇਟ ਨਹੀਂ ਰੱਖੀ ਹੈ, ਖਾਲੀ ਹੱਥ ਹੀ ਦਰਸ਼ਨ ਕਰਨ ਲੱਗੇ॥੩੨॥

ਮਿਲਿ ਕਰਿ ਗਏ ਨ ਬੋਲਜੋ ਕੋਊ। ਇਮ ਦਰਸ਼ਨ ਕੀਨਸਿ ਮਿਲਿ ਸੋਊ'।
ਸੁਨਿ ਕੈ ਕਹਤਿ ਭਏ ਨਰ ਸਾਰੇ। 'ਹਮ ਕ੍ਯਾ ਤਿਨ ਤੇ ਹੀਨ ਬਿਚਾਰੇ॥੩੩॥

ਸਾਰੇ ਇਕੱਠੇ ਹੋ ਕੇ ਗਏ ਤੇ ਕੋਈ ਵੀ ਨਾ ਬੋਲਿਆ, ਇਸ ਤਰ੍ਹਾਂ ਉਨ੍ਹਾਂ ਨੇ ਮਿਲ ਕੇ ਦਰਸ਼ਨ ਕੀਤੇ ਹਨ।" ਇਹ ਸੁਣ ਕੇ ਸਾਰੇ ਮਨੁੱਖ ਕਹਿਣ ਲੱਗੇ, "ਅਸੀਂ ਕੀ ਉਨ੍ਹਾਂ ਨਾਲੋਂ ਹੀਣੇ ਵਿਚਾਰੀਏ॥੩੩॥

ਤਿਨਹੁ ਜਿ ਮਿਲਿ ਕੈ ਨਹਿਂ ਕੁਛ ਦਿਯੋ। ਛੂਛੇ ਹੋਇ ਦਰਸ ਗੁਰ ਲਿਯੋ।
ਤੈਸੇ ਹੀ ਤੁਮ ਗਮਨਹੁ ਸਾਰੇ'। ਮੰਦਮਤੀ ਮਹਿਮਾ ਨ ਬਿਚਾਰੇ॥ ੩੪॥

ਉਨ੍ਹਾਂ ਨੇ ਜੋ ਮਿਲ ਕੇ ਕੁਝ ਨਹੀਂ ਦਿੱਤਾ ਹੈ, ਖਾਲੀ ਹੱਥ ਹੀ ਗੁਰੂ ਜੀ ਦੇ ਦਰਸ਼ਨ ਕੀਤੇ ਹਨ, ਉਸ ਤਰ੍ਹਾਂ ਹੀ ਤੁਸੀਂ ਸਾਰੇ ਜਾਵੋ।" ਮਾੜੀ ਮੱਤ ਵਾਲੇ ਗੁਰੂ ਜੀ ਦੀ ਮਹਿਮਾ ਨਾ ਸਮਝ ਸਕੇ॥੩੪॥

ਛੂਛੇ ਜਾਇ ਦਰਸ ਕੋ ਕਰਜੋ। ਰਹੇ ਮੋਨ ਗੁਰ ਕੁਛ ਨ ਉਚਰਜੋ।
ਏਕ ਨਿਸਾ ਬਸਿ ਕੈ ਤਿਸ ਥਾਈਂ। ਗਮਨੇ 'ਜੋਗੇ' ਗ੍ਰਾਮ ਗੁਸਾਈਂ॥ ੩੫॥

ਖਾਲੀ ਹੱਥ ਜਾ ਕੇ ਦਰਸ਼ਨ ਕੀਤੇ, ਗੁਰੂ ਜੀ ਮੋਨ ਰਹੇ ਤੇ ਉਨ੍ਹਾਂ ਨੇ ਕੁਝ ਵੀ ਨਾ ਕਿਹਾ। ਉਸ ਥਾਂ ਇਕ ਰਾਤ ਠਹਿਰ ਕੇ, ਗੁਰੂ ਜੀ ਜੋਗੇ ਪਿੰਡ ਵਲ ਚਲ ਪਏ॥੩੫॥

ਹੁਤੋ ਨਿਕਟਿ ਡੇਰਾ ਕਰਿ ਦੀਨਾ। ਬੈਠਿ ਬਿਰਾਜੇ ਪ੍ਰਭੁ ਪ੍ਰਬੀਨਾ।
ਦੁਗਧ ਦੇਤਿ ਇਕ ਮਹਿਖੀ ਸਾਥ। ਤਿਸ ਕੀ ਦਿਸ਼ਾ ਦੇਖਿ ਜਗਨਾਥ॥ ੩੬॥

ਪਿੰਡ ਦੇ ਨੇੜੇ ਹੀ ਡੇਰਾ ਕਰ ਲਿਆ ਤੇ ਪ੍ਰਭੂ ਗੁਰੂ ਜੀ ਬੈਠ ਕੇ ਬਿਰਾਜ ਗਏ। ਦੁੱਧ ਦਿੰਦੀ ਇਕ ਮੱਝ ਨਾਲ ਸੀ, ਉਸ ਵਲ ਗੁਰੂ ਜੀ ਨੇ ਵੇਖਿਆ॥੩੬॥

ਪਾਸ ਦਾਸ ਗਨ ਤਿਨ ਸੋਂ ਕਹਜੋ। 'ਦਿਵਸ ਦੁਪਹਿਰ ਭਯੋ ਹਮ ਲਹਜੋ।
ਨਹੀਂ ਗ੍ਰਾਮ ਤੇ ਕੋ ਨਰ ਆਯੋ। ਘਾਸ ਆਦਿ ਕੁਛ ਨਹਿਂ ਮੰਗਵਾਯੋ॥ ੩੭॥

ਗੁਰੂ ਜੀ ਦੇ ਪਾਸ ਕੁਝ ਸੇਵਕ ਬੈਠੇ ਸਨ, ਉਨ੍ਹਾਂ ਨੂੰ ਕਿਹਾ, "ਮੈਂ ਸਮਝਿਆ ਹੈ ਹੁਣ ਦੁਪਹਿਰ ਹੋ ਗਈ ਹੈ। ਪਿੰਡ ਤੋਂ ਕੋਈ ਮਨੁੱਖ ਵੀ ਨਹੀਂ ਆਇਆ ਹੈ, ਘਾਹ ਆਦਿ ਕੁਝ ਵੀ ਨਹੀਂ ਮੰਗਵਾਇਆ ਹੈ॥੩੭॥

ਭਾਉ ਨ ਕਰਜੋ ਆਨਿ ਕਰ ਕਾਹੂ। ਮਾਨਵ ਹੈਂ ਕਿ ਨਹੀਂ ਇਸ ਮਾਂਹੂ ?।
ਪਰਜੋ ਸੁੰਨ ਜੈਸੇ ਦ੍ਰਿਸ਼ਟਾਵੈ। ਵਹਿਰ ਨਹੀਂ ਕੋ ਆਵਤਿ ਜਾਵੈ'॥ ੩੮॥

ਕਿਸੇ ਨੇ ਵੀ ਆ ਕੇ ਪ੍ਰੇਮ ਨਹੀਂ ਕੀਤਾ ਹੈ, ਇਸ ਪਿੰਡ ਵਿਚ ਕੋਈ ਮਨੁੱਖ ਰਹਿੰਦਾ ਹੈ ਕਿ ਨਹੀਂ ? ਜਿਵੇ ਦਿਖਾਈ ਦਿੰਦਾ ਹੈ ਸਾਰੇ ਹੀ ਸੁੰਨ ਪਈ ਹੈ, ਕੋਈ ਵੀ ਮਨੁੱਖ ਬਾਹਰ ਆਉਂਦਾ ਜਾਂਦਾ ਦਿਖਾਈ ਨਹੀਂ ਦਿੰਦਾ ਹੈ॥੩੮॥

ਸਿੱਖਜਨਿ ਸੁਨਿ ਕੈ ਭੇਵ ਜਨਾਯੋ। 'ਹੈ ਇਮ ਜਥਾ ਆਪ ਫੁਰਮਾਯੋ।
ਸਭਿ ਨਰ ਗੁਨ ਤੇ ਹੀਨ ਦਿਸਾਵੈਂ। ਇਸ ਥਲ ਨਿਸ ਸੁਖ ਸੋਂ ਨ ਬਿਤਾਵੈਂ'॥੩੯॥

ਸਿੱਖਾਂ ਨੇ ਸੁਣ ਕੇ ਭੇਦ ਦੱਸਿਆ, "ਉਸ ਤਰ੍ਹਾਂ ਹੀ ਹੈ, ਜਿਵੇਂ ਤੁਸੀਂ ਫੁਰਮਾਇਆ ਹੈ। ਸਾਰੇ ਮਨੁੱਖ ਗੁਣਾਂ ਤੋਂ ਹੀਣੇ ਦਿੱਸਦੇ ਹਨ, ਇਸ ਸਥਾਨ 'ਤੇ ਰਾਤ ਸੁੱਖ ਨਾਲ ਨਹੀਂ ਬਤੀਤ ਕਰਾਂਗੇ"॥੩੯॥

ਸੁਨਤਿ ਸਤਿਗੁਰੂ ਕੂਚ ਕਰਾਯੋ। ਗਮਨੇ ਮਾਰਗ ਸਿਖ ਸਮੁਦਾਯੋ।
ਜਿਸਨੇ ਜੋਗਾ ਕਰਜੋ ਬਸਾਵਨਿ। ਸੋ ਜੁਗਰਾਜ ਹੁਤੋ ਤਿਸ ਥਾਂਵ ਨ॥ ੪੦॥

ਇਹ ਸੁਣ ਕੇ ਸਤਿਗੁਰੂ ਨੇ ਡੇਰਾ ਕੂਚ ਕਰਵਾਇਆ ਤੇ ਸਾਰੇ ਸਿੱਖ ਰਾਹੇ-ਰਾਹ ਰਲ ਪਏ। ਜਿਸ ਵਿਅਕਤੀ ਨੇ ਜੋਗਾ ਪਿੰਡ ਵਸਾਇਆ ਸੀ, ਉਹ ਜੋਗੇ ਪਿੰਡ ਦਾ ਮਾਲਕ ਉਸ ਥਾਂ ਨਹੀਂ ਸੀ॥੪੦॥

ਤਿਸ ਕੋ ਪਿਤਾ ਮਿਲਜੋ ਮਗ ਮਾਂਹਿ। ਗੁਰ ਪਦ ਪੰਕਜ ਬੰਦੇ ਤਾਂਹਿ।
ਕਹਜੋ ਬਾਕ ਤਿਨ ਦੇਖਿ ਸਮਾਜ। 'ਰਲੀਏ ਉਤਰਹੁ ਗੁਰ ਮਹਾਰਾਜ ! ॥੪੧॥

ਉਸ ਦਾ ਪਿਤਾ ਰਾਹ ਦੇ ਵਿਚ ਮਿਲਿਆ ਤੇ ਉਥੇ ਉਸ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਸਾਰੇ ਸਾਜ਼ੋ-ਸਾਮਾਨ ਅਤੇ ਸਮਾਜ ਵੇਖ ਕੇ ਉਸ ਕਿਹਾ, "ਹੇ ਗੁਰੂ ਮਹਾਰਾਜ ! ਰਲੀਏ ਪਿੰਡ ਵਿਚ ਉਤਾਰਾ ਕਰੋ ॥੪੧॥

ਡੇਰਾ ਕਰਹੁ ਸਕਲ ਸੁਖ ਪਾਵਹੁ। ਬਸਹੁ ਨਿਸਾ ਪੁਨ ਕੂਚ ਕਰਾਵਹੁ'।
ਸੁਨਿ ਸਤਿਗੁਰ ਸ੍ਰੀ ਮੁਖ ਫੁਰਮਾਇ। 'ਨਹਿਂ ਅਬਿ ਰਲਿਯੇ ਉਤਰਹਿਂ, ਜਾਇਂ ॥੪੨॥

ਉਥੇ ਡੇਰਾ ਲਾ ਕੇ ਸਭ ਸੁੱਖ ਪਾਵੋ, ਰਾਤ ਨੂੰ ਉਥੇ ਠਹਿਰੋ ਫਿਰ ਡੇਰਾ ਕੂਚ ਕਰਵਾ ਲੈਣਾ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁੱਖ ਤੋਂ ਫੁਰਮਾਇਆ, "ਹੁਣ ਰਲੀਏ ਪਿੰਡ ਵਿਚ ਉਤਾਰਾ ਨਹੀਂ ਕਰਾਂਗੇ, ਅੱਗੇ ਜਾਵਾਂਗੇ॥੪੨॥

ਡੇਰਾ ਕਰਹਿਂ ਗ੍ਰਾਮ 'ਭੂਪਾਲ'। ਜਾਮਨਿ ਤਹਾਂ ਬਿਤਾਵਹਿਂ ਚਾਲਿ।
ਤੂੰ ਜੋਗੇ ਨੂੰ ਅਧਿਕ ਬਸਾਓ। ਥਲ ਅਜੀਤ ਤਿਹ ਕੋ ਲਖਿ ਪਾਓ' ॥ ੪੩॥

ਹੁਣ ਭੂਪਾਲ ਪਿੰਡ ਵਿਚ ਡੇਰਾ ਕਰਾਂਗੇ, ਚਲ ਕੇ ਉਥੇ ਰਾਤ ਬਤੀਤ ਕਰਾਂਗੇ। ਤੂੰ ਜੋਗੇ ਪਿੰਡ ਨੂੰ ਬਹੁਤ ਵਸਾਇਆ ਹੈ, ਉਸ ਥਾਂ ਨੂੰ ਤੂੰ ਅਜਿਤ ਸਮਝਦਾ ਹੈਂ" ॥੪੩॥

ਇਮ ਕਹਿ ਉਤਰੇ ਜਾਇ 'ਭੂਪਾਲੀ'। ਨਿਸਾ ਬਿਤਾਵਨਿ ਕੀਨਿ ਸੁਖਾਲੀ।
ਖਾਨ ਪਾਨ ਕਰਿ ਸਭਿ ਬਿਧਿ ਆਛੇ। ਭਈ ਪ੍ਰਭਾਤਿ ਗਮਨਿ ਗੁਰ ਬਾਂਛੇ ॥੪੪॥

ਇਸ ਤਰ੍ਹਾਂ ਕਹਿ ਕੇ ਭੂਪਾਲ ਪਿੰਡ ਵਿਚ ਜਾ ਉਤਾਰਾ ਕੀਤਾ। ਉਥੇ ਆਰਾਮ ਨਾਲ ਰਾਤ ਬਤੀਤ ਕੀਤੀ। ਸਭ ਚੰਗੀਆਂ ਵਿਧੀਆਂ ਨਾਲ ਖਾਣ-ਪੀਣ ਕੀਤਾ, ਸਵੇਰ ਹੋਈ ਤਾਂ ਗੁਰੂ ਜੀ ਅੱਗੇ ਚਲਣਾ ਚਾਹੁੰਦੇ ਸਨ ॥੪੪॥

*ਗਿਆਰ੍ਹਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ ॥੩੬॥*

## *ਅਧਿਆਇ ਸੈਂਤੀਵਾਂ*

**ਖੀਵਾ, ਭਿੱਖੀ**

ਦੋਹਰਾ- ਕੂਚ ਭੁਪਾਲਾਂ ਤੇ ਕਰਜੋ ਤੇਗਬਹਾਦਰ ਰਾਇ।
ਆਇਓ 'ਖੀਵਾ' ਗ੍ਰਾਮ ਪੁਨ ਉਤਰੇ ਸਹਿਜ ਸੁਭਾਇ॥ ੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭੁਪਾਲ ਪਿੰਡ ਤੋਂ ਕੂਚ ਕਰ ਲਿਆ। ਰਾਹ ਵਿਚ ਫਿਰ ਖੀਵਾ ਪਿੰਡ ਆਇਆ, ਗੁਰੂ ਜੀ ਨੇ ਸਹਿਜ ਸੁਭਾਅ ਉਥੇ ਉਤਾਰਾ ਕਰ ਲਿਆ ॥੧॥

ਚੌਪਈ- ਗ੍ਰਾਮ ਬਿਸਾਲ ਬਸਤਿ ਸੋ ਅਹੈ। ਸਿੰਘਾ ਗਾਹਿਕ ਇਕ ਤਹਿਂ ਰਹੈ।
ਸਹਿਜ ਸੁਭਾਇਕ ਸੋ ਚਲਿ ਆਵੈ। ਦੁਇ ਤ੍ਰੈ ਘਟਿਕਾ ਬੈਠਿ ਸਿਧਾਵੈ ॥੨॥

ਉਥੇ ਬਹੁਤ ਵੱਡਾ ਪਿੰਡ ਵੱਸਦਾ ਸੀ, ਉਥੇ ਸਿੰਘਾ ਨਾਮੀ ਕਿਸਾਨ ਰਹਿੰਦਾ ਸੀ। ਸਹਿਜ ਸੁਭਾਅ ਉਹ ਚਲ ਕੇ ਆਉਂਦਾ ਸੀ, ਦੋ ਤਿੰਨ ਘੜੀਆਂ ਬੈਠ ਕੇ ਚਲਾ ਜਾਂਦਾ ਸੀ ॥੨॥

ਇਕ ਦਿਨ ਵਹੁ ਬੈਠਜੋ ਜਬਿ ਆਈ। ਤੁਰਤ ਚਲਜੋ ਉਠਿ ਕੈ ਪਿਛਵਾਈ।
ਬੂਝਜੋ ਗੁਰ 'ਕਜੋਂ ਤੁਰਤ ਸਿਧਾਰਾ ?। ਕਾਜ ਕੌਨ ਅਸ ਭੌਨ ਮਝਾਰਾ ?' ॥੩॥

ਇਕ ਦਿਨ ਜਦ ਉਹ ਆ ਕੇ ਬੈਠਿਆ ਤਾਂ ਉੱਠ ਕੇ ਫਿਰ ਪਿੱਛੇ ਵਲ ਚਲ ਪਿਆ। ਗੁਰੂ ਜੀ ਨੇ ਪੁੱਛਿਆ, "ਤੁਰਤ ਹੀ ਕਿਉਂ ਚਲਿਆ ਹੈਂ ? ਘਰ ਵਿਚ ਐਸਾ ਕਿਹੜਾ ਕੰਮ ਹੈ"? ॥੩॥

ਸਿੰਘਾ ਕਹੈ 'ਨ ਕਾਰਜ ਕੋਈ। ਇਕ ਕੇ ਸਦਨ ਸਗਾਈ ਹੋਈ।
ਬਾਂਟਤਿ ਹੈਂ ਸਭਿ ਕੋ ਮਿਸ਼ਟਾਨ। ਭਏ ਲੋਕ ਇਕਠੇ ਤਿਸ ਥਾਨ ॥੪॥

ਸਿੰਘਾ ਕਹਿਣ ਲੱਗਾ, "ਕੰਮ ਕੋਈ ਨਹੀਂ ਹੈ, ਇਕ ਆਦਮੀ ਦੇ ਘਰ ਸਗਾਈ ਹੋਈ ਹੈ, ਉਹ ਸਾਰਿਆਂ ਨੂੰ ਮਿੱਠਾ ਵੰਡਦਾ ਹੈ, ਉਸ ਥਾਂ ਬਹੁਤ ਲੋਕ ਇਕੱਠੇ ਹੋਏ ਹਨ ॥੪॥

ਤਹਾਂ ਜਾਇ ਕੈ ਨਿਜ ਬਰਤਾਰਾ। ਲੈ ਆਵੋਂ, ਇਸ ਹੇਤੁ ਸਿਧਾਰਾ'।
ਸੁਨਿ ਸਤਿਗੁਰ ਬੋਲੇ ਕਰਿ ਕਰੁਨਾ। 'ਅਬਿ ਤੇ ਕਬਹਿ ਜਾਹੁ ਕਿਸ ਘਰ ਨਾ ॥੫॥

ਉਥੇ ਜਾ ਕੇ ਆਪ ਮਿੱਠਾ ਵਰਤਾਵਾਂਗਾ, ਕੁਝ ਲੈ ਵੀ ਆਵਾਂਗਾ, ਇਸ ਕਰਕੇ ਚਲਿਆ ਹਾਂ।" ਇਹ ਸੁਣ ਕੇ ਸਤਿਗੁਰੂ ਜੀ ਕਿਰਪਾ ਕਰਕੇ ਬੋਲੇ, "ਹੁਣ ਤੋਂ ਕਦੀ ਵੀ ਕਿਸੇ ਦੇ ਘਰ ਨਾ ਜਾਵੇ ॥੫॥

ਤੁਵ ਬੈਠੇ ਨਿਜ ਸਦਨ ਮਝਾਰੇ। ਪਹੁੰਚਹਿ ਆਇ ਜੁਗਲ ਬਰਤਾਰੇ'।
ਸੁਨਿ ਕੈ ਗਾਹਕ ਸਿਦਕ ਕਮਾਵਾ। ਬੈਠਜੋ ਨਿਕਟਿ ਨ ਅਨਤ ਸਿਧਾਵਾ ॥੬॥

ਤੇਰੇ ਆਪਣੇ ਘਰ ਵਿਚ ਦੋ ਵਰਤਾਵੇ ਪਹੁੰਚ ਕੇ ਬੈਠੇ ਹਨ।" ਇਹ ਸੁਣ ਕੇ ਕਿਸਾਨ ਨੇ ਸਿਦਕ ਕਮਾਇਆ, ਗੁਰੂ ਜੀ ਦੇ ਪਾਸ ਬੈਠ ਗਿਆ ਤੇ ਕਿਸੇ ਹੋਰ ਸਥਾਨ 'ਤੇ ਨਾ ਗਿਆ ॥੬॥

ਕਹਤਿ ਭਯੋ 'ਤੁਮ ਪੁਰਖ ਬਡੇਰੇ। ਹਮ ਸੇ ਤੁਮ ਚੇਰਨਿ ਕੇ ਚੇਰੇ।
ਬਾਕ ਉਚਾਰਨਿ ਕਰਿ ਹੌ ਜਥਾ। ਤਾਤਕਾਲ ਫੁਰਿ ਹੋਵਹਿ ਤਥਾ' ॥੭॥

ਕਹਿਣ ਲੱਗਾ, "ਤੁਸੀਂ ਵੱਡੇ ਪੁਰਖ ਹੋ, ਸਾਡੇ ਵਰਗੇ ਤਾਂ ਤੁਹਾਡੇ ਚੇਲਿਆਂ ਦੇ ਚੇਲੇ ਹਨ। ਜਿਵੇਂ ਵੀ ਬਚਨ ਉਚਾਰਨ ਕਰਦੇ ਹੋ, ਤੁਰਤ ਉਸ ਤਰ੍ਹਾਂ ਹੀ ਹੋ ਜਾਂਦਾ ਹੈ" ॥੭॥

ਉਤ ਜਿਸ ਕੇ ਘਰ ਭਈ ਸਗਾਈ। ਸਭਿ ਭਾਈਨ ਬਿਖੈ ਬਰਤਾਈ।
ਸਿੰਘਾ ਨਹਿਂ ਦੇਖਜੋ ਤਹਿਂ, ਪੂਛਾ। 'ਆਯੋ ਕਜੋਂ ਨ, ਰਹੈ ਪੁਨ ਛੂਛਾ ?' ॥੮॥

ਉਧਰ ਜਿਸ ਦੇ ਘਰ ਸਗਾਈ ਹੋਈ ਸੀ, ਉਸ ਸਾਰੇ ਭਰਾਵਾਂ ਨੂੰ ਮਠਿਆਈ ਵਰਤਾ ਦਿੱਤੀ। ਜਦ 'ਸਿੰਘਾ' ਉਥੇ ਨਾ ਵੇਖਿਆ ਤਾਂ ਪੁੱਛਿਆ, "ਆਇਆ ਕਿਉਂ ਨਹੀਂ, ਫਿਰ ਖਾਲੀ ਰਹਿ ਜਾਵੇਗਾ ?" ॥੮॥

ਤਹਿਂ ਇਕ ਨੇ ਭਾਖਜੋ 'ਸੋ ਗਯੋ। ਵਹਿਰ ਗੁਰੂ ਜਹਿਂ ਉਤਰਤਿ ਭਯੋ।
ਹੋਇ ਨਿਕੰਮਾ ਦਿਵਸ ਬਿਤਾਵੈ। ਸਾਧੁ ਫਕੀਰ ਨਿਕਟਿ ਚਲਿ ਜਾਵੈ ॥੯॥

ਉਨ੍ਹਾਂ ਵਿਚੋਂ ਇਕ ਨੇ ਕਿਹਾ, "ਉਹ ਬਾਹਰ ਗਿਆ ਹੈ, ਜਿਥੇ ਗੁਰੂ ਜੀ ਨੇ ਉਤਾਰਾ ਕੀਤਾ ਹੈ। ਨਿਕੰਮਾ ਹੋ ਕੇ ਦਿਨ ਬਤੀਤ ਕਰਦਾ ਹੈ ਤੇ ਸਾਧੂ-ਫਕੀਰਾਂ ਦੇ ਪਾਸ ਚਲਾ ਜਾਂਦਾ ਹੈ॥੯॥

ਬੈਠਜੋ ਰਹੈ ਸੰਝ ਲੌ ਤਹਾਂ। ਪਹਿਰਨਿ ਖੈਬੋ ਪਾਇ ਨ ਜਹਾਂ।
ਐਸੀ ਸਦਾ ਰੀਤਿ ਤਿਸ ਕੇਰੇ। ਬੈਠਹਿ ਵਹਿਰ ਕੋਇ ਕਿਤ ਹੇਰੇ?' ॥ ੧੦ ॥

ਸ਼ਾਮ ਤਕ ਉਥੇ ਬੈਠਾ ਰਹਿੰਦਾ ਹੈ, ਜਿਥੇ ਪਹਿਨਣ ਅਤੇ ਖਾਣ ਨੂੰ ਕੁਝ ਨਹੀਂ ਮਿਲਦਾ ਹੈ, ਉਸ ਦੀ ਸਦਾ ਹੀ ਐਸੀ ਰੀਤੀ ਹੈ, ਬਾਹਰ ਹੀ ਬੈਠਦਾ ਹੈ, ਕੋਈ ਉਸ ਨੂੰ ਕਿਵੇਂ ਵੇਖੇ" ॥੧੦॥

ਸੁਨਿ ਕਰਿ ਗ੍ਰਾਮ ਚੌਧਰੀ ਤਬੈ। ਬਾਕ ਬਖਾਨਜੋਂ ਸੁਨਤੇ ਸਬੈ।
'ਨੀਕੀ ਰੀਤਿ ਸਾਧੁ ਢਿਗ ਜਾਨੋ। ਤੁਮ ਸਗਰੇ ਇਸ ਬਿਧਿ ਅਬਿ ਮਾਨੋ ॥ ੧੧ ॥

ਇਹ ਸੁਣ ਕੇ ਪਿੰਡ ਦੇ ਚੌਧਰੀ ਨੇ ਤਦ ਸਾਰਿਆਂ ਦੇ ਸੁਣਦਿਆਂ ਕਿਹਾ, "ਸਾਧੂ ਦੇ ਪਾਸ ਜਾਣਾ ਚੰਗੀ ਰੀਤੀ ਹੈ, ਤੁਸੀਂ ਸਾਰੇ ਇਸ ਵਿਧੀ ਨੂੰ ਹੁਣ ਮੰਨੋ॥੧੧॥

ਦੇਵਹੁ ਤਿਸ ਕੇ ਦੋ ਬਰਤਾਰੇ। ਜੇ ਨ ਆਇ, ਦਿਹੁ ਸਦਨ ਮਝਾਰੇ'।
ਤਬਿ ਤੇ ਕੁਛ ਬਰਤਾਵਹਿ ਕੋਊ। ਪਹੁੰਚਹਿ ਤਿਹ ਬਰਤਾਰੇ ਦੋਊ ॥ ੧੨ ॥

ਉਸ ਨੂੰ ਮਿਠਾਈ ਦੇ ਦੋ ਛਾਂਦੇ ਦੇਵੋ, ਜੇ ਨਾ ਆਵੇ ਤਾਂ ਘਰ ਵਿਚ ਪਹੁੰਚਾ ਦੇਵੋ।" ਤਦ ਤੋਂ ਜੇ ਕੋਈ ਕੁਝ ਵਰਤਾਉਂਦਾ ਹੈ ਤਾਂ ਉਸ ਦੇ ਘਰ ਦੋ ਛਾਂਦੇ ਹੀ ਪਹੁੰਚਦੇ ਹਨ॥੧੨॥

ਤਿਸ ਬਿਨ ਗੁਰ ਕੋ ਮਿਲਜੋ ਨ ਕੋਈ। ਭਾਗ ਬਿਹੀਨ ਗ੍ਰਾਮ ਥੋ ਸੋਈ।
ਸੇਵਾ ਕਰੀ ਨ ਫਲ ਕਿਛੁ ਪਾਵਾ। ਸਤਿਗੁਰ ਤੇ ਨਹਿਂ ਕੋ ਬਰੁਸਾਵਾ ॥ ੧੩ ॥

ਉਸ ਤੋਂ ਬਿਨਾਂ ਹੋਰ ਕੋਈ ਗੁਰੂ ਜੀ ਨੂੰ ਨਾ ਮਿਲਿਆ, ਜਿਹੜਾ ਭਾਗਾਂ ਤੋਂ ਹੀਣਾ ਪਿੰਡ ਸੀ। ਕਿਸੇ ਵੀ ਆ ਕੇ ਸੇਵਾ ਨਾ ਕੀਤੀ ਤੇ ਫਲ ਨਾ ਪਾਇਆ, ਸਤਿਗੁਰੂ ਜੀ ਪਾਸੋਂ ਕਿਸੇ ਨੇ ਵੀ ਵਰ ਪ੍ਰਾਪਤ ਨਾ ਕੀਤਾ॥੧੩॥

ਤਹਿਂ ਤੇ ਕਰਜੋ ਕੂਚ ਗੁਰ ਸ੍ਵਾਮੀ। ਡੇਢ ਕੋਸ ਗੇ ਅੰਤਰਜਾਮੀ।
ਤਬਿ ਪਿਸ਼ੌਰ ਕੀ ਸੰਗਤਿ ਆਈ। ਖੋਜਤਿ ਬਹੁ ਥਲ ਤੇ ਸਮੁਦਾਈ ॥ ੧੪ ॥

ਉਸ ਸਥਾਨ ਤੋਂ ਗੁਰੂ ਜੀ ਨੇ ਕੂਚ ਕਰ ਦਿੱਤਾ, ਅੰਤਰਜਾਮੀ ਗੁਰੂ ਜੀ ਡੇਢ ਕੋਹ ਅੱਗੇ ਚਲੇ ਗਏ। ਤਦ ਪਿਸ਼ੌਰ ਦੀ ਸੰਗਤ ਆਈ, ਉਹ ਸਾਰੇ ਬਹੁਤ ਥਾਵਾਂ ਤੇ ਗੁਰੂ ਜੀ ਨੂੰ ਲੱਭਦੇ ਰਹੇ॥੧੪॥

ਬ੍ਰਿੰਦ ਉਪਾਇਨ ਸੰਗ ਉਠਾਏ। ਗੁਰ ਦਰਸ਼ਨ ਕੇ ਅਧਿਕ ਤਿਸਾਏ।
ਜਾਨਿ ਪ੍ਰੇਮ ਤਿਨ ਕੇ ਮਨ ਕੇਰੇ। ਉਤਰਿ ਪਰੇ ਉੱਦਜਾਨ ਬਡੇਰੇ ॥ ੧੫ ॥

ਬਹੁਤ ਉਪਹਾਰ ਉਨ੍ਹਾਂ ਨੇ ਆਪਣੇ ਪਾਸ ਚੁੱਕੇ ਹੋਏ ਸਨ, ਗੁਰੂ ਜੀ ਦੇ ਦਰਸ਼ਨਾਂ ਦੇ ਬਹੁਤ ਪਿਆਸੇ ਸਨ। ਉਨ੍ਹਾਂ ਦੇ ਮਨ ਦੇ ਪ੍ਰੇਮ ਨੂੰ ਜਾਣ ਕੇ, ਗੁਰੂ ਜੀ ਨੇ ਇਕ ਵੱਡੇ ਜੰਗਲ ਵਿਚ ਹੀ ਉਤਾਰਾ ਕਰ ਲਿਆ॥੧੫॥

ਜਾਲ ਬਿਰਛ ਕੀ ਛਾਯਾ ਹੇਰੀ। ਹੁਤੀ ਸਘਨ ਸੁੰਦਰ ਤਿਸ ਬੇਰੀ।
ਉਤਰਿ ਤਹਾਂ ਪਰਯੰਕ ਡਸਾਵਾ। ਚਾਰੁ ਚੁਕੋਨ ਬਿਛੌਨ ਬਿਛਾਵਾ ॥ ੧੬ ॥

ਬਹੁਤ ਬ੍ਰਿਛਾਂ ਦੀ ਛਾਂ ਵੇਖੀ, ਜਿਹੜੀ ਉਸ ਸਮੇਂ ਬੜੀ ਸੰਘਣੀ ਅਤੇ ਸੁੰਦਰ ਸੀ। ਉਥੇ ਉਤਰ ਕੇ ਪਲੰਘ ਡਹਾਇਆ। ਸੁੰਦਰ ਕਪੜੇ ਵਿਛਾ ਕੇ ਚੁਕੋਨ ਫਰਸ਼ ਤਿਆਰ ਕੀਤਾ॥੧੬॥

ਬੈਠਿ ਗਏ ਸਤਿਗੁਰੂ ਬਿਰਾਜੈਂ। ਜਿਨ ਦਰਸ਼ਨ ਕਰਿਬੇ ਦੁਖ ਭਾਜੈਂ।
ਚਾਰੁ ਚਾਦਰਾ ਦੀਰਘ ਘਨੋ। ਸੁੰਦਰ ਬਦਨ ਚੰਦ੍ਰਮਾ ਮਨੋ॥ ੧੭॥

ਸਤਿਗੁਰੂ ਜੀ ਬਿਰਾਜ ਕੇ ਬੈਠ ਗਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਦੁੱਖ ਭੱਜ ਜਾਂਦੇ ਹਨ। ਸੁੰਦਰ ਵੱਡਾ ਚਾਦਰਾ ਲਿਆ ਹੋਇਆ ਹੈ ਤੇ ਸੁੰਦਰ ਮੁਖੜਾ ਮਾਨੋ ਚੰਦ ਸਮਾਨ ਹੈ॥੧੭॥

ਅੰਮ੍ਰਿਤ ਸਮ ਕੋਮਲ ਬਰ ਬੈਨ। ਕਰੁਨਾ ਭਰੇ ਰਸੀਲੇ ਨੈਨ।
ਸੁੰਦਰ ਸ਼ਮਸ ਚੁਗਿਰਦੇ ਮੁਖ ਕੇ। ਮੁਸਕਾਵਤਿ ਬੋਲਤਿ ਬਚ ਸੁਖ ਕੇ॥ ੧੮॥

ਅੰਮ੍ਰਿਤ ਵਰਗੇ ਕੋਮਲ ਸ੍ਰੇਸ਼ਟ ਬਚਨ ਹਨ ਤੇ ਰਸੀਲੇ ਨੈਣ ਕਿਰਪਾ ਦੇ ਭਰੇ ਹੋਏ ਹਨ। ਮੁਖੜੇ ਤੇ ਚਾਰ-ਚੁਫੇਰੇ ਸੁੰਦਰ ਦਾੜ੍ਹਾ ਹੈ ਤੇ ਮੁਸਕਰਾ ਕੇ ਜਦ ਬੋਲਦੇ ਹਨ ਤਾਂ ਬਹੁਤ ਸੁਖ ਦਿੰਦੇ ਹਨ॥ ੧੮॥

ਸੰਗਤਿ ਆਨਿ ਚਰਨ ਲਪਟਾਈ। ਹਾਥ ਜੋਰਿ ਸਿਰ ਦੇਤਿ ਨਿਵਾਈ॥
ਕਰ ਸੋਂ ਚਰਨ ਛੁਵਹਿ ਮੁਖ ਫੇਰਹਿਂ। ਧੰਨ ਜਨਮ ਅਪਨੋ ਪੁਨ ਹੇਰਹਿਂ॥ ੧੯॥

ਸੰਗਤ ਆ ਕੇ ਚਰਨਾਂ ਨਾਲ ਜੁੜ ਗਈ, ਹੱਥ ਜੋੜ ਕੇ ਸਿਰ ਨਿਵਾ ਦਿੰਦੇ ਸਨ। ਹੱਥਾਂ ਨਾਲ ਗੁਰੂ ਜੀ ਦੇ ਚਰਨਾਂ ਨੂੰ ਛੂਹ ਕੇ ਫਿਰ ਆਪਣੇ ਮੁੱਖ 'ਤੇ ਫੇਰਦੇ ਸਨ, ਫਿਰ ਆਪਣਾ ਜਨਮ ਧੰਨ ਹੋਇਆ ਵੇਖਦੇ ਸਨ॥੧੯॥

ਧਰਹਿਂ ਉਪਾਇਨ ਅਰਪਿ ਅਗਾਰੀ। ਧਨ ਅਰੁ ਬਸਨ ਮੋਲ ਜਿਨ ਭਾਰੀ।
ਅਪਰ ਪਦਾਰਥ ਅਰਪਤਿ ਰਾਸ। ਸ਼੍ਰੀ ਗੁਰੁ ਨਿਕਟਿ ਹੋਤਿ ਅਰਦਾਸ॥ ੨੦॥

ਉਪਹਾਰ ਧਰ ਕੇ ਅੱਗੇ ਅਰਪਣ ਕਰਦੇ ਸਨ, ਧਨ ਅਤੇ ਬਹੁਤ ਕੀਮਤੀ ਵਸਤਰ ਅਰਪਣ ਕਰਦੇ ਸਨ। ਹੋਰ ਬਹੁਤ ਪਦਾਰਥ ਵੀ ਅਰਪਣ ਕਰਦੇ ਸਨ। ਸ੍ਰੀ ਗੁਰੂ ਜੀ ਦੇ ਪਾਸ ਫਿਰ ਅਰਦਾਸ ਹੁੰਦੀ ਸੀ॥੨੦॥

ਬਿਨੈ ਠਾਨਿ ਪਰਿਕਰਮਾ ਕਰਿ ਹੈਂ। ਉਸਤਤਿ ਅਨਿਕ ਪ੍ਰਕਾਰ ਉਚਰਿ ਹੈਂ।
ਮਨ ਭਾਵਤਿ ਸਤਿਗੁਰ ਬਰ ਦੀਨੇ। ਤਿਨ ਕੀ ਘਾਲ ਪ੍ਰੇਮ ਜੁਤਿ ਚੀਨੇ॥ ੨੧॥

ਬੇਨਤੀ ਕਰਕੇ ਪਰਿਕਰਮਾਂ ਕਰਦੇ ਸਨ ਤੇ ਅਨੇਕ ਪ੍ਰਕਾਰ ਦੀ ਉਸਤਤਿ ਉਚਾਰਨ ਕਰਦੇ ਸਨ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਮਨ-ਭਾਉਂਦੇ ਵਰ ਦਿੱਤੇ, ਜਦ ਉਨ੍ਹਾਂ ਦੀ ਘਾਲ ਕਮਾਈ ਪ੍ਰੇਮ ਸਹਿਤ ਵੇਖੀ॥੨੧॥

ਮਿਲੇ ਬਹੁਤ ਦਿਨ ਖੋਜਤਿ ਆਏ। ਸ਼੍ਰਮਿਤ ਭਏ ਪੁਨ ਦਰਸ਼ਨ ਪਾਏ।
ਗੁਰ ਕਹਿ ਦੀਨਸਿ ਧੀਰ ਦਿਲਾਸਾ। ਕ੍ਰਿਪਾ ਦ੍ਰਿਸ਼ਟਿ ਦੇਖਤਿ ਚਹੁੰ ਪਾਸਾ॥੨੨॥

ਬਹੁਤ ਦਿਨ ਖੋਜਣ ਤੋਂ ਬਾਅਦ ਗੁਰੂ ਜੀ ਨੂੰ ਮਿਲੇ ਸਨ, ਬਹੁਤ ਥੱਕ ਗਏ ਸਨ, ਫਿਰ ਦਰਸ਼ਨ ਪਾਏ ਸਨ। ਗੁਰੂ ਜੀ ਨੇ ਕਹਿ ਕੇ ਧੀਰਜ ਅਤੇ ਦਿਲਾਸਾ ਦਿੱਤਾ। ਉਨ੍ਹਾਂ ਨੇ ਕਿਰਪਾ ਦ੍ਰਿਸ਼ਟੀ ਨਾਲ ਚਾਰੇ ਪਾਸੇ ਵੇਖਿਆ॥੨੨॥

ਇਤਨੇ ਮਹਿਂ ਰਾਹਕ ਇਕ ਆਵਾ। ਪਿਖਿ ਪ੍ਰਭਾਵ ਕੋ ਸੀਸ ਨਿਵਾਵਾ।
'ਨਿਕਟਿ ਖੇਤ੍ਰ ਮੈਂ ਲਾਂਗੁਲ ਵਾਹਤਿ। ਨਰ ਘਨ ਪਿਖਿ ਕਰਿ ਦਰਸ ਉਮਾਹਤਿ॥੨੩॥

ਏਨੇ ਵਿਚ ਇਕ ਕਿਸਾਨ ਆ ਗਿਆ, ਉਸ ਨੇ ਪ੍ਰਭਾਵ ਨੂੰ ਵੇਖ ਕੇ ਸਿਰ ਨਿਵਾਇਆ ਅਤੇ ਬੋਲਿਆ, "ਲਾਗਲੇ ਖੇਤਾਂ ਵਿਚ ਹੱਲ ਵਾਹ ਰਿਹਾ ਹਾਂ, ਬਹੁਤ ਮਨੁੱਖਾਂ ਨੂੰ ਵੇਖ ਕੇ ਦਰਸ਼ਨਾਂ ਦੀ ਉਮੰਗ ਪੈਦਾ ਹੋਈ ਹੈ॥੨੩॥

ਤੱਕ੍ਰ ਹਮਾਰੇ ਘਰ ਤੇ ਆਈ। ਕਰਹੁ ਆਪ ਭੀ ਪਾਨ ਮੰਗਾਈ'।
ਗੁਰ ਤਬਿ ਕਹਯੋ 'ਭਾਵ ਸ਼ੁਭ ਹੇਰਾ। ਤੂੰਹੀ ਪਾਨ ਕਰਹੁ ਇਸ ਬੇਰਾ॥ ੨੪॥

ਲੱਸੀ ਸਾਡੇ ਘਰ ਤੋਂ ਆਈ ਹੈ, ਤੁਸੀਂ ਵੀ ਮੰਗਵਾ ਕੇ ਪੀਵੋ।" ਤਦ ਗੁਰੂ ਜੀ ਨੇ ਕਿਹਾ, "ਤੁਹਾਡੀ ਸ਼ੁਭ ਭਾਵਨਾ ਨੂੰ ਵੇਖਿਆ ਹੈ, ਇਸ ਸਮੇਂ ਤੁਸੀਂ ਹੀ ਲੱਸੀ ਪੀ ਲਵੋ"॥੨੪॥

**ਸੁਨਿ ਪੁਨ ਭਨਤੇ 'ਆਪ ਭੀ ਪੀਯੇ। ਕ੍ਰਿਪਾ ਦ੍ਰਿਸ਼ਟਿ ਮੈਂ ਪੇਖਤਿ ਜੀਯੇ'।**
**ਬਾਰਿ ਬਾਰਿ ਕਹਿ ਰਾਹਕ ਰਹਜੇ। ਤਬਿ ਸਤਿਗੁਰ ਸਿੱਖਨਿ ਸੋਂ ਕਹਜੇ॥੨੫॥**

ਇਹ ਸੁਣ ਕੇ ਕਿਸਾਨ ਨੇ ਫਿਰ ਕਿਹਾ, "ਤੁਸੀਂ ਵੀ ਪੀਵੋ, ਤੁਹਾਡੇ ਹਿਰਦੇ ਦੀ ਕਿਰਪਾ ਦ੍ਰਿਸ਼ਟੀ ਮੈਂ ਵੇਖ ਰਿਹਾ ਹਾਂ।" ਬਾਰ-ਬਾਰ ਕਿਸਾਨ ਕਹਿ ਰਿਹਾ। ਤਦ ਸਤਿਗੁਰੂ ਜੀ ਨੇ ਸਿੱਖਾਂ ਨੂੰ ਕਿਹਾ॥੨੫॥

**ਤੱਕ੍ਰ ਪਾਨ ਕੀਨਸਿ ਤਿਸ ਬੇਰੀ। ਸੰਗਤਿ ਤ੍ਰਿਖਾ ਮਿਟਾਇ ਬਡੇਰੀ।**
**ਰਾਹਕ ਸੋਂ ਤਬਿ ਸਤਿਗੁਰ ਪ੍ਰਾਹੀ। 'ਦੁਗਧ ਰਹੈ ਬਹੁ ਤੁਵ ਘਰ ਮਾਂਹੀ॥੨੬॥**

ਇਸ ਸਮੇਂ ਲੱਸੀ ਪੀ ਲਵੋ, ਸੰਗਤ ਦੀ ਬਹੁਤ ਪਿਆਸ ਮਿੱਟ ਜਾਵੇਗੀ। ਕਿਸਾਨ ਨੂੰ ਫਿਰ ਸਤਿਗੁਰੂ ਜੀ ਨੇ ਕਿਹਾ, "ਤੇਰੇ ਘਰ ਬਹੁਤ ਲੱਸੀ ਦਹੀਂ ਰਹੇਗਾ॥੨੬॥

**ਥੁਰਹਿ ਨਹੀਂ ਕਬਿ, ਹੋਇ ਘਨੇਰੇ। ਸਤਿਸੰਗਤਿ ਸੇਵੀ ਇਸ ਬੇਰੇ'।**
**ਇਮ ਸੰਗਤਿ ਕੋ ਕਰਿ ਸਨਮਾਨ। ਤਹਿਂ ਤੇ ਸਤਿਗੁਰ ਕੀਨਸਿ ਪਯਾਨ॥੨੭॥**

ਕਦੀ ਵੀ ਤੋਟ ਨਹੀਂ ਆਵੇਗੀ, ਬਹੁਤ ਹੋਵੇਗਾ, ਤੂੰ ਇਸ ਸਮੇਂ ਸਤਿਸੰਗਤ ਦੀ ਸੇਵਾ ਕੀਤੀ ਹੈ।" ਇਸ ਤਰ੍ਹਾਂ ਸੰਗਤ ਨੂੰ ਸਨਮਾਨ ਕਰਕੇ, ਉਥੋਂ ਸਤਿਗੁਰੂ ਜੀ ਚਲ ਪਏ॥੨੭॥

**ਸਗਰੀ ਸੰਗਤਿ ਸੰਗ ਲਿਆਏ। 'ਭਿੱਖੀ' ਗ੍ਰਾਮ ਸਮੁਖ ਕੋ ਆਏ।**
**ਸਨੇ ਸਨੇ ਗਮਨਤਿ ਸੁਖ ਸਾਥ। ਤਹਾਂ ਆਇ ਉਤਰੇ ਜਗ ਨਾਥ॥੨੮॥**

ਸਾਰੀ ਸੰਗਤ ਨੂੰ ਨਾਲ ਲਿਆਏ ਤੇ ਭਿੱਖੀ ਪਿੰਡ ਦੇ ਸਾਹਮਣੇ ਆ ਗਏ। ਹੌਲੀ-ਹੌਲੀ ਆਰਾਮ ਨਾਲ ਜਾ ਰਹੇ ਸਨ, ਉਸ ਪਿੰਡ ਦੇ ਨੇੜੇ ਆ ਕੇ ਗੁਰੂ ਜੀ ਨੇ ਉਤਾਰਾ ਕਰ ਲਿਆ॥੨੮॥

**ਇਕ ਦਿਨ ਸੰਗਤਿ ਤਿਹਠਾਂ ਰਹੀ। ਪੁਨਹਿਂ ਬਿਦਾ ਗਮਨੇ ਉਰ ਚਹੀ।**
**ਸਿਰੋਪਾਉ ਤਿਨ ਕੋ ਬੰਧਵਾਏ। ਜਥਾਜੋਗ ਜੇਤਿਕ ਮੁਖਿ ਆਏ॥੨੯॥**

ਇਕ ਦਿਨ ਸੰਗਤ ਉਸ ਅਸਥਾਨ ਤੇ ਹੀ ਰੁਕੀ ਰਹੀ, ਫਿਰ ਉਨ੍ਹਾਂ ਹਿਰਦੇ ਵਿਚ ਵਿਦਾ ਹੋ ਕੇ ਚਲਣਾ ਚਾਹਿਆ। ਉਨ੍ਹਾਂ ਯਥਾ ਯੋਗ ਨੂੰ ਸਿਰੋਪੇ ਬੰਨ੍ਹਵਾਏ, ਜਿੰਨੇ ਵੀ ਮੁਖੀਏ ਉਨ੍ਹਾਂ ਦੇ ਨਾਲ ਆਏ ਸਨ॥੨੯॥

**ਪੁਨ ਮਸੰਦ ਸੋਂ ਪਾਗ ਬੰਧਾਈ। ਬਿਦਾ ਦਈ ਸਭਿਹਿਨਿ ਸੁਖਦਾਈ।**
**ਗੁਰ ਕੀ ਖੁਸ਼ੀ ਲਈ ਸਭਿ ਪਾਇ। ਗਮਨ ਕੀਨਿ ਸੰਗਤਿ ਸਮੁਦਾਇ॥੩੦॥**

ਫਿਰ ਮਸੰਦ ਨੂੰ ਪੱਗ ਬੰਨ੍ਹਵਾਈ ਤੇ ਸਾਰਿਆਂ ਨੂੰ ਸੁਖਦਾਇਕ ਵਿਦਾਇਗੀ ਦਿੱਤੀ। ਗੁਰੂ ਜੀ ਦੀ ਸਾਰੀ ਖੁਸ਼ੀ ਪ੍ਰਾਪਤ ਕਰ ਲਈ। ਫਿਰ ਸਾਰੀ ਸੰਗਤ ਚਲੇ ਗਈ॥੩੦॥

**ਤਿਨ ਪਾਛੇ ਸਤਿਗੁਰ ਸੁਖ ਧਾਮਾ। ਬਸੇ ਕਿਤਿਕ ਦਿਨ ਭਿੱਖੀ ਗ੍ਰਾਮਾ।**
**ਤਹਿਂ ਦੇਸੂ ਸਰਦਾਰ ਬਿਸਾਲੈ। ਚਾਹਲ ਗੋਤ ਚਢਹਿ ਤਿਸ ਨਾਲੈ॥੩੧॥**

ਉਨ੍ਹਾਂ ਤੋਂ ਬਾਅਦ ਸੁੱਖਾਂ ਦਾ ਘਰ ਭਾਵ ਗੁਰੂ ਤੇਗ ਬਹਾਦਰ ਜੀ ਕਈ ਦਿਨ ਭਿੱਖੀ ਪਿੰਡ ਵਿਚ ਰਹੇ। ਉਸ ਦੇਸ਼ ਦਾ ਇਕ ਬਹੁਤ ਵੱਡਾ ਸਰਦਾਰ ਸੀ। ਚਾਹਲਾਂ ਦਾ ਸਾਰਾ ਪਰਿਵਾਰ ਉਸ ਦੇ ਨਾਲ ਚੜ੍ਹਦਾ ਸੀ॥੩੧॥

ਦੁਇ ਦਿਨ ਬਿਤੇ ਮਿਲਨਿ ਨਹੀਂ ਆਯੋ। ਜਿਨ ਸਰਵਰ ਸੇਵਾ ਚਿਤ ਲਾਯੋ।
ਦੇਹਿ ਦਰੂਦ ਰੋਟ ਪਕਵਾਇ। ਸਾਦਰ ਬੈਠਿ ਭਿਰਾਈ ਖਾਇਂ॥ ੩੨॥

ਦੋ ਦਿਨ ਬੀਤ ਗਏ, ਪਰ ਉਹ ਸਰਦਾਰ ਗੁਰੂ ਜੀ ਨੂੰ ਮਿਲਣ ਨਾ ਆਇਆ, ਜਿਸ ਨੇ ਸਰਵਰ ਦੀ ਸੇਵਾ ਵਿਚ ਚਿੱਤ ਲਾਇਆ ਹੋਇਆ ਸੀ। ਦੁਆ ਕਰਕੇ ਰੋਟ ਪਕਾਉਂਦਾ ਸੀ ਤੇ ਸਖੀ ਸਰਵਰ ਦੇ ਪੁਜਾਰੀ ਬੜੇ ਆਦਰ ਨਾਲ ਖਾਂਦੇ ਸਨ॥੩੨॥

ਸਰਵਰ ਕੀ ਖੂੰਡੀ ਗਰ ਗੇਰੀ। ਤਿਸ ਮਹਿਂ ਸ਼ਰਧਾ ਠਾਨਿ ਘਨੇਰੀ।
ਹਿੰਦੂ ਧਰਮ ਨ ਕਛੂ ਬਿਚਾਰਹਿ। ਤੁਰਕ ਰੀਤਿ ਸਿਰ ਊਪਰ ਧਾਰਹਿ॥ ੩੩॥

ਸਰਵਰ ਦੀ ਖੂੰਡੀ ਗਲ ਵਿਚ ਪਾ ਕੇ, ਸਖੀ ਸਰਵਰ ਵਿਚ ਸ਼ਰਧਾ ਧਾਰਨ ਕਰਦਾ ਸੀ। ਹਿੰਦੂ ਧਰਮ ਬਾਰੇ ਕਦੇ ਵੀ ਵਿਚਾਰਦਾ ਨਹੀਂ ਸੀ। ਤੁਰਕਾਂ ਦੀ ਰੀਤ ਨੂੰ ਸਿਰ ਉੱਪਰ ਧਾਰਨ ਕੀਤਾ ਹੋਇਆ ਸੀ॥੩੩॥

ਪਰਮੇਸ਼ੁਰ ਕੋ ਜਾਨਹਿਂ ਨਾਂਹੀ। ਮਹਾਂਮੰਦ ਗਮਨੈ ਬਦਰਾਹੀ।
ਜੇ ਦਿਜ ਪੰਡਿਤ, ਇਨ ਕਹੁ ਮਾਨਹਿਂ। ਅਪਰਨ ਕੀ ਤਬਿ ਕੌਨ ਬਖਾਨਹਿ॥ ੩੪॥

ਪਰਮੇਸ਼ਰ ਨੂੰ ਜਾਣਦਾ ਨਹੀਂ ਸੀ, ਮਹਾਂ ਮੂਰਖ ਖੋਟੇ ਰਾਹ ਚਲਦਾ ਸੀ। ਜਿਹੜੇ ਬ੍ਰਾਹਮਣ ਅਤੇ ਪੰਡਿਤ ਸਨ, ਉਹ ਵੀ ਸਖੀ ਸਰਵਰ ਨੂੰ ਮੰਨਦੇ ਸਨ, ਤਦ ਹੋਰਨਾਂ ਬਾਰੇ ਕੋਈ ਕੀ ਕਹਿ ਸਕਦਾ ਹੈ॥੩੪॥

ਗੁੱਗਾ, ਮੀਰਾਂ, ਅਰੁ ਸੁਲਤਾਨ। ਧਰਮ ਛੋਡਿ ਇਨ ਮਾਨਹਿਂ ਆਨ।
ਤੌ ਪਰਮੇਸ਼ੁਰ ਕੋ ਕਹਾਂ ਮਾਨਹਿਂ। ਡਹਿਕੇ ਹਿੰਦੂ ਤਜਾਗਤਿ ਸਜਾਨਹਿਂ॥ ੩੫॥

ਗੁਗਾ, ਮੀਰਾਂਮੀਰਾਨ ਅਤੇ ਸਖੀ ਸਰਵਰ ਨੂੰ ਮੰਨਦਾ ਸੀ, ਆਪਣਾ ਧਰਮ ਛੱਡ ਕੇ ਹੋਰਨਾਂ ਨੂੰ ਮੰਨਦਾ ਸੀ। ਅਜਿਹਾ ਵਿਅਕਤੀ ਪਰਮੇਸ਼ਰ ਨੂੰ ਕਿੱਥੇ ਮੰਨ ਸਕਦਾ। ਭਟਕੇ ਹੋਏ ਹਿੰਦੂ ਸਿਆਣਪ ਨੂੰ ਛੱਡ ਦਿੰਦੇ ਸਨ॥੩੫॥

ਕਿਤਿਕ ਸਿੱਖ ਭਿੱਖੀ ਕੇ ਮਾਂਹਿ। ਦੇਸੂ ਕੋ ਸਮੁਝਾਵਤਿ ਚਾਹਿ।
'ਸ੍ਰੀ ਨਾਨਕ ਕੀ ਗਾਦੀ ਪਰ ਹੈਂ। ਮਿਲਹੁ ਇਨਹਿਂ ਜੇ ਨਿਜ ਸੁਖ ਕਰਿ ਹੈਂ॥੩੬॥

ਭਿੱਖੀ ਪਿੰਡ ਵਿਚ ਕਈ ਗੁਰੂ ਦੇ ਸਿੱਖ ਵੀ ਰਹਿੰਦੇ ਸਨ। ਉਹ ਦੇਸੂ ਸਰਦਾਰ ਨੂੰ ਸਮਝਾਉਣਾ ਚਾਹੁੰਦੇ ਸਨ, "ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਹਨ, ਉਨ੍ਹਾਂ ਨੂੰ ਜਾ ਕੇ ਮਿਲੋ ਜੇ ਆਪਣਾ ਸੁੱਖ ਚਾਹੁੰਦਾ ਹੈਂ॥੩੬॥

ਇਨ ਕੋ ਕ੍ਰੋਧ ਪ੍ਰਸੰਨ ਅਫਲ ਨਹਿਂ। ਦਾਤਾ ਬਰ ਸਰਾਪ ਕੇ ਸਭਿ ਮਹਿਂ।
ਦੇਵਨਿ ਕਹੁ ਭੀ ਦੁਖ ਸੁਖ ਦਾਨੀ। ਨਰ ਬਪੁਰਨਿ ਕੀ ਕਹਾਂ ਕਹਾਨੀ॥ ੩੭॥

ਇਨ੍ਹਾਂ ਦਾ ਕ੍ਰੋਧ ਤੇ ਪ੍ਰਸੰਨਤਾ ਸਫਲ ਹੈ, ਇਹ ਸਭ ਵਿਚ ਵਰ ਅਤੇ ਸਰਾਪ ਦੇ ਦਾਤਾ ਹਨ। ਦੇਵਤਿਆਂ ਨੂੰ ਵੀ ਦੁਖ-ਸੁਖ ਦਿੰਦੇ ਹਨ। ਇਨ੍ਹਾਂ ਬ੍ਰਾਹਮਣਾਂ ਦੀ ਮੈਂ ਕੀ ਕਹਾਣੀ ਕਹਾਂ"॥੩੭॥

ਇੱਤਜਾਦਿਕ ਤਿਸ ਕੋ ਸਮੁਝਾਇ। ਸਤਿਗੁਰੁ ਸਾਥ ਮਿਲਨਿ ਠਹਿਰਾਇ।
ਭਯੋ ਤਯਾਰ ਕੁਛ ਲਈ ਉਪਾਇਨ। ਮਿਲਿ ਕਰਿ ਮੈਂ ਬੰਦੋਂ ਗੁਰੁ ਪਾਇਨ॥ ੩੮॥

ਇਸ ਤਰ੍ਹਾਂ ਉਸ ਨੂੰ ਸਮਝਾਇਆ, ਸਤਿਗੁਰੂ ਨੂੰ ਮਿਲਣ ਵਾਸਤੇ ਉਸ ਨੂੰ ਪੱਕਾ ਕਰ ਲਿਆ। ਦੇਸੂ ਨੇ ਤਿਆਰ ਹੋ ਕੇ ਕੁਝ ਉਪਹਾਰ ਲੈ ਲਏ, ਗੁਰੂ ਜੀ ਨੂੰ ਮਿਲ ਕੇ, ਮੈਂ ਉਨ੍ਹਾਂ ਦੇ ਚਰਨ ਕੰਵਲਾਂ ਤੇ ਬੰਦਨਾ ਕਰਾਂਗਾ॥੩੮॥

*ਗਿਆਰਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥*

❖❖❖

# ਅਧਿਆਇ ਅਠੱਤੀਵਾਂ

### ਦੇਸ ਰਾਜ, ਖਜਾਲਾ ਗ੍ਰਾਮ, ਦਮਦਮਾ, ਮੌੜ

ਦੋਹਰਾ- ਸਮੁਝਾਯਹੁ ਸਿੱਖਜਨਿ ਜਬਹਿ ਦੇਸੂ ਹ੍ਵੈ ਕਰਿ ਤਜਾਰ।
ਭੀਰ ਸੰਗ ਲੈ ਨਰਨਿ ਕੀ ਆਯੋ ਗੁਰ ਦਰਬਾਰ॥ ੧॥

ਜਦ ਸਿੱਖਾਂ ਨੇ ਦੇਸੂ ਨੂੰ ਸਮਝਾਇਆ ਤਾਂ ਗੁਰੂ ਜੀ ਨੂੰ ਮਿਲਣ ਵਾਸਤੇ ਤਿਆਰ ਹੋ ਗਿਆ। ਮਨੁੱਖਾਂ ਦਾ ਇਕ ਵੱਡਾ ਸਮੂਹ ਨਾਲ ਲੈ ਕੇ ਗੁਰੂ ਜੀ ਦੇ ਦਰਬਾਰ ਵਿਚ ਆਇਆ॥੧॥

ਚੌਪਈ- ਦਿਵਸ ਤੀਸਰੇ ਦਰਸ਼ਨ ਆਯੋ। ਪ੍ਰਥਮ ਉਪਾਇਨ ਧਰੀ ਜੁ ਲਜਾਯੋ।
ਬਿਨੈ ਸਨੀ ਬਾਨੀ ਕਹਿ ਕਰਿ ਕੈ। ਬੰਦਨ ਕੀਨਿ ਚਰਨ ਸਿਰ ਧਰਿ ਕੈ॥੨॥

ਤੀਸਰੇ ਦਿਨ ਦਰਸਨ ਕਰਨ ਆਇਆ, ਪਹਿਲਾਂ ਤਾਂ ਗੁਰੂ ਜੀ ਅੱਗੇ ਉਸ ਉਪਹਾਰ ਰੱਖੇ ਤੇ ਫਿਰ ਬੇਨਤੀ ਵਾਲੀ ਬਾਣੀ ਕਹਿ ਕੇ, ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਧਰ ਕੇ ਬੰਦਨਾ ਕੀਤੀ॥੨॥

ਨਿੰਮ੍ਰ ਦੇਖਿ ਕੈ ਸ੍ਰੀ ਗੁਰੁ ਪੂਰੇ। ਕਹਜੋ ਬਾਕ ਬਾਕਨਿ ਕੇ ਸੂਰੇ।
'ਆਵਹੁ ਦੇਸਰਾਜ ਬਨਿ ਬੈਠਹੁ। ਜੇ ਦ੍ਰਿੜ ਸ਼ਰਧਾ ਸ਼ੁਭ ਘਰ ਪੈਠਹੁ॥੩॥

ਸਨਿਮਰ ਵੇਖ ਕੇ ਪੂਰੇ ਗੁਰੂ ਜੀ ਨੇ, ਬਚਨ ਕੀਤਾ ਜਿਹੜੇ ਬਚਨਾਂ ਦੇ ਸੂਰਮੇ ਹਨ, "ਆਵੋ ਦੇਸ ਰਾਜ ਬਣ ਕੇ ਬੈਠ ਜਾਵੋ, ਜੇ ਦ੍ਰਿੜ੍ਹ ਸ਼ਰਧਾ ਹੈ ਤਾਂ ਸਿੱਖੀ ਰੂਪੀ ਸ਼ੁਭ ਘਰ ਵਿਚ ਪ੍ਰਵੇਸ਼ ਕਰੋ॥੩॥

ਸਕਲ ਦੇਸ਼ ਪਰ ਹੁਕਮ ਚਲਾਵਹੁ। ਜੇ ਗੁਰੁ ਸਿੱਖੀ ਸਿਦਕ ਕਮਾਵਹੁ।
ਇਹ ਖੂੰਡੀ ਕਿਮ ਘਰ ਮਹਿਂ ਰਾਖੀ ? ਕਜਾ ਗੁਨ ਕਰਹਿ ਸੁਨਾਵਹੁ ਸਾਖੀ ?'॥੪॥

ਜੇ ਗੁਰਸਿੱਖੀ ਸਿਦਕ ਦੀ ਕਮਾਈ ਕਰੋ ਤਾਂ ਸਾਰੇ ਦੇਸ਼ 'ਤੇ ਹੁਕਮ ਚਲਾਓ। ਇਹ ਖੂੰਡੀ ਕਿਵੇਂ ਘਰ ਵਿਚ ਰੱਖੀ ਹੈ ? ਇਹ ਕੀ ਗੁਣ ਬਖਸ਼ਦੀ ਹੈ, ਇਸ ਬਾਰੇ ਬਿਰਤਾਂਤ ਸਾਨੂੰ ਸੁਣਾਵੋ ?"॥੪॥

ਸੁਨਿ ਦੇਸੂ ਨੇ ਸਕਲ ਸੁਨਾਈ। 'ਸਰਵਰ ਕੀ ਖੂੰਡੀ ਇਹੁ ਪਾਈ।
ਨਿਸ ਦਿਨ ਰੱਖਜਾ ਕਰਹਿ ਹਮਾਰੀ। ਮਹਿਖੀ ਧੇਨੁਨਿ ਦੇਤਿ ਹਚਾਰੀ॥੫॥

ਇਹ ਸੁਣ ਕੇ ਦੇਸੂ ਨੇ ਸਾਰੀ ਗੱਲ ਸੁਣਾਈ, "ਇਹ ਮੈਂ ਸਰਵਰ ਦੀ ਖੂੰਡੀ ਪਾਈ ਹੈ। ਇਹ ਰਾਤ ਦਿਨ ਸਾਡੀ ਰਖਿਆ ਕਰਦੀ ਹੈ, ਹਜ਼ਾਰਾਂ ਮੱਝਾਂ ਗਾਈਆਂ ਦਿੰਦੀ ਹੈ॥੫॥

ਦੂਧ ਪੂਤ ਕੋ ਅਧਿਕ ਬਧਾਵਤਿ। ਸਕਲ ਦੇਸ਼ ਤਿਸ ਬਹੁਤ ਮਨਾਵਤਿ।
ਕਰਹਿਂ ਰੋਟ ਅਰਪਹਿਂ ਤਿਸ ਤਾਂਈਂ। ਹਾਥ ਜੋਰਿ ਬੰਦਹਿਂ ਸਿਰ ਨਜਾਈ'॥੬॥

ਦੁੱਧ ਪੁੱਤ ਨੂੰ ਬਹੁਤ ਵਧਾਉਂਦੀ ਹੈ, ਸਾਰਾ ਦੇਸ਼ ਇਸ ਦੀ ਬਹੁਤ ਮਾਨਤਾ ਕਰਦਾ ਹੈ। ਰੋਟ ਤਿਆਰ ਕਰਕੇ ਇਸ ਨੂੰ ਅਰਪਣ ਕਰਦੇ ਹਾਂ ਤੇ ਹੱਥ ਜੋੜ ਕੇ ਸਿਰ ਨਿਵਾ ਕੇ ਬੰਦਨਾ ਕਰਦੇ ਹਾਂ"॥੬॥

ਸੁਨਿ ਸਤਿਗੁਰ ਨੇ ਪੁਨ ਸਮੁਝਾਵਾ। 'ਹਿੰਦੂ ਧਰਮ ਬਨ ਕੋ ਇਹ ਦਾਵਾ।
ਕਜੋਂ ਅਪਨੋ ਪਰਲੋਕ ਬਿਗਾਰਾ ? ਸੱਤਿਨਾਮ ਕੋ ਰਿਦੈ ਬਿਸਾਰਾ ?॥੭॥

ਇਹ ਸੁਣ ਕੇ ਸਤਿਗੁਰੂ ਜੀ ਨੇ ਫਿਰ ਸਮਝਾਇਆ, "ਹਿੰਦੂ ਧਰਮ ਦੇ ਵਣ ਵਾਸਤੇ ਇਹ ਦਾਵਾਨਲ ਅਗਨੀ ਹੈ। ਆਪਣਾ ਪਰਲੋਕ ਕਿਉਂ ਵਿਗਾੜ ਲਿਆ ਹੈ? ਸਤਿਨਾਮ ਨੂੰ ਹਿਰਦੇ ਵਿਚੋਂ ਵਿਸਾਰ ਦਿੱਤਾ ਹੈ?॥੭॥

ਜਬਿ ਜਮ ਕੇ ਬਸਿ ਪਰ ਹੈਂ ਜਾਈ। ਤਹਾਂ ਹੋਇ ਹੈ ਕੌਨ ਸਹਾਈ?।
ਜਿਸਕੋ ਦੰਡ ਸਭਿਨਿ ਪਰ ਅਹੈ। ਤਿਸ ਆਗੇ ਕੋ ਧੀਰਜ ਲਹੈ?॥ ੮॥

ਜਦ ਜਮਾਂ ਦੇ ਵੱਸ ਵਿਚ ਪੈ ਜਾਵੇਂਗਾ, ਉਥੇ ਤੇਰੀ ਕੌਣ ਸਹਾਇਤਾ ਕਰੇਗਾ। ਜਿਸ ਦਾ ਦੰਡ ਸਾਰਿਆਂ ਦੇ ਸਿਰ ਉਤੇ ਹੈ, ਉਸ ਦੇ ਅੱਗੇ ਕੌਣ ਧੀਰਜ ਧਾਰਨ ਕਰੇਗਾ?॥੮॥

ਸਤਿਗੁਰ ਸੱਤਿਨਾਮ ਬਿਨ ਔਰ। ਨਹੀਂ ਛੁਰਾਇ ਸਕਹਿ ਤਿਸ ਠੌਰ।
ਜਗ ਮੈਂ ਜੇ ਪ੍ਰਤਾਪ ਕੋ ਚਾਹੈਂ। ਨਿਜ ਦੁਸ਼ਟਨਿ ਕੋ ਦਲਨਿ ਉਮਾਹੈਂ॥ ੯॥

ਸਤਿਗੁਰੂ ਅਤੇ ਸਤਿਨਾਮ ਬਿਨਾਂ ਹੋਰ ਕੋਈ ਵੀ ਉਸ ਸਮੇਂ ਛੁਡਾ ਨਹੀਂ ਸਕਦਾ। ਜਗਤ ਵਿਚ ਜੇ ਆਪਣੇ ਪ੍ਰਤਾਪ ਨੂੰ ਚਾਹੁੰਦੇ ਹੋ ਤਾਂ ਪਹਿਲਾਂ ਆਪਣੇ ਦੁਸ਼ਟਾਂ ਨੂੰ ਮਾਰ ਲਵੋ॥੯॥

ਹਮ ਤੇ ਪੰਚ ਤੀਰ ਤੁਮ ਲੇਹੁ। ਸਭਿ ਬਿਧਿ ਕਾਰਜ ਕਰਿ ਹੈਂ ਏਹੁ॥
ਸੁਨਿ ਸਤਿਗੁਰ ਕੇ ਬਾਕ ਸੁਹਾਏ। ਦੇਸੂ ਉਰ ਮਹਿਂ ਤਿਸ ਛਿਨ ਭਾਏ॥ ੧੦॥

ਸਾਡੇ ਪਾਸੋਂ ਤੁਸੀਂ ਪੰਜ ਤੀਰ ਲਵੋ, ਸਭ ਵਿਧੀਆਂ ਨਾਲ ਇਹ ਕਾਰਜ ਕਰੋ।" ਸਤਿਗੁਰੂ ਜੀ ਦੇ ਸੁਹਾਵਣੇ ਬਚਨ, ਦੇਸੂ ਦੇ ਹਿਰਦੇ ਨੂੰ ਉਸ ਸਮੇਂ ਬਹੁਤ ਚੰਗੇ ਲੱਗੇ॥੧੦॥

ਸਰਵਰ ਕੀ ਖੂੰਡੀ ਗਰ ਪਾਈ। ਤੂਰਨ ਤੋਰਤਿ ਦੂਰ ਬਗਾਈ।
ਪੰਚ ਤੀਰ ਲੇ ਬੰਦਨ ਠਾਨੀ। ਭਯੋ ਪ੍ਰਸੰਨ ਨੀਕ ਮਨ ਮਾਨੀ॥ ੧੧॥

ਸਰਵਰ ਦੀ ਖੂੰਡੀ ਜਿਹੜੀ ਗਲ ਵਿਚ ਪਾਈ ਸੀ। ਤੁਰਤ ਤੋੜ ਕੇ ਦੂਰ ਸੁੱਟ ਦਿੱਤੀ। ਫਿਰ ਪ੍ਰਸੰਨ ਹੋ ਗਿਆ, ਮਨ ਨੇ ਚੰਗੀ ਗੱਲ ਮੰਨ ਲਈ॥੧੧॥

ਅਪਨੇ ਲੋਕਨਿ ਮਹਿਂ ਪੁਨ ਕਹਜੋ। 'ਅਬਿ ਲੌ ਮੈਂ ਭੂਲਜੋ ਬਹੁ ਰਹਜੋ।
ਤੁਰਕਨਿ ਕੋ ਮਾਨਤਿ ਹਮ ਰਹੇ। ਹਿੰਦੂ ਧਰਮ ਰੀਤਿ ਨਹਿਂ ਲਹੇ॥ ੧੨॥

ਆਪਣੇ ਲੋਕਾਂ ਨੂੰ ਫਿਰ ਕਿਹਾ, "ਹੁਣ ਤਕ ਮੈਂ ਬਹੁਤ ਭੁੱਲਾ ਰਿਹਾ ਹਾਂ। ਤੁਰਕਾਂ ਨੂੰ ਅਸੀਂ ਮੰਨਦੇ ਰਹੇ ਹਾਂ, ਹਿੰਦੂ ਧਰਮ ਦੀ ਰੀਤੀ ਨੂੰ ਨਾ ਜਾਣਿਆ॥੧੨॥

ਪ੍ਰਥਮ ਜਵਨ ਕੋ ਅਰਪ ਜੁ ਦੀਨਾ। ਪਾਛੇ ਆਪ ਅਚਵਨੋ ਕੀਨਾ।
ਰਾਮ ਰਹੀਮ ਨ ਮਾਨਜੋਂ ਕੋਈ। ਆਇ ਸਹਾਇਕ ਅੰਤ ਜੁ ਹੋਈ॥ ੧੩॥

ਪਹਿਲਾਂ ਜੋ ਤੁਰਕਾਂ ਨੂੰ ਅਰਪਣ ਕਰਦੇ ਰਹੇ ਹਾਂ ਤੇ ਬਾਅਦ ਵਿਚ ਆਪ ਭੋਜਨ ਖਾਂਦੇ ਰਹੇ ਹਾਂ। ਰਾਮ ਰਹੀਮ ਕਿਸੇ ਨੂੰ ਨਹੀਂ ਮੰਨਿਆ, ਜਿਨ੍ਹਾਂ ਨੇ ਅੰਤ ਸਮੇਂ ਸਾਡੀ ਸਹਾਇਤਾ ਕਰਨੀ ਹੈ॥੧੩॥

ਅਬਿ ਮੈਂ ਰਹਿ ਕਰਿ ਸਤਿਗੁਰੁ ਸ਼ਰਨੀ। ਕਰਵਿ ਸਕਲ ਹੀ ਆਛੀ ਕਰਨੀ।
ਇਮ ਕਹਿ ਨਮੋ ਠਾਨਿ ਘਰ ਗਯੋ। ਸੇਵ ਗੁਰਨਿ ਕੀ ਕਰਤੋ ਭਯੋ॥ ੧੪॥

ਹੁਣ ਮੈਂ ਸਤਿਗੁਰੂ ਜੀ ਦੀ ਸ਼ਰਨ ਵਿਚ ਰਹਿ ਕੇ, ਸਾਰੀ ਹੀ ਚੰਗੀ ਕ੍ਰਿਤ ਕਰਾਂਗਾ।" ਇਸ ਤਰ੍ਹਾਂ ਕਹਿ ਕੇ ਨਮਸਕਾਰ ਕਰਕੇ ਆਪਣੇ ਘਰ ਨੂੰ ਚਲਾ ਗਿਆ ਤੇ ਗੁਰੂ ਦੀ ਸੇਵਾ ਕਰਨ ਲੱਗਾ॥੧੪॥

ਦੁਗਧ ਅੰਨ ਮਿਸ਼ਟਾਨ ਘਨੇਰੇ। ਚਹਿਯ ਵਸਤੁ ਪਹੁੰਚਾਵੈ ਡੇਰੇ।
ਬੈਠਹਿ ਨਿਕਟਿ ਸੁਨੈਂ ਗੁਰੁ ਬੈਨ। ਦਰਸਹਿ ਕਰਹਿ ਸਫਲ ਜੁਗ ਨੈਨ॥੧੫॥

ਦਹੀਂ, ਅਨਾਜ ਅਤੇ ਬਹੁਤ ਮਿੱਠਾ, ਸਾਰੀਆਂ ਲੋੜੀਂਦੀਆਂ ਵਸਤਾਂ ਡੇਰੇ ਵਿਚ ਪਹੁੰਚਾਉਂਦਾ ਸੀ। ਗੁਰੂ ਜੀ ਦੇ ਪਾਸ ਬੈਠ ਕੇ ਉਨ੍ਹਾਂ ਦੇ ਬਚਨ ਸੁਣਦਾ ਸੀ। ਗੁਰੂ ਜੀ ਦੇ ਦਰਸ਼ਨ ਕਰਕੇ ਦੋਵੇਂ ਨੈਣ ਸਫਲ ਕਰਦਾ ਸੀ॥੧੫॥

ਪੁਨ ਸ੍ਰੀ ਤੇਗ ਬਹਾਦਰ ਰਾਇ। ਭਏ ਸੁ ਤਯਾਰ ਚਲਨਿ ਅਗਵਾਇ।
ਦੇਸਰਾਜ ਕਹੁ ਦ੍ਰਿਢਤਾ ਦੀਨਸਿ। 'ਮਤਿ ਅਡੋਲ ਰਹੁ ਨਿਸ਼ਚਾ ਲੀਨਸਿ॥੧੬॥

ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਅੱਗੇ ਜਾਣ ਵਾਸਤੇ ਤਿਆਰ ਹੋ ਗਏ। ਦੇਸ ਰਾਜ ਨੂੰ ਦ੍ਰਿੜ੍ਹਤਾ ਦਿੱਤੀ, "ਆਪਣੀ ਮੱਤ ਵਿਚ ਅਡੋਲ ਰਹੋ ਤੇ ਨਿਸ਼ਚਾ ਧਾਰਨ ਕਰੋ॥੧੬॥

ਇਨ ਕਹੁ ਤੀਰ ਨਹੀਂ ਮਨ ਜਾਨਿ। ਪੰਚ ਬੀਰ ਆਏ ਤੁਵ ਪਾਨ।
ਜੇਤਿਕ ਹੈ ਚਹੁਕੂੰਟ ਮਝਾਰੀ। ਕੋਇ ਨ ਠਹਿਰਹਿ ਇਨਹੁ ਅਗਾਰੀ॥੧੭॥

ਇਨ੍ਹਾਂ ਨੂੰ ਮਨ ਵਿਚ ਤੀਰ ਨਾ ਜਾਣੋ, ਪੰਜ ਸੂਰਬੀਰ ਤੁਹਾਡੇ ਹੱਥ ਵਿਚ ਆ ਗਏ ਹਨ। ਜਿੰਨੇ ਵੀ ਚਾਰੇ ਪਾਸਿਆਂ ਵਿਚ ਰਹਿੰਦੇ ਹਨ, ਉਨ੍ਹਾਂ ਵਿਚੋਂ ਕੋਈ ਵੀ ਇਨ੍ਹਾਂ ਬੀਰਾਂ ਦੇ ਅੱਗੇ ਠਹਿਰ ਨਹੀਂ ਸਕਦਾ॥੧੭॥

ਜਿਸ ਚਾਹੈਂ ਜੀਤਹੁ ਕਰਿ ਜੰਗ। ਨਹਿਂ ਅਰਿ ਅਰਹਿ ਹੋਹਿਂ ਭਟ ਭੰਗ'।
ਕ੍ਰਿਪਾ ਧਾਰਿ ਕਹਿ ਕੈ ਇਸ ਭਾਂਤਿ। ਗਮਨੇ ਸ੍ਰੀ ਹਰਿ ਗੋਵਿੰਦ ਤਾਤ॥੧੮॥

ਜੰਗ ਕਰਕੇ ਜਿਸ ਨੂੰ ਮਰਜ਼ੀ ਜਿੱਤ ਲਵੋ, ਕੋਈ ਵੀ ਵੈਰੀ ਨਹੀਂ ਅੜੇਗਾ ਤੇ ਵੈਰੀ ਦੇ ਸੂਰਮੇ ਮਾਰੇ ਜਾਣਗੇ। ਕਿਰਪਾ ਧਾਰ ਕੇ ਇਸ ਤਰ੍ਹਾਂ ਕਹਿ ਕੇ, ਸ੍ਰੀ ਹਰਿਗੋਬਿੰਦ ਜੀ ਦੇ ਪੁੱਤਰ ਅੱਗੇ ਚਲ ਪਏ॥੧੮॥

ਜਾਇ ਪਹੂੰਚੇ ਗ੍ਰਾਮ ਜੁ 'ਖਯਾਲੇ'। ਬਾਸਹਿਂ ਚਾਹਲ ਗੋਤ ਬਿਸਾਲੇ।
ਉਤਰਿ ਪਰੇ ਡੇਰਾ ਤਹਿਂ ਕੀਨਿ। ਸਤਿਗੁਰੁ ਕ੍ਰਿਪਾ ਨਿਧਾਨ ਪ੍ਰਬੀਨ॥੧੯॥

ਖਿਆਲੇ ਪਿੰਡ ਵਿਚ ਜਾ ਪਹੁੰਚੇ, ਉਥੇ ਚਾਹਲ ਗੋਤ ਦੇ ਜੱਟ ਵੱਸਦੇ ਸਨ। ਉਥੇ ਜਾ ਕੇ ਘੋੜੇ ਤੋਂ ਉਤਰ ਪਏ ਤੇ ਡੇਰਾ ਲਾ ਲਿਆ। ਚਤੁਰ ਸਤਿਗੁਰੂ ਜੀ ਬੜੇ ਕਿਰਪਾ-ਨਿਧਾਨ ਹਨ॥੧੯॥

ਮਿਲਿਬੇ ਹੇਤੁ ਜਾਟ ਨਹਿਂ ਆਏ। ਤਨਕ ਨ ਸੇਵ ਕਰੀ ਮਨ ਲਾਏ।
ਮੰਦ ਭਾਗ ਜਿਨ ਕੇ ਪਛੁਤਾਵਾ। ਲੈ ਨਹਿਂ ਸਕੇ, ਘਰਹਿ ਗੁਰ ਆਵਾ॥੨੦॥

ਉਸ ਪਿੰਡ ਦੇ ਜੱਟ ਗੁਰੂ ਜੀ ਨੂੰ ਮਿਲਣ ਨਾ ਆਏ, ਰਤਾ ਭਰ ਮਨ ਲਾ ਕੇ ਗੁਰੂ ਜੀ ਦੀ ਸੇਵਾ ਨਾ ਕੀਤੀ। ਜਿਨ੍ਹਾਂ ਦੇ ਮਾੜੇ ਭਾਗ ਹਨ ਉਹ ਬਾਅਦ ਵਿਚ ਪਛਤਾਉਂਦੇ ਹਨ। ਦਰਸ਼ਨ ਪ੍ਰਾਪਤ ਨਾ ਕਰ ਸਕੇ ਉਨ੍ਹਾਂ ਦੇ ਘਰ ਗੁਰੂ ਜੀ ਆਏ ਸਨ॥੨੦॥

ਇਕ ਦਿਜ ਮਿਲਯੋ ਸੇਵ ਬਹੁ ਠਾਨੀ। ਕਰਤਿ ਭਾਉ ਕਾਯਾਂ ਮਨ ਬਾਨੀ।
ਹਾਥ ਜੋਰਿ ਕਰਿ ਬੈਠਹਿ ਪਾਸ। ਸੁਨਿ ਹੈ ਸ੍ਰੀ ਮੁਖ ਬਾਕ ਬਿਲਾਸ॥੨੧॥

ਇਕ ਬ੍ਰਾਹਮਣ ਮਿਲਿਆ, ਉਸ ਨੇ ਬਹੁਤ ਸੇਵਾ ਕੀਤੀ। ਉਹ ਸਰੀਰ, ਮਨ ਅਤੇ ਬਾਣੀ ਕਰਕੇ ਗੁਰੂ ਜੀ ਨੂੰ ਪ੍ਰੇਮ ਕਰਦਾ ਸੀ, ਹੱਥ ਜੋੜ ਕੇ ਪਾਸੇ ਬੈਠ ਜਾਂਦਾ ਸੀ ਤੇ ਗੁਰੂ ਜੀ ਦੇ ਮੁੱਖ ਤੋਂ ਬਚਨ ਬਿਲਾਸ ਸੁਣਦਾ ਸੀ॥੨੧॥

ਇਕ ਦਿਨ ਸ੍ਰੀ ਗੁਰੁ ਸਹਿਜ ਸੁਭਾਇ। ਬਿਚਰਤਿ ਚਰਨ ਸਾਥ ਤਿਸ ਥਾਇਂ।
ਹੁਤੋ ਸੰਗ ਦਿਜਬਰ ਬਿਚਰੰਤਾ। ਅਧਿਕ ਭਾਵਨੀ ਰਿਦੈ ਧਰੰਤਾ॥੨੨॥

ਇਕ ਦਿਨ ਗੁਰੂ ਜੀ ਸਹਿਜ ਸੁਭਾਅ, ਪੈਦਲ ਹੀ ਉਸ ਥਾਂ ਵਿਚਰ ਰਹੇ ਸਨ। ਬ੍ਰਾਹਮਣ ਵੀ ਉਸ ਸਮੇਂ ਨਾਲ ਹੀ ਵਿਚਰ ਰਿਹਾ ਸੀ। ਉਸ ਨੇ ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕੀਤਾ ਹੋਇਆ ਸੀ॥੨੨॥

**ਕੇਤਿਕ ਲੋਕ ਸੰਗ ਤਹਿਂ ਫਿਰਿਹੀਂ। ਤਬਿ ਦਿਜ ਸੋਂ ਸਤਿਗੁਰੂ ਉਚਰਿਹੀਂ।**
**'ਕੁਛ ਸੰਮਤ ਬੀਤੇ ਇਸ ਥਾਨ। ਲਗਹਿ ਏਕ ਬਟ ਬ੍ਰਿੱਛ ਮਹਾਨ॥ ੨੩॥**

ਕਈ ਹੋਰ ਲੋਕ ਵੀ ਨਾਲ ਹੀ ਫਿਰ ਰਹੇ ਸਨ, ਫਿਰ ਸਤਿਗੁਰੂ ਜੀ ਨੇ ਬ੍ਰਾਹਮਣ ਨੂੰ ਕਿਹਾ, "ਕੁਝ ਸਾਲ ਬਤੀਤ ਹੋਣ ਤੋਂ ਬਾਅਦ, ਇਸ ਥਾਂ, ਇਕ ਵੱਡਾ ਬੋਹੜ ਦਾ ਬ੍ਰਿਛ ਹੋਵੇਗਾ॥੨੩॥

**ਅਰੁ ਇਸ ਨਿਕਟਿ ਕੂਪ ਬਨਿਵਾਵੈ। ਜਿਸ ਤੇ ਨੀਰ ਬਹੁਤ ਨਰ ਪਾਵੈਂ।**
**ਇਮ ਸ੍ਰੀ ਮੁਖ ਤੇ ਬਾਕ ਬਖਾਨੇ। ਸੋ ਅਬਿ ਲਗੇ ਕਹੈ ਕਵਿ ਜਾਨੇ॥ ੨੪॥**

ਅਤੇ ਇਸ ਦੇ ਨੇੜੇ ਇਕ ਖੂਹ ਲਵਾਉਣਗੇ, ਜਿਸ ਦਾ ਜਲ ਬਹੁਤ ਲੋਕ ਪ੍ਰਾਪਤ ਕਰਨਗੇ।" ਇਸ ਤਰ੍ਹਾਂ ਗੁਰੂ ਜੀ ਨੇ ਬਚਨ ਕੀਤੇ। ਕਵੀ ਜੀ ਕਹਿੰਦੇ ਹਨ ਕਿ ਉਹ ਬੋਹੜ ਤੇ ਖੂਹ ਹੁਣ ਤਕ ਲੱਗੇ ਹੋਏ ਹਨ, ਸਾਰੇ ਲੋਕ ਜਾਣਦੇ ਹਨ॥੨੪॥

**ਗ੍ਰਾਮ ਸੁ ਖਜਾਲੇ ਮਹਿਂ ਅਬਿ ਅਹੈਂ। ਬਿਦਤ ਲਗੇ ਨਰ ਜਾਇ ਸੁ ਲਹੈਂ।**
**ਇਸ ਪ੍ਰਕਾਰ ਸਤਿਗੁਰ ਤਹਿਂ ਬਾਸੇ। ਦਿਜ ਪਰ ਭਏ ਪ੍ਰਸੰਨ ਬਿਗਾਸੇ॥ ੨੫॥**

ਉਹ ਖੂਹ ਤੇ ਬੋਹੜ ਦਾ ਬ੍ਰਿਛ ਅਜੇ ਤਕ ਖਿਆਲੇ ਪਿੰਡ ਵਿਚ ਹਨ। ਸਾਰੇ ਲੋਕ ਜਾ ਕੇ ਉਨ੍ਹਾਂ ਦੇ ਪ੍ਰਤੱਖ ਦਰਸ਼ਨ ਕਰਦੇ ਹਨ। ਇਸ ਪ੍ਰਕਾਰ ਸਤਿਗੁਰੂ ਜੀ ਉਥੇ ਰਹੇ, ਬ੍ਰਾਹਮਣ ਉਤੇ ਬਹੁਤ ਅਨੰਦ ਪ੍ਰਸੰਨ ਹੋਏ॥੨੫॥

**ਕਰੀ ਬਿੱਪ੍ਰ ਪਰ ਖੁਸ਼ੀ ਬਿਸਾਲਾ। ਹਲਤ ਪਲਤ ਮਹਿਂ ਰਹਜੋ ਸੁਖਾਲਾ।**
**ਸ੍ਰੀ ਗੁਰ ਕਰਜੋ ਕੂਚ ਨਿਜ ਡੇਰਾ। ਨਿਕਟ ਦਮਦਮੇ ਮੌੜ ਬਡੇਰਾ॥ ੨੬॥**

ਬ੍ਰਾਹਮਣ ਉਤੇ ਉਨ੍ਹਾਂ ਬਹੁਤ ਖੁਸ਼ੀ ਕੀਤੀ, ਲੋਕ ਪਰਲੋਕ ਵਿਚ ਅਨੰਦ ਸਹਿਤ ਰਿਹਾ। ਗੁਰੂ ਜੀ ਨੇ ਫਿਰ ਉਥੋਂ ਡੇਰਾ ਕੂਚ ਕੀਤਾ। ਦਮਦਮੇ ਨੇੜੇ ਇਕ ਵੱਡਾ ਮੌੜ ਪਿੰਡ ਸੀ॥੨੬॥

**ਤਿਸੀ ਗ੍ਰਾਮ ਕਹੁ ਪਹੁਚੇ ਜਾਈ। ਉਤਰਜੋ ਚਹਤਿ ਦੇਖਿ ਸ਼ੁਭ ਥਾਈਂ।**
**ਇਕ ਥਲ ਕੰਟਕ ਕੀ ਬਡ ਬਾਰ। ਥਾਰਾ ਕਰਜੋ ਹੁਤੋ ਇਕਸਾਰ॥ ੨੭॥**

ਗੁਰੂ ਜੀ ਉਸ ਪਿੰਡ ਪਹੁੰਚ ਗਏ, ਉਸ ਸ਼ੁਭ ਥਾਂ ਨੂੰ ਵੇਖ ਕੇ ਗੁਰੂ ਜੀ ਉਤਾਰਾ ਕਰਨਾ ਚਾਹੁੰਦੇ ਸਨ। ਇਕ ਥਾਂ ਕੰਡਿਆਂ ਦੀ ਵਾੜ ਨਾਲ ਇਕਸਾਰ ਵਾੜਾ ਵਲ੍ਹਿਆ ਹੋਇਆ ਸੀ॥੨੭॥

**ਤਹਿਂ ਕੇ ਕੰਟਕ ਕੁਛ ਹਟਵਾਏ। ਡੇਰੇ ਸਹਿਤ ਗੁਰੂ ਪ੍ਰਵਿਸ਼ਾਏ।**
**ਉਤਰਨਿ ਲਗੇ ਤਬਹਿ ਨਰ ਆਇ। ਬਰਜਤਿ ਭਏ 'ਨ ਸ਼ੁਭ ਇਹ ਥਾਇਂ॥੨੮॥**

ਉਥੇ ਇਕ ਥਾਂ ਤੋਂ ਕੁਝ ਕੰਡੇ ਹਟਵਾਏ ਤੇ ਡੇਰੇ ਸਹਿਤ ਗੁਰੂ ਜੀ ਵਿਚ ਪ੍ਰਵੇਸ਼ ਕਰ ਗਏ। ਜਦ ਗੁਰੂ ਜੀ ਵਾਹਣਾਂ ਤੋਂ ਉਤਰਨ ਲੱਗੇ ਤਦ ਪਿੰਡ ਦੇ ਕੁਝ ਲੋਕ ਆਏ ਤੇ ਉਨ੍ਹਾਂ ਨੇ ਗੁਰੂ ਜੀ ਨੂੰ ਉਤਾਰਾ ਕਰਨ ਤੋਂ ਰੋਕਿਆ ਕਿ "ਇਹ ਸੁਭ ਥਾਂ ਨਹੀਂ ਹੈ॥੨੮॥

**ਜੰਡ ਖਰੋ ਇਸ ਮਹਿਂ ਜੋ ਭਾਰਾ। ਕਾਂਡ ਪੱਤ੍ਰ ਜੁਤਿ ਲਹਿ ਬਿਸਤਾਰਾ।**
**ਬਸਹਿ ਪਿਸ਼ਾਚ ਇਸੀ ਮੈਂ ਕਬਿ ਕੋ। ਗ੍ਰਾਮ ਬਿਖੈ ਦੀਨਸਿ ਭੈ ਸਭਿ ਕੋ॥੨੯॥**

ਇਸ ਵਾੜੇ ਵਿਚ ਜਿਹੜਾ ਭਾਰਾ ਜੰਡ ਦਾ ਦਰੱਖਤ ਹੈ, ਟਹਿਣੀਆਂ ਅਤੇ ਪੱਤਿਆਂ ਸਹਿਤ ਜਿਸ ਦਾ ਬਹੁਤ ਵਿਸਤਾਰ ਹੋਇਆ ਹੈ, ਕਾਫੀ ਸਮੇਂ ਤੋਂ ਇਸ ਵਿਚ ਇਕ ਪਿਸ਼ਾਚ ਵੱਸਦਾ ਹੈ, ਉਹ ਪਿੰਡ ਵਿਚ ਸਾਰਿਆਂ ਨੂੰ ਭੈ ਦਿੰਦਾ ਹੈ॥੨੯॥

ਤੁਮ ਭੀ ਨਹਿਂ ਉਤਰਹੁ ਇਸ ਥਾਨ। ਘਾਤ ਪਾਇ ਕਰਿ ਹਾਨਹਿ ਪ੍ਰਾਨ।
ਪਿਖਹਿ ਅਵੱਗਜਾ ਜਿਸ ਮਹਿਂ ਕਬਿਹੂੰ। ਕਰਤਾ ਤਿਸਹਿ ਬਿਨਾਸ਼ਨਿ ਤਬਿਹੂੰ॥੩੦॥

ਤੁਸੀਂ ਵੀ ਇਸ ਥਾਂ ਉਤਾਰਾ ਨਾ ਕਰੋ, ਉਹ ਪਿਸ਼ਾਚ ਮੌਕਾ ਪਾ ਕੇ ਤੁਹਾਡੇ ਪ੍ਰਾਣਾਂ ਦਾ ਨਾਸ਼ ਕਰ ਦੇਵੇਗਾ। ਜਿਸ ਮਨੁੱਖ ਪਾਸੋਂ ਆਪਣੀ ਅਵੱਗਿਆ ਹੋਈ ਵੇਖਦਾ ਹੈ, ਉਸ ਦਾ ਉਸੇ ਵੇਲੇ ਨਾਸ਼ ਕਰ ਦਿੰਦਾ ਹੈ॥੩੦॥

ਹਮ ਪੂਜਤਿ ਭੈ ਜੁਤਿ ਨਿਤ ਰਹੈਂ। ਇਸ ਕਾਰਨ ਤੇ ਤੁਮ ਕੋ ਕਹੈਂ।
ਵਹਿਰ ਕਰਹੁ ਕਿਤ ਡੇਰਾ ਜਾਇ। ਸੁਖ ਸੋਂ ਬਸਹੁ ਨਿਸਾ ਕੋ ਪਾਇ॥ ੩੧॥

ਅਸੀਂ ਸਾਰੇ ਮਿਲ ਕੇ ਨਿਤ ਪੂਜਦੇ ਰਹਿੰਦੇ ਹਾਂ, ਇਸ ਕਰਕੇ ਤੁਹਾਨੂੰ ਕਹਿੰਦੇ ਹਾਂ, ਕਿਤੇ ਬਾਹਰ ਜਾ ਕੇ ਡੇਰਾ ਲਾਵੋ, ਰਾਤ ਪੈਣ ਤੇ ਸੁਖ ਨਾਲ ਵੱਸੋ॥੩੧॥

ਤੁਮ ਕੋ ਸੁਧਿ ਹਮ ਦਈ ਬਤਾਇ। ਹੋਇ ਨ ਅਸ ਪੀਛੇ ਪਛੁਤਾਇ'।
ਸੁਨਿ ਸਤਿਗੁਰ ਨੇ ਤਿਨ ਸੋਂ ਕਹਯੋ। 'ਅਬਿ ਲੌ ਇਹਾਂ ਪਿਸ਼ਾਚ ਜੁ ਰਹਯੋ॥੩੨॥

ਤੁਹਾਨੂੰ ਖਬਰ ਦੱਸ ਦਿੱਤੀ ਹੈ, ਐਸਾ ਨਾ ਹੋਵੇ ਕਿ ਪਿਛੋਂ ਪਛਤਾਵੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ, "ਹੁਣ ਤਕ ਜਿਹੜਾ ਪਿਸ਼ਾਚ ਏਥੇ ਰਿਹਾ ਹੈ॥੩੨॥

ਆਗੈ ਨਹੀਂ ਰਹੈ ਇਸ ਥਾਨ। ਨਿਕਸਿ ਜਾਇਗੋ ਬਿਹਰਹਿ ਆਨ।
ਬਸਹਿਂ ਦੇਵਤਾ ਇਸ ਥਲ ਆਇ। ਜਿਸ ਤੇ ਤੁਮ ਸਗਰੇ ਸੁਖ ਪਾਇ' ॥ ੩੩॥

ਅੱਗੇ ਨੂੰ ਏਥੇ ਨਹੀਂ ਰਹੇਗਾ, ਬਾਹਰ ਨਿਕਲ ਕੇ ਕਿਸੇ ਹੋਰ ਥਾਂ ਵਿਚਰੇਗਾ। ਇਸ ਥਾਂ ਆ ਕੇ ਦੇਵਤੇ ਵੱਸਣਗੇ ਜਿਸ ਕਰਕੇ ਤੁਸੀਂ ਸਾਰੇ ਸੁੱਖ ਪਾਉਗੇ" ॥੩੩॥

ਤਬਿ ਡੇਰਾ ਸਤਿਗੁਰੂ ਜਮਾਯੋ। ਭਈ ਜਾਮਨੀ ਦੇਵ ਸੁ ਆਯੋ।
ਹਾਥ ਜੋਰਿ ਕੈ ਬਿਨਤੀ ਠਾਨੀ। 'ਤੁਮ ਸਮਰੱਥ ਸਗਲ ਗੁਨ ਖਾਨੀ॥ ੩੪॥

ਤਦ ਸਤਿਗੁਰੂ ਜੀ ਨੇ ਉਥੇ ਡੇਰਾ ਜਮਾਇਆ, ਜਦ ਰਾਤ ਪਈ ਤਾਂ ਉਹ ਦੈਂਤ ਆਇਆ। ਹੱਥ ਜੋੜ ਕੇ ਉਸ ਬੇਨਤੀ ਕੀਤੀ, "ਤੁਸੀਂ ਸਾਰੇ ਗੁਣਾਂ ਦੀ ਖਾਣ, ਹਰ ਤਰ੍ਹਾਂ ਸਮਰੱਥ ਹੋ॥੩੪॥

ਦੋਹਰਾ- ਪੂਰਬ ਹਮ ਇਕਠੇ ਸਕਲ ਬਸਤੇ ਗੋਇੰਦਵਾਲ।
ਗੁਰੂ ਅੰਗਦ ਸ੍ਰੀ ਅਮਰ ਕੋ ਕਹਿਤ ਭਏ ਹਿਤ ਨਾਲ॥ ੩੫॥

ਪਹਿਲਾਂ ਅਸੀਂ ਸਾਰੇ ਇਕੱਠੇ ਹੋ ਕੇ ਗੋਇੰਦਵਾਲ ਵਿਚ ਵੱਸਦੇ ਸੀ। ਗੁਰੂ ਅੰਗਦ ਦੇਵ ਜੀ, ਸ੍ਰੀ ਅਮਰਦਾਸ ਜੀ ਨੂੰ ਹਿਤ ਨਾਲ ਕਹਿਣ ਲੱਗੇ॥੩੫॥

ਚੌਪਈ- ਗੋਇੰਦਵਾਲ ਥੇਹੁ ਜੋ ਪਰਜੋ। ਉਜਰਯੋ ਧਰਮ ਝੂਠ ਥੋ ਕਰਯੋ।
ਅਬਿ ਤੁਮ ਜਾਇ ਬਸਾਵਨਿ ਕਰੀਅਹਿ। ਹਮਰੇ ਕਰ ਕੀ ਛਟੀ ਸੁ ਧਰੀਅਹਿ॥੩੬॥

ਗੋਇੰਦਵਾਲ ਜਿਹੜਾ ਥੇਹੁ ਪਿਆ ਹੈ, ਉਹ ਗੋਇੰਦੇ ਨੇ ਝੂਠਾ ਕਰਮ ਕੀਤਾ ਸੀ, ਇਸ ਲਈ ਸਾਰਾ ਉਜੜ ਗਿਆ ਹੈ ਹੁਣ ਤੁਸੀਂ ਜਾ ਕੇ ਉਸ ਥਾਂ ਨੂੰ ਵਸਾਵੋ, ਸਾਡੇ ਹੱਥਾਂ ਦੀ ਇਹ ਛਟੀ ਹੱਥ ਵਿਚ ਧਾਰਨ ਕਰ ਲਵੋ॥੩੬॥

ਭੂਤ ਪ੍ਰੇਤ ਕੋ ਲਾਖਹੁਂ ਦਲ ਹੈ। ਦੇਖਿ ਛਟੀ ਭਾਜਹਿ ਤਜਿ ਚਲਿ ਹੈਂ।
ਹੁਕਮ ਮਾਨਿ ਸ੍ਰੀ ਅਮਰ ਸੁ ਆਏ। ਹਮ ਸਭਿਹਨਿ ਕੋ ਦੀਨਿ ਪਲਾਏ॥੩੭॥

ਭੂਤ ਪ੍ਰੇਤਾਂ ਦਾ ਉਥੇ ਲੱਖਾਂ ਦਾ ਦਲ ਰਹਿੰਦਾ ਹੈ, ਫਟੀ ਵੇਖ ਕੇ ਭੱਜ ਜਾਣਗੇ ਤੇ ਉਹ ਥਾਂ ਛੱਡ ਕੇ ਚਲੇ ਜਾਣਗੇ। ਗੁਰੂ ਅੰਗਦ ਦੇਵ ਜੀ ਦਾ ਹੁਕਮ ਮੰਨ ਕੇ, ਓਥੇ ਸ੍ਰੀ ਅਮਰਦਾਸ ਜੀ ਆਏ ਤੇ ਸਾਨੂੰ ਸਾਰਿਆਂ ਨੂੰ ਭਜਾ ਦਿੱਤਾ॥੩੭॥

ਜੰਗਲ ਦੇਸ਼ ਇਤਹਿ ਸਭਿ ਆਏ। ਆਦਿ ਬਠਿੰਡੇ ਬਸਿ ਸੁਖ ਪਾਏ।
ਅਵਨਿ ਭਾ ਇਸ ਦੇਸ਼ ਤੁਮਾਰੋ। ਹਮ ਕੋ ਦੁਖਦ ਸੁ ਡਰ ਉਰ ਧਾਰੋ॥ ੩੮॥

ਮਾਲਵੇ ਦੇਸ਼ ਵਿਚ ਏਧਰ ਸਭ ਆ ਗਏ, ਕਈਆਂ ਨੇ ਬਠਿੰਡੇ ਆਦਿ ਵੱਸ ਕੇ ਸੁਖ ਪਾਇਆ। ਹੁਣ ਤੁਹਾਡਾ ਇਸ ਦੇਸ਼ ਵਿਚ ਆਉਣਾ ਹੋਇਆ ਹੈ। ਸਾਡੇ ਵਾਸਤੇ ਇਹ ਗੱਲ ਬੜੀ ਦੁਖਦਾਈ ਹੈ, ਮੈਂ ਦਿਲ ਵਿਚ ਬਹੁਤ ਡਰ ਧਾਰਨ ਕੀਤਾ ਹੈ॥੩੮॥

ਕਹਾਂ ਬਾਸ ਹਮ ਕਰਿ ਹੈਂ ਜਾਏ। ਕ੍ਰਿਪਾ ਧਾਰਿ ਦਿਹੁ ਦੇਸ਼ ਬਤਾਏ'।
ਸ੍ਰੀ ਗੁਰ ਕਹਯੋ 'ਆਇ ਇਕ ਕਾਲ। ਬਿਤਹਿਂ ਬਰਖ ਕੇਤਿਕ ਇਸ ਢਾਲ॥੩੯॥

ਅਸੀਂ ਹੁਣ ਕਿਥੇ ਜਾ ਕੇ ਵਸੀਏ, ਕਿਰਪਾ ਕਰਕੇ ਸਾਨੂੰ ਉਹ ਦੇਸ਼ ਦੱਸ ਦੇਵੋ।" ਸ੍ਰੀ ਗੁਰੂ ਜੀ ਨੇ ਕਿਹਾ, "ਇਕ ਸਮਾਂ ਆਵੇਗਾ, ਇਸ ਤਰ੍ਹਾਂ ਕਈ ਸਾਲ ਬੀਤ ਜਾਣਗੇ॥੩੯॥

ਏਕ ਪੁਰਖ ਆਵਹਿ ਇਸ ਦੇਸ਼। ਜਾਇ ਬਠਿੰਡੇ ਕਰਹਿ ਪ੍ਰਵੇਸ਼।
ਤਹਿਂ ਤੇ ਦੇਵ ਨਿਕਾਸਹਿ ਸੋਇ। ਬਸਿਬੇ ਦੇਸ਼ ਦੇਇ ਜਬਿ ਹੋਇ' ॥ ੪੦॥

ਇਕ ਪੁਰਖ ਇਸ ਦੇਸ਼ ਆਵੇਗਾ, ਉਹ ਬਠਿੰਡੇ ਵਿਚ ਜਾ ਕੇ ਪ੍ਰਵੇਸ਼ ਕਰੇਗਾ, ਉਹ ਉਥੋਂ ਸਾਰੇ ਦੈਂਤਾਂ ਨੂੰ ਕੱਢੇਗਾ, ਜਦੋਂ ਉਹ ਹੋਵੇਗਾ ਤੁਹਾਡੇ ਵੱਸਣ ਵਾਸਤੇ ਦੇਸ਼ ਦੇਵੇਗਾ"॥੪੦॥

ਇਮ ਸੁਨਿ ਨਮਸਕਾਰ ਕਰਿ ਗਯੋ। ਸ਼੍ਰੀ ਗੁਰ ਸੇਜ ਸੋਇ ਸੁਖ ਲਹਯੋ।
ਸੁਪਤਿ ਜਥਾ ਸੁਖ ਨਿਸਾ ਬਿਤਾਈ। ਪੁਨ ਤਮ ਨਸਯੋ ਪ੍ਰਾਤਿ ਹੁਇ ਆਈ॥੪੧॥

ਇਹ ਸੁਣ ਨਮਸਕਾਰ ਕਰ ਕੇ ਚਲੇ ਗਿਆ, ਸ੍ਰੀ ਗੁਰੂ ਜੀ ਨੇ ਪਲੰਘ ਤੇ ਸੌਂ ਕੇ ਸੁੱਖ ਪ੍ਰਾਪਤ ਕੀਤਾ। ਆਰਾਮ ਨਾਲ ਸੌਂ ਕੇ ਰਾਤ ਬਤੀਤ ਕੀਤੀ, ਫਿਰ ਹਨੇਰਾ ਦੂਰ ਹੋਇਆ ਤੇ ਸਵੇਰ ਹੋ ਗਈ॥੪੧॥

*ਗਿਆਰ੍ਹਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥*

## ਅਧਿਆਇ ਉਣਤਾਲੀਵਾਂ

*ਦੇਸ ਰਾਜ ਦਾ ਅੰਤ*

*ਦੋਹਰਾ*– ਕਿਤਿਕ ਦਿਵਸ ਤਿਸ ਗ੍ਰਾਮ ਮਹਿਂ ਬਸੇ ਗੁਰੂ ਮਹਾਰਾਜ।
ਸੰਗਤਿ ਦੇਖਿ ਨਿਹਾਲ ਹੁਇ ਸਿੱਖਨਿ ਸੁਧਰੇ ਕਾਜ॥ ੧॥

ਗੁਰੂ ਮਹਾਰਾਜ ਜੀ ਕਈ ਦਿਨ ਉਸ ਪਿੰਡ ਵਿਚ ਠਹਿਰੇ। ਸੰਗਤ ਵੇਖ ਕੇ ਨਿਹਾਲ ਹੋਈ ਤੇ ਸਿੱਖਾਂ ਦੇ ਕਾਰਜ ਸੁਧਰ ਗਏ॥੧॥

*ਚੌਪਈ*– ਚਲਦਲ ਲਗਯੋ ਜੰਡ ਤਿਸ ਮਾਂਹੀ। ਸਤਿਗੁਰ ਬਾਕ ਨਿਫਲ ਕਿਮ ਜਾਹੀਂ।
ਭਯੋ ਦੇਵਤਾ ਕੋ ਤਹਿਂ ਬਾਸ। ਜੋ ਸਭਿ ਕੋ ਸੁਖ ਦੇਤਿ ਪ੍ਰਕਾਸ਼॥ ੨॥

ਉਸ ਜੰਡ ਦੇ ਰੁੱਖ ਵਿਚ ਪਿੱਪਲ ਦਾ ਰੁੱਖ ਉੱਗ ਪਿਆ, ਸਤਿਗੁਰੂ ਜੀ ਦਾ ਬਚਨ ਨਿਸਫਲ ਕਿਵੇਂ ਜਾ ਸਕਦਾ ਸੀ। ਪਿੱਪਲ ਦਾ ਦਰੱਖਤ ਉਗਣ ਕਰਕੇ ਉਥੇ ਦੇਵਤਾ ਦਾ ਵਾਸਾ ਹੋ ਗਿਆ, ਛਾਇਆ ਰੂਪੀ ਪ੍ਰਤੱਖ ਸੁਖ ਦੇਣ ਕਰਕੇ ਪਿੱਪਲ ਦੇਵਤਾ ਹੈ॥ ੨॥

ਸੁਠ ਪ੍ਰਯੰਕ ਇਕ ਦਜੋਸ ਡਸਾਯੋ। ਉੱਜਲ ਆਸਤਰਨ ਸੌਂ ਛਾਯੋ।
ਤਿਸ ਪਰ ਬੈਠੇ ਗੁਰੁ ਮਹਾਂਰਾਜ। ਦਰਸ਼ਨ ਦੇਤਿ ਗ਼ਰੀਬ ਨਿਵਾਜ॥ ੩॥

ਇਕ ਦਿਨ ਗੁਰੂ ਜੀ ਨੇ ਇਕ ਸੁੰਦਰ ਪਲੰਘ ਡਹਾਇਆ, ਉਸ ਉਤੇ ਸੁੰਦਰ ਬਿਸਤਰੇ ਵਿਛਾਏ ਗਏ। ਉਸ ਉਤੇ ਗੁਰੂ ਮਹਾਰਾਜ ਜੀ ਬੈਠ ਗਏ। ਗਰੀਬ ਨਿਵਾਜ਼ ਸੰਗਤਾਂ ਨੂੰ ਦਰਸ਼ਨ ਦੇ ਰਹੇ ਸਨ॥੩॥

ਅਪਰ ਪੰਚਾਇਤ ਗੁਰ ਢਿਗ ਆਇ। ਕੰਬਲ ਪਰ ਬੈਠੇ ਸਮੁਦਾਇ।
ਦਰਸ਼ਨ ਕਰਹਿਂ ਹੋਇ ਅਰਦਾਸ। ਅਰਪਹਿਂ ਬ੍ਰਿੰਦ ਉਪਾਇਨ ਪਾਸ॥ ੪॥

ਹੋਰ ਪੰਚਾਇਤ ਵੀ ਗੁਰੂ ਜੀ ਪਾਸ ਆਈ, ਸਾਰੇ ਆ ਕੇ ਕੰਬਲਾਂ ਉਤੇ ਬੈਠ ਗਏ, ਦਰਸ਼ਨ ਕਰਦੇ ਸਨ ਤੇ ਅਰਦਾਸ ਹੁੰਦੀ ਸੀ, ਬਹੁਤ ਉਪਹਾਰ ਅਰਪਣ ਕਰਦੇ ਸਨ॥੪॥

ਉਤ ਦੇਸੁ ਦੀ ਸੁਨਹੁਂ ਕਹਾਨੀ। ਜਜੋਂ ਕੀਨਸਿ ਨਿਜ ਸ਼ਰਧਾ ਹਾਨੀ।
ਹੇਤੁ ਪਰਖਿਬੇ ਨਿਸ਼ਚਾ ਤਾਂਹਿ। ਕੁਛ ਸੰਕਟ ਹੋਯਹੁ ਤਨ ਮਾਂਹਿ॥ ੫॥

ਉਧਰ ਦੇਸੂ (ਦੇਸ ਰਾਜ) ਦੀ ਵੀ ਕਹਾਣੀ ਸੁਣੋ, ਜਿਵੇਂ ਉਸ ਨੇ ਆਪਣੀ ਸ਼ਰਧਾ ਗਵਾ ਲਈ। ਉਸ ਦਾ ਨਿਸ਼ਚਾ ਪਰਖਣ ਵਾਸਤੇ, ਉਸ ਦੇ ਸਰੀਰ ਵਿਚ ਕੋਈ ਸੰਕਟ ਉਤਪੰਨ ਹੋਇਆ॥੫॥

ਕਿਤਿਕ ਦਿਵਸ ਗੁਰ ਪਾਛੇ ਭਯੋ। ਕਸ਼ਟ ਸੰਗ ਤਨ ਕੋ ਤਪਤਯੋ।
ਧਾਇ ਨਾਮ ਤਿਸ ਇਸਤ੍ਰੀ ਕੇਰਾ। ਬੇਮੁਖ ਸਰਵਰ ਤੇ ਪਤਿ ਹੇਰਾ॥ ੬॥

ਗੁਰੂ ਜੀ ਦੇ ਆਉਣ ਤੋਂ ਕਈ ਦਿਨਾਂ ਬਾਅਦ ਹੋਇਆ, ਕਸ਼ਟ ਨਾਲ ਸਰੀਰ ਬਹੁਤ ਤਪ ਗਿਆ। ਉਸ ਦੀ ਪਤਨੀ ਦਾ ਨਾਮ 'ਧਾਇ' ਸੀ। ਉਸ ਆਪਣੇ ਪਤੀ ਨੂੰ 'ਸਰਵਰ' ਤੋਂ ਬੇਮੁੱਖ ਵੇਖਿਆ॥੬॥

ਭਈ ਕ੍ਰੋਧ ਸੌਂ ਤਾੜਯੋ ਕੰਤ। 'ਤੈਂ ਕਿਸ ਤੇ ਸੀਖਯੋ ਅਸ ਮੰਤ?।
ਬਡੇ ਤੁਮਾਰੇ ਮਾਨਹਿਂ ਜਾਂਹੂ। ਦੂਧ ਪੂਤ ਜੋ ਦੇ ਘਰ ਮਾਂਹੂ॥ ੭॥

ਬੜੇ ਕ੍ਰੋਧ ਵਿਚ ਆ ਕੇ ਉਸ ਆਪਣੇ ਪਤੀ ਨੂੰ ਤਾੜਨਾ ਕੀਤੀ, "ਤੂੰ ਅਜਿਹਾ ਮੰਤਰ ਕਿਥੋਂ ਸਿੱਖਿਆ ਹੈ ? ਤੇਰੇ ਵਡੇਰੇ ਜਿਸ ਨੂੰ ਮੰਨਦੇ ਸਨ, ਜਿਹੜਾ ਦੁੱਧ ਪੁੱਤ ਘਰ ਵਿਚ ਦਿੰਦਾ ਸੀ॥੭॥

ਦੇਤਿ ਮੁਰਾਦ ਹਜ਼ਾਰਨਿ ਜੋਇ। ਤੈਂ ਕੈਸੇ ਕਰਿ ਤਜਾਰਯੋ ਸੋਇ?
ਖੂੰਡੀ ਗਰ ਤੇ ਗੇਰਨਿ ਕੀਨਿ। ਕਿਸ ਦੰਭੀ ਤੇ ਇਹ ਸਰ ਲੀਨਿ॥ ੮॥

ਜਿਹੜਾ ਹਜ਼ਾਰਾਂ ਮੁਰਾਦਾਂ ਦਿੰਦਾ ਸੀ, ਉਸ ਨੂੰ ਕਿਵੇਂ ਤਿਆਗ ਦਿੱਤਾ ਹੈ ? ਗਲ ਵਿਚੋਂ ਖੂੰਡੀ ਡੇਗ ਦਿੱਤੀ ਹੈ, ਕਿਸ ਪਖੰਡੀ ਪਾਸੋਂ ਇਹ ਸਲਾਹ ਲਈ ਹੈ॥੮॥

ਯਾਂਤੇ ਕਸ਼ਟ ਤੋਹਿ ਕਉ ਹੋਵਾ। ਨਿਜ ਮੰਨਤ ਪਰ ਨਹੀਂ ਖਰੋਵਾ।
ਇੱਤਜਾਦਿਕ ਕਹਿ ਬਾਕ ਘਨੇਰੇ। ਸਰਵਰ ਮੰਨਤ ਪਰ ਪਤਿ ਪ੍ਰੇਰੇ॥ ੯॥

ਇਸ ਕਰਕੇ ਤੈਨੂੰ ਏਨਾ ਕਸ਼ਟ ਹੋਇਆ ਹੈ, ਆਪਣੇ ਮਨੌਤ ਉਤੇ ਖੜਾ ਨਹੀਂ ਹੋਇਆ ਹੈਂ।" ਇਸ ਤਰ੍ਹਾਂ ਬਹੁਤ ਗੱਲਾਂ ਕਰਕੇ ਸਖੀ ਸਰਵਰ ਦੀ ਮਨੌਤ ਵਾਸਤੇ ਆਪਣੇ ਪਤੀ ਨੂੰ ਪ੍ਰੇਰਿਆ॥੯॥

ਦੋਇ ਦਿਵਸ ਨਹਿਂ ਮਾਨਜੋ ਦੇਸੂ। ਕਹਿ ਸਮੁਝਾਵਨਿ ਕੀਨਿ ਵਿਸ਼ੇਸ਼ੂ।
ਦਿਵਸ ਤੀਸਰੇ ਮਹਿਂ ਮਨਵਾਵਾ। ਤ੍ਰਾਸ ਕਸ਼ਟ ਕੋ ਬਹੁਤ ਬਤਾਵਾ॥ ੧੦॥

ਦੋ ਦਿਨ ਦੇਸੂ ਨਾ ਮੰਨਿਆ ਤੇ ਕਹਿ ਕੇ ਵਿਸ਼ੇਸ਼ ਤੌਰ ਤੇ ਸਮਝਾਇਆ। ਤੀਸਰੇ ਦਿਨ ਉਸ ਦੀ ਪਤਨੀ ਨੇ ਮੰਨਵਾ ਲਿਆ, ਡਰ ਅਤੇ ਕਸ਼ਟ ਬਾਰੇ ਬਹੁਤ ਕੁਝ ਦੱਸਿਆ॥੧੦॥

ਕਹੇ ਭਾਰਜਾ ਕੇ ਮਤਿ ਅੰਧੇ। ਸਰਵਰ ਕੀ ਖੁੰਡੀ ਗਰ ਬੰਧੇ।
ਬੋਲਿ ਭਿਰਾਈ ਰੋਟ ਪਕਾਯੋ। ਹਾਥ ਜੋਰਿ ਕਰਿ ਬਹੁ ਘਿਘਿਆਯੋ॥ ੧੧॥

ਅੰਨ੍ਹੀ ਮੱਤ ਵਾਲੇ ਨੇ ਆਪਣੀ ਪਤਨੀ ਦੇ ਕਹਿਣ 'ਤੇ ਸਖੀ ਸਰਵਰ ਦੀ ਖੁੰਡੀ ਆਪਣੇ ਗਲ ਨਾਲ ਬੰਨ੍ਹ ਲਈ। ਆਪਣੀ ਪਤਨੀ ਨੂੰ ਕਹਿ ਕੇ ਰੋਟ ਪਕਾਇਆ, ਹੱਥ ਜੋੜ ਕੇ ਸਰਵਰ ਦੇ ਸਥਾਨ ਤੇ ਜਾ ਕੇ ਬਹੁਤ ਤਰਲੇ ਕੀਤੇ॥੧੧॥

ਕਰਿ ਛਲ ਤੀਰ ਧਾਇ ਲੇ ਲੀਨੇ। ਬਹੁਤ ਖੰਡ ਤਿਹ ਤੋਰਨਿ ਕੀਨੇ।
ਕਰੀ ਅਵੱਗਜਾ ਸਤਿਗੁਰ ਜਾਨੀ। ਬੈਠੇ 'ਮੌੜਾ' ਗ੍ਰਾਮ ਇਸਥਾਨੀ॥ ੧੨॥

ਛੱਲ ਕਰਕੇ ਧਾਇ ਨਾਮੀ ਉਸ ਦੀ ਪਤਨੀ ਨੇ ਉਸ ਦੇ ਪੰਜੇ ਤੀਰ ਲੈ ਲਏ ਤੇ ਬਹੁਤ ਟੁਕੜੇ ਕਰਕੇ ਤੋੜ ਦਿੱਤੇ। ਦੇਸੂ ਨੇ ਅਵੱਗਿਆ ਕੀਤੀ ਸਤਿਗੁਰੂ ਨੇ ਜਾਣ ਲਿਆ, ਉਸ ਸਮੇਂ 'ਮੌੜਾ' ਪਿੰਡ ਵਾਲੇ ਇਸਥਾਨ ਤੇ ਬੈਠੇ ਸਨ॥੧੨॥

ਪੰਚਾਇਤ ਸੋਂ ਬਚਨ ਉਚਾਰੇ। 'ਗਜ਼ਬ ਕਰਜੋ ਦੇਸੂ ਮਤਿਮਾਰੇ।
ਪੰਚ ਬੀਰ ਤੀਰਨਿ ਮਹਿਂ ਥਾਪੇ। ਸੋ ਲੇ ਕਰਿ ਨਹਿਂ ਰਾਖੇ ਆਪੇ॥ ੧੩॥

ਪੰਚਾਇਤ ਵਿਚ ਗੁਰੂ ਜੀ ਨੇ ਬਚਨ ਉਚਾਰਨ ਕੀਤੇ, "ਮੂਰਖ ਦੇਸੂ ਨੇ ਗਜ਼ਬ ਕਰ ਦਿੱਤਾ ਹੈ। ਪੰਜ ਬੀਰ ਮੈਂ ਤੀਰਾਂ ਵਿਚ ਸਥਾਪਤ ਕੀਤੇ ਸੀ, ਉਹ ਲੈ ਕੇ ਆਪਣੇ ਪਾਸ ਨਹੀਂ ਰੱਖੇ ਹਨ॥੧੩॥

ਨਿਜ ਦਾਰਾ ਕਹੁ ਦੇ ਤੁਰਵਾਏ। ਅਬਿ ਲੌ ਤਿਹ ਫਲ ਦੁਖ ਨਹਿਂ ਪਾਏ।
ਸ਼ੰਕਮਾਨ ਹਮ ਤੇ ਹੁਇ ਬੀਰ। ਤਜਿ ਤੀਰਨਿ ਆਏ ਹਮ ਤੀਰ'॥ ੧੪॥

ਆਪਣੀ ਇਸਤਰੀ ਨੂੰ ਦੇ ਕੇ ਤੁੜਵਾ ਦਿੱਤੇ ਹਨ, ਹੁਣ ਤਕ ਉਸ ਨੇ ਇਸ ਦੇ ਫਲ ਵਜੋਂ ਦੁੱਖ ਨਹੀਂ ਪਾਇਆ ਹੈ। ਬੀਰ ਸਾਥੋਂ ਡਰ ਕੇ, ਤੀਰਾਂ ਨੂੰ ਛੱਡ ਕੇ ਸਾਡੇ ਪਾਸ ਆ ਗਏ ਹਨ'॥੧੪॥

ਤਿਸ ਪੰਚਾਇਤ ਮਹਿਂ ਨਰ ਕੋਈ। ਸਨਬੰਧੀ ਦੇਸੂ ਕੇ ਤੋਈ।
ਖਰੇ ਭਏ ਕਰ ਜੋਰਿ ਅਗਾਰੀ। 'ਸ੍ਰੀ ਗੁਰ! ਛਿਮਾਂ ਕਰਹੁ ਇਸ ਬਾਰੀ॥ ੧੫॥

ਉਸ ਪੰਚਾਇਤ ਵਿਚ ਕੋਈ ਮਨੁੱਖ ਸੀ, ਜਿਹੜਾ ਕਿ ਦੇਸੂ ਦਾ ਸੰਬੰਧੀ ਸੀ। ਉਹ ਹੱਥ ਜੋੜ ਕੇ ਗੁਰੂ ਜੀ ਅੱਗੇ ਖੜਾ ਹੋ ਗਿਆ, "ਹੇ ਗੁਰੂ ਜੀ! ਇਸ ਵਾਰ ਖਿਮਾਂ ਕਰੋ॥੧੫॥

ਹਮ ਜੌ ਲੌ ਸਮੁਝਾਵਨਿ ਜਾਇਂ। ਸ਼ਰਨ ਆਪ ਕੀ ਪਰੈ ਸੁ ਆਇ।
ਧੀਰਜ ਧਰਮ ਧਾਮ ਤੁਮ ਅਹੋ। ਤਤਛਿਨ ਕਰਹੁ ਆਪ ਜਿਮ ਚਹੋ'॥ ੧੬॥

ਅਸੀਂ ਜਦੋਂ ਤਕ ਸਮਝਾਉਣ ਜਾਂਦੇ ਹਾਂ, ਉਹ ਆਪ ਦੀ ਸ਼ਰਨ ਆ ਪਵੇਗਾ, ਤੁਸੀਂ ਧੀਰਜ ਅਤੇ ਧਰਮ ਦਾ ਘਰ ਹੋ ਜਿਵੇਂ ਵੀ ਚਾਹੁੰਦੇ ਹੋ, ਤੁਰਤ ਕਰ ਲੈਂਦੇ ਹੋ'॥੧੬॥

ਬਿਨੈ ਬਾਕ ਇੱਤਜਾਦਿਕ ਕਹਿਕੈ। ਗਮਨੇ ਭਿੱਖੀ ਕਹੁ ਚਿਤ ਚਹਿਕੈ।
ਮਿਲੇ ਆਇ ਕਰਿ ਬਾਤ ਜਨਾਏ। 'ਕਜੋਂ ਗੁਰ ਕੇ ਤੁਮ ਤੀਰ ਤੁਰਾਏ'॥ ੧੭॥

ਬੇਨਤੀਆਂ ਦੇ ਸ਼ਬਦ ਇਤਿਆਦਿ ਕਹਿ ਕੇ, ਤੇ ਉਹ ਚਿੱਤ ਵਿਚ ਚਾਹ ਕੇ ਭਿੱਖੀ ਪਿੰਡ ਵਲ ਚਲ ਪਏ। ਦੇਸੂ ਨੂੰ ਆ ਕੇ ਮਿਲੇ ਤੇ ਸਾਰੀ ਗੱਲ ਤੋਂ ਜਾਣੂੰ ਕਰਵਾਇਆ, "ਗੁਰੂ ਜੀ ਦੇ ਤੀਰ ਕਿਉਂ ਤੁੜਵਾ ਦਿੱਤੇ ਹਨ" ॥੧੭॥

**ਸੁਨਤਿ ਨਟਜੋ ਦੇਸੂ ਕਹਿ ਤਾਂਹਿ। 'ਗੁਰ ਢਿਗ ਝੂਠ ਕਹਜੋ ਕਿਸ ਜਾਂਹਿ।**
**ਨਹਿਂ ਤੋਰੇ ਹਮ ਤੀਰ ਤਿਨਹੁਂ ਕੇ। ਸਿੱਖੀ ਧਾਰਨਿ ਕੀਨਿ ਜਿਨਹੁਂ ਕੇ' ॥੧੮॥**

ਇਹ ਸੁਣ ਕੇ ਦੇਸੂ ਉਨ੍ਹਾਂ ਨੂੰ ਕਹਿ ਕੇ ਮੁਕਰ ਗਿਆ, "ਗੁਰੂ ਜੀ ਪਾਸ ਕਿਸੇ ਨੇ ਜਾ ਕੇ ਝੂਠ ਕਿਹਾ। ਅਸੀਂ ਉਨ੍ਹਾਂ ਦੇ ਤੀਰ ਨਹੀਂ ਤੋੜੇ ਹਨ, ਜਿਨ੍ਹਾਂ ਦੀ ਅਸੀਂ ਸਿੱਖੀ ਧਾਰਨ ਕੀਤੀ ਹੈ" ॥੧੮॥

**ਸੁਨਿ ਪੰਚਾਇਤ ਗੁਰ ਢਿਗ ਆਈ। 'ਤੁਮਰੇ ਪਰ ਇਕ ਆਸ ਟਿਕਾਈ।**
**ਰਾਵਰ ਕੀ ਸਿੱਖੀ ਤਿਨ ਧਾਰੀ। ਅਪਰਨਿ ਕੀ ਮੰਨਤ ਸੁ ਬਿਸਾਰੀ' ॥੧੯॥**

ਇਹ ਸੁਣ ਕੇ ਪੰਚਾਇਤ ਗੁਰੂ ਜੀ ਪਾਸ ਆਈ ਤੇ ਕਿਹਾ, "ਤੁਹਾਡੇ ਉਤੇ ਹੀ ਇਕ ਆਸ ਟਿਕਾਈ ਹੈ। ਆਪ ਜੀ ਦੀ ਉਸ ਸਿੱਖੀ ਧਾਰੀ ਹੋਈ ਹੈ, ਦੂਸਰਿਆਂ ਦੀ ਮੰਨਤਾ ਉਸ ਵਿਸਾਰ ਦਿੱਤੀ ਹੈ" ॥੧੯॥

**ਝੂਠੇ ਬਾਕ ਸੁਨੇ ਗੁਰ ਕਹਜੋ। ਪਤਾ ਬਤਾਯੋ ਤਿਨ ਜੋ ਚਹਜੋ।**
**'ਹੁਕਮ ਭਾਰਜਾ ਕੋ ਤਿਨ ਮਾਨਾ। ਮੰਦਮਤੀ ਨਹਿਂ ਭੇਦ ਪਛਾਨਾ' ॥੨੦॥**

ਗੁਰੂ ਜੀ ਨੇ ਕਿਹਾ, ਉਸ ਝੂਠ ਬੋਲਿਆ ਹੈ, ਉਸ ਗੱਲ ਦਾ ਸਾਰਾ ਵੇਰਵਾ ਦੱਸਿਆ ਜਿਵੇਂ ਉਸ ਚਾਹਿਆ ਸੀ। "ਉਸ ਨੇ ਆਪਣੀ ਇਸਤਰੀ ਦਾ ਕਿਹਾ ਮੰਨਿਆ ਹੈ, ਮਾੜੀ ਮੱਤ ਵਾਲੇ ਨੇ ਭੇਦ ਨਹੀਂ ਪਛਾਣਿਆ ਹੈ" ॥੨੦॥

**ਪੁਨ ਹਟਿ ਕੇ ਪੰਚਾਇਤ ਆਈ। ਸਗਰੀ ਸਾਚੀ ਬਾਤ ਬਤਾਈ।**
**'ਘਰ ਮੈਂ ਦੁਰਿ ਕੈ ਜੋ ਤੁਮ ਕੀਨਸਿ। ਮਨ ਗਤਿ ਜੁਤਿ ਸਭਿ ਹੀ ਗੁਰ ਚੀਨਸਿ ॥੨੧॥**

ਫਿਰ ਪੰਚਾਇਤ ਮੁੜ ਕੇ ਵਾਪਸ ਦੇਸੂ ਪਾਸ ਆਈ, ਸਾਰੀ ਸੱਚੀ ਗੱਲ ਉਸ ਨੂੰ ਦੱਸੀ। "ਘਰ ਵਿਚ ਲੁੱਕ ਕੇ ਜੋ ਤੂੰ ਕੀਤਾ ਹੈ, ਤੇਰੇ ਮਨ ਦੀ ਗਤੀ ਸਮੇਤ ਸਭ ਕੁਝ ਗੁਰੂ ਜੀ ਨੇ ਜਾਣ ਲਿਆ ਹੈ ॥੨੧॥

**ਕਹੇ ਤੁਮਾਰੇ ਕਹਾ ਅਬਿ ਹੋਇ। ਪਰਹੁ ਚਰਨ ਬਖਸ਼ਾਵਹੁ ਸੋਇ'।**
**ਸੁਨੀ ਧਾਇ, ਪੰਚਾਇਤ ਆਈ। ਪਤਿ ਕੋ ਝਿਰਕਤਿ ਕ੍ਰੋਧ ਬਧਾਈ॥ ੨੨॥**

ਹੁਣ ਤੇਰੇ ਕਹਿਣ 'ਤੇ ਕੀ ਹੁੰਦਾ ਹੈ, ਗੁਰੂ ਜੀ ਦੀ ਚਰਨੀਂ ਪੈ ਜਾਵੇ ਤੇ ਆਪਣੇ ਆਪ ਨੂੰ ਬਖਸ਼ਾ ਲਵੇ।" ਜਦ ਦੇਸੂ ਦੀ ਪਤਨੀ ਧਾਇ ਨੇ ਸੁਣਿਆ ਕਿ ਪੰਚਾਇਤ ਆਈ ਹੈ ਤਾਂ ਉਸ ਨੇ ਪਤੀ ਨੂੰ ਝਿੜਕ ਕੇ ਕ੍ਰੋਧ ਵਧਾਇਆ॥੨੨॥

**ਘਰ ਸੇ ਵਹਿਰ ਨ ਨਿਕਸਨਿ ਦੀਨਸਿ। ਮਿਲਿਨਿ ਪੰਚਾਇਤ ਕੋ ਨਹਿਂ ਕੀਨਸਿ।**
**ਇਕ ਦੁਇ ਦਿਵਸ ਬੈਠਿ ਹਟਿ ਆਏ। ਕਰਿ ਬੰਦਨ ਬਿਨਤੀ ਮੁਖ ਗਾਏ ॥੨੩॥**

ਘਰ ਤੋਂ ਬਾਹਰ ਨਾ ਨਿਕਲਣ ਦਿੱਤਾ, ਤੇ ਪੰਚਾਇਤ ਨਾਲ ਉਸ ਨੂੰ ਮਿਲਣ ਨਾ ਦਿੱਤਾ। ਪੰਚਾਇਤ ਵਾਲੇ ਇਕ ਦੋ ਦਿਨ ਬੈਠ ਕੇ ਵਾਪਸ ਆ ਗਏ, ਗੁਰੂ ਜੀ ਨੂੰ ਬੰਦਨਾ ਕਰਕੇ ਬੇਨਤੀ ਕੀਤੀ॥੨੩॥

**'ਛਿਮਾ ਨਿਧਾਨ ਆਪ ਤੁਮ ਅਹੋ। ਲਖਿ ਸਭਿ ਔਗੁਨ ਕੁਛ ਨਹਿਂ ਕਹੋ।**
**ਪਤਿਤ ਪਾਵਨੋ ਨਾਮ ਤੁਮਾਰਾ। ਘਨ ਸਮ ਕ੍ਰਿਪਾ ਕਰਹੁ ਇਕਸਾਰਾ ॥੨੪॥**

"ਤੁਸੀਂ ਆਪ ਖਿਮਾ ਨਿਧਾਨ ਹੋ, ਸਾਰੇ ਔਗੁਣ ਵੇਖ ਕੇ ਕੁਝ ਨਾ ਕਹੋ। ਪਤਿਤ ਪਾਵਨ ਤੁਹਾਡਾ ਨਾਮ ਹੈ, ਬੱਦਲ ਵਾਂਗ ਇਕਸਾਰ ਕਿਰਪਾ ਕਰੋ" ॥੨੪॥

ਸੁਨਿ ਪੰਚਾਇਤ ਕੋ ਬਚ ਦੀਨ। ਕ੍ਰਿਪਾ ਨਿਧਾਨ ਕਹਜੋ ਸਭਿ ਚੀਨ।
'ਬੀਚ ਫਿਰੇ ਭ੍ਰਮ ਇਕ ਦੁਇ ਬਾਰ। ਯਾਂਤੇ ਤਲਕਾ ਬਸਹਿ ਉਦਾਰ॥ ੨੫ ॥

ਪੰਚਾਇਤ ਦੇ ਸਨਿਮਰ ਬਚਨ ਸੁਣਕੇ ਕਿਰਪਾ ਨਿਧਾਨ ਗੁਰੂ ਜੀ ਨੇ ਸਭ ਕੁਝ ਵੇਖ ਕੇ ਕਿਹਾ "ਤੁਸੀਂ ਇਕ ਦੋ ਵਾਰ ਆਏ ਹੋ ਤੇ ਗਏ ਹੋ, ਇਸ ਕਰਕੇ ਵੱਡੀ ਈਰਖਾ ਦਾ ਵਾਸਾ ਹੋ ਗਿਆ ਹੈ॥੨੫॥

ਅਰੁ ਦੇਸੂ ਕੀ ਗਤਿ ਭਈ ਏਹੀ। ਕੱਲਰ ਤੇ ਹਮ ਕੀਨਹੁ ਲੇਹੀ।
ਪੁਨਹੁ ਲੂਨ ਕੱਲਰ ਹੁਇ ਗਯੋ। ਬੰਸ ਆਪਨੋ ਨਾਸ਼ਨਿ ਕਿਯੋ॥ ੨੬ ॥

ਅਤੇ ਦੇਸੂ ਦੀ ਏਹੀ ਗਤੀ ਹੋਈ ਹੈ, ਕੱਲਰ ਤੋਂ ਅਸੀਂ ਸਮਰੱਥ ਬਣਾ ਦਿੱਤਾ ਸੀ, ਫਿਰ ਦੁਬਾਰਾ ਕੱਲਰ ਸ਼ੋਰਾ ਹੋ ਗਿਆ, ਆਪਣੇ ਸਾਰੇ ਵੰਸ਼ ਦਾ ਨਾਸ਼ ਕਰਵਾ ਲਿਆ ਹੈ॥੨੬॥

ਅਬਿ ਤੇ ਆਗੇ ਉਪਜੈ ਨਾਂਹੀ। ਸਨੇ ਸਨੇ ਜੀਵਤਿ ਮਰਿ ਜਾਂਹੀਂ।
ਲਹੈ ਸਜ਼ਾਇ ਜਾਇ ਜਮਧਾਮ। ਕੋ ਨ ਛੁਟਾਵਨਿ ਕੋ ਲੈ ਨਾਮ॥ ੨੭ ॥

ਇਸ ਤੋਂ ਬਾਅਦ ਉਨ੍ਹਾਂ ਦੇ ਘਰ ਕੋਈ ਵੀ ਪੈਦਾ ਨਹੀਂ ਹੋਵੇਗਾ। ਹੌਲੀ-ਹੌਲੀ ਸਾਰੇ ਜੀਉਂਦੇ ਮਰ ਜਾਣਗੇ। ਦੇਸੂ ਵੀ ਸਜ਼ਾ ਲਵੇਗਾ ਤੇ ਜਮਾਂ ਦੇ ਘਰ ਚਲੇ ਜਾਵੇਗਾ, ਕੋਈ ਵੀ ਛੁਡਵਾਉਣ ਦਾ ਨਾਂ ਨਹੀਂ ਲਵੇਗਾ॥੨੭॥

ਬਿਨ ਹਾਕਮ ਜਿਮ ਰੱਯਤ ਲੂਟੀਯਹਿ। ਪਤਿ ਸਮਰਥ ਬਿਨ ਕਹੁ ਕਿਮ ਛੁਟੀਯਹਿ'।
ਇਸ ਪ੍ਰਕਾਰ ਗੁਰ ਸ੍ਰਾਪ ਬਖਾਨਾ। ਪਰਜੋ ਜਾਇ ਤਿਹ ਬੱਜ੍ਰ ਸਮਾਨਾ॥ ੨੮ ॥

ਜਿਵੇਂ ਹਾਕਮ ਤੋਂ ਬਗੈਰ ਪਰਜਾ ਲੁਟੀ ਜਾਂਦੀ ਹੈ, ਸਮਰੱਥ ਪਤੀ ਤੋਂ ਬਗੈਰ ਕਿਵੇਂ ਛੁਟਕਾਰਾ ਹੋਵੇ।" ਇਸ ਪ੍ਰਕਾਰ ਗੁਰੂ ਜੀ ਨੇ ਸਰਾਪ ਦਿੱਤਾ, ਉਹ ਸਰਾਪ ਬਜਰ ਸਮਾਨ ਉਨ੍ਹਾਂ ਨੂੰ ਜਾ ਪਿਆ॥੨੮॥

ਦਿਵਸ ਕਿਤਿਕ ਮਹਿ ਦੇਸੂ ਮਰਜੋ। ਗੈਂਡਾ ਪੁੱਤ੍ਰ ਬਿਠਾਵਨਿ ਕਰਜੋ।
ਕਿੰਚਤ ਮਾਸ ਬਿਤੇ ਜਬਿ ਤਾਂਹੂੰ। ਪਿਤ ਕੋ ਰਾਜ ਕਰਤਿ ਸਭਿ ਮਾਹੂੰ॥ ੨੯ ॥

ਕੁਝ ਦਿਨਾਂ ਵਿਚ ਦੇਸੂ ਮਰ ਗਿਆ, ਗੈਂਡੇ ਪੁੱਤਰ ਨੂੰ ਉਸ ਦੇ ਸਥਾਨ ਤੇ ਬਿਠਾ ਦਿੱਤਾ, ਉਸ ਨੂੰ ਵੀ ਬੈਠੇ ਨੂੰ ਜਦ ਕੁਝ ਮਹੀਨੇ ਬੀਤ ਗਏ, ਉਹ ਸਭ ਦੇ ਵਿਚ ਆਪਣੇ ਪਿਤਾ ਦਾ ਰਾਜ ਕਰਦਾ ਸੀ॥੨੯॥

ਗੈਂਡੇ ਕੀ ਤ੍ਰਿਯ ਕੋ ਇਕ ਭ੍ਰਾਤ। ਤਿਸ ਨੇ ਕਰਜੋ ਖ਼ੂਨ ਕਿਤ ਜਾਤਿ।
ਸੋ ਗੈਂਡੇ ਤਤਕਾਲ ਬੁਲਾਵਾ। ਨਿਜ ਕਰ ਤੇ ਬਰਛੀ ਸੰਗ ਘਾਵਾ॥ ੩੦ ॥

ਗੈਂਡੇ ਦੀ ਇਸਤਰੀ ਦਾ ਇਕ ਭਰਾ ਸੀ, ਉਸ ਨੇ ਕਿਤੇ ਜਾਂਦਿਆਂ ਕਿਸੇ ਦਾ ਖ਼ੂਨ ਕਰ ਦਿੱਤਾ। ਉਸ ਨੂੰ ਗੈਂਡੇ ਨੇ ਤੁਰਤ ਬੁਲਾਇਆ, ਆਪਣੇ ਹੱਥਾਂ ਨਾਲ ਉਸ ਨੂੰ ਬਰਛੀ ਮਾਰ ਕੇ ਘਾਇਲ ਕਰ ਦਿੱਤਾ॥੩੦॥

ਤਿਸ ਕੇ ਭ੍ਰਾਤ ਹੋਇ ਇਕ ਠਾਏ। ਮਹਾਂ ਸ਼ੋਕ ਧਰਿ ਰਿਦਾ ਤਪਾਏ।
ਤਸਕਰ ਸਮ ਨਿਸ ਮਹਿੰ ਤਹਿੰ ਗਏ। ਗੈਂਡਾ ਸੁਪਤਿ ਜਹਾਂ ਥਿਤ ਕਿਏ॥ ੩੧ ॥

ਉਸ ਦੇ ਸਾਲੇ ਦੇ ਭਰਾ ਇਕ ਥਾਂ ਇਕੱਠੇ ਹੋਏ, ਮਹਾਨ ਦੁਖ ਮੰਨ ਕੇ ਉਨ੍ਹਾਂ ਦੇ ਹਿਰਦੇ ਤਪ ਗਏ। ਚੋਰਾਂ ਵਾਂਗ ਉਹ ਉਸ ਦੇ ਘਰ ਗਏ ਜਿਥੇ ਗੈਂਡਾ ਸੁੱਤਾ ਪਿਆ ਸੀ॥੩੧॥

ਤਰਵਾਰਨਿ ਸੰਗ ਐਸੋ ਮਾਰਜੋ। ਭਾਜਨਿ ਹੇਤ ਨ ਪਗ ਇਕ ਧਾਰਜੋ।
ਜਬਿ ਸੰਘਾਰ ਕਰਿ ਚਲੇ ਪਲਾਈ। ਸੁਭਟਨਿ ਸੈਨਾ ਕੇ ਸੁਧਿ ਪਾਈ॥ ੩੨ ॥

ਤਲਵਾਰਾਂ ਨਾਲ ਐਸਾ ਮਾਰਿਆ ਕਿ ਭੱਜਣ ਵਾਸਤੇ ਉਹ ਇਕ ਪੈਰ ਵੀ ਨਾ ਪੁੱਟ ਸਕਿਆ। ਜਦ ਮਾਰ ਕੇ ਭੱਜ ਚਲੇ ਤਾਂ ਸੂਰਮਿਆਂ ਦੀ ਸੈਨਾ ਨੂੰ ਖਬਰ ਮਿਲੀ॥੩੨॥

ਚੜ੍ਹੀ ਫੌਜ ਤਿਨ ਪਾਛੈ ਪਰੀ। ਵਹਿਰ ਹਤੇ ਲਰ ਕਰਿ ਇਕ ਘਰੀ।
ਜਬਿ ਗੈਂਡਾ ਇਮ ਮਾਰਜੋ ਗਯੋ। ਪੋਤ੍ਰ ਸੁ ਦੇਸੂ ਕੇ ਇਕ ਥਿਯੋ॥ ੩੩॥

ਚੜ੍ਹ ਕੇ ਫੌਜ ਉਨ੍ਹਾਂ ਦੇ ਪਿੱਛੇ ਪੈ ਗਈ, ਇਕ ਘੜੀ ਲੜ ਕੇ ਸਾਰੇ ਮਾਰ ਦਿੱਤੇ। ਜਦ ਗੈਂਡਾ ਇਸ ਤਰ੍ਹਾਂ ਮਾਰਿਆ ਗਿਆ ਤਾਂ ਦੇਸੂ ਦਾ ਇਕ ਪੋਤਰਾ ਸੀ॥੩੩॥

ਸੋ ਬਿਖ ਦੇਇ ਸ਼ਰੀਕਨਿ ਮਾਰਜੋ। ਇਮ ਸਗਰੋ ਤਿਹ ਮੂਲ ਉਖਾਰਜੋ।
ਰਹਜੋ ਨ ਜਗ ਮਹਿ ਤਿਸ ਕੋ ਕੋਈ। ਗੁਰੂ ਦ੍ਵੈਸ਼ ਤੇ ਅਸ ਗਤਿ ਹੋਈ॥ ੩੪॥

ਉਸ ਨੂੰ ਸ਼ਰੀਕਾਂ ਨੇ ਜ਼ਹਿਰ ਦੇ ਕੇ ਮਾਰ ਦਿੱਤਾ, ਇਸ ਤਰ੍ਹਾਂ ਉਸ ਦੇ ਵੰਸ਼ ਦਾ ਮੂਲ ਹੀ ਪੁਟਿਆ ਗਿਆ। ਜਗਤ ਵਿਚ ਉਸ ਦਾ ਕੋਈ ਨਾ ਰਿਹਾ, ਗੁਰੂ ਨਾਲ ਈਰਖਾ ਕਰਕੇ ਇਹ ਗਤੀ ਪ੍ਰਾਪਤ ਕੀਤੀ॥੩੪॥

ਅਬਿ ਸਤਿਗੁਰ ਕੀ ਕਥਾ ਸੁਨੀਜੈ। ਗ੍ਰਾਮ ਮੌੜ ਮਹਿ ਥਿਰਤਾ ਕੀਜੈ।
ਡੇਢ ਕੋਸ ਤਹਿਂ ਤੇ ਇਕ ਤਾਲ। ਤਹਾਂ ਸੁ ਬੈਠੇ ਜਾਇ ਕ੍ਰਿਪਾਲ॥ ੩੫॥

ਹੁਣ ਸਤਿਗੁਰੂ ਜੀ ਦੀ ਕਥਾ ਸੁਣੋ, ਮੌੜ ਪਿੰਡ ਵਿਚ ਟਿਕੇ ਹੋਏ ਹਨ। ਡੇਢ ਕੋਹ ਫਾਸਲੇ ਤੇ ਇਕ ਸਰੋਵਰ ਸੀ, ਕ੍ਰਿਪਾਲੂ ਗੁਰੂ ਜੀ ਫਿਰ ਉਸ ਸਰੋਵਰ ਦੇ ਕੰਢੇ ਜਾ ਬੈਠੇ॥੩੫॥

ਜੋ ਸੰਗਤਿ ਦਰਸ਼ਨ ਕੌ ਆਵੈ। ਉਪਦੇਸ਼ਹਿਂ ਸੁਭ ਤਾਲ ਖਨਾਵੈਂ।
ਖੁਸ਼ੀ ਕਰਹਿਂ ਸਿੱਖਨਿ ਪਰ ਘਨੀ। ਚਾਰ ਪਦਾਰਥ ਕੇ ਗੁਰ ਧਨੀ॥ ੩੬॥

ਜਿਹੜੀ ਸੰਗਤ ਦਰਸ਼ਨ ਨੂੰ ਆਉਂਦੀ ਸੀ, ਸਭ ਨੂੰ ਉਪਦੇਸ਼ ਦਿੰਦੇ ਸਨ, ਫਿਰ ਤਾਲ ਦੀ ਖੁਦਵਾਈ ਕਰਵਾਉਂਦੇ ਸਨ। ਸਿੱਖਾਂ ਉਤੇ ਬੜੀ ਖੁਸ਼ੀ ਕਰਦੇ ਸਨ, ਚਾਰ ਪਦਾਰਥਾਂ ਦੇ ਗੁਰੂ ਜੀ ਮਾਲਕ ਸਨ॥੩੬॥

ਨਿਜ ਨਿਜ ਸਭਿ ਅਰਦਾਸ ਕਰਵਾਹਿਂ। ਪਾਇਨਿ ਪਰਸਹਿਂ ਸੀਸ ਨਿਵਾਵਹਿਂ।
ਤਹਾਂ ਤੜਾਗ ਬਡੋ ਖਨਵਾਯੋ। ਜਲ ਸੁੰਦਰ ਹਿਤ ਤਯਾਰ ਕਰਾਯੋ॥ ੩੭॥

ਆਪਣੀ-ਆਪਣੀ ਸਾਰੇ ਅਰਦਾਸ ਕਰਵਾਉਂਦੇ ਸਨ, ਚਰਨਾਂ ਨੂੰ ਪਰਸਦੇ ਸਨ ਤੇ ਸਿਰ ਨਿਵਾਉਂਦੇ ਸਨ। ਉਥੇ ਬਹੁਤ ਵੱਡਾ ਸਰੋਵਰ ਬਣਾਇਆ, ਸੁੰਦਰ ਜਲ ਵਾਸਤੇ ਉਸ ਨੂੰ ਤਿਆਰ ਕਰਵਾਇਆ॥੩੭॥

ਕਿਤਿਕ ਦਿਵਸ ਬਸਿ ਕੈ ਤਿਸ ਥਾਨੇ। ਬਹੁਰ ਕੂਚ ਕਰਿ ਸ੍ਰੀ ਗੁਰੁ ਪਯਾਨੇ।
'ਖਾਨੇ' ਗ੍ਰਾਮ ਗਏ ਸੁਖਦਾਇ। ਪੁਨ ਦਮਦਮੇ ਪਹੂਚੇ ਜਾਇ॥ ੩੮॥

ਕਈ ਦਿਨ ਉਸ ਸਥਾਨ ਤੇ ਠਹਿਰ ਕੇ, ਗੁਰੂ ਜੀ ਫਿਰ ਕੂਚ ਕਰਕੇ ਅੱਗੇ ਚਲ ਪਏ। ਸੁਖਦਾਈ ਗੁਰੂ ਜੀ ਫਿਰ 'ਖਾਨੇ' ਪਿੰਡ ਵਿਚ ਚਲੇ ਗਏ, ਫਿਰ ਦਮਦਮੇ ਜਾ ਪਹੁੰਚੇ॥੩੮॥

*ਗਿਆਰ੍ਹਵੀਂ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥*

❖❖❖

# ਅਧਿਆਇ ਚਾਲੀਵਾਂ

## ਸੂਲੀਸਰ ਵਿਚ ਚੋਰ ਨੂੰ ਸੂਲੀ, ਥਰੇ ਪਿੰਡ

ਦੋਹਰਾ- ਇਸੀ ਰੀਤਿ ਸੇਵਤਿ ਸੁਮਤਿ ਵਰ ਪਾਵਹਿਂ ਨਰ ਬ੍ਰਿੰਦ।
ਜਬਹਿ ਅਵੱਗਜਾ ਕੋ ਕਰਹਿਂ ਸ੍ਰਾਪ ਸਹੈਂ ਮਤਿਮੰਦ॥ ੧॥

ਇਸ ਰੀਤੀ ਨਾਲ ਸੇਵਾ ਕਰਦੇ ਸ੍ਰੇਸ਼ਟ ਮੱਤ ਵਾਲੇ ਮਨੁੱਖ ਵਰ ਪਾਉਂਦੇ ਸਨ। ਜਦ ਕੋਈ ਅਵੱਗਿਆ ਕਰਦੇ ਸਨ ਤਾਂ ਮਾੜੀ ਮੱਤ ਵਾਲੇ ਸਰਾਪ ਬਰਦਾਸ਼ਤ ਕਰਦੇ ਸਨ॥੧॥

ਚੌਪਈ- ਪੁਨ ਸੂਲੀਸਰ ਕੋ ਗੁਰ ਆਏ। ਡੇਰਾ ਕਰਜੋ ਦੇਖਿ ਸੁਭ ਥਾਏ।
ਸੂਰਜ ਅਸਤਜੋ ਭਾ ਅੰਧਕਾਰੇ। ਖਾਨ ਪਾਨ ਕਰਿ ਸੁਪਤੇ ਸਾਰੇ॥ ੨॥

ਫਿਰ ਗੁਰੂ ਜੀ ਸੂਲੀਸਰ ਪਿੰਡ ਆ ਗਏ ਤੇ ਸ਼ੁਭ ਥਾਂ ਵੇਖ ਕੇ ਉਥੇ ਡੇਰਾ ਕੀਤਾ। ਜਦ ਸੂਰਜ ਡੁੱਬ ਗਿਆ ਤਾਂ ਸਾਰੇ ਹਨ੍ਹੇਰਾ ਹੋ ਗਿਆ, ਖਾ ਪੀ ਕੇ ਸਾਰੇ ਸੌਂ ਗਏ॥੨॥

ਦ੍ਵੈ ਤਸਕਰ ਗੁਰ ਕੇ ਸੰਗ ਲਾਗੇ। ਕਿਤਿਕ ਦਿਨਨਿ ਤੇ ਮੂਢ ਅਭਾਗੇ।
ਏਕ ਤੁਰਕ ਇਕ ਹਿੰਦੂ ਸੋਇ। ਲੇਨਿ ਤੁਰੰਗ ਤਕਤਿ ਹੈਂ ਦੋਇ॥ ੩॥

ਦੋ ਚੋਰ ਗੁਰੂ ਜੀ ਦੇ ਨਾਲ ਲੱਗ ਗਏ, ਕਈ ਦਿਨਾਂ ਤੋਂ ਮੂਰਖ ਅਭਾਗੇ ਗੁਰੂ ਜੀ ਦੇ ਮਗਰ ਲੱਗੇ ਹੋਏ ਸਨ। ਉਨ੍ਹਾਂ ਵਿਚੋਂ ਇਕ ਹਿੰਦੂ ਸੀ ਤੇ ਇਕ ਮੁਸਲਮਾਨ ਸੀ, ਉਹ ਘੋੜੇ ਲੈ ਜਾਣਾ ਚਾਹੁੰਦੇ ਸਨ, ਇਸ ਲਈ ਦੋਵੇਂ ਏਸੇ ਤਾਕ ਵਿਚ ਸਨ॥੩॥

ਸਿਵਰ ਨਿਕਟਿ ਬੈਠੇ ਕਿਤ ਦੂਰਿ ਕੈ। ਦੇਖਨਿ ਘਾਤ ਲੇਹਿਂ ਜਿਮ ਹਰਿ ਕੈ।
ਤਬਹਿ ਕੇਹਰੀ ਭੀਖਨ ਭੇਖਾ। ਗੁਰ ਡੇਰੇ ਕੋ ਆਵਤਿ ਦੇਖਾ॥ ੪॥

ਉਹ ਕੁਝ ਦੂਰੀ ਤੇ ਡੇਰੇ ਦੇ ਲੁਕ ਕੇ ਬੈਠ ਗਏ, ਵੇਖਦੇ ਸਨ ਜਦ ਦਾਅ ਲੱਗੇ ਤੇ ਘੋੜੇ ਖੋਲ੍ਹ ਕੇ ਲੈ ਜਾਈਏ। ਤਦ ਉਨ੍ਹਾਂ ਨੇ ਇਕ ਵੱਡੇ ਸ਼ੇਰ ਨੂੰ ਗੁਰੂ ਜੀ ਦੇ ਡੇਰੇ ਵਲ ਆਉਂਦਿਆਂ ਵੇਖਿਆ॥੪॥

ਚਾਰਹੁੰ ਓਰ ਫਿਰਜੋ ਕਰਿ ਬੰਦਨ। ਇਮ ਮਨਾਇ ਕੈ ਦੋਸ਼ ਨਿਕੰਦਨ।
ਗਮਨਜੋ ਪੁਨ ਕਾਨਨ ਕੋ ਸੋਈ। ਦੇਖਤਿ ਦੁਰੇ ਸੁ ਤਸਕਰ ਦੋਈ॥ ੫॥

ਉਹ ਚਾਰੇ ਪਾਸੇ ਬੰਦਨਾ ਕਰਕੇ ਫਿਰਿਆ, ਇਸ ਤਰ੍ਹਾਂ ਪਾਪਾਂ ਦੇ ਨਾਸ਼ ਕਰਨ ਵਾਲੇ ਗੁਰੂ ਜੀ ਨੂੰ ਮਨਾ ਕੇ, ਫਿਰ ਉਹ ਜੰਗਲ ਵਲ ਚਲਾ ਗਿਆ। ਇਹ ਵੇਖ ਕੇ ਦੋਵੇਂ ਚੋਰ ਲੁਕ ਗਏ॥੫॥

ਕਹਜੋ ਤੁਰਕ 'ਇਹ ਸਾਚੋ ਪੀਰ। ਉਚਿਤ ਮਾਨਿਬੋ ਗੁਨੀ ਗਹੀਰ।
ਜਿਸ ਢਿਗ ਪਸ਼ੂ ਸ਼ੇਰ ਚਲਿ ਆਵਾ। ਨਮੋ ਪ੍ਰਦੱਛਨ ਕਰਨਿ ਸਿਧਾਵਾ॥੬॥

ਤੁਰਕ ਕਹਿਣ ਲੱਗਾ, "ਇਹ ਸੱਚਾ ਪੀਰ ਹੈ, ਇਸ ਗੁਣੀ ਗਹੀਰ ਨੂੰ ਉਚਿਤ ਮੰਨਣਾ ਚਾਹੀਦਾ ਹੈ। ਜਿਸ ਪਾਸ ਪਸ਼ੂ ਸ਼ੇਰ ਚਲ ਕੇ ਆ ਗਿਆ ਹੈ, ਨਮਸਕਾਰ ਅਤੇ ਪਰਿਕਰਮਾਂ ਕਰਕੇ ਚਲਾ ਗਿਆ ਹੈ॥੬॥

ਮੈਂ ਤੋ ਕਰੌਂ ਨ ਇਨ ਕੀ ਚੋਰੀ। ਇਹਨਾਂ ਬੰਦਤਿ ਹੌਂ ਕਰ ਜੋਰੀ।
ਜੇ ਨਿਜ ਭਲੋ ਕਰਨਿ ਉਰ ਧਰੈਂ। ਚਲਹੁ ਅਪਰ ਥਲ ਚੋਰੀ ਕਰੈਂ'॥ ੭॥

ਮੈਂ ਤਾਂ ਇਨ੍ਹਾਂ ਦੀ ਚੋਰੀ ਨਹੀਂ ਕਰਾਂਗਾ, ਇਨ੍ਹਾਂ ਨੂੰ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹਾਂ। ਹਿਰਦੇ ਵਿਚ ਆਪਣਾ ਭਲਾ ਧਾਰਨ ਕਰੀਏ, ਚਲੋ ਕਿਸੇ ਹੋਰ ਥਾਂ ਜਾ ਕੇ ਚੋਰੀ ਕਰੀਏ" ॥੭॥

**ਸੁਨਿ ਹਿੰਦੂ ਨੇ ਬਾਕ ਅਲਾਯੋ। 'ਕਯੋਂ ਨਿਜ ਮਨ ਮਹਿਂ ਭਰਮ ਉਠਾਯੋ ?।**
**ਕਿਹ ਕੌ ਸੁਧਿ ਕਯੋਂ ਆਯੋ ਸ਼ੇਰ। ਤੈਂ ਕਯਾ ਅਜ਼ਮਤ ਪਿਖੀ ਬਡੇਰ ? ॥ ੮ ॥**

ਇਹ ਸੁਣ ਕੇ ਹਿੰਦੂ ਨੇ ਕਿਹਾ, "ਕਿਉਂ ਆਪਣੇ ਮਨ ਵਿਚ ਭਰਮ ਕੀਤਾ ਹੈ, ਕਿਸੇ ਨੂੰ ਕੀ ਪਤਾ ਸ਼ੇਰ ਕਿਉਂ ਆਇਆ ਸੀ। ਤੂੰ ਕਿਹੜੀ ਵੱਡੀ ਕਰਾਮਾਤ ਵੇਖੀ ਹੈ ? ॥੮॥

**ਕਿਤਿਕ ਦਿਨਨਿ ਤੇ ਹਮ ਸੰਗ ਫਿਰੇ। ਆਜ ਭਯੋ ਤਮ ਨਭ ਘਨ ਘਿਰੇ।**
**ਕੈਸੇ ਤਜਿ ਕਰਿ ਜਾਹਿਂ ਤੁਰੰਗ। ਲੈ ਹੈਂ ਆਜ ਭਲੀ ਬਿਧਿ ਸੰਗ ॥ ੯ ॥**

ਕਈਆਂ ਦਿਨਾਂ ਦੇ ਅਸੀਂ ਨਾਲ-ਨਾਲ ਫਿਰਦੇ ਰਹੇ ਹਾਂ, ਅੱਜ ਅਕਾਸ਼ ਵਿਚ ਬੱਦਲ ਘਿਰੇ ਹੋਣ ਕਰਕੇ ਬਹੁਤ ਹਨ੍ਹੇਰਾ ਹੈ, ਘੋੜੇ ਛੱਡ ਕੇ ਕਿਵੇਂ ਚਲੇ ਜਾਵਾਂਗੇ, ਅੱਜ ਘੋੜੇ ਭਲੀ ਪ੍ਰਕਾਰ ਨਾਲ ਲੈ ਕੇ ਜਾਵਾਂਗੇ ॥੯॥

**ਰਿਦੇ ਸੰਦੇਹ ਨ ਕਰੀਅਹਿ ਕੋਊ। ਬਹੁ ਮੋਲਾ ਅਸ੍ਵ ਲੈ ਹੈਂ ਦੋਊ।**
**ਏਕ ਬਾਰਿ ਮੈਂ ਚਢਿਬੋ ਪਾਇ। ਨਹਿਂ ਦੈ ਹੌਂ ਪੁਨ, ਜਾਉਂ ਪਲਾਇ ॥ ੧੦ ॥**

ਹਿਰਦੇ ਵਿਚ ਕਿਸੇ ਪ੍ਰਕਾਰ ਦਾ ਸੰਦੇਹ ਨਾ ਕਰੀਏ, ਬਹੁਤ ਕੀਮਤੀ ਦੋਵੇਂ ਘੋੜੇ ਲੈ ਜਾਵਾਂਗੇ। ਇਕ ਵਾਰ ਜੇ ਮੈਂ ਘੋੜੇ ਤੇ ਚੜ੍ਹ ਗਿਆ, ਫਿਰ ਵਾਪਸ ਨਹੀਂ ਦੇਵਾਂਗਾ, ਲੈ ਕੇ ਚਲਾ ਜਾਵਾਂਗਾ ॥੧੦॥

**ਕਿਮ ਬਿਸਾਲ ਤੈਂ ਚਿੰਤਾ ਕਰੀ। ਮੈਂ ਲੈਹੌਂ ਸੰਗ ਰਹੁ ਇਕ ਘਰੀ'।**
**ਸੁਨਿ ਕੈ ਤੁਰਕ ਨਹੀਂ ਮਨ ਮਾਨੀ। ਤਹਾਂ ਬੰਦਿ ਕਰ ਬੰਦਨ ਠਾਨੀ ॥ ੧੧ ॥**

ਤੂੰ ਕਿਉਂ ਏਨੀ ਵਿਸ਼ਾਲ ਚਿੰਤਾ ਕੀਤੀ ਹੈ, ਤੂੰ ਇਕ ਘੜੀ ਠਹਿਰ ਮੈਂ ਆਪਣੇ ਨਾਲ ਲੈ ਜਾਵਾਂਗਾ।" ਇਹ ਸੁਣ ਕੇ ਤੁਰਕ ਨੇ ਉਸ ਦੀ ਗੱਲ ਮਨ ਵਿਚ ਨਾ ਮੰਨੀ, ਉਥੇ ਹੀ ਹੱਥ ਜੋੜ ਕੇ ਬੰਦਨਾ ਕੀਤੀ ॥੧੧॥

**ਗਮਨਯੋਂ ਸਦਨ ਤ੍ਰਾਸ ਕੋ ਪਾਇ। ਹਿੰਦੂ ਬੈਠਿ ਰਹਯੋ ਤਿਸ ਥਾਂਇ।**
**ਅਰਧ ਜਾਮਨੀ ਬੀਤੀ ਜਬੈ। ਤੁਰੰਗ ਸਮੀਪ ਪਹੂਚਯੋ ਤਬੈ ॥ ੧੨ ॥**

ਤੁਰਕ ਚੋਰ ਬਹੁਤ ਡਰ ਮੰਨ ਕੇ ਆਪਣੇ ਘਰ ਨੂੰ ਚਲਾ ਗਿਆ, ਪਰ ਹਿੰਦੂ ਉਸ ਥਾਂ ਹੀ ਬੈਠਾ ਰਿਹਾ। ਜਦ ਅੱਧੀ ਰਾਤ ਹੋਈ ਤੇ ਉਹ ਚੋਰ ਘੋੜੇ ਦੇ ਨੇੜੇ ਪਹੁੰਚਿਆ ॥੧੨॥

**ਪਰਨਿ ਲਗੀ ਪਤਰੀ ਜਲ ਬੁੰਦ। ਜਹਿ ਤਹਿਂ ਪਸਰ ਰਹਯੋ ਤਮ ਬ੍ਰਿੰਦ।**
**ਚੌਕੀਦਾਰ ਗਯੋ ਬਿਚ ਛਾਯਾ। ਪੂਰੇ ਬਾਉ ਤੇ ਕੁਛ ਅਲਸਾਇਆ ॥ ੧੩ ॥**

ਪਤਲੀਆਂ-ਪਤਲੀਆਂ ਮੀਂਹ ਦੀਆਂ ਕਣੀਆਂ ਪੈਣ ਲਗੀਆਂ, ਜਿਥੇ ਕਿਥੇ ਬਹੁਤ ਹਨ੍ਹੇਰਾ ਪਸਰਿਆ ਹੋਇਆ ਸੀ। ਚੌਕੀਦਾਰ ਪਰਦੇ ਹੇਠ ਚਲੇ ਗਿਆ, ਪੁਰੇ ਦੀ ਹਵਾ ਕਰਕੇ ਉਹ ਕੁਝ ਅਲਸਾਇਆ ਹੋਇਆ ਸੀ ॥੧੩॥

**ਤਬੈ ਤੁਰੰਗ ਖੋਲਿਬੋ ਕਰਯੋ। ਦੇ ਕਵਿਕਾ ਮੁਖ ਊਪਰ ਚਰਯੋ।**
**ਜਬਿ ਡੇਰੇ ਕਹੁ ਉਲੰਘਿ ਸਿਧਾਵਾ। ਸ਼੍ਰੀ ਸਤਿਗੁਰ ਨੇ ਬਾਕ ਅਲਾਵਾ ॥ ੧੪ ॥**

ਤਦ ਉਸ ਚੋਰ ਨੇ ਘੋੜਾ ਖੋਲ੍ਹ ਲਿਆ, ਘੋੜੇ ਨੂੰ ਲਗਾਮ ਦੇ ਕੇ ਉਪਰ ਚੜ੍ਹ ਗਿਆ। ਜਦ ਡੇਰੇ ਨੂੰ ਲੰਘ ਕੇ ਅੱਗੇ ਚਲੇ ਗਿਆ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ ॥੧੪॥

'ਭੋ ਘੁਰਵਾਰ! ਜਗਹਿਂ ਕੇ ਸੋਵਹਿਂ? ਤੁਰੰਗ ਚਲਤਿ ਕੋ ਖਰਕੋ ਹੋਵਹਿ।
ਅਪਨੇ ਥਾਨ ਖਰੋ ਕੈ ਨਾਂਹੀ? ਫੇਰਹੁ ਹਾਥ ਮਹਾਂ ਤਮ ਮਾਂਹੀ'॥ ੧੫॥

'ਓ ਘੋੜਿਆਂ ਦੇ ਪਹਿਰੇਦਾਰਾ! ਜਾਗਦਾ ਹੈਂ ਕਿ ਸੁਤਾ ਹੈਂ? ਘੋੜੇ ਦੇ ਚਲਣ ਦੀ ਆਵਾਜ਼ ਆ ਰਹੀ ਹੈ। ਆਪਣੇ ਥਾਂ ਖਲੋਤਾ ਹੈ ਜਾਂ ਨਹੀਂ? ਹਨ੍ਹੇਰੇ ਵਿਚ ਆਪਣੇ ਹੱਥ ਨੂੰ ਫੇਰੋ'' ॥੧੫॥

ਸੁਨਿ ਸੇਵਕ ਨੇ ਨੈਨ ਉਘਾਰੇ। ਜਾਇ ਤੁਰੰਗ ਕੋ ਥਾਨ ਨਿਹਾਰੇ।
ਨਹੀਂ ਬਿਲੋਕਜੋ, ਤੂਰਨ ਬੋਲਾ। 'ਗੁਰੁ ਜੀ ਤਸਕਰ ਨੇ ਅਸੁ ਖੋਲਾ॥ ੧੬॥

ਇਹ ਸੁਣ ਕੇ ਸੇਵਕ ਨੇ ਅੱਖਾਂ ਖੋਲ੍ਹੀਆਂ, ਜਾ ਕੇ ਘੋੜੇ ਦਾ ਥਾਂ ਵੇਖਿਆ, ਜਦ ਘੋੜਾ ਨਾ ਵੇਖਿਆ ਤਾ ਫੌਰਨ ਬੋਲਿਆ, "ਗੁਰੂ ਜੀ ਚੋਰ ਨੇ ਘੋੜਾ ਖੋਲ੍ਹ ਲਿਆ ਹੈ॥੧੬॥

ਅਬਿ ਹੀ ਮੀਂਹ ਮੰਦ ਬਰਸਾਯਾ। ਹੇਤੁ ਬਚਾਵਨਿ ਪ੍ਰਵਿਸ਼ਜੋ ਛਾਯਾ।
ਦੇਰਿ ਨ ਪਰੀ ਤੁਰੰਗ ਕੋ ਲੀਨਾ। ਮਹਾਂ ਕੁਕਰਮ ਮੂਢ ਕਿਨ ਕੀਨਾ॥ ੧੭॥

ਹੁਣੇ ਹੀ ਥੋੜ੍ਹਾ-ਥੋੜ੍ਹਾ ਮੀਂਹ ਵਰ੍ਹਿਆ ਹੈ, ਮੈਂ ਮੀਂਹ ਤੋਂ ਬਚਣ ਵਾਸਤੇ ਪਰਦੇ ਹੇਠ ਹੋ ਗਿਆ ਸੀ। ਘੋੜੇ ਨੂੰ ਲੈ ਕੇ ਗਏ ਨੂੰ ਦੇਰ ਨਹੀਂ ਹੋਈ ਹੈ, ਇਹ ਮਹਾਂ ਕੁਕਰਮ ਕਿਸ ਮੂਰਖ ਨੇ ਕੀਤਾ ਹੈ॥੧੭॥

ਅਦਬ ਨਹੀਂ ਸਤਿਗੁਰ ਕੋ ਚੀਨਾ। ਲੋਕ ਪ੍ਰਲੋਕ ਦੁਹਨਿ ਤੇ ਹੀਨਾ।
ਤੁਰੰਗ ਆਪਨੋ ਆਪ ਹਟਾਵਹੁ। ਤਸਕਰ ਉਚਿਤ ਸਜ਼ਾਇ ਦਿਵਾਵਹੁ॥ ੧੮॥

ਗੁਰੂ ਜੀ ਦਾ ਆਦਰ ਨਹੀਂ ਵੇਖਿਆ ਹੈ, ਲੋਕ ਪ੍ਰਲੋਕ ਦੋਹਾਂ ਤੋਂ ਹੀਣਾ ਹੋ ਗਿਆ ਹੈ, ਘੋੜਾ ਆਪਣਾ ਆਪ ਵਾਪਸ ਕਰਵਾਵੋ ਤੇ ਚੋਰ ਨੂੰ ਉਚਿਤ ਸਜ਼ਾ ਦਿਵਾਵੋ॥੧੮॥

ਨਾਂਹਿ ਤ ਇਸੀ ਦੇਸ਼ ਕੇ ਲੋਕ। ਵਸਤੁ ਖਸੋਟਹਿਂ ਮਾਰਗ ਰੋਕਿ।
ਤੁਮ ਸਮਰਥ ਸਭਿ ਭਾਂਤਿਨਿ ਮਾਂਹੀ। ਰਹੈ ਅਦੰਡ ਉਚਿਤ ਇਹੁ ਨਾਂਹੀ॥ ੧੯॥

ਨਹੀਂ ਤਾਂ ਇਸ ਦੇਸ਼ ਦੇ ਲੋਕ, ਸਾਨੂੰ ਰਾਹ ਵਿਚ ਹੀ ਰੋਕ ਕੇ ਵਸਤਾਂ ਖੋਹ ਲੈਣਗੇ, ਤੁਸੀਂ ਹਰ ਪ੍ਰਕਾਰ ਸਮਰੱਥ ਹੋ, ਇਸ ਚੋਰ ਦਾ ਦੰਡ ਰਹਿਤ ਰਹਿਣਾ ਉਚਿਤ ਨਹੀਂ ਹੈ॥੧੯॥

ਪੁਨਹਿਂ ਜਾਮਨੀ ਮਹਿਂ ਸੋ ਆਵੈ। ਹਿਲਜੋ ਵਸਤੁ ਕੁਛ ਅਪਰ ਲਿਜਾਵੈ।
ਜੇ ਨ ਦਿਖਾਵਹੁ ਸ਼ਕਤਿ ਵਿਸ਼ੇਸ਼। ਨਹਿਂ ਬਚ ਸਕਹੁ ਫਿਰਹੁ ਪਰਦੇਸ਼' ॥ ੨੦॥

ਫਿਰ ਰਾਤ ਸਮੇਂ ਉਹ ਆ ਜਾਵੇਗਾ, ਗਿੱਝਾ ਹੋਇਆ ਕੁਝ ਹੋਰ ਵਸਤਾਂ ਚੁੱਕ ਕੇ ਲੈ ਜਾਵੇਗਾ। ਜੇ ਆਪਣੀ ਵਿਸ਼ੇਸ਼ ਸ਼ਕਤੀ ਨਹੀਂ ਵਿਖਾਵੋਗੇ ਤਾਂ ਪਰਦੇਸ਼ ਵਿਚ ਫਿਰਦੇ ਬਚ ਨਹੀਂ ਸਕੋਗੇ'' ॥੨੦॥

ਸੁਨਿ ਸਤਿਗੁਰ ਕਹਿ ਧੀਰਜ ਦੀਨਾ। 'ਫਲ ਸੋ ਪਾਇ ਕਰਮ ਜਿਨ ਕੀਨਾ।
ਉੱਤਰ ਦਿਸ਼ਿ ਲੇ ਗਯੋ ਤੁਰੰਗ। ਪਕਰਿ ਲੇਹੁ ਦੌਰਹੁ ਤਿਹ ਸੰਗ॥ ੨੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਹਿ ਕੇ ਧੀਰਜ ਦਿੱਤਾ, "ਜਿਸ ਨੇ ਇਹ ਕਰਮ ਕੀਤਾ ਹੈ, ਉਹ ਜ਼ਰੂਰ ਫਲ ਪਾਵੇਗਾ। ਉਹ ਉੱਤਰ ਵਾਲੇ ਪਾਸੇ ਘੋੜੇ ਨੂੰ ਲੈ ਗਿਆ ਹੈ। ਉਸ ਨੂੰ ਫੜ ਲਵੋ ਤੇ ਉਸ ਦੇ ਨਾਲ ਭੱਜੋ॥੨੧॥

ਸਘਨ ਤਿਮਰ ਤੇ ਕਰਹੁ ਜੁ ਸ਼ੰਕਾ। ਹੋਤਿ ਪ੍ਰਭਾਤਿ ਗਹੋ ਮਤਿ ਰੰਕਾ।
ਨਹੀਂ ਜਾਇ ਹੈ ਤੁਰੰਗ ਹਮਾਰੋ। ਇਹਠਾਂ ਆਵਹਿ ਬਿਦਤ ਸਕਾਰੋ॥ ੨੨॥

ਸੰਘਣੇ ਹਨ੍ਹੇਰੇ ਤੇ ਜੇ ਸ਼ੰਕਾ ਕਰੋ ਤੇ ਸਵੇਰ ਹੋਣ ਤੇ ਕੰਗਾਲ ਬੁੱਧੀ ਵਾਲੇ ਭਾਵ ਬੁੱਧਹੀਣ ਨੂੰ ਫੜ ਲਵੋ। ਸਾਡਾ ਘੋੜਾ ਕਿਤੇ ਨਹੀਂ ਚਲਿਆ ਹੈ, ਸਵੇਰ ਹੁੰਦਿਆਂ ਹੀ ਇਸ ਥਾਂ ਪ੍ਰਗਟ ਰੂਪ ਵਿਚ ਆ ਜਾਵੇਗਾ॥੨੨॥

**ਸੁਨਿ ਸਤਿਗੁਰ ਕੇ ਬਾਕ ਉਦਾਰੇ। ਕਰਿ ਧੀਰਜ ਬੈਠੇ ਨਰ ਸਾਰੇ।**
**ਕੇਤਿਕ ਸੁਪਤਿ ਰਹੇ ਕੋ ਜਾਗੇ। ਤਸਕਰ ਗਹਨਿ ਚਿੰਤ ਮਹਿਂ ਲਾਗੇ॥ ੨੩॥**

ਸਤਿਗੁਰੂ ਜੀ ਦੇ ਉਦਾਰ ਬਚਨ ਸੁਣ ਕੇ, ਧੀਰਜ ਧਾਰ ਕੇ ਸਾਰੇ ਮਨੁੱਖ ਬੈਠ ਗਏ, ਕਈ ਸੁੱਤੇ ਰਹੇ, ਕਈ ਜਾਗ ਪਏ, ਚੋਰ ਨੂੰ ਫੜਨ ਦੀ ਚਿੰਤਾ ਵਿਚ ਲੱਗੇ ਰਹੇ॥੨੩॥

**ਬੋਲਤਿ ਬਚ ਪ੍ਰਭਾਤਿ ਹੁਇ ਆਈ। ਤਬਿ ਸ਼ਾਰਤ ਸਤਿਗੁਰੂ ਬਤਾਈ।**
**ਸਮੁਝਿ ਗਏ ਸੇਵਕ ਸਭਿ ਦੌਰਿ। ਪਹੁਚੇ ਆਧ ਕੋਸ ਕੇ ਠੌਰ॥ ੨੪॥**

ਗੱਲਾਂ ਕਰਦਿਆਂ ਸਵੇਰ ਹੋ ਗਈ, ਤਦ ਸਤਿਗੁਰੂ ਜੀ ਨੇ ਨਿਸ਼ਾਨਦੇਹੀ ਦੱਸੀ, ਸਾਰੇ ਸੇਵਕ ਸਮਝ ਕੇ ਦੌੜ ਪਏ ਤੇ ਅੱਧ ਕੋਹ ਦੇ ਪੈਂਡੇ ਤੇ ਪਹੁੰਚ ਗਏ॥੨੪॥

**ਠਾਂਢੋ ਤਸਕਰ ਤਹਾਂ ਨਿਹਾਰਯੋ। ਹਯ ਕਵਿਕਾ ਤੇ ਪਕਰਨਿ ਧਾਰਯੋ।**
**ਸਤਿਗੁਰ ਦਾਸਨਿ ਗਹਯੋ ਸੁ ਜਾਈ। ਮੂਰਖ ਅਧਮ ਰਹਯੋ ਸਿਰ ਨਜਾਈ॥੨੫॥**

ਉਥੇ ਚੋਰ ਨੂੰ ਖੜਾ ਵੇਖਿਆ, ਚੋਰ ਨੇ ਘੋੜੇ ਨੂੰ ਵਾਗਾਂ ਤੋਂ ਫੜਿਆ ਹੋਇਆ ਸੀ। ਸਤਿਗੁਰੂ ਦੇ ਸੇਵਕਾਂ ਨੇ ਘੋੜੇ ਨੂੰ ਜਾ ਫੜਿਆ। ਮੂਰਖ ਚੋਰ ਸਿਰ ਨਿਵਾ ਕੇ ਖੜਾ ਰਿਹਾ॥੨੫॥

**ਤੁਰੰਗ ਸਮੇਤ ਲਏ ਚਲਿ ਆਏ। ਗੁਰੁ ਕੇ ਨਿਕਟਿ ਆਨਿ ਦਰਸਾਏ।**
**'ਅਰਧ ਕੋਸ ਪਰ ਬੈਠਯੋ ਏਹੂ। ਲੇ ਕਰਿ ਗਯੋ ਨਹੀਂ ਕਿਮ ਗੇਹੂ'॥ ੨੬॥**

ਘੋੜੇ ਸਮੇਤ ਉਸ ਨੂੰ ਲੈ ਕੇ ਚਲ ਕੇ ਆ ਗਏ, ਗੁਰੂ ਜੀ ਦੇ ਪਾਸ ਆ ਕੇ ਵਿਖਾ ਦਿੱਤੇ। "ਅੱਧ ਕੋਹ ਤੇ ਇਹ ਬੈਠਿਆ ਸੀ, ਇਹ ਘੋੜੇ ਨੂੰ ਆਪਣੇ ਘਰ ਨੂੰ ਲੈ ਕੇ ਕਿਉਂ ਨਹੀਂ ਗਿਆ ਹੈ"॥੨੬॥

**ਸੁਨਿ ਸ੍ਰੀ ਤੇਗ ਬਹਾਦਰ ਰਾਇ। ਬੂਝਯੋ 'ਦੀਜੈ ਸਾਚ ਬਤਾਇ।**
**ਕਿਮ ਨਹਿਂ ਲੇਇ ਗਯੋ ਘਰ ਘੋਰਾ। ਬੈਠਿ ਰਹਯੋ ਹਮਰੇ ਢਿਗ ਭੋਰਾ॥ ੨੭॥**

ਇਹ ਸੁਣ ਕੇ ਸ੍ਰੀ ਤੇਗ ਬਹਾਦਰ ਸਾਹਿਬ ਨੇ ਪੁਛਿਆ, "ਸਚੋ ਸੱਚ ਦੱਸ ਦੇਵੋ, ਕਿਵੇਂ ਘੋੜਾ ਘਰ ਲੈ ਕੇ ਨਹੀਂ ਗਿਆ ਹੈਂ, ਹੇ ਭੋਲੇ ! ਸਾਡੇ ਪਾਸ ਹੀ ਬੈਠਾ ਰਿਹਾ ਹੈਂ॥੨੭॥

**ਤਬਿ ਤਸਕਰ ਨੇ ਸਕਲ ਬਤਾਈ। ਹਮ, ਦ੍ਵੈ ਥੇ ਇਕ ਗਯੋ ਪਲਾਈ।**
**ਮੈਂ ਅਸੁ ਖੋਲਯੋ ਆਇ ਤੁਮਾਰਾ। ਦੇ ਕਵਿਕਾ ਹ੍ਵੈ ਕਰਿ ਅਸਵਾਰਾ॥ ੨੮॥**

ਤਦ ਚੋਰ ਨੇ ਸਾਰੀ ਗੱਲ ਦੱਸੀ, ਅਸੀਂ, ਦੋ ਚੋਰ ਸੀ, ਇਕ ਭੱਜ ਗਿਆ ਸੀ, ਮੈਂ ਆ ਕੇ ਤੁਹਾਡਾ ਘੋੜਾ ਖੋਲ੍ਹਿਆ, ਲਗਾਮ ਦੇ ਕੇ ਇਸ ਉਤੇ ਸਵਾਰ ਹੋ ਗਿਆ॥੨੮॥

**ਕਿਤਿਕ ਦੂਰ ਮੈਂ ਮਾਰਗ ਗਯੋ। ਜਾਇ ਤਹਾਂ ਲੌ ਅੰਧਾ ਭਯੋ।**
**ਕਿਤ ਦਿਸ਼ ਗਮਨਯੋ ਜਾਇ ਨ ਜਬੈ। ਸਾਥੀ ਕੇ ਬਚ ਸਿਮਰੇ ਤਬੈ॥ ੨੯॥**

ਕਾਫ਼ੀ ਦੂਰ ਤਕ ਜਦ ਮੈਂ ਰਾਹੇ-ਰਾਹ ਗਿਆ ਤਾਂ ਉਥੇ ਜਾ ਕੇ ਮੈਂ ਅੰਧਾ ਹੋ ਗਿਆ, ਜਦ ਕਿਸੇ ਪਾਸੇ ਵੀ ਜਾਇਆ ਨਾ ਜਾਏ, ਤਦ ਮੈਨੂੰ ਆਪਣੇ ਸਾਥੀ ਦੇ ਬਚਨ ਯਾਦ ਆਏ॥੨੯॥

ਨਮੋ ਕਰਤਿ ਕੇਹਰਿ ਕੋ ਦੇਖਾ। ਤੁਰਕ ਹੁਤੋ, ਸਮੁਝਾਇ ਵਿਸ਼ੇਖਾ।
ਮੈਂ ਤਿਸ ਕੀ ਇਕ ਕਹੀ ਨ ਮਾਨੀ। ਸੋ ਚਲਿ ਗਯੋ ਆਪਨੇ ਥਾਨੀ॥ ੩੦॥

ਉਸ ਨੇ ਨਮਸਕਾਰ ਕਰਦੇ ਇਕ ਸ਼ੇਰ ਨੂੰ ਵੇਖਿਆ ਸੀ, ਬੇਸ਼ਕ ਉਹ ਤੁਰਕ ਸੀ, ਉਸ ਮੈਨੂੰ ਬਹੁਤ ਸਮਝਾਇਆ। ਮੈਂ ਉਸ ਦੀ ਕਹੀ ਇਕ ਨਾ ਮੰਨੀ, ਉਹ ਚਲ ਕੇ ਆਪਣੇ ਘਰ ਨੂੰ ਚਲਾ ਗਿਆ॥੩੦॥

ਭਯੋ ਅੰਧ ਮੈਂ ਬਹੁ ਪਛੁਤਾਵਾ। ਪੁਨ ਹਟਿ ਕਰਿ ਤੁਮਰੀ ਦਿਸ਼ਿ ਆਵਾ।
ਭ੍ਰਮ ਦਿਸ਼ਿ ਭਯੋ ਨ ਜਾਨਜੋ ਗਯੋ। ਹੁਇ ਲਚਾਰ ਤਿਸ ਹੀ ਥਲ ਥਿਯੋ॥ ੩੧॥

ਜਦ ਮੈਂ ਅੰਨ੍ਹਾ ਹੋ ਗਿਆ ਤਾਂ ਬਹੁਤ ਪਛੁਤਾਇਆ, ਫਿਰ ਵਾਪਸ ਹੋ ਕੇ ਤੁਹਾਡੇ ਵਾਲੇ ਪਾਸੇ ਆਇਆ। ਦਿਸ਼ਾ ਦਾ ਭਰਮ ਹੋ ਗਿਆ ਤੇ ਮੈਥੋਂ ਕੁਝ ਜਾਣਿਆ ਨਹੀਂ ਸੀ ਜਾਂਦਾ, ਲਾਚਾਰ ਹੋ ਕੇ ਉਸ ਥਾਂ ਹੀ ਚਲਾ ਗਿਆ॥੩੧॥

ਪ੍ਰਾਤਿ ਹੋਇ ਗੇ ਦਾਸ ਤੁਮਾਰੇ। ਗਹਿ ਲੀਨਿਸਿ ਮੁਝ ਕੋ ਰਿਸ ਧਾਰੇ।
ਅਤਿ ਮਤਿਮੰਦ ਕਿਯੋ ਬਡ ਪਾਪ। ਦ੍ਰਿਗ ਤੇ ਦੇਖਨਿ ਲਗਜੋ ਪ੍ਰਤਾਪ॥ ੩੨॥

ਸਵੇਰ ਹੋਣ 'ਤੇ ਤੁਹਾਡੇ ਫਿਰ ਸੇਵਕ ਮੈਨੂੰ ਮਿਲ ਪਏ, ਤੇ ਗੁੱਸਾ ਧਾਰ ਕੇ ਉਨ੍ਹਾਂ ਮੈਨੂੰ ਫੜ ਲਿਆ, ਮੈਂ ਅਤੀ ਮੂਰਖ ਨੇ ਵੱਡਾ ਪਾਪ ਕੀਤਾ ਤੇ ਫਿਰ ਤੁਹਾਡੇ ਪ੍ਰਤਾਪ ਨਾਲ ਮੈਨੂੰ ਅੱਖਾਂ ਨਾਲ ਦਿਖਾਈ ਦੇਣ ਲੱਗ ਗਿਆ॥੩੨॥

ਮੈਂ ਤਸਕਰ, ਦਿਹੁ ਜਥਾ ਸਜ਼ਾਇ। ਨੀਚ ਬੁੱਧਿ ਨੇ ਕੁਮਗ ਚਲਾਇ।
ਭਾਗ ਹੀਨ ਮਨ ਸਮੁਝਜੋ ਨਾਂਹੀ। ਤੁਮ ਪ੍ਰਕਾਸ਼ ਰਵਿ ਸਮ ਜਗ ਮਾਂਹੀ' ॥ ੩੩॥

ਮੈਂ ਤੁਹਾਡਾ ਚੋਰ ਹਾਂ, ਮੈਨੂੰ ਸਜ਼ਾ ਦੇਵੋ, ਨੀਚ ਨੇ ਭੈੜਾ ਮਾਰਗ ਅਪਨਾਇਆ ਹੈ। ਭਾਗਹੀਣ ਮੇਰਾ ਮਨ ਸਮਝਿਆ ਨਹੀਂ ਹੈ, ਤੁਹਾਡਾ ਪ੍ਰਕਾਸ਼ ਜਗਤ ਵਿਚ ਸੂਰਜ ਸਮਾਨ ਹੈ" ॥੩੩॥

ਦੋਹਰਾ- ਸਤਿਗੁਰੂ ਕਹਿਂ 'ਰੇ ਕੁੱਟਣੇ! ਸਭਿ ਜਗ ਸੌਂ ਕਰਿ ਦ੍ਰੋਹੁ।
ਇਹ ਫਕੀਰ ਕੋ ਗੋਦਰਾ ਸੋ ਪਿ ਨ ਛੋਰਜੋ ਤੋਹੁ॥ ੩੪॥

ਸਤਿਗੁਰੂ ਜੀ ਨੇ ਕਿਹਾ, 'ਹੇ ਵਿਭਚਾਰ ਕਮਾਉਣ ਵਾਲੇ! ਸਾਰੇ ਜਗ ਨਾਲ ਧ੍ਰੋਹ ਕਮਾਉਂਦੇ ਹੋ, ਇਹ ਫਕੀਰ ਦਾ ਗੋਦਰਾ ਹੈ, ਉਹ ਨੂੰ ਵੀ ਤੂੰ ਛੱਡਿਆ ਨਹੀਂ ਹੈ॥੩੪॥

ਚੌਪਈ- ਪਾਪ ਅਨਿਕ ਭਾਂਤਿਨਿ ਕੇ ਅਹੈਂ। ਕਰਿ ਕਰਿ ਅਧਮ ਕਸ਼ਟ ਕੋ ਲਹੈਂ।
ਤਊ ਇਨਹੁਂ ਮਹਿਂ ਅੰਤਰ ਮਹਾਂ। ਲਘੁ ਤੇ ਲਘੁ ਬਡ ਤੇ ਬਡ ਕਹਾ॥ ੩੫॥

ਪਾਪ ਕਈ ਪ੍ਰਕਾਰ ਦਾ ਹੁੰਦਾ ਹੈ, ਪਰ ਅਜਿਹਾ ਪਾਪ ਕਰਕੇ ਬਹੁਤ ਭਿਆਨਕ ਕਸ਼ਟ ਪ੍ਰਾਪਤ ਕਰੇਂਗਾ। ਫਿਰ ਵੀ ਇਨ੍ਹਾਂ ਵਿਚ ਬੜਾ ਅੰਤਰ ਹੈ, ਭਾਵੇਂ ਛੋਟੇ ਤੋਂ ਛੋਟਾ ਹੋਵੇ ਤੇ ਭਾਵੇਂ ਵੱਡੇ ਤੋਂ ਵੱਡਾ ਹੋਵੇ॥੩੫॥

ਕਹਾਂ ਅਪਰ ਕੀ ਚੋਰੀ ਕਰਨੀ। ਕਹਾਂ ਵਸਤੁ ਸੰਤਨਿ ਕੀ ਹਰਨੀ।
ਯਾਂਤੇ ਜੋ ਤਸਕਰਨਿ ਸਜ਼ਾਇ। ਇਹ ਬੂਝਤਿ ਹੈਂ ਦੇਹੁ ਬਤਾਇ॥ ੩੬॥

ਕਿਥੇ ਹੋਰਨਾਂ ਦੀ ਚੋਰੀ ਕਰਨੀ, ਕਿਥੇ ਸੰਤਾਂ ਦੀ ਵਸਤੂ ਚੁਰਾਉਣੀ। ਇਸ ਕਰਕੇ ਚੋਰ ਨੂੰ ਕੀ ਸਜ਼ਾ ਦੇਣੀ ਚਾਹੀਦੀ ਹੈ, ਇਹ ਤੈਨੂੰ ਹੀ ਪੁੱਛਦੇ ਹਾਂ, ਆਪ ਹੀ ਦੱਸ ਦੇਵੋ॥੩੬॥

ਜਗਤ ਬਿਦਤ ਹੈ ਸੂਲੀ ਦੇਨਿ। ਸੋ ਇਹ ਆਪਹਿ ਕਰ ਹੀ ਲੈਨਾ।
ਇਮ ਕਹਿ ਦਾਸਨਿ ਤੇ ਛੁਰਿਵਾਯੋ। ਤਸਕਰ ਬਚ ਕਰ ਜੋਰਿ ਅਲਾਯੋ॥ ੩੭॥

ਜਗਤ ਵਿਚ ਸੂਲੀ ਤੇ ਚੜ੍ਹਾਉਣਾ ਪ੍ਰਗਟ ਹੈ, ਉਹ ਆਪ ਹੀ ਕਰ ਲਵੋ।" ਇਹ ਕਹਿ ਕੇ ਦਾਸਾਂ ਪਾਸੋਂ ਛੁਡਵਾਇਆ। ਚੋਰ ਡਰ ਕੇ ਹੱਥ ਜੋੜ ਕੇ ਬੋਲਿਆ ॥੩੭॥

'ਹੁਕਮ ਆਪ ਕੋ ਜੈਸੇ ਹੋਇ। ਤਿਮ ਕਰਿ ਹੌਂ ਬਸ ਮੋਹਿ ਨ ਕੋਇ।
ਅਬਿ ਮਰਿਬੋ ਹੀ ਭਲੋ ਪਛਾਨੋਂ। ਭਾ ਤੁਮਰੋ ਅਪਰਾਧ ਮਹਾਨੋ' ॥ ੩੮ ॥

"ਜਿਵੇਂ ਆਪ ਜੀ ਦਾ ਹੁਕਮ ਹੋਵੇ, ਉਸ ਤਰ੍ਹਾਂ ਹੀ ਕਰ ਲਵਾਂਗਾ, ਮੇਰੇ ਵੱਸ ਕੁਝ ਨਹੀਂ ਹੈ। ਹੁਣ ਮਰਨਾ ਹੀ ਭਲਾ ਪਛਾਣੋ, ਮੈਂ ਤੁਹਾਡਾ ਮਹਾਨ ਅਪਰਾਧ ਕੀਤਾ ਹੈ" ॥੩੮॥

ਸ੍ਰੀ ਗੁਰ ਕਹ੍ਯੋ 'ਜੰਡ ਤਰੁ ਖਰੋ। ਇਸ ਕਾਸ਼ਟ ਪਰ ਚਢਿ ਕਰਿ ਮਰੋ'।
ਸੁਨਤਿ ਚੋਰ ਆਰੋਹਾ ਜਾਇ। ਊਚੋ ਕਾਂਡ ਗਹ੍ਯੋ ਸਹਿਸਾਇ ॥ ੩੯ ॥

ਸ੍ਰੀ ਗੁਰੂ ਜੀ ਨੇ ਕਿਹਾ, "ਜੰਡ ਦੇ ਰੁਖ ਥੱਲੇ ਖੜੇ ਹੋ ਜਾਵੋ, ਇਸ ਦੀ ਲੱਕੜੀ ਤੇ ਚੜ੍ਹ ਕੇ ਮਰੋ।" ਇਹ ਸੁਣ ਕੇ ਚੋਰ ਜੰਡ ਦੇ ਪੇੜ ਤੇ ਚੜ੍ਹ ਗਿਆ, ਉੱਚਾ ਡਾਹਣਾ ਝਟ ਫੜ ਲਿਆ ॥੩੯॥

ਬਲ ਕਰਿ ਤੋਰ੍ਯੋ ਜਿਮ ਰਹਿ ਤੀਖਨਾ। ਦੇਖਤਿ ਸਭਿ ਕੇ ਕਰਮਾ ਭੀਖਨ।
ਤਿਸ ਪਰ ਉਦਰ ਟਿਕਾਯੋ ਆਪਨਿ।ਪਾਇ ਜੋਰ ਨਿਜ ਜੀਵਨ ਖਾਪਨਿ ॥੪੦॥

ਜੋਰ ਨਾਲ ਤੋੜਿਆ ਜਿਵੇਂ ਉਹ ਬਹੁਤ ਤਿਖਾ ਸੀ, ਸਾਰਿਆਂ ਦੇ ਵੇਖਦਿਆਂ ਭਿਆਨਕ ਕਾਰਜ ਕੀਤਾ। ਉਸ ਉਤੇ ਆਪਣੇ ਪੇਟ ਟਿਕਾਇਆ ਤੇ ਆਪਣਾ ਜੀਵਨ ਖਪਾਉਣ ਲਈ ਜ਼ੋਰ ਲਾਇਆ ॥੪੦॥

ਜਬਿ ਅਲੰਬ ਤਿਸ ਕੇ ਹੁਇ ਗਯੋ। ਫਟ੍ਯੋ ਪੇਟ ਕਾਸ਼ਟ ਪ੍ਰਵਿਸ਼ਯੋ।
ਤਤਛਿਨ ਮਰ੍ਯੋ ਸੁ ਥਲ ਅਬਿ ਅਹੈ। ਜਿਸ ਕੋ ਸੂਲੀਸਰ ਨਰ ਕਹੈਂ ॥ ੪੧ ॥

ਜਦ ਉਸ ਦੇ ਆਸਰੇ ਹੋ ਗਿਆ, ਪੇਟ ਫੱਟ ਗਿਆ ਤੇ ਲਕੜ ਅੰਦਰ ਦਾਖਲ ਹੋ ਗਈ। ਤੁਰਤ ਮਰ ਗਿਆ, ਸੋ ਸਥਾਨ ਹਾਲੇ ਵੀ ਉਥੇ ਹੈ, ਲੋਕ ਜਿਸ ਪਿੰਡ ਦਾ ਨਾਂ ਸੂਲੀਸਰ ਕਹਿੰਦੇ ਹਨ ॥੪੧॥

ਇਕ ਦੁਇ ਦਿਨ ਕਰਿ ਕੈ ਤਹਿ ਬਾਸ। ਸ੍ਰੀ ਸਤਿਗੁਰ ਸੇਵਕ ਸੁਖਰਾਸ।
ਪੁਨਹਿ ਕੂਚ ਤਹਿਂ ਤੇ ਕਰਿ ਦੀਨਸਿ। 'ਬਰੇ' ਗ੍ਰਾਮ ਕੋ ਮਾਰਗ ਲੀਨਸਿ ॥੪੨॥

ਇਕ ਦੋ ਦਿਨ ਹੋਰ ਉਥੇ ਵਾਸਾ ਕਰਕੇ ਸ੍ਰੀ ਸਤਿਗੁਰੂ ਜੀ ਜਿਹੜੇ ਆਪਣੇ ਸੇਵਕਾਂ ਵਾਸਤੇ ਸੁਖਾਂ ਦੀ ਰਾਸ ਹਨ, ਫਿਰ ਉਸ ਸਥਾਨ ਤੋਂ ਕੂਚ ਕਰ ਦਿੱਤਾ ਤੇ ਬਰੇ ਨਾਮੀ ਪਿੰਡ ਦਾ ਮਾਰਗ ਫੜਿਆ ॥੪੨॥

*ਗਿਆਰਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ ॥੪੦॥*

## ਅਧਿਆਇ ਇਕਤਾਲੀਵਾਂ

*ਬਰੇ, ਗੋਬਿੰਦ ਪੁਰੇ, ਗਾਗੇ, ਗੁਰਨੇ, ਮਕਰੋੜ, ਧਮਧਾਣ*

ਦੋਹਰਾ- ਤਹਿਂ ਤੇ ਚਢਿ ਸ੍ਰੀਹ ਸਤਿਗੁਰੂ 'ਬਰੇ' ਗ੍ਰਾਮ ਮਹਿਂ ਆਇ।
ਕਰ੍ਯੋ ਨਿਵਾਸ ਸੁ ਥਾਨ ਸੁਭ ਮਿਲੇ ਲੋਕ ਸਮੁਦਾਇ ॥ ੧ ॥

ਉਸ ਅਸਥਾਨ ਤੋਂ ਸਵਾਰ ਹੋ ਕੇ ਸ੍ਰੀ ਸਤਿਗੁਰੂ ਜੀ 'ਬਰੇ' ਪਿੰਡ ਵਿਚ ਆ ਗਏ, ਸੋਹਣਾ ਸਥਾਨ ਵੇਖ ਕੇ ਉਥੇ ਨਿਵਾਸ ਕੀਤਾ ਤੇ ਲੋਕਾਂ ਦੇ ਸਮੂਹ ਨੂੰ ਮਿਲੇ॥੧॥

ਚੌਪਈ- ਕਰਿ ਸੇਵਾ ਦਿਨ ਕੁਛਕ ਟਿਕਾਏ। ਹੁਤੋ ਚੁਮਾਸਾ ਘਨ ਬਰਖਾਏ।
ਤਹਾਂ ਮੋਠ ਕੋ ਖੇਤ ਬਿਜਾਇ। ਚਾਰਤਿ ਭਏ ਤੁਰੰਗਨਿ ਪਾਇ॥ ੨॥

ਉਨ੍ਹਾਂ ਲੋਕਾਂ ਨੇ ਗੁਰੂ ਜੀ ਦੀ ਸੇਵਾ ਕਰਕੇ ਕੁਝ ਦਿਨ ਟਿਕਾਇਆ। ਚੁਮਾਸੇ ਦਾ ਮੌਸਮ ਸੀ, ਬਾਰਸ਼ ਹੁੰਦੀ ਸੀ। ਗੁਰੂ ਜੀ ਨੇ ਉਥੇ ਮੋਠਾਂ ਦੇ ਖੇਤ ਬਿਜਵਾਏ, ਘੋੜਿਆਂ ਨੂੰ ਪਾ ਕੇ ਚਾਰਦੇ ਸਨ॥੨॥

ਮਹਿਖੀ ਕੋ ਨਿਤ ਪ੍ਰਤਿ ਬਹੁ ਚਾਰੇ। ਪਸੂ ਪੁਸ਼ਟ ਕੀਨਸਿ ਇਕਸਾਰੇ।
ਸੰਗਤਿ ਦੂਰ ਦੂਰ ਤੇ ਆਵਹਿ। ਸਗਲ ਦੇਗ ਤੇ ਭੋਜਨ ਖਾਵਹਿਂ॥ ੩॥

ਮੱਝ ਨੂੰ ਨਿਤ ਪ੍ਰਤਿ ਬਹੁਤ ਚਾਰਦੇ ਸਨ, ਸਾਰੇ ਪਸ਼ੂ ਇਕਸਾਰ ਤਕੜੇ ਕਰ ਲਏ। ਦੂਰ ਦੂਰ ਤੋਂ ਉਥੇ ਸੰਗਤ ਆਉਂਦੀ ਸੀ, ਸਾਰੇ ਲੰਗਰ ਤੋਂ ਭੋਜਨ ਛਕਦੇ ਸਨ॥੩॥

ਆਨਿ ਉਪਾਇਨ ਬਹੁ ਅਰਪੰਤੇ। ਰਹੈਂ ਕਿਤਿਕ ਦਿਨ ਦਰਸ ਕਰੰਤੇ।
ਸ਼ਰਧਾ ਸਹਿਤ ਸੁਨਹਿਂ ਉਪਦੇਸ਼। ਜਨਮ ਜਨਮ ਕੇ ਕਟਹਿਂ ਕਲੇਸ਼॥੪॥

ਆ ਕੇ ਬਹੁਤ ਉਪਹਾਰ ਅਰਪਣ ਕਰਦੇ ਸਨ, ਕਈ ਦਿਨ ਰਹਿ ਕੇ ਦਰਸ਼ਨ ਕਰਦੇ ਸਨ। ਬੜੀ ਸ਼ਰਧਾ ਨਾਲ ਉਪਦੇਸ਼ ਸੁਣਦੇ ਸਨ ਜਨਮ ਮਰਨ ਦੇ ਕਲੇਸ਼ ਕੱਟਦੇ ਸਨ॥੪॥

ਜੋ ਮਸੰਦ ਸਿ ਦੇਸ਼ ਮਝਾਰੇ। ਲੰ ਗੁਰ ਕਾਰ ਹੋਹਿ ਕਰਿ ਤਜਾਰੇ।
ਸੰਗਤਿ ਅਪਨੇ ਸੰਗ ਲਗਾਇ। ਆਵਹਿਂ ਸਤਿਗੁਰ ਕੋ ਦਰਸਾਇ॥੫॥

ਜੋ ਮਸੰਦ ਉਸ ਦੇਸ਼ ਦੇ ਵਿਚ ਸਨ, ਉਹ ਗੁਰੂ ਦੀ ਕਾਰ ਲੈ ਕੇ ਤਿਆਰ ਹੋ ਗਏ ਤੇ ਆਪਣੇ ਨਾਲ ਸੰਗਤ ਨੂੰ ਲੈ ਕੇ ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੇ ਸਨ॥੫॥

ਇਕ ਮਸੰਦ ਦਰਸਹਿ ਰਹਿ ਪਾਸ। ਸੰਗਤਿ ਅਨਿਕ ਸੰਗ ਹੁਇ ਤਾਸ।
ਅਨਗਨ ਧਨ ਸਤਿਗੁਰ ਢਿਗ ਆਵੈ। ਪਰਉਪਕਾਰ ਹੇਤੁ ਸਭਿ ਲਾਵੈਂ॥੬॥

ਇਕ ਮਸੰਦ ਪਾਸ ਰਹਿ ਕੇ ਦਰਸ਼ਨ ਕਰਦਾ ਸੀ, ਉਸ ਦੇ ਨਾਲ ਅਨੇਕਾਂ ਦੀ ਗਿਣਤੀ ਵਿਚ ਸੰਗਤ ਹੁੰਦੀ ਸੀ। ਅਣਗਿਣਤ ਧਨ ਸਤਿਗੁਰੂ ਜੀ ਪਾਸ ਆਉਂਦਾ ਸੀ, ਸਤਿਗੁਰੂ ਜੀ ਉਸ ਧਨ ਨੂੰ ਪਰਉਪਕਾਰ ਵਾਸਤੇ ਲਾ ਦਿੰਦੇ ਸਨ॥੬।

ਨਰਨਿ ਹਜ਼ਾਰਨਿ ਕੋ ਭਲ ਕਰਿਹੀਂ। ਦਰਸ਼ਨ ਦੇ ਕਰਿ ਦੋਸ਼ਨਿ ਹਰਿਹੀਂ।
ਬਿਤਯੋ ਚੁਮਾਸਾ ਤਿਸ ਹੀ ਥਾਨ। ਮਗ ਕੇ ਸੂਕਿ ਗਏ ਬਹੁ ਪਾਨਿ॥੭॥

ਹਜ਼ਾਰਾਂ ਮਨੁੱਖਾਂ ਦਾ ਭਲਾ ਕਰਦੇ ਸਨ, ਗੁਰੂ ਜੀ ਦਰਸ਼ਨ ਦੇ ਕੇ ਦੋਸ਼ਾਂ ਨੂੰ ਦੂਰ ਕਰਦੇ ਸਨ। ਚੁਮਾਸੇ ਦਾ ਸਮਾਂ ਉਥੇ ਹੀ ਬਤੀਤ ਕੀਤਾ, ਰਸਤਿਆਂ ਦਾ ਬਹੁਤ ਪਾਣੀ ਸੁੱਕ ਗਿਆ ਸੀ॥੭॥

ਬਰੇ ਗ੍ਰਾਮ ਪਰ ਭਏ ਪ੍ਰਸੰਨ। ਅਵਿਲੋਕਯੋ ਨੀਕੋ ਥਲ ਅੰਨ।
ਪੂਰਬ ਥਾਨ ਸਦਨ ਉਠਿਵਾਏ। ਗ੍ਰਾਮ ਦੂਸਰੀ ਦਿਸ਼ਾ ਬਿਠਾਏ॥ ੮॥

'ਬਰੇ' ਪਿੰਡ ਉਤੇ ਬੜੇ ਪ੍ਰਸੰਨ ਹੋਏ, ਇਕ ਚੰਗੇ ਹੋਰ ਥਾਂ ਵੇਖਿਆ। ਪਹਿਲੇ ਥਾਂ ਤੋਂ ਡੇਰਾ ਚੁਕਵਾ ਕੇ, ਪਿੰਡ ਦੇ ਦੂਸਰੇ ਪਾਸੇ ਜਾ ਬੈਠੇ॥੮॥

ਮਾਨਜੋ ਬਾਕ ਬਸੇ ਤਹਿਂ ਜਾਇ। ਧਨ ਅਰੁ ਧਾਨ ਬਧਜੋ ਅਧਿਕਾਇ।
ਜੋ ਜਿਨ ਕਰੀ ਕਾਮਨਾ ਮਨ ਮੈਂ। ਪੂਰਨ ਕਰਤਿ ਭਏ ਤਿਸ ਛਿਨ ਮੈਂ ॥ ੯॥

ਬਚਨ ਮੰਨ ਕੇ ਉਸ ਥਾਂ ਜਾ ਕੇ ਰਹਿ ਪਏ, ਧਨ ਅਤੇ ਅਨਾਜ ਬਹੁਤ ਵਧਿਆ। ਜੋ ਵੀ ਕਿਸੇ ਨੇ ਕਾਮਨਾ ਮਨ ਵਿਚ ਕੀਤੀ ਉਸ ਕਾਮਨਾ ਨੂੰ ਛਿਨ ਵਿਚ ਪੂਰਨ ਕਰ ਦਿੰਦੇ ਸਨ॥੯॥

ਕੂਚ ਕਰਜੋ ਪੁਨ ਗੁਰ ਪ੍ਰਸਥਾਨੇ। ਗ੍ਰਾਮ 'ਬੁਲਾਢੇ' ਉਰੈ ਸਥਾਨ।
ਉਤਰਿ ਸੁ ਨਿਸਾ ਬਿਤਾਵਤਿ ਭਏ। ਪੁਨ 'ਗੋਬਿੰਦਪੁਰੇ' ਗੁਰ ਗਏ॥ ੧੦॥

ਕੂਚ ਕਰਕੇ ਫਿਰ ਗੁਰੂ ਜੀ ਦੂਸਰੇ ਸਥਾਨ ਵਲ ਚਲ ਪਏ, 'ਬੁਲਾਢੇ' ਪਿੰਡ ਤੋਂ ਉਰੇ ਇਕ ਸਥਾਨ ਸੀ। ਉਤਾਰਾ ਕਰਕੇ ਉਥੇ ਰਾਤ ਬਤੀਤ ਕੀਤੀ, ਫਿਰ ਗੁਰੂ ਜੀ 'ਗੋਬਿੰਦਪੁਰ' ਚਲੇ ਗਏ॥੧੦॥

ਗਮਨੇ ਤਿਹ ਤੇ 'ਗਾਗੋ' ਆਏ। ਡੇਰਾ ਕਰਜੋ ਹੇਰਿ ਸੁਭ ਥਾਏ।
ਘਾਹੀ ਗਏ ਘਾਸ ਹਿਤ ਬਾਹਰ। ਜਾਇ ਕਰਜੋ ਖੇਤਹਿ ਮਹਿਂ ਆਹਰ॥ ੧੧॥

ਉਥੇ ਚਲ ਕੇ ਪਿੰਡ 'ਗਾਗੋ' ਪਿੰਡ ਆ ਗਏ ਤੇ ਸ਼ੁਭ ਥਾਂ ਵੇਖ ਕੇ ਆਪਣਾ ਡੇਰਾ ਕੀਤਾ। ਘਾਹੀਂ ਬਾਹਰ ਘਾਹ ਲੈਣ ਗਏ, ਇਕ ਖੇਤ ਵਿਚ ਜਾ ਕੇ ਘਾਹ ਖੋਤਣ ਲੱਗੇ॥੧੧॥

ਬੀਨ ਬੀਨ ਤ੍ਰਿਣ ਕਿਤਿਕ ਕਿਦਾਰਨ। ਕਰਿ ਇਕਠੇ ਬੱਧਤਿ ਨਿਜ ਭਾਰਨਿ।
ਰਾਹਕ ਜਾਟ ਆਨਿ ਕਰਿ ਪਰੇ। ਛੀਨ ਲੀਨਿ ਤ੍ਰਿਣ ਰਿਸ ਮਹਿਂ ਭਰੇ॥ ੧੨॥

ਚੁਣ ਚੁਣ ਕੇ ਕਾਫੀ ਘਾਹ ਖੋਤ ਲਿਆ ਤੇ ਇਕੱਠਾ ਕਰਕੇ ਆਪਣੀਆਂ ਪੰਡਾਂ ਵਿਚ ਬੰਨ੍ਹ ਲਿਆ। ਕਿਸਾਨ ਜੱਟ ਆ ਕੇ ਪੈ ਗਏ, ਘਾਹ ਖੋਹ ਲਿਆ ਤੇ ਗੁੱਸੇ ਨਾਲ ਭਰ ਗਏ॥੧੨॥

ਝਿਰਕਿ ਗਾਰੀ ਦੇ ਮਾਰਨਿ ਕਰੇ। ਨਿਜ ਖੇਤਨਿ ਤੇ ਵਹਿਰ ਨਿਕਰੇ।
ਛੂਛੇ ਦੀਨਮਨੇ ਬਹੁ ਦਾਸ। ਆਇ ਪੁਕਾਰੇ ਗੁਰ ਕੇ ਪਾਸ॥ ੧੩॥

ਝਿੜਕ ਕੇ ਗਾਲੀਆਂ ਦੇ ਕੇ ਮਾਰਿਆ ਤੇ ਆਪਣੇ ਖੇਤਾਂ ਵਿਚੋਂ ਬਾਹਰ ਕੱਢ ਦਿੱਤੇ॥ ਖਾਲੀ ਹੱਥ ਸੇਵਕ ਮਨ ਵਿਚ ਬਹੁਤ ਦੀਨ ਹੋ ਕੇ ਆ ਕੇ ਗੁਰੂ ਜੀ ਪਾਸ ਪੁਕਾਰ ਕੀਤੀ॥੧੩॥

'ਇਹਾਂ ਜਾਟ ਮਤਿਮੂਢ ਬਿਸਾਲੇ। ਗੁਰ ਮਹਿਮਾ ਨਹਿਂ ਲਖਹਿਂ ਕੁਚਾਲੇ।
ਨਹੀਂ ਬਿਗਾਰਜੋ ਤਿਨ ਕਾ ਖੇਤ। ਪ੍ਰਵਿਸ਼ੇ ਹਮ ਤ੍ਰਿਣ ਲੈਬੇ ਹੇਤੁ॥ ੧੪॥

"ਇਥੋਂ ਦੇ ਜੱਟ ਬਹੁਤ ਮੂਰਖ ਹਨ, ਇਹ ਭੈੜੇ ਚਾਲਿਆਂ ਵਾਲੇ ਗੁਰੂ ਜੀ ਦੀ ਮਹਿਮਾ ਨਹੀਂ ਜਾਣਦੇ ਹਨ। ਅਸੀਂ ਉਨ੍ਹਾਂ ਦੇ ਖੇਤ ਦਾ ਕੁਝ ਵੀ ਨਹੀਂ ਵਿਗਾੜਿਆ ਹੈ, ਖੇਤ ਵਿਚ ਅਸੀਂ ਘਾਹ ਲੈਣ ਵਾਸਤੇ ਗਏ ਸੀ॥੧੪॥

ਨਹੀਂ ਸ਼ਾਮ ਸੋਂ ਆਨਿ ਹਟਾਏ। ਤ੍ਰਿਣਨਿ ਛੀਨਕੈ ਹਤੇ ਰਿਸਾਏ।
ਕਹਿ ਬਹੁ ਰਹੇ ਨ ਕੀਨਿ ਉਜਾਰਾ। ਨਹਿ ਮਾਨਜੋਂ ਮਤਿਮੰਦ ਗਵਾਰਾ॥ ੧੫॥

ਸ਼ਾਂਤੀ ਨਾਲ ਨਹੀਂ ਰਹੇ, ਸਾਨੂੰ ਆ ਕੇ ਹਟਾ ਦਿੱਤਾ, ਘਾਹ ਖੋਹ ਕੇ ਗੁੱਸੇ ਵਿਚ ਆ ਕੇ ਮਾਰਿਆ। ਅਸੀਂ ਬਹੁਤ ਕਹਿ ਰਹੇ ਹਾਂ ਕਿ ਕੋਈ ਵੀ ਉਜਾੜਾ ਨਹੀਂ ਕੀਤਾ ਹੈ, ਮੂਰਖ ਗਵਾਰ, ਕਿਸੇ ਤਰ੍ਹਾਂ ਵੀ ਮੰਨੇ ਨਹੀਂ ਹਨ॥੧੫॥

ਗੁਰਮੁਖ ਨਹਿਂ ਇਹ ਮਨਮੁਖ ਮਹਾਂ। ਗੁਰ ਜੀ ਨਹੀਂ ਰਹਨਿ ਭਲ ਇਹਾਂ।
ਤ੍ਰਿਣ ਬਿਨ ਸਰੈ ਨਹੀਂ ਨਿਜ ਡੇਰੇ। ਅਸੁ ਮਹਿਖੀ ਰਹਿਂ ਛੁਧਿਤ ਘਨੇਰੇ' ॥੧੬॥

ਇਹ ਗੁਰਮੁਖ ਨਹੀਂ ਹਨ, ਮਹਾਨ ਮਨਮੁਖ ਹਨ, ਗੁਰੂ ਜੀ ਵਾਸਤੇ ਏਥੇ ਰਹਿਣਾ ਚੰਗਾ ਨਹੀਂ ਹੈ। ਆਪਣੇ ਡੇਰੇ ਵਿਚ ਘਾਹ ਤੋਂ ਬਗੈਰ ਸਰਦਾ ਨਹੀਂ ਹੈ, ਇਸ ਤਰ੍ਹਾਂ ਮੱਝ ਬਹੁਤ ਭੁੱਖੀ ਰਹੇਗੀ" ॥੧੬॥

**ਸੁਨਿ ਸਤਿਗੁਰ ਨੇ ਮਾਨੀ ਬਾਤ। ਚਢਿ ਕਰਿ ਚਲੇ ਟਿਕੇ ਨਹਿਂ ਰਾਤਿ।**
**ਤਨਕ ਕ੍ਰੋਧ ਤੇ ਸ੍ਰਾਪ ਨ ਦੀਨਹੁ। 'ਗੁਰਨੇ' ਗ੍ਰਾਮ ਸੁ ਡੇਰਾ ਕੀਨਹੁ॥ ੧੭॥**

ਇਹ ਸੁਣ ਕੇ ਸਤਿਗੁਰੂ ਜੀ ਨੇ ਗੱਲ ਮੰਨ ਲਈ, ਚੜ੍ਹ ਕੇ ਚਲ ਪਏ ਤੇ ਉਥੇ ਰਾਤ ਨਾ ਰਹੇ। ਤੁਰਤ ਕ੍ਰੋਧ ਵਿਚ ਆ ਕੇ ਸਰਾਪ ਨਾ ਦਿੱਤਾ। 'ਗੁਰਨੇ' ਪਿੰਡ ਵਿਚ ਜਾ ਕੇ ਡੇਰਾ ਕਰ ਲਿਆ॥੧੭॥

**ਨਰ ਪੀਛੈ ਮਿਲਿ ਕਰਿ ਪਛੁਤਾਏ। 'ਬੁਰੋ ਗੁਰੂ ਅਪਰਾਧ ਕਮਾਏ।**
**ਸਰਬ ਗ੍ਰਾਮ ਜਿਨ ਸੇਵਾ ਕਰਿਹੀਂ। ਹਾਥ ਜੋਰਿ ਬੰਦਹਿਂ ਹਿਤ ਧਰਿਹੀਂ॥ ੧੮॥**

ਬਾਅਦ ਵਿਚ ਉਸ ਪਿੰਡ ਦੇ ਲੋਕ ਮਿਲ ਕੇ ਬਹੁਤ ਪਛੁਤਾਏ, "ਅਸੀਂ ਬੁਰਾ ਕੀਤਾ ਹੈ, ਗੁਰੂ ਜੀ ਦਾ ਅਪਰਾਧ ਕਮਾਇਆ ਹੈ। ਸਾਰੇ ਪਿੰਡ ਜਿਨ੍ਹਾਂ ਦੀ ਸੇਵਾ ਕਰਦੇ ਹਨ ਤੇ ਹੱਥ ਜੋੜ ਹਿਤ ਧਾਰ ਕੇ ਬੰਦਨਾ ਕਰਦੇ ਹਨ॥੧੮॥

**ਬਰੇ ਗ੍ਰਾਮ ਨੇ ਰਾਖਿ ਚੁਮਾਸਾ। ਕਰਤਿ ਰਹੇ ਸੇਵਾ ਹੁਇ ਦਾਸਾ।**
**ਲੋਕ ਹਜ਼ਾਰੋਂ ਮਿਲਿ ਕਰਿ ਆਵੈਂ। ਧਨ ਅਰਪਹਿਂ ਅਰੁ ਸੀਸ ਨਿਵਾਵੈਂ॥ ੧੯॥**

'ਬਰੇ' ਪਿੰਡ ਵਾਲਿਆਂ ਨੇ ਸਾਰੀ ਬਰਸਾਤ ਵਿਚ ਰਖਿਆ ਹੈ ਤੇ ਸੇਵਕ ਹੋ ਕੇ ਸੇਵਾ ਕਰਦੇ ਰਹੇ ਹਨ ਹਜ਼ਾਰਾਂ ਲੋਕ ਮਿਲ ਕੇ ਆਉਂਦੇ ਹਨ, ਧਨ ਅਰਪਣ ਕਰਦੇ ਹਨ ਅਤੇ ਸਿਰ ਨਿਵਾਉਂਦੇ ਹਨ॥੧੯॥

**ਰਿਦੇ ਕਾਮਨਾ ਪੂਰਨ ਹੋਇ। ਜਹਿਂ ਕਹਿਂ ਪੂਜਤਿ ਹੈਂ ਸਭਿ ਕੋਇ।**
**ਕਰੇ ਅਵੱਗਯਾ ਸ੍ਰਾਪ ਬਖਾਨਹਿਂ। ਧਨ ਅਰੁ ਧਾਨ ਮਾਲ ਸਭਿ ਹਾਨਹਿਂ॥੨੦॥**

ਹਿਰਦੇ ਦੀ ਕਾਮਨਾ ਪੂਰੀ ਹੁੰਦੀ ਹੈ, ਜਿਥੇ ਕਿਥੇ ਹਰ ਕੋਈ ਪੂਜਾ ਕਰਦਾ ਹੈ। ਜੇ ਕੋਈ ਅਵੱਗਿਆ ਕਰੇ ਤਾਂ ਸਰਾਪ ਦੇ ਦਿੰਦੇ ਹਨ, ਧਨ ਅਤੇ ਅਨਾਜ ਸਭ ਬਰਬਾਦ ਹੋ ਜਾਂਦਾ ਹੈ॥੨੦॥

**ਕਰਾਮਾਤ ਮੈਂ ਪੂਰਨ ਏਹ। ਹਮਹਿਂ ਸ੍ਰਾਪ ਕਹਿ ਕਰਿ ਹਤਿ ਦੇਹਿਂ।**
**ਨਾਂਹਿਤ ਸਭਿ ਚਲਿ ਮਿਲਿ ਬਖਸ਼ਾਵਹੁ। ਕਰਿ ਜੋਰਹੁ ਪਗ ਸੀਸ ਨਿਵਾਵਾਹੁ ॥੨੧॥**

ਕਰਾਮਾਤ ਵਿਚ ਇਹ ਪੂਰਨ ਹਨ, ਸਾਨੂੰ ਸਰਾਪ ਦੇ ਕੇ ਮਾਰ ਦੇਣਗੇ। ਨਹੀਂ ਤਾਂ ਸਾਰੇ ਚਲ ਕੇ ਮਿਲ ਕੇ ਬਖਸ਼ਾ ਲਵੋ, ਹੱਥ ਜੋੜ ਕੇ ਚਰਨ ਕੰਵਲਾਂ ਤੇ ਸਿਰ ਨਿਵਾਓ" ॥੨੧॥

**ਇਮ ਕਹਿ ਘ੍ਰਿਤ ਬਾਸਨ ਇਕ ਲੀਨਿ। ਇਕ ਭੂਰਾ ਸੰਗ ਚਲਿਬੋ ਕੀਨ।**
**ਗੁਰਨੇ ਮਿਲੇ ਗੁਰੂ ਕਹੁ ਸਾਰੇ। ਬਿਨਤੀ ਯੁਤਿ ਬਚ ਦੀਨ ਉਚਾਰੇ॥ ੨੨॥**

ਇਸ ਤਰ੍ਹਾਂ ਕਹਿ ਕੇ ਇਕ ਘਿਉ ਦਾ ਭਾਂਡਾ ਲਿਆ, ਇਕ ਭੂਰਾ ਲੈ ਕੇ ਨਾਲ ਚਲ ਪਏ। 'ਗੁਰਨੇ' ਪਿੰਡ ਵਿਚ ਜਾ ਕੇ ਸਾਰੇ ਗੁਰੂ ਜੀ ਨੂੰ ਮਿਲੇ। ਬੇਨਤੀ ਸਹਿਤ ਦੀਨ ਬਚਨ ਉਚਾਰਨ ਕੀਤੇ॥੨੨॥

**'ਛਿਮਹੁ ਕ੍ਰਿਪਾ ਕਰਿ ਹਮ ਅਪਰਾਧੂ। ਬਖਸ਼ਹੁ ਮਹਾਂ ਪੁਰਖ ਤੁਮ ਸਾਧੂ।**
**ਅਬਿ ਲੌ ਸ੍ਰਾਪ ਜੇ ਨ ਕੁਛ ਕਹਯੋ। ਸ਼ੁਭ ਸੁਭਾਉ ਰਾਵਰ ਕੋ ਲਹਯੋ॥ ੨੩॥**

"ਕਿਰਪਾ ਕਰਕੇ ਛਿਮਾ ਕਰ ਦੇਵੋ, ਅਸੀਂ ਅਪਰਾਧੀ ਹਾਂ, ਤੁਸੀਂ ਮਹਾਂਪੁਰਖ ਸਾਧੂ ਹੋ, ਸਾਨੂੰ ਬਖਸ਼ ਦੇਵੋ। ਹੁਣ ਤਕ ਜੋ ਕੁਝ ਸਰਾਪ ਨਹੀਂ ਦਿੱਤਾ ਹੈ, ਅਸੀਂ ਆਪ ਜੀ ਦਾ ਸ਼ੁਭ ਸੁਭਾਅ ਵੇਖਿਆ ਹੈ॥੨੩॥

Sri Satguru Jagjit Singh Ji eLlibrary NamdhariElibrary@gmail.com

ਨਾਂਹਿ ਤ ਹਮ ਕਹਾ ਜੰਤੁ ਬਿਚਾਰੇ। ਸ਼ੀਘ੍ਰ ਹੋਤਿ ਜੋ ਮੁੱਖੋਂ ਉਚਾਰੇ।
ਬੱਜ੍ਰ ਸਮਾਨ ਸ੍ਰਾਪ ਨਹਿਂ ਫਿਰੈ। ਤੁਮ ਰਿਸ ਤੇ ਕੋ ਰੱਛਯਾ ਕਰੈ' ॥ ੨੪ ॥

ਨਹੀਂ ਤਾਂ ਅਸੀਂ ਵਿਚਾਰੇ ਜੀਵ ਕੀ ਹਾਂ, ਤੁਰਤ ਉਹ ਕੁਝ ਹੋ ਜਾਂਦਾ ਹੈ ਜੋ ਮੁੱਖ ਤੋਂ ਉਚਾਰਨ ਕਰਦੇ ਹੋ। ਬੱਜਰ ਵਰਗਾ ਸਰਾਪ ਫਿਰ ਰੁਕਦਾ ਨਹੀਂ ਹੈ ਪੂਰਾ ਹੋ ਜਾਂਦਾ ਹੈ, ਤੁਹਾਡੇ ਗੁੱਸੇ ਤੋਂ ਕੌਣ ਰਖਿਆ ਕਰੇਗਾ" ॥੨੪॥

ਇੱਤਯਾਦਿਕ ਬਹੁ ਬਿਨੈ ਬਖਾਨੈਂ। ਲਖਿ ਗਵਾਰ ਤਿਨ, ਗੁਰ ਨਹੀਂ ਮਾਨੈ।
ਰਾਖਯੋ ਤੀਨ ਦਿਵਸ ਗੁਰ ਡੇਰਾ। ਗੁਰਨੇ ਗ੍ਰਾਮ ਬਿਖੈ, ਚਲਿ ਫੇਰਾ ॥ ੨੫ ॥

ਇਸ ਤਰ੍ਹਾਂ ਬਹੁਤ ਬੇਨਤੀਆਂ ਕੀਤੀਆਂ, ਉਨ੍ਹਾਂ ਨੂੰ ਗਵਾਰ ਸਮਝ ਕੇ ਗੁਰੂ ਜੀ ਨਾ ਮੰਨੇ। ਤਿੰਨ ਦਿਨ ਗੁਰੂ ਜੀ ਨੇ ਉਥੇ ਡੇਰਾ ਰੱਖਿਆ। 'ਗੁਰਨੇ' ਪਿੰਡ ਤੋਂ ਫਿਰ ਚਲਣ ਨੂੰ ਤਿਆਰ ਹੋ ਗਏ ॥੨੫॥

ਰਹੇ ਮਨਾਇ ਨੰਮ੍ਰਿਤਾ ਕੋ ਲੇ। ਤਿਨ ਦਿਸ਼ਿ ਦੇਖਿ ਗੁਰੂ ਨਹੀਂ ਬੋਲੇ।
ਚਲਿ 'ਮਕਰੋੜ' ਗ੍ਰਾਮ ਮਹਿਂ ਅਏ। ਤਹਿਂ ਭੀ ਸੰਗ ਗਮਨਤੇ ਭਏ ॥ ੨੬ ॥

ਗਾਗੇ ਪਿੰਡ ਵਾਲੇ ਬਹੁਤ ਨਿੰਮਰਤਾ ਧਾਰ ਕੇ ਗੁਰੂ ਜੀ ਨੂੰ ਮੰਨਾਉਂਦੇ ਰਹੇ ਪਰ ਉਨ੍ਹਾਂ ਵਲ ਵੇਖ ਕੇ ਗੁਰੂ ਜੀ ਨਾ ਬੋਲੇ। ਚਲ ਕੇ ਮਕਰੋੜ ਪਿੰਡ ਵਿਚ ਆ ਗਏ, 'ਗਾਗੇ' ਪਿੰਡ ਵਾਲੇ ਵੀ ਨਾਲ ਚਲਦੇ ਗਏ ॥੨੬॥

ਸ੍ਰੀ ਗੁਰ ਜਬਿ ਡੇਰਾ ਕਰਿ ਦੀਨਿ। ਹਾਥ ਜੋਰਿ ਬਹੁ ਹ੍ਵੈ ਕਰਿ ਦੀਨ।
ਬਿਨਤੀ ਅਨਿਕ ਪ੍ਰਕਾਰ ਉਚਰੀ। ਸਿੱਖਜਨਿ ਦੇਖਿ ਸੁਪਾਰਸ਼ ਕਰੀ ॥ ੨੭ ॥

ਸ੍ਰੀ ਗੁਰੂ ਜੀ ਨੇ ਜਦ ਡੇਰਾ ਕਰ ਲਿਆ, ਤਾਂ ਹੱਥ ਜੋੜ ਕੇ ਬਹੁਤ ਦੀਨ ਹੋ ਕੇ ਅਨੇਕ ਪ੍ਰਕਾਰ ਬੇਨਤੀ ਉਚਾਰਨ ਕੀਤੀ। ਸਿੱਖਾਂ ਨੇ ਵੀ ਵੇਖ ਕੇ ਉਨ੍ਹਾਂ ਦੀ ਸਿਫਾਰਸ਼ ਕੀਤੀ ॥੨੭॥

'ਬਹੁ ਦਿਨ ਕੇ ਇਹ ਬਿਨੈ ਬਖਾਨੈਂ। ਬਿਰਦ ਆਪ ਕੋ ਕ੍ਰਿਪਾ ਨਿਧਾਨੈ।
ਹੈਂ ਗਵਾਰ ਨਹੀਂ ਜਾਨਿ ਸਕੇ ਹੈਂ। ਅਬਿ ਪਛੁਤਾਏ ਸ਼ਰਨ ਤਕੇ ਹੈਂ ॥ ੨੮ ॥

"ਬਹੁਤ ਦਿਨਾਂ ਤੋਂ ਇਹ ਬੇਨਤੀਆਂ ਕਰ ਰਹੇ ਹਨ, ਕਿਰਪਾ ਨਿਧਾਨ ਆਪ ਦਾ ਬਿਰਦ ਹੈ, ਮੂਰਖ ਹਨ, ਜਾਣ ਨਹੀਂ ਸਕੇ ਹਨ, ਹੁਣ ਪਛੁਤਾਅ ਕੇ ਤੁਹਾਡੀ ਸ਼ਰਨ ਵਿਚ ਆਉਣਾ ਚਾਹੁੰਦੇ ਹਨ ॥੨੮॥

ਸਿਰ ਗਵਾਰ ਕੇ ਲਗਹਿ ਤ ਜਾਨੇ। ਤਊ ਆਪ ਹੋ ਛਿਮਾ ਮਹਾਨੇ।
ਤ੍ਰਾਸ ਆਪ ਕੋ ਧਾਰਿ ਘਨੇਰਾ। ਪਸ਼ਚਾਤਾਪ ਕਰਤਿ ਬਹੁਤੇਰਾ ॥ ੨੯ ॥

ਗਵਾਰ ਦੇ ਸਿਰ ਤੇ ਸੱਟ ਪੈਂਦੀ ਹੈ ਤਾਂ ਜਾਣਦਾ ਹੈ, ਫਿਰ ਵੀ ਆਪ ਮਹਾਨ ਖਿਮਾਵਾਨ ਹੋ। ਉਨ੍ਹਾਂ ਨੇ ਆਪ ਜੀ ਦਾ ਵੱਡਾ ਡਰ ਧਾਰਨ ਕੀਤਾ ਹੈ, ਇਸ ਕਰਕੇ ਬਹੁਤ ਪਛੁਤਾਅ ਰਹੇ ਹਨ ॥੨੯॥

ਕ੍ਰਿਪਾ ਦ੍ਰਿਸ਼ਟਿ ਕੋ ਕਰਹੁ ਬਿਲੋਕਨਿ। ਸੰਸੇ ਹਤਿ ਸ਼ਰਧਾ ਹੁਇ ਲੋਕਨਿ।
ਸਿੱਖੀ ਧਰਹਿਂ ਹੋਹਿਂ ਅਨੁਸਾਰੀ। ਭਾਉ ਭਗਤਿ ਨਿਤ ਗਹੈਂ ਤੁਮਾਰੀ' ॥ ੩੦ ॥

ਕਿਰਪਾ ਦ੍ਰਿਸ਼ਟੀ ਕਰਕੇ ਇਨ੍ਹਾਂ ਵਲ ਵੇਖੋ, ਸੰਸੇ ਦੂਰ ਹੋ ਕੇ ਇਨ੍ਹਾਂ ਲੋਕਾਂ ਦੇ ਹਿਰਦਿਆਂ ਵਿਚ ਸ਼ਰਧਾ ਉਤਪੰਨ ਹੋਵੇ। ਸਿੱਖੀ ਧਾਰਨ ਕਰਕੇ ਤੁਹਾਡੀ ਆਗਿਆ ਅਨੁਸਾਰ ਹੋਣ, ਸਦਾ ਤੁਹਾਡੀ ਪ੍ਰੇਮ ਭਗਤੀ ਨੂੰ ਫੜ ਕੇ ਰਖਣ" ॥੩੦।

ਇਮ ਸਿੱਖਜਨਿ ਕੋ ਰੁਖ ਲਖਿ ਕਰਿਕੈ। ਮਹਾਂਰਾਜ ਗੁਰ ਕਰੁਨਾ ਧਰਿ ਕੈ।
ਭੂਰਾ, ਭੂਰ ਘਟਾ ਘ੍ਰਿਤ ਲੀਨਿ। ਬਖਸ਼ਨਿ ਕਰੇ ਦੇਖਿ ਕੈ ਦੀਨ ॥ ੩੧ ॥

ਇਸ ਤਰ੍ਹਾਂ ਸਿੱਖਾਂ ਦਾ ਰੁਖ ਵੇਖਕੇ, ਮਹਾਰਾਜ ਗੁਰੂ ਜੀ ਨੇ ਕਿਰਪਾ ਧਾਰ ਕੇ ਬੂਰਾ ਤੇ ਘਿਉ ਦਾ ਭਰਿਆ ਹੋਇਆ ਘੜਾ ਲੈ ਲਿਆ ਤੇ ਦੀਨ ਵੇਖ ਕੇ ਬਖਸ਼ ਦਿੱਤੇ॥੩੧॥

'ਕੁਲ ਬਰਖੇਸ਼ੀਆਨ ਕੀ ਜੇਤੀ। ਕਰਨੀ ਹੁਤੀ ਉਖਾਰਨਿ ਤੇਤੀ।
ਅਬਿ ਤੁਮ ਆਨਿ ਮਿਲੇ ਘਿਘਿਆਏ। ਬਧਹਿ ਨ ਬੰਸ ਨ ਹੁਇ ਸਮੁਦਾਏ॥੩੨॥

ਬਰਖੇਸ਼ੀਆਨੇ ਦੀ ਜਿੰਨੀ ਕੁੱਲ ਸੀ, ਉਸ ਦੀਆਂ ਜੜ੍ਹਾਂ ਪੁੱਟ ਦੇਣੀਆਂ ਸਨ, ਪਰ ਹੁਣ ਤੁਸੀਂ ਆ ਕੇ ਮਿਲ ਕੇ ਤਰਲੇ ਪਾਏ ਹਨ, ਪਰ ਫਿਰ ਵੀ ਤੁਹਾਡਾ ਵੰਸ, ਬਹੁਤਾ ਹੋ ਕੇ ਨਹੀਂ ਵਧੇਗਾ॥੩੨॥

ਅਲਪ ਰਹੈ ਗੋ ਬੰਸ ਤੁਮਾਰੋ। ਰਾਰ ਕਰਤਿ ਹੁਇਂ ਸੂਰ ਕਰਾਰੋ।
ਜੈਸੇ ਅਗਨਿ ਜੋਰ ਬਿਤ ਗਏ। ਰਹਿ ਥੋਰੀ ਪਾਛੇ, ਸੁ ਧੁਕਏ॥ ੩੩॥

ਤੁਹਾਡਾ ਵੰਸ਼ ਬੇਸ਼ਕ ਥੋੜ੍ਹਾ ਹੀ ਰਹੇਗਾ, ਪਰ ਝਗੜਾ ਕਰਨ ਵਾਲੇ ਕਰੜੇ ਸੂਰਮੇ ਹੋਣਗੇ। ਜਿਵੇਂ ਅਗਨੀ ਦਾ ਜ਼ੋਰ ਬੀਤ ਜਾਵੇ ਤੇ ਜਿਹੜੀ ਥੋੜੀ ਪਿੱਛੇ ਰਹਿ ਜਾਂਦੀ ਹੈ ਤੇ ਉਹ ਧੁੱਖਦੀ ਹੈ॥੩੩॥

ਤੈਸੇ ਕੁਲ ਤੁਮਰੀ ਜਗ ਰਹੈ। ਨਹੀਂ ਪਰਾਜੈ ਰਿਪੁ ਤੇ ਲਹੈ।
ਕੁਲ ਗੁਲ ਗੁੱਲੀਆਨ ਕੀ ਜੋਇ। ਜੇ ਕਰਿ ਪੰਚ ਬੀਰ ਨਰ ਹੋਇਂ॥ ੩੪॥

ਉਸ ਤਰ੍ਹਾਂ ਤੁਹਾਡੀ ਕੁਲ ਜਗ ਵਿਚ ਰਹੇਗੀ, ਇਹ ਕਿਸੇ ਵੀ ਵੈਰੀ ਪਾਸੋਂ ਨਹੀਂ ਹਾਰੇਗੀ। ਜਿਹੜੀ ਗੁਲ ਗੁੱਲੀਆਨ ਦਾ ਵੰਸ਼ ਹੈ ਜੇਕਰ ਪੰਜ ਸੂਰਮੇ ਨਰ ਹੋਣਗੇ॥੩੪॥

ਸੰਗ ਸਿੱਧੂਅਨਿ ਅਰਤੇ ਰਹੋ। ਤੈ ਕਰਿ ਭਾਜਨਿ ਕਬਹਿ ਨ ਚਹੋ।
ਇਸ ਪ੍ਰਕਾਰ ਬਖਸ਼ੇ ਨਰ ਸੋਇ। ਮਾਨਨਿ ਲਗ ਆਨਿ ਸਭਿ ਕੋਇ॥ ੩੫॥

ਉਹ ਸਿੱਧੂਆਂ ਨਾਲ ਸਦਾ ਅੜਦੇ ਰਹਿਣਗੇ, ਉਨ੍ਹਾਂ ਪਾਸੋਂ ਡਰ ਕੇ ਕਦੀ ਵੀ ਨਹੀਂ ਭੱਜਣਗੇ। ਇਸ ਤਰ੍ਹਾਂ ਉਨ੍ਹਾਂ ਮਨੁੱਖਾਂ ਨੂੰ ਬਖਸ਼ ਦਿੱਤਾ। ਸਾਰੇ ਨਰ ਆ ਕੇ ਮੰਨਣ ਲੱਗੇ॥੩੫॥

ਦੇਹਿਂ ਉਪਾਇਨ ਬਿਨੈ ਸੁਨਾਵਹਿਂ। ਕੇਤਿਕ ਮਨ ਬਾਂਛਤਿ ਫਲ ਪਾਵਹਿਂ।
ਧਨ ਅਰੁ ਧਾਨੁ ਆਇ ਅਧਿਕਾਇ। ਹਿਤ ਉਪਕਾਰ ਗੁਰੂ ਸੋ ਲਾਇਂ॥ ੩੬॥

ਉਪਹਾਰ ਦੇ ਕੇ ਬੇਨਤੀ ਕਰਦੇ ਸਨ, ਕਈ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਧਨ ਅਤੇ ਅਨਾਜ ਬਹੁਤ ਆਉਂਦਾ ਸੀ, ਪਰਉਪਕਾਰ ਵਾਸਤੇ ਗੁਰੂ ਜੀ ਉਸ ਧਨ ਅਤੇ ਅਨਾਜ ਨੂੰ ਖਰਚ ਕਰ ਦਿੰਦੇ ਸਨ॥੩੬॥

ਚਲਹਿ ਦੇਗ ਭੋਜਨ ਹੁਇ ਘਨੋ। ਨਿਸ ਦਿਨ ਮਹਿਂ ਇਕ ਰਸ ਨ੍ਰਿਪ ਮਨੋ।
ਛੁਧਿਤ ਨਗਨ ਕੋਊ ਚਲਿ ਆਇ। ਭੋਜਨ ਬਸਤ੍ਰ ਦੇਤਿ ਸਮੁਦਾਇ॥ ੩੭॥

ਲੰਗਰ ਚਲਦਾ ਸੀ ਅਤੇ ਬਹੁਤ ਭੋਜਨ ਤਿਆਰ ਹੁੰਦਾ ਸੀ, ਰਾਤ ਦਿਨ ਇਕ ਰਸ ਰਾਜਿਆਂ ਵਾਂਗ ਲੰਗਰ ਚਲਦਾ ਸੀ। ਭੁਖਾ ਨੰਗਾ ਜੇ ਕੋਈ ਚਲ ਕੇ ਆਉਂਦਾ ਸੀ ਤਾਂ ਉਸ ਨੂੰ ਕਪੜੇ ਭੋਜਨ ਸਭ ਕੁਝ ਦਿੰਦੇ ਸਨ॥੩੭॥

ਸ੍ਰੀ ਗੁਰਦੇਵ ਤਬੈ ਚਲਿ ਆਏ। ਗ੍ਰਾਮ ਨਾਮ 'ਧਮਧਾਨਾ' ਬਤਾਏ।
ਤਹਾਂ ਜਾਇ ਡੇਰਾ ਨਿਜ ਘਾਲੇ। ਸਜੰਦਨ ਅਰੁ ਡੋਰਾ ਨਰ ਨਾਲੇ॥ ੩੮॥

ਸ੍ਰੀ ਗੁਰਦੇਵ ਤਦ ਉਥੋਂ ਚਲ ਕੇ ਆ ਗਏ ਤੇ 'ਧਮਧਾਨਾ' ਨਾਮੀਂ ਪਿੰਡ ਵਿਚ ਪਹੁੰਚ ਗਏ। ਉਥੇ ਜਾ ਕੇ ਆਪਣਾ ਡੇਰਾ ਲਾਇਆ। ਰੱਥਾਂ ਅਤੇ ਡੋਲਿਆਂ ਵਾਲੇ ਮਨੁੱਖ ਵੀ ਨਾਲ ਸਨ॥੩੮॥

ਸਗਰੇ ਤਹਿਂ ਉਤਰੇ ਜਬਿ ਆਈ। ਗ੍ਰਾਮ ਬਿਖੈ ਸਭਿਹਿਨਿ ਸੁਧਿ ਪਾਈ।
ਸੁਨਜੋਂ ਹੁਤੋ ਜਸੁ ਪ੍ਰਥਮ ਬਿਸਾਲਾ। ਲੇ ਕਰਿ ਜਾਟ ਦੁਗਧ ਤਿਸ ਕਾਲਾ ॥੩੯॥

ਜਦ ਸਭ ਨੇ ਉਥੇ ਜਾ ਕੇ ਉਤਾਰਾ ਕਰ ਲਿਆ ਤੇ ਪਿੰਡ ਵਿਚ ਸਾਰਿਆਂ ਨੂੰ ਖਬਰ ਪਹੁੰਚ ਗਈ। ਪਹਿਲਾਂ ਹੀ ਵਿਸ਼ਾਲ ਜੱਸ ਸੁਣਿਆ ਹੋਇਆ ਸੀ। ਇਕ ਜੱਟ ਉਸ ਸਮੇਂ ਦੁੱਧ ਲੈ ਕੇ ਆਇਆ ॥੩੯॥

ਬਾਸਨ ਭਰਿ ਕਰਿ ਲੈ ਤਬਿ ਆਯੋ। ਗੁਰ ਆਗੈ ਧਰਿ ਸੀਸ ਨਿਵਾਯੋ।
ਸਮੁਖ ਬੈਠਿ ਦਰਸ਼ਨ ਕੋ ਦੇਖਾ। ਬੀਚ ਸਭਾ ਕੇ ਗੁਰੁ ਜਗਤੇਸ਼ਾ ॥ ੪੦ ॥

ਬਰਤਨ ਭਰ ਕੇ ਉਹ ਲੈ ਕੇ ਆਇਆ ਤੇ ਗੁਰੂ ਜੀ ਅੱਗੇ ਧਰ ਕੇ ਸਿਰ ਨਿਵਾਇਆ। ਸਾਹਮਣੇ ਬੈਠ ਕੇ ਦਰਸ਼ਨ ਕੀਤੇ, ਜਗਤ ਦੇ ਮਾਲਕ ਗੁਰੂ ਜੀ ਸਭਾ ਦੇ ਵਿਚ ਬੈਠੇ ਸਨ ॥੪੦॥

ਕਹਜੋ ਦੇਖਿ ਕਰਿ ਦੁਗਧ ਜੁ ਆਨਾ। 'ਇਹੁ ਜਾਨੋ ਹੈ ਸ਼੍ਰੋਣ ਸਮਾਨਾ।
ਨਹੀਂ ਪਾਨ ਕੇ ਉਚਿਤ ਹਮਾਰੇ। ਲੇ ਗਮਨੋ ਨਿਜ ਸਦਨ ਮਝਾਰੇ' ॥ ੪੧ ॥

ਜਿਹੜਾ ਦੁੱਧ ਲੈ ਕੇ ਆਇਆ ਸੀ, ਉਸ ਦੇ ਦੁੱਧ ਨੂੰ ਵੇਖ ਕੇ ਗੁਰੂ ਜੀ ਨੇ ਕਿਹਾ, "ਇਹ ਜਾਣੋ, ਇਹ ਦੁੱਧ ਲਹੂ ਵਰਗਾ ਹੈ, ਇਹ ਸਾਡੇ ਪੀਣ ਦੇ ਉਚਿਤ ਨਹੀਂ ਹੈ, ਇਸ ਨੂੰ ਲੈ ਕੇ ਆਪਣੇ ਘਰ ਚਲੇ ਜਾਵੋ" ॥੪੧॥

ਸੁਨਿ ਰਾਹਕ ਬੋਲਜੋ ਕਰ ਜੋਰਿ। 'ਇਹ ਤੌ ਦੁਗਧ, ਕਛੂ ਨਹਿਂ ਔਰ।
ਕਜੋਂ ਤਰਕਹੁ ਇਸ ਕੀਜਹਿ ਪਾਨਾ। ਮੈਂ ਆਨਜੋਂ ਕਰਿ ਪ੍ਰੇਮ ਮਹਾਨਾ' ॥ ੪੨ ॥

ਇਹ ਸੁਣ ਕੇ ਕਿਸਾਨ ਹੱਥ ਜੋੜ ਕੇ ਬੋਲਿਆ, "ਇਹ ਤਾਂ ਦੁੱਧ ਹੈ, ਹੋਰ ਕੁਝ ਨਹੀਂ ਹੈ, ਕਿਉਂ ਤਰਕ ਕਰਦੇ ਹੋ, ਇਸ ਨੂੰ ਪੀ ਲਵੋ। ਮੈਂ ਬਹੁਤ ਪ੍ਰੇਮ ਕਰਕੇ ਲਿਆਂਦਾ ਹੈ" ॥੪੨॥

ਸ੍ਰੀ ਗੁਰ ਕਹਜੋ ਦੁਗਧ ਕਿਸ ਕੇਰਾ? ਦੁਹਿ ਆਨਜੋਂ ਬਾਸਨ ਮਹਿਂ ਹੇਰਾ'।
ਰਾਹਕ ਕਹਜੋ 'ਮਹਿਖ ਘਰ ਮੋਹਿ। ਜਿਸ ਕੇ ਬਤਸ ਮਰਜੋ, ਨਹਿਂ ਹੋਹਿ ॥੪੩॥

ਸ੍ਰੀ ਗੁਰੂ ਜੀ ਨੇ ਕਿਹਾ ਇਹ ਦੁੱਧ ਕਿਸ ਦਾ ਹੈ? ਜਿਹੜੇ ਬਰਤਨ ਵਿਚ ਤੂੰ ਚੋ ਕੇ ਲਿਆਂਦਾ ਹੈ, ਉਹ ਮੈਂ ਵੇਖਿਆ ਹੈ।" ਕਿਸਾਨ ਨੇ ਕਿਹਾ, "ਇਕ ਮੱਝ ਮੇਰੇ ਘਰ ਵਿਚ ਹੈ, ਜਿਸ ਦਾ ਬੱਚਾ ਮਰ ਗਿਆ ਹੈ, ਹੁਣ ਨਹੀਂ ਹੈ ॥੪੩॥

ਬੈਠਨਿ ਦੇਤਿ ਨਹੀਂ ਸੋ ਤਰੇ। ਮੂਤ੍ਰੀ ਦੀਨਿ ਗੋਡਬੋ ਕਰੇ।
ਤਬਿ ਤਿਸ ਨੇ ਤਰ ਦੁਗਧ ਉਤਾਰਾ। ਦੁਹਿ ਆਨਜੋ ਮੈਂ ਤਬਿ ਹੀ ਸਾਰਾ ॥੪੪॥

ਉਹ ਮੱਝ ਹੁਣ ਥੱਲੇ ਨਹੀਂ ਬੈਠਣ ਦਿੰਦੀ ਹੈ, ਮੱਝ ਦੇ ਪਿਸ਼ਾਬ ਵਾਲੀ ਥਾਂ ਵਿਚ ਮੱਝ ਦੀ ਪੂਛ ਮਰੋੜ ਕੇ ਦੇਣੀ ਪਈ ਤਦ ਉਸ ਦੁੱਧ ਲਾਹਿਆ। ਫਿਰ ਮੈਂ ਸਾਰਾ ਚੋਅ ਕੇ ਲੈ ਆਇਆ ਹਾਂ ॥੪੪॥

ਕਹੋਂ ਆਪ ਕੇ ਦਿਗ ਸਭਿ ਸਾਚੀ'। ਤਬਿ ਸਤਿਗੁਰੁ ਇਮ ਗਿਰਾ ਉਚਾਚੀ।
'ਬਾਂਗਰ ਕੇ ਨਰ ਅਧਿਕ ਕਠੋਰ। ਕੋਜੇ ਗੋਡੇਂ ਦੇ ਕਰਿ ਜੋਰ ॥ ੪੫ ॥

ਮੈਂ ਸਾਰੀ ਸੱਚੀ ਗੱਲ ਆਪ ਜੀ ਦੇ ਪਾਸ ਕਹਿ ਦਿੱਤੀ ਹੈ।" ਤਦ ਸਤਿਗੁਰੂ ਜੀ ਨੇ ਇਸ ਤਰ੍ਹਾਂ ਬਚਨ ਕੀਤਾ, "ਬਾਂਗਰ ਦੇ ਲੋਕ ਬਹੁਤ ਨਿਰਦਈ ਅਤੇ ਕਠੋਰ ਹਨ, ਜ਼ੋਰ ਨਾਲ ਖੁੱਜੇ ਧਸਾਉਂਦੇ ਹਨ ਤੇ ਜਾਨਵਰਾਂ ਤੇ ਜ਼ੁਲਮ ਕਰਦੇ ਹਨ ॥੪੫॥

ਬਾਰ ਬਾਰ ਸਮੁਝਾਇ ਜੁ ਤਰਜਹਿਂ। ਸਿੱਖਜਾ ਦੇਇ ਬਿਕਾਰਨਿ ਬਰਜਹਿਂ।
ਤੌ ਸਿਖ ਹੋਇਂ ਕਿਧੋਂ ਹੁਇਂ ਨਾਂਹੀ। ਅਸ ਬਿਧਿ ਬਾਂਗਰ ਦੇਸ਼ ਕਿ ਮਾਂਹੀ' ॥੪੬॥

ਬਾਰ-ਬਾਰ ਸਮਝਾ ਕੇ ਤਾੜਨਾ ਕਰੀਏ, ਸਿੱਖਿਆ ਦੇ ਕੇ ਬਿਕਾਰ ਵਿਚ ਵਰਜੀਏ, ਫਿਰ ਵੀ ਸਿੱਖ ਹੋਵੇ ਜਾਂ ਨਾ ਹੋਵੇ, ਐਸੀ ਵਿਧੀ ਅਨੁਸਾਰ ਬਾਂਗਰ ਦੇਸ਼ ਦੇ ਲੋਕ ਰਹਿੰਦੇ ਹਨ' ॥੪੬॥

ਦੁਗਧ ਹਟਾਇ ਦੀਨਿ ਕਹਿ ਐਸੇ। ਡੇਰਾ ਟਿਕਯੋ ਗੁਰੂ ਕਹੁ ਤੈਸੇ।
ਦੇਗ ਬਿਸਾਲ ਨਿਤਾਪ੍ਰਤਿ ਹੋਇ। ਆਇ ਜਾਇ ਅਚਵਹਿਂ ਸਭਿ ਕੋਇ ॥੪੭॥

ਇਸ ਤਰ੍ਹਾਂ ਕਹਿ ਕੇ ਦੁੱਧ ਮੋੜ ਦਿੱਤਾ, ਗੁਰੂ ਜੀ ਦਾ ਡੇਰਾ ਪਹਿਲਾਂ ਵਾਂਗ ਟਿਕਿਆ ਰਿਹਾ। ਨਿਤਾਪ੍ਰਤਿ ਲੰਗਰ ਬਹੁਤ ਚਲਦਾ ਸੀ। ਆ ਜਾ ਕੇ ਸਾਰੇ ਭੋਜਨ ਛੱਕਦੇ ਸਨ॥੪੭॥

ਦੂਰ ਦੂਰ ਤੇ ਸੰਗਤਿ ਆਵਹਿ। ਅਨਿਕ ਅਕੋਰਨਿ ਕਹੁ ਅਰਪਾਵਹਿ।
ਬ੍ਰਿੰਦ ਸਿੱਖ ਸੇਵਾ ਕਹੁ ਕਰਿਹੀਂ। ਅਪਨੀ ਸ਼੍ਰੇਯ ਲੇਨਿ ਹਿਤ ਧਰਿਹੀਂ ॥੪੮॥

ਦੂਰ ਦੂਰ ਤੋਂ ਸੰਗਤ ਆਉਂਦੀ ਸੀ, ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਸਨ। ਬਹੁਤ ਸਿੱਖ ਸੇਵਾ ਕਰਦੇ ਸਨ, ਮੁਕਤੀ ਪ੍ਰਾਪਤ ਕਰਨ ਵਾਸਤੇ ਉਨ੍ਹਾਂ ਧਾਰਨ ਕੀਤਾ ਹੋਇਆ ਸੀ॥੪੮॥

*ਗਿਆਰ੍ਹਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥੪੧॥*

## ਅਧਿਆਇ ਬਤਾਲੀਵਾਂ

*ਮੇਹੋਂ ਦੀ ਘਾਲ*

ਦੋਹਰਾ- ਰਹੇ ਗ੍ਰਾਮ ਧਮਧਾਨ ਢਿਗ ਨਿਤ ਅਖੇਰ ਬ੍ਰਿਤਿ ਜਾਇਂ।
ਕਰਤਿ ਨਿਹਾਲ ਅਨੇਕ ਕੋ ਆਵਹਿਂ ਨਰ ਸਮੁਦਾਇ॥ ੧॥

ਜਦ ਗੁਰੂ ਜੀ ਧਮਧਾਨ ਪਿੰਡ ਦੇ ਨੇੜੇ ਰਹਿੰਦੇ ਸਨ ਤਾਂ ਸਦਾ ਸ਼ਿਕਾਰ ਖੇਡਣ ਜਾਂਦੇ ਸਨ। ਅਨੇਕਾਂ ਲੋਕਾਂ ਨੂੰ ਨਿਹਾਲ ਕਰਦੇ ਸਨ ਤੇ ਬਹੁਤ ਲੋਕ ਰੋਜ਼ ਆਉਂਦੇ ਸਨ॥੧॥

ਚੌਪਈ- ਮਾਤ ਨਾਨਕੀ ਸਾਥ ਰਹਤਿ ਹੈ। ਸ੍ਰੀ ਗੁਜਰੀ ਨਿਜ ਨੁਖਾ ਸਹਿਤ ਹੈ।
ਬਹੁਤ ਦਿਵਸ ਡੇਰਾ ਤਹਿਂ ਰਹ੍ਯੋ। ਮੰਗਲ ਨਿਤ ਅਨੰਦ ਗੁਰ ਲਹ੍ਯੋ॥੨॥

ਮਾਤਾ ਨਾਨਕੀ ਜੀ ਨਾਲ ਰਹਿੰਦੇ ਹਨ ਤੇ ਸ੍ਰੀ ਗੁਜਰੀ ਉਨ੍ਹਾਂ ਦੀ ਨੂੰਹ ਸਦਾ ਨਾਲ ਰਹਿੰਦੀ ਹੈ। ਬਹੁਤ ਦਿਨ ਉਥੇ ਡੇਰਾ ਰਖਿਆ। ਗੁਰੂ ਜੀ ਸਦਾ ਅਨੰਦ ਮੰਗਲ ਕਰਦੇ ਹਨ॥੨॥

ਨੰਦ ਲਾਲ ਸੋਹਨੇ ਕੋ ਨੰਦ। ਗੁਰ ਗ੍ਰਿਹ ਸੇਵਾ ਲਗ੍ਯੋ ਬਿਲੰਦ।
ਮੇਹਾਂ ਨਾਮ ਤਿਸੀ ਕੋ ਅਹੈ। ਸੇਵਾ ਅਧਿਕ ਸੇਵਤੋ ਰਹੈ॥ ੩॥

ਨੰਦ ਲਾਲ ਸੋਹਨੇ ਦਾ ਪੁੱਤਰ ਸੀ, ਉਹ ਹਰ ਸਮੇਂ ਗੁਰੂ ਜੀ ਦੀ ਸੇਵਾ ਵਿਚ ਲੱਗਾ ਰਹਿੰਦਾ ਸੀ। ਮੇਹਾਂ ਨਾਮ ਵੀ ਉਸੇ ਦਾ ਸੀ, ਉਹ ਹਰ ਸਮੇਂ ਪਾਣੀ ਦੀ ਬਹੁਤ ਸੇਵਾ ਕਰਦਾ ਰਹਿੰਦਾ ਸੀ॥੩॥

ਤਹਿਂ ਜਲ ਹੁਤੋ ਦੂਰ ਤੇ ਲਯਾਵਨਿ। ਸਿਰ ਧਰਿ ਢੋਵਤਿ ਚਹਿ ਮਨ ਪਾਵਨ।
ਭਗਤਿ ਭਾਉ ਮੈਂ ਰੰਗਯੋ ਮਨ ਕੋ। ਨਹਿਂ ਸੁਖ ਠਾਨਤਿ ਹੈ ਕਬਿ ਤਨ ਕੋ ॥ ੪ ॥

ਓਥੇ ਉਸ ਨੂੰ ਦੂਰ ਤੋਂ ਜਲ ਲਿਆਉਣਾ ਪੈਂਦਾ ਸੀ, ਪਵਿੱਤਰ ਮਨ ਵਾਲਾ ਸਿਰ ਉੱਤੇ ਪਾਣੀ ਰੱਖ ਕੇ ਢੋਂਦਾ ਸੀ। ਉਸ ਨੇ ਭਗਤੀ ਭਾਵਨਾ ਵਿਚ ਮਨ ਰੰਗਿਆ ਹੋਇਆ ਸੀ, ਕਦੀ ਵੀ ਸਰੀਰ ਦਾ ਸੁਖ ਨਹੀਂ ਸੀ ਚਾਹੁੰਦਾ॥੪॥

ਪ੍ਰੇਮ ਬਿਖੈ ਸੇਵਤਿ ਸਤਿਗੁਰ ਕੋ। ਲਾਗੀ ਲਗਨ ਇਸੀ ਬਿਧਿ ਉਰ ਕੋ।
ਕਿਸ ਕੇ ਸਾਥ ਨ ਬੋਲੈ ਕਬਿਹੂੰ। ਜਿਤੋ ਖਰਚ ਜਲ ਆਨਹਿਂ ਸਬਿਹੂੰ ॥ ੫ ॥

ਪ੍ਰੇਮ ਨਾਲ ਸਤਿਗੁਰੂ ਜੀ ਦੀ ਸੇਵਾ ਕਰਦਾ ਸੀ, ਹਿਰਦੇ ਵਿਚ ਇਸ ਤਰ੍ਹਾਂ ਦੀ ਹੀ ਲਿਵ ਲੱਗੀ ਹੋਈ ਸੀ। ਕਦੇ ਵੀ ਕਿਸੇ ਦੇ ਨਾਲ ਬੋਲਦਾ ਨਹੀਂ ਸੀ, ਜਿੰਨਾ ਪਾਣੀ ਵੀ ਖਰਚ ਹੁੰਦਾ ਸੀ, ਉਹ ਸਭ ਉਹੀ ਲਿਆਉਂਦਾ ਸੀ॥੫॥

ਵਾਹਿਗੁਰੂ ਸਿਮਰਨ ਉਰ ਕਰਤਾ। ਭਾਗ ਜਗੇ ਸ਼ਰਧਾ ਗੁਰ ਧਰਤਾ।
ਖਾਨ ਪਾਨ ਕਿਛੁ ਸਹਿਜੇ ਮਿਲੇ। ਖਾਇ ਅਲਪ ਸੇਵੈ ਗੁਰ ਭਲੇ॥ ੬ ॥

ਦਿਲ ਵਿਚ ਵਾਹਿਗੁਰੂ ਦਾ ਸਿਮਰਨ ਕਰਦਾ ਸੀ, ਉਸਦੇ ਭਾਗ ਜਾਗ ਪਏ ਸਨ, ਗੁਰੂ ਜੀ ਵਾਸਤੇ ਸ਼ਰਧਾ ਧਾਰਨ ਕਰਦਾ ਸੀ। ਖਾਣ ਪੀਣ ਕੁਝ ਸਹਿਜੇ ਹੀ ਮਿਲਦਾ ਸੀ, ਬਹੁਤ ਥੋੜਾ ਖਾਂਦਾ ਸੀ, ਭਲੀ ਪ੍ਰਕਾਰ ਗੁਰੂ ਜੀ ਦੀ ਸੇਵਾ ਕਰਦਾ ਸੀ॥੬॥

ਭੋਜਨ ਕੇਰ ਸ੍ਵਾਦ ਨਹਿਂ ਧਰੈ। ਮਿਲੈ ਜਥਾ ਸੋ ਖੈਬੋ ਕਰੈ।
ਗਾਗਰ ਕੋ ਸਿਰ ਪਰ ਧਰਿ ਲ੍ਯਾਵੈ। ਦੇ ਕਰਿ ਤਿਸ ਕੋ, ਔਰ ਲਿਜਾਵੈ ॥ ੭ ॥

ਭੋਜਨ ਵਾਸਤੇ ਸਵਾਦ ਨਹੀਂ ਧਾਰਨ ਕਰਦਾ ਸੀ, ਜੋ ਵੀ ਮਿਲਦਾ ਸੀ, ਉਹੀ ਖਾ ਲੈਂਦਾ ਸੀ। ਗਾਗਰ ਨੂੰ ਸਿਰ ਤੇ ਰੱਖ ਕੇ ਲੈ ਆਉਂਦਾ ਸੀ, ਉਸ ਗਾਗਰ ਨੂੰ ਦੇ ਕੇ ਹੋਰ ਲੈਣ ਚਲਾ ਜਾਂਦਾ ਸੀ॥੭॥

ਜਲ ਕੀ ਤੋਟ ਨ ਹੋਨੇ ਪਾਵੈ। ਨਿਸ ਮਹਿਂ ਤਮ ਹੁਇ ਤੌ ਭਰਿ ਲ੍ਯਾਵੈ।
ਇਕ ਸੇਵਾ ਮਹਿਂ ਭਾ ਅਭਿਲਾਖੀ। ਅਪਰ ਨਹੀਂ ਕਿਸ ਬਿਧਿ ਕੋ ਕਾਂਖੀ ॥ ੮ ॥

ਜਲ ਦੀ ਕਦੇ ਵੀ ਤੋਟ ਨਹੀਂ ਸੀ ਆਉਂਦੀ, ਰਾਤ ਸਮੇਂ ਜਦ ਹਨ੍ਹੇਰਾ ਹੁੰਦਾ ਸੀ ਤਾਂ ਵੀ ਪਾਣੀ ਭਰ ਲਿਆਉਂਦਾ ਸੀ। ਇਕ ਸੇਵਾ ਕਰਨ ਦੀ ਹੀ ਅਭਿਲਾਸ਼ਾ ਸੀ, ਹੋਰ ਕਿਸੇ ਵਿਧੀ ਅਨੁਸਾਰ ਕੋਈ ਚਾਹ ਨਹੀਂ ਸੀ॥੮॥

ਗਾਗਰ ਤੇ ਛਿਲ ਗਾ ਸਿਰ ਮਾਸ। ਦਿਨ ਪ੍ਰਤਿ ਵਧਤਿ ਭਯੋ ਚਹੁੰਪਾਸ।
ਧਰਹਿ ਭਾਵ, ਸਿਰ ਘਾਵ ਬਿਸਾਲਾ। ਮਖਕਾ ਕਾਟਤਿ ਹੈਂ ਸਭਿ ਕਾਲਾ ॥ ੯ ॥

ਗਾਗਰ ਨਾਲ ਸਿਰ ਦਾ ਮਾਸ ਛਿਲਿਆ ਗਿਆ, ਜ਼ਖਮ ਚਾਰੇ ਪਾਸੇ ਦਿਨ ਪ੍ਰਤੀ ਵਧਦਾ ਹੀ ਜਾਂਦਾ ਸੀ, ਭਾਵਨਾ ਧਰਦਾ ਸੀ, ਬੇਸ਼ਕ ਸਿਰ ਉਤੇ ਬਹੁਤ ਵੱਡਾ ਜ਼ਖਮ ਸੀ, ਹਰ ਸਮੇਂ ਮੱਖੀਆਂ ਕੱਟਦੀਆਂ ਰਹਿੰਦੀਆਂ ਸਨ॥੯॥

ਨਹੀਂ ਘਾਵ ਕੀ ਪੀਰ ਬਿਚਾਰੈ। ਤਿਸੀ ਰੀਤਿ ਗਾਗਰ ਸਿਰ ਧਾਰੈ।
ਜਲ ਕੀ ਤੋਟ ਹੋਨਿ ਨਹਿਂ ਦੇਈ। ਸਭਿ ਡੇਰੇ ਇਸ਼ਨਾਨ ਕਰੇਈ॥ ੧੦ ॥

ਜ਼ਖਮ ਦੀ ਪੀੜ ਬਾਰੇ ਵਿਚਾਰ ਨਹੀਂ ਸੀ ਕਰਦਾ, ਪਹਿਲਾਂ ਦੀ ਰੀਤੀ ਅਨੁਸਾਰ ਹੀ ਗਾਗਰ ਸਿਰ ਤੇ ਧਰਦਾ ਸੀ। ਜਲ ਦੀ ਤੋਟ ਹੋਣ ਨਹੀਂ ਸੀ ਦਿੰਦਾ, ਸਾਰੇ ਡੇਰੇ ਨੂੰ ਇਸ਼ਨਾਨ ਕਰਵਾਉਂਦਾ ਸੀ॥੧੦॥

ਬਹੁਤ ਨਰਨਿ ਕੋ ਲੰਗਰ ਹੋਵੈ। ਤਿਸ ਹਿਤ ਬਹੁਤ ਆਨਿ ਜਲ ਢੋਵੈ।
ਸਰਬ ਪ੍ਰਕਾਰ ਚਾਹੀਯਹਿ ਪਾਨੀ। ਬਿਨ ਆਲਸ ਜਲ ਸੇਵਾ ਠਾਨੀ॥ ੧੧ ॥

ਬਹੁਤ ਮਨੁੱਖਾਂ ਲਈ ਲੰਗਰ ਚਲਦਾ ਸੀ, ਉਸ ਕਰਕੇ ਬਹੁਤ ਜਲ ਢੋਂਦਾ ਸੀ। ਸਰਬ ਪ੍ਰਕਾਰ ਪਾਣੀ ਚਾਹੀਦਾ ਹੈ, ਕਿਸੇ ਆਲਸ ਤੋਂ ਬਗੈਰ ਜਲ ਦੀ ਸੇਵਾ ਕਰਦਾ ਸੀ॥੧੧॥

ਕਿਤਿਕ ਦਿਵਸ ਬੀਤੇ ਇਸ ਭਾਂਤਿ। ਪਰੇ ਕਿਰਮ ਤਹਿਂ ਕਟਿ ਕਟਿ ਖਾਤਿ।
ਕਿਸ ਕੇ ਸੰਗ ਨ ਕਬਿਹੂੰ ਕਹੈ। ਤੂਸ਼ਨਿ ਕਰੇ ਕਸ਼ਟ ਕੋ ਸਹੈ॥ ੧੨॥

ਇਸ ਪ੍ਰਕਾਰ ਕਈ ਦਿਨ ਬੀਤ ਗਏ, ਸਿਰ ਦੇ ਵਿਚ ਕੀੜੇ ਪੈ ਗਏ ਜਿਹੜੇ ਮਾਸ ਨੂੰ ਕੱਟ-ਕੱਟ ਖਾਂਦੇ ਸਨ। ਕਿਸੇ ਨੂੰ ਵੀ ਕਦੀ ਇਸ ਬਾਰੇ ਨਹੀਂ ਸੀ ਕਹਿੰਦਾ, ਚੁਪ ਰਹਿ ਕੇ ਦੁੱਖ ਨੂੰ ਬਰਦਾਸ਼ਤ ਕਰਦਾ ਸੀ॥੧੨॥

ਜਲ ਢੋਵਤਿ ਸਿ ਚਾਂਦੀ ਪਰੀ। ਨਹਿਂ ਸਰੀਰ ਕੀ ਸੁਧਿ ਕਿਮ ਕਰੀ।
ਇਕ ਸੇਵਾ ਕੇ ਤਤਪਰ ਹੋਯੋ। ਪੂਰਬ ਕੇ ਸਮ ਹੀ ਜਲ ਢੋਯੋ॥ ੧੩॥

ਜਲ ਢੋਂਦਿਆਂ ਖੋਪਰੀ ਦੇ ਵਿਚਕਾਰ ਲਾਗਾ ਲੱਗ ਗਿਆ, ਪਰ ਸਰੀਰ ਦੀ ਕਿਸੇ ਪ੍ਰਕਾਰ ਵੀ ਖ਼ਬਰ ਨਹੀਂ ਸੀ ਲੈਂਦਾ। ਸਦਾ ਇਕ ਸੇਵਾ ਲਈ ਤਤਪਰ ਰਹਿੰਦਾ ਸੀ। ਪਹਿਲਾਂ ਵਾਂਗ ਹੀ ਜਲ ਢੋਈ ਜਾਂਦਾ ਸੀ॥੧੩॥

ਕਟਿ ਕਟਿ ਕਿਰਮ ਖਾਤਿ ਹੈਂ ਮਾਸ। ਊਪਰ ਭਾਰ ਧਰਤਿ ਹੈ ਰਾਸ।
ਈਨੂ ਗਾਗਰ ਤਰੇ ਟਿਕਾਵਤਿ। ਸੁ ਚੁਭਿ ਚੁਭਿ ਕਰਿ ਘਾਵ ਬਧਾਵਤਿ॥ ੧੪॥

ਕੀੜੇ ਮਾਸ ਕੱਟ-ਕੱਟ ਖਾਈ ਜਾਂਦੇ ਸਨ, ਉਪਰ ਭਾਰ ਬਹੁਤ ਧਾਰਨ ਕਰਦਾ ਸੀ। ਬਿੰਨੂ ਨੂੰ ਗਾਗਰ ਦੇ ਥੱਲੇ ਟਿਕਾਉਂਦਾ ਸੀ, ਉਹ ਚੁਭ ਚੁਭ ਕੇ ਜ਼ਖਮ ਨੂੰ ਹੋਰ ਵਧਾਉਂਦਾ ਸੀ॥੧੪॥

ਬਧਯੋ ਰਹੈ ਏਨੂ ਸਿਰ ਨੀਤ। ਕਬਿ ਖੋਲਹਿ ਦ੍ਰਿੜ੍ਹ ਬੰਧਨ ਹੀਤ।
ਇਕ ਦਿਨ ਸਿਰ ਤੇ ਜਬਹਿ ਉਤਾਰਯੋ। ਖੋਲ੍ਹਿ ਰਜੂ ਤੇ ਕਰ ਮਹਿਂ ਧਾਰਯੋ॥੧੫॥

ਬਿੰਨੂ ਸਦਾ ਸਿਰ ਤੇ ਬੱਝਾ ਰਹਿੰਦਾ ਸੀ, ਕਦੀ ਕਦੀ ਚੰਗੀ ਤਰ੍ਹਾਂ ਬੰਨ੍ਹਣ ਵਾਸਤੇ ਖੋਲਦਾ ਸੀ। ਇਕ ਦਿਨ ਜਦ ਬਿੰਨੂ ਸਿਰ ਤੋਂ ਲਾਹਿਆ ਤੇ ਸਿਰ ਤੋਂ ਖੋਲ੍ਹ ਕੇ ਹੱਥ ਵਿਚ ਫੜਿਆ॥੧੫॥

ਤਿਸ ਕੇ ਸੰਗ ਕਿਰਮ ਕੁਛ ਆਏ। ਦਿਖਤਿ ਗਿਰੇ ਅਵਨੀ ਪਰ ਜਾਏ।
ਮੇਹੇ ਕੀਨਸਿ ਰਿਦੈ ਬਿਚਾਰ। ਗਿਰੇ ਇਹਾਂ ਮਰਿ ਹੈਂ ਬਿਨ ਬਾਰ॥ ੧੬॥

ਉਸਦੇ ਨਾਲ ਕੁਝ ਕਿਰਮ ਆਏ, ਉਹ ਵੇਖਦਿਆਂ ਹੀ ਧਰਤੀ ਤੇ ਡਿੱਗ ਪਏ। ਮੇਹੇਂ ਨੇ ਹਿਰਦੇ ਵਿਚ ਵਿਚਾਰ ਕੀਤਾ, ਏਥੇ ਡਿੱਗ ਕੇ ਇਹ ਝੱਟ ਮਰ ਜਾਣਗੇ॥੧੬॥

ਮਾਸ ਕਹਾਂ ਤੇ ਭੱਖਹਿਂ ਏਹੀ। ਮਰਹਿਂ ਤੁਰਤ ਪੈਰ ਜੁ ਧਰਿ ਦੇਹੀ।
ਇਨਕੇ ਜੀਵਨਿ ਕੇਰ ਉਪਾਇ। ਮਮ ਸਿਰ ਬਿਨਾ ਨ ਜਾਨੇ ਜਾਇ॥ ੧੭॥

ਇਹ ਮਾਸ ਕਿਥੋਂ ਖਾਣਗੇ, ਤੁਰਤ ਮਰ ਜਾਣਗੇ ਜੇ ਪੈਰ ਧਰ ਦੇਵਾਂਗੇ। ਇਨ੍ਹਾਂ ਦੇ ਜੀਵਨ ਦਾ ਉਪਾਅ ਮੇਰੇ ਸਿਰ ਬਗੈਰ ਹੋਰ ਕੋਈ ਨਹੀਂ ਜਾਣਿਆ ਜਾ ਸਕਦਾ॥੧੭॥

ਦਯਾ ਧਾਰਿ ਸੋ ਲਿਯੇ ਉਠਾਇ। ਜਹਿਂ ਤੇ ਗਿਰੇ ਦਏ ਤਹਿਂ ਪਾਇ।
ਇਸ ਥਲ ਪਾਲਨਿ ਹੁਇ ਇਨ ਕੇਰਾ। ਭੱਖਜਨਿ ਕਰਹਿਂ ਮਾਸ ਸਿਰ ਮੇਰਾ॥੧੮॥

ਦਇਆ ਧਾਰ ਕੇ ਕੀੜੇ ਉਠਾ ਲਏ, ਜਿਥੋਂ ਡਿੱਗੇ ਸੀ, ਫਿਰ ਉਥੇ ਹੀ ਪਾ ਦਿੱਤੇ। ਇਸ ਥਾਂ ਇਨ੍ਹਾਂ ਦੀ ਪਾਲਣਾ ਹੋਵੇਗੀ, ਮੇਰੇ ਸਿਰ ਦਾ ਇਹ ਮਾਸ ਖਾਣਗੇ॥੧੮॥

ਮਾਤ ਨਾਨਕੀ ਨੇ ਤਿਸ ਦੇਖਾ। ਰਿਦੇ ਉਪਾਈ ਦਯਾ ਵਿਸ਼ੇਖਾ।
ਕਹਨਿ ਲਗੀ 'ਸੁਨਿ ਮੇਰੇ ਭਾਈ! ਅਧਿਕ ਪ੍ਰੇਮ ਤੇ ਸੇਵ ਕਮਾਈ॥ ੧੯॥

ਮਾਤਾ ਨਾਨਕੀ ਜੀ ਨੇ ਉਸ ਨੂੰ ਵੇਖਿਆ, ਹਿਰਦੇ ਵਿਚ ਵਿਸ਼ੇਸ਼ ਦਇਆ ਆਈ। ਕਹਿਣ ਲੱਗੀ, "ਹੇ ਮੇਰੇ ਭਾਈ! ਸੁਣੋ, ਤੂੰ ਬਹੁਤ ਪ੍ਰੇਮ ਨਾਲ ਸੇਵਾ ਕਮਾਈ ਹੈ॥੧੯॥

ਸ੍ਰੀ ਗੁਰ ਕੇ ਗ੍ਰਿਹ ਘਾਲੀ ਘਾਲ। ਹੁਇ ਕੈ ਕਸ਼ਟ ਬਿਹੀਨ ਨਿਹਾਲ।
ਸਿਰ ਪਰ ਕੀਰੇ ਪਰੇ ਨ ਜਾਨੇ। ਤਿਸੀ ਰੀਤਿ ਗੁਰ ਸੇਵਾ ਠਾਨੇ'॥ ੨੦॥

ਸ੍ਰੀ ਗੁਰੂ ਜੀ ਦੇ ਘਰ ਵਿਚ ਘਾਲ ਘਾਲੀ ਹੈ। ਕਸ਼ਟ ਦੀ ਪਰਵਾਹ ਨਾ ਕਰਕੇ ਤੇ ਪ੍ਰਸੰਨ ਹੋ ਕੇ ਘਾਲਣਾ ਘਾਲੀ ਹੈ। ਸਿਰ ਉਤੇ ਕੀੜੇ ਪਏ ਵੀ ਨਹੀਂ ਜਾਣੇ ਹਨ, ਉਸੇ ਰੀਤੀ ਨਾਲ ਗੁਰੂ ਜੀ ਦੀ ਸੇਵਾ ਕਰੀ ਜਾਂਦਾ ਹੈ"॥੨੦॥

ਮੇਹੋਂ ਸੁਨਿ ਕਰਿ ਕੀਨਸਿ ਬਿਨਤੀ। 'ਨਿਜ ਸਰੀਰ ਕੀ ਮੋਹਿ ਨ ਗਿਨਤੀ।
ਮੇਰੀ ਸੇਵਾ ਜੇ ਪਰਵਾਨ। ਇਨ ਕਿਰਮਨਿ ਕੋ ਹੁਇ ਕੱਲਜਾਨ॥ ੨੧॥

ਮੇਹੋਂ ਨੇ ਸੁਣ ਕੇ ਬੇਨਤੀ ਕੀਤੀ, "ਮੇਰਾ ਸਰੀਰ ਕਿਸੇ ਗਿਣਤੀ ਵਿਚ ਨਹੀਂ। ਮੇਰੀ ਸੇਵਾ ਜੇ ਪਰਵਾਨ ਹੋਵੇ, ਇਨ੍ਹਾਂ ਕਿਰਮਾਂ ਨਾਲ ਮੇਰਾ ਕਲਿਆਣ ਹੋਵੇਗਾ॥੨੧॥

ਇਨ ਕੋ ਸੰਕਟ ਹੋਇ ਨ ਜੈਸੇ। ਕਰਹਿ ਉਪਾਇ ਮਾਤ ਜੀ! ਤੈਸੇ'।
'ਸਤਿਗੁਰ ਹੋਇਂ ਦਯਾਲ ਸੁਨਿ ਭਾਈ! ਦੇਹਿਂ ਸਕਲ ਬਿਧਿ ਕੀ ਵਡਿਆਈ'॥੨੨॥

ਇਨ੍ਹਾਂ ਨੂੰ ਜਿਵੇਂ ਕੋਈ ਸੰਕਟ ਨਾ ਹੋਵੇ, ਹੇ ਮਾਤਾ ਜੀ! ਉਸ ਤਰ੍ਹਾਂ ਦਾ ਉਪਾਅ ਕਰੋ।" "ਹੇ ਭਾਈ! ਸਤਿਗੁਰੂ ਜੀ ਇਹ ਕੁਝ ਸੁਣ ਕੇ ਦਿਆਲ ਹੋ ਜਾਣਗੇ, ਤੇ ਤੈਨੂੰ ਸਭ ਪ੍ਰਕਾਰ ਦੀ ਵਡਿਆਈ ਦੇਣਗੇ"॥੨੨॥

ਇਮ ਸੁਨਿ ਲਗਯੋ ਸੇਵ ਕੋ ਜਾਇ। ਜਲ ਕੀ ਗਾਗਰ ਭਰਿ ਭਰਿ ਲਯਾਇ।
ਜਬਿ ਸ੍ਰੀ ਤੇਗ ਬਹਾਦਰ ਚੰਦ। ਬੈਠੇ ਮਾਤ ਨਿਕਟਿ ਸੁਖਕੰਦ॥ ੨੩॥

ਇਹ ਸੁਣ ਕੇ ਫਿਰ ਸੇਵਾ ਵਿਚ ਲੱਗ ਗਿਆ, ਜਲ ਦੀਆਂ ਗਾਗਰਾਂ ਭਰ-ਭਰ ਲਿਆਉਂਦਾ ਸੀ। ਜਦ ਸ੍ਰੀ ਗੁਰੂ ਤੇਗ ਬਹਾਦਰ ਜੀ ਸੁਖਾਂ ਦੇ ਮੂਲ, ਆਪਣੀ ਮਾਤਾ ਜੀ ਪਾਸ ਬੈਠੇ ਸਨ॥੨੩॥

ਇਤਨੇ ਮਹਿਂ ਮੇਹਾਂ ਤਹਿਂ ਆਯਹੁ। ਜਲ ਗਾਗਰ ਕੋ ਸੀਸ ਉਠਾਯਹੁ।
ਦੇਖਿ ਨਾਨਕੀ ਮਾਤ ਬਖਾਨਾ। 'ਹੇ ਸੁਤ! ਇਸ ਕੀ ਸੇਵ ਮਹਾਨਾ॥ ੨੪॥

ਏਨੇ ਵਿਚ ਮੇਹਾਂ ਉਥੇ ਆ ਗਿਆ, ਜਲ ਦੀ ਗਾਗਰ ਨੂੰ ਉਸ ਸਿਰ ਤੇ ਚੁਕਿਆ ਹੋਇਆ ਸੀ। ਮਾਤਾ ਨਾਨਕੀ ਜੀ ਨੇ ਮੇਹਾਂ ਨੂੰ ਵੇਖ ਕੇ ਕਿਹਾ, "ਹੇ ਪੁੱਤਰ! ਇਸ ਨੇ ਮਹਾਨ ਸੇਵਾ ਕੀਤੀ ਹੈ॥੨੪॥

ਹੇਰਿ ਕਾਲ ਮੈਂ ਅਚਰਜ ਹੋਈ। ਕਰਯੋ ਘਾਵ ਈਨੂ ਸਿਰ ਜੋਈ।
ਮੁਝ ਦੇਖਤਿ ਸੋ ਜਬਹਿ ਉਤਾਰਾ। ਪਰੇ ਕਿਰਮ ਸਿਰ ਘਾਵ ਮਝਾਰਾ॥ ੨੫॥

ਕਲ੍ਹ ਮੈਂ ਵੇਖਕੇ ਬਹੁਤ ਹੈਰਾਨ ਹੋਈ ਹਾਂ, ਜਿਹੜਾ ਸਿਰ ਤੇ ਇੰਨੂ ਬੰਨ੍ਹਿਆ ਹੈ, ਉਸ ਦੇ ਥੱਲੇ ਵੱਡਾ ਜ਼ਖਮ ਹੋਇਆ ਹੈ। ਮੇਰੇ ਵੇਖਦਿਆਂ, ਜਦ ਇੰਨੂ ਲਾਹਿਆ ਤਾਂ ਮੈਂ ਸਿਰ ਦੇ ਜ਼ਖਮ ਵਿਚ ਕੀੜੇ ਪਏ ਵੇਖੇ॥੨੫॥

ਕੁਛਕ ਤਬਹਿ ਅਵਨੀ ਪਰ ਗਿਰੇ। ਇਨ ਉਚਾਇ ਸੋ ਸਿਰ ਪਰ ਧਰੇ।
ਅਬਿ ਇਸ ਨੇ ਬਹੁ ਘਾਲੀ ਘਾਲ। ਰਹਯੋ ਆਪ ਕੇ ਸੰਗ ਬਿਸਾਲ॥ ੨੬॥

ਕੁਝ ਕੀੜੇ ਉਸ ਸਮੇਂ ਧਰਤੀ 'ਤੇ ਡਿੱਗ ਪਏ, ਇਸ ਨੇ ਚੁੱਕ ਕੇ ਸਿਰ ਤੇ ਧਰ ਲਏ। ਹੁਣ ਇਸ ਬਹੁਤ ਵੱਡੀ ਘਾਲ ਘਾਲੀ ਹੈ, ਆਪ ਜੀ ਦੇ ਨਾਲ ਬਹੁਤ ਦੇਰ ਰਿਹਾ ਹੈ॥੨੬॥

ਕਬਹੂੰ ਕਿਸ ਕੋ ਨਹੀਂ ਜਨਾਈ। ਤੂਸ਼ਨਿ ਧਾਰੇ ਸੇਵ ਕਮਾਈ।
ਖਾਨ ਪਾਨ ਕੋ ਸ੍ਵਾਦ ਨ ਲੀਨਾ। ਨਿਸ ਦਿਨ ਪ੍ਰੇਮ ਸੇਵ ਕੋ ਭੀਨਾ॥ ੨੭॥

ਕਦੀ ਵੀ ਕਿਸੇ ਨੂੰ ਜਤਾਇਆ ਨਹੀਂ ਹੈ, ਚੁਪ ਧਾਰ ਕੇ ਸੇਵਾ ਕਮਾਉਂਦਾ ਹੈ ਖਾਣ ਪੀਣ ਵਿਚ ਕੋਈ ਸਵਾਦ ਨਹੀਂ ਲੈਂਦਾ ਹੈ, ਰਾਤ ਦਿਨ ਪ੍ਰੇਮ ਸੇਵਾ ਵਿਚ ਭਿੱਜਿਆ ਰਹਿੰਦਾ ਹੈ॥੨੭॥

ਅਬਿ ਕ੍ਰਿਪਾਲ ਹ੍ਵੈ ਕਰਹੁ ਨਿਹਾਲ। ਜੋ ਬਾਂਛਤਿ ਸੋ ਦੇਹੁ ਬਿਸਾਲ।
ਮਾਤ ਨਾਨਕੀ ਤੇ ਸੁਨਿ ਬੈਨ। ਕਰੁਨਾ ਭਰੇ ਰਸੀਲੇ ਨੈਨ॥ ੨੮॥

ਹੁਣ ਕ੍ਰਿਪਾਲੂ ਹੋ ਕੇ ਇਸ ਨੂੰ ਨਿਹਾਲ ਕਰੋ, ਜੋ ਚਾਹੁੰਦਾ ਹੈ, ਇਸ ਨੂੰ ਦੇਵੋ।" ਮਾਤਾ ਨਾਨਕੀ ਜੀ ਦੇ ਬਚਨ ਸੁਣ ਕੇ ਗੁਰੂ ਜੀ ਦੇ ਰਸੀਲੇ ਨੈਣ ਕਿਰਪਾ ਨਾਲ ਭਰ ਗਏ॥੨੮॥

ਅਵਿਲੋਕਤਿ ਸੋ ਲੀਨਿ ਬੁਲਾਇ। ਜਾਨੀ ਸੇਵ ਮਹਾਂ ਸਫਲਾਇ।
ਪੂਰਬ ਜੁਗ ਮਹਿਂ ਜਯੋਂ ਤਪ ਘਾਲਹਿਂ। ਅਨਿਕ ਭਾਂਤਿ ਸਹਿਂ ਕਸ਼ਟ ਬਿਸਾਲਹਿ॥੨੯॥

ਵੇਖ ਕੇ ਉਸ ਨੂੰ ਬੁਲਾ ਲਿਆ, ਉਸ ਦੀ ਸੇਵਾ ਮਹਾਨ ਸਫਲ ਜਾਣੀ। ਪਿਛਲੇ ਜੁਗ ਵਿਚ ਜਿਵੇਂ ਤਪ ਦੀ ਕਮਾਈ ਕਰਦੇ ਸਨ, ਅਨੇਕ ਪ੍ਰਕਾਰ ਨਾਲ ਬਹੁਤ ਕਸ਼ਟ ਪਾਉਂਦੇ ਸਨ॥੨੯॥

ਹਿਮ ਰੁਤ ਮਹਿਂ ਬਡ ਜਲ ਤਹਿਂ ਪੈਠਹਿਂ। ਗ੍ਰੀਖਮ ਪੰਚਾਗਨਿ ਬਿਚ ਬੈਠਹਿਂ।
ਫਲ ਕੋ ਖਾਇ ਸਥੰਡਲ ਜਾਈ। ਪਦ ਊਰਧ ਕਰਿ ਨਿਜ ਲਟਕਾਈ॥ ੩੦॥

ਸਰਦੀ ਦੀ ਰੁਤ ਵਿਚ ਵੱਡੇ ਜਲ ਵਿਚ ਜਾ ਕੇ ਬੈਠਦੇ ਸਨ, ਗਰਮੀ ਵਿਚ ਅਗਨੀ ਪਾਸ ਬੈਠ ਕੇ ਪੰਚਾਤਪ ਕਰਦੇ ਸਨ (ਚਾਰ ਔਂਗ ਦੀਆਂ ਧੂਣੀਆਂ ਅਤੇ ਪੰਜਵਾਂ ਸੂਰਜ, ਇਨ੍ਹਾਂ ਪੰਜਾਂ ਨਾਲ ਸਰੀਰ ਨੂੰ ਤਪਾਉਣ ਰੂਪੀ ਕਰਮ) ਥੜ੍ਹੇ ਤੇ ਜਾ ਕੇ ਫਲ ਖਾਂਦੇ ਸਨ। ਪੁੱਠੇ ਲਟਕ ਕੇ ਭਗਤੀ ਕਰਦੇ ਸਨ॥੩੦॥

ਪੱਤ੍ਰ ਅਹਾਰੀ ਬ੍ਰਤ ਕੋ ਸਾਧਹਿਂ। ਬਨ ਮਹਿਂ ਬਸਹਿਂ ਇਕੰਤ ਅਰਾਧਹਿਂ।
ਪਦਮਾਸਨ ਕਰਿ ਜੋਗ ਕਰੰਤੇ। ਕੇਤਿਕ ਗਿਨੀਅਹਿ ਤਪ ਜੁ ਤਪੰਤੇ॥ ੩੧॥

ਪੱਤੇ ਖਾ ਕੇ ਵਰਤ ਦੀ ਸਾਧਨਾ ਕਰਦੇ ਸਨ, ਜੰਗਲ ਵਿਚ ਰਹਿ ਕੇ ਇਕਾਂਤ ਵਿਚ ਪ੍ਰਭੂ ਦੀ ਅਰਾਧਨਾ ਕਰਦੇ ਸਨ। ਪਦਮ ਆਸਣ ਕਰਕੇ ਜੋਗ ਕਰਦੇ ਸਨ, ਕਿਥੋਂ ਤਕ ਗਿਣੀਏ ਕਿਵੇਂ-ਕਿਵੇਂ ਤਪ ਕਰਦੇ ਸਨ॥੩੧॥

ਤਪੀਅਨਿ ਕੋ ਤਪ ਦੇਖਿ ਬਿਸਾਲਾ। ਬ੍ਰਹਮਾਦਿਕ ਸੁਰ ਹੋਹਿਂ ਕ੍ਰਿਪਾਲਾ।
ਆਨਿ ਦੇਤਿ ਮਨ ਬਾਂਛਤਿ ਤਾਂਹੀ। ਅਪਰ ਸਰਬ ਸੁਖ, ਕੈਵਲ ਨਾਂਹੀ॥ ੩੨॥

ਤਪੱਸਵੀਆਂ ਦਾ ਵਿਸ਼ਾਲ ਤਪ ਵੇਖ ਕੇ ਬ੍ਰਹਮਾ ਆਦਿਕ ਦੇਵਤੇ ਕਿਰਪਾਲੂ ਹੁੰਦੇ ਸਨ ਤੇ ਤਪੱਸਵੀ ਨੂੰ ਮੂੰਹ ਮੰਗਿਆ ਵਰ ਦਿੰਦੇ ਸਨ, ਪਰ ਮੁਕਤੀ ਨਹੀਂ ਸੀ ਦਿੰਦੇ॥੩੨॥

ਸੋ ਤਪ ਦੁਸ਼ਤਰ ਹੈ ਕਲਿ ਕਾਲ। ਹੋਤਿ ਨਹੀਂ, ਹਠ ਕਰੇ ਬਿਸਾਲ।
ਕਸਟ ਸਹਨਿ ਕੀ ਸ਼ਕਤਿ ਨ ਰਹੀ। ਮ੍ਰਿਤਕ ਹੋਇ ਜੇ ਖਾਵਹਿ ਨਹੀਂ॥ ੩੩॥

ਕਲਜੁਗ ਵਿਚ ਅਜਿਹਾ ਤਪ ਕਰਨਾ ਕਠਨ ਹੈ, ਇਕ ਮਨੁੱਖ ਪਾਸੋਂ ਹੋ ਨਹੀਂ ਸਕਦਾ ਬੇਸ਼ਕ ਕਿੰਨਾ ਵੀ ਹੱਠ ਕਰੇ। ਕਸ਼ਟ ਸਹਿਣ ਦੀ ਹੁਣ ਸ਼ਕਤੀ ਨਹੀਂ ਰਹੀ ਹੈ। ਜੇ ਭੁੱਖਾ ਰਹੇਗਾ ਤਾਂ ਮਰ ਜਾਵੇਗਾ॥੩੩॥

ਕਿਮ ਕਾਨਨ ਮਹਿਂ ਹੋਵਹਿ ਬਾਸਾ। ਬਿਨ ਕਾਨਨ ਕਯੋਂ ਹ੍ਵੈ ਤਪ ਰਾਸਾ।
ਯਾਂਤੇ ਸਤਿਗੁਰ ਰੀਤਿ ਚਲਾਈ। ਸਤਿ ਸੰਗਤਿ ਸੇਵਨਿ ਅਧਿਕਾਈ॥ ੩੪॥

ਜੰਗਲਾਂ ਵਿਚ ਕਿਵੇਂ ਵਾਸਾ ਹੋਵੇਗਾ ਤੇ ਜੰਗਲ ਤੋਂ ਬਗੈਰ ਕਿਵੇਂ ਤਪ ਰਾਸ ਹੋਵੇਗਾ। ਇਸ ਕਰਕੇ ਸਤਿਗੁਰੂ ਨਾਨਕ ਦੇਵ ਜੀ ਨੇ ਨਵੀਂ ਰੀਤ ਚਲਾਈ, ਸਤਿਸੰਗਤ ਵਿਚ ਰਹਿ ਕੇ ਸੇਵਾ ਕਰਦੇ ਹਨ॥੩੪॥

ਦ੍ਰਿਢ ਹ੍ਵੈ ਕਰਿ ਜੋ ਘਾਲਹਿ ਘਾਲ। ਸੁਖ ਦ੍ਵੈ ਲੋਕ ਲਹੈ ਸੁ ਨਿਹਾਲ।
ਜਗਤ ਪਦਾਰਥ ਕੀ ਕਯਾ ਬਾਤ। ਮੁਕਤਿ ਹੋਇ, ਬੰਧਨ ਮਿਟ ਜਾਤਿ॥ ੩੫॥

ਦ੍ਰਿੜ੍ਹ ਹੋ ਕੇ ਜੋ ਘਾਲਣਾ ਘਾਲਦਾ ਹੈ, ਉਹ ਲੋਕ ਪਰਲੋਕ ਵਿਚ ਸੁਖ ਲੈ ਕੇ ਨਿਹਾਲ ਹੋ ਜਾਂਦਾ ਹੈ। ਜਗਤ ਪਦਾਰਥ ਦੀ ਕੀ ਗੱਲ ਹੈ ਮੁਕਤ ਹੋ ਜਾਂਦਾ ਹੈ ਤੇ ਸਾਰੇ ਬੰਧਨ ਮਿੱਟ ਜਾਂਦੇ ਹਨ॥੩੫॥

ਐਸੀ ਵਸਤੁ ਨਹੀਂ ਜਗ ਕੋਈ। ਗੁਰ ਸੰਗਤਿ ਤੇ ਲਹਤਿ ਨ ਜੋਈ।
ਤਪ ਕਰਿਬੇ ਤੇ ਸੇਵ ਸੁਖਾਰੀ। ਚਿਰੰਕਾਲ ਲੌ ਤਾਪਹਿ ਭਾਰੀ॥ ੩੬॥

ਐਸੀ ਵਸਤੂ ਜਗਤ ਵਿਚ ਕੋਈ ਨਹੀਂ ਹੈ, ਜੋ ਗੁਰ ਸੰਗਤ ਤੋਂ ਪ੍ਰਾਪਤ ਨਹੀਂ ਹੁੰਦੀ। ਤਪ ਕਰਨ ਨਾਲੋਂ ਸੇਵਾ ਸੌਖੀ ਹੈ, ਬਹੁਤ ਦੇਰ ਤਕ ਭਾਰੀ ਤਪ ਕਰਦੇ ਸਨ॥੩੬॥

ਸੇਵਨਿ ਅਲਪ ਦਿਨਨ ਕੋ ਜਾਨਿ। ਫਲ ਪ੍ਰਾਪਤਿ ਹ੍ਵੈ ਮਹਦ ਮਹਾਨ।
ਤਪਹਿ ਬਰਖ, ਇਕ ਦਿਨ ਕੀ ਸੇਵਾ। ਤਊ ਨ ਸਮ, ਸੁਕਚੋਂ ਕਹਿ ਏਵਾ॥ ੩੭॥

ਸਤਿਸੰਗਤ ਦੀ ਸੇਵਾ ਥੋੜੇ ਦਿਨਾਂ ਦਾ ਕੰਮ ਜਾਣੋ, ਪਰ ਫਲ ਬਹੁਤ ਵੱਡਾ ਤੇ ਮਹਾਨ ਪ੍ਰਾਪਤ ਹੁੰਦਾ ਹੈ। ਇਕ ਸਾਲ ਦਾ ਤਪ, ਇਕ ਦਿਨ ਦੀ ਸੇਵਾ ਦੇ ਬਰਾਬਰ ਹੈ। ਇਸ ਤਰ੍ਹਾਂ ਕਹਿੰਦਿਆਂ ਵੀ ਮੈਂ ਸੰਕੋਚ ਕਰਦਾ ਹਾਂ, ਕਿਉਂਕਿ ਸੇਵਾ ਦਾ ਫਲ ਇਸ ਤੋਂ ਵੀ ਵੱਧ ਹੈ॥੩੭॥

ਮੇਹੇ ਕੀ ਸੇਵਾ ਕੋ ਦੇਖਿ। ਗੁਰੂ ਪ੍ਰਸੰਨ ਭਏ ਸੁ ਵਿਸ਼ੇਖ।
ਨਿਕਟਿ ਬਿਠਾਇ ਕਹਜੋ ਭਗਵੰਤਾ। 'ਅਬਿ ਸੰਤਨ ਕੋ ਬਨਹੁ ਮਹੰਤਾ॥ ੩੮॥

ਮੇਹੇਂ ਦੀ ਸੇਵਾ ਨੂੰ ਵੇਖ ਕੇ, ਗੁਰੂ ਜੀ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਉਸ ਨੂੰ ਪਾਸ ਬਿਠਾ ਕੇ ਕਿਹਾ, "ਹੁਣ ਸੰਤਾਂ ਦੇ ਮਹੰਤ ਬਣ ਜਾਵੋ॥੩੮॥

ਕੁਛਕ ਕਾਮਨਾ ਚਹਿਂ ਬਡਿਆਈ। ਯਾਂਤੇ ਲੇਹੁ ਮਹੰਤੀ ਪਾਈ।
ਸਿਰ ਕੇ ਕਿਰਮ ਬਨਹਿਂ ਸਿਖ ਤੇਰੇ। ਤੂੰ ਇਨ ਚਾਹਤਿ ਸ਼੍ਰੇਯ ਘਨੇਰੇ॥ ੩੯॥

ਕੁਛ ਕਾਮਨਾ ਤੇ ਵਡਿਆਈ ਚਾਹੇਂ, ਇਸ ਕਰਕੇ ਮਹੰਤੀ ਪਾ ਲਵੇਂ ਤੇ ਸਿਰ ਦੇ ਕਿਰਮ ਤੇਰੇ ਸਿੱਖ ਬਣਨਗੇ, ਤੂੰ ਇਨ੍ਹਾਂ ਦੀ ਬਹੁਤ ਮੁਕਤੀ ਚਾਹੁੰਦਾ ਹੈਂ॥੩੯॥

ਸੇਵਾ ਕੋ ਫਲ ਲੇਹੁ ਮਹਾਨ। ਉਪਜਹਿ ਉਰ ਮੈਂ ਬ੍ਰਹਮ ਗਿਆਨ।
ਇਮ ਕਹਿ ਦਯਾ ਦ੍ਰਿਸ਼ਟਿ ਕੋ ਦੇਖਾ। ਤਤਛਿਨ ਰਿਦੈ ਪ੍ਰਕਾਸ਼ ਵਿਸ਼ੇਖਾ॥ ੪੦॥

ਸੇਵਾ ਦਾ ਮਹਾਨ ਫਲ ਪ੍ਰਾਪਤ ਕਰੋ, ਤੁਹਾਡੇ ਹਿਰਦੇ ਵਿਚ ਬ੍ਰਹਮ ਗਿਆਨ ਪ੍ਰਗਟ ਹੋਵੇਗਾ।" ਇਸ ਤਰ੍ਹਾਂ ਕਹਿ ਕੇ ਦਇਆ ਦ੍ਰਿਸ਼ਟੀ ਨਾਲ ਵੇਖਿਆ, ਤੁਰਤ ਹਿਰਦੇ ਵਿਚ ਵਿਸ਼ੇਸ਼ ਪ੍ਰਕਾਸ਼ ਹੋ ਗਿਆ॥੪੦॥

ਭ੍ਰਾ ਪਪੀਲਕਾ ਤੇ ਬਡ ਸ਼ੇਰ। ਰਜ ਕਨਕਾ ਤੇ ਬਨਿ ਗਾ ਮੇਰੁ।
ਹਾਥ ਜੋਰਿ ਪੁਨਿ ਬੰਦਨ ਕੀਨਸਿ। ਮਹਾਂ ਅਮਿਤ ਗੁਰ ਮਹਿੰਮਾ ਚੀਨਸਿ॥੪੧॥

ਇਕ ਕੀੜੀ ਤੋਂ ਵੱਡਾ ਸ਼ੇਰ ਬਣ ਗਿਆ, ਧੂੜ ਦੇ ਇਕ ਕਿਣਕੇ ਤੋਂ ਸੁਮੇਰ ਪਰਬਤ ਬਣ ਗਿਆ। ਹੱਥ ਜੋੜ ਕੇ ਫਿਰ ਬੰਦਨਾ ਕੀਤੀ, ਗੁਰੂ ਜੀ ਦੀ ਬਹੁਤ ਵੱਡੀ ਵਡਿਆਈ ਵੇਖੀ॥੪੧॥

ਦਖਨੀ ਬੈਲ ਹੁਤੇ ਗੁਰ ਡੇਰੇ। ਸੁੰਦਰ ਤਨ ਪਰਮਾਨ ਬਡੇਰੇ।
ਮੋਹੇ ਕੋ ਸੋ ਬਖਸ਼ਿਸ਼ ਕੀਨਿ। ਦੀਰਘ ਏਕ ਦਮਾਮੋ ਦੀਨਿ॥ ੪੨॥

ਗੁਰੂ ਜੀ ਦੇ ਡੇਰੇ ਵਿਚ ਦਖਨੀ ਬਲਦ ਸਨ, ਸੁੰਦਰ ਉਨ੍ਹਾਂ ਦੇ ਸਰੀਰ ਸਨ ਤੇ ਕੱਦ ਵਿਚ ਬਹੁਤ ਵੱਡੇ ਸਨ। ਮੋਹੇਂ ਨੂੰ ਉਹ ਬੈਲ ਬਖਸ਼ ਦਿੱਤੇ, ਇਕ ਵੱਡਾ ਦਮਾਮਾ ਵੀ ਦਿੱਤਾ॥੪੨॥

ਇਕ ਝੰਡਾ ਭਗਵੇ ਬਨਿਵਾਯੋ। ਮੋਹਾਂ ਭਾ ਮਹੰਤ ਹਰਖਾਯੋ।
ਹਤੇ ਕਸ਼ਟ ਲੇ ਦਾਨ ਮਹਾਨਾ। ਸਤਿਗੁਰ ਪਾਰਬ੍ਰਹਮ ਕਰਿ ਜਾਨਾ॥ ੪੩॥

ਭੰਗਵੇਂ ਰੰਗ ਦਾ ਝੰਡਾ ਬਣਵਾਇਆ, ਮੋਹਾਂ ਮਹੰਤ ਬਣ ਕੇ ਬਹੁਤ ਪ੍ਰਸੰਨ ਹੋਇਆ। ਮਹਾਨ ਦਾਨ ਦੇ ਕੇ ਉਸਦੇ ਸਾਰੇ ਕਸ਼ਟ ਦੂਰ ਕੀਤੇ। ਉਸ ਨੇ ਸਤਿਗੁਰੂ ਜੀ ਨੂੰ ਪਾਰਬ੍ਰਹਮ ਕਰਕੇ ਜਾਣਿਆ॥੪੩॥

ਬਿਚਰਤਿ ਭਯੋ ਮਹਾਂ ਮਤਿ ਧੀਰ। ਪ੍ਰਥਮ ਕਰਜੋ ਚੇਲਾ ਲਖਮੀਰ।
ਗੁਰੂ ਪਾਦਕਾ ਕਰੀ ਪੁਜਾਵਨਿ। ਗੁਰ ਮਹਿਮਾ ਬਡ ਕੀਨਿ ਜਨਾਵਨਿ॥ ੪੪॥

ਮਹਾਂ ਧੀਰਜ ਮੱਤ ਵਾਲਾ ਫਿਰ ਵਿਚਰਨ ਲੱਗਾ। ਪਹਿਲਾ ਚੇਲਾ ਲਖਮੀਰ ਨਾਂ ਦਾ ਇਕ ਵਿਅਕਤੀ ਹੋਇਆ। ਗੁਰੂ ਜੀ ਦੀਆਂ ਖੜਾਵਾਂ ਪੂਜਾ ਕਰਵਾਉਂਦਾ ਸੀ। ਗੁਰੂ ਜੀ ਦੀ ਵੱਡੀ ਮਹਿਮਾ ਪ੍ਰਗਟ ਕੀਤੀ॥੪੪॥

ਇਸ ਪ੍ਰਕਾਰ ਕਰਿ ਕੈ ਗੁਰ ਸੇਵਾ। ਭਾ ਮਹੰਤ ਮੋਹਾਂ, ਸੁਖ ਲੇਵਾ।
ਦੋਨਹੁਂ ਲੋਕਨਿ ਕੀ ਬਡਿਆਈ। ਗੁਰ ਸੇਵਾ ਤੇ ਤਤਛਿਨ ਪਾਈ॥ ੪੫॥

ਇਸ ਪ੍ਰਕਾਰ ਗੁਰੂ ਜੀ ਦੀ ਸੇਵਾ ਕਰਕੇ, ਮੋਹਾਂ ਮਹੰਤ ਬਣ ਗਿਆ ਤੇ ਸੁਖ ਪ੍ਰਾਪਤ ਕੀਤਾ। ਦੋਵਾਂ ਲੋਕਾਂ ਦੀ ਵਡਿਆਈ ਪ੍ਰਾਪਤ ਕੀਤੀ। ਗੁਰੂ ਜੀ ਦੀ ਸੇਵਾ ਕਰਕੇ ਉਹ ਤੁਰਤ ਪ੍ਰਾਪਤ ਕਰ ਲਈ॥੪੫॥

ਇਮ ਤਿਸ ਗ੍ਰਾਮ ਬਾਸ ਕੋ ਕਰਤੇ। ਅਨਿਕ ਪ੍ਰਕਾਰਨਿ ਬਿਚਰਨਿ ਚਰਿਤੇ।
ਕਰਹਿਂ ਅਖੇਰ, ਆਇ ਨਿਸ ਡੇਰੇ। ਸੰਗਤ ਦਰਸਹਿਂ ਪਹੁੰਚਿ ਘਨੇਰੇ॥ ੪੬॥

ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਉਸ ਪਿੰਡ ਵਿਚ ਵਾਸਾ ਕਰਕੇ ਅਨੇਕ ਪ੍ਰਕਾਰ ਦੇ ਚਰਿੱਤ੍ਰ ਕਰਦੇ ਫਿਰਦੇ ਸਨ। ਸ਼ਿਕਾਰ ਖੇਡ ਕੇ ਆਪਣੇ ਡੇਰੇ ਵਿਚ ਆ ਜਾਂਦੇ ਸਨ। ਬਹੁਤ ਸੰਗਤ ਪਹੁੰਚ ਕੇ ਦਰਸ਼ਨ ਕਰਦੀ ਸੀ॥੪੬।

ਦਰਬ ਬਿਸਾਲ ਸੰਗਤਾਂ ਆਨੈਂ। ਸਤਿਗੁਰ ਦੇਗ ਕਰਾਇ ਮਹਾਨੈ।
ਤਊ ਦਰਬ ਇਕਠੋ ਬਹੁ ਹੋਇ। ਜਬਿ ਸਤਿਗੁਰ ਅਵਿਲੋਕਤਿ ਸੋਇ॥ ੪੭॥

ਸੰਗਤਾਂ ਬਹੁਤ ਧਨ ਲੈ ਕੇ ਆਉਂਦੀਆਂ ਸਨ, ਸਤਿਗੁਰੂ ਜੀ ਮਹਾਨ ਲੰਗਰ ਚਲਾਉਂਦੇ ਸਨ, ਫਿਰ ਵੀ ਬਹੁਤ ਧਨ ਇਕੱਠਾ ਹੋ ਜਾਂਦਾ ਸੀ। ਜਦ ਸਤਿਗੁਰੂ ਜੀ ਉਸ ਧਨ ਨੂੰ ਵੇਖਦੇ ਸਨ॥੪੭॥

ਪਰਉਪਕਾਰ ਹੇਤੁ ਸੋ ਦੇਤਿ। ਕੂਪ ਕਹੂੰ ਕਿਤ ਬਾਗ ਲਗੇਤਿ।
ਨਹਿਂ ਸਮੀਪ ਰਾਖਹਿਂ ਗੋਸਾਈਂ। ਜਯੋਂ ਆਵਤਿ ਤਯੋਂ ਦੇਤਿ ਚਲਾਈ॥ ੪੮॥

ਉਹ ਉਸ ਧਨ ਨੂੰ ਪਰਉਪਕਾਰ ਵਾਸਤੇ ਦੇ ਦਿੰਦੇ ਸਨ। ਕਿਤੇ ਖੂਹ ਅਤੇ ਕਿਤੇ ਬਾਗ ਲਵਾ ਦਿੰਦੇ ਸਨ। ਗੁਰੂ ਮਾਲਕ ਧਨ ਨੂੰ ਆਪਣੇ ਪਾਸ ਨਹੀਂ ਸੀ ਰੱਖਦੇ। ਜਿਵੇਂ ਆਉਂਦਾ ਸੀ ਉਸ ਤਰ੍ਹਾਂ ਹੀ ਚਲਾ ਦਿੰਦੇ ਸਨ॥੪੮॥

*ਗਿਆਰਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥*

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਤਰਤਾਲੀਵਾਂ

## ਧਮਧਾਣ ਦਾ ਗਾਹਕ, ਤਿਖਾਣ ਸਿੱਖ, ਕੈਂਥਲ

ਦੋਹਰਾ- ਸ੍ਰੀ ਸਤਿਗੁਰ ਧਮਧਾਨ ਮਹਿਂ ਬਾਸਰ ਬਸੇ ਬਿਸਾਲ।
ਲੰਮੇ ਦੇਸ਼ਨਿ ਸੰਗਤਾਂ ਦੇਸ਼ ਅਪਰ ਜੇ ਜਾਲ॥ ੧॥

ਸ੍ਰੀ ਸਤਿਗੁਰੂ ਜੀ ਧਮਧਾਨ ਵਿਚ ਕਾਫੀ ਦਿਨ ਵੱਸੇ। ਲੰਮੇ ਦੇਸ਼ਾਂ ਦੀਆਂ ਸੰਗਤਾਂ ਤੇ ਹੋਰ ਜਿਹੜੇ ਬਹੁਤ ਦੇਸ਼ ਹਨ॥੧॥

ਚੌਪਈ- ਖੋਜਤਿ ਸੁਨਤਿ ਚਲਤਿ ਗਨ ਆਵੈਂ। ਸ੍ਰਮ ਤ ਪਹੁੰਚਿ ਦਰਸ ਕੋ ਪਾਵੈਂ।
ਜਯੋਂ ਜਯੋਂ ਆਇਂ ਦੂਰ ਤੇ ਦਾਸ। ਚਿਤ ਮਹਿਂ ਕਰਤੇ ਪ੍ਰੇਮ ਪ੍ਰਕਾਸ਼॥੨॥

ਲੱਭਦੀਆਂ-ਲੱਭਦੀਆਂ ਬਹੁਤ ਸੰਗਤਾਂ ਆ ਜਾਂਦੀਆਂ ਸਨ, ਬਹੁਤ ਥੱਕ ਕੇ ਪਹੁੰਚ ਕੇ ਦਰਸ਼ਨ ਕਰਦੀਆਂ ਸਨ। ਜਿਵੇਂ-ਜਿਵੇਂ ਦੂਰ ਤੋਂ ਸੇਵਕ ਆਉਂਦੇ ਸਨ, ਉਹ ਚਿੱਤ ਵਿਚ ਪ੍ਰੇਮ ਦਾ ਬਹੁਤ ਪ੍ਰਕਾਸ਼ ਕਰਦੇ ਸਨ॥੨॥

ਤਯੋਂ ਤਯੋਂ ਬਡ ਫਲ ਕੇ ਅਧਿਕਾਰੀ। ਹੋਇਂ ਸਿੱਖਯ ਹੰਕਾਰ ਨਿਵਾਰੀ।
ਮਨੋ ਕਾਮਨਾ ਪ੍ਰਾਪਤਿ ਹੋਇ। ਸੁਜਸੁ ਬਖਾਨਤਿ ਆਵਤਿ ਸੋਇ॥ ੩॥

ਤਿਵੇਂ-ਤਿਵੇਂ ਉਹ ਸਿੱਖ ਵੱਡੇ ਫਲ ਦਾ ਅਧਿਕਾਰੀ ਬਣਦਾ ਹੈ, ਜਦ ਉਹ ਹੰਕਾਰ ਛੱਡ ਦਿੰਦਾ। ਮਨੋਕਾਮਨਾ ਪ੍ਰਾਪਤ ਹੁੰਦੀ ਹੈ, ਉਹ ਸ੍ਰੇਸ਼ਟ ਜੱਸ ਕਹਿੰਦਾ ਆਉਂਦਾ ਹੈ॥੩॥

ਘਨੋ ਦਰਬ ਗੁਰ ਕੇ ਢਿਗ ਹੋਵਾ। ਅਰਪਿ ਸੰਗਤਾਂ ਦਰਸ਼ਨ ਜੋਵਾ।
ਕਰਤਿ ਰਹਯੋ ਇਕ ਗਾਹਕ ਸੇਵਾ। ਬੈਠਹਿ ਆਇ ਨਿਕਟਿ ਗੁਰੁ ਦੇਵਾ॥੪॥

ਗੁਰੂ ਜੀ ਦੇ ਪਾਸ ਬਹੁਤ ਧਨ ਹੋ ਗਿਆ, ਸੰਗਤਾਂ ਨੇ ਅਰਪਣ ਕਰਕੇ ਦਰਸ਼ਨ ਪਾਏ ਸਨ। ਇਕ ਕਿਸਾਨ ਬਹੁਤ ਸੇਵਾ ਕਰਦਾ ਰਿਹਾ, ਉਹ ਗੁਰੂ ਜੀ ਦੇ ਪਾਸ ਆ ਕੇ ਬੈਠ ਜਾਂਦਾ ਸੀ॥੪॥

ਕੇਤਿਕ ਦਿਨ ਬਿਤਾਇ ਸੋ ਗਏ। ਤਯਾਰੀ ਕਰਤਿ ਕੂਚ ਕੀ ਭਏ।
ਤਬਿ ਸੋ ਗਾਹਕ ਪਾਸ ਹਕਾਰਾ। ਹੁਤੋ ਜੁ ਦਰਬ ਦਯੋ ਤਿਸ ਸਾਰਾ॥੫॥

ਕਈ ਦਿਨ ਬਤੀਤ ਕਰਕੇ ਉਹ ਚਲਾ ਗਿਆ। ਗੁਰੂ ਜੀ ਨੇ ਕੂਚ ਦੀ ਤਿਆਰੀ ਕਰ ਲਈ। ਤਦ ਉਸ ਕਿਸਾਨ ਨੂੰ ਆਪਣੇ ਪਾਸ ਬੁਲਾਇਆ, ਜਿੰਨਾ ਵੀ ਧਨ ਸੀ ਸਾਰਾ ਉਸ ਨੂੰ ਦੇ ਦਿੱਤਾ॥੫॥

ਹੁਕਮ ਕਰਯੋ 'ਬਡ ਕੂਪ ਖਨਾਵਹੁ। ਧਨ ਗਨ ਲਾਇ ਨੀਕ ਬਨਿਵਾਵਹੁ।
ਇਸ ਥਲ ਧਰਮਸਾਲ ਚਿਨਵਾਵਹੁ। ਕੋ ਸਿਖ ਸਾਧ ਬਹੁਰ ਬੈਠਾਵਹੁ॥੬॥

ਉਸ ਨੂੰ ਹੁਕਮ ਕੀਤਾ, "ਵੱਡਾ ਖੂਹ ਲਵਾਵੋ, ਬਹੁਤ ਧਨ ਖਰਚ ਕੇ ਚੰਗਾ ਬਣਵਾਵੋ। ਇਸ ਥਾਂ ਇਕ ਧਰਮਸ਼ਾਲਾ ਦੀ ਵੀ ਚਿਣਵਾਈ ਕਰਵਾਵੋ, ਕੋਈ ਸਿੱਖ ਸਾਧ ਫਿਰ ਉਥੇ ਬੈਠਾਵੇ॥੬॥

ਬ੍ਰਿੰਦ ਮਹੀਰੁਹ ਸਫਲ ਮੰਗਾਵਹੁ। ਧਨ ਕੋ ਖਰਚਹੁ ਬਾਗ਼ ਲਗਾਵਹੁ।
ਸ਼ਰਧਾ ਸਹਿਤ ਕਾਜ ਇਹ ਕਰੋ। ਰਿਦੇ ਆਪਨੇ ਲੋਭ ਨ ਧਰੋ॥ ੭॥

ਕੁਝ ਫਲਾਂ ਵਾਲੇ ਬ੍ਰਿਛ ਮੰਗਵਾਵੋ, ਧਨ ਖਰਚ ਕੇ ਬਾਗ ਲਗਾਵੋ। ਸ਼ਰਧਾ ਨਾਲ ਇਹ ਕਾਰਜ ਕਰੋ, ਆਪਣੇ ਹਿਰਦੇ ਵਿਚ ਲੋਭ ਨਾ ਧਾਰਨ ਕਰੋ॥੭॥

ਅਪਰ ਸਥਲ ਜੇ ਚਹਹਿਂ ਲਗਾਯਹੁ। ਕੁਛ ਨਹਿਂ ਬਨਹਿ ਬਾਦ ਸਭਿ ਜਾਯਹੁ।
ਇਮ ਅਨਗਨ ਧਨ ਤਿਸ ਕੋ ਦੀਨਿ। ਕੂਪ ਬਾਗ਼ ਕੀ ਆਇਸੁ ਕੀਨਿ॥ ੮ ॥

ਹੋਰ ਕਿਸੇ ਸਥਾਨ ਜੇ ਲਗਾਉਣਾ ਚਾਹੁੰਦੇ ਹੋ ਤਾਂ ਕੁਝ ਨਹੀਂ ਬਣੇਗਾ, ਸਭ ਕੁਝ ਬੇਕਾਰ ਜਾਵੇਗਾ।" ਇਸ ਤਰ੍ਹਾਂ ਅਣਗਿਣਤ ਧਨ ਉਸ ਨੂੰ ਦਿੱਤਾ, ਖੂਹ ਅਤੇ ਬਾਗ ਲਾਉਣ ਦੀ ਆਗਿਆ ਕੀਤੀ॥੮॥

ਮਨੋ ਕਾਮਨਾ ਸੰਗਤਿ ਲੀਨਿ। ਨਿਜ ਨਿਜ ਸਦਨ ਪਯਾਨੋ ਕੀਨਿ।
ਕਰਜੋ ਕੂਚ ਪੁਨ ਸਤਿਗੁਰ ਡੇਰਾ। ਚਲਜੋ ਚਹਿਤ ਚਿਤ ਪੰਥ ਬਡੇਰਾ॥ ੯ ॥

ਸੰਗਤਾਂ ਨੇ ਮਨੋਂਕਾਮਨਾਵਾਂ ਪ੍ਰਾਪਤ ਕੀਤੀਆਂ ਤੇ ਆਪਣੇ ਆਪਣੇ ਘਰ ਚਲੇ ਗਏ। ਫਿਰ ਸਤਿਗੁਰੂ ਜੀ ਨੇ ਵੀ ਡੇਰਾ ਕੂਚ ਕਰ ਦਿੱਤਾ, ਚਿੱਤ ਵਿਚ ਬੜੇ ਲੰਮੇ ਪੰਧ 'ਤੇ ਜਾਣਾ ਚਾਹੁੰਦੇ ਸਨ॥੯॥

ਪਾਛੇ ਤਿਸ ਰਾਹਕ ਕੀ ਗਾਥ। ਅਹੈ ਤਨਕ ਸੁਨੀਯਹਿ ਹਿਤ ਸਾਥ।
ਧਨ ਕੌ ਦੇਖਿ ਲੋਭ ਹੁਇ ਆਯੋ। ਨਹਿਂ ਚਾਹਤਿ ਕੁਛ ਕਾਜ ਬਨਾਯੋ॥ ੧੦ ॥

ਬਾਅਦ ਵਿਚ ਉਸ ਕਿਸਾਨ ਦੀ ਕਥਾ ਹਿਤ ਨਾਲ ਸੁਣੋ। ਧਨ ਨੂੰ ਵੇਖ ਕੇ ਉਹ ਲੋਭ ਵਿਚ ਆ ਗਿਆ। ਕੁਝ ਵੀ ਕਾਰਜ ਬਣਾਉਣਾ ਨਹੀਂ ਸੀ ਚਾਹੁੰਦਾ॥੧੦॥

ਤਊ ਗੁਰਨਿ ਤੇ ਧਾਰੇ ਤ੍ਰਾਸ। ਹੋਇ ਨ ਅਸ ਮਮ ਬੰਸ ਬਿਨਾਸ਼॥
ਲੋਭ ਤਰੰਗਨਿ ਅਧਿਕ ਬਿਚਾਰਤਿ। ਰਾਖ ਨ ਸਕਹਿ ਨ ਕੂਪ ਉਸਾਰਤਿ॥੧੧॥

ਫਿਰ ਵੀ ਗੁਰੂ ਜੀ ਪਾਸੋਂ ਡਰਦਾ ਸੀ, ਐਸਾ ਨਾ ਹੋਵੇ ਕਿ ਮੇਰੇ ਵੰਸ਼ ਦਾ ਨਾਸ਼ ਹੋ ਜਾਵੇ। ਘੋੜਿਆਂ ਦੇ ਲੋਭ ਤੇ ਬਹੁਤ ਵਿਚਾਰ ਕਰਦਾ ਸੀ। ਨਾ ਰੱਖ ਸਕਦਾ ਸੀ ਤੇ ਨਾ ਹੀ ਖੂਹ ਲਵਾ ਰਿਹਾ ਸੀ॥੧੧॥

ਕਿਤਿਕ ਦਜੋਸ ਮਹਿਂ ਅਸ ਠਹਿਰਾਈ। ਖੇਤ ਹਮਾਰੇ ਜਹਿਂ ਸਮੁਦਾਈ।
ਤਹਾਂ ਕੂਪ ਕੋ ਦੇਹਿਂ ਲਗਾਇ। ਗੁਰੂ ਬਾਕ ਨਿਸ਼ਫਲ ਨਹਿਂ ਜਾਇ॥ ੧੨ ॥

ਕਈ ਦਿਨਾਂ ਬਾਅਦ ਇਸ ਤਰ੍ਹਾਂ ਠਹਿਰਾਇਆ, ਜਿਥੇ ਮੇਰੇ ਸਾਰੇ ਖੇਤ ਹਨ, ਉਥੇ ਖੂਹ ਲਵਾ ਦਿੰਦੇ ਹਾਂ ਤੇ ਗੁਰੂ ਜੀ ਦਾ ਬਚਨ ਨਿਸਫਲ ਨਹੀਂ ਜਾਵੇਗਾ॥੧੨॥

ਲਗਹਿ ਕੂਪ ਹੁਇ ਕਾਜ ਹਮਾਰਾ। ਕਿਤਿਕ ਮਹੀਰੁਹਿ ਲਾਇਂ ਉਦਾਰਾ।
ਮੋਹਿ ਕਾਜ ਕੈ ਮਮ ਸੁਤ ਪੋਤੇ। ਕਾਸ਼ਟ ਆਇ ਕਾਜ, ਢਿਗ ਹੋਤੇ॥ ੧੩ ॥

ਖੂਹ ਲਗਣ ਨਾਲ ਸਾਡਾ ਕੰਮ ਬਣ ਜਾਵੇਗਾ, ਕਈ ਫਲਦਾਰ ਬ੍ਰਿਛ ਲਾਵਾਂਗਾ। ਮੇਰਾ ਕੰਮ ਹੋਵੇ ਜਾਂ ਮੇਰੇ ਪੱਤਰ ਪੋਤਰਿਆਂ ਦਾ, ਲੱਕੜ ਆਉਣ ਨਾਲ ਆਪਣੇ ਸਾਰੇ ਕਾਰਜ ਪੂਰੇ ਹੋ ਜਾਣਗੇ॥੧੩॥

ਇਮ ਚਿਤ ਮਹਿਂ ਧਰਿ ਜਾਇ ਖਨਾਯੋ। ਕਾਰੀਗਰਨਿ ਪਾਸ ਚਿਨਵਾਯੋ।
ਰਹਜੋ ਉਤਾਰਿ ਨ ਉਤਰਜੋ ਤਰੇ। ਜਤਨ ਅਨੇਕ ਬਿਧਿਨਿ ਕੋ ਕਰੇ॥ ੧੪ ॥

ਇਸ ਤਰ੍ਹਾਂ ਚਿੱਤ ਵਿਚ ਧਾਰਨ ਕਰਕੇ ਖੂਹ ਪੁਟਵਾਇਆ ਤੇ ਕਾਰੀਗਰਾਂ ਪਾਸੋਂ ਚੱਕ ਦੀ ਚਿਣਵਾਈ ਕਰਵਾਈ, ਫਿਰ ਚੱਕ ਨੂੰ ਖੂਹ ਵਿਚ ਉਤਾਰਨ ਲੱਗੇ, ਪਰ ਚੱਕ ਨਾ ਉਤਰਿਆ, ਅਨੇਕਾਂ ਵਿਧੀਆਂ ਨਾਲ ਯਤਨ ਕੀਤੇ॥੧੪॥

ਅਪਰ ਕਹਾਂ ਲਗਿ ਕਹੌਂ ਬਨਾਇ। ਅਬਿ ਲੌ ਖਰੋ ਵਹਿਰ ਤਿਸ ਥਾਇ।
ਜੋ ਧਮਧਾਨ ਸਿੰਘ ਗਨ ਰਹਜੋ। ਸਭਿ ਦੇਖਤਿ ਹਮ ਸੌਂ ਮਿਲਿ ਕਹਜੋ ॥੧੫॥

ਹੋਰ ਕਿਥੋਂ ਤੱਕ ਬਣਾ ਕੇ ਕਹਾਂ, ਉਹ ਰੱਕ ਹਾਲੇ ਤਕ ਚਿਣਿਆ ਹੋਇਆ ਬਾਹਰ ਖੜਾ ਹੈ। ਕਵੀ ਜੀ ਕਹਿੰਦੇ ਹਨ, "ਜਦ ਮੈਂ ਧਮਧਾਨ ਪਿੰਡ ਗਿਆ ਸੀ ਤਾਂ ਧਮਧਾਨ ਵਿਚ ਜਿਹੜੇ ਸਿੱਖ ਰਹਿੰਦੇ ਸਨ, ਸਾਰਿਆਂ ਨੇ ਵੇਖ ਕੇ ਮੈਨੂੰ ਕਿਹਾ ਸੀ॥੧੫॥

'ਹੈ ਅਬਿ ਤੀਕੁ ਖਰੋ ਛਿਤ ਬਾਹਰ'। ਇਮ ਗੁਰ ਬਚਨ ਅਨਿਕ ਜਗ ਜ਼ਾਹਰ।
ਨਹਿਂ ਆਇਸੁ ਰਾਹਕ ਗੁਰ ਮਾਨੀ। ਨਿਜ ਸਮਾਜ ਸਭਿ ਕੀਨਿਸਿ ਹਾਨੀ ॥੧੬॥

"ਚੱਕ ਹਾਲੇ ਤਕ ਬਾਹਰ ਧਰਤੀ ਤੇ ਖੜਾ ਹੈ, ਇਸ ਤਰ੍ਹਾਂ ਗੁਰੂ ਜੀ ਦੇ ਬਚਨ ਜਗਤ ਵਿਚ ਜ਼ਾਹਰ ਹਨ। ਕਿਸਾਨ ਨੇ ਗੁਰੂ ਜੀ ਦਾ ਕਹਿਣਾ ਨਾ ਮੰਨਿਆ। ਆਪਣਾ ਸਾਰਾ ਸਾਜ਼ੋ-ਸਾਮਾਨ ਤੇ ਪਰਿਵਾਰ ਤਬਾਹ ਕਰਵਾਇਆ ॥੧੬॥

ਤਜਿ ਧਮਧਾਨ ਪੰਥ ਗੁਰ ਪਰੇ। ਪਹੁੰਚੇ ਏਕ ਗ੍ਰਾਮ, ਭੇ ਖਰੇ।
ਸਲਿਤਾ ਸਾਰਸੁਤੀ ਤਹਿਂ ਬਹੈ। ਹੱਦ ਕੁਰਛੇਤ੍ਰ ਕੀ ਸੋ ਅਹੈ॥ ੧੭॥

ਧਮਧਾਨ ਨੂੰ ਛੱਡ ਕੇ ਗੁਰੂ ਜੀ ਆਪਣੇ ਰਸਤੇ ਪੈ ਗਏ, ਇਕ ਪਿੰਡ ਦੇ ਪਾਸ ਪਹੁੰਚ ਕੇ ਬਾਹਰ ਖੜੇ ਹੋ ਗਏ। ਸਰਸਵਤੀ ਨਦੀ ਉਥੇ ਵਗਦੀ ਸੀ, ਉਥੇ ਕੁਰਕਸ਼ੇਤਰ ਦੀ ਹੱਦ ਆ ਜਾਂਦੀ ਸੀ॥੧੭॥

ਤਿਸ ਤੀਰਥ ਕੀ ਚਹੁੰਦਿਸ਼ਿ ਮਾਂਹਿ। ਚਾਰਹੁ ਜੱਛ ਰੱਛ ਕਹਿਂ ਤਾਂਹਿ।
ਸੋ ਪਸ਼ਚਮ ਦਿਸ਼ਿ ਕੋ ਥਿਤ ਜਾਨਹੁ। 'ਵਹਿਰ ਜੱਛ' ਤਿਸ ਨਾਮ ਪਛਾਨਹੁ ॥੧੮॥

ਇਸ ਤੀਰਥ ਦੀ ਚਾਰੇ ਦਿਸ਼ਾਵਾਂ ਵਿਚ ਚਾਰ ਜੱਛ ਰੱਖਿਆ ਕਰਦੇ ਸਨ। ਉਸ ਪਿੰਡ ਨੂੰ ਤੀਰਥ ਤੋਂ ਪੱਛਮ ਦਿਸ਼ਾ ਵਿਚ ਜਾਣੋ। 'ਵਹਿਰ ਜੱਛ' ਉਸ ਪਿੰਡ ਦਾ ਨਾਮ ਪਹਿਚਾਣ ਲਵੋ॥੧੮॥

ਸਾਰਸੁਤੀ ਕੇ ਤਟ ਪਰ ਸੋਈ। ਬੂਝਜੋ ਤਬਹਿ 'ਇਹਾਂ ਸਿਖ ਕੋਈ?
ਹੈ ਕਿ ਨਹੀਂ ਘਰ ਜੋ ਗੁਰ ਮਾਨਹਿ? ਜੋ ਮਤ ਅਪਨੇ ਮਹਿਂ ਸਵਧਾਨਹਿ' ॥੧੯॥

ਉਹ ਸਰਸਵਤੀ ਨਦੀ ਦੇ ਕਿਨਾਰੇ ਤੇ ਸਥਿਤ ਸੀ, ਤਦ ਗੁਰੂ ਜੀ ਨੇ ਪੁਛਿਆ, "ਏਥੇ ਕੋਈ ਸਿੱਖ ਰਹਿੰਦਾ ਹੈ? ਕੋਈ ਘਰ ਹੈ ਕਿ ਨਹੀਂ ਜੋ ਗੁਰੂ ਨੂੰ ਮੰਨਦਾ ਹੋਵੇ? ਜਿਹੜਾ ਆਪਣੀ ਬੁੱਧੀ ਵਿਚ ਸਾਵਧਾਨ ਹੋਵੇ" ॥੧੯॥

ਸੁਨਜੋਂ ਜਾਂਹਿ ਨਰ, ਤਾਂਹਿ ਬਤਾਵਾ। 'ਸਿਖ ਤਿਖਾਨ ਇਕ ਇਹਾਂ ਬਸਾਵਾ'।
ਆਗੈ ਕਰਜੋ ਕਹਜੋ ਜਿਨ ਐਸਾ। ਪਹੁੰਚੇ ਤਿਸ ਘਰ ਦੇਖਜੋ ਬੈਸਾ॥ ੨੦॥

ਜਿਥੇ ਉਸ ਮਨੁੱਖ ਨੇ ਸੁਣਿਆ ਸੀ, ਉਥੇ ਹੀ ਦੱਸ ਦਿੱਤਾ, "ਇਕ ਤਰਖਾਣ ਸਿੱਖ ਏਥੇ ਰਹਿੰਦਾ ਹੈ।" ਜਿਸ ਵਿਅਕਤੀ ਨੇ ਐਸਾ ਕਿਹਾ ਸੀ ਕਿ ਏਥੇ ਇਕ ਤਰਖਾਣ ਦਾ ਘਰ ਹੈ ਤਾਂ ਉਸ ਵਿਅਕਤੀ ਨੂੰ ਗੁਰੂ ਜੀ ਪਾਸ ਅੱਗੇ ਕੀਤਾ। ਗੁਰੂ ਜੀ ਉਸ ਵਿਅਕਤੀ ਨੂੰ ਨਾਲ ਲੈ ਕੇ ਉਸ ਸਿੱਖ ਘਰ ਪਹੁੰਚੇ ਤੇ ਅੱਗੇ ਜਾ ਕੇ ਵੇਖਿਆ ਕਿ ਉਹ ਤਰਖਾਣ ਘਰ ਵਿਚ ਬੈਠਾ ਸੀ॥੨੦॥

ਕਹਜੋ ਤਾਂਹਿ ਸੋਂ 'ਸਤਿਗੁਰ ਆਏ। ਉਠਿ ਬੰਦਨ ਕਰਿ ਲਿਹੁ ਫਲ ਪਾਏ'।
ਸੁਨਿ ਤਿਖਾਨ ਤਜਾਗੀ ਨਿਜ ਕਾਰਾ। ਸਮੁਖ ਖਰੋ ਹੁਇ ਦਰਸ ਨਿਹਾਰਾ ॥੨੧॥

ਉਸ ਨੂੰ ਜਾ ਕੇ ਕਿਹਾ, "ਸਤਿਗੁਰੂ ਜੀ ਆਏ ਹਨ, ਉੱਠ ਕੇ ਬੰਦਨਾ ਕਰਕੇ ਫਲ ਪ੍ਰਾਪਤ ਕਰ ਲਵੋ।" ਇਹ ਸੁਣ ਕੇ ਤਰਖਾਣ ਨੇ ਆਪਣਾ ਕੰਮ ਛੱਡ ਦਿੱਤਾ, ਸਾਹਮਣੇ ਖੜੇ ਹੋ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੨੧॥

ਦੀਰਘ ਮੁਖ ਮੰਡਲ ਕੋ ਦੇਖਿ। ਧਰਜੋ ਚਰਨ ਸਿਰ ਪ੍ਰੇਮ ਵਿਸ਼ੇਖ।
ਪਾਨ ਜੋਰਿ ਪੁਨ ਬੈਨ ਬਖਾਨਾ। 'ਪ੍ਰਭੁ ਜੀ! ਤੁਮਰੇ ਸਰਬ ਸਥਾਨਾ॥ ੨੨॥

ਵੱਡੇ ਲੰਮੇ ਚੌੜੇ ਕੱਦ ਤੇ ਚਿਹਰੇ ਨੂੰ ਵੇਖ ਕੇ ਬੜੇ ਪ੍ਰੇਮ ਨਾਲ ਚਰਨਾਂ ਤੇ ਸਿਰ ਧਰ ਦਿੱਤਾ। ਹੱਥ ਜੋੜ ਕੇ ਫਿਰ ਬੇਨਤੀ ਕੀਤੀ, "ਹੇ ਪ੍ਰਭੂ ਜੀ! ਤੁਹਾਡੇ ਹੀ ਸਾਰੇ ਸਥਾਨ ਹਨ॥੨੨॥

ਉਤਰਹੁ ਆਪ, ਕ੍ਰਿਪਾ ਬਹੁ ਧਰੋ। ਨਿਜ ਸਿਖ ਜਾਨਿ ਸਫਲ ਮੁਹਿ ਕਰੋ'।
ਸੁਨਿ ਸਤਿਗੁਰ ਲਖਿ ਪ੍ਰੇਮ ਬਿਸਾਲਾ। ਉਤਰੇ ਹਿਤ ਨਿਹਾਲ ਤਤਕਾਲਾ॥੨੩॥

ਆਪ ਜੀ ਉਤਾਰਾ ਕਰੋ ਤੇ ਕ੍ਰਿਪਾ ਬਹੁਤ ਧਾਰਨ ਕਰੋ, ਆਪਣਾ ਸਿੱਖ ਜਾਣ ਕੇ ਮੇਰਾ ਜੀਵਨ ਸਫਲ ਕਰੋ।' ਇਹ ਸੁਣ ਕੇ ਸਤਿਗੁਰੂ ਜੀ ਨੇ ਵਿਸ਼ਾਲ ਪ੍ਰੇਮ ਵੇਖਕੇ, ਤੇ ਤੁਰਤ ਨਿਹਾਲ ਹੋ ਕੇ ਘੋੜੇ ਤੋਂ ਉਤਰ ਪਏ॥੨੩॥

ਸਜੰਦਨ ਖਰੋ ਕੀਨਿ ਦਰ ਪਾਸ। ਅੰਤਰ ਪ੍ਰਵਿਸ਼ੇ ਪ੍ਰਭੂ ਅਵਾਸ।
ਸਰਬ ਸਮਾਜ ਦਾਸ ਚਲਿ ਆਏ। ਸਿਵਰ ਕਰਜੋ ਸ਼੍ਰਮ ਕੋ ਬਿਨਸਾਏ॥੨੪॥

ਉਸ ਦੇ ਦਰਵਾਜ਼ੇ ਦੇ ਪਾਸ ਰੱਥ ਖੜੇ ਕਰ ਦਿੱਤੇ, ਤੇ ਪ੍ਰਭੂ ਜੀ ਘਰ ਦੇ ਅੰਦਰ ਪ੍ਰਵੇਸ਼ ਕਰ ਗਏ। ਸਾਰਾ ਸਾਜ਼ੋ-ਸਾਮਾਨ ਅਤੇ ਸੇਵਕ ਚਲ ਕੇ ਆ ਗਏ ਤੇ ਡੇਰਾ ਲਾ ਕੇ ਥਕਾਵਟ ਦੂਰ ਕੀਤੀ॥੨੪॥

ਚਾਵਰ ਚੂਨ ਆਦਿ ਕੋ ਲਜਾਇ। ਦੇਗ ਕਰੀ ਸਭਿ ਤਬਿ ਤ੍ਰਿਪਤਾਇ।
ਸੁਪਤਿ ਜਥਾਸੁਖ ਰਾਤਿ ਬਿਤਾਈ। ਜਾਮ ਜਾਮਨੀ ਜਾਗਿ ਗੁਸਾਈਂ॥੨੫॥

ਚਾਵਲ ਆਟਾ ਆਦਿ ਲੈ ਕੇ ਆਏ, ਲੰਗਰ ਤਿਆਰ ਕੀਤਾ ਤੇ ਸਾਰੇ ਭੋਜਨ ਛੱਕ ਕੇ ਤ੍ਰਿਪਤ ਹੋਏ। ਸੌਂ ਕੇ ਸੁਖ ਨਾਲ ਰਾਤ ਬਤੀਤ ਕੀਤੀ। ਪਹਿਰ ਰਾਤ ਰਹਿੰਦਿਆਂ ਗੁਰੂ ਜੀ ਜਾਗ ਪਏ॥੨੫॥

ਦਾਸ ਉਠਾਇ ਸੌਚ ਕੋ ਠਾਨਿ। ਗਮਨੇ ਤੀਰਥ ਕਰਨਿ ਸ਼ਨਾਨ।
ਸਾਰਸੁਤੀ ਸਲਿਤਾ ਬਹੁ ਪਾਵਨ। ਨਿਰਮਲ ਨੀਰ ਲਗੇ ਤਬਿ ਨ੍ਹਾਵਨ॥੨੬॥

ਸੇਵਕਾਂ ਨੂੰ ਜਗਾ ਕੇ ਸੌਚ ਕੀਤਾ ਤੇ ਫਿਰ ਤੀਰਥ ਤੇ ਇਸ਼ਨਾਨ ਕਰਨ ਚਲੇ ਗਏ। ਸਰਸਵਤੀ ਨਦੀ ਦਾ ਪਾਣੀ ਬੜਾ ਪਵਿੱਤਰ ਮੰਨਿਆ ਜਾਂਦਾ ਹੈ, ਤਦ ਨਿਰਮਲ ਜਲ ਵਿਚ ਇਸ਼ਨਾਨ ਕਰਨ ਲੱਗੇ॥੨੬॥

ਕਰਿ ਮੱਜਨ ਕੋ ਪੌਂਛਿ ਸਰੀਰ। ਪਹਿਰਤਿ ਭਏ ਸਕਲ ਬਰ ਚੀਰ।
ਬੈਠਿ ਧਯਾਨ ਕੋ ਠਾਨਿ ਮਹਾਨਾ। ਨਿਸ਼ਚਲ ਬ੍ਰਿਤਿ ਸਰੂਪ ਮਨ ਮਾਨਾ॥੨੭॥

ਇਸ਼ਨਾਨ ਕਰਕੇ ਸਾਰੇ ਸਰੀਰ ਨੂੰ ਪੂੰਝਿਆ ਤੇ ਸ੍ਰੇਸ਼ਟ ਸੁੰਦਰ ਕੱਪੜੇ ਪਹਿਣ ਲਏ। ਫਿਰ ਮਹਾਨ ਧਿਆਨ ਲਾ ਕੇ ਬੈਠ ਗਏ। ਨਿਸ਼ਚਲ ਬ੍ਰਿਤੀ ਕਰਕੇ ਆਪਣੇ ਸਰੂਪ ਨੂੰ ਮਨ ਵਿਚ ਮੰਨਿਆ॥੨੭॥

ਸੂਰਜ ਉਦੈ ਭਯੋ ਅਸਮਾਨ। ਦਿਜ ਗਨ ਆਇ ਅਸੀਸ ਬਖਾਨਿ।
ਸਭਿਹਿਨਿ ਕੋ ਧਨ ਦੀਨਸਿ ਦਾਨ। ਲੇ ਕਰਿ ਉਰ ਹਰਖੇ ਸੁਖ ਮਾਨਿ॥੨੮॥

ਸੂਰਜ ਅਸਮਾਨ ਤੇ ਚੜ੍ਹ ਆਇਆ। ਫਿਰ ਬਹੁਤ ਬ੍ਰਾਹਮਣ ਆਏ ਤੇ ਉਨ੍ਹਾਂ ਨੇ ਅਸੀਸਾਂ ਦਿੱਤੀਆਂ। ਗੁਰੂ ਜੀ ਨੇ ਸਾਰਿਆਂ ਨੂੰ ਧਨ ਦਾਨ ਕੀਤਾ, ਧਨ ਲੈ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ ਤੇ ਸੁੱਖ ਮੰਨਿਆ॥੨੮॥

ਕੀਰਤਿ ਕਰਤਿ ਨਿਕੇਤ ਸਿਧਾਏ। 'ਤਿਮ ਦੇਖੇ ਜਿਮ ਹਮ ਸੁਨਿ ਪਾਏ'।
ਜਥਾ ਸ਼ਕਤਿ ਤਬਿ ਸਿੱਖ ਤ੍ਰਿਖਾਨ। ਅਰਪਨ ਕੀਨਿ ਉਪਾਇਨ ਆਨਿ॥੨੯॥

ਬ੍ਰਾਹਮਣ ਗੁਰੂ ਜੀ ਦੀ ਕੀਰਤੀ ਕਰਦੇ ਆਪਣੇ ਘਰਾਂ ਨੂੰ ਚਲੇ ਗਏ। "ਉਸ ਤਰ੍ਹਾਂ ਦੇ ਹੀ ਗੁਰੂ ਜੀ ਵੇਖੇ ਹਨ ਜਿਵੇਂ ਅਸੀਂ ਸੁਣੇ ਹਨ" ਜਥਾ ਸ਼ਕਤੀ ਫਿਰ ਤਰਖਾਣ ਸਿੱਖ ਨੇ ਆ ਕੇ ਉਪਹਾਰ ਅਰਪਣ ਕੀਤੇ॥੨੯॥

ਜਾਨਿ ਦੀਨਿ ਸ਼ਰਧਾ ਲਖਿ ਉਰ ਕੀ। ਖੁਸ਼ੀ ਬਿਸਾਲ ਭਈ ਸਤਿਗੁਰ ਕੀ।
ਭਯੋ ਨਿਹਾਲ ਅਨੰਦ ਕੋ ਪਾਵਾ। ਗੁਰ ਪਗ ਪੰਕਜ ਸੀਸ ਲਗਾਵਾ ॥ ੩੦ ॥

ਦੀਨ ਹੋਇਆ ਸਮਝ ਕੇ ਅਤੇ ਦਿਲ ਦੀ ਸ਼ਰਧਾ ਸਮਝ ਕੇ, ਸਤਿਗੁਰੂ ਜੀ ਨੇ ਉਸ ਸਿੱਖ ਉਤੇ ਵਿਸ਼ਾਲ ਖੁਸ਼ੀ ਕੀਤੀ। ਤਰਖਾਣ ਸਿੱਖ ਨਿਹਾਲ ਹੋ ਗਿਆ ਤੇ ਉਸ ਅਨੰਦ ਪ੍ਰਾਪਤ ਕੀਤਾ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਰੱਖਿਆ ॥੩੦।

ਇਮ ਸ੍ਰੀ ਤੇਗ ਬਹਾਦਰ ਧੀਰ। ਰਹੇ ਤੀਨ ਦਿਨ ਤੀਰਥ ਤੀਰ।
ਪੁਨ ਤਯਾਰੀ ਕਰਿ ਚਹਿਤਿ ਪਯਾਨੇ। ਤਿਸ ਤ੍ਰਿਖਾਨ ਸੋਂ ਬੈਨ ਬਖਾਨੇ ॥ ੩੧ ॥

ਇਸ ਤਰ੍ਹਾਂ ਧੀਰਜਵਾਨ ਸ੍ਰੀ ਗੁਰੂ ਤੇਗ ਬਹਾਦਰ ਜੀ, ਤਿੰਨ ਦਿਨ ਤੀਰਥ ਦੇ ਕਿਨਾਰੇ 'ਤੇ ਠਹਿਰੇ, ਫਿਰ ਤਿਆਰੀ ਕਰ ਕੇ ਚਲਣਾ ਚਾਹੁੰਦੇ ਸਨ, ਉਸ ਤਰਖਾਣ ਨੂੰ ਫਿਰ ਗੁਰੂ ਜੀ ਨੇ ਕਿਹਾ॥੩੧॥

'ਕੈਂਥਲ ਪੁਰਿ ਕੋ ਹਮ ਨੇ ਜਾਨਾ। ਕੋ ਸਿਖ ਹੈ ਕਿ ਨਹੀਂ ਤਿਸ ਥਾਨਾ ?।
ਤਹਾਂ ਜਾਇ ਕਰਿ ਡੇਰਾ ਪਾਵੈਂ। ਸੁਖ ਸੋਂ ਬਸਿ ਕਰਿ ਦਿਵਸ ਬਿਤਾਵੈਂ' ॥ ੩੨ ॥

"ਕੈਂਥਲ ਨਗਰ ਵਲ ਅਸੀਂ ਜਾਣਾ ਹੈ, ਉਸ ਥਾਂ ਕੋਈ ਸਿੱਖ ਰਹਿੰਦਾ ਹੈ ਕਿ ਨਹੀਂ ? ਉਥੇ ਜਾ ਕੇ ਡੇਰਾ ਲਾਵਾਂਗੇ ਸੁਖ ਨਾਲ ਠਹਿਰ ਕੇ ਕੁਝ ਦਿਨ ਬਤੀਤ ਕਰਾਂਗੇ" ॥੩੨॥

ਸਿਖ ਕਰ ਜੋਰਿ ਬਤਾਵਨਿ ਕੀਨਿ। 'ਕੈਂਥਲ ਮਹਿਂ ਸਿਖ ਕੇ ਘਰ ਤੀਨ।
ਇਕ ਤ੍ਰਿਖਾਨ ਹੈ ਹਮਰੀ ਜਾਤਿ। ਦੁਇ ਘਰ ਬਨਕਨਿ ਕੇ ਬੱਖਜਾਤ' ॥ ੩੩ ॥

ਉਸ ਸਿੱਖ ਨੇ ਹੱਥ ਜੋੜ ਕੇ ਕਿਹਾ, "ਕੈਂਥਲ ਵਿਚ ਤਿੰਨਾਂ ਸਿੱਖਾਂ ਦੇ ਘਰ ਹਨ। ਇਕ ਸਾਡੀ ਜਾਤੀ ਦਾ ਤਰਖਾਣ ਹੈ, ਦੋ ਘਰ ਬਾਣੀਆਂ ਦੇ ਪ੍ਰਸਿੱਧ ਹਨ" ॥੩੩॥

ਸੁਨਿ ਗੁਰ ਭਾਖਯੋ 'ਸੰਗ ਹਮਾਰੇ। ਚਲਹੁ ਤਹਾਂ ਲਗਿ ਦੇਹੁ ਦਿਖਾਰੇ।
ਪੁਨ ਹਟਿ ਆਇ ਬਸਹੁ ਸੁਖ ਸਾਥ'। ਇਮ ਕਹਿ ਕੀਨਿ ਪਯਾਨੋ ਨਾਥ ॥ ੩੪ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਉਥੋਂ ਤਕ ਸਾਡੇ ਨਾਲ ਚਲੋ ਤੇ ਉਨ੍ਹਾਂ ਸਿੱਖਾਂ ਦੇ ਘਰ ਵਿਖਾ ਦੇਵੋ। ਫਿਰ ਵਾਪਸ ਆ ਕੇ ਸੁੱਖ ਨਾਲ ਵਸੋ।" ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਚਲ ਪਏ॥੩੪॥

ਅਸ਼ਟ ਕੋਸ ਕੋ ਮਾਰਗ 'ਕੈਂਥਲ'। ਲਯਾਯੋ ਸਿੱਖ ਤ੍ਰਿਖਾਨ ਤਿਸੈ ਥਲ।
ਪ੍ਰਥਮ ਵਹਿਰ ਉਤਰੇ ਸਰ ਤੀਰ। ਖਰੀ ਮਹੀਰੁਹ ਕੀ ਜਹਿਂ ਭੀਰ ॥ ੩੫ ॥

ਕੈਂਥਲ ਨਗਰੀ ਦਾ ਸਫਰ ਅੱਠ ਕੋਹ ਦਾ ਪੈਂਡਾ ਸੀ, ਸਿੱਖ ਤਰਖਾਣ ਗੁਰੂ ਜੀ ਨੂੰ ਉਸ ਸਥਾਨ ਤੇ ਲੈ ਆਇਆ। ਪਹਿਲਾਂ ਸਰੋਵਰ ਦੇ ਕਿਨਾਰੇ ਗੁਰੂ ਜੀ ਨੇ ਉਤਾਰਾ ਕਰ ਲਿਆ, ਜਿਥੇ ਫਲਦਾਰ ਦਰੱਖਤਾਂ ਦੀ ਵੱਡੀ ਭੀੜ ਖੜੀ ਸੀ ।੩੫॥

ਬੂਝੇ ਗੁਰੂ 'ਕੌਨ ਘਰ ਚਲੋ ?। ਬਨਕ ਜੁਗਲ ਇਕ ਖਾਤੀ ਭਲੋ'।
ਕਰਯੋ ਹੁਕਮ 'ਜਿਸ ਕੋ ਹੁਇ ਨੇਰਾ। ਤਿਸ ਕੇ ਕਰਹੁ ਜਾਇ ਅਬਿ ਡੇਰਾ' ॥ ੩੬ ॥

'ਫਿਰ ਤਰਖਾਣ ਸਿੱਖ ਨੇ ਗੁਰੂ ਜੀ ਨੂੰ ਪੁੱਛਿਆ, "ਪਹਿਲਾਂ ਕਿਸ ਦੇ ਘਰ ਚਲੀਏ ? ਏਥੇ ਦੋ ਬਾਣੀਏ ਰਹਿੰਦੇ ਹਨ ਤੇ ਇਕ ਭਲਾ ਲੋਕ ਤਰਖਾਣ ਹੈ।" ਗੁਰੂ ਜੀ ਨੇ ਹੁਕਮ ਕੀਤਾ, "ਜਿਸ ਦਾ ਘਰ ਨੇੜੇ ਹੋਵੇ ਉਸ ਦੇ ਘਰ ਜਾ ਕੇ ਹੁਣ ਡੇਰਾ ਲਾ ਲਵੋ" ॥੩੬॥

ਤਬਿ ਤ੍ਰਿਖਾਨ ਕੋ ਘਰ ਢਿਗ ਜਾਨਾ। ਲਏ ਸਮਾਜ ਗਏ ਤਿਸ ਥਾਨਾ।
ਕਹਯੋ 'ਗੁਰੂ ਆਯਹੁ ਚਲਿ ਆਪ। ਜਿਨ ਦਰਸ਼ਨ ਤੇ ਬਿਨਸਤਿ ਪਾਪ' ॥ ੩੭ ॥

ਤਦ ਤਰਖਾਣ ਦੇ ਘਰ ਨੂੰ ਨੇੜੇ ਜਾਣਿਆ, ਸਾਰੇ ਸਮਾਜ ਨੂੰ ਲੈ ਕੇ ਉਸ ਸਥਾਨ ਚਲੇ ਗਏ, ਉਸ ਨੂੰ ਜਾ ਕੇ ਕਿਹਾ, "ਗੁਰੂ ਜੀ ਆਪ ਚਲ ਕੇ ਆਏ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ" ॥੩੭॥

ਸੁਨਿਕੈ ਅਨੰਦ ਧਾਰਿ ਸਿਖ ਗਯੋ। ਵਹਿਰ ਜਾਇ ਗੁਰ ਦੇਖਤਿ ਭਯੋ।
ਕਰਿ ਬੰਦਨ ਕੋ ਘਰ ਲੇ ਆਯੋ। ਸਾਦਰ ਡੇਰਾ ਕਹਿ ਕਰਿਵਾਯੋ॥ ੩੮॥

ਇਹ ਸੁਣ ਕੇ ਸਿੱਖ ਅਨੰਦ ਧਾਰ ਕੇ ਗਿਆ, ਬਾਹਰ ਜਾ ਕੇ ਉਸ ਗੁਰੂ ਜੀ ਨੂੰ ਵੇਖਿਆ ਤੇ ਬੰਦਨਾ ਕਰਕੇ ਆਪਣੇ ਘਰ ਲੈ ਆਇਆ ਤੇ ਬੜੇ ਆਦਰ ਨਾਲ ਕਹਿ ਕੇ ਡੇਰਾ ਕਰਵਾਇਆ ॥੩੮॥

ਜਥਾ ਸ਼ਕਤਿ ਸਿਖ ਸੇਵਾ ਕਰੀ। ਗੁਰ ਪ੍ਰਸੰਨ ਹੁਇ ਅਪਦਾ ਹਰੀ।
ਦੋਨਹੁੰ ਸਿੱਖਨਿ ਕੇ ਘਰ ਜੋਇ। ਸਹਿਤ ਕੁਟੰਬ ਆਇ ਕਰਿ ਸੋਇ॥ ੩੯॥

ਜਥਾ ਸ਼ਕਤੀ ਸਿੱਖ ਨੇ ਸੇਵਾ ਕੀਤੀ, ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸਦੇ ਦੁਖ ਦੂਰ ਕੀਤੇ। ਦੋਵਾਂ ਸਿੱਖਾਂ ਦੇ ਜਿਹੜੇ ਹੋਰ ਘਰ ਸਨ, ਉਹ ਵੀ ਸਾਰੇ ਪਰਿਵਾਰ ਸਹਿਤ ਗੁਰੂ ਜੀ ਨੂੰ ਮਿਲਣ ਆਏ ॥੩੯॥

ਅਰਪਿ ਉਪਾਇਨ ਬੰਦਨ ਠਾਨੀ। ਮਨੋ ਕਾਮਨਾ ਪੂਰਵਿ ਮਹਾਨੀ।
'ਧੰਨ ਧੰਨ' ਕਹਿ ਸਦਨ ਸਿਧਾਰੇ। 'ਗੁਰ ਦਰਸੇ ਬਡਭਾਗ ਹਮਾਰੇ' ॥ ੪੦॥

ਉਪਹਾਰ ਅਰਪਣ ਕਰਕੇ ਉਨ੍ਹਾਂ ਨੇ ਬੰਦਨਾ ਕੀਤੀ ਤੇ ਮਹਾਨ ਮਨੋਕਾਮਨਾ ਪੂਰੀਆਂ ਕੀਤੀਆਂ। 'ਧੰਨ ਧੰਨ' ਕਹਿ ਕੇ ਆਪਣੇ ਘਰ ਚਲੇ ਗਏ। ਕਹਿੰਦੇ ਸਨ, "ਗੁਰੂ ਜੀ ਦੇ ਦਰਸ਼ਨ ਕੀਤੇ ਹਨ, ਸਾਡੇ ਵੱਡੇ ਭਾਗ ਹਨ" ॥੪੦॥

ਕਿਤਿਕ ਦਿਵਸ ਬਸਿ ਕਰਿ ਤਿਸ ਪੁਰੀ। ਬਹੁਰ ਚਲਨਿ ਕੀ ਮਨਸਾ ਕਰੀ।
ਜਿਸ ਤਿਖਾਨ ਘਰ ਮਹਿਂ ਤਬਿ ਬਾਸੇ। ਅਬਿ ਗੁਰਦ੍ਵਾਰੋ ਤਹਾਂ ਪ੍ਰਕਾਸ਼ੇ॥ ੪੧॥

ਉਸ ਨਗਰੀ ਵਿਚ ਕਈ ਦਿਨ ਠਹਿਰ ਕੇ, ਫਿਰ ਗੁਰੂ ਜੀ ਨੇ ਅੱਗੇ ਚਲਣ ਦੀ ਮਨਸ਼ਾ ਧਾਰਨ ਕੀਤੀ। ਜਿਸ ਤਰਖਾਣ ਦੇ ਘਰ ਤਦ ਵਸੇ ਸਨ, ਉਥੇ ਹੁਣ ਗੁਰਦੁਆਰੇ ਦੀ ਉਸਾਰੀ ਹੋਈ ਹੈ ॥੪੧॥

ਸ਼ਬਦ ਕੀਰਤਨ ਹੋਤਿ ਹਮੇਸ਼। ਰਹੈਂ ਸਿੰਘ ਪੂਜੈਂ ਸੁ ਵਿਸ਼ੇਸ਼।
ਤਿਸ ਕੈਂਥਲਪੁਰਿ ਮਹਿਂ ਕਵਿ ਬਸੈ। ਗੁਰਜਸੁ ਕਰਤਿ ਰਹਜੋ ਅਘ ਨਸੈ॥ ੪੨॥

ਉਥੇ ਸਦਾ ਸ਼ਬਦ ਕੀਰਤਨ ਹੁੰਦਾ ਹੈ, ਸਿੰਘ ਰਹਿੰਦੇ ਹਨ, ਜਿਹੜੇ ਵਿਸ਼ੇਸ਼ ਪ੍ਰਕਾਰ ਨਾਲ ਪੂਜਾ ਕਰਦੇ ਹਨ। ਉਸ ਕੈਂਥਲ ਨਗਰੀ ਵਿਚ ਕਵੀ ਸੰਤੋਖ ਸਿੰਘ ਜੀ ਰਹਿੰਦੇ ਰਹੇ ਹਨ। ਗੁਰੂ ਜੱਸ ਕਰਦੇ ਰਹਿਣ ਨਾਲ ਪਾਪ ਸਭ ਦੂਰ ਹੋ ਗਏ॥ ੪੨॥

ਮਿਲਹਿਂ ਭਾਉ ਧਰਿ ਸ਼ਰਧਾ ਸਾਥ। ਕਰਹਿਂ ਨਿਹਾਲ ਕ੍ਰਿਪਾ ਧਰਿ ਨਾਥ।
ਕਵਿ ਸੰਤੋਖ ਸਿੰਘ ਇਸ ਹੇਤੁ। ਬਿਚਰਤਿ ਮਹਿਤਲ ਮਹਿਂ ਸੁਖ ਦੇਤਿ॥ ੪੩॥

ਜੇ ਪ੍ਰੇਮ ਧਾਰ ਕੇ ਸ਼ਰਧਾ ਸਹਿਤ ਮਿਲੀਦੇ, ਤਾਂ ਪ੍ਰਭੂ ਜੀ ਕਿਰਪਾ ਧਾਰ ਕੇ ਨਿਹਾਲ ਕਰ ਦਿੰਦੇ ਹਨ। ਕਵੀ ਸੰਤੋਖ ਸਿੰਘ ਇਸ ਕਰਕੇ ਜਦ ਇਸ ਧਰਤੀ ਤੇ ਵਿਚਰਦੇ ਸਨ ਤਾਂ ਗੁਰੂ ਜੀ ਸੁਖ ਬਖਸ਼ਦੇ ਸਨ ॥੪੩॥

*ਗਿਆਰ੍ਹਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ ॥੪੩॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਚਤਾਲੀਵਾਂ

## ਬਾਰਨੇ ਦੇ ਕਿਸਾਨ ਤੋਂ ਤੰਬਾਕੂ ਛੁਡਵਾਇਆ

ਦੋਹਰਾ- ਕਰਜੋ ਨਿਹਾਲ ਤਿਖਾਨ ਕੋ ਘਰਿ ਬਸਿ ਦਰਸ਼ਨ ਦੀਨਿ।
ਪੁਨ ਇੱਛਾ ਉਰ ਠਾਨਿ ਕੈ ਚਲਿਬੇ ਤਯਾਰੀ ਕੀਨਿ॥ ੧॥

ਤਰਖਾਣ ਨੂੰ ਘਰ ਵਸਦੇ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਦਿੱਤਾ। ਫਿਰ ਦਿਲ ਵਿਚ ਇੱਛਾ ਧਾਰ ਕੇ ਅੱਗੇ ਚਲਣ ਦੀ ਤਿਆਰੀ ਕੀਤੀ॥੧॥

ਚੌਪਈ- ਸ੍ਰੀ ਗੁਜਰੀ ਡੋਰੇ ਅਸਵਾਰੀ। ਜਿਸ ਛਾਦਨਿ ਮਖਮਲ ਜ਼ਰਕਾਰੀ।
ਇਕ ਸੁੰਦਰ ਸਜੰਦਨ ਸੰਗ ਭਲੇ। ਮਾਤ ਨਾਨਕੀ ਜਿਸ ਚਢਿ ਚਲੇ॥੨॥

ਮਾਤਾ ਗੁਜਰੀ ਜੀ ਡੋਲੇ ਵਿਚ ਅਸਵਾਰ ਸਨ, ਜਿਹੜਾ ਡੋਲਾ ਮਖਮਲੀ ਜ਼ਰੀ ਦੇ ਕੱਢੇ ਹੋਏ ਕੱਪੜੇ ਨਾਲ ਢੱਕਿਆ ਹੋਇਆ ਸੀ। ਇਕ ਸੁੰਦਰ ਰੱਥ ਨਾਲ ਸੀ, ਮਾਤਾ ਨਾਨਕੀ ਜੀ ਜਿਸ ਵਿਚ ਚੜ੍ਹ ਕੇ ਚਲਦੇ ਸਨ॥੨॥

ਬ੍ਰਿਖਭ ਬਿਲੰਦ ਬਲੀ ਤਨ ਪੀਨ। ਜਿਨ ਕੀ ਕਕੁਦ ਤੁੰਗ ਦੁਤਿ ਕੀਨਿ।
ਤਿਨ ਪਰ ਬਸਤ੍ਰ ਲਾਲ ਹੀ ਡਾਲੇ। ਚਲਨਿ ਬੇਗ ਬਹੁ, ਸ੍ਰਿੰਗ ਬਿਸਾਲੇ॥੩॥

ਬੱਲਦ ਬੜੇ ਬਲਵਾਨ ਅਤੇ ਸਰੀਰ ਦੇ ਮੋਟੇ ਸਨ, ਜਿਨ੍ਹਾਂ ਦੀਆਂ ਉੱਚੀਆਂ ਢੱਠਾਂ ਸ਼ੋਭ ਰਹੀਆਂ ਸਨ। ਉਸ ਉਤੇ ਲਾਲ ਕਪੜੇ ਪਾਏ ਸਨ, ਬੜੀ ਤੇਜ਼ੀ ਨਾਲ ਚਲਦੇ ਸਨ, ਸਿੰਗ ਉਨ੍ਹਾਂ ਦੇ ਬਹੁਤ ਵੱਡੇ-ਵੱਡੇ ਸਨ॥੩॥

ਬ੍ਰਿੰਦ ਬਿਭੂਖਨ ਕੋ ਪਹਿਰਾਏ। ਜਬਹਿ ਚਲਤਿ ਬਡ ਸ਼ਬਦ ਉਠਾਏ।
ਅੱਗ੍ਰ ਚਲਹਿ ਰਥ ਪੰਥ ਮਝਾਰ। ਪੁਨ ਡੋਲਾ ਲੈ ਬਲੀ ਕਹਾਰ॥ ੪॥

ਬਹੁਤ ਗਹਿਣੇ ਉਨ੍ਹਾਂ ਨੂੰ ਪਵਾਏ ਹੋਏ ਸਨ, ਜਦ ਚਲਦੇ ਸਨ ਤਾਂ ਬੜਾ ਖੜਾਕ ਹੁੰਦਾ ਸੀ। ਅੱਗੇ ਅੱਗੇ ਰੱਥ ਰਸਤੇ ਦੇ ਵਿਚਕਾਰ ਚਲਦਾ ਸੀ। ਉਸ ਦੇ ਪਿੱਛੇ ਬਲਵਾਨ ਕੁਹਾਰ ਡੋਲਾ ਲੈ ਕੇ ਚਲਦੇ ਸਨ॥੪॥

ਬਹੁਰ ਬਹੀਰ ਸੰਗ ਜੇ ਦਾਸ। ਕੋ ਚਾਕਰ ਕੋ ਪ੍ਰੇਮ ਪ੍ਰਕਾਸ਼।
ਚਲੇ ਜਾਹਿਂ ਗੁਰ ਕੀਰਤਿ ਕਰਿਤੇ। ਦੇਸ਼ ਬਿਦੇਸ਼ ਵਿਸ਼ੇਸ਼ ਨਿਹਰਿਤੇ॥੫॥

ਫਿਰ ਸਾਰੀ ਵਹੀਰ ਜਿਹੜੇ ਦਾਸ ਆਦਿ ਸਨ ਉਹ ਨਾਲ ਨਾਲ ਮਗਰ ਚਲਦੇ ਸਨ। ਕਈ ਸੇਵਕ ਪ੍ਰੇਮ ਦਾ ਪ੍ਰਕਾਸ਼ ਕਰਕੇ, ਗੁਰੂ ਜੀ ਦੀ ਕੀਰਤੀ ਕਰਦੇ ਚਲੇ ਜਾਂਦੇ ਸਨ। ਸਾਰੇ ਦੇਸ਼ ਵਿਦੇਸ਼ ਵਿਸ਼ੇਸ਼ ਤੌਰ ਤੇ ਵੇਖਦੇ ਜਾ ਰਹੇ ਸਨ॥੫॥

ਸ੍ਰੀ ਗੁਰ ਤੇਗ ਬਹਾਦਰ ਤਰੇ। ਬਲੀ ਤੁਰੰਗ ਬੀਚ ਗੁਨ ਖਰੇ।
ਚੰਦ੍ਰਿਕ ਚੰਦ ਮਨਿੰਦ ਬਿਲੰਦ। ਸੇਤ ਬਰਨ, ਸੁੰਦਰ ਦੁਤਿਵੰਦ॥ ੬॥

ਸ੍ਰੀ ਗੁਰੂ ਤੇਗ ਬਹਾਦਰ ਦੇ ਹੇਠਾਂ ਇਕ ਬਲਵਾਨ ਘੋੜਾ ਸੀ, ਜਿਹੜਾ ਸਾਰੇ ਗੁਣਾਂ ਵਿਚ ਖਰਾ ਸੀ। ਉਹ ਘੋੜਾ ਚੰਦ ਦੀ ਚਾਂਦਨੀ ਵਰਗਾ ਬਹੁਤ ਚਿੱਟੇ ਰੰਗ ਦਾ ਸੀ ਤੇ ਸੁੰਦਰ ਸ਼ੋਭਾ ਵਾਲਾ ਸੀ॥੬॥

ਬਿਨ ਮਰਜ਼ੀ ਨਹਿਂ ਕਰੇ ਚਲਾਕੀ। ਚਾਲ ਅਡੋਲ ਅਮੋਲਕ ਤਾਂ ਕੀ।
ਮੋਰ ਮਨਿੰਦ੍ਰ ਮੋਰਿ ਕਰਿ ਗ੍ਰੀਵਾ। ਚਲਹਿ ਕਿ ਖਰੇ,ਪੁਸ਼ਟ ਤਨ ਥੀਵਾ॥੭॥

ਮਾਲਕ ਦੀ ਮਰਜ਼ੀ ਤੋਂ ਬਗੈਰ ਚਲਾਕੀ ਨਹੀਂ ਸੀ ਕਰਦਾ, ਉਸ ਘੋੜੇ ਦੀ ਚਾਲ ਅਮੋਲਕ ਅਤੇ ਅਡੋਲ ਸੀ। ਮੋਰ ਵਾਂਗ ਗਰਦਨ ਮੋੜਕੇ ਚਲਦਾ ਸੀ ਜਾਂ ਖਲੋਂਦਾ ਸੀ, ਸਰੀਰ ਉਸ ਦਾ ਬਹੁਤ ਮੋਟਾ ਸੀ॥੭॥

ਗੁਰੂ ਸਧੀਰਜ ਮਾਰਗ ਤੋਰਹਿਂ। ਕਰਤਿ ਕੁੰਡਲੀ ਪਾਇਨਿ ਮੋਰਹਿਂ।
ਤਜਿ ਕੈਂਥਲ ਆਗੈ ਗੁਰ ਚਾਲੇ। ਲੋਕ ਆਪਨੇ ਲੀਨਸਿ ਨਾਲੇ॥ ੮॥

ਗੁਰੂ ਜੀ ਬੜੇ ਧੀਰਜ ਨਾਲ ਰਾਹ ਵਿਚ ਤੋਰਦੇ ਸਨ। ਕੁੰਡਲੀ ਕਰਦਾ ਪੈਰ ਮੋੜਦਾ ਸੀ। ਨਗਰ ਕੈਂਥਲ ਛੱਡ ਕੇ ਗੁਰੂ ਜੀ ਅੱਗੇ ਚਲ ਪਏ, ਆਪਣੇ ਸਾਰੇ ਲੋਕ ਨਾਲ ਲੈ ਲਏ ਸਨ॥੮॥

ਕੋਸ ਪੰਚ ਦਸ ਮੰਜ਼ਲ ਗਏ। ਉਤਰਨਿ ਕੋ ਗੁਰ ਚਾਹਤਿ ਭਏ।
ਨਾਮ 'ਬਾਰਨਾ' ਗ੍ਰਾਮ ਬਿਲੋਕਾ। ਤਿਸ ਕੇ ਨਿਕਟਿ ਜਾਇ ਹਯ ਰੋਕਾ॥ ੯॥

ਜਦ ਪੰਦਰਾਂ ਕੋਹ ਮੰਜ਼ਲ ਤਹਿ ਕੀਤੀ, ਸ੍ਰੀ ਗੁਰੂ ਜੀ ਉਤਾਰਾ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ 'ਬਾਰਨਾ' ਨਾਂ ਦਾ ਪਿੰਡ ਵੇਖਿਆ। ਉਸ ਦੇ ਨੇੜੇ ਜਾ ਕੇ ਘੋੜੇ ਨੂੰ ਰੋਕ ਲਿਆ॥੯॥

ਇਕ ਨਰ ਨਿਕਸਿ ਨਿਕਟਿ ਗੁਰ ਆਯੋ। ਦਰਸ਼ਨ ਦੇਖਤਿ ਸੀਸ ਨਿਵਾਯੋ।
ਖਰੋ ਭਯੋ ਬੂਝਯੋ ਤਬਿ ਤਾਂਹੀ। 'ਸਿਖ ਕੋ ਸਦਨ ਅਹੈ ਕੈ ਨਾਂਹੀ?'॥ ੧੦॥

ਪਿੰਡ ਵਿਚੋਂ ਇਕ ਮਨੁੱਖ ਨਿਕਲ ਕੇ ਗੁਰੂ ਜੀ ਦੇ ਪਾਸ ਆਇਆ। ਦਰਸ਼ਨ ਕਰਕੇ ਉਸ ਸਿਰ ਨਿਵਾਇਆ। ਉਥੇ ਖੜ੍ਹਾ ਸੀ ਜਦ ਗੁਰੂ ਜੀ ਨੇ ਉਸ ਨੂੰ ਪੁਛਿਆ, "ਇਸ ਪਿੰਡ ਵਿਚ ਕਿਸੇ ਸਿੱਖ ਦਾ ਘਰ ਹੈ ਕਿ ਨਹੀਂ?"॥੧੦॥

ਸੁਨਤਿ ਬਤਾਯੋ 'ਰਾਹਕ ਅਹੈ। ਸਗਰੇ ਗ੍ਰਾਮ ਏਕ ਸਿਖ ਰਹੈ।
ਕੁਛਕ ਭਲੋ ਸ਼ਰਧਾਲੂ ਬੋਰਾ। ਬਸਹਿ ਇਕਾਕੀ, ਸਿੱਖਜ ਨ ਔਰਾ'॥ ੧੧॥

ਉਸ ਨੇ ਸੁਣ ਕੇ ਦੱਸਿਆ, "ਕਿਸਾਨ ਹਨ, ਸਾਰੇ ਪਿੰਡ ਵਿਚ ਇਕ ਸਿੱਖ ਰਹਿੰਦਾ ਹੈ, ਕੁਝ ਭਲਾ ਪੁਰਸ਼ ਹੈ, ਸ਼ਰਧਾਲੂ ਬੋੜਾ ਹੈ, ਇਕੱਲਾ ਰਹਿੰਦਾ ਹੈ, ਹੋਰ ਕੋਈ ਸਿੱਖ ਨਹੀਂ ਰਹਿੰਦਾ ਹੈ"॥੧੧॥

ਤਬਿ ਸ੍ਰੀ ਤੇਗ਼ ਬਹਾਦਰ ਭਾਖਾ। 'ਤਿਸਹਿ ਹਕਾਰਨਿ ਕੀ ਹਮ ਕਾਂਖਾ।
ਕਰਨੋ ਡੇਰਾ ਤਿਸ ਕੇ ਧਾਮ। ਯਾਂਤੇ ਕਰਹੁ ਬੁਲਾਵਨਿ ਕਾਮ'॥ ੧੨॥

ਤਦ ਸ੍ਰੀ ਤੇਗ ਬਹਾਦਰ ਜੀ ਨੇ ਕਿਹਾ, "ਉਸ ਨੂੰ ਬੁਲਾਉਣ ਦੀ ਸਾਡੀ ਇੱਛਾ ਹੈ। ਉਸ ਦੇ ਘਰ ਅਸੀਂ ਡੇਰਾ ਕਰਨਾ ਹੈ, ਇਸ ਲਈ ਉਸ ਨੂੰ ਬੁਲਾਉਣ ਦਾ ਕੰਮ ਕਰੋ"॥੧੨॥

ਸੁਨਿ ਗੁਰ ਆਗਜਾ ਕੋ ਨਰ ਗਯੋ। ਮਿਲਯੋ ਜਾਟ ਸੋਂ ਭਾਖਤਿ ਭਯੋ।
'ਵਹਿਰ ਹਕਾਰਤਿ ਹੈਂ ਨਰ ਭਲੇ। ਤੋਹਿ ਪ੍ਰਤੀਖਹਿਂ ਕਰਤੇ ਖਲੇ'॥ ੧੩॥

ਗੁਰੂ ਜੀ ਦੀ ਆਗਿਆ ਸੁਣ ਕੇ ਉਹ ਮਨੁੱਖ ਗਿਆ, ਜੱਟ ਨੂੰ ਮਿਲ ਕੇ ਉਹ ਕਹਿਣ ਲੱਗਾ, "ਬਾਹਰ ਤੈਨੂੰ ਭਲੇ ਪੁਰਸ਼ ਬੁਲਾਉਂਦੇ ਹਨ, ਬਾਹਰ ਖੜੇ ਤੇਰੀ ਉਡੀਕ ਕਰ ਰਹੇ ਹਨ"॥੧੩॥

ਕਾਹੂ ਤਬਹਿ ਤਹਾਂ ਚਲਿ ਆਯੋ। ਕਛ ਕੋ ਕਰਤਿ ਫਿਰਹਿ ਤਿਸ ਥਾਯੋ।
ਸੁਨਤਿ ਜਾਟ ਨੇ ਰਿਦੈ ਬਿਚਾਰੀ। ਮੈਂ ਅਬਿ ਜਾਨੋ ਖੇਤ ਮਝਾਰੀ॥ ੧੪॥

ਪਟਵਾਰੀ ਤਦੋਂ ਉਥੇ ਚਲ ਕੇ ਆ ਗਿਆ, ਉਸ ਥਾਂ ਉਹ ਉਸ ਕਿਸਾਨ ਦੀ ਜ਼ਮੀਨ ਮਿਣਦਾ ਫਿਰਦਾ ਸੀ। ਇਹ ਸੁਣ ਕੇ ਜੱਟ ਨੇ ਹਿਰਦੇ ਵਿਚ ਵਿਚਾਰ ਕੀਤੀ, 'ਮੈਨੂੰ ਹੁਣ ਖੇਤ ਵਿਚ ਪਟਵਾਰੀ ਪਾਸ ਜਾਣਾ ਬਣਦਾ ਹੈ॥੧੪॥

ਤਊ ਦੇਖਿ ਮਿਲਿ ਕਰਿ ਪੁਨ ਆਵੌਂ। ਕੂਤ ਮਿਲਨਿ ਕਾਰਨ ਉਤਲਾਵੌਂ।
ਇਮ ਬਿਚਾਰਿ ਕਰਿ ਤੂਰਨ ਆਯੋ। ਬੈਠੇ ਗੁਰ ਕੇ ਦਰਸ਼ਨ ਪਾਯੋ॥ ੧੫ ॥

ਫਿਰ ਵੀ ਵੇਖ ਕੇ ਪਹਿਲਾਂ ਮਿਲ ਕੇ ਆਵਾਂ, ਪਟਵਾਰੀ ਅਨਾਜ ਦੀ ਅੰਦਾਜ਼ੇ ਦੀ ਗਿਣਤੀ ਲਾ ਲਵੇਗਾ, ਇਸ ਕਰਕੇ ਮੈਂ ਛੇਤੀ ਕਰਦਾ ਹਾਂ। ਇਸ ਤਰ੍ਹਾਂ ਵਿਚਾਰ ਕੇ ਤੁਰਤ ਆਇਆ। ਬੈਠੇ ਗੁਰੂ ਜੀ ਦੇ ਦਰਸ਼ਨ ਪਾਏ ॥੧੫॥

ਜਾਨਿ ਪਛਾਨੇ ਬੰਦਨ ਕੀਨਿ। ਡੇਰਾ ਕਰਿਬੇ ਆਸ਼ੈ ਚੀਨਿ।
ਹਾਥ ਜੋਰਿ ਕਰਿ ਬਾਕ ਉਚਾਰੇ। 'ਚਲੀਅਹਿ ਸਤਿਗੁਰ ਸਦਨ ਹਮਾਰੇ॥ ੧੬ ॥

ਜਾਣ ਪਛਾਣ ਕੇ ਬੰਦਨਾ ਕੀਤੀ, ਡੇਰਾ ਕਰਨ ਦੇ ਆਸ਼ੇ ਨੂੰ ਸਮਝਿਆ ਫਿਰ ਹੱਥ ਜੋੜ ਕੇ ਬੋਲਿਆ, "ਹੇ ਸਤਿਗੁਰੂ ਜੀ! ਸਾਡੇ ਘਰ ਵਿਚ ਚਲੋ ॥੧੬॥

ਸਿਵਰ ਕਰਹੁ ਨੀਕੇ ਸੁਖ ਪਾਵਹੁ। ਸ਼ੀਘ੍ਰ ਚਲਹੁ ਨਾਹਨ ਬਿਲਮਾਵਹੁ।
ਆਯੋ ਕੂਤ ਕਰਨਿ ਕਛ ਇਹਾਂ। ਮੈਂ ਜਾਵੌਂ ਨਿਜ ਖੇਤੀ ਜਹਾਂ ॥ ੧੭ ॥

ਡੇਰਾ ਲਾ ਕੇ ਚੰਗੀ ਤਰ੍ਹਾਂ ਸੁਖ ਪਾਵੋ, ਛੇਤੀ ਚਲੋ ਤੇ ਦੇਰ ਨਾ ਲਾਵੋ ਪਟਵਾਰੀ ਏਥੇ ਅਨਾਜ ਦਾ ਅਨੁਮਾਨ ਲਾਉਣ ਆਇਆ ਹੈ, ਮੈਂ ਹੁਣ ਉਥੇ ਜਾਂਦਾ ਹਾਂ ਕਿ ਜਿਥੇ ਮੇਰੀ ਖੇਤੀ ਹੈ" ॥੧੭॥

ਸੁਨਿ ਸ਼੍ਰੀ ਤੇਗ ਬਹਾਦਰ ਭਾਖਾ। 'ਤਹਿਂ ਪਹੁੰਚਨਿ ਕੀ ਕਰਹੁ ਨ ਕਾਂਖਾ।
ਤੋਹਿ ਖੇਤ ਰੱਖਕ ਕਰਤਾਰ। ਬਚਹਿ ਅੰਨ ਘਰ ਆਨਿ ਸੁਧਾਰਿ॥ ੧੮ ॥

ਇਹ ਸੁਣ ਕੇ ਸ੍ਰੀ ਤੇਗ ਬਹਾਦਰ ਨੇ ਕਿਹਾ, "ਉਥੇ ਪਹੁੰਚਣ ਦੀ ਅਭਿਲਾਸ਼ਾ ਨਾ ਕਰੋ। ਤੇਰੇ ਖੇਤਾਂ ਦਾ ਰਾਖਾ ਕਰਤਾਰ ਹੈ, ਹੋਰ ਸਾਰੇ ਸੁਧਾਰ ਕਰਕੇ ਤੇਰੇ ਘਰ ਅੰਨ੍ਹ ਬਚੇਗਾ ॥੧੮॥

ਅਬਿ ਤੂੰ ਸਿਵਰ ਕਰਾਇ ਹਮਾਰੋ। ਰਹੁ ਸੇਵਾ ਮਹਿਂ ਸਮੋ ਨ ਟਾਰਹੁ।
ਪਾਵਹਿ ਬਰਕਤ ਗੁਰੂ ਘਨੇਰੀ। ਜੇਕਰਿ ਰਹੈ ਬੁੱਧਿ ਥਿਰ ਤੇਰੀ' ॥ ੧੯ ॥

ਹੁਣ ਤੂੰ ਸਾਡਾ ਡੇਰਾ ਕਰਵਾਦੇ ਤੇ ਸੇਵਾ ਵਿਚ ਰਹੋ ਤੇ ਸਮਾਂ ਨਾ ਗਵਾਓ, ਤੇਰੀ ਜਿਨਸ ਵਿਚ ਗੁਰੂ ਜੀ ਬਹੁਤ ਬਰਕਤ ਪਾਉਣਗੇ, ਜੇ ਤੇਰੀ ਬੁੱਧੀ ਸਥਿਰ ਰਹੇਗੀ' ॥੧੯॥

ਸੁਨਿ ਰਾਹਕ ਕਰ ਜੋਰਿ ਬਖਾਨਾ। 'ਆਪ ਕਰਹੁ ਬਿਸਰਾਮ ਸਥਾਨਾ।
ਕ੍ਰਿਖੀ ਕਿਦਾਰਨਿ ਬਿਖੈ ਘਨੇਰੀ। ਖਸ਼ਟ ਮਾਸ ਕੀ ਮਿਹਨਤ ਮੇਰੀ॥ ੨੦ ॥

ਇਹ ਸੁਣ ਕੇ ਕਿਸਾਨ ਨੇ ਹੱਥ ਜੋੜ ਕੇ ਕਿਹਾ, "ਆਪ ਆਪਣੇ ਸਥਾਨ ਤੇ ਵਿਸ਼ਰਾਮ ਕਰੋ। ਖੇਤਾਂ ਵਿਚ ਬਹੁਤ ਫਸਲ ਹੋਈ ਹੈ, ਛੇ ਮਹੀਨਿਆਂ ਦੀ ਮੇਰੀ ਮਿਹਨਤ ਹੈ॥੨੦॥

ਜੇ ਕਰਿ ਮੈਂ ਨ ਜਾਉਂ ਇਸ ਕਾਲਾ। ਕੂਤ ਧਰਹਿ ਕਣ ਅੰਨ ਬਿਸਾਲਾ।
ਬਿਨਤੀ ਕਰਿ ਹੌਂ ਅੱਗ੍ਰ ਬਡੇਰੀ। ਲੇਉਂ ਛੁਟਾਇ ਅੰਨ ਇਸ ਬੇਰੀ॥ ੨੧ ॥

ਜੇ ਇਸ ਸਮੇਂ ਮੈਂ ਨਹੀਂ ਜਾਵਾਂਗਾ ਤਾਂ ਪਟਵਾਰੀ ਕੁਟਲਤਾ ਕਰਕੇ ਅੰਦਾਜ਼ੇ ਨਾਲ ਅਨਾਜ ਦੀ ਉਪਜ ਲਾ ਦੇਵੇਗਾ। ਮੈਂ ਤੁਹਾਡੇ ਅੱਗੇ ਵੱਡੀ ਬੇਨਤੀ ਕਰਦਾ ਹਾਂ, ਇਸ ਵਾਰ ਅੰਨ੍ਹ ਛੁਡਵਾ ਲਵਾਂਗਾ ॥੨੧॥

ਸ਼ਸਟ ਮਾਸ ਲੌ ਖਾਇ ਕੁਟੰਬ। ਜੀਵਹਿਂ ਸਭਿ ਹਮ ਤਿਸੈ ਅਲੰਬ।
ਏਕ ਜਾਮ ਕੋ ਕਾਮ ਅਹੈ ਸੋ। ਕਿਮ ਨ ਜਾਉਂ ਘਰ ਅੰਨ ਰਹੈ ਸੋ' ॥ ੨੨ ॥

ਛੇ ਮਹੀਨਿਆਂ ਤਕ ਪਰਿਵਾਰ ਅਨਾਜ ਖਾਵੇਗਾ, ਅਸੀਂ ਸਾਰੇ ਉਸ ਅਨਾਜ ਦੇ ਆਸਰੇ ਜੀਉਂਦੇ ਹਾਂ। ਕੇਵਲ ਇਕ ਪਹਿਰ ਦਾ ਉਹ ਕੰਮ ਹੈ, ਕਿਵੇਂ ਨਾ ਜਾਵਾਂਗਾ ਫਿਰ ਘਰ ਵਿਚ ਅੰਨ੍ਹ ਕਿਵੇਂ ਰਹੇਗਾ"॥੨੨॥

ਸੁਨਿ ਸਤਿਗੁਰ ਤਿਸ ਜਾਨਯੋਂ ਮੂਢਾ। ਨਹਿਂ ਸਮੁਝਤਿ ਮਨ ਆਸ਼ੈ ਗੂਢਾ।
ਤਊ ਕ੍ਰਿਪਾ ਕਰਿ ਪੁਨਹਿਂ ਬਖਾਨਾ। 'ਜੇ ਨ ਹਟਹਿਂ ਨਿਸ਼ਚੈ ਤਹਿਂ ਜਾਨਾ॥੨੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਨੂੰ ਮੂਰਖ ਜਾਣਿਆ, "ਇਹ ਸਮਝਦਾ ਨਹੀਂ ਇਸ ਦੇ ਮਨ ਵਿਚ ਗੂੜ੍ਹਾ ਆਸ਼ਾ ਹੈ, ਫਿਰ ਵੀ ਕਿਰਪਾ ਕਰਕੇ ਦੁਬਾਰਾ ਕਿਹਾ, "ਜੇ ਨਹੀਂ ਹਟੇਂਗਾ, ਤੂੰ ਜਾਣ ਦਾ ਨਿਸ਼ਚਾ ਕੀਤਾ ਹੈ॥੨੩॥

ਤੀਰ ਕਿਦਾਰ ਖਰੇ ਹੁਇ ਰਹੀਅਹਿ। ਬਿਨੈ ਆਦਿ ਕੁਛ ਬਾਕ ਨ ਕਹੀਅਹਿ।
ਹੋਵਹਿਂ ਸਤਿਗੁਰ ਤੋਹਿ ਸਹਾਇ। ਸੁਣਿ ਕਣ ਖੇਤ ਆਉ ਸਹਿਸਾਇ' ॥੨੪॥

ਤਾਂ ਖੇਤ ਦੇ ਕਿਨਾਰੇ ਤੇ ਖੜਾ ਹੋ ਰਹੋ, ਬਿਨੈ ਆਦਿ ਦਾ ਕੋਈ ਸ਼ਬਦ ਨਹੀਂ ਕਹਿਣਾ ਹੈ। ਸਤਿਗੁਰੂ ਜੀ ਤੇਰੇ ਸਹਾਇਕ ਹੋਣਗੇ, ਖੇਤ ਦੀ ਉਪਜ ਬਾਰੇ ਸੁਣ ਕੇ ਛੇਤੀ ਆ ਜਾਵੇਂ" ॥੨੪॥

ਮਾਨਯੋ ਬੈਨ ਪਯਾਨੋ ਕੀਨਾ। ਜਹਾਂ ਕੂਤ ਕੋ ਬਿਚਰਤਿ ਚੀਨਾ।
ਸਿਖ ਕਿਦਾਰ ਢਿਗ ਪਹੁਚਯੋ ਆਇ। ਛਿਤ ਕੋ ਮਿਨਤਿ ਸੁ ਇਤ ਉਤ ਜਾਇ॥੨੫॥

ਗੁਰੂ ਜੀ ਦਾ ਬਚਨ ਮੰਨ ਲਿਆ ਤੇ ਚਲੇ ਗਿਆ, ਜਿਥੇ ਉਪਜ ਦਾ ਅੰਦਾਜ਼ਾ ਲਾਉਣ ਵਾਲੇ ਫਿਰਦੇ ਵੇਖੇ। ਸਿੱਖ ਆਪਣੇ ਖੇਤ ਦੇ ਪਾਸ ਪਹੁੰਚ ਗਿਆ। ਜ਼ਮੀਨ ਦੀ ਗਿਣਤੀ ਕਰਦੇ ਪਟਵਾਰੀ ਏਧਰ ਓਧਰ ਜਾ ਰਹੇ ਸਨ॥੨੫॥

ਦੋ ਸੈ ਬੀਘੇ ਖੇਤ ਬਿਸਾਲਾ। ਸੋ ਜਾਨਜੋ ਮਿਨ ਕਰਿ ਤਿਸ ਕਾਲਾ।
ਲਿਖਨਿ ਲਗੇ ਤਬਿ ਜਾਟ ਸ਼ਰੀਕਾ। ਬੋਲਜੋ 'ਇਹ ਨ ਮਿਨੀ ਛਿਤ ਠੀਕਾ॥੨੬॥

ਦੋ ਸੌ ਵਿਘਿਆਂ ਦਾ ਵੱਡਾ ਖੇਤ ਸੀ, ਸੋ ਜਾਣਿਆ ਕਿ ਉਸ ਸਮੇਂ ਮਿਣਤੀ ਕਰਕੇ ਤਦ ਜੱਟ ਸ਼ਰੀਕ ਆਦਿ ਲਿਖਣ ਲੱਗੇ ਤਾਂ ਉਹ ਕਿਸਾਨ ਬੋਲਿਆ, "ਇਹ ਜ਼ਮੀਨ ਦੀ ਠੀਕ ਤਰ੍ਹਾਂ ਨਹੀਂ ਮਿਣਤੀ ਕੀਤੀ ਗਈ॥੨੬।

ਹੁਤੇ ਖੇਤ ਦੋ ਸੈ ਇਹ ਸਦਾ। ਕਰਤਿ ਰਹੇ ਕਣ ਕੋ ਜਦ ਕਦਾ।
ਅਬਿ ਕਿਮ ਕਮੀ ਉਤਾਰਨਿ ਕਰਜੋ। ਇਸ ਛਿਤ ਕੋ ਨਿਤ ਹਾਲਾ ਭਰਜੋ' ॥੨੭॥

ਇਹ ਖੇਤ ਸਦਾ ਹੀ ਦੋ ਸੌ ਵਿਘੇ ਹੁੰਦੇ ਹਨ, ਜਦ ਕਦੀ ਵੀ ਇਨ੍ਹਾਂ ਖੇਤਾਂ ਦੀ ਮਿਣਤੀ ਕੀਤੀ ਗਈ ਹੈ। ਹੁਣ ਕਿਵੇਂ ਇਹ ਜ਼ਮੀਨ ਘੱਟ ਗਈ ਹੈ, ਇਸ ਜ਼ਮੀਨ ਦਾ ਮੈਂ ਸਦਾ ਹੀ ਮਾਮਲਾ ਭਰਦਾ ਹਾਂ॥੨੭॥

ਮਿਨਨਹਾਰ ਕੋ ਕਾਹੂ ਕਹਜੋ। 'ਇਹ ਕਜਾ ਕਰਜੋ ਦਰਬ ਤੈਂ ਲਹਜੋ।
ਅਰਧ ਮਾਮਲਾ ਦਯੋ ਬਿਗਾਰ। ਭਰਿ ਲੈ ਹੈਂ ਤੁਝ ਕੋ ਬਹੁ ਮਾਰਿ' ॥੨੮॥

ਪਟਵਾਰੀ ਨੇ ਮਿਨਣ ਵਾਲੇ ਨੂੰ ਕਿਹਾ, "ਇਹ ਤੂੰ ਕੀ ਕੀਤਾ ਹੈ ਧਨ ਲਿਆ ਹੈ। ਅੱਧਾ ਮਾਮਲਾ ਵਿਗਾੜ ਦਿੱਤਾ ਹੈ, ਤੈਨੂੰ ਬਹੁਤ ਮਾਰ ਕੇ ਭਰ ਲਵਾਂਗੇ" ॥੨੮॥

ਸੁਨਿ ਕੈ ਕਹਜੋ ਰਿਦੈ ਡਰ ਕੀਨਿ। 'ਮੈਂ ਅਵਨੀ ਆਛੇ ਮਿਨ ਲੀਨਿ।
ਕਰਹੁ ਬਿਲੋਕਨਿ ਪੁਨ ਮੈਂ ਮਿਨੌਂ। ਚੋਕਸ ਹੋਇ ਭਲੀ ਬਿਧਿ ਗਿਨੌਂ ॥੨੯॥

ਉਸ ਨੇ ਸੁਣ ਕੇ ਕਿਹਾ ਤੇ ਹਿਰਦੇ ਵਿਚ ਡਰ ਮੰਨਿਆ, "ਮੈਂ ਧਰਤੀ ਚੰਗੀ ਤਰ੍ਹਾਂ ਮਿਣੀ ਹੈ, ਤੁਸੀਂ ਕਹੋ ਮੈਂ ਫਿਰ ਮਿਣ ਲੈਂਦਾ ਹਾਂ, ਚੌਕਸ ਹੋ ਕੇ ਭਲੀ ਪ੍ਰਕਾਰ ਗਿਣਤੀ ਕਰਾਂਗਾ" ॥੨੯॥

ਬਹੁਰ ਜੇਵਰੀ ਲਾਗੇ ਪਾਵਨਿ। ਅਪਰ ਕਰਜੋ ਨਰ ਏਕ ਮਿਲਾਵਨਿ।
ਸਨੇ ਸਨੇ ਨੀਕੇ ਪੁਨ ਮਿਨੀ। ਊਚੇ ਕਹਿ ਕਹਿ ਗਿਨਤੀ ਗਿਨੀ॥ ੩੦॥

ਫਿਰ ਜਰੀਬ ਪਾਉਣ ਲੱਗੇ, ਇਕ ਹੋਰ ਆਦਮੀ ਨੂੰ ਨਾਲ ਮਿਲਾ ਦਿੱਤਾ। ਹੌਲੀ-ਹੌਲੀ ਫਿਰ ਚੰਗੀ ਤਰ੍ਹਾਂ ਮਿਣਤੀ ਕੀਤੀ, ਉੱਚੀ ਬੋਲ-ਬੋਲ ਗਿਣਤੀ ਗਿਣੀ॥੩੦॥

ਸੋ ਸਿਖ ਖਰੋ ਲੋਕ ਸਮੁਦਾਏ। ਸੈ ਉਤਰੀ ਪੁਨ ਸੁਨਿ ਬਿਸਮਾਏ।
ਕਹਾਂ ਭਯੋ ਇਹ ਜਾਇ ਨਾ ਜਾਨੀ। ਮਿਨਨਹਾਰ ਕੋ ਖੋਟ ਪਛਾਨੀ॥ ੩੧॥

ਉਹ ਸਿੱਖ ਲੋਕਾਂ ਦੇ ਸਮੂਹ ਵਿਚ ਖੜਾ ਸੀ, ਫਿਰ ਸੌ ਦੀ ਗਿਣਤੀ ਪੂਰੀ ਸੁਣ ਕੇ ਹੈਰਾਨ ਹੋਇਆ, "ਇਹ ਕੀ ਹੋਇਆ ਹੈ, ਇਹ ਤਾਂ ਜਾਣਿਆ ਨਹੀਂ ਜਾਂਦਾ"। ਮਿਣਤੀ ਕਰਨ ਵਾਲੇ ਨੂੰ ਖੋਟਾ ਪਛਾਣਿਆ॥੩੧॥

ਬਰਖ ਅਨੇਕ ਮਿਨਤਿ ਇਸ ਰਹੇ। ਦੋ ਸੈ ਹੋਤਿ ਕਮੀ ਨਹਿਂ ਲਹੇ।
ਸਿਖ ਭੀ ਖਰਜੋ ਰਿਦੈ ਬਿਸਮਾਨਜੋਂ। ਤੂਸ਼ਨਿ ਠਾਨੇ ਕਛੁ ਨ ਬਖਾਨਜੋ॥ ੩੨॥

ਅਨੇਕਾਂ ਬਰਸਾਂ ਤਕ ਇਸ ਨੂੰ ਮਿਣਦੇ ਰਹੇ ਸਨ, ਦੋ ਸੌ ਗਿਣਤੀ ਹੁੰਦੀ ਸੀ, ਕਦੀ ਵੀ ਘੱਟ ਨਹੀਂ ਸੀ ਹੋਈ। ਸਿੱਖ ਵੀ ਖੜਾ ਹਿਰਦੇ ਵਿਚ ਬਹੁਤ ਹੈਰਾਨ ਹੋਇਆ, ਮੋਨ ਧਾਰ ਛੱਡੀ ਕੁਝ ਨਾ ਬੋਲਿਆ॥੩੨॥

ਭਯੋ ਨਰਨਿ ਮਹਿਂ ਦੀਰਘ ਝਗਰੋ। ਮਿਨ ਗਿਨ ਠਾਨਤਿ ਨਿਰਨੈ ਸਗਰੋ।
ਬਧਜੋ ਸੰਦੇਹ ਸਭਿਨਿ ਕੇ ਰਿਦੇ। ਮਿਨਨ ਲਗਜੋ ਕਾਛੂ ਪੁਨ ਤਦੇ॥ ੩੩॥

ਮਨੁੱਖਾਂ ਵਿਚ ਫਿਰ ਵੱਡੇ ਝਗੜੇ ਹੋ ਗਏ, ਮਿਣਤੀਆਂ ਗਿਣਤੀਆਂ ਕਰਕੇ ਸਾਰੇ ਨਿਰਣੇ ਕਰਦੇ ਸਨ। ਸਾਰਿਆਂ ਦੇ ਹਿਰਦਿਆਂ ਵਿਚ ਸ਼ੰਕਾ ਵਧ ਗਈ, ਪਟਵਾਰੀ ਫਿਰ ਦੁਬਾਰਾ ਮਿਣਨ ਲੱਗਾ॥੩੩॥

ਜਾਟ ਸ਼ਰੀਕ ਸੰਗ ਗਨ ਹੋਏ। ਗਿਨਹਿਂ ਜੇਵਰੀ ਕੋ ਸਭਿ ਕੋਏ।
ਅਤਿ ਚੋਕਸ ਹੁਇ ਖੇਤ ਮਝਾਰਾ। ਨੀਕੇ ਮਿਨਤਿ ਭਏ ਤਬਿ ਸਾਰਾ॥ ੩੪॥

ਕਈ ਸ਼ਰੀਕ ਜੱਟ ਨਾਲ ਹੋ ਗਏ, ਜਰੀਬ ਨੂੰ ਸਾਰੇ ਹੀ ਗਿਣਦੇ ਸਨ। ਖੇਤ ਵਿਚ ਅਤਿ ਚੋਕਸ ਹੋਏ ਸਨ, ਸਾਰੇ ਹੀ ਫਿਰ ਬਹੁਤ ਚੰਗੀ ਤਰ੍ਹਾਂ ਮਿਣਤੀ ਕਰ ਰਹੇ ਸਨ॥੩੪॥

ਦੋ ਸੈ ਕਹਤਿ ਸੁ ਝੂਠੇ ਪਰੇ। ਸੈ ਬੀਘੇ ਕੋ ਕਣ ਤਬਿ ਭਰੇ।
ਰਿਦੈ ਬਿਸੂਰਤਿ ਬਹੁ ਨਰ ਆਏ। ਗੁਰ ਪ੍ਰਤਾਪ ਲਖਿ ਸਿਖ ਮੁਦ ਪਾਏ॥ ੩੫॥

ਜਿਹੜੇ ਦੋ ਸੌ ਕਹਿੰਦੇ ਸੀ, ਉਹ ਝੂਠੇ ਪੈ ਗਏ, ਸੌ ਵਿਘੇ ਦਾ ਫਿਰ ਮਾਮਲਾ ਭਰਿਆ। ਬਹੁਤ ਲੋਕ ਮੁਰਝਾਏ ਹੋਏ ਚਿਹਰੇ ਲੈ ਕੇ ਆਏ, ਗੁਰੂ ਜੀ ਦਾ ਪ੍ਰਤਾਪ ਸਮਝ ਕੇ ਸਿੱਖ ਬਹੁਤ ਪ੍ਰਸੰਨ ਹੋਇਆ॥੩੫॥

ਆਇ ਆਪਨੇ ਸਦਨ ਪ੍ਰਵੇਸ਼ਾ। ਕਰਿ ਤਜਾਰੀ ਸਭਿ ਰੀਤਿ ਵਿਸ਼ੇਸ਼ਾ।
ਜਾਇ ਗੁਰੂ ਪਗ ਬੰਦਨ ਠਾਨੀ। ਪੁਨਹਿਂ ਬਾਰਤਾ ਸਕਲ ਬਖਾਨੀ॥ ੩੬॥

ਆ ਕੇ ਆਪਣੇ ਘਰ ਵਿਚ ਦਾਖਲ ਹੋਇਆ। ਸਭ ਰੀਤੀਆਂ ਨਾਲ ਵਿਸ਼ੇਸ਼ ਤਿਆਰੀਆਂ ਕੀਤੀਆਂ। ਜਾ ਕੇ ਫਿਰ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ, ਫਿਰ ਸਾਰੀ ਵਾਰਤਾ ਸੁਣਾਈ॥੩੬॥

ਸੁਨਿ ਤਿਸ ਕੋ ਸਤਿਗੁਰੂ ਬਖਾਨਤਿ। 'ਜੇ ਕਰਿ ਪ੍ਰਥਮ ਬਚਨ ਕੋ ਮਾਨਤਿ।
ਸਰਬ ਖੇਤ ਕੋ ਲੇਤਿ ਅਨਾਜ। ਸੁਧਰਤਿ ਜੇ ਨਿਕੇਤ ਕੇ ਕਾਜ॥ ੩੭॥

ਉਸ ਨੂੰ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਜੇ ਸਾਡੇ ਪਹਿਲੇ ਬਚਨ ਨੂੰ ਮੰਨ ਲੈਂਦਾ ਤਾਂ ਸਾਰੇ ਖੇਤ ਦਾ ਹੀ ਅਨਾਜ ਲੈ ਲੈਂਦਾ, ਜੇ ਏਥੇ ਰਹਿ ਕੇ ਘਰ ਦੇ ਕਾਰਜਾਂ ਦਾ ਸੁਧਾਰ ਕਰਦਾ॥੩੭॥

ਦੁਤੀ ਬਾਕ ਸ਼ਰਧਾ ਕਰਿ ਮਾਨਜੋ। ਅਰਧ ਕਾਜ ਭਾ ਆਧੋ ਹਾਨਜੋ।
ਸੁਨਿ ਮਹਿੰਮਾ ਗੁਰ ਕੀ ਬਹੁ ਜਾਨੀ। ਬਾਰਿ ਬਾਰਿ ਪਦ ਬੰਦਨ ਠਾਨੀ॥ ੩੮ ॥

ਦੂਸਰਾ ਬਚਨ ਤੂੰ ਸ਼ਰਧਾ ਕਰ ਕੇ ਮੰਨਿਆ, ਅੱਧਾ ਕਾਰਜ ਹੋ ਗਿਆ ਹੈ ਅੱਧਾ ਰਹਿ ਗਿਆ ਹੈ।" ਇਹ ਸੁਣ ਕੇ ਗੁਰੂ ਜੀ ਦੀ ਬਹੁਤ ਮਹਿਮਾ ਜਾਣੀ, ਬਾਰ ਬਾਰ ਚਰਨ ਕੰਵਲਾਂ ਤੇ ਬੰਦਨਾ ਕੀਤੀ॥੩੮॥

ਲੇ ਕਰਿ ਸੰਗ ਚਲਜੋ ਨਿਜ ਧਾਮੂ। ਕਰੇ ਉਤਾਰਨਿ ਦੇ ਬਿਰਰਾਮੂ।
ਬ੍ਰਿੱਛ ਅੰਬਲੀ ਕੋ ਘਰ ਮਾਂਹਿ। ਗੁਰ ਤੁਰੰਗ ਬੰਧਯੋ ਸੰਗ ਤਾਂਹਿ॥ ੩੯ ॥

ਗੁਰੂ ਜੀ ਨੂੰ ਲੈ ਕੇ ਆਪਣੇ ਘਰ ਵਲ ਚਲ ਪਿਆ, ਘਰ ਵਿਚ ਡੇਰਾ ਲਵਾ ਕੇ ਵਿਸ਼ਰਾਮ ਕਰਵਾਇਆ। ਘਰ ਵਿਚ ਇਕ ਇਮਲੀ ਦਾ ਬੂਟਾ ਸੀ, ਗੁਰੂ ਜੀ ਦਾ ਘੋੜਾ ਉਸਦੇ ਨਾਲ ਬੰਨ੍ਹ ਦਿੱਤਾ॥੩੯॥

ਸਜੰਦਨ ਆਦਿਕ ਸਾਦਰ ਸਾਰੇ। ਦੇ ਦੇ ਕਰਿ ਬਿਸਰਾਮ ਉਤਾਰੇ।
ਜਥਾ ਸ਼ਕਤਿ ਸਭਿ ਸੇਵਾ ਠਾਨੀ। ਲਜਾਇ ਵਹਿਰ ਤੇ ਨਿਰਮਲ ਪਾਨੀ॥੪੦॥

ਰੱਥ ਆਦਿ ਆਦਰਯੋਗ ਜੋ ਸਵਾਰ ਸਨ, ਉਨ੍ਹਾਂ ਨੂੰ ਉਤਾਰ ਕੇ ਵਿਸ਼ਰਾਮ ਕਰਵਾਇਆ। ਜਥਾ ਸ਼ਕਤੀ ਸਭ ਪ੍ਰਕਾਰ ਸੇਵਾ ਕੀਤੀ, ਬਾਹਰ ਤੋਂ ਨਿਰਮਲ ਪਾਣੀ ਲਿਆਂਦਾ॥੪੦॥

ਖਾਨ ਪਾਨ ਨੀਕੇ ਕਰਿਵਾਯੋ। ਸੁਪਤਿ ਜਥਾ ਸੁਖ ਸਮੈ ਬਿਤਾਯੋ।
ਨਿਸ ਬਿਸਰਾਮ ਉਠੇ ਲਖਿ ਜਾਮ। ਸੰਗੀ ਸਿਮਰਤਿ ਭੇ ਸਤਿਨਾਮੁ॥ ੪੧ ॥

ਖਾਣ ਪੀਣ ਚੰਗਾ ਕਰਵਾਇਆ, ਸੌਂ ਕੇ ਸੁਖ ਨਾਲ ਸਮਾਂ ਬਤੀਤ ਕੀਤਾ। ਇਕ ਪਹਿਰ ਰਾਤ ਰਹਿੰਦੀ ਵੇਖ ਕੇ ਵਿਸ਼ਰਾਮ ਕਰਕੇ ਉੱਠ ਪਏ। ਸਾਥੀ ਸਤਿਨਾਮ ਦਾ ਸਿਮਰਨ ਕਰ ਰਹੇ ਸਨ॥੪੧॥

ਸੌਚ ਸ਼ਨਾਨ ਧਜਾਨ ਕੋ ਲਾਇ। ਉਦੈ ਭਯੋ ਜਬਿਹੂੰ ਦਿਨਰਾਇ।
ਤਬਹਿ ਸਿੱਖ ਨਿਜ ਨਿਕਟਿ ਹਕਾਰਾ। ਸ਼੍ਰੇਯ ਹੇਤੁ ਉਪਦੇਸ਼ ਉਚਾਰਾ॥ ੪੨ ॥

ਸੌਚ ਇਸ਼ਨਾਨ ਕਰਕੇ ਧਿਆਨ ਲਾਇਆ, ਜਦ ਦਿਨ ਦਾ ਰਾਜਾ ਭਾਵ ਸੂਰਜ ਚੜ੍ਹ ਪਿਆ ਤਦ ਸਿੱਖ ਨੂੰ ਆਪਣੇ ਪਾਸ ਬੁਲਾਇਆ ਤੇ ਮੁਕਤੀ ਵਾਸਤੇ ਉਸ ਨੂੰ ਉਪਦੇਸ਼ ਦਿੱਤਾ॥੪੨॥

'ਗੰਦਾਧੂਮ ਬੰਸ ਤੇ ਤਜਾਗਹੁ। ਅਤਿ ਗਿਲਾਨ ਇਸ ਤੇ ਧਰਿ ਭਾਗਹੁ।
ਸਿਖ ਸੰਤਨਿ ਸੇਵਾ ਮਹਿੰ ਲਾਗਹੁ। ਅਚਹੁ ਵੰਡ ਕਰਿ ਕ੍ਰਿਤਿ ਅਨੁਰਾਗੋ॥ ੪੩ ॥

ਤੰਬਾਕੂ ਨੂੰ ਵੰਸ਼ ਵਿਚੋਂ ਤਿਆਗੋ, ਅਤੀ ਨਫਰਤ ਕਰਕੇ ਇਸ ਤੋਂ ਦੂਰ ਰਹੋ। ਸਿੱਖ ਸੰਤਾਂ ਦੀ ਸੇਵਾ ਵਿਚ ਲੱਗੋ। ਪ੍ਰੇਮ ਨਾਲ ਆਪਣੀ ਕ੍ਰਿਤ ਵੰਡ ਕੇ ਖਾਵੋ॥੪੩॥

ਦੁਹ ਲੋਕਨਿ ਮਹਿੰ ਗੁਰੂ ਸਹਾਇ। ਦੁਖ ਤੇ ਦੇਕਰਿ ਹਾਥ ਬਚਾਇੰ।
ਜਾਵਦ ਤਵ ਕੁਲ ਗੰਦਾ ਧੂਮ। ਤਜਾਗਹਿੰ, ਕ੍ਰਿਖੀ ਕਰਹਿੰ ਨਿਜ ਭੂਮ॥ ੪੪ ॥

ਦੋਹਾਂ ਲੋਕਾਂ ਵਿਚ ਗੁਰੂ ਜੀ ਤੁਹਾਡੇ ਸਹਾਈ ਹੋਣਗੇ, ਦੁਖ ਤੋਂ ਹੱਥ ਦੇ ਕੇ ਬਚਾ ਲੈਣਗੇ। ਜਦ ਤਕ ਤੁਹਾਡੀ ਕੁਲ ਵਿਚ ਗੰਦਾ ਤੰਬਾਕੂ ਹੈ, ਇਸ ਦਾ ਤਿਆਗ ਕਰੋ ਤੇ ਆਪਣੀ ਭੂਮੀ ਤੇ ਖੇਤੀ ਕਰੋ॥੪੪॥

ਵਧਹਿ ਅਧਿਕ ਤੁਮਰੇ ਧਨ ਧਾਨ। ਧਾਮ ਵਿਖੈ ਗੋ ਮਹਿਖ ਮਹਾਨ।
ਕਿਸੂ ਵਸਤੁ ਕੀ ਕਮੀ ਨ ਹੋਇ। ਸਭਿ ਸੁਖ ਪਾਇ ਬੰਸ ਮਹਿਂ ਜੋਇ॥ ੪੫॥

ਤੁਹਾਡੇ ਘਰ ਧਨ ਅਤੇ ਅਨਾਜ ਬਹੁਤ ਵਧੇਗਾ, ਘਰ ਵਿਚ ਬਹੁਤ ਗਊਆਂ ਅਤੇ ਮੱਝਾਂ ਹੋਣਗੀਆਂ। ਕਿਸੇ ਵਸਤੂ ਦੀ ਵੀ ਕਮੀ ਨਹੀਂ ਹੋਵੇਗੀ, ਤੁਹਾਡੀ ਵੰਸ਼ ਵਿਚ ਸਾਰੇ ਸੁੱਖ ਪਾਉਣਗੇ॥੪੫॥

ਗੰਦਾਧੂਮ ਕਰਹਿ ਜਬਿ ਪਾਨ। ਤਵ ਕੁਲ ਰੰਕ ਹੋਹਿ ਧਨ ਹਾਨਾ।
ਸੁਨਿ ਸਤਿਗੁਰ ਕੇ ਪਾਇਨਿ ਪਰਜੋ। ਗੁਰ ਉਪਦੇਸ਼ ਧਰਜੋ ਉਰ ਕਰਜੋ॥ ੪੬॥

ਜਦ ਵੀ ਤੰਬਾਕੂ ਪੀਵੋਗੇ, ਤੁਹਾਡਾ ਵੰਸ਼ ਗਰੀਬ ਹੋ ਜਾਵੇਗਾ ਤੇ ਧਨ ਦੀ ਹਾਨੀ ਹੋ ਜਾਵੇਗੀ।'' ਇਹ ਸੁਣਕੇ ਸਤਿਗੁਰੂ ਦੇ ਪੈਰੀਂ ਪੈ ਗਿਆ। ਗੁਰੂ ਜੀ ਦੇ ਉਪਦੇਸ਼ ਨੂੰ ਹਿਰਦੇ ਵਿਚ ਧਾਰਨ ਕੀਤਾ॥੪੬॥

ਕਹਿ ਕਵਿ ਸਿੰਘ ਬੰਸ ਤਿਸ ਕੇਰਾ। ਗ੍ਰਾਮ ਬਾਰਨੇ ਮਹਿਂ ਅਬਿ ਹੇਰਾ।
ਜਬਿ ਲੌ ਗੰਦਾਧੂਮ ਨ ਪੀਯੋ। ਤਬਿ ਲੌ ਘਰ ਮਹਿਂ ਸਭਿ ਕਿਛ ਥੀਯੋ॥ ੪੭॥

ਕਵੀ ਜੀ ਕਹਿੰਦੇ ਹਨ, ਉਸ ਕਿਸਾਨ ਦਾ ਸਿੰਘ ਵੰਸ਼ ਹੈ, ਮੈਂ ਪਿੰਡ ਬਾਰਨੇ ਵਿਚ ਜਾ ਕੇ ਹੁਣ ਵੇਖਿਆ ਹੈ। ਜਦ ਤਕ ਉਨ੍ਹਾਂ ਨੇ ਤੰਬਾਕੂ ਨਾ ਪੀਤਾ, ਤਦ ਤਕ ਘਰ ਵਿਚ ਸਭ ਕੁਝ ਹੁੰਦਾ ਸੀ॥੪੭॥

ਜੋ ਅਬਿ ਅਹੈ, ਕਰਜੋ ਤਿਨ ਪਾਨ। ਭਯੋ ਰੰਕ ਧਨ ਧਾਨ ਸੁ ਹਾਨਿ।
ਹਮ ਭੀ ਮਿਲਿ ਤਿਸ ਕੋ ਦੇ ਤ੍ਰਾਸ। ਖਾਨ ਹੇਤੁ ਅੰਨ ਨਹਿਂ ਜਿਸ ਪਾਸ॥ ੪੮॥

ਹੁਣ ਉਨ੍ਹਾਂ ਤੰਬਾਕੂ ਪੀਣਾ ਸ਼ੁਰੂ ਕਰ ਦਿੱਤਾ ਹੈ, ਬਹੁਤ ਗਰੀਬ ਹੋ ਗਏ ਹਨ, ਤੇ ਧਨ ਤੇ ਅਨਾਜ ਦਾ ਨੁਕਸਾਨ ਹੋਇਆ ਹੈ। ਅਸੀਂ ਵੀ ਮਿਲ ਕੇ ਉਨ੍ਹਾਂ ਨੂੰ ਡਰਾਇਆ ਹੈ, ਖਾਣ ਵਾਸਤੇ ਜਿਸਦੇ ਘਰ ਅੰਨ੍ਹ ਵੀ ਨਹੀਂ ਹੈ॥੪੮॥

ਗੰਦਾਧੂਮ ਪਿਯਨਿ ਤਜਿਵਾਯੋ। ਖੰਡੇ ਕੌ ਅੰਮ੍ਰਿਤ ਪੀਲਾਯੋ।
ਪੁਨ ਕਿਛ ਜਾਨਯੋਂ ਗਯੋ ਨ ਸੋਇ। ਰੰਕ ਰਹਜੋ ਕੈਧੋਂ ਧਨਿ ਹੋਇ॥ ੪੯॥

ਤੰਬਾਕੂ ਪੀਣਾ ਛਡਵਾਇਆ ਹੈ, ਤੇ ਖੰਡੇ ਦਾ ਅੰਮ੍ਰਿਤ ਪਿਲਾਇਆ ਹੈ। ਬਾਅਦ ਵਿਚ ਕੁਝ ਜਾਣਿਆ ਨਹੀਂ ਗਿਆ। ਉਹ ਗਰੀਬ ਰਿਹਾ ਹੈ ਜਾਂ ਧਨਵਾਨ ਹੋ ਗਿਆ ਹੈ॥੪੯॥

ਇਮ ਸਤਿਗੁਰ ਕੇ ਅਬਿਲੈ ਬੈਨ। ਬਿਦਤਿ ਅਹੈਂ ਜਗ ਦਿਖੀਅਤਿ ਨੈਨ।
ਦਿਨ ਦ੍ਵੈ ਤੀਨ ਕਰਜੋ ਗੁਰ ਡੇਰਾ। ਕਰਿ ਸਿਖ ਕੌ ਕੱਲਜਾਨ ਬਡੇਰਾ॥ ੫੦॥

ਇਸ ਤਰ੍ਹਾਂ ਸਤਿਗੁਰੂ ਦੇ ਕਹੇ ਹੋਏ ਬਚਨ ਹੁਣ ਤਕ ਪ੍ਰਗਟ ਹਨ ਜਗ ਆਪਣੀਆਂ ਅੱਖਾਂ ਨਾਲ ਵੇਖ ਰਿਹਾ ਹੈ। ਗੁਰੂ ਜੀ ਨੇ ਉਥੇ ਦੋ ਤਿੰਨ ਦਿਨ ਡੇਰਾ ਕੀਤਾ ਤੇ ਸਿੱਖ ਦਾ ਵੱਡਾ ਕਲਿਆਣ ਕੀਤਾ॥੫੦॥

*ਗਿਆਰ੍ਹਵੀਂ ਰਾਸ ਦਾ ਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੪॥*

❖❖❖

# ਅਧਿਆਇ ਪੰਜਤਾਲੀਵਾਂ

ਥਾਨੇਸਰ ਦਾ ਮੇਲਾ, ਬਣੀ ਬਦਰਪੁਰ

ਦੋਹਰਾ- ਗ੍ਰਾਮ ਬਾਰਨੇ ਤੇ ਗੁਰੂ ਕੀਨੋ ਅੱਗ੍ਰ ਪਯਾਨ।
ਸੇਤ ਸਜਤਿ ਪੋਸ਼ਿਸ਼ ਮਹਾਂ ਸੇਤ ਤੁਰੰਗ ਸੁਜਾਨ॥ ੧॥

ਪਿੰਡ ਬਾਰਨੇ ਤੋਂ ਗੁਰੂ ਜੀ ਅੱਗੇ ਚਲੇ ਗਏ, ਗੁਰੂ ਜੀ ਨੂੰ ਸਫੇਦ ਪੋਸ਼ਾਕ ਬਹੁਤ ਸ਼ੋਭਦੀ ਸੀ ਤੇ ਸਫੇਦ ਰੰਗ ਦਾ ਹੀ ਉਨ੍ਹਾਂ ਦਾ ਘੋੜਾ ਸ਼ੋਭ ਰਿਹਾ ਸੀ॥੧॥

ਚੌਪਈ-ਗਰ ਸ਼ਮਸ਼ੇਰ ਦੁਤਿਯ ਦਿਸ਼ਿ ਭਾਥਾ। ਅਧਿਕ ਕਠੋਰ ਸਰਾਸਨ ਹਾਥਾ।
ਸਭਿ ਸਮਾਜ ਯੁਤਿ ਪੰਥ ਪਧਾਰੇ। ਨਗਰ 'ਥਨੇਸਰ' ਆਇ ਅਗਾਰੇ॥੨॥

ਗਲ ਵਿਚ ਇਕ ਪਾਸੇ ਤਲਵਾਰ ਪਾਈ ਹੋਈ ਸੀ ਤੇ ਦੂਸਰੇ ਪਾਸੇ ਤੀਰਾਂ ਦਾ ਭੱਥਾ ਲਮਕ ਰਿਹਾ ਸੀ। ਚਲਦੇ-ਚਲਦੇ ਥਨੇਸਰ ਨਗਰ ਦੇ ਅੱਗੇ ਆ ਗਏ॥੨॥

ਖਸ਼ਟ ਕੋਸ ਥੋ ਮਗ ਉਲੰਘਾਏ। ਦੇਖਯੋ ਤੀਰਥ ਜਹਿਂ ਸਮੁਦਾਏ।
ਸੂਰਜ ਗ੍ਰਹਣ ਜਾਨਿ ਕਰਿ ਮੇਲਾ। ਚਹੁੰਦਿਸ਼ਿ ਤੇ ਨਰ ਭਯੋ ਸਕੇਲਾ॥੩॥

ਛੇ ਕੋਹ ਦਾ ਪੈਂਡਾ ਲੰਘ ਕੇ ਆ ਗਏ, ਉਥੇ ਤੀਰਥਾਂ ਦਾ ਸਮੂਹ ਵੇਖਿਆ। ਸੂਰਜ ਗ੍ਰਹਿਣ ਜਾਣ ਕੇ ਉਥੇ ਮੇਲਾ ਲੱਗਾ ਹੋਇਆ ਸੀ। ਚਾਰੇ ਪਾਸਿਆਂ ਤੋਂ ਮਨੁੱਖ ਇਕੱਠੇ ਹੋਏ ਸਨ॥੩॥

ਭੀਰ ਨਰਨਿ ਕੀ ਘਨੀ ਸੁ ਆਵਤਿ। ਜਹਿਂ ਕਹਿਂ ਨਰ ਡੇਰਾ ਨਿਜ ਪਾਵਤਿ।
ਪਹੁਚੇ ਸਤਿਗੁਰੁ ਪਿਖਹਿਂ ਸੁ ਥਾਨ। ਹਿਤ ਉਤਰਨਿ ਕੇ ਕਰਨਿ ਸ਼ਨਾਨ॥੪॥

ਵੱਡੀ ਗਿਣਤੀ ਵਿਚ ਮਨੁੱਖ ਇਕੱਠੇ ਹੋ ਕੇ ਆ ਰਹੇ ਸਨ, ਜਿਥੇ ਕਿਥੇ ਮਨੁੱਖਾਂ ਨੇ ਡੇਰੇ ਲਾਏ ਹੋਏ ਸਨ। ਸਤਿਗੁਰੂ ਜੀ ਵੀ ਉਥੇ ਪਹੁੰਚ ਗਏ ਤੇ ਇਸ਼ਨਾਨ ਕਰਨ ਵਾਸਤੇ ਉਤਾਰਾ ਕਰਨ ਲਈ ਇਕ ਸੁੰਦਰ ਅਸਥਾਨ ਵੇਖ ਰਹੇ ਸਨ ॥੪॥

ਪੁਰਿ ਤੇ ਉੱਤਰ ਕੀ ਦਿਸ਼ਿ ਗਏ। ਰਮਜ ਸਥਾਨ ਬਿਲੋਕਤਿ ਭਏ।
ਸੁੰਦਰ ਸਾਰਸੁਤੀ ਬਰ ਸਲਿਤਾ। ਪਾਵਨ ਜਲ ਕਬਿ ਕਬਿ ਸ਼ੁਭ ਚਲਤਾ॥੫॥

ਨਗਰ ਤੋਂ ਉੱਤਰ ਵਾਲੇ ਪਾਸੇ ਗਏ, ਸੁੰਦਰ ਸਥਾਨ ਵੇਖ ਰਹੇ ਸਨ। ਸੁੰਦਰ ਸਰਸਵਤੀ ਸ੍ਰੇਸ਼ਟ ਨਦੀ ਹੈ। ਪਵਿੱਤਰ ਜਲ ਕਦੀ-ਕਦੀ ਚਲਦਾ ਹੈ॥੫॥

ਤਿਹ ਸਥਾਨ ਤੀਰਥ ਅਭਿਰਾਮ। ਬਿਦਤ ਜਗਤ ਮਹਿਂ ਲਖੀਯਤਿ ਨਾਮ।
ਤਿਸ ਕੇ ਤੀਰ ਉਤਰਿ ਥਲ ਟੋਰਾ। ਧਰ ਪਰ ਖਰੇ ਭਏ ਤਜਿ ਘੋਰਾ॥੬॥

ਉਸ ਸਥਾਨ ਤੇ ਸੁੰਦਰ ਤੀਰਥ ਹੈ, ਜਗਤ ਵਿਚ ਪ੍ਰਸਿੱਧ ਹੈ ਤੇ ਸਾਰੇ ਨਾਮ ਜਾਣਦੇ ਹਨ। ਉਸ ਦੇ ਕਿਨਾਰੇ ਤੇ ਇਕ ਥਾਂ ਲਭਾ ਤੇ ਉਥੇ ਜਾ ਕੇ ਘੋੜੇ ਤੋਂ ਉਤਰ ਕੇ ਧਰਤੀ ਤੇ ਖੜੇ ਹੋ ਗਏ॥੬॥

ਤੀਰ ਤੀਰ ਤੀਰਥ ਗਨ ਜਾਨੇ। ਸ਼੍ਰੀ ਗੁਰਦੇਵ ਹੇਰਿ ਹਰਖਾਨੇ।
ਸਭਿ ਨਰ ਆਏ ਸਿਵਰ ਲਗਾਯੋ। ਤ੍ਰਿਣ ਅੰਨਾਦਿਕ ਤਬਹਿ ਮੰਗਾਯੋ॥੭॥

ਨਦੀ ਦੇ ਕਿਨਾਰੇ-ਕਿਨਾਰੇ ਬਹੁਤ ਤੀਰਥ ਜਾਣੇ ਜਾਂਦੇ ਹਨ। ਸ੍ਰੀ ਗੁਰੂ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ। ਸਭ ਮਨੁੱਖਾਂ ਨੇ ਆ ਕੇ ਤੰਬੂ ਲਾਏ, ਘਾਹ ਤੇ ਅਨਾਜ ਆਦਿ ਤਦ ਮੰਗਵਾਇਆ॥੭॥

ਨਿਸਾ ਬਾਸ ਕੌ ਸਤਿਗੁਰੁ ਕਰਿਕੈ। ਰਹੀ ਜਾਮ ਜਾਗ੍ਰਤ ਕੋ ਧਰਿ ਕੈ।
ਸੌਚ ਸ਼ਨਾਨ ਕੀਨਿ ਪੁਨ ਧਜਾਨੂ। ਬੈਠੇ ਰਹੇ ਉਦਜੋ ਪੁਨ ਭਾਨੂ॥ ੮॥

ਰਾਤ ਨੂੰ ਉਥੇ ਰਹਿ ਕੇ ਤੇ ਪਹਿਰ ਰਾਤ ਰਹਿੰਦਿਆਂ ਜਾਗ ਕੇ ਸੌਚ ਇਸ਼ਨਾਨ ਕਰਕੇ ਫਿਰ ਧਿਆਨ ਲਾ ਕੇ ਬੈਠੇ ਰਹੇ। ਫਿਰ ਸੂਰਜ ਉਦੇ ਹੋਇਆ॥੮॥

ਸੁਧਿ ਮੇਲੇ ਮਹਿਂ ਜਹਿਂ ਕਹਿਂ ਹੋਈ। ਦੇਖਨਿ ਕਾਰਨ ਚਹਿਂ ਚਿਤ ਸੋਈ।
ਆਇ ਬਿਲੋਕਤਿ ਪਾਵਨ ਦਰਸ਼ਨ। ਸੀਸ ਨਿਵਾਇ ਕਰਹਿਂ ਪਗ ਪਰਸਨ॥੯॥

ਜਿਥੇ ਕਿਥੇ ਗੁਰੂ ਜੀ ਬਾਰੇ ਮੇਲੇ ਵਿਚ ਖਬਰ ਫੈਲ ਗਈ, ਲੋਕ ਚਿੱਤ ਵਿਚ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ। ਆ ਕੇ ਪਵਿੱਤਰ ਦਰਸ਼ਨ ਕਰਦੇ ਸਨ ਤੇ ਸਿਰ ਨਿਵਾ ਕੇ ਚਰਨਾਂ ਨੂੰ ਪਰਸਦੇ ਸਨ॥ ੯॥

ਕਹੈਂ 'ਭਏ ਦ੍ਵੈ ਕਾਜ ਭਲੇਰੇ। ਮੱਜਨ ਕਰਨਿ ਅਪਰ ਗੁਰੁ ਹੇਰੇ'।
ਜਜੋਂ ਜਜੋਂ ਸੁਨਹਿਂ ਸਿੱਖਜ ਬਿਚ ਮੇਲੇ। ਤਜੋਂ ਤਜੋਂ ਆਵਤਿ ਬ੍ਰਿੰਦ ਸਕੇਲੇ॥੧੦॥

ਫਿਰ ਉਹ ਕਹਿਣ ਲੱਗੇ, "ਦੋ ਕਾਜ ਭਲੇ ਹੋਏ ਹਨ, ਇਕ ਪਵਿੱਤਰ ਇਸ਼ਨਾਨ ਕੀਤਾ ਹੈ ਦੂਸਰੇ ਗੁਰੂ ਜੀ ਦੇ ਪਵਿੱਤਰ ਦਰਸ਼ਨ ਕੀਤੇ ਹਨ।" ਜਿਵੇਂ ਜਿਵੇਂ ਮੇਲੇ ਵਿਚ ਸਿੱਖ ਸੁਣਦੇ ਸਨ, ਤਿਵੇਂ ਤਿਵੇਂ ਇਕੱਠੇ ਹੋ ਕੇ ਆ ਰਹੇ ਸਨ॥੧੦॥

ਬੰਦਨ ਕਰਹਿਂ ਚਹੂੰ ਦਿਸ਼ਿ ਖਰੇ। ਬੈਠੇ ਬ੍ਰਿੰਦ ਸਭਾ ਕੋ ਭਰੇ।
ਜਿਸ ਦਿਸ਼ਿ ਪ੍ਰੇਰਤਿ ਦ੍ਰਿਸ਼ਟਿ ਗੁਸਾਈਂ। ਅਨਿਕ ਨਰਨਿ ਪਰ ਸਹਿਜ ਸੁਭਾਈ॥੧੧॥

ਚਾਰੇ ਪਾਸੇ ਖੜੇ ਹੋ ਕੇ ਬੰਦਨਾ ਕਰਦੇ ਸਨ, ਕਈ ਬੈਠ ਕੇ ਸਭਾ ਨੂੰ ਭਰਦੇ ਸਨ। ਜਿਸ ਪਾਸੇ ਵੀ ਗੁਰੂ ਜੀ ਦ੍ਰਿਸ਼ਟੀ ਪਾਉਂਦੇ ਸਨ, ਸਹਿਜ ਸੁਭਾਅ ਹੀ ਅਨੇਕ ਪੁਰਸ਼ਾਂ ਨੂੰ ਵੇਖਦੇ ਸਨ॥੧੧॥

ਤਿਸ ਦਿਸ਼ਿ ਨੰਮ੍ਰਿ ਸੀਸ ਗਨ ਹੋਵੈਂ। ਭਰੇ ਪ੍ਰੇਮ ਠਾਂਢੇ ਸਭਿ ਜੋਵੈਂ।
ਗੁਰੁ ਕੋ ਫੈਲਜੋ ਸੁਜਸੁ ਵਿਸ਼ੇਖਾ। ਸੁਨਿ ਕਿਨ ਰੂਪ ਪ੍ਰਥਮ ਹੀ ਦੇਖਾ॥ ੧੨॥

ਉਸ ਪਾਸ ਹੀ ਅਨੇਕਾਂ ਲੋਕਾਂ ਦੇ ਸੀਸ ਨਿੰਮਰ ਹੋ ਜਾਂਦੇ ਸੀ। ਪ੍ਰੇਮ ਨਾਲ ਭਰੇ ਲੋਕ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਗੁਰੂ ਜੀ ਦਾ ਸ੍ਰੇਸ਼ਟ ਜੱਸ ਬਹੁਤ ਫੈਲਿਆ, ਸੁਣ ਕੇ ਕਿਸੇ ਨੇ ਗੁਰੂ ਜੀ ਦਾ ਸਰੂਪ ਪਹਿਲੀ ਵਾਰ ਵੇਖਿਆ ਸੀ॥੧੨॥

ਬੂਝਹਿਂ ਭਨਹਿਂ ਪਰਸਪਰ ਕੇਈ। 'ਸ਼੍ਰੀ ਨਾਨਕ ਗਾਦੀ ਪਰ ਏਈ।
ਸਕਲ ਕਲਾ ਸਮਰਥ ਗੁਰਦੇਵ। ਰੀਝਹਿਂ ਹੇਰਿ ਪ੍ਰੇਮ ਕੀ ਸੇਵ॥ ੧੩॥

ਕਈ ਪੁੱਛਕੇ ਆਪਸ ਵਿਚ ਕਹਿੰਦੇ ਸਨ, "ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਹੁਣ ਇਹ ਗੁਰੂ ਜੀ ਬੈਠੇ ਹਨ। ਗੁਰੂ ਜੀ ਸਰਬ ਕਲਾ ਸਮਰੱਥ ਹਨ, ਪ੍ਰੇਮ ਦੀ ਸੇਵਾ ਵੇਖ ਕੇ ਰੀਝ ਪੈਂਦੇ ਹਨ॥੧੩॥

ਕਰਹਿਂ ਨਿਹਾਲ ਸ਼ਕਤਿ ਕੇ ਦਾਨੀ। ਦੁਹੂੰ ਲੋਕ ਮਹਿਂ ਸੰਕਟ ਹਾਨੀ'।
ਇੱਤਜਾਦਿਕ ਮਹਿਮਾ ਕਹੁ ਕਹੇਂ। ਇਕ ਆਵਤਿ ਇਕ ਜਾਵਤਿ ਲਹੇ॥੧੪॥

ਨਿਹਾਲ ਕਰ ਦਿੰਦੇ ਹਨ ਤੇ ਸ਼ਕਤੀ ਦੇ ਦਾਤਾ ਹਨ, ਦੋਵਾਂ ਲੋਕਾਂ ਦੇ ਸੰਕਟ ਦੂਰ ਕਰਦੇ ਹਨ।" ਇਸ ਤਰ੍ਹਾਂ ਗੁਰੂ ਜੀ ਦੀ ਮਹਿਮਾ ਕਰਦੇ ਸਨ। ਇਕ ਆਉਂਦਾ ਤੇ ਇਕ ਜਾਂਦਾ ਸੀ॥੧੪॥

ਇਸ ਬਿਧਿ ਦੇ ਦਰਸ਼ਨ ਗੁਰੁ ਧੀਰ। ਭਰੀ ਰਹੈ ਸਭਿ ਬਾਸੁਰ ਭੀਰ।
ਕੇਤਿਕ ਸੰਤ ਸਕਲ ਮਤ ਕੇਰੇ। ਮਿਲਹਿਂ ਬਿਠਾਵਹਿਂ ਤਿਨ ਕਉ ਨੇਰੇ॥ ੧੫॥

ਇਸ ਪ੍ਰਕਾਰ ਗੁਰੂ ਜੀ ਦੇ ਦਰਸ਼ਨ ਧੀਰਜ ਬਖਸ਼ਦੇ ਸਨ, ਸਾਰਾ ਦਿਨ ਭੀੜ ਲੱਗੀ ਰਹਿੰਦੀ ਸੀ। ਕਈ ਚੰਗੀ ਬੁੱਧੀ ਵਾਲੇ ਸੰਤ ਮਹਾਤਮਾ ਆ ਕੇ ਮਿਲਦੇ ਸਨ, ਉਨ੍ਹਾਂ ਨੂੰ ਆਪਣੇ ਪਾਸ ਬਿਠਾਉਂਦੇ ਸਨ॥੧੫॥

ਸੁਭ ਸੰਬਾਦ ਸ਼ਾਂਤਕੀ ਕਰੈਂ। ਜਿਸ ਤੇ ਸ੍ਰੀ ਪ੍ਰਭੁ ਕਰੁਨਾ ਧਰੈਂ।
ਸੁਨਿ ਸੁਨਿ 'ਧੰਨ ਧੰਨਾ' ਕਹਿ ਜਾਤਿ। ਕਰੈਂ ਸਰਾਹਨਿ ਕੀ ਬਹੁ ਬਾਤ॥੧੬॥

ਸ਼ੁਭ ਸ਼ਾਂਤੀ ਦੇਣ ਵਾਲੀ ਗੱਲ-ਬਾਤ ਕਰਦੇ ਸਨ, ਜਿਸ ਤੇ ਪ੍ਰਭੂ ਜੀ ਕਿਰਪਾ ਧਾਰਨ ਕਰਦੇ ਸਨ। ਸੁਣ ਕੇ 'ਧੰਨ ਧੰਨ' ਕਹਿ ਕੇ ਚਲੇ ਜਾਂਦੇ ਸਨ ਤੇ ਸ਼ਲਾਘਾ ਦੀਆਂ ਬਹੁਤ ਗੱਲਾਂ ਕਰਦੇ ਸਨ॥੧੬॥

ਕੇਤਿਕ ਸਾਧ ਨੰਮ੍ਰਿਤਾ ਧਰੈਂ। ਸ੍ਰੀ ਗੁਰ ਸਾਥ ਬੂਝਿਬੋ ਕਰੈਂ।
'ਪ੍ਰਭੁ ਜੀ! ਇਹ ਮੇਲਾ ਕਰਿ ਆਛੇ। ਬਹੁਰ ਗਮਨ ਕੋ ਕਿਤ ਦਿਸ਼ਿ ਬਾਂਛੇ?॥੧੭॥

ਕਈ ਸਾਧ ਨਿੰਮ੍ਰਤਾ ਧਾਰਨ ਕਰਦੇ ਸਨ, ਤੇ ਗੁਰੂ ਜੀ ਪਾਸੋਂ ਪੁੱਛਦੇ ਸਨ, "ਹੇ ਪ੍ਰਭੂ ਜੀ! ਇਹ ਮੇਲਾ ਚੰਗੀ ਤਰ੍ਹਾਂ ਕਰਕੇ ਫਿਰ ਕਿਸ ਪਾਸੇ ਆਪ ਜੀ ਦੀ ਜਾਣ ਦੀ ਇੱਛਾ ਹੈ?॥੧੭॥

ਮੱਦ੍ਰ ਦੇਸ਼ ਕੋ ਕਰਹੁ ਪਯਾਨਾ?। ਕੈਧੌਂ ਆਨ ਥਾਨ ਕੋ ਜਾਨਾ?'।
ਸੁਨਿ ਸ੍ਰੀ ਤੇਗ ਬਹਾਦਰ ਭਾਖਾ। 'ਤੀਰਥ ਕਰਿਬੇ ਕੀ ਅਭਿਲਾਖਾ॥੧੮॥

ਪੰਜਾਬ ਦੇਸ਼ ਵਲ ਚਲੋਗੇ? ਜਾਂ ਕਿਸੇ ਹੋਰ ਸਥਾਨ ਵਲ ਜਾਣਾ ਹੈ?" ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਤੀਰਥਾਂ ਤੇ ਜਾਣ ਦੀ ਅਭਿਲਾਸ਼ਾ ਹੈ॥੧੮॥

ਪੂਰਬ ਦਿਸ਼ਾ ਪੁੰਜ ਥਲ ਪਾਵਨ। ਕਰਹਿਂ ਅਨੇਕਨਿ ਮਹਿਂ ਬਰ ਨ੍ਹਾਵਨ।
ਬ੍ਰਹਮਪੁੱਤ੍ਰ ਲੌ ਤੀਰਥ ਘਨੇ। ਸਨੇ ਸਨੇ ਕਰਿਹਹਿਂ ਸੁਖ ਸਨੇ॥੧੯॥

ਪੂਰਬ ਵਾਲੇ ਪਾਸੇ ਬਹੁਤ ਪਵਿੱਤਰ ਸਥਾਨ ਹਨ, ਅਨੇਕਾਂ ਤੀਰਥਾਂ ਵਿਚ ਸ੍ਰੇਸ਼ਟ ਇਸ਼ਨਾਨ ਕਰਾਂਗੇ। ਬ੍ਰਹਮਪੁੱਤਰ ਤਕ ਬਹੁਤ ਤੀਰਥ ਹਨ, ਹੌਲੀ-ਹੌਲੀ ਸਾਰੇ ਹੀ ਸੁਖ ਸਹਿਤ ਇਸ਼ਨਾਨ ਕਰਾਂਗੇ॥੧੯॥

ਜਮਨਾ, ਸੁਰਸਰਿ ਪੁਨ ਪਰਯਾਗ। ਆਦਿ ਗਯਾ ਜਿਨ ਤੇ ਅਘ ਭਾਗ।
ਇਮ ਸਤਿਗੁਰੁ ਤੇ ਸੁਨਿ ਹਰਖਾਏ। ਕਹੈਂ 'ਸਾਥ ਹਮ ਉੱਤਮ ਪਾਏ॥੨੦॥

ਜੇਮਨਾ, ਗੰਗਾ ਤੇ ਪਰਿਆਗ ਆਦਿ 'ਗਇਆ' ਜਿਨ੍ਹਾਂ ਵਿਚ ਇਸ਼ਨਾਨ ਕਰਨ ਨਾਲ ਪਾਪ ਦੂਰ ਹੋ ਜਾਂਦੇ ਹਨ।" ਇਸ ਤਰ੍ਹਾਂ ਸਤਿਗੁਰੂ ਜੀ ਪਾਸੋਂ ਸੁਣ ਕੇ ਉਹ ਬਹੁਤ ਪ੍ਰਸੰਨ ਹੋਏ, ਕਹਿਣ ਲੱਗੇ, "ਅਸੀਂ ਬੜਾ ਉੱਤਮ ਸਾਥ ਪਾਇਆ ਹੈ॥੨੦॥

*ਨੋਟ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ ਕਿ ਤੀਰਥ ਸਾਧੂ ਦੀ ਧੂੜ ਮੰਗਦੇ ਹਨ, ਇਸ ਲਈ ਗੁਰੂ ਤੇਗ ਬਹਾਦਰ ਜੀ ਜਿਹਤੇ ਸਾਧੂਆਂ ਦੇ ਸ੍ਰੋਮਣੀ ਸਨ ਤੀਰਥਾਂ ਨੂੰ ਪਵਿੱਤਰ ਕਰਨ ਤੇ ਸੰਗਤਾਂ ਨੂੰ ਤਾਰਨ ਗਏ ਸਨ।*

ਨਿਤ ਰਾਵਰ ਕੋ ਦਰਸ਼ਨ ਦਰਸੈਂ। ਪਾਵਨ ਤੀਰਥ ਬ੍ਰਿੰਦਨਿ ਪਰਸੈਂ।
ਦੇਸ਼ ਅਨੇਕਨਿ ਕੀ ਕਰਿ ਸੈਲ। ਰਹੈਂ ਸੁਖਾਲੇ ਤੁਮਰੇ ਗੈਲ'॥੨੧॥

ਨਿਤ ਆਪ ਜੀ ਦੇ ਦਰਸ਼ਨ ਕਰਾਂਗੇ, ਪਵਿੱਤਰ ਤੀਰਥ ਵਿਚ ਇਸ਼ਨਾਨ ਕਰਾਂਗੇ। ਅਨੇਕ ਦੇਸ਼ਾਂ ਦੀ ਸੈਰ ਕਰਾਂਗੇ, ਤੁਹਾਡੇ ਨਾਲ ਬਹੁਤ ਸੌਖੇ ਰਹਾਂਗੇ"॥੨੧॥

ਤੀਰਥ ਜਾਤ੍ਰਾ ਕੋ ਗੁਰੁ ਜਾਹਿਂ। ਬਿਦਤ ਭਈ ਸਭਿ ਸਾਧਨਿ ਮਾਂਹਿ।
ਮੁਦਿਤ ਹੋਇ ਕਰਿ ਰਿਦੇ ਘਨੇਰੇ। ਆਨਿ ਮਿਲੇ ਸਤਿਗੁਰੁ ਕੇ ਡੇਰੇ॥੨੨॥

ਗੁਰੂ ਜੀ ਤੀਰਥ ਯਾਤਰਾ ਨੂੰ ਜਾ ਰਹੇ ਹਨ, ਇਹ ਗੱਲ ਸਾਰੇ ਸਾਧੂਆਂ ਵਿਚ ਪ੍ਰਗਟ ਹੋ ਗਈ। ਹਿਰਦੇ ਵਿਚ ਬਹੁਤ ਪ੍ਰਸੰਨ ਹੋ ਕੇ ਸਾਰੇ ਸਤਿਗੁਰੂ ਜੀ ਦੇ ਡੇਰੇ ਵਿਚ ਆ ਮਿਲੇ॥੨੨॥

ਇਕ ਦੁਇ ਦਿਨ ਬੀਤੇ ਇਸ ਭਾਇ। ਸਮਾ ਗ੍ਰਹਣ ਕੋ ਪਹੁੰਚਯੋ ਆਇ।
ਪਾਵਨ ਜਲ ਮੱਜੇ ਤਿਸ ਬੇਰੇ। ਦਯੋ ਦਿਜਨਿ ਕੋ ਦਾਨ ਘਨੇਰੇ॥ ੨੩॥

ਇਸ ਪ੍ਰਕਾਰ ਇਕ ਦੋ ਦਿਨ ਬੀਤ ਗਏ ਤੇ ਗ੍ਰਹਿਣ ਦਾ ਸਮਾਂ ਆ ਪਹੁੰਚਾ। ਉਸ ਸਮੇਂ ਪਵਿੱਤਰ ਜਲ ਵਿਚ ਇਸ਼ਨਾਨ ਕਰਦੇ ਸਨ ਤੇ ਬ੍ਰਾਹਮਣਾਂ ਨੂੰ ਬਹੁਤ ਦਾਨ ਕਰਦੇ ਸਨ॥੨੩॥

ਜੋ ਜੋ ਦਿਜ ਗੁਰ ਢਿਗ ਜਬਿ ਆਯੋ। ਪਾਇ ਦਾਨ ਦਾਰਿਦ੍ਰ ਗਵਾਯੋ।
ਆਸ਼ਿਖ ਦੇਤਿ ਮੁਦਿਤ ਮਨ ਹੋਇ। ਕਹਤਿ ਰਹੇ ਕੀਰਤਿ ਬਰ ਸੋਇ॥ ੨੪॥

ਜਿਹੜਾ-ਜਿਹੜਾ ਵੀ ਬ੍ਰਾਹਮਣ ਜਦ ਗੁਰੂ ਜੀ ਪਾਸ ਆਉਂਦਾ ਸੀ ਉਹ ਦਾਨ ਪਾਉਂਦਾ ਸੀ ਤੇ ਉਸ ਦੀ ਗ਼ਰੀਬੀ ਦੂਰ ਹੋ ਜਾਂਦੀ ਸੀ। ਉਹ ਬ੍ਰਾਹਮਣ ਫਿਰ ਖ਼ੁਸ਼ ਹੋ ਕੇ ਗੁਰੂ ਜੀ ਨੂੰ ਅਸੀਸਾਂ ਦਿੰਦੇ ਸਨ ਤੇ ਫਿਰ ਉਹ ਸ੍ਰੇਸ਼ਟ ਕੀਰਤੀ ਕਹਿੰਦੇ ਸਨ॥੨੪॥

ਰਵਿ ਨਿਰਮਲ ਤੇ ਬਹੁਰ ਸ਼ਨਾਨੇ। ਹੁਤੋ ਜੁ ਪਾਸ ਦੀਨਿ ਸਭਿ ਦਾਨੇ।
ਪੁਨ ਡੇਰੇ ਮਹਿਂ ਆਨਿ ਗੁਸਾਈਂ। ਖਾਨ ਪਾਨ ਸ਼ੁਭ ਕੀਨਿ ਬਨਾਈ॥ ੨੫॥

ਗ੍ਰਹਿਣ ਹੱਟ ਜਾਣ ਤੇ ਬਾਅਦ ਵਿਚ ਇਸ਼ਨਾਨ ਕੀਤਾ, ਜਿਹੜੇ ਲੋਕ ਵੀ ਪਾਸ ਸਨ, ਉਨ੍ਹਾਂ ਨੂੰ ਦਾਨ ਦਿੱਤਾ। ਫਿਰ ਗੁਰੂ ਜੀ ਆਪਣੇ ਡੇਰੇ ਵਿਚ ਆ ਗਏ। ਸ਼ੁਭ ਖਾਣ ਪੀਣ ਕੀਤਾ॥੨੫॥

ਨਿਸਾ ਬਾਸ ਕਰਿ ਪ੍ਰਾਤਿ ਬਹੋਰੀ। ਗਨ ਤੀਰਥ ਮੱਜੇ ਸਭਿ ਠੌਰੀ।
ਇਕ ਦੁਇ ਦਿਨ ਬਸਿ ਬਹੁਰ ਬਿਤਾਏ। ਪੁਨ ਸਤਿਗੁਰ ਤਯਾਰੀ ਕਰਿਵਾਏ॥੨੬॥

ਰਾਤ ਵੱਸ ਕੇ ਫਿਰ ਸਵੇਰ ਹੋ ਗਈ, ਸਾਰੇ ਤੀਰਥਾਂ ਤੇ ਸਭ ਥਾਂ ਇਸ਼ਨਾਨ ਕੀਤਾ। ਇਕ ਦੋ ਦਿਨ ਹੋਰ ਬਤੀਤ ਕੀਤੇ। ਫਿਰ ਸਤਿਗੁਰੂ ਜੀ ਨੇ ਤਿਆਰੀ ਕਰਵਾਈ॥੨੬॥

ਕੇਤਿਕ ਸਿੱਖ ਮਿਲੇ ਸੰਗ ਆਇ। ਅਧਿਕ ਲਾਭ ਕੋ ਉਰ ਲਖਿ ਪਾਇ।
ਗੁਰੁ ਦਰਸ਼ਨ ਅਰੁ ਤੀਰਥ ਨ੍ਹਾਨ। ਇਸ ਤੇ ਅਪਰ ਨ ਬਡ ਕੱਲਯਾਨ॥ ੨੭॥

ਕਈ ਸਿੱਖ ਆ ਕੇ ਨਾਲ ਮਿਲ ਗਏ, ਉਹ ਆਪਣੇ ਦਿਲ ਵਿਚ ਜ਼ਿਆਦਾ ਲਾਭ ਬਾਰੇ ਜਾਣ ਗਏ। ਗੁਰੂ ਦਰਸ਼ਨ ਅਤੇ ਤੀਰਥ ਇਸ਼ਨਾਨ, ਇਸ ਤੋਂ ਵੱਡਾ ਹੋਰ ਕੋਈ ਕਲਿਆਣ ਨਹੀਂ ਹੈ॥੨੭॥

ਕਿਤਿਕ ਤੁਰੰਗਨਿ ਪਰ ਚਢਿ ਆਏ। ਇਮ ਨਰ ਭਏ ਆਨਿ ਸਮੁਦਾਏ।
ਚਢੇ ਥਨੇਸਰ ਤੇ ਗੁਰੁ ਪੂਰੇ। ਮਨ ਬਾਂਛਤਿ ਪਹੁੰਚਨਿ ਕੋ ਦੂਰੇ॥ ੨੮॥

ਕਈ ਘੋੜਿਆਂ ਤੇ ਚੜ੍ਹ ਕੇ ਆਏ, ਇਸ ਤਰ੍ਹਾਂ ਬਹੁਤ ਮਨੁੱਖ ਆ ਇਕੱਠੇ ਹੋਏ। ਪੂਰਨ ਗੁਰੂ ਥਨੇਸਰ ਤੋਂ ਘੋੜੇ 'ਤੇ ਚੜ੍ਹ ਗਏ। ਮਨ ਵਿਚ ਦੂਰ ਪਹੁੰਚਣ ਦੀ ਇੱਛਾ ਸੀ॥੨੮॥

ਕੋਸ ਇਕਾਦਸ਼ ਕੀਨਿ ਪਯਾਨਾ। 'ਬਣੀ ਬਦਰਪੁਰ' ਏਕ ਸਥਾਨਾ।
ਤਹਾਂ ਜਾਇ ਕਰਿ ਕੀਨਸਿ ਡੇਰਾ। ਗੁਰਦ੍ਵਾਰਾ ਤਹਿਂ ਅਬਿ ਹਮ ਹੇਰਾ॥ ੨੯॥

ਜਦ ਗਿਆਰਾਂ ਕੋਹ ਦਾ ਵੱਡਾ ਪੈਂਡਾ ਤੈਹ ਕੀਤਾ ਤਾਂ 'ਬਣੀ ਬਦਰਪੁਰ' ਇਕ ਸਥਾਨ ਆਇਆ। ਉਥੇ ਜਾ ਕੇ ਗੁਰੂ ਜੀ ਨੇ ਡੇਰਾ ਕੀਤਾ। ਕਵੀ ਜੀ ਕਹਿੰਦੇ ਹਨ, ਉਥੇ ਹਣ ਇਕ ਗੁਰਦੁਆਰਾ ਹੈ, ਜਿਹੜਾ ਅਸੀਂ ਵੇਖਿਆ ਹੈ॥੨੯॥

ਪਹੁੰਚੇ ਨਰ ਸੰਗੀ ਸਮੁਦਾਇ। ਖਾਨ ਪਾਨ ਕੋ ਕੀਨਿ ਬਨਾਇ।
ਨਿਸ ਬਿਤਾਇ ਪੁਨ ਕਰਯੋ ਮੁਕਾਮ। ਸਭਿ ਸੰਗੀ ਸਿਮਰਤਿ ਸਤਿਨਾਮ॥ ੩੦॥

ਸਾਰੇ ਸੰਗੀ ਮਨੁੱਖ ਉਥੇ ਪੱਹੁੰਚ ਗਏ ਤੇ ਉਥੇ ਜਾ ਕੇ ਅੰਨ੍ਹ ਪਾਣੀ ਬੜੇ ਆਰਾਮ ਨਾਲ ਛੱਕਿਆ। ਫਿਰ ਉਥੇ ਮੁਕਾਮ ਕਰਕੇ ਰਾਤ ਬਤੀਤ ਕੀਤੀ ਤੇ ਸਾਰੇ ਸੰਗੀ ਸਤਿਨਾਮ ਦਾ ਸਿਮਰਨ ਕਰਦੇ ਸਨ॥੩੦॥

ਸੰਗਤਿ ਕਿਤਿਕ ਕਿਤਹੁਂ ਤੇ ਆਈ। ਦਰਬ ਉਪਾਇਨ ਕੋ ਬਹੁ ਲਜਾਈ।
ਕਿਤਿਕ ਮਸੰਦਨ ਸੁਨਿ ਸੁਧਿ ਆਏ। ਦੀਰਘ ਮਜਲ ਕਰਤਿ ਉਤਲਾਏ॥੩੧॥

ਕਾਫੀ ਸੰਗਤ ਕਿਸੇ ਸਥਾਨ ਤੋਂ ਆਈ, ਉਹ ਧਨ ਤੇ ਉਪਹਾਰ ਬਹੁਤ ਲਿਆਈ। ਕਈ ਮਸੰਦ ਖਬਰ ਸੁਣ ਕੇ ਆਏ, ਉਤਾਵਲੇ ਹੋ ਕੇ ਵੱਡੀ ਮੰਜ਼ਿਲ ਉਨ੍ਹਾਂ ਨੇ ਤਹਿ ਕੀਤੀ॥੩੧॥

ਆਇ ਮਿਲੇ ਦਰਸ਼ਨ ਕੋ ਹੇਰਾ। ਅਰਪਜੋ ਲੇ ਕਰਿ ਦਰਬ ਘਨੇਰਾ।
ਜਥਾ ਜੋਗ ਸ੍ਰੀ ਤੇਗ ਬਹਾਦਰ। ਸਿਰੋਪਾਉ ਬਖਸ਼ੇ ਤਿਨ ਸਾਦਰ॥੩੨॥

ਆ ਕੇ ਮਿਲ ਕੇ ਦਰਸ਼ਨ ਕੀਤੇ ਤੇ ਬਹੁਤ ਧਨ ਲੈ ਕੇ ਅਰਪਣ ਕੀਤਾ। ਯਥਾ ਯੋਗ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬੜੇ ਆਦਰ ਨਾਲ ਸੰਗਤ ਨੂੰ ਸਿਰੋਪੇ ਬਖਸ਼ੇ॥੩੨॥

ਜੋ ਜਿਸ ਦੇਸ਼ ਹੁਤੇ ਥਿਤਿ ਆਗੇ। ਤਿਹ ਪੁਨ ਪਠੇ ਗੁਰੂ ਪਗ ਲਾਗੇ।
ਗਏ ਸੰਗਤਾਂ ਤੇ ਧਨ ਲੇਤੇ। ਕਬਹਿ ਕਬਹਿ ਸ੍ਰੀ ਪ੍ਰਭੁ ਕੌ ਦੇਤੇ॥੩੩॥

ਜਿਹੜਾ ਵੀ ਜਿਸ ਦੇਸ਼ ਦਾ ਰਹਿਣ ਵਾਲਾ ਸੀ, ਉਹ ਗੁਰੂ ਜੀ ਦੇ ਚਰਨਾਂ ਨੂੰ ਲੱਗ ਕੇ ਆਪਣੇ-ਆਪਣੇ ਸਥਾਨਾਂ ਨੂੰ ਚਲੇ ਗਏ। ਜਾ ਕੇ ਸੰਗਤਾਂ ਤੋਂ ਧਨ ਲੈਂਦੇ ਸਨ, ਕਦੀ-ਕਦੀ ਗੁਰੂ ਜੀ ਨੂੰ ਦਿੰਦੇ ਸਨ॥੩੩॥

ਬਦਰਾ ਭਰਜੋ ਦਰਬ ਕੋ ਹੇਰਾ। ਕਰੈ ਜੁ ਰਾਹਕ ਨਿਕਟਿ ਬਸੇਰਾ।
ਤਿਨਹੁਂ ਬੁਲਾਇ ਦਿਯੋ ਧਨ ਸਾਰਾ। ਕਹਜੋ 'ਕੀਜੀਅਹਿ ਇਹ ਉਪਕਾਰਾ॥੩੪॥

ਜਦ ਧਨ ਨਾਲ ਭਰੀ ਹੋਈ ਥੈਲੀ ਵੇਖੀ ਤਾਂ ਗੁਰੂ ਜੀ ਨੇ ਜਿਹੜੇ ਪਾਸ ਕਿਸਾਨ ਰਹਿੰਦੇ ਸਨ, ਉਨ੍ਹਾਂ ਨੂੰ ਬੁਲਾਇਆ। ਉਨ੍ਹਾਂ ਨੂੰ ਬੁਲਾ ਕੇ ਸਾਰਾ ਧਨ ਦੇ ਦਿੱਤਾ ਤੇ ਕਿਹਾ, "ਇਹ ਉਪਕਾਰ ਕਰੋ॥੩੪॥

ਇਹਾਂ ਬ੍ਰਿੱਛ ਅਰੁ ਕੂਪ ਲਗਾਵਹੁ। ਸਦਾਬਰਤ ਛੁਧਿਤਨਿ ਮੁਖ ਪਾਵਹੁ।
ਕਰਹੁ ਨ ਲੋਭ ਖਰਚ ਦਿਹੁ ਸਾਰੋ। ਤੁਮ ਸੁਖ ਪਾਵਹੁ ਜਨਮ ਸੁਧਾਰੋ'॥੩੫॥

ਏਥੇ ਰੁੱਖ ਤੇ ਖੂਹ ਲਵਾਵੋ ਤੇ ਸਦਾ ਲੰਗਰ ਲਾ ਕੇ ਭੁਖਿਆਂ ਦੇ ਮੂੰਹ ਵਿਚ ਅੰਨ੍ਹ ਪਾਵੋ। ਲੋਭ ਨਾ ਕਰੋ ਤੇ ਸਾਰਾ ਹੀ ਖਰਚ ਦੇਵੋ, ਤੁਸੀਂ ਸੁਖ ਪਾਵੋਗੇ ਤੇ ਆਪਣਾ ਜਨਮ ਸੁਧਾਰ ਲਵੋਗੇ'॥੩੫॥

ਤਿਨਹੁਂ ਜੋਰਿ ਕਰ ਬਦਰਾ ਧਨ ਕੋ। ਲੀਨੋ ਪ੍ਰੇਮ ਕਰਜੋ ਬਹੁ ਮਨ ਕੋ।
ਬਦਰਾ ਲੈਬੇ ਤੇ ਤਿਸ ਨਾਮ। ਬਣੀ ਬਦਰਪੁਰ ਭਾ ਅਭਿਰਾਮ॥੩੬॥

ਉਨ੍ਹਾਂ ਨੇ ਹੱਥ ਜੋੜ ਕੇ ਥੈਲੀ (ਬਦਰਾ) ਦਾ ਧਨ ਲੈ ਲਿਆ ਤੇ ਮਨ ਵਿਚ ਬਹੁਤ ਪ੍ਰੇਮ ਕੀਤਾ। ਬਦਰਾ (ਥੈਲੀ) ਲੈਣ ਕਰਕੇ ਉਸ ਥਾਂ ਦਾ ਸ਼ੁਭ ਨਾਮ ਸੁੰਦਰ 'ਬਣੀ ਬਦਰਪੁਰਾ' ਹੋਇਆ॥੩੬॥

ਬ੍ਰਿੱਛ ਸੰਘਨੇ ਅਬਿ ਲੌ ਖਰੇ। ਗੁਰਦ੍ਵਾਰੋ ਤਹਿਂ ਚਿਨਿਬੋ ਕਰੇ।
ਇਸ ਪ੍ਰਕਾਰ ਸਤਿਗੁਰੁ ਦਿਨ ਦੋਇ। ਕਰਜੋ ਮੁਕਾਮ ਦਿਯੋ ਧਨ ਸੋਇ॥੩੭॥

ਸੰਘਣੇ ਦਰੱਖਤ ਉਥੇ ਹਾਲੇ ਤਕ ਖੜੇ ਹਨ, ਉਥੇ ਇਕ ਗੁਰਦੁਆਰੇ ਦੀ ਉਸਾਰੀ ਹੋਈ ਹੈ। ਇਸ ਤਰ੍ਹਾਂ ਸਤਿਗੁਰੂ ਜੀ ਉਥੇ ਦੋ ਦਿਨ ਰਹੇ, ਉਥੇ ਮੁਕਾਮ ਕਰਕੇ ਸਾਰਾ ਧਨ ਕਿਸਾਨਾਂ ਨੂੰ ਦੇ ਦਿੱਤਾ॥੩੭॥

ਬਹੁਰ ਕੂਚ ਕਰਿ ਸ੍ਰੀ ਗੁਰੁ ਪਯਾਨੇ। ਬ੍ਰਿੰਦ ਭਏ ਨਰ ਸੰਗ ਸੁਜਾਨੇ।
ਚਲੇ ਅਨੰਦਤਿ ਰਿਦੇ ਮਝਾਰੀ। ਗੁਰ ਆਗੇ ਸਭਿ ਹੋਤਿ ਪਿਛਾਰੀ॥ ੩੮॥

ਫਿਰ ਕੂਚ ਕਰਕੇ ਗੁਰੂ ਜੀ ਚਲੇ ਗਏ, ਨਾਲ ਸੰਗ ਵਿਚ ਬਹੁਤ ਮਨੁੱਖ ਇਕੱਠੇ ਹੋ ਗਏ ਸਨ। ਹਿਰਦੇ ਵਿਚ ਅਨੰਦਮਈ ਹੋ ਕੇ ਚਲ ਪਏ। ਗੁਰੂ ਜੀ ਸਭ ਤੋਂ ਅੱਗੇ-ਅੱਗੇ ਜਾ ਰਹੇ ਸਨ ਤੇ ਬਾਕੀ ਸਭ ਪਿੱਛੇ-ਪਿੱਛੇ ਜਾਂਦੇ ਸੀ॥੩੮॥

ਸਨੇ ਸਨੇ ਜਿਮ ਸਭਿ ਸੁਖ ਪਾਵੈਂ। ਸ਼੍ਰਮਤ ਹੋਇਂ ਨਹਿ ਤਥਾ ਸਿਧਾਵੈਂ।
ਤਹਿਂ ਤੇ ਮੰਜ਼ਲ ਕਰੀ ਲਘੁ ਤੈਸੇ। ਜਿਸ ਤੇ ਥਕਤਿ ਨ ਹੁਇਂ ਨਰ ਕੈਸੇ॥ ੩੯॥

ਹੌਲੀ-ਹੌਲੀ ਚਲਦੇ ਸਨ ਜਿਵੇਂ ਸਾਰੇ ਸੁਖ ਪਾਉਣ, ਥੱਕ ਨਾ ਜਾਣ ਇਸ ਤਰ੍ਹਾਂ ਜਾਂਦੇ ਸਨ। ਉਥੇ ਬਹੁਤ ਛੋਟੀ ਮੰਜ਼ਲ ਤਹਿ ਕੀਤੀ ਜਿਸ ਨਾਲ ਮਨੁੱਖ ਕਿਸੇ ਤਰ੍ਹਾਂ ਵੀ ਨਾ ਥੱਕੇ॥੩੯॥

ਤਹਾਂ ਬਾਸ ਕਰਿ ਨਿਸਾ ਬਿਤਾਈ। ਸਭਿ ਕੀ ਸੁਧਿ ਕੋ ਲੇਹਿਂ ਗੁਸਾਈਂ।
ਬਾਂਛਤਿ ਵਸਤੁ ਬੂਝਿ ਕਰਿ ਦੇਤਿ। ਬਸਤ੍ਰ ਅੰਨ ਆਦਿਕ ਸਭਿ ਲੇਤਿ॥ ੪੦॥

ਉਥੇ ਰਹਿ ਕੇ ਰਾਤ ਬਤੀਤ ਕੀਤੀ, ਗੁਰੂ ਜੀ ਨੇ ਸਾਰੇ ਯਾਤਰੀਆਂ ਦੀ ਖਬਰ ਸਾਰ ਲਈ। ਮੂੰਹ ਮੰਗੀ ਵਸਤੂ ਪੁੱਛ ਕੇ ਦਿੱਤੀ। ਵਸਤਰ ਅੰਨ ਸਭ ਨੇ ਪ੍ਰਾਪਤ ਕੀਤਾ॥੪੦॥

ਸੁਖ ਕੇ ਸਾਥ ਸਾਥ ਕੋ ਰਾਖੇ। ਥੁਰਜੋ ਨ ਰਹੈ ਲੇਹਿਂ ਜੋ ਕਾਂਖੇ।
ਨ੍ਰਿਭੈ ਸਭਿਨਿ ਤੇ ਬਿਘਨ ਨ ਕੋਈ। ਸ੍ਵਾਮੀ ਸਮਰਥ ਕੇ ਸੰਗ ਹੋਈ॥ ੪੧॥

ਆਪਣੇ ਸਾਥ ਵਾਲੇ, ਗੁਰੂ ਜੀ ਨੇ ਬੜੇ ਸੁਖ ਨਾਲ ਰੱਖੇ, ਕੋਈ ਥੁੜਿਆ ਨਾ ਰਹੇ, ਜਿਹੜਾ ਵੀ ਜੋ ਕੁਝ ਚਾਹੁੰਦਾ ਸੀ ਲੈਂਦਾ ਸੀ। ਸਾਰੇ ਨਿਰਭੈਅ ਸਨ, ਕਿਸੇ ਪ੍ਰਕਾਰ ਦਾ ਕੋਈ ਵਿਘਨ ਨਹੀਂ ਸੀ, ਸਮਰੱਥ ਸਵਾਮੀ ਦੇ ਨਾਲ ਜਾ ਰਹੇ ਸਨ।੪੧॥

ਤਹਿਂ ਤੇ ਚਢਿ ਸਤਿਗੁਰੂ ਸਿਧਾਰੇ। ਗ੍ਰਾਮ 'ਸੁਢੈਲਾ' ਸੁ ਜਾਇ ਨਿਹਾਰੇ।
ਤਿਸ ਕੇ ਵਹਿਰ ਬ੍ਰਿੱਛ ਸੁਭ ਖਰੇ। ਸੋ ਥਲ ਹੇਰਿ ਉਤਰਿ ਸਭਿ ਪਰੇ॥ ੪੨॥

ਉਥੋਂ ਸਵਾਰ ਹੋ ਕੇ ਗੁਰੂ ਜੀ ਅੱਗੇ ਚਲ ਪਏ। 'ਸੁਢੈਲਾ' ਨਾਂ ਦਾ ਪਿੰਡ ਜਾ ਕੇ ਵੇਖਿਆ। ਉਸ ਪਿੰਡ ਦੇ ਬਾਹਰ ਚੰਗੇ ਬ੍ਰਿੱਛ ਖੜੇ ਸਨ। ਅਜਿਹਾ ਸੁਭ ਸਥਾਨ ਵੇਖ ਕੇ ਸਾਰੇ ਘੋੜਿਆਂ ਤੋਂ ਉਤਰ ਪਏ॥੪੨॥

ਸੇਵਕ ਸਿੱਖਜ ਮਿਲੇ ਗਨ ਜਬਿ ਕੇ। ਨਹੀਂ ਗ੍ਰਾਮ ਮਹਿਂ ਉਤਰੇ ਤਬਿਕੇ।
ਡੇਰਾ ਵਹਿਰ ਕਰਹਿਂ ਲਖਿ ਗ੍ਰਾਮ। ਛੋਟੀ ਮਜਲ ਕਰਹਿਂ ਬਿਸਰਾਮ॥ ੪੩॥

ਜਦ ਦੇ ਬਹੁਤ ਸਿੱਖ ਸੇਵਕ ਮਿਲੇ ਹਨ, ਉਸ ਸਮੇਂ ਤੋਂ ਪਿੰਡ ਵਿਚ ਨਹੀਂ ਉਤਾਰਾ ਕੀਤਾ ਹੈ। ਪਿੰਡ ਵੇਖ ਕੇ ਬਾਹਰ ਹੀ ਡੇਰਾ ਕਰ ਲੈਂਦੇ ਸਨ। ਛੋਟੀ ਮੰਜ਼ਲ ਤਹਿ ਕਰਕੇ ਵਿਸਰਾਮ ਕਰ ਲੈਂਦੇ ਸਨ॥੪੩॥

ਬਹੁਰ ਮੁਕਾਮ ਨ ਕੀਨਸਿ ਕੋਈ। ਦਿਨ ਪ੍ਰਤਿ ਚਲਿਬੇ ਬਾਂਛਾ ਹੋਈ।
ਖਾਨ ਪਾਨ ਸਭਿਹਿਨਿ ਤਹਿਂ ਕਰੇ। ਸੁਪਤਿ ਜਥਾ ਸੁਖ ਸ਼੍ਰਮ ਪਰਹਰੇ॥ ੪੪॥

ਫਿਰ ਕਿਤੇ ਮੁਕਾਮ ਵੀ ਨਹੀਂ ਸੀ ਕਰਦੇ, ਦਿਨ ਪ੍ਰਤਿ ਚਲਦੇ ਰਹਿਣ ਦੀ ਇੱਛਾ ਸੀ। ਉਥੇ ਸਾਰਿਆਂ ਨੇ ਖਾਣ ਪੀਣ ਕੀਤਾ। ਪਹਿਲਾਂ ਵਾਂਗ ਹੀ ਸੌਂ ਕੇ ਥਕੇਵਾਂ ਦੂਰ ਕੀਤਾ॥੪੪॥

ਭਈ ਭੋਰ ਪੁਨ ਕੀਨਿ ਪਯਾਨਾ। ਤਜਾਗਜੋ ਗ੍ਰਾਮ ਸੁਢੈਲ ਸਥਾਨਾ।
ਕੋਸ ਦਸਕ ਪਰ ਜਮਨਾ ਸਲਿਤਾ। ਜਿਸ ਜਲ ਸੁੰਦਰ ਸ਼ਜਾਮਲ ਚਲਤਾ॥ ੪੫॥

ਸਵੇਰ ਹੋਣ ਤੇ ਫਿਰ ਚਲ ਪਏ ਤੇ ਸੁਢੈਲ ਪਿੰਡ ਦੇ ਸਥਾਨ ਨੂੰ ਛੱਡ ਦਿੱਤਾ। ਦਸ ਕੋਹ ਦੀ ਵਾਟ ਤੇ ਜਮਨਾ ਨਦੀ ਸੀ, ਜਿਸ ਵਿਚ ਕਾਲੇ ਰੰਗ ਦਾ ਸੁੰਦਰ ਜਲ ਵਗਦਾ ਹੈ॥੪੫॥

ਤਿਸ ਕੇ ਤੀਰ ਉਤਰਿ ਗੁਰੁ ਖਰੇ। ਸਕਲ ਨਰਨਿ ਕੋ ਮੇਲਨਿ ਕਰੇ।
ਸ਼ਸਤ੍ਰ ਸੁ ਬਸਤ੍ਰ ਸਰੀਰ ਉਤਾਰਿ। ਕਰਜੋ ਸ਼ਨਾਨ ਸੁ ਪਾਵਨ ਬਾਰਿ॥ ੪੬॥

ਉਸ ਦੇ ਪਾਸ ਉਤਰ ਕੇ ਗੁਰੂ ਜੀ ਖੜੇ ਹੋ ਗਏ ਤੇ ਸਾਰੇ ਮਨੁੱਖਾਂ ਨੂੰ ਮੇਲ ਲਿਆ। ਸਰੀਰ ਤੋਂ ਸ਼ਸਤਰ ਅਤੇ ਬਸਤਰ ਉਤਾਰ ਕੇ ਪਵਿੱਤਰ ਜਲ ਵਿਚ ਇਸ਼ਨਾਨ ਕੀਤਾ॥੪੬॥

ਬਿੱਪ੍ਰ ਬਿਲੋਕਤਿ ਗ੍ਰਾਮਨਿ ਕੇਰੇ। ਜਾਨਿ ਬਿਦੇਸ਼ੀ ਪਹੁਚੇ ਨੇਰੇ।
ਦੇਖਿ ਤਿਨਹੁਂ ਗੁਰੁ ਦੀਨੋ ਦਾਨ। ਲੇਕਰਿ ਮੁਦਿਤ ਅਸੀਸ ਬਖਾਨਿ॥ ੪੭॥

ਪਿੰਡ ਦੇ ਬ੍ਰਾਹਮਣਾਂ ਨੇ ਵੇਖ ਕੇ ਜਾਣਿਆ ਕਿ ਕੋਈ ਵਿਦੇਸ਼ੀ ਪਹੁੰਚੇ ਹਨ, ਇਸ ਲਈ ਉਹ ਨੇੜੇ ਆ ਗਏ। ਉਨ੍ਹਾਂ ਨੂੰ ਵੇਖ ਕੇ ਗੁਰੂ ਜੀ ਨੇ ਦਾਨ ਦਿੱਤਾ। ਦਾਨ ਲੈ ਕੇ ਉਹ ਬਹੁਤ ਪ੍ਰਸੰਨ ਹੋਏ ਤੇ ਬਹੁਤ ਅਸੀਸਾਂ ਦਿੱਤੀਆਂ॥੪੭॥

ਮਿਲੇ ਬ੍ਰਿੰਦ ਕੋ ਗਯੋ ਨ ਖਾਲੀ। ਕਰਤੇ ਕੀਰਤਿ ਗਏ ਬਿਸਾਲੀ।
ਪੁਨ ਕਹਿ ਕਰਿ ਤਰਨੀ ਮੰਗਵਾਈ। ਸਹਿਤ ਸਮਾਜ ਚਢੇ ਗੋਸਾਈਂ॥ ੪੮॥

ਸਭ ਨੂੰ ਦਾਨ ਮਿਲਿਆ ਕੋਈ ਵੀ ਖਾਲੀ ਨਾ ਰਿਹਾ ਤੇ ਉਹ ਬਹੁਤ ਕੀਰਤੀ ਕਰਦੇ ਹੋਏ ਚਲੇ ਗਏ। ਫਿਰ ਕਹਿ ਕੇ ਬੇੜੀ ਮੰਗਵਾਈ। ਸਾਰੇ ਸਮਾਜ ਸਹਿਤ ਗੁਰੂ ਜੀ ਵਿਚ ਸਵਾਰ ਹੋ ਗਏ॥੪੮॥

ਤਰਨਿ ਤਨੂਜਾ ਕੋ ਤਰ ਤੀਰ। ਥਿਰੇ ਜਾਇ ਸਤਿਗੁਰੂ ਗੰਭੀਰ।
ਸਜੰਦਨ ਡੋਰਾ ਨਰ ਸਮੁਦਾਏ। ਜਬਿ ਸਭਿ ਪਾਰ ਉਤਰ ਕਰਿ ਆਏ॥ ੪੯॥

ਬੇੜੀ ਜਮਨਾ ਨਦੀ ਨੂੰ ਤਰ ਕੇ ਪਾਰ ਹੋ ਗਈ, ਗੰਭੀਰ ਸਤਿਗੁਰੂ ਜੀ ਜਾ ਕੇ ਖਲੋ ਗਏ। ਰੱਥ ਡੋਲਾ ਅਤੇ ਹੋਰ ਸਾਰੇ ਮਨੁੱਖ, ਜਦ ਸਾਰੇ ਪਾਰ ਉਤਰ ਕੇ ਆ ਗਏ॥੪੯॥

ਤਹਿਂ ਤੇ ਚਢਿ ਆਗੇ ਗੁਰ ਗਏ। ਗ੍ਰਾਮ ਸਮੀਪ ਸਿਵਰ ਕੋ ਕਏ।
ਨਿਸ ਬਿਸਰਾਮ ਖਾਨ ਅਰੁ ਪਾਨ। ਕਰਤਿ ਭਏ ਨਿਜ ਸ਼੍ਰਮ ਕੋ ਹਾਨਿ॥ ੫੦॥

ਉਥੋਂ ਚੜ੍ਹ ਕੇ ਗੁਰੂ ਜੀ ਅੱਗੇ ਚਲ ਪਏ, ਇਕ ਪਿੰਡ ਦੇ ਨੇੜੇ ਡੇਰਾ ਲਾ ਲਿਆ। ਰਾਤ ਨੂੰ ਵਿਸਰਾਮ ਕਰਕੇ ਖਾਣ ਪੀਣ ਕੀਤਾ, ਆਪਣੀ ਥਕਾਵਟ ਨੂੰ ਦੂਰ ਕਰ ਰਹੇ ਸਨ॥੫੦॥

ਦਿਨ ਪ੍ਰਤਿ ਸਤਿਗੁਰੁ ਇਸੀ ਪ੍ਰਕਾਰਾ। ਗਮਨੇ ਜਾਤਿ ਸੁ ਪੰਥ ਮਝਾਰਾ।
ਦਸ਼, ਇਕਦਸ਼ ਕੈ ਦ੍ਵਾਦਸ਼ ਕੋਸ। ਡੇਰਾ ਕਰਤਿ ਜਾਤਿ ਹਤਿ ਦੋਸ਼॥ ੫੧॥

ਦਿਨ ਪ੍ਰਤਿ ਸਤਿਗੁਰੂ ਜੀ ਏਸੇ ਪ੍ਰਕਾਰ ਰਾਹੇ-ਰਾਹ ਚਲੇ ਜਾ ਰਹੇ ਸਨ, ਦਸ, ਗਿਆਰਾਂ ਜਾਂ ਚੌਦਾਂ ਕੋਹ, ਪੈਂਡਾ ਕਰਕੇ ਦੋਸ਼ਾਂ ਦੇ ਵਿਨਾਸ਼ਕ ਭਾਵ ਗੁਰੂ ਜੀ ਡੇਰਾ ਕਰਦੇ ਜਾਂਦੇ ਸਨ॥੫੧॥

ਪੂਰਬ ਕੋ ਮੁਖ ਕਰਿ ਗਮਨੰਤੇ। ਦੀਰਘ ਮਗ ਸੁਖ ਸੰਗ ਚਲੰਤੇ।
ਤੀਰਥ ਮੱਜਨ ਕੀਨਿ ਬਹਾਨਾ। ਚਹੈਂ ਕਰਨਿ ਸਿੱਖਨਿ ਕੱਲਜਾਨਾ॥ ੫੨॥

ਪੂਰਬ ਵਲ ਮੁਖ ਕਰਕੇ ਚਲੇ ਜਾ ਰਹੇ ਸਨ, ਵੱਡਾ ਸਫਰ ਬੜੇ ਸੁਖ ਨਾਲ ਤਹਿ ਕਰਦੇ ਚਲੇ ਜਾ ਰਹੇ ਸਨ, ਤੀਰਥਾਂ ਵਿਚ ਇਸ਼ਨਾਨ ਕਰਨ ਦਾ ਇਕ ਬਹਾਨਾ ਹੀ ਸੀ, ਅਸਲ ਵਿਚ ਸਿੱਖਾਂ ਦਾ ਕੱਲਿਆਣ ਕਰਨਾ ਚਾਹੁੰਦੇ ਸਨ। ੫੨॥

*ਗਿਆਰ੍ਹਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥*

# ਅਧਿਆਇ ਛਤਾਲੀਵਾਂ

## ਪੂਰਬ ਦੀ ਸੰਗਤ ਦੀ ਸਿੱਕ

ਦੋਹਰਾ- ਪੂਰਬ ਦਿਸ਼ਿ ਸਿੱਖੀ ਬਹੁਤ ਬ੍ਰਿੰਦ ਸਿੱਖਜ ਸ਼ਰਧਾਲੁ।
ਪੰਥ ਦੂਰ ਬਨਹਿ ਨ ਮਿਲਨਿ ਦਰਸ਼ਨ ਚਾਹਿੰ ਬਿਸਾਲ॥ ੧॥

ਪੂਰਬ ਦਿਸ਼ਾ ਵਿਚ ਬਹੁਤ ਸਿੱਖੀ ਸੀ ਤੇ ਵੱਡੀ ਗਿਣਤੀ ਵਿਚ ਸਿੱਖ ਸ਼ਰਧਾਲੂ ਰਹਿੰਦੇ ਸਨ। ਬਹੁਤ ਲੰਮਾ ਸਫਰ ਹੋਣ ਕਰਕੇ ਉਹ ਗੁਰੂ ਜੀ ਨੂੰ ਮਿਲ ਨਹੀਂ ਸੀ ਸਕਦੇ, ਪਰ ਗੁਰੂ ਜੀ ਦੇ ਦਰਸ਼ਨਾਂ ਦੀ ਉਨ੍ਹਾਂ ਦੇ ਦਿਲਾਂ ਵਿਚ ਵੱਡੀ ਚਾਹ ਸੀ॥੧॥

ਚੌਪਈ- ਮਿਲਹਿੰ ਪਰਸਪਰ ਸ਼ਬਦਨਿ ਗਾਵੈਂ। ਸਿਮਰਹਿੰ ਸੱਤਿਨਾਮ ਗੁਰੁ ਧਜਾਵੈਂ।
ਚਰਨ ਕਮਲ ਸੋਂ ਪ੍ਰੇਮ ਲਗਾਵੈਂ। ਕਬਿ ਕਰੁਨਾ ਕਰਿ ਆਨਿ ਦਿਖਾਵੈਂ॥੨॥

ਆਪਸ ਵਿਚ ਮਿਲਕੇ ਸ਼ਬਦ ਗਾਉਂਦੇ ਸਨ, ਸਤਿਨਾਮ ਦਾ ਸਿਮਰਨ ਕਰਕੇ ਗੁਰੂ ਜੀ ਨੂੰ ਧਿਆਉਂਦੇ ਸਨ। ਚਰਨ ਕੰਵਲਾਂ ਨਾਲ ਪ੍ਰੇਮ ਲਾਉਂਦੇ ਸਨ। ਸੋਚਦੇ ਸਨ ਕਦ ਗੁਰੂ ਜੀ ਕਿਰਪਾ ਕਰਕੇ ਆ ਕੇ ਦਰਸ਼ਨ ਦੇਣ॥੨॥

ਪੂਰਹਿੰ ਕਬਹਿ ਆਨ ਕਰਿ ਆਸਾ। ਜਿਮ ਘਨ ਚਾਤ੍ਰਿਕ ਹਰਹਿ ਪਿਪਾਸਾ।
ਕਬਿ ਸੂਰਜ ਸਮ ਉਦਹਿਂ ਕ੍ਰਿਪਾਲਾ। ਬਿਕਸਾਵਹਿਂ ਦ੍ਰਿਗ ਕਮਲ ਬਿਸਾਲਾ॥੩॥

ਸਾਡੀ ਕਦ ਆ ਕੇ ਆਸ ਪੂਰੀ ਕਰਨਗੇ, ਜਿਵੇਂ ਬੱਦਲ ਚਾਤ੍ਰਿਕ ਦੀ ਪਿਆਸ ਨੂੰ ਦੂਰ ਕਰਦਾ ਹੈ। ਕਦ ਸੂਰਜ ਵਾਂਗ ਕਿਰਪਾਲੂ ਗੁਰੂ ਉਦੈ ਹੋਣ, ਸਾਡੇ ਨੈਣਾਂ ਦੇ ਕੰਵਲ ਨੂੰ ਖੇੜਾ ਬਖਸ਼ਣ॥੩॥

ਕਬਿ ਰਾਂਕਾਪਤਿ ਬਦਨ ਦਿਖਾਵੈਂ। ਬ੍ਰਿੰਦ ਚਕੋਰਨਿ ਸਿਖ ਹਰਖਾਵੈਂ।
ਦਾਸ ਤ੍ਰਿਖਾਤੁਰ ਲਖਿ ਸਮੁਦਾਇ। ਕਬਹੁਂ ਸੁਧਾ ਸਮ ਬਾਕ ਸੁਨਾਇ॥੪॥

ਕਦ ਪੁੰਨਿਆਂ ਦੇ ਚੰਦ ਵਰਗਾ ਮੁਖੜਾ ਵਿਖਾਉਣ, ਸਿੱਖ ਰੂਪੀ ਸਾਰੀਆਂ ਚਕੋਰਾਂ ਨੂੰ ਪ੍ਰਸੰਨ ਕਰਨ। ਆਪਣੇ ਸਾਰੇ ਦਾਸਾਂ ਨੂੰ ਤਿਹਾਏ ਸਮਝ ਕੇ ਕਦ ਅੰਮ੍ਰਿਤ ਵਰਗੇ ਆਪਣੇ ਬਚਨ ਸੁਣਾਉਣ॥੪॥

ਇਹੀ ਕਾਮਨਾ ਅਹੈ ਹਮਾਰੀ। ਸਦਨ ਬਿਖੇ ਸਤਿਗੁਰੂ ਨਿਹਾਰੀ।
ਸਰਬ ਭਾਂਤਿ ਕੀ ਸੇਵਾ ਕਰੈਂ। ਜਨਮ ਮਰਨ ਕੇ ਕਲਮਲ ਟਰੈਂ॥ ੫॥

ਇਹ ਸਾਡੀ ਕਾਮਨਾ ਹੈ, ਆਪਣੇ ਘਰ ਵਿਚ ਸਤਿਗੁਰੂ ਜੀ ਨੂੰ ਵੇਖੀਏ। ਸਰਬ ਪ੍ਰਕਾਰ ਦੀ ਸੇਵਾ ਕਰੀਏ। ਜਨਮ ਮਰਨ ਦੇ ਪਾਪ ਦੂਰ ਕਰੀਏ॥੫॥

ਇਮ ਅਭਿਲਾਖਾ ਠਾਨਿ ਬਿਸਾਲਾ। ਕਰੀ ਪ੍ਰਤੀਗਯਾ ਨਿਜ ਨਿਜ ਸ਼ਾਲਾ।
ਕਿਨਹੂੰ ਰੁਚਿਰ ਪ੍ਰਯੰਕ ਬਨਾਯੋ। ਬਹੁਤ ਦਰਬ ਤਿਸ ਪਰ ਲਗਵਾਯੋ॥੬॥

ਇਸ ਤਰ੍ਹਾਂ ਵਿਸ਼ਾਲ ਅਭਿਲਾਸ਼ਾ ਧਾਰ ਕੇ, ਆਪਣੇ-ਆਪਣੇ ਘਰ ਵਿਚ ਬੈਠ ਕੇ ਉਡੀਕ ਕਰ ਰਹੇ ਸਨ। ਕਿਸੇ ਨੇ ਸੁੰਦਰ ਪਲੰਘ ਬਣਵਾਇਆ ਸੀ, ਬਹੁਤ ਧਨ ਉਸ ਉਤੇ ਖਰਚ ਕੀਤਾ ਸੀ॥੬॥

ਸੁਖਮ ਸੂਤ ਸਾਥ ਬੁਨਵਾਇਵ। ਆਸਤਰਨ ਲੇ ਬਿਸਦ ਡਸਾਇਵ।
ਰੇਸ਼ਮ ਕੀ ਡੋਰੈਂ ਗੁੰਦਵਾਇਵ। ਜ਼ਰੀਦਾਰ ਗੁੰਫੇ ਲਰਕਾਵਿ॥ ੭॥

ਕੋਮਲ ਸੂਤ ਨਾਲ ਬਣਾਇਆ ਹੋਇਆ ਬਿਸਤਰਾ ਲੈ ਕੇ ਵਿਛਾਇਆ ਸੀ। ਰੇਸ਼ਮ ਦੀਆਂ ਡੋਰਾਂ ਗੁੰਦਵਾਈਆਂ ਸਨ ਤੇ ਜ਼ਰੀਦਾਰ ਲੱਛੇ ਲਟਕਾਏ ਸਨ॥੭॥

ਅਨਿਕ ਰੰਗ ਕੇ ਚਿੱਤ੍ਰਤਿ ਪਾਵੇ। ਕਰਿ ਤਯਾਰ ਇਮ ਸਦਨ ਟਿਕਾਵੇਂ।
ਸਿੱਖਨਿ ਗਨ ਮਹਿਂ ਪਰਣ ਅਲਾਵਹਿਂ। 'ਇਸ ਪਰ ਸ੍ਰੀ ਗੁਰੁ ਕੋ ਪੌਢਾਵਹਿਂ' ॥੮ ॥

ਅਨੇਕ ਰੰਗਾਂ ਨਾਲ ਪਾਵੇ ਚਿਤਰੇ ਹੋਏ ਸਨ, ਤਿਆਰ ਕਰਕੇ ਇਸ ਤਰ੍ਹਾਂ ਘਰ ਵਿਚ ਟਿਕਾਏ ਸਨ। ਸਿੱਖਾਂ ਦੇ ਇਕੱਠ ਨੂੰ ਪ੍ਰਣ ਸੁਣਾਉਂਦੇ ਸਨ, "ਇਸ ਪਲੰਘ ਉਤੇ ਗੁਰੂ ਜੀ ਨੂੰ ਲੇਟਾਵਾਂਗੇ" ॥੮॥

ਪੂਜਾ ਕਰਹਿਂ ਨਿਤਾਪ੍ਰਤਿ ਤਾਂਹੀ। ਧੂਮ ਦੀਪ ਚੰਦਨ ਚਰਚਾਹੀਂ।
ਧਰਹਿਂ ਧਜਾਨ ਜਨੁ ਸਤਿਗੁਰੁ ਬੈਸੇ। ਭ੍ਰਮ ਤੇ ਮਾਨਿ ਲੇਤਿ ਕਬਿ ਐਸੇ॥ ੯॥

ਨਿਤਾਪ੍ਰਤੀ ਉਸ ਪਲੰਘ ਦੀ ਪੂਜਾ ਕਰਦੇ ਸਨ, ਧੂਫ, ਦੀਵਾ ਜਗਾਉਂਦੇ ਸਨ ਤੇ ਚੰਦਨ ਦਾ ਛਿੜਕਾ ਕਰਦੇ ਸਨ। ਇਸ ਤਰ੍ਹਾਂ ਧਿਆਨ ਧਾਰਦੇ ਸਨ ਕਿ ਸਤਿਗੁਰੂ ਜੀ ਉਪਰ ਬਿਰਾਜਮਾਨ ਹਨ, ਕਦੇ ਇਸ ਤਰ੍ਹਾਂ ਪਲੰਘ 'ਤੇ ਬੈਠੇ ਸਤਿਗੁਰੂ ਜੀ ਨੂੰ ਖਿਆਲ ਵਿਚ ਮੰਨ ਲੈਂਦੇ ਸਨ॥੯॥

ਕਿਤਿਕ ਪ੍ਰੇਮ ਕਰਿ ਬਸਤ੍ਰ ਮਹੀਨ। ਬਹੁ ਧਨ ਖਰਚ ਮੋਲ ਕੋ ਲੀਨਿ।
ਗਰ ਜਾਮੇ ਕੋ ਬਡੇ ਸਿਵਾਵੈਂ। ਲੇ ਬਿਸਾਲ ਚਾਦਰ ਕਰਿਵਾਵੈਂ॥ ੧੦॥

ਕਈ ਪ੍ਰੇਮ ਕਰਕੇ ਬਹੁਤ ਮਹੀਨ ਕੱਪੜੇ ਤਿਆਰ ਕਰਦੇ ਸਨ, ਬਹੁਤ ਧਨ ਖਰਚ ਕੇ ਮੁੱਲ ਲੈਂਦੇ ਸਨ। ਗਲ ਪਾਉਣ ਵਾਲੇ ਜਾਮੇ ਵੱਡੇ-ਵੱਡੇ ਸਿਲਵਾਉਂਦੇ ਸਨ, ਵਿਸ਼ਾਲ ਕੱਪੜਾ ਲੈ ਕੇ ਚਾਦਰਾਂ ਤਿਆਰ ਕਰਵਾਉਂਦੇ ਸਨ॥੧੦॥

ਧਨ ਕੋ ਖਰਚਹਿਂ ਹਿਤ ਦਸਤਾਰ। ਗੁਰੁ ਕੇ ਕਾਰਨ ਧਰਹਿਂ ਸੁਧਾਰਿ।
ਪੁਸ਼ਪ ਧੂਪ ਚੰਦਨ ਚਰਚਾਇ। ਪੂਜ ਪੂਜ ਕਰਿ ਸਦਨ ਟਿਕਾਇਂ॥ ੧੧॥

ਦਸਤਾਰਾਂ ਲੈਣ ਵਾਸਤੇ ਧਨ ਖਰਚਦੇ ਸਨ, ਗੁਰੂ ਜੀ ਵਾਸਤੇ ਸੁਧਾਰ ਕੇ ਧਰਦੇ ਸਨ। ਫੁੱਲ ਰੱਖਦੇ ਸਨ, ਧੂਪ ਧੁਖਾਉਂਦੇ ਸਨ ਤੇ ਚੰਦਨ ਦਾ ਛਿੜਕਾ ਕਰਦੇ ਸਨ। ਪੂਜ ਪੂਜ ਕੇ ਘਰ ਵਿਚ ਟਿਕਾ ਦਿੰਦੇ ਸਨ॥੧੧॥

ਗਨ ਮਹਿਂ ਬੈਠਹਿਂ ਨੇਮ ਅਲਾਵੈਂ। 'ਹਮ ਅਪਨੇ ਗੁਰ ਕੌ ਪਹਿਰਾਵੈਂ'।
ਕੋ ਸੁੰਦਰ ਮੰਦਿਰ ਚਿਨਵਾਵਹਿ। ਤਿਸ ਕੋ ਪੌਰ ਬਡੇ ਰਖਵਾਵਹਿ॥ ੧੨॥

ਲੋਕਾਂ ਵਿਚ ਬੈਠ ਕੇ ਆਪਣੇ ਨੇਮ ਬਾਰੇ ਕਹਿੰਦੇ ਸਨ, "ਅਸੀਂ ਆਪਣੇ ਗੁਰੂ ਜੀ ਨੂੰ ਪਹਿਨਾਵਾਂਗੇ।" ਕੋਈ ਸੁੰਦਰ ਘਰ ਬਣਾਉਂਦਾ ਸੀ, ਉਸਦਾ ਦਰਵਾਜ਼ਾ ਬਹੁਤ ਵੱਡਾ ਰਖਵਾਉਂਦਾ ਸੀ॥੧੨॥

ਚਢੇ ਤੁਰੰਗ ਪ੍ਰਵੇਸ਼ਹਿਂ ਆਈ। ਵਹਿਰ ਨ ਉਤਰਹਿਂ ਗੁਰੂ ਕਦਾਈ।
ਅੰਤਰ ਤੇ ਰਚਿ ਚਿੱਤ੍ਰਤਿ ਕਾਰੀ। ਬੈਠਨਿ ਕਾਰਨ ਥਾਇਂ ਸੁਧਾਰੀ॥ ੧੩॥

ਘੋੜੇ ਤੇ ਚੜ੍ਹੇ ਹੀ ਗੁਰੂ ਜੀ ਅੰਦਰ ਆ ਜਾਣ, ਕਦੀ ਵੀ ਗੁਰੂ ਜੀ ਬਾਹਰ ਨਾ ਉਤਰਨ। ਅੰਦਰ ਚਿਤਰਕਾਰੀ ਕਰਕੇ, ਬੈਠਣ ਵਾਸਤੇ ਸਥਾਨ ਨੂੰ ਸੁਧਾਰਦੇ ਸਨ॥੧੩॥

ਕਹੈਂ ਸਕਲ ਮਹਿਂ ਮਿਲਿ ਤਿਸ ਬੇਰਾ। 'ਇਹਾਂ ਕਰਾਵਹਿਂ ਗੁਰੁ ਕੋ ਡੇਰਾ'।
ਤਿਹ ਸਥਾਨ ਕੋ ਪੂਜਹਿਂ ਸਦਾ। ਗੁਰੂ ਪ੍ਰਤੀਖਤਿ 'ਆਵਹਿਂ ਕਦਾ' ॥ ੧੪॥

ਉਸ ਸਮੇਂ ਸਾਰਿਆਂ ਨੂੰ ਮਿਲ ਕੇ ਕਹਿੰਦੇ ਸਨ, "ਏਥੇ ਗੁਰੂ ਜੀ ਦਾ ਡੇਰਾ ਕਰਾਵਾਂਗੇ।" ਉਸ ਸਥਾਨ ਦੀ ਸਦਾ ਪੂਜਾ ਕਰਦੇ ਸਨ। ਗੁਰੂ ਜੀ ਦੀ ਉਡੀਕ ਕਰਦੇ ਸਨ "ਕਦ ਆਉਣਗੇ" ॥੧੪॥

ਕਿਨਹੂੰ ਸੁੰਦਰ ਬਾਗ਼ ਲਗਾਏ। ਕਦਲੀ, ਬਦਰੀ ਤਰੁ ਸਮੁਦਾਏ।
ਆਰੂ, ਆਮਰੂਦ, ਬਹੁ ਮੇਵੇ। ਲਗੇ ਸੇਉ ਜਿਨ ਕੋ ਖਗ ਸੇਵੇਂ॥ ੧੫॥

ਕਈਆਂ ਨੇ ਸੁੰਦਰ ਬਾਗ ਲਗਵਾਏ, ਕੇਲਿਆਂ ਅਤੇ ਬੇਰੀਆਂ ਦੇ ਬਹੁਤ ਦਰੱਖਤ ਲਗਵਾਏ। ਆੜੂ ਅਮਰੂਦ ਬਹੁਤ ਮੇਵੇ ਲਾਏ, ਸੇਬ ਲੱਗੇ, ਜਿਨ੍ਹਾਂ ਨੂੰ ਪੰਛੀ ਖਾਂਦੇ ਸਨ॥੧੫॥

ਬਹੁ ਰੰਗਨਿ ਕੀ ਸੁਠ ਫੁਲਵਾਰੀ। ਦਾਰਮ, ਨੀਂਬੂ ਸੀਂਚਤਿ ਬਾਰੀ।
ਲਤਕਾ ਲਾਇ ਮਨੋਹਰ ਨਾਨਾ। ਹਿਤ ਬੈਠਨਿ ਕੇ ਬੀਚ ਸਥਾਨਾ॥ ੧੬॥

ਬਹੁਤ ਰੰਗਾਂ ਦੀਆਂ ਸੁੰਦਰ ਫੁਲਵਾੜੀਆਂ ਬਣਾਈਆਂ, ਆੜੂ, ਨਿੰਬੂ ਆਦਿ ਦੇ ਬੂਟਿਆਂ ਨੂੰ ਪਾਣੀ ਦਿੰਦੇ ਸਨ। ਕਈ ਪ੍ਰਕਾਰ ਦੀਆਂ ਮਨੋਹਰ ਵੇਲਾਂ ਲਾਈਆਂ ਸਨ। ਉਨ੍ਹਾਂ ਵਿਚ ਬੈਠਣ ਵਾਸਤੇ ਸਥਾਨ ਬਣਾਏ ਸਨ॥੧੬॥

ਚਹੁਦਿਸ਼ਿ ਮਹਿਂ ਸੁੰਦਰ ਸਬਜ਼ਾਈ। ਮਣੀ ਬਿਡੂਰਜ ਮਨਹੁਂ ਸੁਹਾਈ।
ਕਿਨਹੂੰ ਉੱਤਮ ਅੰਨ ਧਰੇ ਹੈਂ। ਮੇਵੇ ਮਧੁਰ ਇਕੱਤ੍ਰ ਕਰੇ ਹੈ॥ ੧੭॥

ਚਾਰੇ ਪਾਸੇ ਸੁੰਦਰ ਹਰਿਆਵਲ ਸੀ, ਮਾਨੋ ਸਬਜ਼ ਰਤਨਾਂ ਦੀ ਮਣੀ ਸ਼ੋਭ ਰਹੀ ਸੀ। ਕਿਸੇ ਨੇ ਉੱਤਮ ਅਨਾਜ ਰੱਖਿਆ ਸੀ, ਮਿੱਠੇ ਮੇਵੇ ਇਕੱਠੇ ਕਰਕੇ ਰੱਖੇ ਸਨ॥੧੭॥

'ਸ੍ਰੀ ਗੁਰੁ ਆਵਹਿਂ ਦੇਹਿਂ ਅਹਾਰਾ'। ਸਕਲ ਸਮੱਗ੍ਰੀ ਕਰਿ ਧਰਿ ਤਯਾਰਾ।
ਕਿਨਹੂੰ ਰੁਚਿਰ ਫਰਸ਼ ਬਨਵਾਏ। ਅਸੁ ਕੇ ਹਿਤ ਤ੍ਰਿਣ ਕਿਨਹੁਂ ਰਖਾਏ॥੧੮॥

"ਜਦ ਗੁਰੂ ਜੀ ਆਉਣਗੇ ਤਾਂ ਉਨ੍ਹਾਂ ਨੂੰ ਛੱਕਣ ਵਾਸਤੇ ਦੇਵਾਂਗੇ।" ਸਾਰੀ ਸਮੱਗਰੀ ਤਿਆਰ ਕਰਕੇ ਧਰ ਛੱਡਦੇ ਸਨ। ਕਿਸੇ ਨੇ ਸੁੰਦਰ ਵਿਛਾਉਣੇ ਤਿਆਰ ਕੀਤੇ ਸਨ, ਘੋੜੇ ਵਾਸਤੇ ਕਿਸੇ ਨੇ ਘਾਹ ਰਖਿਆ ਸੀ॥੧੮॥

ਇੱਤਯਾਦਿਕ ਵਸਤੂ ਗੁਰੁ ਕਾਰਨ। ਧਰਹਿਂ ਘਰਨਿ ਨਿਤ ਕਰਹਿਂ ਸੰਭਾਰਨਿ।
ਮੇਲ ਜੋੜ ਸੰਗਤਿ ਕੋ ਹੋਇ। ਕਰਹਿਂ ਬਿਨਯ ਕਰ ਜੋਰਹਿਂ ਦੋਇ॥ ੧੯ ॥

ਇਸ ਤਰ੍ਹਾਂ ਵਸਤਾਂ ਗੁਰੂ ਜੀ ਵਾਸਤੇ ਘਰਾਂ ਵਿਚ ਰੱਖ ਕੇ ਨਿਤ ਉਨ੍ਹਾਂ ਦੀ ਸੰਭਾਲ ਕਰਦੇ ਸਨ। ਜਦ ਸੰਗਤ ਦਾ ਮੇਲ ਜੋਲ ਹੋਵੇਗਾ ਤਾਂ ਦੋਵੇਂ ਹੱਥ ਜੋੜ ਕੇ ਬੇਨਤੀ ਕਰਾਂਗੇ॥੧੯॥

'ਗੁਰੁ ਅੰਤਰਜਾਮੀ ਸਰਬੱਗਯ!। ਸਭਿ ਥਲ ਸੰਗਤਿ ਸੇਵ ਕ੍ਰਿਤੱਗਯ।
ਲਾਜ ਬਿਦਰ ਕੀ ਰਾਖਿ ਕ੍ਰਿਪਾਲਾ। ਸਿੱਖਨ ਕੇ ਪ੍ਰਣ ਪੁਰਹੁ ਬਿਸਾਲਾ॥੨੦ ॥

'ਅੰਤਰਜਾਮੀ ਗੁਰੂ ਜੀ ਸਰਬ ਸਮਰੱਥ ਹਨ, ਸਾਰੇ ਥਾਵਾਂ ਵਿਚ ਸੰਗਤ ਦੀ ਕੀਤੀ ਸੇਵਾ ਦੇ ਜਾਨਣਹਾਰੇ ਹਨ ਹੇ ਕਿਰਪਾਲੂ ਗੁਰੂ ਜੀ! ਤੁਸੀਂ ਬਿਦਰ ਦੀ ਲਾਜ ਰੱਖੀ ਸੀ, ਆਪਣੇ ਸਿੱਖਾਂ ਦੇ ਪ੍ਰਣ ਵੀ ਚੰਗੀ ਤਰ੍ਹਾਂ ਪੂਰੇ ਕਰੋ॥੨੦॥

ਚਹੁੰ ਜੁਗ ਮਹਿਂ ਜਿਨ ਜਿਨ ਆਰਾਧੇ। ਜਾਇ ਸਭਿਨਿ ਕੇ ਕਾਰਜ ਸਾਧੇ।
ਪ੍ਰੇਮ ਡੋਰ ਤੇ ਐਂਚਤਿ ਜੋਇ। ਨਿਜ ਸਮੀਪ ਹੀ ਦੇਖਤਿ ਸੋਇ॥ ੨੧॥

ਚਾਰੇ ਜੁਗਾਂ ਵਿਚ ਜਿਸ-ਜਿਸ ਦੀ ਆਰਾਧਨਾ ਕੀਤੀ ਹੈ ਜਾ ਕੇ ਸਾਰਿਆਂ ਦੇ ਕਾਰਜ ਸਾਧੇ ਹਨ। ਜਿਹੜਾ ਵੀ ਪ੍ਰੇਮ ਦੀ ਡੋਰ ਨਾਲ ਖਿੱਚਦਾ ਹੈ, ਉਹ ਗੁਰੂ ਜੀ ਆਪਣੇ ਪਾਸ ਹੀ ਵੇਖਦੇ ਹਨ॥੨੧॥

ਦੈਤ ਬਲੀ ਬਲ ਨੇ ਸੁਰ ਲੋਕ। ਛੀਨ ਲੀਨਿ ਦੇ ਦੇਵਨ ਸ਼ੋਕ।
ਸ਼ੱਕ੍ਰ ਹੋਨਿ ਕੋ ਜੱਗਯ ਅਰੰਭੇ। ਸੁਨਿ ਸੁਰ ਗਨ ਕੈ ਭਯੋ ਅਚੰਭੇ॥ ੨੨॥

ਬਲ ਨਾਮੀ ਬਲਵਾਨ ਦੈਂਤ ਨੇ ਸੁਰ ਲੋਕ ਖੋਹ ਕੇ ਦੇਵਤਿਆਂ ਨੂੰ ਦੁਖ ਦੇਣ ਲਈ ਆਪ ਇੰਦਰ ਬਣਨ ਲਈ ਯੱਗ ਕਰਨੇ ਸ਼ੁਰੂ ਕਰ ਦਿੱਤੇ। ਇਹ ਸੁਣ ਕੇ ਦੇਵਤੇ ਬਹੁਤ ਹੈਰਾਨ ਹੋਏ॥੨੨॥

ਅਪਨਿ ਸਦਨ ਤੇ ਭਏ ਨਿਰਾਸ। ਹੇ ਮਧਸੂਦਨ! ਕਰਿ ਤਵ ਆਸ।
ਇੰਦ੍ਰ ਸਮੇਤ ਅਰਾਧਨਿ ਲਾਗੇ। ਬਿਨੈ ਭਨਤਿ ਬਹੁ ਪ੍ਰੇਮ ਸੁ ਪਾਗੇ॥ ੨੩ ॥

ਆਪਣੇ ਘਰ ਤੋਂ ਨਿਰਾਸ਼ ਹੋ ਗਏ। ਹੇ ਮਧਸੂਦਨ ! ਇਕ ਤੁਹਾਡੀ ਆਸ ਹੈ। ਇੰਦਰ ਸਮੇਤ ਸਾਰੇ ਦੇਵਤੇ ਆਰਾਧਨਾ ਕਰਨ ਲੱਗੇ, ਬੇਨਤੀਆਂ ਕਰਦੇ ਸਨ ਤੇ ਪ੍ਰੇਮ ਨਾਲ ਭਿੱਜੇ ਹੋਏ ਸਨ॥੨੩॥

ਤਿਨ ਕੋ ਹਿਤ ਪ੍ਰਭੁ ਰਹਜੋ ਨ ਗਯੋ। ਬਾਵਨ ਰੂਪ ਆਪ ਧਰਿ ਲਯੋ।
ਜਾਨਜੋ ਭਗਤ ਭੂਪ ਅੰਬਰੀਸ਼। ਰੱਛਕ ਭਏ ਪ੍ਰਭੂ ਜਗਦੀਸ਼॥ ੨੪ ॥

ਉਨ੍ਹਾਂ ਦਾ ਹਿਤ ਵੇਖ ਕੇ ਪ੍ਰਭੂ ਪਾਸੋਂ ਰਿਹਾ ਨਾ ਗਿਆ। ਉਨ੍ਹਾਂ ਨੇ ਆਪ ਬੌਣੇ ਦਾ ਰੂਪ ਧਾਰਨ ਕਰ ਲਿਆ। ਰਾਜਾ ਅੰਬਰੀਖ ਨੂੰ ਆਪਣਾ ਭਗਤ ਜਾਣਿਆ, ਪ੍ਰਭੂ ਜੀ ਨੇ ਉਸ ਦੀ ਰੱਖਿਆ ਕੀਤੀ॥੨੪॥

ਤ੍ਰੇਤੇ ਰਾਮਚੰਦ ਅਵਤਾਰ। ਬਨ ਗਮਨੇ ਜਿਨ ਚਰਿਤ ਉਦਾਰ।
ਬਿਤਜੋ ਪ੍ਰਤੀਖਤਿ ਜਿਹ ਚਿਰਕਾਲਾ। ਜਾਤਿ ਭੀਲਨੀ ਬਹੁਰੋ ਬਾਲਾ॥ ੨੫ ॥

ਤ੍ਰੇਤੇ ਜੁਗ ਵਿਚ ਰਾਮਚੰਦ ਅਵਤਾਰ ਹੋਏ ਹਨ, ਜਿਹੜੇ ਜੰਗਲ ਵਿਚ ਗਏ ਤੇ ਜਿਨ੍ਹਾਂ ਦੇ ਬੜੇ ਉੱਤਮ ਚਰਿਤਰ ਹਨ। ਜਿਸ ਦੀ ਉਡੀਕ ਕਰਦੀ ਬ੍ਰਿਧਾ ਨੂੰ ਬਹੁਤ ਚਿਰ ਬੀਤ ਗਿਆ, ਉਹ ਭੀਲਣ ਜਾਤੀ ਦੀ ਇਕ ਇਸਤਰੀ ਸੀ ।੨੫॥

ਤਿਹ ਸੰਤੋਸ਼ ਦੇਨਿ ਕੇ ਕਾਰਨ। ਸ਼੍ਰੀ ਪ੍ਰਭੁ ਕੀਨਸਿ ਨਿਕਟਿ ਪਧਾਰਨ।
ਮਨੋ ਕਾਮਨਾ ਪੂਰਨ ਕੀਨਿ। ਸਭਿ ਤੇ ਊਚੋ ਪਦ ਤਿਸ ਦੀਨਿ॥ ੨੬ ॥

ਉਸ ਨੂੰ ਸੰਤੋਖ ਦੇਣ ਵਾਸਤੇ, ਸ੍ਰੀ ਪ੍ਰਭੂ ਜੀ ਉਸ ਦੇ ਪਾਸ ਗਏ। ਉਸ ਦੀ ਮਨੋਂਕਾਮਨਾ ਪੂਰੀ ਕੀਤੀ, ਸਭ ਤੋਂ ਉੱਚੀ ਉਸ ਨੂੰ ਪਦਵੀ ਦਿੱਤੀ॥੨੬॥

ਪੁਨ ਸ਼੍ਰੀ ਕ੍ਰਿਸ਼ਨ ਬਿਦਰ ਕੇ ਗਏ। ਸੋਦਾਮਾ ਕੇ ਤੰਦੁਲ ਖਏ।
ਲਾਜ ਦ੍ਰੋਪਤੀ ਕੀ ਰਖਿ ਲੀਨਿ। ਰੱਛਾ ਕੀਨਿ ਪਿਖੇ ਜੋ ਦੀਨ॥ ੨੭॥

ਫਿਰ ਸ੍ਰੀ ਕ੍ਰਿਸ਼ਨ ਜੀ ਬਿਦਰ ਪਾਸ ਗਏ, ਸੁਦਾਮੇ ਦੇ ਚਾਵਲ ਖਾਧੇ, ਦਰੋਪਦੀ ਦੀ ਲਾਜ ਰੱਖੀ, ਜਿਹੜੇ ਵੀ ਰੱਖਿਆ ਦੇਣ ਵਾਲੇ ਜਾਣੇ, ਉਨ੍ਹਾਂ ਦੀ ਰੱਖਿਆ ਕੀਤੀ॥੨੭॥

ਸ਼੍ਰੀ ਨਾਨਕ ਕਲਿ ਮਹਿਂ ਅਵਤਾਰ। ਨਗਰ ਏਮਨਾਬਾਦ ਮਝਾਰ।
ਲਾਲੋ ਸ਼ੂਦ੍ਰ ਤਾਂਹਿ ਘਰ ਜਾਹਿ। ਰੁਚਿ ਸੋਂ ਅਸਨ ਬਨਾਯੋ ਖਾਹਿਂ॥ ੨੮ ॥

ਸ੍ਰੀ ਨਾਨਕ ਜੀ ਕਲਿਜੁਗ ਵਿਚ ਅਵਤਾਰ ਹੋਏ ਹਨ, ਏਮਨਾਬਾਦ ਨਗਰ ਵਿਚ ਭਾਈ ਲਾਲੋ ਸ਼ੂਦਰ ਦੇ ਘਰ ਜਾਂਦੇ ਸਨ ਤੇ ਉਸ ਦੇ ਘਰ ਦਾ ਭੋਜਨ ਬੜੇ ਸਵਾਦ ਨਾਲ ਖਾਂਦੇ ਸਨ॥੨੮॥

ਤਿਨ ਗਾਦੀ ਪਰ ਭਏ ਜੁ ਪਾਛੇ। ਇਸੀ ਰੀਤਿ ਜਿਮ ਪ੍ਰੇਮੀ ਬਾਂਛੇ।
ਕਰਤਿ ਰਹੇ ਸਭਿ ਪੂਰਨ ਆਸਾ। ਯਾਂਤੇ ਹਮਹਿਂ ਸਭਿਨਿ ਭਰਵਾਸਾ॥ ੨੯ ॥

ਉਨ੍ਹਾਂ ਦੀ ਗੱਦੀ ਤੇ ਜਿਹੜੇ ਬਾਅਦ ਵਿਚ ਬੈਠੇ ਹਨ, ਉਨ੍ਹਾਂ ਦੀ ਵੀ ਅਜਿਹੀ ਰੀਤ ਸੀ। ਜਿਵੇਂ ਪ੍ਰੇਮੀ ਇੱਛਾ ਕਰਦਾ ਸੀ, ਉਸਦੀ ਸਾਰੀ ਆਸ ਪੂਰੀ ਕਰਦੇ ਸਨ। ਇਸ ਕਰਕੇ ਸਾਨੂੰ ਸਾਰਿਆਂ ਨੂੰ ਭਰਵਾਸਾ ਹੈ॥੨੯॥

Sri Satguru Jagjit Singh Ji eLlibrary NamdhariElibrary@gmail.com

ਦੀਨ ਦਯਾਲ ਕੀ ਬਾਨ ਬਿਚਾਰਤਿ। ਯਾਂਤੇ ਹਮ ਪ੍ਰਤੀਖਨਾ ਧਾਰਤਿ।
ਸ਼ਰਧਾ ਪੂਰਹਿਂ ਅੰਤਰਜਾਮੀ। ਦਾਸਨਿ ਕੀ ਬਿਨਤੀ ਸੁਨਿ ਸ੍ਵਾਮੀ॥ ੩੦॥

ਅਸੀਂ ਦੀਨ ਦਿਆਲ ਦੇ ਬਿਰਧਾਂ ਤੇ ਵਿਚਾਰ ਕਰਦੇ ਹਾਂ, ਇਸ ਕਰਕੇ ਅਸੀਂ ਇੰਤਜ਼ਾਰ ਕਰ ਰਹੇ ਹਾਂ। ਅੰਤਰਜਾਮੀ ਜੀ ਸਦਾ ਸ਼ਰਧਾ ਪੂਰੀ ਕਰਦੇ ਸਨ, ਮਾਲਕ ਆਪਣੇ ਸੇਵਕਾਂ ਦੀ ਬੇਨਤੀ ਸੁਣ ਲੈਂਦੇ ਹਨ॥੩੦॥

ਅਪਰ ਜਹਾਂ ਕਹਿਂ ਪ੍ਰੇਮ ਨਿਹਾਰੇ। ਸਭਿ ਕੌ ਤਜਾਗਤਿ ਤਹਾਂ ਪਧਾਰੇ।
ਕਹੈਂ ਕਹਾਂ ਲਗਿ ਗਿਨਤੀ ਕਰਿ ਕੈ। ਕਰੈਂ ਹਕਾਰਨਿ ਨਾਮ ਸਿਮਰਿਕੈ॥ ੩੧॥

ਹੋਰ ਜਿਥੇ ਕਿਥੇ ਪ੍ਰੇਮ ਵੇਖਦੇ ਹਨ, ਸਾਰਿਆਂ ਨੂੰ ਛੱਡ ਕੇ ਉਥੇ ਪਹੁੰਚਦੇ ਹਨ। ਕਿੱਥੋਂ ਤਕ ਗਿਣਤੀ ਕਰਕੇ ਕਹੀਏ। ਜਿਹੜਾ ਵੀ ਨਾਮ ਯਾਦ ਕਰਕੇ ਬੁਲਾਉਂਦਾ ਹੈ॥੩੧॥

ਧਨ ਐਸ਼੍ਵਰਜ ਨਹੀਂ ਕਿਸ ਦੇਖੋ। ਸੁਚ ਤਪ ਤਾਪਨਿ, ਨਹੀਂ ਪਰੇਖੋ।
ਖਟ ਸ਼ਾਸਤ੍ਰਨ ਮਹਿਂ ਬਿੱਦਯਾ ਪੰਡਤ। ਅਤਿਮਤਿ ਜੁਤਿ, ਮੰਡਤਿ ਮਤ ਖੰਡਤਿ॥੩੨ ॥

ਕਿਸੇ ਦੀ ਧਨ ਦੌਲਤ ਨਹੀਂ ਵੇਖਦੇ ਹਨ, ਸੁਚ, ਤਪ, ਤਪੱਸਿਆ ਨਹੀਂ ਪਰਖਦੇ ਹਨ। ਛੇ ਸ਼ਾਸਤਰਾਂ ਦੇ ਵਿਦਵਾਨ ਪੰਡਿਤ ਆਪਣਾ ਮੱਤ ਮੰਡਨ ਕਰਨ ਵਾਲੇ ਤੇ ਦੂਸਰਿਆਂ ਦਾ ਮੱਤ ਖੰਡਨ ਕਰਨ ਵਾਲੇ ਹਨ॥੩੨॥

ਇੱਤ੍ਯਾਦਿਕ ਸਭਿਹਿਨਿ ਕਹੁ ਤਜਾਗਤਿ। ਜੇ ਪਗ ਪੰਕਜ ਮਹਿਂ ਅਨੁਰਾਗਤਿ।
ਤਿਨ ਕੌ ਪ੍ਰੇਮ ਪਰਖਿ ਕਰਿ ਸ੍ਵਾਮੀ। ਬਸੀ ਰਹਹੁ ਨਿਤ ਅੰਤਰਜਾਮੀ !॥ ੩੩॥

ਇਸ ਤਰ੍ਹਾਂ ਸਾਰਿਆਂ ਨੂੰ ਤਿਆਗ ਦਿੰਦੇ ਹਨ, ਜਿਹੜੇ ਵੀ ਚਰਨ ਕੰਵਲਾਂ ਨਾਲ ਪ੍ਰੇਮ ਕਰਦੇ ਹਨ। ਉਨ੍ਹਾਂ ਦਾ ਪ੍ਰੇਮ ਪਰਖ ਕੇ ਅੰਤਰਜਾਮੀ ਗੁਰੂ ਜੀ, ਸਦਾ ਉਨ੍ਹਾਂ ਦੇ ਵੱਸ ਵਿਚ ਰਹਿੰਦੇ ਹਨ॥੩੩॥

ਤਤਛਿਨ ਪੂਰਤਿ ਹੋ ਅਭਿਲਾਖਾ। ਇਹ ਪ੍ਰਣ ਤੁਮਰੋ ਸਭਿਹਿਨਿ ਭਾਖਾ।
ਬੈਦਕ ਰੀਤੀ, ਲੌਕਿਕ ਕਾਨ। ਤਜਿ ਕਰਿ ਤਤਛਿਨ ਸ੍ਰੀ ਭਗਵਾਨ !॥ ੩੪॥

ਤੁਰਤ ਉਨ੍ਹਾਂ ਦੀ ਅਭਿਲਾਸ਼ਾ ਪੂਰੀ ਕਰ ਦਿੰਦੇ ਹੋ, ਤੁਹਾਡੇ ਇਸ ਪ੍ਰਣ ਬਾਰੇ ਸਾਰੇ ਕਹਿੰਦੇ ਹਨ। ਵੈਦਿਕ ਰੀਤੀ ਤੇ ਲੋਕ ਲਾਜ ਛੱਡ ਕੇ ਤੁਰਤ ਸ੍ਰੀ ਭਗਵਾਨ ਉਥੇ ਪਹੁੰਚ ਜਾਂਦੇ ਹਨ॥੩੪॥

ਬਸੀ ਰਹਤਿ ਨਿਸਦਿਨ ਤਿਸ ਕੇਰੇ। ਗੁਨ ਬਿਸਾਲ ਇਹ ਪ੍ਰਭੁ ! ਸਭਿ ਹੇਰੇ।
ਇਮ ਪੂਰਬ ਦਿਸ਼ਿ ਕੀ ਨਿਤਿ ਸੰਗਤਿ। ਕਰਤਿ ਅਰਾਧਨਿ ਮਿਲਿ ਮਿਲਿ ਪੰਗਤਿ॥੩੫ ॥

ਉਸਦੇ ਵਿਚ ਰਾਤ ਦਿਨ ਵੱਸ ਵਿਚ ਰਹਿੰਦੇ ਹਨ, ਪ੍ਰਭੂ ਦੇ ਇਹ ਵਿਸ਼ਾਲ ਗੁਣ ਹਨ, ਸਭ ਨੇ ਵੇਖੇ ਹਨ।" ਇਸ ਤਰ੍ਹਾਂ ਪੂਰਬ ਵਾਲੇ ਪਾਸੇ ਦੀ ਸਾਰੀ ਸੰਗਤ ਮਿਲ ਮਿਲ ਕੇ ਇਕੱਠੀ ਹੋ ਕੇ ਆਰਾਧਨਾ ਕਰਦੀ ਸੀ॥੩੫॥

ਸੰਗ੍ਰਹ ਵਸਤੁਨਿ ਕੌ ਕਰਿ ਪ੍ਰੇਮ। ਅਰਪਹਿਂ ਗੁਰੁਨਿ ਧਾਰਤੇ ਨੇਮ।
ਸ਼ਬਦ ਕੀਰਤਨ ਗਾਵਤਿ ਭਲੇ। ਅਨੁਰਾਗਤਿ ਲੋਚਨ ਜਲ ਚਲੇ॥ ੩੬॥

ਸੰਗ੍ਰਹਿ ਕੀਤੀਆਂ ਸਾਰੀਆਂ ਵਸਤਾਂ ਨੂੰ ਪ੍ਰੇਮ ਕਰਕੇ ਨੇਮ ਧਾਰ ਕੇ ਗੁਰੂ ਜੀ ਨੂੰ ਅਰਪਣ ਕਰਦੇ ਸਨ। ਭਲੀ ਪ੍ਰਕਾਰ ਸ਼ਬਦ ਕੀਰਤਨ ਕਰਦੇ ਸਨ, ਪ੍ਰੇਮ ਨਾਲ ਅੱਖਾਂ ਵਿਚ ਜਲ ਚਲ ਪੈਂਦਾ ਸੀ॥੩੬॥

ਪੂਰਬ ਭਾਗ ਜਗੇ ਜਿਨ ਕੇਰੇ। ਤਿਨ ਕੇ ਉਰ ਭਾ ਪ੍ਰੇਮ ਬਡੇਰੇ।
ਸਿਮਰਹਿਂ ਵਾਹਿਗੁਰੂ ਸਭਿ ਸਮੈਂ। 'ਦੀਨ ਜਾਨਿ ਦਿਹੁ ਦਰਸ਼ਨ ਹਮੈਂ॥ ੩੭॥

ਜਿਨ੍ਹਾਂ ਦੇ ਪਿਛਲੇ ਭਾਗ ਜਾਗਦੇ ਹਨ, ਉਨ੍ਹਾਂ ਦੇ ਹਿਰਦਿਆਂ ਵਿਚ ਵੱਡਾ ਪ੍ਰੇਮ ਜਾਗਦਾ ਹੈ। ਉਹ ਹਰ ਸਮੇਂ ਵਾਹਿਗੁਰੂ ਦਾ ਸਿਮਰਨ ਕਰਦੇ ਹਨ, "ਹੇ ਪ੍ਰਭੂ ਜੀ! ਦੀਨ ਜਾਣ ਕੇ ਸਾਨੂੰ ਦਰਸ਼ਨ ਦੇਵੋ॥੩੭॥

**ਸੁਨੇ ਸੁ ਗੁਨ ਸ੍ਰੀ ਤੇਗ ਬਹਾਦਰ। ਜਹਿਂ ਸਿਮਰਹਿਂ ਤਹਿਂ ਤਤਛਿਨ ਹਾਦਰ।**
**ਦਰਸ਼ਨ ਦੇਤਿ ਸਹਾਇਕ ਬਨੈਂ। ਇਸ ਮਹਿਂ ਨਹਿਂ ਕੋ ਸੰਸੈ ਭਨੈ' ॥ ੩੮ ॥**

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜਿਹੜੇ ਅਜਿਹੇ ਸ੍ਰੇਸ਼ਟ ਗੁਣ ਸੁਣਦੇ ਹਨ ਤਾਂ ਜਿਹੜਾ ਵੀ ਯਾਦ ਕਰਦਾ ਹੈ ਉਥੇ ਤੁਰਤ ਹਾਜ਼ਰ ਹੁੰਦੇ ਹਨ, ਦਰਸ਼ਨ ਦੇ ਕੇ ਸਹਾਇਕ ਬਣਦੇ ਹਨ, ਇਸ ਵਿਚ ਕੋਈ ਸ਼ੰਕਾ ਨਹੀਂ ਹੈ" ॥੩੮॥

**ਗੁਰੂ ਗ੍ਰਿੰਥ ਸਾਹਿਬ ਕੇ ਆਗੇ। ਹਾਥ ਜੋਰਿ ਬਿਨਵਤਿ ਬਡਭਾਗੇ।**
**'ਕਰਹੁ ਹਮਾਰੀ ਪੂਰਨ ਆਸਾ। ਜਾਗਤਿ ਜੋਤਿ ਮੁਕੰਦ ਸੁ ਦਾਸਾ' ॥ ੩੯ ॥**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ, ਵੱਡੇ ਭਾਗਾਂ ਵਾਲੇ ਹੱਥ ਜੋੜ ਕੇ ਬੇਨਤੀਆਂ ਕਰਦੇ ਸਨ, "ਸਾਡੀ ਆਸ ਪੂਰੀ ਕਰੋ, ਤੁਸੀਂ ਜਗਦੀ ਜੋਤ ਹੋ ਅਤੇ ਆਪਣੇ ਦਾਸਾਂ ਨੂੰ ਮੁਕਤੀ ਦੇਣ ਵਾਲੇ ਹੋ" ॥੩੯॥

**ਕਰਹਿਂ ਤਿਹਾਵਲ ਭਨਿ ਅਰਦਾਸਾ। ਬੰਦਤਿ ਹੈਂ ਕਰਿ ਸਤਿਗੁਰ ਆਸਾ।**
**'ਨਹਿਂ ਬਿਲਮਹੁ ਸ੍ਰੀ ਤੇਗ ਬਹਾਦਰ। ਦਿਹੁ ਦਰਸ਼ਨ ਹਮ ਬੰਦਹਿਂ ਸਾਦਰ' ॥੪੦॥**

ਕੜਾਹ ਪ੍ਰਸ਼ਾਦ ਤਿਆਰ ਕਰਕੇ ਅਰਦਾਸ ਕਰਦੇ ਹਨ ਤੇ ਸਤਿਗੁਰੂ ਜੀ ਦੀ ਆਸ ਕਰਕੇ ਬੰਦਨਾ ਕਰਦੇ ਹਨ। ਇਹ ਸਤਿਗੁਰੂ ਤੇਗ ਬਹਾਦਰ ਜੀ ਦੇਰ ਨਾ ਲਾਓ, ਦਰਸ਼ਨ ਦੇਵੋ ਅਸੀਂ ਆਦਰ ਸਹਿਤ ਬੰਦਨਾ ਕਰਦੇ ਹਾਂ" ॥੪੦॥

**ਇਸ ਪ੍ਰਕਾਰ ਪੂਰਬ ਦਿਸ਼ਿ ਮਾਂਹੀ। ਕਿਤਿਕ ਗ੍ਰਾਮ ਮਹਿਂ ਕਿਤ ਪੁਰਿ ਜਾਂਹੀ।**
**ਗੁਰੂ ਪ੍ਰਤੀਖਤਿ ਪ੍ਰੇਮ ਉਪਾਏ। ਜਹਿਂ ਕਹਿਂ ਗੁਨ ਗਾਵਤਿ ਉਮਗਾਏ ॥ ੪੧ ॥**

ਇਸ ਪ੍ਰਕਾਰ ਪੂਰਬ ਦਿਸ਼ਾ ਵਿਚ, ਕਈਆਂ ਪਿੰਡਾਂ ਅਤੇ ਕਈ ਸ਼ਹਿਰਾਂ ਵਿਚ ਬੜਾ ਪ੍ਰੇਮ ਉਪਜਾ ਕੇ ਗੁਰੂ ਜੀ ਦੀ ਉਡੀਕ ਕਰ ਰਹੇ ਸਨ, ਜਿੱਥੇ ਕਿੱਥੇ ਬੜੀ ਉਮੰਗ ਨਾਲ ਗੁਣ ਗਾਉਂਦੇ ਸਨ॥੪੧॥

**ਸ੍ਰੀ ਗੁਰੂ ਤੇਗ ਬਹਾਦਰ ਸ੍ਵਾਮੀ। ਲਖਯੋ ਬ੍ਰਿਤਾਂਤ ਸੁ ਅੰਤਰਜਾਮੀ।**
**ਸਭਿ ਕਾਰਜ ਤਜਿ ਚਾਹਤਿ ਚਲੇ। ਦਰਸ਼ਨ ਦੇਤਿ ਸੰਗਤਾਂ ਭਲੇ॥ ੪੨ ॥**

ਮਾਲਕ ਸ੍ਰੀ ਗੁਰੂ ਤੇਗ ਬਹਾਦਰ ਜੀ ਅੰਤਰਜਾਮੀ ਨੇ ਸਾਰਾ ਬ੍ਰਿਤਾਂਤ ਜਾਣਿਆ। ਸਾਰੇ ਕਾਰਜ ਛੱਡ ਕੇ ਜਾਣਾ ਚਾਹੁੰਦੇ ਸਨ। ਸੰਗਤਾਂ ਨੂੰ ਭਲੇ ਦਰਸ਼ਨ ਦੇਣਾ ਚਾਹੁੰਦੇ ਸਨ॥੪੨॥

**ਜਯੋਂ ਜਯੋਂ ਪ੍ਰੇਮ ਵਧਹਿ ਤਿਨ ਕੇਰਾ। ਤਯੋਂ ਤਯੋਂ ਚਿਤ ਅਕੁਲਾਇ ਬਡੇਰਾ।**
**ਮਿਲਨਿ ਚਹਿਤਿ ਹੈਂ ਸਿੱਖਨਿ ਅਪਨੇ। ਜਿਨਹੁਂ ਲਗੀ ਲਿਵ ਗੁਰੁ ਗੁਰ ਜਪਨੇ ॥੪੩ ॥**

ਜਿਵੇਂ-ਜਿਵੇਂ ਉਨ੍ਹਾਂ ਦਾ ਪ੍ਰੇਮ ਵੱਧਦਾ ਜਾਂਦਾ ਸੀ, ਤਿਵੇਂ-ਤਿਵੇਂ ਗੁਰੂ ਜੀ ਦਾ ਚਿੱਤ ਜ਼ਿਆਦਾ ਵਿਆਕੁਲ ਹੁੰਦਾ ਜਾਂਦਾ ਸੀ। ਉਹ ਆਪਣੇ ਸਿੱਖਾਂ ਨੂੰ ਮਿਲਣਾ ਚਾਹੁੰਦੇ ਸਨ, ਜਿਨ੍ਹਾਂ ਨੂੰ ਗੁਰੂ-ਗੁਰੂ ਜਪਣ ਦੀ ਲਿਵ ਲੱਗੀ ਸੀ॥੪੩॥

*ਗਿਆਰਵੀਂ ਰਾਸ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਸੰਤਾਲੀਵਾਂ

## ਕੜੇ ਪਿੰਡ ਦਾ ਮਲੂਕ ਦਾਸ

ਦੋਹਰਾ- ਸਿੱਖਨਿ ਪ੍ਰੇਮ ਬਿਚਾਰਿ ਕੈ ਤੇਗ ਬਹਾਦਰ ਚੰਦ।
ਮਿਸ ਤੀਰਥ ਇਸ਼ਨਾਨ ਕੋ ਕਹਿ ਕਰਿ ਚਲੇ ਮੁਕੰਦ॥ ੧॥

ਸਿੱਖਾਂ ਦਾ ਪ੍ਰੇਮ ਵਿਚਾਰ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ, ਮੁਕਤੀ ਦੇ ਦਾਤੇ ਤੀਰਥ ਇਸ਼ਨਾਨ ਦਾ ਬਹਾਨਾ ਕਹਿ ਕੇ ਚਲ ਪਏ॥੧॥

ਚੌਪਈ- 'ਕੜੇ' ਸੁ 'ਮਾਨਿਕਪੁਰ' ਕੇ ਰਾਹੂ। ਗਮਨੇ ਸਤਿਗੁਰੁ ਬੇਪਰਵਾਹੂ।
'ਸੰਗ ਫਕੀਰਨਿ ਕੋ ਸਮੁਦਾਇ। ਸਿਮਰਨ ਸ੍ਰੀ ਪ੍ਰਭੁ ਕਰਤੇ ਜਾਇ॥੨॥

'ਕੜੇ' ਤੇ 'ਮਾਨਿਕਪੁਰ' ਪਿੰਡ ਦੇ ਰਾਹ, ਬੇ-ਪ੍ਰਵਾਹ ਸਤਿਗੁਰੂ ਜੀ ਚਲ ਪਏ। ਨਾਲ ਫਕੀਰਾਂ ਦਾ ਸਮੂਹ ਸੀ, ਉਹ ਪ੍ਰਭੂ ਦਾ ਸਿਮਰਨ ਕਰਦੇ ਜਾਂਦੇ ਸਨ॥੨॥

ਬਸਤ੍ਰ ਕਖਾਇ ਜਿਨਹੁ ਨੇ ਧਾਰੇ। ਕਰ ਤੂੰਬੇ ਜਲ ਪੀਵਨਹਾਰੇ।
ਸਿਰ ਪਰ ਊਚੀ ਟੋਪੀ ਧਰੈਂ। ਕਿਤਿਕ ਬਿਭੂਤਨ ਮਲਿਬੋ ਕਰੈਂ॥ ੩॥

ਫਕੀਰਾਂ ਨੇ ਭਗਵੇਂ ਕੱਪੜੇ ਪਾਏ ਹੋਏ ਸਨ, ਹੱਥ ਵਿਚ ਤੂੰਬੇ ਫੜੇ ਸਨ, ਜਿਸ ਨਾਲ ਉਹ ਜਲ ਪੀਂਦੇ ਸਨ। ਸਿਰ ਉਤੇ ਉੱਚੀ ਟੋਪੀ ਪਹਿਣਦੇ ਸਨ, ਕਈਆਂ ਨੇ ਆਪਣੇ ਸਰੀਰ ਨੂੰ ਸਵਾਹ ਮਲੀ ਹੋਈ ਸੀ॥੩॥

ਬ੍ਰਿੰਦ ਸਿੱਖਜ ਜੇ ਚੜ੍ਹੇ ਤੁਰੰਗ। ਬਸਤ੍ਰ ਸ਼ਸਤ੍ਰ ਸੁਭ ਧਾਰਿ ਕੈ ਅੰਗ।
ਪ੍ਰਥਮ ਪਹੂਚੇ ਸੁਰਸਰਿ ਥਾਨ। ਨਿਰਮਲ ਨੀਰ ਪੁਨੀਤ ਮਹਾਨ॥ ੪॥

ਬਹੁਤ ਸਿੱਖ ਜਿਹੜੇ ਘੋੜਿਆਂ ਤੇ ਚੜ੍ਹੇ ਹੋਏ ਸਨ, ਉਨ੍ਹਾਂ ਆਪਣੇ ਸਰੀਰ ਤੇ ਸ਼ੁਭ ਬਸਤਰ ਸ਼ਸਤਰ ਧਾਰਨ ਕੀਤੇ ਹੋਏ ਸਨ। ਪਹਿਲਾਂ ਉਹ ਗੰਗਾ ਵਾਲੇ ਸਥਾਨ ਤੇ ਪਹੁੰਚੇ, ਨਿਰਮਲ ਪਾਣੀ ਬਹੁਤ ਪਵਿੱਤਰ ਸੀ॥੪॥

ਜਾਇ ਕੂਲ ਪਰ ਕੀਨਸਿ ਡੇਰਾ। ਪਾਪ ਨਿਵਾਰਨਿ ਦਰਸ਼ਨ ਹੇਰਾ।
ਮਨਭਾਵਤਿ ਸਭਿ ਕਰਜੋ ਸ਼ਨਾਨਾ। ਜਥਾ ਸ਼ਕਤਿ ਦੇ ਕਰਿ ਦਿਜ ਦਾਨਾ॥੫॥

ਕਿਨਾਰੇ ਤੇ ਜਾ ਕੇ ਡੇਰਾ ਲਾ ਲਿਆ, ਪਾਪ ਦੂਰ ਕਰਨ ਵਾਲੀ ਗੰਗਾ ਦੇ ਦਰਸ਼ਨ ਕੀਤੇ। ਮਨ-ਭਾਉਂਦਾ ਸਾਰਿਆਂ ਨੇ ਇਸ਼ਨਾਨ ਕੀਤਾ। ਯਥਾ ਸ਼ਕਤੀ ਅਨੁਸਾਰ ਬ੍ਰਾਹਮਣਾਂ ਨੂੰ ਦਾਨ ਦਿੱਤਾ॥੫॥

ਦ੍ਵੈ ਦਿਨ ਟਿਕੇ ਸੁਰਸਰੀ ਤੀਰ। ਦਰਸਹਿ ਸਤਿਗੁਰੁ ਕੋ ਨਰ ਭੀਰ।
ਤਹਿਂ ਤੇ ਆਗੇ ਗਮਨੇ ਸ੍ਵਾਮੀ। ਪੂਰਨਿ ਕਾਮਨਾ ਸਿੱਖਨਿ ਕਾਮੀ॥੬॥

ਦੋ ਦਿਨ ਗੰਗਾ ਦੇ ਕਿਨਾਰੇ ਨਿਵਾਸ ਕੀਤਾ, ਬਹੁਤ ਮਨੁੱਖ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਫਿਰ ਸਵਾਮੀ ਗੁਰੂ ਜੀ ਅੱਗੇ ਚਲ ਪਏ, ਕਾਮਨਾ ਵਾਲੇ ਸਿੱਖਾਂ ਦੀਆਂ ਕਾਮਨਾਵਾਂ ਪੂਰੀਆਂ ਕਰਨੀਆਂ ਚਾਹੁੰਦੇ ਸਨ॥੬॥

ਥਲ ਕਛਾਰ ਕੋ ਸੁੰਦਰ ਆਵਾ। ਖਿਲਤਿ ਅਖੇਰ ਤਹਾਂ ਮਨ ਭਾਵਾ।
ਆਮਿਖ ਪਾਵਨ ਹੈ ਜਿਨ ਕੇਰੇ। ਹਤੇ ਹੇਰਿ ਕਰਿ ਫਿਰ ਤਿਸ ਬੇਰੇ॥੭॥

ਫਿਰ ਕਛਾਰ ਦਾ ਸੁੰਦਰ ਸਥਲ ਆਇਆ, ਉਥੇ ਮਨ-ਭਾਉਂਦਾ ਸ਼ਿਕਾਰ ਖੇਡਦੇ ਸਨ। ਜਿਨ੍ਹਾਂ ਪੰਛੀਆਂ ਅਤੇ ਹਿਰਨਾਂ ਦਾ ਮਾਸ ਪਵਿੱਤਰ ਹੁੰਦਾ ਹੈ ਉਸ ਸਮੇਂ ਉਨ੍ਹਾਂ ਨੂੰ ਵੇਖ ਕੇ ਮਾਰਿਆ॥੭॥

ਮ੍ਰਿਗਨਿ ਬਿਹੰਗਨਿ ਕੋ ਸੰਘਾਰਿ। ਗਮਨੇ ਖੇਲਤਿ ਪੰਥ ਸ਼ਿਕਾਰ।
ਆਮਿਖ ਕਾਟਿ ਕਾਟਿ ਸਭਿ ਲੀਨਿ। ਨਿਜ ਬਾਜੀ ਸੰਗ ਬਾਂਧਨ ਕੀਨਿ॥ ੮॥

ਹਿਰਨਾਂ ਅਤੇ ਪੰਛੀਆਂ ਨੂੰ ਮਾਰ ਕੇ, ਸ਼ਿਕਾਰ ਖੇਡਦੇ ਹੀ ਅੱਗੇ ਚਲੇ ਗਏ। ਮਾਸ ਕੱਟ ਕੱਟ ਕੇ ਸਭ ਨੇ ਲਿਆ ਤੇ ਆਪਣੇ-ਆਪਣੇ ਘੋੜੇ ਦੇ ਨਾਲ ਬੰਨ੍ਹ ਲਿਆ॥੮॥

ਇਮ ਬਹੁ ਸੁਭਟ ਸੰਗ ਗੁਰੁ ਚਾਲਤਿ। ਕਰਤਿ ਅਖੇਰ ਮ੍ਰਿਗਨਿ ਕੋ ਭਾਲਤਿ।
'ਕੜੇ' ਸਮੀਪ ਪਹੂਚੇ ਜਾਇ। ਸਾਧ ਮਲੂਕਦਾਸ ਜਿਸ ਨਾਇ॥ ੯॥

ਇਸ ਤਰ੍ਹਾਂ ਬਹੁਤ ਸੂਰਮੇ ਗੁਰੂ ਜੀ ਨਾਲ ਚਲ ਰਹੇ ਸਨ, ਸ਼ਿਕਾਰ ਖੇਡਣ ਵਾਸਤੇ ਉਹ ਹਿਰਨਾਂ ਦੀ ਭਾਲ ਕਰ ਰਹੇ ਸਨ। 'ਕੜੇ' ਪਿੰਡ ਦੇ ਪਾਸ ਪਹੁੰਚ ਗਏ। ਸਾਧੂ ਮਲੂਕ ਦਾਸ ਜਿਸ ਦਾ ਨਾਂ ਸੀ॥੯॥

ਬਸਹਿ ਤਹਾਂ ਸੁ ਬੈਸਨੋ ਧਰਮ। ਕਰਤਿ ਸਦਾ ਹੀ ਆਛੇ ਕਰਮ।
ਸੁਨਿ ਕਿਸ ਤੇ 'ਸਤਿਗੁਰੁ ਜੀ ਆਏ'। ਰਿਦੇ ਅਨੰਦ ਭਯੋ ਅਧਿਕਾਏ॥ ੧੦॥

ਉਹ ਉਸ ਪਿੰਡ ਵਿਚ ਵੱਸਦਾ ਸੀ ਤੇ ਉਸਦਾ ਵੈਸ਼ਨੂੰ ਧਰਮ ਸੀ, ਤੇ ਉਹ ਸਦਾ ਹੀ ਚੰਗੇ ਕਰਮ ਕਰਦਾ ਸੀ। ਕਿਸੇ ਪਾਸੋਂ ਉਸ ਸੁਣਿਆ, "ਸਤਿਗੁਰੂ ਜੀ ਆਏ ਹਨ।" ਹਿਰਦੇ ਵਿਚ ਬਹੁਤ ਅਨੰਦ ਵਧਿਆ॥੧੦॥

ਮੈਂ ਦਰਸ਼ਨ ਕਰਿ ਹੈਂ ਗੁਰੁ ਕੇਰਾ। ਜਿਨ ਕੋ ਜਸੁ ਬਿਸਤਾਰ ਬਡੇਰਾ।
ਹੋਹਿ ਪਰਮ ਮੇਰੋ ਕੱਲਜਾਨ। ਸੁਨੈਂ ਬਾਕ ਹਿਤ ਦੇ ਕਰਿ ਕਾਨ॥ ੧੧॥

ਮੈਂ ਗੁਰੂ ਜੀ ਦੇ ਦਰਸ਼ਨ ਕਰਾਂਗਾ, ਜਿਨ੍ਹਾਂ ਦਾ ਬਹੁਤ ਜੱਸ ਫੈਲਿਆ ਹੋਇਆ ਹੈ। ਮੇਰਾ ਪਰਮ ਕਲਿਆਣ ਹੋਵੇਗਾ, ਮੈਂ ਕੰਨ ਲਾ ਕੇ ਉਨ੍ਹਾਂ ਦੇ ਸੁੰਦਰ ਬਚਨ ਸੁਣਾਂਗਾ॥੧੧॥

ਇਮ ਉਤਸਾਹ ਕਰਤਿ ਬਹੁਤੇਰਾ। ਪੁਨ ਇਕ ਆਯੋ ਜਿਨ ਗੁਰੁ ਹੇਰਾ।
ਤਿਨ ਨੇ ਸਗਰੀ ਬਾਤ ਸੁਨਾਈ। 'ਗੁਰੁ ਕੇ ਸੰਗ ਸਾਧੁ ਸਮੁਦਾਈ॥ ੧੨॥

ਇਸ ਤਰ੍ਹਾਂ ਬਹੁਤ ਉਤਸ਼ਾਹ ਕੀਤਾ, ਫਿਰ ਇਕ ਵਿਅਕਤੀ ਆਇਆ ਜਿਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਹੋਏ ਸਨ। ਉਸ ਨੇ ਗੁਰੂ ਜੀ ਬਾਰੇ ਸਾਰੀ ਗੱਲ ਸੁਣਾਈ, "ਗੁਰੂ ਜੀ ਦੇ ਨਾਲ ਇਕ ਸਾਧੂਆਂ ਦਾ ਵੀ ਸਮੂਹ ਹੈ॥੧੨॥

ਚੜ੍ਹੇ ਤੁਰੰਗਮ ਸਿਖ ਕੁਛ ਸਾਥ। ਗਹੇ ਜਿਨਹੁੰ ਨੇ ਆਯੁਧ ਹਾਥ।
ਮ੍ਰਿਗਨਿ ਬਿਹੰਗਨਿ ਕੇ ਗਨ ਮਾਰੇ। ਆਏ ਖੇਲਤਿ ਪੰਥ ਸ਼ਿਕਾਰੇ॥ ੧੩॥

ਨਾਲ ਕੁਝ ਸਿੱਖ ਘੋੜਿਆਂ ਤੇ ਚੜ੍ਹੇ ਹੋਏ ਹਨ, ਜਿਨ੍ਹਾਂ ਨੇ ਹੱਥਾਂ ਵਿਚ ਸ਼ਸਤਰ ਫੜੇ ਹੋਏ ਹਨ। ਉਨ੍ਹਾਂ ਨੇ ਬਹੁਤ ਹਿਰਨ ਅਤੇ ਪੰਛੀ ਮਾਰੇ ਹਨ। ਰਾਹ ਵਿਚ ਸ਼ਿਕਾਰ ਖੇਡਦੇ ਆਏ ਹਨ॥੧੩॥

ਆਮਿਖ ਕਾਟਿ ਕਾਟਿ ਸਮੁਦਾਏ। ਹਯਨਿ ਸੰਗ ਬਾਂਧਯੋ ਲਟਕਾਏ।
ਜਥਾ ਬਜਾਧਿ ਨਿਰਦਜਾਲੂ ਮਾਰੇ। ਤਿਮ ਦੇਖੇ ਮੈਂ ਜੀਵ ਸੰਘਾਰੇ॥ ੧੪॥

ਸਾਰਿਆਂ ਨੇ ਮਾਸ ਕੱਟ ਕੱਟ ਕੇ, ਆਪਣੇ ਘੋੜਿਆਂ ਨਾਲ ਬੰਨ੍ਹ ਕੇ ਲਟਕਾਇਆ ਹੈ। ਜਿਵੇਂ ਦਇਆਹੀਣ ਸ਼ਿਕਾਰੀ ਜੀਵਾਂ ਨੂੰ ਮਾਰਦਾ ਹੈ ਉਸ ਤਰ੍ਹਾਂ ਮੈਂ ਜੀਵ ਮਾਰੇ ਵੇਖੇ ਹਨ॥੧੪॥

ਸਗਰੋ ਜਗਤ ਕਰਹਿ ਜਿਹ ਪੂਜਾ। ਜਿਨ ਕੇ ਸਮ ਕੋ ਸੁਨਜੋ ਨ ਦੂਜਾ।
ਅਜ਼ਮਤ ਬਿਦਤ ਜਹਾਂ ਕਹਿਂ ਜਨਿਯਤਿ। ਸਤਿਸੰਗਤਿ ਮਹਿਂ ਬਡ ਜਸੁ ਭਨਿਯਤਿ' ॥੧੫॥

ਸਾਰਾ ਜਗਤ ਜਿਨ੍ਹਾਂ ਦੀ ਪੂਜਾ ਕਰਦਾ ਹੈ, ਜਿਸ ਦੇ ਬਰਾਬਰ ਕੋਈ ਦੂਸਰਾ ਨਹੀਂ ਸੁਣਿਆ ਹੈ। ਜਿੱਥੇ-ਜਿੱਥੇ ਉਨ੍ਹਾਂ ਦੀ ਪ੍ਰਗਟ ਕਰਾਮਾਤ ਜਾਣੀ ਜਾਂਦੀ ਹੈ, ਸਤਿਸੰਗਤ ਵਿਚ ਵੱਡਾ ਜੱਸ ਕਰਦੇ ਹਨ" ॥੧੫॥

ਸੁਨਤਿ ਮਲੂਕਦਾਸ ਭਰਮਾਯਹੁ। ਸ਼ੰਕ ਮਾਨ, ਮਨ ਮਹਿਂ ਨਹਿਂ ਭਾਯਹੁ।
ਕਹਜੋ ਬੈਸ਼ਨੌ ਮਤ ਹੈ ਮੇਰੋ। ਸਤਿਗੁਰ ਮਾਸ ਅਹਾਰੀ ਹੇਰੋਂ॥ ੧੬॥

ਇਹ ਸੁਣ ਕੇ ਮਲੂਕ ਦਾਸ ਭਰਮਾਂ ਵਿਚ ਪੈ ਗਿਆ, ਸ਼ੰਕਾ ਮੰਨ ਕੇ, ਮਨ ਨੂੰ ਚੰਗਾ ਨਾ ਲੱਗਾ। ਕਹਿਣ ਲੱਗਾ, "ਮੇਰਾ ਵੈਸ਼ਨੂੰ ਮੱਤ ਹੈ, ਸਤਿਗੁਰੂ ਜੀ ਮਾਸ ਅਹਾਰੀ ਵੇਖੇ ਹਨ॥੧੬॥

ਕਰਨਿ ਮਿਲਾਪ ਤਿਨਹੁਂ ਢਿਗ ਜਾਨਾ। ਹੈ ਅਸਮੰਜਸ ਮੈਂ ਮਨ ਜਾਨਾ।
ਬੈਠਿ ਸਦਨ ਮਹਿਂ ਸਿਮਰੋਂ ਹਰਿ ਹਰਿ। ਗੁਰੁ ਬਡ, ਮੈਂ ਲਘੁ, ਨਾਂਹਿਨ ਸਮਸਰ ॥੧੭॥

ਉਨ੍ਹਾਂ ਦੇ ਪਾਸ ਮਿਲਣ ਵਾਸਤੇ ਜਾਣਾ ਬੜਾ ਮੁਸ਼ਕਲ ਹੈ, ਇਹ ਮੈਂ ਮਨ ਵਿਚ ਜਾਣਿਆ ਹੈ। ਮੈਂ ਘਰ ਬੈਠ ਕੇ ਹਰੀ ਦੇ ਨਾਮ ਦਾ ਸਿਮਰਨ ਕਰਾਂਗਾ। ਗੁਰੂ ਜੀ ਵੱਡੇ ਹਨ, ਮੈਂ ਛੋਟਾ ਹਾਂ, ਸਾਡੀ ਬਰਾਬਰੀ ਨਹੀਂ ਹੈ॥੧੭॥

ਜਗ ਮੈਂ ਕੋ ਦੂਰਬਲ ਕੋ ਮੋਟਾ। ਕਿਨਹੂੰ ਲਾਭ ਕਿਨਹੂੰ ਕੈ ਤੋਟਾ।
ਪਰ ਕੀ ਕਹਾਂ ਬਿਚਾਰ ਕਰੀਜੈ। ਬੈਠਿ ਸਦਨ ਪ੍ਰਭੁ ਕੋ ਸਿਮਰੀਜੈ॥ ੧੮॥

ਜਗਤ ਵਿਚ ਕੋਈ ਦੁਰਬਲ ਹੈ ਤੇ ਕੋਈ ਮੋਟਾ ਹੈ। ਕੋਈ ਲਾਭ ਕਰਕੇ ਅਮੀਰ ਹੈ ਤੇ ਕੋਈ ਤੋਟ ਕਰਕੇ ਗ਼ਰੀਬ ਹੈ। ਪਰ ਕੀ ਕਿੱਥੇ ਵਿਚਾਰ ਕਰੀਏ। ਘਰ ਬੈਠ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੀਏ॥੧੮॥

ਮਿਲਿਬੇ ਕੀ ਪ੍ਰਸੰਨਤਾ ਤਜਿ ਕੈ। ਬੈਠਿ ਰਹਜੋ ਘਰ ਹਰਿ ਹਰਿ ਭਜਿਕੈ।
ਸ੍ਰੀ ਗੁਰੁ ਤੇਗ ਬਹਾਦਰ ਜਾਨਜੋ। ਹਰਿ ਕੋ ਭਗਤਿ ਸੁਨਤਿ ਭਰਮਾਨਜੋ॥੧੯॥

ਮਿਲਣ ਦੀ ਪ੍ਰਸੰਨਤਾ ਛੱਡ ਕੇ, ਹਰੀ-ਹਰੀ ਜਪ ਕੇ ਘਰ ਬੈਠਾ ਰਿਹਾ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਾਣਿਆ ਕਿ ਹਰੀ ਦਾ ਭਗਤ ਸਾਡੇ ਬਾਰੇ ਸੁਣ ਕੇ ਭਰਮਾਂ ਵਿਚ ਪੈ ਗਿਆ ਹੈ॥੧੯॥

ਬਿਧਿ ਨਿਖੇਧਿ ਕਰਮਨਿ ਬਿਵਹਾਰ। ਯਹਿ ਨਹਿਂ ਸੰਤਨਿ ਕੇ ਬੀਚਾਰ।
ਵਹਿਰ ਕ੍ਰਿਆ ਪਿਖਿ ਸ਼ਰਧਾ ਤਯਾਗੀ। ਅੰਤਰ ਬ੍ਰਿਤਿ ਕੋ ਨਹਿਂ ਅਨੁਰਾਗੀ॥੨੦॥

ਵਿਧੀ ਨਿਖੇਧੇ ਕਰਮਾਂ ਦਾ ਵਿਵਹਾਰ ਹੈ, ਇਸ ਨੂੰ ਸੰਤ ਨਹੀਂ ਵਿਚਾਰਦੇ। ਬਾਹਰਲੀ ਕ੍ਰਿਆ ਵੇਖ ਕੇ ਸ਼ਰਧਾ ਤਿਆਗ ਦਿੱਤੀ ਹੈ, ਅੰਤਰਬ੍ਰਿਤੀ ਨਾਲ ਕੋਈ ਪ੍ਰੇਮ ਨਹੀਂ ਹੈ॥੨੦॥

ਤਜਿ ਮਿਲਾਪ ਕੀ ਬਾਤਨਿ, ਬੈਠਜੋ। ਸੁਨਿ ਆਮਿਖ ਕੋ, ਨਾਕ ਸੁ ਐਠਜੋ।
ਬਿਧਿ ਨਖੇਧ ਤੇ ਕਰਿ ਕੈ ਬਾਹਰ। ਚਹਿਯ ਮਿਲਾਵਨਿ ਤਿਸ ਕੋ ਜ਼ਾਹਰ॥੨੧॥

ਮਿਲਾਪ ਦੀ ਗੱਲ ਛੱਡ ਕੇ ਬੈਠ ਗਿਆ ਹੈ, ਮਾਸ ਦਾ ਨਾਂ ਸੁਣ ਕੇ ਹੀ ਨੱਕ ਚਾੜ੍ਹਿਆ ਹੈ। ਵਿਧੀ ਨਿਖੇਧੀ ਨੂੰ ਬਾਹਰ ਕਰਕੇ ਉਸ ਨੂੰ ਜ਼ਾਹਰਾ ਰੂਪ ਵਿਚ ਮਿਲਾਉਣਾ ਚਾਹੀਦਾ ਹੈ॥੨੧॥

ਇਮ ਸ੍ਰੀ ਤੇਗ ਬਹਾਦਰ ਧਾਰੀ। ਕਰਜੋ ਨਿਹਾਲ ਚਹਿਸ ਉਪਕਾਰੀ।
ਬੈਠਿ ਮਲੂਕ ਦਾਸ ਜਬਿ ਰਹਜੋ। ਗਿਨਤੀ ਗਿਨਹਿ, ਨ ਮੁਖ ਕਛੁ ਕਹਜੋ॥੨੨॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਾਰਨ ਕੀਤਾ, ਉਪਕਾਰ ਕਰਕੇ ਉਸ ਨੂੰ ਨਿਹਾਲ ਕਰਨਾ ਚਾਹੀਦਾ ਹੈ। ਜਦ ਮਲੂਕ ਦਾਸ ਬੈਠਾ ਰਿਹਾ, ਮਨ ਵਿਚ ਗਿਣਤੀਆਂ ਗਿਣਦਾ ਸੀ ਤੇ ਮੁਖ ਤੋਂ ਕੁਝ ਨਹੀਂ ਸੀ ਬੋਲਦਾ॥੨੨॥

ਕਿਤਿਕ ਦੇਰ ਮਹਿਂ ਤਾਂਹਿ ਰਸੋਈ। ਅਨਿਕ ਅੰਨ ਕੀ ਸਿਧ ਸਭਿ ਹੋਈ।
ਥਾਲ ਪਰੋਸਜੋ ਪਾਇ ਅਹਾਰ। ਸੂਖਮ ਚਾਵਰ ਮੂੰਗ ਕੀ ਦਾਰ॥ ੨੩॥

ਕਾਫੀ ਦੇਰ ਬਾਅਦ ਉਸ ਰਸੋਈ ਤਿਆਰ ਕੀਤੀ, ਅਨੇਕ ਪ੍ਰਕਾਰ ਦਾ ਭੋਜਨ ਉਸ ਤਿਆਰ ਕੀਤਾ। ਭੋਜਨ ਪਾ ਕੇ ਇਕ ਥਾਲ ਪਰੋਸਿਆ। ਸੂਖਮ ਚਾਵਲ ਅਤੇ ਮੂੰਗੀ ਦੀ ਦਾਲ ਸੀ॥੨੩॥

ਫੁਲਕਾ ਬਹੁਤ ਘ੍ਰਿਤ ਕੇ ਸਨੇ। ਠਾਕਰ ਹੇਤੁ ਸੁਧਾਰਤਿ ਘਨੇ।
ਅਪਰ ਸਲਵਣ ਪਾਇ ਕਰਿ ਪ੍ਰੇਮ। ਪ੍ਰਥਮ ਭੋਗ ਲਾਵਤਿ ਨਿਤਨੇਮ॥ ੨੪॥

ਫੁਲਕੇ ਬਹੁਤ ਘਿਉ ਸਹਿਤ ਸਨ, ਠਾਕੁਰ ਨੂੰ ਭੋਗ ਲਵਾਉਣ ਵਾਸਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸੁਧਾਰ ਕੇ ਰਖਿਆ। ਹੋਰ ਸਬਜ਼ੀਆਂ ਬਹੁਤ ਪ੍ਰੇਮ ਨਾਲ ਪਾਈਆਂ। ਪਹਿਲਾਂ ਠਾਕੁਰ ਨੂੰ ਭੋਗ ਲਵਾਉਣਾ ਉਸ ਦਾ ਨਿਤ ਦਾ ਨੇਮ ਸੀ॥੨੪॥

ਬਸਤ੍ਰਨਿ ਸਾਥ ਅਛਾਦਜੋ ਥਾਰ। ਜਾਇ ਧਰਜੋ ਠਾਕਰ ਅਗਵਾਰ।
ਘੰਟੇ ਸੰਖ ਬਜਾਇ ਬਿਸਾਲੇ। ਖਰੋ ਅਰਾਧਹਿ ਚਿਤ ਗੋਪਾਲੇ॥ ੨੫॥

ਥਾਲ ਨੂੰ ਇਕ ਕਪੜੇ ਨਾਲ ਢੱਕ ਲਿਆ ਤੇ ਠਾਕੁਰ ਦੇ ਅੱਗੇ ਜਾ ਧਰਿਆ। ਘੰਟੀਆਂ ਅਤੇ ਸੰਖ ਬਹੁਤ ਵਜਾਏ ਤੇ ਖੜੇ ਹੋ ਕੇ ਚਿੱਤ ਵਿਚ ਗੋਪਾਲ ਦੀ ਅਰਾਧਨਾ ਕੀਤੀ॥੨੫॥

ਬਹੁਰ ਉਠਾਇ ਥਾਲ ਕੋ ਲਜਾਏ। ਬਸਤ੍ਰ ਉਤਾਰਿ ਜਬਹਿ ਦ੍ਰਿਗ ਲਾਏ।
ਆਮਿਖ ਦੇਖਜੋ ਬੀਚ ਅਹਾਰ। ਚਾਵਰ ਦਾਰ ਜੁ ਅਨਿਕ ਪ੍ਰਕਾਰ॥ ੨੬॥

ਫਿਰ ਥਾਲ ਚੁੱਕ ਕੇ ਲਿਆਇਆ, ਥਾਲ ਉਤੋਂ ਕੱਪੜਾ ਉਤਾਰ ਕੇ ਜਦ ਉਸ ਵੇਖਿਆ ਤਾਂ ਥਾਲ ਵਿਚ ਮਾਸ ਵਾਲਾ ਭੋਜਨ ਵੇਖਿਆ। ਚਾਵਲ ਦਾਲ ਜੋ ਅਨੇਕ ਪ੍ਰਕਾਰ ਬਣਾਏ ਸਨ॥੨੬॥

ਡਾਲਿ ਮਸਾਲੇ ਰੀਧਜੋ ਨੀਕੇ। ਪਿਖਿ ਅਚਰਜ ਹੋਯਹੁ ਬਿਚ ਹੀ ਕੇ।
ਇਹ ਕਜਾ ਭਯ ਨ ਜਾਨਜੋਂ ਜਾਇ। ਥਾਰ ਬੀਚ ਕਿਨ ਆਮਿਖ ਪਾਇ॥ ੨੭॥

ਮਸਾਲੇ ਪਾ ਕੇ ਚੰਗੀ ਤਰ੍ਹਾਂ ਤਿਆਰ ਕੀਤੇ ਸਨ ਤੇ ਵੇਖ ਕੇ ਦਿਲ ਵਿਚ ਬਹੁਤ ਹੈਰਾਨ ਹੋਇਆ। ਇਹ ਕੀ ਹੋ ਗਿਆ ਹੈ ਭੇਅ ਜਾਣਿਆ ਨਹੀਂ ਜਾਂਦਾ ਹੈ। ਥਾਲ ਦੇ ਵਿਚ ਮਾਸ ਕਿਸ ਨੇ ਪਾ ਦਿੱਤਾ ਹੈ॥੨੭॥

ਕਹਾਂ ਭਈ ਗਤਿ ਹੇ ਪ੍ਰਭੁ ਮੇਰੇ!। ਕਰਹਿ ਬਿਚਾਰ ਮਹੰਤ ਘਨੇਰੇ।
ਪੁਨ ਸਤਿਗੁਰ ਕੀ ਚਿਤਵਤਿ ਬਾਤ। ਠਾਕਰ ਰੂਪ ਸੁ ਆਮਿਖ ਖਾਤਿ॥ ੨੮॥

ਹੇ ਮੇਰੇ ਪ੍ਰਭੂ! ਇਹ ਕੀ ਗਤੀ ਹੋਈ ਹੈ, ਮਲੂਕ ਦਾਸ ਮਹੰਤ ਬਹੁਤ ਵਿਚਾਰ ਕਰਦਾ ਸੀ। ਫਿਰ ਉਸ ਨੇ ਸਤਿਗੁਰੂ ਜੀ ਦੀ ਗੱਲ ਯਾਦ ਕੀਤੀ; ਉਹ ਠਾਕਰ ਰੂਪ ਹੋ ਕੇ ਮਾਸ ਖਾਂਦੇ ਹਨ॥੨੮॥

ਤਿਨਹੁ ਭੋਗ ਆਮਿਖ ਕੋ ਲਾਯਹੁ। ਮਨ ਮੇਰੇ ਕੋ ਭਰਮ ਮਿਟਾਯਹੁ।
ਸੁਨਤਿ ਮਾਸ ਮਨ ਸੰਕਤਿ ਮੇਰਾ। ਮਿਲਿਬੋ ਤਯਾਗ ਰਹਯੋ ਇਸ ਬੇਰਾ॥ ੨੯॥

ਉਨ੍ਹਾਂ ਨੇ ਮਾਸ ਦਾ ਭੋਗ ਲਾਇਆ ਹੈ ਤੇ ਮੇਰੇ ਮਨ ਦੇ ਭਰਮ ਨੂੰ ਮਿਟਾਇਆ ਹੈ। ਮਾਸ ਦਾ ਨਾਂ ਸੁਣ ਕੇ ਮੇਰਾ ਮਨ ਸ਼ੰਕੇ ਸਹਿਤ ਹੋ ਗਿਆ ਸੀ, ਇਸ ਸਮੇਂ ਉਨ੍ਹਾਂ ਨੂੰ ਮਿਲਣਾ ਹੀ ਛੱਡ ਦਿੱਤਾ ਹੈ॥੨੯॥

ਭੋਗਜੋ ਭੋਗੁ ਸੁ ਠਾਕੁਰ ਬਨਿ ਕੈ। ਸ਼ੰਕਾ ਹਰਨ ਹੇਤੁ ਮਮ ਮਨ ਕੈ।
ਇਸ ਬਿਨ ਅਪਰ ਨ ਕਾਰਨ ਕੋਈ। ਸਦਾ ਅਲੇਪ ਪ੍ਰਭੂ ਗੁਰੁ ਸੋਈ॥ ੩੦॥

ਉਨ੍ਹਾਂ ਨੇ ਠਾਕੁਰ ਬਣ ਕੇ ਭੋਗ ਭੋਗਿਆ ਹੈ, ਮੇਰੇ ਮਨ ਦੇ ਸ਼ੰਕੇ ਨੂੰ ਦੂਰ ਕਰਨ ਵਾਸਤੇ ਇਹ ਕੌਤਕ ਰਚਿਆ ਹੈ। ਇਸ ਤੋਂ ਬਗੈਰ ਹੋਰ ਕੋਈ ਕਾਰਨ ਨਹੀਂ ਹੈ, ਪ੍ਰਭੂ ਗੁਰੂ ਜੀ ਸਦਾ ਅਲੇਪ ਹਨ॥੩੦॥

ਛੁਵ ਨ ਸਕਹਿ ਜਿਸ ਕ੍ਰਿਯਾ ਕਲਾਪ। ਸਭਿ ਕੋ ਪ੍ਰੇਰਕ ਆਪੇ ਆਪ।
ਤਿਸ ਕੇ ਕਰਮਨਿ ਕਹਾ ਅਵਰੇਖਨਿ। ਨੀਕੋ ਹੈ ਸ਼ਰਧਾ ਧਰਿ ਦੇਖਨਿ॥ ੩੧॥

ਜਿਸ ਨੂੰ ਸਮੂਹ ਕ੍ਰਿਆ ਛੋਹ ਨਹੀਂ ਸਕਦੀ ਹੈ, ਉਹ ਆਪੇ ਆਪ ਸਭ ਨੂੰ ਪ੍ਰੇਰਨਾ ਕਰਨ ਵਾਲੇ ਹਨ। ਉਨ੍ਹਾਂ ਦੇ ਕਰਮਾਂ ਨੂੰ ਕੀ ਪਰਖਣਾ ਹੈ। ਚੰਗਾ ਹੈ ਸ਼ਰਧਾ ਧਾਰਨ ਕਰਕੇ ਦਰਸ਼ਨ ਕਰੀਏ॥੩੧॥

ਜਿਸ ਕੋ ਦਰਸ਼ਨ ਚਾਹਤਿ ਜਗਤ। ਕਰਤਿ ਕ੍ਰਿਤਾਰਥ ਲਖਹਿ ਜੁ ਭਗਤ।
ਸਿੱਖਜ ਅਰਾਧਹਿਂ ਚਹੁੰਦਿਸ਼ਿ ਜਿਸ ਕੋ। ਪੂਰਹਿਂ ਮਨੋਰਥ ਹਿਤ ਸਭਿ ਕਿਸ ਕੋ॥੩੨ ॥

ਜਿਨ੍ਹਾਂ ਦੇ ਦਰਸ਼ਨ ਕਰਨਾ ਸਾਰਾ ਜਗਤ ਚਾਹੁੰਦਾ ਹੈ, ਜਿਹੜੇ ਆਪਣੇ ਭਗਤ ਸਮਝ ਕੇ ਕ੍ਰਿਤਾਰਥ ਕਰਦੇ ਹਨ। ਚਾਰੇ ਪਾਸਿਆਂ ਦੇ ਸਿੱਖ ਜਿਸ ਦੀ ਅਰਾਧਨਾ ਕਰਦੇ ਹਨ, ਉਹ ਸਭ ਕਿਸੇ ਦੇ ਹਿਤ ਧਾਰ ਮਨੋਰਥ ਪੂਰੇ ਕਰਦੇ ਹਨ॥੩੨॥

ਬ੍ਰਿੱਤਿ ਅਖੇਰ ਕਰਤਿ ਨਿਤ ਲੀਲ੍ਹਾ। ਰਾਮਚੰਦ ਬਲਵਾਨ ਛਬੀਲਾ।
ਪੁਰਸ਼ੋਤਮ ਮਿਰਜਾਦਕ ਨੀਕੇ। ਕਰਨਹਾਰ ਸੇਵਕ ਕੇ ਜੀ ਕੇ॥ ੩੩॥

ਸ਼ਿਕਾਰ ਖੇਡਣਾ ਵੀ ਇਨ੍ਹਾਂ ਦੀ ਨਿਤ ਦੀ ਲੀਲ੍ਹਾ ਹੈ, ਸ੍ਰੀ ਰਾਮ ਚੰਦਰ ਜੀ ਛਬੀਲੇ ਬਲਵਾਨ ਸਨ। ਇਕ ਚੰਗੀ ਮਰਯਾਦਾ ਪੁਰਸ਼ੋਤਮ ਸਨ। ਆਪਣੇ ਸੇਵਕਾਂ ਦੇ ਦਿਲਾਂ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲੇ ਸਨ॥੩੩॥

ਪੁਨ ਸ੍ਰੀ ਕ੍ਰਿਸ਼ਨ ਭਏ ਅਵਤਾਰ। ਲੀਲ੍ਹਾ ਕੀਨਸਿ ਅਨਿਕ ਪ੍ਰਕਾਰ।
ਤਥਾ ਇਨਹੂੰ ਕੇ ਜੋ ਬਡ ਭਏ। ਆਯੁਧ ਧਰਤਿ ਜੁੱਧ ਜੈ ਕਏ॥ ੩੪॥

ਫਿਰ ਸ੍ਰੀ ਕ੍ਰਿਸ਼ਨ ਅਵਤਾਰ ਹੋਏ, ਉਨ੍ਹਾਂ ਨੇ ਅਨੇਕ ਪ੍ਰਕਾਰ ਦੀ ਲੀਲ੍ਹਾ ਕੀਤੀ। ਭਾਵ ਉਨ੍ਹਾਂ ਦੇ ਜਿਹੜੇ ਵਡੇਰੇ ਹੋਏ ਹਨ ਹਥਿਆਰ ਧਾਰਨ ਕਰਕੇ ਉਨ੍ਹਾਂ ਨੇ ਬਹੁਤ ਯੁੱਧ ਜਿੱਤੇ ਹਨ॥੩੪॥

ਯਾਂ ਤੇ ਲਖੀਯਤਿ ਹੈ ਇਹ ਆਦਿ। ਬੀਰ, ਸ਼ਸ਼ਤ੍ਰ ਧਰਿ ਕੀ ਸੁ ਮ੍ਰਿਯਾਦਿ।
ਨਈ ਅਨੀਤਿ ਨ ਕੀਨੀ ਕੋਇ। ਮੈਂ ਮੂਰਖ ਹੁਇ ਤਰਕੀ ਜੋਇ॥ ੩੫॥

ਇਸ ਕਰਕੇ ਸ਼ੁਰੂ ਤੋਂ ਇਹ ਇਸ ਤਰ੍ਹਾਂ ਸਮਝੇ ਜਾਂਦੇ ਹਨ, ਸੂਰਮੇ ਹੋ ਕੇ ਸ਼ਸਤਰ ਧਾਰਨ ਦੀ ਹੀ ਇਨ੍ਹਾਂ ਦੀ ਮਰਯਾਦਾ ਹੈ। ਇਨ੍ਹਾਂ ਨੇ ਕੋਈ ਨਵੀਂ ਅਨੀਤੀ ਨਹੀਂ ਕੀਤੀ ਹੈ। ਮੈਂ ਮੂਰਖ ਹੋ ਕੇ ਜਿਹੜਾ ਤਰਕ ਕੀਤਾ ਹੈ॥੩੫॥

ਸਮਰਥ ਕੋ ਨਹਿਂ ਦੋਸ਼ ਕਦਾਈ। ਸ਼ਿਵ ਸੰਘਾਰਕ ਸ੍ਰਿਸ਼ਟਿ ਸਬਾਈ।
ਸੂਤ ਕਥਤਿ ਮੁਨਿ ਮਹਿਂ ਇਤਿਹਾਸਾ। ਬਿਨ ਅਪਰਾਧ ਹਲੀ ਸੁ ਬਿਨਾਸਾ॥੩੬॥

ਸਮਰੱਥ ਨੂੰ ਕਦੇ ਦੋਸ਼ ਨਹੀਂ ਦੇਣਾ ਚਾਹੀਦਾ, ਜਿਵੇਂ ਸਾਰੀ ਸ੍ਰਿਸ਼ਟੀ ਦੇ ਮਾਰਨ ਵਾਲੇ ਸ਼ਿਵਜੀ ਨੂੰ ਕੋਈ ਦੋਸ਼ੀ ਨਹੀਂ ਕਹਿੰਦਾ ਹੈ। ਸੂਤ ਬ੍ਰਾਹਮਣ ਮੁਨੀਆਂ ਵਿਚ ਇਤਿਹਾਸ ਕਥਨ ਕਰ ਰਿਹਾ ਸੀ। ਹਲੀ ਭਾਵ ਬਲਭੱਦਰ ਤੀਰਥਾਂ ਨੂੰ ਗਿਆ ਹੋਇਆ ਸੀ ਤੇ ਉਸਨੇ ਸ਼ਰਾਬ ਪੀਤੀ ਹੋਈ ਸੀ, ਅੱਗੋਂ ਸੂਤ ਬ੍ਰਾਹਮਣ ਅਦਬ ਲਈ ਨਾ ਉਠਿਆ ਤਾਂ ਉਸ ਨੂੰ ਕ੍ਰੋਧ ਆਇਆ ਤਾਂ ਬਿਨਾਂ ਅਪਰਾਧ ਹੀ ਸੂਤ ਨੂੰ ਮਾਰ ਦਿੱਤਾ॥੩੬॥

ਇਮ ਬਿਚਾਰ ਕਰਿ ਸ਼ਰਧਾ ਧਾਰੀ। ਗੁਰੁ ਅਵਤਾਰ ਜਾਨਿ ਭ੍ਰਮ ਟਾਰੀ।
ਘਨ ਕੇ ਪਟਲ ਦੁਰਹਿ ਰਵਿ ਜੈਸੇ। ਸੰਕ ਮਲੂਕਦਾਸ ਭਈ ਤੈਸੇ॥ ੩੭॥

ਇਸ ਤਰ੍ਹਾਂ ਵਿਚਾਰ ਕੇ ਸ਼ਰਧਾ ਧਾਰਨ ਕੀਤੀ, ਗੁਰੂ ਅਵਤਾਰ ਜਾਣ ਕੇ ਭਰਮ ਦੂਰ ਕੀਤਾ। ਬੱਦਲ ਦੇ ਪੜਦੇ ਵਿਚ ਜਿਵੇਂ ਸੂਰਜ ਲੁਕਿਆ ਹੋਵੇ, ਮਲੂਕ ਦਾਸ ਦੀ ਸ਼ੰਕਾ ਕੁਝ ਉਸ ਤਰ੍ਹਾਂ ਦੀ ਹੋ ਗਈ॥੩੭॥

ਪਤਾ ਪਿਖਯੋ ਇਹ ਪੌਨ ਬਹੀ ਹੈ। ਨਸਯੋ ਸੰਕ ਘਨ, ਪਿਖਯੋ ਸਹੀ ਹੈ।
ਦਰਸ਼ਨ ਕੀ ਲਾਲਸ ਬਡ ਜਾਗੀ। ਪਗਪੰਕਜ ਕੇ ਭਾ ਅਨੁਰਾਗੀ॥ ੩੮॥

ਜਿਹੜਾ ਇਹ ਪਤੀਆ ਵੇਖਿਆ ਹੈ ਇਹ ਪੌਣ ਵਗੀ ਹੈ ਤੇ ਸ਼ੰਕਾ ਰੂਪੀ ਬੱਦਲ ਦੂਰ ਹੋ ਗਿਆ ਤੇ ਅਸਲੀ ਗੁਰੂ ਰੂਪੀ ਸੂਰਜ ਨੂੰ ਵੇਖ ਲਿਆ। ਦਰਸ਼ਨ ਦੀ ਅਭਿਲਾਸ਼ਾ ਬਹੁਤ ਜਾਗੀ ਤੇ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਪ੍ਰੇਮ ਹੋ ਗਿਆ॥੩੮॥

ਅਪਨਿ ਆਪ ਕੋ ਬਹੁਤ ਧਿਕਾਰਯੋ। ਬਹੁਰ ਰਿਦੇ ਮਹਿਂ ਅਸ ਪ੍ਰਣ ਧਾਰਯੋ।
ਕਲਿਜੁਗ ਮੈਂ ਸਤਿਗੁਰ ਅਵਤਾਰ। ਛਪੇ ਨਹੀਂ, ਸਭਿ ਜਗ ਬਿਸਤਾਰ॥ ੩੯॥

ਆਪਣੇ ਆਪ ਨੂੰ ਬਹੁਤ ਧਿਰਕਾਰਿਆ ਤੇ ਫਿਰ ਹਿਰਦੇ ਵਿਚ ਐਸਾ ਪ੍ਰਣ ਧਾਰਨ ਕੀਤਾ। ਕਲਜੁਗ ਵਿਚ ਸਤਿਗੁਰੂ ਜੀ ਅਵਤਾਰ ਹਨ। ਛੁਪੇ ਹੋਏ ਨਹੀਂ, ਸਭ ਜਗਤ ਵਿਚ ਪ੍ਰਸਿੱਧ ਹਨ॥੩੯॥

ਅਬਿ ਮੇਰੇ ਮਨ ਕੀ ਗਤਿ ਜਾਨਹਿਂ। ਆਪ ਹਕਾਰਨਿ ਮੋਕੋਂ ਠਾਨਹਿਂ।
ਕਰਹਿਂ ਕ੍ਰਿਤਾਰਥ ਦਰਸ਼ਨ ਦੇਯ। ਰਾਖਹਿਂ ਲਾਜ ਦਾਸ ਲਖਿ ਲੇਯ॥ ੪੦॥

ਹੁਣ ਮੇਰੇ ਮਨ ਦੀ ਹਾਲਤ ਜਾਣਨ ਤੇ ਮੈਨੂੰ ਆਪ ਆਪਣੇ ਪਾਸ ਬੁਲਾਉਣ। ਦਰਸ਼ਨ ਦੇ ਕੇ ਕ੍ਰਿਤਾਰਥ ਕਰਨ ਤੇ ਦਾਸ ਸਮਝ ਕੇ ਲਾਜ ਰੱਖਣ॥੪੦॥

ਏਵ ਮਨੋਰਥ ਧਰਿ ਕਰਿ ਬੈਸਾ। ਧਯਾਨ ਪਰਾਇਣ ਥਿਰ ਜਢ ਜੈਸਾ।
ਕਰਿ ਕੈ ਪ੍ਰੇਮ ਅਰਾਧਤਿ ਭਯੋ। ਤਨ ਕੀ ਸੁੱਧਿ ਬਿਸਰ ਤਬਿ ਗਯੋ॥ ੪੧॥

ਇਸ ਤਰ੍ਹਾਂ ਮਨੋਰਥ ਧਾਰ ਕੇ ਬੈਠ ਗਿਆ ਤੇ ਜੜ੍ਹ ਵਾਂਗ ਧਿਆਨ ਦੇ ਆਸਰੇ ਸਥਿਰ ਹੋ ਗਿਆ। ਪ੍ਰੇਮ ਕਰਕੇ ਗੁਰੂ ਜੀ ਦੀ ਅਰਾਧਣਾ ਕਰਨ ਲੱਗਾ, ਫਿਰ ਤਨ ਦੀ ਸਾਰੀ ਸੋਝੀ ਵਿਸਰ ਗਈ॥੪੧॥

ਸ਼੍ਰੀ ਗੁਰੁ ਤੇਗ ਬਹਾਦਰ ਜਾਨੀ। ਬੈਠਯੋ ਸਾਧੁ ਪ੍ਰਤੱਗਯਾ ਠਾਨੀ।
ਨਿਜ ਸਿੱਖਨਿ ਕੋ ਬਾਕ ਬਖਾਨਾ। 'ਸੰਤ ਮਲੂਕਦਾਸ ਬੁਧਿਵਾਨਾ॥ ੪੨॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਾਣ ਲਿਆ ਕਿ ਸਾਧੂ ਪ੍ਰਤਿਗਿਆ ਧਾਰ ਕੇ ਬੈਠਾ ਹੈ। ਫਿਰ ਆਪਣੇ ਸਿੱਖਾਂ ਨੂੰ ਕਿਹਾ, 'ਸੰਤ ਮਲੂਕ ਦਾਸ ਬੜਾ ਬੁਧੀਵਾਨ ਹੈ॥੪੨॥

ਤਿਸ ਕੈ ਸੰਗ ਮਿਲਨਿ ਹਮ ਚਾਹਤਿ। ਸੋ ਭੀ ਆਵਨਿ ਰਿਦੈ ਉਮਾਹਤਿ।
ਸਿਵਕਾ ਲੇ ਜਾਵਹੁ ਤਿਸ ਪਾਸ। ਹਮਰੋ ਆਵਨਿ ਕਰਹੁ ਪ੍ਰਕਾਸ਼॥ ੪੩॥

ਉਸ ਨੂੰ ਅਸੀਂ ਮਿਲਣਾ ਚਾਹੁੰਦੇ ਹਾਂ, ਉਹ ਵੀ ਆਪਣੇ ਹਿਰਦੇ ਵਿਚ ਏਧਰ ਆਉਣਾ ਚਾਹੁੰਦਾ ਹੈ। ਪਾਲਕੀ ਲੈ ਕੇ ਉਸ ਦੇ ਪਾਸ ਜਾਵੋ ਤੇ ਸਾਡੇ ਪਾਸ ਆਉਣ ਬਾਰੇ ਕਹੋ॥੪੩॥

ਊਪਰ ਸਾਦਰ ਤਾਂਹਿ ਚਢਾਇ। ਆਨਹੁ ਹਮ ਸਮੀਪ ਤਿਹ ਜਾਇ।
ਸੁਨਿ ਕਰਿ ਦਾਸ ਪਾਲਕੀ ਲੀਨਿ। ਗਏ ਬੂਝਿ ਕਰਿ ਜਹਿਂ ਥਲ ਚੀਨਿ॥ ੪੪॥

ਪਾਲਕੀ ਉਤੇ ਬੜੇ ਅਦਬ ਨਾਲ ਚੜ੍ਹਾ ਕੇ, ਉਥੇ ਜਾ ਕੇ, ਉਸ ਨੂੰ ਸਾਡੇ ਪਾਸ ਲਿਆਵੋ।" ਇਹ ਸੁਣ ਕੇ ਸੇਵਕਾਂ ਨੇ ਪਾਲਕੀ ਲਈ ਤੇ ਇਹ ਪੁੱਛ ਕੇ ਗਏ ਜਿਸ ਸਥਾਨ ਵਿਖੇ ਉਹ ਰਹਿੰਦਾ ਸੀ॥੪੪॥

**ਨਮੋ ਕਰੀ ਗੁਰੁ ਕਹਿਵਤ ਕਹੀ। ਸੁਨਿ ਹਰਖ੍ਯੋ ਨਹਿਂ ਸ਼ੰਕਾ ਰਹੀ।**
**ਭਯੋ ਅਰੂਢਿ ਪਾਲਕੀ ਮਾਂਹਿ। ਕੁਛ ਚੇਲੇ ਲੇ ਕਰਿ ਸੰਗ ਵਾਹਿ॥ ੪੫॥**

ਉਨ੍ਹਾਂ ਨੇ ਮਲੂਕ ਦਾਸ ਪਾਸ ਜਾ ਕੇ ਨਮਸਕਾਰ ਕਰਕੇ ਉਹ ਕੁਝ ਕਿਹਾ ਜੋ ਗੁਰੂ ਜੀ ਨੇ ਕਿਹਾ ਸੀ। ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਮਨ ਵਿਚ ਕੋਈ ਸ਼ੰਕਾ ਨਾ ਰਹੀ। ਪਾਲਕੀ ਵਿਚ ਚੜ੍ਹ ਗਿਆ ਤੇ ਉਸ ਨੇ ਆਪਣੇ ਨਾਲ ਕੁਝ ਚੇਲੇ ਵੀ ਲੈ ਲਏ॥੪੫॥

**ਆਨੰਦ ਮਗਨ ਸਹਿਤ ਬਡਿਆਈ। ਆਇ ਨਿਕਟਿ ਉਤਰ੍ਯੋ ਸਹਿਸਾਈ।**
**ਪਰ੍ਯੋ ਚਰਨ ਪਰ ਮਸਤਕ ਧਾਰਿ। ਕਰ੍ਯੋ ਦੋਹਰਾ ਏਕ ਉਚਾਰ॥ ੪੬॥**

ਵਡਿਆਈ ਸਹਿਤ ਅਨੰਦ ਮਗਨ ਸੀ, ਪਾਸ ਆ ਕੇ ਤੁਰਤ ਪਾਲਕੀ ਵਿਚੋਂ ਬਾਹਰ ਨਿਕਲਿਆ ਤੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਰੱਖ ਕੇ ਗੁਰੂ ਜੀ ਦੇ ਚਰਨੀਂ ਪੈ ਗਿਆ ਤੇ ਫਿਰ ਉਸ ਇਕ ਦੋਹਰਾ ਉਚਾਰਨ ਕੀਤਾ॥੪੬॥

ਦੋਹਰਾ- **'ਮਲੂਕਾ ਪਾਪੀ ਪੇਡਕੋ ਭਗਤਿ ਨ ਜਾਨੀ ਤੋਹਿ।**
**ਭਗਤਿ ਲਿਖੀ ਥੀ ਅਵਰ ਕੋ ਪ੍ਰਭੁ ਧੋਖੇ ਦੇ ਮੋਹਿ'॥ ੪੭॥**

"ਮਲੂਕਾ ਜਨਮ ਤੋਂ ਹੀ ਪਾਪੀ ਹੈ, ਜਿਸ ਨੇ ਤੁਹਾਡੀ ਭਗਤੀ ਨਹੀਂ ਜਾਣੀ ਹੈ। ਭਗਤੀ ਕਿਸੇ ਹੋਰ ਨੂੰ ਲਿਖੀ ਸੀ, ਪ੍ਰਭੂ ਨੇ ਭੁਲੇਖੇ ਵਿਚ ਮੈਨੂੰ ਦੇ ਦਿੱਤੀ ਹੈ"॥੪੭॥

**ਸੁਨਿ ਮਲੂਕ ਤੇ ਦੋਹਰਾ ਸ੍ਰੀ ਗੁਰੁ ਕਰੁਨਾ ਧਾਰਿ।**
**ਤਿਸ ਪ੍ਰਤਿ ਉੱਤਰ ਕੋ ਕਹ੍ਯੋ ਧੀਰਜ ਦੀਨਿ ਉਦਾਰ॥ ੪੮॥**

ਮਲੂਕ ਦਾਸ ਪਾਸੋਂ ਇਹ ਦੋਹਰਾ ਸੁਣ ਕੇ ਗੁਰੂ ਜੀ ਨੇ ਕਰੁਨਾ ਧਾਰ ਕੇ ਉਸ ਪ੍ਰਤਿ ਉੱਤਰ ਕਹਿ ਕੇ ਉਸ ਨੂੰ ਬਹੁਤ ਧੀਰਜ ਦਿੱਤਾ॥੪੮॥

**'ਸੁਨਿ ਮਲੂਕ ਹਰਿ ਕੇ ਭਗਤ! ਨਹਿਂ ਰਾਖੋ ਮਨ ਦ੍ਰੋਹ।**
**ਭਗਤ ਲਿਖੀ ਥੀ ਅਵਰ ਕੋ ਕਰਿ ਕਿਰਪਾ ਦਈ ਤੋਹਿ'॥ ੪੯॥**

"ਹੇ ਹਰੀ ਦੇ ਭਗਤ ਸ੍ਰੀ ਮਲੂਕ ਦਾਸ! ਸੁਣੋ, ਆਪਣੇ ਮਨ ਵਿਚ ਅਸ਼ੁਭ ਨਾ ਸੋਚੋ, ਭਗਤੀ ਕਿਸੇ ਹੋਰ ਨੂੰ ਲਿਖੀ ਸੀ, ਪ੍ਰਭੂ ਨੇ ਕਿਰਪਾ ਕਰਕੇ ਤੁਹਾਨੂੰ ਦੇ ਦਿੱਤੀ ਹੈ"॥੪੯॥

**ਪਿਖਿ ਸਤਿਗੁਰ ਕੇ ਦਰਸ ਕੋ ਭਯੋ ਨਿਮਗਨ ਅਨੰਦ।**
**ਨ੍ਰਿਪਤਿ ਬੀਰ ਬਰ ਬਖ ਤਨ, ਮਨ ਬ੍ਰਹਮ ਗਜਾਨ ਅਮੰਦ॥ ੫੦॥**

ਮਲੂਕ ਦਾਸ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਬੜਾ ਸਨਿਮਰ ਅਤੇ ਅਨੰਦਮਈ ਹੋ ਗਿਆ, ਤਨ ਉਤੇ ਸ੍ਰੇਸ਼ਟ ਤੇ ਸੂਰਬੀਰ ਰਾਜਿਆਂ ਵਾਲਾ ਲਿਬਾਸ ਹੈ ਤੇ ਮਨ ਵਿਚ ਉੱਤਮ ਬ੍ਰਹਮ ਗਿਆਨ ਹੈ॥੫੦॥

**ਹਾਥ ਜੋਰਿ ਹੁਇ ਕਰਿ ਖਰੋ ਕਰਿ ਉਸਤਤਿ ਬਹੁ ਭਾਂਤਿ।**
**'ਗੁਨ ਸਮੁੰਦ੍ਰ, ਮੈਂ ਕਥੋਂ ਕਿਮ ਕੁਮਤਿ ਕੁਚੀਲ ਕੁਜਾਤਿ'॥ ੫੧॥**

ਹੱਥ ਜੋੜ ਕੇ ਖੜਾ ਹੋ ਗਿਆ ਤੇ ਬਹੁਤ ਪ੍ਰਕਾਰ ਗੁਰੂ ਜੀ ਦੀ ਉਸਤਤਿ ਕੀਤੀ। "ਮੈਂ ਸਾਗਰ ਦੇ ਗੁਣ ਕਿਵੇਂ ਵਰਣਨ ਕਰਾਂ, ਮੈਂ ਭੈੜੀ ਮੱਤ ਵਾਲਾ, ਕੁਚੀਲ ਅਤੇ ਕੁਜਾਤ ਹਾਂ"॥੫੧॥

ਬਹੁ ਬਿਨਤੀ ਕਰਿ ਲੇ ਗਯੋ ਗੁਰ ਕੋ ਨਿਜ ਗ੍ਰਿਹ ਮਾਂਹਿ।
ਸੇਵਾ ਅਨਿਕ ਪ੍ਰਕਾਰ ਕੀ ਕੀਨਿ ਦੀਨ ਬਨ ਤਾਂਹਿ॥ ੫੨॥

ਬਹੁਤ ਬੇਨਤੀਆਂ ਕਰਕੇ ਗੁਰੂ ਜੀ ਨੂੰ ਆਪਣੇ ਘਰ ਵਿਖੇ ਲੈ ਗਿਆ। ਅਨੇਕ ਪ੍ਰਕਾਰ ਦੀ ਸੇਵਾ ਦੀਨ ਬਣ ਕੇ ਕੀਤੀ॥੫੨॥

ਬਾਰ ਬਾਰ ਚਰਨਨਿ ਪਰਯੋ ਭੂਲ ਛਿਮਾ ਕਰਿਵਾਇ।
ਹਰਯੋ ਭਰਮ ਨਿਸ਼ਚੈ ਧਰਯੋ ਆਪਨਪੋ ਸਫਲਾਇ॥ ੫੩॥

ਬਾਰ-ਬਾਰ ਗੁਰੂ ਜੀ ਦੇ ਚਰਨਾਂ ਤੇ ਡਿੱਗਦਾ ਸੀ, ਆਪਣੀ ਭੁੱਲ ਨੂੰ ਖਿਮਾ ਕਰਵਾਉਂਦਾ ਸੀ। ਭਰਮ ਦੂਰ ਹੋਇਆ ਤੇ ਨਿਸ਼ਚਾ ਧਾਰਨ ਕੀਤਾ ਤੇ ਆਪਣੇ ਆਪ ਨੂੰ ਸਫਲਾ ਕਰ ਲਿਆ॥੫੩॥

*ਗਿਆਰ੍ਹਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥*

## ਅਧਿਆਇ ਅਠਤਾਲੀਵਾਂ

### ਗੁਰੂ ਜੀ ਤ੍ਰਿਬੇਣੀ ਪੁੱਜੇ

ਦੋਹਰਾ- ਮਹਾਂ ਸਿੰਘਾਸਨ ਪਰ ਗੁਰੂ ਹਾਥ ਜੋਰਿ ਬੈਠਾਇ।
ਅਨਿਕ ਪ੍ਰਕਾਰਨਿ ਅਸਨ ਕੋ ਤਬਿ ਮਲੂਕ ਕਰਿਵਾਇ॥ ੧॥

ਮਲੂਕ ਦਾਸ ਨੇ ਗੁਰੂ ਜੀ ਨੂੰ ਹੱਥ ਜੋੜ ਕੇ ਮਹਾਂ ਸਿੰਘਾਸਣ ਤੇ ਬਿਠਾਇਆ। ਫਿਰ ਕਈ ਪ੍ਰਕਾਰ ਦੇ ਭੋਜਨ ਗੁਰੂ ਜੀ ਨੂੰ ਛਕਾਏ॥੧॥

ਚੌਪਈ- ਥਾਰ ਪਰੋਸਯੋ ਧਰਯੋ ਅਗਾਰੀ। ਖਰੇ ਹੋਇ ਬਹੁ ਬਿਨੈ ਉਚਾਰੀ।
'ਨਿਤ ਸ਼ਰਧਾ ਸੋਂ ਭੋਗ ਲਗਾਵੋਂ। ਨਹਿਂ ਸਰੂਪ ਪ੍ਰਭੁ ਕੋ ਦਰਸਾਵੋਂ॥ ੨॥

ਥਾਲ ਪਰੋਸ ਕੇ ਗੁਰੂ ਜੀ ਦੇ ਅੱਗੇ ਧਰ ਦਿੱਤਾ, ਫਿਰ ਖੜੇ ਹੋ ਕੇ ਬਹੁਤ ਬੇਨਤੀ ਉਚਾਰਨ ਕੀਤੀ, "ਨਿਤ ਸ਼ਰਧਾ ਨਾਲ ਭੋਗ ਲਵਾਉਂਦਾ ਸੀ, ਪਰ ਪ੍ਰਭੂ ਦੇ ਦਰਸ਼ਨ ਨਹੀਂ ਪਾਉਂਦਾ ਸੀ॥੨॥

ਆਜ ਪ੍ਰਤੱਖਯ ਦ੍ਰਿਗਨਿ ਕੇ ਆਗਾ। ਠਾਕੁਰ ਭੋਗ ਲਗਾਵਨਿ ਲਾਗਾ।
ਭਯੋ ਸਫਲ ਮੈਂ, ਗ੍ਰਿਹ ਚਲਿ ਆਏ। ਭੋਜਨ ਅਚਹਿਂ ਹੋਹਿਂ ਤ੍ਰਿਪਤਾਏ' ॥੩ ॥

ਅੱਜ ਪ੍ਰਭੂ ਜੀ ਪ੍ਰਤੱਖ ਨੈਣਾਂ ਦੇ ਅੱਗੇ ਹਨ, ਠਾਕਰ ਜੀ ਭੋਗ ਲਾਉਣ ਲੱਗੇ ਹਨ, ਮੇਰਾ ਜੀਵਨ ਸਫਲ ਹੋਇਆ ਹੈ, ਆਪ ਜੀ ਗ੍ਰਹਿ ਵਿਖੇ ਚਲ ਕੇ ਆਏ ਹੋ, ਭੋਜਨ ਛੱਕ ਕੇ ਤ੍ਰਿਪਤ ਹੋਵੋਗੇ" ॥੩॥

ਦੇਖਿ ਭਾਉ ਸ਼੍ਰੀ ਗੁਰ ਤਿਸ ਕੇਰਾ। ਭੋਜਨ ਅਚਯੋ ਕ੍ਰਿਪਾ ਕਰਿ ਹੇਰਾ।
ਭਯੋ ਕ੍ਰਿਤਾਰਥ ਕਸ਼ਟ ਨਿਵਾਰੇ। ਪੁਨ ਸੇਵਾ ਕੀਨਸਿ ਹਿਤ ਧਾਰੇ॥ ੪॥

ਉਸ ਦਾ ਪ੍ਰੇਮ ਵੇਖ ਕੇ, ਸ੍ਰੀ ਗੁਰੂ ਜੀ ਨੇ ਉਸ ਦਾ ਭੋਜਨ ਛੱਕ ਲਿਆ ਤੇ ਉਸ ਨੂੰ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ। ਸਾਰੇ ਕਸ਼ਟ ਦੂਰ ਕਰਕੇ ਕ੍ਰਿਤਾਰਥ ਕਰ ਦਿੱਤਾ। ਫਿਰ ਉਸ ਨੇ ਹਿਤ ਧਾਰ ਕੇ ਗੁਰੂ ਜੀ ਦੀ ਸੇਵਾ ਕੀਤੀ॥੪॥

ਨਿਸਾ ਬਾਸ ਕਰਿਕੈ ਗੋਸਾਈਂ। ਜਾਗੇ ਪੁਨ ਪ੍ਰਭਾਤਿ ਹ੍ਵੈ ਆਈ।
ਆਦਿ ਸ਼ਨਾਨ ਸੌਚ ਕਰਿ ਸਾਰੇ। ਸ੍ਰੀ ਗੁਰੁ ਭਏ ਚਢਨਿ ਕਹੁ ਤਯਾਰੇ ॥੫॥

ਰਾਤ ਵੱਸ ਕੇ ਮਾਲਕ ਗੁਰੂ ਜੀ ਜਦ ਜਾਗੇ ਤਾਂ ਪ੍ਰਭਾਤ ਹੋ ਗਈ ਸੀ। ਸੌਚ ਇਸ਼ਨਾਨ ਆਦਿ ਸਾਰੇ ਕਰਕੇ ਸ੍ਰੀ ਗੁਰੂ ਜੀ ਘੋੜੇ ਤੇ ਚੜ੍ਹਨ ਵਾਸਤੇ ਤਿਆਰ ਹੋ ਗਏ॥੫॥

ਜੇਤਿਕ ਸੰਗਤਿ ਤਹਿਂ ਤੇ ਆਈ। ਅਰਪਿ ਉਪਾਇਨ ਕੋ ਸਮਦਾਈ।
ਜੋ ਜੋ ਗੁਰ ਹਿਤ ਰਾਖਨਿ ਕਰੀ। ਸੋ ਸਭਿ ਆਨਿ ਅਗਾਰੀ ਧਰੀ॥ ੬॥

ਜਿਹੜੀ ਸੰਗਤ ਉਥੋਂ ਆਈ ਸੀ, ਉਨ੍ਹਾਂ ਸਾਰਿਆਂ ਨੇ ਉਪਹਾਰ ਅਰਪਣ ਕੀਤੇ। ਜੋ ਜੋ ਗੁਰੂ ਜੀ ਵਾਸਤੇ ਰੱਖਿਆ ਸੀ, ਉਹ ਸਭ ਕੁਝ ਲਿਆ ਕੇ ਗੁਰੂ ਜੀ ਦੇ ਅੱਗੇ ਧਰ ਦਿੱਤਾ॥੬॥

ਸੰਗਤਿ ਪਰ ਬਹੁ ਖੁਸ਼ੀ ਕਰੀ ਹੈ। ਦਾਸਨਿ ਕੀ ਅਪਦਾ ਸੁ ਹਰੀ ਹੈ।
ਮਾਰਗ ਗਮਨ ਕੀਨਿ ਗੁਰੁ ਪੂਰੇ। ਅਨਿਕ ਪ੍ਰਕਾਰਨਿ ਵਾਹਨ ਰੂਰੇ॥ ੭ ॥

ਸੰਗਤ ਉਤੇ ਬਹੁਤ ਖੁਸ਼ੀ ਕੀਤੀ ਹੈ, ਆਪਣੇ ਦਾਸਾਂ ਦੇ ਸਾਰੇ ਦੁੱਖ ਦੂਰ ਕੀਤੇ ਹਨ। ਪੂਰਨ ਗੁਰੂ ਜੀ ਆਪਣੇ ਮਾਰਗ ਤੇ ਚਲ ਪਏ, ਅਨੇਕ ਪ੍ਰਕਾਰ ਦੇ ਸੁੰਦਰ ਵਾਹਣ ਜਾ ਰਹੇ ਸਨ॥੭॥

ਮਾਤ ਨਾਨਕੀ ਸੰਗ ਚਲੰਤੀ। ਚਢਿ ਸਜੰਦਨ ਸੁੰਦਰ ਸੁਖਵੰਤੀ।
ਸ੍ਰੀ ਗੁਜਰੀ ਡੋਰੇ ਪਰ ਚਾਲੈ। ਜ਼ਰੀ ਸਿਤਾਰਨਿ ਦਿਪਤਿ ਬਿਸਾਲੈ॥ ੮॥

ਮਾਤਾ ਨਾਨਕੀ ਜੀ ਨਾਲ ਚਲ ਰਹੇ ਸਨ, ਉਹ ਸੁਖਾਂ ਭਰੀ ਸੁੰਦਰ ਰੱਥ ਉੱਤੇ ਸਵਾਰ ਸੀ। ਮਾਤਾ ਗੁਜਰੀ ਜੀ ਪਾਲਕੀ ਵਿਚ ਜਾ ਰਹੇ ਸਨ, ਜਿਸ ਪਾਲਕੀ ਨੂੰ ਲੱਗੀ ਹੋਈ ਜ਼ਰੀ ਅਤੇ ਸਿਤਾਰੇ ਬਹੁਤ ਜਗਮਗ ਕਰ ਰਹੇ ਸਨ॥੮॥

ਬ੍ਰਿੰਦ ਦਾਸੀਆਂ ਸੰਗ ਸਿਧਾਰੀ। ਜਥਾ ਜੋਗ ਸਭਿ ਲੇ ਅਸਵਾਰੀ।
ਸਾਧਨਿ ਕੋ ਸਮੁਦਾਇ ਸਿਧਾਰੇ। ਗੁਰੁ ਸੰਗਤਿ ਤੇ ਜਨਮ ਸੁਧਾਰੇਂ॥ ੯॥

ਬਹੁਤ ਦਾਸੀਆਂ ਨਾਲ ਜਾ ਰਹੀਆਂ ਸਨ, ਯਥਾ ਯੋਗ ਸਭ ਨੇ ਅਸਵਾਰੀਆਂ ਲਈਆਂ ਹੋਈਆਂ ਸਨ। ਸਾਧਾਂ ਦਾ ਟੋਲਾ ਵੀ ਨਾਲ ਚਲ ਰਿਹਾ ਸੀ, ਗੁਰੂ ਜੀ ਦੀ ਸੰਗਤ ਵਿਚ ਰਹਿ ਕੇ ਉਹ ਜਨਮ ਸੁਧਾਰ ਰਹੇ ਸਨ॥੯॥

ਸਿਖ ਤੁਰੰਗਨਿ ਪਰ ਅਸਵਾਰ। ਅਨਿਕ ਬਿਧਿਨਿ ਕੇ ਆਯੁਧ ਧਾਰਿ।
ਤੀਰਥ ਮੱਜਨ ਕੀਨਿ ਬਹਾਨਾ। ਕਰਨਿ ਹੇਤੁ ਸਿੱਖਜਨਿ ਕਲਜਾਨਾ॥ ੧੦॥

ਸਿੱਖ ਸੂਰਬੀਰ ਘੋੜਿਆਂ ਤੇ ਅਸਵਾਰ ਸਨ, ਕਈ ਪ੍ਰਕਾਰ ਦੇ ਉਨ੍ਹਾਂ ਹਥਿਆਰ ਧਾਰਨ ਕੀਤੇ ਹੋਏ ਸਨ। ਗੁਰੂ ਜੀ ਨੇ ਤੀਰਥਾਂ ਵਿਚ ਇਸ਼ਨਾਨ ਕਰਨ ਦਾ ਬਹਾਨਾ ਕੀਤਾ ਸੀ, ਪਰ ਅਸਲ ਵਿਚ ਉਹ ਸਿੱਖਾਂ ਦਾ ਕਲਿਆਣ ਕਰਨ ਵਾਸਤੇ ਜਾ ਰਹੇ ਸਨ॥੧੦॥

ਨਿਤਪ੍ਰਤਿ ਮਾਰਗ ਜਾਇਂ ਅਗਾਰੀ। ਜੋ ਨਰ ਮਿਲਹਿ ਭਾਵਨਾ ਧਾਰੀ।
ਤਿਸ ਕੀ ਸਕਲ ਆਪਦਾ ਟਾਰੀ। ਕਰਤਿ ਜਾਤਿ ਕੱਲਜਾਨ ਉਦਾਰੀ॥ ੧੧॥

ਨਿਤਪ੍ਰਤਿ ਰਾਹੇ-ਰਾਹ ਅੱਗੇ ਜਾ ਰਹੇ ਸਨ, ਜਿਹੜੇ ਮਨੁੱਖ ਭਾਵਨਾ ਧਾਰ ਕੇ ਮਿਲਦੇ ਸਨ, ਉਨ੍ਹਾਂ ਦੇ ਸਾਰੇ ਦੁਖ ਦੂਰ ਕਰ ਦਿੰਦੇ ਸਨ ਤੇ ਉੱਤਮ ਕਲਿਆਣ ਕਰਦੇ ਜਾਂਦੇ ਸਨ॥੧੧॥

ਤੀਰਥ ਰਾਜ ਪ੍ਰਯਾਗ ਬਿਸਾਲਾ। ਤਹਾਂ ਪਹੂਚੇ ਜਾਇ ਕ੍ਰਿਪਾਲਾ।
ਸਤਿ ਸੰਗਤਿ ਸਿੱਖਨਿ ਬਡ ਭਾਗੇ। ਪਰਮ ਛੇਤ੍ਰ ਗੁਰ ਦਰਸ਼ਨ ਲਾਗੇ॥ ੧੨॥

ਪ੍ਰਯਾਗ ਰਾਜ ਇਕ ਵੱਡਾ ਤੀਰਥ ਸੀ। ਕਿਰਪਾਲੂ ਗੁਰੂ ਜੀ ਉਥੇ ਜਾ ਪਹੁੰਚੇ। ਵੱਡਭਾਗੇ ਸਿੱਖਾਂ ਲਈ ਸਤਿਸੰਗਤ ਕਰਨ ਵਾਸਤੇ ਗੁਰ ਦਰਸ਼ਨ ਰੂਪੀ ਪਰਮ ਲੰਗਰ ਲੱਗਾ॥੧੨॥

ਜਹਾਂ ਤ੍ਰਿਬੇਨੀ ਸੰਗਮ ਹੋਵਾ। ਪ੍ਰਥਮ ਜਾਇ ਤਹਿਂ ਗੁਰੂ ਖਰੋਵਾ।
ਕਰਜੋ ਫਰਸ਼ ਪੁਨ ਗਏ ਅਸੀਨ। ਜੁਗ ਸਲਿਤਾ ਦੁਤਿ ਦੇਖਨਿ ਕੀਨਿ॥੧੩॥

ਜਿਥੇ ਤਿੰਨਾਂ ਨਦੀਆਂ ਦਾ ਮੇਲ ਹੋਇਆ ਸੀ, ਪਹਿਲਾਂ ਗੁਰੂ ਜੀ ਜਾ ਕੇ ਉਥੇ ਖੜੇ ਹੋ ਗਏ। ਪਹਿਲਾਂ ਵਿਛਾਉਣੇ ਵਿਛਾ ਕੇ ਫਰਸ਼ ਤਿਆਰ ਕੀਤਾ ਫਿਰ ਬੈਠ ਗਏ। ਫਿਰ ਦੋਵਾਂ ਨਦੀਆਂ ਗੰਗਾ ਅਤੇ ਜਮਨਾ ਨੂੰ ਵੇਖਣ ਲੱਗੇ॥੧੩।

ਜਲ ਉੱਜਲ, ਇਕ ਸਜਾਮਲ ਬਾਰੀ। ਸਾਰਸੁਤੀ ਬਿਦਤਾਇ ਮਝਾਰੀ।
ਪਾਪ ਅਨੇਕਨਿ ਕਤਰਨਿ ਛੈਨੀ। ਬਡ ਸੋਭਾ ਤਿਹ ਹੋਤਿ ਤ੍ਰਿਬੈਨੀ॥ ੧੪॥

ਇਕ ਪਾਸੇ ਉੱਜਲ ਜਲ ਸੀ, ਦੂਸਰੇ ਪਾਸੇ ਕਾਲੇ ਰੰਗ ਦਾ ਜਲ ਸੀ, ਵਿਚ ਸਰਸਵਤੀ ਪ੍ਰਗਟ ਹੋ ਰਹੀ ਸੀ ਅਨੇਕਾਂ ਪਾਪਾਂ ਦਾ ਨਾਸ਼ ਕਰਨ ਵਾਲੀ ਹੈ। ਤਿੰਨਾਂ ਨਦੀਆਂ ਗੰਗਾ ਜਮਨਾ ਤੇ ਸਰਸਵਤੀ ਦੇ ਸੰਗਮ ਦੀ ਬਹੁਤ ਸੋਭਾ ਹੈ॥੧੪॥

ਸਤ ਰਜ ਤਮ ਤੀਨਹੁਂ ਕੇ ਰੰਗ। ਮਨਹੁਂ ਬਿਦਤਿ ਹੁਇ ਉਠਹਿਂ ਤਰੰਗ।
ਜਨੁ ਤ੍ਰੈ ਦੇਵਨਿ ਕੇਰ ਸਰੀਰ। ਰਹੇ ਪ੍ਰਕਾਸ਼ ਹੋਇ ਕਰਿ ਨੀਰ॥ ੧੫॥

ਸਤ (ਚਿੱਟਾ ਰੰਗ) ਰਜ (ਲਾਲ ਰੰਗ) ਤਮ (ਕਾਲਾ ਰੰਗ) ਭਾਵ ਸਤ ਰਜ ਤਮ ਤਿੰਨ ਰੰਗ ਹਨ। ਮਾਨੋਂ ਤਿੰਨੇ ਰੰਗ ਤਰੰਗ ਵਿਚ ਉਠ ਕੇ ਪ੍ਰਗਟ ਹੁੰਦੇ ਹਨ ਮਾਨੋ ਤਿੰਨਾਂ ਦੇਵਤਿਆਂ, ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਸਰੀਰ ਹਨ, ਜਿਹੜੇ ਪਾਣੀ ਹੋ ਕੇ ਪ੍ਰਕਾਸ਼ ਹੋ ਰਹੇ ਹਨ॥੧੫॥

ਮਨਹੁਂ ਤ੍ਰਿਸੰਧਜਾ ਸੂਰਜ ਕੇਰੀ। ਪਾਪ ਤੋਮ ਤਮ ਹਰਤਿ ਘਨੇਰੀ।
ਤੀਨੋ ਤਾਪ ਬਿਦਾਰਨਿ ਹੇਤੁ। ਤੀਨੋ ਰੰਗ ਧਰੇ ਦੁਤਿ ਦੇਤਿ॥ ੧੬॥

ਮਾਨੋਂ ਸੂਰਜ ਦੀਆਂ ਤਿੰਨ ਸੰਧਿਆ ਹਨ, ਜਿਵੇਂ ਸਵੇਰ, ਦੁਪਹਿਰ ਅਤੇ ਸੰਧਿਆ ਹੈ। ਸਮੂੰਹ ਪਾਪਾਂ ਦੇ ਹਨੇਰੇ ਨੂੰ ਹਰਨ ਵਾਲੀ ਹੈ। ਤਿੰਨਾਂ ਤਾਪਾਂ ਨੂੰ ਦੂਰ ਕਰਨ ਵਾਸਤੇ ਤਿੰਨੇ ਰੰਗ ਚਮਕ ਪ੍ਰਗਟ ਕਰਨ ਵਾਸਤੇ ਧਾਰਨ ਕੀਤੇ ਹਨ॥੧੬॥

ਨਿਰਮਲ ਜਲ ਕੀ ਅਤਿ ਹੁਇ ਸ਼ੋਭਾ। ਅਸ ਜਨ ਕੌਨ ਨ ਪਿਖਿ ਮਨ ਲੋਭਾ।
ਪ੍ਰਥਮ ਗੁਰੂ ਜੀ ਮੱਜਨ ਕੀਨਾ। ਹੁਤੇ ਜੁ ਦਿਜ ਢਿਗ ਦਾਨ ਸੁ ਦੀਨਾ॥੧੭॥

ਨਿਰਮਲ ਜਲ ਦੀ ਅਤਿ ਸ਼ੋਭਾ ਹੈ, ਐਸਾ ਵਿਅਕਤੀ ਕੌਣ ਹੈ ਜਿਹੜਾ ਵੇਖ ਕੇ ਲੋਭਾਇਮਾਨ ਨਾ ਹੋ ਜਾਵੇ। ਸਭ ਤੋਂ ਪਹਿਲਾਂ ਗੁਰੂ ਜੀ ਨੇ ਇਸ਼ਨਾਨ ਕੀਤਾ, ਜਿਹੜੇ ਲਾਗੇ ਬ੍ਰਾਹਮਣ ਖੜੇ ਸਨ, ਉਨ੍ਹਾਂ ਨੂੰ ਗੁਰੂ ਜੀ ਨੇ ਦਾਨ ਦਿਤਾ॥ ੧੭॥

ਸੁਨਿ ਸੁਨਿ ਬਿੱਪ੍ਰ ਆਇ ਸਮੁਦਾਏ। ਸੋ ਭੀ ਲੈ ਕਰਿ ਦਾਨ ਸਿਧਾਏ।
ਬਿੱਪ੍ਰ ਬ੍ਰਿੰਦ ਸੁਨਿ ਸੁਨਿ ਪੁਨ ਆਵਤਿ। ਜਾਤਿ ਨ ਛੂਛੇ, ਗੁਰੁ ਤੇ ਪਾਵਤਿ॥੧੮॥

ਸੁਣ-ਸੁਣ ਕੇ ਬਹੁਤ ਬ੍ਰਾਹਮਣ ਆਏ, ਉਹ ਵੀ ਦਾਨ ਲੈ ਕੇ ਚਲੇ ਗਏ। ਬਹੁਤ ਬ੍ਰਾਹਮਣ ਫਿਰ ਸੁਣ-ਸੁਣ ਕੇ ਆਉਂਦੇ ਸਨ, ਉਹ ਖਾਲੀ ਨਹੀਂ ਜਾਂਦੇ ਸਨ, ਗੁਰੂ ਜੀ ਪਾਸੋਂ ਧਨ ਪਾਉਂਦੇ ਸਨ॥੧੮॥

ਤਿਸ ਦਿਨ ਸਗਰੇ ਗੁਰ ਭਗਵਾਨ। ਦੇਤੇ ਰਹੇ ਦਿਜਨਿ ਕਹੁ ਦਾਨ।
ਜਿਤਿਕ ਸਮੱਗ੍ਰੀ ਗੁਰੁ ਕੇ ਪਾਸ। ਸਰਬ ਸੁ ਦੇਤਿ ਭਏ ਦਿਜ ਰਾਸ॥ ੧੯॥

ਉਸ ਦਿਨ ਸਾਰਾ ਦਿਨ, ਗੁਰੂ ਭਗਵਾਨ ਜੀ ਬ੍ਰਾਹਮਣਾਂ ਨੂੰ ਦਾਨ ਦਿੰਦੇ ਰਹੇ। ਜਿੰਨੀ ਸਮੱਗਰੀ ਗੁਰੂ ਜੀ ਪਾਸ ਸੀ, ਉਹ ਸਾਰੀ ਬ੍ਰਾਹਮਣਾਂ ਨੂੰ ਦੇ ਦਿੱਤੀ॥੧੯॥

ਮਾਤ ਨਾਨਕੀ ਗੁਜਰੀ ਸਹਿਤ। ਕਰੇ ਸ਼ਨਾਨ ਦਾਨ ਦੇ ਮਹਿਤ।
ਅਪਰ ਸਰਬ ਨੇ ਮੱਜਨ ਕੀਨਿ। ਜਥਾ ਸ਼ਕਤਿ ਬਿੱਪ੍ਰਨਿ ਧਨ ਦੀਨਿ॥ ੨੦॥

ਮਾਤਾ ਨਾਨਕੀ ਜੀ ਨੇ ਗੁਜਰੀ ਸਹਿਤ ਇਸ਼ਨਾਨ ਕੀਤਾ ਤੇ ਬਹੁਤ ਦਾਨ ਦਿੱਤਾ। ਫਿਰ ਹੋਰ ਸਾਰਿਆਂ ਨੇ ਇਸ਼ਨਾਨ ਕੀਤਾ ਤੇ ਯਥਾ ਸ਼ਕਤੀ ਬ੍ਰਾਹਮਣਾਂ ਨੂੰ ਦਾਨ ਦਿੱਤਾ॥੨੦॥

ਸੰਗਤਿ ਨੇ ਸੁਨਿ ਸਤਿਗੁਰੁ ਆਏ। ਇਕਠੇ ਹੋਤਿ ਭਏ ਸਮੁਦਾਏ।
ਲੈ ਲੈ ਅਨਿਕ ਪ੍ਰਕਾਰ ਉਪਾਇਨ। ਆਏ ਰਿਦੇ ਧਾਰ ਕਰਿ ਭਾਇਨ॥ ੨੧॥

ਜਦ ਸੰਗਤ ਨੇ ਸੁਣਿਆ ਕਿ ਸਤਿਗੁਰੂ ਜੀ ਆਏ ਹਨ, ਤਾਂ ਉਹ ਸਾਰੇ ਇਕੱਠੇ ਹੋਣ ਲੱਗੇ। ਅਨੇਕ ਪ੍ਰਕਾਰ ਦੇ ਉਪਹਾਰ ਲੈ ਲੈ ਕੇ ਹਿਰਦੇ ਵਿਚ ਸ਼ਰਧਾ ਧਾਰ ਕੇ ਆਏ॥੨੧॥

ਪੂਜਾ ਕਰੀ ਅਨੇਕ ਪ੍ਰਕਾਰ। ਹਾਥ ਜੋਰਿ ਬੰਦਨ ਕੋ ਧਾਰਿ।
ਬਿਨਤੀ ਕਰਿਕੈ ਅਧਿਕ ਰਿਝਾਏ। ਸਭਿ ਸੰਗਤਿ ਨੇ ਬਾਕ ਅਲਾਏ॥ ੨੨॥

ਅਨੇਕ ਪ੍ਰਕਾਰ ਪੂਜਾ ਕੀਤੀ, ਹੱਥ ਜੋੜ ਕੇ ਬੰਦਨਾ ਕੀਤੀ, ਬੇਨਤੀ ਕਰਕੇ ਬਹੁਤ ਪ੍ਰਸੰਨ ਕੀਤੇ। ਸਾਰੀ ਸੰਗਤ ਨੇ ਫਿਰ ਕਿਹਾ॥੨੨॥

'ਹਮਰੇ ਭਾਗਨਿ ਕਰਿ ਤੁਮ ਆਏ। ਦੀਨ ਬੰਧੁ ਸੁਭ ਬਿਰਦ ਸਦਾਏ।
ਮੱਜਨ ਤੀਰਥ ਕੀਨਿ ਬਹਾਨਾ। ਆਏ ਕਰਨਿ ਹਮਹਿਂ ਕੱਲਜਾਨਾ॥ ੨੩॥

"ਸਾਡੇ ਭਾਗਾਂ ਕਰਕੇ ਤੁਸੀਂ ਆਏ ਹੋ। ਤੁਸੀਂ ਦੀਨ-ਬੰਧੂ ਸ਼ੁਭ ਬਿਰਦ ਵਾਲੇ ਕਹਾਉਂਦੇ ਹੋ। ਤੀਰਥ ਇਸ਼ਨਾਨ ਕਰਨ ਦਾ ਇਕ ਬਹਾਨਾ ਕੀਤਾ ਹੈ। ਸਾਡਾ ਕਲਿਆਣ ਕਰਨ ਵਾਸਤੇ ਆਏ ਹੋ॥੨੩॥

ਬਸਹੁ ਇਹਾਂ ਕੇਤਿਕ ਦਿਨ ਆਪ। ਦਿਹੁ ਦਰਸ਼ਨ ਕੌ ਹਤਿ ਤ੍ਰੈ ਤਾਪ।
ਸਭਿ ਸੰਗਤਿ ਕੀ ਹੈ ਅਭਿਲਾਖਾ। ਅਪਨਿ ਭਲੇ ਹਿਤ ਹਮ ਨੈ ਭਾਖਾ॥ ੨੪॥

ਆਪ ਜੀ ਏਥੇ ਕਾਫ਼ੀ ਦਿਨ ਵਾਸਾ ਕਰੋ, ਦਰਸ਼ਨ ਦੇ ਕੇ ਤਿੰਨੇ ਤਾਪ ਦੂਰ ਕਰੋ। ਸਾਰੀ ਸੰਗਤ ਦੀ ਇਹ ਅਭਿਲਾਸ਼ਾ ਹੈ, ਆਪਣੇ ਭਲੇ ਵਾਸਤੇ ਅਸੀਂ ਕਿਹਾ ਹੈ"॥੨੪॥

ਸੁਨਿ ਪ੍ਰਸੰਨ ਹੁਇ ਸਤਿਗੁਰੁ ਕਹਯੋ। 'ਹਮਹੁ ਰਾਖਿਬੋ ਤੁਮ ਨੇ ਕਹਯੋ।
ਜਾਨੋ ਤੀਰਥ ਕਰਨਿ ਅਗੇਰੇ। ਹੈ ਜੋ ਪੂਰਬ ਦੇਸ਼ ਬਡੇਰੇ'॥ ੨੫॥

ਸੁਣ ਕੇ ਸਤਿਗੁਰੂ ਜੀ ਪ੍ਰਸੰਨ ਹੋਏ ਤੇ ਕਿਹਾ, "ਸਾਨੂੰ ਰੱਖਣ ਵਾਸਤੇ ਤੁਸੀਂ ਕਿਹਾ ਹੈ, ਅਸੀਂ ਅੱਗੇ, ਤੀਰਥਾਂ ਤੇ ਜਾਣਾ ਹੈ, ਜਿਹੜੇ ਪੂਰਬ ਦੇਸ ਵਿਚ ਹੋਰ ਵੱਡੇ ਤੀਰਥ ਹਨ"॥੨੫॥

ਸੁਨਿ ਸੰਗਤਿ ਨੇ ਪੁਨਹਿ ਬਖਾਨਾ।'ਤੀਰਥ ਧਰਹਿਂ ਨਰਨਿ ਅਘ ਨਾਨਾ।
ਤੁਮਰੋ ਹੋਇ ਸਪਰਸ਼ਨਿ ਜਬੈ। ਪਾਵਨ ਹੋਤਿ ਨਾਸ਼ ਅਘ ਸਬੈ॥ ੨੬॥

ਇਹ ਸੁਣ ਕੇ ਸੰਗਤ ਨੇ ਫਿਰ ਕਿਹਾ, "ਤੀਰਥਾਂ ਨੇ ਲੋਕਾਂ ਦੇ ਅਮਿਤ ਪਾਪ ਧਾਰਨ ਕੀਤੇ ਹੋਏ ਹਨ। ਤੁਹਾਡਾ ਜਦ ਇਨ੍ਹਾਂ ਤੀਰਥਾਂ ਨਾਲ ਸਪੱਰਸ਼ ਹੋਵੇਗਾ ਤਾਂ ਇਹ ਪਵਿੱਤਰ ਹੋ ਜਾਣਗੇ ਤੇ ਇਨ੍ਹਾਂ ਵਿਚਲੇ ਸਾਰੇ ਪਾਪ ਨਾਸ਼ ਹੋ ਜਾਣਗੇ॥੨੬॥

ਤੀਰਥ ਗਨ ਕੋ ਕਰਨਿ ਪੁਨੀਤ। ਗਮਨਤਿ ਹੋ ਇਮ ਇੱਛਾ ਚੀਤ।
ਤਊ ਕਾਮਨਾ ਸੰਗਤਿ ਕੇਰੀ। ਪੂਰਨ ਕਰਿਬੇ ਉਚਿਤ ਬਡੇਰੀ॥ ੨੭॥

Sri Satguru Jagjit Singh Ji eLlibrary NamdhariElibrary@gmail.com

ਬਹੁਤ ਤੀਰਥਾਂ ਨੂੰ ਪਵਿੱਤਰ ਕਰਨ ਵਾਸਤੇ, ਚਿੱਤ ਵਿਚ ਇਸ ਤਰ੍ਹਾਂ ਇੱਛਾ ਧਾਰ ਕੇ ਚਲੇ ਹੋ। ਫਿਰ ਵੀ ਸੰਗਤ ਦੀ ਕਾਮਨਾ ਹੈ ਉਸ ਨੂੰ ਵੀ ਪੂਰਨ ਕਰਨਾ ਬੜਾ ਉਚਿਤ ਹੈ॥੨੭॥

ਕਰੋ ਕ੍ਰਿਤਾਰਥ, ਕੌ ਦਿਨ ਰਹੀਅਹਿ। ਬਹੁਰ ਗਮਹੁ ਜੈਸੇ ਚਿਤ ਚਹੀਅਹਿ।
ਬਹੁਤ ਦਿਵਸ ਕੀ ਹਮਰੇ ਆਸਾ। ਤੁਮ ਪੂਰਹੁ ਧਾਰਤਿ ਭਰਵਾਸਾ' ॥ ੨੮ ॥

ਸਾਡੇ ਤੇ ਕ੍ਰਿਤਾਰਥ ਕਰੋ ਤੇ ਕੁਝ ਦਿਨ ਏਥੇ ਰਹੋ, ਫਿਰ ਜਿਥੇ ਜੀਅ ਕਰਦਾ ਹੈ ਵਿਚਰੋ। ਬਹੁਤ ਦਿਨਾਂ ਦੀ ਸਾਡੀ ਆਸਾ ਹੈ, ਤੁਸੀਂ ਭਰਵਾਸਾ ਧਾਰ ਕੇ ਪੂਰੀ ਕਰੋ"॥੨੮॥

ਇੱਤਜਾਦਿਕ ਬਿਨਤੀ ਸੁਨਿ ਕਾਨ। ਮਾਨਜੋਂ ਰਹਨਿ ਗੁਰੂ ਭਗਵਾਨ।
ਏਕ ਹਵੇਲੀ ਸੁੰਦਰ ਸਾਰੀ। ਸਭਿ ਸੰਗਤਿ ਨੇ ਦੀਨਿ ਸੁਧਾਰੀ॥ ੨੯॥

ਆਪਣੇ ਕੰਨਾਂ ਨਾਲ ਇਤਿਆਦਿ ਬੇਨਤੀ ਸੁਣ ਕੇ ਗੁਰੂ ਭਗਵਾਨ ਜੀ ਉਥੇ ਰਹਿਣਾ ਮੰਨ ਗਏ। ਇਕ ਸੁੰਦਰ ਹਵੇਲੀ ਨੂੰ ਸਾਰੀ ਸੰਗਤ ਨੇ ਮਿਲ ਕੇ ਸਾਫ ਕੀਤਾ॥੨੯॥

ਤਹਾਂ ਨਾਨਕੀ ਮਾਤ ਸਿਧਾਰੀ। ਸ੍ਰੀ ਗੁਜਰੀ ਜੁਤਿ ਸੌਜ ਉਦਾਰੀ।
ਬਸੇ ਜਾਇ ਕਰਿ ਤਿਸ ਕੇ ਬੀਚ। ਦਰਸਤਿ ਭਏ ਊਚ ਅਰੁ ਨੀਚ॥ ੩੦॥

ਉਥੇ ਮਾਤਾ ਨਾਨਕੀ ਜੀ ਗਏ ਤੇ ਮਾਤਾ ਗੁਜਰੀ ਸਹਿਤ ਸਾਰੀ ਸਮੱਗਰੀ ਉਥੇ ਰੱਖ ਲਈ। ਗੁਰੂ ਜੀ ਉਸ ਦੇ ਵਿਚ ਜਾ ਕੇ ਠਹਿਰ ਗਏ। ਹੁਣ ਸਾਰੇ ਅਮੀਰ ਗ਼ਰੀਬ ਉਨ੍ਹਾਂ ਦੇ ਦਰਸ਼ਨ ਕਰਦੇ ਸਨ॥੩੦॥

ਕਰਹਿਂ ਤ੍ਰਿਬੇਨੀ ਨਿਤ ਇਸ਼ਨਾਨ। ਨਿਤ ਸੰਗਤਿ ਦਰਸ਼ਨ ਗਨ ਆਨਿ।
ਸੁਨਿ ਸੁਨਿ ਗ੍ਰਾਮ ਨਗਰ ਜੇ ਔਰ। ਸੰਗਤਿ ਬਹੁ ਆਵਹਿ ਤਿਸ ਠੌਰ॥ ੩੧॥

ਤ੍ਰਿਬੇਨੀ ਵਿਚ ਨਿਤ ਇਸ਼ਨਾਨ ਕਰਦੇ ਸਨ ਤੇ ਨਿਤ ਬਹੁਤ ਸੰਗਤ ਆ ਕੇ ਦਰਸ਼ਨ ਕਰਦੀ ਸੀ। ਸੁਣ ਸੁਣ ਕੇ ਜਿਹੜੇ ਹੋਰ ਪਿੰਡ ਅਤੇ ਨਗਰ ਸਨ, ਉਨ੍ਹਾਂ ਸਥਾਨਾਂ ਤੋਂ ਬਹੁਤ ਸੰਗਤਾਂ ਉਸ ਥਾਂ ਆਉਂਦੀਆਂ ਸਨ॥੩੧॥

ਅਰਪਹਿਂ ਭੇਟ ਦਰਸ ਕਰਿ ਜਾਇਂ। ਦੇਗ ਅਖੰਡ ਅੰਨ ਸਮੁਦਾਇ।
ਸ੍ਰੀ ਗੁਰੁ ਕੀਨਿ ਹਵੇਲੀ ਬਾਸ। ਡੇਰਾ ਸਰਬ ਤ੍ਰਿਬੇਨੀ ਪਾਸ॥ ੩੨॥

ਭੇਟਾ ਅਰਪਣ ਕਰਕੇ ਦਰਸ਼ਨ ਕਰਕੇ ਚਲੇ ਜਾਂਦੇ ਸਨ। ਅਤੁੱਟ ਲੰਗਰ ਚਲਦਾ ਸੀ, ਬਹੁਤ ਅਨਾਜ ਇਕੱਠਾ ਹੁੰਦਾ ਸੀ। ਸ੍ਰੀ ਗੁਰੂ ਜੀ ਨੇ ਹਵੇਲੀ ਵਿਚ ਵਾਸਾ ਕਰ ਲਿਆ ਤੇ ਸਾਰਾ ਡੇਰਾ ਤ੍ਰਿਬੇਨੀ ਦੇ ਪਾਸ ਰਹਿੰਦਾ ਸੀ॥੩੨॥

ਕੇਤਿਕ ਦਿਵਸ ਸੁ ਸਬਤਿ ਬਿਤਾਏ। ਏਕ ਸਮੈਂ ਥਿਤਿ ਸਹਿਜ ਸੁਭਾਏ।
ਮਾਤ ਨਾਨਕੀ ਚਲਿ ਕਰਿ ਆਈ। ਕੀਨਿ ਜਾਚਨਾ ਸੁਤ ਅਗੁਵਾਈ॥ ੩੩॥

ਕਈ ਦਿਨ ਉਥੇ ਵੱਸ ਕੇ ਬਤੀਤ ਕੀਤੇ, ਇਕ ਸਮੇਂ ਸਹਿਜ ਸੁਭਾਅ ਬੈਠੇ ਸਨ ਤਾਂ ਮਾਤਾ ਨਾਨਕੀ ਜੀ ਚਲ ਕੇ ਆਏ, ਆਪਣੇ ਪੁੱਤਰ ਦੇ ਅੱਗੇ ਖੜੇ ਹੋ ਕੇ ਉਨ੍ਹਾਂ ਮੰਗ ਕੀਤੀ॥੩੩॥

'ਸੁਨਹੁ ਪੁੱਤਰ! ਲਾਲਸ ਮਮ ਉਰ ਕੀ। ਅਰੁ ਬਾਨੀ ਹੈ ਤਵ ਪਿਤ ਗੁਰੁ ਕੀ।
ਯਾਤੇ ਰਹੌਂ ਪ੍ਰਤੀਖਿਤ ਸਦਾ। ਤਿਨ ਕੋ ਬਾਕ ਨ ਨਿਫਲਹਿ ਕਦਾ॥ ੩੪॥

"ਹੇ ਪੁੱਤਰ! ਮੇਰੇ ਦਿਲ ਦੀ ਲਾਲਸਾ ਸੁਣੋ, ਤੁਹਾਡੇ ਪਿਤਾ ਗੁਰੂ ਜੀ ਦੇ ਬਚਨ ਕੀਤੇ ਹਨ, ਇਸ ਕਰਕੇ ਮੈਂ ਸਦਾ ਉਡੀਕ ਕਰਦੀ ਰਹੀ ਹਾਂ, ਉਨ੍ਹਾਂ ਦੇ ਬਚਨ ਕਦੀ ਵੀ ਨਿਸਫਲ ਨਹੀਂ ਗਏ ਹਨ॥੩੪॥

ਮਹਾਂ ਪ੍ਰਤਾਪਵੰਤ ਭੁਜ ਭਾਰੀ। ਮਹਾਂ ਸੂਰਮਾ ਪਰਉਪਕਾਰੀ।
ਸ੍ਰੀ ਨਾਨਕ ਤੇ ਆਦਿ ਜਿ ਗੁਰੁ ਹੈਂ। ਸਕਲ ਗੁਨਨਿ ਕਰਿ ਬਹੁ ਭਰਪੁਰ ਹੈਂ॥੩੫॥

ਮਹਾਂ ਪ੍ਰਤਾਪ ਵਾਲਾ ਭਾਰੀਆਂ ਬਾਹਾਂ ਵਾਲਾ ਮਹਾਨ ਸੂਰਬੀਰ ਅਤੇ ਪਰਉਪਕਾਰੀ ਹੋਣਗੇ, ਸ੍ਰੀ ਨਾਨਕ ਦੇਵ ਜੀ ਤੇ ਆਦਿ ਜਿਹੜੇ ਹੋਰ ਗੁਰੂ ਸਾਹਿਬਾਨ ਹਨ ਉਨ੍ਹਾਂ ਵਰਗੇ ਸਾਰੇ ਗੁਣਾਂ ਸਹਿਤ ਭਰਪੂਰ ਹੋਣਗੇ॥੩੫॥

ਸਭਿ ਕੋ ਸੁਜਸੁ ਪ੍ਰਕਾਸ਼ਨ ਵਾਰੋ। ਸਭਿ ਕੋ ਨਾਮ ਕਰੈ ਉਜਿਯਾਰੋ।
ਅਸ ਸੁਤ ਉਪਜਹਿ ਸਦਨ ਤੁਮਾਰੇ। ਖਸ਼ਟਮ ਗੁਰੁ ਇਮ ਬਾਕ ਉਚਾਰੇ॥੩੬॥

ਸਾਰਿਆਂ ਦਾ ਸ੍ਰੇਸ਼ਟ ਜੱਸ ਪ੍ਰਕਾਸ਼ਨ ਵਾਲੇ ਹੋਣਗੇ, ਸਾਰਿਆਂ ਦਾ ਨਾਮ ਉੱਜਲ ਕਰਨਗੇ, ਐਸਾ ਪੁੱਤਰ ਤੁਹਾਡੇ ਘਰ ਪੈਦਾ ਹੋਵੇਗਾ, ਛੇਵੇਂ ਗੁਰੂ ਜੀ ਨੇ ਇਸ ਤਰ੍ਹਾਂ ਬਚਨ ਕੀਤੇ ਸਨ॥੩੬॥

ਸਿਮਰਿ ਸਿਮਰਿ ਬਚ ਮੈਂ ਅਭਿਲਾਖੀ। ਤੋਹਿ ਪੁੱਤ੍ਰ ਕਬਿ ਦੇਖਵਿ ਆਂਖੀ।
ਸੋ ਦਿਨ ਕਬਿ ਹੋਵਹਿ ਮੁਝ ਆਈ। ਰਹੌਂ ਪ੍ਰਤੀਖਤਿ ਨਿਤ ਅਧਿਕਾਈ॥੩੭॥

ਇਹ ਬਚਨ ਯਾਦ ਕਰ-ਕਰ ਮੇਰੀ ਅਭਿਲਾਸ਼ਾ ਹੈ ਕਿ ਕਦ ਤੁਹਾਡਾ ਪੁੱਤਰ ਆਪਣੀਆਂ ਅੱਖਾਂ ਨਾਲ ਵੇਖਾਂਗੀ। ਉਹ ਦਿਨ ਕਦ ਮੇਰੇ ਤੇ ਆਵੇਗਾ, ਸਦਾ ਹੀ ਮੈਂ ਬਹੁਤ ਇੰਤਜ਼ਾਰ ਕਰਦੀ ਰਹੀ ਹਾਂ॥੩੭॥

ਸੁਤ ਕੇ ਸੁਤ ਕੋ ਲੇ ਕਰਿ ਗੋਦ। ਕਰੌਂ ਦੁਲਾਰਨਿ ਪਾਇ ਪ੍ਰਮੋਦ।
ਹੇ ਸਪੁੱਤ੍ਰ! ਇਹੁ ਮੇਰੀ ਆਸਾ। ਪੂਰਨ ਕਰਹੁ ਦੇਹੁ ਸੁਖਰਾਸਾ॥੩੮॥

ਪੁੱਤਰ ਦੇ ਪੁੱਤਰ ਨੂੰ ਗੋਦ ਵਿਚ ਲੈ ਕੇ ਬੈਠਾਂਗੀ, ਉਸ ਨੂੰ ਲਾਡ ਪਿਆਰ ਕਰਕੇ ਪ੍ਰਸੰਨਤਾ ਪਾਵਾਂਗੀ। ਹੇ ਸਪੁੱਤਰ! ਇਹ ਮੇਰੀ ਆਸ਼ਾ ਹੈ ਇਸ ਨੂੰ ਪੂਰਨ ਕਰੋ ਤੇ ਸੁਖਾਂ ਦੀ ਰਾਸ ਪੋਤਰਾ ਮੈਨੂੰ ਦੇਵੋ॥੩੮॥

ਪ੍ਰਾਨ ਅਹੈਂ ਮੇਰੇ ਤਨ ਜਾਵਦ। ਤੁਵ ਨੰਦਨ ਕੋ ਦਰਸੈਂ ਤਾਵਦ।
ਸੁਨਿ ਜਨਨੀ ਕੇ ਬਾਕ ਸੁਹਾਏ। ਸ੍ਰੀ ਗੁਰੁ ਮੁਖ ਤੇ ਭਾਖਿ ਸੁਨਾਏ॥੩੯॥

ਜਦ ਤਕ ਮੇਰਾ ਸਰੀਰ ਹੈ ਅਤੇ ਪ੍ਰਾਣ ਹਨ, ਤਦ ਤਕ ਤੇਰੇ ਪੁੱਤਰ ਦੇ ਦਰਸ਼ਨ ਕਰਾਂਗੀ।" ਆਪਣੀ ਮਾਤਾ ਜੀ ਦੇ ਸੁਹਾਵਣੇ ਬਚਨ ਸੁਣ ਕੇ, ਸ੍ਰੀ ਗੁਰੂ ਜੀ ਨੇ ਮੁੱਖ ਤੋਂ ਕਹਿ ਕੇ ਸੁਣਾਇਆ॥੩੯॥

'ਹੇ ਜਨਨੀ! ਜੁ ਮਨੋਰਥ ਤੋਹੀ। ਪੌਤ੍ਰ ਬਿਲੋਕਨਿ ਕੋ ਸੁਖ ਹੋਹੀ।
ਪਾਰਬ੍ਰਹਮ ਕਰਤਾਰ ਕ੍ਰਿਪਾਲਾ। ਪਰਮੇਸੁਰ ਸੁਖ ਸਿੰਧੁ ਅਕਾਲਾ॥੪੦॥

'ਹੇ ਮਾਤਾ ਜੀ! ਜੋ ਤੁਹਾਡਾ ਮਨੋਰਥ ਹੈ ਕਿ ਪੋਤਰਾ ਵੇਖ ਕੇ ਸੁਖ ਪ੍ਰਾਪਤ ਹੋਵੇਗਾ। ਪਾਰਬ੍ਰਹਮ ਕਰਤਾਰ ਵੱਡੇ ਕ੍ਰਿਪਾਲੂ ਹਨ। ਪ੍ਰਮੇਸ਼ਵਰ ਸੁੱਖਾਂ ਦਾ ਸਾਗਰ ਅਤੇ ਅਕਾਲ ਹੈ॥੪੦॥

ਏਕੰਕਾਰ ਜੋਤਿਯਨਿ ਜੋਤੀ। ਚੇਤਨਤਾ ਸਭਿ ਘਟਨਿ ਉਦੋਤੀ।
ਤਿਸ ਅਧੀਨ ਇਹ ਤੇਰੀ ਆਸ਼ਾ। ਪੂਰਨ ਕਰਹਿਂ ਹਮਹੁਂ ਭਰਵਾਸਾ॥੪੧॥

ਏਕੰਕਾਰ ਜੋਤੀਆਂ ਦੀ ਜੋਤੀ ਹੈ, ਜਿਸ ਦੀ ਚੇਤਨਤਾ ਸਭ ਹਿਰਦਿਆਂ ਵਿਚ ਪ੍ਰਗਟ ਹੈ, ਤਿਸ ਅਧੀਨ ਇਹ ਤੇਰੀ ਆਸ਼ਾ ਹੈ, ਉਹ ਜ਼ਰੂਰ ਪੂਰਨ ਕਰਨਗੇ ਸਾਨੂੰ ਇਹ ਭਰਵਾਸਾ ਹੈ॥੪੧॥

ਜਬਿ ਪ੍ਰਸੰਨ ਹੁਇਂ ਦੀਨਨ ਦਾਨੀ। ਦੇਂ ਸੁਤ ਤੇਜ ਪੁੰਜ ਬ੍ਰਹਮ ਗਜਾਨੀ।
ਸਮਾ ਸਮੀਪ ਪਹੂਚਯੋ ਆਈ। ਨਿਤ ਅਰਾਧਿਬੇ ਮੈਂ ਮਤਿ ਲਾਈ॥੪੨॥

ਜਦ ਗਰੀਬਾਂ ਦੇ ਦਾਨੀ ਪ੍ਰਸੰਨ ਹੋਣਗੇ ਤਾਂ ਤੇਜ ਪੁੰਜ ਵਾਲਾ ਬ੍ਰਹਮ ਗਿਆਨੀ ਪੁੱਤਰ ਦੇਣਗੇ। ਹੁਣ ਸਮਾਂ ਨੇੜੇ ਆ ਗਿਆ ਹੈ, ਮੈਂ ਬ੍ਰਿਧੀ ਲਾ ਕੇ ਨਿਤ ਅਰਾਧਨਾ ਕਰਦਾ ਹਾਂ॥੪੨॥

ਦਯਾਸਿੰਧੁ ਕਰਿ ਦਯਾ ਪਠਾਵੈਂ। ਅਪਨਿ ਮਨੋਰਥ ਕੋ ਅਬਿ ਪਾਵੈਂ।
ਸੁਨਤਿ ਪ੍ਰਸੰਨ ਨਾਨਕੀ ਹੋਈ। ਮਨੋ ਰੰਕ ਲੈ ਨਵ ਨਿਧਿ ਕੋਈ॥ ੪੩ ॥

ਦਇਆ ਦੇ ਸਾਗਰ ਦਇਆ ਕਰਕੇ ਭੇਜ ਦੇਣਗੇ, ਅਸੀਂ ਆਪਣੇ ਮਨੋਰਥ ਨੂੰ ਹੁਣ ਪਾ ਲਵਾਂਗੇ।" ਇਹ ਸੁਣ ਕੇ ਮਾਤਾ ਨਾਨਕੀ ਜੀ ਪ੍ਰਸੰਨ ਹੋ ਗਏ। ਮਾਨੋ ਗਰੀਬ ਨੇ ਨੌਂ-ਨਿਧੀਆਂ ਧਨ ਪ੍ਰਾਪਤ ਕਰ ਲਿਆ ਹੋਵੇ॥੪੩॥

ਨਿਜ ਅਨਕੂਲ ਪੁੱਤ੍ਰ ਕੇ ਬੈਨ। ਸੁਨਤਿ ਲਖੀ ਅਬਿ ਦੇਖੌਂ ਨੈਨ।
ਪੁਨ ਸ੍ਰੀ ਤੇਗਬਹਾਦਰ ਚੰਦ। ਜੋਗ ਸਾਧਨਾ ਸਹਤ ਬਿਲੰਦ॥ ੪੪ ॥

ਆਪਣੇ ਪੁੱਤਰ ਦੇ ਅਨੁਕੂਲ ਬਚਨ ਸੁਣ ਕੇ ਸਮਝ ਗਈ ਕਿ ਹੁਣ ਮੈਂ ਆਪਣੀਆਂ ਅੱਖਾਂ ਨਾਲ ਪੋਤਰਾ ਵੇਖ ਲਵਾਂਗੀ। ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਯੋਗ ਵੱਡੀ ਸਾਧਨਾ ਸਹਿਤ ਸਨ॥੪੪॥

ਕਰਿ ਇਸ਼ਨਾਨ ਲਗਾਇ ਸਮਾਧਨਿ। ਨਿਤਪ੍ਰਤਿ ਸੁਤ ਹਿਤ ਕਰਹਿਂ ਅਰਾਧਨ।
ਰਹੇ ਪ੍ਰਯਾਗ ਤ੍ਰਿਬੇਨੀ ਤੀਰ। ਨਿਤ ਆਵਹਿ ਸੰਗਤਿ ਕੀ ਭੀਰ॥ ੪੫ ॥

ਇਸ਼ਨਾਨ ਕਰਕੇ ਸਮਾਧੀ ਲਾ ਲੈਂਦੇ ਸਨ ਤੇ ਨਿਤਾਪ੍ਰਤੀ ਪੁੱਤਰ ਵਾਸਤੇ ਅਰਾਧਨਾ ਕਰਦੇ ਸਨ। ਪ੍ਰਯਾਗ ਵਿਖੇ ਤ੍ਰਿਬੇਣੀ ਦੇ ਕਿਨਾਰੇ ਰਹਿੰਦੇ ਸਨ ਤੇ ਨਿਤ ਸੰਗਤ ਪਾਸ ਆਉਂਦੀ ਸੀ॥੪੫॥

ਇਮ ਸ੍ਰੀ ਤੇਗ ਬਹਾਦਰ ਕਥਾ। ਰਹੇ ਪ੍ਰਯਾਗ ਬਖਾਨੀ ਤਥਾ।
ਅਬਿ ਸ੍ਰੀ ਗੋਬਿੰਦ ਸਿੰਘ ਕੋ ਆਵਨਿ। ਬਰਨਨਿ ਕਰੌਂ ਸੰਤ ਮਨ ਭਾਵਨਿ॥੪੬॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਥਾ ਹੈ, ਜਿਵੇਂ ਪ੍ਰਯਾਗ ਵਿਖੇ ਰਹੇ, ਉਸ ਤਰ੍ਹਾਂ ਬਿਆਨ ਕੀਤੀ ਹੈ। ਹੁਣ ਗੁਰੂ ਗੋਬਿੰਦ ਜੀ ਦੇ ਆਗਮਨ ਬਾਰੇ ਵਰਣਨ ਕਰਦਾ ਹਾਂ ਜਿਹੜਾ ਸੰਤਾਂ ਦੇ ਮਨਾਂ ਨੂੰ ਬਹੁਤ ਚੰਗਾ ਲੱਗਦਾ ਹੈ॥੪੬॥

ਲੇ ਆਗਯਾ ਪ੍ਰਭੁ ਕੀ ਜਿਮ ਆਏ। ਪੂਰਬ ਜਨਮ ਜਥਾ ਤਪ ਤਾਏ।
ਸੋ ਅਬਿ ਸੁਨਹੁਂ ਕਥਾ ਗੁਨਖਾਨੀ। ਸ੍ਰੋਤਨਿ ਕੋ ਮਨ ਬਾਂਛਤਿ ਦਾਨੀ॥ ੪੭ ॥

ਗੁਰੂ ਗੋਬਿੰਦ ਸਿੰਘ ਜੀ ਜਿਵੇਂ ਪ੍ਰਭੂ ਪਾਸੋਂ ਆਗਿਆ ਲੈ ਕੇ ਆਏ, ਪਿਛਲੇ ਜਨਮ ਵਿਚ ਜਿਵੇਂ ਉਨ੍ਹਾਂ ਤਪ ਸਾਧਨਾ ਕੀਤੀ: ਉਹ ਗੁਣਾਂ ਵਾਲੀ ਹੁਣ ਕਥਾ ਸੁਣੋ। ਸ੍ਰੋਤਿਆਂ ਦੇ ਮਨਾਂ ਨੂੰ ਇਹ ਲਭਾਉਣ ਵਾਲੀ ਹੈ॥੪੭॥

*ਗਿਆਰ੍ਹਵੀਂ ਰਾਸ ਦਾ ਅਠਤਾਲੀਵਾਂ ਅਧਿਆਇ ਸਮਾਪਤ ਹੋਇਆ॥੪੮॥*

## *ਅਧਿਆਇ ਉਣੰਜਵਾਂ*

*ਹੇਮ ਕੁੰਟ ਦੀ ਸ਼ੋਭਾ*

ਦੋਹਰਾ- ਪੂਰਬ ਤਪਸਾ ਕਰਨਿ ਕੀ ਕਹੌਂ ਕਥਾ ਗੁਰ ਪੂਰ।
ਪੂਰਬ ਕਰਿ ਹੈਂ ਅੰਤ ਲੈ ਸ੍ਰੀ ਗੁਰੁ ਕੀਰਤਿ ਪੂਰ॥ ੧ ॥

ਪੂਰਨ ਗੁਰੂ ਗੋਬਿੰਦ ਸਿੰਘ ਜੀ ਦੀ ਪੂਰਬਲੇ ਜਨਮ ਵਿਖੇ ਤਪੱਸਿਆ ਕਰਨ ਦੀ ਕਥਾ ਕਹਿੰਦਾ ਹਾਂ। ਸ੍ਰੀ ਗੁਰੂ ਜੀ ਦੀ ਕੀਰਤੀ ਨਾਲ ਭਰਪੂਰ ਕਥਾ ਅੰਤ ਤਕ ਪੂਰੀ ਕਰਾਂਗਾ॥੧॥

ਚੌਪਈ- ਮੁਨੀ ਬੇਸ਼ ਧਰਿ ਸ੍ਰੀ ਪ੍ਰਭੁ ਆਪਹਿਂ। ਅਨਿਕ ਪ੍ਰਕਾਰ ਤਪਨਿ ਕੋ ਤਾਪਹਿਂ।
ਹੇਮ ਕੁੰਟ ਪਰਬਤ ਬਿਸਤਾਰਾ। ਝਰਨੇ ਝਰਹਿਂ ਅਨੇਕ ਪ੍ਰਕਾਰਾ॥ ੨॥

ਮੁਨੀ ਦਾ ਭੇਸ ਧਾਰ ਕੇ ਆਪ ਪ੍ਰਭੂ ਜੀ ਅਨੇਕ ਪ੍ਰਕਾਰ ਦੇ ਤਪਾਂ ਨੂੰ ਤਾਪਦੇ ਸਨ। ਹੇਮ ਕੁੰਟ ਪਰਬਤ ਵੱਡੇ ਵਿਸਥਾਰ ਵਾਲਾ ਹੈ ਜਿਥੇ ਅਨੇਕ ਪ੍ਰਕਾਰ ਦੇ ਝਰਨੇ ਚਲਦੇ ਹਨ॥੨॥

ਨਿਸ ਬਾਸੁਰ ਜਿਨ ਮਹਿਂ ਧੁਨਿ ਭਾਰੀ। ਸੁੰਦਰ ਬਿਮਲ ਪ੍ਰਵਾਹਤਿ ਬਾਰੀ।
ਕਹੂੰ ਬੇਗ ਸੋਂ ਚਲਹਿ ਸੋ ਜ਼ੋਰ। ਕਹੂੰ ਭ੍ਰਮਰਕਾ ਪਰਹਿਂ ਬਿਲੋਰ॥ ੩॥

ਦਿਨ ਰਾਤ ਜਿਨ੍ਹਾਂ ਵਿਚੋਂ ਭਾਰੀ ਧੁਨੀ ਪੈਦਾ ਹੁੰਦੀ ਹੈ ਤੇ ਪਾਣੀ ਦਾ ਬੜਾ ਸੁੰਦਰ ਕੋਮਲ ਪ੍ਰਵਾਹ ਵੱਗਦਾ ਹੈ। ਕਿਤੇ ਬੜਾ ਤੇਜ ਅਤੇ ਬੜੇ ਜ਼ੋਰ ਨਾਲ ਚਲਦਾ ਹੈ, ਕਿਤੇ ਉੱਜਲ ਬਿਲੌਰੀ ਰੰਗ ਦਾ ਭਰਮ ਪੈਂਦਾ ਹੈ॥੩॥

ਫਟਕ ਸਮਾਨ ਸੁੱਛ ਜਲ ਸੁੰਦਰ। ਨਾਰੇ ਬਹੈਂ ਮੀਨ ਗਨ ਅੰਦਰ।
ਕਹੂੰ ਫੇਨ ਊੱਜਲ ਬਿਧਿ ਰੂਰੈਂ। ਕਿਤ ਸੁਨੀਯਤਿ ਧੁਨਿ ਦੂਰਹਦੂਰੈਂ॥੪॥

ਬਿਲੌਰ ਵਾਂਗ ਜਲ ਸੁੰਦਰ ਅਤੇ ਸਾਫ ਹੈ, ਬਹੁਤ ਨਾਲੇ ਅੰਦਰ ਵੱਗਦੇ ਹਨ। ਕਿਤੇ ਸੁੰਦਰ ਵਿਧੀ ਨਾਲ ਉਪਰ ਉੱਜਲ ਝੱਗ ਆਈ ਹੈ। ਜਲ ਦੇ ਵਹਿਣ ਦੀ ਧੁਨੀ ਬਹੁਤ ਦੂਰ-ਦੂਰ ਤਕ ਸੁਣਾਈ ਦਿੰਦੀ ਹੈ॥੪॥

ਅਨਿਕ ਧਾਤੁ ਤ ਚਿੱਤ੍ਰਿਤਿ ਗਿਰਵਰ। ਪੀਤ, ਰਕਤ, ਅੰਜਨ ਕੇ ਸਮਸਰ।
ਦੂਰਬਾ ਸਮ ਬੈਡੂਰਜ ਜਹਿਂਵਾ। ਅਨਿਕ ਭਾਂਤਿ ਕੀ ਔਸ਼ਧਿ ਤਹਿਂਵਾ॥੫॥

ਪਹਾੜ ਅਨੇਕ ਧਾਤਾਂ ਨਾਲ ਚਿਤਰੇ ਹੋਏ ਹਨ, ਪੀਲੇ, ਲਾਲ ਅਤੇ ਸੁਰਮੇ ਵਰਗੇ ਕਾਲੇ ਰੰਗ ਦੇ ਹਨ। ਹਰੀ ਮਣੀਆਂ ਵਰਗਾ ਜਿਥੇ ਘਾਹ ਹੈ। ਅਨੇਕ ਪ੍ਰਕਾਰ ਦੀਆਂ ਉਥੇ ਦਵਾਈਆਂ ਦੀਆਂ ਬੂਟੀਆਂ ਹਨ॥੫॥

ਸੁੰਦਰ ਥਲ ਜਹਿਂ ਅਨਿਕ ਪ੍ਰਕਾਰਾ। ਤੁੰਗ ਸਥੰਡਲ ਪਾਂਤਿ ਉਦਾਰਾ।
ਚਾਰੋਂ ਓਰ ਨੀਰ ਤਹਿਂ ਫਿਰਿਹੀ। ਹਰਿਆਵਲ ਸਭਿ ਥਲ ਮਨ ਹਰਿਹੀ॥੬॥

ਜਿਥੇ ਅਨੇਕ ਪ੍ਰਕਾਰ ਦੇ ਸੁੰਦਰ ਸਥਾਨ ਹਨ, ਉਚਿਆਂ ਥੜਿਆਂ ਦੀਆਂ ਜਿੱਥੇ ਬਹੁਤ ਪੰਗਤੀਆਂ ਹਨ। ਚਾਰੇ ਪਾਸੇ ਉਥੇ ਪਾਣੀ ਫਿਰ ਰਿਹਾ ਹੈ। ਸਭ ਸਥਾਨ ਵਿਖੇ ਹਰਿਆਵਲ ਹੀ ਹਰਿਆਵਲ ਹੈ॥੬॥

ਫੂਲਨ ਬਾਰੀ ਚਹੁ ਦਿਸ਼ਿ ਮਾਂਹਿ। ਰੰਗ ਰੰਗ ਕੇ ਬਿਗਸੇ ਤਾਂਹਿ।
ਮਹਾਂ ਸੁਗੰਧਤਿ, ਭੌਰ ਗੁੰਜਾਰਤਿ। ਸੀਤਲ ਮੰਦ ਬਹਤਿ ਬਰ ਮਾਰੁਤ॥੭॥

ਚਾਰੇ ਪਾਸੇ ਫੁਲਵਾੜੀਆਂ ਖਿੜੀਆਂ ਹਨ, ਰੰਗ-ਬਰੰਗੇ ਫੁੱਲ ਖਿੜੇ ਹਨ। ਫੁੱਲ ਮਹਾਨ ਸੁਗੰਧੀਆਂ ਵਾਲੇ ਹਨ, ਜਿਨ੍ਹਾਂ ਉਤੇ ਭੌਰ ਗੂੰਜਦੇ ਹਨ। ਸੀਤਲ ਮੱਠੀ-ਮੱਠੀ ਸ੍ਰੇਸ਼ਟ ਹਵਾ ਚਲ ਰਹੀ ਹੈ॥੭॥

ਪਿਖਤਿ ਬਿਲੋਚਨ ਆਨੰਦ ਦਾਨੀ। ਰਚਨਾ ਮਨੁਹਰ ਗੰਧਨਿ ਸਾਨੀ।
ਮ੍ਰਿਦੁਲ ਦਲਨਿ ਕੇ ਪਰੇ ਬਿਛੌਨੇ। ਰਕਤ ਬਰਨ ਕੇ ਦੀਖਤਿ ਲੋਨੇ॥੮॥

ਵੇਖ ਕੇ ਨੈਣ ਅਨੰਦਮਈ ਹੋ ਜਾਂਦੇ ਹਨ। ਮਨੋਹਰ ਰਚਨਾ ਸੁਗੰਧੀਆਂ ਨਾਲ ਮਿਲੀ ਹੋਈ ਹੈ। ਕੋਮਲ ਘਾਹ ਦੇ ਵਿਛਾਉਣੇ ਵਿਛੇ ਹਨ, ਲਾਲ ਰੰਗ ਦੇ ਬੜੇ ਸੁੰਦਰ ਦਿਖਾਈ ਦਿੰਦੇ ਹਨ॥੮॥

Sri Satguru Jagjit Singh Ji eLlibrary NamdhariElibrary@gmail.com

ਫਲ ਮਧੁਰੇ ਬਹੁ ਸ੍ਵਾਦ ਬਿਸਾਲੇ। ਅਲਬਾਲਿਤ ਤਰੁ ਥਲ ਜਲ ਚਾਲੇ।
ਖਗ ਮ੍ਰਿਗ ਸੇਵਤਿ ਜਿਸ ਕੋ ਨੀਤਾ। ਸਰਬ ਜੰਤੁ ਤੇ ਭੈ ਸਭਿ ਬੀਤਾ॥ ੯॥

ਮਿੱਠੇ ਫਲ ਬਹੁਤ ਸਵਾਦੀ ਹਨ। ਬ੍ਰਿਛਾਂ ਦੇ ਆਲੇ-ਦੁਆਲੇ ਦੇ ਥਾਵਾਂ ਵਿਚ ਜਲ ਚਲਦਾ ਹੈ। ਪੰਛੀ ਅਤੇ ਹਿਰਨ ਜਿਸ ਸੁੰਦਰ ਜਲ ਦਾ ਸੇਵਨ ਕਰਦੇ ਹਨ। ਸਾਰੇ ਜੀਵ ਜੰਤੂ ਨਿਡਰ ਫਿਰ ਰਹੇ ਹਨ॥੯॥

ਕਰਹਿਂ ਪਰਸਪਰ ਅਨੰਦ ਘਨੇਰਾ। ਬੈਰ ਬਿਸਾਰਯੋ ਆਪਸ ਕੇਰਾ।
ਬ੍ਰਿੱਛਨ ਕੇ ਸੰਬੂਹ ਬਹੁ ਖਰੇ। ਖਰ ਸ੍ਵਾਦ ਫਲ ਦਲਕਲ ਹਰੇ॥ ੧੦॥

ਆਪਸ ਵਿਚ ਬੜਾ ਅਨੰਦ ਕਰਦੇ ਹਨ, ਆਪਸ ਦੇ ਵੈਰ ਨੂੰ ਵਿਸਾਰ ਦਿੱਤਾ ਹੈ। ਬ੍ਰਿਛਾਂ ਦੇ ਬਹੁਤ ਸਮੂਹ ਖੜੇ ਹਨ ਉਨ੍ਹਾਂ ਬ੍ਰਿਛਾਂ ਦੇ ਸੁੰਦਰ ਹਰੇ ਪੱਤੇ ਹਨ ਤੇ ਖਰੇ ਸਵਾਦੀ ਫਲ ਲੱਗੇ ਹੋਏ ਹਨ॥੧੦॥

ਸਾਲ ਸਰਲ, ਬਦਰੀ, ਕਚਨਾਲ। ਨਾਲਕੇਰ, ਬਿੰਦਲ, ਕ੍ਰਿਤਮਾਲ।
ਮਾਲਿਕ ਪਿਚ, ਫਲਰਹਾ, ਰਸਾਲ। ਸ਼ਾਲਮਲੀ, ਪੁੰਨਾਗ ਬਿਸਾਲ॥ ੧੧॥

ਸਾਲ ਦੇ ਸਿਧੇ ਬ੍ਰਿਛ, ਬੇਰੀ, ਕਚਨਾਰ (ਜਿਸ ਦੇ ਫੁੱਲਾਂ ਦਾ ਰਾਇਤਾ ਪੈਂਦਾ ਹੈ) ਨਾਰੀਅਲ, ਜਲ ਬੈਂਤ, ਅੰਬਲ ਤਾਸ, ਨਿੰਮ, ਪਾਟਲ, ਅੰਬ, ਕੌੜਾ ਸਿੰਮਲ ਦੇ ਵਿਸ਼ਾਲ ਬ੍ਰਿਛ ਖੜੇ ਹਨ॥੧੧॥

ਸਿੰਦੁਕ, ਤਿੰਦੁਕ, ਮਧੁਰ, ਤਮਾਲ। ਕਦਰ, ਖਦਰ ਬਟ, ਨਕੁਤੈਮਾਲ।
ਕੁਲਕ, ਤਿਲਕ, ਚਲਦਲ, ਸੁ ਕਦੰਬ। ਬਾਤਪੋਤ ਸਿੰਸਪਾ ਕਦੰਬ॥ ੧੨॥

ਸੰਭਾਲੂ, ਤੇਂਦੂ (ਜਿਸ ਦੀ ਲੱਕੜ ਆਬਨੂਸ ਕਹਾਉਂਦੀ ਹੈ), ਮਧੁਰ (ਜੀਵਨ ਬ੍ਰਿਛ), ਮਹੂਆ, ਜੰਗਲੀ ਬੇਰ ਬਾਦਾਮ ਬ੍ਰਿਛ, ਚਿਟੀ ਖੈਰ, ਖੈਰ, ਬੋਹੜ, ਕਰੰਜ ਬ੍ਰਿਛ (ਇਹ ਰਾਤ ਨੂੰ ਖਿੜਦਾ ਹੈ) ਕਚਲਾ, ਕਾਕੇਂਦੂ, ਢੁਲਾਹ, ਪਿੱਪਲ, ਸੁਕਦੰਬ (ਇਕ ਬ੍ਰਿਛ ਜਿਸ ਨੂੰ ਬਰਸਾਤ ਵਿਚ ਪੀਲੇ ਫੁੱਲ ਲੱਗਦੇ ਹਨ, ਹਰਿੰਙ, ਅਤੇ ਛਿਝਰਾ ਆਦਿ ਬ੍ਰਿਛ ਖੜੇ ਹਨ॥੧੨॥

ਖਰੇ, ਮਧੂਕ, ਉਦਾਲਕ ਹਰੇ। ਹਰੇਤਪਤ, ਚੰਪਕ ਗੰਧ ਬਰੇ।
ਬਰੇ ਲਤਾ ਇਕਸਾਰੇ ਜਰੇ। ਜਰੇ ਨ ਕਬਿ, ਅਸ ਤਰੁ ਬਰ ਖਰੇ॥ ੧੩॥

ਬਿੰਦਾਲ ਬ੍ਰਿਛ, ਮੁਲੱਠੀ, ਲਸੂੜਾ, ਹਰੇ ਪੱਤਿਆਂ ਵਾਲਾ ਚੰਬਾ, ਹੇਮ ਪੁਸ਼ਪਕ (ਖੁਸ਼ਬੂਦਾਰ ਫੁਲਾਂ ਦਾ ਬ੍ਰਿਛ) ਖੁਸ਼ਬੂ ਨਾਲ ਭਰੇ ਪਏ ਸਨ। ਵੇਲਾਂ ਵਾਲੇ ਦਰੱਖਤ ਮਾਨੋ ਇਕਸਾਰ ਜੜੇ ਹੋਏ ਸਨ। ਉਹ ਕਦੇ ਵੀ ਸੁਕੇ ਸੜੇ ਨਹੀਂ ਹਨ, ਐਸੇ ਸ੍ਰੇਸ਼ਟ ਬ੍ਰਿਛ ਖੜੇ ਸਨ॥੧੩॥

ਖਿਰਣੀ, ਅਰਣੀ, ਬਰਣ ਬਿਕੀਰਣ। ਕੀਰਣ, ਸਪਤ ਪਰਣ ਬਿਸਤੀਰਣ।
ਅਰਜਨ, ਕੁੰਦ, ਕੁੰਭ, ਕਾਰੰਭਾ। ਰੰਭਾ, ਭੂਰਿੰਡੀ ਸੁ ਅਚੰਭਾ॥ ੧੪॥

ਖਿਰਣੀ (ਨਿਮੋਲੀ ਵਰਗੇ ਇਕ ਮਿੱਠੇ ਫਲ ਦਾ ਬ੍ਰਿਛ) ਅਰਣੀ (ਇਸ ਬ੍ਰਿਛ ਦੀ ਲੱਕੜੀ ਯੱਗ ਵਿਚ ਕੰਮ ਆਉਂਦੀ ਹੈ) ਬਰਣ (ਤਿਕਤ ਸ਼ਾਖ ਬ੍ਰਿਛ) ਅੱਕ, ਕੀਰਣ, ਤੂਤ ਆਦਿ ਫੈਲੇ ਹੋਏ ਸਨ। ਨਦੀ ਸੂਰਜ (ਇਹ ਬ੍ਰਿਛ ਨਦੀਆਂ ਦੇ ਕਿਨਾਰੇ ਹੁੰਦਾ ਹੈ) ਮਰਤਬਾਨ, ਕੁੰਭ, ਕਾਰੰਭਾ, ਕੇਲਾ, ਭੂਰਿੰਡੀ (ਸ੍ਰੀ ਹਸਤਨੀ) ਬਹੁਤ ਹੈਰਾਨ ਕਰਨ ਵਾਲੇ ਬ੍ਰਿਛ ਸਨ॥੧੪॥

ਨੀਚਲਫਲ, ਗੂਲਰ, ਚ ਕਨੇਰ। ਨੇਰ ਨੇਰ ਮੁਦਪਰਨ ਘਨੇਰ।
ਬੀਰਬ੍ਰਿੱਖ, ਚੈਤਕੀ, ਬਹੇਰਾ। ਹੇਰਾ ਜਿਨ ਦੇ ਮੋਦ ਬਡੇਰਾ॥ ੧੫॥

ਸਮੁੰਦਰ ਫਲ, ਗੁਲਰ, ਕਨੇਰ, ਬਨ ਮੂੰਗ, ਘਨੇਰ (ਗਲਿਆਰੀ ਨਾਮੀਂ ਬੂਟਾ ਜਿਸ ਨੂੰ ਛੋਟੀ ਅਰਣੀ ਵੀ ਕਹਿੰਦੇ ਹਨ) ਭਿਲਾਵਾ, ਹਰੜ, ਬਹੇੜਾ ਆਦਿ ਜਿਨ੍ਹਾਂ ਨੇ ਵੇਖੇ ਹਨ ਉਨ੍ਹਾਂ ਨੂੰ ਬੜੀ ਖੁਸ਼ੀ ਦਿੰਦੇ ਹਨ॥੧੫॥

ਕੁਟਜ, ਕੁਟੰਨਟ, ਸੀਤਾ, ਬੰਜਲ। ਜਲ ਜੁਤਿ ਰਾਇਬੇਲ, ਤਰੁ ਮੰਜਲ।
ਤਲ, ਛਿਤ, ਕੇਸੂ, ਮਾਲਤੀ ਜਾਲ। ਜਾਲਇੰਗਦੀ ਖਰੇ ਬਿਸਾਲ॥ ੧੬॥

ਇੰਦਰ ਜੌਂ, ਸਿਓਨਾਕ, ਸੀਤਾ ਫਲ, ਬੰਜਲ (ਮੌਲਸਿਰੀ), ਜਲ ਜੁਤਿ (ਸੁਗੰਧਬਾਲਾ ਨਾਮੀ ਬੂਟੀ), ਰਵੇਲ (ਵੱਡਾ ਚੰਬਾ) ਤਰੁ ਮੰਜਲ (ਇਕ ਜਲ ਵਿਚ ਹੋਣ ਵਾਲਾ ਪੌਦਾ), ਤਾੜ, ਕਰੰਜ, ਕੇਸੂ ਫੁੱਲਾਂ ਦਾ ਬ੍ਰਿਛ, ਮਾਲਤੀ ਦੀ ਵੇਲ, ਵਣ (ਜਿਸ ਨੂੰ ਪੀਲੂ ਦਾ ਫਲ ਲੱਗਦਾ ਹੈ) ਜੀਅ ਪੋਤ ਦੇ ਉੱਚੇ-ਉੱਚੇ ਵਿਸ਼ਾਲ ਬ੍ਰਿਛ ਖੜੇ ਹਨ॥੧੬॥

ਉਤਕੰਟਕ, ਸਜੰਦਨ, ਸਹਿਕਾਰ। ਸਮੀ, ਸਸੰਬਰ, ਸਾਵਰ, ਸਾਰ।
ਜੰਬੂ ਰੁਚਿਰ ਮਾਲਤੀ ਤਾਲ। ਤਾਲ ਭਰੇ ਸੁੰਦਰ ਜਲ ਨਾਲ॥ ੧੭॥

ਤਜ, (ਜਿਸ ਦੇ ਫਲ ਕਰੌਂਦੇ ਨਾਲ ਮਿਲਦੇ ਹਨ) ਤਿਨਿਸ਼ ਬ੍ਰਿੱਛ, ਖੁਸ਼ਬੂਦਾਰ ਅੰਬ, ਜੰਡ, ਸਾਲ, ਲੋਧ ਬ੍ਰਿੱਛ, ਚਰੌਂਜੀ ਦਾ ਪੌਦਾ, ਜਾਮਨੂੰ, ਸਵਾਦੀ ਮਾਲਤੀ ਫਲ, ਤਾੜ ਬ੍ਰਿਛ ਅਤੇ ਸੁੰਦਰ ਪਾਣੀ ਨਾਲ ਭਰੇ ਸਰੋਵਰ ਹਨ॥੧੭॥

ਦੇਵਦਾਰ, ਅਮਰੂਦਕ, ਸੇਵ। ਸੇਵਤਿ ਖਗ ਜਿਨ ਸ਼ੋਭਾ ਦੇਵ।
ਜ਼ਰਦਾਲੂ, ਅੰਗੂਰ ਉਦਾਰ। ਦਾਰਮ, ਨਾਗਰੰਗ ਫਲ ਭਾਰ॥ ੧੮॥

ਦਿਆਰ, ਅਮਰੂਦ, ਸੇਬ, ਜਿਨ੍ਹਾਂ ਨੂੰ ਖਾਂਦੇ ਹੋਏ ਪੰਛੀ ਸ਼ੋਭਾ ਪਾ ਰਹੇ ਹਨ। ਗੋਲ ਆੜੂ, ਲੰਮੇ ਅੰਗੂਰ, ਅਨਾਰ, ਨਾਰੰਗੀ ਆਦਿ ਦੇ ਬੂਟੇ ਫਲਾਂ ਨਾਲ ਭਰੇ ਹੋਏ ਹਨ॥੧੮॥

*ਸੈਯਾ*- ਕੋਰਨਿ ਕੇ ਮੁਖ ਹੈ ਮੁਕਲੈ ਬਿਕਸੇ ਰੰਗ ਫੂਲ ਨਿਕੋਰਨ ਕੇ।
ਕੋਰਨਿ ਕੇ ਧਰਤਾ ਬਹੁ ਰਾਜਤਿ ਬਾਜਤਿ ਪਾਤ ਪਤੋਰਨਿ ਕੇ।
ਤੋਰਨਿ ਕੇ ਨਹਿੰ ਦਾਇ ਬਡ ਫਲ ਬੂਟ ਬਿਸਾਲ ਬਿਜੋਰਨਿ ਕੇ।
ਜੋਰਨ ਕੇ ਸਿਖਰੇ ਜਨੁ ਗੁੰਦਤਿ ਬਾਯੁ ਕੇ ਬੇਗ ਅਕੋਰਨ ਕੇ॥ ੧੯॥

ਸਮੂਹ ਕਲੀਆਂ ਦੇ ਮੁੱਖ ਅਧਖੁਲ੍ਹੇ ਹਨ ਤੇ ਨਵੇਂ ਨਕੋਰ ਫੁੱਲ ਖਿੜੇ ਹਨ। ਕਲੀਆਂ ਦੇ ਬ੍ਰਿਛ ਬਹੁਤ ਸ਼ੋਭਦੇ ਹਨ ਵਿਸ਼ੇਸ਼ ਕਰਕੇ ਉਸ ਸਮੇਂ ਜਦ ਹਵਾ ਦੇ ਚਲਣ ਨਾਲ ਪੱਤੇ ਇਕ ਦੂਸਰੇ ਨੂੰ ਵੱਜ ਕੇ ਖੜਕਦੇ ਹਨ। ਬਿਜੌਰੀ ਦੇ ਵਿਸ਼ਾਲ ਬੂਟੇ ਨੂੰ ਮੋਟੀ ਛਿਲ ਵਾਲੇ ਚਕੋਧਰੇ ਲੱਗਦੇ ਹਨ ਜਿਸ ਨੂੰ ਤੋੜਨ ਦਾ ਦਾਅ ਨਹੀਂ ਲੱਗਦਾ ਹੈ, ਕਿਉਂਕਿ ਬਿਜੌਰੀ ਦੇ ਬੂਟੇ ਬਹੁਤ ਉੱਚੇ ਹਨ ਤੇ ਉਨ੍ਹਾਂ ਤਕ ਹੱਥ ਨਹੀਂ ਪਹੁੰਚ ਸਕਦਾ ਹੈ। ਮਾਨੋ ਬ੍ਰਿਛਾਂ ਦੇ ਸਿਰੇ ਜੋੜ ਜੋੜ ਕੇ ਗੁੰਦੇ ਹੋਏ ਹਨ। ਬ੍ਰਿਛਾਂ ਦੇ ਫਲ ਪਵਨ ਦੇ ਵੇਗ ਕਰਕੇ ਭਾਵੇਂ ਡਿੱਗ ਪੈਣ, ਪਰ ਵਿਸ਼ੇਸ਼ ਉਚੇ ਹੋਣ ਕਰਕੇ ਉਹ ਤੋੜੇ ਨਹੀਂ ਜਾ ਸਕਦੇ॥੧੯॥

ਬਾਰੀ ਬਡੀ, ਤਰੁ ਝੂਲ ਰਹੇ, ਅਨਕੂਲ ਬਹੇ ਨਿਤ ਮੂਲਨ ਬਾਰੀ।
ਬਾਰੀਨ ਪਾਇ ਬਿਹੰਗਮ ਬੋਲਤਿ ਨੰਦਨ ਕੀ ਸੁਖਮਾ ਸਭਿ ਬਾਰੀ।
ਬਾਰੀ ਅਧੂਮ ਮਨੋ ਅਗਨੀ, ਅਸ ਲਾਲ ਮਹਾਂ ਫਲ ਫੂਲਨ ਬਾਰੀ।
ਬਾਰੀਜ ਰੰਗ ਅਨੇਕਨ ਕੇ ਗਨ ਭੌਰ ਗੁੰਜਾਰ ਤਿਨ੍ਹੇ ਪਰ ਬਾਰੀ॥ ੨੦॥

ਵਾੜੀ ਬਹੁਤ ਵੱਡੀ ਹੈ ਦਰੱਖਤ ਝੂਮ ਰਹੇ ਹਨ ਤੇ ਹਵਾ ਨਿਤ ਅਨੁਕੂਲ ਵੱਗਦੀ ਹੈ। ਵਾਰੀ ਨਾ ਪਾ ਕੇ ਭਾਵ ਵਾਰੋ ਵਾਰੀ ਨਹੀਂ ਸਗੋਂ ਇਕੋ ਵੇਲੇ ਸਾਰੇ ਪੰਛੀ ਰਲ ਮਿਲ ਕੇ ਬੋਲਦੇ ਹਨ। ਇਹ ਵਾੜੀ ਇੰਦਰ ਦੇ ਨੰਦਨ ਨਾਮੀ ਬਾਗ ਜਿਹੜਾ ਸਵਰਗ ਵਿਚ ਹੈ, ਉਸ ਵਰਗੀ ਸ਼ੋਭਾ ਪਾ ਰਹੀ ਹੈ। ਵਾੜੀ ਇਸ ਤਰ੍ਹਾਂ ਲੱਗ ਰਹੀ ਹੈ ਜਿਵੇਂ ਧੂੰਏਂ ਤੋਂ ਰਹਿਤ ਲਾਲ ਅਗਨੀ ਬਾਲੀ ਹੈ, ਇਸ ਤਰ੍ਹਾਂ ਲਾਲ ਰੰਗ ਦੇ ਫਲਾਂ ਫੂਲਾਂ ਨਾਲ ਵਾੜੀ ਭਰੀ ਹੈ। ਅਨੇਕਾਂ ਰੰਗਾਂ ਦੇ ਕੰਵਲ ਖਿੜ ਰਹੇ ਹਨ, ਭੌਰਿਆਂ ਦੇ ਝੁੰਡ ਉਨ੍ਹਾਂ ਉਤੇ ਗੁੰਜਾਰ ਕਰਦੇ ਹੋਏ, ਸਦਕੇ ਜਾ ਰਹੇ ਹਨ॥੨੦॥

ਚਿੱਤ੍ਰਪਦਾ ਛੰਦ ਮੋਰ ਬਿਹੰਗ, ਮਰਾਲ ਬਿਸਾਲ, ਕਬੂਤਰ, ਕੋਕਿਲ ਕੀਰ, ਅਘੋਰ।
ਘੋਰਨ ਤੇ ਘਨ ਬੋਲਿ ਉਠੈਂ ਪਿਖਿ ਚਾਤ੍ਰਿਕ ਖੰਜਨ ਕੀ ਸੁਨਿ ਸ਼ੋਰ।
ਸੋ ਰਹਿਂ ਸੇਵਤਿ ਕਾਨਨ ਕੋ, ਨਿਤ ਬੈਰ ਬਿਸਾਰਿ, ਨਹੀਂ ਕਰ ਜੋਰ।
ਜੋਰ ਸਦੰਪਤਿ ਹ੍ਵੈ ਕਰਿ ਕੂੰਜਤਿ ਬੈਠਤਿ ਪੰਖ ਸੁਧਾਰਤਿ ਮੋਰਿ ॥ ੨੧ ॥

ਮੋਰ, ਹੰਸ, ਕਬੂਤਰ, ਕੋਇਲ, ਤੋਤੇ ਬਹੁਤ ਸੁਹਾਵਣੇ ਪੰਛੀ ਏਥੇ ਬਹੁਤ ਹੁੰਦੇ ਹਨ। ਬੱਦਲਾਂ ਦੇ ਘੁਰ-ਘੁਰ ਕਰਨ ਤੇ ਚਾਤ੍ਰਿਕ ਅਤੇ ਮਮੋਲੇ ਬੱਦਲਾਂ ਨੂੰ ਆਉਂਦੇ ਵੇਖ ਕੇ ਬੋਲ ਉੱਠਦੇ ਹਨ। ਉਨ੍ਹਾਂ ਦਾ ਇਹ ਸ਼ੋਰ ਸੁਣਨ ਲਾਇਕ ਹੁੰਦਾ ਹੈ। ਇਥੇ ਵੱਸਣ ਵਾਲੇ ਸਾਰੇ ਪੰਛੀ ਵਣਾਂ ਵਿਚ ਵਿਚਰਦੇ ਰਹਿੰਦੇ ਹਨ। ਆਪੋ ਵਿਚ ਵੈਰ ਨੂੰ ਵਿਸਾਰ ਕੇ ਇਕ ਦੂਜੇ ਉਤੇ ਜ਼ੋਰ ਨਹੀਂ ਕਰਦੇ ਹਨ। ਪਤੀ-ਪਤਨੀ ਦਾ ਜੋੜਾ ਹੋ ਕੇ ਕੂੰਜਾਂ ਵਿਚ ਬੈਠਦੇ ਹਨ, ਪੰਖ ਸਵਾਰਦੇ ਹਨ ਤੇ ਮੋੜ ਖਾ ਖਾ ਕੇ ਤੁਰਦੇ ਹਨ॥੨੧॥

ਜੋਟ ਮਿਲੇ ਚਕਵਾਨਿ ਜਿ ਕੂੰਜਤਿ ਪੂਜਤਿ ਕਾਮ ਰਹੇ ਹਰਖਾਇ।
ਖਾਇ ਸਦਾ ਮਨ ਭਾਵਤਿ ਜੋ ਫਲ, ਭੌਰ ਗੁੰਜਾਰਤਿ ਹੈਂ ਅਕੁਲਾਇ।
ਲਾਇਕ ਜੋ ਸੁਖਦਾਇਕ ਸੁੰਦਰ ਅੰਦਰ ਕਾਨਨ ਕੇ ਬਿਰਧਾਇ।
ਧਾਇ ਮਹਾਂ ਮ੍ਰਿਗਮਾਲ ਫਿਰੈਂ ਗਨ ਰੋਝ ਸੰਖਾਰਨ ਕੇ ਸਮੁਦਾਇ ॥ ੨੨ ॥

ਚਕਵੀਆਂ ਦੇ ਜੋੜੇ ਮਿਲ ਕੇ ਚਹਿਕ ਰਹੇ ਹਨ, ਕਾਮਨਾ ਪੂਰਨ ਹੋ ਰਹੀਆਂ ਹਨ, ਇਸ ਲਈ ਪ੍ਰਸੰਨ ਹੋ ਰਹੇ ਹਨ। ਜੋ ਮਨ-ਭਾਉਂਦੇ ਫਲ ਹਨ ਉਹ ਸਦਾ ਖਾ ਰਹੇ ਹਨ, ਭੌਰੇ ਮਗਨ ਹੋ ਕੇ ਗੁੰਜਾਰ ਪਾ ਰਹੇ ਹਨ। ਰਹਿਣ ਦੇ ਲਾਇਕ ਤੇ ਸੁਖਦਾਈ ਹੋਣ ਕਰਕੇ ਇਸ ਵਣ ਵਿਚ ਸਾਰੇ ਸੁੰਦਰ ਪੰਛੀ ਵੱਸ ਰਹੇ ਹਨ। ਮਿਰਗਾਂ ਦੀਆਂ ਡਾਰਾਂ, ਨੀਲ ਗਾਈਆਂ ਦੇ ਵੱਗ, ਬਾਰਾਂਸਿੰਗਿਆਂ ਦੇ ਝੁੰਡ ਦੌੜੇ ਫਿਰਦੇ ਹਨ॥੨੨॥

ਕੇਹਰਿ, ਭਾਲਕ ਡੋਲਤਿ ਹੈਂ, ਗਜ ਬੋਲਤਿ ਹੈਂ ਕਰਨੀ ਅਵਲੋਕਿ।
ਬਾਘ ਬਕਾਰਿ, ਫਨੀਨ ਫੁਕਾਰਿ, ਮਨੀਨ ਸੁਧਾਰਿ, ਬਸੈਂ ਕਰਿ ਓਕ।
ਕੋਲ ਸਸੇ, ਨਕੁਲੇ ਤਰਕੈਂ ਗਨ ਜੰਬੁਕ, ਸਾਰਕ, ਸਾਰਸ ਕੋਕ।
ਕ੍ਰੌਂਚ ਸੁ ਆਰਨਚੂੜ ਪੁਕਾਰਤਿ ਕੋਕ ਸੁ ਬੱਤਕ ਬ੍ਰਿੰਦ ਅਸ਼ੋਕ ॥ ੨੩ ॥

ਸ਼ੇਰ, ਰਿੱਛ ਟਹਿਲ ਰਹੇ ਹਨ। ਹਥਨੀਆਂ ਨੂੰ ਵੇਖ ਕੇ ਹਾਥੀ ਚਿੰਘਾੜਦੇ ਹਨ। ਸ਼ੇਰ ਗਰਜਦੇ ਹਨ ਤੇ ਫਨੀਅਰ ਸੱਪ ਫੁੰਕਾਰੇ ਮਾਰਦੇ ਹਨ, ਆਪਣੀਆਂ ਮਣੀਆਂ ਨੂੰ ਸੁਧਾਰਦੇ ਹਨ ਤੇ ਸਾਰੇ ਜੀਵ ਆਪਣੇ ਘਰ ਬਣਾ ਕੇ ਵਿਚ ਸੁਖੀ ਵੱਸਦੇ ਹਨ। ਸੂਰ, ਖਰਗੋਸ਼, ਨਿਉਲੇ ਅਤੇ ਗਿੱਦੜਾਂ ਦੇ ਸਮੂਹ ਉਛਲ ਰਹੇ ਹਨ। ਮੈਨਾ ਤੇ ਸਾਰਸ ਬੋਲ ਰਹੇ ਹਨ। ਕ੍ਰੌਂਚ, ਕੁਕੜ, ਚਕਵੇ, ਬੱਤਖਾਂ ਸਾਰੇ ਖੁਸ਼ੀ-ਖੁਸ਼ੀ ਪੁਕਾਰ ਰਹੇ ਹਨ॥੨੩॥

ਸੈਯਾ ਛੰਦ- ਅਨਿਕ ਰੀਤਿ ਕੇ ਮੁਨਿ ਤਪ ਤਾਪਤਿ, ਇਕ ਫਲ ਖਾਂਇ, ਖਾਹਿਂ ਇਕ ਪਾਤ।
ਜਲਹਾਰੀ, ਤ੍ਰਿਣਹਾਰੀ ਕੇਤਿਕ, ਨਿਰਾਹਾਰ ਕੇਤਿਕ ਨਹਿਂ ਖਾਤਿ।
ਸੁਸ਼ਕਪੱਤ੍ਰ ਭੱਖਜਤਿ ਨਿਤਪ੍ਰਤਿ ਇਕ, ਪੰਚਾਗਨਿ ਤੇ ਤਾਪਤਿ ਗਾਤ।
ਕਿਤਕ ਸਥੰਡਲਸਾਈ ਤਾਪਤਿ ਬਰਖਾ ਸੀਤ ਸਹੈਂ ਸਭਿ ਭਾਂਤਿ ॥ ੨੪ ॥

ਅਨੇਕ ਰੀਤੀਆਂ ਦੇ ਮੁਨੀ ਤਪ ਕਰਦੇ ਹਨ, ਕਈ ਫਲ ਖਾਂਦੇ ਹਨ, ਕਈ ਪੱਤੇ ਖਾਂਦੇ ਹਨ, ਕਈ ਜਲਹਾਰੀ ਹਨ, ਕਈ ਤ੍ਰਿਣਹਾਰੀ ਹਨ, ਕਈ ਨਿਰਾਹਾਰੀ ਹਨ, ਉਹ ਕੁਝ ਨਹੀਂ ਖਾਂਦੇ ਹਨ। ਸੁੱਕੇ ਪੱਤੇ ਖਾਂਦੇ ਹਨ ਨਿਤਪ੍ਰਤਿ ਇਕ ਪੱਤਾ

ਖਾਂਦੇ ਹਨ। ਸਰੀਰ ਨੂੰ ਪੰਚਾਗਨਿ ਅਗਨੀ ਸੇਕਦੇ ਹਨ। ਕਈ ਵਰਤ ਦੇ ਕਾਰਨ ਭੁੰਜੇ ਸੌਂਦੇ ਹਨ ਵਰਖਾ ਤੇ ਠੰਡ ਸਭ ਪ੍ਰਕਾਰ ਬਰਦਾਸ਼ਤ ਕਰਦੇ ਹਨ॥੨੪॥

ਅਸਮ ਕੁੰਟ, ਤਨ ਬਲਕਲਧਾਰੀ, ਊਰਧ ਪਗ ਕੇਤਿਕ ਲਟਕੰਤਿ।
ਜਲਸਾਈ, ਇਕ ਬਿਚਰਤਿ ਨਿਤਪ੍ਰਤਿ ਏਕ ਚਰਨ ਦ੍ਵੈ ਹਾਥ ਉਠੰਤਿ।
ਕੇਤਿਕ ਬਿੱਦਜਾ ਬ੍ਰਹਮ ਬਿਚਾਰਤਿ ਸਮ ਸਰੂਪ ਸਭਿ ਬਿਖੈ ਲਖੰਤਿ।
ਸਵਿਤਾ ਤੇਜ ਹੁਤਾਸਨ ਜੈਸੋ ਤਿਸ ਬਨ ਮਹਿਂ ਅਸ ਤਪੀ ਬਸੰਤਿ॥ ੨੫॥

ਕਈ ਥਾਨ-ਪ੍ਰਸਤੀ ਪੱਥਰ ਨਾਲ ਅੰਨੁ ਕੁੱਟ ਕੇ ਪਕਾਉਂਦੇ ਹਨ, ਕਈ ਪੈਰ ਉਪਰ ਨੂੰ ਕਰਕੇ ਪੁੱਠੇ ਲਟਕਦੇ ਹਨ। ਕਈ ਜਲ ਉਪਰ ਸੌਣ ਵਾਲੇ ਹਨ। ਕਈ ਸਦਾ ਇਕ ਪੈਰ ਤੇ ਖਲੋਂਦੇ ਹਨ ਤੇ ਦੋ ਹੱਥ ਉੱਚੀ ਕਰੀ ਰੱਖਦੇ ਹਨ। ਕਈ ਬ੍ਰਹਮ ਦੀ ਵਿਦਿਆ ਵਿਚਾਰਦੇ ਹਨ ਤੇ ਸਭ ਵਿਚ ਬ੍ਰਹਮ ਸਰੂਪ ਵੇਖਦੇ ਹਨ। ਸੂਰਜ ਤੇ ਅਗਨੀ ਦਾ ਜਿਵੇਂ ਤੇਜ ਹੋਵੇ, ਐਸੇ ਵਣ ਵਿਚ ਅਜਿਹੇ ਤਪੱਸਵੀ ਰਹਿੰਦੇ ਹਨ॥੨੫॥

ਜਥਾ ਕ੍ਰਿਪਨ ਧਨ ਸੰਚਨ ਮਹਿਂ ਮਨ ਤਿਮ ਤਪ ਕੋ ਸੰਚਤਿ ਦਿਨ ਰੈਨ।
ਜਿਮ ਇਸਤ੍ਰੀ ਕਾਮੀ ਉਰ ਬਾਸਹਿ ਤਿਮ ਬ੍ਰਹਮਬਿੱਦਜਾ ਬਸਹਿ ਟਰੈ ਨ।
ਨ੍ਰਿਪਤਿ ਨਿਕਟਤਾ ਚਹਿ ਭ੍ਰਿਤ ਨਿਤ ਜਸ ਤਸੁ ਅਕਾਲ ਚਹਿਂ ਸ਼ਰਨਿ ਸਦੈਨ।
ਜਜੋਂ ਦਾਰਿੱਦ੍ਰ ਹਰਨ ਕਹੁ ਗ੍ਰਿਹਸਤੀ ਤਜੋਂ ਹਤਿ ਮੋਹ ਚਹਿਤਿ ਚਿਤ ਚੈਨ॥੨੬॥

ਜਿਵੇਂ ਕੰਜੂਸ ਦਾ ਧਨ ਇਕੱਠਾ ਕਰਨ ਵਿਚ ਮਨ ਲੱਗਾ ਰਹਿੰਦਾ ਹੈ, ਤਿਵੇਂ ਤਪੱਸਵੀ ਦਿਨ ਰਾਤ ਤਪ ਨੂੰ ਇਕੱਠਾ ਕਰਦੇ ਹਨ। ਜਿਵੇਂ ਕਾਮੀ ਦੇ ਹਿਰਦੇ ਵਿਚ ਇਸਤਰੀ ਵੱਸਦੀ ਹੈ, ਉਸ ਤਰ੍ਹਾਂ ਇਨ੍ਹਾਂ ਦੇ ਹਿਰਦਿਆਂ ਵਿਚ ਬ੍ਰਹਮ ਵਿਦਿਆ ਵੱਸਦੀ ਹੈ, ਟਲਦੀ ਨਹੀਂ ਹੈ। ਜਿਵੇਂ ਰਾਜੇ ਦੇ ਨੇੜੇ ਹੋਣ ਨੂੰ ਨੌਕਰ ਚਾਹੁੰਦਾ ਹੈ। ਤਿਵੇਂ ਭਗਤ ਅਕਾਲ ਪੁਰਖ ਦੀ ਸ਼ਰਨ ਨੂੰ ਸਦਾ ਚਾਹੁੰਦੇ ਹਨ ਜਿਵੇਂ ਗ੍ਰਹਿਸਤੀ ਗਰੀਬੀ ਨੂੰ ਦੂਰ ਕਰਨਾ ਚਾਹੁੰਦਾ ਹੈ, ਉਸ ਤਰ੍ਹਾਂ ਭਗਤ ਮੋਹ ਦਾ ਨਾਸ਼ ਕਰਕੇ ਚਿੱਤ ਵਿਚ ਚੈਨ ਚਾਹੁੰਦਾ ਹੈ॥੨੬॥

ਉੱਤਮ ਜਿਨਹੁ ਕਾਮਨਾ ਮਨ ਮਹਿਂ ਤਿਨ ਤਪਸਨਿ ਕੋ ਤਿਹ ਬਨ ਬਾਸ।
ਜਨਮ ਮਰਨ ਜਿਨ ਕਬਹੁੰ ਨ ਹੁਇ ਫੁਨ ਗੇਯ ਗਜਾਨ ਅੱਗਜਾਨ ਬਿਨਾਸ਼।
ਪੁੰਨ ਅਸ਼ੇਸ਼, ਲੇਸ਼ ਜਿਨ ਪਾਪ ਨ, ਖਾਪਿ ਬਿਕਾਰਨਿ, ਥਾਪ ਪ੍ਰਕਾਸ਼।
ਬੀਤਰਾਗ, ਬਡਭਾਗ ਸੁ ਪਾਵਨ ਅਸ ਪੁਰਸ਼ੋਤਮ ਪਰਮ ਨਿਵਾਸ॥ ੨੭॥

ਜਿਨ੍ਹਾਂ ਦੇ ਮਨ ਵਿਚ ਉੱਤਮ ਕਾਮਨਾ ਹੈ, ਉਹ ਤਪੱਸਵੀ ਇਸ ਵਣ ਵਿਚ ਵਾਸਾ ਕਰਦੇ ਹਨ। ਜਿਨ੍ਹਾਂ ਦਾ ਫਿਰ ਜਨਮ ਮਰਨ ਕਦੀ ਨਾ ਹੋਇਆ ਤੇ ਜਿਹੜੇ ਅਗਿਆਨ ਨਾਸ਼ ਕਰਕੇ ਗਿਆਨ ਦੇ ਗਿਆਤਾ ਹੋ ਗਏ। ਜਿਨ੍ਹਾਂ ਨੇ ਪੁੰਨ ਕੀਤੇ, ਇਕ ਰਾਈ ਭਰ ਵੀ ਪਾਪ ਨਾ ਕੀਤਾ, ਵਿਕਾਰਾਂ ਨੂੰ ਖਤਮ ਕਰਕੇ ਪ੍ਰਕਾਸ਼ ਵਿਚ ਇਸਥਿਤ ਹੋ ਗਏ। ਜਿਨ੍ਹਾਂ ਦਾ ਰਾਗ ਦ੍ਵੈਖ ਮੁਕ ਗਿਆ ਹੈ, ਉਹ ਵੱਡੇ ਭਾਗਾਂ ਵਾਲੇ ਪਵਿੱਤਰ ਹਨ, ਅਜਿਹੇ ਉੱਤਮ ਪੁਰਸ਼ ਪਰਮ ਨਿਵਾਸ ਪ੍ਰਾਪਤ ਕਰਦੇ ਹਨ॥੨੭॥

ਤਿਨ ਕੇ ਬਡ ਮਹੰਤ ਹੁਇ ਬਾਸਹਿਂ ਕਠਨ ਕਰਤਿ ਤਪ ਸ਼ੰਭੁ ਸਮਾਨ।
ਰੋਕਿ ਰਿਖੀਕਿ ਨੀਕ ਬਿਧਿ ਪ੍ਰਭੁ ਜੁ ਉਰਧ ਕਰੇ ਇਕ ਪਦ ਜੁਗ ਪਾਨ।
ਜਿਮ ਗਿਰ ਪਰ ਤਰੁ ਸਥਿਰ ਸਿਸਰ ਰੁਤ ਤਿਮ ਰਹਿਂ ਅਚਲ ਰਿਦਾ ਦ੍ਰਿਢ ਠਾਨਿ।
ਮਨਹੁੰ ਕਮਲ ਪਰ ਚਤੁਰਬਦਨ ਥਿਤ, ਤਪ ਕੋ ਤਪਹਿਂ ਮੋਹਿਤ ਸਵਧਾਨ॥੨੮॥

ਉਹ ਵੱਡੇ ਮਹੰਤ ਹੋ ਕੇ ਵਸਦੇ ਹਨ, ਜਿਹੜੇ ਸ਼ੰਭ ਵਾਂਗ ਕਠਨ ਤਪੱਸਿਆ ਕਰਦੇ ਹਨ, ਇੰਦਰੀਆਂ ਨੂੰ ਭਲੀ ਪ੍ਰਕਾਰ ਰੋਕਦੇ ਹਨ ਤੇ ਇਕ ਪੈਰ ਤੇ ਖੜੇ ਹੋ ਕੇ, ਦੋਵੇਂ ਹੱਥ ਉੱਚੇ ਕਰਦੇ ਹਨ। ਜਿਵੇਂ ਪਹਾੜ ਉਤੇ ਠੰਡੀ ਰੁੱਤ ਦਰੱਖਤ ਖੜਾ ਰਹਿੰਦਾ ਹੈ, ਇਸ ਤਰ੍ਹਾਂ ਤਪੱਸਵੀ ਦ੍ਰਿੜ੍ਹਤਾ ਧਾਰ ਕੇ ਅਚਲ ਹਿਰਦਾ ਰੱਖੇ। ਮਾਨੋਂ ਕੰਵਲ ਵਿਚ ਬ੍ਰਹਮਾ ਸਥਿਤ ਹੋਵੇ, ਤਪ ਦੀ ਤਪੱਸਿਆ ਬਹੁਤ ਸਾਵਧਾਨ ਹੋ ਕੇ ਕਰੀਏ ॥੨੮॥

ਆਮਿਖ ਸ਼ੁਸ਼ਕ ਦਿਖਤਿ ਧਮਨੀ ਗਨ, ਤੇਜ ਪ੍ਰਤਾਪ ਦਸੋ ਦਿਸ਼ਿ ਛਾਇ।
ਜਿਮ ਗ੍ਰੀਖਮ ਮੱਧਜਾਨ ਭਾਨੁ ਹੁਇ ਡਰਪਤਿ ਚਿਤ ਸਭਿ, ਸਹਿ ਨ ਸਕਾਇ।
ਅਗਨੀ ਮਨਹੁਂ ਅਧੂਮ ਪ੍ਰਕਾਸ਼ਤਿ, ਅੱਗ੍ਰ ਆਇ ਨ ਕੋਇ ਥਿਰਾਇ।
ਬ੍ਰਹਮਲੋਕ ਲੌ ਤੇਜ ਤਪਨ ਕਹੁ ਬਿਥਰਜੋ ਜਹਿਂ ਕਹਿਂ ਦੁਸ਼ਹਿ ਸੁਭਾਇ ॥੨੯॥

ਮਾਸ ਸੁੱਕ ਕੇ ਸਭ ਨਾੜਾਂ ਦਿਸਦੀਆਂ ਹਨ ਤੇ ਤੇਜ ਪ੍ਰਤਾਪ ਦਸਾਂ ਦਿਸ਼ਾਵਾਂ ਵਿਚ ਛਾ ਜਾਂਦਾ ਹੈ। ਜਿਵੇਂ ਗਰਮੀ ਦੀ ਰੁਤ ਵਿਚ ਦੁਪਹਿਰ ਦਾ ਸੂਰਜ ਹੋਵੇ, ਸਭ ਦਾ ਚਿੱਤ ਉਸ ਤੋਂ ਡਰਦਾ ਹੈ, ਕੋਈ ਵੀ ਸਹਿ ਨਹੀਂ ਸਕਦਾ। ਅਗਨੀ ਮਾਨੋ ਧੂੰ ਰਹਿਤ ਹੋ ਕੇ ਪ੍ਰਕਾਸ਼ ਕਰਦੀ ਹੈ, ਅੱਗੇ ਆ ਕੇ ਕੋਈ ਵੀ ਸਥਿਤ ਨਹੀਂ ਹੁੰਦਾ ਹੈ। ਬ੍ਰਹਮਲੋਕ ਤੇਜ ਤਪ ਦਾ ਪਸਰਿਆ, ਜਿਥੇ ਕਿਥੇ ਅਝੁਕ ਤੇ ਉੱਤਮ ਭਾਵ ਵਾਲਾ ਹੈ ॥੨੯॥

ਜੀਤਜੋ ਮਨ ਹੁਇ ਧਜਾਨ ਪਰਾਇਨ ਕਰਤਾ ਪੁਰਖ ਸਾਥ ਲਿਵਲਾਇ।
ਸਰਬ ਜੋਤਿ ਕੀ ਜੋਤਿ ਉਦੋਤਕ ਅਸ ਸਰੂਪ ਮਹਿਂ ਰਹੇ ਸਮਾਇ।
ਏਕ ਰੂਪ ਹੁਇ ਤਨ ਸੁਧਿ ਬਿਸਰੀ ਪਾਰਬ੍ਰਹਮ ਪਰਮੇਸੁਰ ਪਾਇ।
ਬੀਤੇ ਬਰਖ ਅਸੰਖ, ਏਕ ਭੇ ਮੂਰਤਿ ਤਪ ਕੀ ਤਨੂ ਸੁਹਾਇ॥ ੩੦॥

ਮਨ ਜਿੱਤ ਲਿਆ ਹੈ, ਧਿਆਨ ਤਤਪਰ ਹੋ ਕੇ ਲਿਵ ਲਾ ਕੇ ਕਰਤਾ ਪੁਰਖ ਨਾਲ ਲੱਗਾ ਹੋਇਆ ਹੈ। ਸਰਬ ਜੋਤ ਦੀ ਜੋਤ ਉਦੇ ਕਰਨ ਵਾਲਾ ਅਕਾਲ ਪੁਰਖ, ਐਸੇ ਸਰੂਪ ਵਿਚ ਸਮਾ ਰਿਹਾ ਹੈ। ਤਨ ਦੀ ਸੋਝੀ ਵਿਸਾਰ ਕੇ ਇਕ ਰੂਪ ਹੋ ਗਿਆ ਹੈ ਤੇ ਪਾਰਬ੍ਰਹਮ ਪਰਮੇਸ਼ਰ ਨੂੰ ਪਾ ਲਿਆ ਹੈ। ਅਸੰਖਾਂ ਸਾਲ ਬੀਤ ਜਾਣ ਤੇ ਵੀ ਸਰੀਰ ਇਕ ਤਪ ਦੀ ਮੂਰਤੀ ਹੋ ਕੇ ਸ਼ੋਭਦਾ ਰਹਿੰਦਾ ਹੈ ॥੩੦॥

*ਗਿਆਰ੍ਹਵੀਂ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ ॥੪੯॥*

## ਅਧਿਆਇ ਪੰਜਾਹਵਾਂ

### ਬ੍ਰਹਮਾ ਵਲੋਂ ਦੇਵਤਿਆਂ ਪ੍ਰਤਿ ਪੁਰਾਤਨ ਕਥਾ

ਦੋਹਰਾ- ਦਿਢ ਤਪਸਾ ਮਹਿਂ ਧਜਾਨ ਲਗਿ ਤਪ ਕੋ ਤੇਜ ਬਿਸਾਲ।
ਖਰਭਰ ਦੇਵਨ ਮਹਿਂ ਪਰਜੋ ਆਕੁਲ ਭੇ ਤਿਸ ਕਾਲ॥ ੧॥

ਦ੍ਰਿੜ੍ਹ ਤਪੱਸਿਆ ਵਿਚ ਧਿਆਨ ਲਾਇਆ ਹੋਇਆ ਸੀ ਜਿਸ ਕਰਕੇ ਤਪ ਦਾ ਵਿਸ਼ਾਲ ਤੇਜ ਹੋ ਗਿਆ। ਇਹ ਵੇਖ ਕੇ ਦੇਵਤਿਆਂ ਵਿਚ ਖਲਬਲੀ ਮੱਚ ਗਈ ਤੇ ਉਸ ਸਮੇਂ ਸਾਰੇ ਵਿਆਕੁਲ ਹੋ ਗਏ ॥੧॥

ਸ੍ਵੈਯਾ ਛੰਦ- ਅਗਨਿ ਪੁਰੋਗਮ ਸਹਿਤ ਪੁਰੰਦਰ ਗਏ ਬ੍ਰਿੰਦ ਸੁਰ ਬ੍ਰਹਮਾ ਪਾਸ।
'ਕਿਸਨੇ ਤੇਜ ਤਿਗਮ ਤਪ ਤਾਪਜੋ ਸੁਰਗ ਲੋਕ ਲੌ ਭਯੋ ਪ੍ਰਕਾਸ਼ ?।

ਨਹੀਂ ਸਹਾਰ ਸਕਹਿਂ ਸੁਰ ਸਾਰੇ ਕਠਨ ਘੋਰ ਅਸ ਬਿਦਤਜੋ ਰਾਸ।
ਕਰੁਨਾ ਕਰਹੁ ਸਹਾਇਕ ਹ੍ਵੈ ਕਰਿ ਹਮਰੇ ਸੰਸੈ ਦੇਹੁ ਬਿਨਾਸ਼॥ ੨॥

ਅਗਨੀ ਮੁਖੀ ਇੰਦਰ ਸਹਿਤ, ਬਹੁਤ ਦੇਵਤੇ ਨਾਲ ਲੈ ਕੇ ਬ੍ਰਹਮਾ ਪਾਸ ਗਏ, "ਕਿਸੇ ਨੇ ਉਗ੍ਰ ਤੇਜ ਵਾਲਾ ਤਪ ਕੀਤਾ ਹੈ, ਸਵਰਗ ਲੋਕ ਤਕ ਪ੍ਰਕਾਸ਼ ਪ੍ਰਗਟ ਹੋ ਗਿਆ ਹੈ ? ਸਾਰੇ ਦੇਵਤੇ ਇਹ ਨਹੀਂ ਸਹਾਰ ਸਕਦੇ ਹਨ, ਕਠਨ ਘੋਰ ਐਸਾ ਤਪ ਪ੍ਰਗਟ ਹੋਇਆ ਹੈ। ਕਿਰਪਾ ਕਰੋ, ਸਾਡੇ ਸਹਾਇਕ ਬਣ ਕੇ ਸਾਡੇ ਸੰਸੇ ਦੂਰ ਕਰ ਦੇਵੋ" ॥੨॥

ਕਹਜੋ ਦ੍ਰੁਹਣ ਨੇ 'ਚਿੰਤਾ ਤਜਾਗਹੁ ਕਾਲ ਸਮਾਪਤਿ ਤਪ ਕੌ ਆਇ।
ਅਖਲ ਜਗਤ ਕੋ ਰੱਖਜਕ ਸ੍ਵਾਮੀ ਸੋ ਤੁਮਰੇ ਭੀ ਹੋਹਿ ਸਹਾਇ।
ਪ੍ਰਥਮ ਅਵਤਰੇ ਪ੍ਰਭੁ ਪੁਰਸ਼ੋਤਮ ਸ਼੍ਰੀ ਨਾਨਕ ਨਿਜ ਨਾਮ ਧਰਾਇ।
ਬਰਤਜੋ ਬਿਨਾ ਕਾਲ ਕਲਿ ਭੈਰਵ ਭਰਜੋ ਨਰਕ ਪਾਪੀ ਸਮੁਦਾਇ॥ ੩॥

ਬ੍ਰਹਮਾ ਨੇ ਕਿਹਾ, "ਚਿੰਤਾ ਛੱਡ ਦੇਵੋ, ਤਪ ਸਮਾਪਤ ਹੋਣ ਦਾ ਸਮਾਂ ਆ ਗਿਆ ਹੈ। ਅਖਲ ਜਗਤ ਦੇ ਰਾਖੇ ਸਵਾਮੀ, ਉਹ ਤੁਹਾਡੇ ਵੀ ਸਹਾਇਕ ਬਣਨਗੇ। ਪਹਿਲਾ ਪ੍ਰਭੂ ਪੁਰਸ਼ੋਤਮ ਨੇ ਸ੍ਰੀ ਨਾਨਕ ਨਾਮ ਧਰਾ ਕੇ ਅਵਤਾਰ ਧਾਰਨ ਕੀਤਾ। ਭਿਆਨਕ ਕਲਜੁਗ ਬਿਨਾਂ ਸਮੇਂ ਤੋਂ ਵਰਤਿਆ ਹੈ, ਪਾਪੀਆਂ ਨਾਲ ਨਰਕ ਭਰ ਦਿੱਤਾ ਹੈ ॥੩॥

ਤਿਨ ਜੀਵਨਿ ਕੌ ਨਾਮ ਅਲੰਬ ਦਿਯ ਸਤਿਸੰਗਤਿ ਕੋ ਪੰਥ ਬਿਸਾਲ।
ਤਪ ਆਦਿਕ ਮੈਂ ਲਖਿ ਅਸ਼ਕਤਿ ਨਰ ਸ਼੍ਰੇਯ ਸੁਖੇਨ ਪਾਇਂ ਤਤਕਾਲ।
ਭੰਗ ਮੁਸ਼ਟ ਤਿਨ ਬਖਸ਼ਿਸ਼ ਕੀਨਸਿ ਗਮਨੇ ਜਮਨ ਸੁ ਅਬੈ ਕੁਚਾਲ।
ਹਿੰਦੁਨਿ ਧਰਮ ਬਿਨਾਸ਼ਨ ਚਾਹਤਿ ਮਹਾਂ ਮੰਦ ਮਤਿ ਦੁਸ਼ਟ ਕਰਾਲ॥ ੪॥

ਉਨ੍ਹਾਂ ਨੇ ਜੀਵਨ ਨੂੰ ਨਾਮ ਦਾ ਆਸਰਾ ਦਿੱਤਾ ਹੈ ਤੇ ਸਤਿਸੰਗਤ ਦਾ ਸ੍ਰੇਸ਼ਟ ਰਸਤਾ ਚਲਾਇਆ ਹੈ। ਤਪ ਆਦਿ ਸ਼ਕਤੀ ਰਹਿਤ ਸਮਝ ਕੇ, ਮਨੁੱਖ ਸੌਖੇ ਢੰਗ ਨਾਲ ਤੁਰਤ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਭੰਗ ਦੇ ਭਾੜੇ ਮੁਸਲਮਾਨਾਂ ਨੂੰ ਰਾਜ ਬਖਸ਼ਿਆ ਸੀ, ਉਹ ਮੁਸਲਮਾਨ ਹੁਣ ਖੁਟਿਆਈ ਵਿਚ ਪੈ ਗਏ ਹਨ। ਹਿੰਦੂ ਧਰਮ ਦਾ ਨਾਸ਼ ਕਰਨਾ ਚਾਹੁੰਦੇ ਹਨ, ਮਾੜੀ ਮੱਤ ਵਾਲੇ ਵਿਕਰਾਲ ਦੁਸ਼ਟ ਹਨ ॥੪॥

ਸੀਸ ਦੇਯ ਕੂਰੇ ਤਿਨ ਕਰਿ ਕੈ ਹਰਹਿਂ ਤੇਜ ਤਿਨ ਰਾਜ ਬਿਨਾਸਿ।
ਨੌ ਸਰੀਰ ਧਰਿ ਬਰਤੇ ਪ੍ਰਭੁ ਜੀ ਅਬਿ ਦਸਮੇ ਕੋ ਕਰਹਿਂ ਪ੍ਰਕਾਸ਼।
ਦੇਵੀ ਦੇਵ ਦੇਹੁਰੇ ਤੀਰਥ ਆਗਮ ਨਿਗਮ ਅਪਰ ਮਤਿ ਰਾਸ।
ਹਿੰਦੂ ਧਰਮ ਕੇ ਰੱਖਜਕ ਹੋਵਹਿਂ ਸ਼੍ਰੀ ਗੁਰਗੋਬਿੰਦ ਸਿੰਘ ਹੁਲਾਸ॥ ੫॥

ਸੀਸ ਦੇ ਕੇ ਉਨ੍ਹਾਂ ਨੂੰ ਝੂਠਾ ਕਰਕੇ, ਉਨ੍ਹਾਂ ਦਾ ਤੇਜ ਖੋਹ ਲਵਾਂਗੇ ਤਾਂ ਉਨ੍ਹਾਂ ਦੇ ਰਾਜ ਦਾ ਖਾਤਮਾ ਕਰ ਦੇਵਾਂਗੇ। ਨੌਂ ਸਰੀਰ ਧਾਰਨ ਕਰਕੇ ਪ੍ਰਭੂ ਜੀ ਨੇ ਵਰਤਾਰਾ ਕੀਤਾ ਹੈ, ਹੁਣ ਦਸਵੇਂ ਸਰੀਰ ਦਾ ਪ੍ਰਕਾਸ਼ ਕਰਨਗੇ। ਦੇਵੀ ਦੇਵਤੇ, ਦੇਹੁਰੇ, ਤੀਰਥ, ਸ਼ਾਸਤ੍ਰ, ਵੇਦ ਤੇ ਹੋਰ ਸਾਰੇ ਜਿਹੜੇ ਮੱਤ ਹਨ। ਹਿੰਦੂ ਧਰਮ ਦੀ ਰਖਿਆ ਕਰਨਗੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਹੜੇ ਅਨੰਦ ਸਰੂਪ ਹਨ ॥੫॥

ਪਰਮ ਤੇਜਸੀ, ਪਰਮ ਸੂਰਮੇ, ਪਰਮ ਅਮਾਨੁਖ ਕਰਮ ਕਰੇਹਿਂ।
ਜਿਨ ਕੇ ਤਪ ਕੌ ਤੇਜ ਤਿਗਮ ਇਹ ਸੋ ਅਬਿ ਧਰਹਿਂ ਜਾਇ ਨਰ ਦੇਹਿ।

ਅਖਿਲ ਜੋਤਿ ਕੀ ਜੋਤਿ ਪ੍ਰਕਾਸ਼ਕ ਸ੍ਰੀ ਨਾਨਕ ਕੀ ਧਾਰਹਿਂ ਏਹਿ।
ਤੁਮ ਭੀ ਜਾਹੁ ਜਗਤ ਮੈਂ ਜਿਤ ਕਿਤ ਮਨੁਜ ਸਰੀਰਨਿ ਕੋ ਧਰਿ ਲੇਹਿ ॥੬॥

ਪਰਮ ਤੇਜੱਸਵੀ, ਪਰਮ ਸੂਰਮਾ, ਪਰਮ ਉੱਚਾ ਤੇ ਔਖਾ ਕਾਰਜ ਕਰਨਗੇ ਜਿਹੜਾ ਕਿਸੇ ਮਨੁੱਖ ਪਾਸੋਂ ਨਹੀਂ ਹੋ ਸਕਦਾ ਹੈ। ਜਿਨ੍ਹਾਂ ਦੇ ਤਪ ਦਾ ਤੇਜ ਉੱਗ੍ਰ ਤੇਜ ਵਾਲਾ ਹੈ, ਇਹ ਹੁਣ ਮਾਤਲੋਕ ਵਿਚ ਜਾ ਕੇ ਮਨੁੱਖਾ ਸਰੀਰ ਧਾਰਨ ਕਰਨਗੇ। ਜਿਹੜੀ ਅਖਿਲ ਜੋਤ ਦੀ ਜੋਤ ਪ੍ਰਕਾਸ਼ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਜੋਤ ਧਾਰਨ ਕਰਨਗੇ। ਤੁਸੀਂ ਵੀ ਜਦ ਕਦੀ ਮਾਤ ਲੋਕ ਵਿਚ ਜਾਵੋਗੇ ਤਾਂ ਮਨੁੱਖਾ ਸਰੀਰ ਧਾਰਨ ਕਰੋਗੇ" ॥੬॥

ਦੋਹਰਾ- ਇੰਦ੍ਰ ਪੁਰੋਗਮ ਸੁਰ ਕਹ੍ਯੋ 'ਅਸ ਤਪਸੀ ਹੈ ਕੌਨ?
ਕਿਮ ਤਪ ਤਾਪ੍ਯੋ, ਤਾਤ ਕਿਸ, ਕਰਮ ਕਿਯੋ ਕਹਾ ਤੌਨ? ॥੭॥

ਇੰਦਰ ਤੇ ਹੋਰ ਮੁਖੀ ਦੇਵਤਿਆਂ ਨੇ ਕਿਹਾ, "ਐਸਾ ਤਪੱਸਵੀ ਕੌਣ ਹੈ? ਕਿਵੇਂ ਤਪ ਕੀਤਾ ਹੈ? ਕਿਸ ਦਾ ਪੁੱਤਰ ਹੈ, ਉਸ ਨੇ ਕੀ ਕੀਤਾ ਹੈ? ॥੭॥

ਜਿਸ ਕੀ ਅਪਨੇ ਬਦਨ ਤੇ ਕਰਤਿ ਪ੍ਰਸ਼ੰਸ਼ਾ ਏਵ।
ਬਧ੍ਯੋ ਬਿਸਾਲ ਪ੍ਰਤਾਪ ਜਗ ਕਿਮ ਪ੍ਰਗਟਹਿ ਤਪਸੇਵ?' ॥੮॥

ਜਿਸ ਦੀ ਆਪਣੇ ਮੂੰਹ ਤੋਂ ਬਹੁਤ ਪ੍ਰਸੰਸਾ ਕਰਦੇ ਹੋ, ਜਿਸ ਦਾ ਜਗ ਵਿਚ ਪ੍ਰਤਾਪ ਬਹੁਤ ਵਧਿਆ ਹੈ, ਇਹ ਤਪੱਸਵੀ ਕਿਵੇਂ ਪ੍ਰਗਟ ਹੋਇਆ ਹੈ?" ॥੮॥

ਸੈਯਾ ਛੰਦ-ਕਹਤਿ ਭਯੋ ਕਮਲਾਸਨ ਤਿਨ ਕਹੁ 'ਸੁਨਹੁ! ਸੁਰਹ ਅੱਖਜਾਨ ਮਹਾਨ।
ਚਿਰੰਕਾਲ ਕੋ ਅਹੈ ਪੁਰਾਤਨ ਜਬਿ ਸਤਿਜੁਗੁ ਕੋ ਸਮਯ ਸੁਜਾਨ।
ਦਾਨਵ ਦੈਤ ਬਿਲੰਦ ਬਲੀ ਗਨ ਤੀਨ ਲੋਕ ਜੀਤੇ ਸਭਿ ਥਾਨ।
ਦੁਸ਼ਟ ਬਿਸਾਲ ਅਨਿਸ਼ਟੇ ਠਾਨਤਿ, ਤੁਮਹਿ ਨਿਕਾਸ੍ਯੋ ਸੁਖ ਕਰਿ ਹਾਨਿ ॥੯॥

ਬ੍ਰਹਮਾ ਨੇ ਫਿਰ ਕਿਹਾ, ਉਨ੍ਹਾਂ ਦੀ ਮਹਾਨ ਕਥਾ ਸੁਣੋ। ਬਹੁਤ ਪੁਰਾਤਨ ਲੰਮਾ ਸਮਾਂ ਬੀਤ ਗਿਆ ਹੈ ਜਦ ਸ੍ਰੇਸ਼ਟ ਸਤਿਜੁਗ ਦਾ ਸਮਾਂ ਸੀ। ਉਸ ਸਮੇਂ ਦੀ ਇਹ ਪੁਰਾਤਨ ਕਥਾ ਹੈ। ਉਸ ਸਮੇਂ ਰਾਕਸ਼ ਦੈਂਤ ਬਹੁਤ ਬਲਵਾਨ ਸਨ, ਜਿਨ੍ਹਾਂ ਨੇ ਸਭ ਸਥਾਨ ਤਿੰਨੇ ਹੀ ਲੋਕ ਜਿੱਤ ਲਏ ਸਨ। ਵਿਸ਼ਾਲ ਦੁਸ਼ਟਾਂ ਨੇ ਉਪੱਦਰ ਧਾਰਨ ਕੀਤਾ ਹੋਇਆ ਸੀ, ਤੁਹਾਡਾ ਸੁਖ ਨਸ਼ਟ ਕਰਕੇ ਤੁਹਾਨੂੰ ਸਵਰਗ ਵਿਚੋਂ ਕੱਢ ਦਿੱਤਾ ਸੀ ॥੯॥

ਨਿਕਟਿ ਭਗਵਤੀ ਤਬਿ ਤੁਮ ਗਮਨੇ ਅਨਿਕ ਭਾਂਤਿ ਕੀ ਸਤੁਤਿ ਸੁਨਾਇ।
ਦੁਰਗਾ ਭਈ ਪ੍ਰਸੀਦਤ ਹਿਤ ਕਰਿ ਅਪਨਿ ਸਰੀਰ ਕੀਨਿ ਬਿਦਤਾਇ।
ਦੀਨਸਿ ਦਰਸ਼ਨ ਧਰਮ ਗੋਪਤਾ ਤੁਮ ਕੋ ਦੀਨ ਦੇਖਿ ਬਿਕੁਲਾਇ।
ਦੁਰਨਿਰੀਛਨਾ ਪੂਛਨ ਕੀਨੇ, ਦੁਖ ਦੈਤਨਿ ਕੋ ਕਹ੍ਯੋ ਬੁਝਾਇ ॥੧੦॥

ਤਦ ਤੁਸੀਂ ਭਗਵਤੀ ਦੇ ਪਾਸ ਗਏ, ਉਸ ਦੀ ਅਨੇਕ ਪ੍ਰਕਾਰ ਉਸਤਤਿ ਕੀਤੀ, ਫਿਰ ਦੁਰਗਾ ਤੁਹਾਡੇ ਤੇ ਹਿਤ ਕਰਕੇ ਬਹੁਤ ਪ੍ਰਸੰਨ ਹੋਈ ਤੇ ਉਸ ਨੇ ਆਪਣਾ ਸਰੀਰ ਪ੍ਰਗਟ ਕੀਤਾ। ਫਿਰ ਧਰਮ ਦੀ ਰੱਖਿਅਕ ਦੁਰਗਾ ਨੇ ਤੁਹਾਨੂੰ ਦਰਸ਼ਨ ਦਿੱਤੇ, ਤੇ ਤੁਹਾਨੂੰ ਦੀਨ ਵੇਖ ਕੇ ਬਹੁਤ ਵਿਆਕੁਲ ਹੋ ਗਈ। ਤਦ ਦੇਵੀ ਨੇ ਤੁਹਾਡੇ ਐਸੇ ਭਿਆਨਕ ਹਾਲ ਬਾਰੇ ਪੁਛਿਆ, ਤੁਸੀਂ ਉਸ ਨੂੰ ਦੈਂਤਾਂ ਵਲੋਂ ਦਿੱਤੇ ਜਾਣ ਵਾਲੇ ਦੁੱਖ ਬਾਰੇ ਦੱਸਿਆ ॥੧੦॥

Sri Satguru Jagjit Singh Ji eLlibrary NamdhariElibrary@gmail.com

ਸੁਨਿ ਕੈ ਪ੍ਰਨ ਕੋ ਕੀਨਿ ਅੰਬਕਾ ਸ਼ੱਤ੍ਰ ਤੁਮਾਰੇ ਹਤੌਂ ਰਿਸਾਇ।
ਯੱਗ ਭਾਗ ਅਰੁ ਸਦਨ ਸੁਰਗ ਕੋ ਬਹੁਰ ਦੇਉਂ ਤੁਮ ਕੋ ਹਰਖਾਇ।
ਕ੍ਰੋਧਿਤ ਭਈ ਜੁੱਧ ਕਉ ਉੱਧਤਿ ਆਯੁਧ ਸੁੱਧ ਬਿਰੋਧ ਬਧਾਇ।
ਹਤੇ ਦੈਤ ਧਰਨੀ ਤਲ ਛਾਯੋ ਸੰਘਰ ਮਹਿਂ ਘਮਸਾਨ ਬਨਾਇ॥ ੧੧॥

ਤੁਹਾਡੀ ਅਜਿਹੀ ਵਿਥਿਆ ਸੁਣ ਕੇ ਦੁਰਗਾ ਦੇਵੀ ਨੇ ਪ੍ਰਣ ਕੀਤਾ ਤੇ ਕਿਹਾ, "ਮੈਂ ਗੁੱਸੇ ਵਿਚ ਆ ਕੇ ਤੁਹਾਡੇ ਸਾਰੇ ਵੈਰੀ ਮਾਰ ਦੇਵਾਂਗੀ, ਯੱਗ ਭਾਗ ਅਤੇ ਤੁਹਾਡਾ ਘਰ ਸਵਰਗ ਤੁਹਾਨੂੰ ਦੁਬਾਰਾ ਦਿਵਾ ਕੇ ਤੁਹਾਨੂੰ ਪ੍ਰਸੰਨ ਕਰਾਂਗੀ। ਫਿਰ ਗੁੱਸੇ ਵਿਚ ਆ ਕੇ ਯੁੱਧ ਵਾਸਤੇ ਤਿਆਰ-ਬਰ-ਤਿਆਰ ਹੋ ਗਈ ਤੇ ਵਿਰੋਧ ਵਧਾ ਕੇ ਆਪਣੇ ਅਸ਼ਤਰਾਂ ਸ਼ਸਤਰਾਂ ਦੀ ਖਬਰ ਲਈ। ਫਿਰ ਬਹੁਤ ਵੱਡਾ ਯੁੱਧ ਮਚਾ ਕੇ ਦੈਂਤਾਂ ਨੂੰ ਮਾਰ ਕੇ ਧਰਤੀ ਤੇ ਵਿਛਾ ਦਿੱਤਾ॥੧੧॥

ਰਕਤਬੀਜ ਸੌਂ ਰਣ ਪੁਨ ਕੀਨਸਿ ਆਯੁਧ ਲਗੇ ਰਕਤ ਧਰ ਪਾਤ।
ਭਏ ਸੈਂਕਰੈ ਦੈਤ ਸਹੱਸ੍ਰ ਅਯੁਤ ਲੱਛ ਕੋਟੈਂ ਇਕ ਜਾਤਿ।
ਹਤੇ ਬਹੁਰ ਉਪਜੇ ਪੁਨ ਤੈਸੇ ਜਿਨ ਕੀ ਸੰਖਯਾ ਗਨੀ ਨ ਜਾਤਿ।
ਚਿਰੰਕਾਲ ਲੌ ਰਹੀ ਘਾਲ ਕਰਿ ਸ਼੍ਰਮਿਤ ਭਈ ਕੁਛ ਤਬਿ ਜਗ ਮਾਤ॥ ੧੨॥

ਫਿਰ ਰਕਤਬੀਜ ਨਾਲ ਯੁੱਧ ਕੀਤਾ, ਜਿਸ ਦੇ ਜਦ ਹਥਿਆਰ ਲਗਦਾ ਸੀ ਤੇ ਧਰਤੀ ਤੇ ਜਿਹੜਾ ਖੂਨ ਡਿੱਗਦਾ ਸੀ ਉਸ ਤੋਂ ਦਸ ਹਜ਼ਾਰ ਤੋਂ ਲੱਖ ਤੇ ਕ੍ਰੋੜਾਂ ਇਕ ਜਾਤ ਦੇ ਦੈਂਤ ਉਤਪੰਨ ਹੋ ਜਾਂਦੇ ਸਨ। ਬਾਅਦ ਵਿਚ ਹੋਰ ਬਹੁਤ ਪੈਦਾ ਹੁੰਦੇ ਸਨ, ਜਿਨ੍ਹਾਂ ਦੀ ਗਿਣਤੀ ਗਿਣੀ ਨਹੀਂ ਜਾ ਸਕਦੀ। ਬਹੁਤ ਦੇਰ ਤਕ ਉਨ੍ਹਾਂ ਦੈਂਤਾਂ ਨੂੰ ਮਾਰਦੀ ਰਹੀ, ਫਿਰ ਜਗਤ ਦੀ ਮਾਤਾ ਕੁਝ ਥੱਕ ਗਈ॥੧੨॥

ਦੋਹਰਾ- ਸੰਖਯਾ ਨੌ ਕੇ ਅੰਕ ਪਰ ਖੋੜਸ ਸ਼ੂਨ ਲਗਾਇ।
ਇਤੇ ਦੈਤ ਦੇਵੀ ਹਤੇ ਗਿਨੇ ਰਿਖਿਨਿ ਸਮੁਦਾਇ॥ ੧੩॥

ਉਨ੍ਹਾਂ ਦੈਂਤਾਂ ਦੀ ਸੰਖਿਆ ਨੌਂ ਪਦਮ ਤਕ ਹੋ ਗਈ, ਭਾਵ ਇਕ ਦੇ ਅੱਖਰ ਨੂੰ ਜੇ ਸੋਲਾਂ ਸਿਫਰ ਲਾ ਦੇਈਏ, ਇਤਨੀ ਗਿਣਤੀ ਹੋ ਗਈ। ਫਿਰ ਏਨੇ ਦੈਂਤਾਂ ਨੂੰ ਦੇਵੀ ਨੇ ਮਾਰਿਆ ਜਿਨ੍ਹਾਂ ਨੂੰ ਰਿਖੀਆਂ ਦੇ ਸਮੂਹ ਨੇ ਗਿਣਿਆ ਭਾਵ ਇਹ ਗਿਣਤੀ ਪੁਰਾਣਾਂ ਵਿਚ ਲਿਖੀ ਹੈ॥੧੩॥

ਬਿੰਧਯਾਚਲ ਪਰ ਥਿਤ ਭਈ ਜਗਤ ਈਸ਼੍ਵਰੀ ਜੋਈ।
ਬਿੰਧਯਾਚਲ ਸੁ ਨਿਵਾਸਨੀ ਯਾਂਤੇ ਕਹਿ ਸਭਿ ਕੋਇ॥ ੧੪॥

ਫਿਰ ਜਗਤ ਦੀ ਮਾਤਾ ਬਿੰਧਿਆਚਲ ਪਰਬਤ ਤੇ ਜਾ ਕੇ ਖੜੀ ਹੋ ਗਈ, ਇਸ ਕਰਕੇ ਸਾਰੇ ਉਸਨੂੰ ਬਿੰਧਿਆਚਲ ਨਿਵਾਸੀ ਕਹਿੰਦੇ ਹਨ॥੧੪॥

ਸੈਯਾ ਛੰਦ-ਹੋਇ ਸੁ ਲੋਪ ਧਾਰਿ ਲਘੁ ਮੂਰਤਿ ਬਿੰਧਯਾਚਲ ਪਰ ਕੀਨਿ ਨਿਵਾਸ।
ਉੱਗ੍ਰ ਮਹਾਂ ਤਪ ਤਪਨੇ ਲਾਗੀ ਪੁਨ ਦੈਤਨ ਕੁਲ ਕਰੌਂ ਬਿਨਾਸ।
ਇਤ ਉਤ ਦੁਸ਼ਟ ਲਗੇ ਤਬਿ ਖੋਜਨਿ ਕਾਨਨ ਬਡੇ ਪਹਾਰ ਅਵਾਸ।
ਸਰਿਤਾ ਸਰੁਵਰ ਦਰੀ ਕੰਦਰਾ ਜਹਿਂ ਕਹਿਂ ਫਿਰਹਿਂ ਰਿਸੇ ਬਲ ਰਾਸ॥੧੫॥

ਫਿਰ ਛੋਟਾ ਸਰੀਰ ਧਾਰਨ ਕਰਕੇ, ਬਿੰਧਿਆਚਲ ਪਹਾੜ ਤੇ ਨਿਵਾਸ ਕਰ ਲਿਆ। ਫਿਰ ਮਹਾਨ ਕਠਨ ਤਪ ਕਰਨ ਲੱਗੀ ਤੇ ਸੋਚਣ ਲੱਗੀ ਤਪ ਤੋਂ ਬਾਅਦ ਦੈਂਤਾਂ ਦਾ ਨਾਸ਼ ਕਰਾਂਗੀ। ਫਿਰ ਦੁਸ਼ਟ ਦੈਂਤ ਏਧਰ ਓਧਰ ਲੱਭਣ ਲੱਗੇ ਪਹਾੜ ਰੂਪ ਅਸਥਾਨ ਤੇ ਉਨ੍ਹਾਂ ਦੇਵੀ ਦੀ ਬਹੁਤ ਖੋਜ ਕੀਤੀ। ਨਦੀਆਂ, ਸਰੋਵਰ, ਖੱਡਾਂ ਵਿਚ ਬੜਾ ਬਲ ਧਾਰ ਕੇ ਖੋਜ ਕਰਨ ਲੱਗੇ॥੧੫॥

ਬੇਲ ਸੁਬੇਲ ਦੈਤ ਦੁਇ ਦੀਰਘ ਲਿਯੇ ਸੰਗ ਸੈਨਾ ਸਮੁਦਾਇ।
ਰਿਦੈ ਸੁੱਧ ਇਕ ਤਪਸੀ ਦੇਖਯੋ ਚਿਰੰਕਾਲ ਕੋ ਤਪ ਗਨ ਤਾਇ।
ਬ੍ਰਹਮ ਬਿੱਦਜਾ ਮਹਿਂ ਨਿਸਠਿਤ ਨਿਤ ਪ੍ਰਤਿ ਸੂਰਜ ਅਗਨੀ ਕੇ ਸਮ ਤਾਇ।
ਬੈਠਯੋ ਆਸ਼੍ਰਮ ਨਿਜ ਤਪ ਮਹਿਂ ਥਿਤ ਏਕਾਕੀ ਮਨ ਸ਼ਾਂਤਿ ਸੁਹਾਇ॥ ੧੬॥

ਫਿਰ ਬੇਲ, ਸੁਬੇਲ ਨਾਮੀਂ ਦੈਂਤਾਂ ਆਪਣੇ ਨਾਲ ਬਹੁਤ ਸੈਨਾ ਲਈ, ਫਿਰ ਉਨ੍ਹਾਂ ਇਕ ਸ਼ੁੱਧ ਹਿਰਦੇ ਵਾਲਾ ਤਪੱਸਵੀ ਵੇਖਿਆ ਜਿਹੜਾ ਬੜੇ ਲੰਮੇ ਸਮੇਂ ਤੋਂ ਤਪ ਕਰ ਰਿਹਾ ਸੀ। ਜਿਹੜਾ ਬ੍ਰਹਮ ਵਿਦਿਆ ਵਿਚ ਇਸਥਿਤ ਸੀ ਤੇ ਉਸਦਾ ਤੇਜ ਸੂਰਜ ਦੀ ਅਗਨੀ ਦੇ ਸਮਾਨ ਸੀ। ਉਹ ਸਦਾ ਆਪਣੇ ਆਸ਼ਰਮ ਵਿਚ ਬੈਠਾ ਤਪ ਕਰਦਾ ਸੀ ਤੇ ਇਕਾਂਤ ਮਨ ਸ਼ਾਂਤੀ ਭਰਪੂਰ ਸ਼ੋਭ ਰਿਹਾ ਸੀ॥੧੬॥

ਅਸੁਰਨ ਕੀਨਿ ਬਿਲੋਕਨਿ ਪੂਛਯੋ 'ਅਹੋ ਤਾਪਸੀ! ਹਮਹਿਂ ਬਤਾਇ।
ਇਕ ਇਸਤ੍ਰੀ ਸਭਿ ਅੰਗ ਮਨੋਹਰ ਰਣ ਕਰਤੀ ਅਬਿ ਗਈ ਪਲਾਇ।
ਦ੍ਰਿਸ਼ਟਿ ਸੁ ਗੋਚਰ ਰਹੀ ਨ ਹਮਰੇ ਤਿਸ ਹਿਤ ਖੋਜੇ ਸਕਲ ਸੁ ਥਾਇਂ।
ਭਯੋ ਮਹਾਂ ਅਚਰਜ ਨਹਿਂ ਜਾਨੀ ਦੈਤ ਹਤੇ ਜੋਧਾ ਸਮੁਦਾਇ'॥ ੧੭॥

ਦੈਂਤਾਂ ਨੇ ਉਸ ਤਪੱਸਵੀ ਨੂੰ ਵੇਖਿਆ ਤੇ ਪੁਛਿਆ, "ਹੇ ਤਪੱਸਵੀ! ਸਾਨੂੰ ਇਹ ਦੱਸੋ, ਇਕ ਇਸਤਰੀ ਜਿਸ ਦੇ ਸਾਰੇ ਅੰਗ ਬਹੁਤ ਸੁੰਦਰ ਸਨ, ਸਾਡੇ ਨਾਲ ਜੰਗ ਕਰਦੀ ਹੁਣ ਦੌੜ ਗਈ ਹੈ, ਉਹ ਸਾਡੀ ਦ੍ਰਿਸ਼ਟੀ-ਗੋਚਰ ਨਹੀਂ ਰਹੀ ਹੈ, ਉਸ ਵਾਸਤੇ ਅਸੀਂ ਸਭ ਸਥਾਨਾਂ ਤੇ ਖੋਜ ਕੀਤੀ ਹੈ। ਮਹਾਂ ਅਸਚਰਜ ਹੋਇਆ ਹੈ, ਇਹ ਜਾਣਿਆ ਨਹੀਂ ਜਾਂਦਾ ਹੈ ਕਿੱਥੇ ਗਈ ਹੈ, ਸਾਡੇ ਉਸ ਬਹੁਤ ਯੋਧਿਆਂ ਨੂੰ ਮਾਰਿਆ ਹੈ"॥੧੭॥

ਸੁਨਿ ਤਪਸੀ ਰਿਸ ਕਰਿ ਕੈ ਬੋਲਯੋ 'ਰੇ ਮੂਢਹੁ ਦੁਰਮਤਿ ਉਰਧਾਰਿ।
ਕਜਾ ਬਕਬਾਦ ਕਰਤਿ ਅਨਜਾਨਹੁ ਸੋ ਸ਼ਕਤੀ ਹੈ ਪਰਮ ਉਦਾਰ।
ਜਹਾਂ ਕਹਾਂ ਪਰਿ ਪੂਰਨ ਪਾਵਨ ਸਿਮਰਹਿ ਸ਼ਰਧਾ ਕਰੇ ਨਿਹਾਰ।
ਜਬਿ ਬਿਦਤਹਿਗੀ ਰੂਪ ਭਯਾਨਕ ਤਬਿ ਤੁਮ ਗਨ ਕੋ ਕਰਹਿ ਸੰਘਾਰ'॥੧੮॥

ਇਹ ਸੁਣ ਕੇ ਤਪੱਸਵੀ ਬਹੁਤ ਗੁੱਸੇ ਵਿਚ ਆ ਕੇ ਬੋਲਿਆ, ਹੇ ਮੂਰਖੋ, ਕਿਉਂ ਹਿਰਦੇ ਵਿਚ ਦੁਰਮੱਤ ਧਾਰਨ ਕੀਤੀ ਹੋਈ ਹੈ। ਮੂਰਖ ਅਣਜਾਣੋ ਕੀ ਬਕਵਾਸ ਕਰਦੇ ਹੋ, ਉਹ ਤਾਂ ਪਰਮ ਉਦਾਰ ਸ਼ਕਤੀ ਹੈ। ਜਿੱਥੇ ਕਿੱਥੇ ਉਹ ਪੂਰਨ ਪਵਿੱਤਰ ਹੈ, ਜਿਹੜਾ ਵੀ ਉਸਦਾ ਸ਼ਰਧਾ ਨਾਲ ਸਿਮਰਨ ਕਰਦਾ ਹੈ, ਉਸ ਨੂੰ ਨਿਹਾਲ ਕਰਦੀ ਹੈ। ਜਦ ਭਿਆਨਕ ਰੂਪ ਧਾਰ ਕੇ ਪ੍ਰਗਟ ਹੋਵੇਗੀ, ਤਦ ਤੁਹਾਨੂੰ ਸਾਰਿਆਂ ਨੂੰ ਮਾਰ ਦੇਵੇਗੀ"॥੧੮॥

ਸੁਨਿ ਉਨਮੱਤ ਦੈਤ ਉਰ ਕ੍ਰੋਪੇ ਮਾਰਿ ਮਾਰਿ ਸਨਮੁਖ ਰਿਖਿ ਧਾਇ।
ਤਬਹਿ ਤਪੋਧਨ ਰਿਦੈ ਬਿਚਾਰਯੋ, 'ਇਨ ਸੋਂ ਹਮ ਕਜਾ ਕਰਹਿਂ ਰਿਸਾਇ।
ਬ੍ਰਹਮ ਪਰਾਇਣ ਬ੍ਰਹਮਣ ਤਨ ਹੈ ਧਰਮ ਨ ਹਮਰੋ ਜੁੱਧ ਮਚਾਇ।
ਤੈਸੇ ਸਿਸ ਹੈਂ ਇਸੀ ਧਰਮ ਮਹਿਂ ਮੋਹਿ ਸਮਾਨ ਸ਼ਾਂਤਿ ਚਿਤ ਲਾਇ॥ ੧੯॥

ਉਲਟੀ ਗੱਲ ਸੁਣ ਕੇ ਦੈਂਤ ਦਿਲ ਵਿਚ ਬਹੁਤ ਕ੍ਰੋਧ ਵਿਚ ਆਏ। ਇਸ ਨੂੰ ਮਾਰ ਦੇਵੋ, ਇਸ ਨੂੰ ਮਾਰ ਦੇਵੋ ਕਹਿੰਦੇ ਰਿਖੀ ਦੇ ਸਾਹਮਣੇ ਦੌੜ ਕੇ ਆ ਗਏ। ਤਦ ਤਪੱਸਵੀ ਨੇ ਹਿਰਦੇ ਵਿਚ ਸੋਚਿਆ, "ਅਸੀਂ ਗੁੱਸੇ ਵਿਚ ਆ ਕੇ ਇਨ੍ਹਾਂ ਨਾਲ ਕਿਹੜਾ ਯੁੱਧ ਕਰਾਂਗੇ, ਅਸੀਂ ਬ੍ਰਹਮ ਦੇ ਮਾਰਗ ਤੇ ਚਲ ਰਹੇ ਹਾਂ, ਬ੍ਰਾਹਮਣ ਸਾਡਾ ਸਰੀਰ ਹੈ, ਸਾਡਾ ਯੁੱਧ ਕਰਨਾ ਧਰਮ ਨਹੀਂ ਹੈ। ਉਸ ਤਰ੍ਹਾਂ ਹੀ ਮੇਰੇ ਚੇਲੇ ਵੀ ਏਸੇ ਧਰਮ ਨੂੰ ਮੰਨਦੇ ਹਨ, ਮੇਰੇ ਵਾਂਗ ਹੀ ਉਹ ਸ਼ਾਂਤ ਚਿੱਤ ਵਾਲੇ ਹਨ॥੧੯॥

ਕੌਨ ਉਪਾਇ ਕਰਹਿੰ ਅਬਿ ਇਨ ਸੌਂ ਕ੍ਰਿਤ ਅਪਰਾਧ ਉਚਿਤ ਹੈ ਦੰਡ।
ਇਮ ਨਿਸ਼ਚੈ ਕਰ ਮੁਨਿ ਬਰ ਰਿਸ ਧਰਿ ਨਿਜ ਦਰਸ਼ਨ ਅਤਿ ਕਿਯੋ ਪ੍ਰਚੰਡ।
ਲਾਖਨਿ ਬਰਖਨਿ ਕੋ ਤਪਭੀਖਨ ਸਿਮਰਨਿ ਤੀਖਨ ਕਰਿ ਬਰਬੰਡ।
ਕਰਤਾ ਪੁਰਖ ਧਜਾਨ ਕਹੁ ਧਰਿ ਕੈ ਜਿਸਕੋ ਓਜ ਤੇਜ ਅਨਖੰਡ॥ ੨੦॥

ਅਸੀਂ ਹੁਣ ਇਨ੍ਹਾਂ ਨਾਲ ਕੀ ਸਲੂਕ ਕਰੀਏ, ਇਨ੍ਹਾਂ ਦੀ ਅਪਰਾਧ ਦੀ ਕ੍ਰਿਤ ਦੰਡ ਦੇ ਯੋਗ ਹੈ। ਇਸ ਤਰ੍ਹਾਂ ਨਿਸ਼ਚਾ ਕਰਕੇ ਸ੍ਰੇਸ਼ਟ ਮੁਨੀ ਨੇ ਹਿਰਦੇ ਵਿਚ ਗੁੱਸਾ ਧਾਰ ਕੇ ਆਪਣਾ ਪ੍ਰਚੰਡ ਰੂਪ ਧਾਰਨ ਕਰ ਲਿਆ। ਲੱਖਾਂ ਸਾਲਾਂ ਤੋਂ ਭਿਆਨਕ ਤਪ ਕੀਤਾ ਸੀ ਤੇ ਪ੍ਰਭੂ ਦਾ ਸਿਮਰਨ ਕਰਕੇ ਤੇ ਸਰੀਰ ਬਲਵਾਨ ਤੇਜ ਵਾਲਾ ਕਰ ਲਿਆ ਸੀ। ਕਰਤੇ ਪੁਰਖ ਦਾ ਧਿਆਨ ਧਾਰ ਕੇ ਅਖੰਡ ਤੇਜ ਵਾਲੀ ਸ਼ਕਤੀ ਧਾਰਨ ਕੀਤੀ॥੨੦॥

ਓਅੰ ਤੇ ਹੁੰਕਾਰਾ ਕੀਨਸਿ ਸਿੰਘਖਾਲ ਕੋ ਕਰ ਮਹਿੰ ਧਾਰਿ।
ਕਰਿ ਲਘੁਤਾ ਝਟਕਾਇਤ ਝਾਰਜੋ ਝਿੜਕਨ ਝਾਰਨ ਜੁੜੇ ਜੁਝਾਰ।
ਦੁਰਨਿਰੀਛ ਅਤਿ ਪੁੰਜ ਤੇਜ ਕੋ ਨਿਸਕਯੋ ਤਿਸ ਤੇ ਪੁਰਖ ਉਦਾਰ।
ਆਯੁਤ ਉਰ ਦੀਰਘ ਜੁਗ ਬਾਹੂ, ਕੰਧ ਉਤੰਗ, ਮਹਾਂ ਬਰਿਯਾਰ॥ ੨੧॥

ਉਸ ਤਪੱਸਵੀ ਨੇ ਓਅੰ ਕਹਿ ਕੇ ਹੁੰਗਾਰਾ ਭਰਿਆ ਤੇ ਸ਼ੇਰ ਦੀ ਖੱਲ ਹੱਥ ਵਿਚ ਧਾਰਨ ਕਰ ਲਈ। ਛੋਟੀ ਨਾਲ ਸ਼ੇਰ ਦੀ ਖੱਲ ਨੂੰ ਝਾੜਿਆ ਤਾਂ ਲੜਨ ਵਿਚ ਸਾਰੇ ਸੂਰਮਿਆਂ ਨੂੰ ਝਟਕਾ ਦੇਣ ਵਾਲਾ ਇਕ ਮਨੁੱਖ ਨਿਕਲਿਆ, ਜਿਸਦੀ ਦ੍ਰਿਸ਼ਟੀ ਬੜੀ ਕਠੋਰ ਸੀ ਤੇ ਤੇਜ ਦਾ ਪੁੰਜ ਸੀ ਤੇ ਉਦਾਰ ਸ਼ਕਤੀਸ਼ਾਲੀ ਸੀ। ਚੌੜੀ ਛਾਤੀ, ਲੰਮੀਆਂ ਦੋਵੇਂ ਬਾਹਾਂ, ਉੱਚੇ ਮੋਢੇ ਤੇ ਮਹਾਨ ਬਲ ਵਾਲਾ ਸੀ॥੨੧॥

ਲਾਲ ਬਿਲੋਚਨ ਭਰੇ ਛੋਭ ਸੋਂ ਧਨੁਖ ਬਾਨ ਕਰ ਤਰਕਸ਼ ਦੋਇ।
ਹਾਟਕ ਮੁਸ਼ਟ ਖੜਗ ਖਰ ਨਿਰਮਲ ਆਗੇ ਦੈਤਨਿ ਰਹਜੋ ਖਰੋਇ।
ਲਗੇ ਪ੍ਰਹਾਰ ਕਰਨਿ ਗਨ ਆਯੁਧ ਬਖਤਰਪੋਸ਼ ਬਿਲੋਕਯੋ ਸੋਇ।
ਇਤ ਤੇ ਤਜੇ ਪੁਰਖ ਸਰ ਤੀਖਨ, ਗਨ ਸ਼ੱਤ੍ਰਨਿ ਕੋ ਤਨੁ ਪਰੋਇ॥ ੨੨॥

ਲਾਲ ਅੱਖਾਂ ਕ੍ਰੋਧ ਨਾਲ ਭਰੀਆਂ ਹੋਈਆਂ ਸਨ, ਧਨੁੱਖ ਬਾਣ ਅਤੇ ਤੀਰ ਦੋਵੇਂ ਹੱਥ ਵਿਚ ਫੜੇ ਸਨ। ਸੋਨੇ ਦੀ ਮੁੱਠੀ ਵਾਲੀ ਤਲਵਾਰ ਫੜੀ ਸੀ, ਉਹ ਪੁਰਸ਼ ਦੈਂਤਾਂ ਦੇ ਸਾਹਮਣੇ ਖੜਾ ਹੋ ਗਿਆ। ਦੈਂਤ ਉਸ ਉਤੇ ਬਹੁਤ ਹਥਿਆਰਾਂ ਦੇ ਵਾਰ ਕਰਨ ਲੱਗੇ। ਜਦ ਉਨ੍ਹਾਂ ਨੇ ਤੇਜ ਧਾਰ ਵਾਲੀ ਸੰਜੋਅ ਪਹਿਨੇ ਹੋਏ ਉਸ ਪੁਰਖ ਨੂੰ ਵੇਖਿਆ। ਉਸ ਪੁਰਖ ਨੇ ਇਸ ਪਾਸੇ ਤੋਂ ਬਹੁਤ ਤੀਰ ਛੱਡੇ ਤੇ ਬਹੁਤ ਵੈਰੀਆਂ ਦੇ ਤਨ ਪਰੋਤੇ ਗਏ॥੨੨॥

ਤੁਮਲ ਮਚਯੋ ਸੰਗ੍ਰਾਮ ਅਨਿਕ ਬਿਧਿ ਤੀਰਨ ਲੀਨਿ ਦਸੋ ਦਿਸ਼ਿ ਛਾਇ।
ਗਜਾਰੋਹ ਭਟ ਰਥੀ ਕ੍ਰੋਧ ਕਰਿ ਹਯਾਰੋਹ ਆਏ ਗਨ ਧਾਇ।
ਅਨਿਕ ਭਾਂਤਿ ਕੇ ਸ਼ਸਤ੍ਰ ਉਠਾਏ ਮੁਗਦਰ ਮੁਸਲ ਬਲ ਸਮੁਦਾਇ।
ਤੋਮਰ, ਖੜਗ ਤ੍ਰਿਸੂਲ ਹੂਲ ਖਰ ਭਾਲੇ ਧੋਪੈਂ, ਗੁਰਜ ਉਠਾਇ॥ ੨੩॥

ਸੰਗ੍ਰਾਮ ਦਾ ਸ਼ੋਰ ਮੱਚ ਗਿਆ ਤੇ ਅਨੇਕ ਵਿਧੀਆਂ ਅਨੁਸਾਰ ਚਾਰੇ ਪਾਸੇ ਤੀਰ ਹੀ ਤੀਰ ਛਾ ਗਏ। ਹਾਥੀਆਂ, ਰੱਥਾਂ, ਘੋੜਿਆਂ ਤੇ ਚੜ੍ਹ ਕੇ ਸੂਰਮੇ ਰਣਖੇਤਰ ਵਿਚ ਦੌੜਦੇ ਹੋਏ ਆਏ। ਅਨੇਕ ਪ੍ਰਕਾਰ ਦੇ ਉਨ੍ਹਾਂ ਸ਼ਸਤਰ ਚੁੱਕੇ ਹੋਏ ਸਨ। ਮੁਗਦਰ, ਮੋਹਲੇ ਸਾਰੇ ਬੜੇ ਸ਼ਕਤੀਸ਼ਾਲੀ ਸਨ। ਨੇਜ਼ੇ, ਤਲਵਾਰਾਂ, ਤ੍ਰਿਸ਼ੂਲ ਤੇ ਤਿੱਖੇ ਭਾਲੇ ਤੇ ਗੁਰਜ ਚੁੱਕ ਕੇ ਹਿਲਾ ਰਹੇ ਸਨ॥੨੩॥

ਸਾਰ ਸ਼ਕਤਿ, ਬਡ ਕਠਨ ਕੁਦੰਡੇ, ਖਪਰੇ ਬਾਣ, ਜਮਧਰਾ ਧਾਰਿ।
ਧਾਰ ਜਿਨਹੁੰ ਕੀਤੀਖਨ ਭੀਖਨ ਚਮਕਤਿ ਲੋਹ ਡਸਨਿ ਸਮ ਮਾਰ।
ਮਾਰਿ ਮਾਰਿ ਕਹਿ ਆਨਿ ਪਰੇ ਬਹੁ ਆਯੁਧ ਜੁੱਧ ਮਝਾਰ ਪ੍ਰਹਾਰ।
ਹਾਰ ਨ ਹੋਤਿ ਸੁਰਹੁੰ ਤੇ ਕਬਹੂੰ ਸੇ ਜੋਧਾ ਅਰ ਪਰੇ ਅਸਾਰ॥ ੨੪॥

ਲੋਹੇ ਦੀ ਬਰਛੀ ਬੜੇ ਸਖਤ ਧਨੁੱਖ, ਤਿੱਖੇ ਤੀਰ ਤੇ ਜਮਧਰਾਂ ਨੂੰ ਧਾਰਨ ਕੀਤਾ ਹੋਇਆ ਸੀ, ਜਿਨ੍ਹਾਂ ਦੀਆਂ ਧਾਰਾਂ ਬਹੁਤ ਤਿੱਖੀਆਂ ਸਨ ਤੇ ਸੱਪਾਂ ਵਾਂਗ ਡਸਦੀਆਂ ਸਨ। ਮਾਰ-ਮਾਰ ਕਰਦੇ ਆ ਪਏ ਤੇ ਯੁੱਧ ਵਿਚ ਬਹੁਤ ਸ਼ਸਤਰਾਂ ਦੇ ਵਾਰ ਕੀਤੇ। ਜਿਨ੍ਹਾਂ ਦੈਂਤਾਂ ਨੂੰ ਕਦੇ ਦੇਵਤਿਆਂ ਤੋਂ ਹਾਰ ਨਹੀਂ ਸੀ ਹੋਈ ਉਹ ਯੋਧੇ ਬਹੁਤ ਅੜ ਪਏ॥੨੪॥

ਸ਼ਲਭ ਦਲਨ ਸੇ ਚਲੇ ਤੀਰ ਗਨ ਦੁਹਿ ਦਿਸ਼ਿ ਤੇ ਛਾਦਯੋ ਅਸਮਾਨ।
ਉਤ ਅਨੇਕ ਇਤ ਏਕ ਰਹਯੋ ਰੁਪ ਰਾਖਸ਼ ਹਤੇ ਬੇਧਿ ਕਰਿ ਬਾਨ।
ਲੱਛ ਹੋਇ ਸੋ ਰੱਛ ਨ ਹੋਵੈ ਊਂਧੇ ਸਮੁਖ ਪਰਹਿ ਤਜਿ ਪ੍ਰਾਨ।
ਆਯੁਧ ਆਵਤਿ ਪੰਥ ਬਿਦਾਰੇ ਖੰਡ ਖੰਡ ਧਰ ਗਿਰੇ ਮਹਾਨ॥ ੨੫॥

ਟਿੱਡੀ ਦਲ ਵਾਂਗ ਤੀਰ ਚਲਦੇ ਸਨ ਤੇ ਦੋਹਾਂ ਪਾਸਿਆਂ ਤੋਂ ਅਸਮਾਨ ਤੀਰਾਂ ਨਾਲ ਢਕਿਆ ਗਿਆ। ਓਧਰ ਇਕ ਪਾਸੇ ਅਨੇਕਾਂ ਸਨ ਤੇ ਉਨ੍ਹਾਂ ਦੇ ਸਾਹਮਣੇ ਇਕ ਸੀ, ਜਿਸ ਨੇ ਵੱਡੀ ਗਿਣਤੀ ਵਿਚ ਤੀਰ ਚਲਾ ਕੇ ਅਨੇਕਾਂ ਰਾਕਸ਼ਾਂ ਨੂੰ ਵਿੰਨ੍ਹ ਕੇ ਮਾਰ ਦਿੱਤਾ। ਜਿਨ੍ਹਾਂ ਸੂਰਮਿਆਂ ਉਤੇ ਤਪੱਸਵੀ ਦਾ ਨਿਸ਼ਾਨਾ ਵੱਜਦਾ ਹੈ ਉਨ੍ਹਾਂ ਦੀ ਫਿਰ ਰਖਿਆ ਨਹੀਂ ਹੁੰਦੀ, ਉਹ ਕਿਸੇ ਤਰ੍ਹਾਂ ਵੀ ਬਚ ਨਹੀਂ ਸਕਦੇ, ਉਲਟ ਕੇ ਸਾਹਮਣੇ ਡਿੱਗ ਕੇ ਪ੍ਰਾਣ ਛੱਡ ਜਾਂਦੇ ਸਨ। ਦੈਂਤਾਂ ਦੇ ਸ਼ਸਤਰ ਟੁੱਕੜੇ ਟੁਕੜੇ ਹੋ ਕੇ ਧਰਤੀ ਤੇ ਡਿੱਗ ਪੈਂਦੇ ਸਨ॥੨੫॥

ਅਨੁਜ ਸੁਬੇਲ ਬੇਲ ਕੋ ਰਿਸ ਧਰਿ ਭਿਰਯੋ ਆਇ ਮਾਰੇ ਖਰ ਤੀਰ।
ਤਬਿ ਤਪਸੀ ਸੁਤ ਬੀਧਨ ਹੋਵਾ ਨਿਕਸਿ ਸ੍ਰੋਣ ਭਾ ਅਰੁਣ ਸ਼ਰੀਰ।
ਅੰਗ ਬਿਲੋਕਿ ਆਪਨੇ ਹਸ ਕਰਿ ਧਨੁ ਸਰ ਧਰਿ ਕੈ ਧਰਿ ਗੰਭੀਰ।
ਸ਼ੱਤ੍ਰ ਚਾਪ ਕੋ ਇਕ ਤੇ ਕਾਟਯੋ, ਚਾਰਨ ਤੇ ਤੁਰੰਗ ਬਰ ਬੀਰ॥ ੨੬॥

ਸੁਬੇਲ ਅਤੇ ਬੇਲ ਦੋਵੇਂ ਰਾਕਸ਼ ਭਰਾਵਾਂ ਨਾਲ ਫਿਰ ਬਹੁਤ ਗੁੱਸਾ ਧਾਰਨ ਕਰਕੇ ਭਿੜਿਆ ਤੇ ਉਨ੍ਹਾਂ ਨੂੰ ਬਹੁਤ ਤਿੱਖੇ ਤੀਰ ਮਾਰੇ। ਤਦ ਤਪੱਸਵੀ ਦਾ ਪੁੱਤਰ ਵਿੰਨ੍ਹਿਆ ਗਿਆ ਤੇ ਖ਼ੂਨ ਨਿਕਲ ਕੇ ਉਸਦਾ ਸਰੀਰ ਲਾਲ ਹੋ ਗਿਆ। ਫਿਰ ਤਪੱਸਵੀ ਦੇ ਪੁੱਤਰ ਨੇ ਆਪਣਾ ਸਰੀਰ ਵੇਖ ਕੇ ਹੱਸ ਕੇ ਧਨੁੱਖ ਵਿਚ ਤੀਰ ਧਰ ਕੇ ਧੀਰਜਵਾਨ ਬਹੁਤ ਗੰਭੀਰ ਹੋ ਗਿਆ। ਵੈਰੀ (ਸੁਬੇਲ) ਦੇ ਧਨੁੱਖ ਨੂੰ ਇਕ ਤੀਰ ਨਾਲ ਕੱਟ ਦਿੱਤਾ ਤੇ ਚਾਰ ਹੋਰ ਬਾਣਾਂ ਨਾਲ ਉਸਦੇ ਘੋੜੇ ਵੀ ਮਾਰ ਦਿੱਤੇ॥੨੬॥

ਗਰੁਵੀ ਗੁਰਜ ਗਹੀ ਤਬਿ ਰਾਖਸ਼ ਦੂਤੀ ਹਾਥ ਮੈਂ ਸਿਪਰ ਸੰਭਾਰਿ।
ਜਾਇ ਪ੍ਰਹਾਰੀ ਤਪਸੀ ਸੁਤ ਕੇ ਸ਼ੱਤ੍ਰ ਕੇ ਸਹਿ ਦੁਸਹਿ ਪ੍ਰਹਾਰ।
ਖੈਂਚਿ ਖੜਗ ਖਰ ਝਾਰਯੋ ਬਲ ਤੇ ਕੁੰਡਲ ਜੁਤਿ ਸਿਰ ਦੀਨਿ ਉਤਾਰਿ।
ਅਸੁਰ ਸ਼ਜਾਮ ਤਨ ਗਿਰਯੋ ਪ੍ਰਥੀ ਤਲ ਬੱਜ੍ਰ ਪਾਤ ਜਿਮ ਸ਼੍ਰਿੰਗ ਪਹਾਰ॥੨੭॥

ਰਾਕਸ਼ ਨੇ ਫਿਰ ਆਪਣੇ ਇਕ ਹੱਥ ਵਿਚ ਗੁਰਜ ਫੜ ਲਿਆ ਤੇ ਦੂਸਰੇ ਹੱਥ ਵਿਚ ਬਰਛੀ ਸੰਭਾਲ ਲਈ ਤੇ ਜਾ ਕੇ ਤਪੱਸਵੀ ਦੇ ਪੁੱਤਰ ਤੇ ਵਾਰ ਕੀਤਾ ਪਰ ਤਪੱਸਵੀ ਦੇ ਪੁੱਤਰ ਨੇ ਕਠਨ ਵਾਰ ਨੂੰ ਸਹਿ ਲਿਆ। ਫਿਰ ਤਪੱਸਵੀ ਦੇ ਪੁੱਤਰ ਨੇ ਤਲਵਾਰ ਖਿੱਚ ਕੇ ਸੁਬੇਲ ਦੇ ਕੁੰਡਲ ਸਹਿਤ ਸਿਰ ਨੂੰ ਇਕ ਵਾਰ ਨਾਲ ਥੱਲੇ ਲਾਹ ਦਿੱਤਾ। ਕਾਲੇ ਰੰਗ ਦੇ ਰਾਕਸ਼ ਦਾ ਸਰੀਰ ਧਰਤੀ ਤੇ ਡਿੱਗ ਪਿਆ ਜਿਵੇਂ ਬੱਜਰ ਦੇ ਆ ਪੈਣ ਵਾਂਗ ਪਹਾੜ ਦੀ ਚੋਟੀ ਡਿੱਗ ਪੈਂਦੀ ਹੈ॥੨੭॥

ਹਤਯੋ ਸੁਬੇਲ ਬਿਲੋਕਿ ਬੇਲ ਨੇ ਬੋਲਯੋ ਬਲੀ ਬੀਰ ਬਡ ਬਾਹੁ।
ਖਰੋ ਹੋਹੁ ਤਵ ਜਾਨਿ ਨ ਦੈਹੋਂ ਇਮ ਕਹਿ ਚਮੂੰ ਲੀਨਿ ਰਣਮਾਂਹੁ।
ਘੋਰ ਕਰਯੋ ਸੰਗ੍ਰਾਮ ਰਾਖਸ਼ਨਿ ਏਕ ਬਾਰ ਹੀ ਸ਼ਸਤ੍ਰ ਪ੍ਰਵਾਹ।
ਭੀਖਨ ਭੇਖ ਭੂਰ ਭਭਕੰਤੇ, ਪਰੇ ਉਮਡਿ ਭਟ ਰਣ ਕਰਿ ਚਾਹੁ॥ ੨੮॥

ਸੁਬੇਲ ਨੂੰ ਮਰਿਆ ਵੇਖ ਕੇ, ਵੱਡਾ ਬਲਵਾਨ ਲੰਮੀਆਂ ਬਾਹਾਂ ਵਾਲਾ 'ਬੇਲ' ਬੋਲਿਆ, "ਖੜਾ ਰਹੋ ਤੈਨੂੰ ਜਾਣ ਨਹੀਂ ਦੇਵਾਂਗਾ।" ਇਸ ਤਰ੍ਹਾਂ ਕਹਿ ਕੇ ਰਣਖੇਤਰ ਵਿਚ ਸਾਰੀ ਫੌਜ ਨੂੰ ਲਿਆ। ਫਿਰ ਸਾਰੇ ਰਾਕਸ਼ਾਂ ਨੇ ਇਕੋ ਵਾਰ ਸ਼ਸਤਰਾਂ ਦੇ ਪ੍ਰਵਾਹ ਚਲਾ ਕੇ ਘੋਰ ਯੁੱਧ ਕੀਤਾ। ਭਿਆਨਕ ਭੇਸਾਂ ਵਾਲੇ ਬਹੁਤ ਭੱਭਕਦੇ ਸਨ ਤੇ ਸਾਰੇ ਰਾਕਸ਼ ਸੂਰਬੀਰ ਬੜੀ ਉਮੰਗ ਨਾਲ ਉਮੜ ਕੇ ਪੈ ਗਏ॥੨੮॥

ਰਿਖਿ ਨੰਦਨ ਗਨ ਕਰੇ ਨਿਕੰਦਨ ਬ੍ਰਿੰਦ ਪ੍ਰਹਾਰ ਸ਼ਰੀਰ ਸਹਾਰਿ।
ਕਰਿ ਲਾਘਵਤਾ ਸ਼ਸਤ੍ਰ ਬ੍ਰਖਾਏ ਨਿਜ ਪਿਤ ਕੋ ਤਪ ਰਿਦੇ ਸੰਭਾਰਿ।
ਤੀਖਨ ਤੀਰ ਤਰਾਤਰ ਛੋਰਤਿ ਫੋਰਤਿ ਉਰ ਫਿਰ ਕਰਿ ਦਿਸ਼ਿ ਚਾਰ।
ਜਿਮ ਖਾਤੀ ਬਨ ਗਨ ਕੋ ਕਾਟਤਿ ਤਿਮ ਏਕਾਕੀ ਕਰਤਿ ਪ੍ਰਹਾਰ॥ ੨੯॥

ਤਪੱਸਵੀ ਦੇ ਪੁੱਤਰ ਦੇ ਸਰੀਰ ਨੂੰ ਦੈਂਤਾਂ ਨੇ ਬਹੁਤ ਹਾਨੀ ਪਹੁੰਚਾਈ ਅਤੇ ਸਾਰੇ ਵਾਰ ਸਰੀਰ ਉਤੇ ਬਰਦਾਸ਼ਤ ਕਰਕੇ ਉਸ ਨੇ ਕਾਹਲੀ ਕਰਕੇ ਸ਼ਸਤਰ ਚਲਾਏ ਤੇ ਆਪਣੇ ਪਿਤਾ ਜੀ ਦੇ ਤਪ ਨੂੰ ਸੰਭਾਲਿਆ। ਤਿੱਖੇ ਤੀਰਾਂ ਨੂੰ ਤਾੜ-ਤਾੜ ਕਰਕੇ ਛੱਡੇ ਤੇ ਚਾਰੇ ਪਾਸੇ ਵੈਰੀਆਂ ਦੇ ਹਿਰਦੇ ਵਿੰਝ ਪਾੜ ਦਿੱਤੇ ਜਿਵੇਂ ਇਕੱਲਾ ਤਰਖਾਣ ਜੰਗਲ ਵਿਚ ਬਹੁਤ ਬ੍ਰਿਛਾਂ ਨੂੰ ਕੱਟ ਦਿੰਦਾ ਹੈ, ਇਸ ਤਰ੍ਹਾਂ ਇਕੱਲਾ ਹੀ ਵਾਰ ਕਰ ਰਿਹਾ ਸੀ॥੨੯॥

ਜਿਤਿਕ ਹਤੇ ਕਿਤ ਭਜੇ ਤ੍ਰਾਸ ਧਰਿ ਕਰਯੋ ਬੇਲ ਨੇ ਕ੍ਰੋਧ ਮਹਾਨ।
ਸੈਲ ਸ਼੍ਰਿੰਗ ਕਰਿ ਓਜ ਉਖਾਰਯੋ ਸਮੁਖ ਪ੍ਰਹਾਰਯੋ ਰਣ ਘਮਸਾਨ।
ਆਵਤਿ ਪਿਖਿ ਸਰ ਸੋਂ ਕਰਿ ਚੂਰਨ ਪਰਯੋ ਧਰਨਿ ਕੁਛ ਕਾਜ ਸਰਾ ਨ।
ਮੁਨਿ ਸੁਤ ਜ੍ਵਲਤਿ ਬਾਨ ਧਨ ਤਾਨਯੋ ਰਿਪੁ ਉਰ ਹਤਯੋ ਗਿਰਯੋ ਤਜਿ ਪ੍ਰਾਨ॥੩੦॥

ਕਈ ਮਾਰੇ ਤੇ ਕਈ ਡਰਦੇ ਮਾਰੇ ਧੀਰਜ ਛੱਡ ਕੇ ਭੱਜ ਉੱਠੇ, ਜਿਨ੍ਹਾਂ ਨੂੰ ਵੇਖ ਕੇ ਬੇਲ ਨੇ ਮਹਾਨ ਕ੍ਰੋਧ ਧਾਰਨ ਕੀਤਾ ਉਸ ਨੇ ਪਹਾੜ ਦੀ ਚੋਟੀ ਨੂੰ ਜ਼ੋਰ ਲਾ ਕੇ ਉਖਾੜਿਆ ਤੇ ਘਮਸਾਣ ਰਣਖੇਤਰ ਦੇ ਸਾਹਮਣੇ ਸੁੱਟ ਕੇ ਵਾਰ ਕੀਤਾ। ਪਹਾੜ ਆਉਂਦੇ ਨੂੰ ਵੇਖ ਕੇ, ਤਪੱਸਵੀ ਦੇ ਪੁੱਤਰ ਨੇ ਤੀਰ ਮਾਰ ਕੇ ਉਸ ਨੂੰ ਚੂਰ-ਚੂਰ ਕਰ ਦਿੱਤਾ ਤੇ ਉਹ ਪੱਥਰ ਧਰਤੀ ਤੇ ਡਿੱਗ ਪਿਆ ਤੇ ਕੋਈ ਵੀ ਕਾਰਜ ਨਾ ਸਰਿਆ। ਰਿਸ਼ੀ ਦੇ ਪੁੱਤਰ ਨੇ ਫਿਰ ਅਗਨ ਬਾਣ ਨੂੰ ਧਨੁੱਖ ਤੇ ਰੱਖਿਆ ਤੇ ਦੁਸਮਣ ਵਲ ਤਾਣ ਕੇ ਚਲਾਇਆ ਤੇ ਵੈਰੀ ਪ੍ਰਾਣ ਛੱਡ ਕੇ ਡਿੱਗ ਪਿਆ॥੩੦॥

ਚਮੂੰ ਅਸੰਖ ਭਈ ਦਿੜ੍ਹ ਠਾਂਢੀ ਜੈ ਚਾਹਤਿ ਰਣ ਭੀਮ ਮਚਾਇ।
ਕਟਿ ਕਟਿ ਬਿਕਟ ਸੁਭਟ ਝਟ ਗਿਰਿ ਗਿਰਿ ਬਰੀ ਬਰੰਗਨ ਸੁਰ ਪੁਰਿ ਜਾਇ।
ਸ਼ਸਤ੍ਰਨਿ ਕੀ ਬਰਖਾ ਕਰਿ ਘਨ ਸਮ ਪਰੇ ਆਇ ਚਾਰਹੁੰ ਦਿਸ਼ਿ ਧਾਇ।
ਤਪਸੀ ਸੁਤ ਪਰਵਾਰਨਿ ਕੀਨਸਿ ਕਹੈਂ 'ਹਤਹੁ ਇਸ, ਹ੍ਵੈ ਨ ਪਲਾਇ' ॥ ੩੧॥

ਅਸੰਖਾਂ ਦੀ ਗਿਣਤੀ ਵਿਚ ਫੌਜ ਦ੍ਰਿੜ੍ਹਤਾ ਧਾਰ ਕੇ ਖੜੀ ਸੀ, ਉਹ ਵੱਡਾ ਯੁੱਧ ਮਚਾ ਕੇ ਯੁੱਧ ਜਿੱਤਣਾ ਚਾਹੁੰਦੇ ਸਨ। ਰਿਸ਼ੀ ਦਾ ਪੁੱਤਰ ਵਿਕਰਾਲ ਸੂਰਮਿਆਂ ਨੂੰ ਕੱਟ ਕੱਟ ਕੇ ਧਰਤੀ ਤੇ ਸੁੱਟ ਰਿਹਾ ਸੀ ਤੇ ਸਵਰਗਾਂ ਵਿਚ ਜਾ ਕੇ ਉਨ੍ਹਾਂ ਦੇਵਤਿਆਂ

ਦੀਆਂ ਇਸਤਰੀਆਂ ਵਰ ਲਈਆਂ। ਫਿਰ ਉਨ੍ਹਾਂ ਸ਼ਸਤਰਾਂ ਦੀ ਵਰਖਾ ਇਸ ਤਰ੍ਹਾਂ ਕੀਤੀ ਜਿਵੇਂ ਵੱਡਾ ਬੱਦਲ ਚਾਰੇ ਪਾਸਿਆਂ ਤੋਂ ਘਿਰ ਕੇ ਆ ਪੈਂਦਾ ਹੈ। ਤਪੱਸਵੀ ਪੁੱਤਰ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ, ਕਹਿੰਦੇ ਸਨ, "ਇਸ ਨੂੰ ਮਾਰਾਂਗੇ, ਕਿਤੇ ਭੱਜ ਨਾ ਜਾਏ"॥੩੧॥

ਨਿਜ ਪ੍ਰਾਕ੍ਰਮ ਸੰਭਾਰਨਿ ਕਰਿਕੈ ਗਹਿ ਕੁਦੰਡ ਕੋ ਤਪਸੀ ਤਾਤ।
ਮਰਦਨਿ ਕਰੇ ਦੈਤ ਬਡ ਜੋਧਾ, ਤਰ ਤੀਰਨ ਤੇ ਹਤੇ ਪਪਾਤ।
ਚਰਨ ਕਿਤਿਕ ਕੇ ਗੁਲਫ ਰੁ ਜ਼ਾਨੂ ਕੇਤਿਕ ਕਟ ਤੇ ਕਟਿ ਗਿਰ ਜਾਤਿ।
ਕੇਤਿਕ ਰਿਦੇ ਬਿਦੀਰਨ ਕੀਨ, ਕੇਤਿਕ ਭੁਜਾ ਕਾਟਿ ਕਿਯ ਘਾਤ॥ ੩੨॥

ਤਪੱਸਵੀ ਦੇ ਪੁੱਤਰ ਨੇ ਆਪਣੀ ਸ਼ਕਤੀ ਨੂੰ ਸੰਭਾਲ ਕੇ, ਧਨੁੱਖ ਨੂੰ ਆਪਣੇ ਹੱਥ ਵਿਚ ਫੜ ਕੇ, ਦੈਂਤਾਂ ਦੇ ਸਭ ਵੱਡੇ ਯੋਧੇ ਮਾਰ ਦਿੱਤੇ। ਬਹੁਤ ਤੀਰ ਮਾਰ ਕੇ ਧਰਤੀ ਤੇ ਲੰਮੇ ਪਾ ਦਿੱਤੇ। ਕਈਆਂ ਦੇ ਪੈਰ, ਗਿੱਟੇ, ਗੋਡੇ ਕੱਟ ਦਿੱਤੇ, ਕਈ ਲੱਕ ਤੋਂ ਕੱਟ ਕੇ ਹੀ ਡਿੱਗਦੇ ਜਾਂਦੇ ਸਨ। ਕਈਆਂ ਦੀਆਂ ਛਾਤੀਆਂ ਹੀ ਚੀਰ ਦਿੱਤੀਆਂ, ਕਈਆਂ ਦੀਆਂ ਬਾਹਾਂ ਕੱਟ ਕੇ ਹੀ ਮਾਰ ਦਿੱਤੇ॥੩੨॥

ਕਟੇ ਗ੍ਰੀਵ ਤੇ ਬਦਨ ਬੇਧਿ ਬਹੁ, ਕੇਤਿਕ ਮਸਤਕ ਸੀਸ ਗਿਰੰਤਿ।
ਉਠੇ ਕਬੰਧ ਅੰਧ ਗਨ ਡੋਲਤਿ ਦੈਤਨਿ ਕੋ ਕਾਟਤਿ ਬਲਵੰਤ।
ਜਿਤ ਕਿਤ ਤਪਸੀ ਸੁਤ ਕੋ ਦੇਖਤਿ ਸ਼ਸਤ੍ਰ ਉਠਾਵਤਿ ਸ਼ੱਤ੍ਰਨਿ ਹੰਤਿ।
ਲੋਥਨਿ ਗਨ ਪੋਥਨ ਕੋ ਕਰਿ ਕੈ ਅਤਿ ਲਾਘਵਤਾ ਕਰਿ ਦਿਖਰੰਤਿ॥ ੩੩॥

ਕਈਆਂ ਦੀਆਂ ਧੌਣਾਂ ਅਤੇ ਮੂੰਹ ਕੱਟ ਦਿੱਤੇ, ਕਈ ਮੱਥੇ ਅਤੇ ਸਿਰ ਕੱਟਣ ਨਾਲ ਮੂੰਹ ਭਾਰ ਡਿੱਗ ਪਏ। ਦੈਂਤਾਂ ਦੇ ਸਿਰ ਬਿਨਾਂ ਧੜ ਉਠਕੇ ਦੌੜਦੇ ਸਨ ਤੇ ਉਹ ਸਮੂਹ ਬਲਵਾਨ ਦੈਂਤਾਂ ਨੂੰ ਵੱਢਦੇ ਹਨ, ਕਿਉਂਕਿ ਸਿਰ ਨਾ ਹੋਣ ਕਰਕੇ ਉਹ ਅੰਨ੍ਹੇ ਹੋ ਗਏ ਹਨ। ਜਿੱਥੇ ਕਿੱਥੇ ਤਪੱਸਵੀ ਪੁੱਤਰ ਨੂੰ ਵੇਖਦੇ ਹਨ, ਜਿਹੜਾ ਸ਼ਸਤਰ ਉਠਾ ਕੇ ਵੈਰੀਆਂ ਨੂੰ ਮਾਰ ਰਿਹਾ ਹੈ। ਬੇਅੰਤ ਲੋਥਾਂ ਨੂੰ ਧਰਤੀ ਉਤੇ ਢੇਰ ਕਰਕੇ ਮਾਰ ਕੇ ਬੜੀ ਸ਼ੀਘਰਤਾ ਵਿਖਾ ਰਿਹਾ ਹੈ॥੩੩॥

ਬੇਲ ਸੁਬੇਲ ਦੈਤ ਮਥਿ ਸਗਰੇ, ਅਪਰ ਪਲਾਏ ਦਸ ਦਿਸ਼ਿ ਮਾਂਹਿ।
ਰਕਤਬੀਜ ਕੇ ਨਿਕਟਿ ਸਿਧਾਰੇ ਸੁਧਿ ਦੀਨਸਿ ਇਕ ਤਪਸੀ ਆਹਿ।
ਤਿਸ ਨੇ ਕਰਿ ਸੰਗ੍ਰਾਮ ਖਪਾਏ ਅਸੁਰ ਅਸੰਖ, ਬਚਜੋ ਤਹਿੰ ਨਾਂਹਿ।
ਦੁਰਮਦ ਗਰਬਤਿ ਪੁਨ ਰਣ ਚਾਹਤਿ ਅਰੇ ਅਗਾਰੀ ਕੋ ਤਿਤਜਾਹਿ॥ ੩੪॥

ਬੇਲ, ਸਬੇਲ ਦੈਂਤ ਸਾਰਿਆਂ ਨੂੰ ਢੇਰ ਕਰਕੇ, ਦੂਸਰੇ ਚਾਰੇ ਪਾਸੇ ਦਸਾਂ ਪਾਸਿਆਂ ਵਲ ਭੱਜ ਗਏ। ਦੈਂਤ ਫਿਰ ਰਕਤ ਬੀਜ ਦੈਂਤ ਦੇ ਪਾਸ ਗਏ ਤੇ ਉਸ ਨੂੰ ਸਾਰੀ ਖਬਰ ਦਿੱਤੀ ਕਿ ਇਕ ਤਪੱਸਵੀ ਆਇਆ ਹੈ। ਉਸ ਨੇ ਯੁੱਧ ਕਰਕੇ ਸਾਰਿਆਂ ਨੂੰ ਮਾਰ ਦਿੱਤਾ ਹੈ ਤੇ ਅਸੰਖਾਂ ਰਾਖਸ਼ ਖਪਾ ਦਿੱਤੇ ਹਨ, ਉਥੇ ਕੋਈ ਨਹੀਂ ਬਚਿਆ ਹੈ। ਹੰਕਾਰੇ ਹੋਏ ਮਾੜੀ ਮੱਤ ਵਾਲੇ ਫਿਰ ਵੀ ਯੁੱਧ ਕਰਨਾ ਚਾਹੁੰਦੇ ਸਨ, ਪਰ ਉਸ ਤਪੱਸਵੀ ਪੁੱਤਰ ਦੇ ਅੱਗੇ ਜਾ ਕੇ ਕੌਣ ਅੜੇ॥੩੪॥

ਪੁਨ ਚਤੁਰੰਗਨਿ ਅਧਿਕ ਪਠਾਈ ਦੇ ਕਰਿ ਦਾਨ ਦਰਬ ਸਨਮਾਨ।
ਮੁਨਿ ਨੰਦਨ ਸੋਂ ਸਿਰਜਜੋ ਸੰਘਰ ਆਯੁਧ ਹਤਹਿੰ ਬੂੰਦ ਜਿਮ ਬਾਨ।
ਬਰਖ ਅਨੇਕੈ ਇਸ ਬਿਧਿ ਬੀਤੇ ਕਰਤੇ ਘੋਰ ਘਨੋ ਘਮਸਾਨ।
ਹਤੇ ਜਾਹਿੰ ਅਰਿ ਪੁਨ ਚਢਿ ਆਵਹਿ, ਕਹੌਂ ਕਹਾਂ ਲੌ ਜੁੱਧ ਮਹਾਨ॥ ੩੫॥

ਫਿਰ ਸੂਰਮਿਆਂ ਨੂੰ ਬਹੁਤ ਦਾਨ, ਧਨ ਅਤੇ ਸਨਮਾਨ ਦੇ ਕੇ ਚਾਰ ਪ੍ਰਕਾਰ ਦੀ ਸੈਨਾ ਭੇਜੀ (ਪੈਦਲ, ਘੋੜ ਸਵਾਰ, ਰੱਥ ਸਵਾਰ ਅਤੇ ਹਾਥੀ ਸਵਾਰ) ਮੁਨੀ ਦੇ ਪੁੱਤਰ ਨਾਲ ਸੰਘਰਸ਼ ਰਚਿਆ ਹੈ, ਸ਼ਸਤਰ ਚਲਾ ਕੇ ਮਾਰਦੇ ਹਨ ਤੇ ਮੀਂਹ ਵਾਂਗ ਤੀਰਾਂ ਦੀ ਵਰਖਾ ਕਰਦੇ ਹਨ। ਇਸ ਤਰ੍ਹਾਂ ਲੜਦਿਆਂ ਅਨੇਕਾਂ ਸਾਲ ਬੀਤ ਗਏ, ਇਸ ਤਰ੍ਹਾਂ ਘੋਰ ਘਨਾ ਯੁੱਧ ਲੜਦੇ ਰਹੇ। ਜਿਨ੍ਹਾਂ ਨੂੰ ਮਾਰਦੇ ਸਨ, ਉਹ ਫਿਰ ਚੜ੍ਹ ਕੇ ਆ ਜਾਂਦੇ ਸਨ, ਕਿਥੋਂ ਤਕ ਕਹਾਂ ਕਿ ਇਹ ਕਿੰਨਾ ਮਹਾਨ ਯੁੱਧ ਸੀ॥੩੫॥

ਸੰਮਤ ਬ੍ਰਿੰਦ ਬਹੁਤ ਹੀ ਬੀਤੇ ਹਤਿ ਹਤਿ ਸ਼ੱਤ੍ਰੂ ਦਏ ਖਪਾਇ।
ਪੁਨ ਆਵਹਿਂ ਉਪਜਤਿ ਨਿਤ ਜਾਵਹਿਂ ਬੇਸ਼ੁਮਾਰ ਮਰਿ ਹੈਂ ਰਣ ਘਾਇ।
ਗ੍ਰੰਥ ਬਢਨਿ ਤੇ ਕੀਨਿ ਸਮਾਸੰ ਜਬਿ ਐਸੋ ਸੰਗ੍ਰਾਮ ਮਚਾਇ।
ਉਠੀ ਚੰਡਿਕਾ ਸਹਿਤ ਕਾਲਕਾ ਕ੍ਰੋਧਾ ਲੈ ਸ਼ਕਤੀ ਸਮੁਦਾਇ॥ ੩੬॥

ਲੜਾਈ ਕਰਦਿਆਂ ਬਹੁਤ ਸਾਲ ਬੀਤ ਗਏ, ਮਾਰ ਮਾਰ ਕੇ ਵੈਰੀ ਨੂੰ ਖਪਾ ਦਿੱਤਾ। ਫਿਰ ਪੈਦਾ ਹੋ ਕੇ ਸਦਾ ਹੋਰ ਆ ਜਾਂਦੇ ਸਨ ਤੇ ਯੁੱਧ ਵਿਚ ਘਾਇਲ ਹੋ ਕੇ ਬੇਸ਼ੁਮਾਰ ਮਰ ਜਾਂਦੇ ਸਨ। ਗ੍ਰੰਥ ਵਧਣ ਕਰਕੇ ਮੈਂ ਸੰਖੇਪ ਵਿਚ ਕਹਿ ਰਿਹਾ ਹਾਂ, ਜਦ ਇਸ ਤਰ੍ਹਾਂ ਦਾ ਯੁੱਧ ਮਚਾਇਆ ਸੀ ਤਦ ਚੰਡੀ ਕਾਲਕਾ ਸਹਿਤ ਕ੍ਰੋਧ ਵਿਚ ਸਾਰੀ ਸ਼ਕਤੀ ਸਹਿਤ ਉੱਠ ਕੇ ਆਈ॥੩੬॥

ਭਈ ਯੁੱਧ ਮਹਿਂ ਬਿਦਤ ਭਵਾਨੀ ਗਣ ਅਨੇਕ ਭੈਰਵ ਦਰਸਾਇ।
ਮਾਰਿ ਮਾਰਿ ਅਸੁਰਨ ਪਰ ਕਰਿ ਕੈ ਏਕਹਿ ਬਾਰ ਪਰੇ ਅਰਿਰਾਇ।
ਗੁਰਜਨਿ ਗਦਾ ਗਰਵ ਗਹਿ ਪਾਥਰ, ਰਥ ਮਾਥੇ ਥਿਤ ਮਥਹਿ ਰਿਸਾਇ।
ਸ਼੍ਰੋਣਤ ਨਿਕਸਤਿ ਅਚਤਿ ਕਾਲਕਾ ਕਿਲਕਤ ਕਹਿ ਕਹਿ ਕਟਕ ਖਪਾਇ॥੩੭॥

ਭਵਾਨੀ ਯੁੱਧ ਵਿਚ ਪ੍ਰਗਟ ਹੋਈ ਤੇ ਅਨੇਕਾਂ ਭੈਰਵ ਆਦਿ ਗਣ ਦਿਖਾਈ ਦਿੱਤੇ। ਰਾਕਸ਼ਾਂ ਉਤੇ ਮਾਰੋ-ਮਾਰ ਕਰਕੇ ਇਕੋ ਵਾਰ ਵੈਰੀ ਨੂੰ ਅੜ ਕੇ ਪੈ ਗਏ। ਭਾਰੇ ਗੁਰਜ, ਗਦਾ ਅਤੇ ਪੱਥਰ ਫੜ ਕੇ ਰੱਥ ਦੇ ਅੱਗੇ ਬੈਠ ਕੇ ਕ੍ਰੋਧਵਾਨ ਹੋ ਕੇ ਮਾਰਦੇ ਸਨ। ਜਿਹੜਾ ਜ਼ਖਮੀ ਹੋਣ ਨਾਲ ਰਕਤਬੀਜ ਦੇ ਸਰੀਰ ਵਿਚੋਂ ਖੂਨ ਨਿਕਲਦਾ ਸੀ ਅਤੇ ਜਿਸ ਦੇ ਧਰਤੀ ਦੇ ਡਿੱਗਣ ਨਾਲ ਹੋਰ ਅਨੇਕਾਂ ਰਾਕਸ਼ ਬਣ ਜਾਂਦੇ ਸਨ, ਉਸ ਖੂਨ ਨੂੰ ਕਾਲਕਾ ਪੀ ਜਾਂਦੀ ਸੀ ਤੇ ਕਲਕਾਰੀਆਂ ਮਾਰ-ਮਾਰ ਕਟਕਾਂ ਦੇ ਕਟਕ ਖਪਾ ਦਿੱਤੇ॥੩੭॥

ਇਮ ਕਰਿ ਜਤਨ ਅਨੇਕ ਬਿਧਿਨਿ ਕੇ ਸਭਿ ਦੈਤਨ ਦਲ ਕੀਨਸਿ ਹਾਨਿ।
ਅਪਾਰਜਿਤਾ, ਭਗਵਤੀ, ਭੀਮਾ, ਭੱਦ੍ਰਾ ਅਭੈ, ਭੈਹਰਾ ਜਾਨਿ।
ਪਰਮ ਪ੍ਰਸੀਦਤਿ ਉਤਫੁਲ ਨਯਨਾ ਜਨੁ ਅਰਿਬਿੰਦ ਭੋਰ ਪਿਖਿ ਭਾਨੁ।
ਅਸੁਰ ਅਸੰਖਨ ਤੇ ਕਰਿ ਪ੍ਰਾਕ੍ਰਮ ਬਿਜੈ ਲਈ ਰਿਪੁ ਸਭਿ ਛੈ ਮਾਨਿ॥ ੩੮॥

ਇਸ ਤਰ੍ਹਾਂ ਅਨੇਕ ਵਿਧੀਆਂ ਨਾਲ ਯਤਨ ਕਰਕੇ ਸਾਰੇ ਦੈਂਤਾਂ ਦੇ ਦਲਾਂ ਨੂੰ ਮਾਰ ਦਿੱਤਾ। ਹੋਰਨਾਂ ਪਾਸੋਂ ਨਾ ਜਿੱਤੀ ਜਾਣ ਵਾਲੀ ਨੂੰ ਭਗਵਤੀ, ਭੀਮਾ, ਭਦ੍ਰਾ ਅਭੈ ਅਤੇ ਭੈਹਰਾ ਜਾਣੋ। ਪਰਮ ਪ੍ਰਸੰਨ, ਪ੍ਰਫੁੱਲਤ ਨੇਤਰਾਂ ਵਾਲੀ ਜਿਵੇਂ ਕੰਵਲ ਦਾ ਫੁੱਲ ਸੂਰਜ ਨੂੰ ਵੇਖ ਕੇ ਖਿੜ ਉੱਠਦਾ ਹੈ। ਅਸੰਖਾਂ ਰਾਕਸ਼ਾਂ ਨੂੰ ਜਿੱਤਣ ਦਾ ਉੱਦਮ ਕਰਕੇ ਵਿਜੇ ਪ੍ਰਾਪਤ ਕੀਤੀ ਤੇ ਸਾਰੇ ਵੈਰੀਆਂ ਨੂੰ ਮਾਰ ਮੁਕਾਇਆ'॥੩੮॥

*ਗਿਆਰਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥*

❖❖❖

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਇਕਵੰਜਵਾਂ

## ਬ੍ਰਹਮਾ ਦਾ ਪੁਰਾਤਨ ਕਥਾ ਸੁਨਾਉਣਾ

ਦੋਹਰਾ- 'ਭੋ ਦੇਵਹੁ! ਤੁਮ ਸਭਿ ਲਖਹੁ ਜਥਾ ਭਗਵਤੀ ਜੀਤ।
ਪੁਨਹਿ ਪੁਰਖ ਕਉ ਪੇਖਿ ਕਰਿ ਪਰਮ ਪ੍ਰਸੀਦਤਿ ਚੀਤ॥ ੧॥

ਹੁਣ ਬ੍ਰਹਮਾ ਫਿਰ ਦੇਵਤਿਆਂ ਨੂੰ ਕਹਿੰਦਾ ਹੈ, "ਹੇ ਦੇਵਤਿਓ, ਤੁਸੀਂ ਸਮਝੋ ਜਿਵੇਂ ਭਗਵਤੀ ਦੇਵੀ ਦੀ ਜਿੱਤ ਹੋਈ ਹੈ, ਫਿਰ ਉਹ ਤਪੱਸਵੀ ਪੁਰਖ ਨੂੰ ਵੇਖ ਕੇ ਚਿੱਤ ਵਿਚ ਪਰਮ ਪ੍ਰਸੰਨ ਹੋਈ ਅਤੇ ਕਹਿਣ ਲਗੀ॥੧॥

ਸੈਯਾ ਛੰਦ- 'ਹੇ ਤਪਸੀ ਕੇ ਤਪੁ ਪੁਰਸ਼ੋਤਮ, ਅਬਿਨਾਸੀ ਕੀ ਅੰਸ ਸਮੇਤ।
ਕਰਿ ਪ੍ਰਾਕ੍ਰਮ ਰਿਪੁ ਘਾਤ ਪਪਾਤੇ ਅਨਗਨ ਪਰੇ ਅਯੋਧਨ ਖੇਤ।
ਦਾਰੁਣ ਦੁਸਹਿ ਮਚਾਯੋ ਸੰਘਰ ਸੁਨਤਿ ਗਰਜਨਾ ਦੁਸ਼ਟ ਅਚੇਤ।
ਭਏ ਅਧੀਰ ਭੀਰੁਤਾ ਧਰਿ ਕੈ, ਰਹੇ ਸਮੁਖ ਗੇ ਮ੍ਰਿਤੁ ਨਿਕੇਤ॥ ੨॥

'ਹੇ ਤਪੱਸਵੀ ਦੇ ਤਪ ਰੂਪੀ ਪੁੱਤਰ ਪੁਰਸ਼ੋਤਮ ਤੁਸੀਂ ਪਰਮੇਸ਼ਰ ਦੀ ਅੰਸ਼ ਸਹਿਤ ਅਵਤਾਰ ਧਾਰੀ ਹੋ। ਉੱਦਮ ਕਰਕੇ ਵੈਰੀ ਮਾਰ ਮਾਰ ਕੇ ਡੇਗ ਦਿੱਤੇ, ਅਣਗਿਣਤ ਯੁੱਧ ਦੇ ਖੇਤ ਵਿਚ ਪਏ ਹਨ। ਭਿਆਨਕ ਕਠਨ ਸੰਘਰਸ਼ ਮਚਾਇਆ ਹੈ, ਤੁਹਾਡੀ ਗਰਜ ਨੂੰ ਸੁਣਕੇ ਦੁਸ਼ਟ ਜੜ੍ਹ ਹੋ ਗਏ ਹਨ। ਸਾਰੇ ਵੈਰੀ ਕਾਇਰਤਾ ਧਾਰਨ ਕਰਕੇ ਧੀਰਜ ਰਹਿਤ ਹੋ ਗਏ ਹਨ, ਜਿਹੜੇ ਸਾਹਮਣੇ ਆਏ ਉਹ ਮੌਤ ਦੇ ਘਰ ਪਹੁੰਚ ਗਏ ਹਨ॥੨॥

ਕੀਨਿਸਿ ਬਹੁ ਸਹਾਇਤਾ ਮੇਰੀ ਹਤਿ ਕੈ ਦੈਤ ਭੀਮ ਸਮੁਦਾਇ।
ਏਕ ਬੇਰ ਤੁਮ ਮੋਹਿ ਬੁਲਾਵਹੁ ਤਬਿ ਆਵਹੁਂਗੀ ਮੈਂ ਹਰਿਖਾਇ।
ਮੇਰੀ ਬਹੁ ਪ੍ਰਸੰਨਤਾ ਤੁਵ ਪਰ ਬਰੰਬ੍ਰਹ ਲਿਹੁ ਜਿਮ ਉਰ ਆਇ।
ਅਬਿ ਸਰੀਰ ਜੋ ਧਾਰਨਿ ਕੀਨੋ ਚੀਰੰਜੀਵ ਹੋਵਹੁ ਸੁਖ ਪਾਇ॥ ੩॥

ਤੁਸੀਂ ਬਹੁਤ ਦੈਂਤਾਂ ਨੂੰ ਮਾਰ ਕੇ ਮੇਰੀ ਬਹੁਤ ਸਹਾਇਤਾ ਕੀਤੀ ਹੈ। ਇਕ ਵਾਰ ਤੁਸੀਂ ਮੈਨੂੰ ਬੁਲਾਵੋ, ਫਿਰ ਮੈਂ ਬਹੁਤ ਪ੍ਰਸੰਨ ਹੋ ਕੇ ਆਵਾਂਗੀ, ਮੈਂ ਤੁਹਾਡੇ ਉਤੇ ਬਹੁਤ ਪ੍ਰਸੰਨ ਹਾਂ, ਜਿਵੇਂ ਤੁਹਾਡੇ ਹਿਰਦੇ ਵਿਚ ਆਉਂਦਾ ਹੈ ਮੈਥੋਂ ਸ੍ਰੇਸ਼ਟ ਵਰ ਪ੍ਰਾਪਤ ਕਰੋ, ਹੁਣ ਤੁਸੀਂ ਜਿਹੜਾ ਸਰੀਰ ਧਾਰਨ ਕੀਤਾ ਹੈ, ਸੁਖ ਪਾ ਕੇ ਉਹ ਅਮਰ ਹੋ ਜਾਵੇ॥੩॥

ਜਦਾ ਚਹਹੁ ਚਿਤ, ਤਦਾ ਤਿਆਗਹੁ ਲਾਖੋਂ ਸੰਮਤ ਜਰਾ ਨ ਆਇ।
ਤਪਨਿ ਤਪਹੁ ਅਤਿ ਉੱਗ੍ਰ ਤੇਜ ਹੁਇ ਦੁਸ਼ਟਦਮਨ ਨਿਜ ਨਾਮ ਧਰਾਇ।
ਸੰਗਤਿ ਬਨਹਿ ਅਸੰਖ ਅਨਿਕ ਥਲ, ਮਮ ਸਰੂਪ ਹੀ ਹੈ ਜਿਸ ਭਾਇ।
ਇਸੀ ਬੇਸ ਮਹਿਂ ਬਨੇ ਰਹੋ ਨਿਤ, ਜਬਿ ਕਬਿ ਜਹਿਂ ਕਹਿਂ ਕਰਵਿ ਸਹਾਇ॥੪॥

ਜਦ ਚਿੱਤ ਵਿਚ ਚਾਹੋ, ਤਦ ਹੀ ਸਰੀਰ ਛੱਡੋ, ਲੱਖਾਂ ਸਾਲਾਂ ਤਕ ਤੁਸੀਂ ਬੁੱਢੇ ਨਹੀਂ ਹੋਵੋਗੇ। ਵੱਡੇ ਤੇਜ ਵਾਲਾ ਤਪ ਕਰੋ ਅਤੇ ਆਪਣਾ ਦੁਸ਼ਟ ਦਮਨ ਨਾਮ ਧਰਾਵੋ। ਅਨੇਕ ਥਾਵਾਂ ਤੇ ਤੁਹਾਡੀ ਅਸੰਖਾਂ ਦੀ ਗਿਣਤੀ ਵਿਚ ਸੰਗਤ ਬਣੇਗੀ, ਜਿਸ ਤਰ੍ਹਾਂ ਕਿ ਮੇਰਾ ਸਰੂਪ ਹੀ ਹੈ। ਏਸੇ ਵੇਸ ਵਿਚ ਸਦਾ ਬਣੇ ਰਹੋ, ਜਦ ਕਦੀ, ਜਿੱਥੇ ਕਿੱਥੇ ਤੁਹਾਡੀ ਸਹਾਇਤਾ ਕਰਾਂਗੀ॥੪॥

Sri Satguru Jagjit Singh Ji eLlibrary NamdhariElibrary@gmail.com

ਬਾਕ ਬਿਸ਼ਾਰਦ ਦੁਗਾ ਬਾਕ ਕੋ ਸੁਨਤਿ ਪੁਰਖ ਨੇ ਭਾਖਜੋ ਬੈਨ।
ਨਾਮ ਸਿੰਘ ਕੋ ਧਾਰਨ ਕਰਿ ਹੌਂ ਖੁਲ੍ਹੇ ਕੇਸ, ਕਟ ਤਾਗੇ ਹੈ ਨ।
ਉੱਗ੍ਰ ਤੇਜ ਸ਼ੱਤ੍ਰੁਨਿ ਕੋ ਖਾਪਹੁਂ ਹਤਿ ਮਲੇਛ, ਹੇ ਪੰਕਜਨੈਨਿ!
ਰਚਨਾ ਅਪਰ ਬਚਨ ਕੀ ਪਦਵੀ ਭੋਗ ਮੋਖ ਜੁਗ ਮਿਲਹਿਂ ਸੁਖੈਨ॥ ੫ ॥

ਵਾਕ ਕਹਿਣ ਵਿਚ ਚਤੁਰ, ਦੁਰਗਾ ਦੇ ਵਾਕਾਂ ਨੂੰ ਸੁਣ ਕੇ ਮਹਾਂਪੁਰਖਾਂ ਨੇ ਬਚਨ ਕੀਤੇ, "ਸਿੰਘ ਨਾਮ ਨੂੰ ਮੈਂ ਧਾਰਨ ਕਰਾਂਗਾ, ਲੰਮੇ ਕੇਸ ਰਖਾਂਗਾ ਤੇ ਗਲ ਵਿਚ ਜਨੇਊ ਨਹੀਂ ਪਾਵਾਂਗਾ। ਹੇ ਕੰਵਲ ਨੈਣੀ ਭਗਵਤੀ! ਮੇਰਾ ਵੱਡਾ ਤੇਜ ਹੋਵੇਗਾ, ਮਲੇਛਾਂ ਨੂੰ ਮਾਰ ਕੇ ਵੈਰੀਆਂ ਦਾ ਖਾਤਮਾ ਕਰਾਂਗਾ। ਬਾਣੀ ਦੀ ਰਚਨਾ ਹੋਰ ਥਾਂ ਹੋਵੇਗੀ, ਜਿਸ ਨਾਲ ਭੋਗ ਮੋਖ ਦੋਵੇਂ ਪਦਵੀਆਂ ਆਸਾਨੀ ਨਾਲ ਮਿਲਣਗੀਆਂ ॥੫॥

ਦੁਸ਼ਟ ਅਧਰਮੀ ਸੌਂ ਕਰਿ ਸੰਘਰ ਮਾਰਗ ਧਰਮ ਰਹੇ ਥਿਤਿ ਛਾਇ।
ਜਿਤ ਕਿਤ ਹਤਹਿਂ ਮਲੇਛਨ ਗਨ ਕੋ, ਬਧਹਿ ਯੁੱਧ, ਪ੍ਰਿਯ ਜੁੱਧ ਮਚਾਇ।
ਦੁਸ਼ਟ ਦਮਨ ਤੇ ਦੇਵੀ ਸੁਨਿ ਕਰਿ ਕਹੀ ਭਵਿੱਖਤ ਬਾਤ ਸੁਨਾਇ।
ਪੂਰਬ ਭਾਗ ਚਤੁਰਥੇ ਜੁਗ ਕੋ ਤਬੈ ਸਮੋ ਐਸੇ ਬਨਿ ਆਇ॥ ੬ ॥

ਦੁਸ਼ਟ ਅਧਰਮੀਆਂ ਨਾਲ ਯੁੱਧ ਕਰਕੇ ਧਰਮ ਦਾ ਮਾਰਗ ਸਥਾਪਤ ਕਰਾਂਗੇ। ਜਿਥੇ ਕਿਥੇ ਮਲੇਛਾਂ ਨੂੰ ਮਾਰਾਂਗੇ ਤੇ ਯੁੱਧ ਮਚਾਉਣ ਵਿਚ ਸਾਡਾ ਵੱਡਾ ਪਿਆਰ ਹੋਵੇਗਾ। ਦੁਸ਼ਟ ਦਮਨ ਜੀ ਪਾਸੋਂ ਇਸ ਤਰ੍ਹਾਂ ਸੁਣਕੇ ਦੇਵੀ ਨੇ ਭਵਿੱਖ ਦੀ ਗੱਲ ਕਹਿ ਕੇ ਸੁਣਾਈ। "ਚੌਥੇ ਜੁਗ ਭਾਵ ਕਲਿਯੁਗ ਦਾ ਪਹਿਲਾ ਭਾਗ ਜਦ ਹੋਵੇਗਾ, ਤਦ ਐਸਾ ਸਮਾਂ ਬਣ ਆਵੇਗਾ ॥੬॥

ਮੋਹਿ ਅਵਾਹਨ ਕੋ ਤੁਮ ਕਰਿਹੋ ਅਭਿ ਬਾਂਛਿਤ ਬਰ ਕੋ ਚਿਤ ਚਾਹਿ।
ਮੈਂ ਤਬਿ ਸ਼ਬਦ ਪ੍ਰਕਾਸ਼ਨਿ ਕਰਿ ਕੈ ਪ੍ਰਵਿਸ਼ਾਵੋਂ ਸਭਿ ਬਿਧਿ ਤੁਮ ਮਾਂਹਿ।
ਨਿਜ ਕੁਟੰਬ ਕੋ ਮੋਹ ਨ ਕਰੀਅਹੁ ਰਹੋ ਸਮਾਨ ਦੂੰਦ ਉਪਜਾਹਿ।
ਤਾਵਤ ਇਸ ਸਰੀਰ ਕੋ ਧਾਰਹੁ ਤਪ ਪ੍ਰਿਯ ਤਪ ਕਹੁ ਤਪਉ ਉਮਾਹਿ॥ ੭ ॥

ਮੇਰੇ ਆਉਣ ਵਾਸਤੇ ਤੁਸੀਂ ਮੈਨੂੰ ਬੁਲਾਉਗੇ, ਮੂੰਹ ਮੰਗਿਆ ਵਰ ਪ੍ਰਾਪਤ ਕਰਨਾ ਚਿੱਤ ਵਿਚ ਚਾਹੋਗੇ। ਮੈਂ ਫਿਰ ਸ਼ਬਦ ਦਾ ਪ੍ਰਕਾਸ਼ ਕਰਕੇ ਸਾਰੀਆਂ ਵਿਧੀਆਂ ਨਾਲ ਤੁਹਾਡੇ ਵਿਚ ਪ੍ਰਵੇਸ਼ ਕਰ ਜਾਵਾਂਗੀ ਤਦ ਤਕ ਇਸ ਸਰੀਰ ਨੂੰ ਧਾਰਨ ਕਰੋ। ਆਪਣੇ ਪਰਿਵਾਰ ਨਾਲ ਪਿਆਰ ਨਾ ਕਰਨਾ, ਜੋ ਦਵੰਦ ਖੁਸ਼ੀ ਗ਼ਮੀ ਤੋਂ ਉਤਪੰਨ ਹੋਣ ਤਿਨ੍ਹਾਂ ਵਿਚ ਸਮਾਨ ਰਹਿਣਾ। ਤਦ ਤਕ ਇਸ ਸਰੀਰ ਨੂੰ ਧਾਰਨ ਕਰੋ, ਹੇ ਤਪ ਦੇ ਪਿਆਰੇ, ਬੜੇ ਉਮਾਹ ਨਾਲ ਤਪ ਸਾਧਨਾ ਕਰੋ ॥੭॥

*ਨੋਟ : ਇਹ ਕੇਵਲ ਕਵੀ ਦੀ ਕਲਪਨਾ ਹੈ, ਗੁਰੂ ਜੀ ਕਿਸੇ ਦੇਵੀ ਦੇਵਤੇ ਨੂੰ ਨਹੀਂ ਮੰਨਦੇ ਸਨ, ਉਨ੍ਹਾਂ ਦਾ ਕੇਵਲ ਇਕ ਅਕਾਲ ਪੁਰਖ ਤੇ ਭਰੋਸਾ ਸੀ। ਜਿਵੇਂ ਉਨ੍ਹਾਂ ਆਪ ਲਿਖਿਆ ਹੈ, "ਮੈਂ ਹੋ ਪਰਮ ਪੁਰਖ ਕੋ ਦਾਸਾ॥ ਦੇਖਨਿ ਆਯੋ ਜਗਤ ਤਮਾਸਾ॥"*

ਤਬਿ ਅਬਿਨਾਸ਼ੀ ਨਰ ਤਨ ਧਰਿ ਹੈ ਨੌ ਮੂਰਤਿ ਬਰਤਹਿਂ ਜਗ ਬੀਚ।
ਦਸਮ ਸਰੀਰ ਉਪਜਿ ਹੈ ਤੇਰੋ ਪ੍ਰਵਿਸ਼ਹਿ ਜੋਤਿ ਮਹਾਂ ਹਿਤ ਸੀਂਚ।
ਏਕੰਕਾਰ ਰੂਪ ਮੈਂ ਲੈ ਹੁਇ ਪੰਥ ਪ੍ਰਕਾਸ਼ਹਿ ਦੇ ਰਿਪੁ ਮੀਚ।
ਧਰਮ ਥਿਰਹਿ, ਬਿਥਰਹਿ ਜਸੁ ਪਾਵਨ, ਕਰਹਿਂ ਉਧਾਰਨਿ ਊਚ ਰੁ ਨੀਚ॥ ੮ ॥

ਤਦ ਵਾਹਿਗੁਰੂ ਮਨੁੱਖ ਦਾ ਰੂਪ ਧਾਰਨ ਕਰੇਗਾ, ਜਦ ਉਸ ਦੇ ਨੌਂ ਸਰੂਪ ਜਗ ਵਿਚ ਪ੍ਰਗਟ ਹੋਣਗੇ ਤਾਂ ਤੁਹਾਡਾ ਦਸਵਾਂ ਸਰੂਪ ਪ੍ਰਗਟ ਹੋਵੇਗਾ, ਉਹ ਵਾਹਿਗੁਰੂ ਦੀ ਮਹਾਂ ਜੋਤ ਤੁਹਾਡੇ ਵਿਚ ਪਿਆਰ ਨਾਲ ਪ੍ਰਵੇਸ਼ ਕਰੇਗੀ। ਤੁਸੀਂ ਏਕੰਕਾਰ ਦੇ ਰੂਪ

Sri Satguru Jagjit Singh Ji eLlibrary NamdhariElibrary@gmail.com

ਵਿਚ ਲੀਨ ਹੋ ਜਾਵੋਗੇ ਤੇ ਵੈਰੀਆਂ ਨੂੰ ਮਾਰ ਕੇ ਆਪਣੇ ਪੰਥ ਦਾ ਪ੍ਰਕਾਸ਼ ਕਰੋਗੇ। ਧਰਮ ਦਾ ਵਿਸਤਾਰ ਹੋਵੇਗਾ, ਤੁਹਾਡੇ ਪਵਿੱਤਰ ਜੱਸ ਦਾ ਵਿਸਤਾਰ ਹੋਵੇਗਾ ਤੇ ਤੁਸੀਂ ਅਮੀਰ ਗਰੀਬ ਸਭ ਦਾ ਉਧਾਰ ਕਰੋਗੇ॥੮॥

ਇਮ ਕਹਿ ਜਗਤ ਈਸ਼ਰੀ ਤਹਿਂ ਛਿਨ ਉਪਜਾਯੋ ਉਰ ਪ੍ਰੇਮ ਅਪਾਰ।
ਲਗੀ ਚਾਟਿਬੇ, ਅੰਗਨਿ ਸੂੰਘਤਿ ਜਥਾ ਬਤਸ ਕੌ ਧੇਨੁ ਪਜਾਰ।
'ਹੇ ਸੁਤ ! ਇਹ ਕ੍ਰਿਪਾਨ ਲਘੁ ਲੀਜਹਿ ਨਿਜ ਤਨ ਸੌਂ ਨਿਤ ਰਖਹੁ ਸੰਭਾਰਿ।
ਸਿੰਘ ਖਾਲ ਸੇ ਹੋਹਿ ਖਾਲਸਾ ਛੱਤ੍ਰੀ ਪਦ ਸਭਿ ਆਯੁਧ ਧਾਰਿ॥ ੯॥

ਇਹ ਕਹਿ ਕੇ ਜਗਤ ਦੀ ਮਾਲਕ ਨੇ ਉਸ ਸਮੇਂ ਆਪਣੇ ਹਿਰਦੇ ਵਿਚ ਅਪਾਰ ਪ੍ਰੇਮ ਪ੍ਰਗਟ ਕੀਤਾ। ਦੁਸ਼ਟ ਦਮਨ ਨੂੰ ਪਿਆਰ ਕਰਨ ਲੱਗੀ, ਉਨ੍ਹਾਂ ਨੂੰ ਚੁੰਮਣ ਲੱਗੀ, ਜਿਵੇਂ ਕਿ ਗਊ ਆਪਣੇ ਵੱਛੇ ਨੂੰ ਪਿਆਰ ਕਰਦੀ ਹੈ। ਕਹਿਣ ਲੱਗੀ, "ਹੇ ਪੁੱਤਰ ! ਇਹ ਛੋਟੀ ਕਿਰਪਾਨ ਲਵੋ, ਇਸ ਨੂੰ ਆਪਣੇ ਸਰੀਰ ਨਾਲ ਲਾ ਕੇ ਸਦਾ ਸੰਭਾਲ ਕੇ ਰੱਖੋ। ਸ਼ੇਰ ਦੀ ਖੱਲ ਤੋਂ ਪੈਦਾ ਹੋਇਆ ਕਰਕੇ ਖਾਲਸਾ ਨਾਮ ਹੋਇਆ ਤੇ ਸਾਰੇ ਸ਼ਸਤਰ ਧਾਰਨ ਕਰਕੇ ਕਸ਼ੱਤਰੀ ਦੀ ਪਦਵੀ ਪਾਵੇਗਾ॥੯॥

ਤੇਜ ਸਿੰਘ ਕੋ ਸਦਾ ਪੁਰੋਗਮ ਰਹਿਤ ਸਹਤ ਜੇ ਸਿੰਘ ਉਦਾਰ।
ਪੀਛੇ ਪਛੁਤਾਵਾ ਹੁਇ ਤਿਨ ਮਹਿਂ ਉਰ ਉਨਮਾਦੰ ਵਸਤੁ ਤੇ ਧਾਰਿ।
ਕਸ਼ਟ ਦੇਹਿ ਕੋ ਤੋਹਿ ਪੰਥ ਕਹੁ ਉਬਰਹਿ ਮਰਹਿ ਸੁ ਜੁੱਧ ਮਝਾਰ।
ਇਮ ਕਹਿਕੈ ਅਰ ਬਹੁ ਹਿਤ ਕਰਿ ਕੈ ਪ੍ਰੇਮ ਸਾਥ ਤਨ ਸਰਬ ਨਿਹਾਰ॥੧੦॥

ਰਹਿਤ ਸਹਿਤ ਜੋ ਮਹਾਨ ਸਿੰਘ ਹੋਣਗੇ, ਉਨ੍ਹਾਂ ਦਾ ਤੇਜ ਸ਼ੇਰ ਵਾਂਗ ਅੱਗ੍ਰਗਾਮੀ ਹੋਵੇਗਾ। ਵੱਡੀ ਵਸਤੂ ਭਾਵ ਰਾਜ ਆਦਿ ਮਿਲਣ ਤੇ ਦਿਲ ਵਿਚ ਜੋ ਅਹੰਕਾਰ ਧਾਰਨਗੇ, ਉਨ੍ਹਾਂ ਨੂੰ ਪਿਛੋਂ ਪਛਤਾਉਣਾ ਪਵੇਗਾ। ਉਨ੍ਹਾਂ ਅਹੰਕਾਰੀਆਂ ਦੇ ਸਰੀਰ ਨੂੰ ਕਸ਼ਟ ਹੋਵੇਗਾ ਤੇ ਨਾਲ-ਨਾਲ ਪੰਥ ਨੂੰ ਵੀ ਕਸ਼ਟ ਪਹੁੰਚੇਗਾ, ਪਰ ਜਿਹੜਾ ਯੁੱਧ ਵਿਚ ਮਰ ਜਾਵੇਗਾ, ਉਹ ਜਨਮ ਮਰਨ ਤੋਂ ਬਚ ਜਾਵੇਗਾ।" ਇਸ ਤਰ੍ਹਾਂ ਕਹਿ ਕੇ ਅਤੇ ਬਹੁਤ ਹਿੱਤ ਕਰਕੇ ਸਾਰੇ ਸਰੀਰ ਨੂੰ ਬਹੁਤ ਪ੍ਰੇਮ ਨਾਲ ਵੇਖਿਆ॥੧੦॥

ਭਈ ਸੁ ਲੋਪ ਭਗਵਤੀ ਤਹਿਂ ਤੇ, ਦੁਸ਼ਟ ਦਮਨ ਨਿਜ ਨਾਮ ਧਰਾਇ।
ਤਪਸੀ ਪੁਰਖ ਗਯੋ ਪਿਤ ਕੇ ਢਿਗ, ਦਰਸ਼ਨ ਦੇਖਤਿ ਸੀਸ ਨਿਵਾਇ।
ਪੁੱਤ੍ਰ ਬਿਲੋਕਤਿ ਹਰਖਤਿ ਹੁਇ ਕਰਿ ਦੁਰਗਾ ਬਰ ਲਖਿ ਬਾਕ ਅਲਾਇ।
'ਸ਼ਕਤੀ ਕਰਿ ਪ੍ਰਸੰਨ ਹੇ ਸੁਤ ਤਵ, ਬਰ ਲੀਨਸਿ ਕਰਿ ਕੈ ਚਿਤ ਚਾਇ॥੧੧॥

ਭਗਵਤੀ ਮਾਤਾ ਫਿਰ ਉਸ ਸਥਾਨ ਤੋਂ ਅਲੋਪ ਹੋ ਗਈ ਤੇ ਆਪਣਾ ਨਾਮ ਦੁਸ਼ਟਦਮਨ ਰਖਵਾ ਕੇ ਫਿਰ ਤਪੱਸਵੀ ਪੁਰਖ ਆਪਣੇ ਪਿਤਾ ਵਾਹਿਗੁਰੂ ਦੇ ਪਾਸ ਗਿਆ ਤੇ ਉਨ੍ਹਾਂ ਦੇ ਦਰਸ਼ਨ ਕਰਕੇ ਸਿਰ ਨਿਵਾਇਆ। ਵਾਹਿਗੁਰੂ ਜੀ ਨੇ ਬੜੇ ਪ੍ਰਸੰਨ ਹੋ ਕੇ ਆਪਣੇ ਪੁੱਤਰ ਨੂੰ ਵੇਖਿਆ ਤੇ ਦੁਰਗਾ ਮਾਤਾ ਦਾ ਸ੍ਰੇਸ਼ਟ ਵਰ ਸਮਝ ਕੇ ਬਚਨ ਕੀਤੇ, "ਹੇ ਪੁੱਤਰ ! ਸ਼ਕਤੀ ਨੂੰ ਪ੍ਰਸੰਨ ਕਰਕੇ ਤੂੰ ਚਿੱਤ ਦੀ ਚਾਹਤ ਅਨੁਸਾਰ ਵਰ ਪ੍ਰਾਪਤ ਕੀਤੇ ਹਨ॥੧੧॥

ਜੁੱਧ ਕਰਨਿ ਕੋ ਬਰ ਇਹ ਲੀਨਸਿ, ਯੁੱਧ ਹੇਤੁ ਹੀ ਮੈਂ ਉਪਜਾਇ।
ਅਧਿਕ ਜੁੱਧ ਹਿਤ ਕਰਤਾ ਸ਼ਰਧਾ ਜੁੱਧ ਸੁ ਅਨਦਿਨ ਰਿਦੇ ਬਸਾਇ।
ਰੱਛਜਾ ਮੋਹਿ ਕਰਹੁ ਇਮ ਜਾਨਹ ਆਰਬਲਾ ਬਾਲਿਕ ਜਬਿ ਪਾਇ।
ਤਬਿ ਮੈਂ ਰਣ ਨਹਿਂ ਕਰਵਿ ਬਿਲੋਕਨ ਹੇ ਸੁਤ ਇਸ ਕੋ ਰਚਹੁ ਉਪਾਇ॥੧੨॥

ਯੁੱਧ ਕਰਨ ਵਾਸਤੇ ਤੂੰ ਇਹ ਵਰ ਪ੍ਰਾਪਤ ਕੀਤੇ ਹਨ ਤੇ ਯੁੱਧ ਵਾਸਤੇ ਹੀ ਮੈ ਤੈਨੂੰ ਪੈਦਾ ਕੀਤਾ ਹੈ। ਯੁੱਧ ਵਾਸਤੇ ਵਾਧੂ

Sri Satguru Jagjit Singh Ji eLlibrary NamdhariElibrary@gmail.com

ਸ਼ਰਧਾ ਧਾਰਨ ਕਰੋ ਤੇ ਯੁੱਧ ਨੂੰ ਹਰ ਵੇਲੇ ਹਿਰਦੇ ਵਿਚ ਵਸਾਓ। ਇਸ ਤਰ੍ਹਾਂ ਤੁਸੀਂ ਮੇਰੀ ਰੱਖਿਆ ਕਰਦੇ ਹੋ ਮੈਂ ਇਹ ਜਾਣਦਾ ਹਾਂ। ਹੇ ਪੁੱਤਰ! ਜਦ ਤੁਸੀਂ ਬਾਲਕ ਦੀ ਉਮਰ ਪਾਵੋਗੇ ਤਦ ਮੈਂ ਯੁੱਧ ਵਿਚ ਤੁਹਾਨੂੰ ਨਾ ਵੇਖਾਂ, ਇਸ ਦਾ ਉਪਾਅ ਕਰੋ॥੧੨॥

ਜਿਮ ਗੋਭੀ ਤੂਰਨ ਹੁਇ ਉਤਪਤਿ ਤਿਮ ਉਪਜਯੋ ਮੁਝ ਤੇ ਹੇ ਨੰਦ!।
ਲੋਕ ਸੁਬੋਤਮ ਤੇ ਛਿਤ ਪ੍ਰਾਪਤਿ ਯਾਂਤੇ ਨਾਮ ਸੁ ਹੋਤਿ ਗੋਬਿੰਦ।
ਸਿੰਘ ਸੁ ਪਦ ਦੇਵੀ ਦਿਯ ਪੂਰਬ ਅਬਿ ਤੁਮ ਤਪ ਕੋ ਤਪਹੁ ਬਿਲੰਦ।
ਸਮੋ ਆਇ ਤਬਿ ਬਿਦਤਹੁ ਜਗ ਮਹਿਂ ਬ੍ਰਿਧਹਿ ਤੇਜ ਬਡ ਸੂਰ ਮਨਿੰਦ' ॥੧੩॥

ਜਿਵੇਂ ਕਲੀ ਦਾ ਅੰਕੁਰ ਤੁਰਤ ਨਿਕਲ ਆਉਂਦਾ ਹੈ, ਉਸ ਤਰ੍ਹਾਂ ਤੁਸੀਂ ਮੇਰੇ ਤੋਂ ਪੈਦਾ ਹੋਏ ਹੋ। ਤੁਸੀਂ ਸਰਬ ਉੱਤਮ ਅਕਾਲ ਪੁਰਖ ਦੇ ਲੋਕ ਤੋਂ ਧਰਤੀ ਤੇ ਪ੍ਰਾਪਤ ਹੋਏ ਹੋ, ਇਸ ਕਰਕੇ ਨਾਮ ਤੁਹਾਡਾ ਗੋਬਿੰਦ ਹੋਵੇਗਾ। ਸਿੰਘ ਦੀ ਪਦਵੀ ਜਿਹੜੀ ਤੁਹਾਨੂੰ ਦੇਵੀ ਨੇ ਦਿੱਤੀ ਹੈ, ਹੁਣ ਤੁਸੀਂ ਘੋਰ ਤਪੱਸਿਆ ਕਰੋ। ਸਮਾਂ ਆਉਣ ਤੇ ਜਗਤ ਵਿਚ ਪ੍ਰਗਟ ਹੋਵੋ, ਤੁਹਾਡਾ ਤੇਜ ਸੂਰਜ ਵਾਂਗ ਹੋਵੇਗਾ" ॥੧੩॥

ਕਹੇ ਪਿਤਾ ਕੇ ਉੱਗ੍ਰ ਸੂਰਮਾ ਮਹਾਂ ਪ੍ਰਤਾਪਵੰਤ ਧਰਿ ਧੀਰ।
ਤੇਜਵੰਤ ਧਰਮਾਤਮ ਸਦ ਹੀ ਅਤਿ ਉਦਾਰ ਗੁਣਨਿਧਿ ਬਰਬੀਰ।
ਬ੍ਰਿੰਦ ਅਰਿੰਦਮ, ਆਯੁਧ ਧਾਰੀ, ਅਜਰ ਜਰਨ ਕਹੁ ਰਿਦਾ ਗੰਭੀਰ।
ਪਰ ਉਪਕਾਰ ਕਰਨਿ ਅਭਿਲਾਖੀ ਤਰਨਿ ਗਜਾਨ ਕਹੁ, ਕਰ ਧਨ ਤੀਰ ॥੧੪॥

ਅਕਾਲ ਪੁਰਖ ਪਿਤਾ ਜੀ ਦੇ ਕਹਿਣ ਉਤੇ ਉੱਗਰ ਸੂਰਮਾ ਮਹਾਂ ਪ੍ਰਤਾਪ ਵਾਲਾ ਤੇ ਧੀਰਜ ਧਾਰਨ ਵਾਲਾ ਹੈ। ਵੱਡੇ ਤੇਜ ਵਾਲਾ ਹੈ ਤੇ ਸਦਾ ਹੀ ਧਰਮਾਤਮਾ ਹੈ ਤੇ ਅਤੀ ਉੱਤਮ ਗੁਣਾਂ ਦਾ ਖਜ਼ਾਨਾ ਸ੍ਰੇਸ਼ਟ ਸੂਰਬੀਰ ਹੈ। ਸਮੂਹ ਵੈਰੀਆਂ ਨੂੰ ਦਮਨ ਕਰਨ ਵਾਲੇ ਹਨ, ਸ਼ਸਤਰਧਾਰੀ ਹਨ ਤੇ ਗੰਭੀਰ ਹਿਰਦਾ ਨਾ ਜਰੇ ਜਾਣ ਵਾਲੇ ਨੂੰ ਵੀ ਜਰਦਾ ਹੈ। ਪਰਉਪਕਾਰ ਕਰਨ ਦੀ ਅਭਿਲਾਸ਼ਾ ਹੈ, ਗਿਆਨ ਦੇ ਸੂਰਜ ਹਨ, ਫਿਰ ਵੀ ਹੱਥ ਵਿਚ ਤੀਰ ਕਮਾਨ ਧਾਰਨ ਕਰਦੇ ਹਨ॥੧੪॥

ਖੜਗ ਮਹਾਂ ਖਰ ਨਿਰਮਲ ਧਰਤਾ, ਮਹਾਂ ਕਰਮ ਕਰਤਾ ਦੁਸਹਾਰ।
ਅਭਿਬੰਦਨ ਚਰਨਨਿ ਪਰ ਧਰਿ ਕੈ। 'ਆਇਸੁ ਰਾਵਰ ਕੀ ਸਿਰ ਧਾਰਿ।
ਕਹਜੋ ਆਪ ਕੋ ਮੈਂ ਸਭਿ ਕਰਿ ਹੋਂ ਸਰਬ ਪ੍ਰਕਾਰ ਸਦਾ ਅਨੁਸਾਰਿ'।
ਇਮ ਕਹਿ ਗਏ ਤਬਹਿ ਤਪ ਤਾਪਨਿ ਅਨਿਕ ਭਾਂਤਿ ਕੇ ਤਪੇ ਉਦਾਰ॥੧੫॥

ਬੜੀ ਮਹਾਨ ਤਿੱਖੀ ਅਤੇ ਨਿਰਮਲ ਤਲਵਾਰ ਧਾਰਨ ਕੀਤੀ ਹੈ, ਨਾ ਸਹਾਰੇ ਜਾਣ ਵਾਲੇ ਮਹਾਨ ਕਰਮ ਕਰਦੇ ਹਨ। ਅਕਾਲ ਪੁਰਖ ਦੇ ਚਰਨਾਂ ਤੇ ਮੱਥਾ ਟੇਕ ਕੇ ਮਹਾਂਪੁਰਖ ਆਪ ਬੋਲੇ, "ਮੈਂ ਆਪ ਜੀ ਦੀ ਆਗਿਆ ਸਿਰ ਤੇ ਧਾਰਨ ਕਰਦਾ ਹਾਂ, ਆਪ ਜੀ ਦਾ ਕਿਹਾ ਮੈਂ ਸਭ ਕਰਾਂਗਾ ਤੇ ਸਦਾ ਸਰਬ ਪ੍ਰਕਾਰ ਆਪ ਜੀ ਦੀ ਆਗਿਆ ਵਿਚ ਰਹਾਂਗਾ।" ਇਸ ਤਰ੍ਹਾਂ ਕਹਿ ਕੇ ਮਹਾਂਪੁਰਖ ਤਪ ਕਰਨ ਵਾਸਤੇ ਚਲੇ ਗਏ ਤੇ ਅਨੇਕ ਪ੍ਰਕਾਰ ਦੇ ਉਨ੍ਹਾਂ ਉੱਤਮ ਤਪ ਕੀਤੇ॥੧੫॥

ਕਾਨਨ ਮਹਿਂ ਬਡ ਉੱਚ ਪਹਾਰਨਿ, ਦਰੀ ਕੰਦਰਾ ਨਦੀ ਬਿਸਾਲ।
ਦੇਸ਼ ਅਗਮ ਮਹਿਂ ਨੀਰ ਨ ਤੀਰਹਿ ਬੈਠਹਿਂ ਤਪ ਤਾਪਹਿਂ ਦੁਖ ਘਾਲ।
ਜੇ ਬਿਸਤਰਤਿ ਪੁਲਨ ਕੇ ਥਲ ਹੈਂ। ਨਿਰਜਲ ਬਿਖੈ ਬਸੇ ਚਿਰਕਾਲ।
ਮਨ ਇਕਾਂਤ ਕਰਿ ਪੌਨ ਰੋਧ ਕਰਿ ਲਗੀ ਸਮਾਧਿ ਰਹੇ ਹਿਤ ਨਾਲ॥ ੧੬॥

ਜੰਗਲਾਂ ਵਿਚ, ਵੱਡੇ ਉੱਚੇ ਪਹਾੜਾਂ ਉਤੇ ਤੇ ਪਹਾੜਾਂ ਦੀਆਂ ਗੁਫਾਵਾਂ ਵਿਚ, ਔਖੇ ਥਾਂ ਵਿਚ, ਜਿਥੇ ਜਲ ਪਾਸ ਨਹੀਂ,

ਵੱਡੇ ਦੁਖ ਵਾਲੀ ਘਾਲਣਾ ਘਾਲ ਕੇ ਤਪ ਕਰਦੇ ਹਨ। ਰੇਗਸਥਾਨ ਜਿਥੇ ਉਰੇ ਬਰੇਤਿਆਂ ਵਾਲੇ ਥਾਂ ਹਨ, ਬਹੁਤ ਦੇਰ ਤਕ ਜਲ ਤੋਂ ਬਗੈਰ ਹੀ ਰਹੇ। ਮਨ ਇਕਾਂਤ ਕਰਕੇ ਤੇ ਸਾਹ ਰੋਕ ਕੇ ਬੜੇ ਪ੍ਰੇਮ ਨਾਲ ਸਮਾਧੀ ਲੱਗੀ ਰਹਿੰਦੀ ਸੀ॥੧੬॥

ਕਬਿ ਜਲ ਪੀਵਹਿਂ, ਕਬਹਿ ਨ ਪੀਵਹਿਂ, ਥੀਵਹਿਂ ਨਿਰਾਹਾਰ ਥਿਤ ਹੋਇ।
ਆਤਪ, ਬਰਖਾ ਸੀਤ ਸਹਾਰਹਿਂ, ਰਹਹਿਂ ਅਡੋਲ ਅਬੋਲ ਖਲੋਇ'।
ਕਹਤਿ ਬਿਧਾਤਾ 'ਸੁਨਹੁ ਸੁਰਹੁ ਸਭਿ! ਸਮਾ ਸਮਾਪਤਿ ਕੋ ਅਬਿ ਸੋਇ।
ਨਿਜ ਸਿੱਖਜਨਿ ਜੁਤਿ ਨਰ ਤਨ ਧਰਿ ਕੈ ਪੰਥ ਪ੍ਰਕਾਸ਼ਹਿਂ ਤੇਜ ਅਖੋਇ' ॥੧੭॥

ਕਦੀ ਜਲ ਪੀਂਦੇ ਸਨ, ਕਦੀ ਜਲ ਨਹੀਂ ਪੀਂਦੇ ਸਨ ਤੇ ਨਿਰਾਹਾਰ ਹੋ ਕੇ ਹੀ ਇਸਥਿਤ ਰਹਿੰਦੇ ਸਨ। ਗਰਮੀ ਵਰਖਾ ਅਤੇ ਠੰਡ ਨੂੰ ਬਰਦਾਸ਼ਤ ਕਰਦੇ ਸਨ ਤੇ ਮੋਨ ਰਹਿ ਕੇ ਅਡੋਲ ਖਲੋਤੇ ਰਹਿੰਦੇ ਸਨ।" ਅਕਾਲ ਪੁਰਖ ਨੇ ਕਿਹਾ "ਹੇ ਸਾਰੇ ਦੇਵਤਿਓ! ਸੁਣੋ, ਹੁਣ ਸਮਾਂ ਸਮਾਪਤ ਹੋਣ ਵਾਲਾ ਹੈ। ਆਪਣੇ ਸਿੱਖਾਂ ਸਹਿਤ ਨਰ ਸਰੀਰ ਧਾਰ ਕੇ ਨਾਸ਼ ਰਹਿਤ ਤੇਜ ਰੱਖਕੇ ਪੰਥ ਦਾ ਪ੍ਰਕਾਸ਼ ਕਰਨਾ" ॥੧੭॥

ਸੁਨਿ ਕਰਿ ਸੁਰ ਉਰ ਅਚਰਜ ਧਰਿ ਕਰਿ ਲਖੀ ਭਵਿੱਖਜਤ ਸਭਿ ਹੀ ਬਾਤ।
ਜਿਤ ਕਿਤ ਦੇਸ਼ ਦੇਹ ਨਰ ਧਰਿ ਕੈ ਕੌਤਕ ਪਿਖਨਿ ਚਹਤਿ ਸਭਿ ਭਾਂਤਿ।
ਹਿੰਦੂ ਜਮਨ ਕੀ ਦੁਰਮਤਿ ਲਖਿ ਕਰਿ ਕਰਤਾ ਪੁਰਖ ਭਗਤ ਸੁਖਦਾਤ।
ਨਿਜ ਗਨ ਸੋਂ ਆਇਸੁ ਅਸ ਦੀਨਸਿ 'ਗਮਨਹੁ ਲੇ ਬਿਬਾਨ ਅਵਿਦਾਤ ॥੧੮॥

ਇਹ ਸੁਣ ਕੇ ਦੇਵਤਿਆਂ ਨੇ ਮਨ ਵਿਚ ਅਸਚਰਜ ਧਾਰਨ ਕੀਤਾ ਤੇ ਭਵਿੱਖ ਵਿਚ ਹੋਣ ਵਾਲੀ ਸਾਰੀ ਗੱਲ ਸਮਝੀ। ਜਿੱਥੇ ਕਿੱਥੇ ਦੇਸ਼ ਵਿਚ ਨਰ ਸਰੀਰ ਧਾਰ ਕੇ ਸਭ ਪ੍ਰਕਾਰ ਦੇ ਕੌਤਕ ਵੇਖਣਾ ਚਾਹੁੰਦੇ ਹਨ। ਹਿੰਦ ਦੇਸ਼ ਵਿਚ ਦੁਰਮਤ ਸਮਝ ਕੇ ਕਰਤਾ ਪੁਰਖ ਆਪਣੇ ਭਗਤਾਂ ਨੂੰ ਸੁੱਖ ਦੇਣਾ ਚਾਹੁੰਦੇ ਹਨ। ਆਪਣੇ ਸੇਵਕਾਂ ਨੂੰ ਅਕਾਲ ਪੁਰਖ ਨੇ ਇਸ ਤਰ੍ਹਾਂ ਆਗਿਆ ਕੀਤੀ, "ਇਕ ਬਿਬਾਣ ਲੈ ਕੇ ਤੁਰਤ ਚਲੇ ਜਾਵੋ॥੧੮॥

ਰੂਪ ਤਪੋ ਮੈ, ਤਪ ਕੇ ਤਾਪਤਿ ਅਤਿਸ਼ੈ ਤਪਸੀ ਤਪ ਮਹਿਂ ਪਜਾਰ।
ਮੋਹਿ ਸਮੀਪ ਜਾਇ ਅਬਿ ਆਨਹੁਂ ਘੋਰ ਤਪਜੋ ਤਪ ਦਰਸ ਉਦਾਰ।
ਸੰਮਤ ਬਿਤੇ ਅਸੰਖ ਜਿਸੀ ਕਹੁ ਮਮ ਸਰੂਪ ਸੋਂ ਇਕਤਾ ਧਾਰਿ।
ਮੋਹਿ ਰੂਪ ਮਹਿਂ ਉਚਿਤ ਮਿਲਨਿ ਕੈ ਅਸਥਿ ਮਾਤ੍ਰ ਜਿਸਗਾਤ ਨਿਹਾਰ ॥੧੯॥

ਤਪ ਸਰੂਪ ਹੋ ਕੇ ਤਪੱਸਵੀ ਘੋਰ ਤਪ ਕਰ ਰਿਹਾ ਹੈ ਤੇ ਤਪ ਨਾਲ ਉਸ ਦਾ ਬਹੁਤ ਪਿਆਰ ਹੈ। ਉਸ ਨੂੰ ਜਾ ਕੇ ਹੁਣ ਮੇਰੇ ਪਾਸ ਲਿਆਵੋ, ਉਸ ਨੇ ਘੋਰ ਤਪੱਸਿਆ ਕੀਤੀ ਹੈ ਤੇ ਉਸ ਦੇ ਦਰਸ਼ਨ ਉੱਤਮ ਹੋ ਗਏ ਹਨ। ਜਿਸ ਨੂੰ ਤਪ ਕਰਦੇ ਨੂੰ ਅਸੰਖਾਂ ਸਾਲ ਬੀਤ ਗਏ ਹਨ, ਮੇਰੇ ਸਰੂਪ ਨਾਲ ਉਸ ਏਕਤਾ ਧਾਰਨ ਕਰ ਲਈ ਹੈ। ਉਸ ਦਾ ਮੇਰੇ ਸਰੂਪ ਵਿਚ ਮਿਲਣਾ ਉਚਿਤ ਹੋ ਗਿਆ ਹੈ, ਉਸ ਦਾ ਸਰੀਰ ਪਿੰਜਰ ਮਾਤਰ ਦਿਖਾਈ ਦੇ ਰਿਹਾ ਹੈ॥੧੯॥

ਹੇਮ ਕੂਟ ਕੇ ਸਪਤ ਸ੍ਰਿੰਗ ਸ਼ੁਭ ਸਭਿਨਿ ਬੀਚ ਬਰ ਸ੍ਰਿੰਗ ਸੁਹਾਇ।
ਤਿਸ ਪਰ ਖਰੇ ਕਰਹਿਂ ਤਪ ਦੀਰਘ ਅਚਲ ਸ਼ੁਸ਼ਕ ਕਾਸ਼ਟ ਸਮਤਾਇ'।
ਸੁਨਿ ਗਨ ਲੇ ਬਿਬਾਨ ਕਉ ਗਮਨੇ ਜਿਸ ਕੀ ਸ਼ੋਭਾ ਕਹੀ ਨ ਜਾਇ।
ਸੁੰਦਰ ਬੰਦਨਵਾਰ ਦਰਨ ਪਰ ਮੁਕਤਾ ਸਹਿਤ ਪ੍ਰਕਾਸ਼ ਕਰਾਇ॥ ੨੦॥

ਜਿਥੇ ਹੇਮ ਕੁੰਟ ਪਰਬਤ ਦੀਆਂ ਸੁੰਦਰ ਸੱਤ ਚੋਟੀਆਂ ਹਨ ਅਤੇ ਜਿਥੇ ਸਾਰੀਆਂ ਦਰਮਿਆਨ ਵਿਚਕਾਰਲੀ ਚੋਟੀ ਸ਼ੋਭ

ਰਹੀ ਹੈ। ਉਸ ਉਤੇ ਖੜੇ ਹੋ ਕੇ ਮਹਾਨ ਤਪੱਸਵੀ ਤਪ ਕਰ ਰਿਹਾ ਹੈ ਤੇ ਲੱਕੜੀ ਵਾਂਗ ਉਸ ਦਾ ਸਰੀਰ ਸੁੱਕ ਗਿਆ ਹੈ।" ਇਹ ਸੁਣ ਕੇ ਸੇਵਕ ਬਿਬਾਣ ਲੈ ਕੇ ਚਲੇ ਗਏ ਜਿਸ ਬਿਬਾਣ ਦੀ ਸ਼ੋਭਾ ਕਹੀ ਨਹੀਂ ਜਾ ਸਕਦੀ। ਦਰਵਾਜ਼ੇ ਉਤੇ ਸੁੰਦਰ ਹਾਰ ਲਟਕ ਰਹੇ ਹਨ ਜਿਨ੍ਹਾਂ ਵਿਚ ਜੜੇ ਮੋਤੀ ਬਹੁਤ ਪ੍ਰਕਾਸ਼ਮਈ ਹਨ ॥੨੦॥

ਦਿਨਮਣਿ ਸਮ ਮਣਿ ਗਣ ਕੀ ਜੜਤੀ ਮਹਿਤ ਪ੍ਰਕਾਸ਼ਕ ਕਮਲ ਬਨਾਇ।
ਹੀਰੇ ਕੋਰਦਾਰ ਕਰਿ ਕੋਰਨ ਪੋਰਨ ਪਦਮਰਾਗ ਛਬਿ ਛਾਇ।
ਹੰਸਨਿ ਕੀ ਪ੍ਰਤਿਮਾ ਘਰ ਚਿੱਤ੍ਰਤਿ ਊਪਰ ਕਲਸ ਉਰਧ ਦਿਪਤਾਇ।
ਜਾਲ ਕਿੰਕਣੀ ਕਰਤਿ ਕੁਲਾਹਲ, ਮਨ ਅਨੁਸਾਰ ਚਲਨਿ ਸਭਿ ਬਾਇ ॥੨੧॥

ਸੂਰਜ ਵਰਗੀਆਂ ਪ੍ਰਕਾਸ਼ਮਈ ਬਹੁਤ ਮਣੀਆਂ ਜੜੀਆਂ ਹੋਈਆਂ ਹਨ, ਜਿਨ੍ਹਾਂ ਦੇ ਬਣਾਏ ਹੋਏ ਕੰਵਲ ਬਹੁਤ ਚਮਕ ਰਹੇ ਹਨ। ਦਰਵਾਜ਼ਿਆਂ ਤੇ ਚੀਰੇ ਹੋਏ ਕੋਰਦਾਰ ਹੀਰੇ ਤੇ ਲਾਲ ਮਣੀਆਂ ਆਪਣੀ ਛਵੀ ਵਿਖਾ ਰਹੀਆਂ ਹਨ। ਅੰਦਰ ਹੰਸਾਂ ਦੀਆਂ ਮੂਰਤਾਂ ਚਿਤ੍ਰੀਆਂ ਹੋਈਆਂ ਹਨ ਤੇ ਉਪਰ ਕਲਸ ਬਹੁਤ ਚਮਕ ਰਹੇ ਹਨ। ਬਿਬਾਣ ਚੁੱਕਣ ਵਾਲੇ ਸਾਰੇ ਸੇਵਕਾਂ ਦੀਆਂ ਤੜਾਗੀਆਂ ਛਣਕਦੀਆਂ ਹਨ ਤੇ ਉਨ੍ਹਾਂ ਦੀ ਚਾਲ ਮਨ ਅਨੁਸਾਰ ਹੈ ॥੨੧॥

ਮੁਕਤਾ ਜਾਲੀ ਜੁਲਤਿ ਝਰੋਖਨਿ ਰੰਮਜ ਮਨੋਹਰ ਦਿਪਤਿ ਬਿਮਾਨ।
ਆਸਤਰਨ ਬਰ ਮ੍ਰਿਦੁਲ ਕਲਤਿ ਕਰਿ ਸੁੰਦਰ ਧਰੇ ਸੁਭਗ ਉਪਧਾਨੁ।
ਸ਼ਜਾਮਲ ਰਕਤ ਰੰਗ ਤੇ ਆਦਿਕ ਲਗੇ ਰਤਨ ਹੀਰੇ ਦੁਤਿ ਖਾਨ।
ਜਾਹਿ ਦੇਸ਼ ਜਿਸ, ਦੇਖੈ ਕੋ ਤਿਹ, ਕਹੈਂ ਪਰਸਪਰ 'ਹੈ ਇਹ ਭਾਨੁ' ॥੨੨॥

ਝਰੋਖਿਆਂ ਉੱਤੇ ਮੋਤੀਆਂ ਦੀਆਂ ਲੜੀਆਂ ਚਮਕ ਰਹੀਆਂ ਹਨ ਤੇ ਬਿਬਾਣ ਵਿਚ ਮਨੋਹਰ ਪ੍ਰਕਾਸ਼ ਜਗਮਗਾ ਰਿਹਾ ਹੈ। ਬਿਬਾਣ ਦਾ ਅੰਦਰ ਸੁੰਦਰ ਕੋਮਲ ਕਪੜਿਆਂ ਨਾਲ ਸਜਾਇਆ ਹੋਇਆ ਹੈ ਤੇ ਵਿਚ ਸ੍ਰੇਸ਼ਟ ਤਕੀਏ ਰੱਖੇ ਹੋਏ ਹਨ। ਕਾਲੇ ਲਾਲ ਰੰਗ ਦੇ ਲੱਗੇ ਹੋਏ ਹੀਰੇ ਤੇ ਰਤਨ ਬਹੁਤ ਚਮਕ ਰਹੇ ਹਨ। ਜਿਸ ਦੇਸ਼ ਵਿਚ ਬਿਬਾਣ ਜਾਂਦਾ ਸੀ, ਜਦ ਉਥੋਂ ਦੇ ਲੋਕ ਵੇਖਦੇ ਸਨ ਤਾਂ ਆਪਸ ਵਿਚ ਕਹਿੰਦੇ ਸਨ "ਇਹ ਤਾਂ ਸੂਰਜ ਹੈ" ॥੨੨॥

ਸਪਤ ਸ਼੍ਰਿੰਗ ਕੇ ਮੱਧਜ ਸ਼੍ਰਿੰਗ ਪਰ ਥਿਰਜੋ ਆਇ ਗਨ ਸਹਤ ਬਿਮਾਨ।
ਸਾਦਰ ਬਿਨੈ ਸੁਨਾਵਨਿ ਕੀਨਸਿ 'ਹੇ ਤਪੁਧਨ! ਤਪ ਰੂਪ ਮਹਾਨ।
ਤਪ ਅਧਿਕੋ ਤੁਮ, ਤਪਹਿ ਬਿਥਾਰਹੁ ਤਪ ਸਾਧਕ ਤੁਮਰੇ ਨ ਸਮਾਨ।
ਪੂਰਨ ਕਰਹੁ ਕਾਮਨਾ ਤਨ ਕੀ ਪੁਰਸ਼ੋਤਮ ਪਰਮਾਰਥਵਾਨ! ॥੨੩॥

ਬਿਬਾਣ ਸੱਤਾਂ ਚੋਟੀਆਂ ਦੇ ਵਿਚਕਾਰਲੀ ਚੋਟੀ ਤੇ ਆ ਕੇ ਖੜਾ ਹੋ ਗਿਆ ਤੇ ਸੇਵਕ ਵੀ ਬਿਬਾਣ ਸਹਿਤ ਹੀ ਉਥੇ ਆ ਗਏ। ਉਨ੍ਹਾਂ ਨੇ ਆ ਕੇ ਬੜੇ ਆਦਰ ਨਾਲ ਬੇਨਤੀ ਕੀਤੀ, "ਹੇ ਤਪੱਸਵੀ! ਤੁਸੀਂ ਮਹਾਨ ਤਪ ਦਾ ਰੂਪ ਹੋ। ਤੁਸੀਂ ਬਹੁਤ ਮਹਾਨ ਤਪ ਕੀਤਾ ਹੈ, ਤੁਹਾਡੇ ਵਰਗਾ ਤਪ ਸਾਧਨ ਵਾਲਾ ਦੁਨੀਆਂ ਉਤੇ ਹੋਰ ਕੋਈ ਨਹੀਂ ਹੈ। ਆਪਣੇ ਸਰੀਰ ਦੀ ਕਾਮਨਾ ਪੂਰੀ ਕਰੋ ਤੁਸੀਂ ਉੱਤਮ ਪੁਰਖ ਵੱਡੇ ਉੱਦਮ ਵਾਲੇ ਹੋ ॥੨੩॥

ਪਰਮੇਸ਼ੁਰ, ਪਰਮਾਤਮ, ਪੂਰਨ, ਪਰਮ ਪੁਰਖ ਆਵਾਹਨ ਕੀਨਿ।
ਚਰਹੁ ਅਰੂਢਨਿ ਬਰ ਬਿਮਾਨ ਪਰ, ਦਰਸ਼ਨ ਲੇਹੁ ਸਫਲ ਨਿਜ ਚੀਨਿ।
ਅਖਿਲ ਲਾਲਸਾ ਪੂਰਵਹੁ ਅਪਨੀ, ਤੁਮ ਸਭਿ ਗਜਾਤਾ ਪਰਮ ਪ੍ਰਬੀਨ।
ਤਪ ਤੇ ਸ਼ਾਂਤਿ ਕਰਹੁ ਉਰ ਅੰਤਰ, ਆਇਸੁ ਮਾਨਹੁ ਬਿਲਮ ਬਿਹੀਨ ॥੨੪॥

ਪਰਮੇਸਰ, ਪਰਮਾਤਮਾ, ਪੂਰਨ, ਪਰਮ ਪੁਰਖ ਨੇ ਬੁਲਾਇਆ ਹੈ ਇਸ ਸ੍ਰੇਸ਼ਟ ਬਿਬਾਣ ਵਿਚ ਸਵਾਰ ਹੋ ਜਾਵੋ ਤੇ ਆਪਣੇ ਨੂੰ ਸਫਲ ਸਮਝ ਕੇ ਅਕਾਲ ਪੁਰਖ ਦੇ ਦਰਸ਼ਨ ਕਰੋ। ਆਪਣੀ ਸਾਰੀ ਲਾਲਸਾ ਪੂਰੀ ਕਰੋ, ਤੁਸੀਂ ਹਰ ਤਰ੍ਹਾਂ ਗਿਆਨਵਾਨ ਹੋ ਤੇ ਪਰਮ ਚਤੁਰ ਹੋ। ਅੰਤਰ ਹਿਰਦੇ ਨੂੰ ਤਪ ਤੋਂ ਸ਼ਾਂਤ ਕਰੋ ਤੇ ਅਕਾਲ ਪੁਰਖ ਦੀ ਕਿਸੇ ਦੇਰ ਤੋਂ ਬਗੈਰ ਆਗਿਆ ਮੰਨੋ" ॥੨੪॥

ਸ੍ਰੀ ਮੁਖ ਪ੍ਰਭੁ ਅਕਾਲ ਕੀ ਆਗਜਾ ਸੁਨਿਤਿ ਭਈ ਪੁਲਕਾਵਲ ਆਇ।
ਉਰ ਅਨੰਦ, ਅੱਸ੍ਰੂ ਭਰਿ ਆਏ, ਪ੍ਰੇਮ ਬਿਖੈ ਗਦ ਗਦ ਬਚ ਗਾਇ।
ਕ੍ਰਿਸ਼ ਤਨ ਜੁਸ਼ਟ ਪੁਸ਼ਟ ਰਿਸ਼ਟੇ ਅਤਿ ਸਿੱਖਜਨਿ ਕੋ ਸੁਭਤਾ ਦਰਸਾਇ।
ਆਸ੍ਵਾਸਨ ਕਰਿ ਸਭਿਹਿਨਿ ਕੇਰਾ। ਮ੍ਰਿਦੁਲ ਸੁਖਦ ਕਹਿ ਸ੍ਰੇਯ ਸੁਨਾਇ ॥੨੫॥

ਤਪੱਸਵੀ ਸ੍ਰੀ ਮੁਖ ਪ੍ਰਭੂ ਅਕਾਲ ਪੁਰਖ ਦੀ ਆਗਿਆ ਸੁਣ ਕੇ ਨੇਤਰਾਂ ਵਿਚ ਜਲ ਭਰ ਆਇਆ। ਹਿਰਦੇ ਵਿਚ ਖੁਸ਼ੀ ਦੇ ਹੰਝੂ ਭਰ ਆਏ, ਪ੍ਰੇਮ ਵਿਚ ਗਦ-ਗਦ ਹੋ ਕੇ ਬਚਨ ਬੋਲੇ। ਤਨ ਜਿਹੜਾ ਬਹੁਤ ਕਮਜ਼ੋਰ ਸੀ ਝੱਟ ਬਹੁਤ ਰਿਸ਼ਟ ਪੁਸ਼ਟ ਹੋ ਗਿਆ ਤੇ ਅਨੰਦ ਨਾਲ ਭਰ ਗਿਆ। ਤਪੱਸਵੀ ਦੇ ਚੇਲਿਆਂ ਨੂੰ ਉਨ੍ਹਾਂ ਦਾ ਸਰੀਰ ਬੜੀ ਸ਼ੋਭਾ ਵਾਲਾ ਦਿਖਾਈ ਦਿੱਤਾ। ਫਿਰ ਤਪੱਸਵੀ ਸਾਰਿਆਂ ਨੂੰ ਦਿਲਾਸਾ ਦੇ ਕੇ ਮਿੱਠੇ ਸੁਖਦਾਇਕ ਮੁਕਤੀ ਵਾਲੇ ਬਚਨ ਸੁਣਾਏ॥੨੫॥

ਕਰੀ ਅਕਾਲ ਪੁਰਖ ਦਿਸ਼ਿ ਬੰਦਨ ਪਹੁਚੇ ਪੁਨਿਹ ਸਮੀਪ ਬਿਮਾਨ।
ਝਾਲਰ ਮੁਕਤਾ ਲਰਕਤਿ ਚਹੁੰਦਿਸ਼ਿ ਬੀਚ ਬੈਠਕਾ ਬਨੀ ਮਹਾਨ।
ਤੀਨ ਪ੍ਰਦੱਛਨ ਦੀਨਸਿ ਫਿਰ ਕਰਿ ਨੰਮ੍ਰੀ ਹੋਇ ਅਰੂਢੇ ਜਾਨ।
ਪਰਮਗੁਰੂ ਮਹਿੰ ਮਨ ਕੋ ਕੀਨਸਿ ਗਮਨ ਚਹ੍ਯੋ ਦਰਸ਼ਨ ਇਛ ਠਾਨਿ ॥੨੬॥

ਅਕਾਲ ਪੁਰਖ ਵਾਲੇ ਪਾਸੇ ਉਨ੍ਹਾਂ ਬੰਦਨਾ ਕੀਤੀ ਤੇ ਫਿਰ ਬਿਬਾਣ ਦੇ ਪਾਸ ਪਹੁੰਚ ਗਏ। ਝਾਲਰਾਂ, ਮੋਤੀ ਚਾਰੇ ਪਾਸੇ ਲਮਕਦੇ ਸਨ ਤੇ ਵਿਚ ਬੈਠਣ ਵਾਸਤੇ ਮਹਾਨ ਸਥਾਨ ਬਣਿਆ ਸੀ। ਫਿਰ ਬਿਬਾਣ ਦੀਆਂ ਤਿੰਨ ਪਰਿਕਰਮਾਂ ਕੀਤੀਆਂ ਤੇ ਸਨਿਮਰ ਹੋ ਕੇ ਬਿਬਾਣ ਵਿਚ ਸਵਾਰ ਹੋ ਗਏ। ਆਪਣੇ ਮਨ ਨੂੰ ਪਰਮੇਸਵਰ ਵਿਚ ਲਾਇਆ ਤੇ ਦਰਸ਼ਨ ਦੀ ਇੱਛਾ ਧਾਰ ਕੇ ਚਲੇ ਗਏ॥੨੬॥

*ਗਿਆਰ੍ਹਵੀਂ ਰਾਸ ਦਾ ਇਕਵੰਜਵਾਂ ਅਧਿਆਇ ਸਮਾਪਤ ਹੋਇਆ॥੫੧॥*

## ਅਧਿਆਇ ਬਵੰਜਵਾਂ

*ਅਕਾਲ ਪੁਰਖ ਪਾਸੋਂ ਵਿਦੈਗੀ*

ਦੋਹਰਾ– ਕਰ੍ਯੋ ਗਮਨ ਕੋ ਮੁਨਿ ਜਬਹਿ, ਬੇਗ ਬਿਸਾਲ ਬਿਮਾਨ।
ਤੂਰਨ ਹੀ ਊਰਧ ਉਠ੍ਯੋ, ਚਲ੍ਯੋ ਜਾਤਿ ਜਿਮ ਭਾਨੁ॥ ੧॥

ਤਪੱਸਵੀ ਨੇ ਜਦ ਜਾਣ ਦਾ ਇਰਾਦਾ ਕੀਤਾ ਤਾਂ ਵਿਸ਼ਾਲ ਤੇਜ ਬਿਬਾਣ ਤੁਰਤ ਹੀ ਉਪਰ ਉਠਿਆ ਤੇ ਸੂਰਜ ਵਾਂਗ ਚਲਿਆ ਜਾ ਰਿਹਾ ਸੀ॥੧॥

*ਸੈਯਾ ਛੰਦ*- ਬੇਗ ਬਿਮਾਨ ਸਮਾਨ ਜੁ ਮਨ ਕੇ ਨਿਮਖ ਬਿਖੈ ਪਹੁੰਚਯੋ ਦਰਬਾਰ।
ਛਰੀਦਾਰ ਦਰਸ਼ਨ ਪ੍ਰਿਯ ਠਾਂਢੇ, ਸਿੰਘਪੌਰ ਜਨੁ ਰਜਤ ਪਹਾਰ।
ਸੂਰਜ ਸਮਸਰ ਮਹਿਦ ਪ੍ਰਕਾਸ਼ਕ, ਕਵਿ ਸਮਰਥ ਕੋ ਕਰਹਿ ਉਚਾਰ।
ਤਹਿਂ ਤੇ ਉਤਰਿ ਖਰੇ ਤਬਿ ਦਰਸੇ ਮੁਖ ਮੰਡਲ ਜਨੁ ਚੰਦ ਉਦਾਰ॥ ੨ ॥

ਮਨ ਦੀ ਗਤੀ ਸਮਾਨ ਜਿਸ ਬਿਮਾਨ ਦਾ ਵੇਗ ਹੈ, ਉਹ ਇਕ ਛਿਣ ਵਿਚ ਪ੍ਰਭੂ ਦੇ ਦਰਬਾਰ ਵਿਚ ਪਹੁੰਚ ਗਿਆ। ਪਿਆਰੇ ਦਰਸ਼ਨਾਂ ਵਾਲੇ ਛਰੀਦਾਰ ਸਿੰਘ ਦਰਵਾਜ਼ੇ ਤੇ ਖੜੇ ਹਨ, ਜਿਹੜਾ ਸਿੰਘ ਦਰਵਾਜ਼ਾ ਹੈ ਉਹ ਮਾਨੋ ਚਾਂਦੀ ਦੇ ਪਹਾੜ ਵਾਂਗ ਹੈ। ਸੂਰਜ ਵਾਂਗ ਬਹੁਤ ਪ੍ਰਕਾਸ਼ਮਈ ਹੈ, ਕਵੀ ਇਸ ਦੇ ਸਮਰੱਥ ਨਹੀਂ ਕਿ ਉਸ ਪ੍ਰਕਾਸ਼ ਨੂੰ ਬਿਆਨ ਕਰ ਸਕੇ। ਫਿਰ ਬਿਬਾਣ ਵਿਚੋਂ ਉੱਤਰ ਕੇ ਤਪੱਸਵੀ ਨੇ ਦਰਸ਼ਨ ਕੀਤੇ, ਮੁੱਖ ਮੰਡਲ ਇਸ ਤਰ੍ਹਾਂ ਪ੍ਰਕਾਸ਼ਮਾਨ ਸੀ, ਮਾਨੋ ਉੱਤਮ ਚੰਦ ਹੋਵੇ॥੨ ॥

ਸੁੰਦਰ ਦਰਸ਼ਨ ਮੰਦਰ ਦਰ ਪਰ, ਮੰਦਹਾਸ, ਮ੍ਰਿਦੁਸੁਰ, ਮੁਦਪਾਇ।
ਸਾਦਰ ਅੱਗ੍ਰ ਲੈਨ ਕੋ ਆਏ ਮਿਲੇ ਸੰਗ ਲੈ ਚਲੇ ਲਵਾਇ।
ਗਏ, ਪ੍ਰਭੂ ਕੇ ਦਰਸ਼ਨ ਕਰਿ ਕੈ ਕਰੀ ਦੰਡਵਤ ਪ੍ਰੇਮ ਬਧਾਇ।
ਪੁਟ ਲੋਚਨ ਤੇ ਰੂਪ ਅਮੀ ਨਿਧਿ ਪਾਨ ਕਰਤਿ ਬਹੁ, ਨਹਿਂ ਤ੍ਰਿਪਤਾਇ ॥੩ ॥

ਦਰਬਾਰ ਦੇ ਦਰਵਾਜ਼ੇ ਅੱਗੇ ਸੁਹਣੇ ਦਰਸ਼ਨਾਂ ਵਾਲੇ ਦਰਬਾਣ ਮੁਸਕਰਾਉਂਦੇ ਹੋਏ, ਮਿੱਠੇ ਸੁਰ ਵਿਚ ਖੁਸ਼ੀ ਨਾਲ ਜੀ ਆਇਆਂ ਕਹਿੰਦੇ ਹੋਏ ਆਦਰ ਨਾਲ ਅਗੋਂ ਲੈਣ ਵਾਸਤੇ ਆਏ ਤੇ ਨਾਲ ਲੈ ਕੇ ਅੱਗੇ ਚਲ ਪਏ। ਤਪੱਸਵੀ ਜੀ ਫਿਰ ਅੰਦਰ ਚਲੇ ਗਏ ਤੇ ਪ੍ਰਭੂ ਦੇ ਦਰਸ਼ਨ ਕਰਕੇ ਤੇ ਬਹੁਤ ਪ੍ਰੇਮ ਵਧਾ ਕੇ ਡੰਡਾਉਤ ਬੰਦਨਾ ਕੀਤੀ, ਨੈਣਾਂ ਨਾਲ ਅੰਮ੍ਰਿਤ ਦੇ ਖਜ਼ਾਨੇ ਰੂਪੀ ਪ੍ਰਭੂ ਦੇ ਸਰੂਪ ਨੂੰ ਪੀ ਰਹੇ ਸਨ ਤੇ ਤ੍ਰਿਪਤ ਨਹੀਂ ਸੀ ਹੋ ਰਹੇ॥੩॥

ਹਾਥ ਬੰਦਿ ਪੁਨ ਬੰਦਨ ਧਾਰੀ ਠਾਂਢੇ ਭਏ ਨਿੰਮ੍ਰਤਾ ਸਾਥ।
ਕਹੇ ਨਾਮ ਜੋ ਬੀਰ 'ਜਾਪ ਜੀ' ਬਰਨਨ ਕਰੇ ਸਤੁਤਿ ਕੀ ਗਾਥ।
ਕਹਿ ਕਰਿ ਮੁਖਿ ਤੇ 'ਨਮਹਿ ਨਮਹਿ ਪ੍ਰਭੁ' ਬਾਰੰਬਾਰ ਨਿਵਾਯਵ ਮਾਥ।
'ਸਰਬ ਜੋਤਿ ਕੀ ਜੋਤਿ ਰੂਪ ਤੁਮ, ਅਖਿਲ ਲੋਕ ਨਾਥਨਿ ਕੇ ਨਾਥ॥ ੪ ॥

ਹੱਥ ਜੋੜ ਕੇ ਫਿਰ ਬੰਦਨਾ ਕੀਤੀ ਤੇ ਬੜੀ ਨਿੰਮ੍ਰਤਾ ਨਾਲ ਖੜੇ ਹੋ ਗਏ। ਜਾਪ ਸਾਹਿਬ ਵਿਚ ਜਿੰਨੇ ਵੀ ਪ੍ਰਭੂ ਦੇ ਨਾਮ ਵਰਣਨ ਕੀਤੇ ਹਨ ਉਹ ਸਾਰੇ ਹੀ ਨਾਮ ਪ੍ਰਭੂ ਦੀ ਉਸਤਤਿ ਕਰਨ ਸਮੇਂ ਵਰਣਨ ਕੀਤੇ। ਮੁੱਖ ਤੋਂ ਇਹ ਕਹਿ ਕੇ, "ਨਮਸਕਾਰ ਨਮਸਕਾਰ ਪ੍ਰਭੂ" ਤੇ ਬਾਰ-ਬਾਰ ਮੱਥਾ ਨਿਵਾਇਆ। ਸਾਰੀਆਂ ਜੋਤਾਂ ਦੀ ਤੁਸੀਂ ਜੋਤ ਰੂਪ ਹੋ ਤੇ ਸਾਰੇ ਲੋਕਾਂ ਦੇ ਨਾਥਾਂ ਦੇ ਨਾਥ ਹੋ॥੪॥

*ਭੁਜੰਗ ਪ੍ਰਯਾਤ ਛੰਦ*-ਨਮੋ ਸੱਤਜ ਨਾਮੰ। ਨਮੋ ਸੱਤਞ ਰੂਪੰ। ਚਿਦਾਨੰਦ ਏਕੋ, ਅਨਾਮੈ, ਅਰੂਪੰ।
ਨਮੋ ਬੀਜਬੀਜੰ, ਮਹਾਨੇ ਮਹਾਨੰ। ਸਮਾਨੰ ਸਭੂਤੰ, ਭਵਿੱਖਜੰ, ਭਵਾਨੰ॥੫ ॥

ਹੇ ਸੱਤ ਨਾਮ ਵਾਲੇ ਤੁਹਾਨੂੰ ਨਮਸਕਾਰ ਹੈ, ਹੇ ਸੱਤ ਰੂਪ ਵਾਲੇ ਤੁਹਾਨੂੰ ਨਮਸਕਾਰ ਹੈ। ਆਪ ਇਕੋ ਹੀ ਸੱਤ ਚੇਤਨ ਅਨੰਦ ਸਰੂਪ ਵਾਲੇ ਹੋ। ਰੋਗ ਰਹਿਤ ਹੋ, ਰੂਪ ਰਹਿਤ ਹੋ। ਹੇ ਕਾਰਨਾਂ ਦੇ ਕਾਰਨ ਤੁਹਾਨੂੰ ਨਮਸਕਾਰ ਹੈ, ਹੇ ਵਡਿਆਂ ਤੋਂ ਵੱਡੇ ਤੁਹਾਨੂੰ ਨਮਸਕਾਰ ਹੈ। ਭੂਤ, ਭਵਿੱਖ ਅਤੇ ਵਰਤਮਾਨ ਵਿਚ ਆਪ ਇਕ ਰੱਸ ਹੋ॥੫॥

ਨਮੋ ਨਾਥ ਪੂਰੇ ਸਦਾ ਸਿੱਧਿ ਦਾਤਾ। ਮਹਾਂਦੇਵ ਦੇਵੰ, ਬਿਧਾਤੈ ਬਿਧਾਤਾ।
ਜੁਗੀਸ਼ੰ, ਭੁਗੀਸ਼ੰ, ਅਧੀਸ਼ੰ, ਅਨੀਸ਼ੰ। ਸਹੰਸ੍ਰੈ ਸੁ ਬਾਹੂ ਸਹੰਸ੍ਰੈ ਸੁ ਸੀਸੰ॥ ੬ ॥

ਹੇ ਪੂਰਨ ਨਾਥ, ਸਦਾ ਦਾਤਾਂ ਦੇਣ ਵਾਲੇ! ਤੁਹਾਨੂੰ ਨਮਸਕਾਰ ਹੈ। ਸ਼ਿਵਜੀ ਦੇ ਵੀ ਦੇਵ ਹੋ ਤੇ ਬ੍ਰਹਮਾ ਦੇ ਵੀ ਵਿਧਾਤਾ ਹੋ। ਜੋਗੀਆਂ ਦੇ ਈਸ਼ਵਰ ਹੋ, ਭੋਗੀਆਂ ਦੇ ਈਸ਼ਵਰ ਹੋ। ਤੁਹਾਡੀਆਂ ਹਜ਼ਾਰਾਂ ਬਾਹਾਂ ਹਨ ਤੇ ਹਜ਼ਾਰਾਂ ਸਿਰ ਹਨ॥੬॥

**ਸਹੱਸ੍ਰਾਛ ਸ਼੍ਰੋਣੰ, ਸਹੰਸ੍ਰੈ ਸੁ ਘ੍ਰਾਣਾ। ਸਹੱਸ੍ਰਾਨਨੰ, ਜੈ, ਸਹੰਸ੍ਰੈ ਸੁ ਪ੍ਰਾਣਾ।**
**ਨਮੋ ਤੀਨ ਰੂਪਾ, ਨਮੋ ਤੀਨ ਹੀਨਾ। ਨਮੋ ਪੰਚ ਮੂਲੰ ਨਮੋ ਪੰਚ ਕੀਨਾ॥ ੭॥**

ਤੁਹਾਡੇ ਹਜ਼ਾਰਾਂ ਨੇਤਰ ਤੇ ਹਜ਼ਾਰਾਂ ਕੰਨ ਹਨ ਤੇ ਹਜ਼ਾਰਾਂ ਹੀ ਤੁਹਾਡੇ ਨੱਕ ਹਨ। ਹਜ਼ਾਰਾਂ ਤੁਹਾਡੇ ਮੁੱਖ ਹਨ। ਆਪ ਜੀ ਦੀ ਜੈ ਹੋਵੇ। ਹਜ਼ਾਰਾਂ ਹੀ ਆਪ ਜੀ ਦੇ ਪ੍ਰਾਣ ਹਨ। ਹੇ ਤਿੰਨ ਰੂਪਾਂ ਵਾਲੇ! ਰਜੋ, ਸਤੋ, ਤਮੋ ਤਿੰਨ ਗੁਣਾਂ ਵਾਲੇ ਹੋ, ਆਪ ਨੂੰ ਮੇਰੀ ਨਮਸਕਾਰ ਹੈ। ਆਪ ਪੰਜਾਂ ਤੱਤਾਂ ਦੇ ਮੁੱਢ ਤੇ ਪੰਜਾਂ ਦੇ ਕਰਨ ਵਾਲੇ ਹੋ, ਆਪ ਹੀ ਇਨ੍ਹਾਂ ਪੰਜਾਂ ਗੁਣਾਂ ਤੋਂ ਰਹਿਤ ਹੋ ਆਪ ਜੀ ਨੂੰ ਮੇਰੀ ਨਮਸਕਾਰ ਹੈ॥੭॥

**ਅਰੂਪੰ, ਅਨੰਗੇ, ਅਭੰਗੇ, ਅਨਾਸੇ। ਸਮਸਤੰ ਉਪਾਵੈਂ, ਸਮਸਤੰ ਪ੍ਰਕਾਸ਼ੈ।**
**ਸਮਸਤੰ ਸੰਘਾਰੈਂ, ਸਮਸਤੰ ਅਲੰਬੋ। ਨਮੋ ਸ਼ੇਖ ਸਾਈ ਥਿਰੋ ਜਾਤਿ ਅੰਬੋ॥ ੮॥**

ਆਪ ਰੂਪ ਰਹਿਤ ਭਾਵ ਬਹੁਤ ਸੁੰਦਰ ਹੋ। ਆਪ ਅੰਗ ਰਹਿਤ ਹੋ। ਆਪ ਨਾਸ਼ ਰਹਿਤ ਹੋ, ਆਪ ਆਸਾ ਰਹਿਤ ਹੋ। ਸਾਰਿਆਂ ਨੂੰ ਪੈਦਾ ਕਰਨ ਵਾਲੇ ਹੋ, ਸਾਰਿਆਂ ਨੂੰ ਪ੍ਰਕਾਸ਼ ਕਰਨ ਵਾਲੇ ਹੋ। ਸਾਰਿਆਂ ਨੂੰ ਮਾਰਨ ਵਾਲੇ ਹੋ, ਸਾਰਿਆਂ ਦਾ ਆਸਰਾ ਹੋ। ਪਰਲੋ ਕਾਲ ਸਮੇਂ ਜਲ ਵਿਚ ਸ਼ੇਸ਼ਨਾਗ ਉਤੇ ਸੌਂ ਕੇ ਇਸਥਿਤ ਹੁੰਦੇ ਹੋ। ਆਪ ਜੀ ਨੂੰ ਮੇਰੀ ਨਮਸਕਾਰ ਹੈ॥੮॥

**ਨਮੋ ਦਾੜ੍ਹਗਾੜ੍ਹੰ ਕਰਾਲੈ ਬਿਸਾਲੰ। ਨਮੋ ਖੜਗ ਕੇਤੰ, ਮਹਾਂ ਕਾਲ ਕਾਲੰ।**
**ਨਮੋ ਚਾਰ ਚਾਰੂ ਸਰੂਪੰ ਬਿਰਾਜੈ। ਸਦਾ ਜੈ ਸਦਾ ਜੈ ਸਦਾ ਜੈ ਸਦਾ ਜੈ॥ ੯॥**

ਹੇ ਪਕੀਆਂ ਦਾੜ੍ਹਾਂ ਵਾਲੇ ਤੈਨੂੰ ਮੇਰੀ ਨਮਸਕਾਰ ਹੈ, ਹੇ ਵਿਸ਼ਾਲ ਵਿਕਰਾਲ ਰੂਪ ਤੈਨੂੰ ਮੇਰੀ ਨਮਸਕਾਰ ਹੈ। ਹੇ ਤਲਵਾਰ ਧਾਰਨ ਵਾਲੇ ਤੈਨੂੰ ਮੇਰੀ ਨਮਸਕਾਰ ਹੈ, ਹੇ ਮਹਾਂ ਕਾਲ ਦੇ ਕਾਲ ਤੈਨੂੰ ਮੇਰੀ ਨਮਸਕਾਰ ਹੈ। ਹੇ ਸੁੰਦਰਤਾ ਤੇ ਸੁੰਦਰ ਸਰੂਪ ਵਾਲੇ ਤੈਨੂੰ ਮੇਰੀ ਨਮਸਕਾਰ ਹੈ। ਸਦਾ ਤੇਰੀ ਜੈ ਹੋਵੇ, ਸਦਾ ਤੇਰੀ ਜੈ ਹੋਵੇ, ਚਾਰੇ ਜੁੱਗਾਂ ਵਿਚ ਤੇਰੀ ਜੈ ਹੋਵੇ॥੯॥

**ਨਮੋ ਯੁੱਧ ਯੁੱਧੰ, ਨਮੋ ਸ਼ਾਂਤਿ ਸ਼ਾਂਤੰ। ਨਮੋ ਅੰਧਕਾਰੰ ਨਮੋ ਜੋਤਿ ਜੋਤੰ।**
**ਸਮਸਤੰ ਬਿਖੈ ਨੀਤ ਤੋ ਮੈ ਸਮਸਤੰ। ਨਮਸਤੰ ਨਮਸਤੰ ਨਮਸਤੰ ਨਮਸਤੰ॥੧੦॥**

ਹੇ ਯੁੱਧਾਂ ਵਿਚ ਯੁੱਧ ਕਰਨ ਵਾਲੇ ਤੈਨੂੰ ਮੇਰੀ ਨਮਸਕਾਰ ਹੈ, ਸ਼ਾਂਤਮਈ ਸ਼ਾਂਤ ਚਿੱਤ ਰਹਿਣ ਵਾਲੇ ਤੈਨੂੰ ਮੇਰੀ ਨਮਸਕਾਰ ਹੈ। ਹੇ ਅੰਧਕਾਰ ਰੂਪ ਤੇ ਜੋਤੀਆਂ ਦੀ ਜੋਤ ਤੈਨੂੰ ਨਮਸਕਾਰ ਹੈ। ਸਾਰਿਆਂ ਵਿਚ ਸਦਾ ਤੂੰ ਹੈਂ, ਤੇਰੇ ਵਿਚ ਸਾਰਾ ਪ੍ਰਪੰਚ ਸਦਾ ਹੀ ਹੈ। ਹੇ ਨਮਸਕਾਰ ਕਰਨ ਯੋਗ ਜੋ ਤੈਨੂੰ ਨਮਸਕਾਰ ਕਰਦੇ ਹਨ, ਉਨ੍ਹਾਂ ਰਾਹੀਂ ਮੈਂ ਨਮਸਕਾਰ ਕਰਨ ਵਾਲਾ ਹੋ ਕੇ ਤੈਨੂੰ ਨਮਸਕਾਰ ਕਰਦਾ ਹਾਂ॥੧੦॥

**ਸਦਾ ਮੰਡਲਾਕਾਰ ਜੋਤੀ ਅਖੰਡੰ। ਅਨਾਦੰ, ਅਨੰਤੰ, ਅਦੰਡੰ, ਪ੍ਰਚੰਡੰ।**
**ਸਤੰ ਲੋਕ ਸੀਸੰ, ਪਗੰ ਹੈ ਪਤਾਲੰ। ਸੀਸ ਸੂਰ ਨੇਤ੍ਰੰ, ਮੁਖੰ ਜ੍ਵਾਲ ਜ੍ਵਾਲੰ॥ ੧੧॥**

ਤੂੰ ਸਦਾ ਮੰਡਲਕਾਰ ਹੈਂ ਤੇ ਤੇਰੀ ਜੋਤ ਨਾਸ਼ ਰਹਿਤ ਹੈ। ਤੂੰ ਅੰਤ ਰਹਿਤ, ਅਨੰਤ ਹੈ, ਦੰਡ ਰਹਿਤ ਅਤੇ ਤਿੱਖਾ ਪ੍ਰਚੰਡ ਸਰੂਪ ਹੈਂ। ਸੱਤਿਲੋਕ ਤੇਰਾ ਸੀਸ ਹੈ, ਪਾਤਾਲ ਲੋਕ ਤੇਰੇ ਚਰਨ ਹਨ। ਚੰਦ ਸੂਰਜ ਤੇਰੇ ਨੇਤਰ ਹਨ ਪ੍ਰਕਾਸ਼ ਰਹੀ ਅੱਗ ਮੂੰਹ ਹੈ॥੧੧॥

**ਕ੍ਰਿਪਾਲੰ, ਅਕਾਲੰ, ਦੁਕਾਲੰ ਪ੍ਰਣਾਸੀ। ਸਦਾ ਜੈ, ਸਦਾ ਜੈ, ਨਮੋ ਜੋਤਿ ਰਾਸੀ।**
**ਚਿਦਾਨੰਦ ਸੰਗੀ ਸਦਾ ਸੰਗ ਸੋਹੈ। ਨਮੋ ਹੈ, ਨਮੋ ਹੈ, ਨਮੋ ਹੈ, ਨਮੋ ਹੈ॥ ੧੨॥**

ਹੇ ਕ੍ਰਿਪਾਲੂ ਅਕਾਲ ਪੁਰਖ ਤੁਸੀਂ ਜੰਮਣ ਮਰਨ ਦੇ ਔਖੇ ਸਮੇਂ ਨੂੰ ਨਾਸ਼ ਕਰਨ ਵਾਲੇ ਹੋ। ਹੇ ਜੋਤੀਆਂ ਦੀ ਖਾਣ ਤੇਰੀ ਸਦਾ ਜੈ ਹੋਵੇ, ਤੇਰੀ ਸਦਾ ਜੈ ਹੋਵੇ" ॥੧੨॥

ਦੋਹਰਾ- ਬਾਰਬਾਰ ਕਰਿਕੈ ਨਮੋ ਪਦ ਪੰਕਜ ਸਿਰ ਰਾਖਿ।
ਕਹਜੋ 'ਮੋਹਿ ਆਗਜਾ ਦਿਜੈ ਜਿਮ ਰਾਵਰਿ ਅਭਿਲਾਖ' ॥ ੧੩ ॥

ਤਪੱਸਵੀ ਨੇ ਬਾਰ-ਬਾਰ ਨਮਸਕਾਰ ਕਰਕੇ ਅਕਾਲ ਪੁਰਖ ਦੇ ਚਰਨ ਕੰਵਲਾਂ ਤੇ ਸਿਰ ਰੱਖ ਦਿੱਤਾ ਤੇ ਕਿਹਾ, "ਜਿਵੇਂ ਆਪ ਜੀ ਦੀ ਅਭਿਲਾਖਾ ਹੈ, ਮੈਨੂੰ ਆਗਿਆ ਦੇਵੋ" ॥੧੩॥

ਸੈਯਾ- ਸ੍ਰੀ ਪੁਰਸ਼ੋਤਮ ਸ੍ਰੀ ਪਰਮਾਤਮ ਸ੍ਰੀ ਪਰਮੇਸ੍ਵਰ ਪਾਵਨ ਪੂਰਨ।
ਦੇਖਿ ਕ੍ਰਿਪਾਲ ਬਿਸਾਲ ਪ੍ਰਸੀਦ ਕੈ ਜਾਂ ਦਰਸੰਨ ਕੋ ਪਾਵਤਿ ਕੂਰ ਨ।
ਰੂਪ ਅਨੰਤ ਅਨਾਦਿ ਪ੍ਰਭੂ ਨਿਜ ਦਾਸਨ ਕੇਰ ਸਹਾਇਕ ਪੂਰਨ।
ਜਾਂ ਪਦ ਕੇ ਨਖ ਸੁੰਦਰਤਾ ਲਖਿ ਆਨ ਤਿਲੋਕ ਬਿਖੈ ਸਮ ਰੂਰ ਨ ॥੧੪॥

ਸ੍ਰੀ ਉੱਤਮ ਪੁਰਸ਼, ਸ੍ਰੀ ਪਰਮਾਤਮ, ਸ੍ਰੀ ਪਰਮੇਸ਼ਵਰ, ਪੂਰਨ ਪਵਿੱਤਰ ਤਪੱਸਵੀ ਨੂੰ ਵੇਖ ਕੇ ਕ੍ਰਿਪਾਲੂ ਬਹੁਤ ਪ੍ਰਸੰਨ ਹੋਏ, ਜਿਨ੍ਹਾਂ ਦੇ ਝੂਠੇ ਲੋਕ ਦਰਸ਼ਨ ਨਹੀਂ ਕਰ ਸਕਦੇ ਹਨ। ਅਨਾਦੀ ਪ੍ਰਭੂ ਦੇ ਅਨੰਤ ਸਰੂਪ ਹਨ ਤੇ ਆਪਣੇ ਦਾਸਾਂ ਦੀ ਉਹ ਸਦਾ ਪੂਰਨ ਸਹਾਇਤਾ ਕਰਦੇ ਹਨ। ਜਿਨ੍ਹਾਂ ਦੇ ਚਰਨਾਂ ਦੇ ਨੌਂਹਾਂ ਦੀ ਸੁੰਦਰਤਾ ਵੇਖ ਕੇ, ਹੋਰ ਤ੍ਰਿਲੋਕੀ ਵਿਚ ਕੋਈ ਵਸਤੂ ਸੁੰਦਰ ਨਹੀਂ ਲਗਦੀ ਹੈ ॥੧੪॥

ਧੁਨਿ ਗੰਭੀਰ ਸਘਨ ਮ੍ਰਿਦੁਲਾ ਬਹੁ ਬੋਲੇ ਬਾਕ ਮੰਦ ਮੁਸਕਾਨ।
'ਦੁਸ਼ਟਦਮਨ ! ਸੁਨਿ ਪ੍ਰਥਮੈ ਉਪਜਯੋ, ਕਰਯੋ ਤਪੀਸ਼ੁਰ ਨੇ ਮਮ ਧਯਾਨ।
ਅਪਨੇ ਤਪ ਪ੍ਰਭਾਵ ਤ ਕੀਨਸਿ ਕਾਰਨ ਕਰਿਬੇ ਜੁੱਧ ਮਹਾਨ।
ਯਾਂਤੇ ਅੰਸ ਅਹੈਂ ਤੂੰ ਹਮਰੀ ਤਪੇ ਮਹਾਂ ਤਪ ਕ੍ਵੈ ਨ ਸਮਾਨ ॥ ੧੫ ॥

ਫਿਰ ਅਕਾਲ ਪੁਰਖ ਜੀ ਨੇ ਮੱਠਾ-ਮੱਠਾ ਮੁਸਕਰਾ ਕੇ ਗੰਭੀਰ ਧੁਨੀ ਵਿਚ ਬੜੇ ਮਿੱਠੇ ਤੇ ਕੋਮਲ ਸ਼ਬਦ ਕਹੇ, "ਹੇ ਦੁਸ਼ਟ ਦਮਨ ! ਸੁਣੋ, ਪਹਿਲਾਂ ਤੂੰ ਪੈਦਾ ਹੋ ਕੇ ਤਪੱਸਿਆ ਕਰਕੇ ਮੇਰਾ ਧਿਆਨ ਧਾਰਨ ਕੀਤਾ ਹੈ, ਆਪਣੇ ਤਪ ਦੇ ਪ੍ਰਭਾਵ ਕਾਰਨ ਆਪਣੇ ਆਪ ਨੂੰ ਮਹਾਨ ਯੁੱਧ ਕਰਨ ਵਾਲਾ ਬਣਾਇਆ ਹੈ। ਇਸ ਕਰਕੇ ਤੂੰ ਸਾਡੀ ਆਪਣੀ ਅੰਸ਼ ਹੈਂ, ਤੂੰ ਮਹਾਨ ਤਪੱਸਿਆ ਕੀਤੀ ਹੈ, ਕੋਈ ਵੀ ਤੇਰੇ ਸਮਾਨ ਨਹੀਂ ਹੈ ॥੧੫॥

ਨਹੀਂ ਕਿਸੂ ਭੀ ਤਪਯੋ ਇਤੋ ਤਪ ਤੀਨ ਜੁਗਨਿ ਲੌ ਕੀਨਿ ਮਹਾਨ।
ਅਬਿ ਅਵਤਾਰ ਪ੍ਰਿਥੀ ਤਲ ਧਰਿਕੈ ਮੇਰੋ ਕਾਜ ਕਰਹੁ ਬਚ ਮਾਨਿ।
ਦੁਸ਼ਟ ਜਮਨ ਨੇ ਭ੍ਰਿਸ਼ਟ ਹਿੰਦ ਕਿਯ ਤੁਮ ਅਲੰਬ ਹੋਵਹੁ ਸਵਧਾਨ।
ਮਾਨੁਖ ਤਨ ਧਰਿ ਲੀਲਾ ਨਿਜ ਕਰਿ ਸੱਤਨਾਮ ਭਗਤੀ ਦਿਹੁ ਦਾਨ' ॥੧੬॥

ਕਿਸੇ ਨੇ ਵੀ ਏਨਾ ਤਪ ਨਹੀਂ ਕੀਤਾ ਹੈ ਜਿਹੜਾ ਤੁਸੀਂ ਤਿੰਨਾਂ ਜੁੱਗਾਂ ਤਕ ਮਹਾਨ ਤਪ ਕੀਤਾ ਹੈ, ਹੁਣ ਮੇਰੇ ਬਚਨ ਮੰਨ ਕੇ ਪ੍ਰਿਥਵੀ ਤੇ ਜਾ ਕੇ ਮੇਰਾ ਕੰਮ ਕਰੋ। ਦੁਸ਼ਟ ਤੁਰਕਾਂ ਨੇ ਹਿੰਦ ਨੂੰ ਭ੍ਰਿਸ਼ਟ ਕਰ ਦਿੱਤਾ ਹੈ, ਉਹ ਦੇਸ਼ ਹੁਣ ਤੁਹਾਡੇ ਆਸਰੇ ਹੈ, ਤੁਸੀਂ ਹੁਣ ਸੁਚੇਤ ਹੋਵੋ। ਮਨੁੱਖੀ ਤਨ ਧਾਰ ਕੇ ਆਪਣੀ ਲੀਲ੍ਹਾ ਕਰਕੇ ਸਤਿਨਾਮ ਦੀ ਭਗਤੀ ਦਾ ਦਾਨ ਲੋਕਾਂ ਨੂੰ ਦੇਵੋ" ॥੧੬॥

ਸੁਨਿ ਕੈ ਦੁਸ਼ਟ ਦਮਨ ਕਰ ਜੋਰੇ 'ਤਹਾਂ ਜਾਨਿ ਮੈਂ ਬਿਘਨ ਬਿਸਾਲ।
ਅਨਿਕ ਭਾਂਤਿ ਕੀ ਹੋਹਿੰ ਪ੍ਰਬਿਰਤਾ ਅਰੁ ਬਹੁ ਬਧਯੋ ਕਲੀ ਕੋ ਕਾਲ।

ਚਰਨ ਆਪ ਕੇ ਸੁਰਤ ਜੁਰੀ ਮਮ, ਟਿਕਯੋ ਅਧਿਕ ਮਨ ਪ੍ਰੇਮ ਰਸਾਲ।
ਚਿਤ ਮਹਿ ਨਹੀਂ ਜਾਨਿ ਅਭਿਲਾਖਾ। ਇਕ ਰਸ ਰਚਯੋ ਸਰੂਪ ਸੰਭਾਲਿ' ॥੧੭॥

ਇਹ ਸੁਣਕੇ ਦੁਸ਼ਟ ਦਮਨ ਨੇ ਹੱਥ ਜੋੜੇ, "ਉਥੇ ਜਾਣ ਨਾਲ ਮੈਨੂੰ ਕਈ ਵਿਘਨ ਪੈਣਗੇ। ਅਨੇਕ ਪ੍ਰਕਾਰ ਦੀਆਂ ਪ੍ਰਵਿਰਤੀਆਂ ਹੋਣਗੀਆਂ ਅਤੇ ਕਲਿਯੁਗ ਦਾ ਭਿਆਨਕ ਸਮਾਂ ਬਹੁਤ ਵੱਧ ਗਿਆ ਹੈ। ਆਪ ਜੀ ਦੇ ਚਰਨਾਂ ਵਿਚ ਮੇਰੀ ਸੁਰਤ ਜੁੜੀ ਹੈ, ਮੇਰਾ ਮਨ ਬੜੇ ਰਸੀਲੇ ਪਿਆਰ ਨਾਲ ਟਿਕਿਆ ਹੋਇਆ ਹੈ। ਮੇਰੇ ਚਿੱਤ ਵਿਚ ਉਥੇ ਜਾਣ ਦੀ ਅਭਿਲਾਸ਼ਾ ਨਹੀਂ ਹੈ। ਸਰੂਪ ਸੰਭਾਲ ਕੇ ਇਕ ਰਸ ਰਚਿਆ ਹੈ" ॥੧੭॥

ਸੁਨਿ ਕੈ ਪ੍ਰਭੁ ਜਯੋਂ ਕਯੋਂ ਸਮੁਝਾਯੋ ਸ੍ਰੀ ਦੇਵੀ ਕੋ ਕਹਯੋ ਬ੍ਰਿਤਾਂਤ।
'ਭਏ ਲਬਧ ਬਰ ਸ਼ਕਤੀ ਤੇ ਤੁਮ, ਸੋਪਿ ਸਮੋ ਆਯੋ ਨਿਜਕਾਤ।
ਪੰਥ ਖਾਲਸਾ ਸਿਰਜਨਿ ਉੱਤਮ ਮਾਰਗ ਭਗਤਿ ਪ੍ਰੇਮ ਅਵਿਦਾਤ।
ਛੱਤ੍ਰੀ ਧਰਮ ਨਹੀਂ ਜਗ ਦਿਖੀਯਤਿ, ਭਏ ਮਲੇਛ, ਅਚਾਰਣ ਘਾਤ ॥ ੧੮ ॥

ਇਹ ਸੁਣ ਕੇ ਪ੍ਰਭੂ ਨੇ ਜਿਵੇਂ ਕਿਵੇਂ ਸਮਝਾਇਆ ਤੇ ਸ੍ਰੀ ਦੇਵੀ ਦਾ ਸਾਰਾ ਬ੍ਰਿਤਾਂਤ ਸੁਣਾਇਆ। ਉੱਤਮ ਮਾਰਗ ਵਾਲੇ ਪੰਥ ਖਾਲਸਾ ਦੀ ਸਿਰਜਣਾ ਕਰਨੀ ਹੈ ਤੇ ਪ੍ਰੇਮ ਭਗਤੀ ਪ੍ਰਗਟ ਕਰਨੀ ਹੈ। ਜਗਤ ਵਿਚ ਛੱਤਰੀ ਧਰਮ ਕਿਤੇ ਦਿਖਾਈ ਨਹੀਂ ਦਿੰਦਾ ਹੈ, ਬਹੁਤ ਮਲੇਛ ਹੋ ਗਏ ਹਨ ਤੇ ਸ੍ਰੇਸ਼ਟਾਚਾਰ ਦਾ ਨਾਸ਼ ਹੋ ਗਿਆ ਹੈ ॥੧੮॥

ਰਚਯੋ ਜਗਤ ਜਬਿ ਪੂਰਬ ਹਮ ਨੇ ਉਪਜਾਏ ਬਲਿ ਦੈਤ ਬਿਸਾਲ।
ਮਹਾਂ ਦੀਨ ਲੋ ਬ੍ਰਹਮ ਪਠਾਏ ਤਿਨਹੁਂ ਚਲਾਏ ਨਿਜ ਨਿਜ ਚਾਲ।
ਸੱਤਿਨਾਮ ਉਪਦੇਸ਼ ਨ ਕੀਨਸਿ ਪਾਰਬ੍ਰਹਮ ਕੀ ਨਹੀ ਸੰਭਾਲਿ।
ਅਬਿ ਤੁਮ ਸੁਗਮ ਚਲਾਵਹੁ ਨੀਕੇ ਰਹਿਤਿ ਕਹਤਿ ਕੇ ਸਹਿਤ ਰਸਾਲ' ॥੧੯॥

ਜਦ ਅਸੀਂ ਪਹਿਲਾਂ ਜਗਤ ਦੀ ਰਚਨਾ ਕੀਤੀ ਸੀ ਤਾਂ ਬੜੇ ਬਲਵਾਨ ਦੈਂਤ ਪੈਦਾ ਕੀਤੇ ਸਨ। ਬਹੁਤ ਮਹਾਂਦੀਨ (ਮੁਹੰਮਦ) ਅਸੀਂ ਭੇਜੇ, ਉਨ੍ਹਾਂ ਨੇ ਦੁਨੀਆਂ ਵਿਚ ਜਾ ਕੇ ਆਪਣੇ-ਆਪਣੇ ਧਰਮ ਚਲਾ ਲਏ। ਸਤਿਨਾਮ ਦਾ ਉਪਦੇਸ਼ ਨਾ ਦਿੱਤਾ ਤੇ ਪਾਰਬ੍ਰਹਮ ਦੀ ਕਿਸੇ ਨੂੰ ਯਾਦ ਨਾ ਰਹੀ। ਹੁਣ ਤੁਸੀਂ ਚੰਗੇ ਢੰਗ ਨਾਲ ਧਰਮ ਚਲਾਵੋ ਤੇ ਰਹਿਤ ਕਹਿਤ ਦੇ ਨਾਲ ਇਸ ਨੂੰ ਸੁੰਦਰ ਬਣਾਵੋ" ॥੧੯॥

ਇਮ ਕਹਿ ਦੁਸ਼ਟ ਦਮਨ ਕਹੁ ਬਹੁ ਬਿਧਿ ਅਪਨੇ ਅੰਕ ਬਿਖੈ ਬੈਠਾਇ।
'ਮੈਂ ਅਪਨਾ ਸੁਤ ਤੋਹਿ ਨਿਵਾਜਯੋ ਪੰਥ ਪ੍ਰਚੁਰ ਕਰੀਅਹਿ ਜਗ ਜਾਇ।
ਸ੍ਰੀ ਨਾਨਕ ਕੀ ਜੋਤਿ ਮਹਾਂ ਬਲਿ ਨਵਮ ਸਰੀਰ ਬਿਖੈ ਪ੍ਰਵਿਸ਼ਾਇ।
ਸੋ ਤਪਸੀ ਹੈ ਪਿਤਾ ਤੁਹਾਰੋ ਸ਼ਾਂਤਿਮਈ ਸਭਿ ਸੋਂ ਸਮੁਤਾਇ॥ ੨੦॥

ਇਸ ਤਰ੍ਹਾਂ ਕਹਿ ਕੇ ਦੁਸ਼ਟ ਦਮਨ ਨੂੰ ਬਹੁਤ ਵਿਧੀਆਂ ਅਨੁਸਾਰ ਆਪਣੀ ਗੋਦ ਵਿਚ ਬਿਠਾਇਆ ਤੇ ਕਿਹਾ, "ਮੈਂ ਤੁਹਾਨੂੰ ਆਪਣਾ ਪੁੱਤਰ ਬਣਾਇਆ ਹੈ, ਤੁਸੀਂ ਜਗਤ ਵਿਚ ਜਾ ਕੇ ਨਵਾਂ ਪੰਥ ਚਲਾਓ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਮਹਾਂਬਲੀ ਹੈ, ਉਹ ਹੁਣ ਨੌਵੇਂ ਜਾਮੇ ਵਿਚ ਪ੍ਰਵੇਸ਼ ਕਰ ਗਈ ਹੈ। ਤੁਹਾਡੇ ਪਿਤਾ ਜੀ ਵੱਡੇ ਤਪੱਸਵੀ ਹਨ, ਸ਼ਾਂਤਮਈ ਰਹਿ ਕੇ ਉਹ ਸਭ ਨੂੰ ਬਰਾਬਰ ਸਮਝਦੇ ਹਨ ॥੨੦॥

ਪ੍ਰਥਮ ਜਨਮ ਜਿਮ ਹੁਤੋ ਸ਼ਾਂਤਿਮਤਿ ਦੁਤਿਯ ਜਨਮ ਮਹਿਂ ਤਿਸੈ ਸਮਾਨ।
ਜੋਗ ਜੱਗਜ ਕਰਿ ਮੋਹਿ ਅਰਾਧੰਤਿ ਚਹਤਿ ਪੁੱਤ੍ਰ ਤੁਮ ਕੋ ਤਿਸ ਥਾਨ।

ਸ੍ਰੀ ਨਾਨਕ ਕੀ ਜੋਤਿ ਉਦਾਰਾ ਪ੍ਰਵਿਸ਼ਹਿ ਤੁਮ ਮਹਿਂ ਇਕਤਾ ਠਾਨਿ।
ਮੋਹਿ ਸਰੂਪ ਹੋਇ ਕਰਿ ਮੋ ਮਹਿਂ, ਲੈਤਾ ਪ੍ਰਾਪਤਿ ਮਹਿਦ ਮਹਾਨ॥ ੨੧॥

ਪਹਿਲੇ ਜਨਮ ਵਿਚ ਜਿਵੇਂ ਸ਼ਾਂਤਮਈ ਸਨ, ਦੂਸਰੇ ਜਨਮ ਵਿਚ ਵੀ ਉਸ ਤਰ੍ਹਾਂ ਹੀ ਰਹੇ। ਯੋਗ ਯੱਗ ਕਰਕੇ ਮੇਰੀ ਅਰਾਧਨਾ ਕਰਦੇ ਹਨ, ਉਸ ਥਾਂ ਤੈਨੂੰ ਆਪਣਾ ਪੁੱਤਰ ਵੇਖਣਾ ਚਾਹੁੰਦੇ ਹਨ। ਸ੍ਰੀ ਨਾਨਕ ਦੇਵ ਦੀ ਉੱਤਮ ਜੋਤ ਹੈ, ਉਹ ਤੇਰੇ ਵਿਚ ਪ੍ਰਵੇਸ਼ ਹੋ ਕੇ ਇਕ ਰੂਪ ਹੋ ਜਾਵੇਗੀ। ਤੂੰ ਮੇਰਾ ਸਰੂਪ ਹੋਣ ਕਰਕੇ ਮਹਾਨ ਉੱਚ ਪਦਵੀ ਪ੍ਰਾਪਤ ਕਰ ਲਵੇਂਗਾ॥੨੧॥

ਮਮ ਸੁਤ ਤੂੰ ਹੈਂ ਮਮ ਸਰੂਪ ਹੀ, ਪਿਤਾ ਪੁੱਤ੍ਰ ਮਹਿਂ ਭੇਦ ਨ ਹੋਇ।
ਧਰਮ ਕਰਹੁ ਬਿਦਤਾਵਨਿ ਜਗ ਮਹਿਂ ਤੁਝ ਬਿਨ ਅਪਰ ਸਮਰਥ ਨ ਕੋਇ।
ਪੁੱਤ੍ਰਾਦਿਕ ਮਹਿਂ ਰਹਿਨ ਅਮੋਹਂ, ਰਿਪੁਨਿ ਹਤਨਿ ਕੋ ਆਲਸ ਖੋਇ।
ਸਿਮਰਨ ਸੱਤਿਨਾਮ ਪਰਬਿਰਤਹੁ ਛੱਤ੍ਰੀ ਪੰਥ ਉਪਜਿ ਹੈ ਸੋਇ'॥ ੨੨॥

ਮੇਰਾ ਤੂੰ ਪੁੱਤਰ ਹੈਂ, ਇਸ ਕਰਕੇ ਮੇਰਾ ਸਰੂਪ ਹੀ ਹੈਂ, ਪਿਤਾ ਪੁੱਤਰ ਵਿਚ ਕੋਈ ਭੇਦ ਨਹੀਂ ਹੁੰਦਾ ਹੈ। ਜਗਤ ਵਿਚ ਧਰਮ ਨੂੰ ਪ੍ਰਗਟ ਕਰੋ, ਤੇਰੇ ਬਗੈਰ ਹੋਰ ਕੋਈ ਸਮਰੱਥ ਨਹੀਂ ਹੈ। ਪੁੱਤਰਾਂ ਆਦਿ ਦਾ ਮੋਹ ਨਾ ਕਰੋ ਤੇ ਵੈਰੀਆਂ ਨੂੰ ਸੁਚੇਤ ਹੋਕੇ ਮਾਰੋ। ਸਤਿਨਾਮ ਦੇ ਸਿਮਰਨ ਦੀ ਪ੍ਰਵਿਰਤੀ ਪ੍ਰਗਟ ਕਰੋ ਤੇ ਉਹੀ ਛੱਤਰੀ ਪੰਥ ਪ੍ਰਗਟ ਹੋਵੇਗਾ'' ॥੨੨॥

ਇਮ ਕਹਿ ਮਸਤਕ ਸੂੰਘਤ ਦੇਖਤਿ ਜਿਮ ਪਿਤ ਤੇ ਸੁਤ ਕਿਤੇ ਸਿਧਾਇ।
ਮ੍ਰਿਦੁਲ ਮਧੁਰ ਸਾਰਥ ਪੁਰਸ਼ਾਰਥ ਸ਼੍ਰੇਯ ਭਰੇ ਸੁਭ ਬਾਕ ਸੁਨਾਇ।
ਸੁਨਿ ਕੈ ਦੁਸ਼ਟ ਦਮਨ ਹੁਇ ਠਾਂਢੇ ਹਾਥ ਜੋਰਿ ਕਰਿ ਬਿਨੈ ਅਲਾਇ।
'ਪੰਥ ਚਲਹਿ ਤਬਿ ਜਗਤ ਮਝਾਰੇ ਜਬਿ ਹੋਵਹੁ ਤੁਮ ਆਪ ਸਹਾਇ' ॥ ੨੩॥

ਇਸ ਤਰ੍ਹਾਂ ਕਹਿ ਕੇ ਪ੍ਰਭੂ ਨੇ ਦੁਸ਼ਟਦਮਨ ਦਾ ਮੱਥਾ ਚੁੰਮਿਆ ਜਿਵੇਂ ਪਿਤਾ ਪਾਸੋਂ ਪੁੱਤਰ ਕਿਤੇ ਦੂਰ ਜਾ ਰਿਹਾ ਹੋਵੇ। ਕੋਮਲ ਮਿੱਠੇ, ਪ੍ਰਯੋਜਨ ਸਹਿਤ, ਉੱਦਮੀ ਅਤੇ ਕਲਿਆਣ ਭਰੇ ਸ਼ੁਭ ਬਚਨ ਸੁਣਾਏ। ਇਹ ਸੁਣ ਕੇ ਦੁਸ਼ਟਦਮਨ ਖੜਾ ਹੋ ਗਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਪੰਥ ਤਦ ਹੀ ਜਗਤ ਵਿਚ ਚਲ ਸਕੇਗਾ, ਜੇ ਤੁਸੀਂ ਆਪ ਸਹਾਇਤਾ ਕਰੋਗੇ'' ॥੨੩॥

ਆਇਸੁ ਮਾਨਿ ਸੀਸ ਪਰ ਪ੍ਰਭੁ ਕੀ ਬਾਰ ਬਾਰ ਅਭਿਬੰਦਨ ਕੀਨਿ।
ਕਰਤਾ ਪੁਰਖ ਅਕਾਲ ਕ੍ਰਿਪਾਲੰ ਏਕੰਕਾਰ ਸੁ ਗੁਰੂ ਪ੍ਰਬੀਨ।
ਹੋਇ ਬਿਸਰਜਨ ਤਜਿ ਦਰਬਾਰਹਿਂ, ਆਏ ਪਿਖਯੋ ਬਿਮਾਨ ਅਸੀਨ।
ਨਮੋ ਕਰਤਿ ਹੀ ਤੁਰਤ ਪਯਾਨੇ ਨਿਜ ਆਸ਼੍ਰਮ ਕੋ ਪਹੁੰਚੇ ਚੀਨ॥ ੨੪॥

ਪ੍ਰਭੂ ਦੀ ਆਗਿਆ ਮੰਨ ਕੇ ਬਾਰ-ਬਾਰ ਬੰਦਨਾ ਕੀਤੀ। ਕਰਤਾ ਪੁਰਖ ਅਕਾਲ ਕ੍ਰਿਪਾਲੂ ਏਕੰਕਾਰ ਚਤੁਰ ਗੁਰੂ ਹਨ। ਪ੍ਰਭੂ ਦੇ ਦਰਬਾਰ ਤੋਂ ਵਿਦਾਇਗੀ ਲੈ ਕੇ; ਬਾਹਰ ਆ ਕੇ ਬਿਬਾਣ ਵੇਖਿਆ। ਨਮਸਕਾਰ ਕਰਕੇ ਤੁਰਤ ਚਲ ਪਦੇ ਤੇ ਆਪਣੇ ਆਸ਼ਰਮ ਵਿਚ ਪਹੁੰਚ ਗਏ॥੨੪॥

*ਗਿਆਰ੍ਹਵੀਂ ਰਾਸ ਦਾ ਬਵੰਜਵਾਂ ਅਧਿਆਇ ਸਮਾਪਤ ਹੋਇਆ॥੫੨॥*

# ਅਧਿਆਇ ਤਰਵੰਝਵਾਂ

## ਤ੍ਰਿਬੇਣੀ ਵਿਖੇ ਨਿਵਾਸ

ਦੋਹਰਾ- ਸਗਰੇ ਸਿੱਖਜ ਹਕਾਰਿ ਕੈ ਦਿਯੋ ਬ੍ਰਿਤੰਤ ਸੁਨਾਇ।
'ਧਰਹਿਂ ਧਰਾਤਲ ਜਨਮ ਕੋ ਸ੍ਰੀ ਗੁਰੁ ਆਇਸੁ ਪਾਇ॥ ੧॥

ਦੁਸ਼ਟਦਮਨ ਜੀ ਨੇ ਸਾਰੇ ਚੇਲਿਆਂ ਨੂੰ ਬੁਲਾ ਕੇ ਬ੍ਰਿਤਾਂਤ ਸੁਣਾ ਦਿੱਤਾ ਕਿ ਸ੍ਰੀ ਅਕਾਲ ਪੁਰਖ ਦੀ ਆਗਿਆ ਪਾ ਕੇ ਧਰਤੀ ਤੇ ਜਨਮ ਧਾਰਨ ਕਰਾਂਗੇ॥੧॥

ਤੁਮ ਭੀ ਚਲਿ ਸਭਿ ਦੇਸ਼ ਮੈਂ ਧਰਹੁ ਸੁ ਨਰਨਿ ਸਰੀਰ।
ਛੱਤ੍ਰੀ ਧਰਮ ਨਿਬਾਹਿਕੈ ਜੁੱਧ ਬਿਖੈ ਬਨਿ ਬੀਰ॥ ੨॥

ਤੁਸੀਂ ਵੀ ਸਾਰੇ ਦੇਸ਼ ਵਿਚ ਚਲੋ ਤੇ ਮਨੁੱਖਾ ਜਨਮ ਧਾਰਨ ਕਰੋ ਤੇ ਛੱਤਰੀ ਧਰਮ ਨਿਬਾਹ ਕੇ ਯੁੱਧ ਵਿਚ ਸੂਰਬੀਰ ਬਣੋ॥੨॥

ਸ੍ਵੈਯਾ- ਕੇਸ ਰਖੋ ਕਛ ਊਪਰ ਬੇਸ ਮੈਂ ਆਯੁਧ ਧਾਰਿ ਮਚਾਇ ਲਰਾਈ।
ਸ਼ੱਤ੍ਰੁਨ ਜੀਤਹੁ ਤੌ ਥਿਤ ਪਾਵਹੁ ਰਾਜ ਕਰਹੁ ਸੁਖ ਲੈ ਸਮੁਦਾਈ।
ਨਾਹਿਤ ਜੁੱਧੋ ਮੈਂ ਕ੍ਰੁੱਧਤਿ ਹ੍ਵੈ ਦਿਹੁ ਪ੍ਰਾਨ, ਲਹੋ ਬ੍ਰਹਮ ਲੋਕ ਸੁਥਾਈ।
ਸ੍ਰੀ ਗੁਰ ਦੇਵ ਕੋ ਸੇਵਨਿ ਕੈ ਅਹੰਮੇਵ ਬਿਨਾ ਦਿਹੁ ਬੰਧ ਨਸਾਈ' ॥੩॥

ਉਪਰਲੇ ਵੇਸ ਵਿਚ ਕੇਸ ਤੇ ਕੱਛ ਰੱਖੋ ਤੇ ਸ਼ਸਤਰ ਧਾਰਨ ਕਰਕੇ ਲੜਾਈ ਮਚਾਈਏ। ਵੈਰੀਆਂ ਨੂੰ ਜਿੱਤ ਕੇ ਸਥਿਰਤਾ ਪਾਵੋ ਤੇ ਰਾਜ ਪ੍ਰਾਪਤ ਕਰਕੇ ਸਾਰੇ ਸੁੱਖ ਪਾਵੋ। ਨਹੀਂ ਤਾਂ ਯੁੱਧ ਵਿਚ ਕ੍ਰੋਧ ਧਾਰ ਕੇ ਪ੍ਰਾਣ ਦੇ ਦੇਵੋ ਤੇ ਬ੍ਰਹਮਲੋਕ ਵਿਚ ਸ੍ਰੇਸ਼ਟ ਸਥਾਨ ਪ੍ਰਾਪਤ ਕਰੋ। ਸ੍ਰੀ ਅਕਾਲ ਪੁਰਖ ਦਾ ਸਿਮਰਨ ਕਰੋ ਜਾਂ ਅਹੰਕਾਰ ਰਹਿਤ ਹੋ ਕੇ ਸਾਰੇ ਬੰਧਨਾਂ ਨੂੰ ਦੂਰ ਕਰੋ" ॥੩॥

ਸਿੱਖਨਿ ਸੋਂ ਇਮ ਕੋਮਲ ਭਾਖਿ ਮਹਾਂਰਥ ਹੈ ਸਭ ਕੋ ਸੁਖਦਾਈ।
'ਜੱਗ ਮਹਾਂ ਤਪ ਸਾਧਨਿ ਆਦਿਕ ਹੈ ਇਨ ਕੋ ਫਲੁ ਸੋ ਲਿਹੁ ਪਾਈ।
ਚੀਤ ਲਗਾਵਹੁ ਮੋਹਿ ਬਿਖੈ, ਮਨ ਸੰਗ ਰਹੋ, ਪੁਨ ਨਾ ਭਰਮਾਈ।
ਸ੍ਰੀ ਸਤਿਨਾਮ ਸਦਾ ਸਿਮਰੋ ਕਲਿ ਕਾਲ ਮੈਂ, ਅੰਤ ਸਭੈ ਮਿਲਿ ਜਾਈ' ॥੪॥

ਆਪਣੇ ਚੇਲਿਆਂ ਨੂੰ ਇਹ ਕੋਮਲ ਮਹਾਂ ਸਿਧਾਂਤ ਸੁਣਾਇਆ ਜਿਹੜਾ ਸਾਰਿਆਂ ਵਾਸਤੇ ਸੁਖਦਾਈ ਸੀ। "ਜਗਤ ਵਿਚ ਜਿਹੜਾ ਮਹਾਂ ਤਪ ਸਾਧਨਾ ਆਦਿ ਹੈ, ਇਸ ਦਾ ਫਲ ਪ੍ਰਾਪਤ ਕਰ ਲਵੋ। ਮੇਰੇ ਵਿਚ ਆਪਣਾ ਧਿਆਨ ਲਾਵੋ, ਮਨ ਸਹਿਤ ਰਹੋ ਤੇ ਫਿਰ ਭਰਮਾਂ ਵਿਚ ਨਾ ਪਵੋ। ਸ੍ਰੀ ਸਤਿਨਾਮ ਦਾ ਸਦਾ ਸਿਮਰਨ ਕਰੋ, ਅੰਤ ਨੂੰ ਤੁਸੀਂ ਸਾਰੇ ਮੇਰੇ ਵਿਚ ਮਿਲ ਜਾਵੋਗੇ" ॥੪॥

ਦੁਸ਼ਟ ਦਮਨ ਨਿਜ ਰੂਪ ਰਮਨ ਸਦ, ਇਮ ਸਿੱਖਜਨ ਕੋ ਤਪ ਫਲ ਦੀਨਿ।
ਰਹਿਤ ਸਹਿਤ ਹੁਇ ਉਰ ਗੁਰੁ ਸਿਮਰਨ, ਛੱਤ੍ਰੀ ਧਰਮ ਨ੍ਰਿਬਾਹਿ ਪ੍ਰਬੀਨ।
'ਜਨਮ ਮਰਨ ਸੰਕਟ ਕੋ ਤਜਾਗਨਿ ਨਿਤ ਮਮ ਨਿਕਟਿ ਕਿ ਮੋ ਮਹਿ ਲੀਨ।
ਦੂਹੂੰ ਲੋਕ ਕੋ ਆਨੰਦ ਦੀਨਸਿ ਪ੍ਰਥਮ ਪੰਥ ਤੇ ਪੰਥ ਨਵੀਨ' ॥੫॥

ਦੁਸ਼ਟਦਮਨ ਸਦਾ ਸੁੰਦਰ ਸਰੂਪ ਹਨ, ਇਸ ਤਰ੍ਹਾਂ ਆਪਣੇ ਚੇਲਿਆਂ ਨੂੰ ਤਪ ਦਾ ਫਲ ਦਿੱਤਾ। ਹਿਰਦੇ ਵਿਚ ਗੁਰੂ ਜੀ ਦਾ ਹਰ ਵੇਲੇ ਸਿਮਰਨ ਕਰਦੇ ਹਨ ਤੇ ਚਤੁਰ ਛੱਤਰੀ ਧਰਮ ਨਿਭਾਉਂਦੇ ਹਨ। ਦੁਸ਼ਟਦਮਨ ਨੇ ਫਿਰ ਕਿਹਾ, "ਜਨਮ ਮਰਨ ਦੇ ਸੰਕਟ ਨੂੰ ਛੱਡ ਕੇ ਸਦਾ ਮੇਰੇ ਪਾਸ ਰਹੋ ਜਾਂ ਮੇਰੇ ਵਿਚ ਲਿਵਲੀਨ ਰਹੋ, ਦੋਵਾਂ ਲੋਕਾਂ ਦਾ ਤੁਹਾਨੂੰ ਅਨੰਦ ਦਿੰਦਾ ਹਾਂ, ਪਹਿਲੇ ਪੰਥ ਨਾਲੋਂ ਨਵਾਂ ਪੰਥ ਬਣਾਵਾਂਗਾ" ॥੫॥

ਸੁਨਿ ਕਰਿ ਸਿੱਖਜ ਅਖਿਲ ਹਰਖਾਏ ਹਾਥ ਜੋਰਿ ਕੈ ਸੀਸ ਨਿਵਾਇ।
'ਮਹਾਂਬਾਹੁ ਉਤਸਾਹ ਮਹਾਤਮ ਪ੍ਰਥਮ ਇਕਾਕੀ ਰਿਪੁ ਸਮੁਦਾਇ।
ਸਹਿਤ ਸੁਬੇਲ ਬੇਲ ਬਡ ਜੋਧੇ ਦ੍ਰਿਢ ਹ੍ਵੈ ਸੰਘਰ ਮਹਿਤ ਮਚਾਇ।
ਤਜੇ ਮਾਰਗਣ ਅਸੁਰ ਮਾਰਿਗਣ ਜਥਾ ਮਾਰ ਗਣ ਹਤਿ ਖਗਰਾਇ॥ ੬ ॥

ਇਹ ਸੁਣ ਕੇ ਚੇਲੇ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਹੱਥ ਜੋੜ ਕੇ ਸਿਰ ਨਿਵਾਏ ਤੇ ਕਹਿਣ ਲੱਗੇ, "ਲੰਮੀਆਂ ਬਾਹਾਂ ਵਾਲਿਆਂ ਵਿਚ ਵਡਿਆਈ ਭਰਪੂਰ ਉਤਸ਼ਾਹ ਹੈ, ਇਨ੍ਹਾਂ ਨੇ ਪਹਿਲਾਂ ਇਕੱਲਿਆਂ ਨੇ ਸਾਰੇ ਵੈਰੀਆਂ ਨੂੰ ਮਾਰ ਮੁਕਾਇਆ। ਬੇਲ ਸੁਬੇਲ ਨਾਂ ਦੇ ਵੱਡੇ ਯੋਧਿਆਂ ਨਾਲ ਦ੍ਰਿੜ ਹੋ ਕੇ ਵੱਡਾ ਯੁੱਧ ਮਚਾਇਆ ਸੀ। ਤੀਰ ਛੱਡ ਛੱਡ ਕੇ ਬਹੁਤ ਦੈਂਤ ਮਾਰੇ, ਜਿਵੇਂ ਗਰੜ ਸਾਰੇ ਸੱਪਾਂ ਨੂੰ ਮਾਰ ਦਿੰਦਾ ਹੈ ॥੬॥

ਬੇਲ ਸੁਬੇਲ ਸੰਘਾਰਨਿ ਕਰਿ ਕੈ ਦੁਸ਼ਟ ਦਮਨ ਨਿਜ ਨਾਮ ਧਰਾਇ।
ਰਣ ਪ੍ਰਿਯ ਰਣ ਕਰਿ ਅਸੁਰ ਸੰਘਾਰੇ ਬੀਰਜ ਧੀਰਜ ਅਧਿਕ ਉਪਾਇ।
ਮਾਨੁਖ ਤਨ ਲੀਲਾ ਮਹਿਂ ਖੇਲਹੁ ਜਥਾ ਆਪ ਕੀ ਹੋਇ ਰਜ਼ਾਇ।
ਨਤੁ ਅਬਿ ਕੌਨ ਲਰੈ ਤੁਮ ਸਮ ਹੁਇ ਓਜ ਸੁ ਰਾਵਰਿ ਸਹਿ ਨ ਸਕਾਇ' ॥੭ ॥

ਬੇਲ ਸੁਬੇਲ ਨਾਮੀਂ ਦੈਂਤਾਂ ਨੂੰ ਮਾਰ ਕੇ ਆਪਣਾ ਨਾਮ ਦੁਸ਼ਟਦਮਨ ਧਰਾਇਆ। ਯੁੱਧ ਨਾਲ ਬਹੁਤ ਪਿਆਰ ਹੈ, ਯੁੱਧ ਕਰਕੇ ਰਾਕਸ਼ਾਂ ਨੂੰ ਮਾਰਿਆ, ਬੀਰਤਾ ਕਰਕੇ ਵੱਡਾ ਧੀਰਜ ਧਾਰਨ ਕੀਤਾ। ਮਨੁੱਖਾ ਤਨ ਧਾਰ ਕੇ ਲੀਲ੍ਹਾ ਖੇਡਦੇ ਹਨ, ਜਿਵੇਂ ਆਪ ਜੀ ਦੀ ਰਜ਼ਾ ਹੁੰਦੀ ਹੈ, ਉਸ ਤਰ੍ਹਾਂ ਹੀ ਕਰਦੇ ਹਨ। ਨਹੀਂ ਤਾਂ ਤੁਹਾਡੇ ਵਰਗਾ ਹੋ ਕੇ ਕੌਣ ਲੜ ਸਕਦਾ ਹੈ, ਕੋਈ ਵੀ ਤੁਹਾਡੀ ਸ਼ਕਤੀ ਨੂੰ ਸਹਿ ਨਹੀਂ ਸਕਦਾ ਹੈ" ॥੭॥

'ਗੁਰ ਬਰ ਸ੍ਰੀ ਅਕਾਲ ਕੀ ਆਇਸੁ ਜਿਮ ਹੁਇ ਤਿਮ ਰਹਿਨੋ ਬਨਿ ਆਇ।
ਉਤਪਤਿ ਪੰਥ ਖਾਲਸਾ ਕਰਿ ਹੌਂ ਜਿਸ ਮਹਿਂ ਸ਼ਕਤਿ ਤੇਜ ਪ੍ਰਵਿਸ਼ਾਇ।
ਰਹਿਤ ਰਾਖਨੀ, ਤਪ ਕੋ ਸਾਧਹਿਂ, ਸਿਮਰਹਿਂ ਸੱਤਿਨਾਮ ਸਤਿ ਭਾਇ।
ਭੋ ਸਿੱਖਹੁ! ਇਹੁ ਕਾਰਜ ਸਾਧੋ ਪੁਰਸ਼ੋਤਮ ਕੀ ਪਾਇ ਰਜ਼ਾਇ॥ ੮ ॥

ਇਹ ਸੁਣ ਕੇ ਦੁਸ਼ਟਦਮਨ ਜੀ ਬੋਲੇ, "ਪੂਜਨੀਕ ਸ੍ਰੇਸ਼ਟ ਪ੍ਰਮੇਸ਼ਰ ਅਕਾਲ ਦੀ ਜਿਵੇਂ ਆਗਿਆ ਹੋਵੇ, ਤਿਵੇਂ ਹੀ ਰਹਿਣਾ ਬਣਦਾ ਹੈ। ਮੈਂ ਖਾਲਸਾ ਪੰਥ ਉਤਪੰਨ ਕਰਾਂਗਾ, ਜਿਸ ਵਿਚ ਮੇਰਾ ਤੇਜ ਅਤੇ ਸ਼ਕਤੀ ਪ੍ਰਵੇਸ਼ ਕਰੇਗੀ। ਰਹਿਤ ਰੱਖਣੀ ਤੇ ਗੁਰੂ ਸੇਵਾ ਰੂਪੀ ਤਪ ਦਾ ਸਾਧਨਾ ਹੈ ਤੇ ਸੱਚੇ ਪ੍ਰੇਮ ਨਾਲ ਸਤਿਨਾਮ ਦਾ ਸਿਮਰਨ ਕਰਨਾ ਹੈ, ਹੇ ਮੇਰੇ ਸਿੱਖੋ ! ਉੱਤਮ ਪੁਰਸ਼ ਦੀ ਰਜ਼ਾ ਪਾ ਕੇ ਇਹ ਕਾਰਜ ਸਾਧਨਾ ਹੈ ॥੮॥

ਹਿੰਦੂ ਧਰਮ ਕੋ ਰਾਖਨਿ ਕਰਿ ਹੌਂ ਤੁਰਕ ਤੇਜ ਤਰੁ ਕੋ ਤੁਰਵਾਇ।
ਦੋਨਹੁਂ ਪਰ ਹੁਇ ਪੰਥ ਖਾਲਸਾ ਭੋਗ ਮੋਖ ਕੋ ਕਰਤਲ ਪਾਇ।
ਜਹਿਂ ਕਹਿਂ ਬਿਦਤਹਿ ਗੁਨ ਅਨੇਕ ਜੁਤਿ ਰਣ ਪ੍ਰਿਯ ਰਣ ਕੋ ਚਹਤਿ ਸਦਾਇ।
ਕਲੀ ਕਾਲ ਮਹਿਂ ਗਤਿ ਸੁਖੇਨ ਲਹਿ, ਦਹਿ ਬਿਕਾਰ, ਰਹਿ ਨਾਮ ਸਮਾਇ ॥੯ ॥

ਤੁਰਕਾਂ ਦੇ ਬ੍ਰਿਛ ਰੂਪੀ ਤੇਜ ਨੂੰ ਤੋੜ ਕੇ ਹਿੰਦੂ ਧਰਮ ਦੀ ਰੱਖਿਆ ਕਰਾਂਗਾ। ਦੋਵਾਂ ਲੋਕਾਂ ਵਿਚ ਪੰਥ ਖਾਲਸਾ ਸਫਲ ਹੋਵੇਗਾ ਤੇ ਭੋਗ ਮੋਖ ਨੂੰ ਇਹ ਹੱਥ ਦੀ ਤਲੀ ਤੇ ਪਾ ਲਵੇਗਾ। ਯੁੱਧ ਸਹਿਤ ਜਿੱਥੇ ਕਿੱਥੇ ਇਸ ਦੇ ਅਨੇਕ ਗੁਣ ਪ੍ਰਗਟ ਹੋਣਗੇ। ਯੁੱਧ ਇਨ੍ਹਾਂ ਨੂੰ ਬਹੁਤ ਪਿਆਰਾ ਹੋਵੇਗਾ, ਸਦਾ ਹੀ ਯੁੱਧ ਕਰਨਾ ਚਾਹੁਣਗੇ। ਕਲਯੁੱਗ ਵਿਚ ਬੜੀ ਆਸਾਨੀ ਨਾਲ ਗਤੀ ਪ੍ਰਾਪਤ ਕਰਨਗੇ, ਸਰੀਰ ਦੇ ਵਿਕਾਰਾਂ ਨੂੰ ਸਾੜ ਕੇ ਸਦਾ ਨਾਮ ਵਿਚ ਸਮਾਏ ਰਹਿਣਗੇ॥੯॥

ਨਿਜ ਸਿੱਖਜਨਿ ਰਿਖਿ ਬੇਖਨ ਸੌਂ ਇਮੁ ਭਨੀ ਭਵਿੱਖਜਤ ਸਭਿ ਹੀ ਬਾਤ।
ਕਰੇ ਬਿਸਰਜਨ ਨਿਜ ਨਿਜ ਥਾਵਨਿ ਜਾਤਿ ਬਿਚਾਰਤਿ ਮਤਿਅਵਦਾਤ।
ਸ੍ਰੀ ਪ੍ਰਭੁ ਦੁਸ਼ਟਦਮਨ ਜਲ ਮੱਜਨੋ ਚਢੇ ਸਥੰਡਲ ਪਰ ਚਿਤ ਸ਼ਾਂਤਿ।
ਕੁਸ਼ ਬਿਸਤਰ ਪਰ ਹੁਇ ਪਦਮਾਸਨ ਬੈਠਿ ਗਏ ਕਰਿ ਕੈ ਰਿਜ ਗਾਤ॥੧੦॥

ਆਪਣੇ ਚੇਲਿਆਂ ਨੂੰ ਦੁਸ਼ਟਦਮਨ ਜੀ ਨੇ ਰਿਖੀ ਦੇ ਭੇਸ ਵਿਚ ਸਾਰੀ ਭਵਿੱਖ ਦੀ ਗੱਲ ਕਹਿ ਕੇ ਸੁਣਾਈ। ਫਿਰ ਉਨ੍ਹਾਂ ਨੂੰ ਆਪਣੇ-ਆਪਣੇ ਸਥਾਨਾਂ ਤੇ ਜਾਣ ਵਾਸਤੇ ਵਿਦਾ ਕੀਤਾ, ਉੱਜਲ ਮੱਤ ਵਾਲੇ ਸਾਰੇ ਹੀ ਵਿਚਾਰਦੇ ਜਾਂਦੇ ਸਨ। ਫਿਰ ਪ੍ਰਭੂ ਦੁਸ਼ਟਦਮਨ ਜੀ ਨੇ ਜਲ ਨਾਲ ਇਸ਼ਨਾਨ ਕੀਤਾ ਤੇ ਸ਼ਾਂਤ ਚਿੱਤ ਹੋ ਕੇ ਵੱਡੇ ਚਬੂਤਰੇ ਤੇ ਚੜ੍ਹ ਗਏ। ਦੱਭ ਦੇ ਬਿਸਤਰੇ ਉੱਤੇ ਪਦਮਾਸਣ ਬਣਾ ਕੇ ਬੈਠ ਗਏ, ਫਿਰ ਸਰੀਰ ਸਿੱਧਾ ਕਰਕੇ ਲੰਮੇ ਪੈ ਗਏ॥੧੦॥

ਖੈਂਚਿ ਪ੍ਰਾਣ ਕੋ ਜੋਰ ਪਾਇ ਕਰਿ ਦਸਮੋਦ੍ਵਾਰ ਫੋਰਿਬੋ ਕੀਨ।
ਜਨਮ ਧਰਨਿ ਕੋ ਧਰਨ ਬਿਖੈ ਪ੍ਰਭੁ ਨਿਜ ਇੱਛਯਾਤੇ ਛੋਰਿ ਸੁਦੀਨ।
ਬ੍ਰਿੰਦ ਪੁਸ਼ਪ ਬ੍ਰਿੰਦਾਰਕ ਲੈ ਕਰਿ ਬਿੰਦੂ ਜਿਮ ਬਰਖਾਇੰ ਪ੍ਰਬੀਨ।
ਅਧਿਕ ਸੁਗੰਧੈਂ ਧੂਪ ਦੀਪ ਬਹੁ ਅਤਿ ਉਤਸਵ ਅਪਨੇ ਮਹਿਂ ਚੀਨਿ॥੧੧॥

ਪ੍ਰਾਣਾਂ ਨੂੰ ਖਿੱਚ ਕੇ ਪੈਰ ਜੋੜ ਕੇ ਦਸਵੇਂ ਦਵਾਰ ਚੜ੍ਹਾ ਲਏ। ਧਰਤੀ ਉਤੇ ਜਨਮ ਧਾਰਨ ਵਾਸਤੇ ਪ੍ਰਭੂ ਨੇ ਆਪਣੀ ਇੱਛਿਆ ਅਨੁਸਾਰ ਪ੍ਰਾਣ ਛੱਡ ਦਿੱਤੇ। ਦੇਵਤਿਆਂ ਨੇ ਕਈ ਪ੍ਰਕਾਰ ਦੇ ਫੁੱਲ ਲੈ ਕੇ ਮੀਂਹ ਵਾਂਗ ਵਰਖਾ ਕੀਤੀ। ਬਹੁਤ ਸੁਗੰਧੀਆਂ ਤੇ ਧੂਪ ਦੀਪ ਜਗਾਏ ਤੇ ਆਪਣੇ ਵਿਚ ਸਮਝ ਕੇ ਵੱਡਾ ਉਤਸਵ ਕੀਤਾ॥੧੧॥

ਇਤਿ ਸ੍ਰੀ ਤੇਗ ਬਹਾਦਰ ਗੁਰੁ ਜੀ ਬ੍ਰਿੰਦ ਤੀਰਥਨਿ ਤੀਰ ਨਿਵਾਸ।
ਸਭਿ ਅਸਥਾਨ ਦਾਨ ਦੇ ਮਾਨਦ, ਪਾਵਨ ਤੇ ਪਾਵਨ ਕਰ ਤਾਸ।
ਜੱਗਜ ਹੋਮ ਦਛਨਾ ਬਹੁ ਕੰਚਨ ਸਾਧਨ ਦਿਜਨਿ ਰੰਕ ਜੇ ਰਾਸ।
ਅਨਿਕ ਪ੍ਰਕਾਰ ਕਰਾਇ ਅਹਾਰਨਿ ਦੇਤਿ ਅਚਾਵਤਿ ਸ੍ਵਾਦਨਿ ਰਾਸ॥੧੨॥

ਏਧਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਹੁਤ ਤੀਰਥਾਂ ਦੇ ਕਿਨਾਰਿਆਂ ਤੇ ਨਿਵਾਸ ਕੀਤਾ। ਸਭ ਸਥਾਨਾਂ ਤੇ ਦਾਨ ਨਾਲ ਮਾਨ ਦਿੰਦੇ ਹਨ ਤੇ ਤੀਰਥਾਂ ਨੂੰ ਆਪਣੇ ਚਰਨਾਂ ਨਾਲ ਪਵਿੱਤਰ ਕਰਦੇ ਹਨ। ਸਾਧਾਂ, ਬ੍ਰਾਹਮਣਾਂ ਅਤੇ ਗ਼ਰੀਬਾਂ ਨੂੰ ਬਹੁਤ ਸੋਨਾ ਦਛਨਾ ਵਜੋਂ ਦਿੰਦੇ ਹਨ। ਕਈ ਪ੍ਰਕਾਰ ਦੇ ਸਵਾਦੀ ਭੋਜਨ ਤਿਆਰ ਕਰਵਾ ਕੇ ਸਭ ਨੂੰ ਛਕਾਉਂਦੇ ਹਨ॥੧੨॥

ਇਮ ਅਨੇਕ ਹੀ ਤੀਰਥ ਕਰਿ ਕੈ ਤੀਰਥ ਰਾਜ ਤ੍ਰਿਬੈਣੀ ਤੀਰ।
ਪੁੰਨ ਦਾਨ ਕਰਿ ਦਿਵਸ ਬਿਤਾਏ ਜੋਗ ਸਮਾਧਿ ਬਿਖੈ ਗੰਭੀਰ।
ਕਰਹਿਂ ਜੱਗਜ ਬਹੁ ਕੰਚਨ ਦੇਵਹਿਂ, ਪਾਟੰਬਰ ਪਸ਼ਮੰਬਰ ਚੀਰ।
ਬਹੁਤ ਮੋਲ ਕੇ ਦੁਰਲਭ ਸੁੰਦਰ ਦੇਤਿ ਬਿਭੂਖਨ ਮੁਕਤਾ ਹੀਰ॥੧੩॥

ਇਸ ਤਰ੍ਹਾਂ ਅਨੇਕ ਤੀਰਥਾਂ ਤੇ ਇਸ਼ਨਾਨ ਕਰਕੇ ਪ੍ਰਮੁੱਖ ਤੀਰਥ (ਤੀਰਥਾਂ ਦੇ ਰਾਜੇ) ਤ੍ਰਿਬੇਣੀ ਦੇ ਕਿਨਾਰੇ ਪਹੁੰਚ ਗਏ।

ਪੁੰਨ ਦਾਨ ਕਰਕੇ ਦਿਨ ਬਤੀਤ ਕਰਦੇ ਸਨ ਫਿਰ ਗੰਭੀਰ ਯੋਗ ਸਮਾਧੀ ਲਾ ਲੈਂਦੇ ਸਨ। ਯੱਗ ਕਰਕੇ ਬਹੁਤ ਸੋਨਾ ਦਿੰਦੇ ਸਨ ਤੇ ਰੇਸ਼ਮੀ ਅਤੇ ਪਸ਼ਮੀਨੇ ਦੇ ਕੱਪੜੇ ਵੰਡਦੇ ਸਨ। ਬਹੁਤ ਕੀਮਤੀ, ਦੁਰਲੱਭ ਅਤੇ ਸੁੰਦਰ ਗਹਿਣੇ ਮੋਤੀ ਅਤੇ ਹੀਰੇ ਵੰਡਦੇ ਸਨ॥੧੩॥

ਬੇਦ ਪਾਠਿ ਗੇ ਬਿੱਪ ਸੁ ਕਰਮੀ ਸ਼ਾਂਤ, ਦਾਂਤਿ, ਸੁਚ, ਸੰਜਮ ਧਾਰਿ।
ਸਮਦਰਸੀ ਸੰਤੋਸ਼ੀ ਧੀਮਤਿ ਬਿਨੁ ਮਤਸਰ ਮੁਖ ਮ੍ਰਿਦੁਲ ਉਚਾਰਿ।
ਸਹਨਸ਼ੀਲ ਅਨਕੂਲੀ ਤਪ ਕੇ ਬਿੱਦਯਾ ਮਹਿਂ ਅੱਭਯਾਸ ਉਦਾਰ।
ਸਤਿਬਾਦੀ ਪਰਮਾਤਮ ਜਿਨ ਕੇ, ਸਦਾ ਧਰਮ ਅਪਨੇ ਅਨੁਸਾਰ॥ ੧੪॥

ਵੇਦ ਪਾਠੀ, ਰਿਖੀ ਮੁਨੀ, ਸ੍ਰੇਸ਼ਟਾਚਾਰੀ, ਇੰਦਰੇ ਰੋਕਣ ਵਾਲੇ ਸੁੱਚ ਸੰਜਮ ਧਾਰਨ ਵਾਲੇ, ਸਮਦਰਸੀ, ਸੰਤੋਸ਼ੀ, ਬੁਧੀਵਾਨ, ਹੰਕਾਰ ਰਹਿਤ, ਮਿੱਠੇ ਬਚਨ ਬੋਲਣ ਵਾਲੇ, ਸਹਿਨਸ਼ੀਲ, ਤੱਪ ਵਿਦਿਆ ਦੇ ਅਨਕੂਲੀ ਉੱਤਮ ਵਿਦਿਆ ਅਭਿਆਸੀ, ਸਤਵਾਦੀ ਪਰਮਾਤਮ ਵਾਲੇ, ਸਦਾ ਆਪਣੇ ਧਰਮ ਅਨੁਸਾਰ ਰਹਿਣ ਵਾਲੇ॥੧੪॥

ਬ੍ਰਿੰਦ ਦ੍ਵਿਜੋਤਮ ਆਇ ਮਿਲੇ ਅਸ ਸ੍ਰੂ ਗੁਰੁ ਕੋ ਜਸ ਕਾਨ ਸੁਨੇ।
ਸੋਢਿ ਸੁ ਬੰਸ ਕਿ ਭੂਖਨ ਉੱਤਮ ਧੀਰ ਉਦਾਰ ਬਿਸਾਲ ਗੁਨੇ।
ਦਾਨ ਕੋ ਦੇਤਿ ਹੈਂ, ਮਾਨ ਕੋ ਦੇਤਿ ਹੈਂ, ਗ੍ਯਾਨ ਕੋ ਦੇਤਿ ਹੈਂ ਆਸ ਪੁਨੇ।
ਨੰਦ ਕੋ ਦੇਤਿ ਅਨੰਦ ਕੋ ਦੇਤਿ ਹੈਂ, ਰੂਪ ਮੁਕੰਦ ਕੇ ਬਾਕ ਭਨੇ॥ ੧੫॥

ਜਦ ਇਸ ਪ੍ਰਕਾਰ ਦੇ ਬ੍ਰਾਹਮਣਾਂ ਨੇ ਗੁਰੂ ਤੇਗ ਬਹਾਦਰ ਜੀ ਦਾ ਅਜਿਹਾ ਜੱਸ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਹ ਵੱਡੀ ਗਿਣਤੀ ਵਿਚ ਗੁਰੂ ਜੀ ਪਾਸ ਆ ਕੇ ਮਿਲੇ। ਸੋਢੀ ਵੰਸ਼ ਦੇ ਉੱਤਮ ਭੂਖਣ ਵੱਡੇ ਧੀਰਜਵਾਨ ਹਨ ਤੇ ਵਿਸ਼ਾਲ ਗੁਣਾਂ ਵਾਲੇ ਜਾਣੇ ਜਾਂਦੇ ਹਨ। ਦਾਨ ਦਿੰਦੇ ਹਨ, ਮਾਨ ਦਿੰਦੇ ਹਨ, ਗਿਆਨ ਦਿੰਦੇ ਹਨ ਤੇ ਆਸਾਂ ਪੂਰਨ ਕਰਦੇ ਹਨ। ਪੁੱਤਰ ਦਿੰਦੇ ਹਨ, ਅਨੰਦ ਦਿੰਦੇ ਹਨ। ਮੁਕੰਦ ਰੂਪ ਪਰਮਾਤਮਾ ਦੀ ਪ੍ਰਾਪਤੀ ਦੇ ਵਾਕਾਂ ਨੂੰ ਉਚਾਰਦੇ ਹਨ॥੧੫॥

ਦੇਸ਼ ਬਿਦੇਸ਼ਨਿ ਤੇ ਦਿਜ ਆਵਤਿ ਪਾਵਤਿ ਹੈਂ ਧਨ ਕੋ ਮਨ ਭਾਯੋ।
ਬ੍ਰਿੰਦ ਅਹਾਰ ਸੁ ਕੀਨਸਿ ਮਾਧੁਰ ਪੂਰਕ, ਮੋਦਕ, ਧੂਪ ਖੁਆਯੋ।
ਭੂਰ ਪੰਚਾਂਮ੍ਰਿਤ ਹੋਤਿ ਰਹੈ ਨਿਤ ਹੋਮ ਕਰੈਂ ਜਵ ਘ੍ਰਿੱਤ ਮੰਗਾਯੋ।
ਕਾਮਨਾ ਪੂਰਨ ਹੋਤਿ ਅਨੇਕਨਿ ਸ੍ਰੀ ਗੁਰੁ ਨੈ ਜਸੁ ਯੌਂ ਬਿਥਰਾਯੋ॥ ੧੬॥

ਦੇਸ਼ਾਂ ਵਿਦੇਸ਼ਾਂ ਵਿਚੋਂ ਬ੍ਰਾਹਮਣ ਆਉਂਦੇ ਸਨ ਤੇ ਮਨਭਾਉਂਦਾ ਧਨ ਪ੍ਰਾਪਤ ਕਰਦੇ ਸਨ। ਬੜੇ ਮਿੱਠੇ ਭੋਜਨ ਛਕਦੇ ਸਨ, ਗੁਰੂ ਜੀ ਉਨ੍ਹਾਂ ਨੂੰ ਪੂਰੀਆਂ ਅਤੇ ਲੱਡੂ ਖਵਾਉਂਦੇ ਸਨ। ਬਹੁਤ ਕੜਾਹ ਪ੍ਰਸ਼ਾਦ ਹੁੰਦਾ ਸੀ ਤੇ ਸਦਾ ਜੌਂ ਤੇ ਘਿਉ ਮੰਗਵਾ ਕੇ ਹੋਮ ਕਰਦੇ ਸਨ। ਅਨੇਕਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਸਨ, ਸ੍ਰੀ ਗੁਰੂ ਜੀ ਨੇ ਇਸ ਤਰ੍ਹਾਂ ਜੱਸ ਫੈਲਾਇਆ ਸੀ॥੧੬॥

ਰਾਤਿ ਕੋ ਠਾਨਿ ਕੈ ਤ੍ਯਾਗ ਮਹਾਨ ਅਲੱਖ ਕੀ ਸੇਵ ਕਰੈਂ ਉਰ ਮਾਂਹੀ।
ਪ੍ਰਾਣ ਨਿਰੋਧਿ ਕੈ ਊਰਧ ਕੋ ਕਰਿ ਮੂਰਧ ਮੈਂ ਥਿਰਤਾ, ਨ ਚਲਾਹੀਂ।
ਚੰਚਲ ਜੋ ਮਨ ਕੋ ਬਸਿ ਮੈਂ ਕਰਿ ਪ੍ਰੇਮ ਅਗਾਧ ਤੇ ਨਾ ਨਿਕਸਾਹੀਂ।
ਕੇਤਿਕ ਕਾਲ ਬਿਤੀਤਹਿ ਬੈਠਤਿ ਸ੍ਰੀ ਪਰਮੇਸੁਰ ਮੈਂ ਥਿਰ ਪਾਹੀਂ॥ ੧੭॥

ਰਾਤ ਨੂੰ ਤਿਆਗ ਧਾਰ ਕੇ ਅਕਾਲ ਪੁਰਖ ਦਾ ਹਿਰਦੇ ਵਿਚ ਮਹਾਨ ਸਿਮਰਨ ਕਰਦੇ ਸਨ। ਪ੍ਰਾਣਾਂ ਨੂੰ ਰੋਕ ਕੇ ਦਸਵੇਂ ਦਵਾਰ ਵਿਚ ਇਸਥਿਤ ਕਰਦੇ ਹਨ, ਚਲਾਇਮਾਨ ਨਹੀਂ ਹੁੰਦੇ। ਚੰਚਲ ਮਨ ਨੂੰ ਵੱਸ ਵਿਚ ਕਰਕੇ ਅਗਾਧ ਪ੍ਰੇਮ ਤੋਂ ਬਾਹਰ ਨਹੀਂ ਕੱਢਦੇ। ਇਸ ਤਰ੍ਹਾਂ ਬੈਠ ਕੇ ਕਾਫੀ ਸਮਾਂ ਬੀਤ ਜਾਂਦਾ ਸੀ ਤੇ ਸ੍ਰੀ ਪਰਮੇਸ਼ਵਰ ਵਿਚ ਸਥਿਰਤਾ ਪਾਉਂਦੇ ਸਨ॥੧੭॥

ਦੋਹਰਾ- ਇਸ ਬਿਧਿ ਕਰੀ ਅਰਾਧਨਾਂ ਅਲਖ ਰੂਪ ਗੁਰਦੇਵ।
ਪਰਮ ਪ੍ਰਸੀਦੇ ਜਾਨਿ ਕੈ ਨਿਸਬਾਸੁਰ ਕੀ ਸੇਵ॥ ੧੮॥

ਇਸ ਵਿਧੀ ਅਨੁਸਾਰ ਅਲੱਖ ਅਕਾਲ ਪੁਰਖ ਦੀ ਅਰਾਧਨਾ ਕੀਤੀ। ਪਰਮ ਪ੍ਰਸੰਨ ਜਾਣ ਕੇ ਰਾਤ ਦਿਨ ਸਿਮਰਨ ਕਰਦੇ ਸਨ॥੧੮॥

ਦੁਸ਼ਟ ਦਮਨ ਪਠਿਬੋ ਕਰੇ ਅਪਨੀ ਅੰਸ ਸੁ ਜਾਨ।
ਮੋਹਿ ਪੁੱਤ੍ਰ ਕਰਿਬੋ ਚਹਤਿ ਅਸ ਸੰਕਲਪ ਪਛਾਨਿ॥ ੧੯॥

ਦੁਸ਼ਟਦਮਨ ਨੂੰ ਆਪਣੀ ਅੰਸ਼ ਜਾਣ ਕੇ ਭੇਜਿਆ। ਮੇਰਾ ਪੁੱਤਰ ਕਰਨਾ ਚਾਹੁੰਦਾ ਹੈ, ਐਸੇ ਸੰਕਲਪ ਨੂੰ ਪਛਾਣ ਲਿਆ॥੧੯॥

ਸੈਯਾ ਛੰਦ- ਤੀਰਥ ਰਾਜ ਤ੍ਰਿਬੇਣੀ ਊਪਰ ਬੀਤ ਗਏ ਜਬਿਹੂੰ ਖਟ ਮਾਸ।
ਪੁੰਨ ਦਾਨ ਦਿਨ ਕਰਤਿ ਬਿਤਾਏ ਤਹੀਂ ਆਨਿ ਕੀਨਸਿ ਪਰਕਾਸ਼।
ਸ੍ਰੀ ਗੁਜਰੀ ਗੁਭ ਧਾਰ੍ਯੋ ਪਾਵਨ ਬ੍ਰਧੈ ਚੰਦ ਸਮ ਚਾਰੁ ਉਜਾਸ।
ਜਹਿਂ ਕਹਿਂ ਇਸਤ੍ਰੀ ਜੋ ਅਵਿਲੋਕਹਿ ਬਿਸਮਹਿ ਪ੍ਰੇਮ ਪਰਹਿ ਦੁਤਿ ਰਾਸ॥੨੦॥

ਤੀਰਥ ਰਾਜ ਤ੍ਰਿਬੇਣੀ ਉਤੇ ਜਦ ਛੇ ਮਹੀਨੇ ਬੀਤ ਗਏ, ਪੁੰਨ ਦਾਨ ਕਰਦਿਆਂ ਸਾਰੇ ਦਿਨ ਬਤੀਤ ਕੀਤੇ ਤਾਂ ਉਥੇ ਹੀ ਆ ਕੇ ਦੁਸ਼ਟਦਮਨ ਨੇ ਪ੍ਰਕਾਸ਼ ਕੀਤਾ। ਸ੍ਰੀ ਗੁਜਰੀ ਜੀ ਨੇ ਗਰਭ ਧਾਰਨ ਕੀਤਾ, ਪੂਰਨਮਾਸ਼ੀ ਦੇ ਚੰਦ ਵਾਂਗ ਸੁੰਦਰ ਉਜਾਲਾ ਹੋ ਗਿਆ। ਜਿੱਥੇ ਕਿੱਥੇ ਕੋਈ ਇਸਤਰੀ ਵੇਖਦੀ ਸੀ ਹੈਰਾਨ ਹੋ ਕੇ ਪ੍ਰੇਮ ਨਾਲ ਭਰ ਜਾਂਦੀ ਸੀ॥੨੦॥

ਦੇਖਿ ਨੁਖਾ ਕੋ ਮਾਤ ਨਾਨਕੀ ਬਧ੍ਯੋ ਅਨੰਦ, ਨ ਰਿਦੇ ਸਮਾਇ।
ਦਾਨ ਬਹੁਤ ਰੰਕਨਿ ਕੋ ਦੀਨਸਿ ਲੇਤਿ ਆਸ਼ਿਖਾ ਕੋ ਹਰਖਾਇ॥
ਮਹਾਂ ਪ੍ਰਤਾਪੀ ਸੁਤ ਕੇ ਸੁਤ ਹ੍ਵੈ ਪਤਿ ਕੋ ਬਾਕ ਅਬਹਿ ਬਿਦਤਾਇ।
ਸਕਲ ਗੁਰੁਨਿ ਕੋ ਮਹਾਂ ਅਰਾਧਤਿ ਕਰਹਿ ਤ੍ਰਿਹਾਵਲ ਕੋ ਬਰਤਾਇ॥੨੧॥

ਆਪਣੀ ਨੂੰਹ ਨੂੰ ਗਰਭਵਤੀ ਵੇਖ ਕੇ ਮਾਤਾ ਨਾਨਕੀ ਜੀ ਦੇ ਹਿਰਦੇ ਵਿਚ ਬਹੁਤ ਅਨੰਦ ਵਧਿਆ ਤੇ ਉਹ ਖੁਸ਼ੀ ਨਾਲ ਸਮਾਉਂਦੀ ਨਹੀਂ ਸੀ। ਗਰੀਬਾਂ ਨੂੰ ਬਹੁਤ ਦਾਨ ਦਿੰਦੀ ਸੀ, ਤੇ ਅਸੀਸਾਂ ਲੈ ਕੇ ਬਹੁਤ ਪ੍ਰਸੰਨ ਹੁੰਦੀ ਸੀ। ਮਹਾਂਪ੍ਰਤਾਪੀ ਪੁੱਤਰ ਦੇ ਘਰ ਪੁੱਤਰ ਹੋਵੇਗਾ, ਪਤੀ ਗੁਰੂ ਹਰਿਗੋਬਿੰਦ ਸਾਹਿਬ ਦੇ ਕਹੇ ਬਚਨ ਹੁਣ ਪ੍ਰਗਟ ਹੋਏ ਸਨ। ਸਾਰੇ ਗੁਰੂ ਸਾਹਿਬਾਨ ਦੀ ਅਰਾਧਨਾ ਕਰਦੀ ਸੀ ਤੇ ਕੜਾਹ ਪ੍ਰਸ਼ਾਦਿ ਕਰਵਾ ਕੇ ਵਰਤਾਉਂਦੀ ਸੀ॥੨੧॥

ਮਹਿਮਾ ਮਹਾਂ ਪੌਤ੍ਰ ਕੀ ਜਾਨਤਿ ਯਾਂਤੇ ਉਤਸਵ ਕੋ ਅਧਿਕਾਇ।
ਮਨ ਹੀ ਮਨਹਿਂ ਮਨਾਵਤਿ ਪ੍ਰਭੁ ਕੋ 'ਏਕੰਕਾਰ ਸਭਿਨਿ ਕੋ ਰਾਇ।
ਕਰੋ ਮਨੋਰਥ ਪੂਰਨ ਮਮ ਅਬਿ ਰਹੌਂ ਪ੍ਰਤੀਖਤਿ ਬਰਖ ਬਿਤਾਇ।
ਸਦ ਬਲਿਹਾਰ ਜਾਉਂ ਤਿਸ ਦਿਨ ਪਰ ਸੁਤ ਕੋ ਸੁਤ ਜਬਿ ਮੁਖ ਦਿਖਰਾਇ॥੨੨॥

ਆਪਣੇ ਪੋਤਰੇ ਦੀ ਮਹਾਨ ਮਹਿਮਾ ਨੂੰ ਜਾਣਦੀ ਸੀ, ਇਸ ਕਰਕੇ ਬਹੁਤ ਉਤਸਵ ਕਰਦੀ ਸੀ। ਮਨ ਹੀ ਮਨ ਵਿਚ ਪ੍ਰਭੂ ਨੂੰ ਮਨਾਉਂਦੀ ਸੀ "ਇਕ ਅਕਾਲ ਪੁਰਖ ਹੀ ਸਭ ਦਾ ਮਾਲਕ ਹੈ। ਮੇਰਾ ਹੁਣ ਮਨੋਰਥ ਪੂਰਾ ਕਰੋ, ਕਈ ਸਾਲਾਂ ਤੋਂ ਮੈਂ ਇੰਤਜ਼ਾਰ ਕਰ ਰਹੀ ਹਾਂ। ਉਸ ਦਿਨ ਮੈਂ ਸੌ ਵਾਰ ਕੁਰਬਾਨ ਜਾਵਾਂਗੀ, ਜਦ ਮੇਰੇ ਪੁੱਤਰ ਦਾ ਪੁੱਤਰ ਆਪਣਾ ਮੁਖੜਾ ਵਿਖਾਵੇਗਾ॥੨੨॥

ਮਮ ਸੁਤ ਕੇ ਨਹਿੰ ਸੰਤਤਿ ਹੋਈ ਸੰਮਤ ਬੀਤੇ ਬਾਂਛਤਿ ਜਾਲ।
ਤੀਨ ਲੋਕਪਤਿ ਪ੍ਰਭੁ ਪਰਮੇਸ਼ੁਰ ਮੈਂ ਜਾਨਯੋ ਅਬਿ ਭਯੋ ਕ੍ਰਿਪਾਲ।
ਪੁੰਜ ਤੇਜ ਕੋ ਅਧਿਕ ਪ੍ਰਤਾਪੀ ਜਨਮਹਿਗੋ ਅਸ ਸੁੰਦਰ ਬਾਲ।
ਧੰਨ ਭਾਗ ਮੈਂ ਬਨੌਂ ਦਿਵਸ ਤਿਸ ਇਮ ਮਾਤਾ ਕੋ ਮੋਦ ਬਿਸਾਲ॥ ੨੩॥

ਮੇਰੇ ਪੁੱਤਰ ਦੇ ਘਰ ਕੋਈ ਸੰਤਾਨ ਨਹੀਂ ਹੋਈ ਹੈ, ਪੋਤਰਾ ਚਾਹੁੰਦੀ ਨੂੰ ਬਹੁਤ ਸਾਲ ਬੀਤ ਗਏ ਹਨ। ਪ੍ਰਭੂ ਪਰਮੇਸ਼ਰ ਤਿੰਨਾਂ ਲੋਕਾਂ ਦੇ ਮਾਲਕ ਹਨ, ਮੈਂ ਜਾਣਿਆ ਹੈ ਕਿ ਹੁਣ ਉਨ੍ਹਾਂ ਦੀ ਕਿਰਪਾ ਹੋਈ ਹੈ। ਉਸ ਦਾ ਵੱਡਾ ਤੇਜ ਅਤੇ ਪ੍ਰਤਾਪ ਹੋਵੇਗਾ, ਐਸਾ ਸੁੰਦਰ ਬਾਲ ਜਨਮ ਲਵੇਗਾ, ਉਸ ਦਿਨ ਮੇਰੇ ਧੰਨ ਭਾਗ ਹੋ ਜਾਣਗੇ।" ਇਸ ਤਰ੍ਹਾਂ ਮਾਤਾ ਜੀ ਬਹੁਤ ਪ੍ਰਸੰਨ ਸਨ॥੨੩॥

ਸੰਗਤ ਨਿਤ ਪ੍ਰਤਿ ਆਇ ਘਨੇਰੀ ਨਿਕਟਿ ਨਿਕਟਿ ਚਹੁੰ ਦਿਸ਼ਿ ਤੇ ਬ੍ਰਿੰਦ।
ਸ਼੍ਰੀ ਗੁਰ ਤੇਗ ਬਹਾਦਰ ਦਰਸਹਿਂ ਬਾਂਛਤਿ ਫਲ ਕੋ ਪਾਇਂ ਬਿਲੰਦ।
ਸੁਤ ਚਾਹਤਿ, ਬਿਤ ਕੇਤਿਕ ਚਾਹਤਿ, ਕੋ ਅਰੋਗ, ਚਹਿ ਕਿਤਿਕ ਅਨੰਦ।
ਕੇਤਿਕ ਭਗਤਿਭਾਉ ਕੋ ਜਾਚਤਿ, ਚਹਿਂ ਸਿਮਰਨ ਸਤਿਨਾਮ ਮੁਕੰਦ॥ ੨੪॥

ਨਿਤਾਪ੍ਰਤੀ ਬਹੁਤ ਸੰਗਤ ਆਉਂਦੀ ਸੀ, ਨੇੜੇ-ਨੇੜੇ ਦੇ ਚਾਰੇ ਪਾਸਿਆਂ ਤੋਂ ਬਹੁਤ ਲੋਕ ਆਉਂਦੇ ਸਨ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਦੇ ਸਨ ਤੇ ਮੂੰਹ ਮੰਗਿਆ ਫਲ ਪ੍ਰਾਪਤ ਕਰਦੇ ਸਨ। ਕਈ ਪੁੱਤਰ ਚਾਹੁੰਦੇ ਸੀ, ਕਈ ਇਸਤਰੀ ਚਾਹੁੰਦੇ ਸਨ, ਕੋਈ ਅਰੋਗ ਹੋਣਾ ਚਾਹੁੰਦਾ ਸੀ, ਕਈ ਅਨੰਦ ਮੰਗਲ ਚਾਹੁੰਦੇ ਸਨ। ਕਈ ਭਗਤੀ ਭਾਵਨਾ ਮੰਗਦੇ ਸਨ ਤੇ ਮੁਕਤੀ ਦਾਤੇ ਸਤਿਨਾਮ ਦਾ ਸਿਮਰਨ ਕਰਨਾ ਚਾਹੁੰਦੇ ਸਨ॥੨੪॥

ਉਪਜਹਿ ਬ੍ਰਹਮ ਗਜਾਨ ਉਰ ਕੇਤਿਕ, ਨਵਨਿਧ ਸਿੱਧਾਂ ਕੇਚਿਤ ਪਾਇਂ।
ਕੇਤਿਕ ਸੇਵਤਿ ਨਿਤ ਪਗ ਪੰਕਜ ਬਸਹਿਂ ਨਿਕਟਿ ਦਰਸ਼ਨ ਦਰਸਾਇਂ।
ਕਰਹਿ ਦੇਗ ਕੋ, ਆਨਹਿ ਜਲ ਕੋ, ਬਸਤ੍ਰ ਪਖਾਰਹਿਂ ਧਰਿ ਚਿਤ ਚਾਇ।
ਕੇਚਿਤ ਪਵਨ ਝੁਲਾਵਹਿਂ ਗੁਰੂ ਕੋ, ਕੋ ਪਨਹੀ ਕੋ ਪੋਂਛ ਬਨਾਇ॥ ੨੫॥

ਕਈਆਂ ਦੇ ਹਿਰਦਿਆਂ ਵਿਚ ਬ੍ਰਹਮ ਗਿਆਨ ਪ੍ਰਗਟ ਹੋਇਆ ਸੀ, ਕਈ ਨੌਂ ਨਿਧੀਆਂ ਤੇ ਬਾਰਾਂ ਸਿਧੀਆਂ ਪਾਉਂਦੇ ਸਨ। ਕਈ ਨਿਤ ਗੁਰੂ ਜੀ ਦੇ ਚਰਨ ਕੰਵਲਾਂ ਦਾ ਸਿਮਰਨ ਕਰਦੇ ਸਨ ਤੇ ਉਹ ਗੁਰੂ ਜੀ ਪਾਸ ਰਹਿ ਕੇ ਨਿਤ ਦਰਸ਼ਨ ਕਰਦੇ ਸਨ। ਕੋਈ ਲੰਗਰ ਤਿਆਰ ਕਰਦਾ ਸੀ, ਕੋਈ ਜਲ ਲਿਆਉਂਦਾ ਸੀ ਤੇ ਕਈ ਬੜੇ ਪ੍ਰਸੰਨ ਹੋ ਕੇ ਗੁਰੂ ਜੀ ਦੇ ਵਸਤਰ ਧੋਂਦੇ ਸਨ। ਕਈ ਗੁਰੂ ਜੀ ਨੂੰ ਪੱਖਾ ਝਲਦੇ ਸਨ। ਕਈ ਉਨ੍ਹਾਂ ਦੀ ਜੁਤੀ ਨੂੰ ਪੂੰਝ ਕੇ ਸਵਾਰਦੇ ਸਨ॥੨੫।

ਧਰਹਿ ਭਾਉ ਕੌ ਚਰਨ ਪਖਾਰਹਿਂ, ਕੋ ਈਂਧਨ ਆਨਹਿ ਹਰਖਾਇ।
ਸੂਖਮ ਬਸਤ੍ਰ ਮੋਲ ਬਹੁ ਦੇਕੈ ਕੋ ਪੋਸ਼ਿਸ਼ ਲਜਾਵੈ ਬਨਿਵਾਇ।
ਚੀਰ ਜ਼ਨਾਨੇ ਜ਼ਰੀ ਜੁਗਤ ਕੋ ਅਰਪਹਿ ਘਰ ਸਤਿਗੁਰੁ ਕੇ ਜਾਇ।
ਆਨਹਿਂ ਅੰਨ ਕਿਤਿਕ ਬਹੁ ਸ਼੍ਰੇਸ਼ਟ ਸਿਤਾ ਘ੍ਰਿਤ ਲੰਗਰ ਮਹਿਂ ਪਾਇ॥ ੨੬॥

ਕਈ ਪ੍ਰੇਮ ਧਾਰ ਕੇ ਚਰਨ ਧੋਂਦੇ ਸਨ, ਕਈ ਪ੍ਰਸੰਨ ਹੋ ਕੇ ਬਾਲਣ ਲਿਆਉਂਦੇ ਸਨ। ਕਈ ਬੜੇ ਕੀਮਤੀ ਨਰਮ ਕਪੜੇ ਦਿੰਦੇ ਸਨ, ਕਈ ਪੋਸ਼ਾਕੇ ਤਿਆਰ ਕਰਕੇ ਲਿਆਉਂਦੇ ਸਨ। ਕਈ ਸਤਿਗੁਰੂ ਜੀ ਦੇ ਘਰ ਜਾ ਕੇ ਇਸਤਰੀਆਂ ਲਈ ਜਰੀ ਦੇ

ਕਪੜੇ ਅਰਪਣ ਕਰਦੇ ਸਨ। ਕਈ ਅਨਾਜ ਲਿਆਉਂਦੇ ਸਨ, ਕਈ ਬਹੁਤ ਸ੍ਰੇਸ਼ਟ ਖੰਡ ਘਿਉ ਲਿਆ ਕੇ ਲੰਗਰ ਵਿਚ ਪਾਉਂਦੇ ਸਨ॥੨੬॥

ਕੌਨ ਕੌਨ ਸੇਵਾ ਕੋ ਗਿਨੀਅਹਿ ਕਰਹਿਂ ਆਨਿ ਹਿਤ ਨਿਜ ਕੱਲਜਾਨ।
ਭਰੀ ਭੀਰ ਸਤਿਗੁਰੁ ਕੇ ਚਹੁੰਦਿਸ਼ਿ ਰਹੈਂ ਨਿਤਾਪ੍ਰਤਿ ਹਿਤ ਨਿਜ ਠਾਨਿ।
ਪਾਇਂ ਸਰਬ ਕੁਛ ਧਰਹਿਂ ਕਾਮਨਾ, ਹੋਹਿ ਕੀਰਤਨ ਸੁਨਹਿਂ ਸੁਜਾਨ।
ਲੋਕ ਪ੍ਰਲੋਕ ਸੁਧਾਰਜੇ, ਕੇਤਿਕ ਸਹਤ ਸਿੱਧਿ ਕੇ ਬਿਦਤਿ ਜਹਾਨ॥ ੨੭॥

ਕਿਹੜੀ-ਕਿਹੜੀ ਸੇਵਾ ਗਿਣੀਏ, ਸਾਰੇ ਆਪਣੇ ਕਲਿਆਣ ਵਾਸਤੇ ਆ ਕੇ ਸੇਵਾ ਕਰਦੇ ਸਨ। ਸਤਿਗੁਰੂ ਜੀ ਦੇ ਚਾਰੇ ਪਾਸੇ ਭੀੜ ਬਣੀ ਰਹਿੰਦੀ ਸੀ, ਨਿਤਾਪ੍ਰਤੀ ਆਪਣਾ ਹਿਤ ਧਾਰ ਕੇ ਆਉਂਦੇ ਸਨ। ਕਾਮਨਾ ਧਾਰਨ ਕਰਕੇ ਸਭ ਕੁਝ ਪਾਉਂਦੇ ਸਨ, ਜਦ ਕੀਰਤਨ ਹੁੰਦਾ ਸੀ ਤਾਂ ਚਤੁਰ ਪੁਰਸ਼ ਸੁਣਦੇ ਸਨ। ਕਈ ਆਪਣਾ ਲੋਕ ਪਰਲੋਕ ਸੁਧਾਰਦੇ ਸਨ, ਕਈ ਸਿੱਧੀਆਂ ਸਹਿਤ ਜਗ ਵਿਚ ਪ੍ਰਗਟ ਹੁੰਦੇ ਸਨ॥੨੭॥

ਨਮੋ ਕਰਨਿ ਅਵਿਕਾਸ਼ ਨ ਪਾਵਹਿਂ ਸੰਗਤਿ ਨਈ ਹਜ਼ਾਰੋਂ ਆਇ।
ਇਕ ਰੁਖ਼ਸਦ ਹੋਵਹਿ ਕਰਿ ਬੰਦਨ ਅਨਿਕ ਪ੍ਰਕਾਰਨਿ ਜਸੁ ਬਿਦਤਾਇ।
ਲਜਾਇ ਤਿਹਾਵਲ ਕਰਿ ਅਰਦਾਸਨਿ ਦਿਨ ਪ੍ਰਤਿ ਬਹੁਤ ਬਾਰਿ ਬਰਤਾਇ।
'ਧੰਨ ਧੰਨਾ' ਚਹੁੰਦਿਸ਼ਨਿ ਸੁਨਾਵਹਿਂ, ਇਮ ਮੰਗਲ ਸੁਖ ਕੇ ਸਮੁਦਾਇ॥ ੨੮॥

ਨਮਸਕਾਰ ਕਰਨ ਦਾ ਮੌਕਾ ਨਹੀਂ ਸੀ ਪਾਉਂਦੇ, ਹਜ਼ਾਰਾਂ ਦੀ ਗਿਣਤੀ ਵਿਚ ਨਵੀਂ ਸੰਗਤ ਆਉਂਦੀ ਸੀ। ਇਕ ਸੰਗਤ ਬੰਦਨਾ ਕਰਕੇ ਵਿਦਾ ਹੁੰਦੀ ਸੀ ਤਾਂ ਅਨੇਕ ਪ੍ਰਕਾਰ ਜੱਸ ਪ੍ਰਗਟ ਹੁੰਦਾ ਸੀ। ਕਈ ਕੜਾਹ ਪ੍ਰਸ਼ਾਦ ਤਿਆਰ ਕਰਕੇ ਅਰਦਾਸ ਕਰਵਾਉਂਦੇ ਸਨ ਤੇ ਦਿਨ ਵਿਚ ਕਈ ਵਾਰ ਪ੍ਰਸ਼ਾਦਿ ਵਰਤਾਇਆ ਜਾਂਦਾ ਸੀ। "ਧੰਨ ਧੰਨਾ" ਚਾਰੇ ਪਾਸੇ ਸੁਣਾਉਂਦੇ ਸਨ, ਇਸ ਤਰ੍ਹਾਂ ਸਾਰੇ ਸੁਖ ਨਾਲ ਅਨੰਦ ਮੰਗਲ ਕਰਦੇ ਸਨ॥੨੮॥

*ਗਿਆਰ੍ਹਵੀਂ ਰਾਸ ਦਾ ਤਰਵੰਜਵਾਂ ਅਧਿਆਇ ਸਮਾਪਤ ਹੋਇਆ॥੫੩॥*

## ਅਧਿਆਇ ਚਰਵੰਜਵਾਂ

*ਪ੍ਰਯਾਗ ਤੋਂ ਕਾਂਸ਼ੀ*

ਦੋਹਰਾ- ਸ੍ਰੀ ਗੁਰੁ ਕਰਿ ਕੈ ਬਾਸ ਤਹਿਂ ਕੇਤਿਕ ਦਿਵਸ ਬਿਤਾਇ।
ਭਏ ਤਯਾਰ ਆਗੇ ਚਲਨਿ ਮਿਲੈਂ ਮਨੁਜ ਸਮੁਦਾਇ॥ ੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਥੇ ਰਹਿ ਕੇ ਕਈ ਦਿਨ ਬਤੀਤ ਕੀਤੇ ਫਿਰ ਅੱਗੇ ਚਲਣ ਵਾਸਤੇ ਤਿਆਰ ਹੋ ਗਏ, ਬਹੁਤ ਮਨੁੱਖ ਇਕੱਠੇ ਹੋ ਕੇ ਮਿਲੇ॥੧॥

ਚੌਪਈ- ਸਭਿ ਤੇ ਰੁਖਸਦ ਹੁਇ ਗੁਰ ਚਾਲੇ। ਵਾਹਨ ਅਨਿਕ ਸਜਾਇ ਬਿਸਾਲੇ।
ਸੰਗ ਫਕੀਰਨਿ ਕੋ ਸਮੁਦਾਇ। ਕਿਤਿਕ ਤੁਰੰਗਨਿ ਪਰ ਭਟ ਜਾਇਂ॥੨॥

ਸਾਰਿਆਂ ਨੂੰ ਵਿਦਾ ਕਰਕੇ ਗੁਰੂ ਜੀ ਚਲ ਪਏ, ਅਨੇਕਾਂ ਵਾਹਣ ਬਹੁਤ ਸੁੰਦਰ ਸਜਾਏ ਗਏ ਸਨ। ਗੁਰੂ ਜੀ ਦੇ ਨਾਲ ਫਕੀਰਾਂ ਦਾ ਇਕ ਟੋਲਾ ਸੀ, ਕਈ ਸੂਰਮੇ ਘੋੜਿਆਂ ਤੇ ਚੜ੍ਹੇ ਹੋਏ ਸਨ॥੨॥

ਸਿਵਕਾ ਡੋਰੇ ਸਜੰਦਨ ਜਾਤਿ। ਤਜਿ ਪ੍ਰਯਾਗ ਕੋ ਗਮਨੇ ਪ੍ਰਾਤਿ।
ਥੋਰੇ ਕੋਸਨਿ ਡੇਰਾ ਕਰੈਂ। ਸਨੇ ਸਨੇ ਆਗੈ ਚਲਿ ਪਰੈ॥ ੩॥

ਪਾਲਕੀਆਂ ਡੋਲੇ ਤੇ ਰੱਥ ਜਾ ਰਹੇ ਸਨ, ਪ੍ਰਯਾਗ ਨੂੰ ਛੱਡ ਕੇ ਸਵੇਰੇ ਚਲ ਪਏ। ਕੁਝ ਕੋਹ ਚਲ ਕੇ ਡੇਰਾ ਕਰ ਲਿਆ, ਫਿਰ ਹੌਲੀ ਹੌਲੀ ਅੱਗੇ ਚਲ ਪਏ॥੩॥

ਇਸ ਪ੍ਰਕਾਰ ਗਮਨਤਿ ਗੁਰੂ ਪੂਰੇ। ਜਿਸ ਕੇ ਗੁਨ ਗਨ ਪਾਵਨ ਰੂਰੇ।
ਕਾਂਸ਼ੀ ਪੁਰੀ ਪਹੁੰਚੇ ਜਾਇ। ਡੇਰਾ ਕਰਯੋ ਹੇਰਿ ਸੁਭ ਥਾਇ॥ ੪॥

ਇਸ ਪ੍ਰਕਾਰ ਪੂਰਨ ਗੁਰੂ ਜੀ ਚਲੇ ਜਾ ਰਹੇ ਸਨ, ਜਿਨ੍ਹਾਂ ਦੇ ਗੁਣ ਬੜੇ ਪਵਿੱਤਰ ਅਤੇ ਸੁੰਦਰ ਹਨ। ਚਲ ਕੇ ਕਾਂਸ਼ੀ ਨਗਰ ਵਿਚ ਪਹੁੰਚ ਗਏ, ਸ਼ੁਭ ਥਾਂ ਵੇਖ ਕੇ ਡੇਰਾ ਕਰ ਲਿਆ॥੪॥

ਜਬਿ ਹੀ ਸੰਗਤਿ ਕੋ ਸੁਧਿ ਹੋਈ। ਮਿਲੈਂ ਪਰਸਪਰ ਸਿਖ ਸਭਿ ਕੋਈ।
ਅਨਿਕ ਉਪਾਇਨ ਕੋ ਕਰਿ ਤਯਾਰੀ। ਜਾਇ ਸੁ ਅਰਪੀ ਗੁਰੂ ਅਗਾਰੀ॥ ੫॥

ਜਦ ਸੰਗਤ ਨੂੰ ਇਸ ਬਾਰੇ ਪਤਾ ਲੱਗਾ, ਤਾਂ ਸਾਰੇ ਸਿੱਖ ਆਪਸ ਵਿਚ ਮਿਲਦੇ ਸਨ। ਅਨੇਕ ਉਪਹਾਰ ਤਿਆਰ ਕਰਕੇ ਗੁਰੂ ਜੀ ਦੇ ਅੱਗੇ ਜਾ ਕੇ ਅਰਪਣ ਕਰ ਦਿੰਦੇ ਸਨ॥੫॥

ਹਾਥ ਜੋਰਿ ਅਰਦਾਸ ਕਰਾਈ। ਧਰੇ ਭਾਵਨਾ ਗੁਰ ਤੇ ਪਾਈ।
ਮੁਖਿ ਮਸੰਦ ਆਇ ਪਗ ਪਰਯੋ। ਦਰਬ ਜਿਤਿਕ ਸਭਿ ਆਗੇ ਧਰਯੋ॥ ੬॥

ਹੱਥ ਜੋੜ ਕੇ ਅਰਦਾਸ ਕਰਵਾਉਂਦੇ ਸਨ, ਜੋ ਭਾਵਨਾ ਧਾਰਨ ਕਰਦੇ ਸਨ, ਉਹ ਗੁਰੂ ਜੀ ਤੋਂ ਪ੍ਰਾਪਤ ਕਰਦੇ ਸਨ। ਕਾਸ਼ੀ ਦਾ ਮੁੱਖੀ ਮਸੰਦ ਆ ਕੇ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ, ਜਿੰਨਾ ਵੀ ਧਨ ਸੀ ਸਾਰਾ ਅੱਗੇ ਧਰ ਦਿੱਤਾ॥੬॥

ਜੀਵਨ ਲਾਭ ਲਹਯੋ ਗੁਰ ਦਰਸ਼ਨ। ਆਇ ਕਰਹਿੰ ਪਗ ਪੰਕਜ ਪਰਸਨ।
ਨਾਨਾ ਭਾਂਤਿਨਿ ਉਤਸਵ ਕਰੈਂ। ਲਯਾਇੰ ਤਿਹਾਵਲ ਆਗੈ ਧਰੈਂ॥ ੭॥

ਗੁਰੂ ਜੀ ਦੇ ਦਰਸ਼ਨ ਕਰਕੇ ਆਪਣੇ ਜੀਵਨ ਦਾ ਲਾਭ ਪ੍ਰਾਪਤ ਕਰਦੇ ਸਨ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਦੇ ਸਨ। ਕਈ ਪ੍ਰਕਾਰ ਦੇ ਉਤਸਵ ਕਰਦੇ ਸਨ ਤੇ ਕੜਾਹ ਪ੍ਰਸ਼ਾਦਿ ਲਿਆ ਕੇ ਅੱਗੇ ਧਰਦੇ ਸਨ॥੭॥

ਕਿਤਿਕ ਦਿਵਸ ਗੁਰੁ ਡੇਰੋ ਰਾਖਾ। ਰਾਖਹਿ ਸੰਗਤਿ ਕਰਿ ਅਭਿਲਾਖਾ।
ਸਿੱਖਜਨਿ ਮਨ ਬਾਂਛਿਤ ਬਰ ਜਾਚੇ। ਦੇਖਿ ਭਾਉ ਦੇ ਸਤਿਗੁਰ ਸਾਚੇ॥ ੮॥

ਗੁਰੂ ਜੀ ਨੇ ਉਥੇ ਕਈ ਦਿਨ ਡੇਰਾ ਰੱਖਿਆ, ਸੰਗਤ ਨੇ ਅਭਿਲਾਸ਼ਾ ਕਰਕੇ ਗੁਰੂ ਜੀ ਨੂੰ ਆਪਣੇ ਪਾਸ ਰੱਖਿਆ। ਸਿੱਖ ਮੂੰਹ ਮੰਗੀਆਂ ਮੁਰਾਦਾਂ ਮੰਗਦੇ ਸਨ ਤੇ ਉਨ੍ਹਾਂ ਦਾ ਪਿਆਰ ਵੇਖ ਕੇ ਸੱਚੇ ਸਤਿਗੁਰੂ ਜੀ ਮੁਰਾਦਾਂ ਪੂਰੀਆਂ ਕਰਦੇ ਸਨ॥੮॥

ਪਸਰਯੋ ਸੁਜਸੁ ਅਧਿਕ ਬਿਚ ਕਾਂਸ਼ੀ। ਮਿਲਿ ਮਿਲਿ ਨਰ ਜਿਤ ਕਿਤੈ ਪ੍ਰਕਾਸ਼ੀ।
ਬਹੁ ਪੰਡਿਤ ਬਿੱਦਯਾ ਮਹਿੰ ਨਿਪੁਨ। ਆਵਤਿ ਹੈਂ ਗੁਰ ਕੇ ਹਿਤ ਦਰਸ਼ਨ॥ ੯॥

ਕਾਂਸ਼ੀ ਦੇ ਵਿਚ ਬਹੁਤ ਸ੍ਰੇਸ਼ਟ ਜੱਸ ਫੈਲਿਆ, ਮਨੁੱਖ ਮਿਲ-ਮਿਲ ਜਿੱਥੇ ਕਿਥੇ ਗੁਰੂ ਜੀ ਦਾ ਜੱਸ ਪ੍ਰਕਾਸ਼ਦੇ ਸਨ। ਬਹੁਤ ਪੰਡਿਤ ਜਿਹੜੇ ਵਿਦਿਆ ਵਿਚ ਨਿਪੁੰਨ ਸਨ, ਉਹ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਉਂਦੇ ਸਨ॥੯॥

ਸੰਨਯਾਸੀ ਬਹੁ ਤਪੀ ਦਿਗੰਬਰ। ਅਨਿਕ ਭੇਖ ਜੇ ਪਹਿਰਤਿ ਅੰਬਰ।
ਪੂਛਹਿਂ ਆਨਿ ਬ੍ਰਹਮ ਕੋ ਨਿਰਨੈ। ਨਿਤ ਪ੍ਰਤਿ ਉੱਤਰ ਸਤਿਗੁਰੁ ਬਰਨੈਂ॥ ੧੦॥

ਬਹੁਤ ਸੰਨਿਆਸੀ ਤੇ ਨਾਂਗੇ ਤਪੱਸਵੀ, ਜਿਹੜੇ ਅਨੇਕਾਂ ਭੇਸਾਂ ਦੇ ਕਪੜੇ ਪਹਿਨਦੇ ਸਨ, ਉਹ ਆ ਕੇ ਬ੍ਰਹਮ ਦਾ ਨਿਰਨਾ ਪੁੱਛਦੇ ਸਨ ਤੇ ਸਤਿਗੁਰੂ ਜੀ ਨਿਤਾਪ੍ਰਤੀ ਉੱਤਰ ਵਰਣਨ ਕਰਦੇ ਸਨ॥੧੦॥

ਜਸ ਜਸ ਜਿਨ ਜਿਨ ਬੂਝਨਿ ਕਰਜੋ। ਤਸ ਤਸ ਉੱਤਰ ਗੁਰੂ ਉਚਰਜੋ।
ਹਰਖਹਿਂ ਸੁਨਿ ਉਸਤਤੀ ਬਖਾਨੈਂ। 'ਜਥਾ ਜੋਗ ਜਗ ਗੁਰ ਹਮ ਜਾਨੈਂ'॥ ੧੧॥

ਜਿਵੇਂ ਜਿਵੇਂ ਜਿਸ ਜਿਸ ਵੀ ਪੁੱਛਿਆ, ਉਸ ਤਰ੍ਹਾਂ ਹੀ ਗੁਰੂ ਜੀ ਨੇ ਉੱਤਰ ਉਚਾਰਨ ਕੀਤਾ। ਜਵਾਬ ਸੁਣਕੇ ਬਹੁਤ ਪ੍ਰਸੰਨ ਹੁੰਦੇ ਸਨ ਤੇ ਉਸਤਤਿ ਕਰਦੇ ਸਨ, "ਯਥਾ ਯੋਗ ਜਗਤ ਗੁਰੂ ਨੂੰ ਅਸੀਂ ਜਾਣਿਆ ਹੈ"॥੧੧॥

ਸਿੱਖ ਹਜ਼ਾਰਹੁਂ ਹੋਵਤਿ ਆਇ। ਸ਼ਰਧਾ ਧਰਿ ਧਰਿ ਬਰ ਕੋ ਪਾਇਂ।
ਬਹੁ ਸੰਗਤਿ ਕੋ ਲਗਜੋ ਦਿਵਾਨ। ਹਰਖਤਿ ਹੁਇ ਸਤਿਗੁਰੂ ਬਖਾਨਿ॥ ੧੨॥

ਹਜ਼ਾਰਾਂ ਲੋਕ ਆ ਕੇ ਸਿੱਖ ਹੋਏ ਤੇ ਸ਼ਰਧਾ ਧਾਰ-ਧਾਰ ਕੇ ਵਰ ਪ੍ਰਾਪਤ ਕਰਦੇ ਸਨ। ਬਹੁਤ ਵੱਡੀ ਸੰਗਤ ਦਾ ਦੀਵਾਨ ਲਗਿਆ, ਪ੍ਰਸੰਨ ਹੋ ਕੇ ਗੁਰੂ ਜੀ ਨੇ ਬਚਨ ਕੀਤੇ॥੧੨॥

'ਇਹ ਪੁਰਿ ਸ਼ਿਵ ਕੋ ਮਹਾਂ ਮਹਾਤਮ। ਰਹਹਿਂ ਸੰਤ ਸਿਖ ਨਿਰਮਲ ਆਤਮ।
ਗੁਰੂ ਸਿੱਖੀ ਕੋ ਕੋਠਾ ਅਹੈ॥ ਗੁਰ ਸ਼ਰਧਾ ਉਰ ਧਰਿ ਬਰ ਰਹੈਂ॥ ੧੩॥

ਇਸ ਨਗਰ ਵਿਚ ਸ਼ਿਵਜੀ ਦੀ ਵੱਡੀ ਵਡਿਆਈ ਹੈ, ਏਥੇ ਸੰਤਾਂ ਅਤੇ ਸਿੱਖਾਂ ਦੀ ਆਤਮਾ ਨਿਰਮਲ ਰਹਿੰਦੀ ਹੈ। ਗੁਰਸਿੱਖੀ ਦਾ ਇਹ ਕੋਠਾ ਹੈ, ਹਿਰਦੇ ਵਿਚ ਗੁਰੂ ਜੀ ਦੀ ਸ਼ਰਧਾ ਧਾਰ ਕੇ ਸ੍ਰੇਸ਼ਟ ਸਿੱਖ ਰਹਿੰਦੇ ਹਨ॥੧੩॥

ਪਾਵਨ ਛੇਤ੍ਰ ਆਦਿਕੋ ਭਯੋ। ਨੀਲਕੰਠ ਰੁਚਿ ਸੋਂ ਰਚਿ ਦਯੋ।
ਜੇ ਮਾਨਵ ਬਾਸਹਿਂ ਸਮੁਦਾਇ। ਗਤਿ ਦੇਵਨਿ ਮਹਿਂ ਬਨਹਿ ਸਹਾਇ॥ ੧੪॥

ਆਰੰਭ ਤੋਂ ਹੀ ਕਾਂਸ਼ੀ ਪਵਿੱਤਰ ਸਥਾਨ ਜਾਣਿਆ ਜਾਂਦਾ ਹੈ, ਸ਼ਿਵਜੀ ਨੇ ਆਪਣੀ ਰੁਚੀ ਅਨੁਸਾਰ ਇਸ ਨੂੰ ਬਣਾਇਆ। ਜਿਹੜੇ ਮਨੁੱਖ ਏਥੇ ਵੱਸਦੇ ਹਨ, ਉਨ੍ਹਾਂ ਨੂੰ ਗਤੀ ਦੇਣ ਵਿਚ ਸਹਾਇਕ ਬਣਦੇ ਹਨ॥੧੪॥

ਸਿਮਰਹੁ ਸੁਖਦਾ ਨਿਤ ਸਤਿਨਾਮ। ਸ਼ੰਕਰ ਪੁਰੀ ਬਸਹੁ ਕਰਿ ਧਾਮ।
ਸੁਨਿ ਕਰਿ 'ਕਾਂਸ਼ੀ ਮਹਿਂ ਗੁਰੂ ਆਏ। ਕੇਤਿਕ ਦਯੋਸ ਬਸੇ ਮਨ ਭਾਏ'॥ ੧੫॥

ਸਦਾ ਸੁੱਖ ਦੇਣ ਵਾਲੇ ਸਤਿਨਾਮ ਦਾ ਸਿਮਰਨ ਕਰੋ, ਸ਼ੰਕਰ ਦੀ ਨਗਰੀ ਵਿਚ ਘਰ ਬਣਾ ਕੇ ਵੱਸੋ। ਇਹ ਸੁਣ ਕੇ ਕਿ "ਗੁਰੂ ਜੀ ਕਾਂਸ਼ੀ ਵਿਚ ਆਏ ਹਨ ਤੇ ਮਨ-ਭਾਉਂਦੇ ਗੁਰੂ ਜੀ ਕਈ ਦਿਨ ਉਥੇ ਰਹੇ ਹਨ"॥੧੫॥

ਸੰਗਤਿ ਜੌਨਪੁਰੇ ਕੀ ਆਈ। ਅਪਰ ਜਿ ਗਾਮ ਨਗਰ ਗਿਰਦਾਈ।
ਸੁਨਿ ਸਤਿਗੁਰ ਕੋ ਤਹਿਂ ਆਗਵਨੂ। ਪ੍ਰੇਮ ਧਰੇ ਆਏ ਤਜਿ ਭਵਨੂ॥ ੧੬॥

ਜੌਨਪੁਰ ਦੀ ਵੱਡੀ ਸੰਗਤ ਆਈ, ਹੋਰ ਜਿਹੜੇ ਆਸ ਪਾਸ ਦੇ ਪਿੰਡ ਅਤੇ ਨਗਰ ਸਨ, ਉਥੋਂ ਦੀ ਸੰਗਤ ਵੀ ਗੁਰੂ ਜੀ ਦੇ ਆਉਣ ਬਾਰੇ ਸੁਣਕੇ, ਪ੍ਰੇਮ ਧਾਰ ਕੇ ਆਪਣੇ ਘਰ ਛੱਡ ਕੇ ਆਈ॥੧੬॥

ਅਨਿਕ ਅਕੋਰਨਿ ਕੋ ਅਰਪੰਤੇ। ਹਾਥ ਜੋਰਿ ਕਰਿ ਨਮੋ ਕਰੰਤੇ।
ਪਗ ਪੰਕਜ ਕੀ ਰਜ ਕੋ ਲੈਕੈ। ਸਿਰ ਮੁਖ ਪਰ ਫੇਰਹਿਂ ਹਿਤ ਕੈ ਕੈ॥ ੧੭॥

ਅਨੇਕ ਪ੍ਰਕਾਰ ਦੇ ਉਪਹਾਰਾਂ ਨੂੰ ਅਰਪਣ ਕਰਦੇ ਸਨ ਤੇ ਹੱਥ ਜੋੜ ਕੇ ਨਮਸਕਾਰ ਕਰਦੇ ਸਨ। ਚਰਨ ਕੰਵਲਾਂ ਦੀ ਧੂੜ ਨੂੰ ਲੈ ਕੇ ਬੜੇ ਪ੍ਰੇਮ ਨਾਲ ਆਪਣੇ ਸਿਰ ਅਤੇ ਮੁੱਖ ਤੇ ਫੇਰਦੇ ਸਨ॥੧੭॥

ਜਨਮ ਲਾਭ ਸਿੱਖਨਿ ਸਭਿ ਲੀਨਾ। ਧਰਿ ਧਰਿ ਪ੍ਰੇਮ ਦਰਸ ਗੁਰੁ ਕੀਨਾ।
ਇਕ ਭਾਈ ਗੁਰਬਖਸ਼ ਹੁਲਾਸੀ। ਸੰਗਤਿ ਸੰਗ ਜਵਨ ਪੁਰ ਬਾਸੀ॥ ੧੮ ॥

ਆਪਣੇ ਜਨਮ ਦਾ ਸਿੱਖਾਂ ਨੇ ਲਾਭ ਲਿਆ, ਪ੍ਰੇਮ ਧਾਰ-ਧਾਰ ਕੇ ਗੁਰੂ ਜੀ ਦੇ ਦਰਸ਼ਨ ਕੀਤੇ। ਇਕ ਭਾਈ ਗੁਰਬਖਸ਼ ਹੁਲਾਸੀ ਸੀ, ਉਹ ਜੌਨਪੁਰ ਦੀ ਸੰਗਤ ਨਾਲ ਮਿਲ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ॥੧੮॥

ਪ੍ਰੇਮੀ ਮਹਾਂ ਭਜਨ ਕੋ ਕਰਿਤਾ। ਰਿਦੈ ਧਯਾਨ ਸਤਿਗੁਰ ਕੌ ਧਰਿਤਾ।
ਸ਼੍ਰੀ ਗੁਰੂ ਤੇਗ ਬਹਾਦਰ ਤੀਰ। ਕਰਯੋ ਭਜਨ ਤਿਨ ਧੁਨਿ ਗੰਭੀਰ॥ ੧੯ ॥

ਬੜੇ ਪ੍ਰੇਮ ਨਾਲ ਭਜਨ ਕਰਦਾ ਸੀ ਤੇ ਹਿਰਦੇ ਵਿਚ ਸਤਿਗੁਰੂ ਜੀ ਦਾ ਧਿਆਨ ਧਾਰਨ ਕਰਦਾ ਸੀ। ਸਤਿਗੁਰੂ ਤੇਗ ਬਹਾਦਰ ਜੀ ਦੇ ਪਾਸ ਬੈਠ ਕੇ ਉਸ ਨੇ ਗੰਭੀਰ ਧੁਨੀ ਵਿਚ ਸ਼ਬਦ ਦਾ ਗਾਇਨ ਕੀਤਾ॥੧੯॥

ਧਰਿ ਧਰਿ ਪ੍ਰੇਮ ਮਹਾਂ ਧੁਨਿ ਸਾਥ। ਕਰਹਿ ਸੁਨਾਵਨਿ ਸਤਿਗੁਰ ਨਾਥ।
ਏਕ ਜਾਮ ਲਗਿ ਕਰਤਿ ਰਹਯੋ ਹੈ। ਸੁਨਿ ਗੁਰੁਦੇਵ ਸੁ ਪ੍ਰੇਮਿ ਲਹਯੋ ਹੈ॥੨੦॥

ਪ੍ਰੇਮ ਧਾਰ-ਧਾਰ ਕੇ ਮਹਾਂ ਸੁਰੀਲੀ ਧੁਨੀ ਨਾਲ, ਉਹ ਮਾਲਕ ਸਤਿਗੁਰੂ ਜੀ ਨੂੰ ਸ਼ਬਦ ਸੁਣਾਉਂਦਾ ਸੀ। ਇਕ ਪਹਿਰ ਤਕ ਸ਼ਬਦ ਦਾ ਗਾਇਨ ਕਰਦਾ ਰਿਹਾ, ਸਤਿਗੁਰੂ ਜੀ ਨੇ ਸੁਣ ਕੇ ਬੜਾ ਪ੍ਰੇਮ ਕੀਤਾ॥੨੦॥

ਕ੍ਰਿਪਾਨਿਧਾਨ ਪ੍ਰਸੰਨ ਬਿਸਾਲਾ। ਇਸ ਬਿਧਿ ਬਰ ਦੀਨਸਿ ਤਿਸ ਕਾਲਾ।
'ਸੁਨਿ ਭਾਈ ਗੁਰਬਖਸ਼ ਨਿਹਾਲ। ਨਹੀਂ ਫਸਹਿੰ ਨਿਸ਼ਠੁਰ ਜਮਜਾਲ॥ ੨੧ ॥

ਕ੍ਰਿਪਾਨਿਧਾਨ ਗੁਰੂ ਜੀ ਬਹੁਤ ਪ੍ਰਸੰਨ ਹੋਏ, ਉਸ ਸਮੇਂ ਇਸ ਵਿਧੀ ਅਨੁਸਾਰ ਵਰ ਦਿੱਤਾ, "ਹੇ ਭਾਈ ਗੁਰਬਖਸ਼! ਅਸੀਂ ਸੁਣ ਕੇ ਨਿਹਾਲ ਹੋ ਗਏ ਹਾਂ, ਤੂੰ ਹੁਣ ਕਠਨ ਜਮਾਂ ਦੇ ਜਾਲ ਵਿਚ ਨਹੀਂ ਫਸੇਂਗਾ॥੨੧॥

ਤੁਵ ਘਰ ਪੁੱਤ੍ਰ ਹੋਇ ਹੈ ਜੋਈ। ਕਿਰਤਨ ਕਰਹਿ ਭਜਨ ਕੋ ਸੋਈ।
ਤੋਹਿ ਬੰਸ ਤੇ ਕਿਰਤਨ ਕਥਾ। ਸੁਨਹਿੰ ਪ੍ਰੇਮ ਧਰਿ ਸੰਗਤਿ ਜਥਾ' ॥ ੨੨ ॥

ਤੇਰੇ ਘਰ ਵਿਚ ਜਿਹੜਾ ਪੁੱਤਰ ਹੋਵੇਗਾ, ਉਹ ਵੀ ਗੁਰਬਾਣੀ ਦਾ ਕੀਰਤਨ ਕਰੇਗਾ। ਤੇਰੇ ਵੰਸ਼ ਤੋਂ ਕੀਰਤਨ ਕਥਾ, ਸੰਗਤ ਬਹੁਤ ਪ੍ਰੇਮ ਧਾਰ ਕੇ ਸੁਣੇਗੀ" ॥੨੨॥

ਪੁਨ ਸਭਿ ਸੰਗਤਿ ਪਗ ਲਪਟਾਈ। ਖੁਸ਼ੀ ਕਰੀ ਸਤਿਗੁਰੁ ਸਭਿ ਤਾਂਈ।
ਤਿਨ ਕੇ ਮਸਤਕ ਪਰ ਕਰ ਧਰਿ ਕਰਿ। ਹਰਖ ਮਹਾਂ ਸਿੱਖਨਿ ਉਰ ਭਰਿ ਭਰਿ ॥੨੩ ॥

ਫਿਰ ਸਾਰੀ ਸੰਗਤ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਜੁੜ ਗਈ। ਗੁਰੂ ਜੀ ਸਾਰਿਆਂ ਉਤੇ ਆਪਣੀ ਖੁਸ਼ੀ ਕੀਤੀ। ਉਨ੍ਹਾਂ ਦੇ ਮੱਥਿਆਂ ਉਤੇ ਆਪਣਾ ਹੱਥ ਧਰ ਕੇ ਸਿੱਖਾਂ ਦੇ ਹਿਰਦਿਆਂ ਵਿਚ ਮਹਾਂ ਪ੍ਰਸੰਨਤਾ ਭਰ ਦਿੱਤੀ॥੨੩॥

ਬਿਦਾ ਭਈ ਗੁਰੁ ਜਸੁ ਕੋ ਗਾਵਤਿ। ਬਰ ਬਹੁ ਲੈ ਲੈ ਉਰ ਉਮਗਾਵਤਿ।
ਇਮ ਬਹੁ ਸੰਗਤਿ ਕਰੀ ਨਿਹਾਲ। ਕਿਤਿਕ ਦਯੋਸ ਬਸਿ ਤਹਾਂ ਕ੍ਰਿਪਾਲ ॥੨੪ ॥

ਸਾਰੀ ਸੰਗਤ ਗੁਰੂ ਜੀ ਦਾ ਜੱਸ ਗਾਉਂਦੀ ਵਿਦਾ ਹੋਈ, ਬਹੁਤ ਵਰ ਲੈ ਲੈ ਕੇ ਉਨ੍ਹਾਂ ਦੇ ਹਿਰਦੇ ਖਿੜ ਉੱਠੇ। ਇਸ ਤਰ੍ਹਾਂ ਬਹੁਤ ਸੰਗਤ ਨੂੰ ਨਿਹਾਲ ਕੀਤਾ। ਕਈ ਦਿਨ ਕਿਰਪਾਲੂ ਗੁਰੂ ਜੀ ਉਥੇ ਰਹੇ॥੨੪॥

ਆਦਿ ਜੌਨਪੁਰਿ ਸੰਗਤਿ ਜੇਤੀ। ਭਈ ਬਿਦਾ ਲੈ ਅਭਿਮਤਿ ਤੇਤੀ।
ਪੁਨ ਸ੍ਰੀ ਸਤਿਗੁਰੁ ਕੂਚ ਕਰਜੋ ਹੈ। ਚਲਨਿ ਮਨੋਰਥ ਅੱਗ੍ਰ ਧਰਜੋ ਹੈ॥ ੨੫॥

ਜੌਨਪੁਰ ਆਦਿ ਦੀ ਜਿਹੜੀ ਸੰਗਤ ਸੀ, ਉਹ ਸਾਰੀ ਮਨ-ਇੱਛਤ ਵਰ ਪ੍ਰਾਪਤ ਕਰਕੇ ਵਿਦਾ ਹੋ ਗਈ। ਬਾਅਦ ਵਿਚ ਗੁਰੂ ਜੀ ਨੇ ਵੀ ਕਾਂਸ਼ੀ ਤੋਂ ਕੂਚ ਕਰ ਦਿੱਤਾ ਤੇ ਅੱਗੇ ਚਲਣ ਦਾ ਮਨੋਰਥ ਧਾਰਨ ਕੀਤਾ॥੨੫॥

ਸਹਸਰਾਵ ਕੋ ਚਲੇ ਅਗਾਰੀ। ਤਹਿਂ ਇਕ ਬਸਹਿ ਪ੍ਰੇਮ ਧਰਿ ਭਾਰੀ।
ਗੁਰੁ ਕੋ ਸਿੱਖ ਹੁਤੋ ਅਭਿਰਾਮ। ਚਾਚਾ ਫੱਗੋ ਤਿਸ ਕੋ ਨਾਮ॥ ੨੬॥

ਸਸਰਾਮ ਵਲ ਅੱਗੇ ਚਲ ਪਏ, ਉਥੇ ਇਕ ਸਿੱਖ ਬੜਾ ਪ੍ਰੇਮ ਧਾਰ ਕੇ ਰਹਿੰਦਾ ਸੀ। ਗੁਰੂ ਜੀ ਦਾ ਉਹ ਬੜਾ ਮਨੋਹਰ ਸਿੱਖ ਸੀ। ਚਾਚਾ ਫੱਗੋ ਉਸ ਦਾ ਨਾਮ ਸੀ॥੨੬॥

ਗੁਰੁਮੁਖ ਸੋ ਸਤਿਗੁਰ ਕੋ ਪਜਾਰੋ। ਪ੍ਰਗਟ ਪ੍ਰੇਮ ਤੇ ਪ੍ਰਣ ਤਿਨ ਧਾਰੋ।
ਨਵੋਂ ਸਦਨ ਅਪਨੋ ਚਿਨਵਾਇਵ। ਊਚੋ ਦ੍ਵਾਰ ਬਡੋ ਰਖਵਾਇਵ॥ ੨੭॥

ਉਹ ਗੁਰਮੁਖ ਸਤਿਗੁਰੂ ਜੀ ਦਾ ਬੜਾ ਪਿਆਰਾ ਸਿੱਖ ਸੀ। ਉਸ ਨੇ ਪ੍ਰਗਟ ਰੂਪ ਵਿਚ ਇਕ ਪ੍ਰਣ ਧਾਰਨ ਕੀਤਾ ਸੀ। ਆਪਣਾ ਇਕ ਨਵਾਂ ਘਰ ਬਣਾਇਆ, ਉਸ ਦਾ ਬੜਾ ਉੱਚਾ ਦਰਵਾਜ਼ਾ ਰਖਵਾਇਆ॥੨੭॥

ਅੰਦਰ ਮੰਦਰ ਸੁੰਦਰ ਕੀਨਿ। ਅਜਰ ਚਾਰ ਚੌਕੋਨ ਨਵੀਨ।
ਆਛੇ ਦਰ ਤਿਨ ਕੇ ਰਖਵਾਇ। ਰਚਵਾਵਹਿ ਸਭਿ ਆਪ ਬਤਾਇ॥ ੨੮॥

ਅੰਦਰ ਸੁੰਦਰ ਘਰ ਬਣਾਇਆ, ਜਿਹੜਾ ਚੌਕੋਨ ਬੜਾ ਸੁੰਦਰ ਅਤੇ ਨਵਾਂ ਬਣਾਇਆ। ਚੰਗੇ ਉਸ ਦੇ ਦਰਵਾਜ਼ੇ ਬਣਾਏ, ਰਚਨਾ ਕਰਨ ਸਮੇਂ ਸਭ ਕੁਝ ਆਪਣੇ ਵਲੋਂ ਦੱਸਿਆ॥੨੮॥

ਇਕ ਦਿਨ ਸੰਗਤ ਭੀ ਇਕ ਠੌਰ। ਹੇਰਜੋ ਸਭਿਨਿ ਵਹਿਰ ਕੋ ਪੌਰ।
ਘਰ ਪ੍ਰਮਾਨ ਤੇ ਬਡੋ ਕਰਾਯੋ। ਰਿਦੈ ਬਿਖੈ ਸੰਸੈ ਉਪਜਾਯੋ॥ ੨੯॥

ਇਕ ਦਿਨ ਉਥੇ ਸੰਗਤ ਇਕੱਠੀ ਹੋਈ, ਸਾਰਿਆਂ ਨੇ ਬਾਹਰਲੇ ਉੱਚੇ ਅਤੇ ਵੱਡੇ ਦਰਵਾਜ਼ੇ ਨੂੰ ਵੇਖਿਆ। ਘਰ ਬਹੁਤ ਵੱਡਾ ਬਣਾਇਆ ਸੀ ਜਿਸ ਨੂੰ ਵੇਖ ਕੇ ਸੰਗਤ ਦੇ ਹਿਰਦੇ ਵਿਚ ਸ਼ੰਕਾ ਉਤਪੰਨ ਹੋਈ॥੨੯॥

ਬੂਝਨਿ ਕਰਜੋ ਸਭਿਨਿ ਨੇ ਐਸੇ। 'ਪੌਰ ਇਤੋ ਕਰਿਵਾਯਹੁ ਕੈਸੇ?।
ਸਰਬ ਸਦਨ ਕੋ ਤਜਜੋ ਪ੍ਰਮਾਨ। ਰਾਖਜੋ ਦ੍ਵਾਰਾ ਕੁਤੋ ਮਹਾਨ?'॥ ੩੦॥

ਸਾਰੇ ਇਸ ਤਰ੍ਹਾਂ ਪੁੱਛਣ ਲੱਗੇ, "ਏਡਾ ਵੱਡਾ ਦਰਵਾਜ਼ਾ ਕਿਵੇਂ ਲਗਵਾਇਆ ਹੈ। ਸਾਰੇ ਘਰ ਦਾ ਅੰਦਾਜ਼ਾ ਛਡਿਆ ਹੈ ਏਡਾ ਉੱਚਾ ਦਰਵਾਜ਼ਾ ਕਿਉਂ ਲਾਇਆ ਹੈ" ॥੩੦॥

ਸੁਨਿ ਫੱਗੋ ਨੇ ਉੱਤਰ ਦੀਨਾ। 'ਸਦਨ ਚਿਨਾਵਤਿ ਮੈਂ ਪ੍ਰਣ ਕੀਨਾ।
ਸਤਿਗੁਰੁ ਆਵਹਿੰਗੇ ਮਮ ਡੇਰੇ। ਅੰਤਰ ਜਾਮੀ ਘਟ ਘਟ ਕੇਰੇ॥ ੩੧॥

ਇਹ ਸੁਣ ਕੇ ਫੱਗੋ ਨੇ ਉੱਤਰ ਦਿੱਤਾ, "ਘਰ ਬਣਾਉਣ ਸਮੇਂ ਮੈਂ ਇਹ ਪ੍ਰਣ ਕੀਤਾ ਸੀ ਕਿ ਸਤਿਗੁਰੂ ਜੀ ਮੇਰੇ ਡੇਰੇ ਵਿਚ ਆਉਣਗੇ। ਉਹ ਅੰਤਰਜਾਮੀ ਹਰ ਇਕ ਦੇ ਦਿਲ ਦੀ ਗੱਲ ਜਾਣਦੇ ਹਨ॥੩੧॥

ਤਿਨ ਕੇ ਹਿਤ ਮੈਂ ਕਰਜੋ ਨਿਕੇਤ। ਪ੍ਰਣ ਪੂਰਹਿਂ ਪਿਖਿ ਪ੍ਰੇਮ ਸਮੇਤ।
ਸ਼ਸਤ੍ਰਨਿ ਸਹਤਿ ਅਰੂਢਿ ਤੁਰੰਗ। ਆਵਹਿੰਗੇ ਜਬਿ ਭਏ ਉਤੰਗ॥ ੩੨॥

ਉਨ੍ਹਾਂ ਦੇ ਰਹਿਣ ਵਾਸਤੇ ਮੈਂ ਇਹ ਮਕਾਨ ਬਣਾਇਆ ਹੈ, ਉਹ ਮੇਰਾ ਪ੍ਰੇਮ ਵੇਖ ਕੇ ਮੇਰਾ ਪ੍ਰਣ ਪੂਰਾ ਕਰਨਗੇ। ਸ਼ਸਤਰਾਂ ਸਹਿਤ ਘੋੜੇ ਤੇ ਚੜ੍ਹੇ ਹੋਏ, ਜਦ ਬੜੀ ਚਾਹ ਨਾਲ ਮੇਰੇ ਘਰ ਵਿਚ ਆਉਣਗੇ॥੩੨॥

**ਵਹਿਰ ਨਹੀਂ ਪ੍ਰਭੁ ਉਤਰਨਿ ਕਰੈਂ। ਚਢੇ ਤੁਰੰਗਮ ਮਮ ਘਰ ਬਰੈਂ।**
**ਉਤਰਿ ਸਿੰਘਾਸਨ ਪਰ ਥਿਰ ਜਾਇਂ। ਵਹਿਰ ਉਤਰਿ ਨਹਿਂ ਪਗ ਸੋਂ ਆਇਂ॥੩੩॥**

ਗੁਰੂ ਜੀ ਘਰ ਤੋਂ ਬਾਹਰ ਘੋੜੇ ਤੋਂ ਨਹੀਂ ਉਤਰਨਗੇ, ਘੋੜੇ ਉਤੇ ਚੜ੍ਹੇ ਹੋਏ ਹੀ ਮੇਰੇ ਘਰ ਦੇ ਅੰਦਰ ਦਾਖਲ ਹੋਣਗੇ।ਘੋੜੇ ਤੋਂ ਉਤਰ ਕੇ ਸਿੰਘਾਸਣ ਤੇ ਬੈਠ ਜਾਣਗੇ, ਬਾਹਰ ਉਤਰ ਕੇ ਪੈਦਲ ਚਲ ਕੇ ਨਹੀਂ ਆਉਣਗੇ॥੩੩॥

**ਯਾਂਤੇ ਰਚਜੋ ਬਡੋ ਮੈਂ ਪੌਰ। ਮੈਂ ਹੇਰੋਂ ਸਤਿਗੁਰੁ ਸਿਰਮੌਰ।**
**ਕ੍ਰਿਪਾ ਕਰਹਿੰਗੇ ਆਵਹਿਂ ਘਰ ਮਹਿਂ। ਸਹਿਤ ਪ੍ਰੇਮ ਕੇ ਸ਼ਰਧਾ ਉਰ ਮਹਿਂ॥੩੪॥**

ਇਸ ਕਰਕੇ ਮੈਂ ਵੱਡਾ ਦਰਵਾਜ਼ਾ ਲਾਇਆ ਹੈ, ਮੈਂ ਸ਼੍ਰੋਮਣੀ ਸਤਿਗੁਰੂ ਜੀ ਦੇ ਦਰਸ਼ਨ ਕਰਾਂਗਾ। ਮੇਰੇ ਉਤੇ ਕਿਰਪਾ ਕਰਨਗੇ ਤੇ ਮੇਰੇ ਘਰ ਵਿਚ ਆਉਣਗੇ, ਪ੍ਰੇਮ ਸਹਿਤ ਮੇਰੇ ਦਿਲ ਵਿਚ ਸ਼ਰਧਾ ਹੈ॥੩੪॥

**ਕਹਤਿ ਸੰਤ ਅਰੁ ਬੇਦ ਪੁਰਾਨ। ਇਸ ਬਿਧਿ ਕੀ ਮਹਿਮਾ ਭਗਵਾਨ।**
**ਪੂਰਨ ਕਰਹਿਂ ਪ੍ਰਤੱਗਜਾ ਦਾਸਨਿ। ਸੁਨਿ ਕਰਿ ਸਸੈ ਕੀਨਿ ਬਿਨਾਸ਼ਨ॥੩੫॥**

ਸੰਤ ਅਤੇ ਵੇਦ ਪੁਰਾਣ ਕਹਿੰਦੇ ਹਨ, ਭਗਵਾਨ ਦੀ ਇਸ ਪ੍ਰਕਾਰ ਦੀ ਮਹਿਮਾ ਹੈ, ਉਹ ਦਾਸਾਂ ਦੀ ਪ੍ਰਤਿੱਗਿਆ ਪੂਰੀ ਕਰਦੇ ਹਨ।" ਇਸ ਤਰ੍ਹਾਂ ਸੁਣ ਕੇ ਸੰਗਤ ਨੇ ਆਪਣਾ ਸ਼ੰਕਾ ਦੂਰ ਕੀਤਾ॥੩੫॥

**'ਬਿੱਦਜਾ ਬੁਧਿ ਅਰੁ ਦਰਬ ਸਮਾਜ। ਐਸ਼੍ਰਜ ਬਡੇ ਸੁ ਦੇਸ਼ਨਿ ਰਾਜ।**
**ਅਪਰ ਅਨੇਕ ਭਾਂਤਿ ਬਡਿਆਈ। ਤਪਨਿ ਘੋਰ ਤਪਤੇ ਸਮੁਦਾਈ॥੩੬॥**

ਫਿਰ ਚਾਚਾ ਫੱਗੋ ਕਹਿੰਦੇ ਹਨ, "ਵਿਦਿਆ, ਬੁੱਧੀ ਧਨ ਅਤੇ ਸਾਜ਼ੋ-ਸਾਮਾਨ, ਵੱਡਾ ਧਨ ਦੌਲਤ ਤੇ ਕਈ ਦੇਸ਼ਾਂ ਦਾ ਰਾਜ ਤੇ ਹੋਰ ਅਨੇਕ ਪ੍ਰਕਾਰ ਦੀ ਵਡਿਆਈ ਤੇ ਅਨੇਕਾਂ ਘੋਰ ਤਪਾਂ ਨੂੰ ਤਾਪਦੇ ਹਨ॥੩੬॥

**ਨਹਿਂ ਦੇਖਤਿ ਤਿਨ ਕੋ ਪ੍ਰਭੁ ਭੂਲ। ਰਹੈਂ ਪ੍ਰੇਮ ਕੇ ਨਿਤ ਅਨਕੂਲ।**
**ਦਾਸਨਿ ਪਾਸ ਦੌਰ ਕਰਿ ਆਵਹਿਂ। ਜਿਮ ਜਨ ਮਨ ਹ੍ਵੈ ਤਥਾ ਕਰਾਵਹਿਂ॥੩੭॥**

ਉਨ੍ਹਾਂ ਨੂੰ ਪ੍ਰਭੂ ਜੀ ਭੁਲ ਕੇ ਵੀ ਨਹੀਂ ਵੇਖਦੇ ਹਨ, ਉਹ ਸਦਾ ਪ੍ਰੇਮ ਦੇ ਅਨੁਸਾਰੀ ਰਹਿੰਦੇ ਹਨ। ਆਪਣੇ ਸੇਵਕਾਂ ਪਾਸ ਦੌੜ ਕੇ ਆਉਂਦੇ ਹਨ, ਜਿਵੇਂ ਸੇਵਕਾਂ ਦਾ ਮਨ ਹੁੰਦਾ ਹੈ, ਉਸ ਤਰ੍ਹਾਂ ਹੀ ਕਰਦੇ ਹਨ॥੩੭॥

**ਨਾਮਦੇਵ ਕੇ ਸੰਗ ਫਿਰੇ ਹੈਂ। ਛਾਵਨ ਛਪਰੀ ਕਾਜ ਕਰੇ ਹੈਂ।**
**ਪੰਡਤ ਪੰਡੇ ਕੀਨਿ ਪਿਛਾਰੀ। ਫੇਰਿ ਦੇਹੁਰਾ ਥਿਰੇ ਅਗਾਰੀ॥੩੮॥**

ਭਗਤ ਨਾਮਦੇਵ ਦੇ ਨਾਲ ਫਿਰੇ ਸਨ, ਛੱਪਰ ਛੱਤਣ ਦਾ ਕਾਰਜ ਕੀਤਾ ਸੀ। ਪੰਡਿਤਾਂ ਅਤੇ ਪਾਂਡਿਆਂ ਨੂੰ ਪਿੱਛੇ ਕਰ ਦਿੱਤਾ ਤੇ ਦੇਹੁਰਾ ਫੇਰ ਕੇ ਨਾਮਦੇਵ ਦੇ ਅੱਗੇ ਕਰ ਦਿੱਤਾ॥੩੮॥

**ਧਨੇ ਕੇ ਬਛੁਰੇ ਗਨ ਚਾਰੇ। ਕੀਨਸਿ ਰੋਟੀ ਛਾਛ ਅਹਾਰੇ।**
**ਬਦਰੀ ਫਲ ਸਵਰੀ ਤੇ ਖਾਏ। ਬਿਦਰ ਦਾਸ ਲਖਿ ਤਿਸ ਗ੍ਰਿਹ ਆਏ॥੩੯॥**

ਧੰਨੇ ਦੇ ਗਾਈਆਂ ਵੱਛੇ ਚਾਰਦੇ ਰਹੇ ਤੇ ਰੋਟੀ ਅਤੇ ਲੱਸੀ ਦਾ ਭੋਜਨ ਛਕਦੇ ਸਨ। ਭੀਲਣੀ ਦੇ ਜੂਠੇ ਬੇਰ ਖਾਧੇ ਤੇ ਬਿਦਰ ਨੂੰ ਆਪਣਾ ਦਾਸ ਸਮਝ ਕੇ ਉਸ ਦੇ ਘਰ ਵਿਚ ਆਏ॥੩੯॥

ਸ੍ਰੀ ਨਾਨਕ ਆਦਿ ਜੁ ਗੁਰੂ ਭਏ। ਇਸੀ ਪ੍ਰਕਾਰ ਦਾਸ ਗ੍ਰਿਹ ਗਏ।
ਬਰਨ ਜਾਤਿ ਕੋ ਨਹੀਂ ਬਿਚਾਰਤਿ। ਪ੍ਰੇਮ ਹੇਰਿ ਤਿਸ ਢਿਗ ਪਗ ਧਾਰਤਿ॥੪੦॥

ਸ੍ਰੀ ਨਾਨਕ ਆਦਿ ਜੋ ਗੁਰੂ ਜੀ ਹੋਏ ਹਨ, ਇਸੇ ਤਰ੍ਹਾਂ ਉਹ ਵੀ ਆਪਣੇ ਸੇਵਕਾਂ ਦੇ ਘਰ ਗਏ ਹਨ। ਰੰਗ ਅਤੇ ਜਾਤ ਨੂੰ ਨਹੀਂ ਵਿਚਾਰਦੇ ਹਨ, ਪ੍ਰੇਮ ਵੇਖ ਕੇ ਉਸ ਪਾਸੇ ਪੈਰ ਧਰਦੇ ਹਨ॥੪੦॥

ਇਮ ਗੁਨੁ ਸੁਨਿ ਮੈਂ ਸ਼ਰਧਾ ਧਾਰੀ। ਕੀਨਸਿ ਨਿਸ਼ਚੈ ਰਿਦੈ ਮਝਾਰੀ।
ਦਾਸ ਜਾਨਿ ਕਰਿ ਆਇਂ ਜ਼ਰੂਰ। ਕਰਹਿਂ ਪ੍ਰਤੱਗਯਾ ਮੇਰੀ ਪੂਰ'॥ ੪੧॥

ਇਸ ਤਰ੍ਹਾਂ ਦੇ ਗੁਣ ਸੁਣ ਕੇ ਮੈਂ ਸ਼ਰਧਾ ਧਾਰਨ ਕੀਤੀ ਹੈ, ਮੈਂ ਆਪਣੇ ਹਿਰਦੇ ਵਿਚ ਨਿਸ਼ਚਾ ਕੀਤਾ ਹੈ। ਸੇਵਕ ਜਾਣ ਕੇ ਜ਼ਰੂਰ ਆਉਣਗੇ ਤੇ ਮੇਰੀ ਪ੍ਰਤੱਗਿਆ ਪੂਰੀ ਕਰਨਗੇ'' ॥੪੧॥

ਇਮ ਫੱਗੋ ਤੇ ਸੁਨਿ ਕਰਿ ਸਾਰੇ। ਅਧਿਕ ਪ੍ਰੇਮ ਕਰਿ ਸ਼ਰਧਾ ਧਾਰੇ।
ਗੁਰੁ ਚਰਨਨਿ ਮੈਂ ਪ੍ਰੀਤਿ ਉਪਾਈ। ਸੱਤਿਨਾਮ ਸਿਮਰਤਿ ਸੁਖਦਾਈ॥ ੪੨॥

ਇਸ ਤਰ੍ਹਾਂ ਚਾਚੇ ਫੱਗੋ ਪਾਸੋਂ ਸੁਣ ਕੇ ਸਾਰਿਆਂ ਨੇ ਬਹੁਤ ਸ਼ਰਧਾ ਧਾਰਨ ਕੀਤੀ। ਗੁਰੂ ਜੀ ਦੇ ਚਰਨ ਕੰਵਲਾਂ ਨਾਲ ਪ੍ਰੀਤ ਲਾਈ, ਸੁਖ ਦੇਣ ਵਾਲੇ ਸਤਿਨਾਮ ਦਾ ਸਿਮਰਨ ਕੀਤਾ॥੪੨॥

ਧੰਨ ਗੁਰੂ ਜਿਸ ਕੇ ਗੁਨ ਏਹੁ। ਕੋਸ ਹਜ਼ਾਰਨਿ ਜਨ ਲਖਿ ਲੇਹਿਂ।
ਹੇਰਿ ਪ੍ਰੇਮ ਨ੍ਰਿਪ ਮਨ ਕੋ ਭਾਰੀ। ਗਏ ਸੰਗਲਾਦੀਪ ਮਝਾਰੀ॥ ੪੩॥

ਧੰਨ ਗੁਰੂ ਜੀ ਹਨ, ਜਿਨ੍ਹਾਂ ਦੇ ਅਜਿਹੇ ਗੁਣ ਹਨ, ਹਜ਼ਾਰਾਂ ਕੋਹਾਂ ਤੋਂ ਜਿਹੜੇ ਸਮਝ ਜਾਂਦੇ ਹਨ। ਰਾਜੇ ਸ਼ਿਵਨਾਭ ਦੇ ਮਨ ਵਿਚ ਭਾਰੀ ਪ੍ਰੇਮ ਵੇਖ ਕੇ ਸ੍ਰੀ ਲੰਕਾ ਵਿਚ ਸੰਗਲਾਦੀਪ ਵਿਖੇ ਗਏ ਸਨ॥੪੩॥

ਦਰਸ਼ਨ ਦੀਨਿ ਕ੍ਰਿਤਾਰਥ ਕਰਜੋ। ਗੁਰ ਸਥਾਪਿ ਮੰਜੀ ਬੈਠਰਜੋ।
ਅਬਿ ਲੌ ਸ੍ਰੀ ਨਾਨਕ ਕੋ ਧਜਾਵਤਿ। ਅਨਿਕ ਪ੍ਰਕਾਰਨਿ ਕੇ ਗੁਨ ਗਾਵਤਿ॥੪੪॥

ਰਾਜੇ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ, ਉਸ ਨੂੰ ਮੰਜੀ ਬਖਸ਼ ਕੇ ਉਸ ਸਥਾਨ ਦਾ ਗੁਰੂ ਸਥਾਪਤ ਕੀਤਾ। ਉਸ ਦਾ ਪਰਿਵਾਰ ਹੁਣ ਤਕ ਗੁਰੂ ਨਾਨਕ ਦੇਵ ਜੀ ਦੀ ਅਰਾਧਨਾ ਕਰਦਾ ਹੈ ਤੇ ਅਨੇਕ ਪ੍ਰਕਾਰ ਦੇ ਗੁਣ ਗਾਉਂਦੇ ਹਨ॥੪੪॥

ਸ੍ਰੀ ਹਰਿਗੋਬਿੰਦ ਬਾਹੁ ਬਿਸਾਲਾ। ਗਮਨੇ ਪੁਰਿ ਕਸ਼ਮੀਰ ਕ੍ਰਿਪਾਲਾ।
ਬ੍ਰਿਧਾ ਸਿੱਖਨੀ ਨਿਜ ਕਰਕਾਤਿ। ਪੋਸ਼ਿਸ਼ ਪਹਿਰਾਈ ਗੁਰੁ ਗਾਤ॥ ੪੫॥

ਸ੍ਰੀ ਹਰਿਗੋਬਿੰਦ ਜੀ ਜਿਹੜੇ ਲੰਮੀਆਂ ਬਾਹਾਂ ਵਾਲੇ ਸਨ, ਕ੍ਰਿਪਾਲੂ ਕਸ਼ਮੀਰ ਦੇ ਨਗਰ ਵਿਚ ਪਹੁੰਚੇ ਸਨ। ਬ੍ਰਿੱਧ ਸਿੱਖਣੀ ਨੇ ਆਪਣੇ ਹੱਥੀਂ ਕੱਤ ਕੇ ਗੁਰੂ ਜੀ ਨੂੰ ਪੋਸ਼ਾਕ ਪਹਿਨਾਈ॥੪੫॥

ਤਿਸ ਕੋ ਪ੍ਰੇਮ ਜਾਨਿ ਕਰਿ ਧਾਏ। ਉਲੰਘੇ ਬਿਖਮ ਸੈਲ ਸਮੁਦਾਏ।
ਕੌਨ ਕੌਨ ਗਿਨੀਅਹਿਂ ਗੁਨ ਰੂਰੇ। ਜਥਾ ਕਰੈਂ ਜਗ ਸਤਿਗੁਰੁ ਪੂਰੇ॥ ੪੬॥

ਉਸ ਦਾ ਪ੍ਰੇਮ ਜਾਣ ਕੇ ਗੁਰੂ ਜੀ ਬਹੁਤ ਜਲਦੀ ਪਹੁੰਚ ਗਏ ਤੇ ਔਖੇ ਪਹਾੜੀ ਰਸਤੇ ਨੂੰ ਲੰਘ ਕੇ ਗਏ। ਕਿਹੜੇ ਕਿਹੜੇ ਸੁੰਦਰ ਗੁਣ ਗਿਣੀਏ, ਉਸ ਤਰ੍ਹਾਂ ਹੀ ਪੂਰਨ ਸਤਿਗੁਰੂ ਜੀ ਕਰਦੇ ਹਨ॥੪੬॥

ਫੱਗੋ ਕੀ ਪਰਤੱਗਯਾ ਸੁਨੀ। ਸਤਿਗੁਰੁ ਕੀ ਮਹਿਮਾ ਬਡ ਗੁਨੀ।
ਭਏ ਸਿੱਖਜ ਪ੍ਰੇਮੀ ਸਮੁਦਾਇ। ਗੁਰੁ ਹਿਤ ਰਖੀ ਵਸਤੁ ਗਨ ਲਜਾਇ॥ ੪੭॥

ਫੱਗੋ ਦੀ ਪਰਤੀਗਿਆ ਸੁਣੀ ਸਤਿਗੁਰੂ ਜੀ ਦੀ ਮਹਿਮਾ ਵੱਡੇ ਗੁਣਾਂ ਵਾਲੀ ਜਾਣੀ ਤਾਂ ਸਾਰੇ ਸਿੱਖ ਪ੍ਰੇਮੀ ਇਕੱਠੇ ਹੋਏ, ਗੁਰੂ ਜੀ ਵਾਸਤੇ ਰੱਖੀਆਂ ਬਹੁਤ ਵਸਤਾਂ ਲਿਆਏ॥੪੭॥

ਸਕਲ ਪ੍ਰਤੀਖਤਿ ਗੁਰ ਆਗਵਨੂ। ਸੁੰਦਰ ਭੇਟ ਧਰਹਿਂ ਨਿਜ ਭਵਨੂ।
ਜਿਮ ਬਾਵਨ ਚੰਦਨ ਉਪਜੈ ਹੈ। ਸਭਿ ਕਾਨਨ ਚੰਦਨ ਬਨਿ ਜੈਹੈ॥ ੪੮॥

ਸਾਰੇ ਹੀ ਗੁਰੂ ਜੀ ਦੇ ਆਉਣ ਦੀ ਉਡੀਕ ਕਰਨ ਲੱਗੇ ਤੇ ਸੁੰਦਰ ਭੇਟਾਵਾਂ ਆਪਣੇ ਘਰਾਂ ਵਿਚ ਧਰਦੇ ਸਨ। ਜਿਵੇਂ ਬਾਵਨ ਚੰਦਨ ਦਾ ਬਿਰਛ ਜਦ ਪੈਦਾ ਹੁੰਦਾ ਹੈ ਤਾਂ ਸਾਰੇ ਜੰਗਲ ਦੇ ਬ੍ਰਿਛਾਂ ਵਿਚ ਚੰਦਨ ਦੀ ਮਹਿਕ ਆਉਣ ਲੱਗ ਜਾਂਦੀ ਹੈ, ਭਾਵ ਸਾਰਾ ਜੰਗਲ ਹੀ ਚੰਦਨ ਬਣ ਜਾਂਦਾ ਹੈ॥੪੮॥

ਫੱਗੋ ਤੇ ਪ੍ਰਣ ਸੁਨਿ ਤਿਮ ਸਾਰੇ। ਗੁਰੂ ਉਡੀਕਤਿ ਸੰਝ ਸਕਾਰੇ।
ਤਿਨ ਸਿੱਖਜਨਿ ਕੇ ਮਨ ਕੀ ਜਾਨਿ। ਕਾਂਸ਼ੀ ਤੇ ਗੁਰ ਕੀਨਿ ਪਯਾਨ॥ ੪੯॥

ਚਾਚੇ ਫੱਗੋ ਦਾ ਪ੍ਰਣ ਸੁਣ ਕੇ ਸਾਰੇ ਉਸ ਵਰਗੇ ਹੋ ਗਏ ਤੇ ਸ਼ਾਮ ਸਵੇਰੇ ਗੁਰੂ ਜੀ ਦੀ ਉਡੀਕ ਕਰਨ ਲੱਗੇ। ਉਨ੍ਹਾਂ ਸਿੱਖਾਂ ਦੇ ਮਨ ਦੀ ਜਾਣ ਕੇ ਗੁਰੂ ਜੀ ਕਾਂਸ਼ੀ ਤੋਂ ਉਸ ਚਾਚੇ ਫੱਗੋ ਦੇ ਨਗਰ ਵਲ ਚਲ ਪਏ॥੪੯॥

*ਗਿਆਰ੍ਹਵੀਂ ਰਾਸ ਦਾ ਚਰਵੰਞਵਾਂ ਅਧਿਆਇ ਸਮਾਪਤ ਹੋਇਆ॥੫੪॥*

## *ਅਧਿਆਇ ਪਚਵੰਞਵਾਂ*

*ਸਸਰਾਮ ਚਾਚੇ ਫੱਗੋ ਦੇ ਘਰ*

*ਦੋਹਰਾ-* ਰਤਨਾਕਰ ਗੁਰੁ ਗਜਾਨ ਕੇ ਦੇਸ਼ਨਿ ਪਜਾਨਾ ਕੀਨਿ।
ਊਖਰ ਪੋਖਰ ਸਭਿ ਭਰੇ ਸਿੱਖੀ ਪੰਥ ਨਵੀਨ॥ ੧ ॥

ਗਿਆਨ ਦੇ ਸਮੁੰਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਚਾਚੇ ਫੱਗੋ ਦੇ ਦੇਸ਼ ਵਲ ਚਲ ਪਏ, ਕਲਰ ਵਾਲੀ ਭੂਮੀ, ਛੱਪੜ ਸਾਰੇ ਨਾਮ ਰੂਪੀ ਜਲ ਨਾਲ ਭਰ ਦਿੱਤੇ ਤੇ ਸਿੱਖੀ ਰੂਪੀ ਨਵੀਨ ਪੰਥ ਸਭਨਾਂ ਵਿਚ ਭਰ ਦਿੱਤਾ॥ ੧॥

*ਚੌਪਈ-* ਪੂਰਨ ਪ੍ਰਣ ਹਿਤ ਸਿੱਖਜਨਿ ਕੇਰਾ। ਕਰਜੋ ਕੂਚ ਕਾਂਸ਼ੀ ਤੇ ਡੇਰਾ।
ਖੈਂਚੇ ਪ੍ਰੇਮ ਡੋਰ ਤੇ ਦਾਸਨਿ। ਚਲੇ ਜਾਤਿ ਪ੍ਰਭੁ ਹਾਥ ਸਰਾਸਨ॥ ੨॥

ਆਪਣੇ ਸਿੱਖ ਦਾ ਪ੍ਰਣ ਪੂਰਾ ਕਰਨ ਚਲੇ ਸਨ, ਇਸ ਕਰਕੇ ਕਾਂਸ਼ੀ ਤੋਂ ਆਪਣਾ ਡੇਰਾ ਕੂਚ ਕੀਤਾ। ਆਪਣੇ ਸੇਵਕਾਂ ਦੀ ਪ੍ਰੇਮ ਦੀ ਡੋਰ ਨਾਲ ਖਿੱਚੇ ਹੋਏ ਸਨ, ਹੱਥ ਵਿਚ ਧਨੁੱਖ ਧਾਰੀ ਗੁਰੂ ਜੀ ਚਲੇ ਜਾ ਰਹੇ ਸਨ॥ ੨॥

ਭਾਥਾ ਖੜਗ ਬੰਧਿ ਕਟ ਸੰਗੇ। ਗਮਨਤਿ ਹੁਇ ਅਸਵਾਰ ਤੁਰੰਗੇ।
ਮਾਤ ਨਾਨਕੀ ਨੁਖਾ ਸਮੇਤ। ਡੋਰੇ ਸਜੰਦਨ ਪਰ ਛਬਿ ਦੇਤਿ॥ ੩॥

ਤੀਰਾਂ ਦਾ ਭੱਥਾ ਤੇ ਤਲਵਾਰ ਲੱਕ ਨਾਲ ਬੰਨ੍ਹੀ ਹੋਈ ਸੀ ਤੇ ਘੋੜੇ ਤੇ ਅਸਵਾਰ ਹੋਏ ਚਲੇ ਜਾ ਰਹੇ ਸਨ। ਮਾਤਾ ਨਾਨਕੀ ਜੀ ਆਪਣੀ ਨੂੰਹ ਸਮੇਤ ਡੋਲਿਆਂ, ਪਾਲਕੀਆਂ ਅਤੇ ਰੱਥਾਂ ਵਿਚ ਸ਼ੋਭ ਰਹੇ ਸਨ॥ ੩॥

ਕਬਿ ਸ਼ਿਵਕਾ ਪਰ ਚਢਹਿ ਗੁਸਾਈਂ। ਸਨੇ ਸਨੇ ਮਾਰਗ ਉਲੰਘਾਈ।
ਪਹੁੰਚਤਿ ਭੇ ਮਿਰਜ਼ਾ ਪੁਰਿ ਨਗਰੀ। ਸੁਨਿ ਕਰਿ ਗੁਰੁ ਸੁਧਿ ਸੰਗਤਿ ਸਗਰੀ॥੪॥

ਕਦੀ ਗੁਰੂ ਜੀ ਪਾਲਕੀ ਵਿਚ ਚੜ੍ਹ ਜਾਂਦੇ ਸਨ, ਹੌਲੀ-ਹੌਲੀ ਸਾਰਾ ਮਾਰਗ ਲੰਘ ਆਏ ਤੇ ਮਿਰਜ਼ਾਪੁਰ ਨਗਰੀ ਵਿਚ ਪਹੁੰਚ ਗਏ। ਗੁਰੂ ਜੀ ਦੇ ਆਉਣ ਬਾਰੇ ਖਬਰ ਸੁਣ ਕੇ ਸਾਰੇ ਸਿੱਖ॥ ੪॥

ਉਪਹਾਰਨਿ ਲੇ ਅਨਿਕ ਪ੍ਰਕਾਰੀ। ਆਦਰ ਹਿਤ ਆਏ ਅਗਵਾਰੀ।
ਮਿਲੇ ਧਾਇ ਕਰਿ ਬਹੁਤ ਉਮਾਹਤਿ। ਜਥਾ ਤ੍ਰਿਖਾਤੁਰ ਜਲ ਕੋ ਚਾਹਤਿ॥੫॥

ਅਨੇਕ ਪ੍ਰਕਾਰ ਦੇ ਉਪਹਾਰ ਲੈ ਕੇ ਆਏ ਤੇ ਆਦਰ ਵਾਸਤੇ ਅਗੋਂ ਆ ਕੇ ਦੌੜ-ਦੌੜ ਕੇ ਬੜੀ ਚਾਹਤ ਕਰਕੇ ਇਸ ਤਰ੍ਹਾਂ ਮਿਲੇ ਜਿਵੇਂ ਪਿਆਸਾ ਮਨੁੱਖ ਪਾਣੀ ਨੂੰ ਚਾਹੁੰਦਾ ਹੈ॥ ੫॥

ਕਰ ਜੋਰਹਿ ਨਿਜ ਸੀਸ ਝੁਕਾਵਹਿ। ਗੁਰੁ ਕੇ ਪਦ ਅਰਬਿੰਦ ਲਗਾਵਹਿ।
ਲੇ ਕਰਿ ਸੰਗ ਸਿਵਰ ਕਰਿਵਾਯਵ। ਕਰਤਿ ਭਏ ਜਿਮ ਗੁਰੁ ਫੁਰਮਾਯਵ॥੬॥

ਹੱਥ ਜੋੜ ਕੇ ਸਿਰ ਝੁਕਾਉਂਦੇ ਸਨ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਦੇ ਸਨ। ਫਿਰ ਨਾਲ ਲੈ ਕੇ ਗੁਰੂ ਜੀ ਦਾ ਡੇਰਾ ਲਗਵਾਇਆ ਤੇ ਉਸ ਤਰ੍ਹਾਂ ਕਰਨ ਲੱਗੇ ਜਿਵੇਂ ਗੁਰੂ ਜੀ ਫੁਰਮਾਉਂਦੇ ਸਨ॥ ੬॥

ਅਨਿਕ ਪ੍ਰਕਾਰਨਿ ਕੀ ਕਰਿ ਸੇਵਾ। ਕਰੇ ਪ੍ਰਸੰਨ ਮਹਾਂ ਗੁਰੁ ਦੇਵਾ।
ਖਾਨ ਪਾਨ ਕੀ ਟਹਿਲ ਬਿਸਾਲਾ। ਪੁਰਿ ਕੀ ਸੰਗਤਿ ਕਰਿ ਤਿਸ ਕਾਲਾ॥੭॥

ਅਨੇਕ ਪ੍ਰਕਾਰ ਦੀ ਸੇਵਾ ਕੀਤੀ ਤੇ ਮਹਾਨ ਗੁਰੂ ਦੇਵ ਜੀ ਨੂੰ ਬਹੁਤ ਪ੍ਰਸੰਨ ਕੀਤਾ। ਖਾਣ ਪੀਣ ਦੀ ਬਹੁਤ ਟਹਿਲ ਸੇਵਾ ਨਗਰ ਦੀ ਸੰਗਤ ਨੇ ਉਸ ਸਮੇਂ ਕੀਤੀ॥ ੭॥

ਹੁਤੀ ਇਕੱਤ੍ਰ ਜੁ ਗੁਰੁ ਕੀ ਕਾਰ। ਧਰਜੋ ਆਨਿ ਕਰਿ ਦਰਬ ਉਦਾਰ।
ਬਸਤ੍ਰ ਬਿਭੂਖਨ ਸੁੰਦਰ ਦੀਨਿ। ਅਰਪਨ ਸਕਲ ਅਕੋਰਨ ਕੀਨਿ॥ ੮॥

ਜੋ ਗੁਰੂ ਜੀ ਦੀ ਕਾਰ ਇਕੱਠੀ ਹੋਈ ਸੀ, ਉਹ ਧਨ ਵੱਡੀ ਗਿਣਤੀ ਵਿਚ ਗੁਰੂ ਜੀ ਦੇ ਅੱਗੇ ਆ ਧਰਿਆ। ਬੜੇ ਸੁੰਦਰ ਕੱਪੜੇ ਅਤੇ ਗਹਿਣੇ ਦਿੱਤੇ ਤੇ ਸਾਰੇ ਉਪਹਾਰ ਅਰਪਣ ਕੀਤੇ॥ ੮॥

ਇਕ ਦੁਇ ਕਰਿ ਮੁਕਾਮ ਗੁਰ ਚਲੈਂ। ਮਗ ਮੈਂ ਬਹੁ ਸਿਖ ਸੰਗਤਿ ਮਿਲੈਂ।
ਅਰਪਿ ਉਪਾਇਨ ਬੰਦਨ ਠਾਨੈਂ। ਜਾਚਹਿ ਬਰ ਕੋ ਬਿਨੈ ਬਖਾਨੈਂ॥ ੯॥

ਇਕ ਦੋ ਦਿਨ ਓਥੇ ਟਿਕ ਕੇ ਗੁਰ ਜੀ ਫਿਰ ਅੱਗੇ ਚਲ ਪਏ। ਰਾਹ ਵਿਚ ਬਹੁਤ ਸਿੱਖ ਸੰਗਤ ਮਿਲੀ। ਉਪਹਾਰ ਅਰਪਣ ਕਰਕੇ ਬੰਦਨਾ ਕਰਦੇ ਸਨ ਤੇ ਬੇਨਤੀ ਕਰਕੇ ਵਰ ਮੰਗਦੇ ਸਨ॥ ੯॥

ਕਰਤਿ ਜਾਤਿ ਸਤਿਗੁਰੂ ਨਿਹਾਲ। ਅਨਿਕ ਨਰਨਿ ਕੇ ਬੰਧਨ ਟਾਲਿ।
ਜੈ ਜੈਕਾਰ ਹੋਇ ਤਹਿ ਰਹਜੋ। ਪੁਰਿ ਗ੍ਰਾਮਨਿ ਸਭਿ ਨੇ ਜਸੁ ਕਹਜੋ॥੧੦॥

ਸਤਿਗੁਰੂ ਜੀ ਨਿਹਾਲ ਕਰਦੇ ਜਾਂਦੇ ਸਨ ਤੇ ਅਨੇਕਾਂ ਮਨੁੱਖਾਂ ਦੇ ਬੰਧਨ ਕੱਟਦੇ ਜਾਂਦੇ ਸਨ। ਓਥੇ ਜੈ ਜੈਕਾਰ ਹੁੰਦੀ ਰਹੀ, ਨਗਰਾਂ ਪਿੰਡਾਂ ਵਿਚ ਸਭ ਨੇ ਬਹੁਤ ਜੱਸ ਕੀਤਾ॥ ੧੦॥

ਜਥਾ ਮਹਾਂ ਘਨ ਉਮਡਹਿ ਸਾਵਨ। ਥਲ ਉੱਚਾਵਚ ਕਰਹਿ ਬਸਾਵਨਿ।
ਤਪਤ ਹਰਹਿ ਸਭਿ ਕੀ ਇਕਸਾਰ। ਤਥਾ ਨਿਹਾਲ ਕਰਤਿ ਇਕ ਬਾਰ॥੧੧॥

ਜਿਵੇਂ ਸਾਵਣ ਦੇ ਬੱਦਲ ਉਮੱਡ ਕੇ ਆਉਂਦੇ ਹਨ ਤਾਂ ਉੱਚੇ ਨੀਂਵੇਂ ਸਭ ਥਾਵਾਂ ਤੇ ਵਰਸ਼ਾ ਕਰਦੇ ਹਨ। ਸਾਰੇ ਬ੍ਰਿਛ ਅਤੇ ਜੜੀ ਬੂਟੀਆਂ ਇਕਸਾਰ ਹਰੀਆਂ ਹੋ ਜਾਂਦੀਆਂ ਹਨ, ਉਸ ਤਰ੍ਹਾਂ ਗੁਰੂ ਜੀ ਵੀ ਇਕੋ ਵਾਰ ਨਿਹਾਲ ਕਰ ਜਾਂਦੇ ਹਨ॥ ੧੧॥

ਚਲਤਿ ਚਲਤਿ ਕ੍ਰਮਨਾਸ਼ਾ ਸਲਿਤਾ। ਤਹਾਂ ਆਇ ਹੇਰਯੋ ਜਲ ਚਲਤਾ।
ਉਤਰਿ ਤਹਾਂ ਕੀਨਸਿ ਇਸ਼ਨਾਨਾ। ਜੋ ਅਪਵਿੱਤ੍ਰ ਅਹੈ ਅਸਥਾਨਾ॥ ੧੨॥

ਚਲਦਿਆਂ-ਚਲਦਿਆਂ ਕ੍ਰਮਨਾਸ਼ਾ ਨਾਮੀਂ ਨਦੀ ਰਾਹ ਵਿਚ ਆਈ ਓਥੇ ਆ ਕੇ ਵਗਦੇ ਜਲ ਨੂੰ ਵੇਖਿਆ। ਓਥੇ ਉਤਾਰਾ ਕਰਕੇ ਇਸ਼ਨਾਨ ਕੀਤਾ, ਜਿਹੜਾ ਸਥਾਨ ਅਪਵਿੱਤਰ ਸੀ॥ ੧੨॥

ਸਤਿਗੁਰ ਪਰਸੇ ਹੋਹਿ ਪੁਨੀਤ। ਮਹਾਂ ਦੋਸ਼ ਤਿਸ ਜਾਇ ਬਿਤੀਤ।
ਪੁਨ ਸੰਤਨਿ ਸੋਂ ਬਾਕ ਬਖਾਨਾ। 'ਹੁਤੋ ਤ੍ਰਿਸ਼ੰਕੁ ਭੂਪ ਮਹਾਨਾ॥ ੧੩॥

ਸਤਿਗੁਰੂ ਜੀ ਦੇ ਸਪਰਸ਼ ਨਾਲ ਉਹ ਸਥਾਨ ਪਵਿੱਤਰ ਹੋ ਗਿਆ, ਉਸ ਤੀਰਥ ਦਾ ਮਹਾਂ ਦੋਸ਼ ਖਤਮ ਹੋ ਗਿਆ। ਫਿਰ ਗੁਰੂ ਜੀ ਨੇ ਸੰਤਾਂ ਫਕੀਰਾਂ ਨੂੰ ਬਚਨ ਕੀਤਾ, "ਇਕ ਤ੍ਰਿਸ਼ੰਕੂ ਨਾਮੀ ਮਹਾਨ ਰਾਜਾ ਸੀ॥ ੧੩॥

ਮੁਨਿ ਗਨ ਤੀਰਥ ਗਨ ਜਲ ਲੀਨੇ। ਤਿਸ ਨ੍ਰਿਪ ਕੋ ਮਜਨਾਵਨਿ ਕੀਨੋ।
ਤਿਸ ਤੇ ਨਦੀ ਕਹੈਂ ਕ੍ਰਮਨਾਸ਼ਾ। ਅਬਿ ਤੇ ਭਈ ਕੁਕਰਮ ਬਿਨਾਸਾ॥ ੧੪॥

ਰਿਸ਼ੀਆਂ ਮੁਨੀਆਂ ਨੇ ਕਈਆਂ ਤੀਰਥਾਂ ਦਾ ਜਲ ਇਕੱਤਰ ਕੀਤਾ ਤੇ ਉਸ ਰਾਜੇ ਨੂੰ ਉਸ ਜਲ ਨਾਲ ਇਸ਼ਨਾਨ ਕਰਵਾਇਆ। ਇਸ ਕਰਕੇ ਇਸ ਨਦੀ ਨੂੰ ਕ੍ਰਮਨਾਸ਼ਾ ਕਹਿੰਦੇ ਹਨ, ਹੁਣ ਇਹ ਨਦੀ ਕੁਕਰਮ ਬਿਨਾਸ਼ਾ ਹੋ ਗਈ ਹੈ ਭਾਵ ਇਹ ਕੁਕਰਮਾਂ ਦਾ ਵਿਨਾਸ਼ ਕਰਨ ਵਾਲੀ ਪਵਿੱਤਰ ਨਦੀ ਬਣ ਗਈ ਹੈ॥ ੧੪॥

ਗਮਨੇ ਸਤਿਗੁਰ ਗਏ ਅਗਾਰੀ। ਸਹਸਰਾਵ ਕੇ ਪਹੁੰਚਿ ਮਝਾਰੀ।
ਸਭਿ ਕੋ ਤ੍ਯਾਗ ਇਕਾਕੀ ਭਏ। ਨਿਜ ਤੁਰੰਗ ਕੋ ਬੇਗ ਚਲਏ॥ ੧੫॥

ਉਸ ਸਥਾਨ ਤੋਂ ਚਲ ਕੇ ਸਤਿਗੁਰੂ ਜੀ ਅੱਗੇ ਚਲੇ ਗਏ ਤੇ ਸਸਰਾਮ ਨਗਰ ਦੇ ਵਿਚ ਪਹੁੰਚ ਗਏ। ਫਿਰ ਸਾਰਿਆਂ ਨੂੰ ਛੱਡ ਕੇ ਇਕੱਲੇ ਹੋ ਗਏ ਤੇ ਆਪਣੇ ਘੋੜੇ ਨੂੰ ਬਹੁਤ ਤੇਜ਼ ਚਲਾਇਆ॥ ੧੫॥

ਕਹਯੋ 'ਪਿਛਾਰੀ ਸਗਰੇ ਆਵਹੁ। ਮੰਦ ਮੰਦ ਮਾਰਗ ਗਮਨਾਵਹੁ।
ਹਮ ਨੈ ਕਰਨੋ ਕਾਜ ਅਗਾਰੇ'। ਇਮ ਕਹਿ ਸਤਿਗੁਰ ਬੇਗ ਸਿਧਾਰੇ॥ ੧੬॥

ਕਹਿਣ ਲੱਗੇ, "ਸਾਰੇ ਪਿਛੋਂ ਆਵੋ, ਰਾਹ ਵਿਚ ਹੌਲੀ-ਹੌਲੀ ਚਲੋ ਅਸੀਂ ਅੱਗੇ ਜਾ ਕੇ ਕੁਝ ਕਾਰਜ ਕਰਨਾ ਹੈ।" ਇਸ ਤਰ੍ਹਾਂ ਕਹਿ ਕੇ ਸਤਿਗੁਰੂ ਬੜੀ ਤੇਜ਼ੀ ਨਾਲ ਅੱਗੇ ਚਲੇ ਗਏ॥ ੧੬॥

ਚਾਚਾ ਫੱਗੋ ਕੇ ਘਰ ਗਏ। ਕਰੀ ਪ੍ਰਤੱਗਯਾ ਪੂਰਤਿ ਭਏ।
ਪੌਰ ਸਦਨ ਕੋ ਬਡੋ ਚਿਨਾਯੋ। ਪ੍ਰੇਮ ਡੋਰ ਗੁਰ ਐਂਚਿ ਮੰਗਾਯੋ॥ ੧੭॥

ਸਿੱਧੇ ਚਾਚੇ ਫੱਗੋ ਦੇ ਘਰ ਚਲੇ ਗਏ ਤੇ ਉਸ ਦੀ ਪ੍ਰਤੱਗਿਆ ਪੂਰੀ ਕੀਤੀ। ਉਸ ਆਪਣੇ ਘਰ ਦਾ ਬਾਹਰਲਾ ਦਰਵਾਜ਼ਾ ਬਹੁਤ ਵੱਡਾ ਲਵਾਇਆ ਸੀ ਤੇ ਆਪਣੇ ਪ੍ਰੇਮ ਦੀ ਡੋਰ ਨਾਲ ਗੁਰੂ ਜੀ ਨੂੰ ਖਿੱਚ ਕੇ ਮੰਗਵਾ ਲਿਆ॥ ੧੭॥

ਵਾਹਨ ਚਢੇ ਅਜਰ ਮਹਿੰ ਆਵੈਂ। ਇਮ ਪ੍ਰਣ ਠਾਨਯੋ ਪ੍ਰੀਤਿ ਬਧਾਵੈ।
ਸ੍ਰੀ ਗੁਰੁ ਤੇਗ ਬਹਾਦਰ ਚੰਦ। ਆਏ ਚਢੇ ਤੁਰੰਗ ਬਿਲੰਦ॥ ੧੮॥

ਘੋੜੇ 'ਤੇ ਚੜ੍ਹੇ ਹੋਏ ਹੀ ਘਰ ਦੇ ਵਿਹੜੇ ਵਿਚ ਆ ਗਏ, ਜਿਸ ਤਰ੍ਹਾਂ ਚਾਚੇ ਫੱਗੋ ਨੇ ਪ੍ਰੀਤ ਵਧਾ ਕੇ ਪ੍ਰਣ ਧਾਰਨ ਕੀਤਾ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਬੜੇ ਉੱਚੇ ਘੋੜੇ ਤੇ ਚੜ੍ਹੇ ਚੜ੍ਹਾਏ ਘਰ ਦੇ ਵਿਹੜੇ ਵਿਚ ਦਾਖਲ ਹੋ ਗਏ॥ ੧੮॥

ਗਰ ਸ਼ਮਸ਼ੇਰ ਸੁਹਾਇ ਨਿਖੰਗ। ਹਾਥ ਸਰਾਸਨ ਦੀਰਘ ਅੰਗ।
ਬਾਜ ਅਰੂਢੇ ਅੰਤਰ ਬਰੇ। ਅਜਰ ਰੁਚਿਰ ਮਹਿਂ ਸ਼ੋਭਤਿ ਖਰੇ॥ ੧੯ ॥

ਗਲ ਵਿਚ ਤਲਵਾਰ ਤੇ ਤੀਰਾਂ ਦਾ ਭੱਥਾ ਸ਼ੋਭ ਰਿਹਾ ਸੀ, ਹੱਥ ਵਿਚ ਬਹੁਤ ਭਾਰੀ ਧਨੱਖ ਫੜਿਆ ਹੋਇਆ ਸੀ। ਘੋੜੇ ਉਤੇ ਚੜ੍ਹੇ ਹੋਏ ਹੀ ਅੰਦਰ ਦਾਖਲ ਹੋ ਗਏ ਤੇ ਵਿਹੜੇ ਵਿਚ ਖੜ੍ਹੇ ਸ਼ੋਭ ਰਹੇ ਸਨ॥ ੧੯ ॥

ਇਤ ਉਤ ਨਰ ਹੇਰਹਿਂ ਸਮੁਦਾਇ। 'ਇਹ ਕੋ ਨਭ ਤੇ ਉਤਰਯੋ ਆਇ?
ਮਹਾਰਾਜ ਸਮ ਬਡ ਉਤਸਾਹੀ। ਕਿਤ ਤੇ ਸ਼ੰਕਮਾਨ ਚਿਤ ਨਾਂਹੀ॥ ੨੦ ॥

ਏਧਰ ਓਧਰ ਮਨੁੱਖ ਖੜੇ ਇਕੱਠੇ ਹੋ ਕੇ ਵੇਖ ਰਹੇ ਸਨ, "ਇਹ ਕੌਣ ਅਕਾਸ਼ ਤੋਂ ਉੱਤਰ ਆਇਆ ਹੈ? ਬਾਦਸ਼ਾਹਾਂ ਵਾਂਗ ਵੱਡਾ ਅੰਤਰ ਪ੍ਰੇਰਕ ਹੈ। ਕਿਸੇ ਤਰ੍ਹਾਂ ਵੀ ਚਿੱਤ ਸ਼ੰਕਾਵਾਨ ਨਹੀਂ ਹੈ॥ ੨੦ ॥

ਬਦਨ ਪ੍ਰਫੁੱਲਿਤ ਕਮਲ ਸਮਾਨ। ਨੇਤ੍ਰ ਬਿਸਾਲ ਕ੍ਰਿਪਾਲ ਸੁਜਾਨ।
ਦੀਰਘ ਭੁਜਾ ਸ਼ਸਤ੍ਰ ਸਭਿ ਧਾਰੀ। ਗਰ ਜਾਮਾ ਜਿਨ ਕੇ ਦੁਤਿ ਭਾਰੀ॥ ੨੧ ॥

ਮੁੱਖ ਕੰਵਲ ਦੇ ਫੁੱਲ ਵਾਂਗ ਖਿੜਿਆ ਹੋਇਆ ਹੈ, ਵੱਡੇ-ਵੱਡੇ ਨੇਤਰ ਹਨ ਤੇ ਸ੍ਰੇਸ਼ਟ ਕਿਰਪਾਲੂ ਹਨ। ਲੰਮੀਆਂ-ਲੰਮੀਆਂ ਬਾਹਾਂ ਹਨ ਤੇ ਸਭ ਪ੍ਰਕਾਰ ਦੇ ਸ਼ਸਤਰ ਧਾਰਨ ਕੀਤੇ ਹੋਏ ਹਨ। ਗਲ ਵਿਚ ਜਿਹੜਾ ਜਾਮਾ ਪਾਇਆ ਹੈ ਉਹ ਬੜਾ ਸੁੰਦਰ ਸ਼ੋਭ ਰਿਹਾ ਹੈ॥ ੨੧ ॥

ਆਇ ਅਚਾਨਕ ਪ੍ਰਵਿਸ਼ੇ ਧਾਮੂ। ਨਿਭੈ ਸਭਿਨਿ ਤੇ ਤਨ ਅਭਿਰਾਮੂ।
ਭਏ ਅਚੰਭੇ ਦੇਖਤਿ ਰੂਪ। ਜਨੁ ਉਤਰਯੋ ਇਹ ਦੇਵ ਸਰੂਪ॥ ੨੨ ॥

ਆ ਕੇ ਅਚਾਨਕ ਨਗਰ ਵਿਚ ਪ੍ਰਵੇਸ਼ ਕਰ ਗਏ ਹਨ, ਸਾਰਿਆਂ ਤੋਂ ਨਿਰਭੈਅ ਹਨ ਤੇ ਸਰੀਰ ਬੜਾ ਮਨੋਹਰ ਅਤੇ ਅਨੰਦਮਈ ਹੈ।" ਇਨ੍ਹਾਂ ਦਾ ਸਰੂਪ ਵੇਖ ਕੇ ਬਹੁਤ ਹੈਰਾਨੀ ਹੋਈ ਹੈ ਜਿਵੇਂ ਦੇਵਤਾ ਸਰੂਪ ਅਕਾਸ਼ ਤੋਂ ਉਤਰਿਆ ਹੋਵੇ॥ ੨੨ ॥

ਮਸਤਕ ਮਹਾਂ ਦਿਪਤ ਹੈ ਜੋਤਿ। ਅਹਿਲਾਦਕ ਜਨੁ ਚੰਦ ਉਦੋਤਿ।
ਤਬਿ ਚਾਚਾ ਫੱਗੋ ਚਲਿ ਆਯੋ। ਠਾਂਢੇ ਅਜਰ ਗੁਰੂ ਦਰਸਾਯੋ॥ ੨੩ ॥

ਮੱਥੇ ਉਤੇ ਜੋਤ ਮਹਾਨ ਪ੍ਰਕਾਸ਼ ਕਰ ਰਹੀ ਹੈ, ਚਿਹਰੇ ਤੇ ਏਨਾ ਜਲਾਲ ਹੈ ਕਿ ਮਾਨੋ ਚੰਦ ਪ੍ਰਗਟ ਹੋਇਆ ਹੋਵੇ। ਤਦ ਚਾਚਾ ਫੱਗੋ ਚਲ ਕੇ ਆਇਆ, ਵਿਹੜੇ ਵਿਚ ਖੜੇ ਹੋਏ ਗੁਰੂ ਜੀ ਦੇ ਦਰਸ਼ਨ ਹੋਏ॥ ੨੩ ॥

ਨਿਸ਼ਚੈ ਭਯੋ ਨ ਹੈਂ ਗੁਰ ਏਹੀ। ਖਿਚਯੋ ਜਾਤਿ ਮਨ ਤਊ ਸਨੇਹੀ।
ਬਿਕਸਤਿ ਜਾਤਿ ਬਦਨ ਜਲਜਾਤਾ। ਦੇਖਤਿ ਰਿਦਾ ਉਮਗਿ ਹੁਲਸਾਤਾ॥੨੪ ॥

ਨਿਸ਼ਚਾ ਨਾ ਹੋਇਆ, "ਏਹੀ ਗੁਰੂ ਹੈ।" ਫਿਰ ਵੀ ਮਨ ਪਿਆਰ ਨਾਲ ਖਿਚਿਆ ਜਾ ਰਿਹਾ ਸੀ, ਕੰਵਲ ਵਾਂਗ ਮੁਖ ਖਿੜਦਾ ਜਾਂਦਾ ਸੀ ਹਿਰਦਾ ਵੇਖ ਕੇ ਖੁਸ਼ੀ ਨਾਲ ਉੱਛਲਦਾ ਪਿਆ ਹੈ॥ ੨੪ ॥

ਸਹਜ ਸੁਭਾਇਕ ਪ੍ਰੇਮ ਬਧੰਤਾ। ਖਰੇ ਸਮੁਖ ਚਿਤ ਮਹਿਂ ਚਿਤਵੰਤਾ।
ਬੂਝਿ ਨ ਸਕਹਿ ਤੇਜ ਦਰਸੰਤਾ। ਪਿਖਿ ਬਿਸਮਤਿ ਬੋਲੇ ਭਗਵੰਤਾ॥ ੨੫ ॥

ਸਹਿਜ ਸੁਭਾਅ ਪ੍ਰੇਮ ਵਧਦਾ ਜਾਂਦਾ ਹੈ, ਸਾਹਮਣੇ ਖੜੇ ਹਨ, ਚਿੱਤ ਵਿਚ ਵਿਚਾਰਦਾ ਹੈ। ਪੁੱਛ ਨਹੀਂ ਸਕਦਾ, ਤੇਜ ਹੀ ਸਭ ਕੁਝ ਦੱਸ ਰਿਹਾ ਸੀ। ਹੈਰਾਨ ਹੋਏ ਨੂੰ ਵੇਖ ਕੇ ਸਤਿਗੁਰੂ ਜੀ ਬੋਲੇ॥ ੨੫ ॥

'ਹੇ ਫੱਗੋ! ਤੈਂ ਪ੍ਰਣ ਅਤਿ ਧਾਰਯੋ। ਘਰ ਕੋ ਪੌਰ ਬਿਸਾਲ ਉਸਾਰਯੋ।
ਹਮ ਅਤਿ ਦੂਰ, ਨ ਰਿਦੇ ਬਿਚਾਰਯੋ। ਕਿਮ ਆਵਹਿਂਗੇ, ਨਹਿਂ ਨਿਰਧਾਰਯੋ॥੨੬ ॥

"ਹੇ ਫੱਗੋ ! ਤੂੰ ਅਤਿ ਕਠਨ ਪ੍ਰਣ ਧਾਰਨ ਕੀਤਾ ਹੈ, ਘਰ ਦਾ ਦਰਵਾਜ਼ਾ ਬਹੁਤ ਉੱਚਾ ਤੇ ਵੱਡਾ ਉਸਾਰਿਆ ਹੈ, ਅਸੀਂ ਬਹੁਤ ਦੂਰ ਸੀ, ਤੂੰ ਹਿਰਦੇ ਵਿਚ ਨਹੀਂ ਵਿਚਾਰਿਆ ਹੈ, ਕਿਵੇਂ ਆਵਾਂਗੇ ਇਹ ਨਿਰਧਾਰਤ ਨਹੀਂ ਕੀਤਾ ਹੈ॥ ੨੬॥

ਪੰਥ ਸੈਂਕਰੇ ਕੋਸਨਿ ਕੇਰਾ। ਕਿਤੇ ਦਿਵਸ ਮਹਿਂ ਪਹੁਚੈ ਡੇਰਾ।
ਬਿਨਾ ਬਿਚਾਰੇ ਪ੍ਰੇਮ ਮਹਾਨਾ। ਸੰਗਤਿ ਮੈਂ ਸੁਨਾਇ ਪ੍ਰਣ ਠਾਨਾ॥ ੨੭॥

ਸੈਂਕੜੇ ਕੋਹਾਂ ਦਾ ਪੈਂਡਾ ਹੈ, ਕਿੰਨੇ ਦਿਨਾਂ ਵਿਚ ਡੇਰੇ ਪਹੁੰਚਾਂਗੇ। ਵਿਚਾਰਨ ਤੋਂ ਬਗੈਰ ਮਹਾਨ ਪ੍ਰੇਮ ਕੀਤਾ ਹੈ, ਸੰਗਤ ਵਿਚ ਸੁਣਾ ਕੇ ਤੂੰ ਪ੍ਰਣ ਧਾਰਨ ਕੀਤਾ ਹੈ॥ ੨੭॥

ਤੁਮ ਮਨਸ਼ਾ ਕੇ ਪੂਰਨ ਹੇਤੁ। ਸਦਨ ਪ੍ਰਵੇਸ਼ੇ ਬਾਜ ਸਮੇਤ।
ਤੋਰ ਪ੍ਰਤੱਗਯਾ ਪੂਰਨ ਕਰੀ। ਜਿਮ ਇੱਛਾ ਤਿਮ ਕਰਿ ਇਸ ਘਰੀ॥ ੨੮॥

ਤੇਰੀ ਮਨਸ਼ਾ ਨੂੰ ਪੂਰੀ ਕਰਨ ਵਾਸਤੇ ਅਸੀਂ ਘੋੜੇ ਸਹਿਤ ਘਰ ਦੇ ਅੰਦਰ ਦਾਖਲ ਹੋਏ ਹਾਂ। ਤੇਰੀ ਪ੍ਰਤਿੱਗਿਆ ਪੂਰੀ ਕੀਤੀ, ਜਿਵੇਂ ਤੇਰੀ ਇੱਛਾ ਹੈ, ਉਸ ਤਰ੍ਹਾਂ ਇਸ ਸਮੇਂ ਕਰੋ"॥ ੨੮॥

ਸੁਨਿ ਫੱਗੋ ਕੇ ਨਿਸ਼ਚੈ ਭਯੋ। ਇਹ ਗੁਰ ਤੇਗਬਹਾਦਰ ਅਯੋ।
ਤਤਛਿਨ ਉਮਗਯੋ ਰਿਦੇ ਬਿਲੰਦ। ਦੇਖਿ ਚੰਦ ਕੋ ਸਿੰਧੁ ਮਨਿੰਦ॥ ੨੯॥

ਇਹ ਸੁਣ ਕੇ ਫੱਗੋ ਦਾ ਨਿਸ਼ਚਾ ਬੱਝ ਗਿਆ, ਇਹ ਗੁਰੂ ਤੇਗ ਬਹਾਦਰ ਜੀ ਆਏ ਹਨ। ਤੁਰਤ ਹਿਰਦਾ ਚਾਅ ਨਾਲ ਉੱਛਲ ਪਿਆ ਜਿਵੇਂ ਸਾਗਰ ਚੰਦ ਨੂੰ ਵੇਖ ਉਛਾਲੇ ਮਾਰਦਾ ਹੈ॥ ੨੯॥

ਭਰੇ ਬਿਲੋਚਨ ਮਹਿਦ ਅਨੰਦ। ਮੁਕਤਾ ਸਮ ਛੂਟਤਿ ਜਲ ਬੂੰਦ।
ਮੁਖ ਪਰਪੁਲਤ ਅੱਸ਼੍ਰ ਕੇ ਸੰਗ। ਤ੍ਰਿਪਤਿ ਨ ਦੇਖਤਿ ਚਢੇ ਤੁਰੰਗ॥ ੩੦॥

ਨੈਣ ਬੜੇ ਅਨੰਦ ਨਾਲ ਭਰ ਗਏ, ਮੋਤੀਆਂ ਵਾਂਗ ਜਲ ਦੀਆਂ ਬੂੰਦਾਂ ਡਿਗਦੀਆਂ ਸਨ ਤੇ ਮੁਖੜਾ ਹੰਝੂਆਂ ਨਾਲ ਭਿੱਜ ਗਿਆ, ਘੋੜੇ ਤੇ ਚੜ੍ਹਿਆਂ ਨੂੰ ਵੇਖ ਕੇ ਤ੍ਰਿਪਤ ਨਹੀਂ ਸੀ ਹੋ ਰਿਹਾ॥ ੩੦॥

ਭਾ ਸਥੰਭ ਕੁਛ ਕਹਯੋ ਨ ਜਾਈ। ਰੁਕਯੋ ਕੰਠ ਮੁਖ ਗਿਰਾ ਨਾ ਆਈ।
ਚਖਨਿ ਸਪਲਕ ਥਿਰਯੋ ਰਹਿ ਆਗੇ। ਬਹੁਰ ਪਾਇ ਸੁਧਿ ਕੋ ਬਡਭਾਗੇ॥ ੩੧॥

ਖੰਭੇ ਵਾਂਗ ਖੜੇ ਦਾ ਖੜਾ ਰਿਹਾ, ਕੁਝ ਕਿਹਾ ਨਹੀਂ ਸੀ ਜਾਂਦਾ, ਗਲਾ ਰੁਕ ਗਿਆ, ਮੁਖ ਵਿਚੋਂ ਕੋਈ ਬੋਲ ਨਾ ਨਿਕਲੇ। ਨੇਤਰਾਂ ਦੀ ਪਲਕਾਂ ਸਮੇਤ ਟਿਕਟਿਕੀ ਬੱਝ ਗਈ॥ ੩੧॥

ਪੂਜਤਿ ਰਹਯੋ ਜਿਸੇ ਦਿਨ ਰਾਤੀ। ਹੁਤੋ ਪ੍ਰਯੰਕ ਰਚਯੋ ਸ਼ੁਭ ਭਾਂਤੀ।
ਕਰਿ ਤੂਰਨਤਾ ਆਨਿ ਡਸਾਯਹੁ। ਸੁੰਦਰ ਆਸਤਰਨ ਸੋਂ ਛਾਯਹੁ॥ ੩੨॥

ਜਿਨ੍ਹਾਂ ਨੂੰ ਦਿਨ ਰਾਤ ਪੂਜਦਾ ਰਿਹਾ ਸੀ, ਸ਼ੁਭ ਪ੍ਰਕਾਰ ਇਕ ਪਲੰਘ ਬਣਵਾਇਆ ਸੀ, ਤੁਰਤ ਉਸ ਨੂੰ ਲਿਆ ਕੇ ਵਿਹੜੇ ਵਿਚ ਡਾਹ ਦਿੱਤਾ ਤੇ ਸੁੰਦਰ ਕਪੜੇ ਉਸ ਉਤੇ ਵਿਛਾ ਦਿੱਤੇ॥ ੩੨॥

ਧਰੇ ਮੁਲਾਇਮ ਬਰ ਉਪਧਾਨੁ। ਰੇਸ਼ਮ ਡੋਰੈਂ ਤਨੀ ਮਹਾਨ।
ਜਾਇ ਰਕਾਬ ਗਹੀ ਤਬਿ ਹਾਥ। ਤੁਰੰਗ ਉਤਾਰੇ ਸ੍ਰੀ ਗੁਰ ਨਾਥ॥ ੩੩॥

ਉਸ ਉਤੇ ਮੁਲਾਇਮ ਸ੍ਰੇਸ਼ਟ ਸਰਹਾਣੇ ਲਿਆ ਕੇ ਧਰ ਦਿੱਤੇ। ਰੇਸ਼ਮ ਦੀਆਂ ਡੋਰਾਂ ਮਹਾਨ ਤਣੀਆਂ ਸਨ। ਫਿਰ ਚਾਰੇ ਫੱਗੋ ਨੇ ਜਾ ਕੇ ਗੁਰੂ ਜੀ ਦੀ ਰਕਾਬ ਫੜ ਲਈ ਤੇ ਗੁਰੂ ਜੀ ਨੂੰ ਘੋੜੇ ਤੋਂ ਉਤਾਰਿਆ॥ ੩੩॥

ਸਿੰਘਾਸਨ ਪਰ ਤਬਹਿ ਬਿਠਾਏ। ਪਰਜੋ ਡੰਡਵਤ ਗੁਰ ਅਗਵਾਏ।
ਬਾਰਿ ਬਾਰਿ ਅਭਿਬੰਦਨ ਭੂਮ। ਪਗ ਪੰਕਜ ਗਹਿ ਆਨਨ ਚੂੰਮ॥ ੩੪॥

ਫਿਰ ਗੁਰੂ ਜੀ ਨੂੰ ਸਿੰਘਾਸਣ ਉਤੇ ਬਿਠਾਇਆ ਤੇ ਲੰਮੇ ਪੈ ਕੇ ਗੁਰੂ ਜੀ ਅੱਗੇ ਡੰਡੌਤ ਬੰਧਨਾ ਕੀਤੀ। ਬਾਰ-ਬਾਰ ਧਰਤੀ ਤੇ ਮੱਥਾ ਟੇਕਦਾ ਸੀ ਤੇ ਗੁਰੂ ਜੀ ਦੇ ਚਰਨ ਕੰਵਲ ਫੜ ਕੇ ਮੁਖ ਨਾਲ ਚੁੰਮੇ॥ ੩੪॥

ਲੇ ਗੁਰੁ ਕੀ ਪਨਹੀ ਨਿਜ ਹਾਥ। ਤਿਸ ਤੇ ਧੂਲ ਲਗਾਵਤਿ ਮਾਥ।
ਹਾਥ ਜੋਰਿ ਹੁਇ ਖਰੋ ਅਗਾਰੀ। ਬਾਰਿ ਬਾਰਿ ਹੋਵਤਿ ਬਲਿਹਾਰੀ॥ ੩੫॥

ਗੁਰੂ ਜੀ ਦੀ ਜੁੱਤੀ ਆਪਣੇ ਹੱਥ ਵਿਚ ਫੜ ਕੇ, ਉਸ ਦੀ ਧੂੜ ਆਪਣੇ ਮੱਥੇ ਨੂੰ ਲਾਈ। ਫਿਰ ਹੱਥ ਜੋੜ ਕੇ ਅੱਗੇ ਖੜਾ ਹੋ ਗਿਆ ਤੇ ਬਾਰ-ਬਾਰ ਬਲਿਹਾਰ ਜਾਂਦਾ ਸੀ॥ ੩੫॥

'ਸ੍ਰੀ ਗੁਰੁ! ਤੀਨ ਲੋਕ ਕੇ ਸ੍ਵਾਮੀ। ਸਦਾ ਸਭਿਨਿ ਕੇ ਅੰਤਰਜਾਮੀ।
ਕੌਨ ਰੰਕ ਮੈਂ, ਚਲਿ ਘਰ ਆਏ। ਬਿਰਦ ਦਾਸ ਬਤਸਲ ਤੁਮ ਗਾਏ॥ ੩੬ ॥

"ਹੇ ਗੁਰੂ ਜੀ! ਤੁਸੀਂ ਤਿੰਨਾਂ ਲੋਕਾਂ ਦੇ ਮਾਲਕ ਹੋ, ਹੇ ਅੰਤਰਜਾਮੀ ਤੁਸੀਂ ਸਦਾ ਸਭ ਦੇ ਦਿਲਾਂ ਦੀਆਂ ਜਾਣਦੇ ਹੋ। ਕੌਣ ਮੇਰੇ ਗਰੀਬ ਦੇ ਘਰ ਚਲ ਕੇ ਆਉਂਦਾ ਹੈ। ਤੁਹਾਡਾ ਬਿਰਦ ਦਾਸਾਂ ਨੂੰ ਪਿਆਰ ਕਰਨ ਵਾਲਾ ਕਹਿੰਦੇ ਹਨ॥ ੩੬॥

ਦੀਨ ਬੰਧੁ ਹੈ ਨਾਮ ਤੁਮਾਰਾ। ਰਾਖਹੁ ਲਾਜ ਬਿਦਤਿ ਸੰਸਾਰਾ।
ਤੁਮ ਬਿਨ ਇਮ ਗੁਨ ਮਹਿਂ ਕਿਸ ਮਾਂਹੂ। ਨਿਰਧਨ ਕੇ ਧਨ ਹੋ ਸਭਿ ਕਾਂਹੂ ॥੩੭॥

ਦੀਨ ਬੰਧੂ ਤੁਹਾਡਾ ਨਾਮ ਹੈ, ਤੁਸੀਂ ਸਭ ਦੀ ਲਾਜ ਰੱਖਦੇ ਹੋ ਇਹ ਸਾਰੇ ਸੰਸਾਰ ਵਿਚ ਪ੍ਰਗਟ ਹੈ, ਤੁਹਾਡੇ ਬਗੈਰ ਅਜਿਹੇ ਗੁਣ ਹੋਰ ਕਿਸੇ ਵਿਚ ਨਹੀਂ ਹਨ। ਨਿਰਧਨ ਦਾ ਧਨ ਹੋ ਤੇ ਸਭ ਕਿਸੇ ਦੇ ਆਪਣੇ ਹੋ"॥ ੩੭॥

ਸਹਸਰਾਵ ਕੇ ਪੁਰਿ ਮਹਿਂ ਸਾਰੇ। ਸੁਨਿ ਸੁਨਿ ਸਿਖ ਹਰਖਤਿ ਉਰ ਭਾਰੇ।
ਜੋ ਜੋ ਵਸਤੁ ਧਰੀ ਗੁਰ ਹੇਤੁ। ਸੋ ਸਭਿ ਲੈ ਲੈ ਪ੍ਰੇਮ ਸਮੇਤ॥ ੩੮॥

ਸਸਰਾਮ ਸ਼ਹਿਰ ਦੇ ਸਾਰੇ ਸਿੱਖ ਸੁਣ ਸੁਣ ਕੇ ਦਿਲ ਵਿਚ ਭਾਰੀ ਖੁਸ਼ ਹੋਏ। ਜਿਹੜੀ-ਜਿਹੜੀ ਵਸਤੂ ਗੁਰੂ ਜੀ ਵਾਸਤੇ ਰੱਖੀ ਸੀ, ਉਹ ਸਾਰੇ ਪ੍ਰੇਮ ਸਹਿਤ ਲੈ ਕੇ ਆਏ॥ ੩੮॥

ਅਨਿਕ ਅਕੋਰਨਿ ਕਰ ਧਰਿ ਆਏ। ਦੇਖਤਿ ਦਰਸ਼ਨ ਸੀਸ ਨਿਵਾਏ।
ਕਰ ਜੋਰਹਿ ਅਰੁ ਬਿਨੈ ਬਖਾਨਹਿ। ਕਰਹਿਂ ਤਿਹਾਵਲ ਕੋ ਬਹੁ ਆਨਹਿਂ॥ ੩੯॥

ਅਨੇਕਾਂ ਉਪਹਾਰ ਹੱਥ ਵਿਚ ਧਰ ਕੇ ਆਏ ਤੇ ਦਰਸ਼ਨ ਕਰਕੇ ਸੀਸ ਨਿਵਾਏ। ਹੱਥ ਜੋੜ ਕੇ ਬੇਨਤੀ ਕਰਦੇ ਸਨ, ਕਈ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਲਿਆਉਂਦੇ ਸਨ॥ ੩੯॥

ਕ੍ਰਿਪਾ ਸਿੰਧੁ ਸਭਿ ਕੀ ਦ੍ਰਿਸ਼ਿ ਦੇਖਿ। ਕਰਹਿਂ ਖੁਸ਼ੀ ਲਹਿ ਅਨੰਦ ਵਿਸ਼ੇਖ।
ਉਤਸਵ ਠਾਨਹਿਂ ਅਨਿਕ ਪ੍ਰਕਾਰੀ। ਧੂਪ ਧੁਖਾਇ ਆਰਤੀ ਉਤਾਰੀ॥ ੪੦॥

ਕਿਰਪਾ ਦੇ ਸਾਗਰ ਸਾਰਿਆਂ ਵਲ ਵੇਖ ਰਹੇ ਸਨ। ਉਹ ਖੁਸ਼ੀਆਂ ਕਰਕੇ ਵਿਸ਼ੇਸ਼ ਅਨੰਦ ਲੈ ਰਹੇ ਸਨ। ਅਨੇਕ ਪ੍ਰਕਾਰ ਦੇ ਉਤਸਵ ਕਰਦੇ ਸਨ ਤੇ ਧੂਪ ਧੁਖਾ ਕੇ ਆਰਤੀਆਂ ਉਤਾਰਦੇ ਸਨ॥ ੪੦॥

ਫੂਲਨਿ ਮਾਲਾ ਰਚਹਿਂ ਬਿਸਾਲੇ। ਬਹੁਤ ਸੁਗੰਧਤਿ ਗੁਰ ਗਰ ਡਾਲੇਂ।
ਮੇਵੇ ਮਧੁਰ ਮਧੁਰ ਫਲ ਲਜਾਏ। ਭੋਜਨ ਹੇਤੁ ਅੰਨ ਸਮੁਦਾਏ॥ ੪੧॥

ਬਹੁਤ ਫੁੱਲਾਂ ਦੇ ਹਾਰ ਤਿਆਰ ਕਰ ਰਹੇ ਸਨ ਤੇ ਬਹੁਤ ਸੁਗੰਧੀਆਂ ਵਾਲੇ ਫੁੱਲ ਗੁਰੂ ਜੀ ਦੇ ਗਲ ਵਿਚ ਪਾ ਰਹੇ ਸਨ। ਮਿੱਠੇ-ਮਿੱਠੇ ਮੇਵੇ ਤੇ ਫਲ ਲਿਆਏ ਤੇ ਭੋਜਨ ਵਾਸਤੇ ਅਨਾਜ ਇਕੱਠਾ ਕੀਤਾ॥੪੧॥

ਮਾਤ ਨਾਨਕੀ ਨੁਖਾ ਸਮੇਤ। ਆਇ ਬਾਸ ਕਿਯ ਤਿਸੀ ਨਿਕੇਤ।
ਡੇਰਾ ਅਪਰ ਵਹਿਰ ਸਭਿ ਹੋਯੋ। ਨਰ ਨਾਰਿਨਿ ਮਿਲਿ ਸਤਿਗੁਰ ਜੋਯੋ॥ ੪੨॥

ਮਾਤਾ ਨਾਨਕੀ ਜੀ ਆਪਣੀ ਨੂੰਹ ਸਮੇਤ ਆ ਕੇ ਉਸੇ ਘਰ ਵਿਚ ਵਾਸਾ ਕੀਤਾ। ਬਾਕੀ ਸਭ ਦਾ ਡੇਰਾ ਬਾਹਰ ਲਾ ਦਿੱਤਾ ਇਸਤਰੀ ਪੁਰਸ਼ਾਂ ਨੇ ਮਿਲ ਕੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ॥੪੨॥

ਹੇਤੁ ਦੇਗ ਕੇ ਸ੍ਰੇਸ਼ਟ ਅੰਨ। ਗਨ ਆਨਹਿਂ ਚਹਿਂ ਗੁਰੂ ਪ੍ਰਸੰਨ।
ਦੁਗਧ ਘ੍ਰਿਤ ਬਹੁ ਬਿਧਿ ਮਠਿਆਈ। ਸੂਖਮ ਚਾਵਰ ਫਲ ਸਮੁਦਾਈ॥ ੪੩॥

ਲੰਗਰ ਵਾਸਤੇ ਸ੍ਰੇਸ਼ਟ ਅਨਾਜ ਬਹੁਤ ਲੈ ਕੇ ਆਏ, ਉਹ ਗੁਰੂ ਜੀ ਨੂੰ ਪ੍ਰਸੰਨ ਕਰਨਾ ਚਾਹੁੰਦੇ ਸਨ। ਦੁੱਧ ਘਿਉ ਦੀ ਬਹੁਤ ਪ੍ਰਕਾਰ ਮਠਿਆਈ ਤਿਆਰ ਕੀਤੀ। ਨਰਮ ਚਾਵਲ ਅਤੇ ਬਹੁਤ ਫਲ ਇਕੱਠੇ ਕੀਤੇ॥੪੩॥

ਅਨਿਕ ਬਿਧਿਨਿ ਕਰਿਵਾਇ ਅਹਾਰੇ। ਸਤਿਗੁਰ ਕੋ ਅਚਵਾਵਨਿ ਧਾਰੇ।
ਬ੍ਰਿੰਦ ਸਿੱਖ ਬੈਠਤਿ ਹੈਂ ਪਾਸ। ਗੁਰ ਕੋ ਬਾਕ ਸੁਨਹਿਂ ਸੁਖਰਾਸ॥ ੪੪॥

ਅਨੇਕ ਵਿਧੀਆਂ ਨਾਲ ਭੋਜਨ ਤਿਆਰ ਕਰਵਾਇਆ, ਸਤਿਗੁਰੂ ਜੀ ਨੂੰ ਛਕਾਉਣ ਵਾਸਤੇ ਧਾਰਨ ਕੀਤਾ ਸੀ। ਬਹੁਤ ਸਿੱਖ ਗੁਰੂ ਜੀ ਦੇ ਪਾਸ ਬੈਠ ਗਏ ਤੇ ਗੁਰੂ ਜੀ ਦੇ ਸੁਖ ਦੇਣ ਵਾਲੇ ਬਚਨ ਸੁਣਦੇ ਸਨ॥੪੪॥

ਕੇਤਿਕ ਦਿਨ ਤਹਿਂ ਕੀਨਸਿ ਡੇਰਾ। ਪੂਰਜੋ ਪ੍ਰਣ ਬਹੁ ਸਿੱਖਨਿ ਕੇਰਾ।
ਜੋ ਜੋ ਗੁਰੁ ਹਿਤ ਜਿਸ ਜਿਸ ਰਾਖਾ। ਸੋ ਸੋ ਅਰਪਤਿ ਪੂਰ ਭਿਲਾਖਾ॥ ੪੫॥

ਕਈ ਦਿਨ ਗੁਰੂ ਜੀ ਨੇ ਉਥੇ ਡੇਰਾ ਕੀਤਾ ਤੇ ਸਿੱਖਾਂ ਦਾ ਪ੍ਰਣ ਪੂਰਾ ਕੀਤਾ। ਜੋ-ਜੋ ਵੀ ਜਿਸ ਜਿਸ ਨੇ ਗੁਰੂ ਜੀ ਵਾਸਤੇ ਰਖਿਆ ਸੀ ਉਹ ਉਹ ਅਭਿਲਾਖਾ ਪੂਰੀ ਹੋਣ ਤੇ ਅਰਪਣ ਕਰਦੇ ਸਨ॥੪੫॥

ਸਭਿ ਸਿੱਖਜਨਿ ਪਰ ਖੁਸ਼ੀ ਭਏ ਹੈਂ। ਰਿਦੈ ਮਨੋਰਥ ਪੂਰ ਦਏ ਹੈਂ।
ਪੁਨ ਚਹਿਂ ਗਮਨਜੋ ਗੁਰੂ ਅਗਾਰੀ। ਕਵਿ ਸੰਤੋਖ ਸਿੰਘ ਹੈ ਬਲਿਹਾਰੀ॥ ੪੬॥

ਗੁਰੂ ਸਭ ਸਿੱਖਾਂ ਉਤੇ ਖੁਸ਼ ਹੋਏ ਹਨ ਤੇ ਉਨ੍ਹਾਂ ਦੇ ਹਿਰਦਿਆਂ ਦੇ ਮਨੋਰਥ ਪੂਰੇ ਕਰ ਦਿੱਤੇ ਹਨ। ਫਿਰ ਗੁਰੂ ਜੀ ਅੱਗੇ ਜਾਣਾ ਚਾਹੁੰਦੇ ਸਨ। ਕਵੀ ਸੰਤੋਖ ਸਿੰਘ ਉਨ੍ਹਾਂ ਤੋਂ ਬਲਿਹਾਰ ਜਾਂਦਾ ਹੈ॥੪੬॥

*ਗਿਆਰਵੀਂ ਰਾਸ ਦਾ ਪਚਵੰਜਵਾਂ ਅਧਿਆਇ ਸਮਾਪਤ ਹੋਇਆ॥੫੫॥*

## *ਅਧਿਆਇ ਛਪਵੰਜਵਾਂ*

*ਸਸਰਾਮ ਡੇਰਾ, ਫੇਰੀ, ਬਾਗ ਵਿਚ ਨਿਵਾਸ*

ਦੋਹਰਾ- ਬਿਹਸ ਕਹਜੋ ਸਤਿਗੁਰੂ ਤਬਹਿ ਫੱਗੋ ਨਿਕਟਿ ਬੁਲਾਇ।
'ਸਿੱਖਨਿ ਗ੍ਰਿਹ ਤੇ ਕਾਰ ਗੁਰੁ ਲੇ ਕੀਨਸਿ ਇਕਥਾਇ॥ ੧॥

ਫਿਰ ਸਤਿਗੁਰੂ ਜੀ ਨੇ ਚਾਰੇ ਫੱਗੋ ਨੂੰ ਬੁਲਾ ਕੇ ਹੱਸ ਕੇ ਕਿਹਾ "ਸਿੱਖਾਂ ਦੇ ਘਰਾਂ ਤੋਂ ਕਾਰ ਭੇਟ ਲੈ ਕੇ ਤੁਸੀਂ ਇਕ ਥਾਂ ਇਕੱਠੀ ਕਰਦੇ ਹੋ ॥੧॥

ਚੌਪਈ- ਸੋ ਅਬਿ ਅਰਪਨ ਕੀਜਹਿ ਆਨਿ। ਹਮ ਚਾਹਤਿ ਆਗੈ ਪ੍ਰਸਥਾਨਾ।
ਹਾਥ ਜੋਰਿ ਤਿਨ ਸਕਲ ਸੁਨਾਈ। 'ਕਹਜੋ ਜੁ ਮੈਂ ਆਗੇ ਇਕਥਾਈ ॥੨॥

ਉਹ ਹੁਣ ਆ ਕੇ ਅਰਪਣ ਕਰੋ, ਅਸੀਂ ਹੁਣ ਅੱਗੇ ਜਾਣਾ ਚਾਹੁੰਦੇ ਹਾਂ।" ਹੱਥ ਜੋੜ ਕੇ ਫੱਗੋ ਸਾਰੀ ਗੱਲ ਸੁਣਾਈ, "ਜੋ ਕਾਰ ਭੇਟ ਮੈਂ ਪਹਿਲਾਂ ਇਕੱਠੀ ਕੀਤੀ ਸੀ ॥੨॥

ਸੋ ਗਿਨ ਗਿਨ ਪੈਸੇ ਲਗ ਸਾਰੇ। ਹੁੰਡੀ ਕੋ ਕਰਾਇ ਬਹੁ ਬਾਰੇ।
ਰਹਜੋ ਹਜ਼ੂਰ ਪਚਾਵਤਿ ਸੋਈ। ਛਾਨੀ ਨਹੀਂ ਆਪ ਤੇ ਕੋਈ॥ ੩॥

ਉਹ ਮੈਂ ਸਾਰੀ ਗਿਣ-ਗਿਣ ਕੇ ਪੈਸੇ ਪੈਸੇ ਤਕ ਬਹੁਤ ਵਾਰ ਹੁੰਡੀ ਬਣਾ ਕੇ ਆਪ ਜੀ ਦੇ ਪਾਸ ਪਹੁੰਚਾਉਂਦਾ ਰਿਹਾ ਹਾਂ, ਆਪ ਪਾਸੋਂ ਕੋਈ ਵੀ ਗੱਲ ਗੁਝੀ ਨਹੀਂ ਹੈ॥੩॥

ਅਬਿ ਬਾਕੀ ਜੇਤਿਕ ਧਨ ਕੀਨਾ। ਸੋ ਸਭਿ ਚਹੌਂ ਆਪ ਕੋ ਦੀਨਾ"।
ਇਮ ਕਹਿ ਦਯੋ ਦਰਬ ਕੋ ਆਨਿ। ਜੋ ਸਿੱਖਜਨਿ ਤੇ ਲੀਨਿ ਮਹਾਨ ॥੪॥

ਹੁਣ ਬਾਕੀ ਜਿੰਨਾ ਧਨ ਇਕੱਠਾ ਕੀਤਾ ਹੈ, ਉਹ ਸਾਰਾ ਆਪ ਜੀ ਨੂੰ ਦੇਣਾ ਚਾਹੁੰਦਾ ਹਾਂ।" ਇਸ ਤਰ੍ਹਾਂ ਕਹਿ ਕੇ ਉਸ ਧਨ ਲਿਆ ਕੇ ਦਿੱਤਾ, ਜੋ ਧਨ ਸਿੱਖਾਂ ਪਾਸੋਂ ਲੈ ਕੇ ਇਕੱਠਾ ਕੀਤਾ ਸੀ॥੪॥

ਪਿਖਿ ਸਤਿਗੁਰ ਨੇ ਤਿਹ ਸੋਂ ਕਹਜੋ। 'ਅਪਰ ਲਜਾਉ ਜੋ ਬਾਕੀ ਰਹਜੋ।
ਹਮਰੇ ਹਿਤ ਜੋ ਕਿਛ ਕਿਸ ਦੀਨਾ। ਸੋ ਅਬਿ ਦੇਹੁ ਜੁ ਤੁਵ ਕਰ ਲੀਨਾ ॥੫॥

ਇਹ ਵੇਖ ਕੇ ਸਤਿਗੁਰੂ ਜੀ ਨੇ ਉਸ ਨੂੰ ਕਿਹਾ, "ਹੋਰ ਲਿਆਵੋ ਜੋ ਬਾਕੀ ਰਿਹਾ ਹੈ। ਸਾਡੇ ਵਾਸਤੇ ਜੋ ਕੁਝ ਵੀ ਕਿਸੇ ਨੇ ਦਿੱਤਾ ਹੈ, ਉਹ ਲਿਆ ਕੇ ਹੁਣ ਸਾਨੂੰ ਦੇਵੋ ਜੋ ਤੁਸੀਂ ਆਪਣੇ ਹੱਥੀਂ ਪ੍ਰਾਪਤ ਕੀਤਾ ਹੈ" ॥੫॥

ਸੁਨਿ ਫੱਗੋ ਮਨ ਮਹਿਂ ਬਿਸਮਾਨਜੋ। ਇਹ ਕਜਾ ਸਤਿਗੁਰ ਬਾਕ ਬਖਾਨਜੋ।
ਮੋ ਢਿਗ ਤਉ ਅਬਿ ਕੁਛ ਨਹਿਂ ਰਹਜੋ। ਇਹ ਕਿਮ ਜਾਚਹਿਂ,ਕਜਾ ਉਰ ਲਹਜੋ? ॥੬॥

ਇਹ ਸੁਣ ਕੇ ਫੱਗੋ ਆਪਣੇ ਮਨ ਵਿਚ ਬਹੁਤ ਹੈਰਾਨ ਹੋਇਆ, ਇਹ ਸਤਿਗੁਰੂ ਜੀ ਨੇ ਕੀ ਬਚਨ ਕੀਤਾ ਹੈ। ਮੇਰੇ ਪਾਸ ਤਾਂ ਹੁਣ ਕੁਝ ਨਹੀ ਰਿਹਾ ਹੈ, ਇਹ ਕਿਵੇਂ ਮੰਗਦੇ ਹਨ ਹਿਰਦੇ ਵਿਚ ਕੀ ਜਾਣਿਆ ਹੈ? ॥੬॥

ਕੂਰ ਬਾਕ ਇਹ ਕਹੈਂ ਨ ਕਜੋਂ ਹੂੰ। ਮੁਝ ਢਿਗ ਰਹਜੋ ਨ, ਸਤਿ ਭੀ ਯੋਂ ਹੂੰ।
ਚਿਤ ਚਿਤਵਤਿ ਬਿਤਵਤਿ ਤਿਸ ਕਾਲ। ਇਕ ਸਿਖਨੀ ਗਤਿ ਕੀਨਿ ਸੰਭਾਲ॥੭॥

ਇਹ ਝੂਠੇ ਬਚਨ ਤਾਂ ਕਦੀ ਵੀ ਕਹਿ ਨਹੀਂ ਸਕਦੇ, ਮੇਰੇ ਪਾਸ ਕੁਝ ਰਿਹਾ ਨਹੀਂ ਇਹ ਗੱਲ ਵੀ ਸੱਚੀ ਹੈ। ਚਿੱਤ ਵਿਚ ਬੀਤੇ ਹੋਏ ਸਮੇਂ ਬਾਰੇ ਵਿਚਾਰ ਕਰ ਰਿਹਾ ਸੀ। ਇਕ ਸਿੱਖਣੀ ਦਾ ਕੌਤਕ ਜਾਂ ਕਰਨੀ ਯਾਦ ਕੀਤੀ॥੭॥

'ਸੁਨਹੁ ਪ੍ਰਭੂ ! ਜੋ ਮੈਂ ਨਹਿਂ ਦੀਨਾ। ਆਪ ਸਿਮਰਿ ਚਾਹਹੁ ਜਿਸ ਲੀਨਾ।
ਇਕ ਦਿਨ ਇਕ ਸਿਖ ਕੇ ਘਰ ਗਯੋ। ਤਹਾਂ ਨ ਸਿਖ ਕੋ ਦੇਖਤਿ ਭਯੋ ॥੮॥

"ਹੇ ਪ੍ਰਭੂ ਸੁਣੋ ਜੋ ਮੈਂ ਨਹੀਂ ਦਿੱਤਾ ਹੈ, ਆਪ ਯਾਦ ਕਰਵਾ ਕੇ ਜਿਸ ਨੂੰ ਲੈਣਾ ਚਾਹੁੰਦੇ ਹੋ। ਇਕ ਦਿਨ ਮੈਂ ਇਕ ਸਿੱਖ ਦੇ ਘਰ ਗਿਆ ਤੇ ਸਿੱਖ ਨੂੰ ਘਰ ਵਿਚ ਨਾ ਵੇਖਿਆ" ॥੮॥

ਸਿਖਨੀ ਹੁਤੀ ਤਿਸੀ ਸੰਗ ਭਾਖੀ। ਦਿਹੁ ਗੁਰੁ ਕਾਰ ਜੁ ਹੈ ਘਰ ਰਾਖੀ।
ਕਹਨਿ ਲਗੀ ਸਿਖ ਨਾਹਨ ਘਰੋ। ਨਿਕਟਿ ਨ ਕੁਛ ਦੈਬੇ ਕਥਾ ਕਰੋਂ॥ ੯॥

ਉਸ ਦੀ ਸਿੱਖਣੀ ਘਰ ਸੀ, ਉਸ ਨੂੰ ਮੈਂ ਕਿਹਾ, ਗੁਰੂ ਜੀ ਦੀ ਕਾਰ ਭੇਟ ਦੇਵੋ ਜੋ ਤੁਸੀਂ ਘਰ ਵਿਚ ਰੱਖੀ ਹੈ। ਉਹ ਕਹਿਣ ਲੱਗੀ ਸਿੱਖ ਘਰ ਵਿਚ ਨਹੀਂ ਹੈ, ਕੁਝ ਵੀ ਦੇਣ ਵਾਸਤੇ ਪਾਸ ਨਹੀਂ ਹੈ, ਕੀ ਕਰਾਂ॥੯॥

ਸੁਨਿ ਕੈ ਪੁਨ ਮੈਂ ਬੋਲਯੋ ਤਾਂ ਸੋਂ। ਜੋ ਕਿਛ ਹੋਹਿ ਦੇਹੁ ਨਿਜ ਪਾਸੋਂ।
ਜੋ ਦੇਵਹਿਂ ਸੋ ਮੈਂ ਲੈ ਜਾਊਂ। ਸਤਿਗੁਰ ਪਾਸ ਦੇਇ ਪਹੁੰਚਾਊਂ॥ ੧੦॥

ਇਹ ਸੁਣ ਕੇ ਫਿਰ ਮੈਂ ਉਸ ਨੂੰ ਕਿਹਾ, ਜੋ ਕੁਝ ਵੀ ਹੈ ਆਪਣੇ ਪਾਸੋਂ ਦੇ ਦੇਵੋ। ਜੋ ਵੀ ਦੇਵੋਗੇ ਉਹ ਮੈਂ ਲੈ ਜਾਵਾਂਗਾ ਤੇ ਸਤਿਗੁਰੂ ਜੀ ਪਾਸ ਪਹੁੰਚਾ ਦੇਵਾਂਗਾ॥੧੦॥

ਨਿਰਧਨ ਸਿਖ ਗਰੀਬ ਕੋ ਧਾਮ। ਕਾਲ ਨਿਬਾਹਤਿ ਕਰਿ ਪਰਕਾਮ।
ਭਈ ਸੁ ਕੋਪ ਸੁਨੇ ਬਚ ਮੇਰੇ। ਐਸੇ ਕਹਨਿ ਲਗੀ ਤਿਸ ਬੇਰੇ॥ ੧੧॥

ਨਿਰਧਨ ਸਿੱਖ ਗਰੀਬ ਦਾ ਘਰ ਸੀ, ਪਰਾਇਆ ਕੰਮ ਕਰਕੇ ਡੰਗ ਲੰਘਾਉਂਦਾ ਸੀ। ਮੇਰੇ ਬਚਨ ਸੁਣ ਕੇ ਉਹ ਗੁੱਸੇ ਵਿਚ ਆ ਗਈ, ਉਸ ਸਮੇਂ ਇਸ ਤਰ੍ਹਾਂ ਕਹਿਣ ਲੱਗੀ॥੧੧॥

ਜੇ ਕਰਿ ਛੂਛਾ ਗਮਨਤਿ ਨਾਂਹਿ। ਕੂਰਾ ਪਰਯੋ ਅਜਰ ਲੇ ਜਾਹਿ।
ਅਪਰ ਕਹਾਂ ਦੇਵੌਂ ਤੁਮ ਹਾਥ। ਲਯਾਇ ਕਮਾਇ ਨ ਘਰ ਕੋ ਨਾਥ॥ ੧੨॥

ਜੇ ਤੁਸੀਂ ਘਰੋਂ ਖਾਲੀ ਨਹੀਂ ਜਾਣਾ ਹੈ ਤਾਂ ਵਿਹੜੇ ਵਿਚ ਕੂੜਾ ਪਿਆ ਹੈ, ਉਹ ਲੈ ਜਾਵੋ। ਹੋਰ ਤੁਹਾਡੇ ਹੱਥ ਵਿਚ ਕੀ ਦੇਵਾਂ, ਮੇਰਾ ਮਾਲਕ ਕੁਝ ਵੀ ਕਮਾ ਕੇ ਨਹੀਂ ਲਿਆਇਆ ਹੈ॥੧੨॥

ਮੈਂ ਸੁਨਿ ਬਿਨੈ ਕੀਨਿ ਤਬਿ ਏਹੋ। ਰਿਦੇ ਭਾਵਨਾ ਸੋਂ ਤੁਮ ਦੇਹੋ।
ਭਰਿ ਅੰਜੁਲ ਰਿਸ ਤੇ ਉਰ ਪੂਰਾ। ਮਮ ਅੰਚਲ ਸੰਗ ਬੰਧਯੋ ਕੂਰਾ॥ ੧੩॥

ਮੈਂ ਇਹ ਸੁਣ ਕੇ ਫਿਰ ਬੇਨਤੀ ਕੀਤੀ, ਜੇ ਤੇਰੇ ਹਿਰਦੇ ਵਿਚ ਇਹੋ ਭਾਵਨਾ ਹੈ ਤਾਂ ਇਹ ਹੀ ਦੇ ਦੇਵੋ। ਉਸ ਨੇ ਦਿਲ ਵਿਚ ਗੁੱਸਾ ਕਰਕੇ ਕੂੜੇ ਦਾ ਬੁਕ ਭਰ ਕੇ ਮੇਰੇ ਕਪੜੇ ਦੇ ਨਾਲ ਬੰਨ੍ਹ ਦਿੱਤਾ॥੧੩॥

ਸੋ ਮੈਂ ਤਿਸੀ ਰੀਤਿ ਲੇ ਆਯੋ। ਗ੍ਰਿਹ ਮਹਿਂ ਖੋਲਯੋ ਅਵਨਿ ਗਿਰਾਯੋ।
ਤਿਸ ਮਹਿਂ ਏਕ ਪਰੀ ਮੈਂ ਹੇਰੀ। ਬਦਰੀ ਫਲ ਕੀ ਗਿਟਕ ਬਡੇਰੀ॥ ੧੪॥

ਉਹ ਕੂੜਾ ਮੈਂ ਉਸੇ ਰੀਤ ਨਾਲ ਆਪਣੇ ਘਰ ਲੈ ਆਇਆ। ਘਰ ਵਿਚ ਆ ਕੇ ਆਪਣੇ ਪੱਲੇ ਨੂੰ ਖੋਲ੍ਹਿਆ ਤੇ ਕੂੜੇ ਨੂੰ ਧਰਤੀ ਤੇ ਡੇਗਿਆ। ਇਕ ਬੇਰੀ ਦੇ ਫਲ ਦੀ ਵੱਡੀ ਗਿਟਕ ਡਿੱਗੀ॥੧੪॥

ਸੋ ਮੈਂ ਇਹਾਂ ਬੋਇ ਕਰਿ ਦੀਨਿ। ਤਿਸ ਤੇ ਬਦਰੀ ਕੋ ਤਰੁ ਚੀਨਿ।
ਤੁਮ ਅੰਤਰਜਾਮੀ ਸਭਿ ਜਾਨੀ। ਕਾਰ ਆਪ ਕੀ ਇਹੈ ਨਿਸ਼ਾਨੀ॥ ੧੫॥

ਉਹ ਗਿਟਕ ਮੈਂ ਇਸ ਥਾਂ ਬੀਜ ਦਿੱਤੀ, ਉਸ ਤੋਂ ਇਹ ਬੇਰੀ ਦਾ ਬੂਟਾ ਉਗਿਆ ਤੁਸੀਂ ਵੇਖਿਆ ਹੈ। ਤੁਸੀਂ ਅੰਤਰਜਾਮੀ ਹੋ ਸਭ ਜਾਣ ਲਈ ਹੈ। ਕਾਰ ਭੇਟ ਆਪ ਦੀ ਇਹੋ ਨਿਸ਼ਾਨੀ ਹੈ॥੧੫॥

ਲੀਜੈ ਸੋ, ਸਿਖ ਕਰੋ ਸਹਾਇ। ਅੰਸ ਗੁਰੂ ਇਹੁ ਤਰੁ ਨਿਪਜਾਇਾ।
ਗਨ ਸਿੱਖਜਨਿ ਮਹਿਂ ਸੁਨਤਿ ਪ੍ਰਸੰਨੇ। ਕਹਯੋ ਗੁਰੂ 'ਸਿਖ ! ਤੂੰ ਧਨ ਧੰਨੇ॥੧੬॥

ਇਹ ਲੈ ਲਵੋ ਤੇ ਸਿੱਖ ਦੀ ਸਹਾਇਤਾ ਕਰੋ, ਗੁਰੂ ਦੀ ਅੰਸ਼ ਇਹ ਬੇਰੀ ਦਾ ਬੂਟਾ ਉਪਜਿਆ ਹੈ।" ਬਹੁਤ ਸਿੱਖਾਂ ਵਿਚ ਇਹ ਕਥਾ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਕਿਹਾ, "ਹੇ ਸਿੱਖ! ਤੂੰ ਇਸ ਧਰਤੀ ਤੇ ਧੰਨ ਹੈਂ" ॥ ੧੬ ॥

ਗੁਰਮੁਖ ਪਰਸ੍ਵਾਰਥ ਕੋ ਕਰਿਤਾ। ਰਿਦੈ ਲੋਭ ਹੰਕਾਰ ਨ ਧਰਿਤਾ।
ਗੁਰ ਕਾਰਜ ਕੋ ਕਰਤਿ ਅਰੰਭ। ਸਿੱਖੀ ਥੰਭਨ ਕੇ ਤੁਮ ਥੰਭ॥ ੧੭ ॥

ਗੁਰਮੁਖ ਪਰਸਵਾਰਥ ਕਰਦੇ ਹਨ ਤੇ ਹਿਰਦੇ ਵਿਚ ਲੋਭ ਹੰਕਾਰ ਨਹੀਂ ਧਾਰਨ ਕਰਦੇ ਹਨ। ਗੁਰੂ ਕਾਰਜ ਨੂੰ ਆਰੰਭ ਕਰਦੇ ਹਨ। ਹੇ ਫੱਗੋ! ਤੁਸੀਂ ਸਿੱਖੀ ਨੂੰ ਸੰਭਾਲਣ ਵਾਲੇ ਥੰਭਿਆਂ ਦੇ ਥੰਭੇ ਹੋ ॥ ੧੭॥

ਭਵਸਾਗਰ ਤੇ ਉਤਰੈਂ ਪਾਰ। ਅਪਰ ਅਨੇਕਨਿ ਕਰਹੁ ਉਧਾਰ।
ਤੁਵ ਗਤਿ ਚਹਤਿ ਹੁਤੇ ਬਿਦਤਾਈ। ਗਨ ਸਿੱਖਜਨਿ ਮਹਿਂ ਅਬਹਿ ਸੁਨਾਈ॥੧੮ ॥

ਤੁਸੀਂ ਭਵਸਾਗਰ ਨੂੰ ਪਾਰ ਕਰ ਗਏ ਹੋ ਤੇ ਹੋਰ ਅਨੇਕਾਂ ਦਾ ਉਧਾਰ ਵੀ ਕਰੋਗੇ। ਅਸੀਂ ਤੇਰੀ ਗਤੀ ਪ੍ਰਗਟ ਕਰਨੀ ਚਾਹੁੰਦੇ ਸੀ। ਬਹੁਤ ਸਿੱਖਾਂ ਦੇ ਸਮੂਹ ਵਿਚ ਤੁਸੀਂ ਹੁਣੇ ਇਹ ਕਥਾ ਸੁਣਾਈ ਹੈ ॥੧੮॥

ਗੁਨ ਗਨ ਅਪਨੇ, ਪਰ ਕੇ ਦੋਸ਼। ਚਹਤਿ ਛਪਾਏ ਜੁਤਿ ਸੰਤੋਸ਼।
ਸੋਈ ਸਿੱਖ ਭਲੇ ਮਮ ਪਜਾਰੇ। ਸਾਸ ਸਾਸ ਮਹਿਂ ਮੋਹਿ ਚਿਤਾਰੇ॥ ੧੯॥

ਜਿਹੜੇ ਆਪਣੇ ਅਨੇਕਾਂ ਗੁਣ ਤੇ ਪਰਾਏ ਦੇ ਦੋਸ਼ ਸੰਤੋਖ ਸਹਿਤ ਛਪਾਉਣਾ ਚਾਹੁੰਦੇ ਹਨ, ਉਹੀ ਸਿੱਖ ਹੀ ਮੈਨੂੰ ਭਲੀ ਪ੍ਰਕਾਰ ਪਿਆਰੇ ਹਨ। ਹਰ ਸਾਹ ਵਿਚ ਉਹ ਮੇਰਾ ਸਿਮਰਨ ਕਰਦੇ ਹਨ॥੧੯॥

ਹੇ ਫੱਗੋ ਤੂੰ ਗੁਰਮੁਖ ਸਿੱਖਜ। ਸੁਨਹਿ ਕਥਾ ਸਿਖ ਤੋਹਿ ਭਵਿੱਖਜ।
ਤਿਨ ਕੋ ਸਿੱਖੀ ਪ੍ਰਾਪਤਿ ਹੋਇ। ਕਾਮ ਕ੍ਰੋਧ ਹੰਕਾਰ ਨ ਕੋਇ॥ ੨੦॥

ਹੇ ਭਾਈ ਫੱਗੋ! ਤੂੰ ਇਕ ਗੁਰਮੁਖ ਸਿੱਖ ਹੈਂ, ਭਵਿੱਖ ਵਿਚ ਜਿਹੜੇ ਸਿੱਖ ਤੇਰੀ ਇਹ ਕਥਾ ਸੁਣਨਗੇ, ਉਨ੍ਹਾਂ ਨੂੰ ਸਿੱਖੀ ਪ੍ਰਾਪਤ ਹੋਵੇਗੀ। ਕਾਮ, ਕ੍ਰੋਧ, ਹੰਕਾਰ ਆਦਿ ਕੁਝ ਵੀ ਨਹੀਂ ਰਹੇਗਾ" ॥੨੦॥

ਸੁਨਿ ਕਰਿ ਸੰਗਤਿ ਬਾਕ ਬਿਲਾਸ। ਮਹਿਮਾ ਜਾਨੀ ਅਨੰਦ ਪ੍ਰਕਾਸ਼।
ਹਾਥ ਜੋਰਿ ਪੁਨ ਅਰਜ਼ ਗੁਜ਼ਾਰੀ। 'ਪੂਰਹੁ ਭਾਵਨੀ ਪ੍ਰਭੁ ਹਮਾਰੀ॥ ੨੧॥

ਇਹ ਸੁਣ ਕੇ ਸੰਗਤ ਨੇ ਬਚਨ ਕੀਤੇ, ਜਦ ਉਨ੍ਹਾਂ ਗੁਰੂ ਜੀ ਦੀ ਅਨੰਦ ਦਾ ਪ੍ਰਕਾਸ਼ ਕਰਨ ਵਾਲੀ ਮਹਿਮਾ ਜਾਣੀ। ਫਿਰ ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ, "ਹੇ ਪ੍ਰਭੂ ਜੀ! ਸਾਡੀ ਭਾਵਨਾ ਪੂਰੀ ਕਰੋ॥੨੧॥

ਗਨ ਸਿੱਖਨਿ ਮਿਲਿ ਕਰਿ ਅਨੁਰਾਗ। ਤੁਮ ਹਿਤ ਵਹਿਰ ਲਗਾਇਵ ਬਾਗ।
ਆਰੂ, ਆਮਰੂਦ, ਤਰੁ ਅੰਬ। ਕਦਲੀ ਜੁਕਤ ਸੀਚਿ ਤਰੁ ਅੰਬੁ॥ ੨੨॥

ਕੁਝ ਸਿੱਖਾਂ ਨੇ ਮਿਲ ਕੇ ਪ੍ਰੇਮ ਨਾਲ ਤੁਹਾਡੇ ਵਾਸਤੇ ਬਾਹਰ ਇਕ ਬਾਗ ਲਾਇਆ ਹੈ। ਆੜੂ, ਅਮਰੂਦ ਅਤੇ ਅੰਬਾਂ ਦੇ ਦਰੱਖਤ ਹਨ। ਬ੍ਰਿਛਾਂ ਨੂੰ ਜਲ ਨਾਲ ਤਰ ਕੀਤਾ ਹੋਇਆ ਹੈ॥੨੨॥

ਚਹੁੰਦਿਸ਼ਿ ਦੂਰਬਾ ਹਰਿਤ ਖਰੀ ਹੈ। ਹੇਰਤਿ ਮਨ ਕੋ ਹਰਤਿ ਖਰੀ ਹੈ।
ਬਰਨ ਬਰਨ ਕੀ ਬਡ ਫਲਵਾਰੀ। ਬਾਰੀ ਬਾਰਿ ਪਾਇ ਕਰਿ ਪਾਰੀ॥ ੨੩॥

ਚਾਰੇ ਪਾਸੇ ਹਰੀ-ਹਰੀ ਘਾਹ ਖੜੀ ਹੈ, ਵੇਖਦਿਆਂ ਮਨ ਨੂੰ ਚੰਗੀ ਤਰ੍ਹਾਂ ਮੋਹਿਤ ਕਰਦੀ ਹੈ। ਰੰਗ ਬਰੰਗੀ ਵੱਡੀ ਫੁਲਵਾੜੀ ਖਿੜੀ ਹੈ। ਜਲ ਪਾ ਕੇ ਵਾੜੀ ਪਾਲੀ ਹੈ॥੨੩॥

ਬੀਚ ਸਥੰਡਲ ਚਾਰ ਚੁਕੋਨਾ। ਸਫਲ ਔਨ ਤਰੁ, ਬਰਨੈ ਕੌਨਾ।
ਆਪ ਚਰਨ ਤਿਸ ਥਲ ਚਲਿ ਪਾਵਹੁ। ਸਫਲ ਬਾਗ ਕੋ ਸਫਲ ਬਨਾਵਹੁ' ॥੨੪ ॥

ਬਾਗ ਦੇ ਵਿਚ ਸੁੰਦਰ ਚੁਕੋਨਾ ਥੜ੍ਹਾ ਹੈ, ਫਲਾਂ ਸਹਿਤ ਧਰਤੀ ਤੇ ਬ੍ਰਿਛ ਲੱਗੇ ਹਨ। ਆਪ ਜੀ ਉਸ ਥਾਂ ਜਾ ਕੇ ਚਰਨ ਪਾਵੋ, ਫਲਾਂ ਸਹਿਤ ਬਾਗ ਨੂੰ ਭਾਗਾਂ ਭਰਿਆ ਬਣਾਓ" ॥੨੪॥

ਇਮ ਦਾਸਨਿ ਕੀ ਬਿਨਤੀ ਸੁਨਿ ਕੈ। ਸਭਿ ਸੰਗਤਿ ਕੀ ਪ੍ਰੀਤੀ ਗੁਨਿ ਕੈ।
ਜ਼ੀਨ ਪਵਾਯੋ ਰੁਚਿਤ ਤੁਰੰਗ। ਭਏ ਤਯਾਰ ਨਿਜ ਸਿੱਖਨਿ ਸੰਗ॥ ੨੫॥

ਇਸ ਤਰ੍ਹਾਂ ਦਾਸਾਂ ਦੀ ਬੇਨਤੀ ਸੁਣ ਕੇ ਤੇ ਸਾਰੀ ਸੰਗਤ ਦੀ ਪ੍ਰੀਤ ਜਾਣ ਕੇ, ਘੋੜਿਆਂ ਉਤੇ ਕਾਠੀਆਂ ਪਵਾਈਆਂ ਤੇ ਆਪਣੇ ਸਿੱਖਾਂ ਸਹਿਤ ਤਿਆਰ ਹੋ ਗਏ॥੨੫॥

ਹਯ ਅਰੂੜਿ ਤਿਸ ਦਿਸ਼ਿ ਕੋ ਚਲੇ। ਆਗੇ ਕਰਹਿਂ ਕੀਰਤਨ ਭਲੇ।
ਸੰਗਤਿ ਬ੍ਰਿੰਦ ਭਜਨ ਕੋ ਕਰਿਤੇ। ਗਮਨਤਿ ਗੁਰੂ ਕੋ ਦਰਸ ਨਿਹਰਿਤੇ॥ ੨੬॥

ਘੋੜਿਆਂ ਤੇ ਚੜ੍ਹ ਕੇ ਉਸ ਪਾਸੇ ਵਲ ਚਲੇ ਗਏ, ਅੱਗੇ ਭਲੀ ਪ੍ਰਕਾਰ ਕੀਰਤਨ ਹੋ ਰਿਹਾ ਸੀ। ਬਹੁਤ ਸੰਗਤ ਭਜਨ ਕਰ ਰਹੀ ਸੀ। ਗੁਰੂ ਜੀ ਦੇ ਉਥੇ ਪਹੁੰਚਣ ਤੇ ਉਨ੍ਹਾਂ ਨੇ ਦਰਸ਼ਨ ਕੀਤੇ॥੨੬॥

ਪਹੁਚੇ ਚਲਿ ਕਰਿ ਬਾਗ ਮਝਾਰ। ਚਹੁਂ ਦਿਸ਼ਿ ਮਹਿਂ ਸਿਖ ਜੈ ਜੈ ਕਾਰ।
ਸੁੰਦਰ ਜਹਾਂ ਸਥਾਨ ਬਨਾਇਵ। ਤਹਾਂ ਜਾਇ ਸਤਿਗੁਰੂ ਉਤਰਾਇਵ॥ ੨੭॥

ਜਦ ਗੁਰੂ ਜੀ ਬਾਗ ਵਿਚ ਚਲ ਕੇ ਪਹੁੰਚੇ ਤਾਂ ਚਾਰੇ ਪਾਸਿਆਂ ਤੋਂ ਸਿੱਖਾਂ ਨੇ ਜੈ ਜੈ ਕਾਰ ਕਰ ਦਿੱਤੀ। ਜਿਥੇ ਸੁੰਦਰ ਸਥਾਨ ਬਣਾਇਆ ਸੀ, ਉਥੇ ਜਾ ਕੇ ਸਤਿਗੁਰੂ ਜੀ ਨੇ ਉਤਾਰਾ ਕਰ ਲਿਆ॥੨੭॥

ਸੁੰਦਰ ਆਨਿ ਪ੍ਰਯੰਕ ਡਸਾਇਵ। ਚਹੁਂਦਿਸ਼ਿ ਫਰਸ਼ ਅਪਰ ਕਰਵਾਇਵ।
ਭਜਨ ਅਨੰਦ ਕਰਤਿ ਤਹਿਂ ਬੈਸੇ। ਰਘੁਨੰਦਨ ਮੁਨਿ ਗਨਿ ਮਹਿਂ ਜੈਸੇ॥ ੨੮॥

ਫਿਰ ਉਥੇ ਲਿਆ ਕੇ ਇਕ ਸੁੰਦਰ ਪਲੰਘ ਡੁਹਾਇਆ ਤੇ ਚਾਰੇ ਪਾਸੇ ਵਿਛਾਉਣੇ ਵਿਛਾ ਕੇ ਫਰਸ਼ ਤਿਆਰ ਕਰ ਦਿੱਤਾ। ਅਨੰਦ ਸਹਿਤ ਗੁਰੂ ਜੀ ਓਥੇ ਇਸ ਤਰ੍ਹਾਂ ਬੈਠ ਗਏ ਜਿਵੇਂ ਰਾਮ ਚੰਦਰ ਜੀ ਮੁਨੀਆਂ ਦੇ ਸਮੂਹ ਵਿਚ ਬੈਠੇ ਹੋਣ॥੨੮॥

ਮਾਲੀ ਫੂਲਨਿ ਮਾਲ ਬਿਸਾਲ। ਅਪਰ ਪੁਸ਼ਪ ਬਹੁ ਰੰਗਨਿ ਜਾਲ।
ਫਲ ਮਧੁਰੇ ਅਰੁ ਤੁਰਸ਼ ਅਨੇਕ। ਕੀਨੇ ਅਰਪਨਿ ਜਲਧਿ ਬਿਬੇਕ॥ ੨੯॥

ਮਾਲੀ ਵਿਸ਼ਾਲ ਫੁੱਲਾਂ ਦੇ ਹਾਰ ਲਿਆਇਆ, ਹੋਰ ਫੁਲ ਵੀ ਬਹੁਤ ਰੰਗ-ਬਰੰਗੇ ਖਿੜੇ ਸਨ। ਅਨੇਕਾਂ ਫਲ ਮਿੱਠੇ ਅਤੇ ਖੱਟੇ ਸਨ, ਉਹ ਗਿਆਨ ਦੇ ਸਾਗਰ ਭਾਵ ਗੁਰੂ ਜੀ ਨੂੰ ਅਰਪਣ ਕੀਤੇ ਗਏ॥੨੯॥

ਬਹੁਤ ਭਾਂਤਿ ਕੇ ਬਿਟਪ ਦਿਖਾਏ। ਸ਼੍ਰੀ ਸਤਿਗੁਰ ਹਿਤ ਜੇ ਲਗਵਾਏ।
ਨਹਿਰ ਨੀਰ ਕੀ ਬਹੁਤ ਚਲਾਈ। ਚਹੁਂਦਿਸ਼ਿ ਮਹਿਂ ਦੂਰਬਾ ਛਿਰਕਾਈ॥ ੩੦॥

ਬਹੁਤ ਪ੍ਰਕਾਰ ਦੇ ਦਰੱਖਤ ਵਿਖਾਏ, ਜਿਹੜੇ ਸ੍ਰੀ ਸਤਿਗੁਰੂ ਜੀ ਵਾਸਤੇ ਲਗਵਾਏ ਸਨ। ਪਾਣੀ ਦੀ ਨਹਿਰ ਬਹੁਤ ਚਲਾਈ ਤੇ ਚਾਰੇ ਪਾਸੇ ਖਬਲ ਘਾਹ ਖਿਲਾਰ ਕੇ ਲਾਇਆ ਹੋਇਆ ਸੀ॥੩੦॥

ਬੇਲਨਿ ਕੇ ਬਿਸਤਾਰ ਬਡੇਰੇ। ਸੰਗਤ ਸਹਤਿ ਗੁਰੂ ਸਭਿ ਹੇਰੇ।
ਸਗਰੇ ਦਿਵਸ ਬਸੇ ਇਸ ਬਾਗ। ਹੇਰਿ ਹੇਰਿ ਸੰਗਤਿ ਅਨੁਰਾਗ॥ ੩੧॥

ਵੇਲਾਂ ਬਹੁਤ ਦੂਰ ਤਕ ਖਿਲਰੀਆਂ ਹੋਈਆਂ ਸਨ, ਸੰਗਤ ਸਹਿਤ ਗੁਰੂ ਜੀ ਨੇ ਸਭ ਦਰੱਖਤ ਵੇਖੇ। ਸਾਰਾ ਦਿਨ ਉਸ ਬਾਗ ਵਿਚ ਠਹਿਰੇ, ਵੇਖ ਵੇਖ ਕੇ ਸੰਗਤ ਬਹੁਤ ਪ੍ਰਸੰਨ ਹੋਈ॥੩੧॥

ਕਰੀ ਭਾਵਨਾ ਪੂਰਨ ਨੀਕੇ। ਧਰਤਿ ਜੁ ਰਹੇ ਮਨੋਰਥ ਜੀਕੇ।
ਇਤ ਉਤ ਨਿਜ ਦ੍ਰਿਸ਼ਟੀ ਕੋ ਪ੍ਰੇਰਤਿ। ਰਚਨਾ ਉਪਬਨ ਕੀ ਸਭਿ ਹੇਰਤਿ॥੩੨॥

ਸਭ ਦੀ ਭਾਵਨਾ ਚੰਗੀ ਤਰ੍ਹਾਂ ਪੂਰੀ ਕੀਤੀ, ਜਿਹੜੇ ਵੀ ਆਪਣੇ ਦਿਲ ਵਿਚ ਮਨੋਰਥ ਧਾਰਨ ਕਰਦੇ ਸਨ। ਏਧਰ ਓਧਰ ਆਪਣੀ ਨਜ਼ਰ ਨੂੰ ਘੁਮਾਉਂਦੇ ਸਨ। ਬਾਗ ਦੀ ਸਾਰੀ ਬਣਤਰ ਨੂੰ ਵੇਖ ਰਹੇ ਸਨ॥੩੨॥

ਜਾਨਿ ਪ੍ਰੇਮ ਸਿੱਖਨਿ ਕੋ ਜਾਲ। ਭਨਜੋ ਬਚਨ 'ਤੁਮ ਭਏ ਨਿਹਾਲ'।
ਸੰਝ ਭਈ ਲੇ ਸੰਗਤਿ ਸੰਗਿ। ਸਤਿਗੁਰ ਭਏ ਅਰੂਢਿ ਤੁਰੰਗ॥ ੩੩॥

ਸਿੱਖਾਂ ਦਾ ਬਹੁਤ ਪ੍ਰੇਮ ਜਾਣ ਕੇ ਗੁਰੂ ਜੀ ਨੇ ਬਚਨ ਕੀਤਾ, "ਤੁਸੀ ਨਿਹਾਲ ਹੋ ਗਏ ਹੋ।" ਸ਼ਾਮ ਹੋਣ ਤੇ ਗੁਰੂ ਜੀ ਸਾਰੀ ਸੰਗਤ ਸਹਿਤ ਘੋੜਿਆਂ ਤੇ ਸਵਾਰ ਹੋ ਗਏ॥੩੩॥

ਸਨੇ ਸਨੇ ਪੁਨ ਪੁਰਿ ਮਹਿਂ ਆਏ। ਉਤਸਵ ਕਰਤਿ ਅਨਿਕ ਮਨਿ ਭਾਏ।
ਧਰਮਸਾਲ ਮਹਿ ਉਤਰੇ ਜਾਇ। ਜੋ ਸਭਿ ਸੰਗਤਿ ਕੀਨਿ ਬਨਾਇ॥ ੩੪॥

ਹੌਲੀ-ਹੌਲੀ ਫਿਰ ਨਗਰ ਵਿਚ ਆ ਗਏ, ਸਿੱਖ ਅਨੇਕ ਪ੍ਰਕਾਰ ਦੇ ਮਨ-ਭਾਉਂਦੇ ਉਤਸਵ ਕਰ ਰਹੇ ਸਨ। ਇਕ ਧਰਮਸ਼ਾਲਾ ਵਿਚ ਜਾ ਉਤਾਰਾ ਕੀਤਾ, ਜਿਹੜੀ ਸਾਰੀ ਸੰਗਤ ਨੇ ਮਿਲ ਕੇ ਬਣਾਈ ਸੀ॥੩੪॥

ਰੁਚਿਰ ਪ੍ਰਯੰਕ ਸੁ ਊਪਰ ਰਾਜੈਂ। ਪਿਖਿ ਪਿਖਿ ਸਿੱਖਨਿ ਕਲਮਖ ਭਾਜੈਂ।
ਭਈ ਨਿਸਾ ਪੁਨ ਮੰਗਲ ਕਰੇ। ਧੂਪ ਧੁਖਾਵਹਿਂ ਆਨੰਦ ਭਰੇ॥ ੩੫॥

ਗੁਰੂ ਜੀ ਸੁੰਦਰ ਪਲੰਘ ਉਤੇ ਬਰਾਜ ਗਏ, ਦਰਸ਼ਨ ਕਰ ਕਰ ਕੇ ਸਿੱਖਾਂ ਦੇ ਪਾਪ ਦੂਰ ਹੋ ਰਹੇ ਸਨ। ਰਾਤ ਪੈਣ ਤੇ ਫਿਰ ਮੰਗਲ ਕੀਤੇ ਤੇ ਅਨੰਦ ਨਾਲ ਭਰੇ ਧੂਪ ਧੁਖਾਉਂਦੇ ਸਨ॥੩੫॥

ਦੀਪਕ ਬਾਰਿ ਆਰਤੀ ਸਾਜੀ। ਗਨ ਸੰਖਨਿ ਕੀ ਧੁਨਿ ਬਡ ਗਾਜੀ।
ਫੂਲਨਿ ਕੀ ਬਰਖਾ ਬਰਖਾਵਹਿਂ। ਮਾਲ ਬਿਸਾਲ ਗਰੇ ਪਹਿਰਾਵਹਿਂ॥ ੩੬॥

ਦੀਪਕ ਬਾਲ ਕੇ ਆਰਤੀ ਦੀ ਸਾਜਨਾ ਕੀਤੀ, ਬਹੁਤ ਸੰਖਾਂ ਦੇ ਵੱਜਣ ਦੀ ਧੁਨੀ ਦੀ ਗਰਜ ਹੋਈ। ਫੁੱਲਾਂ ਦੀ ਵਰਸ਼ਾ ਵਰਸਾਉਂਦੇ ਸਨ, ਬਹੁਤ ਹਾਰ ਗਲ ਵਿਚ ਪਾਉਂਦੇ ਸਨ॥੩੬॥

ਸ਼ਬਦ ਕੀਰਤਨ ਕੀਨਿ ਬਿਸਾਲਾ। ਜਾਗਤਿ ਰਹੇ ਸਿੱਖਜ ਤਿਸ ਕਾਲਾ।
ਅਨਿਕ ਪ੍ਰਕਾਰਨਿ ਕੇਰ ਅਹਾਰਾ। ਮਧੁਰ ਸਲਵਣ ਸੁ ਤੁਰਸ਼ ਅਚਾਰਾ॥ ੩੭॥

ਬਹੁਤ ਸ਼ਬਦ ਕੀਰਤਨ ਕੀਤਾ, ਉਸ ਸਮੇਂ ਸਾਰੇ ਸਿੱਖ ਜਾਗਦੇ ਰਹੇ। ਅਨੇਕ ਪ੍ਰਕਾਰ ਦੇ ਭੋਜਨ ਛਕੇ ਜਿਹੜੇ ਮਿੱਠੇ, ਲੂਣ ਵਾਲੇ ਅਤੇ ਅਚਾਰ ਵਰਗੇ ਪਦਾਰਥਾਂ ਸਹਿਤ ਖੱਟੇ ਵੀ ਸਨ॥੩੭॥

ਜਿਸ ਕੇ ਗ੍ਰਿਹ ਕੀ ਵਸਤੁ ਜੁ ਆਈ। ਸ੍ਰੀ ਗੁਰ ਤੇਗ ਬਹਾਦਰ ਖਾਈ।
ਸਫਲ ਜਨਮ ਤਿਨ ਅਪਨੋ ਜਾਨਾ। ਨਿਸ਼ਚੈ ਧਰਿ, ਜਮ ਕੋ ਦੁਖਹਾਨਾ॥ ੩੮॥

ਜਿਸ ਦੇ ਘਰ ਦੀ ਵੀ ਕੋਈ ਵਸਤੂ ਆਈ ਸੀ, ਉਹ ਗੁਰੂ ਤੇਗ ਬਹਾਦਰ ਜੀ ਨੇ ਖਾਧੀ। ਜਿਹੜੇ ਵਿਅਕਤੀ ਪਦਾਰਥ ਲੈ ਕੇ ਆਏ ਸਨ, ਉਨ੍ਹਾਂ ਨੇ ਆਪਣਾ ਜਨਮ ਸਫਲ ਜਾਣਿਆ, ਨਿਸ਼ਚੇ ਧਾਰ ਕੇ ਜਮਾਂ ਦੇ ਦੁੱਖ ਨੂੰ ਦੂਰ ਕੀਤਾ॥੩੮।

ਜੁਤਿ ਮਿਸਰੀ ਕੇ ਦੁਧਧ ਲਿਆਏ। ਮਾਤ ਨਿਕਟਿ ਕੁਛੁ ਦਿਯੋ ਪੁਚਾਏ।
ਕੋ ਚਾਂਪਤਿ ਹੈ ਚਰਨ ਸਪ੍ਰੇਮ। ਹਾਂਕਤਿ ਪੌਨ ਚਾਹਤੇ ਛੇਮ॥ ੩੯॥

ਮਿਸ਼ਰੀ ਵਾਲਾ ਦੁੱਧ ਲਿਆਏ ਤੇ ਕੁਝ ਮਾਤਾ ਨਾਨਕੀ ਜੀ ਪਾਸ ਪਹੁੰਚਾ ਦਿੱਤਾ। ਕੋਈ ਬੜੇ ਚਾਅ ਨਾਲ ਚਰਨਾਂ ਨਾਲ ਪ੍ਰੇਮ ਕਰਦਾ ਸੀ, ਕਈ ਪੱਖਾ ਝੱਲ ਕੇ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਸਨ॥੩੯॥

ਧਰਮਸਾਲ ਮਹਿਂ ਕਰਿ ਕੈ ਸੈਨ। ਤੀਨ ਜਾਮ ਜਬਿ ਬੀਤੀ ਰੈਨ।
ਉਠੇ ਪ੍ਰਭੂ ਕਰਿ ਸੌਚਾਚਾਰ। ਪੁਨ ਸ਼ਨਾਨ ਕਰਿ ਨਿਰਮਲ ਬਾਰਿ॥ ੪੦॥

ਧਰਮਸ਼ਾਲਾ ਵਿਚ ਸੌਂ ਕੇ, ਜਦ ਤਿੰਨ ਪਹਿਰ ਰਾਤ ਬੀਤ ਗਈ ਤਾਂ ਪ੍ਰਭੂ ਸਤਿਗੁਰੂ ਜੀ ਨੇ ਉੱਠ ਕੇ ਸ਼ੌਚਾਚਾਰ ਕੀਤਾ। ਫਿਰ ਨਿਰਮਲ ਜਲ ਨਾਲ ਇਸ਼ਨਾਨ ਕੀਤਾ॥੪੦॥

ਬੈਠੇ ਮਨ ਕੋ ਗੁਰੂ ਟਿਕਾਇ। ਆਸਾਵਾਰ ਸਿੱਖਜ ਤਬਿ ਗਾਇਂ।
ਸ਼ਬਦ ਪ੍ਰੇਮ ਕੇ ਛੰਤਨਿ ਗਾਏ। ਹੋਤਿ ਪ੍ਰਾਤਿ ਕੋ ਭੋਗ ਸੁ ਪਾਏ॥ ੪੧॥

ਫਿਰ ਗੁਰੂ ਜੀ ਮਨ ਨੂੰ ਟਿਕਾ ਕੇ ਬੈਠ ਗਏ, ਫਿਰ ਸਿੱਖਾਂ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਤੇ ਪ੍ਰੇਮ ਦੇ ਸ਼ਬਦ ਛੰਤਾਂ ਸਹਿਤ ਗਾਏ ਤੇ ਸਵੇਰ ਹੁੰਦਿਆਂ ਭੋਗ ਪਾ ਦਿੱਤਾ॥੪੧॥

ਸ੍ਰੀ ਗੁਰ ਤੇਗ ਬਹਾਦਰ ਚੰਦ। ਗਮਨਜੋਂ ਚਾਹਤਿ ਧਰੇ ਅਨੰਦ।
ਵਾਹਨ ਸਗਰੇ ਕਰਿ ਕੈ ਤਯਾਰ। ਹੋਤਿ ਭਏ ਤਤਛਿਨ ਅਸਵਾਰ॥ ੪੨॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੰਦ ਧਾਰ ਕੇ ਅੱਗੇ ਜਾਣਾ ਚਾਹੁੰਦੇ ਸਨ। ਸਾਰੇ ਵਾਹਣ ਤਿਆਰ ਕਰਕੇ, ਗੁਰੂ ਜੀ ਤੁਰਤ ਅਸਵਾਰ ਹੋ ਗਏ॥੪੨॥

ਕਿਤਿਕ ਦੂਰ ਸੰਗਤਿ ਸੰਗ ਆਈ। ਕਰਿ ਕਰਿ ਪ੍ਰੇਮ ਚਰਨ ਲਪਟਾਈ।
ਦੇ ਦੇ ਧੀਰਜ ਸਤਿਗੁਰ ਮੋਰੀ। ਆਪ ਪਯਾਨੇ ਪੂਰਬ ਓਰੀ॥ ੪੩॥

ਕਾਫ਼ੀ ਦੂਰ ਤਕ ਸਸਰਾਮ ਦੀ ਸੰਗਤ ਗੁਰੂ ਜੀ ਨੂੰ ਤੋਰਨ ਵਾਸਤੇ ਨਾਲ ਆਈ, ਤੇ ਪ੍ਰੇਮ ਕਰ-ਕਰ ਚਰਨਾਂ ਤੇ ਮੱਥਾ ਟੇਕਦੇ ਸਨ। ਸਤਿਗੁਰੂ ਜੀ ਨੇ ਧੀਰਜ ਦੇ ਦੇ ਕੇ ਉਨ੍ਹਾਂ ਨੂੰ ਵਾਪਸ ਮੋੜਿਆ ਤੇ ਆਪ ਪੂਰਬ ਵਾਲੇ ਪਾਸੇ ਚਲੇ ਗਏ॥੪੩॥

*ਗਿਆਰ੍ਹਵੀਂ ਰਾਸ ਦਾ ਛਪੰਜਵਾਂ ਅਧਿਆਇ ਸਮਾਪਤ ਹੋਇਆ॥੫੬॥*

## *ਅਧਿਆਇ ਸਤਵੰਜਵਾਂ*

*ਗਯਾ ਤੀਰਥ, ਜੈਤਾ ਸੇਠ*

ਦੋਹਰਾ- ਸਨੇ ਸਨੇ ਸ੍ਰੀ ਸਤਿਗੁਰੂ ਗਮਨੇ ਮਾਰਗ ਜਾਇਂ।
ਛੇਤ੍ਰ ਸੁ ਗਜਾਸੁਰ ਕੇ ਵਿਖੈ ਪਹੁੰਚਤਿ ਭਏ ਸੁਥਾਇ॥ ੧॥

ਹੋਲੀ ਹੋਲੀ ਸਤਿਗੁਰੂ ਜੀ ਆਪਣੇ ਰਾਹੇ ਰਾਹ ਜਾ ਰਹੇ ਸਨ ਤਾਂ ਗਯਾ ਨਾਮੀਂ ਰਾਖਸ਼ ਦੇ ਤੀਰਥ ਦੇ ਸਥਾਨ ਤੇ ਪਹੁੰਚ ਗਏ॥੧॥

*ਨੋਟ : ਗਯਾ ਇਕ ਬਹੁਤ ਵੱਡੀ ਦੇਹ ਵਾਲਾ ਰਾਖਸ਼ ਸੀ, ਉਸ ਨੇ ਪ੍ਰਭੂ ਦੀ ਘੋਰ ਤਪੱਸਿਆ ਕੀਤੀ। ਬ੍ਰਹਮਾ ਤੇ ਵਿਸ਼ਨੂੰ ਪ੍ਰਸੰਨ ਹੋ ਕੇ ਉਸ ਨੂੰ ਵਰ ਦੇਣਾ ਚਾਹੁੰਦੇ ਸਨ। ਉਸ ਨੇ ਵਰ ਮੰਗਿਆ ਕਿ ਜਿਹੜਾ ਮੇਰੇ ਦਰਸ਼ਨ ਕਰੇ ਉਹ ਮੁਕਤ ਹੋ ਜਾਵੇ। ਉਸ ਨੂੰ ਵਰ ਦੇ ਦਿੱਤਾ ਤਾਂ ਉਹ ਰਾਖਸ਼ ਸਾਰੇ ਦੇਸ਼ਾਂ ਵਿਚ ਘੁੰਮਣ ਲੱਗਾ, ਜਿਹੜਾ ਵੀ ਉਹਦੇ ਦਰਸ਼ਨ ਕਰੇ, ਉਹ ਹੀ ਮੁਕਤ ਹੋ ਜਾਂਦਾ ਸੀ। ਇਸ ਤਰ੍ਹਾਂ ਸਾਰਾ ਸਵਰਗ ਆਮ ਵਿਅਕਤੀਆਂ ਨਾਲ ਭਰ ਗਿਆ, ਧਰਮ ਰਾਜ ਨੇ ਫਿਰ ਬ੍ਰਹਮਾ ਅਤੇ ਵਿਸਨੂੰ ਪਾਸ ਬੇਨਤੀ ਕੀਤੀ। ਉਨ੍ਹਾਂ ਨੇ ਕੁਝ ਦੇਵਤਿਆਂ ਨੂੰ ਗਯਾ ਰਾਖਸ਼ ਦੇ ਪਾਸ ਭੇਜਿਆ। ਉਨ੍ਹਾਂ ਨੇ ਗਯਾਸੁਰ ਤੋਂ ਉਸ ਦਾ ਸਰੀਰ ਮੰਗ ਲਿਆ। ਉਸ ਨੇ ਆਪਣਾ ਸਰੀਰ ਦੇਵਤਿਆਂ ਨੂੰ ਦੇ ਦਿੱਤਾ ਤੇ ਦੇਵਤਿਆਂ ਉਸ ਸਰੀਰ ਨੂੰ ਗਯਾ ਵਾਲੇ ਸਥਾਨ ਤੇ ਦੱਬ ਦਿੱਤਾ।*

ਚੌਪਈ- ਅਦਭੁਤ ਲੀਲਾ ਸਤਿਗੁਰ ਦਯਾਲ। ਕਰਨਿ ਹੇਤੁ ਨਰ ਅਧਿਕ ਨਿਹਾਲ।
ਘਾਟ ਬਾਮਨੀ ਕੀਨਸਿ ਡੇਰਾ। ਚਢਿ ਤੁਰੰਗ ਫਲਗੂ ਮਹਿਂ ਹੇਰਾ॥ ੨ ॥

ਦਿਆਲੂ ਸਤਿਗੁਰੂ ਜੀ ਦੀ ਅਦਭੁਤ ਲੀਲ੍ਹਾ ਹੈ, ਪਿਆਰ ਨਾਲ ਸਿੱਖਾਂ ਨੂੰ ਨਿਹਾਲ ਕਰਨ ਵਾਸਤੇ ਬਾਮਨੀ ਘਾਟ ਤੇ ਡੇਰਾ ਕਰ ਲਿਆ ਤੇ ਘੋੜੇ ਤੇ ਚੜ੍ਹ ਕੇ ਜਾ ਕੇ ਫਲਗੂ ਨਦੀ, ਜਿਸ ਦੇ ਕਿਨਾਰੇ ਗਯਾ ਹੈ, ਉਸ ਨੂੰ ਜਾ ਵੇਖਿਆ॥੨॥

ਬਿੱਪ੍ਰ ਛੇਤ੍ਰ ਕੇ ਮਿਲਿ ਸਮੁਦਾਏ। ਸੁਨਿ ਆਗਵਨ ਗੁਰੂ ਢਿਗ ਆਏ।
ਜਗਯੋਪਵੀਤ ਭੇਟ ਲੈ ਮਿਲੇ। ਛੇਤ੍ਰ ਮਹਾਤਮ ਉਚਰਯੋ ਭਲੇ॥ ੩ ॥

ਉਸ ਖੇਤਰ ਦੇ ਬ੍ਰਾਹਮਣ, ਇਕੱਠੇ ਹੋ ਕੇ ਜੰਞੂ ਦੀ ਭੇਟਾ ਲੈ ਕੇ ਮਿਲੇ ਤੇ ਉਸ ਖੇਤਰ ਦੇ ਮਹਾਤਮ ਨੂੰ ਭਲੀ ਪ੍ਰਕਾਰ ਉਚਾਰਨ ਕੀਤਾ॥੩॥

ਦਾਨ ਪੁੰਨ ਤੀਰਥ ਬਿਵਹਾਰੂ। ਕੀਨਿ ਉਚਾਰਨ ਸਰਬ ਪ੍ਰਕਾਰੂ।
'ਕਰਹੁ ਸ਼ਨਾਨ ਗਯਾ ਪਿੰਡ ਦੀਜਹਿ। ਦੇਵ ਪਿਤ੍ਰ ਤ੍ਰਿਪਤਾਵਨਿ ਕੀਜਹਿ' ॥੪॥

ਬ੍ਰਾਹਮਣਾਂ ਨੇ ਦਾਨ ਪੁੰਨ ਅਤੇ ਹੋਰ ਤੀਰਥ ਦੇ ਵਿਹਾਰ ਬਾਰੇ ਸਭ ਪ੍ਰਕਾਰ ਉਚਾਰਨ ਕੀਤਾ, "ਏਥੇ ਇਸ਼ਨਾਨ ਕਰੋ ਤੇ ਗਯਾ ਵਿਖੇ ਪਿੰਡ ਭਰਾਵੋ ਤੇ ਸਵਰਗੀ ਆਪਣੇ ਪਿਤਰਾਂ ਨੂੰ ਤ੍ਰਿਪਤ ਕਰੋ"॥੪॥

ਸੁਨਿ ਸ਼੍ਰੀ ਤੇਗ ਬਹਾਦਰ ਕਹਯੋ। 'ਤੀਰਥ ਮਹਾਤਮ ਤੁਮ ਨਹਿਂ ਲਹਯੋ।
ਫਲਗੂ ਬਿਖੇ ਚਰਨ ਜੋ ਧਾਰੇ। ਪਿਤਰ ਆਪਨੇ ਤਿਨਹੁਂ ਉਧਾਰੇ॥ ੫ ॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਤੁਸੀਂ ਇਸ ਤੀਰਥ ਦੇ ਮਹਾਤਮ ਨੂੰ ਨਹੀਂ ਜਾਣਦੇ ਹੋ। ਫਲਗੂ ਦਰਿਆ ਵਿਚ ਜਿਹੜਾ ਆਪਣੇ ਚਰਨ ਧਰਦਾ ਹੈ, ਉਨ੍ਹਾਂ ਦੇ ਪਿੱਤਰਾਂ ਦਾ ਉਧਾਰ ਹੋ ਜਾਂਦਾ ਹੈ॥੫॥

ਸੁਰ ਤ੍ਰਿਪਤਹਿਂ ਜੈਕਾਰ ਉਚਾਰੈਂ। ਸਰਬ ਅਘਨਿ ਕੋ ਦੂਰ ਨਿਵਾਰੈਂ।
ਸੁਨਿ ਦਿਜ ਗਨ ਸਗਰੇ ਬਿਸਮਾਏ। ਹਾਥ ਜੋਰਿ ਕਰਿ ਬਿਨੈ ਅਲਾਏ॥੬॥

ਦੇਵਤੇ ਤ੍ਰਿਪਤ ਹੋ ਕੇ ਜੈਕਾਰੇ ਬੁਲਾਉਂਦੇ ਹਨ ਤੇ ਸਾਰੇ ਪਾਪਾਂ ਨੂੰ ਦੂਰ ਕਰ ਦਿੰਦੇ ਹਨ।" ਇਹ ਸੁਣ ਕੇ ਸਾਰੇ ਬ੍ਰਾਹਮਣ ਬਹੁਤ ਹੈਰਾਨ ਹੋਏ ਤੇ ਉਨ੍ਹਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ॥੬॥

'ਤੁਮ ਸਤਿਗੁਰੂ ਬਿਸ਼ਨ ਅਵਤਾਰ। ਜੇ ਨ ਕਰਹੁਗੇ ਸ੍ਰਾਧ ਅਚਾਰ।
ਪੁਨ ਕੋਇ ਨ ਕਰਿ ਹੈ ਇਹ ਰੀਤਿ। ਹਮ ਸੋਂ ਹੋਇ ਜਾਹਿਂ ਬਿੱਪ੍ਰੀਤ॥੭॥

"ਹੇ ਸਤਿਗੁਰੂ ਜੀ! ਤੁਸੀਂ ਵਿਸ਼ਨੂੰ ਦੇ ਅਵਤਾਰ ਹੋ, ਜੇ ਤੁਸੀਂ ਸਰਾਧ ਵਾਲਾ ਕਾਰਜ ਨਹੀਂ ਕਰੋਗੇ, ਫਿਰ ਕੋਈ ਵੀ ਇਹ ਰੀਤੀ ਨਹੀਂ ਕਰੇਗਾ ਤੇ ਸਾਥੋਂ ਉਲਟ ਗੱਲ ਹੋ ਜਾਵੇਗੀ॥੭॥

ਨਹਿਂ ਮਾਨਹਿਂ ਧਨ ਦੇਹਿਂ ਨ ਕੋਈ। ਆਵਹਿਂ ਕਰਹਿਂ ਸ੍ਰਾਧ ਨਹਿਂ ਸੋਈ।
ਜਾਇ ਜੀਵਕਾ ਬਿਗਰ ਹਮਾਰੀ। ਪੁਰਸ਼ੋਤਮ ਮਿਰਜਾਦਾ ਧਾਰੀ॥ ੮॥

ਨਾ ਕੋਈ ਸ਼ਰਾਧ ਮਨਾਵੇਗਾ ਤੇ ਨਾ ਹੀ ਕੋਈ ਸਾਨੂੰ ਧਨ ਦੇਵੇਗਾ ਤੇ ਕੋਈ ਵੀ ਏਥੇ ਆ ਕੇ ਸ਼ਰਾਧ ਨਹੀਂ ਕਰੇਗਾ। ਸਾਡੀ ਜੀਵਕਾ ਵਿਗੜ ਜਾਵੇਗੀ, ਜਿਹੜੀ ਪਹਿਲਾਂ ਤੋਂ ਪਰਮ-ਉੱਤਮ ਮਰਯਾਦਾ ਧਾਰਨ ਕੀਤੀ ਹੋਈ ਹੈ॥੮॥

ਤੁਮ ਕੋ ਉਚਿਤ ਨ ਐਸੇ ਕਰਨੀ। ਧਰਮ ਸਥਾਪਹੁ ਸਗਰੀ ਧਰਨੀ'।
ਸੁਨਿ ਬਿਨਤੀ ਬਿੱਪ੍ਰਨਿ ਕੀ ਐਸੇ। ਕਰਤਿ ਭਏ ਤਸ, ਭਾਖਤਿ ਜੈਸੇ॥ ੯॥

ਤੁਹਾਡੇ ਵਾਸਤੇ ਇਸ ਤਰ੍ਹਾਂ ਕਰਨਾ ਉਚਿਤ ਨਹੀਂ, ਸਾਰੀ ਧਰਤੀ ਤੇ ਧਰਮ ਸਥਾਪਤ ਕਰੋ।" ਬ੍ਰਾਹਮਣਾਂ ਦੀ ਅਜਿਹੀ ਬੇਨਤੀ ਸੁਣ ਕੇ, ਗੁਰੂ ਜੀ ਉਸ ਤਰ੍ਹਾਂ ਹੀ ਕਰਨ ਲੱਗੇ ਜਿਵੇਂ ਉਹ ਕਹਿੰਦੇ ਸਨ॥੯॥

ਉਤਰੇ ਤਬਿ ਤੁਰੰਗ ਤੇ ਤਰੇ। ਫਲਗੂ ਮਹਿਂ ਮੱਜਨ ਕੋ ਕਰੇ।
ਸਕਲ ਦਿਜਨਿ ਕੋ ਸ੍ਰੀ ਮੁਖ ਕਹ੍ਯੋ। 'ਜਾਚਿ ਲੇਹੁ ਜੋ ਤੁਮ ਚਿਤ ਚਹ੍ਯੋ' ॥੧੦॥

ਫਿਰ ਘੋੜੇ ਤੋਂ ਥੱਲੇ ਉਤਰ ਆਏ ਤੇ ਫਲਗੂ ਨਦੀ ਵਿਚ ਇਸ਼ਨਾਨ ਕਰਨ ਲੱਗੇ। ਸਾਰੇ ਬ੍ਰਾਹਮਣਾਂ ਨੂੰ ਫਿਰ ਗੁਰੂ ਜੀ ਨੇ ਮੁੱਖ ਤੋਂ ਕਿਹਾ, "ਮੰਗ ਲਵੋ ਜੋ ਵੀ ਤੁਸੀਂ ਚਿੱਤ ਵਿਚ ਚਾਹੁੰਦੇ ਹੋ" ॥੧੦॥

ਸੁਨਿ ਬੋਲੇ ਸਭਿ ਦਿਜਬਰ ਬੰਸ। 'ਹਮ ਕੋ ਦਿਹੁ ਆਪਨ ਸਰਬੰਸ'।
ਤਬਿ ਸਤਿਗੁਰ ਨੇ ਰਿਦੈ ਬਿਚਾਰੀ। ਇਹ ਸਭਿ ਮਾਯਾ ਕੇ ਅਧਿਕਾਰੀ॥੧੧॥

ਬ੍ਰਾਹਮਣ ਵੰਸ਼ ਦੇ ਇਹ ਗੱਲ ਸੁਣ ਕੇ ਬੋਲੇ, "ਸਾਨੂੰ ਆਪਣਾ ਸਾਰਾ ਸਾਮਾਨ ਹੀ ਦੇ ਦੇਵੋ।" ਤਦ ਸਤਿਗੁਰੂ ਜੀ ਨੇ ਹਿਰਦੇ ਵਿਚ ਇਹ ਗੱਲ ਵਿਚਾਰੀ ਕਿ ਇਹ ਸਾਰੇ ਮੰਗਤੇ ਹਨ ਜੀਅ ਦਾਨ ਦੀ ਸਾਰ ਨਹੀਂ ਜਾਣਦੇ ਹਨ॥੧੧॥

ਜਿਤਿਕ ਸੰਗ ਸਭਿ ਦੀਨੋ ਦਾਨ। ਧੋਤੀ ਏਕ ਉਪਰਨਾ ਪਾਨ।
ਸ਼ਿਵਕਾ ਅਸੁ ਸਜੰਦਨ ਧਨ ਸਾਰੋ। ਲੇ ਬਿੱਪ੍ਰਨਿ ਜੈਕਾਰ ਉਚਾਰੋ॥ ੧੨॥

ਜਿੰਨੇ ਵੀ ਪਾਸ ਪਦਾਰਥ ਸਨ, ਸਭ ਦਾਨ ਕਰ ਦਿੱਤੇ, ਇਕ ਹੱਥ ਦਾ ਸਾਫਾ ਆਪਣੇ ਪਾਸ ਰੱਖਿਆ। ਪਾਲਕੀਆਂ, ਘੋੜੇ, ਰੱਥ ਅਤੇ ਸਾਰਾ ਧਨ ਲੈ ਕੇ, ਬ੍ਰਾਹਮਣਾਂ ਨੇ ਬਹੁਤ ਪ੍ਰਸੰਨ ਹੋ ਕੇ ਉੱਚੀ-ਉੱਚੀ ਜੈਕਾਰੇ ਬੁਲਾਏ॥੧੨॥

ਕਿਤਿਕ ਕਾਲ ਬੀਤੇ ਸੁਧਿ ਆਈ। 'ਇਹ ਸਭਿ ਜਗ ਗੁਰੁ ਬਹੁ ਬਡਿਆਈ।
ਇਤੋ ਸਮਾਜ ਲੇਨਿ ਇਨ ਹੀ ਤੇ। ਨਹਿਂ ਕਿਛੁ ਬਡੋ, ਬਿਚਾਰਹੁ ਚੀਤੇ॥੧੩॥

ਕਾਫ਼ੀ ਸਮਾਂ ਬੀਤਣ ਤੋਂ ਬਾਅਦ ਉਨ੍ਹਾਂ ਨੂੰ ਪਤਾ ਲੱਗਾ, "ਇਸ ਸਾਰੇ ਜਗਤ ਵਿਚ ਗੁਰੂ ਜੀ ਦੀ ਬਹੁਤ ਵਡਿਆਈ ਹੈ। ਇਨ੍ਹਾਂ ਪਾਸੋਂ ਏਨਾ ਧਨ ਦੌਲਤ ਅਤੇ ਸਾਜ਼-ਸਾਮਾਨ ਪ੍ਰਾਪਤ ਕੀਤਾ ਹੈ। ਉਹ ਚਿੱਤ ਵਿਚ ਆਪਣੇ ਆਪ ਨੂੰ ਕੁਝ ਵੀ ਵੱਡਾ ਨਹੀਂ ਜਾਣਦੇ ਹਨ॥੧੩॥

ਪੱਤ੍ਰ ਲਿਖਾਇ ਲੇਹੁ ਅਬਿ ਐਸੇ। ਹਮਰੀ ਸੰਤਤਿ ਲੇ ਨਿਤ ਜੈਸੇ।
ਜੇਤਿਕ ਸੰਗਤਿ ਜਗਤ ਤੁਮਾਰੀ। ਦਾਨ ਸਰਬ ਕੇ ਹਮ ਅਧਿਕਾਰੀ' ॥ ੧੪॥

ਇਨ੍ਹਾਂ ਪਾਸੋਂ ਹੁਣ ਐਸੇ ਪੱਤਰ ਲਿਖਵਾ ਲਈਏ, ਜਿਸ ਤਰ੍ਹਾਂ ਸਾਡੀ ਸੰਤਾਨ ਸਦਾ ਹੀ ਇਸ ਤਰ੍ਹਾਂ ਧਨ ਲੈਂਦੀ ਰਹੇ। ਜਿੰਨੀ ਵੀ ਤੁਹਾਡੀ ਜਗਤ ਵਿਚ ਸੰਗਤ ਹੈ, ਅਸੀਂ ਸਭ ਪਾਸੋਂ ਦਾਨ ਲੈਣ ਦੇ ਅਧਿਕਾਰੀ ਹੋਈਏ" ॥੧੪॥

ਕਰਿ ਮਸਲਤ ਸਤਿਗੁਰ ਪਹਿ ਆਏ। 'ਬਿਜੈ ਤੁਮਾਰੀ ਹੋਹੁ' ਸੁਨਾਏ।
'ਸ਼੍ਰੀ ਗਰ! ਜੋ ਹਮ ਜਾਚਾ ਕੀਨਿ। ਦੀਨ ਆਪ ਨੇ, ਸੋ ਸਭਿ ਲੀਨ॥ ੧੫॥

ਇਹ ਸਲਾਹ ਕਰਕੇ ਸਤਿਗੁਰੂ ਜੀ ਪਾਸ ਆਏ, "ਤੁਹਾਡੀ ਜਿੱਤ ਹੋਵੇ" ਇਹ ਆ ਕੇ ਸੁਣਾਇਆ, "ਹੇ ਗੁਰੂ ਜੀ! ਜੋ ਕੁਝ ਅਸੀਂ ਮੰਗਿਆ ਹੈ, ਉਹ ਆਪ ਜੀ ਨੇ ਦਿੱਤਾ ਹੈ, ਤੇ ਅਸੀਂ ਲੈ ਲਿਆ ਹੈ॥੧੫॥

ਨਿਜ ਸੰਗਤਿ ਸਗਰੀ ਕੋ ਦਾਨ। ਲਿਖਹੁ ਪੱਤ੍ਰਿਕਾ ਪੁੰਨ ਮਹਾਨ'।
ਸੁਨਿ ਕੈ ਸ੍ਰੀ ਸਤਿਗੁਰ ਫੁਰਮਾਯੋ। 'ਪੂਰਬ ਜਾਚਯੋ ਸੁ ਤੁਮ ਪਾਯੋ॥ ੧੬॥

ਤੁਹਾਡੀ ਸਾਰੀ ਸੰਗਤ ਸਾਨੂੰ ਦਾਨ ਦਿਆ ਕਰੇਗੀ, ਇਹ ਇਕ ਮਹਾਨ ਪੱਤਰ ਵਿਚ ਲਿਖ ਕੇ ਸਾਨੂੰ ਦੇ ਦੇਵੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਫੁਰਮਾਇਆ, "ਜੋ ਤੁਸੀਂ ਪਹਿਲਾਂ ਮੰਗਿਆ ਸੀ, ਉਹ ਤੁਸੀਂ ਪਾ ਲਿਆ ਹੈ॥੧੬।

ਲੋਭ ਛੋਭ ਤਜਿ ਕਰਹੁ ਸੰਤੋਸ਼। ਅਪਨਿ ਧਰਮ ਰਾਖਹੁ ਨਿਰਦੋਸ਼।
ਦਿਜ ਕੋ ਮੁੱਖਜ ਧਰਮ ਯਹਿ ਜੋਇ। ਜਥਾ ਲਾਭ ਸੰਤੁਸ਼ਟੈ ਹੋਇ॥ ੧੭॥

ਹੁਣ ਲੋਭ ਲਾਲਚ ਛੱਡ ਕੇ ਸੰਤੋਖ ਕਰੋ ਤੇ ਆਪਣੇ ਧਰਮ ਨੂੰ ਦੋਸ਼ ਰਹਿਤ ਰੱਖੋ। ਬ੍ਰਾਹਮਣਾਂ ਦਾ ਜਿਹੜਾ ਇਹ ਮੁੱਖ ਧਰਮ ਹੈ ਉਸ ਤਰ੍ਹਾਂ ਹੀ ਲਾਭ ਪਾ ਕੇ ਉਹ ਸੰਤੁਸ਼ਟ ਹੋ ਜਾਣੇ ਚਾਹੀਦੇ ਹਨ॥੧੭॥

ਯਾਂਤੇ ਪਰਾਲਬਧ ਜੇਤੀਕ। ਪੂਰਬ ਜਾਚਿ ਲੀਨਿ ਤੇਤੀਕ'।
ਪੁਨ ਤੂਸ਼ਨਿ ਹੁਇ ਰਹੇ ਗੁਸਾਈਂ। ਖਾਨ ਪਾਨ ਕਰਿ ਨਿਸਾ ਬਿਤਾਈ॥ ੧੮॥

ਇਸ ਕਰਕੇ ਜਿੰਨਾ ਵੀ ਤੁਹਾਡੇ ਭਾਗਾਂ ਵਿਚ ਸੀ, ਓਨਾ ਤੁਸੀਂ ਪਹਿਲਾਂ ਹੀ ਮੰਗ ਲਿਆ ਹੈ।" ਫਿਰ ਮਾਲਕ ਗੁਰੂ ਜੀ ਚੁੱਪ ਹੋ ਗਏ ਤੇ ਖਾ ਪੀ ਕੇ ਰਾਤ ਬਤੀਤ ਕੀਤੀ॥੧੮॥

ਜਥਾ ਜੋਗ ਸਭਿਹੂੰ ਤਹਿਂ ਕਰਿਕੈ। ਗਮਨ ਕੀਨਿ ਪੁਨ ਸਤਿਗੁਰ ਚਰਿਕੈ।
ਸਰਬ ਸੰਗ ਮੈਂ ਹੁਇ ਕਰਿ ਤਯਾਰੀ। ਮਾਰਗ ਗਮਨੇ ਜਾਤਿ ਅਗਾਰੀ॥ ੧੯॥

ਉਸ ਸਥਾਨ ਵਿਖੇ ਸਭਨਾਂ ਨੂੰ ਯਥਾਯੋਗ ਕਰਕੇ, ਫਿਰ ਸਤਿਗੁਰੂ ਘੋੜੇ ਤੇ ਅਸਵਾਰ ਹੋ ਕੇ ਚਲ ਪਏ। ਸਾਰੇ ਡੇਰੇ ਵਾਲੇ ਫਿਰ ਨਾਲ ਤਿਆਰ ਹੋ ਕੇ ਅੱਗੇ ਚਲੇ ਜਾ ਰਹੇ ਸਨ॥੧੯॥

ਮਿਲਹਿਂ ਪੰਥ ਮਹਿਂ ਧਰਿ ਕਰਿ ਭਾਊ। ਲਹੈਂ ਸ੍ਰੇਯ ਇਹ ਸਹਜ ਸੁਭਾਊ।
ਜਿਮ ਸੂਰਜ ਤੇ ਤਮ ਬਿਨਸਾਇ। ਪਾਵਕ ਨਿਕਟਿ ਨ ਸੀਤ ਰਹਾਇ॥ ੨੦॥

ਬੜਾ ਪ੍ਰੇਮ ਧਾਰ ਕੇ ਜਿਹੜੇ ਰਾਹ ਵਿਚ ਮਿਲਦੇ ਸਨ, ਉਹ ਸਹਿਜ ਸੁਭਾਅ ਹੀ ਕਲਿਆਣ ਪ੍ਰਾਪਤ ਕਰ ਲੈਂਦੇ ਸਨ। ਜਿਵੇਂ ਸੂਰਜ ਨੂੰ ਵੇਖ ਕੇ ਹਨ੍ਹੇਰਾ ਦੂਰ ਹੋ ਜਾਂਦਾ ਹੈ ਅਤੇ ਜਿਵੇਂ ਅੱਗ ਦੇ ਨੇੜੇ ਠੰਡ ਨਹੀਂ ਰਹਿੰਦੀ ਹੈ॥੨੦॥

ਪਟਣੇ ਨਗਰ ਤੀਰ ਗੁਰ ਗਏ। ਇਕ ਸਿਖ ਕੇ ਘਰ ਪ੍ਰਾਪਤ ਭਏ।
ਜੈਤਾ ਸੇਠ ਨਾਮ ਤਿਸ ਕਹੈਂ। ਕਰ ਪਕਵਾਨ ਹਾਟ ਪਰ ਬਹੈ॥ ੨੧॥

ਗੁਰੂ ਜੀ ਪਟਣੇ ਨਗਰ ਦੇ ਨੇੜੇ ਆ ਗਏ ਤੇ ਇਕ ਸਿੱਖ ਦੇ ਘਰ ਚਲੇ ਗਏ। ਉਸ ਸਿੱਖ ਦਾ ਨਾਮ ਜੈਤਾ ਸੇਠ ਸੀ, ਉਹ ਘਿਉ ਵਿਚ ਤਲ ਕੇ ਪਕਵਾਨ ਤਿਆਰ ਕਰਕੇ ਆਪਣੀ ਹੱਟੀ ਤੇ ਬੈਠਦਾ ਸੀ॥੨੧॥

ਬੇਸਨਿ ਸਾਨ ਫਿਲੌਰੀ ਕਰੈ। ਗੁਰੁ ਸਿੱਖ ਮਿਲਹਿ ਸੁ ਅਰਪਨ ਧਰੈ।
ਆਲਮਗੰਜ ਮਝਾਰ ਬਸਾਈ। ਕਰਤਾ ਸਦਾ ਹਾਟ ਹਲਵਾਈ॥ ੨੨॥

ਉਹ ਵੇਸਣ ਪਾ ਕੇ ਪੂਰੀਆਂ ਤਿਆਰ ਕਰਦਾ ਸੀ, ਜਿਹੜਾ ਵੀ ਗੁਰੂ ਦਾ ਸਿੱਖ ਮਿਲਦਾ ਸੀ, ਉਸ ਦੇ ਸਾਹਮਣੇ ਅਰਪਣ ਕਰਦਾ ਸੀ। ਉਹ ਆਲਮਗੰਜ ਦੇ ਇਲਾਕੇ ਵਿਚ ਰਹਿੰਦਾ ਸੀ ਤੇ ਸਦਾ ਹਲਵਾਈ ਦੀ ਦੁਕਾਨ ਕਰਦਾ ਸੀ॥੨੨॥

ਅੰਤਰ ਗਤਿ ਨਿਸ ਦਿਨ ਗੁਰੁ ਧ੍ਯਾਨ। ਦੁਰਬਲ ਦੀਨ, ਲੋਭ ਨਹਿਂ ਮਾਨ।
ਕਰਤਿ ਸ਼ਨਾਨ ਸੁ ਕਿਨਹੁਂ ਨ ਦੇਖਾ। ਬਸਤ੍ਰ ਮਲੀਨੇ ਤਨ ਪਰ ਬੇਖਾ ॥੨੩॥

ਪਰ ਆਪਣੇ ਹਿਰਦੇ ਦੀ ਅੰਤਰ ਆਤਮਾ ਨੂੰ ਦਿਨ ਰਾਤ ਗੁਰੂ ਦੇ ਧਿਆਨ ਵਿਚ ਲਾ ਰੱਖਦਾ ਸੀ, ਉਹ ਕਮਜ਼ੋਰ, ਦੀਨ ਬਣ ਕੇ ਰਹਿੰਦਾ ਸੀ ਤੇ ਉਸ ਦੇ ਮਨ ਵਿਚ ਕਿਸੇ ਪ੍ਰਕਾਰ ਦਾ ਲੋਭ ਜਾਂ ਅਹੰਕਾਰ ਨਹੀਂ ਪੈਦਾ ਹੁੰਦਾ ਸੀ। ਉਸ ਨੂੰ ਕਿਸੇ ਨੇ ਵੀ ਇਸ਼ਨਾਨ ਕਰਦੇ ਨੂੰ ਨਹੀਂ ਸੀ ਵੇਖਿਆ ਤੇ ਹਰ ਵੇਲੇ ਮੈਲੇ ਵਸਤਰ ਸਰੀਰ ਤੇ ਧਾਰਨ ਕਰ ਛੱਡਦਾ ਸੀ॥੨੩॥

ਬਿਚਰਤਿ ਗੁਰੁ ਕੋ ਸਿਖ ਮਿਲਿ ਜਾਇ। ਤਿਸ ਕੇ ਪਗ ਨਿਜ ਸੀਸ ਝੁਕਾਇ।
ਪੰਚ ਫਿਲੌਰੀ ਦੇਤਿ ਅਕੋਰ। ਬਿਦਾ ਕਰਤਿ ਦੋਨੋ ਕਰ ਜੋਰਿ॥ ੨੪॥

ਜੋ ਤੁਰਦਿਆਂ ਫਿਰਦਿਆਂ ਕੋਈ ਗੁਰੂ ਜੀ ਦਾ ਸਿੱਖ ਮਿਲ ਜਾਂਦਾ ਸੀ ਤਾਂ ਉਸ ਦੇ ਚਰਨਾਂ 'ਤੇ ਆਪਣਾ ਸਿਰ ਝੁਕਾਉਂਦਾ ਸੀ। ਪੰਜ ਪੂੜੀਆਂ ਉਸ ਨੂੰ ਭੇਟ ਕਰਦਾ ਸੀ ਤੇ ਫਿਰ ਦੋਵੇਂ ਹੱਥ ਜੋੜ ਕੇ ਵਿਦਾ ਕਰਦਾ ਸੀ॥੨੪॥

ਮਹਿਮਾ ਨਹਿਂ ਜਾਨਹਿ ਤਿਸ ਕੌਨ। ਸਿਮਰਨਿ ਸਤਿਗੁਰ ਧਾਰਿ ਕਰਿ ਮੌਨ।
ਮਿੱਥ੍ਯਾ ਜਾਨਹਿ ਜਗਤ ਪਸਾਰਾ। ਸਾਚ ਨ ਭਾਸਹਿ ਨੱਸ੍ਵਰ ਸਾਰਾ॥ ੨੫॥

ਉਸ ਦੀ ਕੋਈ ਵੀ ਮਹਿਮਾ ਨਹੀਂ ਸੀ ਜਾਣਦਾ ਤੇ ਉਹ ਮੋਨ ਧਾਰ ਕੇ ਸਤਿਗੁਰੂ ਜੀ ਦਾ ਸਿਮਰਨ ਕਰਦਾ ਸੀ। ਉਹ ਇਸ ਜਗਤ ਪਸਾਰੇ ਨੂੰ ਝੂਠਾ ਜਾਣਦਾ ਸੀ, ਇਹ ਜਗਤ ਉਸ ਨੂੰ ਸੱਚਾ ਨਹੀਂ ਸੀ ਲਗਦਾ, ਸਭ ਪਸਾਰੇ ਨੂੰ ਨਾਸ਼ਵਾਨ ਜਾਣਦਾ ਸੀ॥੨੫॥

ਇਕ ਦਿਨ ਗੁਰ ਸੰਗਤਿ ਨਰ ਕੇਈ। ਬੂਝਤਿ ਭਏ ਪ੍ਰੇਮ ਕਰਿ ਤੇਈ।
'ਕਹੋ ਸੇਠ ਜੀ! ਕਜੋਂ ਨ ਸ਼ਨਾਨਹੁ? ਬਸਤ੍ਰ ਸਰੀਰ ਮਲੀਨੋਂ ਠਾਨਹੁ' ॥੨੬॥

ਇਕ ਦਿਨ ਗੁਰੂ ਦੀ ਸੰਗਤ ਵਿਚੋਂ ਕੁਝ ਮਨੁੱਖ ਉਸ ਨੂੰ ਬੜੇ ਪ੍ਰੇਮ ਸਹਿਤ ਪੁੱਛਣ ਲੱਗੇ, "ਹੇ ਸੇਠ ਜੀ! ਦੱਸੋ, ਤੁਸੀਂ ਇਸ਼ਨਾਨ ਕਿਉਂ ਨਹੀਂ ਕਰਦੇ ਹੋ ਤੇ ਸਰੀਰ ਉਤੇ ਕਪੜੇ ਬਹੁਤ ਮੈਲੇ ਪਾਉਂਦੇ ਹੋ॥੨੬॥

ਤਿਨ ਸੋਂ ਕਹਜੋ 'ਜਿ ਦੇਖਜੋ ਚਹੋ। ਸਰਬ ਕ੍ਰਿਯਾ, ਤੁਮ ਮਮ ਘਰ ਰਹੋ।
ਕਹੇ ਬਨੇ ਨਹਿਂ, ਲੀਜਹਿ ਦੇਖਿ। ਜਿਮ ਸ਼ਨਾਨ ਮੈਂ ਕਰੌਂ ਵਿਸ਼ੇਖ' ॥ ੨੭॥

ਜੈਤਾ ਸੇਠ ਉਨ੍ਹਾਂ ਨੂੰ ਕਹਿਣ ਲੱਗਾ, "ਜੇ ਤੁਸੀਂ ਸਾਰੀ ਕ੍ਰਿਆ ਵੇਖਣੀ ਚਾਹੁੰਦੇ ਹੋ ਤਾਂ ਇਕ ਦਿਨ ਮੇਰੇ ਘਰ ਵਿਚ ਰਹੋ, ਤੁਹਾਨੂੰ ਕਹਿਣਾ ਨਹੀਂ ਪਵੇਗਾ ਆਪਣੇ ਆਪ ਵੇਖ ਲਵੋਗੇ, ਜਿਵੇਂ ਮੈਂ ਵਿਸ਼ੇਸ਼ ਇਸ਼ਨਾਨ ਕਰਦਾ ਹਾਂ" ॥੨੭॥

ਸੁਨਿ ਸਿਖ ਦ੍ਵੈ ਤਿਸ ਕੇ ਘਰ ਰਹੇ। ਨਿਸ ਮਹਿਂ ਕ੍ਰਿਯਾ ਕਰਤਿ ਸਭਿ ਲਹੇ।
ਨਿਜ ਦੁਕਾਨ ਤੇ ਬੈਠਜੋ ਆਇ। ਸਿਮਰਤਿ ਭਯੋ ਨਾਮ ਸੁਖਦਾਇ॥ ੨੮॥

ਇਹ ਸੁਣ ਕੇ ਦੋ ਸਿੱਖ ਉਸ ਦੇ ਘਰ ਰਹੇ, ਰਾਤ ਸਮੇਂ ਜੈਤੇ ਸੇਠ ਨੂੰ ਸਾਰੀ ਕ੍ਰਿਆ ਕਰਦੇ ਵੇਖਿਆ। ਆਪਣੀ ਦੁਕਾਨ ਤੋਂ ਉੱਠਕੇ ਘਰ ਆ ਬੈਠਾ ਤੇ ਸੁਖਦਾਈ ਨਾਮ ਦਾ ਸਿਮਰਨ ਕਰਨ ਲੱਗਾ॥੨੮॥

ਜਾਮ ਨਿਸਾ ਬਾਕੀ ਜਬਿ ਰਹੀ। ਉਠੇ ਸੇਠ ਜੀ ਮਨ ਮੈਂ ਲਹੀ।
ਸੌਚਾਚਾਰ ਕਰਜੋ ਜਲ ਨਾਲ। ਸੁਰਸਰਿ ਆਈ ਘਰ ਤਿਸ ਕਾਲ॥ ੨੯॥

ਜਦ ਇਕ ਪਹਿਰ ਰਾਤ ਬਾਕੀ ਰਹੀ, ਸੇਠ ਜੀ ਉੱਠ ਪਏ ਹਨ, ਇਹ ਮਨ ਵਿਚ ਜਾਣ ਲਿਆ, ਫਿਰ ਜਲ ਨਾਲ ਸੌਚ ਅਚਾਰ ਕੀਤਾ ਤਾਂ ਉਸ ਸਮੇਂ ਗੰਗਾ ਨਦੀ ਉਨ੍ਹਾਂ ਦੇ ਘਰ ਆਈ॥੨੯॥

ਬਡਾ ਹੌਜ ਇਕ ਹੁਤੋ ਬਨਯੋ। ਨਿਰਮਲ ਜਲ ਤੇ ਸੋ ਭਰਿ ਗਯੋ।
ਤਿਨਕੇ ਦੇਖਤਿ ਕੀਨਿ ਸ਼ਨਾਨ। ਪੁਨ ਲਾਗਯੋ ਸਿਮਰਨ ਸੁਖਦਾਨ॥ ੩੦॥

ਇਕ ਵੱਡਾ ਹੌਜ ਬਣਿਆ ਸੀ, ਉਹ ਉਸੇ ਸਮੇਂ ਨਿਰਮਲ ਜਲ ਨਾਲ ਭਰ ਗਿਆ। ਉਨ੍ਹਾਂ ਸਿੱਖਾਂ ਦੇ ਵੇਖਦਿਆਂ, ਜੈਤੇ ਸੇਠ ਨੇ ਗੰਗਾ ਦੇ ਜਲ ਨਾਲ ਇਸ਼ਨਾਨ ਕੀਤਾ ਤੇ ਫਿਰ ਸੁਖਦਾਇਕ ਨਾਮ ਦਾ ਸਿਮਰਨ ਕਰਨ ਲੱਗਾ॥੩੦॥

ਪ੍ਰਾਤਿ ਹੋਤਿ ਲੌ ਬੈਠਯੋ ਰਹਯੋ। ਤਿਨ ਸਿੱਖਨ ਸਗਰੋ ਕ੍ਰਮ ਲਹਯੋ।
ਸੰਗਤਿ ਬਿਖੈ ਬਾਤ ਬਿਦਤਾਈ। 'ਜੈਤੇ ਸੇਠ ਬਡੀ ਬਡਿਆਈ॥ ੩੧॥

ਸਵੇਰ ਹੋਣ ਤਕ ਉਸ ਥਾਂ ਸਿਮਰਨ ਕਰਦਾ ਬੈਠਾ ਰਿਹਾ। ਉਨ੍ਹਾਂ ਸਿੱਖਾਂ ਨੇ ਜੈਤੇ ਸੇਠ ਦੇ ਸਾਰੇ ਕ੍ਰਮਕਾਰਜ ਨੂੰ ਵੇਖਿਆ। ਸੰਗਤ ਵਿਚ ਇਹ ਗੱਲ ਪ੍ਰਗਟ ਹੋ ਗਈ, "ਜੈਤੇ ਸੇਠ ਦੀ ਵੱਡੀ ਵਡਿਆਈ ਹੈ"॥੩੧॥

ਸ੍ਰੀ ਗੰਗਾ ਜਿਸ ਕੇ ਘਰ ਜਾਇ। ਜਾਮ ਨਿਸਾ ਤੇ ਦੇਤਿ ਨੁਹਾਇ।
ਸੋ ਸਿਖ ਗੁਰੂ ਕੋ ਕਰਤਿ ਉਡੀਕ। ਆਇ ਕਬਹੁੰ ਦੇਂ ਦਰਸ਼ਨ ਨੀਕ॥ ੩੨॥

ਸ੍ਰੀ ਗੰਗਾ ਮਾਤਾ ਜਿਸ ਦੇ ਘਰ ਤੁਰ ਕੇ ਜਾਂਦੀ ਹੈ ਤੇ ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰਵਾ ਦਿੰਦੀ ਹੈ।" ਉਹ ਸਿੱਖ ਗੁਰੂ ਜੀ ਦੀ ਉਡੀਕ ਕਰ ਰਿਹਾ ਸੀ, ਕਦ ਆ ਕੇ ਆਪਣੇ ਸ਼ੁਭ ਦਰਸ਼ਨ ਦੇਣਗੇ॥੩੨॥

ਮਮ ਕਰ ਕੋ ਕੀਨਸਿ ਪਕਵਾਨ। ਬੈਠਿ ਸਦਨ ਮਹਿਂ ਕਰਿ ਹੈਂ ਖਾਨ।
ਰਹਤਿ ਪ੍ਰਤੀਖਤਿ ਸੁਨਿ ਗੁਨ ਗੁਰ ਕੋ। ਨਿਸ ਬਾਸੁਰ ਅਨੁਰਾਗੀ ਉਰ ਕੋ॥੩੩॥

ਮੇਰੇ ਹੱਥਾਂ ਦਾ ਤਿਆਰ ਕੀਤਾ ਹੋਇਆ ਪਕਵਾਨ, ਮੇਰੇ ਘਰ ਵਿਚ ਬੈਠ ਕੇ ਖਾਣ। ਗੁਰੂ ਜੀ ਦੇ ਬਹੁਤ ਗੁਣ ਸੁਣ ਕੇ ਹਰ ਵੇਲੇ ਉਨ੍ਹਾਂ ਦੀ ਇੰਤਜ਼ਾਰ ਕਰਦਾ ਰਹਿੰਦਾ ਸੀ, ਦਿਨ ਰਾਤ ਹਿਰਦਾ ਪ੍ਰੇਮ ਨਾਲ ਭਰਿਆ ਰਹਿੰਦਾ ਸੀ॥੩੩॥

ਤਿਸ ਕੇ ਮਨ ਕੀ ਗਤਿ ਕੋ ਜਾਨਿ। ਪਹੁੰਚੇ ਸ੍ਰੀ ਸਤਿਗੁਰ ਭਗਵਾਨ।
ਐਂਚਹਿਂ ਪ੍ਰੇਮ ਡੋਰ ਤੇ ਜਹਿਂ ਜਹਿਂ। ਕਰਿ ਤੂਰਨਤਾ ਪਹੁੰਚਹਿਂ ਤਹਿਂ ਤਹਿਂ॥ ੩੪॥

ਜੈਤੇ ਸੇਠ ਦੀ ਗਤੀ ਨੂੰ ਜਾਣ ਕੇ ਸਤਿਗੁਰੂ ਭਗਵਾਨ ਜੀ ਉਸ ਦੇ ਘਰ ਪਹੁੰਚ ਗਏ। ਪ੍ਰੇਮ ਦੀ ਡੋਰ ਨਾਲ ਜਿਥੋਂ-ਜਿਥੋਂ ਵੀ ਖਿੱਚ ਪੈਂਦੀ ਸੀ, ਤੁਰਤ ਉਥੇ-ਉਥੇ ਗੁਰੂ ਜੀ ਪਹੁੰਚ ਜਾਂਦੇ ਸਨ॥੩੪॥

ਦੀਨ ਦਯਾਲੁ ਕੀ ਬਾਨ ਬਿਸਾਲਾ। ਪਰਖਹਿਂ ਪ੍ਰੇਮ ਮਿਲਹਿਂ ਤਤਕਾਲਾ।
ਗੁਹਜ ਰਿਦੈ ਕੀ ਗਤਿ ਕੋ ਲਖੈਂ। ਕਰਤਿ ਬਾਸ ਪ੍ਰਭੁ ਘਟ ਘਟ ਬਿਖੈ॥ ੩੫॥

ਦੀਨ ਦਿਆਲੂ ਗੁਰੂ ਜੀ ਦਾ ਬੜਾ ਉੱਤਮ ਸੁਭਾਅ ਹੈ, ਜਿਥੇ ਵੀ ਪ੍ਰੇਮ ਪਰਖਦੇ ਸਨ, ਤੁਰਤ ਜਾ ਕੇ ਮਿਲ ਪੈਂਦੇ ਹਨ। ਲੁਕੇ ਹਿਰਦੇ ਦੀ ਗਤੀ ਨੂੰ ਸਮਝ ਲੈਂਦੇ ਹਨ ਤੇ ਗੁਰੂ ਜੀ ਹਰ ਇਕ ਦੇ ਦਿਲ ਦੀ ਗੱਲ ਜਾਣਦੇ ਹਨ॥੩੫॥

ਨਗਰ ਪ੍ਰਵੇਸ਼ ਭਏ ਗੁਰ ਪੂਰੇ। ਕਰਤਿ ਬਿਲੋਕਨ ਬਿਪਨੀ ਰੂਰੇ।
ਮੰਦਰ ਸੁੰਦਰ ਅੰਦਰ ਬਾਹਰ। ਧਨੀ ਲੋਕ ਬਹੁ ਬਾਸਹਿਂ ਜ਼ਾਹਰ॥ ੩੬॥

ਪੂਰਨ ਗੁਰੂ ਪਟਨੇ ਨਗਰ ਦੇ ਅੰਦਰ ਪ੍ਰਵੇਸ਼ ਕਰ ਗਏ ਤੇ ਉਨ੍ਹਾਂ ਪਟਨੇ ਸ਼ਹਿਰ ਦੀਆਂ ਸੁੰਦਰ ਦੁਕਾਨਾਂ ਨੂੰ ਵੇਖਿਆ। ਅੰਦਰ ਬਾਹਰ ਬੜੇ ਸੁੰਦਰ ਘਰ ਸਨ, ਬਹੁਤ ਧਨੀ ਲੋਕ ਪ੍ਰਗਟ ਰੂਪ ਵਿਚ ਵੱਸਦੇ ਸਨ॥੩੬॥

ਰਚਨਾ ਅਨਿਕ ਪ੍ਰਕਾਰਨ ਕੇਰੀ। ਚਲੇ ਜਾਹਿਂ ਸਤਿਗੁਰੂ ਸਭਿ ਹੇਰੀ।
ਆਲਮ ਗੰਜ ਬਿਖੈ ਪੁਨ ਗਏ। ਸਦਨ ਸੇਠ ਕੇ ਪ੍ਰਾਪਤਿ ਭਏ॥ ੩੭॥

ਅਨੇਕ ਪ੍ਰਕਾਰ ਦੇ ਮਕਾਨ ਉਸਾਰੇ ਗਏ ਸਨ, ਸਤਿਗੁਰੂ ਜੀ ਸਭ ਮਕਾਨਾਂ ਨੂੰ ਵੇਖਦੇ ਚਲੇ ਜਾ ਰਹੇ ਸਨ। ਫਿਰ ਆਲਮਗੰਜ ਵਿਚ ਪਹੁੰਚ ਗਏ ਤੇ ਜੈਤੇ ਸੇਠ ਦੇ ਘਰ ਦੇ ਅੰਦਰ ਚਲੇ ਗਏ॥੩੭॥

ਨਿਜ ਜਨ ਕੀ ਪੂਰਨ ਕੋ ਆਸਾ। ਲੋਕ ਪ੍ਰਲੋਕ ਦੇਨਿ ਭਰਵਾਸਾ।
ਉਤਰੇ ਜਾਇ ਜਬਹਿ ਘਰ ਮਾਂਹੀ। ਸੁਧਿ ਸੁਨਿ ਜੈਤਾ ਸੇਠ ਤਦਾਹੀ॥ ੩੮॥

ਆਪਣੇ ਸੇਵਕਾਂ ਦੀ ਆਸ ਪੂਰੀ ਕਰਦੇ ਹਨ ਤੇ ਲੋਕ ਪ੍ਰਲੋਕ ਦਾ ਦਿਲਾਸਾ ਦਿੰਦੇ ਹਨ। ਜਦ ਘਰ ਦੇ ਅੰਦਰ ਜਾ ਕੇ ਘੋੜੇ ਤੋਂ ਉੱਤਰੇ, ਜੈਤਾ ਸੇਠ ਇਹ ਸੁਣ ਕੇ ਉਸੇ ਵੇਲੇ ਆਇਆ॥੩੮॥

ਪ੍ਰੇਮ ਮਗਨ ਤੇ ਦੌਰਯੋ ਆਇ। ਪਿਖਿ ਗੁਰ ਪਗ ਪੰਕਜ ਲਪਟਾਇ।
ਸਾਦਰ ਮੰਚ ਡਸਾਵਨਿ ਕਰੇ। ਪ੍ਰਭੁ ਬਿਠਾਇ ਮੋਦ ਉਰ ਭਰੇ॥ ੩੯॥

ਉਹ ਪ੍ਰੇਮ ਵਿਚ ਏਨਾ ਮਗਨ ਸੀ ਕਿ ਗੁਰੂ ਜੀ ਬਾਰੇ ਪਤਾ ਲੱਗਣ 'ਤੇ ਦੌੜਦਾ ਹੋਇਆ ਆਇਆ ਤੇ ਗੁਰੂ ਜੀ ਨੂੰ ਵੇਖ ਉਨ੍ਹਾਂ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ। ਆਦਰ ਨਾਲ ਬੜਾ ਸੁੰਦਰ ਪਲੰਘ ਡੁਹਾਇਆ ਤੇ ਦਿਲ ਵਿਚ ਪ੍ਰਸੰਨਤਾ ਨਾਲ ਭਰ ਕੇ ਗੁਰੂ ਜੀ ਨੂੰ ਪਲੰਘ ਉਤੇ ਬਿਠਾਇਆ॥੩੯॥

ਨਿਜ ਕਰ ਤੇ ਕਰਿ ਕੈ ਪਕਵਾਨ। ਰਾਖਯੋ ਸਤਿਗੁਰ ਆਗੈ ਆਨਿ।
ਅਪਰ ਅਹਾਰ ਅਧਿਕ ਕਰਿਵਾਇ। ਸਭਿ ਡੇਰੇ ਕੌ ਦਿਯੋ ਅਚਾਇ॥ ੪੦॥

ਆਪਣੇ ਹੱਥਾਂ ਨਾਲ ਮਿੱਠੇ ਤਲੇ ਹੋਏ ਪਕਵਾਨ ਤਿਆਰ ਕਰਕੇ ਸਤਿਗੁਰੂ ਜੀ ਦੇ ਅੱਗੇ ਲਿਆ ਰੱਖੇ। ਹੋਰ ਬਹੁਤ ਭੋਜਨ ਤਿਆਰ ਕਰਵਾਏ ਤੇ ਸਾਰੇ ਡੇਰੇ ਨੂੰ ਛਕਾ ਦਿੱਤੇ॥੪੦॥

ਵਾਹਨ ਸਰਬ ਸਦਨ ਬੰਧਵਾਏ। ਸਭਿ ਬਿਧਿ ਕੌ ਦੇ ਕਰਿ ਤ੍ਰਿਪਤਾਏ।
ਤ੍ਰਿਣ ਦਾਨਾ ਜੋ ਕਹਿ ਮਿਸ਼ਟਾਨ। ਹਾਥ ਜੋਰਿ ਸੇਵਾ ਸਭਿ ਠਾਨਿ॥ ੪੧॥

ਸਾਰੇ ਵਾਹਣਾਂ ਨੂੰ ਘਰ ਦੇ ਅੰਦਰ ਬੰਨ੍ਹਵਾ ਦਿੱਤਾ ਤੇ ਉਨ੍ਹਾਂ ਨੂੰ ਸਭ ਪ੍ਰਕਾਰ ਦਾ ਦਾਣਾ ਪਾਣੀ ਦੇ ਕੇ ਤ੍ਰਿਪਤ ਕੀਤਾ। ਘਾਹ ਦਾਣੇ ਉਪਰੰਤ ਹੋਰ ਜੋ ਮਿੱਠੇ ਪਦਾਰਥ ਸਨ, ਹੱਥ ਜੋੜ ਕੇ ਹਰ ਪ੍ਰਕਾਰ ਸੇਵਾ ਕੀਤੀ॥੪੧॥

ਦੋਹਰਾ- ਸਤਿਗੁਰ ਕਰਯੋ ਅਰਾਮ ਕੋ ਬੀਤਯੋ ਕੇਤਿਕ ਕਾਲ।
ਕਵਿ ਸੰਤੋਖ ਸਿੰਘ ਪੁਰਿ ਬਿਖੈ ਸੰਗਤਿ ਸੁਨੈ ਕ੍ਰਿਪਾਲ॥ ੪੨॥

ਸਤਿਗੁਰੂ ਜੀ ਨੂੰ ਆਰਾਮ ਕੀਤੇ ਨੂੰ ਬਹੁਤ ਲੰਮਾ ਸਮਾਂ ਬੀਤ ਗਿਆ ਸੀ। ਹੇ ਕਵੀ ਸੰਤੋਖ ਸਿੰਘ! ਨਗਰ ਵਿਚ ਸੰਗਤ ਕ੍ਰਿਪਾਲੂ ਗੁਰੂ ਜੀ ਬਾਰੇ ਜਦ ਸੁਣਦੇ ਸਨ॥੪੨॥

ਜਹਿਂ ਕਹਿਂ ਬਿਦਤੀ ਬਾਰਤਾ ਗੁਰ ਆਏ ਪੁਰਿ ਮਾਂਹਿ।
ਸਿੱਖਜਨਿ ਸੁਨਤਿ ਅਨੰਦ ਭਾ, ਕਹੈਂ ਕੌਨ ਬਿਧਿ ਤਾਂਹਿ॥ ੪੩॥

ਤਾਂ ਜਿਥੇ ਕਿਥੇ ਇਹ ਵਾਰਤਾ ਪ੍ਰਗਟ ਹੋ ਗਈ ਕਿ ਸਤਿਗੁਰੂ ਤੇਗ ਬਹਾਦਰ ਜੀ ਆਪ ਨਗਰ ਵਿਚ ਆਏ ਹਨ। ਜਦ ਸਿੱਖਾਂ ਨੇ ਸੁਣਿਆ ਤਾਂ ਉਨ੍ਹਾਂ ਦੇ ਹਿਰਦਿਆਂ ਵਿਚ ਅਜਿਹਾ ਅਨੰਦ ਛਾ ਗਿਆ, ਕਿ ਉਸ ਨੂੰ ਕੌਣ ਕਿਸ ਵਿਧੀ ਨਾਲ ਬਿਆਨ ਕਰ ਸਕਦਾ ਹੈ॥੪੩॥

*ਗਿਆਰ੍ਹਵੀਂ ਰਾਸ ਦਾ ਸਤਵੰਜਵਾਂ ਅਧਿਆਇ ਸਮਾਪਤ ਹੋਇਆ॥੫੭॥*

❖❖❖

# ਅਧਿਆਇ ਅਠਵੰਞਵਾਂ

## ਪਟਨੇ ਨਿਵਾਸ

ਦੋਹਰਾ- ਜਹਿਂ ਕਹਿਂ ਸੰਗਤਿ ਨੇ ਸੁਨਜੋ ਭਾ ਆਗਮਨ ਕ੍ਰਿਪਾਲ।
ਹਰਖ ਪਰਸਪਰ ਮਿਲਤਿ ਭੇ ਲੇ ਕਰਿ ਭੇਟ ਬਿਸਾਲ॥ ੧॥

ਜਿੱਥੇ ਕਿੱਥੇ ਵੀ ਸੰਗਤ ਨੇ ਸੁਣਿਆ ਕਿ ਕ੍ਰਿਪਾਲੂ ਗੁਰੂ ਜੀ ਪਟਨੇ ਵਿਖੇ ਆਏ ਹਨ, ਬੜੇ ਪ੍ਰਸੰਨ ਹੋ ਕੇ ਇਕ ਦੂਸਰੇ ਨਾਲ ਵਿਸ਼ਾਲ ਭੇਟਾਵਾਂ ਲੈ ਕੇ ਮਿਲਦੇ ਸਨ॥੧॥

ਚੌਪਈ- ਸੰਗਤਿ ਸ਼ਬਦ ਕੀਰਤਨ ਕਰਤੇ। ਭਰੇ ਅਨੰਦ ਸਿਰ ਚਰਨਨਿ ਧਰਤੇ।
ਜ਼ਰੀ ਜੁਗਤ ਬਹੁ ਬਸਤ੍ਰ ਲਿਆਏ। ਰੁਚਿਰ ਬਿਭੂਖਨਿ ਧਰਿ ਅਗਵਾਏ॥੨॥

ਸੰਗਤ ਸ਼ਬਦ ਕੀਰਤਨ ਦਾ ਗਾਇਨ ਕਰਦੀ ਸੀ, ਸਿੱਖ ਅਨੰਦ ਦੇ ਭਰੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਧਰਦੇ ਸਨ। ਜ਼ਰੀ ਸਹਿਤ ਬਹੁਤ ਵਸਤਰ ਲੈ ਕੇ ਆਏ, ਬੜੇ ਸੁੰਦਰ ਗਹਿਣੇ ਅੱਗੇ ਧਰਦੇ ਸਨ॥੨॥

ਅਰਪਹਿਂ ਦਰਬ ਅਨਿਕ ਨਰ ਆਇ। ਦਰਸ ਕਰਨਿ ਅਵਕਾਸ਼ਹਿਂ ਪਾਇ।
ਪਟਨਾ ਸ਼ਹਿਰ ਲੋਕ ਬਹੁ ਬਸੈਂ। ਬੇਸ਼ੁਮਾਰ ਗੁਰੁ ਜਸੁ ਬਹੁ ਲਸੈ॥ ੩॥

ਕਈ ਮਨੁੱਖ ਆ ਕੇ ਬਹੁਤ ਧਨ ਅਰਪਣ ਕਰਦੇ ਸਨ, ਦਰਸ਼ਨ ਕਰਨ ਦਾ ਉਹ ਮੌਕਾ ਪਾਉਂਦੇ ਸਨ, ਪਟਨਾ ਸ਼ਹਿਰ ਵਿਚ ਬਹੁਤ ਲੋਕ ਵੱਸਦੇ ਸਨ, ਬੇਸ਼ੁਮਾਰ ਗੁਰੂ ਜੀ ਦਾ ਜੱਸ ਪ੍ਰਗਟ ਹੋਇਆ ਹੈ॥੩॥

ਅਨਿਕ ਭਾਂਤਿ ਕੀ ਆਨਿ ਮਿਠਾਈ। ਖਰੇ ਹੋਇ ਅਰਦਾਸ ਕਰਾਈ।
ਤਹਿਂ ਕੇ ਬਡ ਮਸੰਦ ਚਲਿ ਆਏ। ਬ੍ਰਿੰਦ ਸੰਗਤਾਂ ਸੰਗ ਸੁ ਲਜਾਏ॥੪॥

ਅਨੇਕ ਪ੍ਰਕਾਰ ਦੀ ਮਿਠਾਈ ਲਿਆ ਕੇ ਖੜੇ ਹੋ ਕੇ ਅਰਦਾਸ ਕਰਵਾਈ। ਉਥੋਂ ਦੇ ਵੱਡੇ-ਵੱਡੇ ਮਸੰਦ ਚਲ ਕੇ ਆਏ ਉਹ ਆਪਣੇ ਨਾਲ ਬਹੁਤ ਸੰਗਤਾਂ ਲੈ ਕੇ ਆਏ॥੪॥

ਗੁਰ ਕੋ ਅਰਪਜੋ ਦਰਬ ਬਿਸਾਲਾ। ਸੇਵਾ ਅਪਰ ਕਰੀ ਤਤਕਾਲਾ।
ਛੋਟੋ ਥਾਨ ਲੋਕ ਸਮੁਦਾਏ। ਭਈ ਭੀਰ, ਥਿਤ ਥਾਂਉ ਨ ਪਾਏ॥ ੫॥

ਉਨ੍ਹਾਂ ਆ ਕੇ ਗੁਰੂ ਜੀ ਨੂੰ ਬਹੁਤ ਧਨ ਅਰਪਣ ਕੀਤਾ ਤੇ ਹੋਰ ਵੀ ਤੁਰਤ ਬਹੁਤ ਸੇਵਾ ਕੀਤੀ। ਸਥਾਨ ਛੋਟਾ ਹੈ ਤੇ ਲੋਕ ਬਹੁਤ ਆਉਂਦੇ ਹਨ, ਬਹੁਤ ਭੀੜ ਹੋ ਗਈ, ਕਿਸੇ ਨੂੰ ਖੜੇ ਹੋਣ ਲਈ ਵੀ ਥਾਂ ਨਹੀਂ ਸੀ ਲੱਭਦਾ॥੫॥

ਸੰਗਤਿ ਸੰਗ ਮਸੰਦ ਮਿਲੇ ਹੈਂ। ਆਪਸ ਮਹਿਂ ਇਮ ਕਰਤਿ ਭਲੇ ਹੈਂ।
'ਨਗਰ ਬਿਖੇ ਇਨ ਹੇਤੁ ਨਿਕੇਤ। ਚਹੀਅਤਿ ਹੈ ਬਿਸਤਾਰ ਸਮੇਤ॥੬॥

ਸੰਗਤ ਨਾਲ ਮਸੰਦ ਵੀ ਆ ਕੇ ਮਿਲਦੇ ਹਨ, ਉਹ ਆਪਸ ਵਿਚ ਇਸ ਤਰ੍ਹਾਂ ਭਲਾ ਸੋਚਦੇ ਹਨ, "ਨਗਰ ਵਿਚ ਇਨ੍ਹਾਂ ਦੇ ਰਹਿਣ ਲਈ ਬਹੁਤ ਵੱਡਾ ਘਰ ਚਾਹੀਦਾ ਹੈ, ਜਿਥੇ ਬਹੁਤ ਖੁਲ੍ਹਾ ਥਾਂ ਹੋਵੇ॥੬॥

ਬਸਹਿ ਇਹਾਂ ਗੁਰੁ ਕੇਤਿਕ ਕਾਲ। ਦਰਸਹਿਂ ਨਿਤ ਹਮ ਹੋਹਿਂ ਨਿਹਾਲ।
ਇਸ ਸਿਖ ਕੇ ਘਰ ਨਹੀਂ ਸਮਾਵਹਿਂ। ਦਰਸ਼ਨ ਕਰਨਿ ਹਜ਼ਾਰਹੁੰ ਆਵਹਿਂ॥੭॥

ਏਥੇ ਗੁਰੂ ਜੀ ਕਾਫੀ ਸਮਾਂ ਠਹਿਰਨਗੇ, ਅਸੀਂ ਸਦਾ ਹੀ ਦਰਸ਼ਨ ਕਰਕੇ ਨਿਹਾਲ ਹੋਵਾਂਗੇ। ਇਸ ਸਿੱਖ ਦੇ ਘਰ ਇਹ ਨਹੀ ਸਮਾ ਸਕਣਗੇ, ਦਰਸ਼ਨ ਕਰਨ ਵਾਸਤੇ ਹਜ਼ਾਰਾਂ ਸਿੱਖ ਆਉਣਗੇ ॥੭॥

**ਸਗਰੇ ਨਗਰ ਨਹੀਂ ਸੁਧਿ ਹੋਈ। ਸੁਨਿ ਸੁਨਿ ਆਇ ਪਿਖਹਿ ਸਭਿ ਕੋਈ।**
**ਬਾਹਰ ਨਗਰ ਰਹੈਂ ਜੇ ਗ੍ਰਾਮ। ਸੁਨਹਿਂ ਜਬਹਿ ਆਏ ਗੁਰੁ ਧਾਮ॥ ੮॥**

ਸਾਰੇ ਨਗਰ ਵਿਚ ਹਾਲੇ ਖ਼ਬਰ ਨਹੀਂ ਪੁੱਜੀ ਹੈ, ਸੁਣ ਸੁਣ ਕੇ ਸਾਰੇ ਆ ਕੇ ਦਰਸ਼ਨ ਕਰਨਗੇ। ਇਸ ਸ਼ਹਿਰ ਤੋਂ ਬਾਹਰ ਜਿਹੜੇ ਹੋਰ ਨਗਰ ਅਤੇ ਪਿੰਡ ਵੱਸਦੇ ਹਨ, ਜਦ ਉਹ ਸੁਣਨਗੇ ਕਿ ਗੁਰੂ ਜੀ ਸਾਡੇ ਦੇਸ਼ ਵਿਚ ਆਏ ਹਨ॥੮॥

**ਸਗਰੇ ਉਮਡਿ ਆਇਂ ਇਕ ਵਾਰੀ। ਪਿਖਹਿਂ ਗੁਰੂ ਉਰ ਸ਼ਰਧਾ ਧਾਰੀ।**
**ਇਸ ਬਿਧਿ ਸਭਿ ਮਹਿਂ ਕਰਤਿ ਬਿਚਾਰ। ਤਬਿ ਇਕ ਸਿਖ ਨੇ ਕੀਨਿ ਉਚਾਰਿ ॥੯॥**

ਤਾਂ ਸਾਰੇ ਹੀ ਇਕੋ ਵਾਰ ਉਮਡ ਕੇ ਆ ਜਾਣਗੇ ਤੇ ਸ਼ਰਧਾ ਧਾਰ ਕੇ ਗੁਰੂ ਜੀ ਦੇ ਦਰਸ਼ਨ ਕਰਨਗੇ।" ਇਸ ਤਰ੍ਹਾ ਮਸੰਦ ਸਾਰਿਆਂ ਨਾਲ ਸਲਾਹ ਕਰਦੇ ਸਨ, ਤਦ ਇਕ ਸਿੱਖ ਨੇ ਉਚਾਰਨ ਕੀਤਾ॥੯॥

**'ਮੈਂ ਇਕ ਦੇਉਂ ਹਵੇਲੀ ਗੁਰ ਕੋ। ਹਾਥ ਜੋਰਿ ਕਰਿ ਭਾਉ ਸੁ ਉਰ ਕੋ।**
**ਤਿਸ ਮਹਿਂ ਬਸਹਿਂ ਸਦਾ ਸਖੁ ਪਾਇ। ਮੇਰੋ ਜਨਮ ਸਫਲ ਹੁਇ ਜਾਇ' ॥੧੦॥**

"ਮੈਂ ਇਕ ਹਵੇਲੀ ਗੁਰੂ ਜੀ ਨੂੰ ਦਿੰਦਾ ਹਾਂ, ਹੱਥ ਜੋੜ ਕੇ ਮੈਂ ਆਪ ਦਿਲ ਦੇ ਪ੍ਰੇਮ ਨਾਲ ਬੇਨਤੀ ਕਰਦਾ ਹਾਂ। ਉਸ ਵਿਚ ਗੁਰੂ ਜੀ ਸਦਾ ਸੁਖ ਪਾ ਕੇ ਰਹਿਣਗੇ ਤੇ ਮੇਰਾ ਜਨਮ ਸਫਲ ਹੋ ਜਾਵੇਗਾ" ॥੧੦॥

**ਇਮ ਕਹਿ ਸਭਿ ਮਹਿਂ ਸ਼ਰਧਾ ਧਾਰਿ। ਸਤਿਗੁਰੁ ਕੇ ਢਿਗ ਕੀਨਿ ਉਚਾਰ।**
**'ਪ੍ਰਭੁ ਜੀ ਲੇਹੁ ਹਵੇਲੀ ਮੋ ਤੇ। ਤਿਸ ਮਹਿਂ ਬਸਹੁ ਅਨੰਦ ਉਦੋਤੇ' ॥ ੧੧॥**

ਇਸ ਤਰ੍ਹਾਂ ਸਭ ਵਿਚ ਸ਼ਰਧਾ ਧਾਰ ਕੇ ਕਹਿ ਕੇ, ਉਸ ਨੇ ਸਤਿਗੁਰੂ ਜੀ ਪਾਸ ਜਾ ਕੇ ਉਚਾਰਨ ਕੀਤਾ, "ਪ੍ਰਭੂ ਜੀ ਮੇਰੇ ਪਾਸੋਂ ਹਵੇਲੀ ਲੈ ਲਵੋ, ਉਸ ਵਿਚ ਅਨੰਦ ਸਹਿਤ ਵਾਸਾ ਕਰੋ" ॥੧੧॥

**ਤਬਿ ਅਰਦਾਸ ਮੇਵਰੇ ਕਰੀ। ਤਿਸੀ ਸਿੱਖਜ ਕੀ ਅਪਦਾ ਹਰੀ।**
**ਸ੍ਰੀ ਗੁਰ ਤੇਗ ਬਹਾਦਰ ਧੀਰ। ਅਪਨੇ ਦਾਸ ਹਕਾਰੇ ਤੀਰ॥ ੧੨॥**

ਤਦ ਮੇਵੜੇ ਨੇ ਅਰਦਾਸ ਕੀਤੀ, ਉਸ ਸਿੱਖ ਦੇ ਸਾਰੇ ਦੁੱਖ ਦੂਰ ਕੀਤੇ। ਸਤਿਗੁਰੂ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸੇਵਕਾਂ ਨੂੰ ਪਾਸ ਬੁਲਾਇਆ ॥੧੨॥

**'ਸਿਖ ਕੇ ਸੰਗ ਜਾਹੁ ਲੇ ਡੇਰਾ। ਕਰਹੁ ਤਹਾਂ ਬਿਸਰਾਮ ਬਡੇਰਾ।**
**ਮਾਤ ਨਾਨਕੀ ਕੋ ਲੇ ਜਾਵਹੁ। ਸਕਲ ਸਮਾਜ ਸਮੇਤ ਸਿਧਾਵਹੁ' ॥ ੧੩॥**

"ਇਸ ਸਿੱਖ ਦੇ ਨਾਲ ਜਾ ਕੇ ਡੇਰਾ ਲਵਾਵੋ, ਉਥੇ ਜਾਕੇ ਵਿਸ਼ਰਾਮ ਕਰੋ। ਮਾਤਾ ਨਾਨਕੀ ਜੀ ਨੂੰ ਵੀ ਨਾਲ ਲੈ ਜਾਵੋ, ਸਾਰੇ ਸਮਾਜ ਸਮੇਤ ਉਥੇ ਚਲੇ ਜਾਵੋ" ॥੧੩॥

**ਸੁਨਿ ਕੈ ਆਇਸੁ ਸਗਰੇ ਦਾਸ। ਗਮਨੇ ਤਤਛਿਨ ਤਿਸੀ ਅਵਾਸ।**
**ਸਭਿ ਸਮਾਜ ਤਹਿਂ ਆਨਿ ਉਤਾਰਾ। ਮਾਤ ਨਾਨਕੀ ਸਕਲ ਨਿਹਾਰਾ॥ ੧੪॥**

ਇਹ ਸੁਣ ਕੇ ਸਾਰੇ ਸੇਵਕ ਆਏ ਤੇ ਤੁਰਤ ਉਸ ਸਿੱਖ ਦੀ ਹਵੇਲੀ ਵਿਚ ਚਲੇ ਗਏ। ਸਾਰਾ ਸਾਮਾਨ ਉਥੇ ਲਿਆ ਕੇ ਉਤਾਰ ਦਿੱਤਾ। ਮਾਤਾ ਨਾਨਕੀ ਜੀ ਨੇ ਸਾਰੇ ਘਰ ਨੂੰ ਵੇਖਿਆ॥੧੪॥

ਸ੍ਰੀ ਗੁਜਰੀ ਤਹਿਂ ਕੀਨਿ ਨਿਵਾਸ। ਦਾਸੀ ਦਾਸ ਬਸੇ ਤਿਹ ਪਾਸ।
ਸ੍ਰੀ ਗੁਰਦੇਵ ਬਹੁਰ ਚਲਿ ਆਏ। ਦੇ ਆਇਸੁ ਕੋ ਤਹਾਂ ਬਸਾਏ॥ ੧੫॥

ਸ੍ਰੀ ਗੁਜਰੀ ਜੀ ਦਾ ਉਥੇ ਨਿਵਾਸ ਕਰਵਾਇਆ ਗਿਆ ਤੇ ਦਾਸ ਦਾਸੀਆਂ ਉਸ ਦੇ ਪਾਸ ਰਹੇ। ਸ੍ਰੀ ਸਤਿਗੁਰੂ ਜੀ ਬਾਅਦ ਵਿਚ ਚਲ ਕੇ ਆ ਗਏ ਤੇ ਆਗਿਆ ਦੇ ਕੇ ਸਾਰੇ ਪਰਿਵਾਰ ਨੂੰ ਉਥੇ ਵਸਾ ਦਿੱਤਾ॥੧੫॥

ਅਪਰ ਸਿੱਖਜ ਨਿਜ ਨਿਜ ਘਰ ਮਾਂਹਿ। ਗੁਰ ਵਾਹਨ ਬੰਧਵਾਏ ਤਾਂਹਿ।
ਬਹੁ ਦਾਸਨਿ ਕੇ ਆਲਯ ਡੇਰਾ। ਕਰਤਿ ਭਏ ਪਿਖਿ ਭਾਉ ਘਨੇਰਾ॥ ੧੬॥

ਹੋਰ ਸਿੱਖਾਂ ਨੇ ਆਪਣੇ-ਆਪਣੇ ਘਰਾਂ ਵਿਚ ਗੁਰੂ ਜੀ ਦੇ ਘੋੜਿਆਂ, ਬਲਦਾਂ ਅਤੇ ਮਝਾਂ ਨੂੰ ਬੰਨ੍ਹਵਾ ਲਿਆ। ਬਹੁਤ ਸੇਵਕਾਂ ਦੇ ਘਰਾਂ ਵਿਚ ਉਨ੍ਹਾਂ ਦਾ ਪ੍ਰੇਮ ਵੇਖ ਕੇ ਡੇਰਾ ਕਰਵਾ ਦਿੱਤਾ॥੧੬॥

*ਸ੍ਵੈਯਾ ਛੰਦ*-ਬਸਨ ਲਗੇ ਸ੍ਰੀ ਤੇਗ ਬਹਾਦਰ ਕੇਤਿਕ ਦਿਵਸ ਬਿਤਾਵਨ ਠਾਨਿ।
ਪਟਨਾ ਨਗਰ ਜਾਨਿ ਕੈ ਦੀਰਘ ਬਸੇ ਹੇਰਿ ਕਰਿ ਸੁੰਦਰ ਥਾਨ।
ਕਰਹਿਂ ਉਧਾਰਨਿ ਅਧਿਕ ਨਰਨਿ ਕਉ ਜੋ ਸੇਵਹਿਂ ਉਰ ਸ਼ਰਧਾ ਠਾਨਿ।
ਸ੍ਰੀ ਮੁਖ ਬਾਕ ਸ੍ਰਾਪ ਕੈ ਬਰ ਕੋ ਫੁਰਹਿ ਤੁਰਤ ਪਿਖਿ ਨਰ ਭੈ ਮਾਨ॥ ੧੭॥

ਸ੍ਰੀ ਗੁਰੂ ਤੇਗ ਬਹਾਦਰ ਜੀ ਉਸ ਹਵੇਲੀ ਵਿਚ ਰਹਿਣ ਲੱਗੇ ਤੇ ਉਥੇ ਰਹਿ ਕੇ ਕਈ ਦਿਨ ਬਤੀਤ ਕੀਤੇ। ਪਟਨਾ ਸ਼ਹਿਰ ਬਹੁਤ ਵੱਡਾ ਜਾਣ ਕੇ, ਬੜਾ ਸੁੰਦਰ ਥਾਂ ਵੇਖ ਕੇ ਉਥੇ ਵੱਸਣ ਲੱਗੇ। ਸ੍ਰੀ ਗੁਰੂ ਜੀ ਦੇ ਮੁੱਖ ਵਾਕ ਵਿਚੋਂ ਸਰਾਪ ਜਾਂ ਵਰ ਜੋ ਵੀ ਨਿਕਲਦਾ ਸੀ, ਉਹ ਤੁਰਤ ਪੂਰਾ ਹੋ ਜਾਂਦਾ ਸੀ ਤੇ ਮਨੁੱਖ ਤੁਰਤ ਵੇਖ ਕੇ ਡਰ ਮੰਨ ਲੈਂਦੇ ਸਨ॥੧੭॥

ਜਥਾ ਹੁਤਾਸਨ ਅਧਿਕ ਜੁਲਤ ਹੁਇ ਨਿਜ ਤਨ ਕੋ ਨਹਿਂ ਚਹਤਿ ਛੁਵਾਇ।
ਤਥਾ ਅਵੱਗਜਾ ਤੇ ਭੈ ਮਾਨਹਿਂ ਨਹਿਂ ਬਿਪ੍ਰੈ ਕਬਿ ਮਨ ਮੈਂ ਲਜਾਇ।
ਦੇਇਂ ਉਪਾਇਨ, ਠਾਨਹਿਂ ਸੇਵਾ, ਕਰਹਿਂ ਪ੍ਰਸੀਦਨ ਚਰਨ ਮਨਾਇ।
ਮਨ ਬਾਂਛਤਿ ਨਰ ਲਹੈਂ ਪਦਾਰਥ ਜਹਿਂ ਕਹਿਂ ਸੁਜਸ ਮਹਦ ਬਿਦਤਾਇ॥੧੮॥

ਜਿੱਥੇ ਅੱਗ ਬਹੁਤ ਤੇਜ਼ ਬਲਦੀ ਹੋਵੇ, ਉਥੇ ਕੋਈ ਵੀ ਆਪਣੇ ਸਰੀਰ ਨੂੰ ਉਸ ਨਾਲ ਛੁਹਾਉਣਾ ਨਹੀਂ ਚਾਹੁੰਦਾ ਹੈ। ਇਸ ਤਰ੍ਹਾਂ ਸਾਰੇ ਅਵੱਗਿਆ ਹੋ ਜਾਣ ਤੋਂ ਡਰ ਮੰਨਦੇ ਸਨ, ਪਤਾ ਨਹੀਂ ਉਲਟ ਗੱਲ ਕਿਹੜੇ ਵੇਲੇ ਮਨ ਵਿਚ ਲੈ ਆਉਣ। ਉਪਹਾਰ ਦੇ ਕੇ ਸੇਵਾ ਕਰਦੇ ਸਨ ਤੇ ਗੁਰੂ ਜੀ ਦੇ ਚਰਨਾਂ ਦੀ ਸੇਵਾ ਕਰਕੇ, ਉਨ੍ਹਾਂ ਨੂੰ ਪ੍ਰਸੰਨ ਕਰਦੇ ਸਨ। ਮਨੁੱਖ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ ਤੇ ਗੁਰੂ ਜੀ ਦਾ ਬਹੁਤ ਸ੍ਰੇਸ਼ਟ ਜੱਸ ਪ੍ਰਗਟ ਕਰਦੇ ਸਨ॥੧੮॥

ਰਾਉ, ਰੰਕ, ਮੂਰਖ ਅਰੁ ਪੰਡਿਤ ਚਾਰਹੁੰ ਬਰਨ ਤੁਰਕ ਅਰੁ ਹਿੰਦੁ।
ਸਾਧ ਅਨੇਕ ਅਨੇਕ ਭੇਖ ਕੇ ਜਹਿਂ ਕਹਿਂ ਮਿਲਹਿਂ ਹੋਹਿਂ ਨਰ ਬ੍ਰਿੰਦ।
ਸੱਤਜਬਾਕ ਪਤਿਆਵਹਿਂ ਕੇਤਿਕ ਕਰਾਮਾਤ ਮਹਿਂ ਲਖਹਿਂ ਬਿਲੰਦ।
ਅੰਬਰ, ਪਸ਼ਮੰਬਰ, ਪਾਟੰਬਰ ਅਰਪਹਿਂ ਦਰਬ ਮਨਾਇ ਮੁਕੰਦ॥ ੧੯॥

ਅਮੀਰ ਗਰੀਬ, ਮੂਰਖ ਅਤੇ ਪੰਡਿਤ ਤੁਰਕਾਂ ਅਤੇ ਹਿੰਦੂਆਂ ਦੇ ਚਾਰੇ ਵਰਨ ਤੇ ਅਨੇਕਾਂ ਭੇਖਾ ਦੇ ਸਾਧੂ, ਜਿਥੇ ਕਿਥੇ ਵੀ ਮਨੁੱਖ ਮਿਲ ਕੇ ਇਕੱਠੇ ਹੁੰਦੇ ਸਨ, ਸਤਿਗੁਰੂ ਜੀ ਦੇ ਵਾਕ ਸੱਚੇ ਹਨ ਕਿ ਨਹੀਂ, ਇਸ ਬਾਰੇ ਪਰਖਦੇ ਸਨ। ਕਈ ਬਹੁਤ ਉੱਚੀ ਕਰਾਮਾਤ ਵਾਲੇ ਸਮਝਦੇ ਸਨ। ਰੇਸ਼ਮ ਅਤੇ ਪਸ਼ਮੀਨੇ ਦੇ ਸੁੰਦਰ ਕੱਪੜੇ ਅਤੇ ਧਨ ਅਰਪਣ ਕਰਕੇ ਮੁਕਤੀ ਦਾਤੇ ਗੁਰੂ ਜੀ ਨੂੰ ਧਿਆਉਂਦੇ ਸਨ॥੧੯॥

ਜੇ ਸ਼ਰਧਾ ਧਰਿ ਹੋਇਂ ਮਮੋਖ੍ਹ ਉਪਦੇਸ਼ਹਿਂ ਦੇ ਆਤਮਗਜਾਨ।
ਜੇ ਉਪਾਸਨਾ ਕੇ ਅਧਿਕਾਰੀ ਸੱਤਿਨਾਮ ਲਿਵ ਦੇਂ ਪ੍ਰਭੁ ਧਜਾਨ।
ਜਗਤ ਬਿਖੈ ਸੁਭ ਪੰਥ ਪ੍ਰਕਾਸ਼ਹਿਂ, ਚਲਹਿਂ ਜਿ ਨਰ ਭਵ ਬੰਧਨ ਹਾਨਿ।
ਹੈ ਜੁ ਸਿੱਖ ਤਿਹ ਅੰਗ ਸੰਗ ਰਹਿਂ ਹਲਤ ਪਲਤ ਮਹਿਂ ਰੱਛਾ ਠਾਨਿ॥ ੨੦॥

ਜਿਹੜੇ ਮਨੁੱਖ ਸ਼ਰਧਾ ਧਾਰ ਕੇ ਮੋਖ ਦੀ ਇੱਛਾ ਕਰਦੇ ਸਨ, ਉਨ੍ਹਾਂ ਨੂੰ ਉਪਦੇਸ਼ ਦੇ ਕੇ ਆਤਮ ਗਿਆਨ ਦਿੰਦੇ ਸਨ। ਜਿਹੜੇ ਉਪਾਸ਼ਨਾ ਦੇ ਅਧਿਕਾਰੀ ਸਨ, ਉਨ੍ਹਾਂ ਨੂੰ ਸਤਿਨਾਮ ਦੀ ਲਿਵ ਦੇ ਕੇ ਉਨ੍ਹਾਂ ਦਾ ਧਿਆਨ ਪ੍ਰਭੂ ਨਾਲ ਜੋੜ ਦਿੰਦੇ ਸਨ। ਜਗਤ ਵਿਚ ਸੁਭ ਪੰਥ ਦਾ ਪ੍ਰਕਾਸ਼ ਕਰਦੇ ਸਨ ਅਤੇ ਜਿਹੜੇ ਮਨੁੱਖ ਇਸ ਪੰਥ ਤੇ ਚਲਦੇ ਸਨ, ਉਨ੍ਹਾਂ ਦੇ ਜਨਮ ਮਰਨ ਦੇ ਬੰਧਨ ਦੂਰ ਹੋ ਜਾਂਦੇ ਸਨ। ਜਿਹੜੇ ਸਿੱਖ ਹੋ ਕੇ ਉਨ੍ਹਾਂ ਨਾਲ ਰਹਿੰਦੇ ਸਨ ਉਨ੍ਹਾਂ ਦੀ ਲੋਕ ਪਰਲੋਕ ਵਿਚ ਰਖਿਆ ਕਰਦੇ ਸਨ॥੨੦॥

ਦੁਰਮਤਿ ਕਾਟਿ ਸੁਮਤਿ ਉਪਦੇਸ਼ਹਿਂ, ਸੱਤਜਨਾਮ ਸਿਮਰਨ ਕੋ ਦੀਨ।
ਦੀਨ ਪ੍ਰਭੂ ਕੇ ਆਗੈ ਰਹੁ ਨਿਤ, ਤਨ ਹੰਤਾ ਕੋ ਹਾਨਿ ਪ੍ਰਬੀਨ।।
ਬੀਨ ਬੀਨ ਕੈ ਹਨਹੁ ਬਿਕਾਰਨ, ਭਾਣਾ ਮਾਨਿ ਸ਼ਾਂਤਿ ਚਿਤ ਲੀਨਿ।
ਲੀਨਿ ਕਹਾਂ ਨਰ ਕੌ ਤਨ ਧਾਰੇ ਗੁਰੁ ਬਚਮਾਨਿ ਜਿਨੋਂ ਨਹਿਂ ਕੀਨਿ॥ ੨੧॥

ਮਾੜੀ ਮੱਤ ਕੱਟ ਕੇ ਸ੍ਰੇਸ਼ਟ ਮੱਤ ਦਾ ਉਪਦੇਸ਼ ਦਿੰਦੇ ਸਨ ਤੇ ਸਤਿਨਾਮ ਸਿਮਰਨ ਵਾਸਤੇ ਦਿੰਦੇ ਸਨ। ਜਿਹੜੇ ਪ੍ਰਭੂ ਦੇ ਅੱਗੇ ਦੀਨ ਹੋ ਕੇ ਰਹਿੰਦੇ ਸਨ, ਗੁਰੂ ਜੀ ਉਨ੍ਹਾਂ ਦੇ ਸਰੀਰ ਦਾ ਹੰਕਾਰ ਖਤਮ ਕਰ ਦਿੰਦੇ ਸਨ। ਚੁਣ ਚੁਣ ਕੇ ਵਿਕਾਰਾਂ ਦਾ ਨਾਸ਼ ਕਰਦੇ ਸਨ, ਭਾਣਾ ਮੰਨ ਕੇ ਉਹ ਸ਼ਾਂਤ ਚਿੱਤ ਰਹਿੰਦੇ ਸਨ। ਮਨੁੱਖ ਨੇ ਤਨ ਧਾਰ ਕੇ ਕੀ ਲਿਆ, ਉਨ੍ਹਾਂ ਨੇ ਜਿਨ੍ਹਾਂ ਨੇ ਗੁਰੂ ਦਾ ਬਚਨ ਮੰਨ ਕੇ ਉਸ ਤਰ੍ਹਾਂ ਨਹੀਂ ਕੀਤਾ ਹੈ॥੨੧॥

ਸ਼੍ਰੀ ਗੁਰੁ ਤੇਗ ਬਹਾਦਰ ਕੀ ਇਮ ਕੀਰਤਿ ਚਾਰੁ ਮਹਾਂ ਬਿਸਤਾਰੀ।
ਪਾਇਨ ਪਾਸ ਉਪਾਇਨ ਕੋ ਅਰਪਾਵਤਿ ਹੈਂ ਉਰ ਪ੍ਰੇਮ ਸੁ ਧਾਰੀ।
ਜਾਚਤਿ ਹੈਂ ਮਨ ਬਾਂਛਤਿ ਕੋ ਪਰਸੀਦਤਿ ਦੇਤਿ ਸਭੈ ਸੁਖਕਾਰੀ।
ਦੀਨ ਦਿਆਲ ਕੀ ਬਾਨ ਇਹੈ ਨਿਜ ਪੈਜ ਪੁਜਾਵਤਿ ਪ੍ਰੀਤਿ ਨਿਹਾਰੀ॥ ੨੨॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੁੰਦਰ ਕੀਰਤੀ ਸਾਰੇ ਹੀ ਬਹੁਤ ਫੈਲ ਗਈ। ਕਈ ਗੁਰੂ ਜੀ ਦੇ ਚਰਨਾਂ ਉਤੇ ਉਪਹਾਰ ਅਰਪਣ ਕਰਦੇ ਸਨ ਤੇ ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕਰਦੇ ਸਨ। ਉਹ ਮੂੰਹ ਮੰਗੀਆਂ ਮੁਰਾਦਾਂ ਮੰਗਦੇ ਸਨ ਤੇ ਗੁਰੂ ਜੀ ਪ੍ਰਸੰਨ ਹੋ ਕੇ ਸਭ ਮੁਰਾਦਾਂ ਦੇ ਦਿੰਦੇ ਸਨ। ਦੀਨ ਦਿਆਲ ਗੁਰੂ ਜੀ ਦਾ ਸੁਭਾਅ ਹੀ ਇਹੋ ਹੈ ਕਿ ਉਹ ਪ੍ਰੀਤ ਵੇਖ ਕੇ ਆਪਣੀ ਪੈਜ ਰੱਖਦੇ ਹਨ॥੨੨॥

ਪਟਨਾ ਪੁਰਿ ਬਾਸ ਬਿਸਾਲ ਬਸੈ, ਸਭਿ ਭਾਂਤਿ ਬਿਲਾਸਤਿ ਹੈਂ ਨਰ ਨਾਰੀ।
ਧਨਵਾਨ ਮਹਾਨ ਅਨੇਕ ਹੀ ਮਾਨਵ ਕੰਚਨ ਭੂਖਨ ਹੀਰਨਿ ਧਾਰੀ।
ਮੁਕਤਾ ਗਨ ਹਾਰ, ਸੁ ਕੁੰਡਲ ਚਾਰੁ, ਉਦਾਰ ਬਡੇ ਭੁਜ ਅੰਗਦ ਵਾਰੀ।
ਤਨ ਅੰਬਰ ਰੀਤਿ ਅਨੇਕਨਿ ਕੇ ਜਿਮ ਅੰਬਰ ਮੈਂ ਉਡ ਹੈਂ ਦੁਤਿ ਭਾਰੀ॥ ੨੩॥

ਪਟਨਾ ਸ਼ਹਿਰ ਵਿਚ ਗੁਰੂ ਜੀ ਨੇ ਬੜਾ ਉੱਤਮ ਵਸੇਬਾ ਕੀਤਾ ਤੇ ਉਹ ਸਭ ਪ੍ਰਕਾਰ ਇਸਤਰੀ ਪੁਰਸ਼ਾਂ ਨੂੰ ਪ੍ਰਸੰਨ ਕਰ ਰਹੇ ਸਨ। ਉਸ ਸ਼ਹਿਰ ਦੇ ਅਨੇਕਾਂ ਮਨੁੱਖ ਬਹੁਤ ਧਨੀ ਸਨ, ਉਹ ਸੋਨੇ ਦੇ ਹੀਰਿਆਂ ਜੜੇ ਗਹਿਣੇ ਪਹਿਨਦੇ ਸਨ। ਮੋਤੀਆਂ ਦੇ

ਹਾਰ, ਸੁੰਦਰ ਕੁੰਡਲ ਤੇ ਬਾਹਾਂ ਤੇ ਬਹੁੰਟੇ ਪਹਿਨਦੇ ਸਨ। ਸਰੀਰ ਉਤੇ ਅਨੇਕ ਪ੍ਰਕਾਰ ਦੇ ਕੱਪੜੇ ਪਹਿਣਦੇ ਸਨ, ਜਿਨ੍ਹਾਂ ਦੀ ਸ਼ੋਭਾ ਇੰਝ ਲੱਗਦੀ ਸੀ ਜਿਵੇਂ ਅਕਾਸ਼ ਵਿਚ ਤਾਰਿਆਂ ਦੇ ਝੁੰਡ ਜਗਮਗ ਕਰਦੇ ਸ਼ੋਭਾ ਪਾ ਰਹੇ ਹੋਣ॥੨੩॥

ਵਾਹਨ ਹੈ, ਗਜ, ਪਾਲਕੀ, ਸੁੰਦਰ ਮੰਦਰ ਅੰਦਰ ਬਾਹਰ ਸੇਤਾ।
ਧਾਮ ਧੁਜਾ ਅਭਿਰਾਮ ਬਨੀ ਜਨੁ ਪੰਖ ਲਗਾਇ ਚਹੈਂ ਉਡ ਜੇਤਾ।
ਪੌਰ ਬਡੇ ਜੁਗ ਕੌਰ ਸਜੇ, ਸਭਿ ਠੌਰ ਸਜੈਂ ਧੁਨਿ ਆਨੰਦ ਦੇਤਾ।
ਦੇਖਜੇ ਸੁ ਜਾਇ ਕਿਤੇ ਦਿਨ ਮੈਂ, ਬਡ ਦੂਰ ਲਗੌਂ ਬਸਿਓ ਪੁਰਿ ਏਤਾ॥ ੨੪॥

ਉਨ੍ਹਾਂ ਲੋਕਾਂ ਦੇ ਘੋੜੇ, ਹਾਥੀ ਅਤੇ ਪਾਲਕੀਆਂ ਦੇ ਰੂਪ ਵਿਚ ਵਾਹਣ ਹਨ, ਸੁੰਦਰ ਘਰ ਦੇ ਅੰਦਰ ਖੜੇ ਹਨ ਜਿਹੜਾ ਬਾਹਰੋਂ ਸਫੇਦ ਹੈ। ਘਰ ਦੀਆਂ ਝੰਡੀਆਂ ਬੜੀਆਂ ਸੁੰਦਰ ਬਣੀਆਂ ਹਨ, ਮਾਨੋ ਇਹ ਜਿੰਨੇ ਘਰ ਹਨ ਖੰਭ ਲਾ ਕੇ ਉੱਡਣਾ ਚਾਹੁੰਦੇ ਹਨ। ਦੋਹਾਂ ਕੋਲਿਆਂ ਵਿਚ ਵੱਡੇ ਦਰਵਾਜ਼ੇ ਸੱਜ ਰਹੇ ਹਨ ਤੇ ਨਗਾਰੇ ਵੱਜ ਕੇ ਅਨੰਦ ਦੀ ਧੁਨ ਦੇ ਰਹੇ ਹਨ। ਇਹ ਵੱਡਾ ਨਗਰ ਕਈ ਦਿਨਾਂ ਵਿਚ ਵੇਖਿਆ ਜਾ ਸਕਦਾ ਹੈ, ਇਹ ਬਹੁਤ ਦੂਰ ਤਕ ਫੈਲਿਆ ਹੋਇਆ ਹੈ, ਏਡਾ ਵੱਡਾ ਸ਼ਹਿਰ ਵੱਸਿਆ ਹੈ॥੨੪॥

ਬਾਗ ਬਿਸਾਲ ਖਰੇ ਫਲ ਲਾਗਿ ਦਿਵਾਰ ਬਨੇ ਬਹੁ ਰੰਗਨਿ ਕੇ।
ਤਾਲ, ਤਮਾਲ, ਉਦਾਲਕ ਦਾੜਮ ਸ੍ਰੀ ਫਲ ਸ਼ੋਭਤਿ ਰੰਗਨ ਕੇ।
ਜਾਮਨ ਕੇ ਕਦਲੀਨ ਬਗੀਚਨਿ ਸੀਂਚਤਿ ਨੀਰ ਅਪੰਗਨ ਕੇ।
ਬੇਲ ਤੰਬੂਲਨ ਕੀ ਅਮਰੂਦ ਸੁ ਪਾਤ ਅਨੇਕ ਹੀ ਢੰਗਨਿ ਕੇ॥ ੨੫॥

ਬਹੁਤ ਵਿਸ਼ਾਲ ਬਾਗ਼ ਖੜੇ ਹਨ, ਜਿਨ੍ਹਾਂ ਨੂੰ ਫਲ ਲੱਗੇ ਹੋਏ ਹਨ ਤੇ ਬਹੁਤ ਰੰਗਾਂ ਦੀਆਂ ਬਾਗ ਦੀਆਂ ਦੀਵਾਰਾਂ ਬਣੀਆਂ ਹਨ। ਤਾਲ, ਤਮਾਲ ਦੇ ਬ੍ਰਿਛ, ਲਸੂੜੇ, ਅਨਾਰ, ਨਾਰੀਅਲ ਆਦਿ ਰੰਗ ਦੇ ਸ਼ੋਭ ਰਹੇ ਹਨ। ਜਾਮਨ ਦੇ ਬ੍ਰਿਛ ਹਨ ਅਤੇ ਕੇਲਿਆਂ ਦੇ ਬਗੀਚੇ ਜਿਨ੍ਹਾਂ ਨੂੰ ਮਨੁੱਖ ਚਿੱਕੜ ਰਹਿਤ ਨਿਰਮਲ ਜਲ ਨਾਲ ਸਿੰਜਦੇ ਹਨ। ਪਾਨਾਂ ਦੀਆਂ ਵੇਲਾਂ ਤੇ ਅਮਰੂਦ ਦੇ ਸੋਹਣੇ ਪੱਤੇ ਅਨੇਕਾਂ ਤਰ੍ਹਾਂ ਦੇ ਸ਼ੋਭਾ ਪਾ ਰਹੇ ਹਨ॥੨੫॥

ਬਾਰੀ ਫਿਰੈ ਬਰ ਬੂਟਨ ਮੈਂ, ਸਬਜ਼ੀ ਸਭਿ ਜੀ ਹਰਖੰਤਿ ਨਿਹਾਰੀ।
ਹਾਰੀ ਧਨੇਸਰ ਕੀ ਨਲਨੀ ਛਬਿ ਯੌ ਨਲਨੀ ਬਿਕਸੈ ਸੁਖਕਾਰੀ।
ਕਾਰੀ ਸੁ ਕੋਕਲਕਾ ਕੁਹਕਾਵਤਿ, ਮੋਰਨ ਸ਼ੋਰ, ਸੁ ਭੌਰ ਗੁੰਜਾਰੀ।
ਜਾਰੀ ਬਸੰਤ ਜਹਾਂ ਬਹੁ ਹੋਵਤਿ ਯੌਂ ਚਹੁੰ ਓਰ ਖਿਰੀ ਫੁਲਵਾਰੀ॥ ੨੬॥

ਸ੍ਰੇਸ਼ਟ ਪਾਣੀ ਬੂਟਿਆਂ ਵਿਚ ਫਿਰ ਰਿਹਾ ਹੈ, ਸਾਰੇ ਹੀ ਹਰਿਆਵਲ ਵੇਖ ਕੇ ਅਨੰਦਿਤ ਹੁੰਦੇ ਹਨ। ਖਿੜੀਆਂ ਹੋਈਆਂ ਕੁਮੁਦਨੀਆਂ ਦੀ ਸ਼ੋਭਾ ਇੰਝ ਸੁਖ ਦੇ ਰਹੀ ਹੈ ਕਿ ਮਾਨੋ ਕੁਬੇਰ ਦੇ ਬਾਗ਼ ਦੀ ਸ਼ੋਭਾ ਮਾਤ ਪੈ ਗਈ ਹੈ। ਕਾਲੀਆਂ ਕੋਇਲਾਂ ਕੂ ਕੂ ਕਰਦੀਆਂ ਹਨ, ਮੋਰ ਆਪਣਾ ਸ਼ੋਰ ਮਚਾ ਰਹੇ ਹਨ ਤੇ ਭੌਰੇ ਗੂੰਜ ਰਹੇ ਹਨ। ਮਾਨੋ ਬਸੰਤ ਦਾ ਮਹੀਨਾ ਚੜ੍ਹਿਆ ਹੈ, ਇਸ ਤਰ੍ਹਾਂ ਚਾਰ-ਚੁਫੇਰੇ ਫੁਲਵਾੜੀ ਖਿੜੀ ਹੈ॥੨੬॥

ਦੋਹਰਾ- ਨਦੀ ਬਹੱਤਰ ਜਹਿਂ ਮਿਲੀ ਬਹੀ ਸਰਬ ਇਕ ਥਾਇਂ।
ਜਲ ਕੀ ਲੀਲ੍ਹਾ ਅਨਿਕ ਬਿਧਿ ਕਰਹਿਂ ਨਾਰਿ ਨਰ ਚਾਇ॥ ੨੭॥

ਜਿੱਥੇ ਬਹੱਤਰ ਨਦੀਆਂ ਨੇ, ਸਾਰੀਆਂ ਇਕ ਥਾਂ ਵਗਦੀਆਂ ਹਨ। ਇਸਤਰੀਆਂ ਪੁਰਸ਼ ਮਿਲ ਕੇ ਬੜੇ ਚਾਅ ਨਾਲ ਅਨੇਕ ਵਿਧੀਆਂ ਨਾਲ ਜਲ ਦੀ ਲੀਲ੍ਹਾ ਕਰਦੇ ਹਨ॥੨੭॥

ਮਹਾਂ ਨਗਰ ਬਰਨੌ ਕਹਾਂ ਤਿਹ ਕੋ ਸਰਬ ਸਮਾਜ।
ਤੇਗ ਬਹਾਦਰ ਗੁਰ ਤਹਾਂ ਟਿਕੇ ਗ਼ਰੀਬ ਨਿਵਾਜ॥ ੨੮॥

ਇਸ ਮਹਾਨ ਨਗਰੀ ਦੀ ਉਪਮਾ ਕਿਸ ਤਰ੍ਹਾਂ ਵਰਣਨ ਕਰਾਂ, ਤੇ ਉਥੋਂ ਦੇ ਰਹਿਣ ਵਾਲੇ ਸਾਰੇ ਲੋਕਾਂ ਬਾਰੇ ਕੀ ਬਿਆਨ ਕਰਾਂ ਜਿਥੇ ਗੁਰੂ ਤੇਗ ਬਹਾਦਰ ਜੀ ਗਰੀਬ-ਨਿਵਾਜ਼ ਗੁਰੂ ਜੀ ਰਹਿ ਰਹੇ ਹਨ॥੨੮॥

ਸੋਰਠਾ- ਨਰ ਨਾਰੀ ਸਮੁਦਾਇ ਦਰਸ਼ਨ ਦਰਸਹਿਂ ਗੁਰੂ ਕੋ।
ਰਿਦੇ ਹਰਖ ਅਧਿਕਾਇ ਬਡੇ ਭਾਗ ਨਿਜ ਜਾਨਿ ਕੈ॥ ੨੯॥

ਇਸਤਰੀ ਪੁਰਸ਼ ਸਾਰੇ ਹੀ ਗੁਰੂ ਜੀ ਦੇ ਦਰਸ਼ਨ ਕਰਨਗੇ ਹਿਰਦੇ ਵਿਚ ਬਹੁਤ ਪ੍ਰਸੰਨਤਾ ਵਧੀ, ਕਿਉਂਕਿ ਗੁਰੂ ਜੀ ਦੇ ਦਰਸ਼ਨ ਕਰਕੇ ਉਹ ਵੱਡੇ ਭਾਗਾਂ ਵਾਲੇ ਹੋ ਗਏ ਹਨ॥੨੯॥

*ਗਿਆਰ੍ਹਵੀਂ ਰਾਸ ਦਾ ਅਠਵੰਜਵਾਂ ਅਧਿਆਇ ਸਮਾਪਤ ਹੋਇਆ॥੫੮॥*

## ਅਧਿਆਇ ਉਣਾਹਠਵਾਂ

*ਜਰਾਸੰਧ ਪ੍ਰਸੰਗ*

ਦੋਹਰਾ- ਸ੍ਰੀ ਗੁਰੁ ਪਟਣੇ ਪੁਰਿ ਬਿਖੈ ਰੰਮਜ ਸਥਾਨ ਨਿਹਾਰਿ।
ਸਾਹਿਬਜ਼ਾਦੇ ਕੋ ਜਨਮ ਹੁਇ ਹੈਂ ਇਹਾਂ ਬਿਚਾਰ॥ ੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਪਟਣੇ ਸ਼ਹਿਰ ਵਿਚ ਸੁੰਦਰ ਸਥਾਨ ਵੇਖ ਕੇ ਠਹਿਰ ਗਏ, ਉਨ੍ਹਾਂ ਨੇ ਇਹ ਵਿਚਾਰ ਕੀਤੀ ਕਿ ਏਥੇ ਸਾਹਿਬਜ਼ਾਦੇ ਦਾ ਜਨਮ ਹੋਵੇਗਾ॥੧॥

ਸ੍ਵੈਯਾ- ਸੰਗਤਿ ਆਇਸੁ ਸੀਸ ਨਿਵਾਇਓ ਪਾਇਨ ਪਾਇਨ ਪੈ ਅਰਪੰਤੇ।
'ਭਾਗ ਬਡੇ ਹਮਰੇ ਧੰਨ ਹੈ ਨਿਜ ਲੋਚਨ ਤੇ ਤੁਮ ਕੋ ਦਰਸੰਤੇ।
ਸੇਵਕ ਆਪਨਿ ਜਾਨਿ ਦਯਾਨਿਧਿ ਆਇ ਨਿਹਾਲ ਕਿਏ ਸੁਖਵੰਤੇ।
ਕੀਜਿਯੇ ਆਪ ਮਹਾਂ ਸੁਖ ਯਾ ਪੁਰਿ,ਸੇਵ ਕਰੈਂ ਹਮ ਜਤੋਂ ਬਿਤਵੰਤੇ॥੨॥

ਸੰਗਤਾਂ ਆ ਕੇ ਸੀਸ ਨਿਵਾਉਂਦੀਆਂ ਸਨ ਤੇ ਉਪਹਾਰ ਗੁਰੂ ਜੀ ਦੇ ਚਰਨਾਂ ਤੇ ਅਰਪਣ ਕਰਦੇ ਸਨ ਤੇ ਫਿਰ ਕਹਿੰਦੇ ਸਨ, "ਸਾਡੇ ਵੱਡੇ ਭਾਗ ਹਨ, ਅਸੀਂ ਧੰਨ ਹੋ ਗਏ ਹਾਂ ਕਿ ਆਪਣੇ ਨੈਣਾਂ ਨਾਲ ਆਪ ਜੀ ਦੇ ਦਰਸ਼ਨ ਕੀਤੇ ਹਨ। ਹੇ ਦਇਆ ਦੇ ਭੰਡਾਰ ਗੁਰੂ ਜੀ! ਤੁਸੀਂ ਸਾਨੂੰ ਆਪਣਾ ਸੇਵਕ ਜਾਣ ਕੇ ਏਥੇ ਆ ਕੇ ਨਿਹਾਲ ਕੀਤਾ ਹੈ ਤੇ ਸਾਨੂੰ ਸੁਖੀ ਬਣਾਇਆ ਹੈ। ਇਸ ਨਗਰੀ ਵਿਚ ਆਪ ਮਹਾਂ ਸੁਖ ਪ੍ਰਾਪਤ ਕਰੋ, ਜਿੰਨਾ-ਜਿੰਨਾ ਸਾਡਾ ਵਿੱਤ ਹੋਵੇਗਾ ਅਸੀਂ ਸੇਵਾ ਕਰਾਂਗੇ॥੨॥

ਨਾਂਹਿ ਤ ਦੂਰ ਪੰਜਾਬ ਕੋ ਦੇਸ਼ ਥੋ ਕੌਨ ਸਕੈ ਤਿਹ ਠਾਂ ਨਰ ਜਾਈ।
ਹੈ ਪਰਿਵਾਰ ਜੰਜਾਰ ਮਹਾਂ ਜਿਸ ਤੇ ਨਿਕਸਯੋ ਨਹਿਂ ਜਾਇ ਕਦਾਈ।
ਸੋਵਤਿ ਦੇਤਿ ਉਠਾਇ ਕਿਸੀ ਕਉ ਸੋ ਹਮਰੀ ਗਤਿ ਭੀ ਸੁਖਦਾਈ।।
ਰੋਜ ਸਰੋਜ ਪਦੰ ਦਰਸੈਂ, ਘਰ ਕਾਰ ਕਰੈਂ, ਭਜੋ ਲਾਭ ਮਹਾਈ'॥ ੩॥

ਨਹੀਂ ਤਾਂ ਤੁਸੀਂ ਪੰਜਾਬ ਦੇ ਬਹੁਤ ਦੂਰ ਦੇਸ਼ ਵਿਚ ਰਹਿੰਦੇ ਸੀ, 'ਉਥੇ ਕਿਹੜਾ ਮਨੁੱਖ ਜਾਣ ਦੀ ਹਿੰਮਤ ਕਰਦਾ ਹੈ। ਪਰਿਵਾਰਾਂ ਦਾ ਵੱਡਾ ਜੰਜਾਲ ਹੈ, ਜਿਸ ਵਿਚੋਂ ਕਦੀ ਵੀ ਨਿਕਲਿਆ ਨਹੀਂ ਜਾ ਸਕਦਾ। ਜਿਵੇਂ ਸੁੱਤੇ ਪਏ ਨੂੰ ਉਠਾ ਕੇ ਕੋਈ

ਮੁਗਤ ਦੇ ਦੇਵੋ, ਇਹੋ ਸਾਡੀ ਸੁਖਦਾਇਕ ਹਾਲਤ ਹੋਈ ਹੈ। ਰੋਜ਼ ਆਪ ਜੀ ਦੇ ਚਰਨ ਕੰਵਲਾਂ ਦੇ ਦਰਸ਼ਨ ਕਰਕੇ ਨਾਲ ਨਾਲ ਆਪਣੀ ਕਾਰ ਵੀ ਕਰਾਂਗੇ, ਇਸ ਤਰ੍ਹਾਂ ਸਾਨੂੰ ਬਹੁਤ ਲਾਭ ਹੋਇਆ ਹੈ"॥੩॥

ਯੌਂ ਸਭਿ ਸੰਗਤਿ ਭਾਉ ਕਰਜੋ ਅਰਦਾਸ ਕਰੀ ਪੁਨ ਆਪਸ ਮਾਂਹੀ।
ਸੁੰਦਰ ਮੰਦਿਰ ਕੋ ਬਨਵਾਇ ਸਭੀ ਰੁਤਿ ਮੇਂ ਸੁਖਦਾ, ਦੂਖ ਨਾਂਹੀ।
ਕੀਨਿ ਉਤਾਇਲ ਤਜਾਰ ਅਵਾਸ ਕੋ ਔਰ ਸਮਾਜ ਸਭੈ ਬਿਧਿ ਜਾਹੀ।
ਆਪ ਕਰਜੋ ਬਿਸਰਾਮ ਦਯਾਨਿਧਿ ਸਿੱਖਨਿ ਕਾਮਨ ਪੂਰ ਕਰਾਹੀਂ॥ ੪॥

ਇਸ ਤਰ੍ਹਾਂ ਸਾਰੀ ਸੰਗਤ ਨੇ ਪ੍ਰੇਮ ਕਰਕੇ ਅਰਦਾਸ ਕੀਤੀ, ਫਿਰ ਆਪਸ ਵਿਚ ਸਲਾਹ ਕੀਤੀ, ਇਕ ਸੁੰਦਰ ਘਰ ਬਣਾਇਆ ਜਿਹੜਾ ਸਭ ਰੁੱਤਾਂ ਵਿਚ ਸੁੱਖ ਦੇਣ ਵਾਲਾ ਸੀ ਤੇ ਕਿਸੇ ਪ੍ਰਕਾਰ ਦਾ ਉਥੇ ਦੁੱਖ ਨਹੀਂ ਸੀ। ਬਹੁਤ ਛੇਤੀ ਉਸ ਘਰ ਨੂੰ ਤਿਆਰ ਕੀਤਾ ਅਤੇ ਸਾਰਾ ਸਾਜ਼ੋ-ਸਾਮਾਨ ਸਭ ਵਿਧੀਆਂ ਨਾਲ ਤਿਆਰ ਕੀਤਾ। ਗੁਰੂ ਜੀ ਉਥੇ ਵਿਸ਼ਰਾਮ ਕਰਕੇ ਸਭ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ॥੪॥

ਜਿਮ ਜਾਚਤਿ ਹੈਂ ਅਰੁ ਸੇਵਤਿ ਹੈਂ ਤਿਮ ਦੇਵਤਿ ਹੈਂ ਗੁਰੁਰੂਪ ਉਦਾਰੇ।
ਨਰ ਨਾਰਿਨਿ ਕੇ ਗਨ ਹੈ ਸ਼ਰਧਾ ਧਰਿ ਸ੍ਰੀ ਮੁਖ ਕੋ ਦਰਸੈਂ ਦਰਬਾਰੇ।
ਇਕ ਆਵਤਿ ਹੈਂ ਇਕ ਜਾਵਤਿ ਹੈਂ ਇਕ ਪਾਵਤਿ ਹੈਂ ਮਨਬਾਂਛਤਿ ਸਾਰੇ।
ਬਹੁ ਭਾਂਤਿ ਉਪਾਇਨ ਪਾਇਨ ਪੈ ਅਰਪੈਂ ਬਿਨਤੀਯੁਤਿ ਬੰਦਨ ਧਾਰੇ॥ ੫॥

ਜਿਵੇਂ ਸਿੱਖ ਮੰਗਦੇ ਸੀ ਅਤੇ ਸੇਵਾ ਕਰਦੇ ਸੀ, ਉਸ ਤਰ੍ਹਾਂ ਹੀ ਉੱਤਮ ਗੁਰੂ ਰੂਪ ਉਨ੍ਹਾਂ ਨੂੰ ਦਿੰਦੇ ਸਨ। ਬਹੁਤ ਇਸਤਰੀਆਂ ਪੁਰਸ਼ ਸ਼ਰਧਾ ਧਾਰ ਕੇ ਗੁਰੂ ਜੀ ਦੇ ਦਰਬਾਰ ਵਿਚ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਇਕ ਆਉਂਦਾ ਸੀ ਤੇ ਇਕ ਜਾਂਦਾ ਸੀ, ਇਕ ਸਾਰੀਆਂ ਹੀ ਮੂੰਹ ਮੰਗੀਆਂ ਮੁਰਾਦਾਂ ਪਾ ਲੈਂਦਾ ਸੀ। ਬਹੁਤ ਭਾਂਤ ਦੇ ਉਪਹਾਰ ਗੁਰੂ ਜੀ ਦੇ ਚਰਨਾਂ ਤੇ ਅਰਪਣ ਕਰਦੇ ਸਨ ਤੇ ਬੇਨਤੀ ਸਹਿਤ ਬੰਦਨਾ ਕਰਦੇ ਸਨ॥੫॥

ਚੌਪਈ- ਸ੍ਰੀ ਗੁਜਰੀ ਸਾਧ੍ਵੀ ਕੋ ਭ੍ਰਾਤਾ। ਨਾਮ ਕ੍ਰਿਪਾਲ ਜਗਤ ਬੱਖਜਾਤਾ।
ਪੁਰਿ ਮੈ ਕਿਤਿਕ ਦਜੋਸ ਕਰਿ ਬਾਸ। ਬੈਠੇ ਹੁਤੇ ਸਤਿਗੁਰੂ ਪਾਸ॥ ੬॥

ਨੇਕ ਇਸਤਰੀ ਸ੍ਰੀ ਗੁਜਰੀ ਦੇ ਭਾਈ, ਜਿਸ ਦਾ ਨਾਮ ਕਿਰਪਾਲ ਜਗਤ ਵਿਚ ਪ੍ਰਸਿੱਧ ਹੈ। ਉਹ ਨਗਰ ਵਿਚ ਕਾਫੀ ਦਿਨ ਠਹਿਰਕੇ ਇਕ ਦਿਨ ਸਤਿਗੁਰੂ ਜੀ ਪਾਸ ਬੈਠੇ ਹੋਏ ਸਨ॥ ੬॥

ਅਪਰ ਸਿੱਖ ਸੇਵਕ ਗੁਰ ਤੀਰ। ਦਰਸ਼ਨ ਕਰਹਿਂ ਨਰਨਿ ਕੀ ਭੀਰ।
ਤਬਿ ਕ੍ਰਿਪਾਲ ਨੇ ਬੂਝਨਿ ਕੀਨੋ। 'ਆਪ ਜਗਤ ਕੇ ਗੁਰੂ ਪ੍ਰਬੀਨੋ॥ ੭॥

ਹੋਰ ਸਿੱਖ ਸੇਵਕ ਗੁਰੂ ਜੀ ਪਾਸ ਬੈਠਦੇ ਸਨ ਤੇ ਦਰਸ਼ਨ ਕਰਨ ਆਏ ਮਨੁੱਖਾਂ ਦੀ ਵੱਡੀ ਭੀੜ ਲੱਗੀ ਰਹਿੰਦੀ ਸੀ। ਉਸ ਸਮੇਂ ਭਾਈ ਕਿਰਪਾਲ ਜੀ ਨੇ ਪੁਛਿਆ, "ਆਪ ਜੀ ਜਗਤ ਦੇ ਨਿਪੁੰਨ ਗੁਰੂ ਹੋ॥੭॥

ਭੂਤ ਭਵਿੱਖਜ ਅਨੇਕ ਬ੍ਰਿਤਾਂਤ। ਤੁਮਰੇ ਰਿਦੇ ਸਭਿਨਿ ਕੀ ਗਜਾਤ।
ਨਗਰ ਬਿਸਾਲ ਮਨੋਹਰ ਮਹਾਂ। ਧਨੀ ਪੁਰਖ ਬੈਠੇ ਜਹਿਂ ਕਹਾਂ॥ ੮॥

ਭੂਤ ਭਵਿੱਖ ਦੇ ਅਨੇਕ ਬ੍ਰਿਤਾਂਤ ਹਨ, ਤੁਹਾਡੇ ਹਿਰਦੇ ਵਿਚ ਸਭ ਦਾ ਗਿਆਨ ਹੈ। ਇਹ ਵਿਸ਼ਾਲ ਨਗਰ ਬੜਾ ਮਨੋਹਰ ਹੈ ਜਿਥੇ ਧਨੀ ਪੁਰਸ਼ ਥਾਂ-ਥਾਂ ਰਹਿ ਰਹੇ ਹਨ॥੮॥

ਮੰਦਿਰ ਬਰ ਸੁੰਦਰ ਬਡ ਕਰੇ। ਨਰ ਨਾਰੀ ਗਨ ਆਨੰਦ ਭਰੇ।
ਸਤਿਗੁਰੁ ਕੀ ਸੰਗਤ ਸਮਦਾਇ। ਰਾਵਰਿ ਕੋ ਦਰਸੈ ਹਰਖਾਇ॥ ੯॥

ਬੜੇ ਸੁੰਦਰ ਵੱਡੇ-ਵੱਡੇ ਘਰ ਬਣਾਏ ਹਨ, ਇਸਤਰੀ ਪੁਰਸ਼ ਅਨੰਦ ਨਾਲ ਭਰੇ ਹੋਏ ਹਨ। ਸਤਿਗੁਰੂ ਜੀ ਦੀ ਬਹੁਤ ਸੰਗਤ ਇਕੱਠੀ ਹੁੰਦੀ ਹੈ, ਆਪ ਜੀ ਦੇ ਦਰਸ਼ਨ ਕਰਕੇ ਪ੍ਰਸੰਨ ਹੋ ਜਾਂਦੇ ਹਨ॥੯॥

**ਚਲੈ ਪ੍ਰਵਾਹ ਬਿਮਲ ਬਹੁ ਪਾਨੀ। ਸਕਲ ਦੇਸ਼ ਸ਼ੋਭਤਿ ਗੁਨ ਖਾਨੀ।**
**ਭਾਂਤਿ ਭਾਂਤਿ ਕੇ ਉਪਬਨ ਖਰੇ। ਫਲ ਫੂਲਨਿ ਯੁਤਿ ਤਰੁ ਦਲ ਹਰੇ॥ ੧੦॥**

ਨਿਰਮਲ ਪਾਣੀ ਦਾ ਬੜਾ ਪ੍ਰਵਾਹ ਚਲਦਾ ਹੈ, ਸਾਰੇ ਦੇਸ਼ ਵਿਚ ਇਹ ਗੁਣਾਂ ਦੀ ਖਾਣ ਨਗਰ ਸ਼ੋਭ ਰਿਹਾ ਹੈ। ਇਥੇ ਭਾਂਤ-ਭਾਂਤ ਦੇ ਬਾਗ ਖੜੇ ਹਨ। ਬ੍ਰਿਛ ਫਲਾਂ ਅਤੇ ਫੁੱਲਾਂ ਨਾਲ ਭਰੇ ਪਏ ਹਨ ਤੇ ਸਾਰੇ ਬ੍ਰਿਛ ਹਰੇ ਪੱਤਿਆਂ ਵਾਲੇ ਹਨ।੧੦॥

**ਇਸ ਮਹਿਂ ਭਯੋ ਕੌਨ ਬਡ ਰਾਜਾ?। ਜਿਸਨੇ ਸਕਲ ਬਸਾਇ ਬਿਰਾਜਾ।**
**ਸੁੰਦਰ ਦੇਸ਼ ਰਾਜ ਜਿਨ ਕੀਨਸਿ। ਕਰੋ ਸੁਨਾਵਨਿ ਸਕਲ ਪ੍ਰਬੀਨਸ॥ ੧੧॥**

ਇਸ ਸਥਾਨ ਦਾ ਕੌਣ ਵੱਡਾ ਰਾਜਾ ਹੋਇਆ ਹੈ, ਜਿਹੜਾ ਇਹ ਸਾਰਾ ਸ਼ਹਿਰ ਵਸਾ ਕੇ ਵਿਚ ਬਿਰਾਜਿਆ ਹੈ। ਇਸ ਸੁੰਦਰ ਦੇਸ਼ ਤੇ ਜਿਸਨੇ ਰਾਜ ਕੀਤਾ ਹੈ। ਤੁਸੀਂ ਹਰ ਤਰ੍ਹਾਂ ਨਾਲ ਨਿਪੁੰਨ ਹੋ, ਉਸ ਰਾਜੇ ਦੀ ਸਾਰੀ ਕਥਾ ਸੁਣਾਓ।੧੧॥

**ਦੋਹਰਾ- ਸੁਨਿ ਕੈ ਸਭਿ ਸੰਗਤ ਬਿਖੈ ਜਾਨਿ ਰਿਦੈ ਇਤਿਹਾਸ।**
**ਤੇਗ ਬਹਾਦਰ ਸ੍ਰੀ ਗੁਰੂ ਕਹਯੋ ਸਭਿਨਿ ਸਿਖ ਪਾਸ॥ ੧੨॥**

ਇਹ ਸੁਣ ਕੇ ਉਸ ਰਾਜੇ ਬਾਰੇ ਸਾਰਾ ਇਤਿਹਾਸ ਜਾਣਦੇ ਹੋਣ ਕਰਕੇ ਗੁਰੂ ਜੀ ਨੇ ਸਾਰੀ ਸੰਗਤ ਵਿਚ ਉਸ ਰਾਜੇ ਦੇ ਇਤਿਹਾਸ ਬਾਰੇ ਕਿਹਾ॥੧੨॥

**'ਇਸੀ ਦੇਸ਼ ਮੈਂ ਹੋਤਿ ਭਾ ਨ੍ਰਿਪਤਿ ਬ੍ਰਿਹਦਰਥ ਨਾਮ।**
**ਤੀਨ ਛੂਹਨੀ ਸੈਨਪਤਿ ਅਤਿ ਸੂਰੇ ਬਲਿ ਧਾਮ॥ ੧੩॥**

"ਇਸ ਦੇਸ਼ ਵਿਚ ਇਕ ਰਾਜਾ ਸੀ, ਜਿਸ ਦਾ ਨਾਮ ਬ੍ਰਿਹਦਰਥ ਸੀ। ਤਿੰਨ ਖੂਹਣੀਆਂ ਉਸ ਦੀ ਸੈਨਾ ਸੀ ਤੇ ਉਸ ਦੇ ਪਾਸ ਵੱਡੇ-ਵੱਡੇ ਬਲਵਾਨ ਸੂਰਮੇ ਸੈਨਾਪਤੀ ਸਨ॥੧੩॥

*ਨੋਟ : ਇਹ ਪੌਰਾਣਕ ਕਥਾ ਕਵੀ ਜੀ ਸੁਣਾਉਂਦੇ ਹਨ ਜਿਸ ਵਿਚ ਜਰਾਸੰਧ ਦੇ ਜਨਮ ਦਾ ਹਾਲ ਹੈ।*

**ਚੌਪਈ- ਇੰਦ੍ਰ ਸਮਾਨ ਮਹਾਂ ਬਲਿ ਸੂਰਾ। ਸਕਲ ਭਾਂਤਿ ਐਸ਼੍ਵਰਜੇ ਪੂਰਾ।**
**ਰੱਛਾ ਕਰਤਿ ਦੇਸ਼ ਇਸ ਕੇਰੀ। ਸਭਿ ਮਾਨਹਿਂ ਜਿਹ ਆਨ ਬਡੇਰੀ॥੧੪॥**

ਇੰਦਰ ਵਾਂਗ ਉਹ ਮਹਾਨ ਬਲਵਾਨ ਸੂਰਬੀਰ ਸੀ ਅਤੇ ਸਰਬ ਪ੍ਰਕਾਰ ਉਸ ਦੇ ਪਾਸ ਧਨ ਦੌਲਤ ਅਤੇ ਸਾਜ਼ੋ-ਸਾਮਾਨ ਸੀ। ਇਸ ਦੇਸ਼ ਦੀ ਉਹ ਰੱਖਿਆ ਕਰਦਾ ਸੀ ਤੇ ਹੋਰ ਸਾਰੇ ਰਾਜੇ ਉਸ ਦੀ ਈਨ ਮੰਨਦੇ ਸਨ॥੧੪॥

**ਕਾਂਸ਼ੀ ਨ੍ਰਿਪ ਕੀ ਤਨਿਯਾ ਦੋਇ। ਤਿਨ ਕੋ ਬਯਾਹ ਆਨਿ ਘਰਿ ਸੋਇ।**
**ਚਿਰੰਕਾਲ ਤਿਸ ਕੌ ਬਿਤ ਗਯੋ। ਪੁੱਤ੍ਰ ਨਹੀਂ ਘਰਿ ਨ੍ਰਿਪ ਕੇ ਭਯੋ॥੧੫॥**

ਕਾਂਸ਼ੀ ਦੇ ਰਾਜੇ ਦੀਆਂ ਦੋ ਲੜਕੀਆਂ ਸਨ, ਉਨ੍ਹਾਂ ਨੂੰ ਵਿਆਹ ਕੇ ਉਹ ਆਪਣੇ ਘਰ ਲੈ ਆਇਆ। ਵਿਆਹ ਨੂੰ ਬਹੁਤ ਲੰਮਾ ਸਮਾਂ ਬੀਤ ਗਿਆ, ਪਰ ਰਾਜੇ ਦੇ ਘਰ ਪੁੱਤਰ ਪੈਦਾ ਨਾ ਹੋਇਆ॥੧੫॥

**ਜੱਗ ਅਨੇਕ ਸਦੱਛਨ ਕੀਨੇ। ਅਪਰ ਉਪਾਇ ਭੂਪ ਕਰਿ ਲੀਨੇ।**
**ਤਊ ਨ ਸੁਤ ਉਪਜਯੋ ਸੁਖਦਾਇ। ਚਿੰਤਾਤੁਰ ਹੋਵਤਿ ਪਛੁਤਾਇ॥੧੬॥**

ਉਸ ਨੇ ਦਛਣਾ ਸਹਿਤ ਬਹੁਤ ਯੱਗ ਕੀਤੇ ਤੇ ਰਾਜੇ ਨੇ ਹੋਰ ਵੀ ਬਹੁਤ ਉਪਾਅ ਕੀਤੇ, ਫਿਰ ਵੀ ਸੁਖਦਾਇਕ ਪੁੱਤਰ ਪੈਦਾ ਨਾ ਹੋਇਆ। ਰਾਜਾ ਬਹੁਤ ਫਿਕਰਮੰਦ ਹੋ ਕੇ ਪਛੁਤਾਉਂਦਾ ਸੀ॥੧੬॥

ਚੰਦ੍ਰਕ ਨਾਮ ਰਿਖੀਸੁਰ ਏਕ। ਤਿਸ ਕੇ ਗੁਨ ਸੁਨਿ ਸ੍ਰੌਨ ਅਨੇਕ।
ਲੈ ਆਪਨੇ ਸੰਗ ਦੋਨਹੁਂ ਰਾਨੀ। ਨ੍ਰਿਪਤ ਜਾਇ ਤਿਹ ਸੇਵਾ ਠਾਨੀ॥੧੭॥

ਚੰਦ੍ਰਿਕ ਨਾਮ ਦਾ ਇਕ ਰਿਸ਼ੀ ਸੀ, ਉਸ ਰਿਸ਼ੀ ਦੇ ਰਾਜੇ ਨੇ ਆਪਣੇ ਕੰਨਾਂ ਨਾਲ ਬਹੁਤ ਗੁਣ ਸੁਣੇ। ਰਾਜਾ ਆਪਣੇ ਨਾਲ ਦੋਵੇਂ ਰਾਣੀਆਂ ਲੈ ਕੇ ਉਸ ਰਿਸ਼ੀ ਦੀ ਸੇਵਾ ਕਰਨ ਲੱਗਾ॥੧੭॥

ਬ੍ਰਿਛ ਅੰਬ ਕੋ ਤਿਹ ਥਲ ਖਰਜੋ। ਤਰੇ ਰਿਖੀਸੁਰ ਨੇ ਤਪ ਕਰਜੋ।
ਅਨਿਕ ਭਾਂਤਿ ਕੇ ਤਪ ਕੋ ਤਾਪਤਿ। ਰਿਦੈ ਸੁੱਧ ਸ੍ਰੀ ਪ੍ਰਭੁ ਕੋ ਜਾਪਤਿ॥੧੮॥

ਜਿਸ ਅੰਬ ਦੇ ਬ੍ਰਿਛ ਦੇ ਥੱਲੇ ਉਹ ਖੜੇ ਸਨ, ਉਸ ਅੰਬ ਦੇ ਥੱਲੇ ਉਹ ਰਿਸ਼ੀ ਤਪ ਕਰ ਰਿਹਾ ਸੀ। ਅਨੇਕ ਪ੍ਰਕਾਰ ਦੇ ਤਪ ਤਾਪ ਰਿਹਾ ਸੀ। ਹਿਰਦੇ ਵਿਚ ਸ੍ਰੀ ਪ੍ਰਭੂ ਜੀ ਦਾ ਜਾਪ ਕਰ ਰਿਹਾ ਸੀ॥੧੮॥

ਕੇਤਿਕ ਦਿਨ ਜਬਿ ਸੇਵਾ ਠਾਨੀ। ਕ੍ਰਿਪਾ ਦ੍ਰਿਸ਼ਟਿ ਦੇਖੀ ਮੁਨਿ ਗਜਾਨੀ।
ਤਿਸਹਿ ਅੰਬ ਕੇ ਫਲ ਕੋ ਦੀਨ। 'ਪੁੱਤ੍ਰ ਬਲੀ ਹੁਇ ਸੂਰ ਅਦੀਨ'॥੧੯॥

ਕਈ ਦਿਨ ਜਦ ਸੇਵਾ ਕੀਤੀ ਤਾਂ ਵਿਦਵਾਨ ਮੁਨੀ ਨੇ ਉਨ੍ਹਾਂ ਵਲ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ। ਫਿਰ ਉਸੇ ਅੰਬ ਦਾ ਇਕ ਫਲ ਰਾਜੇ ਨੂੰ ਦਿੱਤਾ ਤੇ ਕਿਹਾ, "ਇਕ ਬਲਵਾਨ ਸੂਰਬੀਰ ਪੁੱਤਰ ਪੈਦਾ ਹੋਵੇਗਾ, ਜਿਹੜਾ ਕਿਸੇ ਅੱਗੇ ਦੀਨ ਨਹੀਂ ਹੋਵੇਗਾ"॥੧੯॥

ਲੇ ਹਰਖਜੋ ਰਾਜਾ ਬੁਧਿਵਾਨ। ਘਰ ਨਿਜ ਗਮਨਜੋ ਬੰਦਨ ਠਾਨਿ।
ਦੁਇ ਦਾਰਾ ਪਜਾਰੀ ਸਮ ਜਾਨੈ। ਕਿਸਕੋ ਦੇਉਂ ਚਿਤਵਨੋ ਠਾਨੈ॥੨੦॥

ਬੁਧੀਵਾਨ ਰਾਜੇ ਨੇ ਉਹ ਫਲ ਲੈ ਕੇ ਰੱਖ ਲਿਆ ਤੇ ਬੰਦਨਾ ਕਰਕੇ ਆਪਣੇ ਘਰ ਨੂੰ ਚਲਾ ਗਿਆ। ਉਹ ਦੋਹਾਂ ਪਤਨੀਆਂ ਨੂੰ ਇਕੋ ਜੇਹੀਆਂ ਪਿਆਰੀਆਂ ਜਾਣਦਾ ਸੀ, ਉਹ ਫਲ ਕਿਸ ਨੂੰ ਦੇਵੇ, ਇਸ ਬਾਰੇ ਵਿਚਾਰ ਕਰਦਾ ਸੀ॥੨੦॥

ਇਕ ਦੁਖ ਪਾਵਹਿ ਇਕ ਹਰਖਾਇ। ਇਹ ਬਿਧਿ ਨਹਿਂ ਮੇਰੇ ਮਨ ਆਇ।
ਗੁਨ ਸਰੂਪ ਮੈਂ ਦੁਊ ਸਮਾਨ। ਮੋ ਮਹਿਂ ਪ੍ਰੀਤ ਕਰੈਂ ਸਮ ਜਾਨਿ॥੨੧॥

ਫਲ ਦੇਣ ਨਾਲ ਇਕ ਦੁੱਖ ਪਾਵੇਗੀ ਤੇ ਇਕ ਪ੍ਰਸੰਨ ਹੋਵੇਗੀ, ਇਹ ਵਿਧੀ ਮੇਰੇ ਮਨ ਵਿਚ ਨਹੀਂ ਆਉਂਦੀ ਹੈ। ਗੁਣ ਤੇ ਸਰੂਪ ਵਿਚ ਦੋਵੇਂ ਸਮਾਨ ਹਨ। ਦੋਵੇਂ ਮੈਨੂੰ ਇਕੋ ਜੇਹੀ ਪ੍ਰੀਤ ਕਰਦੀਆਂ ਹਨ॥੨੧॥

ਬਹੁਤ ਕਾਲ ਚਿਤਵਜੋ ਮਨ ਮਾਂਹਿ। ਇਕ ਕੋ ਦੇਨਿ ਰੁਚੈ ਚਿਤ ਨਾਂਹਿ।
ਫਲ ਦੁਖੰਡ ਕਰਿ ਕੈ ਕਰ ਲੀਨਿ। ਦੁਹ ਨਾਰੀ ਪਜਾਰੀ ਕੌ ਦੀਨਿ॥੨੨॥

ਬਹੁਤ ਦੇਰ ਤਕ ਆਪਣੇ ਮਨ ਵਿਚ ਸੋਚਦਾ ਰਿਹਾ, ਇਕ ਨੂੰ ਅੰਬ ਦੇਣ ਵਾਸਤੇ ਉਸ ਦਾ ਚਿੱਤ ਨਹੀਂ ਸੀ ਚਾਹੁੰਦਾ। ਉਸ ਨੇ ਫਲ ਦੋ ਫਾੜ ਕਰ ਲਿਆ ਤੇ ਅੱਧਾ-ਅੱਧਾ ਅੰਬ ਆਪਣੀਆਂ ਦੋਵੇਂ ਪਿਆਰੀਆਂ ਪਤਨੀਆਂ ਨੂੰ ਦੇ ਦਿੱਤਾ॥੨੨॥

ਹੁਇ ਪ੍ਰਸੰਨ ਦੋਨਹੁਂ ਫਲ ਲਹਜੋ। ਖਾਏ, ਕਿਤਿਕ ਦਿਨਨ ਗ੍ਰਭ ਭਯੋ।
ਭੂਪਤ ਕੇ ਮਨ ਹਰਖ ਉਪਾਵਾ। ਗਰਭਵਤੀ ਦੇਖਤਿ ਸੁਖ ਪਾਵਾ॥੨੩॥

ਪ੍ਰਸੰਨ ਹੋ ਕੇ ਦੋਵਾਂ ਨੇ ਫਲ ਲੈ ਲਿਆ। ਖਾਣ ਤੋਂ ਬਾਅਦ ਕਈਆਂ ਦਿਨਾਂ ਪਿਛੋਂ ਦੋਵਾਂ ਨੇ ਗਰਭ ਧਾਰਨ ਕਰ ਲਿਆ। ਰਾਜਾ ਵੇਖ ਕੇ ਮਨ ਵਿਚ ਬਹੁਤ ਪ੍ਰਸੰਨ ਹੋਇਆ, ਦੋਵਾਂ ਨੂੰ ਗਰਭਵਤੀ ਵੇਖ ਕੇ ਸੁਖ ਪਾਇਆ॥੨੩॥

ਅਵਧਿ ਗਰਭ ਜਬਿ ਪੂਰਨ ਭਈ। ਜਨਮੇ ਪੁੱਤ੍ਰ ਦੁਹਨਿ ਗਤਿ ਨਈ।
ਅਰਧ ਅਰਧ ਜਨਮੇ ਤਨ ਦੋਇ। ਨਿਰਖਤਿ ਨਾਰਿ ਬਿਸਮ ਰਹੀ ਹੋਇ॥੨੪॥

ਜਦ ਗਰਭ ਦਾ ਸਮਾਂ ਪੂਰਾ ਹੋਇਆ ਤਾਂ ਨਵੀਂ ਪ੍ਰਕਾਰ ਦੇ ਦੋ ਪੁੱਤਰਾਂ ਨੇ ਜਨਮ ਲਿਆ। ਦੋਵੇਂ ਅੱਧੇ-ਅੱਧੇ ਸਰੀਰ ਵਾਲੇ

ਪੈਦਾ ਹੋਏ ਤੇ ਇਸਤਰੀਆਂ ਵੇਖ ਕੇ ਬਹੁਤ ਹੈਰਾਨ ਹੋਈਆਂ॥੨੪॥

ਤਾਂਕੋ ਜਾਨਜੋ ਭਾ ਉਤਪਾਤ। ਅਹੈਂ ਖੰਡ ਦੁਇ ਏਕੋ ਗਾਤ।
ਅੰਬਰ ਬਿਖੈ ਲਪੇਟਜੋ ਤਾਂਹਿ। 'ਗੇਰਹੁ ਵਹਿਰ ਬਿਲੋਕਹੁ ਨਾਂਹਿ'॥ ੨੫॥

ਇਸ ਨੂੰ ਵੱਡਾ ਉਪੱਦਰ ਹੋਇਆ ਜਾਣਿਆ, ਦੋਵੇਂ ਇਕੋ ਤਰ੍ਹਾਂ ਇਕ ਸਰੀਰ ਦੇ ਟੁਕੜੇ ਹੋਏ ਸਨ। ਉਨ੍ਹਾਂ ਨੂੰ ਕੱਪੜੇ ਵਿਚ ਲਪੇਟਿਆ ਤੇ ਇਕ ਦਾਸੀ ਨੂੰ ਕਿਹਾ, "ਇਨ੍ਹਾਂ ਨੂੰ ਬਾਹਰ ਸੁੱਟ ਦੇਵੇ, ਵੇਖੇ ਨਹੀਂ" ॥੨੫॥

ਇਕ ਤਿਯ ਨੇ ਲੇ ਬਾਹਰ ਡਾਰਜੋ। ਜਰਾ ਰਾਖਸ਼ੀ ਗਿਰਤਿ ਨਿਹਾਰਜੋ।
ਗਈ ਸ਼ੀਘ੍ਰ ਭੱਖਜਨਿ ਕੇ ਕਾਰਨ। ਆਮਿਖ ਸ਼੍ਰੋਣਤ ਕਰਤਿ ਅਹਾਰਨਿ॥ ੨੬॥

ਉਸ ਇਸਤਰੀ ਨੇ ਲੈ ਕੇ ਦੋਵੇਂ ਟੁਕੜੇ ਬਾਹਰ ਸੁੱਟ ਦਿੱਤੇ। ਜਰਾ ਰਾਖਸ਼ਨੀ ਨੇ ਦੋਵਾਂ ਟੁਕੜਿਆਂ ਨੂੰ ਡਿੱਗਦੇ ਹੋਏ ਵੇਖਿਆ। ਉਨ੍ਹਾਂ ਨੂੰ ਖਾਣ ਵਾਸਤੇ ਛੇਤੀ ਨਾਲ ਉਥੇ ਗਈ। ਉਹ ਮਾਸ ਅਤੇ ਲਹੂ ਦਾ ਭੋਜਨ ਕਰਦੀ ਸੀ॥੨੬॥

ਦੇਖਜੋ ਤਿਹ ਉਠਾਇਕੈ ਜਬੈ। ਅਚਰਜ ਭਈ ਨਈ ਗਤਿ ਸਬੈ।
ਬਡ ਬਲ ਸੋਂ ਗਹਿ ਭਾਰੀ ਭਾਰ। ਜੋਰਤਿ ਭਈ ਜਰਾ ਤਿਸ ਬਾਰ॥ ੨੭॥

ਜਦ ਉਸ ਬੱਚਿਆਂ ਨੂੰ ਉਠਾ ਕੇ ਵੇਖਿਆ ਤਾਂ ਨਵੀਂ ਗਤੀ ਵੇਖ ਕੇ ਬਹੁਤ ਹੈਰਾਨ ਹੋਈ। ਜਰਾ ਰਾਖਸ਼ਨੀ ਨੇ ਦੋਵਾਂ ਟੁਕੜਿਆਂ ਨੂੰ ਬੜੇ ਜ਼ੋਰ ਨਾਲ ਚੁਕਿਆ ਕਿਉਂਕਿ ਉਹ ਬਹੁਤ ਭਾਰੀ ਸਨ। ਫਿਰ ਉਨ੍ਹਾਂ ਦੋਵਾਂ ਟੁਕੜਿਆਂ ਨੂੰ ਜੋੜਨ ਲੱਗੀ॥ ੨੭॥

ਏਕ ਨੈਨ ਕਰ ਪਦ ਇਕ ਕਾਨ। ਪਰਜੋ ਹੁਤੋ ਜਿਹ ਥਾਨ ਭਯਾਨ।
ਤਿਹ ਤੇ ਬਲ ਕਰਿ ਕੈ ਸੁ ਲਗਾਯੋ। ਜੀਵਜੋ ਬਾਲਿਕ ਰੁਦਨ ਸੁਨਾਯੋ॥ ੨੮॥

ਦੋਵਾਂ ਦੀ ਇਕ ਅੱਖ ਸੀ, ਇਕ ਹੱਥ ਸੀ, ਇਕ ਪੈਰ ਸੀ ਤੇ ਇਕ ਕੰਨ ਸੀ, ਜਿਥੇ ਪਏ ਸਨ, ਉਹ ਸਥਾਨ ਬੜਾ ਭਿਆਨਕ ਲਗਦਾ ਸੀ। ਉਸ ਰਾਖਸ਼ਨੀ ਨੇ ਬੜਾ ਜ਼ੋਰ ਲਾ ਕੇ ਦੋਵੇਂ ਟੁਕੜੇ ਜੋੜ ਦਿੱਤੇ ਤਾਂ ਉਸੇ ਵੇਲੇ ਬਾਲਕ ਜੀਉਂਦਾ ਹੋ ਗਿਆ ਤੇ ਰੋਣ ਲੱਗ ਗਿਆ॥੨੮॥

ਸ਼ਬਦ ਭਯੋ ਜਿਮ ਘਨ ਗਰਜੰਤਾ। ਨਗਰ ਲੋਕ ਸੁਨਿ ਚਿੰਤ ਕਰੰਤਾ।
ਜਰਾ ਰਾਖਸ਼ੀ ਅਚਰਜ ਮਾਨਜੋ। ਭਈ ਚਿੱਤ੍ਰ ਸਮ ਤੂਸ਼ਨਿ ਠਾਨਜੋ॥ ੨੯॥

ਐਸੀ ਆਵਾਜ਼ ਆਈ ਜਿਵੇਂ ਬੱਦਲ ਗੱਜਿਆ ਹੋਵੇ, ਨਗਰ ਦੇ ਲੋਕ ਸੁਣ ਕੇ ਬਹੁਤ ਫਿਕਰਮੰਦ ਹੋ ਗਏ। ਜਰਾ ਰਾਖਸ਼ਨੀ ਨੇ ਬੜਾ ਅਸਚਰਜ ਮੰਨਿਆ। ਉਹ ਇਕ ਮੂਰਤੀ ਵਾਂਗ ਹੋ ਗਈ ਤੇ ਚੁੱਪ ਧਾਰਨ ਕਰ ਲਈ॥੨੯॥

ਜਰਾ ਉਠਾਇ ਰਹੀ ਨਹਿਂ ਹਾਲਜੋ। ਸਗਰੋ ਅਪਨੋ ਓਜ ਸਮ੍ਹਾਲਜੋ।
ਬਡੋ ਸ਼ਬਦ ਸੁਨਿ ਊਚ ਰੁ ਨੀਚ। ਧਾਏ ਪਰਜੋ ਰੌਰ ਪੁਰਿ ਬੀਚ॥ ੩੦॥

ਜਰਾ ਰਾਖਸ਼ਨੀ, ਉਸ ਨੂੰ ਚੁੱਕ ਰਹੀ, ਪਰ ਉਸ ਪਾਸੋਂ ਹਿਲਿਆ ਨਹੀਂ, ਉਸ ਨੇ ਆਪਣੀ ਸਾਰੀ ਸ਼ਕਤੀ ਲਗਾ ਦਿੱਤੀ। ਬੜੀ ਉੱਚੀ ਆਵਾਜ਼ ਸੁਣ ਕੇ ਅਮੀਰ ਗਰੀਬ ਭੱਜ ਉਠੇ ਤੇ ਨਗਰ ਵਿਚ ਵੱਡਾ ਰੌਲਾ ਪੈ ਗਿਆ॥੩੦॥

ਜਰਾ ਰਾਖਸ਼ੀ ਕੋ ਤਹਿਂ ਬਰਜਜੋ। ਨ੍ਰਿਪ ਕੇ ਭਟਨ ਕ੍ਰੋਧ ਕਰਿ ਤਰਜਜੋ।
ਲਿਯੋ ਉਠਾਇ ਬਹੁਤ ਨੇ ਮਿਲਿ ਕਰਿ। ਲੇ ਕਰਿ ਪਹੁਚੇ ਭੂਪਤ ਕੇ ਘਰ॥ ੩੧॥

ਜਰਾ ਰਾਖਸ਼ਨੀ ਨੂੰ ਉਥੇ ਵਰਜਿਆ ਤੇ ਰਾਜੇ ਦੇ ਸੂਰਬੀਰਾਂ ਨੇ ਕ੍ਰੋਧ ਕਰਕੇ ਉਸ ਨੂੰ ਤਾੜਨਾ ਕੀਤੀ। ਬਹੁਤਿਆਂ ਨੇ ਮਿਲ ਕੇ ਬਾਲਕ ਨੂੰ ਚੁੱਕ ਲਿਆ ਤੇ ਲੈ ਕੇ ਰਾਜੇ ਦੇ ਘਰ ਪਹੁੰਚ ਗਏ॥੩੧॥

ਜਰਾ ਗਈ ਮਹਿਪਾਲਕ ਪਾਸ। 'ਹੇ ਨ੍ਰਿਪ ਤੁਮਰੇ ਪੁਰਿ ਮਮ ਵਾਸ।
ਯਾਂਤੇ ਬਾਲਿਕ ਮੈਂ ਲਖਿ ਪਾਵਾ। ਜੋਰਿ ਦੁਖੰਡ ਆਨਿ ਜਿਯ ਪਾਵਾ। ੩੨॥

ਜਰਾ ਰਾਖਸ਼ਨੀ ਵੀ ਰਾਜੇ ਦੇ ਪਾਸ ਗਈ ਤੇ ਕਹਿਣ ਲੱਗੀ, "ਹੇ ਰਾਜਾ! ਮੈਂ ਤੁਹਾਡੇ ਨਗਰ ਵਿਚ ਰਹਿੰਦੀ ਹਾਂ। ਇਸ ਕਰਕੇ ਮੈਂ ਤੁਹਾਡੇ ਬਾਲਕ ਨੂੰ ਵੇਖਿਆ। ਦੋ ਟੁਕੜਿਆਂ ਨੂੰ ਜੋੜ ਕੇ ਜਿਹੜਾ ਤੁਹਾਡੇ ਪਾਸ ਲਿਆਂਦਾ ਹੈ"॥੩੨॥

ਨ੍ਰਿਪ ਨੇ ਹੁਇ ਪ੍ਰਸੰਨ ਸੁਤ ਲੀਨਸਿ। ਮੋਦ ਸਹਤ ਦਾਰਾ ਦੁਇ ਦੀਨਸਿ।
ਜਰਾ ਰਾਖਸ਼ੀ ਵਿਦਿਆ ਹੋਇ। ਗਈ ਚਿੰਤ ਰਾਜੇ ਕੀ ਖੋਇ॥ ੩੩॥

ਰਾਜੇ ਨੇ ਖੁਸ਼ ਹੋ ਕੇ ਪੁੱਤਰ ਨੂੰ ਲੈ ਲਿਆ ਤੇ ਪ੍ਰਸੰਨ ਹੋ ਕੇ ਆਪਣੀਆਂ ਦੋਵਾਂ ਪਤਨੀਆਂ ਨੂੰ ਦੇ ਦਿੱਤਾ। ਜਰਾ ਰਾਖਸ਼ਨੀ ਫਿਰ ਚਲੇ ਗਈ ਤੇ ਰਾਜੇ ਦੀ ਸਾਰੀ ਚਿੰਤਾ ਗਵਾ ਗਈ॥੩੩॥

ਜੱਗਜ ਦਾਨ ਮੰਗਲ ਉਤਸਾਹੂ। ਕਰਤਿ ਭਯੋ ਹਿਤ ਸੌਂ ਨਰਨਾਹੂ।
ਜਰਾ ਰਾਖਸ਼ੀ ਸੰਧੁ ਕਰਯੋ ਹੈ। ਜਰਾਸੰਧ ਇਮ ਨਾਮ ਧਰਯੋ ਹੈ॥ ੩੪॥

ਰਾਜੇ ਨੇ ਯੱਗ ਕਰਕੇ ਬਹੁਤ ਦਾਨ ਦਿੱਤਾ ਅਤੇ ਉਤਸ਼ਾਹ ਮੰਗਲ ਕੀਤਾ। ਰਾਜਾ ਬਹੁਤ ਪ੍ਰੇਮ ਨਾਲ ਖੁਸ਼ੀਆਂ ਮਨਾ ਰਿਹਾ ਸੀ। ਜਰਾ ਰਾਖਸ਼ਨੀ ਨੇ ਇਸ ਨੂੰ ਜੋੜਿਆ ਹੈ, ਇਸ ਕਰਕੇ ਇਸ ਦਾ ਨਾਮ ਜਰਾਸੰਧ ਪਿਆ ਹੈ॥੩੪॥

ਦਿਨ ਦਿਨ ਬਧੈ ਅਧਿਕ ਬਲ ਧਰੈ। ਸ਼ਕਤਿ ਬਿਸਾਲ ਨ੍ਰਿਪਹੁ ਸਮ ਕਰੈ।
ਮਹਾਂ ਬਾਹੁ ਆਯੁਤ ਜਿਸ ਛਾਤੀ। ਸ਼ੁਭ ਲੱਛਨ ਸੁੰਦਰ ਸਭਿ ਭਾਂਤੀ॥ ੩੫॥

ਦਿਨ-ਬਦਿਨ ਵਧਦਾ ਜਾਂਦਾ ਸੀ ਤੇ ਬਹੁਤ ਬਲ ਧਾਰਨ ਕਰਦਾ ਜਾਂਦਾ ਸੀ। ਵਿਸ਼ਾਲ ਸ਼ਕਤੀਸ਼ਾਲੀ ਰਾਜੇ ਦੇ ਬਰਾਬਰ ਹੋ ਗਿਆ। ਲੰਮੀਆਂ ਬਾਹਾਂ ਸਨ ਤੇ ਚੌੜੀ ਛਾਤੀ ਸੀ। ਸ਼ੁਭ ਲੱਛਣ ਸਨ ਤੇ ਸਭ ਪ੍ਰਕਾਰ ਬਹੁਤ ਸੁੰਦਰ ਸੀ।.੩੫॥

ਬੀਤਤਿ ਭਯੋ ਜਬਹਿ ਚਿਰਕਾਲ। ਸੁਨਿ ਕੈ ਸੋ ਰਿਖਿ ਅਖਿਲ ਹਵਾਲ।
ਇਸੀ ਦੇਸ਼ ਚਲਿ ਆਯੋ ਸੋਇ। ਦੇਖਨਿ ਹਿਤ ਨ੍ਰਿਪ ਕੋ ਸੁਤ ਜੋਇ॥ ੩੬॥

ਜਦ ਬੜਾ ਲੰਮਾ ਸਮਾਂ ਬੀਤ ਗਿਆ ਤਾਂ ਉਹੀ ਰਿਖੀ ਸਾਰਾ ਹਾਲ ਸੁਣ ਕੇ ਇਸ ਦੇਸ਼ ਵਿਚ ਚਲ ਕੇ ਆ ਗਿਆ। ਉਹ ਰਾਜੇ ਦੇ ਉਸ ਪੁੱਤਰ ਨੂੰ ਵੇਖਣ ਵਾਸਤੇ ਆਇਆ॥੩੬॥

ਸੁਨਤਿ ਭੂਪ ਨੇ ਸੁਖ ਕੋ ਮਾਨਾ। ਪੂਜਨ ਕੀ ਲੈ ਸੌਜ ਮਹਾਨਾ।
ਦੁਊ ਭਾਰਜਾ ਲੇ ਕਰਿ ਸਾਥ। ਰਿਖਿ ਕੇ ਚਰਨ ਧਰਯੋ ਨਿਜ ਮਾਥ॥ ੩੭॥

ਉਸ ਦੇ ਆਉਣ ਬਾਰੇ ਸੁਣ ਕੇ ਰਾਜੇ ਨੇ ਸੁਖ ਮੰਨਿਆ ਤੇ ਉਸ ਰਿਖੀ ਦੀ ਪੂਜਾ ਕਰਨ ਵਾਸਤੇ ਸਮੱਗਰੀ ਲੈ ਲਈ। ਦੋਵੇਂ ਪਤਨੀਆਂ ਨਾਲ ਲੈ ਕੇ ਰਿਖੀ ਦੇ ਚਰਨਾਂ ਤੇ ਆਪਣਾ ਮੱਥਾ ਧਰ ਦਿੱਤਾ॥੩੭॥

ਬਿਨੈ ਭਨੀ ਸਾਦਰ ਬੈਠਾਯੋ। 'ਬਡੇ ਭਾਗ ਹਮ ਦਰਸ਼ਨ ਪਾਯੋ।
ਮੋ ਪਰ ਕ੍ਰਿਪਾ ਬਿਸਾਲ ਤੁਮਾਰੀ। ਦਿਯੋ ਪੁੱਤ੍ਰ ਜੋਧਾ ਬਲ ਭਾਰੀ॥ ੩੮॥

ਬੜੇ ਆਦਰ ਨਾਲ ਬਿਠਾ ਕੇ ਬੇਨਤੀ ਕੀਤੀ, "ਸਾਡੇ ਵੱਡੇ ਭਾਗ ਹਨ ਤੁਹਾਡੇ ਦਰਸ਼ਨ ਕੀਤੇ ਹਨ। ਮੇਰੇ ਉਤੇ ਤੁਹਾਡੀ ਵਿਸ਼ਾਲ ਕਿਰਪਾ ਹੈ, ਮੈਨੂੰ ਵੱਡਾ ਬਲਵਾਨ ਜੋਧਾ ਪੁੱਤਰ ਦਿੱਤਾ ਹੈ॥੩੮॥

ਅਬਿ ਇਹ ਰਾਜ ਆਪ ਹੀ ਕਰੀਅਹਿ। ਹਮ ਸਭਿਹਿਨਿ ਕੋ ਆਸ਼ੈ ਖਿਰੀਅਹਿ'।
ਕਹੈ ਰਿਖੀਸ਼ੁਰ 'ਸੁਨਹੁ ਨਰੇਸ਼। ਤੁਮ ਹੀ ਕੋ ਸ਼ੋਭਤਿ ਸਭਿ ਦੇਸ਼॥ ੩੯॥

ਹੁਣ ਇਹ ਰਾਜ ਆਪ ਹੀ ਕਰੋ, ਸਾਡੀ ਸਾਰਿਆਂ ਦੀ ਆਸ਼ਾ ਪੂਰੀ ਕਰੋ।" ਰਿਖੀ ਨੇ ਕਿਹਾ, "ਹੇ ਰਾਜਨ! ਸੁਣੋ, ਤੁਹਾਨੂੰ ਹੀ ਇਹ ਸਾਰਾ ਦੇਸ਼ ਸ਼ੋਭਦਾ ਹੈ॥੩੯॥

ਤਪਸਾ ਬਨਯੋ ਹਮਾਰੋ ਰਾਜ। ਤੁਮ ਹੀ ਰਾਖਹੁ ਸੈਨ ਸਮਾਜ।
ਇਹੁ ਸੁਤ ਤੁਮਰੋ ਐਸੋ ਭਯੋ। ਬਿਦਤਹਿ ਸਕਲ ਜਗਤ ਜਸੁ ਲਹਯੋ॥ ੪੦॥

ਤਪੱਸਿਆ ਹੀ ਹੁਣ ਸਾਡਾ ਰਾਜ ਬਣ ਗਿਆ ਹੈ, ਤੁਸੀਂ ਹੀ ਸਾਰੀ ਸੈਨਾ ਅਤੇ ਸਾਰੇ-ਸਾਮਾਨ ਰਖੋ। ਇਹ ਤੁਹਾਡਾ ਪੁੱਤਰ ਅਜਿਹਾ ਪੈਦਾ ਹੋਇਆ ਹੈ, ਪ੍ਰਗਟ ਰੂਪ ਵਿਚ ਜਿਹੜਾ ਸਾਰੇ ਜਗ ਵਿਚ ਜੱਸ ਪ੍ਰਾਪਤ ਕਰੇਗਾ॥੪੦॥

ਜਗਤ ਬਿਖੈ ਇਸ ਕੇ ਸਮ ਭੂਪ। ਨਹੀਂ ਹੋਇ ਹੈ ਮਹਦ ਅਨੂਪ।
ਸਭਿ ਰਾਜਨ ਕੋ ਰਾਜਾ ਹੋਇ। ਯਾਂਕੀ ਸਮਸਰ ਕਰੈ ਨ ਕੋਇ॥ ੪੧॥

ਜਗਤ ਵਿਚ ਇਸ ਦੇ ਬਰਾਬਰ ਕੋਈ ਰਾਜਾ ਏਡਾ ਵੱਡਾ ਅਨੂਪਮ ਨਹੀਂ ਹੋਵੇਗਾ। ਸਭ ਰਾਜਿਆਂ ਦਾ ਇਹ ਰਾਜਾ ਹੋਵੇਗਾ, ਇਸ ਦੀ ਬਰਾਬਰੀ ਕੋਈ ਨਹੀਂ ਕਰ ਸਕੇਗਾ॥੪੧॥

ਸੁਰ ਅਸੁਰਨਿ ਕੋ ਜੀਤੈ ਜੁੱਧ। ਕਰਹਿ ਪ੍ਰਜਾ ਕੀ ਰੱਛਾ ਸੁੱਧ।
ਜੋ ਨਰਿੰਦ ਇਸ ਪਰ ਚਢਿ ਆਵੈ। ਭੁਜ ਬਲ ਤੇ ਤਿਹ ਹਤਹਿ ਪਲਾਵੈ ॥੪੨॥

ਦੇਵਤਿਆਂ ਅਤੇ ਰਾਖਸ਼ਾਂ ਨੂੰ ਯੁੱਧ ਵਿਚ ਜਿੱਤ ਲਵੇਗਾ ਤੇ ਪਰਜਾ ਦੀ ਚੰਗੀ ਤਰ੍ਹਾਂ ਰੱਖਿਆ ਕਰੇਗਾ। ਜਿਹੜਾ ਵੀ ਰਾਜਾ ਇਸ ਉੱਤੇ ਚੜ੍ਹਾਈ ਕਰੇਗਾ, ਆਪਣੀਆਂ ਬਾਹਾਂ ਦੇ ਬਲ ਨਾਲ ਇਹ ਉਸਨੂੰ ਮਾਰ ਭਜਾਵੇਗਾ"॥੪੨॥

ਨ੍ਰਿਪ ਤਪਸੀ ਤੇ ਸੁਨਿ ਕਰਿ ਗਾਥਾ। ਸੁਤ ਗੁਨ ਤੇ ਬਿਸਾਲ ਸੁਖ ਸਾਥਾ।
ਰਾਜ ਤਿਲਕ ਅਭਿਖੇਕਨਿ ਕੀਨਾ। ਆਪ ਪੰਥ ਕਾਨਨ ਕੋ ਲੀਨਾ॥ ੪੩॥

ਰਾਜਾ ਤਪੱਸਵੀ ਪਾਸੋਂ ਪੁੱਤਰ ਦੇ ਗੁਣਾਂ ਵਾਲਾ ਹੋਣ ਦੀ ਗੱਲ ਸੁਣਕੇ ਬਹੁਤ ਪ੍ਰਸੰਨ ਤੇ ਸੁਖੀ ਹੋਇਆ। ਵਿਧੀ ਅਨੁਸਾਰ ਮੰਤਰ ਪੜ੍ਹ ਕੇ ਕੁਸ਼ਾ ਆਦਰ ਨਾਲ ਜਲ ਛਿੜਕੇ, ਪੁੱਤਰ ਨੂੰ ਰਾਜ ਤਿਲਕ ਲਾਇਆ ਤੇ ਰਾਜਾ ਆਪ ਤਪੱਸਿਆ ਕਰਨ ਵਾਸਤੇ ਜੰਗਲ ਨੂੰ ਚਲਾ ਗਿਆ॥੪੩॥

ਸੁਤ ਕੋ ਕਹਿ ਸਿੱਖਜਾ ਦੇ ਘਨੀ। ਜੁਗ ਦਾਰਾ ਲੇ ਕਰਿ ਭਾਮਨੀ।
ਬਨ ਮੈਂ ਗਮਨਯੋਂ ਤਪਸੀ ਸੰਗ। ਕੀਨਸਿ ਤਪ ਬਨ ਸੈਲ ਉਤੰਗ॥ ੪੪॥

ਪੁੱਤਰ ਨੂੰ ਕਹਿ ਕੇ ਬਹੁਤ ਸਿੱਖਿਆ ਦਿੱਤੀ, ਆਪਣੀਆਂ ਦੋਵੇਂ ਪਿਆਰੀਆਂ ਇਸਤਰੀਆਂ ਲੈ ਕੇ ਤਪੱਸਵੀ ਦੇ ਨਾਲ ਜੰਗਲ ਵਿਚ ਚਲਾ ਗਿਆ। ਉੱਚੇ ਪਹਾੜਾਂ ਦੇ ਜੰਗਲਾਂ ਵਿਚ ਬੈਠ ਕੇ ਤਪ ਕੀਤਾ॥੪੪॥

ਜਰਾਸੰਧ ਨਿਜ ਪਿਤ ਕੇ ਪਾਛੇ। ਚਤੁਰੰਗਨਿ ਕਰਿ ਧੁਜਨੀ ਆਛੇ।
ਜੋ ਨ੍ਰਿਪ ਤਿਸ ਕੀ ਆਗਜਾ ਮੋਰੈ। ਸੰਘਰ ਕਰਿ ਰਿਪੁ ਕੋ ਸਿਰ ਫੋਰੈ॥ ੪੫॥

ਜਰਾਸੰਧ ਨੇ ਆਪਣੇ ਪਿਤਾ ਜੀ ਤੋਂ ਬਾਅਦ, ਚੰਗੀ ਤਰ੍ਹਾਂ ਚਾਰ ਪ੍ਰਕਾਰ ਦੀ ਸੈਨਾ ਇਕੱਠੀ ਕੀਤੀ। ਜਿਹੜਾ ਵੀ ਰਾਜਾ ਉਸ ਦੀ ਆਗਿਆ ਮੋੜਦਾ ਸੀ ਤਾਂ ਸੰਘਰਸ਼ ਕਰਕੇ ਉਸ ਰਾਜੇ ਦਾ ਸਿਰ ਪਾੜ ਦਿੰਦਾ ਸੀ॥੪੫॥

ਕਿਸ ਕਉ ਕਾਰਾਗ੍ਰਿਹ ਮੈਂ ਡਾਰੇ। ਕਿਸਹਿ ਨਿਕਾਸਹਿ ਛੀਨਹਿ ਸਾਰੇ।
ਭਲੀ ਭਾਂਤਿ ਨਿਜ ਰਾਜ ਬਧਾਵਾ। ਸਭਿ ਪਰ ਅਪਨੋ ਹੁਕਮ ਟਿਕਾਵਾ ॥੪੬॥

ਕਿਸੇ ਨੂੰ ਕੈਦ ਵਿਚ ਸੁੱਟ ਦਿੰਦਾ ਸੀ, ਕਿਸੇ ਨੂੰ ਕੱਢ ਕੇ ਉਸ ਦਾ ਸਾਰਾ ਦੇਸ਼ ਖੋਹ ਲੈਂਦਾ ਸੀ। ਭਲੀ ਪ੍ਰਕਾਰ ਉਸ ਨੇ ਆਪਣਾ ਰਾਜ ਵਧਾਇਆ ਤੇ ਸਾਰਿਆਂ ਉੱਤੇ ਆਪਣਾ ਹੁਕਮ ਚਲਾਇਆ"॥੪੬॥

*ਗਿਆਰ੍ਹਵੀਂ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥੫੯॥*

❖❖❖

# ਅਧਿਆਇ ਸੱਠਵਾਂ

### ਜਰਾਸੰਧ ਪ੍ਰਸੰਗ

ਦੋਹਰਾ- ਭਏ ਕ੍ਰਿਸ਼ਨ ਅਵਿਤਾਰ ਪ੍ਰਭੁ ਮਹਾਂਬੀਰ ਬਲਵਾਨ।
ਜਨਮ ਭਯੋ ਮਥਰਾ ਬਿਖੈ ਬਿਦਤੇ ਗੋਕਲ ਥਾਨ॥ ੧॥

ਪ੍ਰਭੂ ਜੀ ਮਹਾਂਬੀਰ ਬਲਵਾਨ ਕ੍ਰਿਸ਼ਨ ਜੀ ਦਾ ਅਵਤਾਰ ਹੋਇਆ। ਮਥਰਾ ਵਿਚ ਉਨ੍ਹਾਂ ਦਾ ਜਨਮ ਹੋਇਆ ਜਿਹੜਾ ਗੋਕਲ ਦੇ ਨਾਂ ਨਾਲ ਪ੍ਰਸਿੱਧ ਹੋਇਆ॥੧॥

ਚੌਪਈ- ਦੁਸ਼ਟਨਿ ਮਹਾਂ ਪੂਤਨਾ ਮਾਰੀ। ਤ੍ਰਿਣਾਵਰਤ ਕੀ ਦੇਹ ਬਿਦਾਰੀ।
ਬਾਲ ਸਰੂਪ ਬਿਖੈ ਇਹ ਨਾਸੇ। ਬ੍ਰਧਤਿ ਭਏ ਗਨ ਗੋਪ ਅਵਾਸੇ॥ ੨॥

ਉਨ੍ਹਾਂ ਨੇ ਮਹਾਂ ਦੁਸ਼ਟਣੀ ਪੂਤਨਾ ਨੂੰ ਮਾਰਿਆ, ਤ੍ਰਿਣਾਵਰਤ ਨਾਮੀ ਦੈਂਤ ਨੂੰ ਮਾਰਿਆ। ਬਾਲ ਉਮਰ ਵਿਚ ਹੀ ਉਨ੍ਹਾਂ ਦਾ ਨਾਸ ਕੀਤਾ ਤੇ ਗਵਾਲਿਆਂ ਦੇ ਘਰਾਂ ਵਿਚ ਸ੍ਰੀ ਕ੍ਰਿਸ਼ਨ ਜੀ ਵਧਣ ਲੱਗੇ॥੨॥

*ਨੋਟ :- ਤ੍ਰਿਣਾਵਰਤ ਇਕ ਦੈਂਤ ਸੀ ਜਿਸ ਨੂੰ ਕੰਸ ਨੇ ਬਾਲਕ ਕ੍ਰਿਸ਼ਨ ਜੀ ਨੂੰ ਮਾਰਨ ਵਾਸਤੇ ਭੇਜਿਆ ਸੀ ਤੇ ਇਹ ਵਾਵਰੋਲਾ ਬਣ ਕੇ ਕ੍ਰਿਸ਼ਨ ਨੂੰ ਉਡਾ ਕੇ ਲੈ ਗਿਆ, ਪਰ ਕ੍ਰਿਸ਼ਨ ਜੀ ਨੇ ਇਸ ਦਾ ਗਲਾ ਘੁੱਟ ਕੇ ਥੱਲੇ ਸੁੱਟ ਦਿੱਤਾ ਤੇ ਇਹ ਮਰ ਗਿਆ।*

ਦੈਤ ਅਘਾਸੁਰ, ਧੇਨਕ ਮਾਰਾ। ਕੇਸੀ ਕੋ ਬਲ ਕਰਿ ਸੰਘਾਰਾ।
ਮਥਰਾ ਕੋ ਅਕ੍ਰੂਰ ਲੇ ਆਵਾ। ਪ੍ਰਥਮ ਕੁਦੰਡ ਦੁਖੰਡ ਕਰਾਵਾ॥ ੩॥

ਅਘ ਨਾਮੀਂ ਦੈਂਤ ਤੇ ਧੇਨਕ ਨੂੰ ਮਾਰਿਆ। ਕੇਸੀ ਨਾਮੀ ਦੈਂਤ ਨੂੰ ਬਲ ਧਾਰ ਕੇ ਮਾਰਿਆ ਤੇ ਮਥਰਾ ਵਿਖੇ ਅਕ੍ਰੂਰ ਨਾਮੀਂ ਭਗਤ ਨੂੰ ਲੈ ਆਇਆ, ਪਹਿਲਾਂ ਧਨੁੱਖ ਦੇ ਦੋ ਟੋਟੇ ਕਰ ਦਿੱਤੇ॥੩॥

*ਨੋਟ :-ਅਘ ਨਾਮੀਂ ਦੈਂਤ ਕੰਸ ਦਾ ਸੈਨਾਪਤੀ ਸੀ, ਜਿਸ ਨੂੰ ਕ੍ਰਿਸ਼ਨ ਜੀ ਨੇ ਮਾਰਿਆ ਸੀ।*

ਮੱਲ ਚੰਡੂਰ ਸੁ ਮੁਸ਼ਟਕ ਮਾਰਾ। ਪੁਨ ਨ੍ਰਿਪ ਕੰਸ ਦੁਸ਼ਟ ਸੰਘਾਰਾ।
ਜਰਾਸੰਧ ਕੋ ਹੁਤੋ ਜਮਾਤਾ। ਜਬਿ ਘਨ ਸ਼ਜਾਮ ਕੀਨਿ ਖਲ ਘਾਤਾ॥ ੪॥

ਚੰਡੂਰ ਅਤੇ ਮੁਸ਼ਟਕ ਦੋ ਪਹਿਲਵਾਨਾਂ ਨੂੰ ਮਾਰਿਆ, ਫਿਰ ਦੁਸ਼ਟ ਰਾਜੇ ਕੰਸ ਨੂੰ ਮਾਰਿਆ। ਜਰਾਸੰਧ ਦਾ ਉਹ ਜਵਾਈ ਸੀ। ਜਦ ਕ੍ਰਿਸ਼ਨ ਜੀ ਨੇ ਉਸ ਦੁਸ਼ਟ ਦਾ ਨਾਸ਼ ਕੀਤਾ॥੪॥

*ਨੋਟ : ਕਵੀ ਜੀ ਜਰਾਸੰਧ ਦੀ ਕਥਾ ਹੀ ਚਲਾ ਰਹੇ ਹਨ, ਅਸਲ ਵਿਚ ਜਰਾਸੰਧ ਮਗਧ ਦੇਸ਼ ਦਾ ਰਾਜਾ ਹੋਇਆ ਹੈ।*

ਸੁਤਾ ਗਈ ਪਿਤ ਪਾਸ ਪੁਕਾਰੀ। ਬਿਧਵਾ ਦੇਖਿ ਅਧਿਕ ਦੁਖਿਆਰੀ।
ਜਰਾਸੰਧ ਕੋਪਯੋ ਬਲ ਭਾਰੀ। ਸਕਲ ਬਾਹਨੀ ਕੀਨਸਿ ਤਯਾਰੀ॥ ੫॥

ਜਰਾਸੰਧ ਦੀ ਪੁੱਤਰੀ ਅਤੇ ਕੰਸ ਦੀ ਪਤਨੀ ਫਿਰ ਆਪਣੇ ਪਿਤਾ ਜੀ ਪਾਸ ਗਈ ਤੇ ਪੁਕਾਰ ਕੀਤੀ। ਵਿਧਵਾ ਅਤੇ ਬਹੁਤ ਦੁਖਿਆਰੀ ਵੇਖ ਕੇ ਭਾਰੀ ਬਲਵਾਨ ਜਰਾਸੰਧ ਬਹੁਤ ਗੁੱਸੇ ਵਿਚ ਆਇਆ। ਉਸ ਨੇ ਸਾਰੀ ਸੈਨਾ ਨੂੰ ਤੁਰਤ ਤਿਆਰ ਕੀਤਾ॥੫॥

ਉਤਸਾਹਿਤ ਭੂਪਤ ਤਬਿ ਚਢਯੋ। ਹਤੋਂ ਹਲੀ ਹਰਿ ਕ੍ਰੋਧ ਸੁ ਬਢਯੋ।
ਮਥਰਾ ਘੇਰਿ ਕਰਯੋ ਸੰਗ੍ਰਾਮੂ। ਲਾਖਹੁਂ ਭਟ ਪਹੁਚੇ ਜਮਧਾਮੂ॥ ੬॥

ਬੜੇ ਉਤਸ਼ਾਹ ਨਾਲ ਰਾਜੇ ਜਰਾਸੰਧ ਨੇ ਚੜ੍ਹਾਈ ਕੀਤੀ ਤੇ ਕਹਿਣ ਲੱਗਾ, "ਬਲਭੱਦ੍ਰ ਤੇ ਕ੍ਰਿਸਨ ਨੂੰ ਮਾਰਾਂਗਾ" ਬਹੁਤ ਕ੍ਰੋਧ ਵਧਿਆ। ਮਥਰਾ ਘੋਰ ਸੰਗ੍ਰਾਮ ਅਰੰਭ ਕੀਤਾ, ਲੱਖਾਂ ਸੂਰਮੇਂ ਜਮਾਂ ਦੇ ਘਰ ਚਲੇ ਗਏ॥੬॥

ਰਣ ਭੈਰਵ ਕਰਿ ਕੈ ਬਹੁ ਬਾਰਿ। ਹਟਿ ਹਟਿ ਗਯੋ ਪ੍ਰਭੁ ਤੇ ਹਾਰਿ।
ਪੁਨਹਿ ਦ੍ਵਾਰਕਾ ਸਿੰਧ ਮਝਾਰੇ। ਰਚੀ ਪੁਰੀ ਬਸ ਰਹੇ ਸੁਖਾਰੇ॥ ੭॥

ਬਹੁਤ ਵਾਰ ਭਿਆਨਕ ਯੁੱਧ ਕੀਤਾ ਪਰ ਸ੍ਰੀ ਕ੍ਰਿਸ਼ਨ ਤੋਂ ਹਾਰ ਕੇ ਪਿਛਾਂਹ ਹੱਟ ਜਾਂਦਾ ਸੀ। ਫਿਰ ਸ੍ਰੀ ਕ੍ਰਿਸ਼ਨ ਜੀ ਸਾਗਰ ਦੇ ਵਿਚ ਦਵਾਰਕਾ ਨਗਰ ਬਣਾ ਕੇ ਆਰਾਮ ਨਾਲ ਵੱਸਦੇ ਰਹੇ॥੭॥

ਕਿਤਿਕ ਕਾਲ ਬੀਤਯੋ ਤਿਸ ਪਾਛੈ। ਪਾਂਡਵ ਭਏ ਸੂਰਮਾ ਆਛੈ।
ਰਾਜਸੂਅ ਕੌ ਚਾਹਤਿ ਕਰਯੋ। ਸ਼ਤ੍ਰੂ ਅਜਾਤ ਮਨੋਰਥ ਧਰਯੋ॥ ੮॥

ਇਸ ਦੇ ਪਿੱਛੋਂ ਕਾਫੀ ਸਮਾਂ ਬੀਤ ਗਿਆ, ਫਿਰ ਪਾਂਡਵ ਵੱਡੇ ਸੂਰਮੇ ਹੋਏ। ਰਾਜਸੂਅ ਯੱਗ ਕਰਨਾ ਚਾਹੁੰਦੇ ਸਨ ਰਾਜਾ ਯੁਧਿਸ਼ਟਰ ਨੇ ਇਹ ਮਨੋਰਥ ਧਾਰਨ ਕੀਤਾ॥੮॥

ਤਹਿਂ ਤੇ ਸ੍ਰੀ ਘਨਸ਼ਜਾਮ ਬੁਲਾਏ। ਅਤਿ ਪ੍ਰਿਯ ਲਖਿ ਕਰਿ ਤਿਨ ਗ੍ਰਿਹ ਆਏ।
ਅਪਨਿ ਮਨੋਰਥ ਭਨਯੋ ਅਗਾਰੀ। ਸੁਨਿ ਮਧੁਸੂਦਨ ਗਿਰਾ ਉਚਾਰੀ॥ ੯॥

ਉਥੇ ਉਨ੍ਹਾਂ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਬੁਲਾਇਆ। ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਨੂੰ ਅਤੀ ਪਿਆਰੇ ਸਮਝ ਕੇ ਉਨ੍ਹਾਂ ਦੇ ਘਰ ਵਿਖੇ ਆਏ। ਉਨ੍ਹਾਂ ਦੇ ਅੱਗੇ ਆਪਣਾ ਮਨੋਰਥ ਕਿਹਾ। ਇਹ ਸੁਣ ਕੇ ਸ੍ਰੀ ਕ੍ਰਿਸ਼ਨ ਜੀ ਨੇ ਬਚਨ ਕੀਤੇ॥੯॥

ਮਹਾਂਬੀਰ ਜੋ ਮਗਧ ਨਰੇਸ਼। ਜਰਾਸੰਧ ਬਲ ਬਿਖੈ ਬਿਸ਼ੇਸ਼।
ਤਿਸ ਮਾਰੇ ਬਿਨ ਮਖ ਨਹਿਂ ਹੋਇ। ਪੂਰਨ ਭਯੋ ਆਰਬਲ ਸੋਇ॥ ੧੦॥

ਮਹਾਨ ਯੋਧਾ ਜਿਹੜਾ ਮਗਧ ਦਾ ਰਾਜਾ ਹੈ, ਉਹ ਜਰਾਸੰਧ ਨਾਮੀਂ ਰਾਜਾ ਵਿਸ਼ੇਸ਼ ਤੌਰ ਤੇ ਬਲਵਾਨ ਹੈ ਉਸ ਨੂੰ ਮਾਰਨ ਤੋਂ ਬਗੈਰ ਯੱਗ ਨਹੀਂ ਹੋ ਸਕਦਾ। ਉਹ ਆਪਣੀ ਉਮਰ ਪੂਰੀ ਕਰ ਚੁੱਕਾ ਹੈ॥੧੦॥

ਏਕ ਬਾਰ ਨਿਜ ਮੰਦਿਰ ਚਰਿ ਕੈ। ਗਦਾ ਪ੍ਰਹਾਰੀ ਕਰ ਬਲ ਕਰਿ ਕੈ।
ਸੌ ਜੋਜਨ ਮਗ ਕੋ ਬਿਸਤਾਰ। ਪਹੁੰਚੀ ਹਮ ਢਿਗ ਕਰਨਿ ਪ੍ਰਹਾਰ॥ ੧੧॥

ਇਕ ਵਾਰ ਉਸ ਨੇ ਆਪਣੇ ਮਹਿਲ ਤੇ ਚੜ੍ਹ ਕੇ, ਸਾਰੀ ਤਾਕਤ ਲਾ ਕੇ ਆਪਣੀ ਗਦਾ ਦਾ ਵਾਰ ਕੀਤਾ ਸੀ। ਸੌ ਯੋਜਨ ਲੰਮਾ ਪੈਂਡਾ ਤਹਿ ਕਰਕੇ, ਉਹ ਮੇਰੇ ਉਤੇ ਵਾਰ ਕਰਨ ਵਾਸਤੇ ਮੇਰੇ ਪਾਸ ਪਹੁੰਚੀ॥੧੧॥

ਤਬਿ ਬਲਦੇਵ ਸ਼ਕਤਿ ਕਰਿ ਅਪਨੀ। ਆਵਤਿ ਗਦਾ ਨਿਫਲ ਕਰਿ ਖਪਨੀ।
ਜਰਾਸਿੰਧ ਰਾਖਤਿ ਬਲ ਘਨਾ। ਕੇਤਿਕ ਤਾਕੀ ਗਿਨਤੀ ਗਨਾ॥ ੧੨॥

ਤਦ ਬਲਰਾਮ ਨੇ ਆਪਣੀ ਸ਼ਕਤੀ ਲਾ ਕੇ ਆਉਂਦੀ ਗਦਾ ਨੂੰ ਖਪਾ ਦਿੱਤਾ। ਜਰਾਸੰਧ ਬਹੁਤ ਬਲ ਰੱਖਦਾ ਹੈ, ਉਸ ਦੀ ਮੈਂ ਗਿਣਤੀ ਕੀ ਗਿਣਾਂ॥੧੨॥

ਤਾਂਤੇ ਨੀਕੋ ਇਹੈ ਉਪਾਇ। ਸੈਨਾ ਹਮ ਸੌਂ ਚਲੈ ਨ ਕਾਇ।
ਜਿਹ ਸਨਮੁਖ ਹੁਇ ਸਕਹਿ ਨ ਕੋਇ। ਚਮੂੰ ਲਰੇ ਕਯੋਂ ਜੀਤਨਿ ਹੋਇ॥੧੩॥

ਇਸ ਕਰਕੇ ਚੰਗਾ ਉਪਾਅ ਇਹੋ ਹੈ, ਮੈਨੂੰ ਸੈਨਾ ਲੈ ਕੇ ਜਾਣ ਦੀ ਲੋੜ ਨਹੀਂ ਜਦ ਕਿ ਸੈਨਾ ਦਾ ਕੋਈ ਸੂਰਬੀਰ ਵੀ ਉਸਦਾ ਸਾਹਮਣਾ ਨਹੀਂ ਕਰ ਸਕਦਾ, ਫੌਜ ਦੇ ਨਾਲ ਉਹ ਕਿਵੇਂ ਜਿੱਤਿਆ ਜਾ ਸਕਦਾ ਹੈ॥੧੩॥

ਅਰਜਨ ਭੀਮ ਸੰਗ ਲੈ ਜਾਊਂ। ਕੋਈ ਭੇਦ ਕਰਿ ਤਿਹ ਜਿਤ ਆਊ।
ਅਬਿ ਪਹੁੰਚਹਿਂ ਹਮ ਜਾਇ ਸਮੀਪ। ਭੀਮ ਸੰਗ ਰਣ ਕਰੈ ਮਹੀਪ॥ ੧੪॥

ਅਰਜਨ ਅਤੇ ਭੀਮ ਨੂੰ ਨਾਲ ਲੈ ਕੇ ਜਾਵਾਂਗਾ, ਕੋਈ ਵਲ ਛਲ ਕਰਕੇ ਉਸ ਨੂੰ ਜਿੱਤ ਲਵਾਂਗਾ। ਅਸੀਂ ਹੁਣ ਜਾ ਕੇ ਉਸ ਦੇ ਪਾਸ ਪਹੁੰਚਦੇ ਹਾਂ। ਇਕੱਲੇ ਭੀਮ ਦੇ ਨਾਲ ਉਹ ਜੰਗ ਕਰੇਗਾ॥੧੪॥

ਦੇਹੁ ਸੁਭਟ ਦ੍ਵੈ ਸੰਗ ਹਮਾਰੇ। ਜਸ ਜੈ ਹੈਂ ਤਸ ਲੇਹੁ ਸੰਭਾਰੇ।
ਕਹੀ ਜੁਧਿਸ਼ਟਰ ਪਾਂਡਵ ਰਾਜ। 'ਆਪ ਸਿਧਾਰਤਿ ਹਮਰੇ ਕਾਜ॥ ੧੫॥

ਇਹ ਦੋਵੇਂ ਸੂਰਬੀਰ ਮੇਰੇ ਨਾਲ ਦੇਵੋ, ਜਿਸ ਤਰ੍ਹਾਂ ਦੇ ਦੇਵੋਗੇ, ਉਸ ਤਰ੍ਹਾਂ ਦੇ ਫਿਰ ਵਾਪਸ ਸੰਭਾਲ ਲੈਣਾ, ਭਾਵ ਅਸੀਂ ਇਨ੍ਹਾਂ ਨੂੰ ਮਰਨ ਨਹੀਂ ਦੇਵਾਂਗੇ।" ਫਿਰ ਪਾਂਡਵ ਰਾਜੇ ਯੁਧਿਸ਼ਟਰ ਨੇ ਕਿਹਾ, "ਤੁਸੀਂ ਸਾਡੇ ਵਿਗੜੇ ਕੰਮ ਸਵਾਰਦੇ ਹੋ॥੧੫॥

ਜਿਸ ਪ੍ਰਕਾਰ ਨੀਕੀ ਮਨ ਤੁਮਰੇ। ਤਿਮ ਹੀ ਸ਼ੁਭ ਹੁਇਂ ਕਾਰਜ ਹਮਰੇ'।
ਸੁਨਿ ਤੀਨਹੁਂ ਕਰਿ ਦਿਜ ਕੋ ਬੇਸ। ਇਸੀ ਦੇਸ਼ ਕੋ ਅਏ ਬਿਸ਼ੇਸ਼॥ ੧੬॥

ਜਿਵੇਂ ਵੀ ਤੁਹਾਡੇ ਮਨ ਵਿਚ ਚੰਗਾ ਲਗਦਾ ਹੈ, ਉਸ ਤਰ੍ਹਾਂ ਹੀ ਸਾਡੇ ਕਾਰਜ ਸ਼ੁਭ ਹੋਣਗੇ।" ਇਹ ਸੁਣ ਕੇ ਤਿੰਨਾਂ ਨੇ ਬ੍ਰਾਹਮਣ ਦਾ ਵੇਸ ਧਾਰਨ ਕਰ ਲਿਆ, ਫਿਰ ਉਸੇ ਦੇਸ਼ ਵਲ ਵਿਸ਼ੇਸ਼ ਤੌਰ ਤੇ ਆਏ॥੧੬॥

ਮਗ ਸੂਧੇ ਕੋ ਤਜਿਬੋ ਕੀਨਿ। ਅਪਰ ਦੇਸ਼ ਕੌ ਗਏ ਪ੍ਰਬੀਨ।
ਮਤ ਹਮਰੋ ਆਗਮ ਸੁਨਿ ਪਾਵੈ। ਹਤਨੋ ਪੁਨਿਹ ਕਠਨ ਹੁਇ ਜਾਵੈ॥ ੧੭॥

ਸਿੱਧੇ ਮਾਰਗ ਨੂੰ ਉਨ੍ਹਾਂ ਛੱਡ ਦਿੱਤਾ ਤੇ ਚਤੁਰ ਪੁਰਸ਼ ਹੋਰ ਕਿਸੇ ਦੇਸ਼ ਵਲ ਚਲੇ ਗਏ, ਕਿਉਂਕਿ ਉਹ ਸਮਝਦੇ ਸਨ, "ਸਾਡੇ ਏਧਰ ਆਉਣ ਦਾ ਉਸ ਨੂੰ ਪਤਾ ਨਾ ਲੱਗ ਜਾਵੇ, ਫਿਰ ਉਸ ਨੂੰ ਮਾਰਨਾ ਕਠਨ ਹੋ ਜਾਵੇਗਾ॥੧੭॥

ਉਤਰਤਿ ਭਏ ਸੁਰਸਰੀ ਪਾਰ। ਨਦੀ ਗੰਡਕਾ ਤਰਿ ਕੈ ਬਾਰਿ।
ਸ਼ੋਣਾ ਸਲਿਤਾ ਕੋ ਤਜਿ ਗਏ। ਮਾਗਧ ਬਿਖੈ ਆਵਤੇ ਭਏ॥ ੧੮॥

ਗੰਗਾ ਨਦੀ ਪਾਰ ਕਰਕੇ ਉਤਰ ਪਏ, ਫਿਰ ਗੰਡਕਾ ਨਦੀ ਦਾ ਜਲ ਤਰ ਕੇ ਪਾਰ ਕੀਤਾ ਤੇ ਸ਼ੋਣ ਭਦਰਾ ਨਦੀ ਨੂੰ ਪਿੱਛੇ ਛੱਡ ਗਏ ਤੇ ਮਗਧ ਦੇਸ਼ ਵਿਚ ਆ ਪਹੁੰਚੇ॥੧੮॥

ਜਰਾਸੰਧ ਜੋਧਾ ਜਹਿਂ ਰਾਜਾ। ਨਿਕਟਿ ਬਾਹਨੀ ਅਧਿਕ ਸਮਾਜਾ।
ਬਸਹਿਂ ਦੇਸ਼ ਮਹਿਂ ਸੁਖ ਸੋਂ ਲੋਕ। ਨਹਿਂ ਪਾਵਤਿ ਕਬਿਹੂੰ ਮਨ ਸ਼ੋਕ॥ ੧੯॥

ਜਿਥੇ ਰਾਜਾ ਜਰਾਸੰਧ ਯੋਧਾ ਰਹਿੰਦਾ ਸੀ, ਜਿਸ ਪਾਸ ਬਹੁਤ ਵੱਡੀ ਸੈਨਾ ਅਤੇ ਧਨ ਦੌਲਤ ਸੀ। ਉਸ ਦੇ ਦੇਸ਼ ਵਿਚ ਸਾਰੇ ਲੋਕ ਬਹੁਤ ਸੁਖੀ ਰਹਿੰਦੇ ਸਨ, ਉਹ ਮਨ ਵਿਚ ਕਦੇ ਵੀ ਦੁਖ ਨਹੀਂ ਪਾਉਂਦੇ ਸਨ॥੧੯॥

ਬਡੋ ਨਗਰ ਜਹਿਂ ਦੁਰਗ ਚੁਗਿਰਦੇ। ਕੋਇ ਨ ਮਰਦ ਜਾਂਹਿ ਕੋ ਮਰਦੇ।
ਬਡ ਜੋਧੇ ਚਹੁਂ ਦਿਸ਼ਿ ਰਖਵਾਰੇ। ਸ਼ਸਤ੍ਰ ਅਸਤ੍ਰ ਕੋ ਧਾਰਨਹਾਰੇ॥ ੨੦॥

ਵੱਡਾ ਨਗਰ ਸੀ, ਜਿਸ ਦੇ ਚਾਰ-ਚੁਫੇਰੇ ਕਿਲ੍ਹੇ ਸਨ, ਕੋਈ ਵੀ ਅਜਿਹਾ ਮਰਦ ਨਹੀਂ ਸੀ ਜਿਹੜਾ ਉਸ ਨੂੰ ਮਾਰ ਸਕੇ। ਵੱਡੇ-ਵੱਡੇ ਯੋਧੇ ਉਸ ਦੇ ਚਾਰੇ ਪਾਸੇ ਰਾਖੀ ਕਰਦੇ ਸਨ। ਉਹ ਸ਼ਸਤਰਾਂ ਅਸਤਰਾਂ ਨੂੰ ਧਾਰਨ ਵਾਲੇ ਸਨ॥੨੦॥

ਘੰਟਮਾਲ ਇਕ ਮਗ ਮਹਿਂ ਅਹੈ। ਸ਼ਤ੍ਰੁ ਜਾਨਿ ਬਾਜਹਿ ਸੁਧ ਕਹੈ।
ਸ਼ਬਦ ਘੰਟ ਰਾਜਾ ਸੁਨਿ ਪਾਵੈ। ਹੁਇ ਸੁਚੇਤੋ ਬਡ ਸੈਨ ਪਠਾਵੈ॥ ੨੧॥

ਰਾਹ ਦੇ ਵਿਚ ਇਕ ਘੰਟੀਆਂ ਦੀ ਮਾਲਾ ਸੀ, ਵੈਰੀ ਪਛਾਣ ਕੇ ਉਹ ਵੱਜ ਪੈਂਦੀ ਸੀ ਤੇ ਰਾਜੇ ਨੂੰ ਖ਼ਬਰ ਦੇ ਦਿੰਦੀ ਸੀ। ਘੰਟੀਆਂ ਦੀ ਆਵਾਜ਼ ਰਾਜਾ ਸੁਣ ਲੈਂਦਾ ਸੀ ਤੇ ਸੁਚੇਤ ਹੋ ਕੇ ਵੱਡੀ ਸੈਨਾ ਭੇਜ ਦਿੰਦਾ ਸੀ ॥੨੧॥

ਚੱਕ੍ਰ ਬਨਾਯੋ ਇਕ ਮੰਤ੍ਰਨ ਕਰਿ। ਬੂਝਤਿ ਸ਼ੱਤ੍ਰੁ ਬੇਗ ਸਿਰ ਦੇ ਹਰਿ।
ਇਸ ਬਿਧਿ ਕੋ ਲਖਿ ਕੈ ਘਨ ਸ਼ਯਾਮ। ਤਜਯੋ ਪ੍ਰਵੇਸ਼ ਦ੍ਵਾਰ ਅਭਿਰਾਮ ॥੨੨॥

ਮੰਤਰਾਂ ਦੇ ਬਲ ਨਾਲ ਇਕ ਚੱਕਰ ਬਣਾਇਆ ਹੋਇਆ ਸੀ, ਜਿਹੜਾ ਵੈਰੀ ਨੂੰ ਸਮਝ ਕੇ ਤੁਰਤ ਉਸ ਦਾ ਸਿਰ ਨਾਸ਼ ਕਰ ਦਿੰਦਾ ਸੀ। ਰਾਜੇ ਜਰਾਸੰਧ ਦੀ ਇਹ ਵਿਧੀ ਸਮਝ ਕੇ ਸ੍ਰੀ ਕ੍ਰਿਸ਼ਨ ਜੀ ਨੇ ਮਨੋਹਰ ਪ੍ਰਵੇਸ਼ ਦਵਾਰ ਨੂੰ ਛੱਡ ਦਿੱਤਾ ॥੨੨॥

ਹੁਇ ਪਸ਼ਚਾਤ ਕੋਟ ਚਢਿ ਗਏ। ਅਰਜਨ ਭੀਮ ਸੰਗ ਦ੍ਵੈ ਲਏ।
ਕੂਦ ਤਹਾਂ ਤੇ ਅੰਤਰ ਬਰੇ। ਭੂਪਤਿ ਨਿਕਟਿ ਜਾਇ ਭੇ ਖਰੇ ॥ ੨੩ ॥

ਪਿੱਛੇ ਦੀ ਹੋ ਕੇ ਕਿਲ੍ਹੇ ਤੇ ਚੜ੍ਹ ਗਏ, ਅਰਜਨ ਅਤੇ ਭੀਮ ਨੂੰ ਨਾਲ ਲੈ ਲਿਆ। ਉਥੋਂ ਛਾਲ ਮਾਰ ਕੇ ਅੰਦਰ ਵੜ ਗਏ ਤੇ ਰਾਜੇ ਜਰਾਸੰਧ ਦੇ ਪਾਸ ਜਾ ਕੇ ਖਲੋ ਗਏ ॥੨੩॥

ਤਿਸ ਦਿਨ ਜਰਾਸੰਧ ਮਹਿਪਾਲ। ਦੇਖਤਿ ਭਾ ਅਪਸ਼ਗਨ ਬਿਸਾਲ।
ਬੈਠਯੋ ਦਾਨ ਕਰਤਿ ਧਨ ਭਾਰੇ। ਜਾਚਕ ਖਰੇ ਸਮੀਪ ਨਿਹਾਰੇ ॥ ੨੪ ॥

ਉਸ ਦਿਨ ਰਾਜਾ ਜਰਾਸੰਧ ਨੇ ਬਹੁਤ ਅਪਸ਼ਗਨ ਵੇਖੇ। ਬੈਠ ਕੇ ਭਾਰੀ ਧਨ ਦਾਨ ਕਰ ਰਿਹਾ ਸੀ, ਮੰਗਤੇ ਪਾਸ ਖੜੇ ਵੇਖੇ ॥੨੪॥

ਕ੍ਰਿਸ਼ਨ ਭੀਮ ਅਰਜਨ ਕੀ ਓਰ। ਮਹਿਪਾਲਕ ਅਵਿਲੋਕਯੋ ਘੋਰ।
ਦਰਸ ਅਪੂਰਬ ਕਿਤ ਤੇ ਆਏ। ਇਹ ਛੱਤ੍ਰੀ ਦਿਜ ਬੇਖ ਬਨਾਏ ॥ ੨੫ ॥

ਸ੍ਰੀ ਕ੍ਰਿਸ਼ਨ, ਭੀਮ ਅਤੇ ਅਰਜਨ ਵਲ ਰਾਜੇ ਬੁਰੀ ਤਰ੍ਹਾਂ ਵੇਖਿਆ ਤੇ ਸੋਚਿਆ, ਅਸਚਰਜ ਵੇਖਿਆ ਹੈ, ਇਹ ਕਿਥੋਂ ਆਏ ਹਨ, ਇਹ ਖੱਤਰੀਆਂ ਨੇ ਬ੍ਰਾਹਮਣਾਂ ਦਾ ਭੇਸ ਧਾਰਨ ਕੀਤਾ ਹੈ ॥੨੫॥

ਧਨੁਖ ਘਾਸ ਇਨ ਸਭਿ ਕੇ ਹਾਥ। ਕਯਾ ਇਹ ਕਰਹਿਂ ਕਪਟ ਕੇ ਸਾਥ।
ਉਠਯੋ ਭੂਪ ਤਿਨ ਕੇ ਢਿਗ ਗਯੋ। ਬੁਧਿ ਬਲ ਤੇ ਸਭਿ ਜਾਨਤਿ ਭਯੋ ॥੨੬॥

ਧਨੁੱਖ ਦੀਆਂ ਘਾਸੀਆਂ ਇਨ੍ਹਾਂ ਸਭ ਦੇ ਪਾਸ ਹਨ, ਇਹ ਕਪਟ ਕਰਕੇ ਕੀ ਕਰਨਗੇ। ਰਾਜਾ ਉੱਠ ਕੇ ਉਨ੍ਹਾਂ ਦੇ ਪਾਸ ਆਇਆ ਤੇ ਬੁੱਧੀ ਬਲ ਨਾਲ ਸਭ ਕੁਝ ਜਾਣ ਗਿਆ ॥੨੬॥

'ਕਹਯੋ ਤਿਨਹੁ ਸੋਂ ਕੋ ਤੁਮ ਅਹੋ? ਨਹੀਂ ਬਿੱਪ੍ਰ ਤਨ ਸਾਚੀ ਕਹੋ।
ਸੀਧੇ ਮਗ ਨਹਿਂ ਅੰਤਰ ਆਏ। ਕੋਟ ਕੂਦਿ ਪਹੁੰਚੇ ਪਿਛਵਾਏ ॥ ੨੭॥

ਉਨ੍ਹਾਂ ਨੂੰ ਕਿਹਾ, "ਤੁਸੀਂ ਕੌਣ ਹੋ? ਤੁਹਾਡੇ ਬ੍ਰਾਹਮਣ ਵਾਲੇ ਸਰੀਰ ਨਹੀਂ ਹਨ, ਸੱਚੀ ਗੱਲ ਕਹੋ। ਸਿੱਧੇ ਰਸਤੇ ਰਾਹੀਂ ਨਹੀਂ ਆਏ ਹੋ, ਪਿਛਲੇ ਪਾਸੇ ਦੀ ਕਿਲ੍ਹਾ ਟੱਪ ਕੇ ਆਏ ਹੋ ॥੨੭॥

ਦੋਹਰਾ– ਸੂਧੇ ਮਗ ਜੇ ਆਵਤੇ ਘੰਟਾ ਸ਼ਬਦ ਕਰੰਤਿ।
ਚੱਕ੍ਰ ਭਯਾਨਕ ਛਿਨਕ ਮਹਿਂ ਧਰ ਤੇ ਸਿਰ ਉਤਰੰਤਿ' ॥ ੨੮ ॥

ਜੇ ਤੁਸੀਂ ਸਿੱਧੇ ਰਸਤੇ ਰਾਹੀਂ ਆਉਂਦੇ ਤਾਂ ਘੰਟਾ ਆਪਣੀ ਆਵਾਜ਼ ਕਰਦਾ ਤੇ ਭਿਆਨਕ ਚੱਕਰ ਛਿਣ ਵਿਚ ਤੁਹਾਡਾ ਸਿਰ ਧੜ ਨਾਲੋਂ ਵੱਖ ਕਰ ਦਿੰਦਾ" ॥੨੮॥

ਚੌਪਈ- ਸੁਨਿ ਘਨ ਸ਼੍ਯਾਮ ਬਖਾਨਜੋ ਤਿਸੇ। 'ਚਤੁਰ ਪੁਰਖ ਚਹਿਂ ਗਹਿ ਰਿਪੁ ਜਿਸੇ।
ਸੂਧੇ ਮਗ ਸੋ ਆਵਤਿ ਨਾਂਹੀ। ਅਪਨੋ ਕਾਜ ਕਰਨ ਕੋ ਚਾਹੀਂ' ॥੨੯॥

ਇਹ ਸੁਣ ਕੇ ਕ੍ਰਿਸ਼ਨ ਨੇ ਕਿਹਾ, "ਚਤੁਰ ਪੁਰਖ ਜਿਸ ਨੂੰ ਚਾਹੁਣ ਦੁਸ਼ਮਣ ਸਮਝ ਕੇ ਫੜ ਸਕਦੇ ਹਨ। ਸਿੱਧੇ ਰਾਹ ਉਹ ਨਹੀਂ ਆਉਂਦੇ ਹਨ ਤੇ ਆਪਣਾ ਕਾਰਜ ਕਰਨਾ ਚਾਹੁੰਦੇ ਹਨ" ॥੨੯॥

ਜਰਾਸੰਧ ਭਾਖਜੋ ਬਚ ਤਬੈ। 'ਬੈਰ ਕਰਜੋ ਹਮ ਸੋਂ ਤੁਮ ਕਬੈ?
ਮੈਂ ਤੋ ਕਿਹ ਸੋਂ ਕਰੋਂ ਨ ਦ੍ਵੈਸ਼। ਤੁਮ ਕਿਮ ਜਾਨਹੁ, ਕਹੋ ਅਸ਼ੇਸ਼' ॥੩੦॥

ਜਰਾਸੰਧ ਨੇ ਫਿਰ ਬਚਨ ਕਹੇ, "ਤੂੰ ਕਦ ਸਾਡੇ ਨਾਲ ਵੈਰ ਕੀਤਾ ਹੈ? ਮੈਂ ਤਾਂ ਕਿਸੇ ਨਾਲ ਵੀ ਈਰਖਾ ਨਹੀਂ ਕਰਦਾ ਹਾਂ, ਤੁਸੀਂ ਕਿਸ ਤਰ੍ਹਾਂ ਜਾਣਦੇ ਹੋ, ਇਸ ਬਾਰੇ ਦੱਸੋ" ॥੩੦॥

ਕਹਜੋ ਕ੍ਰਿਸ਼ਨ 'ਜੇ ਬੈਰ ਨ ਕਾਹੂ। ਬੀਸ ਸਹਸ੍ਰ ਅਠ ਸਤ ਨਰ ਨਾਹੂ।
ਕਜੋਂ ਇਹ ਬਾਂਧਿ ਕੈਦ ਮਹਿਂ ਡਾਰੇ? ਮਖ ਮਹਿਂ ਚਾਹਤਿ ਹੈਂ ਇਨ ਮਾਰੇ ॥੩੧॥

ਕ੍ਰਿਸ਼ਨ ਨੇ ਫਿਰ ਕਿਹਾ, "ਜੇ ਕਿਸੇ ਨਾਲ ਵੈਰ ਨਹੀਂ ਹੈ ਤਾਂ ਫਿਰ ਵੀਹ ਹਜ਼ਾਰ ਅੱਠ ਸੋ ਰਾਜੇ ਕਿਉਂ ਕੈਦ ਕੀਤੇ ਹਨ? ਕਿਉਂ ਇਨ੍ਹਾਂ ਨੂੰ ਬੰਨ੍ਹ ਕੇ ਕੈਦ ਵਿਚ ਪਾਇਆ ਹੈ? ਦਿਲ ਵਿਚ ਇਨ੍ਹਾਂ ਨੂੰ ਮਾਰਨਾ ਚਾਹੁੰਦਾ ਹੈਂ? ॥੩੧॥

ਇਸ ਤੇ ਪਰੇ ਬੈਰ ਕਜਾ ਹੋਇ। ਇਤੇ ਨਰਿੰਦ ਬਿਨਾਸੈ ਕੋਇ।
ਸਕਲ ਜਗਤ ਕੀ ਰੱਛਜਾ ਕਾਰਨ। ਮੈਂ ਮਾਨੁਖ ਤਨ ਕੀਨਸਿ ਧਾਰਨਿ ॥੩੨॥

ਇਸ ਤੋਂ ਪਰ੍ਹੇ ਹੋਰ ਕਿਹੜਾ ਵੈਰ ਹੁੰਦਾ ਹੈ, ਏਨੇ ਰਾਜਿਆਂ ਨੂੰ ਕੋਈ ਕਿਉਂ ਮਾਰ ਦੇਵੇ। ਸਾਰੇ ਜਗਤ ਦੀ ਰੱਖਿਆ ਕਾਰਨ ਮੈਂ ਮਨੁੱਖਾ ਸਰੀਰ ਧਾਰਨ ਕੀਤਾ ਹੈ ॥੩੨॥

ਮਨ ਮਹਿਂ ਚਿਤਵਜੋ ਬਡ ਅਪਰਾਧ। ਕੌਨ ਸ਼ਲਾਘਾ ਕਰਿ ਹੈ ਸਾਧ।
ਯਾਤੇ ਤੋਹਿ ਹਤਨਿ ਕੇ ਹੇਤ। ਬਿੱਪ੍ਰ ਬੇਸ ਤੇ ਆਇ ਨਿਕੇਤ॥ ੩੩॥

ਮਨ ਵਿਚ ਵੱਡਾ ਅਪਰਾਧ ਚਿਤਵਿਆ ਹੈ, ਕਿਹੜਾ ਭਲਾ ਪੁਰਸ਼ ਇਸ ਕਾਰਜ ਦੀ ਸ਼ਲਾਘਾ ਕਰੇਗਾ, ਇਸ ਕਰਕੇ ਤੈਨੂੰ ਮਾਰਨ ਵਾਸਤੇ, ਬ੍ਰਾਹਮਣ ਦਾ ਭੇਸ ਧਾਰ ਕੇ ਤੇਰੇ ਘਰ ਵਿਚ ਆਏ ਹਾਂ ॥੩੩॥

ਨਾਂਹਿ ਤ ਸਭਿ ਰਾਜਨਿ ਕੋ ਛੋਰਿ। ਚਲੀਏ ਸੰਗ ਜੁਧਿਸ਼ਟਰ ਓਰ।
ਪਰਹੁ ਪਾਂਇ ਨਿਜ ਪ੍ਰਾਨ ਬਚਾਵਹੁ। ਦੀਨ ਹੋਇ ਅਬਿ ਰਾਜ ਕਮਾਵਹੁ ॥੩੪॥

ਨਹੀਂ ਤਾਂ ਸਾਰੇ ਰਾਜਿਆਂ ਨੂੰ ਛੱਡ ਦੇਵੋ ਤੇ ਮੇਰੇ ਨਾਲ ਯੁਧਿਸ਼ਟਰ ਪਾਸ ਚਲੋ। ਉਸ ਦੇ ਚਰਨੀਂ ਪੈ ਕੇ ਆਪਣੇ ਪ੍ਰਾਣ ਬਚਾ ਲਵੋ, ਦੀਨ ਹੋ ਕੇ ਹੁਣ ਰਾਜ ਕਰੋ ॥੩੪॥

ਨਾਂਹਿਤ ਹੁਇ ਹੈ ਜੁੱਧ ਹਮਾਰਾ। ਜੀਤਹਿਂਗੇ ਤੁਝ ਧਾਰਿ ਅਖਾਰਾ।
ਕਿਧੌਂ ਹਮਹਿ ਤੁਮ ਜੀਤਨਿ ਕਰੀਏ। ਪੀਛੇ ਮਨ ਭਾਵਤਿ ਅਨੁਸਰੀਏ' ॥੩੫॥

ਨਹੀਂ ਤਾਂ ਸਾਡਾ ਹੁਣ ਯੁੱਧ ਹੋਵੇਗਾ, ਅਖਾੜਾ ਬਣਾ ਕੇ ਤੈਨੂੰ ਜਿੱਤਾਂਗੇ ਜਾਂ ਤੂੰ ਸਾਨੂੰ ਜਿੱਤ ਲਵੇਂ, ਪਿਛੋਂ ਜੋ ਤੁਹਾਡੇ ਮਨ ਭਾਉਂਦਾ ਹੈ, ਉਸ ਤਰ੍ਹਾਂ ਕਰੋ" ॥੩੫॥

ਸੁਨਿ ਕੈ ਜਰਾਸੰਧ ਰਿਸ ਧਾਰੀ। ਗਰਬਤਿ ਅਤਿ ਮੁਖ ਗਿਰਾ ਉਚਾਰੀ।
'ਇਤੀ ਸ਼ਕਤਿ ਰਣ ਕਰਿਬੇ ਕੇਰੀ। ਕਜੋਂ ਦਿਜ ਬੇਖ ਬਨਾਇ ਕੁਫੇਰੀ? ॥੩੬॥

ਇਹ ਸੁਣ ਕੇ ਜਰਾਸੰਧ ਗੁੱਸੇ ਵਿਚ ਆ ਗਿਆ। ਬੜੇ ਹੰਕਾਰ ਵਿਚ ਆ ਕੇ ਆਪਣੇ ਮੁਖ ਤੋਂ ਬੋਲਿਆ, "ਯੁੱਧ ਕਰਨ ਦੀ ਤੇਰੀ ਏਨੀ ਸ਼ਕਤੀ ਹੈ, ਹੇ ਛਲੀਏ ! ਕਿਉਂ ਬ੍ਰਾਹਮਣਾਂ ਦਾ ਭੇਸ ਧਾਰਨ ਕੀਤਾ ਹੈ ? ॥੩੬॥

ਜੋ ਮੈਂ ਬਾਂਧ ਲਿਏ ਮਹਿਪਾਲਾ। ਕਿਹ ਸੋਂ ਕਰਜੋ ਨ ਕਪਟ ਕੁਢਾਲਾ।
ਜਿਮ ਤੁਮ ਆਏ ਕਪਟੀ ਹੋਇ। ਇਮ ਛੱਤ੍ਰੀ ਕਰਿ ਸਕਹਿ ਨ ਕੋਇ॥ ੩੭॥

ਜਿਹੜੇ ਰਾਜੇ ਮੈਂ ਕੈਦ ਕੀਤੇ ਹਨ, ਮੈਂ ਕਿਸੇ ਨਾਲ ਵੀ ਕਪਟ ਨਹੀਂ ਕੀਤਾ ਹੈ। ਜਿਵੇਂ ਤੁਸੀਂ ਕਪਟੀ ਹੋ ਕੇ ਆਏ ਹੋ, ਇਸ ਤਰ੍ਹਾਂ ਕੋਈ ਵੀ ਛੱਤਰੀ ਨਹੀਂ ਕਰ ਸਕਦਾ ਹੈ॥੩੭॥

ਮੈਂ ਜੀਤੇ ਇਮ ਸਕਲ ਨਰੇਸ਼। ਜੁੱਧ ਬਿਖੈ ਜੈ ਕਰੇ ਅਸ਼ੇਸ਼।
ਸੁਨਤਿ ਸ਼ਜਾਮਘਨ ਪੁਨਹਿ ਬਖਾਨਾ। 'ਕਜੋਂ ਅਸ ਕਰਤੋ ਮਾਨ ਮਹਾਨਾ॥੩੮॥

ਮੈਂ ਇਹ ਸਾਰੇ ਰਾਜੇ ਜਿੱਤੇ ਹਨ, ਯੁੱਧ ਵਿਚ ਵਿਸ਼ੇਸ਼ ਤੌਰ ਤੇ ਜਿੱਤ ਪ੍ਰਾਪਤ ਕੀਤੀ ਹੈ।" ਇਹ ਸੁਣ ਕੇ ਕ੍ਰਿਸ਼ਨ ਜੀ ਨੇ ਫਿਰ ਕਿਹਾ, "ਏਨਾ ਵੱਡਾ ਮਾਣ ਕਿਉਂ ਕਰਦਾ ਹੈਂ ? ॥੩੮॥

ਨ੍ਰਿਪਤਿ ਬਲੀ ਅਤਿ ਭਏ ਅਨੇਕ। ਅੰਤ ਕਾਲ ਮਹਿਂ ਰਹਜੋ ਨ ਏਕ।
ਹੁਤੋ ਨ ਬਲ ਜੇ ਹਮਰੇ ਮਾਂਹੈ। ਤੁਮ ਸਮ ਸੂਰ ਲਰਨ ਕਿਮ ਚਾਹੈਂ॥ ੩੯॥

ਹੋਰ ਵੀ ਅਨੇਕਾਂ ਸੂਰਬੀਰ ਰਾਜੇ ਹੋਏ ਹਨ, ਅੰਤ ਮਰ ਗਏ ਹਨ ਤੇ ਕੋਈ ਵੀ ਨਹੀਂ ਬਚਿਆ ਹੈ। ਜੇ ਸਾਡੇ ਵਿਚ ਬਲ ਨਾ ਹੁੰਦਾ ਤਾਂ ਤੁਹਾਡੇ ਵਰਗਾ ਸੂਰਮਾ ਸਾਡੇ ਨਾਲ ਕਿਵੇਂ ਲੜਨਾ ਚਾਹੁੰਦਾ॥੩੯॥

ਦੁਸ਼ਟ ਦਮਨ ਮਮ ਨਾਮ ਸਦੀਵਾ। ਪ੍ਰਗਟ ਕ੍ਰਿਸ਼ਨ ਤਨ ਮੈਂ ਅਬਿ ਥੀਵਾ।
ਭੀਮ ਸੈਨ ਇਹੁ ਦੇਖਹੁ ਸੂਰਾ। ਦੁਤਿਜੋ ਅਰਜਨ ਲਖਿ ਬਲਿ ਪੂਰਾ॥ ੪੦॥

ਦੁਸ਼ਟ ਦਮਨ ਸਦਾ ਹੀ ਮੇਰਾ ਨਾਮ ਹੈ, ਪ੍ਰਗਟ ਰੂਪ ਵਿਚ ਮੈਂ ਹੁਣ ਕ੍ਰਿਸ਼ਨ ਦਾ ਸਰੀਰ ਪਾਇਆ ਹੈ। ਭੀਮ ਸੈਨ ਇਹ ਸੂਰਮਾ ਵੇਖੋ, ਦੂਸਰਾ ਅਰਜਨ ਵੇਖ ਲਵੋ, ਪੂਰਨ ਬਲਵਾਨ ਹਨ॥੪੦॥

ਤੀਨਹੁ ਅਪਨੇ ਨਾਮ ਬਤਾਏ। ਦੁਹਿ ਮਹਿਂ ਕਰਹੁ ਜੁ ਇਕ ਮਨ ਭਾਏ।
ਤਜਹੁ ਕੈਦ ਤੇ ਭੂਪਤਿ ਸਾਰੇ। ਧਰਮਰਾਜ ਕੇ ਚਲਹੁ ਅਗਾਰੇ॥ ੪੧॥

ਆਪਣੇ ਤਿੰਨਾਂ ਦੇ ਨਾਮ ਦੱਸ ਦਿੱਤੇ ਹਨ, ਦੋਹਾਂ ਵਿਚੋਂ ਕਿਸੇ ਇਕ ਨਾਲ ਯੁੱਧ ਕਰੋ ਜਿਵੇਂ ਵੀ ਤੁਹਾਡੇ ਮਨ ਵਿਚ ਭਾਉਂਦਾ ਹੈ। ਜਾਂ ਸਾਰੇ ਰਾਜਿਆਂ ਨੂੰ ਕੈਦ ਵਿਚੋਂ ਛੱਡ ਦੇਵੋ ਤੇ ਧਰਮਰਾਜ ਯੁਧਿਸ਼ਟਰ ਦੇ ਸਾਹਮਣੇ ਚਲੋ॥੪੧॥

ਜੀਵਹੁ ਜਗਿ ਮਹਿਂ ਰਹੁ ਚਿਰਕਾਲਾ। ਭੋਗਹੁ ਰਾਜ ਅਨੰਦ ਬਿਸਾਲਾ।
ਨਾਂਹਿਤ ਜੁੱਧ ਕਰਹੁ ਹਮ ਸਾਥ। ਤ੍ਰੈ ਮਹਿਂ ਇਕ ਸੌਂਹੇ ਨਰ ਨਾਥ !' ॥ ੪੨॥

ਜਗ ਵਿਚ ਜੀਵੋ ਤੇ ਲੰਮੇ ਸਮੇਂ ਤਕ ਰਹੋ ਤੇ ਰਾਜ ਦਾ ਵਿਸ਼ਾਲ ਅਨੰਦ ਭੋਗੋ। ਨਹੀਂ ਤਾਂ ਸਾਡੇ ਨਾਲ ਯੁੱਧ ਕਰੋ।' ਹੇ ਰਾਜਾ ! ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਦੇ ਸਾਹਮਣੇ ਹੋ ਜਾਵੋ" ॥੪੨॥

ਸੁਨਤਿ ਭੂਪ ਉਰ ਕ੍ਰੋਧ ਵਧਾਵਾ। ਸਭਾ ਛੋਰਿ ਅੰਤਰ ਪ੍ਰਵਿਸ਼ਾਵਾ।
ਸੁਤ ਸਹਿਦੇਵ ਆਪਨੋ ਦੇਖਾ। ਰਾਜ ਤਿਲਕ ਅਭਿਖੇਕ ਅਸ਼ੇਖਾ॥ ੪੩॥

ਇਹ ਸੁਣ ਕੇ ਰਾਜੇ ਨੇ ਬੜਾ ਕ੍ਰੋਧ ਵਧਾਇਆ, ਸਭਾ ਛੱਡ ਕੇ ਅੰਦਰ ਪ੍ਰਵੇਸ਼ ਕਰ ਗਿਆ। ਆਪਣੇ ਪੁੱਤਰ ਸਹਿਦੇਵ ਨੂੰ ਵੇਖਿਆ ਤੇ ਉਸ ਨੂੰ ਵਿਧੀ ਅਨੁਸਾਰ ਰਾਜ ਤਿਲਕ ਦੇ ਦਿੱਤਾ॥੪੩॥

ਪੁਨ ਬਾਹਰ ਆਯੋ ਹਰਿ ਪਾਸ। ਬੋਲਯੋ ਅਪਨੋ ਓਜ ਪ੍ਰਕਾਸ਼।
'ਤੁਮ ਤੀਨਹੁੰ ਮੁਝ ਘਰ ਚਲਿ ਆਏ। ਲਰਹੁ ਮੋਹਿ ਸੋਂ ਕ੍ਰੋਧ ਬਧਾਏ ॥ ੪੪ ॥

ਫਿਰ ਬਾਹਰ ਕ੍ਰਿਸ਼ਨ ਜੀ ਪਾਸ ਆ ਗਿਆ ਤੇ ਆਪਣੀ ਸ਼ਕਤੀ ਦਾ ਪ੍ਰਕਾਸ਼ ਕਰਕੇ ਬੋਲਿਆ, "ਤੁਸੀਂ ਤਿੰਨੇ ਮੇਰੇ ਘਰ ਚਲ ਕੇ ਆਏ ਹੋ, ਮੇਰੇ ਨਾਲ ਕ੍ਰੋਧ ਵਧਾ ਕੇ ਲੜੋ ॥੪੪॥

ਮੈਂ ਤੀਨਹੁੰ ਸੋ ਏਕਲ ਲਰਿ ਹੋਂ। ਮਹਾਂ ਓਜ ਅਪਨੇ ਮਹਿਂ ਧਰਿ ਹੋਂ।
ਤੁਮ ਤੀਨਹੁੰ ਕੋ ਕਰਹੁੰ ਸੰਘਾਰ। ਕੈ ਮੁਝ ਕੋ ਲਰ ਕੈ ਲਿਹੁ ਮਾਰਿ ॥ ੪੫ ॥

ਮੈਂ ਤਿੰਨਾਂ ਨਾਲ ਇਕੱਲਾ ਹੀ ਲੜਾਂਗਾ, ਮਹਾਨ ਸ਼ਕਤੀ ਆਪਣੇ ਵਿਚ ਧਾਰਨ ਕਰਾਂਗਾ। ਤੁਹਾਨੂੰ ਤਿੰਨਾਂ ਨੂੰ ਮਾਰ ਦੇਵਾਂਗਾ ਜਾਂ ਲੜ ਕੇ ਮੈਨੂੰ ਮਾਰ ਲਵੋ" ॥੪੫॥

ਸੁਨਿ ਘਨਸ਼ਯਾਮ ਉਚਾਰਨ ਕੀਨਿ। 'ਏਕਲ ਸੋਂ ਹਮ ਲਰਹਿਂ ਜਿ ਤੀਨ।
ਅਹੈਂ ਅਨੁਚਿਤ, ਕਰਹਿ ਕੋ ਐਸੇ। ਨਿਰਬਲ ਹੋਇ ਕਰਤਿ ਬਿਧਿ ਤੈਸੇ ॥ ੪੬ ॥

ਇਹ ਸੁਣ ਕੇ ਸ੍ਰੀ ਕ੍ਰਿਸ਼ਨ ਨੇ ਕਿਹਾ, "ਇਕੱਲੇ ਨਾਲ ਜੇ ਅਸੀਂ ਤਿੰਨ ਜਣੇ ਲੜਾਂਗੇ ਤਾਂ ਅਨੁਚਿਤ ਗੱਲ ਕਰਾਂਗੇ। ਅਸੀਂ ਇਹ ਮਰਯਾਦਾ ਰਹਿਤ ਕਾਰਜ ਕਿਵੇਂ ਕਰ ਸਕਦੇ ਹਾਂ, ਜਿਹੜੇ ਕਮਚੋਰ ਹੁੰਦੇ ਹਨ, ਉਹ ਇਸ ਵਿਧੀ ਅਨੁਸਾਰ ਕਰਦੇ ਹਨ ॥੪੬॥

ਹਮ ਤੇ ਅਪਨੋ ਬਲ ਲਘੁ ਜਾਨਿ। ਇਕ ਕੌ ਜਾਚਿ ਲੇਹੁ ਬੁਧਿਵਾਨ।
ਦੋਨਹੁੰ ਲਰਹਿਂ ਨ ਬੋਲਹਿ ਔਰ। ਬਲ ਬਿਸਾਲ ਸੋਂ ਸੰਘਰ ਠੌਰ ॥ ੪੭ ॥

ਸਾਡੇ ਨਾਲੋਂ ਆਪਣੀ ਸ਼ਕਤੀ ਘੱਟ ਜਾਣੇ, ਹੇ ਬੁਧੀਵਾਨ ! ਸਾਡੇ ਵਿਚੋਂ ਕਿਸੇ ਇਕ ਨੂੰ ਮੰਗ ਲਵੋ, ਦੋਵੇਂ ਲੜਨਗੇ ਹੋਰ ਕੋਈ ਨਹੀਂ ਬੋਲੇਗਾ, ਵਿਸ਼ਾਲ ਬਲ ਦੇ ਨਾਲ ਸ਼ੰਘਰਸ਼ ਕਰੋ" ॥੪੭॥

ਜਰਾਸੰਧ ਤਬਿ ਬਾਕ ਉਚਾਰੇ। 'ਤੁਮ ਬਹੁ ਬਾਰਿ ਮੋਹਿਤੇ ਹਾਰੇ।
ਕਰਯੋ ਪਲਾਵਨਿ ਬਾਰਿ ਸਤਾਰਾ। ਮਥਰਾ ਤਯਾਗੀ ਆਨ ਪਧਾਰਾ ॥ ੪੮ ॥

ਜਰਾਸੰਧ ਨੇ ਫਿਰ ਕਿਹਾ, "ਤੁਸੀਂ ਬਹੁਤ ਵਾਰ ਮੈਥੋਂ ਹਾਰੇ ਹੋ, ਸਤਾਰਾਂ ਵਾਰ ਮੈਥੋਂ ਹਾਰ ਕੇ ਭੱਜ ਗਿਆ ਹੈਂ, ਮਥਰਾ ਛੱਡ ਕੇ ਕਿਸੇ ਹੋਰ ਥਾਂ ਚਲੇ ਗਿਆ ਹੈਂ ॥੪੮॥

ਤੁਮ ਸੋਂ ਲਰਤਿ ਲਾਜ ਮੁਹਿ ਆਵੈ। ਬਸਯੋ ਦ੍ਵਾਰਕਾ ਤਜਿ ਰਣਥਾਵੈ।
ਬਡੋ ਨਿਲਾਜ ਸਦਾ ਤੁਮ ਜਨੀਯਤਿ। ਮਹਾਂਭੀਰੁ ਜੋਧਨਿ ਮਹਿਂ ਗਿਨੀਯਤਿ ॥੪੯ ॥

ਤੁਹਾਡੇ ਨਾਲ ਲੜਦਿਆਂ ਮੈਨੂੰ ਸ਼ਰਮ ਆਉਂਦੀ ਹੈ, ਯੁੱਧ ਭੂਮੀ ਨੂੰ ਛੱਡ ਕੇ ਦਵਾਰਕਾ ਜਾ ਵੱਸਿਆ ਹੈਂ, ਤੁਸੀਂ ਵੱਡੇ ਲਾਜ ਰਹਿਤ ਜਾਣੇ ਜਾਂਦੇ ਹੋ। ਯੋਧਿਆਂ ਵਿਚ ਤੁਸੀਂ ਬਹੁਤ ਕਾਇਰ ਗਿਣੇ ਜਾਂਦੇ ਹੋ ॥੪੯॥

ਅਰਜਨ ਧਨੁ ਬਿੱਦਜਾ ਮਹਿਂ ਮਹਾਂ। ਛੋਰਤਿ ਬਾਣ ਦੂਰ ਰਿਪੁ ਜਹਾਂ।
ਬਲ ਮੈਂ ਲਘੁ ਜਾਨਤਿ ਹੌਂ ਦੋਊ। ਹੀਨ ਸਾਥ ਭਟ ਲਰਹਿ ਨ ਕੋਊ ॥ ੫੦ ॥

ਅਰਜਨ ਧਨੁੱਖ ਵਿਦਿਆ ਵਿਚ ਮਹਾਨ ਹਨ, ਦੂਰ ਖੜੇ ਵੈਰੀ ਤੇ ਵੀ ਬਾਣ ਛੱਡ ਦਿੰਦੇ ਹਨ, ਪਰ ਤੁਹਾਨੂੰ ਦੋਹਾਂ ਨੂੰ ਮੈਂ ਸ਼ਕਤੀ ਵਿਚ ਘੱਟ ਜਾਣਦਾ ਹਾਂ, ਮਾੜੇ ਨਾਲ ਕੋਈ ਸੂਰਮਾ ਵੀ ਨਹੀਂ ਲੜਦਾ ਹੈ ॥੫੦॥

ਪੌਨ ਪੁੱਤ੍ਰ ਇਕ ਤੁਮ ਮਹਿ ਭਾਰੀ। ਸੋ ਜੇ ਠਹਿਰੈ ਮੋਹਿ ਅਗਾਰੀ।
ਇਕ ਕੇ ਸਾਥ ਜੁੱਧ ਮਮ ਹੋਇ। ਦੇਖਹੁ ਸਭਿਹਿ ਲਰਹਿਂ ਹਮ ਦੋਇ' ॥ ੫੧ ॥

ਪੌਨ ਪੁੱਤਰ ਭੀਮ ਤੁਹਾਡੇ ਵਿਚ ਸਾਰਿਆਂ ਨਾਲੋਂ ਭਾਰੀ ਹੈ, ਉਹ ਜੇ ਮੇਰੇ ਅੱਗੇ ਠਹਿਰ ਸਕੇ। ਇਕ ਦੇ ਨਾਲ ਮੇਰਾ ਯੁੱਧ ਹੋਵੇਗਾ, ਸਾਰੇ ਲੋਕ ਵੇਖੇ, ਅਸੀਂ ਦੋਵੇਂ ਲੜਾਂਗੇ" ॥੫੧॥

*ਗਿਆਰ੍ਹਵੀਂ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ ॥੬੦॥*

# ਅਧਿਆਇ ਇਕਾਹਠਵਾਂ

### ਜਰਾਸੰਧ ਦਾ ਬੱਧ

*ਦੋਹਰਾ-* 'ਰਤਨ ਜਟਤਿ ਸਿਰ ਮੁਕਟ ਕੋ ਭੂਪਤਿ ਧਰਜੋ ਉਤਾਰ।
ਜੂੜਾ ਕੇਸਨ ਕੋ ਕਰਜੋ ਦ੍ਰਿੜ੍ਹ ਪਗੀਆ ਕੋ ਧਾਰਿ॥ ੧॥

ਸਿਰ ਉਤੇ ਧਾਰਨ ਕੀਤੇ ਰਤਨਾਂ ਜੜੇ ਮੁਕਟ ਨੂੰ ਰਾਜੇ ਨੇ ਉਤਾਰ ਦਿੱਤਾ ਤੇ ਕੇਸਾਂ ਦਾ ਜੂੜਾ ਕਰਕੇ ਘੁੱਟ ਕੇ ਪੱਗ ਬੰਨ੍ਹ ਲਈ॥੧॥

*ਚੌਪਈ-* ਕਟ ਕਹੁ ਕਸਿ ਕੈ ਹੋਯੋ ਤਯਾਰ। ਗਰਜਯੋ ਭੈਰਵ ਸ਼ਬਦ ਉਦਾਰ।
ਭੀਮ ਸੈਨ ਇਤ ਭਯੋ ਸੁਚੇਤ। ਠੋਕੇ ਭੁਜਾਦੰਡ ਰਣ ਹੇਤੁ॥ ੨॥

ਲੱਕ ਤੇ ਕਮਰਕਸਾ ਕਸ ਕੇ ਤਿਆਰ ਹੋ ਗਿਆ ਤੇ ਬੜਾ ਭਿਆਨਕ ਸ਼ਬਦ ਕਰਕੇ ਰਣਖੇਤਰ ਵਿਚ ਆ ਗਿਆ। ਏਧਰ ਭੀਮ ਸੈਨ ਵੀ ਸੁਚੇਤ ਹੋ ਗਿਆ ਤੇ ਯੁੱਧ ਕਰਨ ਵਾਸਤੇ ਆਪਣੀਆਂ ਬਾਹਾਂ ਨੂੰ ਠੋਕਿਆ॥੨॥

ਕ੍ਰੋਧ ਭਰੇ ਦੋਨਹੁੰ ਬਲਵਾਨ। ਭਿਰੇ ਪਰਸਪਰ ਮਹਾਂ ਭਯਾਨ।
ਪ੍ਰਥਮ ਪ੍ਰਹਾਰ ਮੁਸ਼ਟ ਕੇ ਕਰੇ। ਉਠਯੋ ਸ਼ਬਦ ਜਿਮ ਲੋਹਾ ਘਰੇ॥ ੩॥

ਦੋਵੇਂ ਬਲਵਾਨ ਸੂਰਮੇ ਕ੍ਰੋਧ ਨਾਲ ਭਰ ਗਏ ਤੇ ਆਪਸ ਵਿਚ ਵਿਕਰਾਲ ਰੂਪ ਵਿਚ ਭਿੜ ਪਏ। ਪਹਿਲਾਂ ਇਕ ਦੂਸਰੇ ਨੂੰ ਮੁਕੀਆਂ ਮਾਰਦੇ ਸਨ ਤੇ ਇਸ ਤਰ੍ਹਾਂ ਆਵਾਜ਼ ਆਉਂਦੀ ਸੀ ਜਿਵੇਂ ਲੋਹਾ ਘੜਿਆ ਜਾਂਦਾ ਹੈ॥੩॥

ਮਨੋ ਬ੍ਰਿਖਭ ਅਤਿ ਬਲੀ ਭਿਰੇ ਹੈਂ। ਜਿਮ ਕੁੰਚਰ ਕਰਿ ਕੋਪ ਲਰੇ ਹੈਂ।
ਲਪਟ ਗਏ ਅੰਗਨਿ ਸੋਂ ਅੰਗ। ਪਾਇ ਅਰੋਪਹਿਂ ਬਲ ਕੇ ਸੰਗ॥ ੪॥

ਮਾਨੋ ਬਲਵਾਨ ਸਾਨ੍ਹ ਭਿੜ ਰਹੇ ਹਨ, ਜਿਵੇਂ ਦੋ ਹਾਥੀ ਕ੍ਰੋਧ ਕਰਕੇ ਲੜ ਰਹੇ ਹੋਣ। ਇਕ ਦੂਸਰੇ ਦੇ ਅੰਗਾਂ ਨਾਲ ਲਿਪਟ ਗਏ ਤੇ ਬੜੀ ਸ਼ਕਤੀ ਦੇ ਨਾਲ ਪੈਰ ਲਾਉਂਦੇ ਸਨ॥੪॥

ਕਬੈ ਭੀਮ ਕੋ ਭੂਪ ਧਕਾਵੈ। ਕਬੈ ਭੂਪ ਕੋ ਭੀਮ ਲਿਜਾਵੈ।
ਕਬਹੂ ਸੀਸ ਸੀਸ ਪਰ ਮਾਰੈਂ। ਘੋਰ ਨਾਦ ਕੋ ਦੂਊ ਉਚਾਰੈਂ॥ ੫॥

ਕਦੇ ਭੀਮ ਨੂੰ ਰਾਜਾ ਧੱਕ ਦਿੰਦਾ ਸੀ, ਕਦੇ ਰਾਜੇ ਨੂੰ ਭੀਮ ਲੈ ਜਾਂਦਾ ਸੀ। ਕਦੇ ਸਿਰ ਨੂੰ ਸਿਰ ਨਾਲ ਮਾਰਦੇ ਸਨ। ਬੜੀ ਉੱਚੀ ਆਵਾਜ਼ ਵਿਚ ਦੋਵੇਂ ਕੂਕਦੇ ਸਨ॥੫॥

ਸੁਨਿ ਕਰਿ ਲੋਗ ਨਗਰ ਕੇ ਸਾਰੇ। ਚਿੰਤਾਤੁਰ ਤ੍ਰਾਸਤਿ ਉਰ ਭਾਰੇ।
ਸੁਭਟ ਪੁਰਖ ਬਾਲਿਕ ਅਰ ਜ੍ਵਾਨ। ਬ੍ਰਿਧ ਨਰ ਆਇ ਨਾਰਿ ਤਿਸ ਥਾਨ॥ ੬॥

ਇਹ ਸੁਣ ਕੇ ਨਗਰ ਦੇ ਸਾਰੇ ਲੋਕ ਫਿਕਰਮੰਦ ਹੋ ਕੇ ਦਿਲ ਵਿਚ ਬਹੁਤ ਡਰ ਗਏ। ਸੂਰਬੀਰ, ਬਾਲਕ, ਜਵਾਨ ਅਤੇ ਬ੍ਰਿਧ ਮਨੁੱਖ ਅਤੇ ਇਸਤਰੀਆਂ ਉਸ ਸਥਾਨ ਤੇ ਆਈਆਂ॥੬॥

ਅੰਦਰ ਮੰਦਰਿ ਪਰ ਚਢਿ ਕਰਿ ਕੈ। ਚਿੰਤਾਤੁਰ ਭੈ ਧਰਹਿਂ ਨਿਹਰਿ ਕੈ।
ਮਹਾਂ ਭੀਰ ਚਾਰਹੁੰ ਦਿਸ਼ਿ ਮਾਂਹਿ। ਦੇਖਹਿਂ ਸੰਘਰ ਕਿਤਿਕ ਉਮਾਹਿ॥ ੭॥

ਅੰਦਰ ਮਹਿਲਾਂ ਤੇ ਚੜ੍ਹ ਕੇ ਦੋਵਾਂ ਸੂਰਮਿਆਂ ਦਾ ਭੇੜ ਵੇਖ ਚਿੰਤਾ ਅਤੇ ਭੈ ਧਾਰਨ ਕਰਦੇ ਸਨ। ਚਾਰੇ ਪਾਸੇ ਵੱਡੀ ਭੀੜ ਲੱਗੀ ਹੋਈ ਸੀ, ਕਈ ਬੜੇ ਉਤਸ਼ਾਹ ਨਾਲ ਸੰਘਰਸ਼ ਵੇਖ ਰਹੇ ਸਨ॥੭॥

ਨਿਕਟਿ ਭੀਰ ਬਹੁ ਪਹੁਚੀ ਦੇਖਿ। ਤਜਿ ਰਣ, ਕੀਨੇ ਦੂਰ ਅਸ਼ੇਖ।
ਇੰਦ੍ਰ ਬ੍ਰਿਤ੍ਰਾਸੁਰ ਜਨੁ ਦ੍ਵੈ ਲਰੇ। ਦੋਨਹੁਂ ਮਹਿਦ ਬੀਰ ਬਲ ਕਰੇ॥ ੮॥

ਨੇੜੇ ਬਹੁਤ ਭੀੜ ਹੋ ਗਈ ਵੇਖ ਕੇ ਉਹ ਰਣਖੇਤਰ ਛੱਡ ਕੇ ਬਹੁਤ ਦੂਰ ਚਲੇ ਗਏ। ਮਾਨੋ ਇੰਦਰ ਅਤੇ ਬ੍ਰਿਤ੍ਰਾਸੁਰ ਰਾਕਸ਼ ਆਪਸ ਵਿਚ ਲੜ ਰਹੇ ਸਨ। ਦੋਵੇਂ ਸੂਰਮੇ ਬਹੁਤ ਸ਼ਕਤੀ ਲਾ ਰਹੇ ਸਨ॥੮॥

ਜਨੁ ਕੇਹਰਿ ਕਰਿ ਕੋਪ ਬਿਸਾਲਾ। ਲਰਹਿਂ ਪਰਸਪਰ ਜੁੱਧ ਕਰਾਲਾ।
ਇਸ ਪ੍ਰਕਾਰ ਜੂਝੇ ਬਰਿਆਰ। ਬੀਤੇ ਦਿਨ ਲਰਤ ਦਸ ਚਾਰ॥ ੯॥

ਮਾਨੋ ਦੋ ਸ਼ੇਰ ਬਹੁਤ ਕ੍ਰੋਧ ਧਾਰ ਕੇ ਆਪਸ ਵਿਚ ਵਿਕਰਾਲ ਯੁੱਧ ਕਰਦੇ ਹੋਣ। ਇਸ ਪ੍ਰਕਾਰ ਦੋ ਬਲਵਾਨ ਲੜ ਰਹੇ ਸਨ। ਇਸ ਤਰ੍ਹਾਂ ਲੜਦਿਆਂ ਚੌਦਾਂ ਦਿਨ ਬੀਤ ਗਏ॥੯॥

ਦੇਖਤਿ ਸ੍ਰੀ ਪ੍ਰਭੁ ਤਿਨ ਕੀ ਓਰਾ। ਜਰਾਸੰਧ ਕੋ ਪਿਖਿ ਬਲ ਥੋਰਾ।
ਨਿਕਟਿ ਭੀਮ ਕੇ ਸੈਨ ਬੁਝਾਈ। 'ਭਯੋ ਸ਼੍ਰਮਤ ਰਿਪੁ ਦਿਹੁ ਬਿਨਸਾਈ॥੧੦॥

ਸ੍ਰੀ ਕ੍ਰਿਸ਼ਨ ਜੀ ਉਨ੍ਹਾਂ ਵਲ ਵੇਖ ਰਹੇ ਸਨ, ਜਦ ਜਰਾਸੰਧ ਦੀ ਸ਼ਕਤੀ ਨੂੰ ਉਨ੍ਹਾਂ ਭੀਮ ਨਾਲੋਂ ਘੱਟ ਜਾਣਿਆ ਤਾਂ ਭੀਮ ਦੇ ਪਾਸ ਜਾ ਕੇ ਸੈਨਤ ਕੀਤੀ, 'ਰਾਜਾ ਬਹੁਤ ਥੱਕ ਗਿਆ ਹੈ, ਇਸ ਨੂੰ ਮਾਰ ਦੇਵੋ॥੧੦॥

ਦੇਰ ਨ ਕਰਹੁ ਮਾਰਿ ਇਸ ਲੇਹੁ। ਨਿਜ ਪਖ ਕੋ ਨਿਰਭੈਤਾ ਦੇਹੁ'।
ਸਮੁਝਿ ਭੀਮ ਨੇ ਕਹਜੋ ਬੁਝਾਈ। 'ਕਿਮ ਨਿਰਬਲਿ ਇਸ ਲਖਜੋ ਗੁਸਾਈਂ॥੧੧॥

ਦੇਰ ਨਾ ਕਰੋ ਇਸ ਨੂੰ ਮਾਰ ਲਵੋ, ਆਪਣੇ ਪੱਖ ਨੂੰ ਨਿਰਭੈਤਾ ਦੇਵੋ।" ਭੀਮ ਨੇ ਸਮਝ ਕੇ ਪੁਛਿਆ, "ਹੇ ਮਾਲਕ ! ਇਸ ਨੂੰ ਨਿਰਬਲ ਕਿਵੇਂ ਸਮਝਿਆ ਹੈ॥੧੨॥

ਅੰਗ ਅੰਗ ਮੇਰੋ ਥਕ ਗਇਊ। ਆਗੇ ਹੋਵੌਂ ਧੀਰ ਨ ਪਇਊ।
ਪ੍ਰਾਕ੍ਰਮ ਮੋ ਮਹਿਂ ਰਹਜੋ ਨ ਭਾਰੀ। ਕਰਤੋ ਜੁੱਧ ਸ਼੍ਰਮਤ ਤਨ ਭਾਰੀ॥ ੧੨॥

ਮੇਰੇ ਸਰੀਰ ਦਾ ਅੰਗ ਅੰਗ ਥੱਕ ਗਿਆ ਹੈ, ਅੱਗੇ ਹੋਣ ਵਾਸਤੇ ਧੀਰਜ ਨਹੀਂ ਪਾ ਰਿਹਾ ਹਾਂ। ਮੇਰੇ ਵਿਚ ਹੁਣ ਭਾਰੀ ਉੱਦਮ ਨਹੀਂ ਰਿਹਾ ਹੈ। ਸਰੀਰ ਦੇ ਬਹੁਤ ਥੱਕ ਜਾਣ 'ਤੇ ਵੀ ਯੁੱਧ ਕਰ ਰਿਹਾ ਹਾਂ॥੧੨॥

ਮਹਾਂ ਬਲੀ ਇਹ ਅੱਗ੍ਰ ਖਰੋਵਾ। ਤੁਮ ਕੈਸੇ ਇਹ ਨਿਰਬਲ ਜੋਵਾ?'।
ਭੀਮਸੈਨ ਤੇ ਸੁਨਤਿ ਬਖਾਨਾ। 'ਪਵਨ ਪੁੱਤ੍ਰ ਤੂੰ ਬਲੀ ਮਹਾਨਾ॥ ੧੩॥

ਮਹਾਂਬਲੀ ਇਹ ਅੱਗੇ ਖਲੋਤਾ ਹੈ, ਤੁਸੀਂ ਇਸ ਨੂੰ ਕਿਵੇਂ ਨਿਰਬਲ ਸਮਝਿਆ ਹੈ ?" ਭੀਮਸੈਨ ਪਾਸੋਂ ਇਸ ਤਰ੍ਹਾਂ ਸੁਣ ਕੇ ਸ੍ਰੀ ਕ੍ਰਿਸ਼ਨ ਨੇ ਕਿਹਾ, "ਹੇ ਪਵਨ ਪੁੱਤਰ ਭੀਮਸੈਨ ਤੂੰ ਮਹਾਨ ਬਲਵਾਨ ਹੈਂ॥੧੩॥

ਐਸੇ ਤੁਝ ਕੋ ਨਹਿਂ ਬਨਿ ਆਇ। ਕਰਿ ਉਤਸਾਹ ਮਹਾਂ ਬਲ ਲਾਇ।
ਜਰਾਸੰਧ ਕੋ ਜੀਤਹਿਂ ਰਣ ਮੈਂ। ਇਮ ਨਿਸ਼ਚੈ ਰਾਖੋ ਕਰਿ ਮਨ ਮੈਂ'॥੧੪॥

ਤੁਹਾਨੂੰ ਐਸਾ ਕਰਨਾ ਬਣਦਾ ਨਹੀਂ ਹੈ, ਉਤਸ਼ਾਹ ਕਰਕੇ ਮਹਾਨ ਬਲ ਲਾਓ। ਜਰਾਸੰਧ ਨੂੰ ਰਣ ਵਿਚ ਜਿੱਤਾਂਗੇ, ਇਸ ਤਰ੍ਹਾਂ ਮਨ ਵਿਚ ਨਿਸ਼ਚਾ ਰੱਖੋ" ॥੧੪॥

ਇਕ ਤ੍ਰਿਣ ਲੇਕਰਿ ਕਰ ਘਨਸ਼ਜਾਮ। ਕਰਹਿਂ ਇਸ਼ਾਰਤ ਲੋਚਨ ਬਾਮ।
ਬਿਚ ਤੇ ਚੀਰਜੋ ਸਗਰੋ ਸੋਇ। ਕਰਿ ਦਿਖਰਾਯੋ ਇਕ ਤੇ ਦੋਇ॥ ੧੫॥

ਸ੍ਰੀ ਕ੍ਰਿਸ਼ਨ ਜੀ ਨੇ ਘਾਹ ਦਾ ਇਕ ਤੀਲਾ ਲੈ ਕੇ ਖੱਬੀ ਅੱਖ ਦਾ ਇਸ਼ਾਰਾ ਕੀਤਾ। ਉਸ ਤੀਲੇ ਨੂੰ ਵਿਚੋਂ ਚੀਰ ਕੇ ਦੋ ਫਾੜ ਕਰ ਦਿੱਤਾ ਤੇ ਇਕ ਤੋਂ ਦੋ ਕਰਕੇ ਵਿਖਾ ਦਿੱਤਾ॥੧੫॥

ਭੀਮਸੈਨ ਇਮ ਸੈਨ ਬੁਝਾਈ। ਜਾਨਜੋ ਭੇਦ ਰਿਦੇ ਹਰਖਾਈ।
'ਕਰਜੋ ਦੁਖੰਡ ਜੋਰਨੋ ਏਹਿ। ਇਮ ਤੁਮ ਚੀਰ ਦੇਹੁ ਰਿਪੁ ਦੇਹਿ'॥ ੧੬॥

ਭੀਮਸੈਨ ਨੂੰ ਇਸ ਤਰ੍ਹਾਂ ਸੈਨਤ ਸਮਝਾਈ, ਉਹ ਭੇਦ ਜਾਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। "ਇਹ ਜਰਾਸੰਧ ਦੋ ਟੁਕੜੇ ਜੁੜਨ ਨਾਲ ਬਣਿਆ ਹੋਇਆ ਹੈ। ਇਸ ਤਰ੍ਹਾਂ ਤੁਸੀਂ ਰਾਜੇ ਨੂੰ ਚੀਰ ਦੇਵੋ" ॥੧੬॥

ਤਬਿ ਸ੍ਰੀ ਕ੍ਰਿਸ਼ਨ ਪੀਠ ਤਿਸ ਥਾਪੀ। ਦੀਨਿਸ ਬਲ ਬਿਸਾਲ ਕੌ ਆਪੀ।
ਸ਼੍ਰਮ ਸਭਿ ਦੂਰਿ ਕਰਜੋ ਤਿਸ ਤਨ ਤੇ। ਮਾਰਨਿ ਸ਼ੱਤ੍ਰੁ ਚਾਹਜੋ ਮਨ ਤੇ॥੧੭॥

ਤਦ ਸ੍ਰੀ ਕ੍ਰਿਸ਼ਨ ਨੇ ਭੀਮਸੈਨ ਦੀ ਪਿੱਠ ਤੇ ਥਾਪੀ ਦਿੱਤੀ ਤੇ ਉਸ ਨੂੰ ਆਪਣਾ ਵਿਸ਼ਾਲ ਬਲ ਦੇ ਦਿੱਤਾ। ਉਸ ਦੇ ਸਰੀਰ ਦੀ ਸਾਰੀ ਥਕਾਵਟ ਦੂਰ ਕੀਤੀ, ਵੈਰੀ ਨੂੰ ਮਨ ਕਰਕੇ ਮਾਰਨਾ ਚਾਹਿਆ॥੧੭॥

ਗਯੋ ਭੀਮ ਭਾ ਖਰੋ ਅਗਾਰੀ। ਜਰਾਸੰਧ ਆਵਾ ਬਲਿ ਭਾਰੀ।
ਭਿਰੈਂ ਬਹੁਤ ਬਿਧਿ ਮੁਸ਼ਟਨ ਹਤੈਂ। ਗਹੈਂ ਅੰਗ ਫਿਰ ਰਿਸ ਕਰਿ ਚਿਤੈਂ॥੧੮॥

ਫਿਰ ਭੀਮ ਰਾਜੇ ਦੇ ਅੱਗੇ ਜਾ ਕੇ ਖੜਾ ਹੋ ਗਿਆ, ਭਾਰੀ ਬਲਵਾਨ ਜਰਾਸੰਧ ਫਿਰ ਆਇਆ। ਬਹੁਤ ਵਿਧੀਆਂ ਨਾਲ ਆਪਸ ਵਿਚ ਭਿੜਦੇ ਸਨ ਤੇ ਮੁਕੀਆਂ ਮਾਰਦੇ ਸਨ ਤੇ ਚਿੱਤ ਵਿਚ ਬੜਾ ਕ੍ਰੋਧ ਧਾਰ ਕੇ ਇਕ ਦੂਸਰੇ ਦੇ ਅੰਗਾਂ ਨੂੰ ਫੜਦੇ ਸਨ॥੧੮॥

ਪਾਇ ਘਾਤ ਲਰਤੇ ਬਡ ਜੋਧੇ। ਕਰਹਿਂ ਪ੍ਰਹਾਰਨ ਦੁਹ ਤਨ ਕ੍ਰੋਧੇ।
ਭੀਮ ਸਿਮਰਿ ਬਲ ਸ੍ਰੀ ਪ੍ਰਭੁ ਕੇਰਾ। ਭੁਜ ਤੇ ਗਹਜੋ ਭੂਪ ਤਿਸ ਬੇਰਾ॥ ੧੯॥

ਦਾਅ ਲਾ ਕੇ ਵੱਡੇ ਜੋਧੇ ਲੜ ਰਹੇ ਸਨ। ਦੋਵੇਂ ਸਰੀਰਾਂ ਤੇ ਕ੍ਰੋਧ ਨਾਲ ਵਾਰ ਕਰਦੇ ਸਨ। ਭੀਮ ਨੇ ਸ੍ਰੀ ਕ੍ਰਿਸ਼ਨ ਵਲੋਂ ਦਿੱਤਾ ਬਲ ਯਾਦ ਕਰਕੇ ਉਸ ਸਮੇਂ ਰਾਜੇ ਨੂੰ ਬਾਂਹ ਤੋਂ ਫੜ ਲਿਆ॥੧੯॥

ਬਲ ਕਰ ਸਿਰ ਪਰ ਫੇਰਜੋ ਐਸਾ। ਚੱਕ੍ਰ ਕੁਲਾਲ ਭ੍ਰਮਾਵਹਿ ਜੈਸਾ।
ਸਕਲ ਨਗਰ ਕੇ ਦੇਖਤਿ ਤੂਰਨ। ਪਟਕਜੋ ਅਵਨੀ ਪਰ ਹਿਤ ਚੂਰਨ॥੨੦॥

ਭੀਮ ਨੇ ਬਲ ਕਰਕੇ ਉਸ ਨੂੰ ਇਸ ਤਰ੍ਹਾਂ ਘੁੰਮਾਇਆ, ਜਿਵੇਂ ਘੁਮਿਆਰ ਚੱਕ ਨੂੰ ਘੁੰਮਾਉਂਦਾ ਹੈ। ਸਾਰੇ ਨਗਰ ਦੇ ਵੇਖਦਿਆਂ ਹੀ ਮਾਰਨ ਵਾਸਤੇ ਤੁਰਤ ਧਰਤੀ ਤੇ ਪਟਕਾ ਕੇ ਮਾਰਿਆ॥੨੦॥

ਇਕ ਪਗ ਪਗ ਕੇ ਤਰੇ ਦਬਾਇਵ। ਦੁਤਿਯ ਗਹਜੋ ਕਰ ਸਾਥ ਉਚਾਇਵ।
ਬਲ ਕਰਿ ਚੀਰਜੋ ਦੇਹਿ ਸੁ ਹਾਨਾ। ਉਠਜੋ ਸ਼ਬਦ ਤਬਿ ਘੋਰ ਮਹਾਨਾ॥੨੧॥

ਰਾਜੇ ਦੀ ਇਕ ਲੱਤ ਨੂੰ ਆਪਣੀ ਲੱਤ ਥੱਲੇ ਦਬਾ ਲਿਆ ਤੇ ਦੂਸਰੀ ਲੱਤ ਨੂੰ ਚੁੱਕ ਕੇ ਉਪਰ ਕਰ ਲਿਆ। ਫਿਰ ਸਕਤੀ ਲਾ ਕੇ ਦੋ ਖੰਡਾਂ ਵਿਚ ਚੀਰ ਕੇ ਰਾਜੇ ਦੀ ਦੇਹ ਨਾਸ਼ ਕਰ ਦਿੱਤੀ। ਤਦ ਮਹਾਨ ਵਿਕਰਾਲ ਆਵਾਜ਼ ਪ੍ਰਗਟ ਹੋਈ॥੨੧॥

**ਕਰਿ ਦੁਖੰਡ ਧਰਨੀ ਮਹਿ ਡਾਰਯੋ। ਇਮ ਸ੍ਰੀ ਕ੍ਰਿਸ਼ਨ ਸ਼ੱਤ੍ਰੂ ਸੰਘਾਰਯੋ।**
**ਜਰਾਸੰਧ ਕੋ ਸੁਤ ਸਹਿਦੇਵ। ਕਰਯੋ ਤ੍ਰਾਸ ਤਜਿ ਕੈ ਅਹੰਮੇਵ॥ ੨੨॥**

ਦੋ ਖੰਡ ਕਰਕੇ ਉਸ ਨੂੰ ਧਰਤੀ 'ਤੇ ਸੁੱਟ ਦਿੱਤਾ, ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਦੇ ਵੈਰੀ ਨੂੰ ਮਾਰ ਦਿੱਤਾ। ਜਰਾਸੰਧ ਦਾ ਪੁੱਤਰ ਸਹਿਦੇਵ ਹੰਕਾਰ ਛੱਡ ਕੇ ਡਰ ਗਿਆ॥੨੨॥

**ਨਿਜ ਪਿਤ ਕੇ ਸਭਿ ਸਚਿਵ ਬੁਲਾਏ। ਬਨਹਿ ਮਿਲਨਿ ਹਰਿ ਮਤੋਮਤਾਏ।**
**ਜਿਨਹੁੰ ਅਗਾਰੀ ਭੂਪਤਿ ਹਾਰਾ। ਮੈਂ ਤਿਸ ਕੋ ਸੁਤ ਕਹਾਂ ਬਿਚਾਰਾ॥ ੨੩॥**

ਆਪਣੇ ਪਿਤਾ ਜੀ ਦੇ ਸਾਰੇ ਵਜ਼ੀਰਾਂ ਨੂੰ ਬੁਲਾਇਆ। ਉਨ੍ਹਾਂ ਸਾਰਿਆਂ ਨੂੰ ਸਲਾਹ ਦਿੱਤੀ ਕਿ ਸ੍ਰੀ ਕ੍ਰਿਸ਼ਨ ਨਾਲ ਮਿਲਣਾ ਬਣਦਾ ਹੈ, ਜਿਨ੍ਹਾਂ ਦੇ ਅੱਗੇ ਰਾਜਾ ਹਾਰ ਗਿਆ ਹੈ। ਮੈਂ ਉਸ ਦਾ ਪੁੱਤਰ ਵਿਚਾਰਾ ਕੀ ਹਾਂ॥੨੩॥

**ਰਤਨ ਅਨੇਕ ਉਪਾਇਨ ਲੀਨੇ। ਮਿਲਯੋ ਆਨਿ ਪਦ ਬੰਦਨ ਕੀਨੇ।**
**ਪ੍ਰਭੂ ਅਭੈਤਾ ਤਿਸ ਕੋ ਦੀਨਸਿ। ਰਾਜ ਸਿੰਘਾਸਨ ਪਰ ਥਿਤ ਕੀਨਸਿ॥੨੪॥**

ਅਨੇਕਾਂ ਰਤਨ ਤੇ ਹੋਰ ਉਪਹਾਰ ਲੈ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਆ ਮਿਲਿਆ ਤੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਸ੍ਰੀ ਕ੍ਰਿਸ਼ਨ ਨੇ ਉਸ ਨੂੰ ਦਿਲਾਸਾ ਦੇ ਕੇ ਨਿਰਭੈ ਕੀਤਾ ਤੇ ਰਾਜ ਸਿੰਘਾਸਣ ਉਤੇ ਉਸ ਨੂੰ ਬਿਠਾ ਦਿੱਤਾ॥੨੪॥

**ਕਹਯੋ 'ਬਰਖ ਪੂਰਨ ਤੇ ਆਵਹੁ। ਧਰਮਰਾਜ ਪਗ ਸੀਸ ਟਿਕਾਵਹੁ।**
**ਰਾਜਸੂਇ ਮਖ ਚਾਹਤਿ ਕਰਯੋ। ਰਾਜ ਧਰਮ ਕੋ ਦ੍ਰਿਢ ਕਰਿ ਧਰਯੋ' ॥੨੫॥**

ਫਿਰ ਉਸ ਨੂੰ ਕਿਹਾ, "ਇਕ ਸਾਲ ਪਿਛੋਂ ਆਵੋ ਤੇ ਧਰਮ ਰਾਜ ਦੇ ਚਰਨਾਂ ਤੇ ਸੀਸ ਟਿਕਾਵੋ। ਉਹ ਰਾਜਸੂ ਯੱਗ ਕਰਨਾ ਚਾਹੁੰਦੇ ਹਨ, ਉਨ੍ਹਾਂ ਨੇ ਰਾਜਿਆਂ ਵਾਲੇ ਧਰਮ ਨੂੰ ਦ੍ਰਿੜ੍ਹ ਕਰਕੇ ਧਾਰਨ ਕੀਤਾ ਹੈ"॥੨੫॥

**'ਸ੍ਰੀ ਪ੍ਰਭੁ ਆਇਸੁ ਜਥਾ ਤੁਮਾਰੀ। ਹਮ ਅਬਿ ਬਰਤਹਿਂ ਤਿਸ ਅਨੁਸਾਰੀ।**
**ਰਾਜ ਦੇਸ਼ ਧਨ ਧਾਮ ਤੁਮਾਰਾ। ਦਿਯੋ ਕਰਯੋ ਹਮ ਅੰਗੀਕਾਰਾ'॥ ੨੬॥**

ਜਰਾਸੰਧ ਦੇ ਪੁੱਤਰ ਸਹਿਦੇਵ ਨੇ ਕਿਹਾ, "ਹੇ ਪ੍ਰਭੂ ਜੀ! ਜਿਵੇਂ ਤੁਹਾਡੀ ਆਗਿਆ ਹੈ, ਅਸੀਂ ਹੁਣ ਉਸ ਅਨੁਸਾਰ ਹੀ ਕਾਰਜ ਕਰਾਂਗੇ। ਰਾਜ ਦੇਸ ਧਨ, ਘਰ ਸਭ ਤੁਹਾਡਾ ਹੈ, ਤੁਹਾਡਾ ਦਿੱਤਾ ਹੀ ਅਸੀਂ ਅੰਗੀਕਾਰ ਕੀਤਾ ਹੈ"॥੨੬॥

**ਬਾਸਦੇਵ ਕਹਿ ਭੂਪ ਛੁਡਾਏ। ਕਾਰਾਗ੍ਰਿਹ ਮਹਿਂ ਜੇ ਸਮੁਦਾਏ।**
**ਲੇ ਕਰਿ ਸੰਗ ਭੀਮ ਭਟ ਅਰਜਨ। ਆਇ ਪਹੂੰਚਤਿ ਭੇ ਪੁਰਿਹਸਤਨ॥੨੭॥**

ਸ੍ਰੀ ਕ੍ਰਿਸ਼ਨ ਜੀ ਨੇ ਕਹਿ ਕੇ ਸਾਰੇ ਰਾਜਿਆਂ ਨੂੰ ਛੁਡਵਾਇਆ, ਜਿਹੜੇ ਸਾਰੇ ਕੈਦ ਵਿਚ ਪਾਏ ਸਨ। ਆਪਣੇ ਨਾਲ ਭੀਮ ਅਤੇ ਅਰਜਨ ਸੂਰਬੀਰਾਂ ਨੂੰ ਲੈ ਕੇ ਹਸਤਨਾਪੁਰ ਪਹੁੰਚ ਗਏ"॥੨੭॥

**ਸ੍ਰੀ ਗੁਰ ਤੇਗਬਹਾਦਰ ਧੀਰ। ਕਹੀ ਕਥਾ ਸਭਿ ਸਿੱਖਜਨਿ ਤੀਰ।**
**'ਇਨ ਦੇਸ਼ਨਿ ਸਭਿ ਕੋ ਸਹਿਦੇਵ। ਰਾਜ ਕਰਹਿ ਲਾਗਯੋ ਨਰਦੇਵ॥ ੨੮॥**

ਧੀਰਜਵਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਿੱਖਾਂ ਪਾਸ ਇਹ ਕਥਾ ਕਹੀ। "ਫਿਰ ਇਨ੍ਹਾਂ ਸਾਰੇ ਦੇਸ਼ਾਂ ਦਾ ਰਾਜਾ ਸਹਿਦੇਵ ਹੋ ਗਿਆ ਤੇ ਉਹ ਰਾਜਾ ਹੋ ਕੇ ਰਾਜ ਕਰਨ ਲੱਗਾ॥੨੮॥

ਪੰਚ ਦਸ਼ਮ ਸੰਮਤ ਪੁਨ ਜੀਵਯੋ। ਜਬਿ ਬਿਰੋਧ ਕੈਰਵ ਮਹਿਂ ਥੀਵਯੋ।
ਭਯੋ ਸੰਗ੍ਰਾਮ ਮਹਾਂ ਕੁਰਛੇਤ। ਭੂਮੀ ਭਾਰ ਉਤਾਰਨਿ ਹੇਤੁ॥ ੨੯॥

ਪੰਦਰ੍ਹਾਂ ਸਾਲ ਫਿਰ ਉਹ ਜੀਉਂਦਾ ਰਿਹਾ, ਜਦ ਕੈਰਵਾਂ ਵਿਚ ਫਿਰ ਵਿਰੋਧ ਵਧਿਆ ਤੇ ਕੁਰਕਸ਼ੇਤਰ ਵਿਚ ਭਾਰੀ ਸੰਗ੍ਰਾਮ ਹੋਇਆ ਤੇ ਭੂਮੀ ਦਾ ਭਾਰ ਉਤਾਰਨ ਵਾਸਤੇ॥੨੯॥

ਸਭਿ ਦੇਸ਼ਨਿ ਕੇ ਨ੍ਰਿਪਤ ਬਡੇਰੇ। ਇਕਠੇ ਭਏ ਕਾਲ ਕੇ ਪ੍ਰੇਰੇ।
ਮਹਾਂ ਬਲੀ ਬਡ ਸ਼ਕਤਿ ਧਰੰਤੇ। ਸ਼ਸਤ੍ਰ ਅਸਤ੍ਰ ਬਿੱਦਯਾ ਗੁਨਵੰਤੇ॥ ੩੦॥

ਸਭ ਦੇਸ਼ਾਂ ਦੇ ਵੱਡੇ ਰਾਜੇ ਕਾਲ ਦੇ ਪ੍ਰੇਰੇ ਹੋਏ ਇਕੱਠੇ ਹੋਏ। ਮਹਾਂਬਲੀ ਵੱਡੀ ਸ਼ਕਤੀ ਧਾਰਨ ਕਰਦੇ ਸਨ ਤੇ ਸ਼ਸਤਰ ਅਸਤਰ ਚਲਾਉਣ ਦੀ ਵਿਦਿਆ ਵਿਚ ਬੜੇ ਗੁਣਵਾਨ ਸਨ॥੩੦॥

ਪਾਂਡਵ ਧਰਮ ਜੁਧਿਸ਼ਟਰ ਰਾਜਾ। ਕੈਰਵ ਬਿਖੇ ਦੁਜੋਧਨ ਸਾਜਾ।
ਬਢੀ ਸਪਰਧਾ ਦੁਹੁਂ ਦਿਸ਼ਿ ਮਾਂਹੀ। ਕਰਿ ਹੰਕਾਰ ਤਜੈਂ ਹਠ ਨਾਂਹੀ॥ ੩੧॥

ਪਾਂਡਵਾਂ ਦਾ ਧਰਮੀ ਰਾਜਾ ਯੁਧਿਸ਼ਟਰ ਸੀ, ਤੇ ਕੈਰਵਾਂ ਦਾ ਰਾਜਾ ਦੁਯੋਧਨ ਸਜਿਆ ਹੋਇਆ ਸੀ। ਦੋਵੀਂ ਪਾਸੀਂ ਵੱਡੀ ਈਰਖਾ ਸੀ, ਹੰਕਾਰ ਕਰਕੇ ਹੱਠ ਨਹੀਂ ਸੀ ਛੱਡਦੇ॥੩੧॥

ਦੇਸ਼ ਦੇਸ਼ ਕੇ ਨ੍ਰਿਪਤ ਹਕਾਰੇ। ਚਲਿ ਆਏ ਦੋਨਹੁਂ ਦਿਸ਼ਿ ਸਾਰੇ।
ਰਥ ਹਾਥੀ ਹਯ ਜੋਧਾ ਬ੍ਰਿੰਦ। ਸਿਮਟਿ ਪ੍ਰਿਥੀ ਤੇ ਮਿਲੇ ਨਰਿੰਦ॥ ੩੨॥

ਸਾਰੇ ਦੇਸ਼ਾਂ ਦੇ ਰਾਜੇ ਬੁਲਾਏ ਸਨ, ਸਾਰੇ ਆ ਕੇ ਦੋਵੀਂ ਪਾਸੀਂ ਹੋ ਗਏ। ਰੱਥ, ਹਾਥੀ, ਘੋੜੇ ਤੇ ਬਹੁਤ ਭਾਰੀ ਯੋਧੇ ਸਨ। ਇਕੱਠੇ ਹੋ ਕੇ ਸਾਰੇ ਰਾਜੇ ਪ੍ਰਿਥੀ ਉਤੇ ਮਿਲੇ॥੩੨॥

ਜਰਾਸੰਧ ਕੋ ਸੁਤ ਇਸ ਦੇਸ਼। ਇਹ ਭੀ ਲੇ ਕਰਿ ਚਮੂੰ ਅਸ਼ੇਸ਼।
ਛੋਹਨਿ ਭਈ ਅਸ਼ਟਦਸ ਅਨੀ। ਸ਼੍ਰੀ ਜੁਤਿ, ਬਲ ਜੁਤਿ, ਲੋਹੇ ਸਨੀ॥ ੩੩॥

ਜਰਾਸੰਧ ਦਾ ਪੁੱਤਰ ਇਸ ਦੇਸ਼ ਵਿਚ ਰਹਿੰਦਾ ਸੀ, ਇਹ ਵੀ ਆਪਣੀ ਸਾਰੀ ਸੈਨਾ ਲੈ ਕੇ ਗਿਆ। ਅਠਾਰਾਂ ਖੂਹਣੀ ਸੈਨਾ ਉਥੇ ਇਕੱਠੀ ਹੋਈ। ਸਾਰੀ ਸੈਨਾ ਸ਼ਸਤਰਾਂ ਸਹਿਤ ਸ਼ਕਤੀ ਸਹਿਤ ਅਤੇ ਸ੍ਰੀ ਕ੍ਰਿਸ਼ਨ ਸਹਿਤ ਸੀ॥੩੩॥

ਕ੍ਰਿਆ ਕਾਲ ਕੀ ਐਸੀ ਭਈ। ਲਰਤਿ ਪਰਸਪਰ ਸਭਿ ਮਰਿ ਗਈ।
ਤਹਾਂ ਮਰਯੋ ਸਹਿਦੇਵ ਸੁ ਜਾਇ। ਇਸੀ ਦੇਸ਼ ਕੋ ਭੂਪ ਕਹਾਇ॥ ੩੪॥

ਕਾਲ ਦੀ ਕ੍ਰਿਆ ਐਸੀ ਭਈ ਕਿ ਸਾਰੀ ਸੈਨਾਂ ਆਪਸ ਵਿਚ ਲੜਦੀ ਹੋਈ ਮਾਰੀ ਗਈ। ਉਥੇ ਸਹਿਦੇਵ ਵੀ ਜਾ ਕੇ ਮਰ ਗਿਆ, ਜਿਹੜਾ ਇਸ ਦੇਸ਼ ਦਾ ਰਾਜਾ ਕਹਾਉਂਦਾ ਸੀ॥੩੪॥

ਅਪਰ ਕਹਾਂ ਲਗਿ ਗਿਨਤੀ ਕਰੀਅਹਿ। ਅਨਿਕ ਨ੍ਰਿਪਤ ਭੇ ਕੌਨ ਉਚਰੀਅਹਿ।
ਜਰਾਸੰਧ ਜੋ ਮੁੱਖਯ ਭਯੋ ਹੈ। ਨਿਕਟਿ ਕਾਲ ਮਹਿਂ ਕਹਿ ਸੁ ਦਯੋ ਹੈ॥ ੩੫॥

ਹੋਰ ਕਿਥੋਂ ਤਕ ਗਿਣਤੀ ਕਰੀਏ, ਅਨੇਕਾਂ ਰਾਜੇ ਸਨ, ਉਨ੍ਹਾਂ ਦੀ ਗਿਣਤੀ ਅਤੇ ਨਾਂ ਕੌਣ ਉਚਾਰਨ ਕਰ ਸਕਦਾ ਹੈ। ਜਰਾਸੰਧ ਜਿਹੜਾ ਮੁਖੀ ਰਾਜਾ ਹੋਇਆ ਹੈ, ਨੇੜੇ ਦੇ ਸਮੇਂ ਭਾਵ ਦੁਆਪਰ ਵਿਚ ਇਹ ਅਸੀ ਕਹਿ ਦਿੱਤਾ ਹੈ॥੩੫॥

ਸ਼੍ਰੀ ਗੁਜਰੀ ਕੋ ਭ੍ਰਾਤ ਕ੍ਰਿਪਾਲ। ਇੱਤਯਾਦਿਕ ਸਿਖ ਅਪਰ ਬਿਸਾਲ।
ਸੁਨਿ ਪ੍ਰਸੰਗ ਕੋ ਉਰ ਹਰਖਾਏ। ਰਹਨਿ ਲਗੇ ਗੁਰ ਸਹਿਜ ਸੁਭਾਏ॥ ੩੬॥

ਸ੍ਰੀ ਗੁਜਰੀ ਜੀ ਦਾ ਭਰਾ ਭਾਈ ਕ੍ਰਿਪਾਲ ਜੀ ਤੇ ਇਸ ਤਰ੍ਹਾਂ ਹੋਰ ਜਿਹੜੇ ਸਿੱਖ ਸਨ, ਪ੍ਰਸੰਗ ਸੁਣ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ ਤੇ ਗੁਰੂ ਜੀ ਉਥੇ ਸਹਿਜ ਸੁਭਾਅ ਰਹਿਣ ਲੱਗੇ ॥੩੬॥

ਪਟਣਾ ਨਗਰ ਜੁ ਬਸਹਿ ਬਿਲੰਦ। ਵਣਜ ਕਰਹਿਂ ਧਨਵਾਨ ਅਮੰਦ।
ਗੁਰੁ ਕੇ ਸਿੱਖਜ ਆਨਿ ਕਰਿ ਹੋਇਂ। ਅਭਿਮਤਿ ਕੋ ਪ੍ਰਾਪਤਿ ਨਰ ਸੋਇ॥ ੩੭॥

ਪਟਨਾ ਨਗਰ ਜਿਹੜਾ ਬੜੀ ਖੁਸ਼ਹਾਲੀ ਨਾਲ ਵੱਸ ਰਿਹਾ ਸੀ ਤੇ ਧਨਵਾਨ ਲੋਕ ਬਹੁਤ ਵਪਾਰ ਕਰ ਰਹੇ ਸਨ, ਉਹ ਆ ਕੇ ਗੁਰੂ ਜੀ ਦੇ ਸਿੱਖ ਹੋਏ, ਮਨ-ਬਾਂਛਤ ਕਾਮਨਾਵਾਂ ਉਨ੍ਹਾਂ ਪ੍ਰਾਪਤ ਕੀਤੀਆਂ ॥੩੭॥

ਦਰਸ਼ਨ ਕਰਹਿਂ ਉਪਾਇਨ ਅਰਪਹਿਂ। ਬਰ ਕੋ ਲੇਹਿਂ ਸ੍ਰਾਪ ਤੇ ਡਰਪਹਿਂ।
ਕਿਹ ਕੋ ਪ੍ਰਾਪਤਿ ਹੁਇ ਸਤਿਨਾਮ। ਕੋ ਜਾਚਤਿ ਪ੍ਰਿਯ ਪੁੱਤ੍ਰਨਿ ਧਾਮ॥ ੩੮॥

ਉਪਹਾਰ ਅਰਪਣ ਕਰਕੇ ਦਰਸ਼ਨ ਕਰਦੇ ਸਨ, ਵਰ ਪ੍ਰਾਪਤ ਕਰਦੇ ਸਨ ਤੇ ਸਰਾਪ ਨੂੰ ਦੂਰ ਕਰਦੇ ਸਨ। ਕਿਸੇ ਨੂੰ ਸਤਿਨਾਮ ਪ੍ਰਾਪਤ ਹੁੰਦਾ ਸੀ, ਕੋਈ ਪਿਆਰੇ ਪੁੱਤਰਾਂ ਨੂੰ ਆਪਣੇ ਘਰ ਵਿਚ ਮੰਗਦਾ ਸੀ ॥੩੮॥

ਤਨ ਅਰੋਗ ਕੋ ਚਾਹਤਿ ਕੋਈ। ਕੇਤਿਕ ਲੱਛਮੀ ਕੋ ਬਰ ਲੇਈ।
ਕੋ ਜਾਚਹਿ ਗੁਰ ਤੇ ਚਿਤ ਲਾਈ। 'ਅੰਤਕਾਲ ਮਹਿਂ ਹੋਹਿਂ ਸਹਾਈ' ॥ ੩੯॥

ਕੋਈ ਅਰੋਗ ਤਨ ਚਾਹੁੰਦਾ ਸੀ, ਕਈ ਲੱਛਮੀ ਦਾ ਵਰ ਪ੍ਰਾਪਤ ਕਰਦੇ ਸਨ। ਕਈ ਗੁਰੂ ਜੀ ਵਿਚ ਚਿੱਤ ਲਾਉਣਾ ਚਾਹੁੰਦੇ ਸੀ ਤੇ ਕਹਿੰਦੇ ਸਨ, "ਅੰਤਕਾਲ ਸਮੇਂ ਸਾਡੇ ਸਹਾਇਕ ਬਣੋ" ॥੩੯॥

ਕੋ ਦਸੌਂਧ ਕੋ ਦੇਇ ਕਮਾਇ। 'ਬਨਹਿ ਪਦਾਰਥ ਸਭਿ ਸੁਖਦਾਇ'।
ਕਰਹਿ ਨਿਤਾਪ੍ਰਤਿ ਦਰਸ਼ਨ ਕੋਇ। ਕੋ ਆਵਤਿ ਜਬਿ ਕਾਰਜ ਹੋਇ॥ ੪੦॥

ਕੋਈ ਦਸਵੰਧ ਕਮਾ ਕੇ ਦਿੰਦਾ ਸੀ ਤੇ ਕਹਿੰਦਾ ਸੀ, "ਸਾਰੇ ਪਦਾਰਥ ਸੁਖਦਾਇਕ ਬਣ ਜਾਣ।" ਕਈ ਨਿਤਾਪ੍ਰਤਿ ਦਰਸ਼ਨ ਕਰਦੇ ਸਨ। ਕਈ ਕੇਵਲ ਉਸ ਸਮੇਂ ਆਉਂਦੇ ਸੀ, ਜਦ ਕੋਈ ਕਾਰਜ ਹੁੰਦਾ ਸੀ ॥੪੦॥

ਗੁਰ ਘਰ ਕੀ ਸੇਵਾ ਸਭਿ ਭਾਂਤੀ। ਕਰਹਿਂ ਪ੍ਰੀਤਿ ਸੋਂ ਦਿਨ ਅਰੁ ਰਾਤੀ।
ਪੁਰਿ ਪਟਣੇ ਮਹਿਂ ਇਸੀ ਪ੍ਰਕਾਰ। ਕਿਤਿਕ ਦਯੋਸ ਗੁਰ ਬਸੇ ਉਦਾਰ॥ ੪੧॥

ਗੁਰੂ ਘਰ ਦੀ ਸਭ ਪ੍ਰਕਾਰ ਸੇਵਾ ਕਰਦੇ ਸਨ, ਦਿਨ ਰਾਤ ਪ੍ਰੀਤ ਨਾਲ ਸੇਵਾ ਕਰੀ ਜਾਂਦੇ ਸਨ। ਪਟਨੇ ਨਗਰ ਵਿਚ ਇਸ ਪ੍ਰਕਾਰ, ਕਈ ਦਿਨ ਉਦਾਰਚਿੱਤ ਗੁਰੂ ਜੀ ਉਥੇ ਵੱਸਦੇ ਰਹੇ ॥੪੧॥

ਬਡੇ ਭਾਗ ਜਾਗੇ ਜਿਨ ਕੇਰੇ। ਸੇਵਹਿਂ ਗੁਰੁ ਪਗ ਹੁਇ ਕਰਿ ਨੇਰੇ।
ਜਨਮ ਮਰਨ ਬੰਧਨ ਤਿਨ ਖੋਏ। ਗੁਰੂ ਕ੍ਰਿਪਾ ਤੇ ਮੁਕਤਿ ਸੁ ਹੋਏ॥ ੪੨॥

ਜਿਨ੍ਹਾਂ ਦੇ ਵੱਡੇ ਭਾਗ ਜਾਗੇ ਸਨ, ਉਹ ਨੇੜੇ ਹੋ ਕੇ ਗੁਰੂ ਜੀ ਦੇ ਚਰਨ ਕੰਵਲਾਂ ਦੀ ਸੇਵਾ ਕਰਦੇ ਸਨ। ਉਨ੍ਹਾਂ ਦੇ ਜਨਮ ਮਰਨ ਦੇ ਬੰਧਨ ਕੱਟੇ ਗਏ ਸਨ ਤੇ ਗੁਰੂ ਜੀ ਦੀ ਕਿਰਪਾ ਨਾਲ ਉਹ ਮੁਕਤ ਹੋ ਗਏ ॥੪੨॥

*ਗਿਆਰ੍ਹਵੀਂ ਰਾਸ ਦਾ ਇਕਾਹਠਵਾਂ ਅਧਿਆਇ ਸਮਾਪਤ ਹੋਇਆ ॥੬੧॥*

*ਗਿਆਰ੍ਹਵੀਂ ਰਾਸ ਸਮਾਪਤ ਹੋਈ ॥*

ੴ ਸਤਿਗੁਰ ਪ੍ਰਸਾਦਿ॥

ਬਾਰ੍ਹਵੀਂ ਰਾਸ

# ਅਧਿਆਇ ਪਹਿਲਾ

## ਮੰਗਲਾਚਰਨ, ਰਾਜਾ ਮਾਨ ਸਿੰਘ

੧. ਇਸ਼੍ਰ ਦੇਵ-ਸ੍ਰੀ ਅਕਾਲ ਪੁਰਖ ਦਾ ਮੰਗਲ

ਦੋਹਰਾ- ਪਾਰਬ੍ਰਹਮ! ਪਰਮਾਤਮਾ! ਬ੍ਯਾਪਕ ਸਕਲ ਸਮਾਨ!
ਸਭਿ ਅਲੰਬ! ਪ੍ਰੇਰਕ! ਪ੍ਰਭੂ! ਬਿਦਤਹੁ ਰਿਦੇ ਮਹਾਨ॥ ੧॥

ਹੇ ਪਾਰਬ੍ਰਹਮ! ਹੇ ਪਰਮਾਤਮਾ! ਹੇ ਸਾਰਿਆਂ ਵਿਚ ਇਕ ਸਮਾਨ ਰਮੇ ਹੋਏ ਵਾਹਿਗੁਰੂ! ਹੇ ਸਭ ਦੇ ਆਸਰਾ! ਹੇ ਸਭ ਦੇ ਪ੍ਰੇਰਕ! ਹੇ ਸਭ ਦੇ ਮਾਲਕ! ਹੇ ਸਭ ਦੇ ਵੱਡੇ! ਮੇਰੇ ਹਿਰਦੇ ਵਿਚ ਪ੍ਰਗਟ ਹੋਵੋ॥੧॥

੨. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ

ਸੈਯਾ- ਸੁੰਦਰ ਉੱਜਲ ਚੰਦ ਅਮੰਦ ਮਨਿੰਦ ਦਿਪੈ ਮੁਖ ਦ੍ਵੰਦਨ ਹਾਨੀ।
ਚੰਦ੍ਰਿਕਾ ਚੰਦ੍ਰਿਕ ਪਾਰਦ ਨਾਰਦ ਸਾਰਦ ਅੰਗ ਕੇ ਰੰਗ ਸਮਾਨੀ।
ਦੇਵ ਜਿ ਬ੍ਰਿੰਦ ਕਰੈਂ ਅਭਿਨੰਦਨ ਆਨੰਦ ਕੰਦ ਖਿਲੰਦ ਸੁ ਜਾਨੀ।
ਤ੍ਯਾਂ ਪਦ ਕੇ ਅਰਬਿੰਦਨਿ ਕੋ ਗਨ ਬੰਦਨ ਠਾਨਿ ਰਚੌਂ ਬਰਬਾਨੀ॥੨॥

ਉੱਜਲ ਤੇ ਸੁਹਣੇ ਕਲੰਕ ਰਹਿਤ ਚੰਦ ਵਾਂਗ ਜਿਸ ਦਾ ਮੁਖੜਾ ਪ੍ਰਕਾਸ਼ ਰਿਹਾ ਹੈ ਤੇ ਸਾਰੇ ਦ੍ਵੰਦਾਂ ਨੂੰ ਦੂਰ ਕਰ ਰਿਹਾ ਹੈ। ਸ਼ਾਰਦਾ ਦੇ ਸਾਰੇ ਅੰਗ ਚੰਦ੍ਰਮਾਂ ਦੀ ਚਾਂਦਨੀ, ਪਾਰੇ ਤੇ ਨਾਰਦ ਦੇ ਰੰਗ ਸਮਾਨ ਉੱਜਲ ਹਨ। ਸਾਰੇ ਦੇਵਤੇ ਜਿਸ ਨੂੰ ਬੜੀ ਅਨੰਦ ਦਾਤੀ ਤੇ ਪ੍ਰਬੀਨ ਜਾਣਕੇ ਨਮਸਕਾਰਾਂ ਕਰਦੇ ਹਨ। ਉਸ ਸ਼ਾਰਦਾ ਦੇ ਚਰਨ ਕੰਵਲਾਂ ਨੂੰ ਬਹੁਤ ਵਾਰ ਨਮਸਕਾਰ ਕਰਕੇ ਸ੍ਰੇਸ਼ਟ ਬਾਰ੍ਹਵੀਂ ਰਾਸ ਦੀ ਬਾਣੀ ਕਵਿਤਾ ਵਿਚ ਲਿਖਦਾ ਹਾਂ॥੨॥

੩. ਇਸ਼੍ਰ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਚੌਪਈ- ਉਪਦੇਸ਼ਤਿ ਜਗ ਗੁਰ ਭਏ ਫੈਲਜੋ ਜਸ ਜਿਮ ਚੰਦ।
ਬਿਘਨ ਬਿਨਾਸਹਿਂ ਕ੍ਰਿਪਾ ਤੇ, ਸ੍ਰੀ ਨਾਨਕ ਪਦ ਬੰਦਿ॥ ੩॥

ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਕੰਵਲਾਂ ਉੱਪਰ ਨਮਸਕਾਰ ਕਰਦਾ ਹਾਂ, ਜਿਨ੍ਹਾਂ ਨੇ ਜਗਤ ਗੁਰੂ ਹੋ ਕੇ ਸਾਰੇ ਜਗਤ ਨੂੰ ਉਪਦੇਸ਼ ਦਿੱਤਾ ਤੇ ਜਿਨ੍ਹਾਂ ਦਾ ਜੱਸ ਚੰਦ ਵਾਂਗ ਸਾਰੇ ਫੈਲਿਆ ਹੋਇਆ ਹੈ। ਉਹ ਸਤਿਗੁਰੂ ਆਪਣੀ ਕਿਰਪਾ ਧਾਰ ਕੇ ਮੇਰੇ ਸਾਰੇ ਵਿਘਨਾਂ ਦਾ ਨਾਸ਼ ਕਰਨ॥੩॥

੪. ਇਸ਼੍ਰ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ

ਅਜਰ ਜਰਨ, ਧੀਰਜ ਧਰਨ, ਅਮਰ ਕਰਨ ਸਿਖ ਬ੍ਰਿੰਦ।
ਸ੍ਰੀ ਅੰਗਦ ਸੰਕਟ ਹਰਨ ਨਮਹਿਂ ਪਦਨਿ ਅਰਬਿੰਦ॥ ੪॥

ਨਾ ਜਰੇ ਜਾਣ ਵਾਲੇ ਨੂੰ ਜਰਨ ਵਾਲੇ, ਧਰਤੀ ਸਮਾਨ ਧੀਰਜ ਧਰਨ ਵਾਲੇ, ਆਪਣੇ ਸਾਰੇ ਸਿੱਖਾਂ ਨੂੰ ਅਮਰ ਕਰਨ ਵਾਲੇ ਅਤੇ ਸੰਕਟਾਂ ਨੂੰ ਦੂਰ ਕਰਨ ਵਾਲੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨ ਕੰਵਲਾਂ ਉੱਪਰ ਮੇਰੀ ਨਮਸਕਾਰ ਹੈ॥੪॥

*੫.ਇਸ਼੍ਰ ਗੁਰੂ-ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ*

**ਕਰੇ ਬਿਸਾਲ ਨਿਹਾਲ ਜਨ ਟਾਲਿ ਕਾਲ ਦੁਖ ਜਾਲ।**
**ਅਮਰਦਾਸ ਸ੍ਰੀ ਸਤਿਗੁਰੂ ਰਿਦੈ ਸੰਭਾਲਿ ਕ੍ਰਿਪਾਲੁ॥ ੫॥**

ਕਾਲ ਚੱਕਰ ਵਿਚ ਆ ਕੇ ਵਿਆਪਣ ਵਾਲੇ, ਸਾਰੇ ਦੁੱਖਾਂ ਨੂੰ ਜਿਨ੍ਹਾਂ ਨੇ ਦੂਰ ਕਰਕੇ ਆਪਣੇ ਸੇਵਕਾਂ ਨੂੰ ਬਹੁਤ ਹੀ ਨਿਹਾਲ ਕੀਤਾ ਹੈ ਐਸੇ ਕ੍ਰਿਪਾਲੂ ਸਤਿਗੁਰੂ ਅਮਰਦਾਸ ਜੀ ਦਾ ਮੈਂ ਹਿਰਦੇ ਵਿਚ ਸਿਮਰਨ ਕਰ ਰਿਹਾ ਹਾਂ॥੫॥

*੬.ਇਸ਼੍ਰ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ*

**ਤ੍ਰਾਸ ਨਾਸ਼ ਨਿਜ ਦਾਸ ਕੇ ਬਾਕ ਬਿਲਾਸ ਪ੍ਰਕਾਸ਼।**
**ਰਾਮਦਾਸ ਸ੍ਰੀ ਸਤਿਗੁਰੂ! ਬਾਸਹੁ ਰਿਦੈ ਅਵਾਸ॥ ੬॥**

ਹੇ ਸਤਿਗੁਰੂ ਰਾਮਦਾਸ ਜੀਓ! ਆਪ ਆਪਣੇ ਬਚਨ ਬਿਲਾਸ ਦੇ ਪ੍ਰਕਾਸ਼ ਨਾਲ ਹੀ ਆਪਣੇ ਦਾਸਾਂ ਦੇ ਭੈ ਨਾਸ਼ ਕਰ ਦਿੰਦੇ ਹੋ, ਮੇਰੀ ਬੇਨਤੀ ਹੈ ਕਿ ਮੇਰੇ ਹਿਰਦੇ ਰੂਪੀ ਘਰ ਵਿਚ ਆ ਕੇ ਵੀ ਵਸੋ ਤਾਂਕਿ ਮੇਰੇ ਭੈ ਵੀ ਦੂਰ ਹੋ ਜਾਣ॥੬॥

*੭.ਇਸ਼੍ਰ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ*

**ਤਰਜਨ ਦੁਖ, ਬਰਜਨ ਬਿਘਨ, ਸਿਰਜਨ ਜਨ ਕੱਲਜਾਨ।**
**ਸ੍ਰੀ ਅਰਜਨ! ਅਰਜ਼ਨਿ ਸੁਨਹਿਂ, ਨਮੋ ਪਦਮ ਪਦ ਠਾਨਿ॥ ੭॥**

ਸ੍ਰੀ ਗੁਰੂ ਅਰਜਨ ਦੇਵ ਜੀ ਜੋ ਆਪਣੇ ਦਾਸਾਂ ਦੀਆਂ ਬੇਨਤੀਆਂ ਸੁਣਦੇ ਹਨ ਅਤੇ ਉਨ੍ਹਾਂ ਦੇ ਦੁੱਖਾਂ ਨੂੰ ਤਾੜਦੇ ਹਨ, ਵਿਘਨਾਂ ਨੂੰ ਵਰਜਦੇ ਹਨ ਤੇ ਮੁਕਤੀ ਦਾ ਪ੍ਰਬੰਧ ਕਰ ਦਿੰਦੇ ਹਨ, ਉਨ੍ਹਾਂ ਦੇ ਚਰਨ ਕੰਵਲਾਂ ਉੱਪਰ ਮੈਂ ਨਮਸਕਾਰ ਕਰਦਾ ਹਾਂ॥੭॥

*੮. ਇਸ਼੍ਰ ਗੁਰੂ-ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਮੰਗਲ*

**ਜਨ ਬ੍ਰਿੰਦਨਿ ਆਨੰਦ ਦੇ ਜਿਮਿ ਦਿਨਿੰਦ ਅਰਬਿੰਦ।**
**ਸ੍ਰੀ ਹਰਿ ਗੋਬਿੰਦ ਚੰਦ ਗੁਰ ਨਮੋ ਸੁਛੰਦ ਮੁਕੰਦ॥ ੮॥**

ਜਿਵੇਂ ਸੂਰਜ ਕੰਵਲਾਂ ਨੂੰ ਆਨੰਦ ਦਿੰਦਾ ਹੈ ਉਸ ਤਰ੍ਹਾਂ ਮੁਕਤੀ ਦਾਤੇ ਤੇ ਸਵਤੰਤਰ ਸ੍ਰੀ ਹਰਿਗੋਬਿੰਦ ਸਾਹਿਬ ਜੀ ਚੰਦ ਵਾਂਗ ਆਪਣੇ ਸਾਰੇ ਦਾਸਾਂ ਨੂੰ ਆਨੰਦ ਦਿੰਦੇ ਹਨ, ਉਨ੍ਹਾਂ ਨੂੰ ਮੇਰੀ ਨਮਸਕਾਰ ਹੈ॥੮॥

*੯.ਇਸ਼੍ਰ ਗੁਰੂ-ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ*

**ਸੁਖ ਬਿਲਾਸ ਦਾਸਨਿ ਬਖਸ਼ਿ ਰਿਪੁਨਿ ਬਚਨ ਤੇ ਹਾਨਿ।**
**ਸ੍ਰੀ ਸਤਿਗੁਰੁ ਹਰਿਰਾਇ ਜੀ ਨਮਹਿ, ਕਰਹੁ ਕੱਲਜਾਨ॥ ੯॥**

ਹੇ ਸਤਿਗੁਰੂ ਹਰਿਰਾਇ ਜੀਓ! ਆਪ ਆਪਣੇ ਦਾਸਾਂ ਨੂੰ ਸੁਖ ਤੇ ਆਨੰਦ ਬਖਸ਼ਦੇ ਹੋ ਤੇ ਚੜ੍ਹਾਈ ਕਰਕੇ ਵੈਰੀਆਂ ਨੂੰ ਆਪਣੇ ਬਚਨਾਂ ਨਾਲ ਹੀ ਨਾਸ਼ ਕਰ ਦਿੰਦੇ ਹੋ। ਆਪ ਜੀ ਨੂੰ ਨਮਸਕਾਰ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਮੇਰਾ ਵੀ ਕਲਿਆਣ ਕਰੋ॥੯॥

੧੦.ਇਸ਼੍ਟ ਗੁਰੂ-ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਮੰਗਲ

ਦਰਸ਼ਨ ਤੇ ਸੰਕਟ ਨਸਹਿਂ ਪਗ ਪਰਸਨਿ ਸੁਖਦਾਇ।
ਜਨ ਹਰਸ਼ਨ ਸਰਸਨ ਸਦਾ ਸ਼੍ਰੀ ਹਰਿ ਕ੍ਰਿਸ਼ਨ ਸੁਭਾਇ॥ ੧੦॥

ਸਤਿਗੁਰੂ ਸ੍ਰੀ ਹਰਿਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਨਾਲ ਸੰਕਟ ਦੂਰ ਹੋ ਜਾਂਦੇ ਹਨ, ਉਨ੍ਹਾਂ ਦੇ ਚਰਨ ਪਰਸਣ ਨਾਲ ਸੁੱਖ ਪ੍ਰਾਪਤ ਹੁੰਦਾ ਹੈ। ਉਨ੍ਹਾਂ ਦਾ ਸੁਭਾਅ ਦਾਸਾਂ ਨੂੰ ਅਨੰਦ ਦੇ ਕੇ ਖਿੜਾ ਦੇਣ ਵਾਲਾ ਹੈ, ਉਨ੍ਹਾਂ ਨੂੰ ਮੇਰੀ ਨਮਸਕਾਰ ਹੈ॥੧੦॥

੧੧. ਇਸ਼੍ਟ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ

ਤ੍ਰਿਣ ਤੁਲ ਤਨ ਤਜਿ ਤੁਰਤ ਤਿਹ ਤੁਰਕਨਿ ਤੇਜ ਨਿਕੰਦ।
ਤੇਗ ਬਹਾਦੁਰ ਸਤਿਗੁਰੂ ਚਰਨ ਕਮਲ ਤਿਨ ਬੰਦਿ॥ ੧੧॥

ਇਕ ਤੀਲੇ ਵਾਂਗ ਸਰੀਰ ਨੂੰ ਤਿਆਗ ਕੇ ਤੁਰਕਾਂ ਦਾ ਤੇਜ ਬਹੁਤ ਛੇਤੀ ਪੁੱਟ ਦਿੱਤਾ, ਐਸੇ ਸਤਿਗੁਰੂ ਤੇਗ ਬਹਾਦਰ ਜੀ ਜਿਹੜੇ ਹਨ ਉਨ੍ਹਾਂ ਦੇ ਚਰਨ ਕੰਵਲਾਂ ਨੂੰ ਮੇਰੀ ਨਮਸਕਾਰ ਹੈ॥੧੧॥

੧੨.ਇਸ਼੍ਟ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੰਗਲ

ਰਚਜੋ ਨਿਖਾਲਿਸ ਖਲਕ ਤੇ ਪੰਥ ਖਾਲਿਸਾ ਸੁੱਧ।
ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਹਤਿ ਰਿਪੁ ਕ੍ਰੁੱਧਤਿ ਜੁੱਧ॥ ੧੨॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਹਨ ਜਿਨ੍ਹਾਂ ਖਲਕਤ ਨੂੰ ਬਹੁਤ ਖਾਲਸ ਬਣਾ ਕੇ ਸ਼ੁੱਧ ਖਾਲਸਾ ਪੰਥ ਰਚਿਆ ਤੇ ਯੁੱਧ ਵਿਚ ਕ੍ਰੋਧ ਧਾਰ ਕੇ ਵੈਰੀਆਂ ਦਾ ਨਾਸ਼ ਕੀਤਾ॥੧੨॥

੧੩.ਦਸਾਂ ਗੁਰੂ ਸਾਹਿਬਾਨ ਦਾ ਮੰਗਲ

ਪਗ ਸਰੋਜ ਸਭਿ ਗੁਰਨਿ ਕੇ ਉਰ ਮਹਿਂ ਭਲੇ ਮਨਾਇ।
ਦ੍ਵਾਦਸ਼ਮੀ ਅਬਿ ਰਾਸਿ ਕੋ ਰਚੌਂ ਪ੍ਰਮੇਸੁਰ ਧਜਾਇ॥ ੧੩॥

ਸਾਰੇ ਸਤਿਗੁਰਾਂ ਦੇ ਚਰਨ ਕੰਵਲਾਂ ਨੂੰ ਹਿਰਦੇ ਵਿਚ ਚੰਗੀ ਤਰ੍ਹਾਂ ਮਨਾ ਕੇ ਵਾਹਿਗੁਰੂ ਨੂੰ ਧਿਆ ਕੇ ਹੁਣ ਮੈਂ ਸੂਰਜ ਪ੍ਰਕਾਸ਼ ਦੀ ਬਾਰ੍ਹਵੀਂ ਰਾਸ ਨੂੰ ਰਚਦਾ ਹਾਂ॥੧੩॥

ਮੰਗਲਾਚਰਨ ਸਮਾਪਤ

ਰਾਜਾ ਮਾਨ ਸਿੰਘ

ਦੋਹਰਾ- ਕਿਤਿਕ ਦਿਵਸ ਬਸਿ ਕਰਿ ਗੁਰੂ ਪਟਨੇ ਨਗਰ ਮਝਾਰ।
ਸੁਖ ਪਾਯਹੁ ਸ਼੍ਰਮ ਪਰਹਰਜੋ, ਸਿੱਖਜਨਿ ਕਰਨਿ ਉਧਾਰ॥ ੧੪॥

ਕਈ ਦਿਨ ਪਟਨੇ ਸ਼ਹਿਰ ਵਿਚ ਵੱਸ ਕੇ ਗੁਰੂ ਜੀ ਨੇ ਸੁਖ ਪਾ ਕੇ ਥਕਾਵਟ ਦੂਰ ਕੀਤੀ ਤੇ ਸਿੱਖਾਂ ਦਾ ਉਧਾਰ ਕਰਦੇ ਸਨ॥੧੪॥

ਅਬਹਿ ਕਥਾ ਇਕ ਭੂਪ ਕੀ ਉਚਿਤ ਕਹਨਿ ਕੇ ਜਾਨਿ।
ਤਿਸ ਕੋ ਬਰਨਨਿ ਕਰਤਿ ਹੌਂ, ਸੁਨਹੁ ਸੰਤ! ਦੇ ਕਾਨ॥ ੧੫॥

ਹੁਣ ਇਕ ਰਾਜੇ ਦੀ ਕਥਾ ਕਹਿਣ ਨੂੰ ਉਚਿਤ ਜਾਣ ਕੇ ਉਸ ਦਾ ਵਰਨਣ ਕਰਦਾ ਹਾਂ। ਹੇ ਸੰਤੋ! ਕੰਨ ਲਾ ਕੇ ਸੁਣੋ॥੧੫॥

ਦੇਸ ਕਾਮਰੂ ਗੁਰ ਗਮਨਿ ਕੀਨਸਿ ਜਿਸ ਕੇ ਸੰਗ।
ਕਹੌਂ ਛੋਰ ਤੇ ਸੋ ਕਥਾ ਜਿਮ ਹਮ ਸੁਨਯੋ ਪ੍ਰਸੰਗ॥ ੧੬॥

ਜਿਸ ਰਾਜੇ ਦੇ ਨਾਲ ਗੁਰੂ ਜੀ ਕਾਮਰੂਪ ਦੇਸ਼ ਨੂੰ ਗਏ ਸਨ ਉਸ ਕਥਾ ਨੂੰ ਸ਼ੁਰੂ ਤੋਂ ਆਰੰਭ ਕਰਦਾ ਹਾਂ, ਜਿਵੇਂ ਮੈਂ ਪ੍ਰਸੰਗ ਸੁਣਿਆ ਹੈ॥੧੬॥

ਚੌਪਈ-ਦਿੱਲੀ ਮਹਿਂ ਅਕਬਰ ਤੁਰਕੇਸ਼। ਕਰਤਿ ਰਾਜ ਲੇ ਦੇਸ਼ ਅਸ਼ੇਸ਼।
ਜਹਾਂ ਮਵਾਸ ਹੋਹਿ ਕੋ ਜਾਈ। ਤਹਿਂ ਬਡ ਸੈਨਾ ਦੇਤਿ ਪਠਾਈ॥੧੭॥

ਦਿੱਲੀ ਦਾ ਤੁਰਕ ਬਾਦਸ਼ਾਹ ਅਕਬਰ ਸਾਰੇ ਦੇਸ਼ ਲੈ ਕੇ ਰਾਜ ਕਰਦਾ ਸੀ। ਜਿਥੇ ਕੋਈ ਆਕੀ ਹੋ ਜਾਂਦਾ ਸੀ, ਉਥੇ ਵੱਡੀ ਸੈਨਾ ਭੇਜ ਦਿੰਦਾ ਸੀ॥੧੭॥

ਕਰਿ ਸੰਗ੍ਰਾਮ ਬਿਜੈ ਕੌ ਪਾਇ। ਬਸੀ ਕਰੇ ਸਭਿ ਦੇਸ਼ਨਿ ਰਾਇ।
ਆਇਸੁ ਅਕਬਰ ਕੀ ਸਿਰ ਸਹੈਂ। ਅਪਨੋ ਰਾਜ ਕਰਤਿ ਸੋਂ ਰਹੈਂ॥ ੧੮॥

ਸੰਗ੍ਰਾਮ ਕਰਕੇ ਵਿਜੈ ਪ੍ਰਾਪਤ ਕਰਦਾ ਸੀ ਤੇ ਸਭ ਦੇਸ਼ਾਂ ਦੇ ਰਾਜਿਆਂ ਨੂੰ ਵੱਸ ਵਿਚ ਕਰ ਲੈਂਦਾ ਸੀ। ਸਾਰੇ ਰਾਜੇ ਅਕਬਰ ਦੀ ਆਗਿਆ ਨੂੰ ਆਪਣੇ ਸਿਰ ਤੇ ਸਹਿੰਦੇ ਸਨ ਤੇ ਆਪਣਾ ਰਾਜ ਕਰਦੇ ਰਹਿੰਦੇ ਸਨ॥੧੮॥

ਨੀਤਿ ਬਿਸਾਲ ਨੀਤਿ ਉਰਧਾਰੈਂ। ਮਿੱਤ੍ਰ ਵਧਾਵਹਿਂ ਸ਼ੱਤ੍ਰੂ ਨਿਕਾਰੈਂ।
ਦੇਸ਼ ਕਾਮਰੂ ਰਹਯੋ ਮਵਾਸੀ। ਤਹਿਂ ਕਾਮੱਖਜਾ ਜੋਤਿ ਪ੍ਰਕਾਸ਼ੀ॥ ੧੯॥

ਬਾਦਸ਼ਾਹ ਵਿਸ਼ਾਲ ਰਾਜਨੀਤੀ ਨੂੰ ਨਿਤ ਹਿਰਦੇ ਵਿਚ ਧਾਰਨ ਕਰਦਾ ਸੀ, ਆਪਣੇ ਮਿੱਤਰਾਂ ਨੂੰ ਵਧਾਉਂਦਾ ਸੀ ਤੇ ਵੈਰੀਆਂ ਨੂੰ ਕੱਢ ਦਿੰਦਾ ਸੀ। ਦੇਸ਼ ਕਾਮਰੂਪ ਆਕੀ ਹੀ ਰਿਹਾ ਉਥੇ ਕਾਮੱਖਿਆ ਦੇਵੀ ਦਾ ਪ੍ਰਕਾਸ਼ ਹੋਇਆ ਸੀ॥੧੯॥

*ਨੋਟ : ਕਾਮ ਰੂਪ ਦੇਸ਼ ਬੰਗਾਲ ਦੇ ਉੱਤਰ ਪੂਰਬ ਵਿਚ ਸਥਿਤ ਹੈ, ਉਸ ਦੇਸ਼ ਵਿਚ ਗੁਹਾਟੀ ਨੇੜੇ ਇਕ ਦੇਵੀ ਦਾ ਮੰਦਰ ਹੈ ਜਿਸ ਵਿਚ ਦੇਵੀ ਦੇ ਨੰਗੇਜ਼ ਦੀ ਪੂਜਾ ਹੁੰਦੀ ਹੈ।*

ਮਹਾਂ ਸ਼ਕਤਿ ਜੁਤਿ ਜ਼ਾਹਰ ਕਲਾ। ਯਾਂਤੇ ਨਹਿਂ ਅਕਬਰ ਬਸ ਚਲਾ।
ਭੂਪ ਦੇਸ਼ ਕੇ ਪਰ ਜੋ ਆਵੈ। ਸੋ ਦੇਵੀ ਕੋ ਸ਼ਰਨਿ ਸਿਧਾਵੈ॥ ੨੦॥

ਉਹ ਦੇਵੀ ਮਹਾਨ ਸ਼ਕਤੀ ਸਹਿਤ ਜ਼ਾਹਰਾ ਕਲਾ ਵਾਲੀ ਸੀ, ਉਸ ਉਤੇ ਅਕਬਰ ਦਾ ਵੱਸ ਨਾ ਚਲਿਆ। ਜਿਹੜਾ ਵੀ ਰਾਜੇ ਉੱਤੇ ਚੜ੍ਹਾਈ ਕਰਕੇ ਆਉਂਦਾ ਸੀ, ਜਦ ਉਹ ਰਾਜਾ ਦੇਵੀ ਦੀ ਸ਼ਰਨ ਵਿਚ ਚਲੇ ਜਾਂਦਾ ਸੀ॥੨੦॥

ਤਬਿ ਸਹਾਇਤਾ ਕਰਹਿ ਬਿਸਾਲਾ। ਹਤਹਿ ਦੁਸ਼ਟ ਕੀ ਬਲ ਤਤਕਾਲਾ।
ਅਨਿਕ ਰੀਤਿ ਕੇ ਮੰਤ੍ਰ ਸੁ ਜਾਨਹਿਂ। ਤਿਨ ਤੇ ਸ਼ੱਤ੍ਰੁਨਿ ਗਨ ਕੋ ਹਾਨਹਿਂ॥੨੧॥

ਤਦ ਉਹ ਦੇਵੀ ਉਸ ਦੀ ਬਹੁਤ ਸਹਾਇਤਾ ਕਰਦੀ ਸੀ, ਦੁਸ਼ਟ ਦੇ ਬਲ ਨੂੰ ਤੁਰਤ ਖਤਮ ਕਰ ਦਿੰਦੀ ਸੀ। ਲੋਕ ਅਨੇਕ ਰੀਤੀਆਂ ਦੇ ਮੰਤਰ ਜਾਣਦੇ ਸਨ। ਰਾਜੇ ਦੇ ਵੈਰੀਆਂ ਦਾ ਨਾਸ਼ ਕਰ ਦਿੰਦੇ ਸਨ॥੨੧॥

ਅਕਬਰ ਚਿਤਵਤਿ ਤਿਹ ਸਰ ਕਰਿਬੇ। ਕਈ ਬਾਰ ਕਰਿ ਲਸ਼ਕਰਿ ਚਰਿਬੇ।
ਨਹੀਂ ਮਿਲਯੋ ਸੋ ਆਇ ਕਦਾਈ। ਰਹੇ ਮਵਾਸੀ ਦੇਸ਼ ਸਦਾਈ॥ ੨੨॥

ਅਕਬਰ ਉਸ ਸਥਾਨ ਨੂੰ ਜਿੱਤਣ ਬਾਰੇ ਸੋਚ ਰਿਹਾ ਸੀ, ਕਈ ਵਾਰ ਲਸ਼ਕਰ ਭੇਜ ਕੇ ਚੜ੍ਹਾਈ ਕੀਤੀ। ਪਰ ਉਹ ਰਾਜਾ ਕਦੀ ਵੀ ਆ ਕੇ ਅਕਬਰ ਨੂੰ ਨਾ ਮਿਲਿਆ, ਉਹ ਦੇਸ਼ ਸਦਾ ਹੀ ਆਕੀ ਰਿਹਾ॥੨੨॥

ਮਾਨ ਸਿੰਘ ਰਾਜਾ ਬਲਵੰਡ। ਜੀਤੀ ਪਸ਼ਚਮ ਦਿਸ਼ਾ ਪ੍ਰਚੰਡ।
ਮਹਾਂ ਮਲੇਛ ਕਰੇ ਸਰ ਜਾਇ। ਤਹਾ ਜੀਤ ਕੀ ਬੰਬ ਬਜਾਇ॥ ੨੩॥

ਮਾਨ ਸਿੰਘ ਬੜਾ ਸੂਰਬੀਰ ਰਾਜਾ ਸੀ, ਉਸ ਨੇ ਪ੍ਰਚੰਡ ਪੱਛਮੀਂ ਦਿਸ਼ਾ ਜਿੱਤ ਲਈ। ਬਲਵਾਨ ਤੁਰਕਾਂ ਨੂੰ ਜਾ ਕੇ ਜਿੱਤ ਲਿਆ ਤੇ ਉਥੇ ਜਿੱਤ ਦੇ ਵਾਜੇ ਵਜਾ ਦਿੱਤੇ॥੨੩॥

ਹਟਿ ਆਯਹੁ ਪੁਨ ਅਪਨੇ ਦੇਸ਼। ਸ਼ੰਕਾ ਕਰਤਿ ਭਯੋ ਤੁਰਕੇਸ਼।
'ਇਹ ਰਜਪੂਤ ਪ੍ਰਤਾਪੀ ਭਾਰੇ। ਜੇ ਕਬਿ ਬਿਗਰਹਿਂ ਸੰਗ ਹਮਾਰੇ॥ ੨੪॥

ਹਟ ਕੇ ਵਾਪਸ ਆਪਣੇ ਦੇਸ਼ ਆ ਗਿਆ। ਇਹ ਵੇਖ ਕੇ ਤੁਰਕ ਬਾਦਸ਼ਾਹ ਸ਼ੰਕਾ ਕਰਦਾ ਸੀ, "ਇਹ ਰਾਜਪੂਤ ਬੜੇ ਪ੍ਰਤਾਪ ਵਾਲੇ ਹਨ, ਜੇ ਇਹ ਕਦੀ ਸਾਡੇ ਨਾਲ ਵਿਗੜ ਗਏ॥੨੪॥

ਰੌਰਾ ਪਤਿਸ਼ਾਹਤ ਮਹਿਂ ਪਾਵੈ। ਕੌਨ ਸਮੁਖ ਹੁਇ ਜੰਗ ਮਚਾਵੈ।
ਸੁਭਟ ਬਡੇਰੇ ਪਸ਼ਚਮ ਦੇਸ਼। ਕਰੇ ਜੋਰ ਤੇ ਜ਼ੇਰ ਅਸ਼ੇਸ਼॥ ੨੫॥

ਤਾਂ ਪਾਤਸ਼ਾਹੀ ਵਿਚ ਰੌਲਾ ਪਾਉਣਗੇ, ਕੌਣ ਇਨ੍ਹਾਂ ਸਾਹਮਣੇ ਹੋ ਕੇ ਜੰਗ ਮਚਾਵੇਗਾ। ਪੱਛਮ ਦੇਸ਼ ਦੇ ਸੂਰਬੀਰ ਬਹੁਤ ਬਹਾਦਰ ਹਨ, ਇਸਨੇ ਜ਼ੋਰ ਪਾ ਕੇ ਸਾਰੇ ਖੇਤਰ ਅਧੀਨ ਕਰ ਲਏ ਹਨ॥੨੫॥

ਯਾਂਤੇ ਇਸਹਿ ਮੁਹਿੰਮ ਪਠਾਵੈਂ। ਜਹਾਂ ਜਾਇ ਕਰਿ ਫੇਰ ਨ ਆਵੈ
ਲਰਿਤੇ ਜੀਤਹਿ ਕਰਿ ਰਣਘੋਰ। ਦੇਸ਼ ਕਾਮਰੂ ਮੰਤ੍ਰਨਿ ਜ਼ੋਰ॥ ੨੬॥

ਇਸ ਕਰਕੇ ਇਸ ਨੂੰ ਮੁਹਿੰਮ ਤੇ ਭੇਜਦੇ ਹਾਂ, ਜਿਥੇ ਜਾ ਕੇ ਫਿਰ ਵਾਪਸ ਨਹੀਂ ਆਵੇਗਾ। ਘੋਰ ਯੁੱਧ ਕਰਕੇ ਲੜ ਕੇ ਜਿੱਤੇਗਾ, ਕਾਮਰੂਪ ਦੇਸ਼ ਵਿਚ ਮੰਤਰਾਂ ਦਾ ਬਹੁਤ ਜ਼ੋਰ ਹੈ॥੨੬॥

ਚਲਹਿ ਨ ਬਸਿ ਤਹਿਂ ਜੁੱਧ ਕਰਨਿ ਕੋ। ਮੰਤ੍ਰਨਿ ਸੰਗ ਸੁ ਪਾਇ ਮਰਨਿ ਕੋ।
ਜੇ ਨ ਮਰਹਿ ਲੈ ਬਿਜੈ ਉਪਾਇ। ਦੇਸ਼ ਮਵਾਸੀ ਹਮ ਢਿਗ ਆਇ' ॥੨੭॥

ਉਥੇ ਯੁੱਧ ਕਰਨ ਵਿਚ ਕੋਈ ਵੱਸ ਨਹੀਂ ਚਲੇਗਾ, ਮੰਤਰਾਂ ਦੇ ਨਾਲ ਹੀ ਮੌਤ ਪਾ ਲਵੇਗਾ। ਜੇ ਨਹੀਂ ਮਰੇਗਾ, ਵਿਜੇ ਪ੍ਰਾਪਤ ਕਰ ਲਵੇਗਾ ਤਾਂ ਆਕੀ ਦੇਸ਼ ਸਾਡੇ ਪਾਸ ਆ ਜਾਵੇਗਾ" ॥੨੭॥

ਅਸ ਮਸਲਤਿ ਕਰਿ ਕੈ ਛਲ ਸਾਨੀ। ਨ੍ਰਿਪਤਿ ਹਕਾਰਯੋ ਬਡ ਅਭਿਮਾਨੀ।
ਦਿੱਲੀ ਮਹਿਂ ਪ੍ਰਵੇਸ਼ ਜਬਿ ਹੋਯੋ। ਗੋਬਧ ਬ੍ਰਿੰਦ ਕਸਾਈ ਜੋਯੋ॥ ੨੮॥

ਇਸ ਤਰ੍ਹਾਂ ਸਲਾਹ ਕਰਕੇ ਛਲ ਦੀ ਰਚਨਾ ਕੀਤੀ ਤੇ ਵੱਡੇ ਅਭਿਮਾਨੀ ਰਾਜੇ ਨੂੰ ਆਪਣੇ ਪਾਸ ਬੁਲਾਇਆ। ਜਦ ਉਸ ਦਿੱਲੀ ਵਿਚ ਪ੍ਰਵੇਸ਼ ਕੀਤਾ ਤਾਂ ਉਸ ਗਊਆਂ ਨੂੰ ਕੱਟਣ ਵਾਲੇ ਕਈ ਕਸਾਈ ਵੇਖੇ॥੨੮॥

ਪਿਖਿ ਕਰਿ ਸਹਿ ਨ ਸਕਯੋ ਰਿਸ ਧਰਿ ਕੈ। ਖੜਗਨਿ ਸੰਗ ਕਟਾ ਤਿਨ ਕਰਿ ਕੈ।
ਭਾਜ ਦੁਰੇ ਤਿਨ ਪ੍ਰਾਣ ਉਬਾਰੇ। ਜੋ ਹੇਰੇ ਸੋ ਖੜਗ ਬਿਦਾਰੇ॥ ੨੯॥

ਰਾਜਾ ਵੇਖ ਕੇ ਸਹਿ ਨਾ ਸਕਿਆ ਤੇ ਬੜਾ ਗੁੱਸਾ ਧਾਰ ਕੇ ਤਲਵਾਰ ਨਾਲ ਉਨ੍ਹਾਂ ਨੂੰ ਕੱਟ ਦਿੱਤਾ। ਜਿਹੜੇ ਭੱਜ ਗਏ ਜਾਂ ਲੁਕ ਗਏ ਉਨ੍ਹਾਂ ਪ੍ਰਾਣ ਬਚਾ ਲਏ, ਜੋ ਵੇਖ ਲਏ ਉਹ ਤਲਵਾਰ ਨਾਲ ਵੱਢ ਦਿੱਤੇ॥੨੯॥

ਇਸ ਪ੍ਰਕਾਰ ਬਹੁ ਰੌਰ ਮਚਾਵਤਿ। ਤੁਰਕੇਸ਼ੁਰ ਕੇ ਨਿਕਟਿ ਸਿਧਾਵਤਿ।
ਸੁਨੇ ਹਤੇ ਕੁਛ ਨਾਂਹਿ ਨ ਕਰਜੋ। ਤਊ ਰਿਦਾ ਬਹੁ ਦੁਖ ਸੋਂ ਦਹਜੋ॥ ੩੦॥

ਇਸ ਪ੍ਰਕਾਰ ਬਹੁਤ ਰੌਲਾ ਮਚਾਇਆ ਤੇ ਫਿਰ ਤੁਰਕ ਬਾਦਸ਼ਾਹ ਦੇ ਪਾਸ ਪਹੁੰਚ ਗਿਆ। ਬਾਦਸ਼ਾਹ ਨੇ ਕਸਾਈ ਮਾਰੇ ਗਏ ਸੁਣੇ, ਪਰ ਕੁਝ ਵੀ ਨਾ ਕੀਤਾ, ਫਿਰ ਵੀ ਹਿਰਦਾ ਬੜੇ ਦੁਖ ਨਾਲ ਸੜ ਰਿਹਾ ਸੀ॥੩੦॥

ਕਪਟ ਠਾਨਿ ਕੈ ਨਿਕਟਿ ਬਿਠਾਇਸਿ। ਸ਼ਸਤ੍ਰ ਬਸਤ੍ਰ ਬਹੁਮੁਲੇ ਦਿਵਾਇਸਿ।
ਸਭਾ ਲਗਾਇ ਸਕਲ ਉਮਰਾਵ। ਰਾਜੇ ਅਪਰ ਬੁਲਾਇ ਬਿਠਾਵ॥ ੩੧॥

ਕਪਟ ਧਾਰ ਕੇ ਰਾਜੇ ਨੂੰ ਆਪਣੇ ਪਾਸ ਬਿਠਾਇਆ ਤੇ ਸ਼ਸਤਰ ਵਸਤਰ ਬਹੁਤ ਕੀਮਤੀ ਦਵਾਏ। ਸਭਾ ਲਾ ਕੇ ਸਾਰੇ ਉਮਰਾਵ ਨੂੰ ਬੁਲਾਇਆ ਤੇ ਹੋਰ ਵੀ ਰਾਜੇ ਬੁਲਾ ਕੇ ਬਿਠਾ ਲਏ॥੩੧॥

ਭਰੀ ਕਚਹਿਰੀ ਮਹਿਂ ਸਨਮਾਨਾ। ਅਧਿਕ ਦਰਬ ਕੋ ਬਖਸ਼ਨਿ ਠਾਨਾ।
ਬੀੜਾ ਪਾਨਨ ਕੋ ਸੁਭ ਰੰਗੀ। ਅਰ ਸ਼ਮਸ਼ੇਰ ਧਰੀ ਕਰਿ ਨੰਗੀ॥ ੩੨॥

ਭਰੀ ਕਚਹਿਰੀ ਵਿਚ ਉਸ ਦਾ ਸਨਮਾਨ ਕੀਤਾ ਤੇ ਬਹੁਤ ਧਨ ਉਸ ਨੂੰ ਬਖਸ਼ਿਸ਼ ਕੀਤਾ। ਸ਼ੁਭ ਰੰਗ ਦਾ ਪਾਨ ਦਾ ਬੀੜਾ ਅਤੇ ਤਲਵਾਰ ਨੰਗੀ ਕੱਢਕੇ ਰੱਖ ਦਿੱਤੀ॥੩੨॥

ਬੀਚ ਸਭਾ ਦੇਖਹਿ ਸਭਿ ਕੌਨ। ਗਹੀ ਨ ਕਿਨਹੂ ਠਾਨੀ ਮੌਨ।
ਦੇਸ਼ ਕਾਮਰੂ ਮੰਤ੍ਰਨਿ ਬਲ ਹੈ। ਕਹਾਂ ਕਰਹਿਂ ਤਹਿਂ, ਲੇ ਬਡਿ ਦਲ ਹੈ॥ ੩੩॥

ਸਭਾ ਵਿਚ ਸਾਰੇ ਬੈਠੇ ਹੋਏ ਉਸ ਬੀੜੇ ਅਤੇ ਨੰਗੀ ਤਲਵਾਰ ਨੂੰ ਵੇਖ ਰਹੇ ਸਨ, ਪਰ ਕਿਸੇ ਨੇ ਵੀ ਬੀੜੇ ਅਤੇ ਤਲਵਾਰ ਨੂੰ ਚੁੱਕਣ ਦੀ ਦਲੇਰੀ ਨਾ ਕੀਤੀ ਤੇ ਸਾਰੇ ਚੁੱਪ ਬੈਠੇ ਰਹੇ॥੩੩॥

ਮਾਨ ਸਿੰਘ ਨ੍ਰਿਪ ਰਿਦੇ ਬਿਚਾਰੀ। ਸਭਿ ਮਹਿਂ ਸਨਮਾਨਜੋਂ ਮੁਝ ਭਾਰੀ।
ਇਹ ਸ਼ਮਸ਼ੇਰ ਅਗਾਰੀ ਮੇਰੇ। ਕਰਜੋ ਫਰੇਬ ਅਪਰ ਦਿਸ਼ਿ ਹੇਰੇ॥ ੩੪॥

ਰਾਜੇ ਮਾਨ ਸਿੰਘ ਨੇ ਦਿਲ ਵਿਚ ਵਿਚਾਰ ਕੀਤੀ, ਮੈਨੂੰ ਸਭਾ ਵਿਚ ਭਾਰੀ ਸਨਮਾਨ ਬਖਸ਼ਿਆ ਹੈ। ਇਹ ਤਲਵਾਰ ਮੇਰੇ ਅੱਗੇ ਧਰੀ ਹੈ, ਹੋਰ ਪਾਸੇ ਵੇਖ ਕੇ ਮੇਰੇ ਨਾਲ ਫਰੇਬ ਕੀਤਾ ਹੈ॥੩੪॥

ਬੀਚ ਕਚਹਿਰੀ ਜੇ ਨ ਉਠਾਵੌਂ। ਨਿਜ ਬਲਿ ਕੋ ਤਬਿ ਅਧਿਕ ਲਜਾਵੌਂ।
'ਕਾਇਰ ਭਯੋ' ਕਹਹਿਂ ਪਸ਼ਚਾਤੀ। ਇਸ ਬਿਧਿ ਹੋਇ ਆਨਿ ਘਟਿ ਜਾਤੀ॥ ੩੫॥

ਕਚਹਿਰੀ ਦੇ ਵਿਚ ਜੇ ਤਲਵਾਰ ਅਤੇ ਬੀੜੇ ਨੂੰ ਨਹੀਂ ਚੁਕਾਂਗਾ, ਆਪਣੇ ਬਲ ਤੋਂ ਫਿਰ ਸ਼ਰਮਸਾਰ ਹੋ ਜਾਵਾਂਗਾ। ਬਾਅਦ ਵਿਚ ਮੈਨੂੰ ਕਹਿਣਗੇ, "ਕਾਇਰ ਹੋ ਗਿਆ ਹੈ।" ਇਸ ਵਿਧੀ ਅਨੁਸਾਰ ਹੋਇਆਂ ਇੱਜ਼ਤ ਘੱਟ ਜਾਂਦੀ ਹੈ॥੩੫॥

ਬਡੇ ਬਲੀ ਮੋ ਸੋਂ ਲਰਿ ਸਾਰੇ। ਮਮ ਆਗੈ ਇਹ ਕਹਾਂ ਬਿਚਾਰੇ।
ਇਮ ਬਿਚਾਰਿ ਅਪਨੀ ਬਡਿਆਈ। ਕਰਿ ਸਲਾਮ ਸ਼ਮਸ਼ੇਰ ਉਠਾਈ॥ ੩੬॥

ਵੱਡੇ ਵੱਡੇ ਬਲਵਾਨ ਮੇਰੇ ਨਾਲ ਲੜ ਕੇ ਹਾਰ ਗਏ ਹਨ, ਮੇਰੇ ਸਾਹਮਣੇ ਇਹ ਵਿਚਾਰੇ ਕੌਣ ਹਨ। ਇਸ ਤਰ੍ਹਾਂ ਆਪਣੀ ਵਡਿਆਈ ਵਿਚਾਰ ਕੇ ਬਾਦਸ਼ਾਹ ਨੂੰ ਸਲਾਮ ਕਰਕੇ ਤਲਵਾਰ ਚੁੱਕ ਲਈ॥੩੬॥

ਤਬਿ ਅਕਬਰ ਨੇ ਬਹੁਤ ਸਰਾਹਾ। ਨਿਕਸਿ ਵਹੀਰ ਤਿਤ ਚਢਨਿ ਉਮਾਹਾ।
ਅਨੀ ਘਨੀ ਘਨ ਮਨਹੁਂ ਸਕੇਲਿ। ਗਮਨਜੋਂ ਭੂਪ ਪੰਥ ਪਗ ਮੇਲਿ॥ ੩੭॥

ਤਦ ਅਕਬਰ ਨੇ ਬਹੁਤ ਸ਼ਲਾਘਾ ਕੀਤੀ। ਰਾਜਾ ਬਾਹਰ ਨਿਕਲ ਕੇ ਚੜ੍ਹਾਈ ਕਰਨ ਵਾਸਤੇ ਬੜਾ ਉਤਸ਼ਾਹਤ ਹੋਇਆ। ਬਹੁਤ ਵੱਡੀ ਸੈਨਾ ਨਾਲ ਲਈ ਮਾਨੋਂ ਬੱਦਲ ਚੜ੍ਹ ਕੇ ਚਲ ਪਿਆ ਹੋਵੇ ਤੇ ਰਾਜਾ ਮਾਨ ਸਿੰਘ ਕਾਮਰੂਪ ਦੇਸ਼ ਦੇ ਰਾਹੇ ਚਲ ਪਿਆ॥੩੭॥

ਲਸ਼ਕਰ ਚਢਜੋ ਮਨਹੁੰ ਘਨ ਮਹਾਂ। ਬਜੀ ਬੰਬ ਬਡਿ ਘੋਖਤਿ ਲਹਾ।
ਸ਼ਸਤ੍ਰਨਿ ਚਮਕ ਚੰਚਲਾ ਥਰਕੈ। ਚਲਜੋ ਭੂਪ ਦ੍ਰਿਗ ਬਾਮੋਂ ਫ਼ਰਕੈ॥ ੩੮॥

ਇਸ ਤਰ੍ਹਾਂ ਵੱਡਾ ਲਸ਼ਕਰ ਚੜ੍ਹਿਆ ਮਾਨੋ ਸੰਘਣੀ ਘਟਾ ਚੜ੍ਹ ਕੇ ਆ ਗਈ ਹੋਵੇ। ਬੜੀ ਉੱਚੀ ਨਗਾਰੇ ਵੱਜੇ ਇੰਝ ਲੱਗਦਾ ਸੀ ਮਾਨੋਂ ਬੱਦਲ ਗਜਿਆ ਹੋਵੇ। ਸ਼ਸਤਰ ਇਸ ਤਰ੍ਹਾਂ ਚਮਕਦੇ ਸਨ, ਮਾਨੋ ਬਿਜਲੀ ਲਿਸ਼ਕਦੀ ਹੋਵੇ। ਜਦ ਰਾਜਾ ਚਲਿਆ ਤਾਂ ਉਸ ਦੀ ਖੱਬੀ ਅੱਖ ਫਰਕੀ॥੩੮॥

ਸਨੇ ਸਨੇ ਨਿਜ ਡੇਰੇ ਘਾਲਤਿ। ਪ੍ਰਤਿਪਾਲਤਿ ਨਿਜ ਚਮੂੰ ਸੰਭਾਲਤਿ।
ਪਾਛੈ ਅਕਬਰ ਦਰਬ ਪਠਾਇਸਿ। ਹੁਇ ਸਰ ਦੇਸ਼ ਕਿ ਨ੍ਰਿਪ ਮਰਿ ਜਾਇਸਿ॥੩੯॥

ਹੌਲੀ-ਹੌਲੀ ਰਾਹ ਵਿਚ ਡੇਰੇ ਲਾਉਂਦੇ ਸਨ ਤੇ ਰਾਜਾ ਆਪਣੀ ਸੈਨਾ ਦੀ ਸੰਭਾਲ ਕਰਦਾ ਜਾਂਦਾ ਸੀ। ਅਕਬਰ ਨੇ ਪਿੱਛੋਂ ਧਨ ਭੇਜਿਆ ਤੇ ਸੋਚਿਆ ਜਾਂ ਕਾਮਰੂਪ ਦੇਸ਼ ਜਿੱਤ ਲਵੇਗਾ ਜਾਂ ਰਾਜਾ ਮਰ ਜਾਵੇਗਾ॥੩੯॥

ਦੋਨਹੂੰ ਦਿਸ਼ਿ ਤੇ ਹਰਖ ਧਰੰਤਾ। ਸਾਦਰ ਵਸਤੁ ਅਧਿਕ ਪਠੰਤਾ।
ਮਾਨ ਸਿੰਘ ਪੂਰਬ ਮਹਿਂ ਜਾਇ। ਅਪਨੋ ਅਧਿਕ ਪ੍ਰਤਾਪ ਦਿਖਾਇ॥ ੪੦॥

ਦੋਹਾਂ ਹਾਲਤਾਂ ਵਿਚ ਹੀ ਉਹ ਖੁਸ਼ ਸੀ, ਬੜੇ ਆਦਰ ਨਾਲ ਬਹੁਤ ਵਸਤਾਂ ਭੇਜਦਾ ਸੀ। ਮਾਨ ਸਿੰਘ ਨੇ ਪੂਰਬ ਵਲ ਜਾ ਕੇ ਆਪਣਾ ਵੱਡਾ ਪ੍ਰਤਾਪ ਵਿਖਾਇਆ॥੪੦॥

ਬਹੁਤ ਦੇਸ਼ ਕੋ ਜੀਤਨਿ ਕਰਜੋ। ਦੇਖਿ ਬਲੀ ਕੋ ਕਹੂੰ ਨ ਅਰਜੋ।
ਬ੍ਰਹਮ ਪੁੱਤ੍ਰ ਨਦ ਏਕ ਮਹਾਨਾ। ਗੁਆਹਾਟ ਪੁਰਿ ਪਾਰ ਸਥਾਨਾ॥ ੪੧॥

ਉਸ ਨੇ ਬਹੁਤ ਦੇਸ਼ਾਂ ਨੂੰ ਜਿੱਤਿਆ ਸੀ, ਬਾਦਸ਼ਾਹ ਨੇ ਅਜਿਹਾ ਬਲਵਾਨ ਵੇਖ ਕੇ ਭੇਜਿਆ ਸੀ, ਜਿਸ ਅੱਗੇ ਕੋਈ ਵੀ ਅੜਿਆ ਨਹੀਂ ਸੀ। ਰਾਹ ਵਿਚ ਇਕ ਮਹਾਨ ਬ੍ਰਹਮ ਪੁੱਤਰ ਦਰਿਆ ਸੀ, ਗੁਹਾਟੀ ਨਗਰ ਉਸ ਦੇ ਪਾਰ ਸੀ॥੪੧॥

ਰੰਗਮਾਟੀ ਅਹੈ ਉਰਾਰੇ। ਨ੍ਰਿਪ ਦਲ ਜੁਤਿ ਤਹਿਂ ਡੇਰਾ ਡਾਰੇ।
ਚਤਰ ਕੋਸ ਪਾਟਾ ਤਿਸ ਨਦ ਕੋ। ਉਤਰਨਿ ਪਾਰ ਬਿਦਾਰਹਿ ਮਦ ਕੋ॥੪੨॥

ਰੰਗਮਾਟੀ ਸਥਾਨ ਬ੍ਰਹਮ ਪੁੱਤਰ ਤੋਂ ਉਰਲੇ ਪਾਸੇ ਹੈ। ਰਾਜੇ ਨੇ ਸੈਨਾ ਸਹਿਤ ਉਥੇ ਡੇਰਾ ਲਾਇਆ। ਚਾਰ ਕੋਹ ਤਾਂ ਦਰਿਆ ਬ੍ਰਹਮ ਪੁੱਤਰ ਦਾ ਪਾਟ ਹੀ ਸੀ ਭਾਵ ਦਰਿਆ ਚਾਰ ਕੋਹ ਚੌੜਾ ਸੀ। ਇਹ ਦਰਿਆ ਪਾਰ ਉਤਰਨ ਵਾਲੇ ਦਾ ਹੰਕਾਰ ਦੂਰ ਕਰਦਾ ਹੈ ਭਾਵ ਪਾਰ ਉਤਰਨਾ ਹੀ ਬਹੁਤ ਮੁਸ਼ਕਲ ਹੈ॥੪੨॥

ਪਾਰ ਜਹਾਂ ਕਾਮੱਖਜਾ ਮੰਦਰ। ਬਸਹਿ ਬਿਸਾਲ ਨਗਰ ਤਹਿਂ ਸੁੰਦਰ।
ਤਿਸੀ ਦੇਸ਼ ਕੋ ਭੂਪਤਿ ਭਾਰੀ। ਰਜਧਾਨੀ ਨਿਜ ਪੁਰੀ ਸੁਧਾਰੀ॥ ੪੩॥

ਪਰ ਜਿੱਥੇ ਕਾਮੱਖਿਆ ਦਾ ਮੰਦਰ ਹੈ, ਉਥੇ ਵਿਸ਼ਾਲ ਸੁੰਦਰ ਸ਼ਹਿਰ ਵੱਸਦਾ ਹੈ। ਉਸ ਦੇਸ਼ ਦਾ ਰਾਜਾ ਬਹੁਤ ਬਲਵਾਨ ਹੈ, ਆਪਣੀ ਨਗਰੀ ਨੂੰ ਹੀ ਉਸ ਨੇ ਸੁਧਾਰ ਕੇ ਰਾਜਧਾਨੀ ਬਣਾਇਆ ਹੈ॥੪੩॥

ਸਬਲ ਬਾਹਨੀ ਲਿਯੇ ਮਹਾਨਾ। ਬਸਹਿ ਨਰੇਸ਼ੁਰ ਦੇਵ ਸਮਾਨਾ।
ਸਦਾ ਉਪਾਸਨ ਦੇਵੀ ਕਰਤਾ। ਆਦਿ ਸ਼ਕਤਿ ਕੋ ਧਜਾਨ ਸੁ ਧਰਤਾ॥ ੪੪॥

ਸਭ ਪ੍ਰਕਾਰ ਦੀਆਂ ਮਹਾਨ ਵਾਹਨਾਂ ਲੈ ਕੇ ਰਾਜਾ ਦੇਵਤਿਆਂ ਵਾਂਗ ਇਸ ਨਗਰ ਵਿਚ ਰਹਿੰਦਾ ਹੈ। ਸਦਾ ਉਹ ਦੇਵੀ ਦੀ ਪੂਜਾ ਕਰਦਾ ਹੈ ਤੇ ਆਦਿ ਸ਼ਕਤੀ ਦਾ ਧਿਆਨ ਧਾਰਨ ਕਰਦਾ ਹੈ॥੪੪॥

ਨਿਤਪ੍ਰਤਿ ਹੋਮ ਬਿਸਾਲ ਕਰਾਵਹਿ। ਧੂਪ ਦੀਪ ਚੰਦਨ ਚਰਚਾਵਹਿ।
ਮਾਨ ਸਿੰਘ ਕੋ ਐਬੋ ਸੁਨਯੋਂ। ਜਤਨ ਹਤਨਿ ਕਾ ਚਿਤ ਮਹਿਂ ਗੁਨਯੋ॥ ੪੫॥

ਨਿਤਾਪ੍ਰਤੀ ਵਿਸ਼ਾਲ ਹੋਮ ਕਰਵਾਉਂਦਾ ਹੈ, ਧੂਪ ਦੀਪ ਜਗਾਉਂਦਾ ਹੈ ਤੇ ਚੰਦਨ ਦਾ ਛਿੜਕਾ ਕਰਦਾ ਹੈ। ਜਦ ਉਸ ਰਾਜੇ ਨੇ ਮਾਨ ਸਿੰਘ ਦੇ ਆਉਣ ਬਾਰੇ ਸੁਣਿਆ ਤਾਂ ਉਸ ਨੂੰ ਮਾਰਨ ਦਾ ਯਤਨ ਚਿੱਤ ਵਿਚ ਗੁਣਿਆ॥੪੫॥

ਮੰਤ੍ਰ ਪਾਠ ਕਰਿ ਬਲੀ ਸੁ ਦੇਕੈ। ਸ਼ਕਤਿ ਚਲਾਈ ਮਨ ਰਿਸ ਕੈ ਕੈ।
ਜਿਸ ਛਿਨ ਹਤਨ ਹੇਤੁ ਸੋ ਆਈ। ਮਾਨ ਸਿੰਘ ਬੈਠਯੋ ਸੁਚ ਥਾਈਂ॥ ੪੬॥

ਮੰਤਰਾਂ ਦਾ ਪਾਠ ਕਰਕੇ ਤੇ ਬਲੀ ਦੇ ਕੇ ਮਨ ਵਿਚ ਕ੍ਰੋਧ ਧਾਰ ਕੇ ਫਿਰ ਸ਼ਕਤੀ ਚਲਾਈ। ਜਿਸ ਸਮੇਂ ਉਹ ਸ਼ਕਤੀ ਮਾਨ ਸਿੰਘ ਨੂੰ ਮਾਰਨ ਵਾਸਤੇ ਆਈ, ਉਸ ਸਮੇਂ ਮਾਨ ਸਿੰਘ ਪਵਿੱਤਰ ਸਥਾਨ ਤੇ ਬੈਠਾ ਸੀ॥੪੬॥

ਪਾਠ ਚੰਡਕਾ ਕਰਤਿ ਕਰਾਵਤਿ। ਚਹੁੰ ਦਿਸ਼ਿ ਬ੍ਰਹਮ ਕਵਚ ਕੋ ਗਾਵਤਿ।
ਜਬਿ ਸੋ ਸ਼ਕਤਿ ਸੰਘਾਰਨਿ ਆਈ। ਕਰਿ ਨ ਸਕੀ ਬਲ, ਪਿਖਿ ਸਿਥਲਾਈ॥੪੭॥

ਚੰਡੀ ਦਾ ਪਾਠ ਕਰ ਰਿਹਾ ਸੀ ਤੇ ਹੋਰਨਾਂ ਪਾਸੋਂ ਕਰਵਾ ਰਿਹਾ ਸੀ। ਚਾਰੇ ਪਾਸੇ ਬ੍ਰਹਮ ਕਵਚ ਦਾ ਮੰਤਰ ਪੜ੍ਹ ਰਹੇ ਸਨ, ਜਿਸ ਦੇ ਪੜ੍ਹਨ ਨਾਲ ਆਪਣੇ ਆਪ ਨੂੰ ਸੁਰੱਖਿਅਤ ਸਮਝਦੇ ਹਨ। ਜਦ ਉਹ ਸ਼ਕਤੀ ਮਾਰਨ ਵਾਸਤੇ ਆਈ ਤਾਂ ਬਲ ਨਾ ਕਰ ਸਕੀ ਤੇ ਵੇਖ ਕੇ ਢਿੱਲੀ ਹੋ ਗਈ॥ ੪੭॥

ਦੇ ਕਰਿ ਹਾਥ ਕਾਲਕਾ ਰਾਖਯੋ। ਹੁਤੋ ਧਯਾਨ ਦੇਵੀ ਅਭਿਲਾਖਯੋ।
ਬਲ ਦਲ ਕੋ ਕਰਿ ਕੈ ਨ੍ਰਿਪ ਮਾਨ। ਚਹਤਿ ਬਿਜੈ ਕਰਿਬੋ ਤਿਸ ਥਾਨ॥ ੪੮॥

ਕਾਲਕਾ ਦੇਵੀ ਨੇ ਹੱਥ ਦੇ ਕੇ ਰਖਿਆ, ਦੇਵੀ ਵਿਚ ਧਿਆਨ ਲਾਉਣ ਦੀ ਅਭਿਲਾਸ਼ਾ ਵੇਖੀ। ਰਾਜਾ ਮਾਨ ਸਿੰਘ ਸੈਨਕ ਸ਼ਕਤੀ ਨਾਲ ਉਸ ਸਥਾਨ ਨੂੰ ਜਿੱਤਣਾ ਚਾਹੁੰਦਾ ਸੀ॥੪੮॥

ਜਿਤ ਕਿਤ ਫੈਲ ਪਰੀ ਬਡ ਅਨੀ। ਤ੍ਰਾਸਤਿ ਦੇਸ਼ ਦੇਖਿ ਕਰਿ ਘਨੀ।
ਨਿਜ ਲੋਕਨਿ ਭੈ ਜਾਨਿ ਬਿਸਾਲਾ। ਨੌਕਾ ਰਚੀ ਏਕ ਮਹਿਪਾਲਾ॥ ੪੯॥

ਜਿਥੇ ਕਿਥੇ ਵੱਡੀ ਸੈਨਾ ਫੈਲ ਗਈ, ਵੱਡੀ ਸੈਨਾ ਵੇਖ ਕੇ ਦੇਸ਼ ਵਾਲੇ ਡਰ ਰਹੇ ਸਨ। ਕਾਮਰੂਪ ਦੇਸ਼ ਦੇ ਰਾਜੇ ਨੇ ਆਪਣੇ ਲੋਕਾਂ ਦਾ ਵੱਡਾ ਭੈ ਵੇਖ ਕੇ ਇਕ ਬੇੜੀ ਬਣਾਈ॥੪੯॥

ਤਿਸ ਪਰ ਪੁਤਲੀ ਰੁਚਿਰ ਬਨਾਈ। ਜਨੁ ਸਾਚੀ ਤ੍ਰਿਯ ਇਹਾਂ ਬਿਠਾਈ।
ਫੂਲ ਕਮਲ ਕੋ ਕਰਯੋ ਬਨਾਵਨਿ। ਮਹਾਂ ਸੁਗੰਧਿਤ ਸੋ ਮਨ ਭਾਵਨਿ॥ ੫੦॥

ਉਸ ਬੇੜੀ ਦੇ ਵਿਚ ਇਕ ਸੁੰਦਰ ਪੁਤਲੀ ਬਣਾਈ, ਮਾਨੋ ਉਥੇ ਜੀਉਂਦੀ ਜਾਗਦੀ ਇਸਤਰੀ ਬਿਠਾਈ ਹੋਵੇ। ਕੰਵਲ ਦੇ ਫੂਲ ਬਣਵਾਏ ਜਿਹੜੇ ਬਹੁਤ ਸੁਗੰਧੀ ਵਾਲੇ ਤੇ ਮਨ ਭਾਉਂਦੇ ਸਨ॥੫੦॥

ਅਭਿਮੰਤ੍ਰਿਤ ਕਰਿ ਸਰਬ ਪ੍ਰਕਾਰਾ। ਮਾਨ ਸਿੰਘ ਕੋ ਨਾਮ ਉਚਾਰਾ।
ਮੰਤ੍ਰ ਸ਼ਕਤਿ ਕਰਿ ਨਾਉ ਚਲਾਈ। ਸਨੇ ਸਨੇ ਸੋ ਚਲਿ ਕਰਿ ਆਈ॥ ੫੧॥

ਸਰਬ ਪ੍ਰਕਾਰ ਮੰਤਰ ਪੜ੍ਹ ਕੇ, ਰਾਜੇ ਮਾਨ ਸਿੰਘ ਦਾ ਨਾਮ ਉਚਾਰਨ ਕੀਤਾ। ਮੰਤਰਾਂ ਦੀ ਸ਼ਕਤੀ ਨਾਲ ਉਹ ਬੇੜੀ

ਰਲਾਈ, ਹੌਲੀ-ਹੌਲੀ ਉਹ ਬੇੜੀ ਚਲ ਕੇ ਆ ਗਈ॥੫੧॥

ਤਟ ਪਰ ਮਾਨ ਸਿੰਘ ਕੋ ਡੇਰਾ। ਅਵਿਲੋਕਤਿ ਦਰਿਆਉ ਬਡੇਰਾ।
ਇਕ ਦੁਇ ਦਾਸ ਪਾਸ ਤਿਸ ਕਾਲਾ। ਪਿਖਯੋ ਅਚੰਭਾ ਆਇ ਬਿਸਾਲਾ॥੫੨॥

ਦਰਿਆ ਦੇ ਕਿਨਾਰੇ 'ਤੇ ਮਾਨ ਸਿੰਘ ਦਾ ਡੇਰਾ ਸੀ, ਉਹ ਵੱਡੇ ਦਰਿਆ ਨੂੰ ਵੇਖ ਰਿਹਾ ਸੀ। ਉਸ ਸਮੇਂ ਇਕ ਦੋ ਨੌਕਰ ਵੀ ਮਾਨ ਸਿੰਘ ਪਾਸ ਬੈਠੇ ਸਨ। ਸਾਰੇ ਵੇਖ ਕੇ ਬਹੁਤ ਹੈਰਾਨ ਹੋਏ॥੫੨॥

ਜਲ ਕੇ ਬੇਗ ਨ ਨੌਕਾ ਚਲੇ। ਨਰ ਬਿਨ ਸਨੇ ਸਨੇ ਨਿਜ ਠਿਲੈ।
ਅਵਿਲੋਕਤਿ ਚਲਿ ਆਈ ਪਾਸਾ। ਬਿਸਮਯੋਂ ਭੂਪਤਿ ਅਜਬ ਤਮਾਸ਼ਾ॥੫੩॥

ਜਲ ਦੇ ਪ੍ਰਵਾਹ ਵਿਚ ਬੇੜੀ ਨਹੀਂ ਚਲ ਰਹੀ ਸੀ, ਕਿਸੇ ਮਲਾਹ ਤੋਂ ਬਗੈਰ ਹੀ ਹੌਲੀ-ਹੌਲੀ ਚਲ ਰਹੀ ਸੀ। ਵੇਖਦਿਆਂ ਹੀ ਉਹ ਚਲ ਕੇ ਰਾਜੇ ਦੇ ਪਾਸ ਆ ਗਈ, ਰਾਜਾ ਇਹ ਅਜੀਬ ਤਮਾਸ਼ਾ ਵੇਖ ਕੇ ਬਹੁਤ ਹੈਰਾਨ ਹੋਇਆ॥੫੩॥

ਅਤਿ ਸੁੰਦਰ ਪੁਤਰੀ ਸੁ ਨਿਹਾਰੀ। ਮਾਨ ਸਿੰਘ ਸੁਧਿ ਦੇਹਿ ਬਿਸਾਰੀ।
ਦੇਖਿ ਚਲਿਤ ਮਨ ਮੋਹਤਿ ਹੋਵਾ। ਛੁਭਤਿ ਅਧਿਕ ਉਰ ਧੀਰਜ ਖੋਵਾ॥੫੪॥

ਅਤੀ ਸੁੰਦਰ ਪੁਤਲੀ ਵੇਖੀ, ਮਾਨ ਸਿੰਘ ਆਪਣੇ ਸਰੀਰ ਦੇ ਹੋਸ਼ ਗਵਾ ਬੈਠਾ। ਇਹ ਚਲਿਤਰ ਵੇਖ ਕੇ ਮਨ ਮੋਹਿਆ ਗਿਆ। ਬਹੁਤ ਸੁੰਦਰ ਪੁਤਲੀ ਵੇਖ ਕੇ ਹਿਰਦੇ ਦਾ ਧੀਰਜ ਗਵਾ ਬੈਠਾ॥੫੪॥

ਪਹੁੰਚੀ ਅਤਿਸ਼ੈ ਆਇ ਸਮੀਪ। ਰਹਯੋ ਨ ਗਯੋ ਤਬਹਿ ਅਵਨੀਪ।
ਬਾਰਿ ਬਾਰਿ ਅਵਿਲੋਕਨਿ ਕਰਤਾ। ਪਰਯੋ ਖਯਾਲ ਤਿਸ ਨਾਹਿਨ ਟਰਤਾ॥੫੫॥

ਬੇੜੀ ਤੁਰਤ ਰਾਜੇ ਦੇ ਪਾਸ ਪਹੁੰਚ ਗਈ, ਉਸ ਸਮੇਂ ਰਾਜੇ ਪਾਸੋਂ ਰਿਹਾ ਨਾ ਗਿਆ। ਬਾਰ-ਬਾਰ ਉਸ ਵਲ ਵੇਖਦਾ ਸੀ, ਉਸ ਪੁਤਲੀ ਦੇ ਖਿਆਲ ਵਿਚ ਹੀ ਮਨ ਖੋਹ ਗਿਆ, ਹੁਣ ਧਿਆਨ ਟਲਦਾ ਨਹੀਂ ਸੀ॥੫੫॥

ਬਹੁ ਸੁੰਦਰ ਜਬਿ ਫੂਲ ਨਿਹਾਰਯੋ। ਤਿਸ ਲੈਬੇ ਹਿਤ ਹਾਥ ਪਸਾਰਯੋ।
ਪੁਤਰੀ ਕਰਿ ਤੇ ਜਬਿ ਹੀ ਲੀਨਹੁ। ਘ੍ਰਾਣ ਨਿਕਟਿ ਕਰਿ ਸੂੰਘਨਿ ਕੀਨਹੁ॥੫੬॥

ਬਹੁਤ ਸੁੰਦਰ ਜਦ ਫੁੱਲ ਵੇਖੇ ਤਾਂ ਉਨ੍ਹਾਂ ਨੂੰ ਲੈਣ ਵਾਸਤੇ ਹੱਥ ਫੈਲਾਇਆ, ਪੁਤਲੀ ਦੇ ਹੱਥ ਵਿਚੋਂ ਜਦ ਫੁੱਲ ਲਏ ਤੇ ਨੱਕ ਦੇ ਕੋਲ ਖੜ ਕੇ ਜਦ ਸੁੰਘੇ॥੫੬॥

ਤਤਛਿਨ ਭਯੋ ਬਾਵਰੋ ਮਾਨ। ਦਲ ਬਲ ਕੀ ਸੁਧਿ ਗਈ ਜਹਾਨ।
ਜਬਹਿ ਚਮੂੰ ਨੈ ਇਮ ਨ੍ਰਿਪ ਜਾਨਯੋ। ਇਤ ਉਤ ਭਏ ਤ੍ਰਾਸ ਮਨ ਠਾਨਯੋ॥੫੭॥

ਤਾਂ ਤੁਰਤ ਮਾਨ ਸਿੰਘ ਸ਼ੁਦਾਈ ਹੋ ਗਿਆ, ਸੈਨਾ ਸ਼ਕਤੀ ਤੇ ਸੰਸਾਰ ਦੀ ਸੋਝੀ ਜਾਂਦੀ ਰਹੀ। ਜਦ ਸੈਨਾ ਨੇ ਰਾਜੇ ਨੂੰ ਇਸ ਹਾਲਤ ਵਿਚ ਜਾਣਿਆ ਤਾਂ ਉਹ ਡਰਦੇ ਮਾਰੇ ਏਧਰ ਓਧਰ ਖਿੰਡ ਗਏ॥੫੭॥

ਬਿਨਾ ਭੂਪ ਲਸ਼ਕਰ ਫਟਿ ਗਯੋ। ਆਪ ਆਪ ਕੋ ਕਿਤ ਕਿਤ ਭਯੋ।
ਲੇ ਸੁਧਿ ਕਾਵਰੁ ਦੇਸ਼ ਨਰੇਸ਼। ਲਰਯੋ ਆਇ ਸੰਗ ਚਮੂੰ ਵਿਸ਼ੇਸ਼॥ ੫੮॥

ਰਾਜੇ ਤੋਂ ਬਗੈਰ ਲਸ਼ਕਰ ਪਾਟੋ ਧਾੜ ਹੋ ਗਿਆ, ਆਪਣੇ ਆਪ ਨੂੰ ਲੈ ਕੇ ਜਿਧਰ ਕਿਧਰ ਚਲੇ ਗਏ। ਕਾਮਰੂਪ ਦਾ ਰਾਜਾ, ਸਾਰੀ ਖਬਰ ਲੈ ਕੇ ਆਪਣੀ ਵਿਸ਼ੇਸ਼ ਸੈਨਾ ਲੈ ਕੇ ਲੜਾਈ ਵਾਸਤੇ ਆ ਗਿਆ॥੫੮॥

ਮਾਨ ਸਿੰਘ ਸੁਧਿ ਲੀਨਸਿ ਨਾਂਹਿ। ਠਹਿਰੀ ਨਹਿਂ ਸੈਨਾ ਰਣ ਮਾਂਹਿ।
ਭਾਗੇ ਦੂਰ ਅੰਤਰੋ ਪਾਇ। ਡੇਰਾ ਕਰਯੋ ਤ੍ਰਾਸ ਉਪਜਾਇ॥ ੫੯॥

ਰਾਜੇ ਮਾਨ ਸਿੰਘ ਨੂੰ ਕੋਈ ਖਬਰ ਨਹੀਂ ਸੀ, ਇਸ ਕਰਕੇ ਉਸ ਦੀ ਸੈਨਾ ਰਣਖੇਤਰ ਵਿਚ ਨਾ ਠਹਿਰੀ। ਉਹ ਦੂਰ ਭੱਜ ਕੇ ਫਰਕ ਪਾ ਗਏ, ਡਰਦਿਆਂ ਮਾਰਿਆਂ ਦੂਰ ਜਾ ਡੇਰਾ ਕੀਤਾ॥੫੯॥

ਕਿਤਿਕ ਦਿਵਸ ਮਹਿਂ ਤਿਸ ਹੀ ਦੇਸ਼। ਮਾਨ ਸਿੰਘ ਭਾ ਮ੍ਰਿਤਕ ਨਰੇਸ਼।
ਤਬਿ ਲਸ਼ਕਰ ਘਰ ਕੋ ਮੁਰਿ ਆਏ। ਬਲ ਮੰਤ੍ਰਨਿ ਕੋ ਸਭਿਨਿ ਸੁਨਾਏ॥ ੬੦॥

ਕਈਆਂ ਦਿਨਾਂ ਵਿਚ ਉਸੇ ਹੀ ਦੇਸ਼ ਵਿਚ ਰਾਜਾ ਮਾਨ ਸਿੰਘ ਮਰ ਗਿਆ। ਤਦ ਸਾਰਾ ਲਸ਼ਕਰ ਵਾਪਸ ਆਪਣੇ ਘਰਾਂ ਨੂੰ ਮੁੜ ਆਇਆ ਤੇ ਮੰਤਰਾਂ ਦੀ ਤਾਕਤ ਬਾਰੇ ਸਭ ਨੇ ਸੁਣਾਇਆ॥੬੦॥

ਦੇਸ਼ ਕਾਵਰੂ ਰਹਯੋ ਮਵਾਸੀ। ਉਰ ਅਕਬਰ ਕੇ ਚਿੰਤ ਪ੍ਰਕਾਸ਼ੀ।
ਪੁਨ ਨੰਗੀ ਸ਼ਮਸ਼ੇਰ ਧਰੀ ਹੈ। ਭੈ ਕਰਿ ਕਿਨਹੁਂ ਨ ਗ੍ਰਹਨ ਕਰੀ ਹੈ॥ ੬੧॥

ਕਾਮਰੂਪ ਦੇਸ਼ ਆਕੀ ਹੀ ਰਿਹਾ, ਅਕਬਰ ਦੇ ਹਿਰਦੇ ਵਿਚ ਵੱਡੀ ਚਿੰਤਾ ਦਾ ਪ੍ਰਕਾਸ਼ ਹੋਇਆ। ਫਿਰ ਨੰਗੀ ਤਲਵਾਰ ਧਰੀ ਪਰ ਡਰ ਕਰਕੇ ਕਿਸੇ ਵੀ ਤਲਵਾਰ ਨਾ ਚੁੱਕੀ॥੬੧॥

ਧਰੀ ਰਹੀ ਸ਼ਮਸ਼ੇਰ ਬਿਸਾਲ। ਤਿਸ ਪਸ਼ਚਾਤ ਬਿਤਯੋ ਚਿਰਕਾਲ।
ਅਕਬਰ ਮਰਯੋ ਕਰਤਿ ਹੀ ਆਸਾ। ਜਹਾਂਗੀਰ ਸੁਤ ਕੀਨਿ ਪ੍ਰਕਾਸ਼ਾ॥ ੬੨॥

ਤਲਵਾਰ ਬਹੁਤ ਸਮਾਂ ਉਥੇ ਹੀ ਧਰੀ ਰਹੀ, ਉਸ ਤੋਂ ਬਾਅਦ ਕਾਫੀ ਸਮਾਂ ਬੀਤ ਗਿਆ। ਅਕਬਰ ਉਸ ਦੇਸ਼ ਨੂੰ ਜਿੱਤਣ ਦੀ ਆਸ ਕਰਦਾ ਹੀ ਮਰ ਗਿਆ, ਫਿਰ ਉਸ ਦਾ ਪੁੱਤਰ ਜਹਾਂਗੀਰ ਬਾਦਸ਼ਾਹ ਬਣਿਆ॥੬੨॥

ਤਬਿ ਭੀ ਕਿਨਹੂੰ ਨਹੀਂ ਉਠਾਈ। ਮੰਤ੍ਰਨਿ ਤ੍ਰਾਸ ਧਰਤਿ ਅਧਿਕਾਈ।
ਸੋ ਭੀ ਪਹੁੰਚਯੋ ਜਮ ਘਰ ਜਾਇ। ਸ਼ਾਹਜਹਾਂ ਭਾ ਤੁਰਕਨਿ ਰਾਇ॥ ੬੩॥

ਉਸ ਦੇ ਰਾਜ ਸਮੇਂ ਵੀ ਕਿਸੇ ਨੇ ਤਲਵਾਰ ਨਾ ਚੁੱਕੀ, ਸਾਰੇ ਹੀ ਮੰਤਰਾਂ ਤੋਂ ਬਹੁਤ ਡਰਦੇ ਸਨ। ਜਿਹੜਾ ਵੀ ਜਾਵੇਗਾ ਉਹ ਹੀ ਜਮ ਘਰ ਪਹੁੰਚ ਜਾਵੇਗਾ। ਫਿਰ ਸ਼ਾਹਜਹਾਂ ਤੁਰਕਾਂ ਦਾ ਬਾਦਸ਼ਾਹ ਬਣਿਆ॥੬੩॥

ਇਹ ਭੀ ਚਾਹਤਿ ਰਹਯੋ ਸਦਾਈ। ਨਹਿਂ ਕਿਨਹੂੰ ਸ਼ਮਸ਼ੇਰ ਉਠਾਈ।
ਪੁਨ ਅਵਰੰਗ ਹੋਯਸਿ ਪਤਿਸ਼ਾਹੂ। ਇਹ ਭੀ ਕਰਤਿ ਰਹਯੋ ਚਿਤ ਚਾਹੂ॥ ੬੪॥

ਇਹ ਵੀ ਸਦਾ ਕਾਮਰੂਪ ਦੇਸ਼ ਜਿੱਤਣ ਬਾਰੇ ਚਾਹੁੰਦਾ ਰਿਹਾ ਪਰ ਕਿਸੇ ਨੇ ਵੀ ਤਲਵਾਰ ਨਾ ਚੁੱਕੀ। ਫਿਰ ਨੌਰੰਗਾ ਦਿੱਲੀ ਦਾ ਬਾਦਸ਼ਾਹ ਬਣਿਆ, ਇਹ ਵੀ ਚਿੱਤ ਵਿਚ ਕਾਮਰੂਪ ਦੇਸ਼ ਨੂੰ ਜਿੱਤਣ ਬਾਰੇ ਚਾਹੁੰਦਾ ਰਿਹਾ॥੬੪॥

*ਬਾਰ੍ਹਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥*

# ਅਧਿਆਇ ਦੂਸਰਾ

## ਬਿਸ਼ਨ ਸਿੰਘ ਦੀ ਕਾਮਰੂਪ ਦੇਸ਼ 'ਤੇ ਚੜ੍ਹਾਈ

ਦੋਹਰਾ- ਭਯੋ ਨੁਰੰਗਾ ਸ਼ਾਹ ਜਬਿ ਜੀਤੇ ਦੇਸ਼ ਅਸ਼ੇਸ਼।
ਲਸ਼ਕਰ ਕਰਯੋ ਬਿਸਾਲ ਜਿਨ ਦੇ ਕਰਿ ਤ੍ਰਾਸ ਵਿਸ਼ੇਸ਼॥ ੧॥

ਫਿਰ ਜਦ ਨੌਰੰਗਾ ਬਾਦਸ਼ਾਹ ਬਣਿਆ ਤਾਂ ਉਸ ਨੇ ਸਾਰੇ ਦੇਸ਼ ਜਿੱਤ ਲਏ, ਜਿਸ ਨੇ ਵਿਸ਼ੇਸ਼ ਡਰ ਉਪਜਾ ਕੇ ਬਹੁਤ ਵੱਡਾ ਲਸ਼ਕਰ ਤਿਆਰ ਕੀਤਾ ਸੀ॥੧॥

ਚੌਪਈ- ਵਹਿ ਸ਼ਮਸ਼ੇਰ ਕਚਹਿਰੀ ਮਾਹੂੰ। ਧਰੀ ਰਹਹਿ ਕੋ ਗਹਹਿ ਨ ਤਾਹੂੰ।
ਮਾਨ ਸਿੰਘ ਕੋ ਨਾਤੀ ਭਯੋ। ਬਡ ਮਰਾਤਬਾ ਜਿਸ ਕੋ ਦਯੋ॥ ੨॥

ਉਹ ਨੰਗੀ ਤਲਵਾਰ ਉਸ ਦੀ ਕਚਹਿਰੀ ਵਿਚ ਹੀ ਪਈ ਸੀ। ਉਹ ਉਥੇ ਪਈ ਰਹਿੰਦੀ ਸੀ, ਉਸ ਨੂੰ ਕੋਈ ਵੀ ਨਹੀਂ ਚੁੱਕਦਾ ਸੀ। ਮਾਨ ਸਿੰਘ ਦਾ ਇਕ ਪੋਤਾ ਸੀ, ਜਿਸ ਨੂੰ ਬਾਦਸ਼ਾਹ ਨੇ ਬੜੀ ਉੱਚੀ ਪਦਵੀ ਦਿੱਤੀ ਸੀ॥੨॥

ਦੇਸ਼ ਬਿਸਾਲੈ ਦਰਬ ਬਿਸਾਲ। ਲਸ਼ਕਰ ਬਡੋ ਚਢਹਿ ਤਿਸ ਨਾਲ।
ਚਹਤਿ ਨੁਰੰਗਾ ਤਿਸੈ ਚਢਾਯੋ। ਸਾਦਰ ਦਲ ਬਲ ਦੇਤਿ ਬਢਾਯੋ॥ ੩॥

ਉਸ ਪਾਸ ਵਿਸ਼ਾਲ ਦੇਸ਼ ਸੀ ਤੇ ਵਿਸ਼ਾਲ ਧਨ ਸੀ, ਵੱਡਾ ਲਸ਼ਕਰ ਉਸ ਦੇ ਨਾਲ ਚੜ੍ਹਦਾ ਸੀ, ਨੌਰੰਗਾ ਮਾਨ ਸਿੰਘ ਦੇ ਉਸ ਪੋਤਰੇ ਨੂੰ ਕਾਮਰੂਪ ਦੇਸ਼ ਉੱਤੇ ਚੜ੍ਹਾਉਣਾ ਚਾਹੁੰਦਾ ਸੀ। ਬੜੇ ਆਦਰ ਨਾਲ ਸੈਨਾ ਸ਼ਕਤੀ ਦੇ ਕੇ ਉਸ ਨੂੰ ਵਧਾਇਆ॥੩॥

ਦਾਵ ਘਾਵ ਸੋਂ ਕਰਿ ਬਡਿਆਈ। ਕਰਿ ਕਰਿ ਤਿਸ ਤੇ ਸੋ ਉਠਿਵਾਈ।
ਆਦਰ ਦਰਬ ਦੀਨਿ ਬਹੁਤੇਰਾ। ਕਰਯੋ ਪਿਛਾਰੀ ਕਟਕ ਘਨੇਰਾ॥ ੪॥

ਬੜੇ ਕਪਟ ਦੇ ਨਾਲ ਉਸ ਦੀ ਵਡਿਆਈ ਕੀਤੀ, ਉਸ ਨੂੰ ਕਹਿ ਕੇ ਉਸ ਪਾਸੋਂ ਤਲਵਾਰ ਉਠਵਾਈ। ਆਦਰ ਨਾਲ ਬਹੁਤ ਧਨ ਦਿੱਤਾ ਤੇ ਪਿੱਛੇ ਬਹੁਤ ਫੌਜ ਦਿੱਤੀ॥੪॥

'ਸਦਾ ਆਫਰੀਂ' ਕਹਿ ਕੈ ਸ਼ਾਹੂ। ਚਢਿਬੇ ਕੋ ਦੀਨਸਿ ਉਤਸਾਹੂ।
ਹਟਯੋ ਨ ਜਾਇ ਸ਼ਾਹ ਕੇ ਕਹੇ। ਮਰਨਿ ਮਾਨਿ ਕੈ ਸੋ ਅਸਿ ਗਹੇ॥ ੫॥

ਬਾਦਸ਼ਾਹ 'ਸਦਾ ਸ਼ਾਬਾਸ਼' ਕਹਿ ਕੇ ਉਸ ਨੂੰ ਕਾਮਰੂਪ ਦੇਸ਼ ਉੱਤੇ ਚੜ੍ਹਾਈ ਕਰਨ ਦਾ ਉਤਸ਼ਾਹ ਦਿੰਦਾ ਸੀ। ਬਾਦਸ਼ਾਹ ਦਾ ਕਿਹਾ ਮੋੜਿਆ ਵੀ ਨਹੀਂ ਸੀ ਜਾਂਦਾ, ਮਰਨਾ ਉਸ ਨੇ ਮੰਨ ਕੇ ਤਲਵਾਰ ਚੁੱਕ ਲਈ॥੫॥

ਰੁਖਸਦ ਹੋਇ ਸ਼ਾਹੁ ਤੇ ਚਲਯੋ। ਆਇ ਜੋਧ ਪੁਰਿ ਸਭਿ ਸੋਂ ਮਿਲਯੋ।
ਦੇਸ਼ ਕਾਵਰੂ ਕਰਨਿ ਚਢਾਈ। ਜਬਿ ਅਪਨੇ ਪਰਿਵਾਰ ਸੁਨਾਈ॥ ੬॥

ਬਾਦਸ਼ਾਹ ਤੋਂ ਵਿਦਾ ਹੋ ਕੇ ਚਲ ਪਿਆ ਤੇ ਜੋਧਪੁਰ ਆ ਕੇ ਸਭ ਨੂੰ ਮਿਲਿਆ। ਕਾਮਰੂਪ ਦੇਸ਼ ਉਤੇ ਚੜ੍ਹਾਈ ਕਰਨ ਬਾਰੇ ਜਦ ਉਸ ਆਪਣੇ ਪਰਿਵਾਰ ਨੂੰ ਸੁਣਾਇਆ॥੬॥

ਮਹਾਂ ਸ਼ੋਕ ਹੋਯਸਿ ਰਨਵਾਸੂ। ਰੋਦਨ ਊਚੇ ਕਰਤਿ ਪ੍ਰਕਾਸ਼ੂ।
ਹਾਥਨਿ ਤਲ ਸੋਂ ਪੀਟਹਿਂ ਸਿਰ ਕੋ। ਸਕਲ ਹਿਤੂ ਰੋਦਤਿ ਮਿਲਿ ਕਰਿ ਸੋ ॥੭॥

ਤਾਂ ਉਸ ਦੇ ਰਣਵਾਸ ਵਿਚ ਮਹਾਨ ਸੋਗ ਫੈਲ ਗਿਆ, ਰਾਣੀਆਂ ਉੱਚੀ-ਉੱਚੀ ਰੋਣ ਲੱਗ ਪਈਆਂ। ਆਪਣੇ ਹੱਥਾਂ ਦੀਆਂ ਤਲੀਆਂ ਨਾਲ ਸਿਰ ਨੂੰ ਪਿਟਦੀਆਂ ਸਨ। ਰਾਜੇ ਦੇ ਸਾਰੇ ਹਿਤੂ ਮਿਲ ਕੇ ਰੋਂਦੇ ਸਨ॥੭॥

ਭੂਪਤਿ ਬਿਸ਼ਨ ਸਿੰਘ ਕੀ ਮਾਤ। ਬਿਰਲਾਪਤਿ ਊਚੇ ਬਿਲਲਾਤ।
'ਹੇ ਸੁਤ ! ਤੁਮਰੋ ਬਡੋ ਭਯੋ ਹੈ। ਬਡ ਮਵਾਸ ਜਿਨ ਬਿਜੈ ਕਿਯੋ ਹੈ॥ ੮॥

ਰਾਜੇ ਬਿਸ਼ਨ ਸਿੰਘ ਦੀ ਮਾਤਾ ਬੜੀ ਉੱਚੀ-ਉੱਚੀ ਵਿਲਕ ਕੇ ਵਿਰਲਾਪ ਕਰਦੀ ਸੀ। ਕਹਿੰਦੀ ਸੀ, "ਹੇ ਪੁੱਤਰ ! ਤੁਹਾਡਾ ਵਡੇਰਾ ਹੋਇਆ ਹੈ, ਵੱਡੇ-ਵੱਡੇ ਆਕੀਆਂ ਨੂੰ ਜਿਸ ਨੇ ਜਿੱਤਿਆ ਹੈ॥੮॥

ਤੁਰਕੇਸ਼ੁਰ ਨੇ ਤਹਾਂ ਪਠਾਇ। ਕਰਿ ਟਾਮਨ ਸੋ ਦਯੋ ਮਰਾਇ।
ਤਿਹ ਸਮ ਤੋਹਿ ਸ਼ਕਤਿ ਨਹਿਂ ਪਈਅਤਿ। ਕਿਮ ਜੀਤਹਿਂ ਇਹ ਨਹੀਂ ਲਖਈਅਤਿ' ॥੯॥

ਤੁਰਕ ਬਾਦਸ਼ਾਹ ਨੇ ਉਨ੍ਹਾਂ ਨੂੰ ਉਥੇ ਭੇਜਿਆ, ਉਥੇ ਦੀਆਂ ਜਾਦੂਗਰਨੀਆਂ ਨੇ ਟੂਣਾ ਕਰਕੇ ਮਰਵਾ ਦਿੱਤਾ। ਉਨ੍ਹਾਂ ਵਰਗੀ ਤੇਰੇ ਵਿਚ ਸ਼ਕਤੀ ਨਹੀਂ ਹੈ, ਕਿਵੇਂ ਜਿਤੋਗੇ, ਇਹ ਅਤੀ ਜ਼ਰੂਰੀ ਗੱਲ ਸਮਝੀ ਨਹੀਂ ਹੈ' ॥੯॥

ਸ਼ੋਕ ਬਿਸਾਲ ਜੋਧਪੁਰਿ ਹੋਵਾ। ਬਿਸ਼ਨ ਸਿੰਘ ਜਨੁ ਮ੍ਰਿਤੁ ਹੀ ਜੋਵਾ।
ਜੀਵਨ ਜਤਨ ਨ ਪਾਵਤਿ ਸੋਊ। ਭਏ ਸੋਚ ਵਸ਼ਿ ਤਹਿਂ ਸਭਿ ਕੋਊ ॥ ੧੦॥

ਜੋਧਪੁਰ ਵਿਚ ਵਿਸ਼ਾਲ ਸੋਗ ਹੋਇਆ, ਰਾਜੇ ਬਿਸ਼ਨ ਸਿੰਘ ਨੂੰ ਜਿਵੇਂ ਮਰ ਗਿਆ ਹੀ ਸਮਝਿਆ। ਉਹ ਜੀਊਣ ਦਾ ਕੋਈ ਯਤਨ ਵੀ ਨਹੀਂ ਸੀ ਪਾਉਂਦਾ। ਉਥੇ ਸਭ ਕੋਈ ਸੋਚ ਦੇ ਵੱਸ ਪਿਆ ਸੀ॥੧੦॥

ਖਾਨ ਪਾਨ ਮਨ ਤੇ ਬਿਸਰਾਇਸਿ। ਸ਼ੋਕ ਚਿੰਤ ਤੇ ਚਿਤ ਬਿਕੁਲਾਇਸਿ।
ਬਿਸ਼ਨ ਸਿੰਘ ਕੀ ਇਕ ਪਟਰਾਨੀ। ਕੁਛ ਗੁਰ ਮਹਿਮਾ ਕੋ ਤਿਨ ਜਾਨੀ॥ ੧੧॥

ਖਾਣਾ ਪੀਣਾ ਮਨ ਤੋਂ ਵਿਸਾਰ ਦਿੱਤਾ, ਸੋਗ ਤੇ ਚਿੰਤਾ ਨਾਲ ਚਿੱਤ ਵਿਆਕੁਲ ਹੋ ਗਏ। ਬਿਸ਼ਨ ਸਿੰਘ ਦੀ ਇਕ ਪਟਰਾਣੀ ਸੀ। ਉਹ ਕੁਝ ਗੁਰੂ ਜੀ ਦੀ ਮਹਿਮਾ ਬਾਰੇ ਜਾਣਦੀ ਸੀ॥੧੧॥

ਨਿਜ ਨੈਹਰ ਕੇ ਬਾਸ ਕਰੰਤੀ। ਤਹਾਂ ਰਹਤਿ ਇਹ ਸਕਲ ਸੁਨੰਤੀ।
ਸ੍ਰੀ ਹਰਿਗੋਬਿੰਦ ਦੁਰਗ ਮਝਾਰੇ। ਨ੍ਰਿਪਤ ਬਵੰਜਾ ਵਹਿਰ ਨਿਕਾਰੇ॥ ੧੨॥

ਆਪਣੇ ਮਾਪਿਆਂ ਦੇ ਪਾਸ ਜਦ ਰਹਿੰਦੀ ਸੀ, ਉਥੇ ਰਹਿ ਕੇ ਇਹ ਸਾਰੀ ਗੱਲਬਾਤ ਸੁਣਦੀ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਦ ਗਵਾਲੀਅਰ ਕਿਲ੍ਹੇ ਵਿਚ ਕੈਦ ਸਨ ਤਾਂ ਉਨ੍ਹਾਂ ਨੇ ਬਵੰਜਾ ਰਾਜਿਆਂ ਨੂੰ ਬਾਹਰ ਕੱਢਿਆ ਸੀ॥੧੨॥

ਮਰਨ ਪ੍ਰਜੰਤ ਕੈਦ ਜਿਨ ਕੇਰੀ। ਸਰਬ ਛੁਟਾਇ ਦੀਨਿ ਤਿਸ ਬੇਰੀ।
ਤਬਿ ਕੀ ਸ਼੍ਰੀ ਗੁਰ ਮਹਿਮਾ ਪੂਤ। ਪਸਰੀ ਬਹੁਤ ਦੇਸ਼ ਰਜਪੂਤ॥ ੧੩॥

ਜਿਨ੍ਹਾਂ ਨੂੰ ਮੌਤ ਹੋਣ ਤਕ ਕੈਦ ਕੀਤਾ ਸੀ, ਉਸ ਸਮੇਂ ਗੁਰੂ ਜੀ ਨੇ ਸਾਰਿਆਂ ਨੂੰ ਛੁਡਵਾ ਦਿੱਤਾ ਸੀ। ਉਸ ਸਮੇਂ ਤੋਂ ਗੁਰੂ ਜੀ ਦੀ ਪਵਿੱਤਰ ਮਹਿਮਾ ਰਾਜਪੂਤ ਦੇਸ਼ ਵਿਚ ਬਹੁਤ ਫੈਲ ਗਈ॥੧੩॥

'ਕਰਾਮਾਤ ਸਾਹਿਬ ਅਵਤਾਰ। ਕ੍ਰਿਪਾ ਸਿੰਧੁ ਸੁਖ ਸਭਿ ਦਾਤਾਰ।
ਅਚਮਤਿ ਸੋਂ ਤੁਰਕੇਸ਼ ਦਬਾਇਸ। ਸਾਦਰ ਬ੍ਰਿੰਦ ਨਰਿੰਦ ਛੁਟਾਇਸ' ॥ ੧੪॥

Sri Satguru Jagjit Singh Ji eLlibrary NamdhariElibrary@gmail.com

"ਗੁਰੂ ਜੀ ਕਰਾਮਾਤੀ ਅਵਤਾਰ ਹਨ, ਕਿਰਪਾ ਦੇ ਸਾਗਰ ਸਭ ਸੁਖਾਂ ਦੇ ਦਾਤੇ ਹਨ। ਕਰਾਮਾਤ ਨਾਲ ਤੁਰਕਾਂ ਨੂੰ ਦਬਾ ਲਿਆ ਸੀ, ਬੜੇ ਆਦਰ ਨਾਲ ਰਾਜਿਆਂ ਨੂੰ ਛੁਡਵਾਇਆ ਸੀ" ॥੧੪॥

**ਅਪਨੀ ਸਾਸ ਸੰਗ ਸਭਿ ਕਹੀ। 'ਗੁਰ ਸਹਾਇ ਤੇ ਭੈ ਕਿਤ ਨਹੀਂ।**
**ਤੀਨ ਲੋਕ ਪਰ ਤਿਨਹੁੰ ਪ੍ਰਤਾਪ। ਸੇਵਕ ਕੇ ਹਰਿਤਾ ਤ੍ਰੈ ਤਾਪ॥ ੧੫॥**

ਉਸ ਪਟਰਾਣੀ ਨੇ ਇਹ ਸਾਰੀ ਗੱਲ ਆਪਣੀ ਸੱਸ ਨੂੰ ਕਹੀ। "ਜੇ ਗੁਰੂ ਜੀ ਸਹਾਇਕ ਹੋਣ ਤਾਂ ਕੁਝ ਭੈ ਨਹੀਂ ਰਹਿੰਦਾ ਹੈ। ਤਿੰਨਾਂ ਲੋਕਾਂ ਤੇ ਉਨ੍ਹਾਂ ਦਾ ਪ੍ਰਤਾਪ ਹੈ, ਆਪਣੇ ਸੇਵਕ ਦੇ ਤਿੰਨੇ ਤਾਪ ਦੂਰ ਕਰ ਦਿੰਦੇ ਹਨ॥੧੫॥

**ਜੋ ਅਬਿ ਗਾਦੀ ਪਰ ਗੁਰ ਹੋਇ। ਖੋਜਹੁ ਕਹਾਂ ਬਿਰਾਜਹਿਂ ਸੋਇ।**
**ਤਿਨ ਕੀ ਸ਼ਰਨਿ ਭੂਪ ਚਲਿ ਜਾਵਹੁ। ਅਪਨਿ ਸਹਾਇਕ ਤਿਨਹੁਂ ਬਨਾਵਹੁ॥੧੬॥**

ਜਿਹੜੇ ਵੀ ਗੁਰੂ ਜੀ ਹੁਣ ਗੱਦੀ 'ਤੇ ਬੈਠੇ ਹੋਣ, ਉਨ੍ਹਾਂ ਦੀ ਖੋਜ ਕਰੋ, ਅੱਜ-ਕੱਲ੍ਹ ਜਿੱਥੇ ਬਿਰਾਜੇ ਹਨ। ਰਾਜਾ ਉਨ੍ਹਾਂ ਦੀ ਸ਼ਰਨ ਵਿਚ ਚਲਾ ਜਾਵੇ ਤੇ ਉਨ੍ਹਾਂ ਨੂੰ ਆਪਣਾ ਸਹਾਇਕ ਬਣਾਵੇ॥੧੬॥

**ਦੇਸ਼ ਕਾਮਰੂ ਕਹਾ ਤਿਨ ਆਗੈ। ਤਿਸ ਤੇ ਸਕਲ ਸੁਰਾਸੁਰ ਭਾਗੈਂ।**
**ਜਿਸ ਥਲ ਥਿਰਹਿਂ ਗੁਰੂ ਭਗਵਾਨ। ਨਹਿਂ ਕਰਿ ਸਕਹਿ ਬਿਘਨ ਕੋ ਆਨ॥੧੭॥**

ਕਾਮਰੂਪ ਦੇਸ਼ ਉਨ੍ਹਾਂ ਦੇ ਅੱਗੇ ਕੀ ਹੈ, ਉਨ੍ਹਾਂ ਦੇ ਅੱਗੇ ਇੰਦਰ ਦੇਵਤਾ ਵੀ ਭੱਜ ਉਠਦਾ ਹੈ। ਜਿੱਥੇ ਵੀ ਗੁਰੂ ਜੀ ਬੈਠੇ ਹੋਣ ਉਥੇ ਆ ਕੇ ਕੋਈ ਵੀ ਵਿਘਨ ਨਹੀਂ ਪਾ ਸਕਦਾ ਹੈ॥੧੭॥

**ਪੀਰ ਮੀਰ ਸਿਧ ਨਾਥ ਮਹੰਤ। ਸਭਿ ਤੇ ਅਧਿਕ ਲਖਹੁ ਭਗਵੰਤ'।**
**ਸੁਨਤਿ ਨੁਖਾ ਕੇ ਬਾਕ ਅਮੀ ਕੋ। ਸਾਸ ਕਰਯੋ ਸੀਤਲ ਨਿਜ ਹੀ ਕੋ॥੧੮॥**

ਪੀਰ, ਮੀਰ, ਸਿਧ, ਨਾਥ, ਮਹੰਤ ਆਦਿ ਸਭ ਤੋਂ ਵੱਡੇ ਗੁਰੂ ਭਗਵਾਨ ਜੀ ਨੂੰ ਜਾਣੋ।" ਆਪਣੀ ਨੂੰਹ ਦੇ ਅੰਮ੍ਰਿਤ ਵਰਗੇ ਬਚਨ ਸੁਣ ਕੇ, ਸੱਸ ਨੇ ਆਪਣੇ ਹਿਰਦੇ ਨੂੰ ਠੰਡਾ ਕੀਤਾ॥੧੮॥

**ਸੁਤ ਸੋਂ ਸਗਰੀ ਬਾਤ ਸੁਨਾਈ। 'ਖੋਜਹੁ ਸਤਿਗੁਰ ਹੈਂ ਜਿਸ ਥਾਈਂ।**
**ਰਾਮ ਰਾਇ ਢਿਗ ਨਹੀਂ ਗੁਰਾਈ। ਅਜ਼ਮਤ ਕਰਿ ਅਨੇਕ ਦਿਖਰਾਈ॥ ੧੯॥**

ਪੁੱਤਰ ਨੂੰ ਆਪਣੀ ਸਾਰੀ ਗੱਲ ਸੁਣਾਈ, "ਸਤਿਗੁਰੂ ਜੀ ਦੀ ਖੋਜ ਕਰੋ ਜਿਸ ਥਾਂ ਵੀ ਹਨ। ਸ੍ਰੀ ਰਾਮ ਰਾਇ ਪਾਸ ਗੁਰਿਆਈ ਨਹੀਂ ਹੈ। ਉਨ੍ਹਾਂ ਨੇ ਅਨੇਕਾਂ ਕਰਾਮਾਤਾਂ ਕਰਕੇ ਵਿਖਾਈਆਂ ਸਨ॥੧੯॥

**ਗਾਦੀ ਤਿਸ ਕੇ ਅਨੁਜ ਲਈ ਹੈ। ਪੁਰਿ ਦਿੱਲੀ ਤਜਿ ਦੇਹਿ ਦਈ ਹੈ।**
**ਤਿਨ ਪਾਛੇ ਗਾਦੀ ਪਰ ਜੋਈ। ਅਪਨਿ ਸਹਾਇਕ ਕੀਜਹਿ ਸੋਈ' ॥ ੨੦॥**

ਗੱਦੀ ਉਸ ਦੇ ਛੋਟੇ ਭਰਾ ਨੇ ਲਈ ਹੈ, ਦਿੱਲੀ ਵਿਚ ਉਨ੍ਹਾਂ ਆਪਣਾ ਸਰੀਰ ਛੱਡ ਦਿੱਤਾ ਹੈ। ਉਨ੍ਹਾਂ ਦੇ ਪਿੱਛੋਂ ਜਿਹੜੇ ਗੱਦੀ 'ਤੇ ਬੈਠੇ ਹਨ, ਉਨ੍ਹਾਂ ਨੂੰ ਆਪਣੇ ਸਹਾਇਕ ਬਣਾਵੋ" ॥੨੦॥

**ਸੁਨਿ ਜਨਨੀ ਤੇ ਸਭਾ ਮਝਾਰੀ। ਬਿਸ਼ਨ ਸਿੰਘ ਨੇ ਆਨ ਉਚਾਰੀ।**
**'ਸ੍ਰੀ ਨਾਨਕ ਗਾਦੀ ਪਰ ਕੌਨ ?। ਸੋ ਅਬਿ ਕਹਾਂ ? ਕਹਾਂ ਤਿਨ ਭੌਨ ?' ॥੨੧॥**

ਆਪਣੇ ਮਾਤਾ ਜੀ ਪਾਸੋਂ ਸਾਰੀ ਗੱਲ ਸੁਣ ਕੇ ਰਾਜੇ ਬਿਸ਼ਨ ਸਿੰਘ ਨੇ ਸਭਾ ਵਿਚ ਆ ਕੇ ਉਚਾਰਨ ਕੀਤਾ, "ਇਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਕੌਣ ਬੈਠੇ ਹਨ ? ਉਹ ਹੁਣ ਕਿੱਥੇ ਰਹਿੰਦੇ ਹਨ ? ਉਨ੍ਹਾਂ ਦਾ ਘਰ ਕਿੱਥੇ ਹੈ ?" ॥੨੧॥

ਸਭਾ ਬਿਖੇ ਇਕ ਮਾਨਵ ਕਹ੍ਯੋ। 'ਮੈਂ ਤਿਸ ਗੁਰ ਕੋ ਦਰਸ਼ਨ ਲਹ੍ਯੋ।
ਗਯਾ ਕਰਾਵਨਿ ਮੈਂ ਚਲਿ ਗਯੋ। ਤਹਾਂ ਮਿਲਾਪ ਤਿਨਹੁੰ ਕੋ ਭਯੋ॥ ੨੨॥

ਸਭਾ ਵਿਚ ਬੈਠੇ ਇਕ ਮਨੁੱਖ ਨੇ ਕਿਹਾ, 'ਮੈਂ ਉਸ ਗੁਰੂ ਜੀ ਦੇ ਦਰਸ਼ਨ ਕੀਤੇ ਹਨ। ਮੈਂ ਪਿੰਡ ਦਾਨ ਕਰਾਉਣ ਵਾਸਤੇ ਗਯਾ ਵਿਖੇ ਗਿਆ ਸੀ। ਉਥੇ ਮੇਰਾ ਉਨ੍ਹਾਂ ਨਾਲ ਮੇਲ ਹੋਇਆ ਹੈ॥੨੨॥

ਸੋ ਭੀ ਗਯਾ ਬਿਖੈ ਚਲਿ ਆਏ। ਪੁਰਿ ਪਟਣੇ ਕੋ ਪੁਨਹਿ ਸਿਧਾਏ।
ਤਿਨ ਦਾਸਨ ਸੋਂ ਸੁਨੀ ਸੁ ਸੁਨੀਅਹਿ। ਕਿਤਿਕ ਕਾਲ ਬਸਿਬੋ ਤਹਿਂ ਜਨੀਅਹਿ॥੨੩॥

ਉਹ ਵੀ ਗਯਾ ਵਿਖੇ ਚਲ ਕੇ ਆਏ ਸਨ, ਫਿਰ ਪਟਨੇ ਸ਼ਹਿਰ ਵਲ ਚਲੇ ਗਏ ਸਨ। ਜਿਹੜੀ ਮੈਂ ਉਨ੍ਹਾਂ ਦੇ ਸੇਵਕਾਂ ਪਾਸੋਂ ਗੱਲ ਸੁਣੀ ਉਹ ਸੁਣੋ। ਇਹ ਜਾਣਿਆ ਜਾਂਦਾ ਹੈ ਕਿ ਉਥੇ ਕਾਫੀ ਸਮਾਂ ਰਹਿਣਗੇ॥੨੩॥

ਲੋਕ ਹਜ਼ਾਰਹੁਂ ਤਜਿ ਤਜਿ ਸਦਨ। ਆਇ ਕਰਹਿਂ ਬੰਦਨ ਗੁਰ ਪਦਨ।
ਜਹਾਂ ਕਹਾਂ ਮਹਿਮਾਂ ਮਹੀਆਨ। ਕਰ ਜੋਰਹਿਂ ਦੇਂ ਭੇਟਨਿ ਆਨਿ॥ ੨੪॥

ਹਜ਼ਾਰਾਂ ਲੋਕ ਆਪਣੇ ਘਰ ਛੱਡ ਛੱਡ ਕੇ ਗੁਰੂ ਜੀ ਦੇ ਚਰਨ ਕੰਵਲਾਂ ਉੱਤੇ ਬੰਦਨਾ ਕਰਨ ਆਉਂਦੇ ਹਨ। ਜਿੱਥੇ ਕਿੱਥੇ ਬਹੁਤ ਵੱਡੀ ਮਹਿਮਾ ਹੈ, ਲੋਕ ਹੱਥ ਜੋੜ ਕੇ ਭੇਟਾਵਾਂ ਲਿਆ ਕੇ ਅਰਪਣ ਕਰਦੇ ਹਨ॥੨੪॥

ਕਹਤਿ ਅਨੇਕ ਸੁਨੇ ਤਿਸ ਥਾਂਈਂ। ਅਜ਼ਮਤ ਅਜਬ ਬਹੁਨਿ ਅਜ਼ਮਾਈ।
ਸ਼੍ਰੀ ਗੁਰ ਤੇਗ ਬਹਾਦਰ ਨਾਮੁ। ਜਿਨ ਕੇ ਚਲਿਤ ਪਿਖੇ ਅਭਿਰਾਮ॥ ੨੫॥

ਅਨੇਕਾਂ ਉਸ ਥਾਂ ਕਹਿੰਦੇ ਸੁਣੇ ਹਨ, ਅਜੀਬ ਕਰਾਮਾਤ ਬਹੁਤਿਆਂ ਨੇ ਅਜ਼ਮਾਈ ਹੈ। ਸ੍ਰੀ ਗੁਰੂ ਤੇਗ ਬਹਾਦਰ ਉਨ੍ਹਾਂ ਦਾ ਨਾਮ ਹੈ, ਜਿਨ੍ਹਾਂ ਦਾ ਬੜਾ ਮਨੋਹਰ ਆਚਰਣ ਵੇਖਿਆ ਹੈ॥੨੫॥

ਜਿਸ ਜਿਸ ਮਾਰਗ ਕੋ ਗਮਨਾਏ। ਸਿੱਖੀ ਅੰਮ੍ਰਿਤ ਕੋ ਬਰਖਾਏ।
ਸੋ ਸਭਿ ਦੇਸ਼ ਮਹਾਂ ਜਸ ਕਰਤਾ। ਜਹਿਂ ਕਹਿਂ ਉਤਰਿ ਕਰੇ ਸ਼ੁਭ ਚਰਿਤਾ॥੨੬॥

ਜਿਸ ਜਿਸ ਰਾਹ ਤੇ ਜਾਂਦੇ ਹਨ, ਅੰਮ੍ਰਿਤ ਰੂਪੀ ਸਿੱਖੀ ਦੀ ਵਰਖਾ ਕਰਦੇ ਹਨ, ਉਨ੍ਹਾਂ ਦਾ ਸਾਰਾ ਦੇਸ਼ ਬੜਾ ਜੱਸ ਕਰਦਾ ਹੈ, ਜਿੱਥੇ ਕਿੱਥੇ ਉਤਾਰਾ ਕਰਕੇ ਸ਼ੁਭ ਮਾਰਗ ਦਰਸ਼ਨ ਕਰਦੇ ਹਨ'' ॥੨੬॥

ਬਿਸ਼ਨ ਸਿੰਘ ਸੁਨਿ ਧੀਰਜ ਪਾਯੋ। ਤਤਛਿਨ ਅਪਨਿ ਵਕੀਲ ਪਠਾਯੋ।
ਬਹੁ ਉੱਤਮ ਦੇ ਬ੍ਰਿੰਦ ਅਕੋਰ। ਬਿਨਤੀ ਕਰਿ ਭੇਜੀ ਕਰ ਜੋਰਿ॥ ੨੭॥

ਇਹ ਸੁਣ ਕੇ ਬਿਸ਼ਨ ਸਿੰਘ ਨੇ ਧੀਰਜ ਪਾਇਆ, ਤੁਰਤ ਹੀ ਆਪਣੇ ਵਕੀਲ ਨੂੰ ਭੇਜਿਆ। ਬਹੁਤ ਉੱਤਮ ਉਸ ਨੂੰ ਉਪਹਾਰ ਦਿੱਤੇ ਤੇ ਹੱਥ ਜੋੜ ਕੇ ਬੇਨਤੀ ਕਰਕੇ ਭੇਜੀ॥੨੭॥

'ਤੂਰਨ ਗਮਨਹੁ ਤਹਿਂ ਅਟਕਾਵਹੁ। ਮਮ ਦਿਸ਼ਿ ਤੇ ਬਹੁ ਬਿਨੈ ਸੁਨਾਵਹੁ।
ਹੇਰਿ ਮਹੂਰਤ ਮੈਂ ਚਢਿ ਆਵੌਂ। ਤਿਨ ਕੋ ਦਰਸੌਂ ਬਿਲਮ ਨ ਲਾਵੌਂ॥ ੨੮॥

''ਤੁਰਤ ਜਾਵੋ ਤੇ ਉਨ੍ਹਾਂ ਨੂੰ ਉਥੇ ਹੀ ਰੋਕੋ, ਮੇਰੇ ਵਾਲੇ ਪਾਸੇ ਤੋਂ ਬਹੁਤ ਬੇਨਤੀ ਸੁਣਾਵੋ। ਮਹੂਰਤ ਵੇਖ ਕੇ ਮੈਂ ਚੜ੍ਹਾਈ ਕਰਕੇ ਆਵਾਂਗਾ ਤੇ ਉਨ੍ਹਾਂ ਦੇ ਦਰਸ਼ਨ ਕਰਨ ਵਿਚ ਕੋਈ ਦੇਰ ਨਹੀਂ ਲਾਵਾਂਗਾ'' ॥੨੮॥

ਸੁਨਤਿ ਦੂਤ, ਲੇ ਜਵੀ ਤੁਰੰਗ। ਗਮਨ੍ਯੋ ਤੁਰਤ ਕੁਛਕ ਨਰ ਸੰਗ।
ਦੂਰ ਦੂਰ ਕੀ ਮੰਜ਼ਲ ਕਰਤਾ। ਸ਼੍ਰਮ ਕੀ ਪੀਰ ਨਹੀਂ ਉਰ ਧਰਤਾ॥ ੨੯॥

ਇਹ ਸੁਣ ਕੇ ਦੂਤ ਨੇ ਤੇਜ਼ ਚਾਲ ਵਾਲਾ ਘੋੜਾ ਲਿਆ ਤੇ ਕੁਝ ਮਨੁੱਖਾਂ ਨੂੰ ਨਾਲ ਲੈ ਕੇ ਤੁਰਤ ਚਲਾ ਗਿਆ। ਦੂਰ ਦੂਰ ਦੀ ਮੰਜ਼ਲ ਕਰਦਾ ਸੀ ਤੇ ਥਕਾਵਟ ਦੀ ਪੀੜ ਦਿਲ ਵਿਚ ਨਹੀਂ ਸੀ ਧਾਰਨ ਕਰਦਾ॥੨੯॥

ਪਹੁੰਚਯੋ ਪਟਨੇ ਪੁਰਿ ਮਹਿਂ ਜਾਇ। ਸਤਿਗੁਰ ਸੁਧਿ ਬੂਝੀ ਤਹਿਂ ਆਇ।
ਅਬਿ ਸ੍ਰੀ ਤੇਗ ਬਹਾਦਰ ਕਥਾ। ਸ੍ਰੋਤਾ ਸੁਨਹੁ ਬਿਤੀਤੀ ਜਥਾ॥ ੩੦॥

ਉਹ ਛੇਤੀ ਹੀ ਪਟਨੇ ਸ਼ਹਿਰ ਵਿਚ ਜਾ ਪਹੁੰਚਿਆ, ਸਤਿਗੁਰੂ ਜੀ ਬਾਰੇ ਆ ਕੇ ਖਬਰ ਪੁੱਛੀ। ਹੇ ਸ੍ਰੋਤਾ ਗਨ ! ਹੁਣ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਥਾ ਸੁਣੋ, ਜਿਵੇਂ ਉਨ੍ਹਾਂ ਨੇ ਪਟਨੇ ਸ਼ਹਿਰ ਵਿਚ ਰਹਿ ਕੇ ਬਤੀਤ ਕੀਤੀ॥੩੦॥

ਦੋਹਰਾ- ਸਿਖਜਨਿ ਪੂਰਤ ਕਾਮਨਾ ਆਪ ਕਾਮਨਾ ਕੀਨਿ।
ਤੀਰਥ ਤੀਰ ਸਮੁੰਦ੍ਰ ਲੌ ਮੱਜਹਿਂ ਜਿਤ ਕਿਤ ਚੀਨ॥ ੩੧॥

ਸਿੱਖਾਂ ਦੀ ਕਾਮਨਾ ਪੂਰੀ ਕਰਨ ਵਾਲੇ ਗੁਰੂ ਜੀ ਨੇ ਆਪ ਕਾਮਨਾ ਕੀਤੀ। ਸਮੁੰਦਰ ਦੇ ਕਿਨਾਰੇ ਜਿੰਨੇ ਵੀ ਤੀਰਥ ਹਨ, ਜਿੱਥੇ ਕਿੱਥੇ ਵੇਖ ਕੇ ਇਸ਼ਨਾਨ ਕਰੀਏ॥੩੧॥

ਚੌਪਈ- ਬ੍ਰਹਮਪੁੱਤ੍ਰ ਨਦ ਕਰਿ ਇਸ਼ਨਾਨਾ। ਜਗਨ ਨਾਥ ਆਦਿਕ ਜੇ ਥਾਨਾ।
ਦੇਸ਼ ਦੇਸ਼ ਕੇ ਦੇਖਨਿ ਕਾਰਨ। ਸ਼ੁਭ ਮਾਰਗ ਸਿੱਖੀ ਬਿਸਤਾਰਨ॥ ੩੨॥

ਬ੍ਰਹਮਪੁੱਤਰ ਦਰਿਆ ਵਿਚ ਇਸ਼ਨਾਨ ਕਰਨ ਵਾਸਤੇ ਤੇ ਜਗਨ ਨਾਥ ਆਦਿ ਜੋ ਤੀਰਥ ਅਸਥਾਨ ਹਨ, ਉਨ੍ਹਾਂ ਦੇਸ਼ਾਂ ਦੇ ਸਥਾਨ ਵੇਖਣ ਵਾਸਤੇ ਤੇ ਸਿੱਖੀ ਦੇ ਸ਼ੁਭ ਮਾਰਗ ਦਾ ਵਿਸਤਾਰ ਕਰਨ ਵਾਸਤੇ ਪੂਰਬ ਵਲ ਜਾਣਾ ਚਾਹੁੰਦੇ ਸਨ॥੩੨॥

ਸ੍ਰੀ ਨਾਨਕ ਤਨ ਕਰਿ ਜਹਿਂ ਗਏ। ਸੱਤਿਨਾਮ ਉਪਦੇਸ਼ਤਿ ਭਏ।
ਲੋਕ ਅਨੇਕਨਿ ਕੋ ਕੱਲਯਾਨ। ਜਿਤ ਕਿਤ ਫਿਰ ਕਰਿ ਕੀਨਿ ਮਹਾਨ॥੩੩॥

ਸ੍ਰੀ ਗੁਰੂ ਨਾਨਕ ਦੇਵ ਆਪ ਤਨ ਕਰਕੇ ਜਿੱਥੇ-ਜਿੱਥੇ ਗਏ ਸਨ ਤੇ ਉਨ੍ਹਾਂ ਨੇ ਸਤਿਨਾਮ ਦਾ ਉਪਦੇਸ਼ ਦਿੱਤਾ ਸੀ। ਅਨੇਕਾਂ ਲੋਕਾਂ ਦਾ ਕਲਿਆਣ ਕੀਤਾ ਸੀ, ਜਿੱਥੇ-ਕਿੱਥੇ ਫਿਰ ਕੇ ਮਹਾਨ ਕਾਰਜ ਕੀਤਾ ਸੀ॥੩੩॥

ਤਿਸਕੋ ਦਿਢ ਕਰਿਬੇ ਕੇ ਹੇਤੁ। ਚਿਤਵਯੋ ਸ੍ਰੀ ਗੁਰ ਕ੍ਰਿਪਾ ਨਿਕੇਤ।
ਸਿੱਖਜਨਿ ਕਿਤਿਕ ਪ੍ਰਤੱਗਯਾ ਕੀਨਿ। 'ਹਮ ਘਰ ਆਵਹਿਂ ਗੁਰੂ ਪ੍ਰਬੀਨ'॥੩੪॥

ਉਸ ਉਪਦੇਸ਼ ਨੂੰ ਦ੍ਰਿੜ੍ਹ ਕਰਨ ਵਾਸਤੇ, ਕਿਰਪਾ ਦੇ ਘਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵਿਚਾਰ ਕੀਤੀ। ਕਈ ਸਿੱਖਾਂ ਨੇ ਪ੍ਰਤੱਗਿਆ ਕੀਤੀ ਸੀ, "ਚਤੁਰ ਗੁਰੂ ਜੀ ਸਾਡੇ ਘਰ ਆ ਕੇ ਚਰਨ ਪਾਉਣ"॥੩੪॥

ਕਿਤਿਕਿਨਿ ਪੋਸ਼ਿਸ਼ ਰਖੀ ਬਨਾਇ। 'ਆਵਹਿਂ ਗੁਰ ਅਪਨੇ ਗਰ ਪਾਇਂ'।
ਕਿਤਿਕ ਅੰਨ ਸੁਧ ਧਰੇ ਸਦਨ ਮੈਂ। 'ਗੁਰੂ ਅਚਾਵਹਿਂ' ਚਾਹਤਿ ਮਨ ਮੈਂ॥ ੩੫॥

ਕਈਆਂ ਨੇ ਪੋਸ਼ਾਕੇ ਬਣਾ ਕੇ ਰੱਖੇ ਸਨ, "ਗੁਰੂ ਜੀ ਆ ਕੇ ਆਪਣੇ ਗਲ ਵਿਚ ਪਾਉਣਗੇ।" ਕਈਆਂ ਨੇ ਅਨਾਜ ਸੁਧਾਰ ਕੇ ਆਪਣੇ ਘਰ ਵਿਚ ਰਖਿਆ ਸੀ। "ਗੁਰੂ ਜੀ ਨੂੰ ਖਵਾਵਾਂਗੇ" ਮਨ ਵਿਚ ਇਹ ਚਾਹਤ ਬਣਾ ਕੇ ਰੱਖੀ ਸੀ॥੩੫॥

ਨਿਸ ਦਿਨ ਕਰਹਿਂ ਪ੍ਰਤੀਖਨ ਸੋਊ। ਕਰਤਿ ਪ੍ਰਤੱਗਯਾ ਅਪਨੀ ਜੋਊ।
ਮਹਾਂ ਪ੍ਰੇਮ ਧਰਿ ਕਰਹਿਂ ਅਰਾਧਨ। ਮਿਲਿ ਮਿਲਿ ਬੂਝਤਿ ਹੈਂ ਬਹੁ ਸਾਧਨ॥੩੬॥

ਉਹ ਦਿਨ ਰਾਤ ਉਡੀਕ ਕਰਦੇ ਰਹਿੰਦੇ ਸਨ, ਜਿਹੜੇ ਵੀ ਆਪਣੀ ਪ੍ਰਤੱਗਿਆ ਕਰਦੇ ਸਨ। ਮਹਾਂ ਪ੍ਰੇਮ ਕਰਕੇ ਅਰਾਧਨਾ ਕਰਦੇ ਸਨ, ਮਿਲ ਮਿਲ ਕੇ ਬਹੁਤ ਸਾਧਨ ਪੁੱਛਦੇ ਸਨ॥੩੬॥

Sri Satguru Jagjit Singh Ji eLlibrary NamdhariElibrary@gmail.com

'ਕਬਿ ਸਤਿਗੁਰ ਆਵਹਿਂ ਇਸ ਦੇਸ਼। ਕਰਹਿਂ ਕ੍ਰਿਤਾਰਥ ਦੇ ਉਪਦੇਸ਼'।
ਤਿਨ ਸਭਿਹਿਨਿ ਕੇ ਮਨ ਕੀ ਜਾਨਿ। ਗਮਨਜੋ ਚਹਤਿ ਗੁਰੂ ਭਗਵਾਨ ॥੩੭॥

"ਕਦ ਸਤਿਗੁਰੂ ਜੀ ਇਸ ਦੇਸ਼ ਆਉਣਗੇ, ਆਪਣਾ ਉਪਦੇਸ਼ ਦੇ ਕੇ ਨਿਹਾਲ ਕਰਨਗੇ। ਉਨ੍ਹਾਂ ਸਾਰੇ ਸੇਵਕਾਂ ਦੇ ਮਨ ਦੀ ਜਾਣ ਕੇ, ਗੁਰੂ ਭਗਵਾਨ ਜੀ ਹੋਰ ਬਾਹਰਲੇ ਸਥਾਨਾਂ ਤੇ ਜਾਣਾ ਚਾਹੁੰਦੇ ਸਨ॥੩੭॥

ਸਿਖ ਸੰਗਤਿ ਕੋ ਸੁਧ ਕਹਿ ਦਈ। 'ਆਗੇ ਜਾਨਿ ਗੁਰੂ ਮਤਿ ਠਈ'।
ਸੁਨਿ ਸੰਗਤਿ ਇਕਠੀ ਹੁਇ ਆਈ। ਅਨਿਕ ਪ੍ਰਕਾਰ ਉਪਾਇਨ ਲਜਾਈ ॥੩੮॥

ਸਾਰੀ ਸਿੱਖ ਸੰਗਤ ਨੂੰ ਖਬਰ ਕਹਿ ਦਿੱਤੀ, "ਗੁਰੂ ਜੀ ਨੇ ਅੱਗੇ ਜਾਣ ਦਾ ਮਨ ਬਣਾਇਆ ਹੈ।" ਇਹ ਸੁਣ ਕੇ ਸੰਗਤ ਇਕੱਠੀ ਹੋ ਕੇ ਆ ਗਈ, ਅਨੇਕ ਪ੍ਰਕਾਰ ਦੇ ਉਪਹਾਰ ਲੈ ਕੇ ਆਈ॥੩੮॥

ਦਰਬ ਬ੍ਰਿੰਦ ਸੁੰਦਰ ਪਟ ਝੀਨੇ। ਜਰੀ ਬਾਦਲਾ ਕੇ ਦੁਤਿ ਭੀਨੇ।
ਕੇਤਿਕ ਸ੍ਰੀ ਗੁਜਰੀ ਹਿਤ ਲਜਾਏ। ਬਹੁਤ ਮੋਲ ਕੇ ਵਸਤ੍ਰ ਸੁਹਾਏ॥ ੩੯॥

ਬਹੁਤ ਧਨ ਤੇ ਸੁੰਦਰ ਬਰੀਕ ਪੱਟ ਦੇ ਕੱਪੜੇ ਲਿਆਏ, ਬੜੇ ਰੰਗ-ਬਰੰਗੇ ਜਰੀ ਦੇ ਕੱਪੜੇ ਵੀ ਲੈ ਕੇ ਆਏ। ਕਈ ਸੁੰਦਰ ਕੱਪੜੇ ਸ੍ਰੀ ਮਾਤਾ ਗੁਜਰੀ ਜੀ ਵਾਸਤੇ ਵੀ ਲਿਆਏ, ਬਹੁਤ ਕੀਮਤੀ ਵਸਤਰ ਬੜੇ ਸ਼ੋਭ ਰਹੇ ਸਨ॥੩੯॥

ਜਰੇ ਜਵਾਹਰ ਭੂਖਨ ਚਾਰੂ। ਬਹੁਤ ਭਾਂਤ ਕੇ ਬਨੇ ਅਪਾਰ।
ਧਨੀ ਬਨਿਕ ਕੀ ਦਾਰਾ ਬ੍ਰਿੰਦ। ਪ੍ਰਾਪਤਿ ਭੀ ਬਡਭਾਗ ਅਨੰਦ॥ ੪੦॥

ਸੁੰਦਰ ਗਹਿਣਿਆਂ ਨੂੰ ਹੀਰੇ ਜਵਾਹਰਾਤ ਜੜੇ ਸਨ ਤੇ ਬਹੁਤ ਭਾਂਤ ਦੇ ਅਪਾਰ ਸੁੰਦਰ ਬਣੇ ਸਨ। ਅਮੀਰ ਬਾਣੀਆਂ ਦੀਆਂ ਬਹੁਤ ਇਸਤਰੀਆਂ ਆਈਆਂ। ਵੱਡੇ ਭਾਗਾਂ ਵਾਲੀਆਂ ਨੇ ਬੜਾ ਅਨੰਦ ਪ੍ਰਾਪਤ ਕੀਤਾ॥੪੦॥

ਸਭਿ ਸੰਗਤਿ ਮਿਲਿ ਬਿਨੈ ਸੁਨਾਈ। 'ਸ੍ਰੀ ਗੁਰ ਕ੍ਰਿਪਾ ਕਰਹੁ ਇਸ ਥਾਈਂ'।
ਸੇਵਾ ਅਪਨੀ ਸਭਿ ਫੁਰਮਾਵਹੁ। ਹਮ ਦਾਸਨਿ ਸੋਂ ਕਹਿ ਕਰਿਵਾਵਹੁ॥ ੪੧॥

ਸਾਰੀ ਸੰਗਤ ਨੇ ਮਿਲ ਕੇ ਬਿਨੈ ਸੁਣਾਈ, "ਸ੍ਰੀ ਗੁਰੂ ਜੀ ਇਸ ਥਾਂ ਕਿਰਪਾ ਕਰੋ। ਸੇਵਾ ਆਪਣੀ ਸਾਰੀ ਦੱਸੋ, ਸਾਡੇ ਸੇਵਕਾਂ ਪਾਸੋਂ ਕਹਿ ਕੇ ਸੇਵਾ ਕਰਵਾਵੋ॥੪੧॥

ਚਰਨ ਆਪਕੇ ਜਹਾਂ ਉਪਾਸੇ। ਅਖਿਲ ਆਇ ਤਹਿਂ ਤੀਰਥ ਵਾਸੇਂ।
ਲਹੈ ਸਪਰਸ਼ਨ ਰਾਵਰ ਸੰਗਾ। ਗੰਗਾ ਹੁਇ ਪਾਵਨ ਸਰਬੰਗਾ॥ ੪੨॥

ਜਿੱਥੇ ਵੀ ਆਪ ਜੀ ਦੇ ਚਰਨ ਪੂਜੀਦੇ ਹਨ, ਸਾਰੇ ਆ ਕੇ ਉਥੇ ਤੀਰਥ ਬਣਾਉਂਦੇ ਹਨ। ਜਿਹੜਾ ਵੀ ਆਪ ਜੀ ਦੇ ਸੰਗ ਦਾ ਸਪਰਸ਼ ਲੈਂਦਾ ਹੈ, ਗੰਗਾ ਨਦੀ ਵਰਗੀ ਵੀ ਸਭ ਪ੍ਰਕਾਰ ਪਵਿੱਤਰ ਹੋ ਜਾਂਦੀ ਹੈ॥੪੨॥

ਚਹਹੁ ਜਹਾਂ ਨਿਜ ਚਰਨ ਧਰਨ ਕੋ। ਜਗੇ ਭਾਗ ਨਰ ਧੰਨ ਕਰਨਿ ਕੋ।
ਇਸ ਪੁਰਿ ਕੀ ਗਨ ਸੰਗਤਿ ਸਾਰੀ। ਜਿਮ ਅਭਿਲਾਖਾ ਕਰਹਿ ਤੁਮਾਰੀ॥੪੩॥

ਜਿੱਥੇ ਵੀ ਆਪਣਾ ਚਰਨ ਧਰਨਾ ਚਾਹੁੰਦੇ ਹੋ, ਉਸ ਸਥਾਨ ਦੇ ਭਾਗ ਜਾਗ ਪੈਂਦੇ ਹਨ ਤੇ ਉਥੇ ਮਨੁੱਖ ਧੰਨ ਹੋ ਜਾਂਦੇ ਹਨ। ਇਸ ਸ਼ਹਿਰ ਦੀ ਸਾਰੀ ਸੰਗਤ ਜਿਵੇਂ ਤੁਹਾਡੀ ਅਭਿਲਾਸ਼ਾ ਕਰਦੀ ਹੈ॥੪੩॥

ਪੂਰਨ ਕਰਨਿ ਉਚਿਤ ਤੁਮ ਅਹੋ। ਨਿਸ਼ਚੈ ਚਲਜੋ ਜਿ ਚਿਤ ਮਹਿਂ ਚਹੋ।
ਮਾਤਾ ਸਹਤ ਰਹਹਿ ਸਭਿ ਡੇਰਾ। ਇਸੀ ਸਦਨ ਮਹਿਂ ਕਰਹਿ ਬਸੇਰਾ॥ ੪੪॥

ਪੂਰਨ ਕਰਨਾ ਤੁਹਾਡੇ ਵਾਸਤੇ ਉਚਿਤ ਹੈ, ਨਿਸ਼ਚੇ ਰੂਪ ਵਿਚ ਜੇ ਜਾਣਾ ਚਾਹੁੰਦੇ ਹੋ ਤਾਂ ਮਾਤਾ ਸਹਿਤ ਸਾਰਾ ਡੇਰਾ ਏਥੇ ਰਹਿਣ ਦੇਵੋ। ਏਸੇ ਘਰ ਵਿਚ ਹੀ ਇਹ ਵਾਸਾ ਰੱਖਣਗੇ॥੪੪॥

ਤੁਮਰੇ ਥਾਨ ਆਇੰ ਸਿਖ ਸਾਰੇ। ਪੂਜਹਿੰ ਸਰਬ ਭਾਂਤਿ ਹਿਤ ਧਾਰੇ।
ਸ੍ਰੀ ਮਾਤਾ ਕੇ ਚਰਨ ਮਨਾਵਹਿੰ। ਮਨੋਂ ਕਾਮਨਾ ਸੰਗਤਿ ਪਾਵਹਿ॥ ੪੫॥

ਤੁਹਾਡੇ ਸਥਾਨ ਤੇ ਸਾਰੇ ਸਿੱਖ ਆਉਂਦੇ ਹਨ ਤੇ ਸਰਬ ਪ੍ਰਕਾਰ ਹਿਤ ਧਾਰ ਕੇ ਪੂਜਾ ਕਰਦੇ ਹਨ। ਉਹ ਸ੍ਰੀ ਮਾਤਾ ਜੀ ਦੇ ਚਰਨਾਂ ਦੀ ਪੂਜਾ ਕਰਨਗੇ ਤੇ ਸੰਗਤ ਆਪਣੀ ਮਨੋਕਾਮਨਾ ਪਾਵੇਗੀ॥੪੫॥

ਆਪ ਆਇ ਹੋ, ਰਹੇ ਉਡੀਕਾ। ਪੁਨ ਦਰਸਹਿੰ ਸਿਖ ਦਰਸ਼ਨ ਨੀਕਾ।
ਅਪਰ ਤਰਕ ਨਹਿੰ ਕਰਹੁ ਪ੍ਰਕਾਸ਼। ਇਹੁ ਸੰਗਤਿ ਸਗਰੀ ਤੁਮ ਦਾਸ॥ ੪੬॥

ਆਪ ਆਵੋਗੇ ਉਡੀਕਦੇ ਰਹਾਂਗੇ, ਫਿਰ ਸਿੱਖ ਭਲੇ ਦਰਸ਼ਨ ਕਰਨਗੇ। ਹੋਰ ਕੋਈ ਤਰਕ ਪ੍ਰਕਾਸ਼ ਨਾ ਕਰੋ, ਇਹ ਸਾਰੀ ਸੰਗਤ ਤੁਹਾਡੀ ਦਾਸ ਹੈ॥੪੬॥

ਨਿਸ ਬਾਸੁਰ ਸੇਵਾ ਮਹਿੰ ਠਾਢੇ। ਗੁਰੂ ਚਰਨ ਪਰ ਨਿਸ਼ਚਾ ਗਾਢੇ।
ਸ੍ਰੀ ਗੁਰ ਤੇਗ ਬਹਾਦਰ ਹੇਰੀ। ਅਧਿਕ ਭਾਵਨਾ ਸੰਗਤਿ ਕੇਰੀ॥ ੪੭॥

ਦਿਨ ਰਾਤ ਅਸੀਂ ਸੇਵਾ ਵਿਚ ਖੜੇ ਹਾਂ, ਗੁਰੂ ਚਰਨਾਂ ਤੇ ਨਿਸ਼ਚਾ ਧਾਰਿਆ ਹੈ।" ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਵੇਖਿਆ, ਸੰਗਤ ਦੀ ਬਹੁਤ ਭਾਵਨਾ ਹੈ॥੪੭॥

ਕਹਯੋ ਕ੍ਰਿਪਾਲ ਸੰਗ ਤਿਸ ਕਾਲੇ। 'ਬਸਹੁ ਸਰਬ ਤੁਮ ਇਹਾਂ ਸੁਖਾਲੇ।
ਹਮ ਕੇਤਿਕ ਦਿਨ ਫਿਰ ਕਰਿ ਸਾਰੇ। ਤੀਰਥ ਕਰਤੇ ਦੇਸ਼ ਨਿਹਾਰੇ॥ ੪੮॥

ਗੁਰੂ ਜੀ ਨੇ ਉਸ ਸਮੇਂ ਭਾਈ ਕ੍ਰਿਪਾਲ ਜੀ ਨੂੰ ਕਿਹਾ, "ਤੁਸੀਂ ਸਾਰੇ ਏਥੇ ਆਰਾਮ ਨਾਲ ਰਹੋ ਅਸੀਂ ਕਈ ਦਿਨ ਰਹਿ ਕੇ ਸਾਰੇ ਤੀਰਥਾਂ 'ਤੇ ਫਿਰ ਕੇ ਇਸ ਦੇਸ਼ ਨੂੰ ਵੇਖਦੇ ਹਾਂ॥੪੮॥

ਸਭਿ ਡੇਰੇ ਬਿਨ ਗਮਨਹਿੰ ਤੂਰਨ। ਕਰਹਿੰ ਕਾਮਨਾ ਅਪਨੀ ਪੂਰਨਾ।
ਇਮ ਨਿਜ ਦਾਸ ਅਪਰ ਸਮੁਝਾਏ। ਜੇ ਪਟਨੇ ਪੁਰਿ ਬਿਖੇ ਹਟਾਏ॥ ੪੯॥

ਸਾਰੇ ਸਥਾਨਾਂ ਤੇ ਕਿਸੇ ਦੇਰ ਬਗੈਰ ਛੇਤੀ ਚਲੇ ਜਾਵਾਂਗੇ ਤੇ ਆਪਣੀ ਕਾਮਨਾ ਪੂਰੀ ਕਰਾਂਗੇ। ਇਸ ਤਰ੍ਹਾਂ ਆਪਣੇ ਹੋਰ ਦਾਸਾਂ ਨੂੰ ਸਮਝਾਇਆ ਤੇ ਉਨ੍ਹਾਂ ਨੂੰ ਪਟਨੇ ਵਿਚ ਰਹਿਣ ਵਾਸਤੇ ਮੋੜ ਦਿੱਤਾ॥੪੯॥

ਮਾਤ ਨਾਨਕੀ ਸੁਨਿ ਕਰਿ ਆਈ। ਪਰਮ ਪ੍ਰੇਮ ਤੇ ਕਹਤਿ ਸੁਨਾਈ।
'ਹੇ ਸੁਤ! ਤੁਮ ਕੋ ਦੇਖਨਿ ਕਰੋਂ। ਸਦਾ ਆਪਨੇ ਉਰ ਸੁਖ ਧਰੋਂ॥ ੫੦॥

ਮਾਤਾ ਨਾਨਕੀ ਜੀ ਇਹ ਗੱਲ ਸੁਣ ਕੇ ਚਲ ਕੇ ਆਏ ਤੇ ਪਰਮ ਪ੍ਰੇਮ ਨਾਲ ਕਹਿ ਕੇ ਸੁਣਾਇਆ, "ਹੇ ਪੁੱਤਰ! ਤੁਹਾਨੂੰ ਵੇਖ ਕੇ ਸਦਾ ਆਪਣੇ ਹਿਰਦੇ ਵਿਚ ਸੁਖ ਧਾਰਨ ਕਰਦੀ ਹਾਂ॥੫੦॥

ਅਬਿ ਮੋਕਹੁ ਤਜਿ ਕੈ ਨਿਜ ਸੰਗ। ਗਮਨ ਅਗਾਰੀ ਧਰੋ ਉਮੰਗ।
ਸੁਨਿ ਕੈ ਸਤਿਗੁਰ ਨੇ ਸਮੁਝਾਈ। 'ਪੁਰਵਹੁ ਉਰ ਆਸ਼ਾ ਸੁਖਦਾਈ॥ ੫੧॥

ਹੁਣ ਮੈਨੂੰ ਆਪਣੇ ਨਾਲੋਂ ਪਿੱਛੇ ਛੱਡ ਕੇ, ਅੱਗੇ ਜਾਣ ਦੀ ਉਮੰਗ ਧਾਰਨ ਕੀਤੀ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਸਮਝਾਇਆ, "ਆਪਣੇ ਹਿਰਦੇ ਦੀ ਸੁਖਦਾਈ ਆਸ਼ਾ ਨੂੰ ਪੂਰੀ ਕਰੋ॥੫੧॥

Sri Satguru Jagjit Singh Ji eLlibrary NamdhariElibrary@gmail.com

ਹਮ ਕੋ ਜਾਨੋ ਬਨੈ ਜ਼ਰੂਰ। ਕੌਤਿਕ ਸਿੱਖਜਨਿ ਸ਼ਰਧਾ ਪੂਰਿ।
ਇਸ ਪ੍ਰਕਾਰ ਦੇ ਸਭਿ ਕੋ ਧੀਰ। ਚਲਜੋ ਚਹਿਤ ਹੈਂ ਗੁਰੂ ਗੰਭੀਰ॥ ੫੨॥

ਸਾਡਾ ਜਾਣਾ ਜ਼ਰੂਰੀ ਬਣਦਾ ਹੈ, ਕਈਆਂ ਸਿੱਖਾਂ ਦੀ ਸ਼ਰਧਾ ਪੂਰੀ ਕਰਨੀ ਹੈ।" ਇਸ ਪ੍ਰਕਾਰ ਸਭ ਨੂੰ ਧੀਰਜ ਦੇ ਕੇ ਗੰਭੀਰ ਗੁਰੂ ਜੀ ਚਲਣਾ ਚਾਹੁੰਦੇ ਸਨ॥੫੨॥

*ਬਾਰ੍ਹਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ॥੨॥*

## ਅਧਿਆਇ ਤੀਸਰਾ

*ਰਾਜੇ ਦਾ ਗੁਰੂ ਜੀ ਨੂੰ ਮਿਲਣਾ*

*ਦੋਹਰਾ-* ਭਈ ਜਾਮਨੀ ਸਤਿਗੁਰੂ ਬੈਠੇ ਸੈਨ ਸਥਾਨ।
ਸ੍ਰੀ ਗੁਜਰੀ ਤਬਿ ਆਨਿ ਕਰਿ ਕੀਨਸਿ ਬਿਨੈ ਬਖਾਨਿ॥ ੧॥

ਰਾਤ ਹੋ ਗਈ ਤਾਂ ਸਤਿਗੁਰੂ ਜੀ ਆਪਣੇ ਸੌਣ ਵਾਲੇ ਸਥਾਨ ਤੇ ਬੈਠ ਗਏ। ਤਦ ਸ੍ਰੀ ਗੁਜਰੀ ਜੀ ਨੇ ਆ ਕੇ ਆਪਣੀ ਬੇਨਤੀ ਕੀਤੀ॥੧॥

*ਚੌਪਈ-* 'ਸ੍ਰੀ ਪ੍ਰਭੁ! ਹੇਤੁ ਤੀਰਥਨਿ ਆਏ। ਰਾਵਰ ਕੀ ਸੰਗਤਿ ਸਭਿ ਥਾਏਂ।
ਅਪਨੋ ਦੇਸ਼ ਛੋਰਿ ਕਰਿ ਆਏ। ਬੀਚ ਬਿਦੇਸ਼ਨ ਆਨਿ ਬਸਾਏ॥ ੨॥

"ਹੇ ਪ੍ਰਭੂ ਜੀ! ਤੁਸੀਂ ਤੀਰਥ ਇਸ਼ਨਾਨ ਕਰਨ ਵਾਸਤੇ ਆਏ ਹੋ। ਸਭ ਸਥਾਨਾਂ ਤੇ ਆਪ ਜੀ ਦੀ ਸੰਗਤ ਹੈ। ਆਪਣਾ ਦੇਸ਼ ਛੱਡ ਕੇ ਆਏ ਹਾਂ ਤੇ ਵਿਦੇਸ਼ਾਂ ਵਿਚ ਆ ਕੇ ਵੱਸ ਗਏ ਹਾਂ॥੨॥

ਸਭਿ ਕੋ ਤਜਾਗਿ ਇਕਾਕੀ ਚਲੇ। ਕਜੋਂ ਭਾਵਤਿ, ਇਹੁ ਨਾਂਹਿਨ ਭਲੇ।
ਬਿਛਰਹੁ ਆਪ ਦੂਰ ਕਿਸ ਥਾਨ। ਚਹਤਿ ਇਕਾਕੀ ਕਰਜੋ ਪਯਾਨ॥੩॥

ਹੁਣ ਸਭ ਨੂੰ ਛੱਡ ਕੇ ਇਕੱਲੇ ਚਲੇ ਹੋ, ਇਹ ਤੁਹਾਨੂੰ ਕਿਵੇਂ ਚੰਗਾ ਲੱਗਦਾ ਹੈ, ਇਹ ਗੱਲ ਭਲੀ ਨਹੀਂ ਹੈ। ਆਪ ਵਿਛੜ ਕੇ ਕਿਸੇ ਦੂਰ ਸਥਾਨ ਤੇ ਜਾਵੋਗੇ, ਆਪ ਇਕੱਲੇ ਹੀ ਜਾਣਾ ਚਾਹੁੰਦੇ ਹੋ॥੩॥

ਸਗਰੇ ਦੇਸ਼ ਪ੍ਰਭਾਉ ਤੁਮਾਰਾ। ਹੋਹਿਂ ਦਾਸ ਧਰਿ ਭਾਉ ਉਦਾਰਾ।
ਜਹਿਂ ਕਹਿਂ ਮਾਨਨੀਯ ਜਗ ਮਾਂਹੀ। ਬੰਦਨੀਯ ਸਭਿ ਦੇਸ਼ਨਿ ਜਾਹੀਂ॥ ੪॥

ਸਾਰੇ ਦੇਸ਼ ਵਿਚ ਤੁਹਾਡਾ ਪ੍ਰਤਾਪ ਹੈ, ਬਹੁਤ ਪ੍ਰੇਮ ਧਾਰ ਕੇ ਤੁਹਾਡੇ ਸੇਵਕ ਬਣਦੇ ਹਨ, ਜਿੱਥੇ ਕਿੱਥੇ ਜਗ ਵਿਚ ਪੂਜਣਯੋਗ ਹੋ। ਸਭ ਦੇਸ਼ਾਂ ਵਿਚ ਜਿੱਥੇ ਵੀ ਜਾਂਦੇ ਹੋ ਬੰਦਨਾ ਕਰਦੇ ਹਨ॥੪॥

ਤੁਮਰੇ ਕਰਿ ਚਿੰਤਾ ਹਮ ਕੋਇ ਨ। ਰਾਵਰ ਕੋ ਕੈਸੋ ਕਰਿ ਹੋਇ ਨ।
ਤਊ ਬਿਚਾਰੋ ਨਿਜ ਮਨ ਮਾਨਿ। ਬਿਚ ਬਿਦੇਸ਼ ਏਕਲ ਚਲਿ ਜਾਨਿ॥ ੫॥

ਤੁਹਾਡੇ ਕਰਕੇ ਸਾਨੂੰ ਕੋਈ ਚਿੰਤਾ ਨਹੀਂ ਹੈ, ਆਪ ਜੀ ਨੂੰ ਤਾਂ ਕਿਸੇ ਤਰ੍ਹਾਂ ਵੀ ਚਿੰਤਾ ਹੈ ਹੀ ਨਹੀਂ. ਫਿਰ ਵੀ ਆਪਣੇ ਮਨ ਵਿਚ ਵਿਚਾਰ ਕਰੋ, ਵਿਦੇਸ਼ਾਂ ਵਿਚ ਇਕੱਲੇ ਚਲੇ ਹੋ॥੫॥

ਰਾਵਰ ਕੀ ਜਨਨੀ ਤੇ ਸੁਨਜੌਂ। ਜਥਾ ਤੁਮਾਰੇ ਪਿਤ ਨੇ ਭਨਜੌਂ।
ਧਰਮ ਧੁਰੰਧਰ ਅਧਿਕ ਪ੍ਰਤਾਪੀ। ਮਹਾਂ ਬੀਰ ਸ਼ੱਤ੍ਰਨਿ ਗਨ ਖਾਪੀ॥ ੬॥

ਆਪ ਜੀ ਦੀ ਮਾਤਾ ਜੀ ਤੋਂ ਸੁਣਿਆ ਹੈ, ਜਿਵੇਂ ਤੁਹਾਡੇ ਪਿਤਾ ਜੀ ਨੇ ਕਿਹਾ ਹੈ। ਧਰਮ ਧੁਰੰਧਰ ਵੱਡੇ ਪ੍ਰਤਾਪ ਵਾਲਾ ਮਹਾਨ ਸੂਰਬੀਰ ਵੈਰੀ ਦਾ ਨਾਸ਼ ਕਰਨ ਵਾਲਾ॥੬॥

ਰਾਂਕਾਪਤਿ ਪ੍ਰਕਾਸ਼ ਜਗ ਜੈਸੇ। ਪੁੱਤ੍ਰ ਆਪਕੇ ਉਪਜਹਿ ਤੈਸੇ।
ਅਟਲ ਸਫਲ, ਸੰਸੈ ਜਿਸ ਨਾਂਹਿ। ਅਸ ਬਚ ਹੈਂ ਖਸ਼ਟਮ ਪਤਿਸ਼ਾਹਿ॥ ੭॥

ਪੂਰਨਮਾਸ਼ੀ ਦੇ ਚੰਦ ਵਾਂਗ ਜਗ ਵਿਚ ਪ੍ਰਕਾਸ਼ ਕਰਨ ਵਾਲਾ, ਅਜਿਹਾ ਆਪ ਜੀ ਦੇ ਘਰ ਪੁੱਤਰ ਪੈਦਾ ਹੋਵੇਗਾ। ਅਟੱਲ, ਸਫਲ, ਸ਼ੰਕਾ ਰਹਿਤ ਜਿਨ੍ਹਾਂ ਸਤਿਗੁਰੂ ਜੀ ਦੇ ਬਚਨ ਹਨ, ਅਜਿਹੇ ਛੇਵੇਂ ਪਾਤਸ਼ਾਹ ਜੀ ਹੋਏ ਹਨ॥੭॥

ਨਿਤ ਚਾਹਤਿ ਚਿਤ ਪੌਤ੍ਰ ਦੁਲਾਰਨਿ। ਕਰਤਿ ਪ੍ਰਤੀਖਨ ਕਹਿ ਬਹੁ ਬਾਰਨ।
ਦੀਰਘ ਦਰਸਾ ਸੁੱਬ੍ਰਿਤ ਸਾਸੁ। ਜੋ ਮੁਖ ਕਹੈ ਹੋਇ ਸਫਲਾ ਸੁ॥ ੮॥

ਮਾਤਾ ਜੀ ਸਦਾ ਆਪਣੇ ਪੋਤਰੇ ਨੂੰ ਖਿਡਾਉਣਾ ਚਾਹੁੰਦੇ ਹਨ, ਬਹੁਤ ਵਾਰ ਕਹਿ ਕੇ ਉਡੀਕ ਕਰ ਰਹੇ ਹਨ। ਮੇਰੀ ਸੱਸ ਜੀ ਦੀਰਘ ਦ੍ਰਿਸ਼ਟੀ ਤੇ ਸ੍ਰੇਸ਼ਟ ਬ੍ਰਿਤੀ ਵਾਲੇ ਹਨ, ਉਹ ਜੋ ਵੀ ਮੁਖ ਤੋਂ ਕਹਿੰਦੇ ਹਨ, ਪੂਰਾ ਹੁੰਦਾ ਹੈ॥੮॥

ਭਯੋ ਸਮੈਂ ਸੁਤ ਹੋਵਨਿ ਕੇਰਾ। ਆਗੈ ਚਲੇ ਆਪ ਤਜਿ ਡੇਰਾ"।
ਸੁਨਿ ਸ੍ਰੀ ਤੇਗ ਬਹਾਦਰ ਐਸੇ। ਪਿਤਾ ਸਰੂਪ ਧਯਾਨ ਕਰਿ ਤੈਸੇ॥ ੯॥

ਹੁਣ ਪੁੱਤਰ ਪੈਦਾ ਹੋਣ ਦਾ ਸਮਾਂ ਆ ਗਿਆ ਹੈ ਤੇ ਤੁਸੀਂ ਡੇਰਾ ਛੱਡ ਕੇ ਅੱਗੇ ਚਲੇ ਹੋ"। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਤਰ੍ਹਾਂ ਸੁਣ ਕੇ ਆਪਣੇ ਪਿਤਾ ਜੀ ਦੇ ਸਰੂਪ ਦਾ ਧਿਆਨ ਧਾਰਨ ਕੀਤਾ॥੯॥

ਹਾਥ ਜੋਰਿ ਕਰਿ ਬੰਦਨ ਠਾਨੀ। ਬ੍ਰਿੰਦ ਅਰਿੰਦਮ ਬਹੁ ਬਲਖਾਨੀ।
ਸ੍ਰੀ ਗੁਜਰੀ ਕਹੁ ਦੀਨਿ ਦਿਲਾਸਾ। 'ਗੁਰ ਬਚ ਪਰ ਰਾਖਹੁ ਭਰਵਾਸਾ॥ ੧੦॥

ਬਹੁਤ ਵੈਰੀਆਂ ਦੇ ਦਮਨ ਕਰਨ ਵਾਲੇ ਤੇ ਸ਼ਕਤੀ ਦੇ ਭੰਡਾਰ ਨੂੰ ਹੱਥ ਜੋੜ ਕੇ ਬੰਦਨਾ ਕੀਤੀ ਤੇ ਸ੍ਰੀ ਗੁਜਰੀ ਨੂੰ ਦਿਲਾਸਾ ਦਿੱਤਾ, "ਗੁਰੂ ਜੀ ਦੇ ਬਚਨਾਂ 'ਤੇ ਭਰਵਾਸਾ ਰੱਖੋ॥੧੦॥

ਟਿਕਹੁ ਇਹਾਂ ਗੁਰ ਸੰਗਤਿ ਭਾਰੀ। ਸਕਲ ਭਾਂਤਿ ਤੇ ਰਹਹੁ ਸੁਖਾਰੀ।
ਹਮ ਕੇਤਿਕ ਦਿਨ ਤੀਰਥ ਕਰਿ ਹੈਂ। ਨੀਕੇ ਪੂਰਬ ਦੇਸ਼ ਨਿਹਾਰਿ ਹੈਂ॥ ੧੧॥

ਏਥੇ ਰਹੋ, ਏਥੇ ਗੁਰੂ ਦੀ ਭਾਰੀ ਸੰਗਤ ਹੈ, ਸਭ ਪ੍ਰਕਾਰ ਆਰਾਮ ਦੇ ਨਾਲ ਰਹੋ। ਅਸੀਂ ਕੁਝ ਦਿਨਾਂ ਲਈ ਤੀਰਥਾਂ 'ਤੇ ਜਾ ਰਹੇ ਹਾਂ, ਪੂਰਬੀ ਪਾਸੇ ਦੇ ਦੇਸ਼ ਨੂੰ ਚੰਗੀ ਤਰ੍ਹਾਂ ਵੇਖਾਂਗੇ॥੧੧॥

ਨਿਪਜ, ਬ੍ਰਿੱਧ ਹੈ ਕੁਲ ਕੋ ਟੀਕਾ। ਬਰਖ ਪੰਚ ਕੋ ਹੁਇ ਤਨ ਨੀਕਾ।
ਚਲਹਿਂ ਕੁਸ਼ਲ ਸੋਂ ਤਬਿ ਨਿਜ ਦੇਸ਼। ਤੀਰਥ ਕਰਹਿਂ ਸ਼ਨਾਨ ਅਸ਼ੇਸ਼॥ ੧੨॥

ਸੋਢੀ ਕੁਲ ਦੇ ਸ਼ਿਰੋਮਣੀ ਅਵਤਾਰ ਲੈਣ ਵਾਲੇ ਹਨ, ਜਦ ਉਨ੍ਹਾਂ ਦਾ ਸਰੀਰ ਪੰਜ ਸਾਲ ਦਾ ਹੋ ਜਾਵੇਗਾ, ਫਿਰ ਆਨੰਦ ਨਾਲ ਆਪਣੇ ਦੇਸ਼ ਵਿਖੇ ਚਲਾਂਗੇ ਤੇ ਸਾਰੇ ਤੀਰਥਾਂ ਤੇ ਇਸ਼ਨਾਨ ਕਰਾਂਗੇ"॥੧੨॥

ਮ੍ਰਿਦੁਲ ਸੁਖਦ ਇੱਤਯਾਦਿ ਉਚਾਰੇ। ਧੀਰਜ ਦਈ 'ਲਹਹੁ ਸੁਖ ਸਾਰੇ'।
ਸੁਨਿ ਸ੍ਰੀ ਗੁਜਰੀ ਤੂਸ਼ਨਿ ਠਾਨੀ। ਜਗ ਗੁਰ ਕੇ ਅਨੁਸਾਰਿ ਮਹਾਨੀ॥ ੧੩॥

ਕੋਮਲ, ਸੁਖਦਾਇਕ ਇਸ ਤਰ੍ਹਾਂ ਦੇ ਬਚਨ ਉਚਾਰਨ ਕੀਤੇ ਤੇ ਧੀਰਜ ਦਿੱਤਾ, "ਸਾਰੇ ਸੁਖ ਪ੍ਰਾਪਤ ਕਰੋ।" ਇਹ ਸੁਣ ਕੇ ਸ੍ਰੀ ਗੁਜਰੀ ਨੇ ਚੁੱਪ ਧਾਰਨ ਕਰ ਲਈ। ਸਾਰਾ ਜਗ ਗੁਰੂ ਜੀ ਦੀ ਮਹਾਨ ਆਗਿਆ ਅਨੁਸਾਰ ਹੈ॥੧੩॥

ਮਨ ਬਾਂਛਿਤ ਤਬਿ ਖਾਇ ਅਹਾਰਾ। ਜਿਨ ਜਗ ਹਿੰਦੂ ਧਰਮ ਉਬਾਰਾ।
ਰੁਚਿਰ ਮ੍ਰਿਦੁਲ ਉੱਜਲ ਪੈ ਫੇਨ। ਆਸਤਰਨ ਦੀਰਘ ਸੁਖ ਦੈਨ॥ ੧੪॥

ਮਨ ਇੱਛਤ ਫਿਰ ਭੋਜਨ ਛਕਿਆ, ਜਿਨ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜਗਤ ਵਿਚ ਹਿੰਦੂ ਧਰਮ ਨੂੰ ਬਚਾਇਆ ਹੈ। ਸੁੰਦਰ ਕੋਮਲ ਤੇ ਦੁੱਧ ਦੀ ਝੱਗ ਵਰਗਾ ਸਫੇਦ ਬਿਸਤਰਾ ਵਿਛਿਆ ਸੀ ਜਿਹੜਾ ਬੜਾ ਸੁਖ ਦੇਣ ਵਾਲਾ ਸੀ॥੧੪॥

ਲਘੁ ਬਿਸਾਲ ਉਪਧਾਨੁ ਧਰੇ ਹੈਂ। ਸੇਜਬੰਦ ਮਖਤੂਲ ਖਰੇ ਹੈਂ।
ਗੁੰਫੇ ਜ਼ਰੀਦਾਰ ਲਰਕੰਤੇ। ਫੂਲ ਮਾਲ ਸੌਂ ਰੁਚਿਰ ਸੁਹੰਤੇ॥ ੧੫॥

ਛੋਟੇ ਵੱਡੇ ਸਰਹਾਣੇ ਧਰੇ ਸਨ, ਰੇਸ਼ਮ ਦੀਆਂ ਡੋਰਾਂ ਵਾਲੇ ਮਖਤੂਲ ਖੜੇ ਸਨ। ਜ਼ਰੀਦਾਰ ਗੁੱਛੇ ਲਟਕਦੇ ਸਨ, ਫੁੱਲਾਂ ਦੇ ਹਾਰਾਂ ਨਾਲ ਸੁੰਦਰ ਸ਼ੋਭ ਰਹੇ ਸਨ॥੧੫॥

ਅਸ ਪ੍ਰਯੰਕ ਪਰ ਪੌਢੇ ਆਇ। ਸ਼ਾਂਤਿ ਆਤਮਾ ਗੁਰ ਗਤਿਦਾਇ।
ਰੈਨ ਬਿਖੈ ਕਰਿ ਸੈਨ ਸੁਖਾਰੇ। ਤੀਨ ਜਾਮ ਜਾਮਨਿ ਕੇ ਟਾਰੇ॥ ੧੬॥

ਇਸ ਤਰ੍ਹਾਂ ਦੇ ਪਲੰਘ ਉਤੇ ਆ ਕੇ ਲੇਟ ਗਏ, ਮੁਕਤੀ ਦਾਤੇ ਗੁਰੂ ਜੀ ਦੀ ਆਤਮਾ ਸ਼ਾਂਤ ਸੀ। ਰਾਤ ਨੂੰ ਆਰਾਮ ਦੇ ਨਾਲ ਸੁੱਤੇ ਤੇ ਤਿੰਨ ਪਹਿਰ ਰਾਤ ਬਤੀਤ ਕੀਤੀ॥੧੬॥

ਪੁਨਹਿ ਪ੍ਰਬੋਧਤਿ ਹੁਇ ਤਿਸ ਕਾਲ। ਨਿਤ ਕੀ ਕ੍ਰਿਆ ਕੀਨਿ ਬਿਧਿ ਨਾਲ।
ਕਰਿ ਸ਼ਨਾਨ ਆਸਨ ਪਰ ਬੈਸੇ। ਚਿਤਵਤਿ ਨਿਜ ਸਰੂਪ ਹੈ ਜੈਸੇ॥ ੧੭॥

ਫਿਰ ਉਸ ਸਮੇਂ ਜਾਗ ਕੇ ਵਿਧੀ ਅਨੁਸਾਰ ਨਿੱਤ ਦੀ ਕ੍ਰਿਆ ਕੀਤੀ ਤੇ ਫਿਰ ਇਸ਼ਨਾਨ ਕਰਕੇ ਆਪਣੇ ਆਸਣ ਤੇ ਬੈਠ ਗਏ ਤੇ ਆਪਣੇ ਸਰੂਪ ਵਿਚ ਧਿਆਨ ਲਾ ਲਿਆ॥੧੭॥

ਭਈ ਪ੍ਰਭਾਤਿ ਦਿਵਾਨ ਲਗਾਇ। ਸੰਗਤਿ ਬੀਚ ਮਹਾਂ ਦੁਤਿ ਪਾਇ।
ਜਿਮ ਤਾਰਨ ਗਨ ਕਰਿ ਪਰਵਾਰੇ। ਨਿਸਪਤਿ ਸਮ ਅਹਿਲਾਦ ਨਿਵਾਰੇ॥ ੧੮॥

ਸਵੇਰ ਹੋਣ ਤੇ ਦੀਵਾਨ ਲਾਇਆ ਤੇ ਸੰਗਤ ਵਿਚ ਮਹਾਨ ਸ਼ੋਭਾ ਪਾਈ, ਜਿਵੇਂ ਸਮੂਹ ਤਾਰਿਆਂ ਦੇ ਪਰਿਵਾਰ ਨੂੰ ਚੰਦ੍ਰਮਾਂ ਅਨੰਦ ਦੇ ਰਹੇ ਹੋਣ॥੧੮॥

ਦੂਤ ਜੋਧ ਪੁਰਿ ਤੇ ਚਲਿ ਆਯਹੁ। ਅਰਪਿ ਉਪਾਇਨ ਸੀਸ ਨਿਵਾਯਹੁ।
ਆਇਸੁ ਪਾਇ ਸਭਾ ਮਹਿਂ ਥਿਰਜੋ। ਹਾਥ ਜੋਰਿ ਕਰਿ ਬਿਨਤੀ ਕਰਜੋ॥ ੧੯॥

ਇਕ ਦੂਤ ਜੋਧਪੁਰ ਤੋਂ ਚਲ ਕੇ ਆਇਆ ਤੇ ਉਸ ਨੇ ਆ ਕੇ ਉਪਹਾਰ ਅਰਪਣ ਕਰਕੇ ਸੀਸ ਨਿਵਾਇਆ। ਆਗਿਆ ਪਾ ਕੇ ਸਭਾ ਵਿਚ ਬੈਠ ਗਿਆ। ਫਿਰ ਉਸ ਹੱਥ ਜੋੜ ਕੇ ਬੇਨਤੀ ਕੀਤੀ॥੧੯॥

'ਬਿਸ਼ਨ ਸਿੰਘ ਮਹਿਪਾਲ ਬਿਸਾਲਾ। ਧਰਜੋ ਆਪ ਕੇ ਪਦ ਪਰ ਭਾਲਾ।
ਅਧਿਕ ਪ੍ਰੇਮ ਤੇ ਬਿਨੈ ਬਖਾਨੀ। ਕੀਰਤਿ ਤੁਮਰੀ ਸੁਨੀ ਮਹਾਨੀ॥ ੨੦॥

"ਬਿਸ਼ਨ ਸਿੰਘ ਇਕ ਵੱਡਾ ਰਾਜਾ ਹੈ, ਉਸ ਨੇ ਆਪ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਹੈ। ਬਹੁਤ ਪ੍ਰੇਮ ਨਾਲ ਬੇਨਤੀ ਕੀਤੀ ਹੈ, ਉਸ ਨੇ ਤੁਹਾਡੀ ਮਹਾਨ ਕੀਰਤੀ ਸੁਣੀ ਹੈ॥੨੦॥

ਸ਼ਰਨ ਪਰੇ ਕੇ ਹੋਹੁ ਸਹਾਇਕ। ਅਨਿਕ ਬਿਘਨ ਦਾਸਨਿ ਕੇ ਘਾਇਕ।
ਮਹਾਂ ਕਸ਼ਟ ਤੇ ਮੋਹਿ ਉਧਾਰਹੁ। ਦੀਨਬੰਧੁ ਨਿਜ ਬਿਰਦ ਸੰਭਾਰਹੁ॥ ੨੧॥

ਸ਼ਰਨ ਪਏ ਦੇ ਸਹਾਇਕ ਬਣੋ, ਤੁਸੀਂ ਆਪਣੇ ਦਾਸਾਂ ਦੇ ਅਨੇਕਾਂ ਵਿਘਨਾਂ ਨੂੰ ਦੂਰ ਕਰਨ ਵਾਲੇ ਹੋ, ਮਹਾਨ ਕਸ਼ਟ ਤੋਂ ਮੇਰਾ ਉਧਾਰ ਕਰੋ, ਹੇ ਦੀਨ ਬੰਧੂ ਆਪਣਾ ਬਿਰਦ ਸੰਭਾਲੋ॥੨੧॥

ਦਈ ਮੁਹਿੰਮ ਕਾਮਰੂ ਦੇਸ਼। ਮਹਾਂਬਲੀ ਹਮ ਪਰ ਤੁਰਕੇਸ਼।
ਤਿਨ ਕੇ ਸੰਗ ਜੰਗ ਨਹਿਂ ਬਨੈ। ਅਨਿਕ ਬਿਧਿਨਿ ਕੇ ਮੰਤ੍ਰਨਿ ਭਨੈ॥ ੨੨॥

ਕਾਮਰੂਪ ਦੇਸ਼ ਨੂੰ ਸਰ ਕਰਨ ਲਈ ਜੰਗ ਕਰਨ ਜਾ ਰਿਹਾ ਹਾਂ, ਤੁਰਕ ਬਾਦਸ਼ਾਹ ਸਾਡੇ ਵਾਸਤੇ ਮਹਾਂ ਬਲਵਾਨ ਹੈ। ਉਸ ਦੇਸ਼ ਨਾਲ ਜੰਗ ਕਰਨੀ ਕਿਸੇ ਤਰ੍ਹਾਂ ਵੀ ਯੋਗ ਨਹੀਂ ਬਣਦੀ ਹੈ, ਕਿਉਂਕਿ ਉਹ ਅਨੇਕਾਂ ਵਿਧੀਆਂ ਦੇ ਮੰਤਰ ਪੜ੍ਹਦੇ ਹਨ॥੨੨॥

ਹਤਯੋ ਪਿਤਾਮਾ ਮੇਰੋ ਤਹਾਂ। ਦਲ ਬਲ ਸਹਤ ਪ੍ਰਤਾਪੀ ਮਹਾਂ।
ਮੈਂ ਰਾਵਰ ਕੇ ਹ੍ਵੈ ਕਰਿ ਸੰਗ। ਲੇ ਬਲ ਕੋ ਠਾਨੌਂ ਤਹਿਂ ਜੰਗ॥ ੨੩॥

ਉਥੇ ਮੇਰੇ ਦਾਦਾ ਜੀ ਮਾਰੇ ਗਏ ਸਨ, ਸੈਨਿਕ ਸ਼ਕਤੀ ਸਹਿਤ ਮਹਾਨ ਪ੍ਰਤਾਪ ਵਾਲੇ ਸਨ। ਮੈਂ ਆਪ ਜੀ ਨੂੰ ਨਾਲ ਲੈ ਕੇ ਸੈਨਾ ਸਹਿਤ ਉਨ੍ਹਾਂ ਨਾਲ ਜੰਗ ਕਰਾਂਗਾ॥੨੩॥

ਤੁਮ ਪਗ ਪੰਕਜ ਕਰੌਂ ਜਹਾਜ। ਰਣ ਸਮੁੰਦ੍ਰ ਤਰਿ, ਰਾਖਹੁ ਲਾਜ।
ਪਿਤਾ ਤੁਮਾਰੇ ਕੋ ਜਸੁ ਮਹਾਂ। ਜਗ ਮਹਿਂ ਸੁਨਿਯਤਿ ਹੈ ਜਹਿਂ ਕਹਾਂ॥ ੨੪॥

ਤੁਹਾਡੇ ਚਰਨ ਕੰਵਲਾਂ ਨੂੰ ਜਹਾਜ਼ ਬਣਾ ਕੇ ਜੰਗ ਰੂਪੀ ਸਮੁੰਦਰ ਨੂੰ ਤਰ ਜਾਵਾਂਗਾ, ਮੇਰੀ ਲਾਜ ਰਖੋ। ਤੁਹਾਡੇ ਪਿਤਾ ਜੀ ਦਾ ਮਹਾਨ ਜੱਸ ਜਗ ਵਿਚ ਹਰ ਥਾਂ ਸੁਣਿਆ ਜਾਂਦਾ ਹੈ॥੨੪॥

ਲਖਯੋ ਆਪ ਕੋ ਪਰਉਪਕਾਰੀ। ਪ੍ਰਣਪੂਰਨ ਕੀਨੇ ਸਿਖ ਭਾਰੀ।
ਮਮ ਆਵਤਿ ਲੌ ਥਿਰਤਾ ਧਰੀਅਹਿ। ਅਪਰ ਸਥਾਨ ਪਯਾਨ ਨ ਕਰੀਯਹਿ॥੨੫॥

ਆਪ ਜੀ ਨੂੰ ਪਰਉਪਕਾਰੀ ਸਮਝਿਆ ਹੈ, ਸਿੱਖਾਂ ਦੇ ਭਾਰੀ ਪ੍ਰਣ ਪੂਰੇ ਕੀਤੇ ਹਨ। ਮੇਰੇ ਆਉਣ ਤਕ ਏਥੇ ਹੀ ਰਹੋ ਕਿਸੇ ਹੋਰ ਸਥਾਨ 'ਤੇ ਨਾ ਜਾਵੋ॥੨੫॥

ਬਿਲਮ ਨ, ਮੋਕਹੁ ਆਯੋ ਜਾਨਹੁ। ਮੁਝ ਕੋ ਸੰਗ ਆਪਨੇ ਠਾਨਹੁ'।
ਸੁਨੀ ਦੂਤ ਤੇ ਬਿਨੈ ਪ੍ਰਸੀਨੇ। ਸਰਬ ਪ੍ਰਸੰਗ ਬੂਝਿਬੋ ਕੀਨੇ॥ ੨੬॥

ਮੈਂ ਕੋਈ ਦੇਰ ਨਹੀਂ ਲਾਵਾਂਗਾ, ਮੈਨੂੰ ਆਇਆ ਹੀ ਸਮਝੋ, ਮੈਨੂੰ ਆਪਣੇ ਨਾਲ ਲੈ ਚਲੋ।" ਗੁਰੂ ਜੀ ਦੂਤ ਪਾਸੋਂ ਬੇਨਤੀ ਸੁਣ ਕੇ ਪ੍ਰਸੰਨ ਹੋ ਗਏ ਤੇ ਸਾਰੇ ਪ੍ਰਸੰਗ ਬਾਰੇ ਦੂਤ ਪਾਸੋਂ ਪੁੱਛਿਆ॥੨੬॥

ਦਿਵਸ ਇਕਾਦਸ਼ ਪਟਨੇ ਥਿਰੇ। ਆਯਹੁ ਭੂਪ ਉਤਾਇਲ ਕਰੇ।
ਕੇਤਿਕ ਸੰਗ ਅਹੈਂ ਉਮਰਾਵ। ਲਸ਼ਕਰ ਮਹਾਂ ਜਥਾ ਦਰੀਆਵ॥ ੨੭॥

ਗਿਆਰਾਂ ਦਿਨ ਪਟਨੇ ਵਿਚ ਠਹਿਰੇ ਤੇ ਫਿਰ ਰਾਜਾ ਬਹੁਤ ਛੇਤੀ ਪਹੁੰਚ ਗਿਆ। ਉਸ ਦੇ ਨਾਲ ਬਹੁਤ ਉਮਰਾਵ ਸਨ ਬਹੁਤ ਵੱਡਾ ਲਸ਼ਕਰ ਸੀ ਮਾਨੋ ਮਹਾਨ ਦਰਿਆ ਹੋਵੇ॥੨੭॥

ਪੁਰਿ ਪਟਣੇ ਮਹਿਂ ਉਤਰਯੋ ਆਈ। ਬ੍ਰਿੰਦ ਦੁੰਦਭੈਂ ਸ਼ਬਦ ਉਠਾਈ।
ਝੰਡੇ ਗਾਡੇ ਅਨਿਕ ਨਿਸ਼ਾਨ। ਗਨ ਮਤੰਗ ਅਰੁ ਬਲੀ ਕਿਕਾਨ॥ ੨੮॥

ਸਾਰੀ ਸੈਨਾ ਨੇ ਪਟਨੇ ਨਗਰ ਵਿਚ ਆ ਉਤਾਰਾ ਕੀਤਾ, ਬਹੁਤ ਨਗਾਰੇ ਉੱਚੀ-ਉੱਚੀ ਵੱਜ ਰਹੇ ਸਨ। ਝੰਡੇ ਅਤੇ ਅਨੇਕਾਂ ਨਿਸ਼ਾਨ ਗੱਡੇ ਸਨ। ਬਹੁਤ ਹਾਥੀ ਅਤੇ ਬਲਵਾਨ ਘੋੜੇ ਸਨ॥੨੮॥

ਉਸ਼ਟਰ ਬਹੁ ਮੋਲੇ ਸਮੁਦਾਏ। ਸ਼ਮਿਯਾਨੇ ਤੰਬੂ ਗਨ ਲਾਏ।
ਗੁਰ ਕੀ ਸੁਧਿ ਸੁਨਿ 'ਹੈਂ ਪੁਰਿ ਮਾਂਹੀ'। ਭਯੋ ਹਰਖ ਚਿੰਤਾ ਚਿਤ ਦਾਹੀ ॥੨੯॥

ਬਹੁਮੁਲੇ ਊਨ ਇਕੱਠੇ ਕੀਤੇ ਸਨ, ਸ਼ਾਮਿਆਨੇ ਅਤੇ ਤੰਬੂ ਬਹੁਤ ਲਾਏ ਸਨ। ਗੁਰੂ ਜੀ ਬਾਰੇ ਉਨ੍ਹਾਂ ਨੂੰ ਖਬਰ ਮਿਲੀ ਕਿ "ਨਗਰ ਵਿਚ ਹੀ ਹਨ"। ਰਾਜਾ ਬਹੁਤ ਪ੍ਰਸੰਨ ਹੋਇਆ ਤੇ ਚਿੱਤ ਦੀ ਚਿੰਤਾ ਨਾਸ਼ ਕਰ ਲਈ॥੨੯॥

ਗਯੋ ਦੂਤ ਨੇ ਸਕਲ ਸੁਨਾਯਸਿ। 'ਤੋਹਿ ਭਾਗ ਕਰਿ ਗੁਰ ਇਤ ਆਯਸਿ।
ਸੁਨਿ ਕੈ ਪ੍ਰੇਮ ਸਹਿਤ ਤੁਵ ਬਿਨਤੀ। ਗਮਨਤਿ ਟਿਕੇ ਤਜਾਗਿ ਮਨ ਗਿਨਤੀ ॥੩੦॥

ਫਿਰ ਉਹ ਦੂਤ ਰਾਜੇ ਦੇ ਪਾਸ ਗਿਆ ਤੇ ਸਾਰੀ ਗੱਲ ਸੁਣਾਈ, "ਤੁਹਾਡੇ ਭਾਗਾਂ ਕਰਕੇ ਗੁਰੂ ਜੀ ਏਧਰ ਆਏ ਹਨ। ਉਨ੍ਹਾਂ ਨੇ ਬੜੇ ਪ੍ਰੇਮ ਸਹਿਤ ਤੁਹਾਡੀ ਬੇਨਤੀ ਸੁਣੀ ਹੈ ਤੇ ਕਿਤੇ ਗਏ ਨਹੀਂ ਹਨ, ਸਭ ਗਿਣਤੀਆਂ ਛੱਡ ਕੇ ਏਥੇ ਹੀ ਟਿਕੇ ਹਨ॥੩੦॥

ਨਾਂਹਿਤ ਚਾਹਤਿ ਚਲਨਿ ਅਗਾਰੀ। ਸੁਨਿ ਮੁਝ ਤੇ ਬਹੁ ਕਰੁਨਾ ਧਾਰੀ।
ਪਾਛਲ ਜਾਮ ਦਿਵਸ ਕੇ ਮਿਲੋ। ਪੁਰਹੁ ਭਾਵਨਾ ਹੁਇ ਤਵ ਭਲੋ' ॥੩੧॥

ਨਹੀਂ ਤਾਂ ਅੱਗੇ ਜਾਣਾ ਚਾਹੁੰਦੇ ਸਨ, ਮੇਰੇ ਪਾਸੋਂ ਸੁਣ ਕੇ ਬਹੁਤ ਕਿਰਪਾ ਧਾਰਨ ਕੀਤੀ ਹੈ, ਦਿਨ ਦੇ ਪਿਛਲੇ ਪਹਿਰ ਮੈਨੂੰ ਮਿਲੇ ਸਨ, ਆਪਣੀ ਭਾਵਨਾ ਪੂਰੀ ਕਰੋ, ਤੁਹਾਡਾ ਭਲਾ ਹੋਵੇਗਾ" ॥੩੧॥

ਸੁਨਿ ਅਨਕੂਲ ਗੁਰੂ ਜਗ ਕੇਰਾ। ਬਿਸ਼ਨ ਸਿੰਘ ਕੈ ਅਨੰਦ ਘਨੇਰਾ।
ਕਰਿ ਡੇਰਾ ਕਰ ਚਰਨ ਪਖਾਰੇ। ਬਸਤ੍ਰ ਬਿਭੂਖਨ ਤਨ ਸੁਭ ਧਾਰੇ ॥੩੨॥

ਜਗਤ ਗੁਰੂ ਜੀ ਨੂੰ ਆਪਣੇ ਨਾਲ ਸਹਿਮਤ ਸੁਣ ਕੇ ਬਿਸ਼ਨ ਸਿੰਘ ਬਹੁਤ ਪ੍ਰਸੰਨ ਹੋਇਆ। ਉਥੇ ਡੇਰਾ ਲਾ ਕੇ ਪੈਰ ਧੋਤੇ ਤੇ ਗਲ ਵਿਚ ਸੁਭ ਕੱਪੜੇ ਅਤੇ ਗਹਿਣੇ ਧਾਰਨ ਕੀਤੇ॥੩੨॥

ਸਿਪਰ ਖੜਗ ਕੋ ਅੰਗ ਸਜਾਏ। ਲਯੋ ਉਪਾਇਨ ਕੋ ਸਮੁਦਾਏ।
ਸੰਗ ਸੁਭਟ ਸਭਿ ਆਯੁਧ ਧਾਰੀ। ਚਲਯੋ ਨਗਨ ਪਗ ਪਨਹਿ ਉਤਾਰੀ ॥੩੩॥

ਢਾਲ ਤਲਵਾਰ ਨੂੰ ਸਰੀਰ ਨਾਲ ਸਜਾਇਆ ਤੇ ਸਾਰੇ ਉਪਹਾਰ ਲੈ ਲਏ। ਨਾਲ ਜਿਹੜੇ ਸੂਰਬੀਰ ਸਨ, ਉਨ੍ਹਾਂ ਸਭ ਨੇ ਸ਼ਸਤਰ ਧਾਰਨ ਕੀਤੇ ਹੋਏ ਸਨ। ਜੁਤੀ ਉਤਾਰ ਕੇ ਨੰਗੇ ਪੈਰੀਂ ਹੀ ਗੁਰੂ ਜੀ ਵਲ ਚਲ ਪਿਆ॥੩੩॥

ਆਗੈ ਧਰੇ ਪਾਂਵਡੇ ਜੇਈ। ਕਹਿ ਕਰਿ ਹਟਵਾਇਸਿ ਸਭਿ ਤੇਈ।
ਦੇਖਿ ਦੂਰ ਤੇ ਰੂਪ ਕ੍ਰਿਪਾਲਾ। ਹਾਥ ਜੋਰਿ ਕਰਿ ਨੰਮ੍ਰੀ ਭਾਲਾ ॥੩੪॥

ਆਦਰ ਵਾਸਤੇ ਜਿਹੜਾ ਰਸਤੇ ਵਿਚ ਕੱਪੜਾ ਵਿਛਾਇਆ ਹੋਇਆ ਸੀ, ਉਸ ਨੂੰ ਰਾਜੇ ਨੇ ਕਹਿ ਕੇ ਚੁਕਵਾ ਦਿੱਤਾ। ਦੂਰ ਤੋਂ ਹੀ ਕਿਰਪਾਲੂ ਗੁਰੂ ਜੀ ਦਾ ਸਰੂਪ ਵੇਖ ਕੇ ਹੱਥ ਜੋੜ ਕੇ ਮੱਥਾ ਨਿਵਾਇਆ॥੩੪॥

'ਸ਼ਰਨ ਸ਼ਰਨ' ਮੁਖ ਬੋਲਤਿ ਬਾਨੀ। ਧਰਯੋ ਚਰਨ ਸਿਰ ਬੰਦਨ ਠਾਨੀ।
'ਦਾਸ ਪਰਯੋ ਰਾਵਰਿ ਦਰਬਾਰ। ਮਮ ਭੁਜ ਗਹੀਯਹਿ ਹਾਥ ਪਸਾਰਿ' ॥੩੫॥

"ਸ਼ਰਨ-ਸ਼ਰਨ" ਮੁੱਖ ਤੋਂ ਬੋਲਦਾ ਸੀ ਤੇ ਚਰਨਾਂ 'ਤੇ ਸਿਰ ਧਰ ਕੇ ਬੰਦਨਾ ਕੀਤੀ, "ਮੈਂ ਆਪ ਜੀ ਦੇ ਦਰਬਾਰ ਵਿਚ ਆਪ ਜੀ ਦਾ ਦਾਸ ਪਿਆ ਹਾਂ, ਹੱਥ ਪਸਾਰ ਕੇ ਮੇਰੀ ਬਾਂਹ ਫੜੋ" ॥੩੫॥

ਤਬਿ ਸਤਿਗੁਰ ਦੇ ਧੀਰ ਬਿਠਾਯੋ। 'ਗੁਰ ਘਰ ਤੇ ਸਿਖ ਸਭਿ ਕਿਛੁ ਪਾਯੋ।
ਦੇਸ਼ ਕਾਮਰੂ ਬਿਜੈ ਉਪਾਇ। ਆਵਹੁਗੇ ਬਡ ਜਸ ਉਪਜਾਇ ॥੩੬॥

ਫਿਰ ਸਤਿਗੁਰੂ ਜੀ ਨੇ ਧੀਰਜ ਦੇ ਕੇ ਬਿਠਾਇਆ, "ਗੁਰੂ ਘਰ ਤੋਂ ਸਿੱਖ ਸਭ ਕੁਝ ਪਾਉਂਦੇ ਹਨ। ਕਾਮਰੂਪ ਦੇਸ਼ ਉੱਤੇ ਵਿਜੇ ਪਾਵੋਗੇ ਤੇ ਵੱਡਾ ਜੱਸ ਪ੍ਰਾਪਤ ਕਰਕੇ ਵਾਪਸ ਆਵੋਗੇ॥੩੬॥

ਜਗ ਮਹਿਂ ਅਸ ਕਾਰਜ ਨਹਿਂ ਕੋਇ। ਪੂਰਨ ਨਹਿਂ ਸਤਿਗੁਰ ਤੇ ਹੋਇ।
ਮਨ ਨਿਸ਼ਚੈ ਧਰਿ ਚਿੰਤ ਨਿਵਾਰੋ। ਸ੍ਰੀ ਨਾਨਕ ਕੋ ਨਾਮ ਚਿਤਾਰੋ॥ ੩੭॥

ਜਗਤ ਵਿਚ ਐਸਾ ਕੋਈ ਕਾਰਜ ਨਹੀਂ ਹੈ ਜਿਹੜਾ ਸਤਿਗੁਰੂ ਜੀ ਪਾਸੋਂ ਪੂਰਾ ਨਾ ਹੋਏ। ਮਨ ਵਿਚ ਨਿਸ਼ਚਾ ਧਾਰ ਕੇ ਚਿੰਤਾ ਦੂਰ ਕਰੋ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਦਾ ਸਿਮਰਨ ਕਰੋ॥੩੭॥

ਕਰਹੁ ਤ੍ਰਿਹਾਵਲ ਕੋ ਸਮੁਦਾਇ। ਸਿਖ ਸੰਗਤਿ ਮਹਿਂ ਦਿਹੁ ਬਰਤਾਇ।
ਕਰਹੁ ਕਾਮਨਾ ਮਨ ਮਹਿਂ ਜੋਇ। ਦੇਸ਼ ਕਾਮਰੂ ਕੀ ਜੈ ਹੋਇ॥ ੩੮॥

ਕੜਾਹ ਪ੍ਰਸ਼ਾਦਿ ਤਿਆਰ ਕਰਵਾਓ ਤੇ ਸਿੱਖ ਸੰਗਤ ਵਿਚ ਵਰਤਾ ਦੇਵੋ, ਜੋ ਵੀ ਕਾਮਨਾ ਮਨ ਵਿਚ ਕਰਦੇ ਹੋ ਦੇਸ਼ ਕਾਮਰੂਪ ਉੱਤੇ ਤੁਹਾਡੀ ਜਿੱਤ ਹੋਵੇਗੀ॥੩੮॥

ਸਿਮਰਹੁ ਸਤਿਗੁਰੁ ਪੂਰਹਿਂ ਸਾਰੀ। ਉਰ ਤੇ ਸੰਸੈ ਦੇਹੁ ਬਿਦਾਰੀ'।
ਹਾਥ ਜੋਰਿ ਕਰਿ ਭੂਪ ਸੁਨਾਵਾ। 'ਮੋਹਿ ਭਰੋਸੋ ਪੂਰਬ ਆਵਾ॥ ੩੯॥

ਸਤਿਗੁਰੂ ਜੀ ਦਾ ਸਿਮਰਨ ਕਰੋ, ਉਹ ਤੁਹਾਡੀ ਕਾਮਨਾ ਪੂਰੀ ਕਰਨਗੇ ਤੇ ਹਿਰਦੇ ਵਿਚੋਂ ਸਾਰੇ ਸ਼ੰਕੇ ਕੱਢ ਦੇਵੋ।" ਹੱਥ ਜੋੜ ਕੇ ਰਾਜਾ ਬੋਲਿਆ, "ਮੈਨੂੰ ਭਰੋਸਾ ਦੇਣ ਵਾਸਤੇ ਤੁਸੀਂ ਪੂਰਬ ਵਲ ਆਏ ਹੋ॥੩੯॥

ਸੁਨਜੋਂ ਸੁਭਾਵ ਜਬਹਿ ਉਪਕਾਰੀ। ਚਹਜੋ ਸ਼ਰਨ ਮੈਂ ਪਰਨ ਤੁਮਾਰੀ।
ਮਿਸ ਮੁਹਿੰਮ ਕੇ ਜਾਗੇ ਭਾਗ। ਜਿਸ ਤੇ ਭਯੋ ਗੁਰੂ ਪਗ ਰਾਗ॥ ੪੦॥

ਜਦ ਤੁਹਾਡੇ ਪਰਉਪਕਾਰੀ ਸੁਭਾਵ ਬਾਰੇ ਸੁਣਿਆ ਹੈ ਤਾਂ ਤੁਹਾਡੀ ਸ਼ਰਨ ਵਿਚ ਪੈਣਾ ਚਾਹਿਆ ਹੈ। ਜੰਗ ਦੇ ਬਹਾਨੇ ਮੇਰੇ ਭਾਗ ਜਾਗੇ ਹਨ, ਜਿਸ ਕਰਕੇ ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਹੋਇਆ ਹੈ"॥੪੦॥

ਇੱਤਜਾਦਿਕ ਨ੍ਰਿਪ ਕਹਿ ਕਰਿ ਬੈਨ। ਪਿਖਿ ਗੁਰ ਕੋ ਕਰਿ ਸੀਤਲ ਨੈਨ।
ਬੰਦਨ ਕਰਿ ਡੇਰੇ ਮਹਿਂ ਗਯੋ। ਅਤਿ ਉਤਸਵ ਅਨੰਦ ਕੋ ਕਿਯੋ॥ ੪੧॥

ਰਾਜਾ ਇਸ ਤਰ੍ਹਾਂ ਗੱਲਾਂ ਕਰਕੇ, ਫਿਰ ਗੁਰੂ ਜੀ ਵਲ ਵੇਖ ਕੇ ਅੱਖਾਂ ਠੰਡੀਆਂ ਕਰਕੇ ਤੇ ਬੰਦਨਾ ਕਰਕੇ ਆਪਣੇ ਡੇਰੇ ਵਲ ਚਲਾ ਗਿਆ, ਓਥੇ ਜਾਕੇ ਅਤਿ ਉਤਸਵ ਤੇ ਅਨੰਦ ਮੰਗਲ ਕੀਤਾ॥੪੧॥

ਤੋਪ, ਰਹਿਕਲੇ, ਤੁਪਕ, ਜਮੂਰੇ। ਕਰੀ ਸ਼ਲਖ ਰਵ ਸੁਨਿਯਤਿ ਦੂਰੇ।
ਸਭਿ ਮਾਨਵ ਪੁਰਿ ਪਟਨੇ ਬਾਸੀ। ਸਤਿਗੁਰ ਕੀਰਤਿ ਕਰਤਿ ਪ੍ਰਕਾਸ਼ੀ॥ ੪੨॥

ਵੱਡੀਆਂ ਤੋਪਾਂ, ਛੋਟੀਆਂ ਤੋਪਾਂ, ਬੰਦੂਕਾਂ, ਜਮੂਰੇ ਅਤੇ ਸ਼ਲਖਾਂ ਚਲਾਉਣ ਦੀ ਆਵਾਜ਼ ਦੂਰ ਤਕ ਸੁਣਾਈ ਦਿੱਤੀ। ਸਾਰੇ ਪਟਨੇ ਵਾਸੀ ਮਨੁੱਖ ਸਤਿਗੁਰੂ ਜੀ ਦੀ ਕੀਰਤੀ ਦਾ ਪ੍ਰਕਾਸ਼ ਕਰਦੇ ਸਨ॥੪੨॥

ਨ੍ਰਿਪ ਪ੍ਰਸੰਗ ਕੋ ਕਹੈਂ ਸੁਨਾਵੈਂ। 'ਦੇਸ਼ ਕਾਮਰੂ ਇਹ ਸੰਗ ਜਾਵੈ।
ਆਗੈ ਸਤਿਗੁਰ ਹੁਤੇ ਤਿਆਰ। ਆਇ ਸ਼ਰਨ ਇਹ ਡਰ ਉਰ ਧਾਰਿ॥ ੪੩॥

ਪਟਨੇ ਵਾਸੀ ਰਾਜੇ ਦੇ ਪ੍ਰਸੰਗ ਨੂੰ ਕਹਿ ਕੇ ਸੁਣਾਉਂਦੇ ਸਨ। "ਗੁਰੂ ਜੀ ਕਾਮਰੂਪ ਦੇਸ਼ ਵਿਚ ਹੁਣ ਇਨ੍ਹਾਂ ਦੇ ਨਾਲ ਜਾਣਗੇ, ਸਤਿਗੁਰੂ ਜੀ ਅੱਗੇ ਜਾਣ ਵਾਸਤੇ ਤਿਆਰ ਹੋਏ ਸਨ, ਇਹ ਹਿਰਦੇ ਵਿਚ ਡਰ ਧਾਰ ਕੇ ਸ਼ਰਨ ਆਏ ਹਨ॥੪੩॥

ਨ੍ਰਿਪ ਕੋ ਬਡੋ ਮਾਨ ਸਿੰਘ ਜੋਇ। ਤਿਸੀ ਦੇਸ਼ ਮ੍ਰਿਤੁ ਪ੍ਰਾਪਤਿ ਹੋਇ।
ਮੰਤ੍ਰਨਿ ਕੋ ਲਖਿ ਤ੍ਰਾਸ ਮਹਾਨਾ। ਗੁਰੁ ਅਲੰਬ ਤੇ ਚਹਤਿ ਪਯਾਨਾ' ॥ ੪੪ ॥

ਰਾਜੇ ਦਾ ਵਡੇਰਾ ਜਿਹੜਾ ਰਾਜਾ ਮਾਨ ਸਿੰਘ ਸੀ, ਉਹ ਉਸੇ ਦੇਸ਼ ਵਿਚ ਮਾਰਿਆ ਗਿਆ ਸੀ। ਮੰਤਰਾਂ ਦਾ ਬਹੁਤ ਵੱਡਾ ਡਰ ਮੰਨ ਕੇ ਗੁਰੂ ਜੀ ਦਾ ਆਸਰਾ ਲੈ ਕੇ ਜਾਣਾ ਚਾਹੁੰਦਾ ਹੈ' ॥੪੪॥

ਬਿਸ਼ਨ ਸਿੰਘ ਪੰਚਾਂਮ੍ਰਿਤ ਬ੍ਰਿੰਦ। ਸੰਗਤਿ ਮੈਂ ਬਰਤਾਇ ਬਿਲੰਦ।
ਸਤਿਗੁਰੁ ਪਦ ਪਾਹੁਲ ਕੋ ਲੇਯ। ਭਯੋ ਸਿੱਖਜ ਕਿਰਤਾਰਥ ਸੇਯ ॥ ੪੫ ॥

ਬਿਸ਼ਨ ਸਿੰਘ ਨੇ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਸਾਰੀ ਸੰਗਤ ਵਿਚ ਵਰਤਾ ਦਿੱਤਾ। ਫਿਰ ਉਸ ਨੇ ਸਤਿਗੁਰੂ ਜੀ ਦੇ ਚਰਨ ਕੰਵਲਾਂ ਦੀ ਪਾਹੁਲ ਲਈ ਤੇ ਗੁਰੂ ਜੀ ਦਾ ਸਿੱਖ ਬਣ ਕੇ ਨਿਹਾਲ ਹੋ ਗਿਆ ॥੪੫॥

ਸ੍ਰੀ ਗੁਰ ਤੇਗ ਬਹਾਦਰ ਚੰਦ। ਅਨੁਸਾਰੀ ਤਬਿ ਹੋਇ ਨਰਿੰਦ।
ਚਹਤਿ ਕੂਚ ਆਗੇ ਕੋ ਕਰਜੋ। ਲਸ਼ਕਰ ਜੁਤਿ ਪੁਰਿ ਕੇ ਢਿਗ ਪਰਜੋ ॥ ੪੬ ॥

ਫਿਰ ਰਾਜਾ ਗੁਰੂ ਤੇਗ ਬਹਾਦਰ ਜੀ ਦੀ ਆਗਿਆ ਅਨੁਸਾਰ ਹੋ ਗਿਆ। ਅੱਗੇ ਕੂਚ ਕਰਨਾ ਚਾਹੁੰਦਾ ਸੀ, ਫੌਜ ਸਹਿਤ ਨਗਰ ਦੇ ਪਾਸ ਡੇਰਾ ਲਾਇਆ ਸੀ ॥੪੬॥

*ਬਾਰ੍ਹਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ ॥੩॥*

## *ਅਧਿਆਇ ਚੌਥਾ*

### *ਢਾਕੇ ਵਿਖੇ ਬੁਲਾਕੀ ਦਾਸ ਦੀ ਮਾਤਾ*

*ਦੋਹਰਾ-* ਸਤਿਗੁਰ ਕੀ ਮਰਜ਼ੀ ਲਈ ਬਿਸ਼ਨ ਸਿੰਘ ਮਹਿਪਾਲ।
ਕਰਜੋ ਕੂਚ ਆਗੇ ਚਲਜੋ ਲਖਹਿ ਮੁਹਿੰਮ ਬਿਸਾਲ ॥ ੧ ॥

ਰਾਜਾ ਬਿਸ਼ਨ ਸਿੰਘ ਨੇ ਫਿਰ ਸਤਿਗੁਰੂ ਜੀ ਪਾਸੋਂ ਆਗਿਆ ਲਈ ਤੇ ਕੂਚ ਕਰਕੇ ਅੱਗੇ ਚਲ ਪਿਆ, ਇਹ ਸਮਝਿਆ ਕਿ ਬੜਾ ਵੱਡਾ ਯੁੱਧ ਹੈ ॥੧॥

*ਚੌਪਈ-* ਸ੍ਰੀ ਗੁਰ ਤੇਗ ਬਹਾਦਰ ਸੰਗ। ਚਲੇ ਅਰੂਢਤਿ ਹੋਇ ਤੁਰੰਗ।
ਕੇਤਿਕ ਸਿੱਖ ਫਕੀਰਨਿ ਬ੍ਰਿੰਦ। ਚਲੇ ਸੰਗ ਗੁਰੁ ਧਰੇ ਅਨੰਦ ॥ ੨ ॥

ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਘੋੜੇ 'ਤੇ ਸਵਾਰ ਹੋ ਕੇ ਨਾਲ ਹੀ ਚਲ ਪਏ। ਕਈ ਸਿੱਖ ਅਤੇ ਫਕੀਰ ਵੀ ਅਨੰਦ ਧਾਰ ਕੇ ਗੁਰੂ ਜੀ ਦੇ ਨਾਲ ਹੀ ਚਲ ਪਏ ॥੨॥

ਮਾਤ ਨਾਨਕੀ ਕੋ ਕਰਿ ਬੰਦਨ। ਸ੍ਰੀ ਗੁਜਰੀ ਕੋ ਕਰਿ ਅਭਿਨੰਦਨ।
' ਆਦਿ ਕ੍ਰਿਪਾਲ ਜੁ ਗੁਜਰੀ ਭ੍ਰਾਤਾ। ਦੇ ਧੀਰਜ ਸਭਿ ਕੋ ਬੱਖਜਾਤਾ ॥ ੩ ॥

ਮਾਤਾ ਨਾਨਕੀ ਜੀ ਨੂੰ ਬੰਦਨਾ ਕਰਕੇ ਅਤੇ ਸ੍ਰੀ ਗੁਜਰੀ ਜੀ ਨੂੰ ਸਨਮਾਨ ਦੇ ਕੇ ਹੋਰ ਭਾਈ ਕ੍ਰਿਪਾਲ ਚੰਦ ਆਦਿ ਜਿਹੜਾ ਸ੍ਰੀ ਗੁਜਰੀ ਜੀ ਦਾ ਭਰਾ ਸੀ, ਉਨ੍ਹਾਂ ਸਭ ਨੂੰ ਪ੍ਰਗਟ ਰੂਪ ਵਿਚ ਧੀਰਜ ਦਿੱਤਾ ॥੩॥

ਸੰਗਤਿ ਕੋ ਹਿਤ ਸੇਵਾ ਕਹਿਕੈ। ਸਭਿ ਪੁਰਿ ਖੁਸ਼ੀ ਕਰੀ ਸਿਖ ਲਹਿਕੈ।
ਚਲੇ ਅਗਾਰੀ ਸ੍ਰੀ ਗੁਰੁ ਧੀਰ। ਸਾਥ ਨ੍ਰਿਪਤ ਅਰੁ ਸੈਨਾ ਭੀਰ॥ ੪॥

ਬਾਕੀ ਸੰਗਤ ਨੂੰ ਸੇਵਾ ਵਾਸਤੇ ਕਹਿ ਕੇ ਸਾਰਿਆਂ ਨੂੰ ਸਿੱਖ ਜਾਣਕੇ ਉਨ੍ਹਾਂ ਉੱਤੇ ਖੁਸ਼ੀ ਕੀਤੀ। ਧੀਰਜਵਾਨ ਗੁਰੂ ਜੀ ਅੱਗੇ ਚਲ ਪਏ, ਉਨ੍ਹਾਂ ਦੇ ਨਾਲ ਰਾਜਾ ਅਤੇ ਸੈਨਾ ਦੀ ਵੱਡੀ ਭੀੜ ਸੀ॥੪॥

ਚਾਲੇ ਸਨਮੁਖ ਦੇਸ਼ ਬੰਗਾਲੇ। ਦੁੰਦਭਿ ਬਾਜੇ ਸ਼ਬਦ ਬਿਸਾਲੇ।
ਹੁਤੋ ਮੁੰਗੇਰ ਨਗਰ ਇਕ ਭਾਰੇ। ਬਸਹਿਂ ਬ੍ਰਿੰਦ ਨਰ ਗੰਗ ਕਿਨਾਰੇ॥ ੫॥

ਬੰਗਾਲ ਦੇਸ਼ ਦੇ ਸਾਹਮਣੇ ਚਲੇ ਜਾ ਰਹੇ ਸਨ, ਨਗਾਰੇ ਵੱਜ ਰਹੇ ਸਨ ਤੇ ਬਹੁਤ ਉੱਚੀ ਆਵਾਜ਼ ਉੱਠ ਰਹੀ ਸੀ। ਮੁੰਗੇਰ ਇਕ ਵੱਡਾ ਨਗਰ ਸੀ, ਬਹੁਤ ਲੋਕ ਗੰਗਾ ਦੇ ਕਿਨਾਰੇ ਵੱਸ ਰਹੇ ਸਨ॥੫॥

ਸ੍ਰੀ ਸਤਿਗੁਰੁ ਤਹਿਂ ਉਤਰੇ ਜਾਇ। ਸੰਗਤਿ ਸੁਨਿ ਆਈ ਸਮੁਦਾਇ।
ਨਾਨਾ ਭਾਂਤਿ ਉਪਾਇਨ ਆਨੀ। ਧਰਿ ਸ਼ਰਧਾ ਪਦ ਬੰਦਨ ਠਾਨੀ॥ ੬॥

ਸ੍ਰੀ ਸਤਿਗੁਰੂ ਜੀ ਨੇ ਉਥੇ ਉਤਾਰਾ ਕਰ ਲਿਆ। ਸਿੱਖ ਸੰਗਤ ਸੁਣ ਕੇ ਇਕੱਠੀ ਹੋ ਕੇ ਆਈ। ਕਈ ਪ੍ਰਕਾਰ ਦੇ ਉਪਹਾਰ ਲਿਆਈ ਤੇ ਸ਼ਰਧਾ ਧਾਰ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੬॥

ਜੋ ਜੋ ਜਿਸ ਜਿਸ ਗੁਰ ਹਿਤ ਧਰਜੋ। ਤਤਛਿਨ ਆਨਿ ਸੁ ਅਰਪਨ ਕਰਜੋ।
ਸਭਿ ਪਰ ਜਥਾ ਉਚਿਤ ਗੁਨਖਾਨੀ। ਕਰੀ ਖੁਸ਼ੀ ਇਛ ਪੂਰਨ ਠਾਨੀ॥੭॥

ਜੋ ਜੋ ਜਿਸ ਜਿਸ ਵੀ ਗੁਰੂ ਜੀ ਵਾਸਤੇ ਰੱਖਿਆ ਸੀ, ਤੁਰੰਤ ਲਿਆ ਕੇ ਅਰਪਣ ਕਰ ਦਿੱਤਾ। ਸਾਰਿਆਂ ਉੱਤੇ ਗੁਰੂ ਜੀ ਯਥਾ ਯੋਗ ਖੁਸ਼ੀ ਕੀਤੀ ਤੇ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕੀਤੀਆਂ॥੭॥

ਕੇਤਿਕ ਬਾਸੁਰ ਕੀਨਸਿ ਬਾਸਾ। ਸਿੱਖੀ ਪੰਥ ਬਿਸ਼ਾਲ ਪ੍ਰਕਾਸ਼ਾ।
ਸੱਤਨਾਮ ਕੋ ਸਿਮਰਨ ਦੀਨਿ। ਨਿਜ ਸੰਗਤਿ ਕੀ ਸ਼੍ਰੇਯ ਸੁ ਕੀਨਿ॥ ੮॥

ਕਈ ਦਿਨ ਉਥੇ ਵਾਸਾ ਕੀਤਾ ਤੇ ਸਿੱਖੀ ਦੇ ਵਿਸ਼ਾਲ ਪੰਥ ਨੂੰ ਪ੍ਰਕਾਸ਼ਿਤ ਕੀਤਾ। ਉਨ੍ਹਾਂ ਨੂੰ ਸਤਿਨਾਮ ਦਾ ਸਿਮਰਨ ਦਿੱਤਾ, ਤੇ ਆਪਣੀ ਸੰਗਤ ਦਾ ਸ੍ਰੇਸ਼ਟ ਰੂਪ ਵਿਚ ਕਲਿਆਣ ਕੀਤਾ॥੮॥

ਪੁਨ ਪ੍ਰਸਥਾਨੇ ਗੁਰੂ ਅਗਾਰੀ। ਲਸ਼ਕਰ ਭੂਪ ਸਮੇਤ ਪਿਛਾਰੀ।
ਹੋਤਿ ਕੁਲਾਹਲ ਬਜਤਿ ਨਗਾਰੇ। ਬ੍ਰਿੰਦ ਤੁਰੰਗ ਹਿਰੇਖਾ ਧਾਰੇ॥ ੯॥

ਫਿਰ ਗੁਰੂ ਜੀ ਅੱਗੇ ਚਲ ਪਏ, ਲਸ਼ਕਰ ਰਾਜੇ ਸਮੇਤ ਪਿੱਛੇ-ਪਿੱਛੇ ਆ ਰਿਹਾ ਸੀ। ਨਗਾਰਿਆਂ ਦੇ ਵੱਜਣ ਨਾਲ ਬੜਾ ਰੌਲਾ ਮਚਿਆ ਹੋਇਆ ਸੀ, ਬਹੁਤ ਘੋੜੇ ਹਿਣਕ ਰਹੇ ਸਨ॥੯॥

ਕੁੰਜਰ ਚਲਹਿਂ ਉਤੰਗ ਮਹਾਨੇ। ਹੌਦਾ ਝੂਲਤਿ ਝਾਲਰ ਸਾਨੇ।
ਅਨੀ ਘਨੀ ਗਮਨੀ ਬਲਸਨੀ। ਜਿਸ ਮਹਿਂ ਬਡੇ ਬਡੇ ਗਨ ਧਨੀ॥ ੧੦॥

ਮਹਾਨ ਉੱਚੇ-ਉੱਚੇ ਹਾਥੀ ਚਲ ਰਹੇ ਸਨ, ਹਾਥੀਆਂ ਉੱਤੇ ਹੌਦੇ ਝਾਲਰਾਂ ਸਮੇਤ ਝੂਲ ਰਹੇ ਸਨ। ਬਲਵਾਨ ਸੈਨਾ ਵੱਡੀ ਗਿਣਤੀ ਵਿਚ ਚਲੀ ਜਾ ਰਹੀ ਸੀ, ਜਿਸ ਵਿਚ ਵੱਡੇ-ਵੱਡੇ ਆਪਣੇ ਕਿੱਤੇ ਦੇ ਧਨੀ ਸਨ॥੧੦॥

ਰਾਜਮਹਿਲ ਪੁਨ ਪਹੁਚੇ ਜਾਇ। ਗਨ ਉਮਰਾਵ ਸੰਗ ਹਰਖਾਇ।
ਕੇਤਿਕ ਚਢੇ ਮਤੰਗਨਿ ਆਵਤਿ। ਕੋ ਸਿਵਕਾ ਪਰ ਥਿਰ ਸੁਖ ਪਾਵਤਿ॥੧੧॥

ਫਿਰ ਰਾਜਮਹਿਲ ਸ਼ਹਿਰ ਵਿਚ ਜਾ ਪਹੁੰਚੇ, ਕਈ ਉਮਰਾਵ ਵੀ ਪ੍ਰਸੰਨ ਹੋ ਕੇ ਨਾਲ ਆਏ। ਕਈ ਹਾਥੀਆਂ ਉੱਤੇ ਚੜ੍ਹੇ ਆ ਰਹੇ ਸਨ। ਕਈ ਪਾਲਕੀ ਵਿਚ ਚੜ੍ਹ ਕੇ ਸੁਖ ਪਾ ਰਹੇ ਸਨ॥੧੧॥

ਕੇਤਿਕ ਚਲਿਤ ਤੁਰੰਗ ਨਚਾਵਤਿ। ਸ਼ਸਤ੍ਰ ਬਸਤ੍ਰ ਸੁਭ ਪਹਿਰਿ ਸੁਹਾਵਤਿ।
ਤੰਬੂ ਤਹਾਂ ਪਹੁਚਿ ਲਗਵਾਏ। ਡੇਰੇ ਮਹਿਂ ਗੁਰ ਬਸੇ ਸੁਹਾਏ॥ ੧੨॥

ਕਈ ਚਲਦੇ ਹੋਏ ਘੋੜਿਆਂ ਨੂੰ ਨਚਾਉਂਦੇ ਸਨ, ਸ਼ੁਭ ਸ਼ਸਤਰ ਵਸਤਰ ਪਹਿਣੇ ਹੋਏ ਸ਼ੋਭ ਰਹੇ ਸਨ। ਉਥੇ ਪਹੁੰਚ ਕੇ ਤੰਬੂ ਲਗਵਾਏ ਡੇਰੇ ਵਿਚ ਵੱਸ ਕੇ ਗੁਰੂ ਜੀ ਸੁਹਾ ਰਹੇ ਸਨ॥੧੨॥

ਨਹੀਂ ਨਗਰ ਮਹਿਂ ਪ੍ਰਵਿਸ਼ੇ ਜਾਇ। ਸੁਨਿ ਸੰਗਤਿ ਤਹਿਂ ਕੀ ਸਮੁਦਾਇ।
ਭੇਟ ਇਕੱਤ੍ਰ ਕਰਨਿ ਕੋ ਲਾਗੇ। ਨਹਿਂ ਪਹੁਚੇ ਢਿਗ ਕਰਿ ਅਨੁਰਾਗੇ॥ ੧੩॥

ਗੁਰੂ ਜੀ ਨੇ ਨਗਰ ਵਿਚ ਪ੍ਰਵੇਸ਼ ਨਹੀਂ ਕੀਤਾ ਹੈ, ਉਸ ਸਥਾਨ ਦੀ ਸੰਗਤ ਸੁਣ ਕੇ ਇਕੱਠੀ ਹੋਈ ਤੇ ਭੇਟਾਵਾਂ ਇਕੱਤਰ ਕਰਨ ਲੱਗੇ, ਪਰ ਪ੍ਰੇਮ ਕਰਕੇ ਗੁਰੂ ਜੀ ਦੇ ਪਾਸ ਨਾ ਪਹੁੰਚੇ॥੧੩॥

ਕਰਹਿਂ ਸੁ ਤਯਾਰੀ ਐਬੋ ਜਾਵਦ। ਗਮਨੇ ਆਗੇ ਸਤਿਗੁਰ ਤਾਵਦ।
ਨਹਿਂ ਪ੍ਰੇਮੀ ਸਿੱਖ ਤਹਾਂ ਨਿਹਾਰੇ। ਬਿਨਾ ਮਿਲੇ ਗੁਰ ਅੱਗ੍ਰ ਸਿਧਾਰੇ॥ ੧੪॥

ਉਸ ਸਥਾਨ ਦੀ ਸੰਗਤ ਜਦ ਤਕ ਆਉਣ ਦੀ ਤਿਆਰੀ ਕਰਦੀ ਰਹੀ, ਤਦ ਤਕ ਸਤਿਗੁਰੂ ਜੀ ਅੱਗੇ ਚਲੇ ਗਏ, ਓਥੇ ਜਦ ਕੋਈ ਪ੍ਰੇਮੀ ਸਿੱਖ ਨਾ ਵੇਖੇ ਤਾਂ ਬਿਨਾ ਮਿਲੇ ਅੱਗੇ ਚਲੇ ਗਏ॥ ੧੪॥

ਪੀਛੇ ਪਛੁਤਾਵਤਿ ਸੋ ਰਹੇ। ਮੂਢਨਿ ਨਹੀਂ ਮਹਾਤਮ ਲਹੇ।
ਪੂਰਬ ਜਿਨਹੁ ਨ ਭਾਗ ਉਦੋਤੇ। ਤਿਨ ਕੀ ਦਸ਼ਾ ਇਸੀ ਬਿਧਿ ਹੋਤੇ॥ ੧੫॥

ਬਾਅਦ ਵਿਚ ਬਹੁਤ ਪਛੁਤਾਉਂਦੇ ਰਹੇ, ਮੂਰਖਾਂ ਨੇ ਗੁਰੂ ਜੀ ਦਾ ਮਹਾਤਮ ਨਾ ਜਾਣਿਆ, ਪਿਛਲੇ ਭਾਗ ਜਿਨ੍ਹਾਂ ਦੇ ਪ੍ਰਗਟ ਨਹੀਂ ਹੁੰਦੇ, ਉਨ੍ਹਾਂ ਦੀ ਦਸ਼ਾ ਏਸੇ ਵਿਧੀ ਅਨੁਸਾਰ ਹੀ ਹੁੰਦੀ ਹੈ॥੧੫॥

ਢਿਗ ਸਤਿਗੁਰ ਨਹਿਂ ਦਰਸੇਂ ਜਾਇ। ਬਿਨਾ ਭਾਗ ਤੇ ਕੋ ਕਿਮ ਪਾਇ।
ਚਲਿ ਕ੍ਰਿਪਾਲ ਜਬਿ ਆਗੇ ਗਏ। ਨਗਰ ਮਾਲਦਹ ਪ੍ਰਾਪਤਿ ਭਏ॥ ੧੬॥

ਸਤਿਗੁਰੂ ਜੀ ਦੇ ਪਾਸ ਜਾ ਕੇ ਦਰਸ਼ਨ ਨਹੀਂ ਕੀਤੇ ਹਨ, ਬਿਨਾਂ ਭਾਗਾਂ ਤੋਂ ਕੋਈ ਕਿਵੇਂ ਦਰਸ਼ਨ ਪਾ ਸਕਦਾ ਹੈ। ਕਿਰਪਾਲੂ ਗੁਰੂ ਜੀ ਜਦ ਚਲ ਕੇ ਅੱਗੇ ਗਏ ਤੇ ਮਾਲਦਾ ਨਗਰ ਵਿਚ ਪਹੁੰਚ ਗਏ॥੧੬॥

ਤਿਸਿ ਪੁਰਿ ਜਹਿਂ ਸੰਗਤਿ ਇਸਥਾਨ। ਜਾਇ ਬਿਰਾਜੇ ਕ੍ਰਿਪਾ ਨਿਧਾਨ।
ਤਹਿਂ ਭੀ ਸਿੱਖਜ ਨ ਕੋਊ ਆਯਹੁ। ਸੇਵਾ ਕਰੀ ਨ ਫਲ ਕੋ ਪਾਯਹੁ॥ ੧੭॥

ਉਸ ਨਗਰ ਵਿਚ ਜਿੱਥੇ ਸੰਗਤ ਦਾ ਸਥਾਨ ਬਣਿਆ ਸੀ ਕਿਰਪਾ ਨਿਧਾਨ ਗੁਰੂ ਜੀ ਓਥੇ ਜਾ ਬਿਰਾਜੇ। ਉਥੇ ਵੀ ਕੋਈ ਸਿੱਖ ਨਾ ਆਇਆ, ਕਿਸੇ ਵੀ ਸੇਵਾ ਕਰਕੇ ਫਲ ਨਾ ਪਾਇਆ॥੧੭॥

ਸ਼ੂੰਨ ਸਥਾਨ ਹੇਰਿ ਗੁਰੁ ਪੂਛਾ। 'ਕੈਸੇ ਕਰਿ ਸਿੱਖਜਨਿ ਤੇ ਛੂਛਾ?।
ਆਵਤਿ ਜਾਤਿ ਨ ਦੀਖਤਿ ਕੋਈ। ਧਰਮਸਾਲ ਮਹਿਂ ਥਿਰ ਨਹਿਂ ਸੋਈ' ॥੧੮॥

ਖਾਲੀ ਸਥਾਨ ਵੇਖ ਕੇ ਗੁਰੂ ਜੀ ਨੇ ਪੁੱਛਿਆ, "ਇਹ ਧਰਮਸ਼ਾਲਾ ਕਿਉਂ ਸਿੱਖਾਂ ਤੋਂ ਸੱਖਣੀ ਹੈ। ਨਾ ਕੋਈ ਆਉਂਦਾ ਜਾਂਦਾ ਹੀ ਵੇਖਦੇ ਹਾਂ, ਧਰਮਸ਼ਾਲਾ ਵਿਚ ਕੋਈ ਵੀ ਬੈਠਾ ਨਹੀਂ ਹੈ" ॥੧੮॥

ਸੁਨਿ ਕਰਿ ਸ਼੍ਰੀ ਮੁਖ ਤੇ ਇਮ ਬਾਨੀ। ਗੁਰੂ ਸਮੀਪਨਿ ਬਿਨੈ ਬਖਾਨੀ।
'ਪੰਡੂਏ ਗ੍ਰਾਮ ਸੁ ਕੇਤਿਕ ਦੂਰ। ਤਹਾਂ ਬਰਸ ਮਹਿਂ ਮੇਲਾ ਪੂਰ। ੧੯॥

Sri Satguru Jagjit Singh Ji eLlibrary NamdhariElibrary@gmail.com

ਗੁਰੂ ਜੀ ਦੇ ਮੁਖ ਤੋਂ ਇਹ ਬਚਨ ਸੁਣ ਕੇ, ਗੁਰੂ ਜੀ ਦੇ ਜੋ ਪਾਸ ਬੈਠੇ ਸਨ, ਉਨ੍ਹਾਂ ਕਿਹਾ, "ਪੰਡੂਆ ਨਾਮੀ ਪਿੰਡ ਇਥੋਂ ਕੁਝ ਦੂਰੀ 'ਤੇ ਸਥਿਤ ਹੈ, ਉਥੇ ਸਾਲ ਬਾਅਦ ਇਕ ਵੱਡਾ ਮੇਲਾ ਲੱਗਦਾ ਹੈ॥੧੯॥

ਪੁਰਿਬਾਸੀ ਸਿਖ ਸਗਰੇ ਗਏ। ਤਿਸ ਮੇਲੇ ਮਹਿਂ ਪ੍ਰਾਪਤਿ ਭਏ।
ਦਿਨ ਦੌਇਕ ਮੈਂ ਸੋ ਚਲਿ ਆਵੈਂ। ਬਹੁਰ ਮਿਲੈਂ ਜੇ ਸਤਿਗੁਰ ਭਾਵੈਂ ॥੨੦॥

ਇਸ ਨਗਰ ਦੇ ਵਾਸੀ ਸਾਰੇ ਸਿੱਖ ਉਸ ਮੇਲੇ ਦੇ ਵਿਚ ਗਏ ਹਨ। ਇਕ ਦੋ ਦਿਨਾਂ ਵਿਚ ਉਹ ਚਲ ਕੇ ਆ ਜਾਣਗੇ, ਫਿਰ ਮਿਲਣਗੇ ਜੇ ਸਤਿਗੁਰੂ ਜੀ ਨੂੰ ਭਾਵੇਗਾ" ॥੨੦॥

ਸਹਿਜ ਸੁਭਾਇਕ ਗੁਰੂ ਉਚਾਰੀ। 'ਮਮ ਸਿੱਖੀ ਕੇ ਨਹਿਂ ਅਧਿਕਾਰੀ।
ਤਿਨ ਸੌਂ ਮੇਲਾ ਹ੍ਵੈ ਨ ਹਮਾਰੋ। ਨਿਸ ਕੋ ਬਸਿ ਮਗ ਚਲਹਿਂ ਅਗਾਰੋ' ॥੨੧॥

ਸਹਿਜ ਸੁਭਾਅ ਗੁਰੂ ਜੀ ਨੇ ਉਚਾਰਨ ਕੀਤਾ, "ਮੇਰੀ ਸਿੱਖੀ ਦੇ ਉਹ ਅਧਿਕਾਰੀ ਨਹੀਂ ਹਨ, ਉਨ੍ਹਾਂ ਨਾਲ ਸਾਡਾ ਮੇਲ ਨਹੀਂ ਹੋਵੇਗਾ ਏਥੇ ਰਾਤ ਠਹਿਰ ਕੇ ਫਿਰ ਅੱਗੇ ਚਲਾਂਗੇ" ॥੨੧॥

ਇਕ ਸਿਖ ਹੁਤੋ ਤਹਾਂ ਹਲਵਾਈ। ਆਇ ਪਰਯੋ ਸਤਿਗੁਰ ਸ਼ਰਣਾਈ।
ਲਖਿ ਮਰਜ਼ੀ ਅਰਜ਼ੀ ਤਿਹ ਕਰੀ। 'ਮੋਹਿ ਕਾਮਨਾ ਪੂਰੀ ਪਰੀ॥ ੨੨॥

ਇਕ ਉਥੇ ਸਿੱਖ ਸੀ ਜਿਹੜਾ ਹਲਵਾਈ ਦਾ ਕੰਮ ਕਰਦਾ ਸੀ, ਉਹ ਆ ਕੇ ਸਤਿਗੁਰੂ ਜੀ ਦੇ ਸ਼ਰਨ ਵਿਚ ਪੈ ਗਿਆ। ਗੁਰੂ ਜੀ ਦੀ ਮਰਜ਼ੀ ਸਮਝ ਕੇ ਉਸ ਬੇਨਤੀ ਕੀਤੀ "ਮੇਰੀ ਕਾਮਨਾ ਪੂਰੀ ਹੋ ਗਈ ਹੈ ॥੨੨॥

ਪੁਰਵਤਿ ਰਹੇ ਮਨੋਰਥ ਮੇਰੇ। ਭਯੋ ਕ੍ਰਿਤਾਰਥ ਦਰਸ਼ਨ ਹੇਰੇ।
ਦੀਨਦਯਾਲ ਮੈਂ ਰਾਵਰਿ ਸ਼ਰਨੀ। ਮਮ ਇੱਛਾ ਇਹ ਪੂਰੀ ਕਰਨੀ॥ ੨੩॥

ਮੇਰੇ ਸਾਰੇ ਮਨੋਰਥ ਪੂਰੇ ਕਰਦੇ ਰਹੇ ਹੋ ਤੇ ਹੁਣ ਦਰਸ਼ਨ ਕਰਕੇ ਨਿਹਾਲ ਹੋ ਗਿਆ ਹਾਂ। ਦੀਨ ਦਿਆਲ ਮੈਂ ਆਪ ਜੀ ਦੀ ਸ਼ਰਨ ਵਿਚ ਹਾਂ, ਮੇਰੀ ਇਹ ਇੱਛਾ ਪੂਰੀ ਕਰੋ ॥੨੩॥

ਮਮ ਕਰ ਕੋ ਪਕਵਾਨ ਮਹਾਨਾ। ਕਰੁਨਾ ਧਾਰਿ ਕਰਹੁ ਸੋ ਖਾਨਾ'।
ਦੇਖਿ ਭਾਉ ਤਿਸ ਕੇ ਮਨ ਕੇਰਾ। ਆਦਿਸੁ ਕਰੀ ਗੁਰੂ ਤਿਸ ਬੇਰਾ॥ ੨੪॥

ਮੇਰੇ ਹੱਥਾਂ ਦਾ ਤਿਆਰ ਕੀਤਾ ਮਹਾਨ ਪਕਵਾਨ ਕਿਰਪਾ ਧਾਰ ਕੇ ਛੱਕ ਲਵੋ।" ਉਸ ਦੇ ਮਨ ਦਾ ਪਿਆਰ ਵੇਖ ਕੇ ਗੁਰੂ ਜੀ ਨੇ ਉਸ ਸਮੇਂ ਆਗਿਆ ਦੇ ਦਿੱਤੀ ॥੨੪॥

ਹਰਖਤਿ ਹੁਇ ਤਿਨ ਭਲੋ ਬਨਾਇਵ। ਭਾਂਤਿ ਭਾਂਤਿ ਪਕਵਾਨ ਪਕਾਇਵ।
ਮਹਾਂ ਪ੍ਰੇਮ ਕੋ ਧਾਰਤਿ ਲਯਾਯੋ। ਸਤਿਗੁਰੂ ਆਗੈ ਆਨਿ ਟਿਕਾਯੋ॥ ੨੫॥

ਪ੍ਰਸੰਨ ਹੋ ਕੇ ਉਸ ਭਲੇ ਪਦਾਰਥ ਬਣਾਏ ਤੇ ਭਾਂਤ-ਭਾਂਤ ਦੇ ਪਕਵਾਨ ਪਕਾਏ। ਮਹਾਂ ਪ੍ਰੇਮ ਧਾਰ ਕੇ ਉਹ ਪਕਵਾਨ ਲਿਆਇਆ ਤੇ ਸਤਿਗੁਰੂ ਜੀ ਦੇ ਅੱਗੇ ਟਿਕਾ ਦਿੱਤੇ ॥੨੫॥

ਪ੍ਰੀਤਿ ਸਿੱਖਜ ਕੀ ਦੇਖਿ ਉਦਾਰਾ। ਰੁਚਿ ਸੋਂ ਕੀਨਸਿ ਖਾਨ ਅਹਾਰਾ।
ਦਾਸਨਿ ਕੇ ਸਮੇਤ ਤ੍ਰਿਪਤਾਏ। ਕਰਿ ਪਖਾਰਿ ਪਟ ਪੌਛਿ ਸੁਹਾਏ॥ ੨੬॥

ਉਸ ਸਿੱਖ ਦੀ ਵੱਡੀ ਪ੍ਰੀਤ ਵੇਖ ਕੇ, ਗੁਰੂ ਜੀ ਨੇ ਬੜੀ ਰੁਚੀ ਨਾਲ ਭੋਜਨ ਛਕਿਆ। ਸਾਰੇ ਦਾਸਾਂ ਦੇ ਸਮੇਤ ਤ੍ਰਿਪਤ ਹੋ ਗਏ, ਫਿਰ ਹੱਥ ਧੋ ਕੇ ਪਰਨੇ ਨਾਲ ਪੂੰਝ ਕੇ ਸ਼ੋਭਾ ਪਾਈ ॥੨੬॥

Sri Satguru Jagjit Singh Ji eLlibrary NamdhariElibrary@gmail.com

ਤਿਸ ਪਰ ਖੁਸ਼ੀ ਭਏ ਗੁਰਦਜਾਲੂ। ਛਿਨਕ ਬਿਖੈ ਸਿਖ ਕੀਨਿ ਨਿਹਾਲ।
ਕਰਜੋ ਕੂਚ ਢਾਕੇ ਦਿਸ਼ਿ ਚਲੇ। ਮਾਰਗ ਬਿਖੈ ਸਿੱਖਜ ਬਹੁ ਮਿਲੇ॥ ੨੭॥

ਗੁਰੂ ਜੀ ਨੇ ਦਿਆਲ ਹੋ ਕੇ ਉਸ ਤੇ ਖੁਸ਼ੀ ਕੀਤੀ ਤੇ ਇਕ ਖਿਨ ਵਿਚ ਸਿੱਖ ਨੂੰ ਨਿਹਾਲ ਕਰ ਦਿੱਤਾ। ਉਥੋਂ ਕੂਚ ਕਰਕੇ ਢਾਕੇ ਵਾਲੇ ਪਾਸੇ ਚਲੇ ਗਏ, ਰਾਹ ਦੇ ਵਿਚ ਬਹੁਤ ਸਿੱਖ ਮਿਲੇ॥੨੭॥

ਕਰਤਿ ਕਾਮਨਾ ਪੂਰਨ ਜਾਤੇ। ਸਿੱਖਜ ਹਜ਼ਾਰੋਂ ਨਿਤ ਬਰੁਸਾਤੇ।
ਸੰਗਤਿ ਪਰ ਕਰਿ ਕ੍ਰਿਪਾ ਕ੍ਰਿਪਾਲਾ। ਦਰਸ਼ਨ ਦੇਤੇ ਕਰਤਿ ਨਿਹਾਲਾ॥ ੨੮॥

ਸਭ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਜਾਂਦੇ ਸਨ, ਨਿਤ ਹਜ਼ਾਰਾਂ ਸਿੱਖਾਂ ਨੂੰ ਵਰ ਦੇ ਕੇ ਵਰਸਾਉਂਦੇ ਸਨ। ਸੰਗਤ ਉਤੇ ਕਿਰਪਾਲੂ ਗੁਰੂ ਜੀ ਕਿਰਪਾ ਕਰਕੇ ਦਰਸ਼ਨ ਦੇ ਕੇ ਨਿਹਾਲ ਕਰਦੇ ਸਨ॥੨੮॥

ਮਨਹੁਂ ਕਾਮਨਾ ਚਿਤਵਹਿ ਕੋਇ। ਸੋ ਸਤਿਗੁਰੁ ਤੇ ਪੂਰਨ ਹੋਇ।
ਕਰਹਿ ਪ੍ਰੇਮ ਭੋਜਨ ਅਚਵਾਵਹਿ। ਕੋ ਪੋਸ਼ਿਸ਼ ਕੋ ਤਨ ਪਹਰਿਾਵਹਿ॥ ੨੯॥

ਜਿਹੜੀ ਵੀ ਕੋਈ ਮਨੋਕਾਮਨਾ ਕਰਦਾ ਸੀ, ਉਹ ਸਤਿਗੁਰੂ ਜੀ ਪਾਸੋਂ ਪੂਰੀ ਹੁੰਦੀ ਸੀ। ਪ੍ਰੇਮ ਕਰਕੇ ਭੋਜਨ ਖਵਾਉਂਦੇ ਸਨ, ਕਈ ਪੋਸ਼ਾਕੇ ਸਰੀਰ ਉੱਤੇ ਪਹਿਨਾਉਂਦੇ ਸਨ॥੨੯॥

ਕੋ ਅਪਨੇ ਘਰ ਬਿਖੈ ਉਤਾਰਹਿ। ਪ੍ਰੀਤਿ ਧਰਹਿ ਕੋ ਦਰਸ ਨਿਹਾਰਹਿ।
ਨਹਿਂ ਠਹਿਰੈਂ ਪੁਨ ਗਮਨੇ ਜਾਹਿਂ। ਲਸ਼ਕਰ ਸੰਗ ਚਲਤਿ ਉਤਸਾਹਿ॥ ੩੦॥

ਕੋਈ ਆਪਣੇ ਘਰ ਵਿਚ ਉਤਾਰਾ ਕਰਵਾਉਂਦਾ ਸੀ, ਕਈ ਪ੍ਰੀਤ ਧਾਰ ਕੇ ਦਰਸ਼ਨ ਕਰਦੇ ਸਨ। ਗੁਰੂ ਜੀ ਠਹਿਰਦੇ ਨਹੀਂ ਸਨ, ਚਲੇ ਜਾ ਰਹੇ ਸਨ, ਨਾਲ ਲਸ਼ਕਰ ਬੜੇ ਉਤਸ਼ਾਹ ਨਾਲ ਚਲਦਾ ਜਾ ਰਿਹਾ ਸੀ॥੩੦॥

ਸੈਨਾ ਮਹਿਂ ਤੰਬੂ ਲਗਵਾਇ। ਕਿਸੂ ਥਾਨ ਗੁਰੁ ਬੀਚ ਰਹਾਇਂ।
ਕਬਿਹੂੰ ਸਿਖ ਪ੍ਰੇਮੀ ਕੋ ਦੇਖਿ। ਤਿਨ ਕੇ ਘਰ ਉਤਰਹਿਂ ਅਵਿਰੇਖਿ॥ ੩੧॥

ਸੈਨਾ ਵਿਚ ਤੰਬੂ ਲਵਾਉਂਦੇ ਸਨ, ਕਿਸੇ ਸਥਾਨ ਤੇ ਗੁਰੂ ਜੀ ਸੈਨਾ ਦੇ ਵਿਚ ਹੀ ਠਹਿਰ ਜਾਂਦੇ ਸਨ। ਕਦੀ ਕਿਸੇ ਸਿੱਖ ਪ੍ਰੇਮੀ ਨੂੰ ਵੇਖ ਕੇ, ਉਸ ਦਾ ਘਰ ਪਸੰਦ ਕਰਕੇ ਰਹਿ ਪੈਂਦੇ ਸਨ॥੩੧॥

ਇਮ ਕੇਤਿਕ ਦਿਨ ਮਹਿਂ ਗੋਸਾਈਂ। ਢਾਕੇ ਪਹੁਚੇ ਦਲ ਸਮੁਦਾਈ।
ਸਭਿ ਕੋ ਡੇਰਾ ਵਹਿਰ ਉਤਾਰਾ। ਆਪ ਗੁਰੂ ਪੁਰਿ ਮਹਿਂ ਪਗ ਧਾਰਾ॥ ੩੨॥

ਇਸ ਤਰ੍ਹਾਂ ਕਈਆਂ ਦਿਨਾਂ ਵਿਚ ਮਾਲਕ ਗੁਰੂ ਜੀ ਫੌਜ ਸਮੇਤ ਢਾਕੇ ਪਹੁੰਚ ਗਏ। ਸਾਰਿਆਂ ਦਾ ਡੇਰਾ ਬਾਹਰ ਉਤਾਰਿਆ, ਆਪ ਗੁਰੂ ਜੀ ਨੇ ਨਗਰ ਦੇ ਵਿਚ ਚਰਨ ਪਾਏ॥੩੨॥

ਢਾਕੇ ਨਗਰ ਮਝਾਰ ਮਸੰਦ। ਬਸਹਿ ਬੁਲਾਕੀ ਦਾਸ ਬਿਲੰਦ।
ਤਿਸ ਕੀ ਮਾਤ ਬ੍ਰਿਧ ਬਹੁ ਤਨ ਕੀ। ਬਡੀ ਲਾਲਸਾ ਗੁਰ ਦਰਸ਼ਨ ਕੀ॥ ੩੩॥

ਢਾਕੇ ਨਗਰ ਵਿਚ ਇਕ ਮਸੰਦ ਰਹਿੰਦਾ ਸੀ, ਜਿਸ ਦਾ ਨਾਂ ਬੁਲਾਕੀ ਦਾਸ ਸੀ। ਉਸ ਦੀ ਮਾਤਾ ਬਹੁਤ ਬ੍ਰਿਧ ਹੋ ਗਈ ਸੀ। ਉਸ ਦੀ ਗੁਰੂ ਦਰਸ਼ਨਾਂ ਦੀ ਵੱਡੀ ਲਾਲਸਾ ਸੀ॥੩੩॥

ਕਰੇ ਪ੍ਰੇਮ ਨਿਜ ਸਦਨ ਮਝਾਰਾ। ਗੁਰ ਹਿਤ ਏਕ ਪ੍ਰਯੰਕ ਸੁਧਾਰਾ।
ਆਸਤਰਨ ਸੋਂ ਛਾਦਨਿ ਕਰਜੋ। ਸੇਜਬੰਦ ਸੰਗ ਕਸਿ ਕਰਿ ਧਰਜੋ॥ ੩੪॥

ਸਦਾ ਘਰ ਵਿਚ ਪ੍ਰੇਮ ਕਰਦੀ ਸੀ ਤੇ ਗੁਰੂ ਵਾਸਤੇ ਉਸ ਇਕ ਪਲੰਘ ਬਣਵਾਇਆ ਤੇ ਬੜੇ ਸੁੰਦਰ ਕੱਪੜੇ ਉਸ ਉੱਤੇ ਵਿਛਾ ਕੇ ਢੱਕ ਦਿੱਤਾ ਤੇ ਸੇਜਬੰਦ ਸਹਿਤ ਕੱਸ ਕੇ ਧਰ ਦਿੱਤਾ॥੩੪॥

ਤਿਸ ਕਉ ਪੂਜਹਿ ਸੰਝ ਸਕਾਰੇ। ਰਿਦੇ ਮਨੋਰਥ ਕੋ ਇਮ ਧਾਰੇ।
ਇਸ ਊਪਰ ਜਬਿ ਆਨਿ ਬਿਰਾਜੇਂ। ਤਬਿ ਮੇਰੇ ਪੂਰਨ ਸਭਿ ਕਾਜੇ॥ ੩੫॥

ਉਸ ਪਲੰਘ ਦੀ ਸ਼ਾਮ ਸਵੇਰੇ ਪੂਜਾ ਕਰਦੀ ਸੀ ਤੇ ਹਿਰਦੇ ਵਿਚ ਇਸ ਤਰ੍ਹਾਂ ਮਨੋਰਥ ਧਾਰਦੀ ਸੀ। ਇਸ ਉਤੇ ਜਦ ਗੁਰੂ ਜੀ ਆ ਕੇ ਬਿਰਾਜਣਗੇ ਤਦ ਮੇਰੇ ਸਾਰੇ ਕਾਰਜ ਪੂਰਨ ਹੋਣਗੇ॥੩੫॥

ਤੂਲ ਸੁਧਾਰੇ ਅਪਨੇ ਹਾਥ। ਪੁਨ ਕਾਤਯੋ ਸੂਖਮ ਹਿਤ ਸਾਥ।
ਪ੍ਰੇਮ ਧਾਰਿ ਸੋ ਬਸਤ੍ਰ ਬੁਨਾਵਾ। ਗੁਰ ਹਿਤ ਪੋਸ਼ਿਸ਼ ਸਕਲ ਬਨਾਵਾ॥ ੩੬॥

ਉਸ ਨੇ ਰੂਈ ਆਪਣੇ ਹੱਥਾਂ ਨਾਲ ਸੁਧਾਰੀ ਤੇ ਫਿਰ ਉਸ ਆਪਣੇ ਹੱਥਾਂ ਨਾਲ ਬਹੁਤ ਬਰੀਕ ਸੂਤ ਕੱਤਿਆ। ਬੜਾ ਪ੍ਰੇਮ ਧਾਰ ਕੇ ਵਸਤਰ ਉਣਾਇਆ ਤੇ ਗੁਰੂ ਜੀ ਵਾਸਤੇ ਪੋਸ਼ਾਕਾ ਤਿਆਰ ਕੀਤਾ॥੩੬॥

ਧੂਪ ਦੀਪ ਪੂਜਾ ਨਿਤ ਕਰੈ। ਦਰਸ਼ਨ ਆਸ ਧਯਾਨ ਪੁਨ ਧਰੈ।
ਆਰਬਲਾ ਮਮ ਭਈ ਬਿਤੀਤ। ਨਿਤ ਪ੍ਰਤਿ ਵਧਹਿ ਗੁਰੂ ਪਗ ਪ੍ਰੀਤਿ॥ ੩੭॥

ਧੂਪ ਦੀਪ ਜਗਾ ਕੇ ਨਿੱਤ ਪੂਜਾ ਕਰਦੀ ਸੀ, ਦਰਸ਼ਨਾਂ ਦੀ ਆਸ ਰੱਖ ਕੇ ਫਿਰ ਧਿਆਨ ਧਾਰਨ ਕਰਦੀ ਸੀ। ਮੇਰੀ ਉਮਰ ਬਤੀਤ ਹੋ ਗਈ ਹੈ, ਨਿਤ ਗੁਰੂ ਜੀ ਦੇ ਚਰਨਾਂ ਨਾਲ ਪ੍ਰੀਤ ਵਧਦੀ ਸੀ॥੩੭॥

ਕਰੁਨਾ ਕਰਿ ਗੁਰ ਮਮ ਘਰ ਆਵੈਂ। ਇਸ ਪ੍ਰਯੰਕ ਪਰ ਬੈਠਿ ਸੁਹਾਵੈਂ।
ਪਹਿਰਹਿਂ ਪੋਸ਼ਿਸ਼ ਕੋ ਮਮ ਹਾਥ। ਕਰਹਿਂ ਅਹਾਰ ਇਹਾਂ ਗੁਰ ਨਾਥ॥ ੩੮॥

ਕਿਰਪਾ ਕਰਕੇ ਗੁਰੂ ਜੀ ਮੇਰੇ ਘਰ ਆਉਣ, ਇਸ ਪਲੰਘ 'ਤੇ ਬੈਠ ਕੇ ਸ਼ੋਭਾ ਪਾਉਣ। ਮੇਰੇ ਹੱਥਾਂ ਨਾਲ ਪੋਸ਼ਾਕਾ ਪਾਉਣ ਤੇ ਏਥੇ ਆ ਕੇ ਗੁਰੂ ਜੀ ਭੋਜਨ ਛੱਕਣ॥੩੮॥

ਲਖਿ ਕਰਿ ਗਮਨੇ ਅੰਤਰਜਾਮੀ। ਲੀਨਸਿ ਤਿਸ ਘਰ ਕੋ ਮਗ ਸ੍ਵਾਮੀ।
ਜਾਇ ਠਾਂਢਿ ਹੋਏ ਤਿਸ ਪੌਰ। ਸੁਧਿ ਭੇਜੀ ਅੰਤਰ ਜਿਸ ਠੌਰ॥ ੩੯॥

ਅੰਤਰਜਾਮੀ ਗੁਰੂ ਜੀ ਸਭ ਕੁਝ ਸਮਝ ਕੇ ਉਸ ਪਾਸੇ ਵਲ ਗਏ। ਸਵਾਮੀ ਜੀ ਨੇ ਉਸ ਬਲਾਕੀ ਦਾਸ ਮਸੰਦ ਦੇ ਘਰ ਦਾ ਰਾਹ ਫੜਿਆ। ਮਸੰਦ ਦੇ ਦਰਵਾਜ਼ੇ ਦੇ ਬਾਹਰ ਜਾ ਖੜੇ ਹੋਏ ਤੇ ਜਿਸ ਥਾਂ ਮਾਤਾ ਜੀ ਸਨ ਉਥੇ ਖਬਰ ਭੇਜੀ॥੩੯॥

ਹਰਿਬਰਾਇ ਸੁਨਿ ਤੂਰਨ ਆਈ। ਚਰਨ ਕਮਲ ਗਹਿ ਕਰਿ ਲਪਟਾਈ।
'ਆਜ ਘਰੀ ਪਰ ਮੈਂ ਬਲਿਹਾਰੀ। ਜਿਸ ਤੇ ਪੂਰਵੀ ਆਸ ਹਮਾਰੀ'॥ ੪੦॥

ਕਾਹਲੀ ਨਾਲ ਸੁਣ ਕੇ ਤੁਰਤ ਆਈ ਤੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਫੜ ਕੇ ਲਿਪਟ ਗਈ ਤੇ ਕਹਿਣ ਲੱਗੀ, "ਅੱਜ ਇਸ ਘੜੀ ਤੇ ਮੈਂ ਬਲਿਹਾਰ ਜਾਂਦੀ ਹਾਂ, ਜਿਸ ਸਮੇਂ ਸਾਡੀ ਆਸ ਪੂਰੀ ਹੋਈ ਹੈ"॥੪੦॥

ਤਿਸ ਪ੍ਰਯੰਕ ਪਰ ਆਨਿ ਬਿਠਾਏ। ਹਰਖਤਿ ਚਾਰੁ ਬਸਤ੍ਰ ਨਿਕਸਾਏ।
ਅਪਨੇ ਕਰ ਤੇ ਕਰੇ ਬਨਾਵਨਿ। ਪ੍ਰੇਮ ਸਹਿਤ ਸੋ ਕਿਯ ਪਹਿਰਾਵਨ॥ ੪੧॥

ਉਸ ਪਲੰਘ ਤੇ ਲਿਆ ਕੇ ਗੁਰੂ ਜੀ ਨੂੰ ਬਿਠਾ ਦਿੱਤਾ, ਪ੍ਰਸੰਨ ਹੋ ਕੇ ਸੁੰਦਰ ਵਸਤਰ ਕੱਢੇ। ਜਿਹੜੇ ਆਪਣੇ ਹੱਥਾਂ ਨਾਲ ਉਹ ਬਣਾਏ ਸਨ ਤੇ ਪ੍ਰੇਮ ਨਾਲ ਉਨ੍ਹਾਂ ਵਸਤਰਾਂ ਨੂੰ ਗੁਰੂ ਜੀ ਨੂੰ ਪਹਿਨਾ ਦਿੱਤਾ॥੪੧॥

ਧੂਪ, ਦੀਪ, ਨਈਬੇਦ ਸੁਧਾਰਾ। ਕਰਿ ਪੂਜਨ ਸਤਿਗੁਰੂ ਉਦਾਰਾ।
ਤਬਿ ਸੋ ਬਿਰਧਾ ਭਈ ਨਿਹਾਲ। ਪੁਰਜੋ ਮਨੋਰਥ ਗੁਰੂ ਕ੍ਰਿਪਾਲ॥ ੪੨॥

ਧੂਪ, ਦੀਪ ਅਤੇ ਪ੍ਰਸ਼ਾਦਿ ਨੂੰ ਸੁਧਾਰਿਆ ਤੇ ਸਤਿਗੁਰੂ ਜੀ ਦੀ ਉਦਾਰ ਪੂਜਾ ਕੀਤੀ। ਤਦ ਉਹ ਬ੍ਰਿਧ ਇਸਤਰੀ ਨਿਹਾਲ ਹੋ ਗਈ। ਕਿਰਪਾਲੂ ਗੁਰੂ ਜੀ ਨੇ ਉਸਦਾ ਮਨੋਰਥ ਪੂਰਾ ਕਰ ਦਿੱਤਾ॥੪੨॥

ਭਈ ਪ੍ਰੇਮ ਤੇ ਗਦ ਗਦ ਬਾਨੀ। ਨਹਿਂ ਉਸਤਤਿ ਮੁਖ ਜਾਇ ਬਖਾਨੀ।
ਨੇਤ੍ਰਨਿ ਜਲ ਅਨੰਦ ਭਰਿ ਆਵਾ। ਹਰਖਤਿ ਰੰਕ ਮਨਹੁ ਧਨ ਪਾਵਾ॥ ੪੩॥

ਪ੍ਰੇਮ ਨਾਲ ਗਦ-ਗਦ ਹੋ ਕੇ ਉਸ ਪਾਸੋਂ ਬੋਲਿਆ ਨਹੀਂ ਸੀ ਜਾਂਦਾ ਤੇ ਮੁਖ ਨਾਲ ਉਸਤਤਿ ਕਹੀ ਨਹੀ ਸੀ ਜਾਂਦੀ। ਅਨੰਦ ਨਾਲ ਨੇਤਰਾਂ ਵਿਚ ਜਲ ਭਰ ਆਇਆ, ਕਿਸੇ ਗ਼ਰੀਬ ਨੇ ਮਾਨੋ ਬਹੁਤ ਧਨ ਪ੍ਰਾਪਤ ਕਰ ਲਿਆ ਹੋਵੇ॥੪੩॥

ਜਥਾ ਚੰਦ ਕੋ ਪਿਖਹਿ ਚਕੋਰ। ਇਕ ਟਕ ਦੇਖਤਿ ਗੁਰ ਪਗ ਓਰ।
ਕ੍ਰਿਪਾ ਨਿਧਾਨ ਪ੍ਰੇਮ ਤਿਸ ਹੇਰਾ। ਉਮਡਜੋ ਇਨ ਕੇ ਪ੍ਰੇਮ ਘਨੇਰਾ॥ ੪੪॥

ਜਿਵੇਂ ਚੰਦ ਵਲ ਚਕੋਰ ਵੇਖਦੀ ਹੈ, ਉਸ ਤਰ੍ਹਾਂ ਇਕ ਟਕ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਵੇਖ ਰਹੀ ਸੀ। ਕ੍ਰਿਪਾ ਨਿਧਾਨ ਗੁਰੂ ਜੀ ਨੇ ਪ੍ਰੇਮ ਨਾਲ ਵੇਖਿਆ ਤੇ ਉਨ੍ਹਾਂ ਵਿਚ ਬਹੁਤ ਪ੍ਰੇਮ ਉਮਡ ਆਇਆ॥੪੪॥

ਸ੍ਰੀ ਮੁਖ ਤੇ ਕਹਿ ਮਧੁਰ ਸੁਨਾਯਹੁ। 'ਤਵ ਕਾਰਨ ਮੈਂ ਇਸ ਥਲ ਆਯਹੂ।
ਤੋਹਿ ਪ੍ਰੇਮ ਮੇਰੇ ਮਨ ਭਾਯਹੁ। ਭਾਉ ਬਿਲੋਕਨਿ ਕੋ ਲਲਚਾਯਹੁ॥ ੪੫॥

ਗੁਰੂ ਜੀ ਨੇ ਮੁਖ ਤੋਂ ਮਿੱਠੇ ਬਚਨ ਕਹਿ ਕੇ ਸੁਣਾਏ, "ਤੁਹਾਡੇ ਕਾਰਨ ਮੈਂ ਇਸ ਸਥਾਨ ਤੇ ਆਇਆ ਹਾਂ। ਤੇਰਾ ਪ੍ਰੇਮ ਮੇਰੇ ਮਨ ਨੂੰ ਬਹੁਤ ਚੰਗਾ ਲੱਗਾ ਹੈ, ਤੁਹਾਡਾ ਪ੍ਰੇਮ ਵੇਖਣ ਨੂੰ ਦਿਲ ਲਲਚਾਇਆ ਹੈ॥੪੫॥

ਕਰਜੋ ਮਨੋਰਥ ਪੂਰਨ ਹੋਵਾ, ਸਦਨ ਬਿਠਾਇ ਮੋਹਿ ਕਹੁ ਜੋਵਾ।
ਅਬਿ ਤੇਰੇ ਉਰ ਲਾਲਸ ਜੋਈ। ਜਾਚਿ ਲੇਹੁ, ਮੈਂ ਦੇਵੌਂ ਸੋਈ॥ ੪੬॥

ਜੋ ਤੂੰ ਮਨੋਰਥ ਧਾਰਨ ਕੀਤਾ ਸੀ, ਉਹ ਪੂਰਾ ਹੋ ਗਿਆ ਹੈ, ਆਪਣੇ ਘਰ ਵਿਚ ਬਿਠਾ ਕੇ ਮੇਰੇ ਦਰਸ਼ਨ ਕੀਤੇ ਹਨ। ਹੁਣ ਤੇਰੇ ਹਿਰਦੇ ਵਿਚ ਜਿਹੜੀ ਖਾਹਿਸ਼ ਹੈ, ਉਸ ਨੂੰ ਮੰਗ ਲਵੋ, ਮੈਂ ਉਹ ਪੂਰੀ ਕਰ ਦੇਵਾਂਗਾ॥੪੬॥

ਸੁਨਿ ਕਰਿ ਬ੍ਰਿੱਧਾ ਭਈ ਅਧੀਨ। ਹਾਥ ਜੋਰਿ ਕਰਿ ਜਾਚਨਿ ਕੀਨਿ।
'ਰਾਵਰ ਕੋ ਦਰਸ਼ਨ ਨਿਤ ਪਾਵੌਂ। ਜਬਿ ਲਗਿ ਤਨ ਮਹਿਂ ਪ੍ਰਾਨ ਬਸਾਵੌਂ॥੪੭॥

ਇਹ ਸੁਣ ਕੇ ਬ੍ਰਿਧ ਇਸਤਰੀ ਅਧੀਨ ਹੋ ਗਈ ਤੇ ਹੱਥ ਜੋੜ ਕੇ ਮੰਗ ਕੀਤੀ, "ਆਪ ਜੀ ਦੇ ਨਿਤ ਦਰਸ਼ਨ ਪਾਵਾਂ, ਜਦ ਤਕ ਮੇਰੇ ਸਰੀਰ ਵਿਚ ਪ੍ਰਾਣ ਰਹਿਣ॥੪੭॥

ਇਹੀ ਆਸ ਮੇਰੀ ਸੋ ਦੀਜੈ। ਨਿਤ ਦਰਸ਼ਨ ਦੇ ਕਰਿ ਹਰਖੀਜੈ।
ਸੁਨਿ ਅਦਭੁਤ ਬਾਨੀ ਤਿਸ ਕੇਰੀ। ਕ੍ਰਿਪਾ ਦ੍ਰਿਸ਼ਟਿ ਤੇ ਸਤਿਗੁਰੁ ਹੇਰੀ॥ ੪੮॥

ਇਹੀ ਮੇਰੀ ਆਸ ਹੈ ਸੋ ਪੂਰੀ ਕਰੋ, ਨਿਤ ਦਰਸ਼ਨ ਦੇ ਕੇ ਪ੍ਰਸੰਨ ਕਰੋ।" ਉਸ ਦੀ ਅਦਭੁਤ ਬਾਣੀ ਸੁਣ ਕੇ, ਸਤਿਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਕਰਕੇ ਵੇਖਿਆ॥੪੮॥

'ਦੁਰਲਭ ਬਰ ਜਾਚਨ ਕੋ ਕੀਨਾ। ਪ੍ਰੇਮ ਦੇਖਿ ਕਰਿ ਸੋ ਮੈਂ ਦੀਨਾ।
ਜਬਿ ਸ਼ਨਾਨ ਕਰਿ ਠਾਨਹਿਂ ਧਜਾਨ। ਤਬਿ ਉਰ ਦੇਵੌਂ ਦਰਸ਼ਨ ਆਨਿ॥੪੯॥

"ਤੁਸੀਂ ਦੁਰਲਭ ਸ੍ਰੇਸ਼ਟ ਮੰਗ ਰੱਖੀ ਹੈ, ਪ੍ਰੇਮ ਵੇਖ ਕੇ ਸੋ ਮੈਂ ਪੂਰੀ ਕਰ ਦਿੱਤੀ ਹੈ। ਜਦ ਇਸ਼ਨਾਨ ਕਰਕੇ ਧਿਆਨ ਧਾਰਨ ਕਰੋਗੇ ਤਦ ਮੈਂ ਤੁਹਾਡੇ ਹਿਰਦੇ ਵਿਚ ਆ ਕੇ ਦਰਸ਼ਨ ਦੇਵਾਂਗਾ" ॥੪੯॥

ਬਸੀ ਪ੍ਰੇਮ ਕੇ ਹੁਇ ਗੁਨਖਾਨੀ। ਦੀਨਸਿ ਦਾਨ ਜਾਚਨਾ ਜਾਨੀ।
ਦਿਯੋ ਅਨੰਦ ਤਿਹ ਸਰਬ ਪ੍ਰਕਾਰ। ਜਗ ਸਾਗਰ ਤੇ ਕਰਯੋ ਉਧਾਰ॥ ੫੦ ॥

ਗੁਣਾਂ ਦੀ ਖਾਣ ਭਾਵ ਗੁਰੂ ਜੀ ਪ੍ਰੇਮ ਦੇ ਵੱਸ ਹੋ ਗਏ, ਉਸਦੀ ਮੰਗ ਜਾਣ ਕੇ ਦਾਨ ਦਿੱਤਾ। ਉਸਨੂੰ ਸਰਬ ਪ੍ਰਕਾਰ ਅਨੰਦ ਦਿੱਤਾ ਤੇ ਭਵ ਸਾਗਰ ਤੋਂ ਉਸ ਦਾ ਉਧਾਰ ਕਰ ਦਿੱਤਾ॥੫੦॥

ਬਡਭਾਗਾ ਹਰਖੀ ਬਰ ਪਾਇ। ਬਾਰ ਬਾਰ ਬਲਿਹਾਰੀ ਜਾਇ।
ਜਿਸ ਕੋ ਪ੍ਰੇਮ ਗੁਰੂ ਮਨ ਮਾਨੇ। ਕਯੋਂ ਨ ਹੋਇ ਤਿਸ ਕੋ ਕੱਲਜਾਨੇ॥ ੫੧ ॥

ਵੱਡੇ ਭਾਗਾਂ ਵਾਲੀ ਵਰ ਪਾ ਕੇ ਬਹੁਤ ਪ੍ਰਸੰਨ ਹੋਈ ਤੇ ਬਾਰ-ਬਾਰ ਬਲਿਹਾਰੀ ਜਾਂਦੀ ਸੀ। ਜਿਸ ਦਾ ਪ੍ਰੇਮ ਗੁਰੂ ਜੀ ਆਪਣੇ ਮਨ ਵਿਚ ਮੰਨਦੇ ਹਨ, ਉਸ ਦਾ ਫਿਰ ਕਿਉਂ ਨਾ ਕਲਿਆਣ ਹੋਵੇ॥੫੧॥

*ਬਾਰ੍ਹਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥੪॥*

## *ਅਧਿਆਇ ਪੰਜਵਾਂ*

*ਢਾਕੇ ਭਾਈ ਨੱਥਾ*

ਦੋਹਰਾ- ਨਾਮ ਬੁਲਾਕੀ ਦਾਸ ਜੋ ਬਡੋ ਮਸੰਦ ਸੁ ਦੇਸ਼।
ਹੁਤੀ ਨਗਰ ਕੀ ਸੰਗਤਾਂ ਲੀਨਿ ਸਕੇਲ ਅਸ਼ੇਸ਼॥ ੧ ॥

ਬੁਲਾਕੀ ਦਾਸ ਨਾਮੀ ਜਿਹੜਾ ਮਸੰਦ ਸੀ, ਉਹ ਉਸ ਦੇਸ਼ ਦਾ ਬਹੁਤ ਵੱਡਾ ਮਸੰਦ ਸੀ। ਜੋ ਨਗਰ ਦੀਆਂ ਸੰਗਤਾਂ ਸਨ, ਉਹ ਸਾਰੀਆਂ ਉਸ ਇਕੱਠੀਆਂ ਕਰ ਲਈਆਂ॥੧॥

ਚੌਪਈ- ਸੁਨਿ ਸੁਨਿ ਸਿਖ ਸਤਿਗੁਰ ਆਗਵਨੂ। ਰੁਚਿਰ ਅਕੋਰਨਿ ਲੇ ਨਿਜ ਭਵਨੂ।
ਚੌਂਪਤਿ ਚਿਤ ਚਾਹਤਿ ਦਰਸਾਵਨ। ਹੋਹਿਂ ਨਿਹਾਲ ਹੇਰਿ ਪਗ ਪਾਵਨ॥੨॥

ਸੁਣ ਸੁਣ ਕੇ ਸਿੱਖ ਸਤਿਗੁਰੂ ਜੀ ਪਾਸ ਆਉਂਦੇ ਸਨ। ਉਹ ਆਪਣੇ ਘਰਾਂ ਤੋਂ ਸੁੰਦਰ ਉਪਹਾਰ ਲੈਂਦੇ ਸਨ ਤੇ ਚਿੱਤ ਵਿਚ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ ਤੇ ਪਵਿੱਤਰ ਚਰਨਾਂ ਨੂੰ ਵੇਖ ਕੇ ਨਿਹਾਲ ਹੋ ਜਾਂਦੇ ਸਨ॥੨॥

ਸਭਿ ਇਕੱਤ੍ਰ ਕਰਿ ਸੰਗਤਿ ਰਾਸ। ਆਗੈ ਹੋਇ ਬੁਲਾਕੀ ਦਾਸ।
ਗਾਵਤਿ ਸ਼ਬਦ ਪ੍ਰੇਮ ਗੁਰ ਮਾਤੇ। ਲੋਚਨ ਤੇ ਜਲਬੁੰਦਨ ਜਾਤੇ॥ ੩ ॥

ਸਾਰੀ ਸੰਗਤ ਇਕੱਠੀ ਕਰਕੇ, ਉਨ੍ਹਾਂ ਅੱਗੇ ਸ੍ਰੀ ਬੁਲਾਕੀ ਦਾਸ ਹੋ ਗਏ। ਗੁਰੂ ਜੀ ਦੇ ਪ੍ਰੇਮ ਵਿਚ ਮਸਤ ਹੋਕੇ ਸ਼ਬਦ ਗਾਉਂਦੇ ਸਨ ਤੇ ਨੇਤਰਾਂ ਵਿਚ ਜਲ ਦੀਆਂ ਬੂੰਦਾਂ ਵਹਿ ਰਹੀਆਂ ਸਨ॥੩॥

ਸਨੇ ਸਨੇ ਸਭਿ ਚਲਿ ਕਰਿ ਆਏ। ਪਰਮ ਪ੍ਰੀਤਿ ਪਾਇਨ ਲਪਟਾਏ।
ਅਰਪਨ ਕੀਨਿ ਅਕੋਰ ਅਨੇਕ। ਹੇਰਿ ਹੇਰਿ ਕਰਿ ਜਲਧਿ ਬਿਬੇਕ॥੪॥

ਹੌਲੀ-ਹੌਲੀ ਸਾਰੇ ਚਲ ਕੇ ਆ ਗਏ ਤੇ ਪਰਮ ਪ੍ਰੀਤ ਨਾਲ ਚਰਨਾਂ ਨਾਲ ਲਿਪਟ ਗਏ। ਉਨ੍ਹਾਂ ਨੇ ਅਨੇਕਾਂ ਉਪਹਾਰ ਅਰਪਣ ਕੀਤੇ ਤੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਦੇ ਦਰਸ਼ਨ ਕੀਤੇ॥੪॥

ਬਾਰ ਬਾਰ ਹੋਵਤਿ ਬਲਿਹਾਰੀ। ਬੰਦਨ ਕਰਿ ਕਰਿ ਬਿਨੈ ਉਚਾਰੀ।
ਆਇਸੁ ਪਾਇ ਬੈਠਿ ਸਭਿ ਗਏ। ਸ਼ਬਦ ਪ੍ਰੇਮ ਤੇ ਗਾਵਤਿ ਭਏ॥ ੫ ॥

ਬਾਰ-ਬਾਰ ਬਲਿਹਾਰ ਜਾਂਦੇ ਸਨ ਤੇ ਬੰਦਨਾ ਕਰ-ਕਰ ਬੇਨਤੀ ਕਰਦੇ ਸਨ। ਆਗਿਆ ਪਾ ਕੇ ਫਿਰ ਸਾਰੇ ਬੈਠ ਗਏ ਤੇ ਪ੍ਰੇਮ ਨਾਲ ਸ਼ਬਦ ਗਾਇਣ ਕਰਦੇ ਰਹੇ॥੫॥

ਕਰਜੋ ਕੀਰਤਨ ਕੋ ਚਿਰਕਾਲ। ਸੁਨਿ ਗੁਰ ਭਏ ਪ੍ਰਸੰਨ ਬਿਸਾਲ।
ਕ੍ਰਿਪਾ ਧਾਰਿ ਐਸੇ ਕਹਿ ਵਾਕਾ। 'ਮਮ ਸਿੱਖੀ ਕੋ ਕੋਠਾ ਢਾਕਾ॥ ੬ ॥

ਗੁਰੂ ਜੀ ਨੇ ਕੀਰਤਨ ਕਾਫੀ ਸਮੇਂ ਤੋਂ ਸੁਣਿਆ ਨਹੀਂ ਸੀ, ਉਨ੍ਹਾਂ ਪਾਸੋਂ ਕੀਰਤਨ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਕਿਰਪਾ ਧਾਰ ਕੇ ਇਸ ਤਰ੍ਹਾਂ ਬਚਨ ਕੀਤੇ, "ਢਾਕਾ ਮੇਰੀ ਸਿੱਖੀ ਦਾ ਕੋਠਾ ਹੈ॥੬॥

ਭਲੀ ਭਾਂਤਿ ਮੁਹਿ ਭਜਨ ਸੁਨਾਯਹੁ। ਅਧਿਕ ਪ੍ਰੇਮ ਤੇ ਰਿਦਾ ਰਿਝਾਯਹੁ'।
ਤਬਿ ਉਠਿ ਕਰਿ ਸਭਿ ਸੰਗਤਿ ਰਾਸ। ਜਿਨ ਮਹੁਂ ਅੱਗ੍ਰ ਬੁਲਾਕੀ ਦਾਸ॥੭॥

ਭਲੀ ਭਾਂਤ ਤੁਸੀਂ ਮੈਨੂੰ ਕੀਰਤਨ ਸੁਣਾਇਆ ਹੈ, ਅਧਿਕ ਪ੍ਰੇਮ ਨਾਲ ਮੇਰੇ ਹਿਰਦੇ ਨੂੰ ਰੀਝਾਇਆ ਹੈ।" ਤਦ ਸਾਰੀ ਸੰਗਤ ਉੱਠ ਕੇ ਖੜੀ ਹੋ ਗਈ, ਜਿਨ੍ਹਾਂ ਦੇ ਸਭ ਦੇ ਅੱਗੇ ਬੁਲਾਕੀ ਦਾਸ ਸੀ॥੭॥

ਦੀਪਕ ਬਾਰਿ ਆਰਤੀ ਕਰੀ। ਧੂਪ ਧੁਖਾਇ ਅਗਾਰੀ ਧਰੀ।
ਫੂਲਨਿ ਮਾਲਾ ਗਰ ਪਹਿਰਾਈ। ਅਧਿਕ ਸੁਗੰਧੈਂ ਢਿਗ ਛਿਰਕਾਈ॥੮॥

ਦੀਪਕ ਬਾਲ ਕੇ ਆਰਤੀ ਕੀਤੀ, ਧੂਪ ਧੁਖਾ ਕੇ ਅੱਗੇ ਧਰਿਆ। ਫੁੱਲਾਂ ਦੇ ਹਾਰ ਗਲ ਵਿਚ ਪਾਏ ਤੇ ਬਹੁਤ ਸੁਗੰਧੀਆਂ ਭਰਿਆ ਗੁਰੂ ਜੀ ਦੇ ਨੇੜੇ ਛਿੜਕਾਅ ਕੀਤਾ॥੮॥

ਪਗ ਪੰਕਜ ਪਾਵਨ ਗਹਿ ਹਾਥ। ਕਰੇ ਪਖਾਰਨਿ ਸ਼ੁਭ ਜਲ ਸਾਥ।
ਪੁਨ ਪਟ ਸੌਂ ਪੌਂਛੇ ਕਰਿ ਪ੍ਰੀਤਿ। ਲੇ ਚਰਣਾਂਮ੍ਰਿਤ, ਹਰਖਤਿ ਚੀਤ॥ ੯ ॥

ਪਵਿੱਤਰ ਚਰਨ ਕੰਵਲਾਂ ਨੂੰ ਹੱਥ ਨਾਲ ਫੜ ਕੇ ਸ਼ੁਭ ਜਲ ਨਾਲ ਧੋਤੇ। ਫਿਰ ਪ੍ਰੀਤ ਨਾਲ ਰੇਸ਼ਮ ਦੇ ਕੱਪੜੇ ਨਾਲ ਸਾਫ ਕੀਤੇ ਤੇ ਚਰਣਾਂਮ੍ਰਿਤ ਲੈ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੋਏ॥੯॥

ਦੇਖਿ ਭਾਉ ਸਤਿਗੁਰੂ ਬਖਾਨਾ। 'ਹਮ ਨੇ ਤੁਮਰੋ ਪ੍ਰੇਮ ਪਛਾਨਾ।
ਤਿਸ ਕੇ ਬਸਿ ਹੁਇ ਇਤ ਚਲਿ ਆਏ। ਸੇਵਾ ਤੁਮ ਤੇ ਸਭਿ ਬਨਿ ਆਏ॥੧੦॥

ਪ੍ਰੇਮ ਭਾਵਨਾ ਵੇਖ ਕੇ ਸਤਿਗੁਰੂ ਜੀ ਨੇ ਕਿਹਾ, "ਅਸੀਂ ਤੁਹਾਡਾ ਪ੍ਰੇਮ ਪਛਾਣਿਆ ਹੈ, ਉਸ ਦੇ ਵੱਸ ਹੋਏ ਏਧਰ ਚਲ ਕੇ ਆਏ ਹਾਂ। ਤੁਸੀਂ ਸਭ ਪ੍ਰਕਾਰ ਦੀ ਸੇਵਾ ਕਰ ਸਕਦੇ ਹੋ॥੧੦॥

ਅਬਿ ਧ੍ਰਮਸਾਲਾ ਸੁੰਦਰ ਪਾਵਹੁ। ਜਥਾ ਸ਼ਕਤਿ ਤਹਿਂ ਸੰਤ ਟਿਕਾਵਹੁ।
ਤਿਸ ਮਹਿਂ ਮਿਲਹੁ ਸਿੱਖਜ ਮਮ ਪਜਾਰੇ। ਕਰਹੁ ਕੀਰਤਨ ਸ਼੍ਰੇਯ ਤੁਮਾਰੇ॥੧੧॥

ਹੁਣ ਸੁੰਦਰ ਧਰਮਸ਼ਾਲਾ ਪਾਵੋ, ਯਥਾ ਸ਼ਕਤੀ ਉਥੇ ਕਿਸੇ ਸੰਤ ਨੂੰ ਟਿਕਾਵੋ, ਉਸ ਧਰਮਸ਼ਾਲਾ ਵਿਚ ਮੇਰੇ ਪਿਆਰੇ ਸਿੱਖ ਇਕੱਠੇ ਹੋ ਕੇ ਮਿਲੋ ਤੇ ਕੀਰਤਨ ਕਰੋ, ਤੁਹਾਡਾ ਕਲਿਆਣ ਹੋ ਜਾਵੇਗਾ॥੧੧॥

ਜੋੜ ਕਰਹੁ ਪੁਰਬਨਿ ਕੇ ਮਾਂਹਿ। ਗੁਰੂ ਅਰਾਧਹੁ ਸਭਿ ਦੁਖ ਜਾਹਿਂ'।
ਸੁਨਿ ਸੰਗਤ ਨੇ ਸਤਿਗੁਰ ਬਾਨੀ। ਹਾਥ ਜੋਰਿ ਨੰਮ੍ਰੀ ਹੁਇ ਮਾਨੀ॥ ੧੨ ॥

ਤਿਹਾਵਾਰਾਂ ਦੇ ਸਮੇਂ ਜੋੜ ਮੇਲਾ ਕਰੋ, ਗੁਰੂ ਦੀ ਅਰਾਧਣਾ ਕਰੋ ਤਾਂ ਸਾਰੇ ਦੁਖ ਦੂਰ ਹੋ ਜਾਣਗੇ।" ਸੰਗਤ ਨੇ ਸਤਿਗੁਰੂ ਜੀ ਦੇ ਬਚਨ ਸੁਣ ਕੇ ਹੱਥ ਜੋੜ ਕੇ ਸਨਿੰਮਰ ਹੋ ਕੇ ਮੰਨ ਲਿਆ॥੧੨॥

ਮਥਰਾ ਪੁਰਿ ਮਹਿਂ ਸਭਿ ਤਤਕਾਲ। ਧ੍ਰਮਸਾਲਾ ਤਹਿਂ ਰਚੀ ਬਿਸਾਲ।
ਸ੍ਰੀ ਸਤਿਗੁਰ ਹਰਿ ਗੋਵਿੰਦ ਧੀਰ। ਪਠਜੋ ਹੁਤੋ ਅਲਮਸਤ ਫਕੀਰ॥ ੧੩ ॥

ਮਥਰਾ ਨਗਰ ਵਿਚ ਸਾਰਿਆਂ ਨੇ ਮਿਲਕੇ ਤੁਰਤ ਇਕ ਵਿਸ਼ਾਲ ਧਰਮਸ਼ਾਲਾ ਬਣਾ ਦਿੱਤੀ। ਸ੍ਰੀ ਸਤਿਗੁਰੂ ਸ੍ਰੀ ਹਰਿਗੋਬਿੰਦ ਸਾਹਿਬ ਧੀਰਜਵਾਨ ਨੇ ਪਹਿਲਾਂ ਉਥੇ ਅਲਮਸਤ ਨਾਮੀ ਫਕੀਰ ਭੇਜਿਆ ਸੀ॥੧੩॥

ਪ੍ਰਥਮ ਕਥਾ ਇਹ ਕਹਿ ਸਭਿ ਆਏ। ਜਥਾ ਕਾਜ ਤਿਨ ਤਹਾਂ ਬਨਾਏ।
ਹੁਤੋ ਤਿਸੀ ਕੋ ਪੋਤਾ ਚੇਲਾ। ਮਿਲਤਿ ਸਭਿਨਿ ਜਹਿਂ ਸੰਗਤਿ ਮੇਲਾ॥੧੪॥

ਪਹਿਲਾਂ ਇਸ ਬਾਰੇ ਸਾਰੀ ਕਥਾ ਕਹਿ ਆਏ ਹਾਂ, ਉਸ ਤਰ੍ਹਾਂ ਹੀ ਉਥੇ ਉਸ ਕਾਰਜ ਬਣਾਏ, ਉਸੇ ਦੇ ਚੇਲੇ ਦਾ ਉਥੇ ਪੋਤਾ ਚੇਲਾ ਰਹਿੰਦਾ ਸੀ ਜਿੱਥੇ ਸੰਗਤ ਦਾ ਮੇਲਾ ਹੁੰਦਾ ਸੀ ਉਥੇ ਉਹ ਸਾਰਿਆਂ ਨੂੰ ਮਿਲਦਾ ਸੀ॥੧੪॥

ਭਾਈ ਨੱਥਾ ਭਾਖਹਿਂ ਨਾਮੁ। ਢਾਕੇ ਬਿਖੇ ਬਸਹਿ ਸ਼ੁਭ ਧਾਮ।
ਸ੍ਰੀ ਹਰਿਰਾਇ ਹੁਕਮ ਕੋ ਪਾਇ। ਬਸਤ੍ਰਨਿ ਕੀ ਪੋਸ਼ਿਸ਼ ਬਨਿਵਾਇ॥੧੫॥

ਭਾਈ ਨੱਥਾ ਉਸ ਦਾ ਨਾਮ ਲੈਂਦੇ ਸਨ, ਉਹ ਢਾਕੇ ਵਿਖੇ ਸ਼ੁਭ ਘਰ ਵਿਚ ਰਹਿੰਦਾ ਸੀ। ਸ੍ਰੀ ਗੁਰੂ ਹਰਿਰਾਇ ਜੀ ਦਾ ਹੁਕਮ ਪਾ ਕੇ ਉਹ ਕੱਪੜਿਆਂ ਦੇ ਪੋਸ਼ਾਕੇ ਬਣਾਉਂਦਾ ਸੀ॥੧੫॥

ਸਤਿਗੁਰ ਹਿਤ ਭੇਜਤਿ ਸੋ ਰਹੈ। ਇਹ ਸੇਵਾ ਨਿਤ ਸਾਂਭਤਿ ਅਹੈ।
ਭਾਂਤਿ ਭਾਂਤਿ ਕੇ ਸੂਖਮ ਮਹਾਂ। ਬਹੁ ਮੋਲੇ ਪਟ ਲੇ ਕਰਿ ਤਹਾਂ॥੧੬॥

ਸਤਿਗੁਰੂ ਜੀ ਵਾਸਤੇ ਭੇਜਦਾ ਰਹਿੰਦਾ ਸੀ, ਇਹ ਸੇਵਾ ਸਦਾ ਕਰਦਾ ਰਹਿੰਦਾ ਸੀ। ਭਾਂਤ-ਭਾਂਤ ਦਾ ਮਹਾਂ ਸੂਖਮ ਤੇ ਬਹੁਤ ਕੀਮਤੀ ਰੇਸ਼ਮੀ ਕੱਪੜਾ ਮੁੱਲ ਲੈਂਦਾ ਸੀ॥੧੬॥

ਹਿਤ ਪੋਸ਼ਿਸ਼ ਕੇ ਬਹੁਤ ਪਠਾਵਹਿ। ਇਸ ਸੇਵਾ ਹਿਤ ਤਹਾਂ ਰਹਾਵਹਿ।
ਆਦਿ ਬੁਲਾਕੀ ਦਾਸ ਮਸੰਦ। ਤਿਹ ਸੋਂ ਕ੍ਰੋਧਤਿ ਰਹਤਿ ਬਿਲੰਦ॥੧੭॥

ਪਹਿਣਨ ਵਾਸਤੇ ਬਹੁਤ ਪੋਸ਼ਾਕਾਂ ਭੇਜਦਾ ਸੀ ਤੇ ਇਸ ਸੇਵਾ ਵਾਸਤੇ ਹੀ ਢਾਕੇ ਵਿਚ ਰਹਿੰਦਾ ਸੀ। ਬੁਲਾਕੀ ਦਾਸ ਮਸੰਦ ਆਦਿ ਉਸ ਨਾਲ ਬਹੁਤ ਗੁੱਸੇ ਰਹਿੰਦੇ ਸਨ॥੧੭॥

ਰਿਸ ਧਰਿ ਕਈ ਬਾਰ ਲਰ ਪਰੈਂ। ਨਹਿਂ ਬਨਿ ਆਇ, ਬੈਰ ਕੋ ਕਰੈਂ।
ਇਕ ਅੰਗੀ ਉਨਮੱਤ ਫਕੀਰ। ਗੁਰੁ ਸੇਵਾ ਪ੍ਰੇਮੀ ਧਰਿ ਧੀਰ॥੧੮॥

ਗੁੱਸਾ ਧਾਰ ਕੇ ਕਈ ਵਾਰ ਲੜ ਪੈਂਦੇ ਸਨ, ਆਪਸ ਵਿਚ ਬਣਦੀ ਨਹੀਂ ਸੀ, ਇਕ ਦੂਸਰੇ ਨਾਲ ਵੈਰ ਬਹੁਤ ਕਰਦੇ ਸਨ। ਇਕ ਗੁਰੂ ਜੀ ਦੀ ਪ੍ਰੀਤ ਦੇ ਪੱਖ ਵਾਲਾ ਤੇ ਮਸਤ ਫਕੀਰ ਸੀ ਤੇ ਬੜਾ ਧੀਰਜ ਧਾਰ ਕੇ ਗੁਰੂ ਜੀ ਦੀ ਸੇਵਾ ਕਰਦਾ ਸੀ॥੧੮॥

ਸੰਗਤਿ ਸਹਿਤ ਬੁਲਾਕੀ ਦਾਸ। ਨਾਲਸ਼ ਕਰੀ ਗੁਰੂ ਕੇ ਪਾਸ।
'ਹੇ ਪ੍ਰਭੁ ਜੀ! ਇਹ ਨੱਥਾ ਭਾਈ। ਹਮ ਸੋਂ ਨਿਤ ਪ੍ਰਤਿ ਕਰਤਿ ਲਰਾਈ॥੧੯॥

ਸੰਗਤ ਸਹਿਤ ਬੁਲਾਕੀ ਦਾਸ ਨੇ ਗੁਰੂ ਜੀ ਦੇ ਪਾਸ ਫਰਿਆਦ ਕੀਤੀ, "ਹੇ ਪ੍ਰਭੂ ਜੀ! ਇਹ ਨੱਥਾ ਭਾਈ ਸਦਾ ਸਾਡੇ ਨਾਲ ਲੜਾਈ ਕਰਦਾ ਹੈ॥੧੯॥

ਸੰਗਤਿ ਅਪਰ ਮਸੰਦਨਿ ਸੰਗ। ਨਹਿਂ ਕਜੋਂਹੂੰ ਰਾਖਤਿ ਰਸ ਰੰਗ॥
ਬਹੁ ਦੁਰਬਚਨ ਕਹਤਿ ਹੀ ਰਹੈ। ਸੁਨਿ ਲਖਿ ਸੰਤ ਸਕਲ ਹੀ ਸਹੈਂ॥੨੦॥

ਸੰਗਤ ਤੇ ਹੋਰ ਮਸੰਦਾਂ ਨਾਲ, ਇਹ ਕਿਸੇ ਤਰ੍ਹਾਂ ਵੀ ਪ੍ਰੇਮ ਪਿਆਰ ਨਹੀਂ ਰੱਖਦਾ ਹੈ। ਬਹੁਤ ਦੁਰਬਚਨ ਕਹਿੰਦਾ ਹੀ ਰਹਿੰਦਾ ਹੈ। ਸੰਤ ਸਮਝ ਕੇ ਸਾਰੇ ਬਰਦਾਸ਼ਤ ਕਰਦੇ ਹਨ॥੨੦॥

ਗੁਰ ਕੇ ਕਰੇ ਮਸੰਦ ਮਹਾਨ। ਨਹਿਂ ਰਾਖਤਿ ਇਹੁ ਕਿਸ ਕੀ ਆਨਿ'।
ਕਹਿ ਸ੍ਰੀ ਤੇਗ ਬਹਾਦਰ ਹਸੇ। 'ਨੱਥਾ ਨਿਤ ਹਜ਼ੂਰ ਮਮ ਬਸੈ॥ ੨੧॥

ਗੁਰੂ ਜੀ ਨੇ ਜਿਹੜੇ ਮਹਾਨ ਮਸੰਦ ਬਣਾਏ ਹਨ, ਇਹ ਉਨ੍ਹਾਂ ਵਿਚੋਂ ਕਿਸੇ ਦੀ ਵੀ ਪ੍ਰਵਾਹ ਨਹੀਂ ਕਰਦਾ ਹੈ।" ਇਹ ਸੁਣ ਕੇ ਸ੍ਰੀ ਤੇਗ ਬਹਾਦਰ ਜੀ ਹੱਸ ਪਏ ਤੇ ਕਹਿਣ ਲੱਗੇ, "ਨੱਥਾ ਨਿੱਤ ਮੇਰੀ ਹਜ਼ੂਰੀ ਵਿਚ ਰਹਿੰਦਾ ਹੈ॥੨੧॥

ਨਹਿਂ ਮਮ ਢਿਗ ਕਿਹ ਦੇਤਿ ਦਿਖਾਈ। ਢਾਕੇ ਬਿਖੈ ਸੁ ਆਪ ਲਖਾਈ'।
ਪਠਜੋ ਦਾਸ ਨੱਥਾ ਬੁਲਵਾਯੋ। ਸੰਗਤਿ ਕੇ ਸਮੀਪ ਬੈਠਾਯੋ॥ ੨੨॥

ਮੇਰੇ ਪਾਸ ਹੁੰਦਾ ਉਹ ਕਿਸੇ ਨੂੰ ਦਿਖਾਈ ਨਹੀਂ ਦਿੰਦਾ ਹੈ, ਢਾਕੇ ਵਿਚ ਆਪਣੇ ਆਪ ਨੂੰ ਵਿਖਾਉਂਦਾ ਹੈ।" ਇਕ ਦਾਸ ਨੂੰ ਭੇਜ ਕੇ ਭਾਈ ਨੱਥੇ ਨੂੰ ਬੁਲਾਇਆ ਤੇ ਸੰਗਤ ਦੇ ਪਾਸ ਬਿਠਾਇਆ॥੨੨॥

ਬੂਝਜੋ ਤਿਸ ਕੋ 'ਨੱਥਾ ਭਾਈ! ਸਭਿ ਤੇਰੀ ਇਹ ਕਹਤਿ ਬੁਰਾਈ।
ਹਮ ਕੋ ਦੇਤਿ ਰਹਹਿ ਨਿਤ ਗਾਰੀ। ਸੰਗਤਿ ਸੰਗ ਨ ਭਲੋ ਉਚਾਰੀ॥ ੨੩॥

ਗੁਰੂ ਜੀ ਨੇ ਉਸ ਨੂੰ ਪੁਛਿਆ, "ਨੱਥਾ ਭਾਈ! ਇਹ ਸਾਰੇ ਤੇਰੀ ਬੁਰਾਈ ਕਹਿੰਦੇ ਹਨ। ਇਹ ਕਹਿੰਦੇ ਹਨ, ਸਾਨੂੰ ਸਦਾ ਗਾਲ੍ਹਾਂ ਕੱਢਦਾ ਰਹਿੰਦਾ ਹੈ ਸੰਗਤ ਨਾਲ ਭਲੇ ਬਚਨ ਨਹੀਂ ਉਚਾਰਨ ਕਰਦਾ ਹੈ॥੨੩॥

ਸਿੱਖਜਨਿ ਕੀ ਸਲਾਹ ਨਹਿਂ ਲੇਵਹਿ। ਜੋ ਮੁਖ ਆਵਤਿ ਸੋ ਬਕ ਦੇਵਹਿ'।
ਸੁਨਿ ਭਾਈ ਨੱਥੇ ਬਚ ਬੋਲੇ। 'ਇਹ ਧੀ ਕੇ ਰੌੜੇ ਮਤਿ ਹੌਲੇ' ॥ ੨੪॥

ਸਿੱਖਾਂ ਦੀ ਸਲਾਹ ਨਹੀਂ ਲੈਂਦਾ ਹੈ, ਜੋ ਵੀ ਮੁਖ ਵਿਚ ਆਉਂਦਾ ਹੈ ਬੋਲ ਦਿੰਦਾ ਹੈ।" ਇਹ ਸੁਣ ਕੇ ਭਾਈ ਨੱਥੇ ਨੇ ਕਿਹਾ, "ਇਹ ਅਕਲੋਂ ਸੱਖਣੇ ਤੇ ਮੱਤ ਦੇ ਹੌਲੇ ਹਨ"॥੨੪॥

ਅਰਲ ਬਰਲ ਬਹੁ ਬਚਨ ਉਚਾਰੀ। 'ਮੈਂ ਇਨ ਕੋ ਕਬਿ ਦਈ ਨ ਗਾਰੀ'।
ਸੁਨਿ ਸ੍ਰੀ ਸਤਿਗੁਰ ਬਹੁ ਬਿਗਸਾਏ। ਬੈਠੇ ਹੁਤੇ ਸਕਲ ਮੁਸਕਾਏ॥ ੨੫॥

ਅਰਲ ਬਰਲ ਬਹੁਤ ਮੁਖ ਤੋਂ ਬੋਲਿਆ, "ਮੈਂ ਇਨ੍ਹਾਂ ਨੂੰ ਕਦੀ ਗਾਲ੍ਹੀ ਨਹੀਂ ਦਿੱਤੀ ਹੈ।" ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਜਿੰਨੇ ਵੀ ਉਥੇ ਬੈਠੇ ਸਨ, ਸਾਰੇ ਮੁਸਕਰਾ ਪਏ॥੨੫॥

'ਅਬਿ ਹਜ਼ੂਰ ਮਹਿਂ ਗਾਰਿ ਨਿਕਾਰਤਿ। ਗੁਰਨਿ ਸੁਨਾਵਹਿ ਮੈਂ ਨ ਉਚਾਰਤਿ'।
ਤਬਿ ਸ੍ਰੀ ਤੇਗ ਬਹਾਦਰਿ ਕਹਜੋ। 'ਇਸਕੋ ਇਮ ਸੁਭਾਵ ਹੀ ਲਹਜੋ॥ ੨੬॥

"ਹੁਣ ਹਜ਼ੂਰ ਮੈਂ ਗਾਲ੍ਹ ਕੱਢਾਂ ਤਾਂ ਗੁਰੂ ਜੀ ਸੁਣਨਗੇ, ਇਸ ਕਰਕੇ ਮੈਂ ਉਚਾਰਨ ਨਹੀਂ ਕਰਦਾ ਹਾਂ।" ਤਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਇਸ ਦਾ ਇਸ ਤਰ੍ਹਾਂ ਦਾ ਸੁਭਾਅ ਬਣ ਚੁਕਾ ਹੈ॥੨੬॥

ਭਾਈ ਨੱਥਾ ਦੇ ਜਬਿ ਗਾਰੀ। ਤੁਮ ਤਬਿ ਜਾਨਹੁ ਕਰੁਨਾ ਧਾਰੀ।
ਇਸਕੇ ਉਰ ਬਿਕਾਰ ਨਹਿਂ ਕੋਈ। ਬੋਲਨਿ ਗਤਿ ਐਸੀ ਨਿਤ ਹੋਈ॥ ੨੭॥

ਭਾਈ ਨੱਥਾ ਜਦ ਗਾਲ੍ਹੀ ਦੇਵੇ, ਤੁਸੀਂ ਤਦ ਇਹ ਸਮਝੋ ਕਿ ਇਸ ਨੇ ਕਿਰਪਾ ਧਾਰਨ ਕੀਤੀ ਹੈ। ਇਸ ਦੇ ਹਿਰਦੇ ਵਿਚ ਕੋਈ ਵਿਕਾਰ ਨਹੀਂ ਹੈ, ਇਸ ਦੇ ਬੋਲਣ ਦਾ ਲਹਿਜਾ ਹੀ ਐਸਾ ਹੋ ਗਿਆ ਹੈ॥੨੭॥

ਕਰਹੁ ਨ ਗਿਲਾ ਸੁਨਤਿ ਇਸ ਬੈਨ। ਹਿਰਦਾ ਸ਼ੁੱਧ ਬਿਰੋਧੀ ਹੈ ਨ।
ਇਹ ਸੂਧਾ ਉਨਮੱਤ ਫਕੀਰ। ਸੂਧੀ ਬਾਤ ਭਨਤਿ ਉਰ ਧੀਰ॥ ੨੮॥

ਇਸ ਦੇ ਬਚਨ ਸੁਣ ਕੇ ਕੋਈ ਗਿਲਾ ਨਾ ਕਰੋ, ਇਸ ਦਾ ਹਿਰਦਾ ਸ਼ੁੱਧ ਹੈ, ਕਿਸੇ ਦਾ ਵਿਰੋਧੀ ਨਹੀਂ ਹੈ। ਇਹ ਨਿਸ਼ਕਪਟ ਉਨਮੱਤ ਫਕੀਰ ਹੈ ਤੇ ਹਿਰਦੇ ਵਿਚ ਨਿਸ਼ਕਪਟ ਗੱਲ ਧਾਰ ਕੇ ਬੋਲਦਾ ਹੈ॥੨੮॥

ਇਕ ਅੰਗੀ ਸੂਧੇ ਮਗ ਪਰਿਓ। ਨਹੀਂ ਕੁਟਿਲ ਪਨ ਕੋ ਮਨ ਧਰਿਓ।
ਮਾਨੈ ਬਚਨ ਸਾਚ ਨਿਤ ਮੇਰਾ। ਚਢਜੋ ਰੰਗ ਅਨੁਰਾਗ ਬਡੇਰਾ ॥ ੨੯ ॥

ਇਹ ਨਿਰੋਲ ਗੁਰੂ ਦੀ ਪ੍ਰੀਤ ਵਾਲੇ ਨਿਸ਼ਕਪਟ ਰਾਹ ਤੇ ਪਿਆ ਹੈ ਤੇ ਮਨ ਵਿਚ ਇਸ ਨੇ ਕੋਈ ਕੁਟਲਪਨਾ ਧਾਰਨ ਨਹੀਂ ਕੀਤਾ ਹੈ। ਮੇਰਾ ਸੱਚਾ ਬਚਨ ਨਿੱਤ ਮੰਨਦਾ ਹੈ, ਇਸ ਨੂੰ ਪ੍ਰੇਮ ਦਾ ਵੱਡਾ ਰੰਗ ਚੜ੍ਹਿਆ ਹੋਇਆ ਹੈ ॥੨੯॥

ਸੰਗਤਿ ਸਹਿਤ ਮਸੰਦ ਜਿ ਅਹੋ। ਸੁਨਤਿ ਬਾਕ ਉਰ ਛੋਭ ਨ ਲਹੋ।
ਸਦਾ ਪ੍ਰੇਮ ਹੀ ਇਹ ਸੰਗ ਕਰੋ। ਸੁਖ ਪਾਵਹੁ ਮਮ ਬਚ ਮਨ ਧਰੋ ॥ ੩੦ ॥

ਸੰਗਤ ਸਹਿਤ ਜਿਹੜੇ ਮਸੰਦ ਹਨ, ਇਸ ਦੇ ਬਚਨ ਸੁਣ ਕੇ ਦਿਲ ਵਿਚ ਗੁੱਸਾ ਨਾ ਕਰੋ। ਸਦਾ ਹੀ ਇਸ ਨਾਲ ਪ੍ਰੇਮ ਹੀ ਕਰੋ, ਮੇਰੇ ਬਚਨ ਮਨ ਵਿਚ ਧਾਰ ਕੇ ਸੁਖ ਪਾਵੋਗੇ ॥੩੦॥

ਨਹੀਂ ਕੁਟਲਤਾ ਧਾਰਨਿ ਕਰੀਅਹਿ। ਰਿਦੈ ਸਰਲਤਾ ਸਦ ਅਨੁਸਰੀਅਹਿ।
ਮਲ ਬਿਕਾਰ ਉਰ ਤੇ ਪਰਹਰੀਅਹਿ। ਗੁਰ ਅਨੁਰਾਗ ਰੰਗ ਕੋ ਧਰੀਅਹਿ ॥ ੩੧ ॥

ਕੁਟਲਤਾ ਧਾਰਨ ਨਾ ਕਰੋ, ਹਿਰਦੇ ਵਿਚ ਸਦਾ ਸਰਲਤਾ ਅਨੁਸਾਰ ਰਹੋ। ਮਲ ਵਿਕਾਰ ਹਿਰਦੇ ਤੋਂ ਦੂਰ ਕਰੋ, ਗੁਰੂ ਦੇ ਪ੍ਰੇਮ ਵਾਲਾ ਰੰਗ ਧਾਰਨ ਕਰੋ ॥੩੧॥

ਸੱਤਿਨਾਮ ਸਿਮਰਨ ਆਚਰੀਅਹਿ। ਜਨਮ ਮਰਨ ਬੰਧਨ ਨਿਰਵਰੀਅਹਿ।
ਭਵ ਸਾਗਰ ਦੁਸ਼ਤਰ ਕੋ ਤਰੀਅਹਿ। ਸਤਿਗੁਰ ਸ਼ਬਦ ਸਦੀਵ ਬਿਚਰੀਅਹਿ ॥੩੨ ॥

ਸਤਿਨਾਮ ਸਿਮਰਨ ਕਰੋ ਤੇ ਜਨਮ ਮਰਨ ਦੇ ਬੰਧਨ ਦੂਰ ਕਰੋ ਤੇ ਕਠਨ ਭਵਸਾਗਰ ਨੂੰ ਪਾਰ ਕਰੋ। ਸਤਿਗੁਰੂ ਦੇ ਸ਼ਬਦ ਤੇ ਸਦਾ ਵਿਚਾਰ ਕਰੋ" ॥੩੨॥

ਇਮ ਸੰਗਤਿ ਕੌ ਦੇ ਉਪਦੇਸ਼। ਸਭਿ ਸਿੱਖਨਿ ਕੇ ਹਤੇ ਕਲੇਸ਼।
ਕਿਤਿਕ ਕਾਲ ਤਹਿ ਬਸੇ ਕ੍ਰਿਪਾਲੁ। ਕ੍ਰਿਪਾ ਦ੍ਰਿਸ਼ਟਿ ਤੇ ਕਰੇ ਨਿਹਾਲ ॥ ੩੩ ॥

ਇਸ ਤਰ੍ਹਾਂ ਸੰਗਤ ਨੂੰ ਉਪਦੇਸ਼ ਕੀਤਾ ਤੇ ਸਿੱਖਾਂ ਦੇ ਕਲੇਸ਼ ਨਾਸ਼ ਕੀਤੇ। ਕਾਫੀ ਸਮਾਂ ਕਿਰਪਾਲੂ ਸਤਿਗੁਰੂ ਜੀ ਉਥੇ ਰਹੇ ਤੇ ਕਿਰਪਾ-ਦ੍ਰਿਸ਼ਟੀ ਨਾਲ ਸਾਰੇ ਨਿਹਾਲ ਕਰ ਦਿੱਤੇ ॥੩੩॥

ਪੁਨਹ ਕੂਚ ਕਰਿਬੇ ਕੀ ਤ੍ਯਾਰੀ। ਆਇਸੁ ਦਾਸਨਿ ਪਾਸ ਉਚਾਰੀ।
ਸੁਨਿ ਕਰਿ ਮਾਤ ਬੁਲਾਕੀ ਦਾਸ। ਆਈ ਤੁਰਤ ਗੁਰੂ ਕੇ ਪਾਸ ॥ ੩੪ ॥

ਫਿਰ ਕੂਚ ਕਰਨ ਦੀ ਤਿਆਰੀ ਕੀਤੀ ਤੇ ਸੇਵਕਾਂ ਪਾਸ ਆਗਿਆ ਉਚਾਰਨ ਕੀਤੀ। ਬੁਲਾਕੀ ਦਾਸ ਮਸੰਦ ਦੀ ਮਾਤਾ ਇਹ ਸੁਣ ਕੇ ਤੁਰਤ ਗੁਰੂ ਜੀ ਦੇ ਪਾਸ ਆਈ ॥੩੪॥

ਕਰਤਿ ਪ੍ਰੇਮ ਪੰਕਜ ਪਗ ਪਰੀ। ਜੁਗਲ ਬਿਲੋਚਨ ਆਸੂੰ ਭਰੀ।
'ਹੇ ਪ੍ਰਭੁ! ਸੁਨਜੋ ਕੂਚ ਮੈਂ ਆਈ। ਉਰ ਜੈਸੇ ਅਭਿਲਾਖ ਬਸਾਈ ॥ ੩੫ ॥

ਪ੍ਰੇਮ ਕਰਦੀ ਨੇ ਚਰਨ ਕੰਵਲਾਂ ਤੇ ਮੱਥਾ ਟੇਕਿਆ, ਦੋਵਾਂ ਨੈਣਾਂ ਵਿਚ ਹੰਝੂਆਂ ਦੀ ਝੜੀ ਲੱਗ ਗਈ ਤੇ ਕਹਿਣ ਲੱਗੀ, "ਹੇ ਪ੍ਰਭੂ! ਸੁਣਿਆ ਹੈ ਤੁਸੀਂ ਜਾ ਰਹੇ ਹੋ, ਹਿਰਦੇ ਵਿਚ ਜਿਵੇਂ ਅਭਿਲਾਸ਼ਾ ਵਸਾਈ ਹੈ ॥੩੫॥

ਸੋ ਮੈਂ ਜਾਚੀ ਰਾਵਰਿ ਪਾਸ। ਨਿਤ ਦਰਸ਼ਨ ਮੁਝ ਦੇਹੁ ਪ੍ਰਕਾਸ਼।
ਮੋਰ ਮਨੋਰਥ ਪੂਰਨ ਕੀਜੈ। ਸ਼੍ਰੀ ਸਤਿਗੁਰੁ ਸਦ ਇਹਾਂ ਬਸੀਜੈ ॥ ੩੬ ॥

ਉਹ ਮੈਂ ਆਪ ਜੀ ਪਾਸੋਂ ਮੰਗ ਲਈ ਹੈ, ਨਿੱਤ ਮੈਨੂੰ ਪ੍ਰਗਟ ਰੂਪ ਵਿਚ ਦਰਸ਼ਨ ਦੇਵੋ, ਮੇਰਾ ਮਨੋਰਥ ਪੂਰਾ ਕਰੋ। ਹੇ ਸਤਿਗੁਰੂ ਜੀ! ਸਦਾ ਏਥੇ ਰਹੋ" ॥੩੬॥

ਸੁਨਿ ਕਰਿ ਕਹਜੋ 'ਪ੍ਰੇਮ ਬਹੁ ਤੇਰੇ। ਤਿਸ ਤੇ ਹਮ ਆਏ ਘਰ ਹੇਰੇ।
ਬ੍ਰਿੱਧ ਭਈ ਬਯ ਗਈ ਬਿਤੀਤ। ਪੁਨ ਸ਼ੁਭ ਗਤਿ ਪ੍ਰਾਪਤਿ ਤੁਵ ਨੀਤ॥ ੩੭॥

ਗੁਰੂ ਜੀ ਨੇ ਸੁਣ ਕੇ ਕਿਹਾ, "ਤੇਰੇ ਵਿਚ ਬਹੁਤ ਪ੍ਰੇਮ ਹੈ, ਇਸ ਕਰਕੇ ਅਸੀਂ ਤੇਰੇ ਘਰ ਵਿਚ ਆਏ ਹਾਂ। ਤੂੰ ਬਹੁਤ ਬ੍ਰਿਧ ਹੋ ਗਈ ਹੈਂ ਤੇ ਤੇਰੀ ਉਮਰ ਬੀਤ ਗਈ ਹੈ, ਫਿਰ ਵੀ ਤੈਨੂੰ ਸਦਾ ਸ਼ੁਭ ਗਤੀ ਪ੍ਰਾਪਤ ਹੋਵੇਗੀ॥੩੭॥

ਹਮ ਕਰਨੇ ਅਬਿ ਕਾਜ ਘਨੇਰੇ। ਤੁਵ ਆਇਸੁ ਤੇ ਜਾਹਿਂ ਅਗੇਰੇ।
ਲਿਹੁ ਲਿਖਾਇ ਮੇਰੀ ਤਸਬੀਰ। ਹੈ ਅਬਿ ਜਥਾ ਸਚੀਰ ਸ਼ਰੀਰ॥ ੩੮॥

ਅਸੀਂ ਹੁਣ ਬਹੁਤ ਕੰਮ ਕਰਨੇ ਹਨ, ਤੇਰੀ ਆਗਿਆ ਨਾਲ ਹੁਣ ਅੱਗੇ ਜਾਵਾਂਗੇ। ਮੇਰੀ ਤਸਵੀਰ ਬਣਵਾ ਲਵੇਂ ਹੁਣ ਜਿਵੇਂ ਸਾਡਾ ਸਰੀਰ ਹੈ॥੩੮॥

ਤਿਸ ਪ੍ਰਯੰਕ ਪਰ ਰਾਖਿ ਟਿਕਾਇ। ਹੁਇ ਪੁਨੀਤ ਪੂਜਹੁ ਕਰਿ ਭਾਇ।
ਜਥਾ ਕਰੀ ਅਬਿ ਮੇਰੀ ਪੂਜਾ। ਤਥਾ ਸ਼ਰੀਰ ਜਾਨਿ ਮਮ ਦੂਜਾ॥ ੩੯॥

ਉਸ ਤਸਵੀਰ ਨੂੰ ਉਸ ਪਲੰਘ ਉੱਤੇ ਟਿਕਾ ਕੇ ਰੱਖੇਂ, ਪਵਿੱਤਰ ਹੋ ਕੇ ਪ੍ਰੇਮ ਧਾਰ ਕੇ ਪੂਜੇਂ, ਜਿਵੇਂ ਹੁਣ ਮੇਰੀ ਪੂਜਾ ਕੀਤੀ ਹੈ ਉਸ ਤਰ੍ਹਾਂ ਹੀ ਮੇਰਾ ਦੂਸਰਾ ਸਰੀਰ ਜਾਣੇਂ॥੩੯॥

ਨਿਤ ਦਰਸ਼ਨ ਕੇ ਫਲ ਕੋ ਪਾਇ। ਅੰਤ ਸਮੈਂ ਮੁਝ ਸੌਂ ਮਿਲਿ ਜਾਇ'।
ਸੁਨਿ ਉਰ ਹਰਖੀ ਤੁਰਤ ਸਿਧਾਈ। ਜਾਇ ਚਿਤੇਰੇ ਕਉ ਲੇ ਆਈ॥ ੪੦॥

ਨਿਤ ਦਰਸ਼ਨ ਦੇ ਫਲ ਨੂੰ ਪਾਵੇਂ ਤੇ ਅੰਤ ਸਮੇਂ ਮੇਰੇ ਵਿਚ ਮਿਲ ਜਾਵੇਂ।" ਇਹ ਸੁਣ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਈ ਤੇ ਚਲੇ ਗਈ। ਜਾ ਕੇ ਇਕ ਚਿੱਤਰਕਾਰ ਨੂੰ ਲੈ ਕੇ ਆ ਗਈ॥੪੦॥

ਬਹੁ ਧਨ ਦੇ ਕਰਿ ਕਹਤਿ ਸੁਨਾਇ। 'ਜਥਾ ਜੋਗ ਪਿਖਿ ਲਿਖਹੁ ਬਨਾਇ'।
ਚਤੁਰ ਚਿਤੇਰਾ ਕਰ ਚਿਤ ਚਾਊ। ਬੈਠਿ ਨਿਕਟਿ ਬੰਦਤਿ ਧਰਿ ਭਾਊ॥ ੪੧॥

ਬਹੁਤ ਧਨ ਦੇ ਕੇ ਕਹਿ ਕੇ ਸੁਣਾਇਆ, "ਜਥਾ ਯੋਗ ਵੇਖ ਕੇ ਤਸਵੀਰ ਬਣਾਓ।" ਸਿਆਣਾ ਚਿੱਤਰਕਾਰ ਆਪਣੇ ਚਿੱਤ ਵਿਚ ਬਹੁਤ ਪ੍ਰਸੰਨ ਹੋਇਆ ਤੇ ਪ੍ਰੇਮ ਧਾਰ ਕੇ ਬੰਦਨਾ ਕਰਕੇ ਗੁਰੂ ਜੀ ਦੇ ਪਾਸ ਬੈਠ ਗਿਆ॥੪੧॥

ਅੰਗ ਸੁ ਬਸਤ ਸਜੇ ਹੈਂ ਜੈਸੇ। ਧਰੇ ਪ੍ਰੇਮ ਕੋ ਲਿਖ ਕਰਿ ਤੈਸੇ।
ਬਦਨ ਪ੍ਰਫੁੱਲਿਤਿ ਕਮਲ ਸਮਾਨਾ। ਰੁਚਿਰ ਬਿਲੋਚਨਿ ਕ੍ਰਿਪਾ ਨਿਧਾਨਾ॥ ੪੨॥

ਸਰੀਰ ਉੱਤੇ ਜਿਵੇਂ ਕੱਪੜੇ ਸਜੇ ਹਨ, ਉਸ ਤਰ੍ਹਾਂ ਹੀ ਪ੍ਰੇਮ ਧਾਰ ਕੇ ਚਿੱਤਰ ਬਣਾਉਣ ਲੱਗਾ। ਗੁਰੂ ਜੀ ਦਾ ਮੁਖੜਾ ਕੰਵਲ ਦੇ ਫੁੱਲ ਵਾਂਗ ਖਿੜਿਆ ਸੀ ਤੇ ਕਿਰਪਾ ਨਿਧਾਨ ਦੇ ਸੁੰਦਰ ਨੈਣ ਸਨ॥੪੨॥

ਨਹਿਂ ਲਿਖ ਸਕਯੋ ਰਹਯੋ ਪਛੁਤਾਈ। ਤਬਿ ਸੋ ਕਲਮ ਗਹੀ ਗਤਿ ਦਾਈ।
ਅਪਨਿ ਹਾਥ ਤੇ ਮੁਖ ਕੋ ਲਿਖਯੋ। ਉਰ ਬਿਸਮਾਏ ਜਿਨ ਜਿਨ ਪਿਖਯੋ॥ ੪੩॥

ਪਰ ਚਿੱਤਰਕਾਰ ਚਿਹਰੇ ਦੀ ਤਸਵੀਰ ਨਾ ਬਣਾ ਸਕਿਆ, ਪਛਤਾਉਂਦਾ ਰਹਿ ਗਿਆ। ਫਿਰ ਮੁਕਤੀ ਦਾਤੇ ਗੁਰੂ ਜੀ ਨੇ ਆਪ ਬੁਰਸ਼ ਫੜਿਆ। ਆਪਣੇ ਹੱਥ ਨਾਲ ਆਪਣੇ ਚਿਹਰੇ ਨੂੰ ਬਣਾਇਆ। ਜਿਸ ਜਿਸ ਵੀ ਉਹ ਚਿੱਤਰ ਵੇਖਿਆ ਹੈਰਾਨ ਰਹਿ ਗਿਆ॥੪੩॥

ਨਿਜ ਕਰ ਤੇ ਬਿਰਧਾ ਕੋ ਦਈ। ਭਰੀ ਅਨੰਦ ਸੌਂ ਸੁੰਦਰ ਲਈ।
ਪਿਖਨਿ ਲਗੀ ਦ੍ਰਿਗ ਆਗੈ ਸੋਇ। ਮੂਰਤਿ ਪਲਕ ਮਿਲੀ ਹੈਂ ਦੋਇ॥ ੪੪॥

ਆਪਣੇ ਹੱਥਾਂ ਨਾਲ ਉਹ ਤਸਵੀਰ ਉਸ ਬਜ਼ੁਰਗ ਔਰਤ ਨੂੰ ਦਿੱਤੀ। ਸੁੰਦਰ ਤਸਵੀਰ ਲੈ ਕੇ ਮਾਤਾ ਅਨੰਦ ਨਾਲ ਭਰ ਗਈ। ਆਪਣੀਆਂ ਅੱਖਾਂ ਸਾਹਮਣੇ ਉਸ ਨੂੰ ਵੇਖਣ ਲੱਗੀ, ਤਸਵੀਰ ਦੀਆਂ ਅੱਖਾਂ ਦੀਆਂ ਪਲਕਾਂ ਦੋਵੇਂ ਮਿਲੀਆਂ ਹਨ ॥੪੪॥

ਪੁਨ ਦੇਖਤਿ ਦੋਨਹੁਂ ਖੁਲ ਗਈ। ਅਦਭੁਤ ਗਤਿ ਤੇ ਬਿਸਮਤ ਭਈ।
'ਗੁਰ ਮੂਰਤਿ ਇਹ ਸ਼ਕਤਿ ਧਰੰਤੀ।' ਦ੍ਰਿੜ੍ਹ ਨਿਸ਼ਚੇ ਕੋ ਰਿਦੇ ਕਰੰਤੀ ॥ ੪੫ ॥

ਫਿਰ ਵੇਖਦਿਆਂ ਹੀ ਦੋਵੇਂ ਪਲਕਾਂ ਖੁਲ੍ਹ ਗਈਆਂ, ਇਹ ਅਦਭੁਤ ਗਤੀ ਵੇਖ ਕੇ ਬਹੁਤ ਹੈਰਾਨ ਹੋਈ। ਸੋਚਣ ਲੱਗੀ, "ਇਹ ਗੁਰੂ ਜੀ ਦੀ ਮੂਰਤ ਸ਼ਕਤੀ ਰੱਖਦੀ ਹੈ" ਇਸ ਤਰ੍ਹਾਂ ਦ੍ਰਿੜ੍ਹ ਨਿਸ਼ਚੇ ਨੂੰ ਹਿਰਦੇ ਵਿਚ ਧਾਰਨ ਕਰਦੀ ਸੀ ।੪੫॥

ਕਰੀ ਪ੍ਰਯੰਕ ਸਥਾਪਨ ਰੂਰੇ। ਮਨਹੁਂ ਆਪ ਬੈਠੇ ਗੁਰੁ ਪੂਰੇ।
ਜਬਿ ਜਬਿ ਦਰਸ਼ਨ ਕੋ ਦਰਸਾਈ। ਲਗੀ ਪਲਕ ਪੁਨ ਖੁਲਤਿ ਦਿਖਾਈ ॥੪੬॥

ਉਸ ਤਸਵੀਰ ਨੂੰ ਫਿਰ ਸੁੰਦਰ ਪਲੰਘ ਉੱਤੇ ਸਥਾਪਿਤ ਕੀਤਾ, ਮਾਨੋ ਪੂਰਨ ਗੁਰੂ ਜੀ ਆਪ ਬੈਠੇ ਹਨ। ਜਦ ਦਰਸ਼ਨ ਕਰਦੀ ਸੀ, ਪਲਕਾਂ ਪਹਿਲਾਂ ਬੰਦ ਹੁੰਦੀਆਂ ਸਨ, ਫਿਰ ਖੁਲ੍ਹਦੀਆਂ ਵਿਖਾਈ ਦਿੰਦੀਆਂ ਸਨ ॥੪੬॥

ਸੀਤਲ ਰਿਦਾ ਕਰਯੋ ਸੁਖ ਪਾਯੋ। ਨਿਤ ਪ੍ਰਤਿ ਪੂਜਤਿ ਹੀ ਹੁਲਸਾਯੋ।
ਸ੍ਰੀ ਸਤਿਗੁਰ ਸਭਿ ਤੇ ਹੁਇ ਬਿਦਾ। ਚਲੇ ਸਮੀਪ ਮਹੀਪੇ ਤਦਾ ॥ ੪੭ ॥

ਹਿਰਦਾ ਸੀਤਲ ਕਰਕੇ ਸੁਖ ਪਾਇਆ, ਨਿਤ ਪ੍ਰੀਤ ਨਾਲ ਪੂਜਾ ਕਰਕੇ ਪ੍ਰਸੰਨ ਹੁੰਦੀ ਸੀ। ਸ੍ਰੀ ਸਤਿਗੁਰੂ ਜੀ ਫਿਰ ਸਾਰਿਆਂ ਪਾਸੋਂ ਵਿਦਾ ਹੋਏ ਤੇ ਰਾਜੇ ਦੇ ਪਾਸ ਜਾਣ ਵਾਸਤੇ ਚਲ ਪਏ ॥੪੭॥

ਸੰਗਤਿ ਬ੍ਰਿੰਦ ਮਸੰਦ ਅਨੰਦੇ। ਕਿਤਿਕ ਦੂਰ ਸੰਗ ਗੇ ਪਗ ਬੰਦੇ।
ਸਭਿ ਕੋ ਦਿਯੋ ਹਟਾਇ ਪਿਛਾਰੀ। ਚਲੇ ਗੁਰੂ ਸਿਵਕਾ ਅਸੁਵਾਰੀ ॥ ੪੮ ॥

ਵੱਡੀ ਗਿਣਤੀ ਵਿਚ ਸੰਗਤ ਅਤੇ ਮਸੰਦ ਬਹੁਤ ਪ੍ਰਸੰਨ ਹੋਏ ਤੇ ਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕਰਦੇ ਹੋਏ ਕਾਫੀ ਦੂਰ ਤਕ ਗੁਰੂ ਜੀ ਦੇ ਨਾਲ ਗਏ। ਗੁਰੂ ਜੀ ਨੇ ਸਭ ਨੂੰ ਪਿੱਛੇ ਮੋੜ ਦਿੱਤਾ। ਗੁਰੂ ਜੀ ਫਿਰ ਪਾਲਕੀ ਵਿਚ ਸਵਾਰ ਹੋ ਗਏ ॥੪੮॥

ਰਾਜਾ ਸੁਨਿ ਆਗੇ ਚਲਿ ਆਵਾ। ਦੇਖਤਿ ਪਦ ਪਰ ਸੀਸ ਝੁਕਾਵਾ।
ਲਜਾਇ ਸਿਵਰ ਮਹਿਂ ਗੁਰੁ ਉਤਾਰੇ। ਕਵਿ ਸੰਤੋਖ ਸਿੰਘ ਹੁਇ ਬਲਿਹਾਰੇ ॥੪੯॥

ਰਾਜਾ ਗੁਰੂ ਜੀ ਬਾਰੇ ਸੁਣ ਕੇ ਅੱਗੇ ਚਲ ਕੇ ਆਇਆ ਤੇ ਗੁਰੂ ਜੀ ਨੂੰ ਵੇਖ ਕੇ ਚਰਨਾਂ 'ਤੇ ਸਿਰ ਨਿਵਾਇਆ। ਗੁਰੂ ਜੀ ਨੂੰ ਲਿਆ ਕੇ ਡੇਰੇ ਵਿਚ ਉਤਾਰ ਦਿੱਤਾ, ਕਵੀ ਸੰਤੋਖ ਸਿੰਘ ਗੁਰੂ ਜੀ ਤੋਂ ਬਲਿਹਾਰ ਜਾਂਦਾ ਹੈ ॥੪੯॥

*ਬਾਰ੍ਹਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ ॥੫॥*

## ਅਧਿਆਇ ਛੇਵਾਂ

### ਰਾਜੇ ਦੀ ਫੌਜ ਰੁੜ੍ਹਨ ਤੋਂ ਬਚਾਈ

ਦੋਹਰਾ- ਭਈ ਪ੍ਰਭਾਤਿ ਨਰਿੰਦ ਯੁਤਿ ਸਤਿਗੁਰ ਹੁਇ ਅਸੁਵਾਰ।
ਦੁੰਦਭਿ ਬਾਜੈ ਬਹੁਤ ਹੀ ਲਸ਼ਕਰ ਕਈ ਹਜ਼ਾਰ ॥ ੧ ॥

ਸਵੇਰ ਹੋਣ ਤੇ ਸਤਿਗੁਰੂ ਜੀ ਰਾਜੇ ਸਹਿਤ ਅਸਵਾਰ ਹੋ ਗਏ। ਨਗਾਰੇ ਵੱਜੇ ਤੇ ਕਈ ਹਜ਼ਾਰ ਵੱਡਾ ਲਸ਼ਕਰ ਨਾਲ ਚਲ ਪਿਆ ॥੧॥

ਚੌਪਈ ਮਾਨ ਸਿੰਘ ਨ੍ਰਿਪ ਜਹਿਂ ਹਤਿ ਹੋਯੋ। ਰੰਗਾ ਮਾਟੀ ਨਗਰ ਸੁ ਜੋਯੋ।
ਬ੍ਰਹਮ ਪੁੱਤ੍ਰ ਨਦ ਨਿਕਟਿ ਬਹੰਤਾ। ਚੌਰਾ ਚਾਰਹੁਂ ਕੋਸ ਚਲੰਤਾ॥ ੨॥

ਮਾਨ ਸਿੰਘ ਰਾਜਾ ਜਿੱਥੇ ਮਾਰਿਆ ਗਿਆ ਸੀ, ਉਸ ਰੰਗਾ ਮਾਟੀ ਨਗਰ ਨੂੰ ਜਾ ਕੇ ਵੇਖਿਆ। ਬ੍ਰਹਮ ਪੁੱਤਰ ਦਰਿਆ ਉਸ ਦੇ ਪਾਸ ਵਗਦਾ ਹੈ। ਚਾਰ ਕੋਹ ਤਕ ਚੌੜਾ ਦਰਿਆ ਚਲਦਾ ਹੈ॥੨॥

ਤਿਸ ਕੈ ਤਟ ਊਚੇ ਅਸਥਾਨ। ਡੇਰਾ ਕੀਨਸਿ ਕ੍ਰਿਪਾ ਨਿਧਾਨ।
ਬਡ ਉਤੰਗ ਦਮਦਮਾ ਬਨਾਇਆ। ਕਰਨਿ ਲਗੇ ਮਾਨਵ ਸਮੁਦਾਇਆ॥ ੩॥

ਉਸ ਦਰਿਆਂ ਦੇ ਕਿਨਾਰੇ ਤੇ ਬੜੇ ਉੱਚੇ ਅਸਥਾਨ ਹਨ, ਕਿਰਪਾ ਨਿਧਾਨ ਗੁਰੂ ਜੀ ਨੇ ਇਕ ਉੱਚੇ ਅਸਥਾਨ ਤੇ ਜਾ ਡੇਰਾ ਕੀਤਾ। ਉਥੇ ਬਹੁਤ ਉੱਚਾ ਦਮਦਮਾ ਬਣਾਇਆ, ਸਾਰੇ ਮਨੁੱਖ ਇਕੱਠੇ ਹੋ ਕੇ ਉਸ ਅਸਥਾਨ ਨੂੰ ਬਣਾਉਣ ਲੱਗੇ॥੩॥

ਊਪਰ ਤੇ ਕਰਿਕੈ ਇਕਸਾਰ। ਸੁੰਦਰ ਕਰਯੋ ਮਹਾਂ ਬਿਸਤਾਰ।
ਰੁਚਿਰ ਬੰਗਲਾ ਤਹਿਂ ਬਨਵਾਇ। ਸਤਿਗੁਰ ਬੀਚ ਬਿਰਾਜੇ ਜਾਇ॥ ੪॥

ਉਪਰਲਾ ਸਥਾਨ ਇਕਸਾਰ ਕਰਕੇ, ਬਹੁਤ ਖੁਲ੍ਹਾ ਤੇ ਸੁੰਦਰ ਬੜਾ ਤਿਆਰ ਕੀਤਾ। ਉਸ ਦੇ ਉੱਪਰ ਇਕ ਸੁੰਦਰ ਬੰਗਲਾ ਬਣਾਇਆ, ਸਤਿਗੁਰੂ ਜੀ ਉਸ ਦੇ ਵਿਚ ਬਿਰਾਜ ਗਏ॥੪॥

ਦ੍ਰਿਸ਼ਟਿ ਦੂਰ ਲਗਿ ਦੌਰਹਿ ਜਹਾਂ। ਜਲ ਕੀ ਸੈਲ ਬੈਠਿਬੇ ਤਹਾਂ।
ਦੂਰ ਦੂਰ ਲਗਿ ਤੀਰ ਤਿਸੀ ਕੇ। ਲਸ਼ਕਰ ਡੇਰਾ ਕੀਨਸਿ ਨੀਕੇ॥ ੫॥

ਜਿਸ ਵਿਚ ਬੈਠ ਕੇ ਦ੍ਰਿਸ਼ਟੀ ਬਹੁਤ ਦੂਰ ਤਕ ਜਾ ਸਕਦੀ ਸੀ। ਉਥੇ ਬੈਠਿਆਂ ਦੂਰ ਤਕ ਜਲ ਦੀ ਸੈਰ ਹੋ ਜਾਂਦੀ ਸੀ। ਉਸ ਦਰਿਆ ਦੇ ਕਿਨਾਰੇ ਦੂਰ-ਦੂਰ ਤਕ ਫੌਜ ਨੇ ਚੰਗੀ ਤਰ੍ਹਾਂ ਡੇਰਾ ਕਰ ਲਿਆ॥੫॥

ਲਗੀ ਤੁਰੰਗਨਿ ਲੈਨ ਬਡੇਰੀ। ਬ੍ਰਿੰਦ ਮਤੰਗ ਖਰੇ ਪਗ ਬੇਰੀ।
ਜਹਾਂ ਕਹਾਂ ਤੰਬੂ ਲਗਵਾਏ। ਖਰੇ ਸੇਤ ਦੀਖਹਿਂ ਸਮੁਦਾਏ॥ ੬॥

ਘੋੜਿਆਂ ਦੀ ਬਹੁਤ ਲੰਮੀ ਕਤਾਰ ਖੜੀ ਸੀ ਤੇ ਬਹੁਤ ਹਾਥੀ ਪੈਰਾਂ ਵਿਚ ਸੰਗਲ ਪਾਈ ਖੜੇ ਸਨ। ਜਿੱਥੇ ਕਿੱਥੇ ਤੰਬੂ ਲਗਵਾਏ ਜਿਹੜੇ ਸਾਰੇ ਸਫੇਦ ਰੰਗ ਦੇ ਖੜੇ ਦਿਖਾਈ ਦੇ ਰਹੇ ਸਨ॥੬॥

ਤੋਪਨਿ ਕੀ ਪੰਗਤਿ ਕਰਿ ਖਰੀ। ਪਰਲੇ ਪਾਰ ਕੂਲ ਮੁਖ ਕਰੀ।
ਤੁਪਕ ਜਮੂਰੇ ਗਨ ਚਲਵਾਏ। ਪਾਰ ਤੀਰ ਪਰ ਸ਼ਬਦ ਪੁਚਾਏ॥ ੭॥

ਤੋਪਾਂ ਦੀਆਂ ਪੰਗਤਾਂ ਖੜੀਆਂ ਕਰ ਦਿੱਤੀਆਂ ਤੇ ਉਨ੍ਹਾਂ ਦਾ ਪਰਲੇ ਪਾਰ ਵਲ ਮੂੰਹ ਕਰ ਦਿੱਤਾ। ਬੰਦੂਕਾਂ ਤੇ ਜਮੂਰੇ ਬਹੁਤ ਚਲਵਾਏ, ਦਰਿਆ ਦੇ ਪਾਰਲੇ ਪਾਸੇ ਉਨ੍ਹਾਂ ਦੀਆਂ ਆਵਾਜ਼ਾਂ ਪਹੁੰਚਾਈਆਂ॥੭॥

ਨਿਜ ਨਿਜ ਮਿਸਲ ਸਿਵਰ ਸਭਿ ਕਰੇ। ਠੌਰ ਠੌਰ ਤੋਪਨਿ ਮੁਖ ਜਰੇ।
ਦੇਸ਼ ਕਾਮਰੂ ਕੋ ਮਹੀਪਾਲਾ। ਪਠੀ ਸੈਨ ਨਦ ਤੀਰ ਬਿਸਾਲਾ॥ ੮॥

ਆਪੋ ਆਪਣੇ ਜਥਿਆਂ ਨੇ ਡੇਰੇ ਲਾ ਲਏ, ਥਾਂ ਥਾਂ ਤੋਪਾਂ ਦੇ ਮੂੰਹ ਸਾਹਮਣੇ ਕੀਤੇ। ਕਾਮਰੂਪ ਦੇਸ਼ ਦੇ ਰਾਜੇ ਨੇ ਬਹੁਤ ਸੈਨਾ ਦਰਿਆ ਦੇ ਕਿਨਾਰੇ ਤੇ ਭੇਜੀ॥੮॥

ਨਦ ਕੇ ਦੋਨਹੁ ਤਟ ਭਟ ਛਾਏ। ਬਜਹਿਂ ਦਮਾਮੇ ਪਰਹਿਂ ਸੁਨਾਏ।
ਤੋਪਨਿ ਕੀ ਸ਼ਲਖੈਂ ਚਲਿਵਾਵਤਿ। ਆਪ ਆਪਨੇ ਓਜ ਦਿਖਾਵਤਿ॥ ੯॥

ਦਰਿਆ ਦੇ ਦੋਵੀਂ ਪਾਸੀਂ ਸੂਰਮੇ ਛਾ ਗਏ, ਨਗਾਰੇ ਵੱਜਦੇ ਦੋਵੀਂ ਪਾਸੀਂ ਸੁਣਾਈ ਦੇ ਰਹੇ ਸਨ। ਤੋਪਾਂ ਦੀਆਂ ਸ਼ਲਕਾਂ ਚਲਵਾਉਂਦੇ ਸਨ ਤੇ ਆਪਣੀ ਆਪਣੀ ਸ਼ਕਤੀ ਵਿਖਾਉਂਦੇ ਸਨ॥੯॥

ਅਪਨੇ ਮੰਤ੍ਰੀ ਸਕਲ ਬੁਲਾਏ। ਮੰਤ੍ਰ ਕਰਤਿ ਭਾ 'ਰਿਪੁ ਚਢਿ ਆਏ।
ਮਾਨ ਸਿੰਘ ਜੈਸੀ ਇਨ ਸਾਥ। ਕਰਹੁ ਅਬਹਿ ਹਤਿ ਦਿਹੁ ਨਰ ਨਾਥ॥੧੦॥

ਕਾਮਰੂਪ ਦੇ ਰਾਜੇ ਨੇ ਆਪਣੇ ਸਾਰੇ ਮੰਤਰੀ ਬੁਲਾਏ ਤੇ ਉਨ੍ਹਾਂ ਨਾਲ ਸਲਾਹ ਕੀਤੀ, "ਦੁਸ਼ਮਣ ਚੜ੍ਹ ਕੇ ਆ ਗਿਆ ਹੈ। ਮਾਨ ਸਿੰਘ ਵਾਂਗ ਇਸ ਨਾਲ ਵੀ ਕਰੋ। ਇਨ੍ਹਾਂ ਦੇ ਰਾਜੇ ਨੂੰ ਹੁਣੇ ਮਾਰ ਦੇਵੋ॥੧੦॥

ਜਿਤਨੇ ਮੁੱਖਜ ਚਮੂੰ ਕੇ ਮਾਂਹੀ। ਪ੍ਰਾਨ ਸਮੇਤ ਤਜਹੁ ਇਨ ਨਾਂਹੀ।
ਐਸੀ ਕਰਹੁ ਨ ਹਟਿ ਪੁਨ ਆਵਹਿਂ। ਅਪਨੇ ਦੇਸ਼ ਰਹੈਂ ਡਰਪਾਵਹਿਂ॥੧੧॥

ਸੈਨਾ ਵਿਚ ਜਿੰਨੇ ਵੀ ਮੁੱਖੀ ਹਨ, ਇਨ੍ਹਾਂ ਨੂੰ ਜੀਊਂਦੇ ਨਾ ਛੱਡੋ। ਐਸਾ ਕਰੋ ਕਿ ਮੁੜ ਕੇ ਵਾਪਸ ਨਾ ਆਉਣ, ਡਰਦੇ ਮਾਰੇ ਆਪਣੇ ਦੇਸ਼ ਵਿਚ ਹੀ ਰਹਿਣ॥੧੧॥

ਤੁਰਕੇਸ਼ੁਰ ਕੋ ਲਸ਼ਕਰ ਭਾਰੋ। ਮੰਤ੍ਰ ਜੰਤ੍ਰ ਕਰਿ ਸਰਬ ਸੰਘਾਰੋ।
ਮਾਨ ਸਿੰਘ ਜਬਿ ਕੋ ਇਤ ਮਾਰਜੋ। ਨਹਿਂ ਕਿਨਹੂੰ ਆਵਨਿ ਮਨ ਧਾਰਜੋ॥੧੨॥

ਤੁਰਕ ਬਾਦਸ਼ਾਹ ਦਾ ਲਸ਼ਕਰ ਬਹੁਤ ਵੱਡਾ ਹੈ, ਮੰਤਰ ਜੰਤਰ ਕਰਕੇ ਸਾਰਿਆਂ ਨੂੰ ਮਾਰ ਦੇਵੋ। ਜਦ ਦਾ ਮਾਨ ਸਿੰਘ ਨੂੰ ਏਥੇ ਮਾਰਿਆ ਹੈ, ਫਿਰ ਕਿਸੇ ਨੇ ਏਧਰ ਆਉਣ ਦਾ ਮਨ ਨਹੀਂ ਧਾਰਿਆ ਹੈ॥੧੨॥

ਇਹ ਜਢ ਕੋ ਹਮ ਤੇ ਅਨਜਾਨ? ਚਢਿ ਆਯੋ ਲੇ ਚਮੂੰ ਮਹਾਨ।
ਨਹਿਂ ਪ੍ਰਭਾਵ ਹਮਰੇ ਕੋ ਜਾਨਾ। ਕਾਮੱਖਜਾ ਕੋ ਬਡ ਬਰਦਾਨਾ॥ ੧੩॥

ਇਹ ਮੂਰਖ ਕੌਣ ਹੈ ਜੋ ਸਾਨੂੰ ਨਹੀਂ ਜਾਣਦਾ? ਮਹਾਨ ਸੈਨਾ ਲੈ ਕੇ ਚੜ੍ਹ ਕੇ ਆ ਗਿਆ ਹੈ। ਇਸ ਨੇ ਸਾਡੇ ਪ੍ਰਭਾਵ ਨੂੰ ਨਹੀਂ ਜਾਣਿਆ ਹੈ, ਸਾਨੂੰ ਕਾਮੱਖਿਆ ਦੇਵੀ ਨੇ ਵੱਡਾ ਵਰ ਦਿੱਤਾ ਹੋਇਆ ਹੈ॥੧੩॥

ਕੋ ਜੀਤਹਿ ਹਮ ਕੋ ਬਰਿਆਈ। ਪਢਹਿਂ ਮੰਤ੍ਰ ਦੇ ਸ਼ੱਤ੍ਰ ਖਪਾਈ।
ਇਮ ਕਹਿ ਰਚੇ ਉਪਾਇ ਬਿਸਾਲਾ। ਅਰੁ ਦ੍ਰਿੜ ਕਰੀ ਚਮੂੰ ਤਤਕਾਲਾ॥੧੪॥

ਸਾਨੂੰ ਜ਼ਬਰਦਸਤੀ ਕੌਣ ਜਿੱਤ ਸਕਦਾ ਹੈ, ਮੰਤਰ ਪੜ੍ਹ ਕੇ ਵੈਰੀ ਨੂੰ ਮਾਰ ਦੇਵਾਂਗੇ।" ਇਸ ਤਰ੍ਹਾਂ ਕਹਿ ਕੇ ਬਹੁਤ ਉਪਾਵਾਂ ਦੀ ਰਚਨਾ ਕੀਤੀ ਤੇ ਸਾਰੀ ਸੈਨਾ ਨੂੰ ਤੁਰਤ ਦ੍ਰਿੜ੍ਹ ਕਰ ਦਿੱਤਾ॥੧੪॥

ਦੋਹਰਾ- ਇਤ ਲਸ਼ਕਰ ਪਤਿਸ਼ਾਹੁ ਕੇ ਆਇ ਪਰੇ ਸਮੁਦਾਇ।
ਥਲ ਨੀਵੇਂ ਜਹਿਂ ਕੂਲ ਪਰ ਡੇਰੇ ਦਿਯੇ ਲਗਾਇ॥ ੧੫॥

ਏਧਰ ਬਾਦਸ਼ਾਹ ਦੇ ਲਸ਼ਕਰ ਇਕੱਠੇ ਹੋ ਕੇ ਪਏ ਸਨ, ਜਿਨ੍ਹਾਂ ਦੇ ਨੀਵੇਂ ਥਾਂ ਦਰਿਆ ਦੇ ਕਿਨਾਰੇ ਡੇਰੇ ਲਵਾਏ ਹੋਏ ਸਨ॥੧੫॥

ਚੌਪਈ- ਇਕ ਦੁਇ ਦਿਨ ਜਬਿ ਬੀਤ ਗਏ ਹੈਂ। ਮਹਾਂ ਮੰਤ੍ਰ ਕੋ ਕਰਤਿ ਭਏ ਹੈਂ।
'ਆਜ ਰਾਤ ਕੋ ਨਦ ਉਲਟਾਵਹੁ। ਸਭਿ ਲਸ਼ਕਰ ਕੇ ਊਪਰ ਪਾਵਹੁ॥੧੬॥

ਇਕ ਦੋ ਦਿਨ ਜਦ ਬੀਤ ਗਏ ਹਨ, ਕਾਮਰੂਪ ਦੇ ਨਿਵਾਸੀ ਬੜੇ ਮੰਤਰ ਕਰਦੇ ਪਏ ਸਨ। ਉਨ੍ਹਾਂ ਨੇ ਸਲਾਹ ਕੀਤੀ, "ਅੱਜ ਰਾਤ ਦਰਿਆ ਵਿਚ ਹੜ੍ਹ ਲਿਆ ਦੇਵੋ ਤੇ ਸਾਰੇ ਲਸ਼ਕਰ ਦੇ ਉੱਤੇ ਪਾਣੀ ਚੜ੍ਹਾ ਦੇਵੋ॥੧੬॥

ਸਭਿ ਕੋ ਹਤਿ ਹੁਇ ਜਾਹਿ ਸੁਖਾਰੇ। ਮਰਹਿਂ ਡੂਬ ਕਰਿ ਨੀਰ ਮਝਾਰੇ।
ਬਹੁ ਮਰਿ ਜਾਹਿਂ ਰਹਹਿਂ ਕੁਛ ਥੋਰੇ। ਡਰ ਉਰ ਧਰਿ ਭਾਗਹਿਂ ਘਰ ਓਰੇ'॥੧੭॥

ਉਨ੍ਹਾਂ ਸਭ ਨੂੰ ਆਸਾਨੀ ਨਾਲ ਹੀ ਮਾਰ ਦੇਵਾਂਗੇ, ਉਹ ਸਾਰੇ ਨਦੀ ਵਿਚ ਡੁੱਬ ਕੇ ਹੀ ਮਰ ਜਾਣਗੇ। ਬਹੁਤ ਮਰ ਜਾਣਗੇ ਕੁਝ ਥੋੜੇ ਬਚਣਗੇ, ਉਹ ਵੀ ਦਿਲ ਵਿਚ ਡਰ ਧਾਰ ਕੇ ਆਪਣੇ ਘਰਾਂ ਵਲ ਭੱਜ ਜਾਣਗੇ"॥੧੭॥

ਇਹ ਮਸਲਤ ਜਬਿ ਦਿਨ ਮਹਿਂ ਕੀਨਿਸ। ਗੁਰ ਅੰਤਰਜਾਮੀ ਸਭਿ ਚੀਨਿਸ।
ਕਰਯੋ ਬਿਚਾਰਨਿ ਇਨ ਹੁਇ ਮਰਨਾ। ਬਿਸ਼ਨ ਸਿੰਘ ਆਯੋ ਮਮ ਸ਼ਰਨਾ ॥੧੮॥

ਇਹ ਸਲਾਹ ਜਦ ਦਿਨ ਦੇ ਸਮੇਂ ਕੀਤੀ, ਅੰਤਰਜਾਮੀ ਗੁਰੂ ਜੀ ਨੇ ਸਾਰੀ ਗੱਲ ਜਾਣ ਲਈ ਇਹ ਵਿਚਾਰ ਕੀਤੀ ਕਿ ਸਾਰੇ ਮਰ ਜਾਣਗੇ, ਪਰ ਬਿਸ਼ਨ ਸਿੰਘ ਮੇਰੀ ਸ਼ਰਨ ਆਇਆ ਹੈ॥੧੮॥

ਬਾਂਹਿ ਗਹੇ ਕੀ ਹਮ ਕੌ ਲਾਜ। ਹਮਰੇ ਜੋਰ ਕਰਯੋ ਚਹਿ ਕਾਜ।
ਜੇ ਨ ਕਰਹਿਂ ਇਸ ਛਿਨ ਰਖਵਾਰੀ। ਨਹਿਂ ਉਬਰੈਂ ਮ੍ਰਿਤੁ ਹੁਇ, ਕੈ ਹਾਰੀ ॥੧੯॥

ਬਾਂਹ ਫੜੇ ਦੀ ਸਾਨੂੰ ਲਾਜ ਹੈ, ਸਾਡੀ ਸ਼ਕਤੀ ਨਾਲ ਹੀ ਉਹ ਕਾਰਜ ਕਰਨਾ ਚਾਹੁੰਦਾ ਹੈ। ਜੇ ਇਸ ਸਮੇਂ ਉਸ ਦੀ ਰਖਵਾਲੀ ਨਹੀਂ ਕਰਾਂਗੇ ਤਾਂ ਫਿਰ ਉਹ ਬਚ ਨਹੀਂ ਸਕੇਗਾ, ਮਰ ਜਾਵੇਗਾ ਜਾਂ ਹਾਰ ਜਾਵੇਗਾ॥੧੯॥

ਸਿੱਖਜਨਿ ਬਤਸਲ ਬਿਰਦ ਸੰਭਾਰਾ। ਨਿਕਟਿ ਆਪਨੋਂ ਦਾਸ ਹਕਾਰਾ।
ਕਹਯੋ ਕਿ 'ਬਿਸ਼ਨ ਸਿੰਘ ਪਹਿ ਜਾਵਹੁ। ਹਮਰੇ ਭਾਖੇ ਬਾਕ ਸੁਨਾਵਹੁ ॥੨੦॥

ਸਿੱਖਾਂ ਦੇ ਗੁਰੂ ਜੀ ਨੇ ਆਪਣਾ ਬਿਰਦ ਸੰਭਾਲਿਆ ਤੇ ਇਕ ਸੇਵਕ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਬਿਸ਼ਨ ਸਿੰਘ ਦੇ ਪਾਸ ਜਾਵੇ ਤੇ ਸਾਡੇ ਕਹੇ ਹੋਏ ਬਚਨ ਸੁਣਾਵੇ॥੨੦॥

ਨੀਰੇ ਥਲ ਡੇਰਾ ਉਠਾਵਾਵਹੁ। ਹੇਰਿ ਹੇਰਿ ਊਚੇ ਥਲ ਪਾਵਹੁ।
ਦਿਵਸ ਜਾਮ ਇਕ ਅਬਿ ਹੈ ਰਹਯੋ। ਤੂਰਨ ਕਰਹੁ ਹਮਾਰੋ ਕਹਯੋ॥ ੨੧॥

ਨੀਵੇਂ ਥਾਵਾਂ ਤੋਂ ਡੇਰਾ ਚੁਕਵਾ ਲਵੇ, ਤੇ ਉੱਚੇ ਥਾਂ ਵੇਖ ਵੇਖ ਕੇ ਉਥੇ ਡੇਰਾ ਲਾਵੇ। ਦਿਨ ਹੁਣ ਇਕ ਪਹਿਰ ਬਾਕੀ ਰਹਿੰਦਾ ਹੈ, ਤੁਰਤ ਸਾਡੇ ਕਹੇ ਉੱਤੇ ਅਮਲ ਕਰੋ॥੨੧॥

ਨਿੰਮ੍ਰਿ ਸਥਾਨ ਨ ਡੇਰੇ ਕਰੀਅਹਿ। ਸੁਧ ਕਰਿ ਸਗਰੀ ਚਮੂੰ ਉਠਰੀਅਹਿ।
ਜੇ ਕਰਿ ਨਿਸ ਮੈਂ ਬਸਹੁ ਤਹਾਂ ਹੀ। ਅਸ ਨ ਹੋਇ ਡੂਬਿ ਹੋ ਜਲ ਮਾਂਹੀ ॥੨੨॥

ਨੀਵੇਂ ਸਥਾਨ ਤੇ ਕੋਈ ਡੇਰਾ ਨਾ ਕਰੋ, ਖਬਰ ਦੇ ਕੇ ਸਾਰੀ ਸੈਨਾ ਉਠਾ ਦੇਵੋ। ਜੇ ਰਾਤ ਨੂੰ ਵੀ ਉਥੇ ਠਹਿਰੋਗੇ ਤਾਂ ਐਸਾ ਨਾ ਹੋਵੇ ਕਿ ਸਾਰੇ ਜਲ ਵਿਚ ਡੁੱਬ ਜਾਣਾ' ॥੨੨॥

ਸੇਵਕ ਬਿਸ਼ਨ ਸਿੰਘ ਪਹਿ ਗਯੋ। ਗੁਰ ਕੋ ਬਾਕ ਸਕਲ ਕਹਿ ਦਯੋ।
ਬਿਸਮਯੋ ਸੁਨਿ, ਨਰ ਬਹੁਤ ਪਠਾਏ। ਸਭਿ ਉਮਰਾਵਨਿ ਕੋ ਸਮੁਝਾਏ ॥੨੩॥

ਸੇਵਕ ਬਿਸ਼ਨ ਸਿੰਘ ਪਾਸ ਗਿਆ ਤੇ ਗੁਰੂ ਦਾ ਬਚਨ ਸਾਰਾ ਕਹਿ ਕੇ ਸੁਣਾਇਆ। ਬਿਸ਼ਨ ਸਿੰਘ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਉਸ ਨੇ ਬਹੁਤ ਆਦਮੀ ਭੇਜੇ ਤੇ ਸਭ ਉਮਰਾਵ ਨੂੰ ਸਮਝਾਇਆ॥੨੩॥

ਗੁਰ ਕੋ ਬਾਕ ਉਠਾਵਹੁ ਡੇਰੇ। ਜਾਇ ਕਰੋ ਊਚੇ ਥਲ ਹੇਰੇ।
ਨਾਂਹਿ ਤ ਐਸੀ ਹੋਇ ਨ ਜਾਇ। ਜਲ ਨਦ ਕੋ ਦਲ ਦੇਇ ਬਹਾਇ' ॥੨੪॥

ਗੁਰੂ ਜੀ ਦਾ ਬਚਨ ਹੈ ਕਿ ਡੇਰੇ ਚੁੱਕ ਲਵੋ ਤੇ ਉੱਚੇ ਥਾਂ ਵੇਖ ਕੇ ਉਥੇ ਡੇਰੇ ਲਾਵੋ। ਨਹੀਂ ਤਾਂ ਐਸਾ ਨਾ ਹੋ ਜਾਵੇ ਦਰਿਆ ਦਾ ਪਾਣੀ ਹੀ ਉਨ੍ਹਾਂ ਨੂੰ ਰੋੜ੍ਹ ਕੇ ਲੈ ਜਾਵੇ॥੨੪॥

ਹਿੰਦੁਨਿ ਸੁਨਿ ਕੈ ਸ਼ਰਧਾ ਧਾਰੀ। ਤਤਛਿਨ ਊਚੀ ਠੌਰ ਨਿਹਾਰੀ।
ਤੂਰਨ ਸਿਵਰ ਕਰਯੋ ਤਬਿ ਜਾਈ। ਅਲਪ ਬਡੀ ਸਭਿ ਵਸਤੁ ਉਠਾਈ॥੨੫॥

ਹਿੰਦੂਆਂ ਸੁਣ ਕੇ ਸ਼ਰਧਾ ਧਾਰਨ ਕੀਤੀ ਤੇ ਤੁਰਤ ਉੱਚੇ ਸਥਾਨਾਂ ਨੂੰ ਵੇਖਿਆ। ਤੁਰਤ ਜਾ ਕੇ ਉਥੇ ਆਪਣੇ ਤੰਬੂ ਲਾ ਲਏ ਤੇ ਆਪਣੀਆਂ ਛੋਟੀਆਂ ਵੱਡੀਆਂ ਸਭ ਚੀਜਾਂ ਚੁੱਕ ਲਈਆਂ॥੨੫॥

ਸੁਨਜੋਂ ਤੁਰਕ ਗਨ ਮੂਢ ਮਹਾਨੇ। ਗੁਰ ਕੇ ਬਾਕ ਨ ਸਾਚੇ ਮਾਨੇ।
'ਕਯਾ ਕਾਚੀ ਹਿੰਦੁਨਿ ਮਤਿ ਅਹੈ। ਬਹਿਕਤਿ ਸਭਿ ਜੈਸੇ ਇਕ ਕਹੈ॥੨੬॥

ਜਦ ਤੁਰਕਾਂ ਨੇ ਇਸ ਬਾਰੇ ਸੁਣਿਆ ਤਾਂ ਉਨ੍ਹਾਂ ਵਿਚ ਬਹੁਤੇ ਉਮਰਾਵ ਮਹਾਂਮੂਰਖ ਸਨ, ਉਨ੍ਹਾਂ ਨੇ ਗੁਰੂ ਜੀ ਦੇ ਬਚਨਾਂ ਨੂੰ ਸੱਚਾ ਨਾ ਜਾਣਿਆ ਤੇ ਉਹ ਕਹਿਣ ਲੱਗੇ, "ਹਿੰਦੂਆਂ ਦੀ ਕਿੰਨੀ ਕੱਚੀ ਮੱਤ ਹੈ, ਇਕ ਦੇ ਕਹਿਣ ਉਤੇ ਸਾਰੇ ਬਹਿਕ ਗਏ ਹਨ"॥੨੬॥

ਦੋਇ ਦਿਵਸ ਕੇ ਉਤਰੇ ਇਹਾਂ। ਕਹੁ ਨੁਕਸਾਨ ਭਯੋ ਕਿਸ ਕਹਾਂ?
ਇਕ ਕੋ ਗੁਰ ਅਪਨੋਂ ਠਹਿਰਾਯੋ। ਤਿਸਨੇ ਬਹੁ ਰਾਜਾ ਬਹਿਕਾਯੋ॥੨੭॥

ਦੋ ਦਿਨ ਏਥੇ ਉਤਰਿਆਂ ਨੂੰ ਹੋ ਗਏ ਹਨ, ਕੀ ਕਿਸੇ ਦਾ ਕੁਝ ਨੁਕਸਾਨ ਹੋਇਆ ਹੈ? ਜਿਨ੍ਹਾਂ ਨੂੰ ਆਪਣਾ ਗੁਰੂ ਠਹਿਰਾਇਆ ਹੈ, ਉਨ੍ਹਾਂ ਨੇ ਰਾਜੇ ਨੂੰ ਬਹੁਤ ਬਹਿਕਾਇਆ ਹੈ॥੨੭॥

ਹਮ ਤੇ ਜਾਇ ਉਠਾਇ ਨ ਡੇਰਾ। ਕਰਜੋ ਪ੍ਰਥਮ ਨੀਕੋ ਥਲ ਹੇਰਾ।
ਇੱਤਜਾਦਿਕ ਬਹੁ ਬਾਕ ਸੁਨਾਵੈਂ। ਤਰਕਤਿ ਮੂਰਖ ਕਹਿ ਮੁਸਕਾਵੈਂ॥੨੮॥

ਅਸੀਂ ਤਾਂ ਡੇਰਾ ਚੁੱਕ ਕੇ ਨਹੀਂ ਜਾਵਾਂਗੇ, ਪਹਿਲਾਂ ਹੀ ਚੰਗਾ ਥਾਂ ਵੇਖ ਕੇ ਡੇਰਾ ਲਾਇਆ ਹੈ।" ਇਸ ਤਰ੍ਹਾਂ ਬਹੁਤ ਗੱਲਾਂ ਸੁਣਾਈਆਂ, ਹੁਜਤਾਂ ਕਰਦੇ ਹੋਏ ਮੂਰਖ ਕਹਿ ਕਹਿ ਕੇ ਹੱਸਦੇ ਸਨ॥੨੮॥

ਹਿੰਦੂ ਨ੍ਰਿਪ ਜੋ ਚਮੂੰ ਸਮੇਤ। ਗੁਰ ਬਚ ਪਰ ਨਿਸ਼ਚੈ ਲਖਿ ਭੇਤ।
ਸਭਿਹਿਨਿ ਡੇਰੇ ਦੂਰ ਉਠਾਏ। ਊਚੀ ਠੌਰ ਹੇਰਿ ਕਰਿ ਛਾਏ॥੨੯॥

ਹਿੰਦੂ ਰਾਜੇ ਨੇ ਸਾਰੀ ਸੈਨਾ ਸਮੇਤ ਅਸਲ ਭੇਦ ਨੂੰ ਸਮਝ ਕੇ ਗੁਰੂ ਜੀ ਦੇ ਬਚਨਾਂ 'ਤੇ ਨਿਸ਼ਚਾ ਕੀਤਾ। ਸਾਰੇ ਆਪਣੇ ਡੇਰੇ ਦੂਰ ਚੁੱਕ ਕੇ ਲੈ ਗਏ, ਉਚੀ ਥਾਂ ਵੇਖ ਕੇ ਬੈਠ ਗਏ॥੨੯॥

ਜਿਸ ਦਿਸ਼ਿ ਸਤਿਗੁਰੂ ਤਹਾਂ ਕਰੇ ਹੈਂ। ਨਿਜ ਸੁਖ ਹਿਤ ਉਰ ਭਾਉ ਧਰੇ ਹੈਂ।
ਸੂਰਜ ਅਸਤ ਭਯੋ ਅੰਧਕਾਰਾ। ਤੁਰਕ ਨਿਸਾ ਮਹੁਂ ਬਿਨਾ ਸੰਭਾਰਾ॥੩੦॥

ਜਿਸ ਪਾਸੇ ਸਤਿਗੁਰੂ ਜੀ ਸਨ, ਉਸ ਪਾਸੇ ਡੇਰੇ ਲਾ ਲਏ। ਆਪਣੇ ਸੁਖ ਵਾਸਤੇ ਹਿਰਦੇ ਵਿਚ ਡਰ ਧਾਰਨ ਕਰਦੇ ਸਨ। ਜਦ ਸੂਰਜ ਡੁੱਬ ਗਿਆ ਤਾਂ ਸਾਰੇ ਹਨ੍ਹੇਰਾ ਹੋ ਗਿਆ, ਤੁਰਕ ਰਾਤ ਨੂੰ ਬਿਨਾਂ ਸੰਭਾਲ ਹੋ ਗਏ॥੩੦॥

ਦੇਸ਼ ਕਾਮਰੂ ਕੇ ਨਰ ਆਏ। ਮੰਤ੍ਰ ਸਾਧਿਕੇ ਸਭਿ ਬਿਧਿ ਲਜਾਏ।
ਕਰਜੋ ਉਚਾਰਨਿ ਕੋ ਜਿਸ ਕਾਲਾ। ਢੋਲਕ ਡਮਰੁ ਬਜਾਇ ਬਿਸਾਲਾ॥੩੧॥

ਕਾਮਰੂਪ ਦੇਸ਼ ਦੇ ਕੁਝ ਮਨੁੱਖ ਆਏ ਤੇ ਉਹ ਸਭ ਵਿਧੀਆਂ ਨਾਲ ਮੰਤਰ ਸਾਧ ਕੇ ਲਿਆਏ। ਉਸ ਸਮੇਂ ਉਨ੍ਹਾਂ ਢੋਲਕ, ਡਮਰੂ ਬੜੀ ਉੱਚੀ-ਉੱਚੀ ਵਜਾ ਕੇ ਮੰਤਰਾਂ ਦਾ ਉਚਾਰਨ ਕੀਤਾ॥੩੧॥

ਬਲੀ ਦਈ ਤੇ ਅਟਕ ਪ੍ਰਵਾਹੂ। ਉਛਲਿ ਬਹਯੋ ਲਸ਼ਕਰ ਕੇ ਮਾਂਹੂ।
ਉਲਟਯੋ ਜਲ ਕੋ ਬੇਗ ਬਿਸਾਲਾ। ਬਹੇ ਤੁਰਕ ਜੁਤਿ ਆਯੁਧ ਜਾਲਾ॥੩੨॥

ਜਦ ਬਲੀ ਦਿੱਤੀ ਤਾਂ ਦਰਿਆ ਦਾ ਪ੍ਰਵਾਹ ਅਟਕ ਗਿਆ ਤੇ ਦਰਿਆ ਉਛਲ ਕੇ ਸ਼ਾਹੀ ਲਸ਼ਕਰ ਦੇ ਉੱਤੇ ਜਾ ਚੜ੍ਹਿਆ। ਜਲ ਦਾ ਵੇਗ ਹੀ ਉਲਟ ਗਿਆ ਤੇ ਤੁਰਕ ਸ਼ਸਤਰਾਂ ਸਮੇਤ ਬਹਿ ਗਏ॥੩੨॥

ਕੇਤਿਕ ਤੁਰਤ ਬੂਡਿ ਮਰਿ ਗਏ। ਕੋ ਤਰ ਕਰਿ ਊਚੇ ਥਲ ਥਏ।
ਰਣ ਸਾਮਿੱਗ੍ਰੀ ਅਧਿਕ ਬਹਾਈ। ਰੌਰਾ ਪਰਯੋ ਬੋਲਿ ਸਮੁਦਾਈ॥੩੩॥

ਕਈ ਤਾਂ ਤੁਰਕ ਡੁੱਬ ਕੇ ਮਰ ਗਏ, ਕਈ ਤਰ ਕੇ ਉਚੇ ਥਾਂ ਹੋ ਗਏ। ਯੁੱਧ ਸਮੱਗਰੀ ਬਹੁਤ ਬਹਿ ਗਈ, ਬਹੁਤ ਰੌਲਾ ਪੈ

ਗਿਆ ਸਾਰੇ ਉੱਚੀ-ਉੱਚੀ ਬੋਲ ਰਹੇ ਸਨ॥੩੩॥

ਕੋ ਭ੍ਰਾਤਾ ਕੋ ਭ੍ਰਾਤ ਬੁਲਾਵੈ। ਕੋ ਕਿਤ ਥਿਰਯੋ ਬਹਯੋ ਕੋ ਜਾਵੈ।
ਜੀਨ ਤੁਰੰਗਨਿ ਕੇ ਬਹਿ ਗਏ। ਖੜਗ ਸਿਪਰ ਨਹਿਂ ਦੇਖਤਿ ਭਏ॥ ੩੪॥

ਕੋਈ ਭਰਾ ਨੂੰ ਭਰਾ ਬੁਲਾਉਂਦਾ ਸੀ, ਕੋਈ ਕਿਤੇ ਖੜਾ ਸੀ ਤੇ ਕੋਈ ਦਰਿਆ ਦੇ ਵੇਗ ਵਿਚ ਵਹਿੰਦਾ ਜਾਂਦਾ ਸੀ। ਘੋੜਿਆਂ ਦੀਆਂ ਕਾਠੀਆਂ ਰੁੜ੍ਹ ਗਈਆਂ। ਢਾਲ ਤਲਵਾਰ ਕਿਤੇ ਦਿੱਸਦੀ ਨਹੀਂ ਸੀ॥੩੪॥

ਸ਼ਸਤ੍ਰ ਬਸਤ੍ਰ ਕਿਸ ਕੀ ਸੁਧ ਨਾਂਹੀ। ਕੋ ਕੋ ਬਚੇ ਬਹੇ ਕੋ ਮਾਂਹੀ।
ਹਾਹਾਕਾਰ ਸਭਿਨਿ ਮਹਿਂ ਭਯੋ। ਮਹਾਂ ਤ੍ਰਾਸ ਦਲ ਕੋ ਉਪਜਯੋ॥ ੩੫॥

ਸ਼ਸਤਰਾਂ ਵਸਤਰਾਂ ਦੀ ਕਿਸੇ ਨੂੰ ਖਬਰ ਨਹੀਂ ਸੀ, ਕੋਈ ਕੋਈ ਬਚਿਆ, ਕਈ ਪਾਣੀ ਦੇ ਵਿਚ ਹੀ ਰੁੜ੍ਹ ਗਏ। ਸਾਰਿਆਂ ਵਿਚ ਹਾਹਾਕਾਰ ਮੱਚ ਗਈ ਤੇ ਸੈਨਾ ਵਿਚ ਮਹਾਨ ਡਰ ਫੈਲ ਗਿਆ॥੩੫॥

ਸੁਨਿ ਭੈ ਕਰਿ ਰਾਜਾ ਉਠਿ ਧਾਯੋ। ਸ੍ਰੀ ਸਤਿਗੁਰ ਕੀ ਸ਼ਰਨੀ ਆਯੋ।
'ਤ੍ਰਾਹ ਤ੍ਰਾਹ' ਕਰਿ ਕੈ ਬਿਕੁਲਾਇਵ। 'ਰਾਖਹੁ ਪ੍ਰਭੁ ਦਲ ਜਲਹਿ ਬਹਾਇਵ'॥੩੬॥

ਅਜਿਹਾ ਰੌਲਾ ਸੁਣ ਕੇ ਰਾਜਾ ਡਰ ਕੇ ਭੱਜ ਉਠਿਆ ਤੇ ਸਤਿਗੁਰੂ ਜੀ ਦੀ ਸ਼ਰਨ ਵਿਚ ਆ ਗਿਆ। 'ਤ੍ਰਾਹ ਤ੍ਰਾਹ' ਕਰਕੇ ਵਿਆਕੁਲ ਹੋ ਗਿਆ। ਹੇ ਪ੍ਰਭੂ ਜੀ! "ਬਚਾਓ, ਸਾਰੀ ਫੌਜ ਜਲ ਵਿਚ ਬਹਿ ਗਈ ਹੈ"॥੩੬॥

ਸ੍ਰੀ ਗੁਰ ਕਹਯੋ 'ਪ੍ਰਥਮ ਸੁਧਿ ਕਰੀ। ਕਯੋਂ ਸੈਨਾ ਨੀਚੇ ਥਲ ਪਰੀ?।
ਊਚੇ ਥਲ ਜਲ ਜਾਇ ਨ ਕੈਸੇ। ਤਿਨ ਕੋ ਮੰਤ੍ਰ ਨਿਫਲ ਹ੍ਵੈ ਐਸੇ॥ ੩੭॥

ਗੁਰੂ ਜੀ ਨੇ ਕਿਹਾ, "ਤੁਹਾਨੂੰ ਪਹਿਲਾਂ ਹੀ ਖਬਰਦਾਰ ਕਰ ਦਿੱਤਾ ਸੀ, ਹੇਠਾਂ ਵਾਲੇ ਨੀਵੇਂ ਸਥਾਨ ਤੇ ਕਿਉਂ ਸੈਨਾ ਪਈ ਸੀ? ਉੱਚੇ ਸਥਾਨ ਤੇ ਕਿਸੇ ਤਰ੍ਹਾਂ ਵੀ ਜਲ ਨਹੀਂ ਜਾ ਸਕਦਾ, ਉਨ੍ਹਾਂ ਦਾ ਮੰਤਰ ਇਸ ਤਰ੍ਹਾਂ ਨਿਸਫਲ ਹੋ ਜਾਣਾ ਸੀ॥੩੭॥

ਅਬਿ ਨਹਿਂ ਉਲਟਹਿ ਨਦ, ਹਟਿ ਰਹੈ। ਬਹੇ ਸੁ ਬਹੇ ਅਬਹਿ ਨਹਿਂ ਬਹੈਂ।
ਗੁਰ ਬਚ ਤੇ ਹਟਿ ਕੈ ਦਰੀਆਉ। ਥਿਰਯੋ ਜਾਇ ਨਿਜ ਸਹਿਜ ਸੁਭਾਉ॥੩੮॥

ਹੁਣ ਦਰਿਆ ਨਹੀਂ ਚੜ੍ਹੇਗਾ, ਪਿੱਛੇ ਹੱਟ ਜਾਵੇਗਾ। ਜਿਹੜੇ ਬਹਿ ਗਏ ਹਨ, ਉਹ ਬਹਿ ਗਏ ਹਨ, ਹੁਣ ਹੋਰ ਕੋਈ ਨਹੀਂ ਬਹੇਗਾ। ਗੁਰੂ ਜੀ ਦੇ ਬਚਨਾਂ ਨਾਲ ਦਰਿਆ ਹੱਟ ਕੇ ਆਪਣੇ ਅਸਲੀ ਸਥਾਨ ਤੇ ਜਾ ਕੇ ਸਥਿਰ ਹੋ ਗਿਆ॥੩੮॥

ਨੀਠ ਨੀਠ ਹੋਈ ਭੁਨਸਾਰ। ਸਭਿ ਉਮਰਾਵ ਮਹਾਂ ਡਰ ਧਾਰਿ।
ਬਿਸ਼ਨ ਸਿੰਘ ਕੇ ਢਿਗ ਚਲਿ ਆਏ। ਜਾਮਨਿ ਕੋ ਬਿਰਤਾਂਤ ਸੁਨਾਏ॥ ੩੯॥

ਮਸਾਂ-ਮਸਾਂ ਸਵੇਰ ਹੋਈ, ਸਾਰੇ ਉਮਰਾਵ ਨੇ ਮਹਾਨ ਡਰ ਧਾਰਨ ਕੀਤਾ। ਬਿਸ਼ਨ ਸਿੰਘ ਦੇ ਪਾਸ ਚਲ ਕੇ ਆਏ ਤੇ ਰਾਤ ਦਾ ਸਾਰਾ ਬ੍ਰਿਤਾਂਤ ਸੁਣਾਇਆ॥੩੯॥

'ਦੇਸ਼ ਕਾਮਰੂ ਸਾਧਹਿਂ ਕੈਸੇ। ਮੰਤ੍ਰਨਿ ਸ਼ਕਤਿ ਧਰਤਿ ਜੇ ਐਸੇ।
ਹਥਿਆਰਨਿ ਕੀ ਨਹੀਂ ਲਰਾਈ। ਕਹਾਂ ਕਰਹਿਂ ਇਹ ਚਮੂੰ ਪਲਾਈ॥ ੪੦॥

"ਕਾਮਰੂਪ ਦੇਸ਼ ਨੂੰ ਕਿਵੇਂ ਜਿੱਤਾਂਗੇ, ਜਿਹੜੇ ਮੰਤਰਾਂ ਦੀ ਅਜਿਹੀ ਸ਼ਕਤੀ ਧਾਰਨ ਕਰਦੇ ਹਨ। ਇਹ ਹਥਿਆਰਾਂ ਦੀ ਲੜਾਈ ਨਹੀਂ ਹੈ। ਇਹ ਫੌਜ ਭੱਜ ਕੇ ਕਿੱਥੇ ਚਲੀ ਜਾਵੇ"॥੪੦॥

ਨ੍ਰਿਪ ਲੈਕੇ ਉਮਰਾਵਨਿ ਸਾਥ। ਆਯੋ ਜਹਿਂ ਬੈਠੇ ਗੁਰਨਾਥ।
ਚਿੰਤਾ ਮਹਿਦ ਧੀਰ ਉਰ ਟਾਰੀ। 'ਕਜਾ ਅਬਿ ਕਰਹਿਂ ਸਲਾਹ ਬਿਚਾਰੀ॥੪੧॥

ਰਾਜਾ ਉਮਰਾਵ ਨੂੰ ਨਾਲ ਲੈ ਕੇ ਉਥੇ ਆਇਆ, ਜਿੱਥੇ ਸਤਿਗੁਰੂ ਜੀ ਬੈਠੇ ਸਨ। ਬਹੁਤ ਵੱਡੀ ਚਿੰਤਾ ਤੇ ਹਿਰਦੇ ਦਾ

ਧੀਰਜ ਜਾਂਦਾ ਰਿਹਾ ਸੀ। ਗੁਰੂ ਜੀ ਪਾਸੋਂ ਸਲਾਹ ਪੁੱਛੀ, "ਹੁਣ ਕੀ ਕਰੀਏ" ॥੪੧॥

ਬੰਦਿ ਬੰਦਨ ਸਭਿ ਹੀ ਢਿਗ ਬੈਸੇ। ਨਿਸਾ ਬ੍ਰਿਤੰਤ ਭਨਯੋ ਭਾ ਜੈਸੇ।
'ਸ੍ਰੀ ਪ੍ਰਭੂ ਕਿਮ ਇਹ ਜੀਤੇ ਜਾਇ? ਜਿਨ ਪਰ ਬਲ ਕੋ ਬਸ ਨ ਬਸਾਇ' ॥੪੨॥

ਬੰਦਨਾ ਕਰਕੇ ਸਾਰੇ ਪਾਸ ਬੈਠ ਗਏ, ਜਿਵੇਂ ਰਾਤ ਨੂੰ ਹੋਇਆ ਸੀ, ਉਹ ਸਾਰਾ ਬ੍ਰਿਤਾਂਤ ਸੁਣਾਇਆ। "ਹੇ ਪ੍ਰਭੂ ਜੀ! ਇਹ ਕਿਸ ਤਰ੍ਹਾਂ ਜਿੱਤਿਆ ਜਾਵੇਗਾ ? ਜਿਨ੍ਹਾਂ ਉੱਤੇ ਸ਼ਕਤੀ ਦਾ ਵੱਸ ਨਹੀਂ ਚਲਦਾ ਹੈ" ॥੪੨॥

ਸੁਨਿ ਸ੍ਰੀ ਤੇਗ ਬਹਾਦਰ ਕਹਜੋ। 'ਤੁਮਰੋ ਕਾਜ ਕਰਨਿ ਮੈਂ ਚਹਜੋ।
ਦ੍ਰਿਢ ਚਿਤ ਰਾਖਹੁ ਗਿਨਤੀ ਤਜਾਗਹੁ। ਮੋਹਿ ਬਚਨ ਪਰ ਮਨ ਅਨੁਰਾਗਹੁ ॥੪੩॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਮੈਂ ਤੁਹਾਡਾ ਕੰਮ ਕਰਨਾ ਚਾਹੁੰਦਾ ਹਾਂ, ਆਪਣੇ ਚਿੱਤ ਨੂੰ ਦ੍ਰਿੜ ਰੱਖੋ ਤੇ ਸਭ ਗਿਣਤੀਆਂ ਛੱਡੋ, ਮੇਰੇ ਬਚਨਾਂ ਉੱਤੇ ਮਨ ਵਿਚ ਪਿਆਰ ਧਾਰਨ ਕਰੋ ॥੪੩॥

ਚਲੋ ਕਹੇ ਪਰ ਸੰਸੈ ਛੋਰਿ। ਸਿੱਧ ਕਰੋਂ ਮੈਂ ਕਾਰਜ ਤੋਰ।
ਮੋਹਿ ਭਰੋਸੇ ਸਭਿ ਚਲਿ ਆਏ। ਮੰਤ੍ਰ ਜੰਤ੍ਰ ਇਤਿ ਹੈਂ ਸਮੁਦਾਏ ॥ ੪੪॥

ਸਭ ਪ੍ਰਕਾਰ ਦੇ ਸ਼ੰਕੇ ਛੱਡ ਕੇ ਮੇਰੇ ਕਹਿਣ ਮੁਤਾਬਿਕ ਚਲੋ, ਮੈਂ ਤੁਹਾਡਾ ਕਾਰਜ ਸਿੱਧ ਕਰਾਂਗਾ। ਮੇਰੇ ਭਰੋਸੇ ਸਾਰੇ ਚਲ ਕੇ ਆਏ ਹੋ। ਏਧਰ ਸਾਰੇ ਮੰਤਰ ਜੰਤਰ ਹੀ ਹਨ ॥੪੪॥

ਮਾਨਹੁਂ ਕਹਯੋ ਬਿਘਨ ਨਹਿਂ ਹੋਇ। ਫਤੇ ਸੁ ਦੇਸ਼ ਕਾਮਰੂ ਜੋਇ'।
ਇੱਤਜਾਦਿਕ ਕਹਿ ਧੀਰਜ ਦੀਨਿ। ਪੁਨ ਉਤਸਾਹੁ ਭੂਪ ਸੁਨਿ ਕੀਨਿ ॥ ੪੫॥

ਮੇਰਾ ਕਿਹਾ ਮੰਨੋਗੇ ਤਾਂ ਕੋਈ ਵਿਘਨ ਨਹੀਂ ਹੋਵੇਗਾ, ਕਾਮਰੂਪ ਦੇਸ਼ ਨੂੰ ਫਤਹਿ ਕਰੋਗੇ।" ਇਸ ਤਰ੍ਹਾਂ ਕਹਿ ਕੇ ਧੀਰਜ ਦਿੱਤਾ, ਫਿਰ ਰਾਜੇ ਨੇ ਸੁਣ ਕੇ ਉਤਸ਼ਾਹ ਧਾਰਨ ਕੀਤਾ ॥੪੫॥

*ਬਾਰ੍ਹਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ ॥੬॥*

## ਅਧਿਆਇ ਸਤਵਾਂ

### ਰਾਜੇ ਦੀ ਹੋਰ ਮੁਸੀਬਤਾਂ ਤੋਂ ਰੱਖਿਆ

ਦੋਹਰਾ- ਸੁਨਿ ਸਤਿਗੁਰ ਕੋ ਬਚਨ ਕੋ ਧਰੀ ਧੀਰ ਮਹਿਪਾਲ।
ਹਾਥ ਜੋਰਿ ਮਨ ਦੀਨ ਹ੍ਵੈ ਕੀਰਤਿ ਕਰਤਿ ਰਸਾਲ ॥ ੧॥

ਸਤਿਗੁਰੂ ਜੀ ਦੇ ਬਚਨ ਸੁਣ ਕੇ ਰਾਜੇ ਨੇ ਧੀਰਜ ਧਾਰਨ ਕੀਤਾ। ਹੱਥ ਜੋੜ ਕੇ ਮਨ ਵਿਚ ਦੀਨ ਹੋ ਕੇ, ਗੁਰੂ ਜੀ ਦੀ ਰਸੀਲੀ ਕੀਰਤੀ ਕਰਦਾ ਸੀ ॥੧॥

ਚੌਪਈ- 'ਹੇ ਪ੍ਰਭੁ! ਅਸ ਕਾਰਜ ਨਹਿਂ ਕੋਈ। ਰਾਵਰਿ ਸ਼ਰਨ ਪਰੇ ਨਹਿਂ ਹੋਈ।
ਮੋਕਹੁ ਪ੍ਰਾਨ ਦਾਨ ਤੁਮ ਦੈਹੋ। ਦੇਸ਼ ਕਾਮਰੂ ਸਰ ਕਰਿ ਲੈਹੋਂ ॥ ੨॥

'ਹੇ ਪ੍ਰਭੂ! ਐਸਾ ਕੋਈ ਕਾਰਜ ਨਹੀਂ ਹੈ, ਜਿਹੜਾ ਆਪ ਜੀ ਦੀ ਸ਼ਰਨ ਵਿਚ ਪੈਣ ਨਾਲ ਨਹੀਂ ਹੋ ਸਕਦਾ ਹੈ। ਮੈਨੂੰ ਤੁਸੀਂ ਪ੍ਰਾਣ ਦਾਨ ਦਿੱਤੇ ਹਨ, ਮੈਂ ਕਾਮਰੂਪ ਦੇਸ਼ ਜਿੱਤ ਲਵਾਂਗਾ ॥੨॥

ਨਾਂਹਿ ਤੇ ਮੇਰੋ ਹੋਤਿ ਬਿਨਾਸ਼ਾ। ਨਹਿਂ ਮੈਂ ਜੀਵਨ ਕੀ ਕਰਿ ਆਸਾ।
ਸੁਨਿ ਬਹੁਤਨਿ ਤੇ ਸੁਜਸੁ ਮਹਾਨਾ। ਸ਼ਰਨ ਪਰਯੋ ਤਜਿ ਕਰਿ ਮਨ ਮਾਨਾ ॥੩॥

ਨਹੀਂ ਤਾਂ ਮੇਰਾ ਵਿਨਾਸ਼ ਹੋ ਜਾਂਦਾ, ਮੈਂ ਜੀਵਨ ਦੀ ਕੋਈ ਆਸ ਨਹੀਂ ਰੱਖੀ ਸੀ। ਬਹੁਤਿਆਂ ਪਾਸੋਂ ਆਪ ਜੀ ਦਾ ਮਹਾਨ ਜੱਸ ਸੁਣਕੇ ਆਪਣੇ ਮਨ ਦਾ ਹੰਕਾਰ ਛੱਡ ਕੇ ਆਪ ਜੀ ਦੀ ਸ਼ਰਨ ਵਿਚ ਪਿਆ ਹਾਂ'॥੩॥

ਤਿਸ ਦਿਨ ਤੇ ਪਾਛੈ ਬਡ ਛੋਟੇ। ਮਾਨਹਿਂ ਗੁਰ ਬਚ ਕਬਹੁੰ ਨ ਹੋਟੇ।
ਦੋਨਹੁੰ ਕੂਲਨਿ ਪਰ ਦ੍ਵੈ ਡੇਰੇ। ਪਰੇ ਰਹੈਂ ਪੁਨ ਕਾਲ ਬਡੇਰੇ॥ ੪॥

ਉਸ ਦਿਨ ਤੋਂ ਪਿੱਛੋਂ ਵੱਡੇ ਛੋਟੇ ਸਾਰੇ ਗੁਰੂ ਜੀ ਦੇ ਬਚਨ ਮੰਨਦੇ ਸਨ ਤੇ ਕੋਈ ਵੀ ਮੋੜਦਾ ਨਹੀਂ ਸੀ। ਦੋਵਾਂ ਕਿਨਾਰਿਆਂ ਤੇ ਦੋਵਾਂ ਫੌਜਾਂ ਦਾ ਡੇਰਾ ਸੀ। ਫਿਰ ਲੰਮੇ ਸਮੇਂ ਤੀਕ ਇਹ ਡੇਰੇ ਪਏ ਰਹੇ॥੪॥

ਮੰਤ੍ਰ ਜੰਤ੍ਰ ਪ੍ਰੇਤਨਿ ਕੇ ਕਰੈਂ। ਅਪਰ ਅਨੇਕ ਭਾਂਤਿ ਕੇ ਰਰੈਂ।
ਬਿਸ਼ਨ ਸਿੰਘ ਕੇ ਮਾਰਨਿ ਕਾਰਨ। ਅਨਿਕ ਪ੍ਰਕਾਰਨਿ ਕੇ ਉਪਚਾਰਨਿ॥ ੫॥

ਕਾਮਰੂਪ ਵਾਲੇ ਮੰਤਰ ਜੰਤਰ ਪੜ੍ਹਦੇ ਸਨ ਅਤੇ ਪ੍ਰੇਤਾਂ ਨੂੰ ਬੁਲਾਉਂਦੇ ਸਨ, ਹੋਰ ਅਨੇਕ ਪ੍ਰਕਾਰ ਦੇ ਯਤਨ ਕਰਦੇ ਸਨ। ਬਿਸ਼ਨ ਸਿੰਘ ਨੂੰ ਮਾਰਨ ਵਾਸਤੇ, ਅਨੇਕ ਪ੍ਰਕਾਰ ਦੇ ਉਨ੍ਹਾਂ ਉਪਚਾਰ ਕੀਤੇ॥੫॥

ਬਹੁ ਭੂਪਤਿ ਕੇ ਨਿਕਟਿ ਪਠਾਵੈਂ। ਸਤਿਗੁਰ ਦੇ ਕਰਿ ਹਾਥ ਬਚਾਵੈਂ।
ਜੰਤ੍ਰ ਮੰਤ੍ਰ ਕੋ ਨਹਿਂ ਬਲ ਚਲੈ। ਜੋ ਅਜਮਤਿਵੰਤਨਿ ਕੋ ਗਿਲੇ॥ ੬॥

ਬਹੁਤ ਕੁਝ ਰਾਜੇ ਦੇ ਪਾਸ ਭੇਜਦੇ ਸਨ, ਪਰ ਸਤਿਗੁਰੂ ਜੀ ਹੱਥ ਦੇ ਕੇ ਬਚਾ ਲੈਂਦੇ ਸਨ। ਜੰਤਰਾਂ ਮੰਤਰਾਂ ਦੀ ਸ਼ਕਤੀ ਨਹੀਂ ਸੀ ਚਲਦੀ, ਜਿਹੜੀ ਸ਼ਕਤੀ ਕਰਾਮਾਤ ਵਾਲਿਆਂ ਨੂੰ ਵੀ ਖਪਾ ਸਕਦੀ ਸੀ॥੬॥

ਮਹਾਂ ਪ੍ਰਬਲ ਜੋ ਫਿਰਹਿ ਨ ਫੇਰੇ। ਜਿਸ ਤੇ ਨਾਸਹਿਂ ਬਲੀ ਬਡੇਰੇ।
ਕਰਤੇ ਆਧਿ ਰੁ ਬਜਾਧਿ ਉਪਾਧਾ। ਬੈਠਿ ਬੈਠਿ ਦਿਨ ਕੇਤਿਕ ਸਾਧਾ॥ ੭॥

ਮਹਾਂ ਪ੍ਰਬਲ ਸ਼ਕਤੀਆਂ ਜੋ ਮੋੜਿਆਂ ਵੀ ਮੁੜਦੀਆਂ ਨਹੀਂ ਸਨ ਜਿਨ੍ਹਾਂ ਅੱਗੇ ਵੱਡੇ-ਵੱਡੇ ਬਲਵਾਨ ਨੱਸ ਜਾਂਦੇ ਸਨ। ਆਧਿ, ਬਿਆਧ ਅਤੇ ਉਪਾਧ ਪ੍ਰਗਟ ਕਰਦੇ ਸਨ, ਕਈ ਦਿਨ ਬੈਠ ਬੈਠ ਕੇ ਸ਼ਕਤੀ ਸਾਧਦੇ ਰਹਿੰਦੇ ਸਨ॥੭॥

ਨ੍ਰਿਪ ਕੋ ਰੋਮ ਨ ਬਾਂਕੋ ਹੋਵਾ। ਕਿਸੁ ਮੰਤ੍ਰ ਕੋ ਸੇਕ ਨ ਜੋਵਾ।
ਕਿਤਿਕ ਮੰਤ੍ਰ ਨਰ ਬਾਵਰ ਕਰੈਂ। ਤਨ ਆਦਿਕ ਸੁਧਿ ਸਗਰੀ ਹਰੈਂ॥ ੮॥

ਪਰ ਰਾਜੇ ਦਾ ਵਾਲ ਵੀ ਵਿੰਗਾ ਨਾ ਹੋਇਆ, ਉਸ ਨੂੰ ਕਿਸੇ ਮੰਤਰ ਦਾ ਵੀ ਸੇਕ ਨਾ ਲੱਗਾ। ਕਈ ਮੰਤਰ ਮਨੁੱਖਾਂ ਨੂੰ ਪਾਗਲ ਕਰ ਦਿੰਦੇ ਸਨ, ਅਤੇ ਤਨ ਆਦਿ ਦੀ ਸਾਰੀ ਸੁਧ ਬੁਧ ਦੂਰ ਕਰ ਦਿੰਦੇ ਸਨ॥੮॥

ਕਿਤਿਕ ਅੰਗ ਕੋ ਜੁਦਾ ਕਰੰਤੇ। ਕੋ ਸਥੰਭ ਕੋ ਦੇਹਿ ਧਰੰਤੇ।
ਕੇਤਿਕ ਤਨ ਕੋ ਦੇਂ ਪਲਟਾਈ। ਮਾਨੁਖ ਤੇ ਕੁਛ ਔਰ ਬਨਾਈ॥ ੯॥

ਮੰਤਰ ਪੜ੍ਹ ਕੇ ਸਰੀਰ ਦੇ ਅੰਗਾਂ ਨੂੰ ਵਖਰਾ ਵਖਰਾ ਕਰਵਾ ਲੈਂਦੇ ਸਨ, ਕਈ ਥੰਮ੍ਹਿਆਂ ਨੂੰ ਸਰੀਰ ਤੇ ਧਾਰਨ ਕਰਦੇ ਸਨ। ਕਈ ਸਰੀਰ ਨੂੰ ਪਲਟਾ ਲੈਂਦੇ ਸਨ, ਮਨੁੱਖ ਤੋਂ ਕੁਝ ਹੋਰ ਹੀ ਬਣ ਜਾਂਦੇ ਸਨ॥੯॥

ਕੇਤਿਕ ਜਿਹਵਾ ਠਾਕਤਿ ਐਸੇ। ਬਾਕ ਨ ਉਚਰਜੋ ਜਾਵਹਿ ਕੈਸੇ।
ਕੇਤਿਕ ਬਲ ਹਰਤਾ ਸਭਿ ਕੇਰਾ। ਕਹਿਂ ਲਗਿ ਕਹੋਂ ਤਿਨਹੁੰ ਕੋ ਝੇਰਾ॥ ੧੦॥

ਕਈ ਜੀਭ ਇਸ ਤਰ੍ਹਾਂ ਰੋਕ ਦਿੰਦੇ ਸਨ ਕਿ ਕੋਈ ਸ਼ਬਦ ਬੋਲਿਆ ਨਹੀਂ ਸੀ ਜਾ ਸਕਦਾ। ਕਈ ਸਾਰੀ ਸ਼ਕਤੀ ਹੀ ਦੂਰ ਕਰ ਦਿੰਦੇ ਸਨ। ਕਿੱਥੋਂ ਤਕ ਇਨ੍ਹਾਂ ਦੇ ਮੰਤਰਾਂ ਦੀ ਸ਼ਕਤੀ ਬਾਰੇ ਕਹਾਂ॥੧੦॥

ਕੋ ਤਤਕਾਲ ਬਿਨਾਸ਼ਹਿਂ ਪ੍ਰਾਨ। ਫੁਰਯੋ ਨ ਏਕ ਨ੍ਰਿਪਤਿ ਪੈ ਆਨਿ।
ਜਿਸ ਕੇ ਸਤਿਗੁਰ ਰੱਛਕ ਹੋਇਂ। ਤੀਨ ਲੋਕ ਮਹਿਂ ਅਸ ਨਹਿਂ ਕੋਇ॥ ੧੧॥

ਕਈ ਤੁਰਤ ਪ੍ਰਾਣਾਂ ਦਾ ਨਾਸ਼ ਕਰ ਦਿੰਦੇ ਸਨ, ਪਰ ਉਨ੍ਹਾਂ ਵਿਚੋਂ ਕੋਈ ਵੀ ਰਾਜੇ,ਦੇ ਪਾਸ ਆ ਕੇ ਸਫਲ ਨਾ ਹੋਇਆ। ਜਿਸ ਦੇ ਸਤਿਗੁਰੂ ਜੀ ਰਖਵਾਲੇ ਬਣਦੇ ਹਨ, ਜਿਨ੍ਹਾਂ ਵਰਗਾ ਤਿੰਨਾਂ ਲੋਕਾਂ ਵਿਚ ਕੋਈ ਨਹੀਂ ਹੈ॥੧੧॥

ਤਿਸਕੋ ਬਿਘਨ ਕਰਹਿ ਜੋ ਜਾਇ। ਅਪਨੋ ਆਨਿ ਪ੍ਰਭਾਵ ਦਿਖਾਇ।
ਅਨਿਕ ਬਾਰਿ ਬਹੁ ਬਲ ਪਤਿਆਏ। ਸੋ ਕਰਿ ਕਰਿ ਹਾਰੇ ਸਮੁਦਾਏ॥ ੧੨॥

ਤਿਸ ਨੂੰ ਜਾ ਕੇ ਜੇ ਕੋਈ ਵਿਘਨ ਪਾਵੇ ਤੇ ਆਪਣਾ ਆ ਕੇ ਪ੍ਰਭਾਵ ਵਿਖਾਵੇ। ਅਨੇਕ ਬਾਰ ਬਹੁਤ ਬਲ ਪਰਖੇ ਹਨ, ਉਹ ਸਾਰੇ ਕਰ ਕਰ ਕੇ ਹਾਰ ਗਏ॥੧੨॥

ਚਿੰਤਾ ਭਈ ਕਾਮਰੂ ਦੇਸ਼। ਨਰ ਅਸ਼ੇਸ਼ ਕੇ ਸਹਤਿ ਨਰੇਸ਼।
ਕਹਾ ਹੋਯਹੁ ਨਹਿਂ ਮੰਤ੍ਰਨਿ ਸ਼ਕਤਿ। ਕਰਿ ਕਰਿ ਹਾਰੇ ਸਗਰੀ ਜੁਗਤਿ॥ ੧੩॥

ਕਾਮਰੂਪ ਦੇਸ਼ ਵਿਚ ਫਿਰ ਚਿੰਤਾ ਦੀ ਲਹਿਰ ਫੈਲ ਗਈ, ਸਾਰੇ ਮਨੁੱਖਾਂ ਦੇ ਨਾਲ ਰਾਜਾ ਵੀ ਫਿਕਰਮੰਦ ਹੋ ਗਿਆ। "ਕੀ ਹੋ ਗਿਆ ਹੈ ਮੰਤਰਾਂ ਦੀ ਸ਼ਕਤੀ ਚਲਦੀ ਨਹੀਂ ਹੈ, ਸਾਰੀਆਂ ਜੁਗਤੀਆਂ ਕਰ ਕਰ ਕੇ ਹਾਰ ਗਏ ਹਾਂ॥੧੩॥

ਕੌਨ ਬਲੀ ਅਸ ਜਿਸ ਤੇ ਹਾਰੇ? ਨਹੀਂ ਆਪਨੀ ਸ਼ਕਤਿ ਦਿਖਾਰੇ।
ਕਰਿ ਨ ਸਕਹਿਂ ਕਾਰਜ ਸਿਧ ਕੋਈ। ਬਲਿ ਜੋਤਿ ਪੂਜੇ ਨਿਸ਼ਫਲ ਸੋਈ॥੧੪॥

ਕੌਣ ਅਜਿਹਾ ਬਲੀ ਹੈ ਜਿਸ ਤੋਂ ਇਹ ਸਾਰੇ ਮੰਤਰ ਹਾਰ ਗਏ ਹਨ, ਉਹ ਆਪ ਆਪਣੀ ਸ਼ਕਤੀ ਨਹੀਂ ਵਿਖਾ ਰਿਹਾ ਹੈ ਕੋਈ ਵੀ ਕਾਰਜ ਸਿਧ ਨਹੀਂ ਕਰ ਸਕਦੇ ਹਾਂ। ਬਲੀਆਂ ਦੇ ਕੇ ਪੂਜੇ ਹੋਏ ਸਾਡੇ ਮੰਤਰ ਨਿਸਫਲ ਗਏ ਹਨ"॥੧੪॥

ਬਹੁਰ ਉਪਾਊ ਔਰ ਤਬਿ ਕਰੇ। ਇਸਤ੍ਰੀ ਗਨ ਜੇ ਮੰਤ੍ਰਨਿ ਧਰੇ।
ਤਿਨ ਸਭਿ ਕੋ ਨ੍ਰਿਪ ਨਿਕਟਿ ਬੁਲਾਇ। ਕਹਯੋ ਦਰਬ ਦੇ ਕਰਿ ਸਮੁਦਾਇ॥੧੫॥

ਫਿਰ ਹੋਰ ਬਹੁਤ ਉਪਾਅ ਕੀਤੇ। ਸਾਰੀਆਂ ਇਸਤਰੀਆਂ ਜਿਨ੍ਹਾਂ ਨੇ ਮੰਤਰ ਧਾਰਨ ਕੀਤੇ ਹੋਏ ਸਨ। ਉਨ੍ਹਾਂ ਸਭ ਨੂੰ ਰਾਜੇ ਨੇ ਆਪਣੇ ਪਾਸ ਬੁਲਾਇਆ ਤੇ ਉਨ੍ਹਾਂ ਨੂੰ ਬਹੁਤ ਧਨ ਦੇ ਕੇ ਕਿਹਾ॥੧੫॥

'ਤੁਮ ਇਕੱਤ੍ਰ ਹੁਇ ਸਗਰੀ ਜਾਵਹੁ। ਨਿਜ ਮੰਤ੍ਰਨਿ ਕੀ ਸ਼ਕਤਿ ਦਿਖਾਵਹੁ।
ਮਰਹਿ ਨਹੀਂ ਤੁਮ ਤੇ ਨਰ ਕੋਈ। ਤਊ ਦਿਖਾਵਹੁ, ਡਰ ਉਰ ਹੋਈ॥ ੧੬॥

"ਤੁਸੀਂ ਸਾਰੀਆਂ ਇਕੱਠੀਆਂ ਹੋ ਕੇ ਜਾਵੋ ਤੇ ਆਪਣੇ ਮੰਤਰਾਂ ਦੀ ਸ਼ਕਤੀ ਵਿਖਾਵੋ। ਜੇ ਤੁਹਾਡੇ ਪਾਸੋਂ ਕੋਈ ਮਰਦ ਨਾ ਵੀ ਮਰੇ, ਤਦ ਵੀ ਸ਼ਕਤੀ ਵਿਖਾਵੋ, ਹਿਰਦੇ ਵਿਚ ਡਰ ਪੈਦਾ ਹੋਵੇਗਾ"॥੧੬॥

ਜਿਸ ਤੇ ਤੁਰਕੇਸ਼ੁਰ ਕੀ ਅਨੀ। ਜਾਇ ਪਲਾਇ ਤ੍ਰਾਸ ਕਰਿ ਘਨੀ'।
ਸੁਨਤਿ ਜੋਖਤਾ ਹ੍ਵੈ ਕਰਿ ਤਯਾਰ। ਆਪੋ ਅਪਨੇ ਮੰਤ੍ਰ ਸੰਭਾਰਿ॥ ੧੭॥

ਜਿਸ ਤੋਂ ਬਾਦਸ਼ਾਹ ਦੀ ਫੌਜ, ਬਹੁਤ ਡਰ ਮੰਨ ਕੇ ਭੱਜ ਜਾਵੇ। ਸੁਣ ਕੇ ਇਸਤਰੀਆਂ ਤਿਆਰ ਹੋ ਗਈਆਂ ਤੇ ਉਨ੍ਹਾਂ ਆਪੋ ਆਪਣੇ ਮੰਤਰ ਸੰਭਾਲ ਲਏ॥੧੭॥

ਧੋਬਨਿ, ਕੁਮ੍ਹਰੇਰੀ, ਚਮਰੇਰੀ। ਇੱਤਯਾਦਿਕ ਜਾਤਨਿ ਕੀ ਚੇਰੀ।
ਨ੍ਰਿਪ ਕੇ ਕਹੇ ਸਕਲ ਚਲਿ ਆਈ। ਕਿਨ ਹੂੰ ਚਢਿ ਕਰਿ ਭੀਤ ਧਵਾਈ॥੧੮॥

ਧੋਬਣਾਂ, ਘੁਮਿਆਰੀਆਂ, ਚਮਿਆਰੀਆਂ ਆਦਿ ਜਾਤਾਂ ਦੀਆਂ ਇਸਤਰੀਆਂ ਰਾਜੇ ਦੇ ਕਹਿਣ ਤੇ ਸਾਰੀਆਂ ਚਲ ਕੇ ਆ ਗਈਆਂ। ਕਿਸੇ ਨੇ ਚੜ੍ਹ ਕੇ ਦੀਵਾਰ ਭਜਾ ਲਈ॥੧੮॥

ਕੋ ਬ੍ਰਿੱਛਨਿ ਪਰ ਚਢਿ ਕਰਿ ਚਾਲੀ। ਛੋਰਤਿ ਮੁਖ ਤੇ ਅਗਨਿ ਬਿਸਾਲੀ।
ਕੋ ਢੋਲਕ, ਕੋ ਡਮਰੂ ਗਹੀਆ। ਕੇਹਰਿ ਪਰ ਗਰਜਤਿ ਕੋ ਅਹੀਆ॥ ੧੯॥

ਕੋਈ ਬ੍ਰਿਛ ਤੇ ਸਵਾਰ ਹੋ ਕੇ ਚਲ ਪਈ, ਕੋਈ ਮੁਖ ਤੋਂ ਵਿਸ਼ਾਲ ਅੱਗ ਕੱਢ ਰਹੀ ਸੀ। ਕਿਸੇ ਨੇ ਢੋਲਕ, ਕਿਸ ਨੇ ਡਮਰੂ ਫੜਿਆ ਸੀ, ਕੋਈ ਸ਼ੇਰ ਉੱਤੇ ਚੜ੍ਹ ਕੇ ਗੱਜ ਰਹੀ ਸੀ॥੧੯॥

ਕਿਤਿਕ ਭਯਾਨਕ ਰੂਪ ਦਿਖਾਵੈਂ। ਕੋ ਸੁੰਦਰ ਬਨਿ ਠਨ ਕਰਿ ਆਵੈਂ।
ਚਲੀ ਆਇਂ ਸਭਿ ਬੀਚ ਅਕਾਸ਼। ਲਸ਼ਕਰ ਕੋ ਉਪਜਾਵਹਿਂ ਤ੍ਰਾਸ॥ ੨੦॥

ਕੋਈ ਭਿਆਨਕ ਰੂਪ ਵਿਖਾਉਂਦੀ ਸੀ, ਕੋਈ ਬਹੁਤ ਸੁੰਦਰ ਬਣ ਠਣ ਕੇ ਆਉਂਦੀ ਸੀ। ਸਾਰੀਆਂ ਅਕਾਸ਼ ਵਿਚ ਚੜ੍ਹ ਕੇ ਚਲੀਆਂ ਆਉਂਦੀਆਂ ਸਨ ਤੇ ਫੌਜ ਨੂੰ ਡਰ ਉਤਪੰਨ ਕਰਦੀਆਂ ਸਨ॥੨੦॥

ਨਹਿਂ ਬਸ ਚਲਹਿ ਗਹੀ ਨਹਿਂ ਜਾਇਂ। ਦੇਖਿ ਦੇਖਿ ਕਰਿ ਨਰ ਡਰਪਾਇਂ।
ਬਡ ਅਚਰਜ ਮਾਨਯੋ ਸਭਿਹੀਨਿ। ਉਰ ਉਤਸਾਹੁ ਭਯੋ ਸਭਿ ਛੀਨ॥ ੨੧॥

ਕੋਈ ਵੱਸ ਨਹੀਂ ਸੀ ਚਲਦਾ, ਫੜੀਆਂ ਨਹੀਂ ਸੀ ਜਾਂਦੀਆਂ, ਵੇਖ ਵੇਖ ਕੇ ਮਨੁੱਖ ਡਰਦੇ ਸੀ। ਸਾਰਿਆਂ ਨੇ ਵੱਡਾ ਅਸਚਰਜ ਮੰਨਿਆ, ਹਿਰਦੇ ਦਾ ਸਾਰਾ ਉਤਸ਼ਾਹ ਗਵਾ ਲਿਆ॥੨੧॥

ਬਿਸ਼ਨ ਸਿੰਘ ਨ੍ਰਿਪ ਤਿਯ ਗਨ ਹੇਰੀ। ਜਿਨ ਮਹੁਂ ਸ਼ਕਤੀ ਮੰਤ੍ਰਨਿ ਕੇਰੀ।
ਕਹਯੋ 'ਤਜਹੁ ਤੋਪੈਂ ਸਮੁਦਾਇ। ਕਰਹੁ ਪ੍ਰਹਾਰਨਿ ਗੋਰਨਿ ਘਾਇ॥ ੨੨॥

ਰਾਜੇ ਬਿਸ਼ਨ ਸਿੰਘ ਨੇ ਵੀ ਬਹੁਤ ਇਸਤਰੀਆਂ ਵੇਖੀਆਂ, ਜਿਨ੍ਹਾਂ ਵਿਚ ਮੰਤਰਾਂ ਦੀ ਸ਼ਕਤੀ ਸੀ। ਉਸ ਨੇ ਕਿਹਾ, "ਤੋਪਾਂ ਛੱਡੋ, ਤੇ ਗੋਲੀਆਂ ਦੇ ਵਾਰ ਕਰਕੇ ਇਨ੍ਹਾਂ ਨੂੰ ਜ਼ਖਮੀ ਕਰੋ॥੨੨॥

ਰਹੈਂ ਦੂਰ ਨਹਿਂ ਨੇਰੇ ਆਵਹਿਂ। ਮਰਹਿਂ ਜਿ ਇਹ, ਪੁਨ ਸੁਧਿ ਸੋ ਪਾਵਹਿਂ।
ਤਬਹਿ ਤਯਾਰ ਕਰਿ ਤੋਪਨਿ ਬ੍ਰਿੰਦ। ਲਗੇ ਚਲਾਵਨਿ ਸ਼ਬਦ ਬਿਲੰਦ॥ ੨੩॥

ਪਰ ਉਹ ਦੂਰ ਰਹਿਣ ਨੇੜੇ ਨਾ ਆਉਣ, ਜੇ ਇਹ ਮਰਨਗੀਆਂ ਤਾਂ ਫਿਰ ਸਾਰੀ ਖਬਰ ਪਾਵਾਂਗੇ।" ਫਿਰ ਬਹੁਤ ਤੋਪਾਂ ਤਿਆਰ ਕਰ ਕੇ ਚਲਾਉਣ ਲੱਗੇ ਤੇ ਉੱਚੀ ਆਵਾਜ਼ ਪ੍ਰਗਟ ਹੋਈ॥੨੩॥

ਜੇਤਿਕ ਗੋਰੇ ਤਿਨ ਪਰ ਮਾਰੇ। ਪਹੁਂਚੇ ਨਹਿਂ ਸਮੀਪ ਤਿਨ ਸਾਰੇ।
ਕੇਤਿਕ ਅਧ ਮਾਰਗ ਗਿਰ ਪਰੇ। ਕੇਤਿਕ ਤੋਪਨਿ ਬੀਚਹਿ ਅਰੇ॥ ੨੪॥

ਜਿੰਨੇ ਵੀ ਗੋਲੇ ਉਨ੍ਹਾਂ ਨੂੰ ਮਾਰੇ, ਉਨ੍ਹਾਂ ਵਿਚੋਂ ਕੋਈ ਵੀ ਉਨ੍ਹਾਂ ਦੇ ਨੇੜੇ ਨਾ ਪਹੁੰਚ ਸਕਿਆ। ਕਈ ਅੱਧ ਵਿਚ ਹੀ ਡਿੱਗ ਪੈਂਦੇ ਸਨ, ਕਈ ਤੋਪਾਂ ਵਿਚ ਹੀ ਅੜੇ ਰਹਿ ਜਾਂਦੇ ਸਨ॥੨੪॥

ਕੇਤਿਕ ਆਗੈ ਤੇ ਹਟਿ ਆਏ। ਲਸ਼ਕਰ ਕੇ ਜੋਧਾ ਗਨ ਘਾਏ।
ਤਿਨ ਕੋ ਤੀਰ ਛੁਯੋ ਨਹਿਂ ਗੋਰਾ। ਸੋ ਪਿਖਿ ਹਸਹਿਂ ਮਚਾਵਤਿ ਸ਼ੋਰਾ॥ ੨੫॥

ਕਈ ਗੋਲੇ ਅਗੋਂ ਵਾਪਸ ਆ ਗਏ ਤੇ ਉਨ੍ਹਾਂ ਆ ਕੇ ਕਈ ਯੋਧਿਆਂ ਨੂੰ ਘਾਇਲ ਕਰ ਦਿੱਤਾ। ਪਰ ਉਨ੍ਹਾਂ ਨੂੰ ਇਕ ਗੋਲਾ ਵੀ ਨਾ ਛੂਹ ਸਕਿਆ, ਉਹ ਇਸਤਰੀਆਂ ਅਗੋਂ ਵੇਖ ਕੇ ਹੱਸਦੀਆਂ ਸਨ ਤੇ ਸ਼ੋਰ ਮਚਾਉਂਦੀਆਂ ਸਨ॥੨੫॥

Sri Satguru Jagjit Singh Ji eLlibrary NamdhariElibrary@gmail.com

ਨਾਚਤਿ ਫਿਰਿ ਫਿਰਿ ਲੇਤਿ ਭਵਾਰੀ। ਗਵਤਿ ਖੁਸ਼ੀ ਕਰਤਿ ਹੈਂ ਭਾਰੀ।
ਬ੍ਰਹਮ ਪੁੱਤ੍ਰ ਕੇ ਕਬਿ ਹੁਇ ਉਰੇ। ਕਬਿ ਦੌਰਤਿ ਗਮਨਤਿ ਹੈਂ ਪਰੇ॥ ੨੬॥

ਫਿਰ ਫਿਰ ਕੇ ਨੱਚਦੀਆਂ ਸਨ ਤੇ ਭੁਆਂਟਣੀਆਂ ਲੈਂਦੀਆਂ ਸਨ ਤੇ ਗਾ ਕੇ ਭਾਰੀ ਖੁਸ਼ੀ ਮਨਾ ਰਹੀਆਂ ਸਨ। ਕਦੇ ਬ੍ਰਹਮ ਪੁੱਤਰ ਦਰਿਆ ਦੇ ਉਰਲੇ ਪਾਸੇ ਆ ਜਾਂਦੀਆਂ ਸਨ, ਕਦੀ ਦੌੜ ਕੇ ਪਾਰਲੇ ਕਿਨਾਰੇ ਤੇ ਚਲੀਆਂ ਜਾਂਦੀਆਂ ਸਨ॥੨੬॥

ਕੇਤਿਕ ਕੇ ਸਿਰ ਛੂਟੇ ਬਾਰ। ਬਿਰਧਾ ਮਹਾਂ ਰੂਪ ਬਿਕਰਾਰ।
ਕੇਤਿਕ ਜੁਵਾ ਧਰੇ ਸ਼ਿੰਗਾਰੇ। ਕੇਤਿਕ ਮੁਖ ਤੇ ਅਗਨੀ ਡਾਰੇ॥ ੨੭॥

ਕਈਆਂ ਦੇ ਸਿਰ ਦੇ ਵਾਲ ਖੁਲ੍ਹੇ ਸਨ, ਕਈ ਮਹਾਨ ਬਿਰਧ ਸਨ ਅਤੇ ਉਨ੍ਹਾਂ ਦਾ ਵਿਕਰਾਲ ਰੂਪ ਸੀ। ਕਈ ਜਵਾਨ ਵੀ ਸਨ ਜਿਨ੍ਹਾਂ ਨੇ ਬਹੁਤ ਹਾਰ ਸ਼ਿੰਗਾਰ ਕੀਤਾ ਹੋਇਆ ਸੀ। ਕਈ ਮੂੰਹ ਵਿਚੋਂ ਅੱਗ ਕੱਢਦੀਆਂ ਸਨ॥੨੭॥

ਲਸ਼ਕਰ ਊਪਰ ਕੋ ਫਿਰਿ ਗਈ। 'ਭੱਛਹੁ ਇਨਹਿਂ' ਪੁਕਾਰਤਿ ਭਈ।
ਇਸ ਪ੍ਰਕਾਰ ਜਬਿ ਦੇਖਨਿ ਕਿਯੋ। ਬਿਸ਼ਨ ਸਿੰਘ ਰਾਜ ਬਿਸਮਯੋ॥ ੨੮॥

ਸੈਨਾ ਦੇ ਉੱਪਰ ਦੀ ਫਿਰ ਗਈਆਂ, "ਇਨ੍ਹਾਂ ਨੂੰ ਖਾ ਲਵੋ" ਪੁਕਾਰਦੀਆਂ ਸਨ। ਇਸ ਪ੍ਰਕਾਰ ਜਦ ਵੇਖਿਆ ਤਾਂ ਰਾਜਾ ਬਿਸ਼ਨ ਸਿੰਘ ਬਹੁਤ ਹੈਰਾਨ ਹੋਇਆ॥੨੮॥

ਇਨ ਪਰ ਨਹਿਂ ਕੁਛ ਜਤਨ ਹਮਾਰੋ। ਮੰਤ੍ਰਨਿ ਬਲ ਤੇ ਕਰਹਿਂ ਸੰਘਾਰੋ।
ਮਾਨ ਸਿੰਘ ਨ੍ਰਿਪ ਮੋਹਿ ਪਿਤਾਮਾ। ਇਮ ਹੀ ਕਰਿ ਭੇਜਯੋ ਜਮ ਧਾਮਾ॥ ੨੯॥

ਇਨ੍ਹਾਂ ਉੱਤੇ ਸਾਡਾ ਕੋਈ ਵੀ ਯਤਨ ਨਹੀਂ ਚਲਦਾ ਹੈ, ਮੰਤਰਾਂ ਦੇ ਬਲ ਨਾਲ ਮਾਰ ਦੇਣਗੀਆਂ। ਰਾਜਾ ਮਾਨ ਸਿੰਘ ਮੇਰਾ ਦਾਦਾ ਸੀ, ਇਸ ਤਰ੍ਹਾਂ ਹੀ ਉਸ ਨੂੰ ਜਮਾਂ ਦੇ ਘਰ ਵਿਚ ਭੇਜ ਦਿੱਤਾ ਸੀ॥੨੯॥

ਬਿਜੈ ਆਸ ਕੈਸੇ ਕਰੈਂ। ਹੈ ਇਕ ਜਤਨ ਸ਼ਰਨ ਗੁਰ ਪਰੈਂ।
ਕੌਤਕ ਗਨ ਇਸਤ੍ਰੀਨਿ ਵਿਸ਼ੇਖਾ। ਕੇਤਿਕ ਦਿਨ ਬਿਸਮਤਿ ਨੈ ਦੇਖਾ॥ ੩੦॥

ਇਸ ਤਰ੍ਹਾਂ ਜਿੱਤ ਕਿਵੇਂ ਪ੍ਰਾਪਤ ਕਰਾਂਗੇ, ਇਕੋ ਹੀ ਯਤਨ ਹੈ ਕਿ ਗੁਰੂ ਜੀ ਦੀ ਸ਼ਰਨ ਪੈ ਜਾਵਾਂ। ਇਹ ਇਸਤਰੀਆਂ ਬਹੁਤ ਵਿਸ਼ੇਸ਼ ਕੌਤਕ ਵਿਖਾ ਰਹੀਆਂ ਹਨ, ਕਈ ਦਿਨ ਹੈਰਾਨ ਹੋ ਕੇ ਵੇਖਿਆ ਹੈ॥੩੦॥

ਹਯ ਅਰੂਢ ਕਰਿ ਤਬਿ ਮਹਿਪਾਲਾ। ਸ਼੍ਰੀ ਸਤਿਗੁਰ ਮਿਲਿਬੇ ਕੋ ਚਾਲਾ।
ਊਚੋ ਹੁਤੋ ਦਮਦਮਾਂ ਦੂਰੇ। ਉਤਰੇ ਰਹੇ ਤਹਾਂ ਗੁਰ ਪੂਰੇ॥ ੩੧॥

ਤਦ ਰਾਜਾ ਘੋੜੇ 'ਤੇ ਚੜ੍ਹ ਗਿਆ ਤੇ ਸਤਿਗੁਰੂ ਜੀ ਨੂੰ ਮਿਲਣ ਵਾਸਤੇ ਚਲਿਆ। ਗੁਰੂ ਜੀ ਦਾ ਦਮਦਮਾ ਦੂਰ ਬਹੁਤ ਉੱਚੀ ਥਾਂ ਤੇ ਸੀ। ਉਥੇ ਪੂਰਨ ਗੁਰੂ ਜੀ ਨੇ ਉਤਾਰਾ ਕੀਤਾ ਸੀ॥੩੧॥

ਜੋਧਾ ਬ੍ਰਿੰਦ ਸੰਗ ਮਹੁਂ ਚਾਲੇ। ਆਵਤਿ ਚਲਯੋ ਚਿੰਤ ਮਹਿਪਾਲੇ।
ਜਬਿ ਦਮਦਮੇ ਨਿਕਟਿ ਚਲਿ ਆਯਹੁ। ਅਸੁ ਤੇ ਉਤਰਿ ਸੀਸ ਕੋ ਨਯਾਯੋ॥੩੨॥

ਕਈ ਸੂਰਬੀਰ ਯੋਧੇ ਵੀ ਰਾਜੇ ਦੇ ਨਾਲ ਚਲ ਪਏ, ਰਾਜਾ ਬੜੀ ਚਿੰਤਾ ਵਿਚ ਡੁੱਬਾ ਹੋਇਆ ਆ ਰਿਹਾ ਸੀ। ਜਦ ਦਮਦਮੇ ਦੇ ਪਾਸ ਚਲ ਕੇ ਆਇਆ ਤਾਂ ਘੋੜੇ ਤੋਂ ਉੱਤਰ ਕੇ ਉਸ ਸਿਰ ਨਿਵਾਇਆ॥੩੨॥

ਪਾਇਨ ਸੋਂ ਊਪਰ ਚਲਿ ਗਯੋ। ਬੈਠੇ ਸਤਿਗੁਰੁ ਦੇਖਤਿ ਭਯੋ।
ਧਾਇ ਉਤਾਇਲ ਚਰਨਨਿ ਪਰਯੋ। ਕਰਿ ਬੰਦਨ ਕੋ ਆਗੈ ਥਿਰਯੋ॥ ੩੩॥

ਪੈਦਲ ਹੀ ਉੱਪਰ ਵਲ ਚਲਾ ਗਿਆ, ਜਿੱਥੇ ਸਤਿਗੁਰੂ ਜੀ ਬੈਠੇ ਦਿਖਾਈ ਦੇ ਰਹੇ ਸਨ। ਦੌੜ ਕੇ ਬੜਾ ਉਤਾਵਲਾ ਹੋ ਕੇ ਗੁਰੂ ਜੀ ਦੇ ਚਰਨੀਂ ਜਾ ਪਿਆ ਤੇ ਬੰਦਨਾ ਕਰਕੇ ਅੱਗੇ ਖੜਾ ਹੋ ਗਿਆ॥੩੩॥

**ਖੜਗ ਸਿਪਰ ਜਿਸਕੇ ਲਗਿ ਰਹੀ। ਕੰਚਨ ਖਚਤਿ ਮੁਸ਼ਟ ਜਿਸ ਅਹੀ।**
**ਜਰੇ ਬੱਜ੍ਰ ਕੰਕਨ ਕਰ ਧਰੇ। ਕੁੰਡਲ ਕਰਨਨਿ ਮੁਕਤਾ ਧਰੇ॥ ੩੪॥**

ਜਿਸ ਗੁਰੂ ਜੀ ਨੇ ਤਲਵਾਰ ਢਾਲ ਪਹਿਨੀ ਹੋਈ ਹੈ, ਜਿਸ ਤਲਵਾਰ ਦੀ ਮੁੱਠੀ ਸੋਨੇ ਦੀ ਹੈ। ਹੀਰੇ ਜੜੇ ਕੜੇ ਹੱਥਾਂ ਵਿਚ ਪਾਏ ਹੋਏ ਸਨ ਤੇ ਕੰਨਾਂ ਵਿਚ ਮੋਤੀਆਂ ਵਾਲੇ ਕੁੰਡਲ ਪਾਏ ਹੋਏ ਹਨ॥੩੪॥

**ਜਿਗਾ ਪਾਗ ਪਰ ਦਮਕਤਿ ਦੀਸਿ। ਅਰੁ ਉਤੰਗ ਕਲਗੀ ਸ਼ੁਭ ਸੀਸ।**
**ਬਸਤ ਸ਼ਸਤ੍ਰ ਬਹੁ ਮੋਲੇ ਧਰੇ। ਸਤਿਗੁਰੁ ਸਨਮੁਖ ਬੈਠਿਬ ਕਰੇ॥ ੩੫॥**

ਪੱਗ ਤੇ ਜਿਗ੍ਹਾ ਚਮਕਦੀ ਦਿੱਸਦੀ ਹੈ, ਉੱਚੀ ਕਲਗੀ ਸੀਸ ਤੇ ਸ਼ੋਭ ਰਹੀ ਹੈ। ਬਸਤਰ ਸ਼ਸਤਰ ਬਹੁਤ ਕੀਮਤੀ ਧਾਰਨ ਕੀਤੇ ਹੋਏ ਹਨ। ਰਾਜਾ ਉਸ ਸਤਿਗੁਰੂ ਜੀ ਦੇ ਸਾਹਮਣੇ ਬੈਠ ਗਿਆ॥੩੫॥

**ਸੇਤ ਬਸਤ੍ਰ ਗੁਰ ਕੇ ਗਰ ਜਾਮਾ। ਬਹੁ ਸੂਖਮ ਸ਼ੋਭਤਿ ਅਭਿਰਾਮਾ।**
**ਧਨੁਖ ਬਾਨ ਆਗੇ ਬਡ ਧਰਜੋ। ਸੁੰਦਰ ਚਮਰ ਸੀਸ ਪਰ ਢੁਰਜੋ॥ ੩੬॥**

ਗੁਰੂ ਜੀ ਨੇ ਆਪਣੇ ਗਲ ਵਿਚ ਸਫੇਦ ਰੰਗ ਦਾ ਜਾਮਾ ਪਾਇਆ ਹੋਇਆ ਹੈ, ਜਿਹੜਾ ਬੜਾ ਸੂਖਮ ਹੈ ਤੇ ਸੁੰਦਰ ਸ਼ੋਭ ਰਿਹਾ ਹੈ। ਅੱਗੇ ਬਹੁਤ ਵੱਡਾ ਧਨੁੱਖਬਾਨ ਧਰਿਆ ਹੋਇਆ ਹੈ ਤੇ ਸੁੰਦਰ ਚੌਰ ਸਿਰ ਤੇ ਫਿਰ ਰਿਹਾ ਹੈ॥੩੬॥

**ਭਰੇ ਕ੍ਰਿਪਾ ਸੋਂ ਨੈਨ ਰਸੀਲੇ। ਬ੍ਰਹਮ ਗਜਾਨ ਉਰ ਮਹਾਂ ਗਹੀਲੇ।**
**ਸ਼ਰਨ ਪਰਹਿ ਜੋ ਸ਼ਰਧਾ ਠਾਨੀ। ਦੋਨਹੁੰ ਲੋਕਨਿ ਕੋ ਸੁਖਦਾਨੀ॥ ੩੭॥**

ਗੁਰੂ ਜੀ ਦੇ ਰਸੀਲੇ ਨੈਣ ਕ੍ਰਿਪਾ ਨਾਲ ਭਰੇ ਹੋਏ ਹਨ, ਹਿਰਦੇ ਵਿਚ ਮਹਾਨ ਬ੍ਰਹਮ ਗਿਆਨ ਧਾਰਨ ਕੀਤਾ ਹੋਇਆ ਹੈ। ਜੋ ਵੀ ਸ਼ਰਨ ਵਿਚ ਆਉਂਦਾ ਹੈ, ਉਸ ਤੇ ਸ਼ਰਧਾ ਧਾਰਨ ਕਰਦੇ ਹਨ ਤੇ ਉਸ ਨੂੰ ਦੋਵਾਂ ਲੋਕਾਂ ਦਾ ਸੁਖ ਦਿੰਦੇ ਹਨ॥੩੭॥

**ਮੁਸਕਾਵਤਿ ਮੁਖ ਬਾਕ ਉਚਾਰੇ। 'ਬਿਸ਼ਨ ਸਿੰਘ! ਕਹੁ ਕੁਸ਼ਲ ਤੁਮਾਰੇ?'।**
**ਹਾਥ ਜੋਰਿ ਬੋਲਜੋ ਨ੍ਰਿਪ ਭਾਰੀ। 'ਪ੍ਰਭੁ ਜੀ! ਸਭਿ ਸੁਖ ਕ੍ਰਿਪਾ ਤੁਮਾਰੀ॥ ੩੮॥**

ਮੁਸਕਰਾ ਕੇ ਗੁਰੂ ਜੀ ਨੇ ਬਚਨ ਉਚਾਰੇ, "ਹੇ ਬਿਸ਼ਨ ਸਿੰਘ! ਦੱਸੋ, ਰਾਜ਼ੀ ਖੁਸ਼ੀ ਹੋ?" ਰਾਜਾ ਹੱਥ ਜੋੜ ਕੇ ਬੋਲਿਆ, "ਹੇ ਪ੍ਰਭੂ ਜੀ! ਸਭ ਸੁਖ ਹੈ, ਤੁਹਾਡੀ ਕਿਰਪਾ ਹੈ॥੩੮॥

**ਦੇਸ਼ ਕਾਮਰੂ ਮੰਤ੍ਰ ਕਰਾਲਾ। ਦੇਖਿ ਦੇਖਿ ਮਨ ਬਿਸਮ ਬਿਸਾਲਾ।**
**ਇਸਤ੍ਰੀ ਗਨ ਲਸ਼ਕਰ ਢਿਗ ਆਵਤਿ। ਕਰਿ ਟਾਮਨ ਕੋ ਭਟਨਿ ਡਰਾਵਤਿ॥੩੯॥**

ਕਾਮਰੂਪ ਦੇਸ਼ ਵਿਕਰਾਲ ਮੰਤਰਾਂ ਦਾ ਭਰਿਆ ਹੈ, ਵੇਖ ਵੇਖ ਕੇ ਮਨ ਬਹੁਤ ਹੈਰਾਨ ਹੁੰਦਾ ਹੈ। ਬਹੁਤ ਇਸਤਰੀਆਂ ਸੈਨਾ ਦੇ ਪਾਸ ਆਉਂਦੀਆਂ ਹਨ ਤੇ ਟੂਣੇ ਕਰਕੇ ਸੂਰਮਿਆਂ ਨੂੰ ਡਰਾਉਂਦੀਆਂ ਹਨ॥੩੯॥

**ਸਭਿਹਿਨਿ ਕੇ ਉਰ ਧੀਰਜ ਹਾਰੀ। ਤਿਨ ਪਰ ਚਲਤਿ ਨ ਕੋ ਉਪਚਾਰੀ।**
**ਤੋਪ ਤੁਪਕ ਜੰਜੈਲ ਚਲਾਵੈਂ। ਉਲਟਿ ਆਇ ਹਮਰੇ ਭਟ ਘਾਵੈਂ॥ ੪੦॥**

ਸਾਰੇ ਸੂਰਮਿਆਂ ਦਾ ਧੀਰਜ ਜਾਂਦਾ ਰਿਹਾ ਹੈ, ਉਨ੍ਹਾਂ ਜਾਦੂਗਰਨੀਆਂ ਉਤੇ ਕੋਈ ਵੀ ਉਪਚਾਰ ਨਹੀਂ ਚਲਦਾ ਹੈ। ਜਿਹੜੀਆਂ ਤੋਪਾਂ ਬੰਦੂਕਾਂ ਉਨ੍ਹਾਂ ਵਲ ਚਲਾਉਂਦੇ ਹਾਂ, ਉਹ ਵਾਪਸ ਆ ਕੇ ਸਾਡੇ ਸੂਰਮਿਆਂ ਨੂੰ ਘਾਇਲ ਕਰ ਦਿੰਦੀਆਂ ਹਨ॥੪੦॥

ਬ੍ਰਿਛ ਉਡਾਵਤਿ ਭੀਤ ਭਜਾਵੈਂ। ਮੁਖ ਤੇ ਅਗਨਿ ਲਾਟ ਨਿਕਸਾਵੈਂ।
ਗਹੀ ਨ ਜਾਇਂ ਨਿਕਟਿ ਨਹਿਂ ਆਵੈਂ। ਲਸ਼ਕਰ ਕੇ ਊਪਰਿ ਫਿਰਿ ਜਾਵੈਂ ॥੪੧॥

ਬ੍ਰਿਛਾਂ ਨੂੰ ਉਡਾਉਂਦੀਆਂ ਹਨ, ਕੰਧਾਂ ਨੂੰ ਭਜਾਉਂਦੀਆਂ ਹਨ ਤੇ ਮੁਖ ਵਿਚੋਂ ਅੱਗ ਦੀ ਲਾਟ ਕਢਦੀਆਂ ਹਨ। ਫੜੀਆਂ ਨਹੀਂ ਜਾਂਦੀਆਂ, ਨੇੜੇ ਨਹੀਂ ਆਉਂਦੀਆਂ ਤੇ ਸੈਨਾ ਦੇ ਉੱਪਰ ਦੀ ਫਿਰ ਜਾਂਦੀਆਂ ਹਨ ॥੪੧॥

ਸਭਿ ਜੋਧਾ ਬਿਸਮਤਿ ਚਿਤ ਹੋਇ। ਡਰਤਿ ਰਹਤਿ ਬਸ ਚਲਤਿ ਨ ਕੋਇ।
ਮੈਂ ਤੁਮਰੇ ਪਰ ਕਰਿ ਬਿਸਵਾਸ। ਚਢਿ ਆਯਹੁ ਧਰਿ ਚਰਨਨਿ ਆਸ ॥੪੨॥

ਸਭ ਯੋਧੇ ਬਹੁਤ ਹੈਰਾਨ ਹੋਏ ਹਨ, ਡਰਦੇ ਰਹਿੰਦੇ ਹਨ, ਕੁਝ ਵੀ ਵੱਸ ਨਹੀਂ ਚਲਦਾ ਹੈ। ਮੈਂ ਤੁਹਾਡੇ ਤੇ ਵਿਸਵਾਸ ਕਰਕੇ ਤੇ ਤੁਹਾਡੇ ਚਰਨਾਂ ਦੀ ਆਸ ਧਾਰ ਕੇ ਚੜ੍ਹ ਕੇ ਏਥੇ ਆਇਆ ਹਾਂ ॥੪੨॥

ਨਾਂਹਿ ਤ ਮੋ ਤੇ ਕਿਮ ਬਨਿ ਆਵਹਿ। ਮਾਨ ਸਿੰਘ ਸੇ ਜਹਿਂ ਪਚ ਜਾਵਹਿਂ।
ਕਾਰਜ ਕਰਨ ਬਨਹਿ ਅਬਿ ਕੈਸੇ ? ਨਿਕਟਿ ਆਪ ਕੇ ਬੂਝੌਂ ਤੈਸੇ ॥ ੪੩॥

ਨਹੀਂ ਤਾਂ ਮੈਥੋਂ ਇਹ ਕਿਵੇਂ ਬਣ ਆਵੇਗੀ, ਜਿੱਥੇ ਮਾਨ ਸਿੰਘ ਵਰਗੇ ਸੂਰਮੇ ਮਰ ਜਾਂਦੇ ਹਨ। ਹੁਣ ਕੈਸਾ ਕਾਰਜ ਕਰਨਾ ਬਣਦਾ ਹੈ ? ਆਪ ਜੀ ਦੇ ਪਾਸ ਪੁੱਛਣ ਵਾਸਤੇ ਆਇਆ ਹਾਂ ॥੪੩॥

ਚਿਰੰਕਾਲ ਬੀਤਾ ਇਤ ਆਏ। ਡੇਰਾ ਬ੍ਰਹਮ ਪੁੱਤ੍ਰ ਤਟ ਛਾਏ।
ਤਿਨ ਪਰ ਜੋਰ ਪਰਜੋ ਨਹਿਂ ਕੋਊ। ਪ੍ਰਭੁ ਜੀ ਮਿਲਹਿ ਆਇ ਕਿਮ ਸੋਊ ॥੪੪॥

ਏਧਰ ਆਏ ਨੂੰ ਬਹੁਤ ਸਮਾਂ ਬੀਤ ਗਿਆ ਹੈ, ਬ੍ਰਹਮ ਪੁੱਤਰ ਦੇ ਕਿਨਾਰੇ 'ਤੇ ਡੇਰਾ ਲਾਇਆ ਹੈ। ਉਨ੍ਹਾਂ ਉੱਤੇ ਕੋਈ ਵੀ ਜ਼ੋਰ ਨਹੀਂ ਪਿਆ ਹੈ। ਹੇ ਪ੍ਰਭੂ ਜੀ ! ਕਿਵੇਂ ਆ ਕੇ ਉਹ ਮਿਲਣਗੇ ॥੪੪॥

ਨਿਸ ਦਿਨ ਇਹ ਚਿੰਤਾ ਚਿਤ ਮੇਰੇ। ਸਾਧੌਂ ਦੇਸ਼ ਉਪਾਨਿ ਨ ਹੇਰੇ।
ਏਕ ਜਤਨ ਮੈਂ ਦ੍ਰਿਢ ਕਰਿ ਰਾਖਜੋ। ਰਾਵਰਿ ਚਰਨ ਸ਼ਰਨ ਅਭਿਲਾਖਜੋ ॥੪੫॥

ਦਿਨ ਰਾਤ ਇਹ ਚਿੰਤਾ ਮੇਰੇ ਚਿੱਤ ਵਿਚ ਰਹਿੰਦੀ ਹੈ, ਕਿਵੇਂ ਇਸ ਦੇਸ਼ ਨੂੰ ਜਿੱਤਾਂ, ਕੋਈ ਵੀ ਉਪਾਅ ਦਿਖਾਈ ਨਹੀਂ ਦਿੰਦਾ ਹੈ। ਇਕ ਯਤਨ ਮੈਂ ਦ੍ਰਿੜ੍ਹ ਕਰ ਰੱਖਿਆ ਹੈ, ਆਪ ਜੀ ਦੇ ਚਰਨਾਂ ਦੀ ਸ਼ਰਨ ਦੀ ਅਭਿਲਾਸ਼ਾ ਰੱਖਦਾ ਹਾਂ ॥੪੫॥

ਬਾਂਹਿ ਗਹੇ ਕੀ ਲਾਜ ਬਿਚਾਰੋ। ਚਿੰਤਾ ਸਲਿਤਾ ਪਾਰ ਉਤਾਰੋ।
ਸੁਨਿ ਕਰਿ ਸਤਿਗੁਰ ਨ੍ਰਿਪ ਬਚ ਭੀਰੁ। ਸ੍ਰੀ ਮੁਖ ਤੇ ਕਹਿ ਦੀਨਸਿ ਧੀਰ ॥੪੬॥

ਬਾਂਹ ਫੜੀ ਦੀ ਲਾਜ ਵਿਚਾਰੋ, ਤੇ ਚਿੰਤਾ ਦੇ ਸਾਗਰ ਤੋਂ ਪਾਰ ਉਤਾਰਾ ਕਰੋ।" ਸਤਿਗੁਰੂ ਜੀ ਰਾਜੇ ਪਾਸੋਂ ਕਾਇਰਤਾ ਭਰੇ ਸ਼ਬਦ ਸੁਣ ਕੇ, ਆਪਣੇ ਮੁਖ ਤੋਂ ਉਸ ਨੂੰ ਧੀਰਜ ਦਿੱਤਾ ॥੪੬॥

*ਬਾਰ੍ਹਵੀਂ ਰਾਸ ਦਾ ਸਤਵਾਂ ਅਧਿਆਇ ਸਮਾਪਤ ਹੋਇਆ ॥੭॥*

❖❖❖

# ਅਧਿਆਇ ਅਠਵਾਂ

## ਆਸਾਮ ਪਤੀ ਦੀ ਜੰਗ ਹਿਤ ਤਿਆਰੀ

ਦੋਹਰਾ- ਬਿਸ਼ਨ ਸਿੰਘ ਤੇ ਸੁਨਿ ਗੁਰੂ ਸ੍ਰੀ ਮੁਖ ਤੇ ਫੁਰਮਾਇ।
'ਮਤ ਚਿੰਤਾ ਚਿਤ ਕੀਜੀਏ ਹੁਇ ਰਘਬੀਰ ਸਹਾਇ ॥੧॥

ਬਿਸ਼ਨ ਸਿੰਘ ਪਾਸੋਂ ਸੁਣਕੇ ਗੁਰੂ ਜੀ ਨੇ ਮੁਖ ਤੋਂ ਫੁਰਮਾਇਆ, "ਚਿੱਤ ਵਿਚ ਕੋਈ ਚਿੰਤਾ ਨਾ ਕਰੋ, ਪ੍ਰਭੂ ਜੀ ਸਹਾਇਕ ਬਣਨਗੇ ॥੧॥

ਚੌਪਈ- ਨਹੀਂ ਮਾਨ ਤੇ ਜੋ ਬਨਿ ਆਯੋ। ਮਹਾਂ ਕਠਨ ਹੈ ਤੋਹਿ ਬਤਾਯੋ।
ਸੋ ਕਾਰਜ ਤੂੰ ਕਰਹਿਂ ਬਨਾਇ। ਬਿਜੈ ਕਾਮਰੂ ਕੀ ਹੁਇ ਜਾਇ ॥ ੨ ॥

ਮਾਨ ਸਿੰਘ ਤੋਂ ਜੋ ਬਣ ਨਹੀਂ ਆਇਆ ਹੈ। ਜੋ ਤੂੰ ਦੱਸਦਾ ਹੈਂ ਕਿ ਮਹਾਨ ਕਠਨ ਹੈ। ਉਹ ਕਾਰਜ ਤੂੰ ਚੰਗੀ ਤਰ੍ਹਾਂ ਸਿਰੇ ਚਾੜ੍ਹ ਲਵੇਂਗਾ, ਕਾਮਰੂਪ ਨੂੰ ਤੂੰ ਜ਼ਰੂਰ ਜਿੱਤ ਲਵੇਂਗਾ ॥੨॥

ਸ੍ਰੀ ਨਾਨਕ ਕੋ ਮਹਿਦ ਪ੍ਰਤਾਪੂ। ਤਿਸ ਤੇ ਜਸੁ ਲੈਹੈਂ ਬਹੁ ਆਪੂ।
ਸੁਖ ਕੇ ਸਹਿਤ ਸਦਨ ਮਹਿਂ ਮਿਲਿਹੈਂ। ਰਹਿ ਕੌਤਿਕ ਦਿਨ ਮਹਿਂ ਪੁਨ ਚਲਿ ਹੈਂ ॥੩॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੱਡਾ ਪ੍ਰਤਾਪ ਹੈ, ਇਸ ਕਰਕੇ ਤੂੰ ਬਹੁਤ ਵੱਡਾ ਜੱਸ ਪ੍ਰਾਪਤ ਕਰੇਂਗਾ। ਸੁਖ ਸਹਿਤ ਤੂੰ ਆਪਣੇ ਘਰ ਵਿਚ ਜਾ ਕੇ ਸਭ ਨੂੰ ਮਿਲ ਲਵੇਂਗਾ, ਕੁਝ ਹੀ ਦਿਨਾਂ ਵਿਚ ਫਿਰ ਚਲੇ ਜਾਵਾਂਗੇ। ੩॥

ਅਬਿ ਕੇ ਇਸਤ੍ਰੀ ਟਾਮਨ ਹਾਰੀ। ਜਬਿ ਆਵਹਿਂ ਲਸ਼ਕਰ ਦਿਸ਼ਿ ਸਾਰੀ।
ਤਤਛਿਨ ਸੁਧਿ ਹਮ ਨਿਕਟਿ ਪੁਚਾਵਹੁ। ਬੇਗ ਤੁਰੰਗ ਸਊਰ ਚਢਾਵਹੁ ॥੪॥

ਹੁਣ ਜੋ ਇਹ ਟੂਣੇਹਾਰ ਇਸਤਰੀਆਂ ਜਦ ਸਾਰੀਆਂ ਲਸ਼ਕਰ ਵਾਲੇ ਪਾਸ ਆਉਣ ਤਾਂ ਤੁਰਤ ਮੇਰੇ ਪਾਸ ਖਬਰ ਪਹੁੰਚਾਵੋ ਤੇ ਤੁਰਤ ਸਵਾਰਾਂ ਨੂੰ ਘੋੜਿਆਂ 'ਤੇ ਚੜ੍ਹਾਵੋ ॥੪॥

ਹਮ ਦੇਖਹਿਂ ਪੁਨ ਸ਼ਕਤਿ ਨ ਰਹੈ। ਛੂਛੀ ਹੋਇ ਤਿਸੀ ਥਲ ਬਹੈਂ।
ਰਿਦੈ ਸੰਦੇਹ ਨ ਕੀਜਹਿ ਕਦਾ। ਧਰਹੁ ਅਨੰਦ ਬਿਲੰਦੈ ਸਦਾ" ॥ ੫ ॥

ਅਸੀਂ ਵੇਖਾਂਗੇ ਫਿਰ ਉਨ੍ਹਾਂ ਦੀ ਸ਼ਕਤੀ ਨਹੀਂ ਰਹੇਗੀ, ਤੇ ਸ਼ਕਤੀਹੀਣ ਹੋ ਕੇ ਉਸੇ ਸਥਾਨ ਤੇ ਬਹਿ ਜਾਣਗੀਆਂ। ਹਿਰਦੇ ਵਿਚ ਕਦੀ ਵੀ ਸ਼ੰਕਾ ਨਾ ਕਰੋ; ਸਦਾ ਹੀ ਪੂਰਨ ਅਨੰਦ ਧਾਰ ਕੇ ਰੱਖੋ" ॥੫॥

ਸੁਨਿ ਸਤਿਗੁਰ ਕੇ ਬਾਕ ਸੁਹਾਏ। ਬਹਜੋ ਪ੍ਰਵਾਹ ਤਰੀ ਜਨੁ ਪਾਏ।
ਹਰਖ ਭਰਜੋ ਉਰ ਭੂਪ ਉਦਾਰੇ। ਮਨਹੁਂ ਕਲਪਤਰੁ ਲਹਜੋ ਸੁਖਾਰੇ ॥੬॥

ਇਹ ਸੁਣ ਕੇ ਉਸ ਨੂੰ ਸਤਿਗੁਰੂ ਜੀ ਦੇ ਬਚਨ ਬਹੁਤ ਚੰਗੇ ਲੱਗੇ ਮਾਨੋ ਦਰਿਆ ਵਿਚ ਰੁੜ੍ਹਦੇ ਜਾਂਦੇ ਨੂੰ ਬੇੜੀ ਮਿਲ ਗਈ ਹੋਵੇ। ਰਾਜਾ ਹਿਰਦੇ ਵਿਚ ਬਹੁਤ ਪ੍ਰਸੰਨਤਾ ਨਾਲ ਭਰ ਗਿਆ ਮਾਨੋ ਕਲਪ ਬ੍ਰਿਛ ਆਸਾਨੀ ਨਾਲ ਮਿਲ ਗਿਆ ਹੋਵੇ ॥੬॥

ਜਗ ਮਹਿਂ ਸੁਜਸੁ ਮੋਹਿ ਹ੍ਵੈ ਐਸੇ। ਭੂਪਤਿ ਮਾਨ ਨ ਪਾਯਹੁ ਜੈਸੇ।
ਹਾਥ ਜੋਰਿ ਕਰਿ ਪਗ ਪਰ ਨਮੋ। ਆਇਸੁ ਪਾਇ ਗਯੋ ਤਿਹ ਸਮੇ ॥੭॥

ਜਗ ਵਿਚ ਮੇਰਾ ਐਸਾ ਸ੍ਰੇਸ਼ਟ ਜੱਸ ਹੋਵੇਗਾ, ਰਾਜੇ ਮਾਨ ਸਿੰਘ ਨੇ ਵੀ ਜਿਹੜਾ ਨਹੀਂ ਪਾਇਆ ਸੀ। ਉਸ ਨੇ ਹੱਥ ਜੋੜ ਕੇ ਚਰਨਾਂ 'ਤੇ ਨਮਸਕਾਰ ਕੀਤੀ ਤੇ ਆਗਿਆ ਪਾ ਕੇ ਉਸ ਸਮੇਂ ਚਲਾ ਗਿਆ॥੭॥

ਸਭਿ ਲਸ਼ਕਰ ਕੋ ਧੀਰਜ ਦੀਨਾ। 'ਰਹੋ ਸੁਚੇਤ ਤ੍ਰਾਸ ਕਰਿ ਛੀਨਾ।
ਇਸਤ੍ਰੀ ਜਬਿ ਆਵਹਿ ਤਬਿ ਦੇਖੋ। ਤਾਤਕਾਲ ਸੁਧਿ ਦੇਹੁ ਪਰੇਖੋ॥ ੮॥

ਸਭ ਲਸ਼ਕਰ ਨੂੰ ਉਸ ਧੀਰਜ ਦਿੱਤਾ, "ਡਰ ਨੂੰ ਦੂਰ ਕਰਕੇ ਸੁਚੇਤ ਰਹੋ। ਇਸਤਰੀਆਂ ਜਦ ਏਧਰ ਆਉਣਗੀਆਂ ਫਿਰ ਵੇਖੋ ਤੇ ਪਰਖ ਕੇ ਤੁਰਤ ਖ਼ਬਰ ਦੇਵੋ॥੮॥

ਗਹਹਿਂ ਤਿਨਹੁਂ ਕੋ ਜਾਨਿ ਨ ਦੈਹੈਂ। ਬਹੁਰ ਕਾਮਰੂਪਤਿ ਫਲ ਪੈਹੈ'।
ਇਮ ਭੂਪਤਿ ਕੀਨਸਿ ਤਕਰਾਈ। ਏਕ ਜਾਮਨੀ ਜਬਹਿ ਬਿਤਾਈ॥ ੯॥

ਉਨ੍ਹਾਂ ਨੂੰ ਫੜ ਲਵਾਂਗੇ, ਜਾਣ ਨਹੀਂ ਦੇਵਾਂਗੇ, ਫਿਰ ਕਾਮਰੂਪ ਦੇਸ਼ ਦਾ ਰਾਜਾ ਇਸ ਦਾ ਫਲ ਪਾਵੇਗਾ।" ਇਸ ਤਰ੍ਹਾਂ ਰਾਜੇ ਨੇ ਤਕੜਾਈ ਕਰ ਦਿੱਤੀ। ਇਕ ਰਾਤ ਜਦ ਬਤੀਤ ਕੀਤੀ॥੯॥

ਭਈ ਪ੍ਰਭਾਤਿ ਚਮੂੰ ਭਟ ਜਾਗੇ। ਤਿਨ ਇਸਤ੍ਰਿਨਿ ਕੋ ਖੋਜਨਿ ਲਾਗੇ।
ਜਿਸ ਦਿਸ਼ਿ ਤੇ ਆਵਤਿ ਤਿਤ ਹੇਰੈਂ। ਭਏ ਸੁਚੇਤ ਪਰਸਪਰ ਟੇਰੈਂ॥ ੧੦॥

ਸਵੇਰ ਹੋਈ ਤਾਂ ਸਾਰੇ ਸੂਰਬੀਰ ਜਾਗ ਪਏ, ਸਾਰੇ ਉਨ੍ਹਾਂ ਇਸਤਰੀਆਂ ਨੂੰ ਲਭਣ ਲੱਗੇ। ਜਿਸ ਪਾਸੇ ਤੋਂ ਆਉਂਦੀਆਂ ਸਨ, ਉਸ ਪਾਸੇ ਵੇਖਣ ਲੱਗੇ, ਸੁਚੇਤ ਹੋਏ ਆਪਸ ਵਿਚ ਗੱਲਾਂ ਕਰਦੇ ਸਨ॥੧੦॥

'ਅਬਿ ਕੇ ਗਹਿ ਲੇਵਹਿਂ ਤਿਨ ਕਾਮਨ। ਕਰਤਿ ਅਨੇਕ ਰੀਤਿ ਜੇ ਟਾਮਨ'।
ਇਤਨੇ ਮਹਿਂ ਆਈ ਇਕ ਧੋਬਨ। ਤਰੁਵਰੁ ਚਢੀ ਚਢਯੋ ਤਨ ਜੋਬਨ॥੧੧॥

"ਹੁਣ ਉਨ੍ਹਾਂ ਇਸਤਰੀਆਂ ਨੂੰ ਫੜ ਲਵਾਂਗੇ, ਜਿਹੜੀਆਂ ਅਨੇਕ ਰੀਤੀਆਂ ਨਾਲ ਟੂਣੇ ਕਰਦੀਆਂ ਹਨ। ਏਨੇ ਵਿਚ ਇਕ ਧੋਬਣ ਆਈ, ਉਹ ਬ੍ਰਿਛ ਤੇ ਚੜ੍ਹੀ ਸੀ ਤੇ ਸਰੀਰ ਉਸ ਦਾ ਜੁਆਨ ਸੀ॥੧੧॥

ਤਤਛਿਨ ਇਕ ਚਢਾਇ ਅਸਵਾਰ। ਤੁਰੰਗ ਧਵਾਇ ਬੇਗ ਬਡ ਧਾਰਿ।
ਸ੍ਰੀ ਸਤਿਗੁਰ ਕੋ ਸੁਧਿ ਕਰਿ ਦਈ। 'ਸ੍ਰੀ ਪ੍ਰਭੁ ਪਿਖਊ ਤ੍ਰਿਯਾ ਜੋ ਅਈ'॥੧੨॥

ਤੁਰਤ ਇਕ ਸਵਾਰ ਨੂੰ ਗੁਰੂ ਜੀ ਪਾਸ ਭੇਜਿਆ, ਉਹ ਘੋੜਾ ਭਜਾ ਕੇ ਬੜੀ ਤੇਜ਼ੀ ਨਾਲ ਗਿਆ ਤੇ ਜਾ ਕੇ ਸਤਿਗੁਰੂ ਜੀ ਨੂੰ ਖਬਰ ਦੇ ਦਿੱਤੀ, "ਸਤਿਗੁਰੂ ਜੀ ! ਇਸਤਰੀ ਨੂੰ ਵੇਖੋ ਜੋ ਆਈ ਹੈ"॥੧੨॥

ਨਿਕਸੇ ਵਹਿਰ ਬੰਗਲੇ ਸ੍ਵਾਮੀ। ਤਿਸ ਦਿਸ਼ਿ ਦ੍ਰਿਸ਼ਟਤਿ ਅੰਤਰਜਾਮੀ।
ਜਬਹਿ ਡੀਠ ਸਤਿਗੁਰੁ ਕੀ ਪਰੀ। ਮੰਤ੍ਰ ਸ਼ਕਤਿ ਤ੍ਰਿਯ ਕੀ ਸਭਿ ਹਰੀ॥੧੩॥

ਗੁਰੂ ਜੀ ਬੰਗਲੇ ਤੋਂ ਬਾਹਰ ਨਿਕਲੇ ਤੇ ਅੰਤਰਜਾਮੀ ਗੁਰੂ ਜੀ ਨੇ ਉਸ ਪਾਸੇ ਵੇਖਿਆ। ਜਦ ਉਸ ਉੱਤੇ ਸਤਿਗੁਰੂ ਜੀ ਦੀ ਨਜ਼ਰ ਪਈ ਤਾਂ ਉਸ ਇਸਤਰੀ ਦੀ ਸਾਰੀ ਮੰਤਰ ਸ਼ਕਤੀ ਜਾਂਦੀ ਰਹੀ॥੧੩॥

ਨਿਸ਼ਚਲ ਤਰੁਵਰੁ ਤਿਸ ਥਲ ਭਯੋ। ਸ਼ਕਤਿ ਬਹੀਨ ਉਡਯੋ ਨਹਿਂ ਗਯੋ।
ਹਾਰ ਰਹੀ ਮੁਖ ਮੰਤ੍ਰ ਉਚਾਰਤਿ। ਕਛੂ ਨ ਹੋਤਿ ਤ੍ਰਾਸ ਉਰ ਧਾਰਤਿ॥੧੪॥

ਦਰੱਖਤ ਉਸ ਥਾਂ ਖੜ੍ਹਾ ਹੋ ਗਿਆ ਤੇ ਸ਼ਕਤੀ ਰਹਿਤ ਹੋਣ ਕਰਕੇ ਉਸ ਪਾਸੋਂ ਉਡਿਆ ਨਾ ਗਿਆ। ਮੁਖ ਤੋਂ ਮੰਤਰ ਉਚਾਰਨ ਕਰਦੀ ਹਾਰ ਗਈ, ਕੁਝ ਵੀ ਨਹੀਂ ਸੀ ਹੁੰਦਾ, ਦਿਲ ਵਿਚ ਬੜਾ ਡਰ ਧਾਰਨ ਕੀਤਾ॥੧੪॥

Sri Satguru Jagjit Singh Ji eLlibrary NamdhariElibrary@gmail.com

ਇਤ ਉਤ ਕਰਤਿ ਬਿਲੋਕਨਿ ਬਵਰੀ। ਨਹੀਂ ਤਜੰਤਿ ਤਰੁਵਰੁ ਸੋ ਠਵਰੀ।
ਮਹਾਂ ਸਿੱਧ ਕੀ ਦ੍ਰਿਸ਼ਟਿ ਪਰੀ ਹੈ। ਜਿਸ ਤੇ ਮੰਤ੍ਰਨਿ ਸ਼ਕਤਿ ਹਰੀ ਹੈ॥ ੧੫॥

ਪਾਗਲ ਹੋਈ ਏਧਰ ਓਧਰ ਵੇਖਦੀ ਸੀ, ਬ੍ਰਿਛ ਉਸ ਸਥਾਨ ਤੋਂ ਹਿਲਿਆ ਨਹੀਂ। ਮਹਾਂ ਸਿੱਧ ਭਾਵ ਗੁਰੂ ਜੀ ਦੀ ਉਸ ਤੇ ਨਜ਼ਰ ਪਈ ਹੈ ਜਿਸ ਕਾਰਨ ਮੰਤਰਾਂ ਦੀ ਸ਼ਕਤੀ ਦੂਰ ਕਰ ਦਿੱਤੀ ਹੈ॥੧੫॥

ਬਹੁ ਲੋਕਨਿ ਤਬਿ ਧਾਇ ਧਰੀ ਹੈ। ਨਿਕਟਿ ਹਕਾਰਨਿ ਗੁਰੂ ਕਰੀ ਹੈ।
ਗਹਿ ਆਨੀ ਉਰ ਅਧਿਕ ਡਰੀ ਹੈ। ਹੇਰਿ ਰੂਪ ਕੋ ਪਾਇਂ ਪਰੀ ਹੈ॥ ੧੬॥

ਬਹੁਤ ਲੋਕਾਂ ਨੇ ਫਿਰ ਦੌੜ ਕੇ ਫੜ ਲਈ ਤੇ ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਬੁਲਾ ਲਿਆ। ਜਦ ਫੜ ਕੇ ਲੈ ਆਏ ਤਾਂ ਉਹ ਦਿਲ ਵਿਚ ਬਹੁਤ ਡਰ ਗਈ ਪਰ ਗੁਰੂ ਜੀ ਦਾ ਸਰੂਪ ਵੇਖ ਕੇ ਉਨ੍ਹਾਂ ਦੇ ਚਰਨੀਂ ਪੈ ਗਈ॥੧੬॥

'ਮਹਾਂ ਪ੍ਰਤਾਪ ਆਪ ਕੋ ਅਹੈ। ਜਿਹ ਸਮਸਰਤਾ ਕੋਇ ਨ ਲਹੈ।
ਮੈਂ ਬਿਲੋਕਿ ਤੁਮ ਨੀਕੇ ਜਾਨੇ। ਭਏ ਬਿਸ਼ਨੁ ਅਵਤਾਰ ਪਛਾਨੇ॥ ੧੭॥

ਕਹਿਣ ਲੱਗੀ, "ਆਪ ਜੀ ਦਾ ਮਹਾਨ ਪ੍ਰਤਾਪ ਹੈ, ਜਿਸ ਦੀ ਬਰਾਬਰੀ ਕੋਈ ਵੀ ਨਹੀਂ ਕਰ ਸਕਦਾ ਹੈ। ਮੈਂ ਵੇਖ ਕੇ ਤੁਹਾਨੂੰ ਚੰਗੀ ਤਰ੍ਹਾਂ ਜਾਣ ਲਿਆ ਹੈ, ਮੈਂ ਤੁਹਾਨੂੰ ਵਿਸ਼ਨੂੰ ਦੇ ਅਵਤਾਰ ਪਛਾਣਿਆ ਹੈ॥੧੭॥

ਅਪਰ ਬਿਖੈ ਇਮ ਸ਼ਕਤਿ ਨ ਹੋਈ। ਹੇਰਤਿ ਹਮਹਿਂ ਹਰਾਵਹਿ ਜੋਈ।
ਸਭਿ ਜਗ ਕੇ ਸ੍ਵਾਮੀ ਤੁਮ ਅਹੋ। ਕਾਰਨ ਕਰਨ ਸਰਬ ਨਿਰਬਹੋ॥ ੧੮॥

ਹੋਰ ਕਿਸੇ ਵਿਚ ਅਜਿਹੀ ਸ਼ਕਤੀ ਨਹੀਂ ਹੁੰਦੀ ਹੈ, ਜਿਹੜੇ ਸਾਨੂੰ ਵੇਖ ਕੇ ਹੀ ਹਰਾ ਦੇਣ। ਤੁਸੀਂ ਸਾਰੇ ਜਗਤ ਦੇ ਸਵਾਮੀ ਹੋ, ਕਾਰਨ ਕਰਨ ਸਭ ਦਾ ਨਿਰਬਾਹ ਕਰਦੇ ਹੋ॥੧੮॥

ਕਿਮ ਸਹਾਇ ਤੁਰਕੇਸ਼ੁਰ ਭਏ? ਇਸ ਰਾਜਾ ਪਰ ਚਢਿ ਕਰਿ ਅਏ।
ਹਿੰਦੁਨਿ ਕੀ ਰੱਛਯਾ ਕੇ ਜੋਗ। ਅਹੈਂ ਅਲੰਬ ਆਪ ਕੇ ਲੋਗ॥ ੧੯॥

ਤੁਸੀਂ ਤੁਰਕ ਬਾਦਸ਼ਾਹ ਦੇ ਕਿਵੇਂ ਸਹਾਇਕ ਬਣੇ ਹੋ ਤੇ ਇਸ ਰਾਜੇ ਉੱਤੇ ਚੜ੍ਹ ਕੇ ਆਏ ਹੋ। ਤੁਸੀਂ ਹਿੰਦੂਆਂ ਦੀ ਰਖਿਆ ਦੇ ਯੋਗ ਹੋ। ਆਪ ਜੀ ਦੇ ਲੋਕ ਆਪ ਜੀ ਦੇ ਆਸਰੇ ਹਨ"॥੧੯॥

ਸੁਨਿ ਧੋਬਨ ਤ੍ਰਿਯ ਕੀ ਚਤੁਰਾਈ। ਸ਼੍ਰੀ ਮੁਖ ਤੇ ਮੁਸਕਾਇ ਗੁਸਾਈਂ।
ਕਹਜੋ ਤਿਸਹਿ ਸਭਿ ਤੇ ਕਰਿ ਨਯਾਰੀ। 'ਨ੍ਰਿਪ ਤੁਮਰੇ ਕਹੁ ਲੇਹਿਂ ਹਕਾਰੀ॥੨੦॥

ਧੋਬਨ ਇਸਤਰੀ ਦੀ ਚਤੁਰਾਈ ਸੁਣ ਕੇ ਮਾਲਕ ਗੁਰੂ ਜੀ ਆਪਣੇ ਮੁਖ ਤੋਂ ਮੁਸਕਰਾਏ ਤੇ ਉਸ ਨੂੰ ਸਭ ਤੋਂ ਵਖਰੀ ਕਰਕੇ ਕਿਹਾ, "ਤੇਰੇ ਰਾਜੇ ਨੂੰ ਬੁਲਾ ਲਵਾਂਗੇ॥੨੦॥

ਇਮ ਨ੍ਰਿਪ ਸੋਂ ਤਿਸ ਦੇਹਿਂ ਮਿਲਾਇ। ਦ੍ਵੈ ਕੀ ਦੁਬਿਧਾ ਦੂਰ ਕਰਾਇਂ।
ਰਾਖਹਿਂ ਸਮ ਹਮ ਤਾਂਹਿ ਨ ਮਾਰਹਿਂ। ਨਿਜ ਦਾਸਨਿ ਕੇ ਕਾਜ ਸੁਧਾਰਹਿਂ॥੨੧॥

ਇਸ ਰਾਜੇ ਨਾਲ ਉਸ ਨੂੰ ਮਿਲਾ ਦੇਵਾਂਗੇ, ਦੋਵਾਂ ਦੇ ਵੈਰ ਨੂੰ ਖਤਮ ਕਰਾਂਗੇ। ਅਸੀਂ ਦੋਵਾਂ ਨੂੰ ਬਰਾਬਰ ਰਖਾਂਗੇ, ਉਸ ਨੂੰ ਮਾਰਾਂਗੇ ਨਹੀਂ ਅਸੀਂ ਆਪਣੇ ਸੇਵਕਾਂ ਦੇ ਕਾਰਜ ਸਵਾਰਦੇ ਹਾਂ॥੨੧॥

ਸੁਨਿ ਧੋਬਨ ਜੋਬਨਜੁਤਿ! ਇਹਾਂ। ਰਹਹੁ ਬੈਠਿ ਖਿਤ ਤੁਵ ਤਰੁ ਜਹਾਂ।
ਸਭਿ ਕੁਟੰਬ ਕੋ ਲੇਹੁ ਬੁਲਾਇ। ਬਸਹੁ ਸਦਾ ਨਿਜ ਗ੍ਰਿਹ ਕੋ ਪਾਇ॥ ੨੨॥

ਹੇ ਜੋਬਨ ਸਹਿਤ ਧੋਬਣ ! ਸੁਣੋ, ਜਿੱਥੇ ਤੇਰਾ ਬ੍ਰਿਛ ਹੈ, ਇਸ ਦੇ ਥੱਲੇ ਬੈਠੀ ਰਹੋ। ਸਾਰੇ ਪਰਿਵਾਰ ਨੂੰ ਬੁਲਾ ਲਵੋ ਤੇ ਏਥੇ ਆਪਣਾ ਘਰ ਬਣਾ ਕੇ ਵੱਸੋ॥੨੨॥

ਬਸਿ ਹੈਂ ਅਪਰ ਲੋਕ ਸਮੁਦਾਇ। ਤੋਹਿ ਨਾਮ ਪਰ ਗ੍ਰਾਮ ਬਸਾਇਂ।
ਜਗ ਮਹਿਂ ਕੀਰਤਿ ਤੇਰੀ ਰਹੈ। ਜਬਿ ਲਗਿ ਗ੍ਰਾਮ ਬਸਤਿ ਥਲ ਅਹੈ॥੨੩॥

ਹੋਰ ਲੋਕ ਵੀ ਇਕੱਠੇ ਹੋ ਕੇ ਏਥੇ ਵੱਸਣਗੇ ਤੇ ਤੇਰੇ ਨਾਮ ਉੱਤੇ ਏਥੇ ਨਗਰ ਵਸਾਉਣਗੇ। ਜਗਤ ਵਿਚ ਤੇਰੀ ਬਹੁਤ ਕੀਰਤੀ ਰਹੇਗੀ, ਜਦ ਤਕ ਇਹ ਨਗਰ ਇਸ ਸਥਾਨ ਤੇ ਵੱਸਦਾ ਰਹੇਗਾ॥੨੩॥

ਹਮ ਬਸਾਇ ਕਰਿ ਗਮਨਹਿਂ ਆਨ। ਤਬਿ ਲਗਿ ਬੈਠਿ ਬ੍ਰਿੱਛ ਕੇ ਥਾਨ।
ਪਾਇ ਬਚਨ ਇਮ ਸਤਿਗੁਰੁ ਕੇਰਾ। ਧੋਬਨ ਜਾਇ ਕਰਯੋ ਤਹਿਂ ਡੇਰਾ॥੨੪॥

ਅਸੀਂ ਏਥੇ ਵਸਾ ਕੇ ਹੋਰ ਥਾਂ ਚਲੇ ਜਾਵਾਂਗੇ ਤਦ ਤਕ ਬ੍ਰਿਛ ਵਾਲੀ ਥਾਂ ਤੇ ਬੈਠੋ।" ਗੁਰੂ ਜੀ ਦਾ ਇਸ ਤਰ੍ਹਾਂ ਦਾ ਬਚਨ ਸੁਣ ਕੇ, ਧੋਬਣ ਨੇ ਉਸ ਦਰੱਖਤ ਦੇ ਥੱਲੇ ਆਪਣਾ ਡੇਰਾ ਜਾ ਲਾਇਆ॥੨੪॥

ਤਿਸ ਪੀਛੇ ਜੇਤੀ ਤ੍ਰਿਯ ਆਈ। ਗਹੀ ਧੋਬਨੀ ਦੇਖਿ ਪਲਾਈ।
ਹਟਿ ਪਾਛੇ ਕੋ ਨਹੀਂ ਨਿਹਾਰਾ। ਹਮ ਕੋ ਗਹੈਂ ਤ੍ਰਾਸ ਕੋ ਧਾਰਾ॥੨੫॥

ਉਸ ਪਿਛੋਂ ਜਿੰਨੀਆਂ ਵੀ ਇਸਤਰੀਆਂ ਆਈਆਂ, ਉਹ ਧੋਬਣ ਫੜੀ ਵੇਖ ਕੇ ਭੱਜ ਗਈਆਂ, ਵਾਪਸ ਮੁੜ ਕੇ ਫਿਰ ਪਿੱਛੇ ਵਲ ਨਾ ਵੇਖਿਆ, ਸਾਨੂੰ ਵੀ ਫੜ ਲੈਣਗੇ, ਬਹੁਤ ਡਰ ਗਈਆਂ॥੨੫॥

ਬਡੇ ਬੇਗ ਸੋਂ ਨਗਰ ਪ੍ਰਵੇਸ਼ੀ। ਦਈ ਭੂਪ ਕੋ ਖ਼ਬਰ ਅਸ਼ੇਸ਼ੀ।
'ਨਿਤ ਹਮ ਜਾਤਿ ਡਰਾਵਤਿ ਸਭਿ ਕੋ। ਊਪਰ ਫਿਰਤਿ ਪਾਇ ਮਗ ਨਭ ਕੋ॥੨੬॥

ਬੜੀ ਤੇਜ਼ੀ ਨਾਲ ਨਗਰ ਵਿਚ ਦਾਖਲ ਹੋਈਆਂ ਤੇ ਉਨ੍ਹਾਂ ਨੇ ਰਾਜੇ ਨੂੰ ਸਾਰੀ ਖਬਰ ਦਿੱਤੀ। "ਨਿਤ ਅਸੀਂ ਜਾ ਕੇ ਸਾਰਿਆਂ ਨੂੰ ਡਰਾਉਂਦੀਆਂ ਸੀ, ਅਕਾਸ਼ ਦਾ ਰਾਹ ਪਾ ਕੇ ਉੱਪਰ ਫਿਰਦੀਆਂ ਸੀ॥੨੬॥

ਹਮ ਤੇ ਧੋਬਨ ਗਈ ਅਗਾਰੀ। ਸਿੱਧ ਪੁਰਖ ਕੋ ਸੁਨਿਯਤਿ ਭਾਰੀ।
ਤਿਨ ਗਹਿ ਲੀਨਿ ਸ਼ਕਤਿ ਪਰਹਰਿ ਕੇ। ਫਿਰਤਿ ਅਰੂਢਿ ਜੁ ਊਪਰ ਤਰੁ ਕੇ॥੨੭॥

ਧੋਬਣ ਸਾਥੋਂ ਅੱਗੇ ਗਈ ਸੀ, ਉਥੇ ਕੋਈ ਭਾਰੀ ਸਿੱਧ ਪੁਰਖ ਸੁਣਿਆ ਜਾਂਦਾ ਹੈ, ਉਸ ਨੇ ਸਾਰੀ ਸ਼ਕਤੀ ਦੂਰ ਕਰਕੇ ਫੜ ਲਈ ਹੈ। ਜਿਸ ਬ੍ਰਿਛ ਦੇ ਉੱਪਰ ਚੜ੍ਹ ਕੇ ਧੋਬਣ ਆਕਾਸ਼ ਵਿਚ ਫਿਰਦੀ ਸੀ॥੨੭॥

ਅਬਿ ਤੇ ਆਗੇ ਕੋਇ ਨ ਜਾਵਹਿ। ਜੋ ਜਾਵੈ ਨਿਜ ਕੋ ਗਹਿਵਾਵਹਿ।
ਅਪਰ ਜਤਨ ਕੋ ਕਰਹੁ ਬਨਾਇ। ਨਾਂਹਿ ਤੇ ਆਪ ਪਰਾਜੈ ਪਾਇ॥੨੮॥

ਹੁਣ ਤਾਂ ਕੋਈ ਵੀ ਅੱਗੇ ਨਹੀਂ ਜਾਵੇਗਾ, ਜਿਹੜਾ ਵੀ ਜਾਵੇਗਾ ਆਪਣੇ ਆਪ ਨੂੰ ਫੜਵਾਵੇਗਾ। ਕੋਈ ਹੋਰ ਯਤਨ ਬਣਾ ਕੇ ਕਰੋ, ਨਹੀਂ ਤਾਂ ਆਪ ਹਾਰ ਜਾਵੋਗੇ"॥੨੮॥

ਸੁਨਿ ਰਾਜਾ ਮਨ ਮਾਂਹਿ ਬਿਚਾਰੇ। ਮੰਤ੍ਰ ਕਰੇ ਮੈਂ ਬ੍ਰਿੰਦ ਅਗਾਰੇ।
ਹਿਤ ਨ੍ਰਿਪ ਮਾਰਨਿ ਕੇ ਬਹੁ ਪ੍ਰੇਰੇ। ਨਹੀਂ ਸਰੇ ਕਾਰਜ ਤਬਿ ਮੇਰੇ॥੨੯॥

ਇਹ ਸੁਣ ਕੇ ਰਾਜੇ ਨੇ ਮਨ ਵਿਚ ਵਿਚਾਰ ਕੀਤੀ, "ਉਸ ਦੇ ਅੱਗੇ ਮੈਂ ਬਹੁਤ ਮੰਤਰ ਕੀਤੇ ਹਨ ਰਾਜੇ ਨੂੰ ਮਾਰਨ ਵਾਸਤੇ ਬਹੁਤ ਪ੍ਰੇਰਿਆ ਹੈ, ਪਰ ਫਿਰ ਵੀ ਮੇਰਾ ਕਾਰਜ ਨਹੀਂ ਸਰਿਆ ਹੈ॥੨੯॥

Sri Satguru Jagjit Singh Ji eLlibrary NamdhariElibrary@gmail.com

ਮਹਾਂ ਪੁਰਖ ਹੈ ਤਿਨਹੁਂ ਸਹਾਇ। ਮੰਤ੍ਰ ਸ਼ਕਤਿ ਨਹਿਂ ਪਹੁਂਚ ਸਕਾਇ।
ਜੋ ਗਿਰਵਰ ਕੋ ਦੇਤਿ ਉਡਾਈ। ਅਚਲ ਚਲਾਵਤਿ, ਚਲਤਿ ਥਿਰਾਈ॥ ੩੦॥

ਮਹਾਂ ਪੁਰਖ ਉਨ੍ਹਾਂ ਦੀ ਸਹਾਇਤਾ ਕਰਦੇ ਹਨ ਤੇ ਮੰਤਰ ਸ਼ਕਤੀ ਪਹੁੰਚ ਨਹੀਂ ਸਕਦੀ ਹੈ। ਜਿਹੜੀ ਸ਼ਕਤੀ ਸੁਮੇਰ ਪਰਬਤ ਨੂੰ ਉਡਾ ਸਕਦੀ ਹੈ। ਅਚੱਲ ਨੂੰ ਚਲਾ ਦਿੰਦੀ ਹੈ ਤੇ ਚਲਦੇ ਨੂੰ ਖੜਾ ਕਰ ਦਿੰਦੀ ਹੈ ।੩੦॥

ਜਲ ਪ੍ਰਵਾਹ ਕੋ ਰਾਖਹਿਂ ਰੋਕ। ਤਿਨ ਆਗੈ ਕਜਾ ਬਪੁਰੇ ਲੋਕ।
ਸੈਨਾ ਸਹਿਤ ਨਰੇਸ਼ੁਰ ਘਾਵਤਿ। ਜਤਨ ਸਮੇਤ ਨ ਬਚਿਬੇ ਪਾਵਤਿ॥ ੩੧॥

ਜਲ ਦੇ ਪ੍ਰਵਾਹ ਨੂੰ ਰੋਕ ਕੇ ਰੱਖ ਲੈਂਦੇ ਹਾਂ, ਉਸ ਸ਼ਕਤੀ ਦੇ ਅੱਗੇ ਵਿਚਾਰੇ ਲੋਕ ਕੀ ਹਨ। ਸੈਨਾ ਸਹਿਤ ਰਾਜੇ ਨੂੰ ਮਾਰ ਸਕਦੇ ਹਾਂ, ਯਤਨਾਂ ਸਮੇਤ ਵੀ ਬਚ ਨਹੀਂ ਪਾਉਂਦੇ ਹਨ॥੩੧॥

ਸਭਿ ਨਿਸ਼ਫਲ ਹੋਏ ਇਕ ਬਾਰੀ। ਯਾਂਤੇ ਲਖਿਯਤਿ ਕੋ ਸਿਧ ਭਾਰੀ।
ਅਬਿ ਕਾਮੱਖਜਾ ਕਰਹਿ ਸਹਾਇ। ਹਾਰੇ ਕਰਿਤੇ ਅਪਰ ਉਪਾਇ॥ ੩੨॥

ਪਰ ਇਕ ਵਾਰ ਇਹ ਸਾਰੇ ਨਿਸਫਲ ਹੋ ਗਏ ਹਨ, ਇਸ ਕਰਕੇ ਇਹ ਕੋਈ ਵੱਡੇ ਸਿੱਧ ਪੁਰਖ ਦਿਖਾਈ ਦਿੰਦੇ ਹਨ। ਹੁਣ ਕੇਵਲ ਕਾਮੱਖਿਆ ਦੇਵੀ ਹੀ ਸਹਾਇਤਾ ਕਰ ਸਕਦੀ ਹੈ, ਹੋਰ ਉਪਾਅ ਕਰਦੇ ਹਾਰ ਗਏ ਹਾਂ॥੩੨॥

ਸਦਾ ਬਿਘਨ ਤੇ ਹਮਹਿਂ ਬਚਾਵਤਿ। ਕਬਹੁ ਨ ਜੀਤਜੋ ਜੋ ਚਢਿ ਆਵਤਿ।
ਧਰਮ ਅਰਥ ਨਿਤ ਬਨਹਿ ਸਹਾਈ। ਦਾਸਨਿ ਲਾਜ ਰਖਹਿ ਬਡਿਆਈ' ॥੩੩॥

ਉਹ ਦੇਵੀ ਸਦਾ ਸਾਨੂੰ ਵਿਘਨਾਂ ਤੋਂ ਬਚਾਉਂਦੀ ਹੈ, ਜਿਹੜਾ ਵੀ ਕਦੀ ਚੜ੍ਹ ਕੇ ਆਉਂਦਾ ਹੈ ਉਹ ਕਦੀ ਵੀ ਨਹੀਂ ਜਿੱਤਿਆ ਹੈ। ਧਰਮ ਦੇ ਵਾਸਤੇ ਸਦਾ ਸਾਡੀ ਸਹਾਇਕ ਬਣਦੀ ਹੈ, ਆਪਣੇ ਦਾਸਾਂ ਦੀ ਲਾਜ ਅਤੇ ਵਡਿਆਈ ਰੱਖਦੀ ਹੈ' ॥੩੩॥

ਇਮ ਚਿੰਤਾ ਕਰਿ ਕੈ ਮਹਿਪਾਲਾ। ਹੋਮ ਸਮਿੱਗ੍ਰੀ ਲੀਨਿ ਬਿਸਾਲਾ।
ਮੰਤ੍ਰਨਿ ਪੁਨ ਨਰ ਸਕਲ ਬੁਲਾਏ। ਦੇਵੀ ਕੇ ਮੰਦਿਰ ਚਲਿ ਆਏ॥ ੩੪॥

ਇਸ ਤਰ੍ਹਾਂ ਚਿੰਤਾ ਕਰਕੇ ਆਸਾਮ ਦੇ ਰਾਜੇ ਨੇ ਬਹੁਤ ਹੋਮ ਸਮੱਗਰੀ ਲਈ। ਮੰਤਰਾਂ ਵਿਚ ਨਿਪੁੰਨ ਸਾਰੇ ਮਨੁੱਖ ਬੁਲਾਏ ਤੇ ਦੇਵੀ ਦੇ ਮੰਦਰ ਵਿਚ ਚਲ ਕੇ ਆ ਗਏ॥੩੪॥

ਹੋਇ ਪੁਨੀਤ ਅਰਾਧਤਿ ਸਾਰੇ। ਪਾਵਕ ਬਿਖੈ ਦਰਬ ਕੋ ਡਾਰੇ।
ਕਾਮੱਖਜਾ ਕੋ ਕਰਜੋ ਅਵਾਹਨ। ਮੁਖ ਪੰਡੇ ਬੋਲੀ ਮਨ ਭਾਵਨ॥ ੩੫॥

ਇਸ਼ਨਾਨ ਆਦਿ ਕਰਕੇ ਪਵਿਤਰ ਹੋ ਕੇ ਅਰਾਧਣਾ ਕਰਨ ਲੱਗੇ, ਅੱਗ ਦੇ ਵਿਚ ਧਨ ਪਾ ਕੇ ਕਾਮੱਖਿਆ ਦੇਵੀ ਨੂੰ ਬੁਲਾਇਆ। ਮਨ ਨੂੰ ਲੁਭਾਉਣ ਵਾਲੀ ਦੇਵੀ ਬ੍ਰਾਹਮਣ ਦੇ ਮੁਖ ਦੁਆਰਾ ਬੋਲੀ॥੩੫॥

'ਭੋ ਭੂਪਤ! ਚਿੰਤਾ ਮਤ ਕੀਜਹਿ। ਨਹੀਂ ਖੇਦ ਤੁਹਿ, ਧੀਰ ਧਰੀਜਹਿ।
ਰਾਜ ਸਹਤਿ ਕੁਸ਼ਲੀ ਤੂ ਰਹੈਂ। ਰਿਪੁ ਤੇ ਨਹੀਂ ਪਰਾਜੈ ਲਹੈਂ॥ ੩੬॥

"ਹੇ ਰਾਜੇ! ਕੋਈ ਚਿੰਤਾ ਨਾ ਕਰੋ, ਤੈਨੂੰ ਕੋਈ ਦੁਖ ਨਹੀਂ ਹੋਵੇਗਾ, ਜੇ ਧੀਰਜ ਧਾਰਨ ਕਰੋਗੇ। ਰਾਜ ਸਹਿਤ ਤੂੰ ਅਨੰਦ ਕੁਸ਼ਲ ਰਹੇਂਗਾ, ਵੈਰੀ ਤੋਂ ਨਹੀਂ ਹਾਰੇਂਗਾ॥੩੬॥

ਪੁਰਸ਼ੋਤਮ ਤੁਝ ਭਾਖਹਿਂ ਜਥਾ। ਰਹੁ ਅਨੁਸਾਰਿ ਮਾਨੀਅਹਿ ਤਥਾ'।
ਇਮ ਕਹਿ ਤੂਸ਼ਨਿ ਭੀ ਜਗਰਾਨੀ। ਸਚਿਵ ਸਮੇਤ ਨ੍ਰਿਪਤ ਨੈ ਮਾਨੀ॥ ੩੭॥

ਉੱਤਮ ਪੁਰਖ ਜਿਵੇਂ ਤੁਹਾਨੂੰ ਕਹਿੰਦੇ ਹਨ, ਉਨ੍ਹਾਂ ਦੀ ਆਗਿਆ ਅਨੁਸਾਰ ਰਹੋ ਤੇ ਜਿਸ ਤਰ੍ਹਾਂ ਉਹ ਕਹਿਣ, ਮੰਨ ਜਾਵੋ।" ਇਹ ਕਹਿ ਕੇ ਜਗਤ ਦੀ ਰਾਣੀ ਚੁੱਪ ਹੋ ਗਈ। ਵਜ਼ੀਰਾਂ ਸਮੇਤ ਰਾਜੇ ਨੇ ਆਗਿਆ ਮੰਨ ਲਈ॥੩੭॥

**ਕਰਿ ਬੰਦਨ ਨਿਜ ਭਵਨ ਸਿਧਾਏ। ਚਿਤਵਹਿ ਚਿਤ ਕੈਸੇ ਹੁਇ ਜਾਏ।**
**ਹਮ ਤੇ ਅਬਿ ਉਪਾਵ ਕਜਾ ਹੋਵੈ। ਜਿਸ ਤੇ ਸ਼ੱਤ੍ਰੂ ਕੋ ਡਰ ਖੋਵੈਂ॥ ੩੮॥**

ਬੰਦਨਾ ਕਰਕੇ ਆਪਣੇ ਘਰ ਨੂੰ ਚਲੇ ਗਏ, ਚਿੱਤ ਵਿਚ ਸੋਚਦੇ ਸਨ ਕਿ ਕੈਸਾ ਹੋ ਜਾਵੇਗਾ। ਹੁਣ ਸਾਡੇ ਪਾਸੋਂ ਕੀ ਉਪਾਅ ਹੋਵੇ ਜਿਸ ਕਰਕੇ ਵੈਰੀ ਦਾ ਡਰ ਗਵਾਈਏ॥੩੮॥

**ਨਿਜ ਬਲ ਜੰਤ੍ਰ ਮੰਤ੍ਰ ਕਰਿ ਹਾਰੇ। ਤਿਨ ਤੇ ਕਛੂ ਨ ਕਾਰਜ ਸਾਰੇ।**
**ਅਬਿ ਸੰਗ੍ਰਾਮ ਕਰਨਿ ਬਨਿ ਆਵੈ। ਸ੍ਰੀ ਕਾਮੱਖਜਾ ਜੈ ਕਰਿਵਾਵੈ' ॥ ੩੯॥**

ਆਪਣੀ ਸ਼ਕਤੀ ਨਾਲ ਜੰਤਰ ਮੰਤਰ ਕਰ ਕੇ ਹਾਰ ਗਏ ਹਾਂ, ਉਨ੍ਹਾਂ ਨਾਲ ਕੋਈ ਵੀ ਕਾਰਜ ਨਹੀਂ ਸਰਿਆ ਹੈ। ਹੁਣ ਯੁੱਧ ਕਰਨਾ ਹੀ ਬਣਦਾ ਹੈ। ਸ੍ਰੀ ਕਾਮੱਖਿਆ ਦੇਵੀ ਦੀ ਜੈ ਕਰਵਾਈਏ" ॥੩੯॥

**ਇਮ ਮਸਲਤ ਕਰਿ ਸਚਿਵਨ ਸੰਗ। ਭਯੋ ਸੁਚੇਤ ਕਰਨਿ ਕੋ ਜੰਗ।**
**ਰਣ ਸਾਮਿੱਗ੍ਰੀ ਬਹੁ ਬਰਤਾਈ। ਸੁਭਟ ਸਕੇਲਿ ਕਰੇ ਇਕ ਥਾਈਂ॥ ੪੦॥**

ਵਜ਼ੀਰਾਂ ਨਾਲ ਇਸ ਤਰ੍ਹਾਂ ਸਲਾਹ ਕਰਕੇ ਰਾਜਾ ਜੰਗ ਕਰਨ ਵਾਸਤੇ ਸੁਚੇਤ ਹੋ ਗਿਆ। ਯੁੱਧ ਸਮੱਗਰੀ ਬਹੁਤ ਵਰਤਾਈ ਤੇ ਸਾਰੇ ਸੂਰਬੀਰ ਇਕ ਥਾਂ ਇਕੱਠੇ ਕੀਤੇ॥੪੦॥

**ਤੋਪ ਤੁਪਕ ਕੋ ਕਰਿ ਕੈ ਸੁੱਧ। ਪਠੀ ਸੈਨ ਬਡ ਕਰਿਬੇ ਜੁੱਧ।**
**'ਹਮ ਕੇਤਿਕ ਦਿਨ ਚਢਹਿਂ ਪਿਛਾਰੀ। ਕਰਿ ਸੰਗ੍ਰਾਮ ਪਿਖਹਿਂ ਭਟ ਭਾਰੀ' ॥੪੧॥**

ਤੋਪਾਂ ਬੰਦੂਕਾਂ ਨੂੰ ਸ਼ੁਧ ਕਰਕੇ, ਸਾਰੀ ਸੈਨਾ ਵੱਡਾ ਯੁੱਧ ਕਰਨ ਵਾਸਤੇ ਭੇਜੀ, "ਅਸੀਂ ਕੁਝ ਦਿਨ ਬਾਅਦ ਵਿਚ ਚੜ੍ਹਾਈ ਕਰਾਂਗੇ, ਭਾਰੀ ਸੂਰਬੀਰਾਂ ਦਾ ਯੁੱਧ ਕਰਵਾ ਕੇ ਵੇਖੀਏ" ॥੪੧॥

*ਬਾਰ੍ਹਵੀਂ ਰਾਸ ਦਾ ਅਠਵਾਂ ਅਧਿਆਇ ਸਮਾਪਤ ਹੋਇਆ॥੮॥*

## ਅਧਿਆਇ ਨੌਵਾਂ

### *ਦੇਵੀ ਦਾ ਆਸਾਮ ਦੇ ਰਾਜੇ ਨੂੰ ਗੁਰੂ ਜੀ ਦੀ ਸ਼ਰਨ ਹਿਤ ਪ੍ਰੇਰਨਾ*

*ਦੋਹਰਾ-* **ਇਤ ਧੋਬਨ ਜਬਿ ਗਹਿ ਲਈ ਅਪਰ ਨਹੀਂ ਕੋ ਆਇ।**
**ਬਿਸ਼ਨ ਸਿੰਘ ਬਹੁ ਹਰਖ ਉਰ ਗੁਰੁ ਢਿਗ ਪਹੁੰਚਯੋ ਧਾਇ॥ ੧॥**

ਏਧਰ ਜਦ ਧੋਬਣ ਫੜ ਲਈ ਤਾਂ ਫਿਰ ਕੋਈ ਹੋਰ ਨਾ ਆਇਆ। ਬਿਸ਼ਨ ਸਿੰਘ ਬਹੁਤ ਪ੍ਰਸੰਨ ਹੋ ਕੇ, ਦੌੜ ਕੇ ਗੁਰੂ ਜੀ ਪਾਸ ਜਾ ਪਹੁੰਚਿਆ॥੧॥

*ਚੌਪਈ-* **ਕਰੀ ਬੰਦਨਾ ਬੈਠਯੋ ਆਨਿ। ਬਿਨਤੀ ਕੇ ਜੁਤਿ ਕਰਤਿ ਬਖਾਨ।**
**'ਰਾਵਰ ਕੇ ਪ੍ਰਤਾਪ ਤੇ ਜਾਨਾ। ਫਤੇ ਹੋਹਿ ਮਮ ਕਾਜ ਮਹਾਨਾ॥ ੨॥**

ਬੰਦਨਾ ਕਰਕੇ ਆ ਬੈਠਾ ਤੇ ਬੇਨਤੀ ਸਹਿਤ ਬੋਲਿਆ। "ਆਪ ਜੀ ਦੇ ਪ੍ਰਤਾਪ ਤੋਂ ਜਾਣਿਆ ਹੈ, ਮੇਰੀ ਫ਼ਤਹਿ ਹੋਵੇਗੀ ਤੇ ਮੇਰਾ ਮਹਾਨ ਕਾਰਜ ਪੂਰਾ ਹੋ ਜਾਵੇਗਾ॥੨॥

**ਤਊ ਸੁਨਹੁ ਪ੍ਰਭੁ ਜੀ! ਮਮ ਅਰਜ਼ੀ। ਸਭਿ ਲਸ਼ਕਰ ਬਰਤਹਿ ਤੁਮ ਮਰਜ਼ੀ।**
**ਦੇਖਿ ਸਿਦਕ ਸਭਿ ਕੇ ਉਰ ਹੋਵਾ। ਮਹਾਂ ਤ੍ਰਾਸ ਮੰਤ੍ਰਨਿ ਕੋ ਖੋਵਾ॥ ੩॥**

ਫਿਰ ਵੀ ਹੇ ਪ੍ਰਭੂ ਜੀ! ਮੇਰੀ ਇਕ ਬੇਨਤੀ ਸੁਣੋ, ਸਾਰਾ ਲਸ਼ਕਰ ਤੁਹਾਡੀ ਮਰਜ਼ੀ ਅਨੁਸਾਰ ਚਲਦਾ ਹੈ। ਵੇਖ ਕੇ ਸਾਰਿਆਂ ਦੇ ਦਿਲ ਵਿਚ ਸਿਦਕ ਆ ਗਿਆ ਹੈ, ਮੰਤਰਾਂ ਦੇ ਮਹਾਨ ਡਰ ਨੂੰ ਗਵਾ ਦਿੱਤਾ ਹੈ॥੩॥

**ਬਹੁਤ ਕਾਲ ਬੀਤਯੋ ਹਮ ਆਏ। ਖਰਚੇ ਕੋਸ਼ ਦਰਬ ਸਮੁਦਾਏ।**
**ਬਿਸਰੇ ਸਦਨ, ਰਹੇ ਸਭਿ ਐਸੇ। ਰਿਪੁ ਜੋਰ ਪਰਯੋ ਨਹਿਂ ਕੈਸੇ॥ ੪॥**

ਸਾਨੂੰ ਏਥੇ ਆਇਆਂ ਨੂੰ ਬਹੁਤ ਸਮਾਂ ਬੀਤ ਗਿਆ ਹੈ ਖਜ਼ਾਨੇ ਵਿਚ ਜਿੰਨਾ ਧਨ ਸੀ ਸਾਰਾ ਖਰਚ ਲਿਆ ਹੈ। ਸਾਰੇ ਆਪਣੇ ਘਰਾਂ ਨੂੰ ਵਿਸਾਰ ਕੇ ਇਸ ਤਰ੍ਹਾਂ ਰਹਿ ਰਹੇ ਹਨ। ਦੁਸ਼ਮਣ ਉੱਤੇ ਕਿਸੇ ਪ੍ਰਕਾਰ ਦਾ ਵੀ ਜ਼ੋਰ ਨਹੀਂ ਪਿਆ ਹੈ॥੪॥

**ਨਹੀਂ ਬਾਹਨੀ ਪਾਰ ਉਤਾਰੀ। ਨਹਿਂ ਸੰਗ੍ਰਾਮ ਮਚਯੋ ਭੈ ਕਾਰੀ।**
**ਕਬਿ ਲਗਿ ਇਹ ਠਾਂ ਬੈਠੇ ਰਹੈਂ। ਉਮਰਾਵ ਜਿ ਅਕੁਲਾਵਤਿ ਅਹੈਂ॥ ੫॥**

ਵਾਹਣੀ ਨੂੰ ਦਰਿਆ ਤੋਂ ਪਾਰ ਨਹੀਂ ਉਤਾਰਿਆ ਹੈ ਤੇ ਕੋਈ ਭਿਆਣਕ ਯੁੱਧ ਵੀ ਨਹੀਂ ਹੋਇਆ ਹੈ। ਕਬ ਤਕ ਇਸ ਥਾਂ ਬੈਠੇ ਰਹਾਂਗੇ। ਉਮਰਾਵ ਬਹੁਤ ਵਿਆਕੁਲ ਹੋ ਗਏ ਹਨ॥੫॥

**ਜਯੋਂ ਜਯੋਂ ਕਰੁਨਾ ਤੁਮਰੀ ਜੋਵੈਂ। ਇਸ ਮੁਹਿੰਮ ਤੇ ਛੁਟਿਬੋ ਹੋਵੈ।**
**ਦੀਨ ਬੰਧੁ ਜੀ! ਕਰਹੁ ਸਹਾਈ। ਬਡ ਕਲੇਸ਼ ਤੇ ਲੇਹੁ ਬਚਾਈ॥ ੬॥**

ਜਿਵੇਂ-ਜਿਵੇਂ ਤੁਹਾਡੀ ਕਿਰਪਾ ਵੇਖਦੇ ਹਾਂ, ਇਸ ਮੁਹਿੰਮ ਤੋਂ ਸਾਡਾ ਛੁਟਕਾਰਾ ਹੋਵੇ। ਹੇ ਦੀਨ ਬੰਧੂ ਜੀ! ਸਾਡੀ ਸਹਾਇਤਾ ਕਰੋ, ਵੱਡੇ ਕਲੇਸ਼ ਤੋਂ ਸਾਨੂੰ ਬਚਾ ਲਵੋ॥੬॥

**ਲੋਕ ਹਜ਼ਾਰਹੁ ਤੁਮ ਦਿਸ਼ਿ ਹੇਰਤਿ। ਕਹਿਬੇ ਹੇਤੁ ਮੋਹਿ ਕੌ ਪ੍ਰੇਰਤਿ।**
**ਸਗਰੋ ਲਸ਼ਕਰ ਸ਼ਰਨ ਤੁਮਾਰੀ। ਮਹਾਰਾਜ ਕੀਜੈ ਰਖਵਾਰੀ॥ ੭॥**

ਹਜ਼ਾਰਾਂ ਲੋਕ ਤੁਹਾਡੇ ਵਲ ਵੇਖਦੇ ਹਨ ਤੇ ਮੈਨੂੰ ਕਹਿਣ ਵਾਸਤੇ ਪ੍ਰੇਰਦੇ ਹਨ। ਸਾਰਾ ਲਸ਼ਕਰ ਤੁਹਾਡੀ ਸ਼ਰਨ ਵਿਚ ਹੈ। ਹੇ ਮਹਾਰਾਜ! ਇਨ੍ਹਾਂ ਦੀ ਰਖਵਾਲੀ ਕਰੋ॥੭॥

**ਰਾਵਰ ਕੌ ਭਰੋਸ ਹੈ ਭਾਰੋ। ਸ਼ਰਨ ਪਰੇ ਕੋ ਬਿਰਦ ਸੰਭਾਰੋ।**
**ਜਬਿ ਕਬਿ ਕਾਰਜ ਤੁਮਹੀ ਕਰਨਾ। ਸਗਰੇ ਚਾਹਤਿ ਰਾਵਰਿ ਸ਼ਰਨਾ" ॥ ੮॥**

ਤੁਹਾਡਾ ਭਾਰੀ ਭਰੋਸਾ ਹੈ, ਸ਼ਰਨ ਪਿਆਂ ਲਈ ਬਿਰਦ ਸੰਭਾਲੋ। ਜਦ ਕਦ ਕਾਰਜ ਤੁਸੀਂ ਹੀ ਕਰਨਾ ਹੈ, ਸਾਰੇ ਤੁਹਾਡੀ ਸ਼ਰਨ ਚਾਹੁੰਦੇ ਹਨ" ॥੮॥

**ਸੁਨਿ ਸ਼੍ਰੀ ਤੇਗ ਬਹਾਦਰ ਕਹਯੋ। 'ਅਤਿਸ਼ੈ ਕਠਨ ਕਾਜ ਹਮ ਲਹਯੋ।**
**ਕਾਮੱਖਯਾ ਦੇਵੀ ਬਰਦਾਨੀ। ਇਸਕੀ ਸੇਵਾ ਕੀਨਿ ਮਹਾਨੀ॥ ੯॥**

ਇਹ ਸੁਣ ਕੇ ਸ੍ਰੀ ਤੇਗ ਬਹਾਦਰ ਜੀ ਨੇ ਕਿਹਾ, "ਵੱਡਾ ਕਠਨ ਕਾਰਜ ਅਸੀਂ ਹੱਥ ਵਿਚ ਲਿਆ ਹੈ। ਕਾਮੱਖਿਆ ਦੇਵੀ ਵਰਦਾਤੀ ਹੈ। ਰਾਜੇ ਨੇ ਇਸ ਦੀ ਮਹਾਨ ਸੇਵਾ ਕੀਤੀ ਹੈ॥੯॥

**ਇਨਕੇ ਬਡੇ ਪ੍ਰਸੰਨ ਕਰੀ ਹੈ। ਬਰ ਦੇਵਨਿ ਕੋ ਸ਼ਿਵਾ ਢਰੀ ਹੈ।**
**ਅਚਲਰਾਜ ਹਮਰੀ ਕੁਲ ਰਹੈ। ਸ਼ੱਤ੍ਰੂ ਆਇ ਪਰਾਜੈ ਲਹੈਂ॥ ੧੦॥**

ਇਸ ਰਾਜੇ ਦੇ ਵਡੇਰਿਆਂ ਨੇ ਇਸ ਨੂੰ ਬਹੁਤ ਪ੍ਰਸੰਨ ਕੀਤਾ ਹੈ, ਵਰ ਦੇਣ ਵਾਸਤੇ ਦੇਵੀ ਨਰਮ ਹੋ ਗਈ ਹੈ। ਉਨ੍ਹਾਂ ਨੇ ਵਰ ਲਿਆ ਹੈ। "ਸਾਡੀ ਕੁਲ ਦਾ ਅਚਲ ਰਾਜ ਰਹੇ, ਜਿਹੜਾ ਵੀ ਵੈਰੀ ਆਵੇ ਹਾਰ ਜਾਵੇ" ॥੧੦॥

**ਰਾਜ ਹਮਾਰੋ ਭ੍ਰਸ਼ਟ ਨ ਹੋਇ। ਇਹ ਬਰ ਲਿਯੋ ਦੇਸ਼ ਨ੍ਰਿਪ ਜੋਇ।**
**ਤਿਸ ਬਰ ਕੋ ਕੂਰੋ ਕਿਮ ਕਰੈ। ਯਾਂਤੇ ਪਖ ਦੇਵੀ ਤਿਨ ਧਰੈ॥ ੧੧॥**

ਸਾਡਾ ਰਾਜ ਭ੍ਰਿਸ਼ਟ ਨਾ ਹੋਵੇ, ਉਸ ਸਮੇਂ ਜਿਹੜਾ ਦੇਸ਼ ਦਾ ਰਾਜਾ ਸੀ, ਉਸ ਨੇ ਇਹ ਵਰ ਲਿਆ ਸੀ। ਉਸ ਵਰ ਨੂੰ ਝੂਠਾ ਕਿਵੇਂ ਕਰੀਏ, ਇਸ ਕਰਕੇ ਦੇਵੀ ਉਨ੍ਹਾਂ ਦਾ ਪੱਖ ਧਾਰਨ ਕਰਦੀ ਹੈ॥੧੧॥

**ਅਪਰ ਕੌਨ ਦੇਵੀ ਬਰ ਖੋਵੈ। ਯਾਂਤੇ ਕਾਜ ਕਠਨ ਹੀ ਹੋਵੈ।**
**ਨਹਿਂ ਦੇਵੀ ਬਰ ਸਕਹਿਂ ਮਿਟਾਇ। ਪ੍ਰਭੁ ਕੀ ਸ਼ਕਤਿ ਸਕਲ ਜਗ ਮਾਇ ॥੧੨॥**

ਹੋਰ ਕੌਣ ਦੇਵੀ ਦੇ ਵਰ ਨੂੰ ਨਾਸ਼ ਕਰੇ, ਇਸ ਕਰਕੇ ਇਹ ਬਹੁਤ ਕਠਨ ਹੋ ਗਿਆ ਹੈ। ਦੇਵੀ ਦਾ ਵਰ ਵੀ ਮਿਟਾਇਆ ਨਹੀਂ ਜਾ ਸਕਦਾ। ਜਗਤ ਮਾਤਾ ਸਾਰੀ ਪ੍ਰਭੂ ਦੀ ਸ਼ਕਤੀ ਹੈ॥੧੨॥

**ਤਊ ਸੁਨਹੁ ਤੁਮ ਕਹਜੋ ਹਮਾਰੋ। ਸ਼੍ਰੀ ਨਾਨਕ ਕੋ ਨਾਮ ਚਿਤਾਰੋ।**
**ਸੱਤਿਨਾਮ ਕੋ ਸਿਮਰਨ ਕਰੀਯਹਿ। ਰਿਦੇ ਸੰਦੇਹਨਿ ਕੋ ਪਰਿਹਰੀਯਹਿ ॥੧੩॥**

ਫਿਰ ਵੀ ਤੁਸੀਂ ਸਾਡਾ ਕਿਹਾ ਸੁਣੋ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਮ ਚਿਤਾਰੋ। ਸਤਿਨਾਮ ਦਾ ਸਿਮਰਨ ਕਰੋ ਤੇ ਹਿਰਦੇ ਵਿਚੋਂ ਸਾਰੇ ਸ਼ੰਕੇ ਦੂਰ ਕਰੋ॥੧੩॥

*ਨੋਟ : ਏਥੇ ਗੱਲ ਉਲਟ ਹੋ ਜਾਂਦੀ ਹੈ। ਪਹਿਲਾਂ ਕਿਹਾ ਹੈ ਕਿ ਕੋਈ ਵੀ ਦੇਵੀ ਦਾ ਵਰ ਮਿਟਾ ਨਹੀਂ ਸਕਦਾ ਫਿਰ ਕਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਨਾਮ ਚਿਤਾਰੋ, ਨਿਸ਼ਚੇ ਤੁਹਾਡੀ ਜਿੱਤ ਹੋਵੇਗੀ ਭਾਵ ਗੁਰੂ ਨਾਨਕ ਦੇਵ ਜੀ ਦਾ ਨਾਮ ਲੈਣ ਨਾਲ ਦੇਵੀ ਦਾ ਵਰ ਖਤਮ ਹੋ ਜਾਵੇਗਾ। ਇਸ ਤੋਂ ਇਹ ਸਮਝ ਆਉਂਦੀ ਹੈ ਕਿ ਦੇਵੀ ਵਰ ਨੂੰ ਗੁਰੂ ਨਾਨਕ ਦਾ ਸਿਮਰਨ ਕੱਟ ਸਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਨਾਮ ਦੇਵੀ ਸ਼ਕਤੀ ਤੋਂ ਉੱਪਰ ਹੋ ਸਕਦਾ ਹੈ, ਇਹ ਵੀ ਇਕ ਸਚਾਈ ਹੈ, ਕਿਉਂਕਿ ਇਕ ਪ੍ਰਸੰਗ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਦੁਆਰੇ ਗੁਰੂ ਅੰਗਦ ਦੇਵ ਨੇ ਦੇਵੀ ਨੂੰ ਝਾੜੂ ਦਿੰਦੇ ਵੇਖਿਆ ਸੀ।*

**ਨਿਸ਼ਚੈ ਹੁਇ ਹੈ ਬਿਜੈ ਤੁਮਾਰੀ। ਨਹਿਂ ਬੀਤਹਿ ਚਿਰਕਾਲ ਅਗਾਰੀ।**
**ਕਿਤਿਕ ਦਿਨਨ ਮਹਿਂ ਅਪਨੇ ਦੇਸ਼। ਗਮਨਹਿਂ, ਤਜਾਗਹੁ ਸਕਲ ਕਲੇਸ਼' ॥੧੪॥**

ਨਿਸ਼ਚੇ ਹੀ ਆਪ ਦੀ ਜਿੱਤ ਹੋਵੇਗੀ, ਅੱਗੇ ਕੋਈ ਬਹੁਤਾ ਸਮਾਂ ਨਹੀਂ ਲਗੇਗਾ। ਕੁਝ ਦਿਨਾਂ ਵਿਚ ਆਪਣੇ ਦੇਸ਼ ਚਲਾਂਗਾ। ਸਾਰੇ ਕਲੇਸ਼ਾਂ ਨੂੰ ਤਿਆਗ ਦੇਵੋ' ॥੧੪॥

**ਇਮ ਸੁਨਿ, ਭੂਪਤਿ ਪਾਇ ਅਨੰਦ। ਕੀਨਿ ਬੰਦਨਾ ਦ੍ਵੈ ਕਰ ਬੰਦਿ।**
**ਧਰਿ ਨਿਸ਼ਚੈ ਗਮਨਜੋ ਨਿਜ ਡੇਰੇ। ਜਾਨਹਿ ਕਰਹਿਂ ਕਾਜ ਗੁਰ ਮੇਰੇ॥ ੧੫॥**

ਇਹ ਸੁਣ ਕੇ ਰਾਜੇ ਨੇ ਅਨੰਦ ਪਾਇਆ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। ਨਿਸ਼ਚਾ ਧਾਰ ਕੇ ਆਪਣੇ ਡੇਰੇ ਵਲ ਚਲਾ ਗਿਆ। ਇਹ ਜਾਣ ਗਿਆ ਕਿ ਗੁਰੂ ਜੀ ਮੇਰੇ ਕਾਰਜ ਪੂਰੇ ਕਰਨਗੇ॥੧੫॥

**ਨਾਂਹਿ ਤ ਦੁਰਲਭ ਹੁਤੀ ਬਿਸਾਲ। ਕਿਸ ਨੇ ਬਿਜੈ ਲਈ ਕਿਸ ਕਾਲ।**
**ਇਮ ਚਿਤਵਤਿ ਜਬਿ ਜਾਮਨਿ ਹੋਈ। ਨਿਜ ਨਿਜ ਥਾਨ ਥਿਰੇ ਸਭਿ ਕੋਈ ॥੧੬॥**

ਨਹੀਂ ਤਾਂ ਇਹ ਵਿਜੈ ਵਿਸ਼ਾਲ ਦੁਰਲੱਭ ਹੁੰਦੀ, ਕਿਸ ਨੇ ਕਿਸ ਸਮੇਂ ਵਿਜੈ ਪ੍ਰਾਪਤ ਕੀਤੀ ਹੈ। ਇਸ ਤਰ੍ਹਾਂ ਸੋਚਦਿਆਂ ਜਦ ਰਾਤ ਹੋਈ ਆਪਣੇ-ਆਪਣੇ ਥਾਵਾਂ ਤੇ ਸਾਰੇ ਬਿਰਾਜ ਗਏ॥੧੬॥

ਗਯੋ ਕਾਮਰੂਪਤਿ ਰਣਵਾਸ। ਅਨਿਕ ਇਸਤ੍ਰੀਅਨਿ ਜਹਾਂ ਬਿਲਾਸ।
ਰੁਚਿਰ ਪ੍ਰਯੰਕ ਸੈਨ ਕੋ ਕੀਨਿ। ਸੇਵਹਿਂ ਰਾਨੀ ਬੈਸ ਨਵੀਨ॥ ੧੭॥

ਕਾਮਰੂਪ ਦਾ ਰਾਜਾ ਵੀ ਰਣਵਾਸ ਵਿਚ ਚਲਾ ਗਿਆ, ਅਨੇਕ ਇਸਤਰੀਆਂ ਜਿੱਥੇ ਅਨੰਦ ਵਿਲਾਸ ਵਾਸਤੇ ਮੌਜੂਦ ਸਨ। ਇਕ ਸੁੰਦਰ ਪਲੰਘ ਉਤੇ ਉਹ ਸੌਂ ਗਿਆ, ਛੋਟੀ ਉਮਰ ਦੀਆਂ ਰਾਣੀਆਂ ਸੇਵਾ ਕਰਦੀਆਂ ਸਨ॥੧੭॥

ਪੀਤੰਬਰ ਅਰੁ ਸਿਰ ਦਸਤਾਰ। ਮਹਿਪਾਲਕ ਨੇ ਰਖੀ ਉਤਾਰਿ।
ਖੰਜਰ ਇਕ ਨ੍ਰਿਪ ਪਾਸ ਰਖੰਤਾ। ਬਸਤ੍ਰਨਿ ਬਿਖੈ ਰਖ੍ਯੋ ਦੁਤਿਵੰਤਾ॥ ੧੮॥

ਪੀਲੇ ਰੰਗ ਦੇ ਕੱਪੜੇ ਅਤੇ ਸਿਰ ਦੀ ਦਸਤਾਰ ਉਤਾਰ ਦਿੱਤੀ, ਰਾਜੇ ਨੇ ਉਸ ਨੂੰ ਸੰਭਾਲ ਕੇ ਰੱਖ ਦਿੱਤਾ। ਰਾਜਾ ਇਕ ਖੰਜਰ ਆਪਣੇ ਪਾਸ ਰੱਖਦਾ ਸੀ, ਉਸ ਸੁੰਦਰ ਖੰਜਰ ਨੂੰ ਕੱਪੜਿਆਂ ਵਿਚ ਰੱਖ ਲਿਆ॥੧੮॥

ਰਤਨ ਜਰਾਊ ਮੁਸ਼ਟ ਗਹਿਨ ਕੀ। ਅਪਰ ਬਿਭੂਖਨ ਸ਼ੋਭਾ ਤਨ ਕੀ।
ਸੁੰਦਰ ਚੌਂਕੀ ਪਰ ਢਿਗ ਧਰੇ। ਸਿਹਜਾ ਪਰਿ ਭੂਪਤਿ ਚਢਿ ਥਿਰੇ॥ ੧੯॥

ਉਸ ਖੰਜਰ ਦੀ ਮੁਠੀ ਰਤਨਾਂ ਨਾਲ ਜੜੀ ਹੋਈ ਸੀ, ਹੋਰ ਗਹਿਣੇ ਤਨ ਦੀ ਸ਼ੋਭਾ ਸਨ। ਸੁੰਦਰ ਚੌਂਕੀ ਪਾਸ ਉਤਾਰ ਕੇ ਰੱਖ ਦਿੱਤੇ। ਰਾਜਾ ਸੇਜ ਤੇ ਚੜ੍ਹ ਕੇ ਬੈਠ ਗਿਆ॥੧੯॥

ਕਰਿ ਦੇਵੀ ਕਾਮੱਖਯਾ ਨਮੋ। ਭਯੋ ਨੀਂਦ ਬਸਿ ਪਰਿ ਤਿਹ ਸਮੋ।
ਨਿਸ ਮਹਿਂ ਸ਼ਸਤ੍ਰ ਬਸਤ੍ਰ ਨ੍ਰਿਪ ਕੇਰੇ। ਸਰਬ ਅਨਾਏ ਗੁਰੁ ਤਿਸ ਬੇਰੇ॥ ੨੦॥

ਪਹਿਲਾਂ ਉਸ ਨੇ ਕਾਮੱਖਿਆ ਦੇਵੀ ਨੂੰ ਨਮਸਕਾਰ ਕੀਤੀ। ਉਸ ਸਮੇਂ ਲੰਮਾ ਪੈ ਕੇ ਨੀਂਦ ਦੇ ਵੱਸ ਵਿਚ ਹੋ ਗਿਆ। ਰਾਤ ਸਮੇਂ ਰਾਜੇ ਦੇ ਸ਼ਸਤਰ ਬਸਤਰ ਸਾਰੇ ਗੁਰੂ ਜੀ ਨੇ ਆਪਣੇ ਪਾਸ ਮੰਗਵਾ ਲਏ॥੨੦॥

ਦੇਵੀ ਦੇਵ ਨ ਕਿਨਹੁ ਹਟਾਏ। ਸਗਰੇ ਸਤਿਗੁਰ ਕੇ ਢਿਗ ਆਏ।
ਭਈ ਪ੍ਰਾਤਿ ਨ੍ਰਿਪ ਖੁਲ੍ਹੇ ਬਿਲੋਚਨ। ਨਹਿਂ ਦੇਖੇ ਚਿਤ ਸੋਚਤਿ ਸੋਚਨ॥ ੨੧॥

ਕਿਸੇ ਵੀ ਦੇਵੀ ਦੇਵਤੇ ਨਾ ਹਟਾਏ, ਸਾਰੇ ਸਤਿਗੁਰੂ ਜੀ ਦੇ ਪਾਸ ਆ ਗਏ। ਸਵੇਰ ਹੋਈ ਤਾਂ ਰਾਜੇ ਨੇ ਅੱਖਾਂ ਖੋਲ੍ਹੀਆਂ, ਜਦ ਆਪਣੇ ਕੱਪੜੇ ਨਾ ਵੇਖੇ ਤਾਂ ਚਿੱਤ ਵਿਚ ਸੋਚਣ ਲੱਗਾ॥੨੧॥

ਨਹਿਂ ਪਾਵਤਿ ਬਿਸਮਾਵਤਿ ਮਹਾਂ। 'ਹੇ ਦੇਵੀ ਇਹ ਕੌਤਕ ਕਹਾਂ'।
ਅਤਿ ਚਿੰਤਾਤੁਰ ਨਰਪਤਿ ਹੋਵਾ। ਐਸੋ ਬਿਘਨ ਨ ਕਬਿਹੂੰ ਜੋਵਾ॥ ੨੨॥

ਜਦ ਨਾ ਪ੍ਰਾਪਤ ਹੋਏ ਤਾਂ ਚਿੱਤ ਵਿਚ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ, "ਹੇ ਦੇਵੀ! ਇਹ ਕੀ ਕੌਤਕ ਹੈ।" ਰਾਜਾ ਬਹੁਤ ਫਿਕਰਮੰਦ ਹੋ ਗਿਆ, ਐਸਾ ਵਿਘਨ ਤਾਂ ਪਹਿਲਾਂ ਕਦੀ ਵੇਖਿਆ ਨਹੀਂ ਸੀ॥੨੨॥

ਨਿਤ ਦੇਵੀ ਮੇਰੀ ਰਖਵਾਰੀ। ਆਨਿ ਸਕਹਿ ਕੋ ਬਿਘਨ ਪਸਾਰੀ।
ਕੈ ਦੇਵੀ ਕੋ ਬਰ ਮਿਟਿ ਗਯੋ। ਅਸ ਕੌਤਕ ਮੇਰੇ ਢਿਗ ਭਯੋ॥ ੨੩॥

ਸਦਾ ਦੇਵੀ ਮੇਰੀ ਰਖਵਾਲੀ ਕਰਦੀ ਹੈ, ਕੋਈ ਵੀ ਆ ਕੇ ਵਿਘਨ ਨਹੀਂ ਪਾ ਸਕਦਾ। ਜਾਂ ਦੇਵੀ ਦਾ ਵਰ ਮਿਟ ਗਿਆ ਹੈ, ਐਸਾ ਕੌਤਕ ਮੇਰੇ ਨਾਲ ਹੋਇਆ ਹੈ॥੨੩॥

ਬਹੁ ਜੋਧਾ ਚਹੁੰ ਦਿਸ਼ਿ ਸਵਧਾਨ। ਕਿਸ ਬਿਧਿ ਕੋਇ ਨ ਪਹੁੰਚੈ ਆਨਿ।
ਜੰਤ੍ਰ ਮੰਤ੍ਰ ਕੀ ਰੱਛਜਾ ਮੇਰੇ। ਕੋਇ ਨ ਆਇ ਸਕਹਿ ਮਮ ਨੇਰੇ॥ ੨੪॥

Sri Satguru Jagjit Singh Ji eLlibrary NamdhariElibrary@gmail.com

ਚਾਰੇ ਪਾਸੇ ਬਹੁਤ ਯੋਧੇ ਸਾਵਧਾਨ ਸਨ, ਕਿਸੇ ਵਿਧੀ ਨਾਲ ਕੋਈ ਵੀ ਆ ਕੇ ਨਹੀਂ ਪਹੁੰਚਿਆ ਹੈ। ਜੰਤਰਾਂ ਮੰਤਰਾਂ ਦੀ ਮੈਨੂੰ ਰੱਖਿਆ ਹੈ, ਮੇਰੇ ਨੇੜੇ ਕੋਈ ਵੀ ਨਹੀਂ ਆ ਸਕਦਾ ਹੈ॥੨੪॥

ਮਹਾਂ ਸ਼ਕਤਿ ਜੁਤਿ ਜਿਸ ਨੇ ਕੀਨਿ। ਸਭਿ ਦਬਾਇ ਪਟ ਆਯੁਧ ਲੀਨਿ।
ਕਰਿ ਸ਼ਨਾਨ ਨ੍ਰਿਪ ਬੈਠਜੋ ਜਬੈ। ਨ੍ਰਿਪ ਜਨਨੀ ਆਈ ਚਲਿ ਤਬੈ॥ ੨੫॥

ਮਹਾਂ ਸ਼ਕਤੀ ਸਹਿਤ ਜਿਸ ਕੀਤਾ ਹੈ, ਸਾਰੇ ਸ਼ਸਤਰ ਬਸਤਰ ਦਬਾ ਲਏ ਹਨ। ਇਸ਼ਨਾਨ ਕਰਕੇ ਜਦ ਰਾਜਾ ਬੈਠ ਗਿਆ ਤਾਂ ਰਾਜੇ ਦੀ ਮਾਤਾ ਉਥੇ ਚਲ ਕੇ ਆਈ॥੨੫॥

ਸੁਤ ਕੋ ਅਤਿ ਦੀਨਿਸਿ ਉਤਸਾਹੂ। 'ਨਹਿਂ ਸੁਚਹੁ ਨਰਪਤਿ ਉਰ ਮਾਂਹੂ।
ਮੈ ਹੌਂ ਭਗਤ ਚੰਡਿ ਜਗ ਮਾਤ। ਬੂਝਨਿ ਕਰੌਂ ਸਕਲ ਬਿਰਤਾਂਤ॥ ੨੬॥

ਉਸ ਨੇ ਪੁੱਤਰ ਨੂੰ ਬਹੁਤ ਉਤਸ਼ਾਹ ਦਿੱਤਾ, "ਹੇ ਪੁੱਤਰ ਹਿਰਦੇ ਵਿਚ ਕੁਝ ਨਾ ਸੋਚੋ। ਮੈਂ ਜਗਤ ਮਾਤਾ ਚੰਡੀ ਦੀ ਭਗਤਣ ਹਾਂ, ਉਸ ਪਾਸੋਂ ਸਾਰਾ ਬ੍ਰਿਤਾਂਤ ਪੁੱਛਦੀ ਹਾਂ॥੨੬॥

ਨਿਸ ਚਰਿੱਤ੍ਰ ਕੋ ਭੇਦ ਬਤਾਇ। ਹੋਇ ਅੰਤ ਕੋ ਆਪ ਸਹਾਇ।
ਸਦਾ ਕੁਸ਼ਲ ਅਪਨੀ ਤੂੰ ਜਾਨਿ। ਰਾਖੀ ਹਮਰੀ ਸ਼ਕਤਿ ਮਹਾਨਿ' ॥ ੨੭॥

ਰਾਤ ਵਾਲੇ ਚਰਿੱਤਰ ਦਾ ਸਾਰਾ ਭੇਦ ਦੱਸ ਕੇ, ਅੰਤ ਵਿਚ ਆਪ ਦੀ ਸਹਾਇਕ ਹੋਵਾਂਗੀ। ਤੂੰ ਸਦਾ ਆਪਣੀ ਕੁਸ਼ਲਤਾ ਜਾਣੋ, ਅਸੀਂ ਮਹਾਨ ਸ਼ਕਤੀ ਧਾਰਨ ਕਰ ਰੱਖੀ ਹੈ" ॥੨੭॥

ਇਮ ਕਹਿ ਕਰਿ ਨ੍ਰਿਪ ਜਨਨੀ ਗਈ। ਕਰਿ ਸ਼ਨਾਨ ਤਨ ਪਾਵਨ ਭਈ।
ਦੇਵੀ ਕੇ ਮੰਦਿਰ ਚਲਿ ਜਾਇ। ਪੂਜਨਿ ਕੋ ਸਮਾਜ ਸਭਿ ਲਜਾਇ॥ ੨੮॥

ਇਸ ਤਰ੍ਹਾਂ ਕਹਿ ਕੇ ਰਾਜੇ ਦੇ ਮਾਤਾ ਜੀ ਚਲੇ ਗਏ। ਉਸ ਨੇ ਇਸ਼ਨਾਨ ਕਰਕੇ ਆਪਣਾ ਸਰੀਰ ਪਵਿੱਤਰ ਕੀਤਾ ਤੇ ਦੇਵੀ ਦੇ ਮੰਦਰ ਵਿਚ ਚਲੇ ਗਈ, ਪੂਜਣ ਵਾਸਤੇ ਸਭ ਵਸਤਾਂ ਲਿਆਂਦੀਆਂ॥੨੮॥

ਧੂਪ ਧੁਖਾਇ ਆਰਤੀ ਕਰੀ। ਕੁਸਮਾਂਜੁਲ ਕੀ ਬਰਖਾ ਭਰੀ।
ਸਰਬ ਪ੍ਰਕਾਰ ਕ੍ਰਿਆ ਕਰਿ ਸਾਰੀ। ਮੁਖ ਤੇ ਉਸਤਤਿ ਮੰਤ੍ਰ ਉਚਾਰੀ॥ ੨੯॥

ਧੂਪ ਧੁਖਾ ਕੇ ਆਰਤੀ ਕੀਤੀ, ਕੁਸਮ ਦੇ ਫੁੱਲਾਂ ਦੀ ਵਰਸ਼ਾ ਕੀਤੀ। ਸਰਬ ਪ੍ਰਕਾਰ ਸਾਰੀ ਕ੍ਰਿਆ ਕਰਕੇ, ਮੁੱਖ ਤੋਂ ਉਸਤਤਿ ਮੰਤਰ ਦਾ ਉਚਾਰਨ ਕੀਤਾ॥੨੯॥

ਸਭਿ ਕੋ ਦੀਨਿਸਿ ਦੂਰ ਹਟਾਇ। ਬੈਠੀ ਆਪ ਧਯਾਨ ਕੋ ਲਾਇ।
ਤਬਹਿ ਭਵਨ ਤੇ ਬਾਨੀ ਭਈ। 'ਸੁਨਿ ਰਾਨੀ ! ਨਿਸ ਮਹਿਂ ਜਿਮ ਥਈ॥ ੩੦॥

ਫਿਰ ਸਾਰਿਆਂ ਨੂੰ ਦੂਰ ਹਟਾ ਦਿੱਤਾ, ਆਪ ਬੈਠ ਕੇ ਧਿਆਨ ਲਾਇਆ। ਫਿਰ ਭਵਨ ਤੋਂ ਬਾਣੀ ਹੋਈ, "ਹੇ ਰਾਣੀ ਜੀ! ਸੁਣੋ, ਜਿਵੇਂ ਰਾਤ ਨੂੰ ਹੋਇਆ ਹੈ॥੩੦॥

ਤੀਨ ਲੋਕ ਪਤਿ ਕੋ ਅਵਤਾਰ। ਸ਼੍ਰੀ ਨਾਨਕ ਜਸੁ ਜਗਤ ਮਝਾਰ।
ਤਿਸ ਗਾਦੀ ਗੁਰ ਤੇਗ ਬਹਾਦਰ। ਜਹਾਂ ਸਿਮਰੀਅਹਿ ਤਿਸ ਥਲ ਹਾਦਰ॥ ੩੧॥

ਤਿੰਨਾਂ ਲੋਕਾਂ ਦੇ ਮਾਲਕ ਦਾ ਅਵਤਾਰ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੱਸ ਸਾਰੇ ਜਗਤ ਵਿਚ ਹੈ। ਉਸ ਗੱਦੀ 'ਤੇ ਅੱਜ-ਕਲ੍ਹ ਸ੍ਰੀ ਗੁਰੂ ਤੇਗ ਬਹਾਦਰ ਜੀ ਬੈਠੇ ਹਨ, ਜਿੱਥੇ ਵੀ ਉਨ੍ਹਾਂ ਨੂੰ ਯਾਦ ਕਰੀਏ ਉਥੇ ਹਾਜ਼ਰ ਹੋ ਜਾਂਦੇ ਹਨ॥੩੧॥

ਭਗਤਿ ਰੂਪ ਅਪਨੋ ਬਪੁ ਧਾਰਜੋ। ਨੌਮੇਂ ਗੁਰੂ ਜਗਤ ਜਿਨ ਤਾਰਜੋ।
ਜੋ ਸ਼ਰਧਾ ਧਰਿ ਸ਼ਰਨੀ ਪਰੈ। ਤਿਹ ਸਹਾਇਤਾ ਸਭਿ ਥਲ ਕਰੈਂ॥ ੩੨॥

ਭਗਤੀ ਰੂਪ ਆਪਣਾ ਅਵਤਾਰ ਧਾਰਨ ਕੀਤਾ ਹੈ, ਨੌਵੇਂ ਗੁਰੂ ਜੀ ਹਨ, ਜਿਨ੍ਹਾਂ ਸਾਰਾ ਜਗਤ ਤਾਰਿਆ ਹੈ। ਜਿਹੜਾ ਵੀ ਸ਼ਰਧਾ ਧਾਰ ਕੇ ਉਨ੍ਹਾਂ ਦੀ ਸ਼ਰਨ ਵਿਚ ਆਉਂਦਾ ਹੈ, ਉਸਦੀ ਸਹਾਇਤਾ ਸਭ ਥਾਂ ਕਰਦੇ ਹਨ॥੩੨॥

ਨ੍ਰਿਪਤਿ ਜੋਧਪੁਰਿ ਸੇਵਕ ਭਯੋ। ਬਿਨਤੀ ਭਨਤਿ ਸੰਗ ਨਿਜ ਲਿਯੋ।
ਤੁਮ ਕੋ ਤਿਸਤੇ ਚਿੰਤਾ ਨਾਂਹੀ। ਕੁਛ ਸੰਸੈ ਨ ਕਰਹੁ ਮਨ ਮਾਂਹੀ॥ ੩੩॥

ਜੋਧਪੁਰ ਦਾ ਰਾਜਾ ਉਨ੍ਹਾਂ ਦਾ ਸੇਵਕ ਬਣਿਆ ਹੈ, ਆਪਣੀ ਬੇਨਤੀ ਕਰਕੇ ਉਨ੍ਹ ਨੂੰ ਨਾਲ ਲਿਆ ਹੈ। ਤੁਹਾਨੂੰ ਉਨ੍ਹਾਂ ਪਾਸੋਂ ਕੋਈ ਚਿੰਤਾ ਨਹੀਂ ਹੈ। ਆਪਣੇ ਮਨ ਵਿਚ ਕੋਈ ਸ਼ੰਕੇ ਨਾ ਧਾਰਨ ਕਰੋ॥੩੩॥

ਤੁਮ ਭੀ ਤਿਸ ਕੀ ਸ਼ਰਨਿ ਸਿਧਾਰੋ। ਮਿਲਿ ਕਰਿ ਅਪਨੋ ਕਾਜ ਸੁਧਾਰੋ।
ਰਾਜ ਅਟਲ ਨਹਿਂ ਮਿਟਹਿ ਤੁਮਾਰੋ। ਮੇਰੋ ਕਹ੍ਯੋ ਸਾਚ ਨਿਰਧਾਰੋ॥ ੩੪॥

ਤੁਸੀਂ ਵੀ ਉਨ੍ਹਾਂ ਦੀ ਸ਼ਰਨ ਵਿਚ ਜਾਵੋ ਤੇ ਮਿਲ ਕੇ ਆਪਣੇ ਕੰਮ ਦਾ ਸੁਧਾਰ ਕਰੋ। ਤੁਹਾਡਾ ਰਾਜ ਅਟੱਲ ਹੈ ਮਿਟੇਗਾ ਨਹੀਂ। ਮੇਰਾ ਕਿਹਾ ਸੱਚ ਨਿਰਧਾਰਨ ਕਰੋ॥੩੪॥

ਰਾਜਾ ਰਾਨੀ ਸਭਿ ਪਰਿਵਾਰ। ਤੂੰ ਭੀ ਜਾਹੁ ਸੰਗ ਤਿਨ ਧਾਰਿ।
ਸ਼ਰਧਾ ਧਰਿ ਦਰਸਹੁਗੇ ਜਬੈ। ਸਕਲ ਕਾਜ ਸਿਧ ਹੋਵਹਿਂ ਤਬੈ॥ ੩੫॥

ਰਾਜਾ ਰਾਣੀ ਸਭ ਪਰਿਵਾਰ, ਤੁਸੀਂ ਵੀ ਉਨ੍ਹਾਂ ਦੇ ਨਾਲ ਜਾਵੋ, ਸ਼ਰਧਾ ਧਾਰ ਕੇ ਜਦ ਦਰਸ਼ਨ ਕਰੋਗੇ ਤਾਂ ਤੁਹਾਡੇ ਸਾਰੇ ਕਾਰਜ ਸਿੱਧ ਹੋ ਜਾਣਗੇ॥੩੫॥

ਸ੍ਰੀ ਗੁਰ ਕਰਹਿਂ ਕ੍ਰਿਪਾ ਸੁ ਕ੍ਰਿਪਾਲੇ। ਸਗਰੇ ਬਿਘਨ ਬਿਨਾਸ਼ਨਿ ਵਾਲੇ।
ਨ੍ਰਿਪ ਜਨਨੀ ਦੇਵੀ ਤੇ ਸੁਨਿ ਕੈ। ਬੰਦਨ ਕਰੀ ਬਾਕ ਸਭਿ ਮਨਿ ਕੈ॥ ੩੬॥

ਕ੍ਰਿਪਾਲੂ ਗੁਰੂ ਜੀ ਤੁਹਾਡੇ 'ਤੇ ਕਿਰਪਾ ਕਰਨਗੇ, ਉਹ ਸਾਰੇ ਵਿਘਨਾਂ ਦਾ ਨਾਸ਼ ਕਰਨ ਵਾਲੇ ਹਨ।" ਰਾਜੇ ਦੇ ਮਾਤਾ ਨੇ ਦੇਵੀ ਤੋਂ ਇਹ ਸਭ ਕੁਝ ਸੁਣ ਕੇ, ਸਾਰੇ ਬਚਨ ਮੰਨ ਕੇ ਬੰਦਨਾ ਕੀਤੀ॥੩੬॥

ਉਠਿ ਕਰਿ ਮਹਿਪਾਲਕ ਢਿਗ ਆਈ। ਸਕਲ ਬਾਰਤਾ ਕੋ ਸਮੁਝਾਈ।
'ਸ੍ਰੀ ਨਾਨਕ ਪੁਰਸ਼ੋਤਮ ਆਏ। ਸਰਬ ਦੇਸ਼ ਸਿੱਖੀ ਬਿਥਰਾਏ॥ ੩੭॥

ਫਿਰ ਉੱਠ ਕੇ ਰਾਜੇ ਦੇ ਪਾਸ ਆਈ ਤੇ ਸਾਰੀ ਗੱਲ ਉਸ ਨੂੰ ਸਮਝਾਈ। "ਸ੍ਰੀ ਗੁਰੂ ਨਾਨਕ ਦੇਵ ਜੀ ਉੱਤਮ ਪੁਰਸ਼ ਆਏ ਹਨ, ਜਿਨ੍ਹਾਂ ਨੇ ਸਾਰੇ ਦੇਸ਼ ਵਿਚ ਆਪਣੀ ਸਿੱਖੀ ਫੈਲਾਈ ਹੈ॥੩੭॥

ਜੀਤੇ ਸਿੱਧ ਬਾਦ ਕੋ ਕਰੇ। ਅਪਰ ਅਜ਼ਮਤੀ ਕੇ ਮਦ ਹਰੇ।
ਜਿਨਕੀ ਸਮਤਾ ਕਰੀ ਨ ਕਾਹੂੰ। ਬਿਚਰੇ ਅਖਿਲ ਜਗਤ ਕੇ ਮਾਹੂੰ॥ ੩੮॥

ਸਾਰੇ ਸਿੱਧ ਵਿਵਾਦ ਕਰਕੇ ਜਿੱਤ ਲਏ ਹਨ ਤੇ ਹੋਰ ਕਰਾਮਾਤੀਆਂ ਦਾ ਹੰਕਾਰ ਦੂਰ ਕੀਤਾ ਹੈ। ਜਿਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ, ਉਹ ਸਾਰੇ ਜਗਤ ਵਿਚ ਵਿਚਰਦੇ ਰਹੇ ਹਨ॥੩੮॥

ਤਿਸ ਗਾਦੀ ਗੁਰ ਤੇਗ ਬਹਾਦਰ। ਬਿਸ਼ਨ ਸਿੰਘ ਕਰਿ ਬਿਨਤੀ ਸਾਦਰ।
ਅਪਨੇ ਸੰਗ ਤਿਨਹੁੰ ਕੋ ਆਨਾ। ਜਿਸ ਤੇ ਹਮਰੋ ਬਲ ਸਭਿ ਹਾਨਾ॥ ੩੯॥

ਉਨ੍ਹਾਂ ਦੀ ਗੱਦੀ ਉੱਤੇ ਹੁਣ ਗੁਰੂ ਤੇਗ ਬਹਾਦਰ ਜੀ ਬੈਠੇ ਹਨ। ਰਾਜਾ ਬਿਸ਼ਨ ਸਿੰਘ ਆਦਰ ਨਾਲ ਬੇਨਤੀ ਕਰਕੇ, ਉਨ੍ਹਾਂ ਨੂੰ ਆਪਣੇ ਨਾਲ ਲਿਆਇਆ ਹੈ, ਜਿਸ ਕਰਕੇ ਸਾਡਾ ਸਾਰਾ ਬਲ ਜਾਂਦਾ ਰਿਹਾ ਹੈ॥੩੯॥

Sri Satguru Jagjit Singh Ji eLlibrary NamdhariElibrary@gmail.com

ਤਿਨ ਹੂੰ ਬਸਤ੍ਰ ਸ਼ਸਤ੍ਰ ਮੰਗਵਾਏ। ਮਿਲਨਿ ਹੇਤ ਦੇਵੀ ਫੁਰਮਾਏ।
ਕ੍ਰਿਪਾ ਕਰਹਿੰਗੇ ਸ਼ਰਨੀ ਪਰੋ। ਅਵਚਲ ਰਾਜ ਆਪਨੋ ਕਰੋ'॥ ੪੦॥

ਉਨ੍ਹਾਂ ਨੇ ਹੀ ਤੁਹਾਡੇ ਸ਼ਸਤਰ ਬਸਤਰ ਮੰਗਵਾਏ ਹਨ, ਮਿਲਣ ਵਾਸਤੇ ਦੇਵੀ ਨੇ ਫੁਰਮਾਇਆ ਹੈ। ਉਹ ਕਿਰਪਾ ਕਰਨਗੇ, ਉਨ੍ਹਾਂ ਦੀ ਸ਼ਰਨੀ ਪਵੋ ਤੇ ਅਚਲ ਰਾਜ ਆਪਣਾ ਕਰੋ' ॥੪੦॥

ਸੁਨਿ ਆਦਿਸੁ ਕਾਮੱਖਯਾ ਕੇਰੀ। ਤਯਾਰੀ ਕਰਿ ਮਹਿਪਾਲ ਘਨੇਰੀ।
ਸਕਲ ਕੁਟੰਬ ਸੰਗ ਨਿਜ ਲੀਨਿ। ਗਮਨਯੋ ਤਬਿ ਮਹਿਪਾਲ ਪ੍ਰਬੀਨ॥ ੪੧॥

ਕਾਮੱਖਿਆ ਦੇਵੀ ਦੀ ਆਗਿਆ ਸੁਣ ਕੇ, ਰਾਜੇ ਨੇ ਬੜੀ ਤਿਆਰੀ ਕੀਤੀ। ਸਾਰੇ ਪਰਿਵਾਰ ਨੂੰ ਆਪਣੇ ਨਾਲ ਲਿਆ ਤੇ ਚਤੁਰ ਰਾਜਾ ਚਲ ਪਿਆ॥੪੧॥

ਪਹੁੰਚਯੋ ਬ੍ਰਹਮ ਪੁੱਤ੍ਰ ਤਟ ਜਾਈ। ਸੁੰਦਰ ਦ੍ਰਿੜ ਨੌਕਾ ਮੰਗਵਾਈ।
ਭਯੋ ਅਰੂਢਨਿ ਜਲ ਪਰ ਚਲੀ। ਮਹਿਪਤਿ ਲਏ ਉਪਾਇਨ ਭਲੀ॥ ੪੨॥

ਬ੍ਰਹਮ ਪੁੱਤਰ ਦਰਿਆ ਦੇ ਕਿਨਾਰੇ ਪਹੁੰਚ ਗਿਆ ਤੇ ਇਕ ਸੁੰਦਰ ਪੱਕੀ ਬੇੜੀ ਮੰਗਵਾਈ। ਉਸ ਉੱਤੇ ਸਾਰੇ ਸਵਾਰ ਹੋ ਗਏ ਤੇ ਉਹ ਜਲ ਉੱਤੇ ਚਲ ਪਈ। ਰਾਜੇ ਨੇ ਬਹੁਤ ਉਪਹਾਰ ਆਪਣੇ ਨਾਲ ਲਏ॥੪੨॥

ਦਿਵਸ ਬਿਤੀਤਯੋ ਉਤਰਤਿ ਪਾਰ। ਪਹੁੰਚਯੋ ਸੰਧਯਾ ਸਮੈ ਉਰਾਰ।
ਊਚ ਦਮਦਮੇ ਗੁਰੂ ਬਿਰਾਜੇ। ਲਸ਼ਕਰ ਨਿਕਟਿ ਸੁਨਤਿ ਬਜਿ ਬਾਜੇ॥ ੪੩॥

ਪਾਰ ਉਤਰਦਿਆਂ ਸਾਰਾ ਦਿਨ ਬੀਤ ਗਿਆ ਤੇ ਸ਼ਾਮ ਦੇ ਵੇਲੇ ਗੁਰੂ ਜੀ ਦੇ ਪਾਸੇ ਵਾਲੇ ਕਿਨਾਰੇ ਤੇ ਪੁੱਜਾ। ਉੱਚੇ ਦਮਦਮੇ ਵਿਚ ਗੁਰੂ ਜੀ ਬਿਰਾਜੇ ਹੋਏ ਸਨ। ਲਸ਼ਕਰ ਦੇ ਨੇੜੇ ਵਾਜੇ ਵੱਜਦੇ ਸੁਣਾਈ ਦੇ ਰਹੇ ਸਨ॥੪੩॥

*ਬਾਰ੍ਹਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥*

## ਅਧਿਆਇ ਦਸਵਾਂ

### *ਆਸਾਮ ਪਤੀ ਗੁਰੂ ਜੀ ਦੀ ਸ਼ਰਨ*

ਦੋਹਰਾ- ਉਤਰਿ ਨਰੇਸ਼ੁਰ ਤਰੀ ਤੇ ਆਗੇ ਕਰੇ ਅਕੋਰ।
ਨਗਨ ਚਰਨ ਤੇ ਗਮਨ ਕਰਿ ਸਭਿ ਕੁਟੰਬ ਕਰ ਜੋਰਿ॥ ੧॥

ਰਾਜੇ ਨੇ ਬੇੜੀ ਤੋਂ ਉਤਰ ਕੇ ਉਪਹਾਰ ਅੱਗੇ ਕੀਤੇ, ਸਭ ਪਰਿਵਾਰ ਨੂੰ ਨਾਲ ਲੈ ਕੇ ਨੰਗੇ ਪੈਰੀਂ ਹੱਥ ਜੋੜ ਕੇ ਚਲ ਪਿਆ॥੧॥

ਚੌਪਈ- ਸ਼ਰਧਾ ਕਰੇ ਭਾਉ ਉਰ ਧਾਰਾ। ਸ੍ਰੀ ਸਤਿਗੁਰ ਕੇ ਨਿਕਟਿ ਪਧਾਰਾ।
'ਸ਼ਰਨਿ ਸ਼ਰਨਿ' ਕਰਿ ਪਰਯੋ ਅਗਾਰੀ। ਪਦ ਅਰਬਿੰਦ ਬੰਦਨਾ ਧਾਰੀ॥੨॥

ਸ਼ਰਧਾ ਕਰਕੇ ਹਿਰਦੇ ਵਿਚ ਪ੍ਰੇਮ ਧਾਰਨ ਕੀਤਾ ਹੈ ਤੇ ਸ੍ਰੀ ਸਤਿਗੁਰੂ ਜੀ ਦੇ ਪਾਸ ਚਲਾ ਗਿਆ। 'ਸ਼ਰਨ ਸ਼ਰਨ' ਕਹਿ ਕੇ ਅੱਗੇ ਲੰਮਾ ਪੈ ਗਿਆ ਤੇ ਚਰਨ ਕੰਵਲਾਂ ਤੇ ਬੰਦਨਾ ਧਾਰਨ ਕੀਤੀ॥੨॥

'ਦੇਸ਼ ਕਾਮਰੂ ਕੋ ਮੈਂ ਰਾਜਾ। ਤੁਮ ਢਿਗ ਆਯੋ ਤਜਾਗਿ ਸਮਾਜਾ।
ਹਿੰਦੁਨਿ ਕੇ ਅਲੰਬ ਤੁਮ ਅਹੋ। ਦਾਸਨਿ ਬ੍ਰਿੰਦ ਸਹਾਇਕ ਰਹੋ॥ ੩॥

"ਕਾਮਰੂਪ ਦੇਸ਼ ਦਾ ਮੈਂ ਰਾਜਾ ਹਾਂ, ਸਾਰੇ ਸਮਾਜ ਨੂੰ ਛੱਡ ਕੇ ਤੁਹਾਡੇ ਪਾਸ ਆਇਆ ਹਾਂ। ਹਿੰਦੂਆਂ ਦਾ ਤੁਸੀਂ ਆਸਰਾ ਹੋ ਤੇ ਆਪਣੇ ਦਾਸਾਂ ਦੇ ਸਹਾਇਕ ਬਣਦੇ ਹੋ॥੩॥

ਦੇਵੀ ਕੀ ਆਇਸੁ ਕੇ ਸਾਥ। ਆਏ ਸ਼ਰਨਿ ਤਿਹਾਰੀ ਨਾਥ!।
ਜਸੇਂ ਭਾਵਹਿ ਤਸੋਂ ਕੀਜਹਿ ਅਬੈ। ਤੁਮ ਆਗਜਾ ਅਨੁਸਾਰੀ ਸਭੈ॥ ੪॥

ਦੇਵੀ ਦੀ ਆਗਿਆ ਦੇ ਨਾਲ, ਹੇ ਨਾਥ ਜੀ! ਮੈਂ ਤੁਹਾਡੀ ਸ਼ਰਨ ਆਇਆ ਹਾਂ। ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ, ਉਸ ਤਰ੍ਹਾਂ ਹੀ ਹੁਣ ਕਰੋ, ਸਾਰੇ ਤੁਹਾਡੀ ਆਗਿਆ ਅਨੁਸਾਰ ਹਨ॥੪॥

ਤਊ ਏਕ ਸੁਨੀਅਹਿ ਗੁਰੁ ਸ੍ਵਾਮੀ। ਸਭਿ ਬਿਧਿ ਸਮਰਥ ਅੰਤਰਜਾਮੀ।
ਹਮ ਹਿੰਦੂ ਗੁਰ ਕੇ ਸਿਖ ਅਹੈਂ। ਸਗਰੋ ਦੇਸ਼ ਮਾਨਤੋ ਰਹੈ॥ ੫॥

ਹੇ ਗੁਰੂ ਸਵਾਮੀ ਜੀ! ਫਿਰ ਵੀ ਇਕ ਗੱਲ ਸੁਣੋ, ਆਪ ਜੀ ਸਭ ਵਿਧੀਆਂ ਨਾਲ ਸਮਰੱਥ ਅਤੇ ਅੰਤਰਜਾਮੀ ਹੋ, ਅਸੀਂ ਹਿੰਦੂ ਗੁਰੂ ਜੀ ਦੇ ਭਾਵ ਆਪ ਦੇ ਸਿੱਖ ਹਾਂ, ਸਾਰਾ ਦੇਸ਼ ਮੰਨਦਾ ਹੈ॥੫॥

ਅਬਿ ਤੁਰਕੇਸ਼ੁਰ ਕੇ ਬਸਿ ਮਾਂਹੀ। ਗੇਰਹੁ ਹਮਹਿਂ, ਜੋਗਤਾ ਨਾਂਹੀ।
ਉਚਿਤ ਸਹਾਇਕ ਹੋਵਨਿ ਹਮਰੇ। ਹਿੰਦੂ ਸਭਿ ਅਲੰਬ ਹੈਂ ਤੁਮਰੇ॥ ੬॥

ਹੁਣ ਤੁਰਕ ਬਾਦਸ਼ਾਹ ਦੇ ਵੱਸ ਵਿਚ ਹੈ, ਸਾਨੂੰ ਡੇਗਣਾ ਯੋਗ ਨਹੀਂ ਹੈ। ਸਾਡਾ ਸਹਾਇਕ ਬਣਨਾ ਉਚਿਤ ਹੈ, ਸਾਰੇ ਹਿੰਦੂ ਤੁਹਾਡੇ ਆਸਰੇ ਹਨ" ॥੬॥

ਸੁਨਿ ਬਿਨਤੀ ਗੁਰ ਭਏ ਕ੍ਰਿਪਾਲ। ਲੇ ਦਸਤਾਰ ਆਪ ਕਰ ਨਾਲ।
ਨ੍ਰਿਪ ਕੇ ਸੀਸ ਧਰੀ ਜਿਸ ਕਾਲਾ। ਜਾਗੇ ਜਿਸ ਕੇ ਭਾਗ ਬਿਸਾਲਾ॥ ੭॥

ਰਾਜੇ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਕ੍ਰਿਪਾ ਧਾਰਨ ਕੀਤੀ ਤੇ ਆਪਣੇ ਹੱਥਾਂ ਨਾਲ ਦਸਤਾਰ ਲੈ ਕੇ ਜਿਸ ਸਮੇਂ ਰਾਜੇ ਦੇ ਸਿਰ ਉਤੇ ਧਰੀ ਤਾਂ ਉਸ ਦੇ ਵਿਸ਼ਾਲ ਭਾਗ ਜਾਗ ਪਏ॥੭॥

ਮੋਹ ਭਰਮ ਕੇ ਜਟਿਤ ਕਪਾਟ। ਛੁਟਕ ਗਏ ਭਾ ਔਰੈ ਠਾਟ।
ਪੁਨ ਦੁਪਟਾ ਸੁੰਦਰ ਤਿਹ ਦਯੋ। ਕਰੁਨਾ ਧਾਰਿ ਨਿਹਾਲ ਸੁ ਕਿਯੋ॥ ੮॥

ਰਾਜੇ ਦੇ ਮੋਹ ਭਰਮ ਦੇ ਜਟਿਲ ਕਪਾਟ ਖੁਲ੍ਹ ਗਏ ਤੇ ਠਾਟ ਹੋਰ ਦਾ ਹੋਰ ਹੋ ਗਿਆ। ਫਿਰ ਇਕ ਸੁੰਦਰ ਦੁਪੱਟਾ ਦਿੱਤਾ ਤੇ ਕਿਰਪਾ ਧਾਰ ਕੇ ਨਿਹਾਲ ਕਰ ਦਿੱਤੇ॥੮॥

*ਨੋਟ : ਰਾਜੇ ਦੇ ਦੇਵੀ ਦੀ ਪੂਜਾ ਨਾਲ ਕਪਾਟ ਨਹੀਂ ਸੀ ਖੁਲ੍ਹੇ, ਪਰ ਸਤਿਗੁਰੂ ਜੀ ਦਾ ਸਪਰਸ਼ ਹੁੰਦਿਆਂ ਹੀ ਇਹ ਕਪਾਟ ਖੁਲ੍ਹ ਗਏ। ਇਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੀ ਹੈ : ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥ ੪॥ (ਪੰਨਾ ੮੭੪) ਤੂੰ ਆਦਿ ਦੇਵੀ ਆਖੀ ਜਾਂਦੀ ਹੈਂ, ਮੁਕਤੀ ਦੇਣ ਵੇਲੇ ਤੂੰ ਆਪਣੇ ਆਪ ਨੂੰ ਕਿੱਥੇ ਲੁਕਾ ਲੈਂਦੀ ਹੈਂ॥*

ਖੰਜਰ ਸ਼ਸਤ੍ਰ ਨਹੀਂ ਇਕ ਦੀਨਿ। ਸ਼੍ਰੀ ਪ੍ਰਭੁ ਨਿਜ ਢਿਗ ਰਾਖਨਿ ਕੀਨਿ।
'ਭੋ ਭੂਪਤਿ! ਤੁਮ ਭਾਖਯੋ ਜੈਸੇ। ਹਮ ਭੀ ਕਰਯੋ ਚਹਤਿ ਹੈਂ ਤੈਸੇ॥ ੯॥

ਗੁਰੂ ਜੀ ਨੇ ਜਿਹੜੇ ਰਾਜੇ ਦੇ ਸਾਰੇ ਸ਼ਸਤਰ ਬਸਤਰ ਮੰਗਵਾ ਲਏ ਸਨ, ਉਨ੍ਹਾਂ ਵਿਚੋ ਇਕ ਕਟਾਰ ਰਾਜੇ ਨੂੰ ਨਾ ਦਿੱਤਾ, ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਰੱਖ ਲਿਆ ਤੇ ਕਿਹਾ, "ਹੇ ਰਾਜਨ! ਤੁਸੀਂ ਜਿਵੇਂ ਕਿਹਾ ਹੈ, ਅਸੀਂ ਵੀ ਉਸ ਤਰ੍ਹਾਂ ਕਰਨਾ ਚਾਹੁੰਦੇ ਹਾਂ॥੯॥

ਕੋਇ ਨ ਚਿੰਤਾ ਚਿਤ ਮਹਿਂ ਕਰੀਅਹਿ। ਹਮਰੇ ਬਾਕਨਿ ਕੇ ਅਨੁਸਰੀਅਹਿ।
ਦੁਹਿ ਦਿਸ਼ਿ ਜੈਸੇ ਹੋਇ ਸੁਖੈਨ। ਦੇਸ਼ ਬਿਖੈ ਜਿਸ ਤੇ ਤੁਹਿ ਭੈ ਨ' ॥ ੧੦॥

ਚਿੱਤ ਵਿਚ ਕਿਸੇ ਪ੍ਰਕਾਰ ਦੀ ਵੀ ਚਿੰਤਾ ਨਾ ਕਰੋ, ਸਾਡੇ ਬਚਨਾਂ ਦੇ ਅਨੁਸਾਰ ਰਹੋ। ਦੋਈਂ ਪਾਸੀਂ ਜਿਵੇਂ ਸੌਖ ਹੋਵੇ, ਦੇਸ਼ ਵਿਚ ਜਿਵੇਂ ਤੁਹਾਨੂੰ ਕਿਸੇ ਦਾ ਭੈ ਨਾ ਰਹੇ" ॥੧੦॥

ਕਰਾਮਾਤ ਦੀਰਘ ਕੋ ਦੇਖਿ। ਸ਼ਰਧਾ ਧਾਰਤਿ ਹਰਖ ਵਿਸ਼ੇਖ।
ਹਾਥ ਜੋਰਿ ਪੁਨ ਬਿਨਤੀ ਕਹੈ। 'ਹਿੰਦੂ ਧਰਮ ਹਮਾਰੋ ਅਹੈ॥ ੧੧॥

ਰਾਜਾ ਵੱਡੀ ਕਰਾਮਾਤ ਨੂੰ ਵੇਖ ਕੇ ਸ਼ਰਧਾ ਧਾਰ ਕੇ ਬਹੁਤ ਪ੍ਰਸੰਨ ਹੋਇਆ। ਹੱਥ ਜੋੜ ਕੇ ਫਿਰ ਬੇਨਤੀ ਕੀਤੀ, "ਸਾਡਾ ਹਿੰਦੂ ਧਰਮ ਹੈ॥੧੧॥

ਕਰਹੁ ਸਹਾਇ ਦਾਸ ਕੀ ਐਸੇ। ਨਹੀਂ ਤੁਰਕ ਕੋ ਦੇਖੈਂ ਕੈਸੇ।
ਜਮਨ ਸੰਗ ਤੇ ਹਾਨਹਿਂ ਧਰਮ। ਬੋਲਨਿ, ਮਿਲਨਿ, ਸਪਰਸ਼ ਅਧਰਮ ॥ ੧੨॥

ਦਾਸ ਦੀ ਇਸ ਤਰ੍ਹਾਂ ਸਹਾਇਤਾ ਕਰੋ ਕਿ ਅਸੀਂ ਤੁਰਕ ਬਾਦਸ਼ਾਹ ਨੂੰ ਕਿਸੇ ਤਰ੍ਹਾਂ ਵੀ ਨਾ ਵੇਖੀਏ। ਤੁਰਕਾਂ ਦੇ ਸੰਗ ਨਾਲ ਧਰਮ ਦੀ ਹਾਨੀ ਹੋਵੇਗੀ, ਉਨ੍ਹਾਂ ਨਾਲ ਬੋਲਣਾ, ਮਿਲਣਾ ਅਤੇ ਛੂਹਣਾ ਵੀ ਧਰਮ ਨਹੀਂ ਹੈ॥੧੨॥

ਗੁਰ ਕੀ ਆਗਯਾ ਧਰਮ ਹਮਾਰੇ। ਹਰਨਿ ਭਰਨਿ ਪ੍ਰਭੁ ਕਰਨੇ ਹਾਰੇ।
ਆਇਸੁ ਤੁਰਕੇਸ਼੍ਵਰ ਕੀ ਜੋਇ। ਹਮ ਤੇ ਨਹੀਂ ਮਨਾਵਹੁ ਸੋਇ॥ ੧੩॥

ਗੁਰੂ ਜੀ ਦੀ ਆਗਿਆ ਸਾਡਾ ਧਰਮ ਹੈ, ਹੇ ਪ੍ਰਭੂ ਜੀ! ਮਾਰਨ ਵਾਲੇ ਤੇ ਜਿਵਾਉਣ ਵਾਲੇ ਆਪ ਹੀ ਹੋ। ਤੁਰਕ ਬਾਦਸ਼ਾਹ ਦੀ ਜਿਵੇਂ ਆਗਿਆ ਹੈ, ਉਹ ਸਾਡੇ ਪਾਸੋਂ ਨਾ ਮੰਨਾਵੋ॥੧੩॥

ਇਹੁ ਕਾਰਜ ਪ੍ਰਭੁ ਬਡੋ ਹਮਾਰੋ। ਅਪਰ ਕਹੋ ਜਿਮ, ਹੈਂ ਅਨੁਸਾਰੋ।
ਸਤਿਗੁਰੁ ਕ੍ਰਿਪਾ ਧਾਰਿ ਤਬਿ ਕਹਯੋ। 'ਹਮ ਤਿਮ ਕਰਹਿਂ ਜਿਮਹਿ ਤੁਮ ਚਹਯੋ॥੧੪ ॥

ਇਹ ਪ੍ਰਭੂ ਜੀ ਤੁਹਾਡਾ ਵੱਡਾ ਕਾਰਜ ਹੈ, ਹੋਰ ਜਿਵੇਂ ਤੁਸੀਂ ਕਹੋ, ਅਸੀਂ ਤੁਹਾਡੀ ਆਗਿਆ ਅਨੁਸਾਰ ਹਾਂ। ਸਤਿਗੁਰੂ ਜੀ ਨੇ ਫਿਰ ਕਿਰਪਾ ਧਾਰ ਕੇ ਕਿਹਾ, "ਅਸੀਂ ਉਸ ਤਰ੍ਹਾਂ ਹੀ ਕਰਾਂਗੇ ਜਿਵੇਂ ਤੁਸੀਂ ਚਾਹਿਆ ਹੈ॥੧੪॥

ਬਿਸ਼ਨ ਸਿੰਘ ਧਰਮਾਤਮ ਰਾਜਾ। ਹਮਹੁ ਭਰੋਸੇ ਸਾਜਜੋ ਕਾਜਾ।
ਰਿਦੈ ਸਰਲ ਛਲ ਰੰਚਕ ਨਾਂਹੀ। ਚਲਹਿ ਅਬਹਿ ਹਮ ਆਇਸੁ ਮਾਂਹੀ॥੧੫॥

ਬਿਸ਼ਨ ਸਿੰਘ ਇਕ ਧਰਮੀ ਰਾਜਾ ਹੈ, ਸਾਡੇ ਭਰੋਸੇ ਉੱਤੇ ਉਸ ਕਾਰਜ ਸਾਜਿਆ ਹੈ। ਉਸ ਦਾ ਹਿਰਦਾ ਸਰਲ ਹੈ, ਉਸ ਵਿਚ ਕਿਸੇ ਪ੍ਰਕਾਰ ਦਾ ਕਪਟ ਨਹੀਂ ਹੈ, ਹੁਣ ਸਾਡੀ ਆਗਿਆ ਅਨੁਸਾਰ ਚਲਦਾ ਹੈ॥੧੫॥

ਤਿਸ ਸੋਂ ਮਿਲਹੁ ਸੰਧਿ ਕਰਿ ਲੀਜੈ। ਅਪਨੋ ਕਾਜ ਸੁਧਾਰਨਿ ਕੀਜੈ।
ਨਹੀਂ ਤੁਰਕ ਸੋਂ ਮੇਲਾ ਹੋਇ। ਹਰਖਤਿ ਰਹਹੁ ਪਰਸਪਰ ਦੋਇ'॥ ੧੬॥

ਉਸ ਨਾਲ ਮਿਲ ਕੇ ਸੰਧੀ ਕਰ ਲਵੋ ਤੇ ਆਪਣਾ ਕਾਰਜ ਸੁਧਾਰ ਲਵੋ। ਤੁਰਕ ਬਾਦਸ਼ਾਹ ਨਾਲ ਤੁਹਾਡਾ ਮੇਲ ਨਹੀਂ ਹੋਵੇਗਾ ਦੋਵੇਂ ਆਪਸ ਵਿਚ ਪ੍ਰਸੰਨ ਰਹੋ" ॥੧੬॥

ਸੁਨਿ ਕਰਿ ਕਹਯੋ 'ਗੁਰੁ ਗਤਿ ਦੈਨ! ਰਾਵਰ ਕੋ ਹਮ ਮਾਨਯੋ ਬੈਨ।
ਤਊ ਏਕ ਬਿਨਤੀ ਸੁਨਿ ਲੀਜੈ। ਲਸ਼ਕਰ ਮੈਂ ਬਹੁ ਤੁਰਕ ਜਨੀਜੈ॥ ੧੭॥

ਰਾਜਾ ਸੁਣ ਕੇ ਕਹਿਣ ਲੱਗਾ, "ਹੇ ਮੁਕਤੀ ਦਾਤੇ ਗੁਰੂ ਜੀ! ਅਸੀਂ ਆਪ ਜੀ ਦਾ ਬਚਨ ਮੰਨਿਆ ਹੈ, ਫਿਰ ਵੀ ਇਕ ਬੇਨਤੀ ਸੁਣ ਲਵੋ। ਤੁਰਕ ਪਾਸ ਬਹੁਤ ਵੱਡੀ ਫੌਜ ਜਾਣੀ ਜਾਂਦੀ ਹੈ॥੧੭॥

ਤਿਨਹੁਂ ਨ ਹੇਰੈਂ ਆਨ ਹਮਾਰੇ। ਅਰੁ ਨਹਿਂ ਮਿਲਹਿਂ ਆਇ ਇਸ ਪਾਰੇ।
ਬ੍ਰਾਹਮ ਪੁੱਤ੍ਰ ਕੇ ਪਾਰ ਜਿ ਆਵਹੁ। ਪਾਵਨ ਚਰਨ ਆਪਨੇ ਪਾਵਹੁ॥ ੧੮॥

ਅਸੀਂ ਇਹ ਕਸਮ ਪਾਈ ਹੋਈ ਹੈ ਕਿ ਤੁਰਕਾਂ ਨੂੰ ਨਾ ਵੇਖੀਏ ਅਤੇ ਨਾ ਹੀ ਇਸ ਪਾਰ ਆ ਕੇ ਮਿਲੀਏ। ਬ੍ਰਹਮ ਪੁੱਤਰ ਦਰਿਆ ਦੇ ਪਾਰ ਆਵੋ ਤੇ ਆਪਣੇ ਪਵਿੱਤਰ ਚਰਨ ਉਥੇ ਪਾਵੋ॥੧੮॥

ਦੇਸ਼ ਪੁਨੀਤ ਕਰਹੁ ਤੁਮ ਆਇ। ਸਗਰੇ ਨਰ ਸੁਭ ਦਰਸ਼ਨ ਪਾਇਂ।
ਹੋਇਂ ਕ੍ਰਿਤਾਰਥ ਦੇਹਿਂ ਉਪਾਇਨ। ਸੀਸ ਸਪਰਸ਼ਹਿਂ ਰਾਵਰਿ ਪਾਇਨ॥ ੧੯॥

ਤੁਸੀਂ ਆਏ ਹੋ, ਸਾਡੇ ਦੇਸ਼ ਨੂੰ ਪਵਿੱਤਰ ਕਰੋ, ਸਾਰੇ ਮਨੁੱਖ ਤੁਹਾਡੇ ਸ਼ੁਭ ਦਰਸ਼ਨ ਕਰਨ, ਉਹ ਉਪਹਾਰ ਭੇਟ ਕਰਕੇ ਕ੍ਰਿਤਾਰਥ ਹੋ ਜਾਣਗੇ ਤੇ ਆਪ ਜੀ ਦੇ ਚਰਨਾਂ 'ਤੇ ਆਪਣੇ ਸੀਸ ਸਪਰਸ਼ ਕਰਨਗੇ॥੧੯॥

ਬਿਸ਼ਨ ਸਿੰਘ ਕੋ ਲੇ ਕਰਿ ਸਾਥ। ਆਵਹੁ ਦੇਸ਼ ਤਿਸੀ ਗੁਰ ਨਾਥ।
ਤਹਿਂ ਦੋਨਹੁਂ ਕੌ ਕਰਹੁ ਮਿਲਾਪ। ਦੁਹਿ ਦਿਸ਼ਿ ਮਾਨਹਿਂ ਕਹੋ ਜੁ ਆਪਿ' ॥੨੦॥

ਹੇ ਮਾਲਕ ਗੁਰੂ ਜੀ! ਬਿਸ਼ਨ ਸਿੰਘ ਨੂੰ ਨਾਲ ਲੈ ਕੇ ਸਾਡੇ ਦੇਸ਼ ਵਿਚ ਆਵੋ। ਉਥੇ ਦੋਵਾਂ ਦਾ ਮਿਲਾਪ ਕਰਾਵੋ, ਦੋਵੇਂ ਪਾਸੇ ਮੰਨਣਗੇ ਜੋ ਕੁਝ ਆਪ ਕਹੋਗੇ" ॥੨੦॥

ਸਤਿਗੁਰ ਕਹਯੋ 'ਇਸੀ ਬਿਧਿ ਹੋਇ। ਤੇਰੇ ਬਿੱਪ੍ਰੀ ਕਰਹਿਂ ਨ ਕੋਇ।
ਜਬਿ ਕੋ ਆਨਿ ਸ਼ਰਨ ਤੈਂ ਪਰਯੋ। ਹਮ ਚਹਿਂ ਦੋਨਹੁਂ ਕੋ ਭਲ ਕਰਯੋ' ॥੨੧॥

ਸਤਿਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਹੀ ਹੋਵੇਗਾ, ਤੈਥੋਂ ਉਲਟ ਕੁਝ ਨਹੀਂ ਕਰਾਂਗਾ। ਜੇ ਤੂੰ ਆ ਕੇ ਸ਼ਰਨ ਪੈ ਗਿਆ ਹੈਂ ਤਾਂ ਅਸੀਂ ਦੋਵਾਂ ਦਾ ਭਲਾ ਕਰਨਾ ਚਾਹੁੰਦੇ ਹਾਂ" ॥੨੧॥

ਸਾਦਰ ਗੁਰੂ ਦਯੋ ਸਿਰੁਪਾਇ। ਬੰਦਨ ਕਰਿ ਗਮਨਯੋ ਤਬਿ ਰਾਇ।
ਨਿਸ ਮਹਿਂ ਨੌਕਾ ਪਰ ਚਢਿ ਗਯੋ। ਪ੍ਰਾਪਤਿ ਭਵਨ ਆਪਨੇ ਭਯੋ॥ ੨੨॥

ਗੁਰੂ ਜੀ ਨੇ ਬੜੇ ਆਦਰ ਨਾਲ ਰਾਜੇ ਨੂੰ ਸਿਰੋਪਾ ਦਿੱਤਾ ਤੇ ਬੰਦਨਾ ਕਰਕੇ ਰਾਜਾ ਚਲੇ ਗਿਆ। ਰਾਤ ਨੂੰ ਬੇੜੀ ਵਿਚ ਚੜ੍ਹ ਕੇ ਚਲੇ ਗਿਆ ਤੇ ਆਪਣੇ ਘਰ ਵਿਖੇ ਪਹੁੰਚ ਗਿਆ॥੨੨॥

ਭਈ ਪ੍ਰਾਤਿ ਨਿਜ ਦਾਸ ਪਠਾਯੋ। ਬਿਸ਼ਨ ਸਿੰਘ ਕੋ ਨਿਕਟਿ ਬੁਲਾਯੋ।
ਕੀਨਿ ਬੰਦਨਾ ਬੈਠਯੋ ਪਾਸ। ਭਨਤਿ ਬਿਨੈ 'ਮੈਂ ਹੌਂ ਤੁਮ ਦਾਸ' ॥ ੨੩॥

ਸਵੇਰ ਹੋਈ ਤਾਂ ਗੁਰੂ ਜੀ ਨੇ ਆਪਣੇ ਸੇਵਕ ਨੂੰ ਭੇਜਿਆ ਤੇ ਬਿਸ਼ਨ ਸਿੰਘ ਨੂੰ ਆਪਣੇ ਪਾਸ ਬੁਲਾਇਆ। ਉਹ ਆ ਕੇ ਬੰਦਨਾ ਕਰਕੇ ਪਾਸ ਬੈਠ ਗਿਆ ਤੇ ਬੋਲ ਕੇ ਬੇਨਤੀ ਕੀਤੀ, "ਮੈਂ ਤੁਹਾਡਾ ਦਾਸ ਹਾਂ" ॥੨੩॥

ਸ੍ਰੀ ਗੁਰੁ ਤੇਗ ਬਹਾਦੁਰ, ਸਾਰੋ। ਬਿਤਯੋ ਬ੍ਰਿਤੰਤ ਬਤਾਇ ਉਦਾਰੋ।
'ਬਿਜੈ ਭਈ ਤੇਰੀ ਸਭਿ ਰੀਤਿ। ਜਿਨਕੋ ਸਕਯੋ ਨ ਕੋਊ ਜੀਤ॥ ੨੪॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬੀਤਿਆ ਬ੍ਰਿਤਾਂਤ ਸਾਰਾ ਵਿਸਥਾਰ ਸਹਿਤ ਦੱਸਿਆ। "ਸਭ ਰੀਤੀਆਂ ਨਾਲ ਤੇਰੀ ਵਿਜੈ ਹੋਈ ਹੈ, ਜਿਨ੍ਹਾਂ ਨੂੰ ਹੁਣ ਤਕ ਕੋਈ ਨਹੀਂ ਸੀ ਜਿੱਤ ਸਕਿਆ॥੨੪॥

ਸੋ ਤੁਝ ਮਿਲੈ ਉਪਾਇਨ ਦੈ ਹੈ। ਮੰਤ੍ਰਨਿ ਬਲ ਜੋ ਬਸ ਨਹਿਂ ਹ੍ਵੈ ਹੈ।
ਰਾਜਪੂਤ ਲਿਹੁ ਸੰਗ ਹਜ਼ਾਰ। ਬਲੀ ਤੁਰੰਗਨ ਕੇ ਅਸਵਾਰ॥ ੨੫॥

ਉਹ ਤੈਨੂੰ ਮਿਲ ਕੇ ਉਪਹਾਰ ਦੇਵੇਗਾ ਜਿਹੜਾ ਮੰਤਰਾਂ ਦੀ ਸ਼ਕਤੀ ਨਾਲ ਵੱਸ ਵਿਚ ਨਹੀਂ ਸੀ ਹੁੰਦਾ। ਹਜ਼ਾਰ ਰਾਜਪੂਤ ਆਪਣੇ ਨਾਲ ਲਵੋ ਤੇ ਸ਼ਕਤੀਸ਼ਾਲੀ ਘੋੜਿਆਂ ਤੇ ਉਨ੍ਹਾਂ ਨੂੰ ਸਵਾਰ ਕਰੋ॥੨੫॥

ਆਜ ਕਰਹੁ ਤਜਾਰੀ ਸਭਿ ਭਾਂਤਿ। ਤਰੀਅਨਿ ਚਢਹੁ ਹੋਤਿ ਹੀ ਪ੍ਰਾਤਿ'।
ਸੁਨਿ ਨ੍ਰਿਪ ਕੇ ਅਨਦ ਬਡ ਭਯੋ। ਜਨੁ ਨਵ ਨਿੱਧਨਿ ਕੋ ਹਰਿ ਲਯੋ॥ ੨੬॥

ਅੱਜ ਸਭ ਪ੍ਰਕਾਰ ਤਿਆਰੀ ਕਰੋ ਤੇ ਸਵੇਰ ਹੁੰਦਿਆਂ ਹੀ ਬੇੜੀਆਂ ਤੇ ਚੜ੍ਹੋ।" ਇਹ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ ਜਿਵੇਂ ਉਸ ਨੇ ਨੌਂ ਨਿਧੀਆਂ ਪ੍ਰਾਪਤ ਕਰ ਲਈਆਂ ਹੋਣ॥੨੬॥

ਬਾਰੰਬਾਰ ਬੰਦਨਾ ਠਾਨਤਿ। 'ਹੇ ਪ੍ਰਭੁ! ਨਿਜ ਜੀਵਨ ਅਬਿ ਜਾਨਤਿ।
ਪ੍ਰਾਨ ਦਾਨ ਮੋਕੌ ਤੁਮ ਦੀਨਸਿ। ਸਗਰੇ ਕਾਜ ਸੁਧਾਰਨਿ ਕੀਨਸਿ'॥ ੨੭॥

ਬਾਰ-ਬਾਰ ਬੰਦਨਾ ਕਰਦਾ ਸੀ ਤੇ ਕਹਿੰਦਾ ਸੀ, "ਹੇ ਪ੍ਰਭੂ ਜੀ! ਆਪਣਾ ਜੀਉਣਾ ਹੁਣ ਮੈਂ ਜਾਣਿਆ ਹੈ, ਮੈਨੂੰ ਤੁਸੀਂ ਪ੍ਰਾਣ ਦਾਨ ਕੀਤੇ ਹਨ ਤੇ ਕਾਰਜ ਸੁਧਾਰ ਦਿੱਤੇ ਹਨ"॥੨੭॥

ਇੱਤਜਾਦਿਕ ਕਹਿ ਬਿਨੈ ਬਡਾਈ। ਸਿਵਰ ਜਾਇ ਤਜਾਰੀ ਕਰਿਵਾਈ।
ਰਾਜਪੂਤ ਭਟ ਏਕ ਹਜ਼ਾਰੇ। ਬੀਨ ਬੀਨ ਕੀਨਸਿ ਸਭਿ ਨਜਾਰੇ॥ ੨੮॥

ਇਸ ਤਰ੍ਹਾਂ ਕਹਿ ਕੇ ਬੇਨਤੀ ਕੀਤੀ ਤੇ ਆਪਣੇ ਡੇਰੇ ਵਿਚ ਜਾ ਕੇ ਤਿਆਰੀ ਕਰਵਾਈ। ਇਕ ਹਜ਼ਾਰ ਰਾਜਪੂਤ ਚੁਣ ਚੁਣ ਕੇ ਵਖਰੇ ਕੀਤੇ॥੨੮॥

ਸ਼ਸਤ੍ਰ ਬਸਤ੍ਰ ਸੁਭ ਧਾਰਨ ਹਾਰੇ। ਕਹਜੋ 'ਅਰੂਢਹੁ ਹੋਤਿ ਸਕਾਰੇ'।
ਨਿਸਾ ਬਿਖੈ ਤਜਾਰੀ ਕਰਿ ਸੋਯੋ। ਬਡੀ ਭੋਰ ਉਠਿ ਕਾਰਜ ਜੋਯੋ॥ ੨੯॥

ਸ਼ੁਭ ਸ਼ਸਤਰ ਵਸਤਰ ਸਭ ਨੇ ਧਾਰਨ ਕੀਤੇ ਫਿਰ ਰਾਜੇ ਨੇ ਕਿਹਾ, "ਸਵੇਰ ਹੁੰਦਿਆਂ ਹੀ ਘੋੜਿਆਂ ਤੇ ਸਵਾਰ ਹੋ ਜਾਵੋ। ਰਾਤ ਸਮੇਂ ਤਿਆਰੀ ਕਰਕੇ ਸੁੱਤੇ ਤੇ ਸਵੇਰੇ ਸਵੱਖਤੇ ਉਠ ਕੇ ਆਪਣਾ ਕਾਰਜ ਵੇਖਿਆ॥੨੯॥

ਕਰਿ ਸ਼ਨਾਨ ਪਟ ਆਯੁਧ ਧਾਰੇ। ਮਿਲਿ ਸਤਿਗੁਰ ਕੋ ਕੀਨਸਿ ਤਜਾਰੇ।
ਸਿਵਕਾ ਪਰ ਨ੍ਰਿਪ ਕੇ ਸੰਗ ਚਾਲੇ। ਚਢਿ ਤਰੀਅਨਿ ਪਰ ਨੀਰ ਬਿਸਾਲੇ॥ ੩੦॥

ਇਸ਼ਨਾਨ ਕਰਕੇ ਰੇਸ਼ਮ ਦੇ ਕੱਪੜੇ ਧਾਰਨ ਕੀਤੇ ਤੇ ਸਤਿਗੁਰੂ ਜੀ ਨੂੰ ਮਿਲ ਕੇ ਤਿਆਰ ਕੀਤਾ। ਗੁਰੂ ਜੀ ਪਾਲਕੀ ਵਿਚ ਚੜ੍ਹ ਕੇ ਰਾਜੇ ਦੇ ਨਾਲ ਚਲ ਪਏ। ਬੇੜੀਆਂ ਉਪਰ ਚੜ੍ਹ ਗਏ ਜਿੱਥੇ ਵਿਸ਼ਾਲ ਪਾਣੀ ਸੀ॥੩੦॥

ਪਹੁੰਚੇ ਪਾਰ ਜਾਇ ਕਰਿ ਜਬੈ। ਸੁਨਜੋ ਕਾਮਰੂ ਪਤਿ ਨੇ ਤਬੈ।
ਕੁਛ ਤੁਰੰਗ ਅਰੁ ਬਸਤ੍ਰ ਬਿਸਾਲੇ। ਦਰਬ ਲਯੋ ਕੇਤਿਕ ਸੰਗ ਚਾਲੇ॥ ੩੧॥

ਜਦ ਦਰਿਆ ਪਾਰ ਕਰਕੇ ਅਗਲੇ ਕਿਨਾਰੇ ਪਹੁੰਚੇ ਤਦ ਕਾਮਰੂਪ ਦੇਸ਼ ਦੇ ਰਾਜੇ ਨੇ ਉਨ੍ਹਾਂ ਦੇ ਆਉਣ ਬਾਰੇ ਸੁਣਿਆ। ਉਸ ਨੇ ਕੁਝ ਘੋੜੇ ਅਤੇ ਵਿਸ਼ਾਲ ਵਸਤਰ ਲਏ ਤੇ ਕਾਫੀ ਧਨ ਆਪਣੇ ਨਾਲ ਲੈ ਕੇ ਚਲ ਪਿਆ॥੩੧॥

ਅਪਰ ਉਪਾਇਨ ਆਛੀ ਕੇਈ। ਉਪਜਹਿ ਤਿਸੀ ਦੇਸ਼ ਮਹਿਂ ਜੇਈ।
ਆਇ ਮਿਲਜੋ ਭੂਪਤਿ ਕੇ ਸਾਥ। ਦੁਹਨਿ ਬੀਚ ਬੈਠੇ ਗੁਰੁ ਨਾਥ॥ ੩੨॥

ਹੋਰ ਕਈ ਸੁੰਦਰ ਉਪਹਾਰ ਲਏ, ਜਿਹੜੇ ਕਿ ਉਸੇ ਦੇਸ਼ ਵਿਚ ਬਣੇ ਸਨ। ਕਾਮਰੂਪ ਦੇਸ਼ ਦਾ ਰਾਜਾ, ਬਿਸ਼ਨ ਸਿੰਘ ਰਾਜੇ ਨੂੰ ਆ ਮਿਲਿਆ ਤੇ ਦੋਵਾਂ ਦੇ ਵਿਚਕਾਰ ਮਾਲਕ ਗੁਰੂ ਜੀ ਬੈਠ ਗਏ॥੩੨॥

ਲੇਨਿ ਦੇਨਿ ਜੇਤਿਕ ਮਨ ਭਾਯੋ। ਸ੍ਰੀ ਪ੍ਰਭੁ ਦੋਨੋਂ ਤੇ ਕਰਿਵਾਯੋ।
ਭਈ ਮਿੱਤ੍ਰਤਾ ਆਪਸ ਮਾਂਹੀ। ਬਧਯੋ ਪ੍ਰੇਮ ਰਸ ਉਰ ਹਰਖਾਹੀ॥ ੩੩॥

ਜਿਨ੍ਹਾਂ ਲੈਣ ਦੇਣ ਦੋਹਾਂ ਦੇ ਮਨ ਨੂੰ ਚੰਗਾ ਲੱਗਾ, ਓਨਾ ਸ੍ਰੀ ਪ੍ਰਭੂ ਜੀ ਨੇ ਦੋਵਾਂ ਵਿਚ ਕਰਵਾ ਦਿੱਤਾ। ਦੋਵਾਂ ਦੀ ਆਪਸ ਵਿਚ ਮਿੱਤ੍ਰਤਾ ਹੋ ਗਈ, ਪ੍ਰੇਮ ਰਸ ਵਧਿਆ ਵੇਖ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਏ॥੩੩॥

ਆਪਸ ਮਹਿਂ ਪਲਟੀ ਦਸਤਾਰ। ਮਿਲੇ ਅੰਕ ਭਰਿ ਭੁਜਾ ਪਸਾਰਿ।
ਭਨਤਿ ਪਰਸਪਰ ਮਧੁਰੇ ਬੈਨ। ਹਰਖਤਿ ਪਿਖਤਿ ਸਮੁਖ ਕਰਿ ਨੈਨ॥ ੩੪॥

ਦੋਵਾਂ ਰਾਜਿਆਂ ਨੇ ਆਪਸ ਵਿਚ ਪੱਗ ਵਟਾਈ ਤੇ ਦੋਵੇਂ ਇਕ ਦੂਸਰੇ ਨੂੰ ਜਫੀਆਂ ਪਾ ਕੇ ਮਿਲੇ। ਆਪਸ ਵਿਚ ਮਿੱਠੇ ਬੋਲ ਬੋਲਦੇ ਸਨ ਤੇ ਬਹੁਤ ਪ੍ਰਸੰਨ ਹੋ ਕੇ ਇਕ ਦੂਸਰੇ ਦੇ ਸਾਹਮਣੇ ਨੈਣ ਕਰਕੇ ਵੇਖਦੇ ਸਨ॥੩੪ ॥

ਦੇਸ਼ ਕਾਮਰੂ ਕੇਰ ਨਰੇਸ਼। ਸਤਿਗੁਰੁ ਸੋਂ ਕਹਿ ਬਿਨੈ ਵਿਸ਼ੇਸ਼।
'ਕੋ ਇਕ ਚਿੰਨ੍ਹ ਆਪ ਅਬਿ ਦੀਜੈ। ਹਮ ਪਰ ਕਰੁਨਾ ਧਾਰਿ ਪ੍ਰਸੀਜੈ॥ ੩੫॥

ਕਾਮਰੂਪ ਦੇਸ਼ ਦੇ ਰਾਜੇ ਨੇ ਸਤਿਗੁਰੂ ਜੀ ਨੂੰ ਕਹਿ ਕੇ ਵਿਸ਼ੇਸ਼ ਬੇਨਤੀ ਕੀਤੀ, "ਹੁਣ ਕੋਈ ਨਿਸ਼ਾਨੀ ਸਾਨੂੰ ਦੇਵੋ, ਸਾਡੇ ਉੱਤੇ ਕਿਰਪਾ ਧਾਰ ਕੇ ਪ੍ਰਸੰਨ ਹੋਵੋ॥੩੫॥

ਪਗ ਕੀ ਪਨਹੀ ਕੈ ਹਮ ਦੇਹੁ। ਸਕਲ ਦੇਸ਼ ਪੂਜਹਿਗੋ ਏਹੁ।
ਅਪਰ ਵਸਤੁ ਕੈ ਦਿਹੁ ਇਸ ਦੇਸ਼। ਜਿਸ ਤੇ ਸ਼ਰਧਾ ਧਰਹਿਂ ਵਿਸ਼ੇਸ਼' ॥ ੩੬॥

ਸਾਨੂੰ ਆਪਣੇ ਪੈਰ ਦੀ ਜੁੱਤੀ ਹੀ ਦੇ ਦੇਵੋ, ਸਾਰਾ ਦੇਸ਼ ਇਸ ਦੀ ਪੂਜਾ ਕਰੇਗਾ। ਜਾਂ ਹੋਰ ਕੋਈ ਵਸਤੂ ਇਸ ਦੇਸ਼ ਨੂੰ ਦੇਵੋ ਜਿਸ ਉੱਤੇ ਇਹ ਲੋਕ ਵਿਸ਼ੇਸ਼ ਸ਼ਰਧਾ ਧਾਰਨ ਕਰਨ" ॥੩੬॥

ਇਮ ਰਾਜਾ ਕੋ ਪ੍ਰੇਮ ਪਰੇਖਾ। ਕ੍ਰਿਪਾ ਦ੍ਰਿਸ਼ਟਿ ਤੇ ਤਿਸਕੋ ਦੇਖਾ।
ਸ੍ਰੀ ਗੁਰੁ ਅਪਨੋ ਧਨੁਖ ਸੰਭਾਰਾ। ਤਰਕਸ਼ ਤੇ ਇਕ ਬਾਨ ਨਿਕਾਰਾ॥ ੩੭॥

ਇਸ ਤਰ੍ਹਾਂ ਰਾਜੇ ਦਾ ਜਦ ਪ੍ਰੇਮ ਵੇਖਿਆ ਤਾਂ ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਉਸਨੂੰ ਵੇਖਿਆ। ਸ੍ਰੀ ਗੁਰੂ ਜੀ ਨੇ ਆਪਣਾ ਧਨੁੱਖ ਸੰਭਾਲਿਆ ਤੇ ਭੱਥੇ ਵਿਚੋਂ ਇਕ ਤੀਰ ਕਢਿਆ॥੩੭॥

ਧਰਿ ਕੈ ਜੇਹ ਕਾਨ ਲਗ ਤਾਨਾ। ਦੇਖਯੋ ਸਨਮੁਖ ਬਿਟਪ ਨਿਸ਼ਾਨਾ।
ਤਿਸ ਕੋ ਤਾਕਿ ਧਨੁਖ ਤੇ ਤਯਾਗਯੋ। ਬਡੇ ਬੇਗ ਤੇ ਤਰੁਵਰੁ ਲਾਗਯੋ॥ ੩੮॥

ਤੀਰ ਨੂੰ ਧਨੁੱਖ ਵਿਚ ਰੱਖ ਕੇ ਕੰਨਾਂ ਤੱਕ ਖਿਚਿਆ ਤੇ ਸਾਹਮਣੇ ਇਕ ਬ੍ਰਿਛ ਨੂੰ ਵੇਖ ਕੇ ਨਿਸ਼ਾਨਾ ਲਾਇਆ। ਉਸ ਬ੍ਰਿਛ ਨੂੰ ਵੇਖ ਕੇ ਤੀਰ ਨੂੰ ਛੱਡਿਆ ਤਾਂ ਉਹ ਬੜੇ ਜ਼ੋਰ ਨਾਲ ਉਸ ਦਰੱਖਤ ਨੂੰ ਲੱਗਾ॥੩੮॥

ਭਲਕਾ ਭਈ ਪਾਰ ਇਮ ਗਯੋ। ਦੁਹਿ ਦਿਸ਼ਿ ਤਨਕ ਤਨਕ ਦਿਖ ਪਯੋ।
ਸਤਿਗੁਰੁ ਕਹਯੋ 'ਚਿੰਨ੍ਹ ਇਹ ਥਾਨ। ਪੂਜਹਿਂ ਸਗਰੇ ਸ਼ਰਧਾ ਠਾਨਿ॥ ੩੯॥

ਇਸ ਤਰ੍ਹਾਂ ਤੀਰ ਗਿਆ ਕਿ ਤੀਰ ਦੀ ਮੁਖੀ ਬ੍ਰਿਛ ਵਿਚੋਂ ਪਾਰ ਹੋ ਗਈ ਤੇ ਦੋਵੇਂ ਪਾਸੇ ਥੋੜੇ-ਥੋੜੇ ਦਿੱਸ ਪਏ। ਫਿਰ ਸਤਿਗੁਰੂ ਜੀ ਨੇ ਕਿਹਾ, "ਚਿੰਨ੍ਹ ਵਾਲੇ ਇਸ ਸਥਾਨ ਦੀ ਸਾਰੇ ਸ਼ਰਧਾ ਧਾਰ ਕੇ ਪੂਜਾ ਕਰਨਗੇ॥੩੯॥

ਬਿਘਨ ਦੇਸ਼ ਮਹਿ ਜੇ ਹੁਇ ਜਾਵੈ। ਇਸ ਕੌ ਮਾਨਹੁ ਤੁਰਤ ਮਿਟਾਵੈ।
ਜੋ ਬਾਂਛਹਿ ਫਲ ਕਿਸ ਬਿਧਿ ਕੋਇ। ਇਸ ਪੂਜਹਿ ਸੋ ਪ੍ਰਾਪਤਿ ਹੋਇ॥ ੪੦॥

ਜੇ ਇਸ ਦੇਸ਼ ਵਿਚ ਕੋਈ ਵਿਘਨ ਹੋ ਜਾਵੇ, ਇਸ ਨੂੰ ਮੰਨਣ ਨਾਲ ਤੁਰਤ ਸਾਰੇ ਵਿਘਨ ਖਤਮ ਹੋ ਜਾਣਗੇ। ਕੋਈ ਵੀ ਕਿਸੇ ਵਿਧੀ ਨਾਲ ਕੋਈ ਫਲ ਪ੍ਰਾਪਤੀ ਦੀ ਇੱਛਾ ਕਰਦਾ ਹੋਵੇ, ਇਸ ਸਥਾਨ ਦੀ ਪੂਜਾ ਕਰਨ ਨਾਲ ਪ੍ਰਾਪਤ ਹੋਵੇਗਾ॥੪੦॥

ਦਿਵਸ ਆਜ ਕੇ ਕੀਜਹਿ ਮੇਲਾ। ਸਕਲ ਦੇਸ਼ ਨਰ ਕਰਹੁ ਸਕੇਲਾ।
ਮਾਨਹੁ ਮਹਾਂ ਮਹਾਤਮ ਪਾਵਹੁ। ਧੂਪ ਦੀਪ ਨਈਵੇਦ ਚਢਾਵਹੁ' ॥ ੪੧॥

ਅੱਜ ਦੇ ਦਿਨ ਏਥੇ ਮੇਲਾ ਲਾਵੋ, ਸਾਰੇ ਦੇਸ਼ ਦੇ ਮਨੁੱਖਾਂ ਨੂੰ ਇਕੱਠੇ ਕਰੋ। ਇਹ ਮੰਨੋ ਕਿ ਮਹਾਨ ਮਹਾਤਮ ਪਾਇਆ ਹੈ। ਧੂਪ ਧੁਖਾਵੋ, ਦੀਪ ਜਲਾਵੋ ਤੇ ਪ੍ਰਸ਼ਾਦਿ ਭੇਟ ਚੜ੍ਹਾਵੋ'' ॥੪੧॥

ਸੁਨਿ ਸ਼ਰਧਾ ਧਰਿ ਭੂਪਤਿ ਠਾਨੀ। ਬਿੱਪ੍ਰ ਬਿਠਾਰਯੋ ਕਰਿ ਇਸਥਾਨੀ।
ਨਿਤ ਪੰਚਾਂਮ੍ਰਿਤ ਕੋ ਕਰਿਵਾਇ। ਆਨਹਿ ਤਹਾਂ ਦੇਹਿ ਬਰਤਾਇ॥ ੪੨॥

ਇਹ ਸੁਣ ਕੇ ਰਾਜੇ ਨੇ ਬੜੀ ਸ਼ਰਧਾ ਧਾਰਨ ਕੀਤੀ ਤੇ ਉਸ ਸਥਾਨ 'ਤੇ ਇਕ ਬ੍ਰਾਹਮਣ ਨੂੰ ਪੁਜਾਰੀ ਬਣਾ ਕੇ ਬਿਠਾ ਦਿੱਤਾ। ਸਦਾ ਉਹ ਕੜਾਹ ਪ੍ਰਸ਼ਾਦਿ ਕਰਵਾਉਂਦਾ ਸੀ ਤੇ ਉਥੇ ਲਿਆ ਕੇ ਵਰਤਾ ਦਿੰਦਾ ਸੀ॥੪੨॥

ਸਰਬ ਭਾਂਤਿ ਕੀ ਪੂਜ ਕਰਾਇ। ਮਨ ਬਾਂਛਿਤ ਤਹਿਂ ਤੇ ਫਲ ਪਾਇ।
ਇਮ ਸਤਿਗੁਰੁ ਨ੍ਰਿਪ ਦੂਊ ਮਿਲਾਏ। ਸਭਿਕੇ ਸੁਨਤਯੋਂ ਬਾਕ ਅਲਾਏ॥ ੪੩॥

ਸਰਬ ਪ੍ਰਕਾਰ ਪੂਜਾ ਕਰਕੇ ਉਥੋਂ ਮਨ-ਇੱਛਤ ਫਲ ਪ੍ਰਾਪਤ ਕਰਦੇ ਸਨ। ਇਸ ਤਰ੍ਹਾਂ ਸਤਿਗੁਰੂ ਜੀ ਨੇ ਦੋਵਾਂ ਰਾਜਿਆਂ ਨੂੰ ਮਿਲਾ ਦਿੱਤਾ ਤੇ ਸਾਰਿਆਂ ਦੇ ਸੁਣਦਿਆਂ ਬਚਨ ਕੀਤਾ॥੪੩॥

'ਤੁਮ ਦੋਨਹੁ ਭੂਪਤਿ ਬੁਧਿਵੰਤੇ। ਹਮ ਤੇ ਸੁਨਹੁ ਬਾਕ ਹਿਤਵੰਤੇ।
ਇਹੁ ਖੰਜਰ ਹਮ ਗਾਡਹਿਂ ਅਵਨੀ। ਬਸਦੀ ਤਹਾਂ ਬਸਾਵਹਿਂ ਰਵਨੀ॥ ੪੪॥

"ਤੁਸੀਂ ਦੋਵੇਂ ਰਾਜੇ ਵੱਡੇ ਬੁਧੀਵਾਨ ਹੋ, ਸਾਥੋਂ ਆਪਣੀ ਹਿੱਤ ਦੇ ਬਚਨ ਸੁਣੋ ਇਸ ਖੰਜਰ ਨੂੰ ਅਸੀਂ ਧਰਤੀ ਵਿਚ ਗੱਡਦੇ ਹਾਂ, ਏਥੇ ਇਕ ਸੁੰਦਰ ਨਗਰੀ ਵਸਾਓ॥੪੪॥

ਹੱਦ ਕਰਹਿਂ ਦੁਹਿਂ ਰਾਜਨਿ ਕੇਰੀ। ਰਹਿ ਪਤਿਸ਼ਾਹੀ ਸੈਨ ਘਨੇਰੀ।
ਇਤ ਇਹ ਰਹੈ ਨ ਆਗੈ ਜਾਵੈ। ਨਹਿਂ ਬਿਰੋਧ ਕੋ ਬਹੁਰ ਉਠਾਵੈ॥ ੪੫॥

ਇਸ ਨੂੰ ਅਸੀਂ ਦੋਹਾਂ ਰਾਜਾਂ ਦੀ ਹੱਦ ਬਣਾਉਂਦੇ ਹਾਂ, ਏਥੇ ਬਹੁਤ ਬਾਦਸ਼ਾਹੀ ਸੈਨਾ ਰਹੇਗੀ, ਇਸ ਪਾਸੇ ਰਾਜਾ ਕਾਮਰੂਪ ਰਹੇ ਤੇ ਅੱਗੇ ਨਾ ਜਾਵੇ ਤੇ ਦੁਬਾਰਾ ਕਿਸੇ ਪ੍ਰਕਾਰ ਦੇ ਵਿਰੋਧ ਨੂੰ ਨਾ ਉਠਾਵੇ॥੪੫॥

ਪਾਤਿਸ਼ਾਹਿ ਕੀ ਚੌਕੀ ਰਹੈ। ਤਹਿਂ ਹਮ ਗ੍ਰਾਮ ਬਸਾਯਹੁ ਚਹੈਂ।
ਗ੍ਰਾਮ ਬਸਾਵਹਿਂ ਹਦ ਕੇ ਹੇਤੁ'। ਨ੍ਰਿਪ ਸੁਨਿ ਦੋਨਹੁ ਹਰਖ ਸਮੇਤ॥ ੪੬॥

ਜਿੱਥੇ ਬਾਦਸ਼ਾਹ ਦੀ ਏਥੇ ਚੌਕੀ ਰਹੇਗੀ, ਉਥੇ ਅਸੀਂ ਨਗਰੀ ਵਸਾਉਣੀ ਚਾਹੁੰਦੇ ਹਾਂ। ਇਹ ਨਗਰੀ ਹੱਦ ਵਾਸਤੇ ਵਸਾਉਂਦੇ ਹਾਂ।'' ਇਹ ਸੁਣ ਕੇ ਦੋਵੇਂ ਰਾਜੇ ਪ੍ਰਸੰਨ ਹੋ ਗਏ॥੪੬॥

ਆਪਹੁ ਅਪਨੀ ਕਰਿ ਮਿਰਜਾਦਾ। ਦੁਹਿ ਦਿਸ਼ਿ ਰਹੈਂ ਧਰੇ ਅਹਿਲਾਦਾ।
ਗੁਰ ਕੋ ਬਾਕ ਮਾਨਿ ਕਰਿ ਨੀਕਾ। ਆਦਰ ਕਰਯੋ ਬਿਸ਼ਨ ਸਿੰਘ ਜੀ ਕਾ॥ ੪੭॥

ਆਪੋ ਆਪਣੀ ਮਰਯਾਦਾ ਕਰਕੇ ਦੋਹਾਂ ਪਾਸਿਆਂ ਦੇ ਲੋਕ ਪ੍ਰਸੰਨਤਾ ਧਾਰ ਕੇ ਰਹਿਣ। ਗੁਰੂ ਜੀ ਦੇ ਬਚਨਾਂ ਨੂੰ ਚੰਗਾ ਮੰਨ ਕੇ ਰਾਜੇ ਬਿਸ਼ਨ ਸਿੰਘ ਨੇ ਬਹੁਤ ਆਦਰ ਕੀਤਾ॥੪੭॥

ਕੰਚਨ ਬਸਤ੍ਰ ਤੁਰੰਗਮ ਦੀਨੇ। ਦੇ ਕਰਿ ਧਨ ਸਨਮਾਨਿਤ ਕੀਨੇ।
ਲੇ ਕਰ ਬਿਦਾ ਭਏ ਚਲਿ ਆਏ। ਚਢਿ ਨੌਕਾ ਨਦ ਤੇ ਉਤਰਾਏ॥ ੪੮॥

ਸੋਨਾ, ਵਸਤਰ ਅਤੇ ਘੋੜੇ ਦਿੱਤੇ ਤੇ ਧਨ ਦੇ ਕੇ ਬਹੁਤ ਸਨਮਾਨਿਤ ਕੀਤੇ। ਵਿਦਾਇਗੀ ਲੈ ਕੇ ਚਲ ਕੇ ਵਾਪਸ ਆ ਗਏ ਤੇ ਬੇੜੀਆਂ ਤੇ ਚੜ੍ਹ ਕੇ ਦਰਿਆ ਦੇ ਪਾਰ ਆ ਉੱਤਰੇ॥੪੮॥

ਆਵਤਿ ਬਿਜੈ ਨਿਸ਼ਾਨ ਬਜਾਯਹੁ। ਤੋਪ ਤੁਪਕ ਸ਼ਲਖੈਂ ਛਡਵਾਯਹੁ।
ਲਿਖਯੋ ਫਤੇਨਾਮਾ ਤਤਕਾਲ। ਦਿੱਲੀ ਪਠਯੋ ਬੇਗ ਕੇ ਨਾਲ॥ ੪੯॥

ਫਿਰ ਸੈਨਾ ਵਿਚ ਆ ਕੇ ਜਿੱਤ ਦਾ ਧੌਂਸਾ ਵਜਾ ਦਿੱਤਾ ਤੇ ਤੋਪਾਂ ਬੰਦੂਕਾਂ ਦੀਆਂ ਸ਼ਲਖਾਂ ਛੱਡੀਆਂ। ਤੁਰਤ ਫਤਹਿਨਾਮਾ ਲਿਖਿਆ ਤੇ ਬੜੀ ਛੇਤੀ ਦਿੱਲੀ ਵਲ ਭੇਜ ਦਿੱਤਾ॥੪੯॥

*ਬਾਰ੍ਹਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥*

## ਅਧਿਆਇ ਗਿਆਰ੍ਹਵਾਂ

### ਰਾਜੇ 'ਰਾਮ' (ਰਤਨ ਰਾਇ ਦੇ ਪਿਤਾ) ਨੂੰ ਪੁੱਤਰ ਦਾ ਵਰ

ਦੋਹਰਾ- ਸ੍ਰੀ ਸਤਿਗੁਰੁ ਨਦ ਤੇ ਉਤਰਿ ਆਇ ਦਮਦਮੇ ਥਾਨ।
ਧਰਮਸਾਲ ਸੁੰਦਰ ਰਚੀ ਮਿਲੇ ਸਿੱਖਜ ਗਨ ਆਨਿ॥ ੧॥

ਸ੍ਰੀ ਸਤਿਗੁਰੂ ਜੀ ਬੇੜੀ ਵਿਚੋਂ ਉੱਤਰ ਕੇ ਆਪਣੇ ਦਮਦਮੇ ਵਾਲੇ ਸਥਾਨ 'ਤੇ ਆ ਗਏ। ਬਹੁਤ ਸਿੱਖਾਂ ਨੇ ਆ ਕੇ ਮਿਲ ਕੇ ਉਥੇ ਸੁੰਦਰ ਧਰਮਸ਼ਾਲਾ ਬਣਾਈ॥੧॥

ਚੌਪਈ- ਜਹਿਂ ਧੋਬਨਿ ਕੋ ਬ੍ਰਿੱਛ ਟਿਕਾਯਹੁ। ਏਕ ਗ੍ਰਾਮ ਤੌ ਤਹਾਂ ਬਸਾਯਹੁ।
ਅਪਰ ਥਾਨ ਖੰਜਰ ਜੋ ਲਹਯੋ। ਅਵਨੀ ਬਿਖੇ ਗਾਡ ਸੋ ਦਯੋ॥ ੨॥

ਜਿੱਥੇ ਧੋਬਣ ਦੇ ਬ੍ਰਿਛ ਨੂੰ ਟਿਕਾਇਆ ਸੀ, ਇਕ ਪਿੰਡ ਤਾਂ ਉਥੇ ਵਸਾਇਆ। ਦੂਸਰਾ ਥਾਂ ਜਿੱਥੇ ਖੰਜਰ ਲਿਆ ਸੀ ਤੇ ਉਸ ਨੂੰ ਧਰਤੀ ਦੇ ਵਿਚ ਗੱਡ ਦਿੱਤਾ ਸੀ॥੨॥

ਤਹਿਂ ਇਕ ਗ੍ਰਾਮ ਬਸਾਯੋ ਭਾਰੀ। ਖੰਜਰ ਤਾਂਕੋ ਨਾਮ ਉਚਾਰੀ।
ਪਾਤਿਸ਼ਾਹਿ ਕੀ ਕੇਤਿਕ ਸੈਨਾ। ਤਹਾਂ ਟਿਕਾਵਨਿ ਕੀਨਿ ਸੁਖੈਨਾ॥ ੩॥

ਉਥੇ ਵੀ ਇਕ ਭਾਰੀ ਨਗਰ ਵਸਾਇਆ, ਤੇ ਉਸ ਨਗਰ ਦਾ ਨਾਂ 'ਖੰਜਰ' ਰਖਿਆ। ਤੁਰਕ ਬਾਦਸ਼ਾਹ ਦੀ ਕਾਫੀ ਸੈਨਾ ਉਥੇ ਆਸਾਨੀ ਨਾਲ ਟਿਕਾ ਦਿੱਤੀ॥੩॥

ਹੱਦ ਕਰੀ ਦੁਇ ਰਾਜਨਿ ਕੇਰੀ। ਜਿਸ ਤੇ ਉਠਹਿ ਬਿਰੋਧ ਨ ਫੇਰੀ।
ਦੁਹਿ ਦਿਸ਼ਿ ਕੋ ਕਰਿ ਹਰਖ ਸਮੇਤ। ਆਪ ਆਪਨੇ ਰਾਜ ਸੁਚੇਤ॥ ੪॥

ਦੋਵਾਂ ਰਾਜਾਂ ਦੀ ਹੱਦ ਮਿੱਥ ਦਿੱਤੀ, ਜਿਸ ਨਾਲ ਦੁਬਾਰਾ ਕੋਈ ਵਿਰੋਧ ਨਾ ਉਠੇ। ਦੋਵਾਂ ਪਾਸਿਆਂ ਨੂੰ ਪ੍ਰਸੰਨਤਾ ਸਹਿਤ ਕਰ ਦਿੱਤਾ ਤੇ ਉਹ ਆਪੋ ਆਪਣੇ ਰਾਜ ਵਿਚ ਸੁਚੇਤ ਹੋ ਗਏ॥੪॥

ਦੇਸ਼ ਕਾਮਰੂ ਕੇਰ ਬਰੋਬਰ। ਅਪਰ ਰਾਜ ਇਕ ਤਹਾਂ ਹੁਤੋ ਬਰ।
ਰਾਜਾ 'ਰਾਮ' ਨਰੇਸੁਰ ਨਾਮ। ਪੁੱਤ੍ਰ ਨ ਉਪਜਜੋ ਤਿਸ ਕੇ ਧਾਮ॥ ੫॥

ਕਾਮਰੂਪ ਦੇਸ਼ ਦੇ ਬਰਾਬਰ ਉਥੇ ਇਕ ਹੋਰ ਸ੍ਰੇਸ਼ਟ ਰਾਜ ਸੀ। ਉਸ ਰਾਜੇ ਦਾ ਨਾਮ 'ਰਾਮ' ਸੀ। ਉਸ ਦੇ ਘਰ ਪੁੱਤਰ ਨਹੀਂ ਸੀ ਪੈਦਾ ਹੋਇਆ॥੫॥

ਕਰਿ ਉਪਚਾਰ ਹਾਰਿ ਕਰਿ ਰਹਜੋ। ਕਿਸ ਬਿਧਿ ਤੇ ਨਹਿੰ ਨੰਦਨ ਲਹਜੋ।
ਸ੍ਰੀ ਗੁਰ ਤੇਗ ਬਹਾਦਰ ਪੂਰੇ। ਇਨਕੋ ਫੈਲਜੋ ਜਸੁ ਬਹੁ ਰੂਰੇ॥ ੬॥

ਉਹ ਕਈ ਉਪਚਾਰ ਕਰ ਕਰ ਕੇ ਹਾਰ ਗਿਆ ਤੇ ਕਿਸੇ ਪ੍ਰਕਾਰ ਵੀ ਪੁੱਤਰ ਪੈਦਾ ਨਾ ਹੋਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੁੰਦਰ ਜੱਸ ਬਹੁਤ ਫੈਲਿਆ॥੬॥

ਕੌਤਿਕ ਬਰਖ ਬਿਤੇ ਇਸਥਾਨ। ਯਾਂਤੇ ਜਸੁ ਤਹਿੰ ਬਿਦਤ ਮਹਾਨ।
ਲਘੁ ਦੀਰਘ ਬਹੁ ਕਰਹਿੰ ਉਚਾਰਨਿ। ਸ੍ਰੀ ਗੁਰ ਦੇਤਿ ਕਾਮਨਾ ਸਾਰਨ॥ ੭॥

ਉਸ ਕਾਮਰੂਪ ਦੇਸ਼ ਵਿਚ ਗੁਰੂ ਜੀ ਦੇ ਕਈ ਵਰ੍ਹੇ ਬਤੀਤ ਹੋਏ, ਇਸ ਕਰਕੇ ਉਨ੍ਹਾਂ ਦਾ ਉਥੇ ਬਹੁਤ ਜੱਸ ਪ੍ਰਗਟ ਹੋਇਆ। ਛੋਟੇ ਵੱਡੇ ਸਭ ਉਨ੍ਹਾਂ ਬਾਰੇ ਉਚਾਰਨ ਕਰਦੇ ਸਨ ਕਿ ਗੁਰੂ ਜੀ ਸਭ ਕਾਮਨਾਵਾਂ ਪੂਰੀਆਂ ਕਰਦੇ ਹਨ॥੭॥

ਹੁਇ ਸੇਵਕ ਜੋ ਸੇਵਾ ਕਰੈ। ਰਿਦੇ ਕਾਮਨਾ ਸ਼ਰਧਾ ਧਰੈ।
ਮਨ ਬਾਂਛਿਤ ਪਾਵੈ ਤਤਕਾਲਾ। ਫੁਰਹਿ ਬਾਕ ਜਿਨ ਕੇਰ ਉਤਾਲਾ॥ ੮॥

ਜਿਹੜੇ ਸੇਵਾ ਕਰਕੇ ਸੇਵਕ ਹੁੰਦੇ ਹਨ, ਹਿਰਦੇ ਵਿਚ ਜੋ ਵੀ ਸ਼ਰਧਾ ਕਰਕੇ ਕਾਮਨਾ ਧਾਰਨ ਕਰਦੇ ਹਨ, ਉਹ ਤੁਰਤ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਹਨ, ਉਨ੍ਹਾਂ ਦਾ ਕਿਹਾ ਬਚਨ ਤੁਰਤ ਪੂਰਾ ਹੁੰਦਾ ਹੈ॥੮॥

ਅਨਿਕ ਨਰਨਿ ਪੁੱਤ੍ਰਨਿ ਬਰ ਪਾਵਾ। ਕਿਨ ਸੇਵਤਿ ਬਪੁ ਰੋਗ ਮਿਟਾਵਾ।
ਹੁਤੇ ਦਾਰਿਦੀ ਬਿਨੈ ਕਰੰਤੇ। ਸੋ ਧਨਾਢ ਹੋਏ ਸੁਖਵੰਤੇ॥ ੯॥

ਅਨੇਕਾਂ ਮਨੁੱਖਾਂ ਨੇ ਪੁੱਤਰਾਂ ਦੇ ਵਰ ਪਾਏ, ਕਈਆਂ ਨੇ ਸੇਵਾ ਕਰਕੇ ਸਰੀਰਕ ਰੋਗ ਖਤਮ ਕੀਤੇ। ਜਿਹੜੇ ਗਰੀਬ ਹੁੰਦੇ ਸੀ, ਉਹ ਬੇਨਤੀ ਕਰਦੇ ਸਨ ਤਾਂ ਧਨਾਢ ਹੋ ਕੇ ਸੁਖ ਪਾਉਂਦੇ ਸਨ॥੯॥

ਜੋ ਅਨਜਾਨ ਅਨਾਦਰ ਕਰੈ। ਤਿਹ ਤਤਕਾਲ ਆਪਦਾ ਪਰੈ।
ਨਿਕਸਹਿੰ ਬਾਕ ਬਦਨ ਤੇ ਜੈਸੇ। ਬਿਨਾ ਬਿਲਮ ਫੁਰਿ, ਬਨਿ ਹੈਂ ਤੈਸੇ॥ ੧੦॥

ਜਿਹੜੇ ਅਨਜਾਣ ਅਨਾਦਰ ਕਰਦੇ ਸੀ, ਉਨ੍ਹਾਂ ਨੂੰ ਤੁਰਤ ਬਿਪਤਾ ਆ ਘੇਰਦੀ ਸੀ। ਮੁਖ ਵਿਚੋਂ ਜਿਸ ਤਰ੍ਹਾਂ ਦਾ ਬਚਨ ਨਿਕਲਦਾ ਸੀ, ਕਿਸੇ ਦੇਰੀ ਤੋਂ ਬਗੈਰ ਬਚਨ ਪੂਰਾ ਹੋ ਜਾਂਦਾ ਸੀ॥੧੦॥

ਲੋਕ ਸੈਂਕਰੇ ਆਇ ਸਮੀਪ। ਹੋਇਂ ਬਾਕ ਤੇ ਰੰਕ ਮਹੀਪ।
ਭੈ ਬਜਾਪਜੋ ਤਿਸ ਦੇਸ਼ ਮਝਾਰੇ। ਸਾਦਰ ਆਵਹਿੰ ਸਿੱਖੀ ਧਾਰੇ॥ ੧੧॥

ਸੈਂਕੜੇ ਲੋਕ ਪਾਸ ਆਉਂਦੇ ਸਨ ਤੇ ਇਕ ਬਚਨ ਨਾਲ ਹੀ ਗਰੀਬ ਰਾਜੇ ਬਣ ਜਾਂਦੇ ਸਨ। ਉਸ ਦੇਸ਼ ਵਿਚ ਵੱਡਾ ਭੈ ਉਤਪੰਨ ਹੋਇਆ ਸੀ, ਬੜੇ ਆਦਰ ਨਾਲ ਆ ਕੇ ਸਿੱਖੀ ਧਾਰਨ ਕਰਦੇ ਸਨ॥੧੧॥

Sri Satguru Jagjit Singh Ji eLlibrary NamdhariElibrary@gmail.com

ਤਿਸ ਨ੍ਰਿਪ ਕੀ ਰਾਨੀ ਨੇ ਸੁਨਜੋਂ। ਬਹੁਤਨਿ ਜਾਇ ਗੁਰੂ ਜਸੁ ਭਨਜੋਂ।
ਪੁੱਤ੍ਰ ਕਾਮਨਾਵਾਨ ਮਹਾਨੀ। ਨਿਸ ਬਾਸੁਰ ਚਿਤਵਤਿ ਦੁਖ ਸਾਨੀ॥ ੧੨॥

ਰਾਜੇ 'ਰਾਮ' ਦੀ ਰਾਣੀ ਨੇ ਸੁਣਿਆ, ਬਹੁਤ ਲੋਕਾਂ ਨੇ ਜਾ ਕੇ ਉਸਦੇ ਪਾਸ ਗੁਰੂ ਜੀ ਦਾ ਜੱਸ ਕੀਤਾ। ਪੁੱਤਰ ਦੀ ਮਹਾਨ ਕਾਮਨਾ ਵਾਲੀ ਸੀ। ਰਾਤ ਦਿਨ ਆਪਣੇ ਦੁਖ ਬਾਰੇ ਸੋਚਦੀ ਰਹਿੰਦੀ ਸੀ॥੧੨॥

ਖਾਨ ਪਾਨ ਪਹਿਰਿਨਿ ਅਰੁ ਦੇਨਾ। ਜਿਸ ਮਨ ਰੁਚਹਿ ਨਹੀਂ ਸੁਖ ਲੇਨਾ।
ਗੁਰੁ ਜਸੁ ਸੁਨਤਿ ਪ੍ਰਫੁੱਲਿਤਿ ਭਈ। ਜਨੁ ਸੁਤ ਸਹਤਿ ਆਪ ਹੁਇ ਗਈ॥੧੩॥

ਖਾਣਾ, ਪੀਣਾ, ਪਹਿਨਣਾ ਅਤੇ ਦੇਣਾ, ਜਿਸ ਦੇ ਮਨ ਸੁਖ ਲੈਣ ਦੀ ਰੁਚੀ ਨਹੀਂ ਰਹੀ ਸੀ। ਗੁਰੂ ਜੀ ਦਾ ਜੱਸ ਸੁਣ ਕੇ ਖਿੜ ਉੱਠੀ ਮਾਨੋਂ ਆਪ ਪੁੱਤਰ ਸਹਿਤ ਹੋ ਗਈ ਹੋਵੇ॥੧੩॥

ਨਿਸਾ ਭਈ ਰਾਜਾ ਢਿਗ ਆਯੋ। ਨੇਤ੍ਰ ਨੀਰ ਭਰ ਤਿਸਹਿ ਸੁਨਾਯੋ।
'ਰਾਜ ਸਾਜ ਧਨ ਧਾਮ ਭੰਡਾਰੇ। ਸਭਿ ਫੀਕੇ ਬਿਨ ਪੁੱਤ੍ਰ ਹਮਾਰੇ॥ ੧੪॥

ਰਾਤ ਪੈਣ ਤੇ ਰਾਜਾ ਪਾਸ ਆਇਆ, ਅੱਖਾਂ ਵਿਚ ਜਲ ਭਰ ਕੇ ਉਸ ਨੂੰ ਸੁਣਾਇਆ। "ਰਾਜ, ਸਾਜ਼ੋ-ਸਾਮਾਨ, ਧਨ, ਘਰ ਅਤੇ ਭੰਡਾਰ ਸਾਰੇ ਹੀ ਇਕ ਪੁੱਤਰ ਤੋਂ ਬਗ਼ੈਰ ਫਿੱਕੇ ਹਨ॥੧੪॥

ਨਹੀਂ ਤਿਲਾਂਜੁਲ ਹਿਤ ਭੀ ਕੋਊ। ਬਿਨਾ ਪੁੱਤ੍ਰ ਤੇ ਅਵਿਗਤਿ ਦੋਊ।
ਕਰਿ ਕਰਿ ਹਾਰੇ ਬਹੁਤ ਉਪਾਇ। ਨਹੀਂ ਪੁੱਤ੍ਰ ਕੋ ਕਿਸਤੇ ਪਾਇ॥ ੧੫॥

ਤਿਲਾਂਜੁਲ ਦੇਣ ਵਾਲਾ ਵੀ ਕੋਈ ਨਹੀਂ ਹੈ, ਪੁੱਤਰ ਤੋਂ ਬਗ਼ੈਰ ਦੋਵੇਂ ਅਬਗਤ ਮਰ ਜਾਵਾਂਗੇ। ਬਹੁਤ ਉਪਾਅ ਕਰ ਕਰ ਹਾਰ ਗਏ ਹਾਂ ਪਰ ਅਸੀਂ ਕਿਸੇ ਪਾਸੋਂ ਵੀ ਪੁੱਤਰ ਨਹੀਂ ਪਾਇਆ ਹੈ॥੧੫॥

*ਨੋਟ : ਤਿਲਾਂਜੁਲ ਹਿੰਦੂਆਂ ਵਿਚ ਇਕ ਰਸਮ ਹੈ ਕਿ ਜਦ ਬੰਦਾ ਮਰ ਜਾਂਦਾ ਹੈ ਤਾਂ ਉਸ ਦਾ ਪੁੱਤਰ ਮੁਰਦੇ ਨੂੰ ਦਾਹ ਕੇ ਇਸ਼ਨਾਨ ਕਰਕੇ ਹੱਥ ਦੇ ਬੁੱਕ ਵਿਚ ਪਾਣੀ ਅਤੇ ਤਿਲ ਭਰ ਕੇ ਪ੍ਰਾਣੀ ਦੇ ਨਾਮ ਉੱਤੇ ਛੱਡਦਾ ਹੈ।*

ਪੂ ਜੇ ਨਰਕ ਤਰਾਵੈ ਜੋਊ। ਪੁੱਤ੍ਰ ਨਾਮ ਕੋ ਅਰਥਹਿ ਸੋਊ।
ਪੁਨ ਇਸ ਜਗ ਕੇ ਸੁਖ ਉਪਜਾਵੈ। ਪਰੰਪਰਾ ਕੁਲ ਅਪਨਿ ਬਧਾਵੈ॥ ੧੬॥

ਪੁੱਤਰ ਦਾ ਅਰਥ ਹੈ 'ਪੂ+ਤਰ' ਪੂ=ਨਰਕ ਤੋਂ ਤਰ=ਤਰਾਵਨ ਵਾਲਾ: ਪੁੱਤਰ ਨਾਮ ਦੇ ਇਹੀ ਅਰਥ ਹਨ ਕਿ ਨਰਕ ਤੋਂ ਤਰਾਉਣ ਵਾਲਾ ਹੈ। ਫਿਰ ਇਸ ਜਗ ਦਾ ਸੁਖ ਉਪਜਾਉਂਦਾ ਹੈ, ਪਰੰਪਰਾ ਤੇ ਆਪਣੀ ਕੁਲ ਨੂੰ ਵਧਾਉਂਦਾ ਹੈ॥੧੬॥

ਰਾਜ ਸੰਭਾਲਹਿ ਹਮ ਪਸ਼ਚਾਤੀ ਦੇਖ ਸਿਰਾਤੀ ਲੋਚਨ ਛਾਤੀ।
ਸੋ ਹਮਕੋ ਸੁਖ ਨਾਂਹਿ ਨ ਹੋਵਾ। ਅਨਿਕ ਉਪਾਇਨਿ ਕੋ ਕਰਿ ਜੋਵਾ॥ ੧੭॥

ਸਾਥੋਂ ਬਾਅਦ ਵਿਚ ਰਾਜ ਦੀ ਸੰਭਾਲ ਕਰੇਗਾ, ਵੇਖ ਕੇ ਅੱਖਾਂ ਤੇ ਛਾਤੀ ਨੂੰ ਠੰਡ ਪੈਂਦੀ ਹੈ। ਉਹ ਸੁਖ ਸਾਨੂੰ ਪ੍ਰਾਪਤ ਨਹੀਂ ਹੋਇਆ ਹੈ, ਅਨੇਕਾਂ ਉਪਾਅ ਕਰ ਕਰ ਵੇਖ ਲਏ ਹਨ॥੧੭॥

ਸੁਨੇ ਸੁ ਮੈਂ ਸ੍ਰੀ ਨਾਨਕ ਥਾਏਂ। ਇਤ ਸ੍ਰੀ ਤੇਗ ਬਹਾਦਰ ਆਏ।
ਲੋਕ ਅਨੇਕ ਕਾਮਨਾਂ ਪਾਵੈਂ। ਸਾਦਰ ਸੇਵਹਿੰ ਸੁਖ ਉਪਜਾਵੈਂ॥ ੧੮॥

ਮੈਂ ਸੁਣਿਆ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਥਾਨ 'ਤੇ ਜਿਹੜੇ ਗੁਰੂ ਜੀ ਬੈਠੇ ਹਨ, ਉਹ ਸ੍ਰੀ ਤੇਗ ਬਹਾਦਰ ਜੀ ਏਧਰ ਆਏ ਹਨ। ਅਨੇਕਾਂ ਲੋਕ ਉਨ੍ਹਾਂ ਪਾਸੋਂ ਕਾਮਨਾਵਾਂ ਪਾਉਂਦੇ ਹਨ, ਜਿਹੜੇ ਆਦਰ ਨਾਲ ਸੇਵਾ ਕਰਦੇ ਹਨ, ਉਨ੍ਹਾਂ ਨੂੰ ਸੁਖ ਉਪਜਾਉਂਦੇ ਹਨ॥੧੮॥

Sri Satguru Jagjit Singh Ji eLlibrary NamdhariElibrary@gmail.com

**ਜਿਸ ਸ੍ਰੀ ਨਾਨਕ ਕੋ ਜਸੁ ਸਾਰੇ। ਭੂ ਮੰਡਲ ਮਹਿਂ ਬਿਦਤ ਉਦਾਰੇ।**
**ਕਯੋਂ ਤੁਮ ਜਾਇ ਨ ਸੇਵ ਉਠਾਵਹੁ। ਮਨ ਬਾਂਛਤਿ ਸੁਤ ਕੋ ਬਰ ਪਾਵਹੁ' ॥੧੯॥**

ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਰੇ ਵੱਡਾ ਜੱਸ ਹੈ, ਉਹ ਸਾਰੇ ਧਰਤੀ ਮੰਡਲ ਤੇ ਬਹੁਤ ਪ੍ਰਸਿੱਧ ਹੋਏ ਹਨ। ਤੁਸੀਂ ਜਾ ਕੇ ਉਨ੍ਹਾਂ ਦੀ ਸੇਵਾ ਕਿਉਂ ਨਹੀਂ ਕਰਦੇ ਹੋ ਤੇ ਮਨ ਭਾਉਂਦਾ ਪੁੱਤਰ ਦਾ ਵਰ ਪ੍ਰਾਪਤ ਕਰੋ" ॥੧੯॥

**ਸੁਨਿ ਬੋਲਯੋ ਤਬਿ ਰਾਜਾ ਰਾਮ। 'ਮੈਂ ਭੀ ਸੁਨਯੋਂ ਸੁਜਸੁ ਅਭਿਰਾਮ।**
**ਸ੍ਰੀ ਮੁਖ ਤੇ ਜਿਮ ਬਾਕ ਬਖਾਨੇ। ਫੁਰਹਿਂ ਸਕਲ ਤਿਮ ਬਿਦਤ ਜਹਾਨੇ ॥੨੦॥**

ਇਹ ਸੁਣ ਕੇ ਰਾਜਾ 'ਰਾਮ' ਬੋਲਿਆ, "ਮੈਂ ਵੀ ਉਨ੍ਹਾਂ ਦਾ ਸੁੰਦਰ ਸ੍ਰੇਸ਼ਟ ਜੱਸ ਸੁਣਿਆ ਹੈ। ਆਪਣੇ ਮੁੱਖ ਤੋਂ ਜਿਵੇਂ ਬਚਨ ਕਰਦੇ ਹਨ, ਸਭ ਪੂਰਾ ਹੁੰਦਾ ਹੈ, ਇਸ ਤਰ੍ਹਾਂ ਜਗ ਵਿਚ ਪ੍ਰਸਿੱਧ ਹੋਏ ਹਨ ॥੨੦॥

**ਸ੍ਰੀ ਨਾਨਕ ਸੂਰਜ ਸਮ ਸਾਰੇ। ਕਰਯੋ ਪ੍ਰਕਾਸ਼ਨਿ, ਅਨਿਕ ਉਧਾਰੇ।**
**ਇਹ ਭੀ ਤਿਨ ਹੀ ਕੇ ਅਵਤਾਰ। ਯੋਂ ਸਭਿ ਭਾਖਤਿ ਹੈ ਸੰਸਾਰ' ॥੨੧॥**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਸੂਰਜ ਵਾਂਗ ਪ੍ਰਕਾਸ਼ ਕੀਤਾ ਸੀ ਤੇ ਅਨੇਕਾਂ ਲੋਕਾਂ ਦਾ ਉਨ੍ਹਾਂ ਨੇ ਉਧਾਰ ਕੀਤਾ ਸੀ, ਇਹ ਵੀ ਉਨ੍ਹਾਂ ਦੇ ਹੀ ਅਵਤਾਰ ਹਨ, ਇਸ ਤਰ੍ਹਾਂ ਸਾਰਾ ਸੰਸਾਰ ਕਹਿ ਰਿਹਾ ਹੈ" ॥੨੧॥

**ਏਵ ਪਰਸਪਰ ਹਰਖਤਿ ਹੋਏ। ਰਾਤਿ ਬਿਖੈ ਪਰਿ ਸੁਖ ਸੌਂ ਸੋਏ।**
**ਭਈ ਭੋਰ ਜਿਤ ਦਿਸ਼ਿ ਗੁਰ ਜਾਨੇ। ਤਯਾਰੀ ਕੀਨਸਿ ਉਤਸਵ ਠਾਨੇ ॥੨੨॥**

ਇਸ ਤਰ੍ਹਾਂ ਆਪਸ ਵਿਚ ਗੱਲਾਂ ਕਰਕੇ ਪ੍ਰਸੰਨ ਹੋਏ ਅਤੇ ਰਾਤ ਨੂੰ ਬੜੇ ਸੁਖ ਨਾਲ ਸੁੱਤੇ। ਸਵੇਰ ਹੋਈ ਤਾਂ ਜਿਸ ਪਾਸੇ ਗੁਰੂ ਜੀ ਬਾਰੇ ਜਾਣਿਆ ਤੇ ਬਹੁਤ ਪ੍ਰਸੰਨ ਹੋ ਕੇ ਉਧਰ ਜਾਣ ਦੀ ਤਿਆਰੀ ਕਰ ਲਈ ॥੨੨॥

**ਨਿਜ ਰਾਨੀ ਕੋ ਲੇ ਕਰਿ ਸਾਥ। ਚਢਤਿ ਭਯੋ ਤਬਿ ਹੀ ਨਰਨਾਥ।**
**ਬ੍ਰਿੰਦ ਤੁਰੰਗਮ ਕੇ ਅਸਵਾਰ। ਚਢੇ ਸੰਗ ਦੁੰਦਭਿ ਧੁੰਕਾਰ ॥ ੨੩॥**

ਆਪਣੀ ਰਾਣੀ ਨੂੰ ਨਾਲ ਲੈ ਕੇ ਰਾਜਾ ਘੋੜੇ 'ਤੇ ਅਸਵਾਰ ਹੋ ਗਿਆ। ਕਈ ਘੋੜ ਸਵਾਰ ਘੋੜਿਆਂ 'ਤੇ ਚੜ੍ਹਾ ਕੇ ਨਗਾਰੇ ਵਜਾਉਂਦਿਆਂ ਨਾਲ ਲੈ ਲਏ ॥੨੩॥

**ਸਿਵਕਾ ਡੋਰੇ ਬਾਹਨ ਨਾਨਾ। ਲੇ ਕਰਿ ਚਲਯੋ ਸੰਗ ਰਾਜਾਨਾ।**
**ਸੁਤ ਅਭਿਲਾਖੀ ਮਗ ਕੋ ਡਗਰਾ। ਕ੍ਰਮ ਕਰਿ ਦੇਸ਼ ਉਲੰਘਯੋ ਸਗਰਾ ॥੨੪॥**

ਪਾਲਕੀਆਂ, ਡੋਲੇ ਅਤੇ ਕਈ ਪ੍ਰਕਾਰ ਦੇ ਵਾਹਣ ਰਾਜਾ ਆਪਣੇ ਨਾਲ ਲੈ ਕੇ ਚਲ ਪਿਆ। ਪੁੱਤਰ ਦਾ ਚਾਹਵਾਨ ਰਾਜਾ ਰਸਤੇ-ਰਸਤੇ ਤੁਰ ਪਿਆ ਤੇ ਚਲ ਕੇ ਆਪਣਾ ਸਾਰਾ ਦੇਸ਼ ਪਾਰ ਕੀਤਾ ॥੨੪॥

**ਜਹਿਂ ਸਤਿਗੁਰ ਕੋ ਲਖਯੋ ਬਸੇਰਾ। ਆਇ ਸਮੀਪਿ ਕਰਾਇ ਸੁ ਡੇਰਾ।**
**ਤੰਬੂ ਸ਼ਮਿਯਾਨੇ ਤਹਿਂ ਤਾਨੇ। ਉਤਰਯੋ ਭੂਪਤਿ ਥਿਰਤਾ ਠਾਨੇ ॥ ੨੫॥**

ਜਿੱਥੇ ਸਤਿਗੁਰੂ ਜੀ ਦਾ ਨਿਵਾਸ ਜਾਣਿਆ ਸੀ, ਉਥੇ ਨੇੜੇ ਆ ਕੇ ਆਪਣਾ ਡੇਰਾ ਲਾ ਲਿਆ। ਉਥੇ ਤੰਬੂ ਅਤੇ ਸ਼ਾਮਿਆਣੇ ਆ ਕੇ ਤਾਣ ਦਿੱਤੇ, ਰਾਜਾ ਸਥਿਰਤਾ ਧਾਰ ਕੇ ਘੋੜੇ ਤੋਂ ਉੱਤਰ ਪਿਆ ॥੨੫॥

**ਸੰਧਯਾ ਭਈ ਸੁਪਤਿ ਸੁਖ ਰਾਤੀ। ਬਹੁਰ ਆਨਿ ਹੋਈ ਜਬਿ ਪ੍ਰਾਤੀ।**
**ਕਰਿ ਸ਼ਨਾਨ ਲੇ ਅਨਿਕ ਉਪਾਇਨ। ਗੁਰ ਦਿਸ਼ਿ ਗਮਨਯੋਂ ਨੰਗੇ ਪਾਇਨ ॥੨੬॥**

ਰਾਤ ਪੈਣ ਤੇ ਸੁਖ ਦੀ ਨੀਂਦ ਸੁੱਤਾ, ਫਿਰ ਜਦ ਸਵੇਰ ਹੋਈ, ਇਸ਼ਨਾਨ ਕਰਕੇ ਅਨੇਕਾਂ ਉਪਹਾਰ ਲੈ ਕੇ ਨੰਗੇ ਪੈਰੀਂ ਗੁਰੂ ਜੀ ਵਾਲੇ ਪਾਸੇ ਚਲ ਪਿਆ॥੨੬॥

ਭਯੋ ਦੀਨ ਮਨ, ਸ਼ਰਧਾਵਾਨ। ਸਹਿਤ ਭਾਰਜਾ ਅੰਜੁਲ ਪਾਨ।
ਨਮਸਕਾਰ ਕਰਿਕੈ ਪਗ ਕੰਜਨਿ। ਮਨ ਰੰਜਨ ਭਵ ਭੈ ਭ੍ਰਮ ਭੰਜਨ॥ ੨੭॥

ਮਨ ਵਿਚ ਬੜਾ ਦੀਨ ਅਤੇ ਸ਼ਰਧਾਵਾਨ ਹੋ ਗਿਆ, ਪਤਨੀ ਸਹਿਤ ਹੱਥ ਜੋੜ ਕੇ ਨਮਸਕਾਰ ਕਰਕੇ ਭੈ ਭਰਮ ਭੰਨਣ ਵਾਲੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਮੱਥਾ ਟੇਕਿਆ॥੨੭॥

ਆਇਸੁ ਲੈ ਬੈਠਯੋ ਡਰ ਧਾਰਿ। ਸਤੁਤਿ ਬੇਨਤੀ ਕਰੀ ਉਚਾਰਿ।
'ਘਟ ਘਟ ਪਟ ਕੇ ਜਾਨਨ ਹਾਰੇ। ਬਨਹਿ ਨ ਕਹਿਬੋ ਆਪ ਅਗਾਰੇ' ॥ ੨੮ ॥

ਆਗਿਆ ਲੈ ਕੇ ਡਰ ਧਾਰ ਕੇ ਬੈਠ ਗਏ ਤੇ ਉਸਤਤਿ ਕਰਕੇ ਬੇਨਤੀ ਉਚਾਰਨ ਕੀਤੀ, "ਹਰ ਹਿਰਦੇ ਤੇ ਹਰ ਦਿਲ ਦੀਆਂ ਜਾਣਨ ਵਾਲੇ ਤੁਹਾਡੇ ਅੱਗੇ ਕਹਿਣਾ ਬਣਦਾ ਨਹੀਂ ਹੈ"॥੨੮॥

ਪੁਨ ਕਰ ਜੋਰਿ ਸਚਿਵ ਨੇ ਕਹਯੋ। 'ਇਤ ਆਵਨਿ ਰਾਵਰ ਜੇ ਲਹਯੋ।
ਹਮ ਸਮ ਜੀਵ ਹਜ਼ਾਰਨਿ ਕੇਰੇ। ਲਖਿਯਤਿ ਜਾਗੇ ਭਾਗ ਬਡੇਰੇ॥ ੨੯॥

ਫਿਰ ਹੱਥ ਜੋੜ ਕੇ ਵਜ਼ੀਰ ਨੇ ਕਿਹਾ, "ਜਦ ਆਪ ਜੀ ਦੇ ਏਧਰ ਆਉਣ ਬਾਰੇ ਸੁਣਿਆ ਕਿ ਸਾਡੇ ਵਰਗੇ ਹਜ਼ਾਰਾਂ ਜੀਵਾਂ ਦੇ ਵੱਡੇ ਭਾਗ ਜਾਗੇ ਹਨ॥੨੯॥

ਪ੍ਰਥਮ ਪ੍ਰਿਥੀਪਤਿ ਕੀ ਇਮ ਇੱਛਜਾ। ਧਰਹਿ ਆਪ ਕੇ ਮੁਖ ਕੀ ਸਿੱਛਜਾ।
ਪਦ ਪੰਕਜ ਪਾਵਨ ਬਰ ਸੁੰਦਰ। ਇਨ ਤੇ ਚਹਿ ਪੁਨੀਤ ਕਿਯ ਮੰਦਰ॥ ੩੦॥

ਪਹਿਲਾਂ ਰਾਜੇ ਦੀ ਇਸ ਤਰ੍ਹਾਂ ਇੱਛਾ ਹੈ ਕਿ ਆਪ ਜੀ ਦੇ ਮੁਖ ਤੋਂ ਸਿੱਖਿਆ ਧਾਰਨ ਕਰੀਏ। ਆਪ ਜੀ ਦੇ ਪਵਿੱਤਰ ਚਰਨ ਕੰਵਲ ਬਹੁਤ ਸੁੰਦਰ ਹਨ। ਇਨ੍ਹਾਂ ਚਰਨਾਂ ਪਾਸੋਂ ਆਪਣੇ ਘਰ ਨੂੰ ਪਵਿੱਤਰ ਕਰਵਾਉਣਾ ਚਾਹੁੰਦੇ ਹਨ॥੩੦॥

ਜੋ ਜਾਚਤਿ ਤੁਮਰੇ ਦਰਬਾਰਾ। ਪਾਯਤਿ ਸੋ, ਇਮ ਸੁਜਸੁ ਉਦਾਰਾ।
ਲੈਬੇ ਹੇਤੁ ਆ ਚਢਿ ਆਏ। ਭਾਉ ਭਗਤਿ ਸੋਂ ਚਿਤ ਲਪਟਾਏ' ॥ ੩੧॥

ਜੋ ਵੀ ਤੁਹਾਡੇ ਦਰਬਾਰ ਵਿਚੋਂ ਮੰਗਦੇ ਹਨ, ਉਹੋ ਹੀ ਪ੍ਰਾਪਤ ਕਰ ਲੈਂਦੇ ਹਨ, ਇਸ ਤਰ੍ਹਾਂ ਆਪ ਜੀ ਦਾ ਉੱਤਮ ਸ੍ਰੇਸ਼ਟ ਜੱਸ ਸੁਣਿਆ ਹੈ। ਆਪ ਜੀ ਨੂੰ ਲੈਣ ਵਾਸਤੇ ਆਪ ਰਾਜਾ ਜੀ ਏਧਰ ਚੜ੍ਹ ਕੇ ਆਏ ਹਨ, ਪ੍ਰੇਮ-ਭਗਤੀ ਨਾਲ ਉਨ੍ਹਾਂ ਦੇ ਚਿੱਤ ਭਿੱਜੇ ਹੋਏ ਹਨ"॥੩੧॥

ਸੁਨਿ ਕੈ ਸ੍ਰੀ ਗੁਰ ਬਾਕ ਬਖਾਨੇ। 'ਮੱਜਨ ਤੀਰਥ ਪਿਖਨਿ ਸਥਾਨੇ।
ਆਵਨਿ ਭਯੋ ਦੇਸ਼ ਇਸ ਮਾਂਹੇ। ਬਿਸ਼ਨ ਸਿੰਘ ਕੋ ਕਾਜ ਨਿਬਾਹੇ॥ ੩੨॥

ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਤੀਰਥਾਂ ਨੂੰ ਵੇਖਣ ਅਤੇ ਇਸ਼ਨਾਨ ਕਰਨ ਵਾਸਤੇ, ਇਸ ਦੇਸ਼ ਵਿਚ ਆਉਣਾ ਹੋਇਆ ਹੈ ਤੇ ਏਧਰ ਰਾਜਾ ਬਿਸ਼ਨ ਸਿੰਘ ਦਾ ਕਾਰਜ ਪੂਰਾ ਕੀਤਾ ਹੈ॥੩੨॥

ਦਾਨ ਹੋਮ ਬਹੁ ਬਿਧਿ ਕੇ ਕਰਿਕੈ। ਸਿਖ ਸੰਗਤਿ ਇਸ ਦੇਸ਼ ਨਿਹਾਰਿ ਕੈ।
ਅਧਿਕ ਭਾਵਨਾ ਜੋ ਨ੍ਰਿਪ ਕੇਰੀ। ਸ਼ਰਧਾ ਧਾਰਿ ਆਇ ਬਿਨ ਬੇਰੀ॥ ੩੩॥

ਦਾਨ ਹੋਮ ਬਹੁਤ ਵਿਧੀਆਂ ਨਾਲ ਕਰਕੇ ਤੇ ਇਸ ਦੇਸ਼ ਵਿਚ ਸਿੱਖ ਸੰਗਤ ਵੇਖ ਕੇ ਰਾਜੇ ਦੀ ਜੋ ਵੱਡੀ ਭਾਵਨਾ ਸੀ ਜਿਸ ਕਰਕੇ ਸ਼ਰਧਾ ਧਾਰ ਕੇ ਉਹ ਕਿਸੇ ਦੇਰੀ ਤੋਂ ਬਿਨਾਂ ਆਇਆ ਸੀ॥੩੩॥

ਕਹੋ ਕਾਮਨਾ ਅਪਨੀ ਜੋਇ। ਆਗੇ ਗਮਨਿ ਨਹੀਂ ਅਬਿ ਹੋਇ'।
ਇਮ ਸੁਨਿ ਏਕ ਦਿਵਸ ਤਹਿਂ ਰਹੇ। ਪ੍ਰਾਤਿ ਭਈ ਮਿਲਿ ਗੁਰ ਸੌਂ ਕਹੇ ॥ ੩੪ ॥

ਜਿਹੜੀ ਆਪ ਜੀ ਦੀ ਕਾਮਨਾ ਉਹ ਕਹੋ, ਸਾਥੋਂ ਹੁਣ ਅੱਗੇ ਨਹੀਂ ਜਾਇਆ ਜਾਣਾ ਹੈ।" ਇਹ ਸੁਣ ਕੇ ਇਕ ਦਿਨ ਉਥੇ ਰਹੇ, ਸਵੇਰ ਹੋਈ ਤਾਂ ਗੁਰੂ ਜੀ ਨੂੰ ਮਿਲ ਕੇ ਕਿਹਾ ॥੩੪॥

'ਸ੍ਰੀ ਸਤਿਗੁਰ ਜਸੁ ਸੁਨਜੋਂ ਤੁਮਾਰਾ। ਦਰਸ਼ਨ ਕੋ ਮਨ ਭਯੋ ਹਮਾਰਾ।
ਕਰਜੋ ਦੇਸ਼ ਪਾਵਨ ਇਤ ਆਇ। ਭਏ ਨਿਹਾਲ ਲੋਕ ਸਮੁਦਾਇ' ॥ ੩੫ ॥

"ਹੇ ਸਤਿਗੁਰੂ ਜੀ ਤੁਹਾਡਾ ਵੱਡਾ ਜੱਸ ਸੁਣਿਆ ਹੈ, ਦਰਸ਼ਨ ਕਰਨ ਵਾਸਤੇ ਸਾਡਾ ਮਨ ਕੀਤਾ ਹੈ। ਤੁਸੀਂ ਏਧਰ ਆ ਕੇ ਇਸ ਦੇਸ਼ ਨੂੰ ਪਵਿੱਤਰ ਕੀਤਾ ਹੈ, ਸਾਰੇ ਲੋਕ ਨਿਹਾਲ ਹੋ ਗਏ ਹਨ" ॥੩੫॥

ਪੁੱਤ੍ਰਨ ਜਾਚ ਸਕਹਿ, ਕਹਿ ਕੈਸੇ? ਸਤਿਗੁਰ ਨੇ ਉਰਕੀ ਲਖਿ ਤੈਸੇ।
ਮ੍ਰਿਦੁਲ ਮਧੁਰ ਸੁੰਦਰ ਸੁਖਦਾਨੀ। ਬੋਲੇ ਕ੍ਰਿਪਾ ਧਾਰਿ ਮੁਖਬਾਨੀ ॥ ੩੬ ॥

ਰਾਜਾ ਪੁੱਤਰ ਮੰਗਣ ਲਈ ਕਹਿਣ ਤੋਂ ਸੰਗਦਾ ਹੈ, ਕਿਵੇਂ ਆਖੇ? ਸਤਿਗੁਰੂ ਜੀ ਨੇ ਉਸ ਦੇ ਹਿਰਦੇ ਦੀ ਗੱਲ ਜਾਣ ਲਈ। ਫਿਰ ਉਨ੍ਹਾਂ ਨੇ ਆਪਣੇ ਮੁਖ ਤੋਂ ਕੋਮਲ, ਮਿੱਠੇ ਅਤੇ ਸੁਖਦਾਈ ਬਚਨ ਬੋਲੇ ॥੩੬॥

'ਭੋ ਮਹਿਪਾਲਕ! ਨਿਜ ਅਭਿਲਾਖ। ਕਜੋਂ ਸੁਕਚਤਿ ਚਿਤ, ਦੀਜਹਿ ਭਾਖਿ'।
ਸੁਨਤਿ ਭਨੀ ਬਿਨਤੀ, ਕਰ ਬੰਦੇ। 'ਦਾਨੀ ਸਭਿ ਕੋ ਆਪ ਬਿਲੰਦੇ ॥ ੩੭ ॥

"ਹੇ ਰਾਜਾ! ਤੁਹਾਡੇ ਦਿਲ ਦੀ ਜੋ ਅਭਿਲਾਸ਼ਾ ਹੈ, ਉਹ ਕਹਿਣ ਤੋਂ ਚਿੱਤ ਵਿਚ ਕਿਉਂ ਝਿਜਕਦੇ ਹੋ, ਉਸ ਨੂੰ ਕਹਿ ਦੇਵੋ।" ਇਹ ਸੁਣ ਕੇ ਰਾਜੇ ਨੇ ਬੇਨਤੀ ਕਰਕੇ ਦੋਵੇਂ ਹੱਥ ਜੋੜ ਕੇ ਕਿਹਾ, "ਆਪ ਸਭ ਤੋਂ ਵੱਡੇ ਦਾਨੀ ਹੋ ॥੩੭॥

ਜਤਨ ਅਨੇਕ ਕਰੇ ਸਭਿ ਰੀਤਿ। ਪੁੱਤ੍ਰ ਨ ਪ੍ਰਾਪਤਿ ਚਿੰਤਾ ਚੀਤ।
ਆਰਬਲਾ ਚਿਰਕਾਲ ਬਿਤਾਈ। ਅਬਿ ਸ਼ਰੀਰ ਪਰ ਭੀ ਬਿਰਧਾਈ ॥ ੩੮ ॥

ਅਸੀਂ ਸਭ ਰੀਤੀਆਂ ਨਾਲ ਅਨੇਕ ਯਤਨ ਕੀਤੇ ਹਨ, ਪਰ ਪੁੱਤਰ ਪ੍ਰਾਪਤ ਨਹੀਂ ਹੋਇਆ ਹੈ, ਚਿੱਤ ਵਿਚ ਬਹੁਤ ਚਿੰਤਾ ਹੋਈ ਹੈ, ਉਮਰ ਬਹੁਤ ਬਤੀਤ ਹੋ ਗਈ ਹੈ, ਹੁਣ ਸਰੀਰ ਵੀ ਬਿਰਧ ਹੋ ਗਿਆ ਹੈ ॥੩੮॥

ਆਪ ਰਾਜ ਕੋ ਮਾਲਿਕ ਦੀਜੈ। ਕ੍ਰਿਪਾ ਨਿਧਾਨ! ਕ੍ਰਿਪਾ ਨਿਜ ਕੀਜੈ।
ਚਰਨ ਆਪ ਕੇ ਅਲੰਬ ਹਮਾਰੇ। ਤਜੇ ਉਪਾਇ ਅਪਰ ਜੇ ਸਾਰੇ ॥ ੩੯ ॥

ਸਾਡੇ ਰਾਜ ਦਾ ਮਾਲਕ ਸਾਨੂੰ ਦੇਵੋ। ਹੇ ਕਿਰਪਾ ਨਿਧਾਨ! ਆਪਣੀ ਕਿਰਪਾ ਕਰੋ। ਆਪ ਜੀ ਦੇ ਚਰਨ ਸਾਡਾ ਆਸਰਾ ਹਨ, ਹੋਰ ਸਾਰੇ ਉਪਾਅ ਅਸੀਂ ਛੱਡ ਦਿੱਤੇ ਹਨ ॥੩੯॥

ਹੁਇ ਰਾਵਰ ਕੇ ਸਿੱਖ ਮਹਾਨੇ। ਹਲਤ ਪਲਤ ਮਹਿਂ ਦਿਹੁ ਕੱਲਜਾਨੇ।
ਪੂਰਬ ਸੰਤ ਦੇਵ ਬਹੁ ਮਾਨੇ। ਅਨਿਕ ਉਪਾਇਨ ਪੂਜਨ ਠਾਨੇ ॥ ੪੦ ॥

ਹੇ ਪ੍ਰਭੂ! ਆਪ ਜੀ ਦੇ ਸਿੱਖ ਬਣਦੇ ਹਾਂ ਲੋਕ ਪਰਲੋਕ ਵਿਚ ਸਾਡਾ ਕਲਿਆਣ ਕਰੋ। ਪਹਿਲਾਂ ਸੰਤ ਦੇਵਤੇ ਬਹੁਤ ਮੰਨਾਏ ਹਨ ਤੇ ਕਈ ਹੋਰ ਉਪਾਅ ਪੂਜਾ ਕਰਨ ਦੇ ਕੀਤੇ ਹਨ ॥੪੦॥

ਬਹੁ ਕਰਿ ਰਹੇ, ਨ ਉਪਜਜੋ ਨੰਦ। ਹੀਨ ਮਨੋਰਥ ਚਿੰਤ ਬਿਲੰਦ।
ਅਬਿ ਸਤਿਗੁਰ ਕੀ ਸ਼ਰਨੀ ਆਏ। ਸਭਿ ਤੇ ਉੱਤਮ ਸੁਰਤਰੁ ਪਾਏ ॥ ੪੧ ॥

ਬਹੁਤ ਯਤਨ ਕੀਤੇ ਹਨ, ਪਰ ਪੁੱਤਰ ਪੈਦਾ ਨਹੀਂ ਹੋਇਆ ਹੈ, ਮਨੋਰਥ ਹੀਣ ਰਹਿ ਕੇ ਵੱਡੀ ਚਿੰਤਾ ਲੱਗੀ ਹੈ। ਹੁਣ ਸਤਿਗੁਰੂ ਜੀ ਦੀ ਸ਼ਰਨ ਆਏ ਹਾਂ ਜਿਨ੍ਹਾਂ ਨੂੰ ਸਭ ਤੋਂ ਉੱਤਮ ਕਲਪਬ੍ਰਿਛ ਪਾਇਆ ਹੈ॥੪੧॥

ਨਹਿੰ ਚਿੰਤਾ ਚਿਤ ਕੀ ਮਮ ਰਹੈ। ਮੋ ਮਨ ਮੈਂ ਨਿਸ਼ਚੈ ਅਸ ਅਹੈ'।
ਇਸ ਬਿਧਿ ਕੀ ਬਿਨਤੀ ਸੁਨਿ ਕਰਿ ਕੈ। ਦੀਨ ਦਯਾਲ ਨਿਜ ਬਿਰਦ ਸੰਭਰਿਕੈ॥੪੨॥

ਮੇਰੇ ਚਿੱਤ ਦੀ ਕੋਈ ਚਿੰਤਾ ਨਹੀਂ ਰਹੇਗੀ ਮੇਰੇ ਮਨ ਵਿਚ ਐਸਾ ਨਿਸ਼ਚਾ ਬੱਝਾ ਹੈ।" ਇਸ ਪ੍ਰਕਾਰ ਦੀ ਬੇਨਤੀ ਸੁਣ ਕੇ ਦੀਨ ਦਿਆਲ ਗੁਰੂ ਜੀ ਨੇ ਆਪਣਾ ਬਿਰਦ ਸੰਭਾਲਿਆ॥੪੨॥

ਦੀਨ ਜਾਨਿ ਗੁਰੁ ਕੀਨਸਿ ਦਯਾ। ਕਹਜੋ ਬਾਕ 'ਤੁਝ ਕੌ ਬਰ ਦਯਾ'।
ਹੁਤੀ ਮੁਹਰ ਸ੍ਰੀ ਗੁਰ ਕੇ ਹਾਥ। ਲਾਇ ਨ੍ਰਿਪਤ ਕੇ ਊਰੂ ਸਾਥ॥ ੪੩॥

ਦੀਨ ਜਾਣ ਕੇ ਗੁਰੂ ਜੀ ਨੇ ਦਇਆ ਕੀਤੀ ਤੇ ਬਚਨ ਕੀਤਾ, "ਤੁਹਾਨੂੰ ਵਰ ਦਿੱਤਾ ਹੈ" ਗੁਰੂ ਜੀ ਨੇ ਹੱਥ ਇਕ ਮੋਹਰ ਫੜੀ ਸੀ ਉਸ ਮੋਹਰ ਨੂੰ ਰਾਜੇ ਦੇ ਪੱਟ ਨਾਲ ਲਾਇਆ॥੪੩॥

'ਤਵ ਸੁਤ ਹੁਇ ਹੈ ਸਿੱਖਜ ਹਮਾਰਾ। ਧਰਮ ਆਤਮਾ ਭਾਗ ਉਦਾਰਾ।
ਤਿਸ ਕੇ ਸੀਸ ਮੁਹਰ ਇਹ ਹੋਇ। ਚਿੰਨ੍ਹ ਹਮਾਰੋ ਧਾਰਹਿ ਸੋਇ'॥ ੪੪॥

"ਤੁਹਾਡਾ ਪੁੱਤਰ ਸਾਡਾ ਸਿੱਖ ਹੋਵੇਗਾ, ਧਰਮੀ ਆਤਮਾ ਵਾਲਾ ਵੱਡੇ ਭਾਗਾਂ ਵਾਲਾ ਹੋਵੇਗਾ। ਉਸ ਦੇ ਸਿਰ ਉੱਤੇ ਇਹ ਮੋਹਰ ਹੋਵੇਗੀ, ਉਹ ਸਾਡਾ ਇਹ ਚਿੰਨ੍ਹ ਧਾਰਨ ਕਰੇਗਾ"॥੪੪॥

ਚਰਨ ਪਖਾਰਿ ਚਰਨਾਂਮ੍ਰਿਤ ਲੀਨਾ। ਬਿਦਾ ਹੋਇ ਕਰਿ ਪਯਾਨੋ ਕੀਨਾ।
ਕੇਤਿਕ ਮਾਸਨਿ ਸੁਤ ਨਿਪਜਯੋ। ਚਿੰਨ੍ਹ ਗੁਰੂ ਕੋ ਸਿਰ ਪਰ ਲਯੋ॥ ੪੫॥

ਫਿਰ ਰਾਜੇ ਨੇ ਗੁਰੂ ਜੀ ਦੇ ਚਰਨ ਧੋ ਕੇ ਚਰਨਾਂਮ੍ਰਿਤ ਲਿਆ ਤੇ ਵਿਦਾ ਲੈ ਕੇ ਚਲੇ ਗਏ। ਕੁਝ ਮਹੀਨਿਆਂ ਬਾਅਦ ਪੁੱਤਰ ਪੈਦਾ ਹੋਇਆ। ਗੁਰੂ ਜੀ ਦਾ ਚਿੰਨ੍ਹ ਉਸ ਨੇ ਸਿਰ ਤੇ ਧਾਰਨ ਕੀਤਾ ਸੀ॥੪੫॥

ਜਬਿ ਸਤਿਗੁਰ ਪਟਨੇ ਤੇ ਚਲਿਕੈ। ਉਲੰਘੇ ਮਾਰਗ ਸੰਗਤਿ ਮਿਲਿ ਕੈ।
ਆਨੰਦ ਕੀ ਨਿਧਿ ਸੁਧਿ ਤਬਿ ਆਈ। 'ਭਯੋ ਆਪ ਕੇ ਪੁਤ੍ਰ ਬਧਾਈ'॥੪੬॥

ਜਦ ਸਤਿਗੁਰੂ ਜੀ ਪਟਨੇ ਤੋਂ ਚਲ ਕੇ, ਸੰਗਤ ਨੂੰ ਮਿਲ ਕੇ ਕੁਝ ਮਾਰਗ ਲੰਘੇ ਤਾਂ ਅਨੰਦ ਦੇ ਖਜ਼ਾਨੇ ਨਾਲ ਭਰੀ ਖਬਰ ਮਿਲੀ, "ਆਪ ਜੀ ਦੇ ਘਰ ਪੁੱਤਰ ਪੈਦਾ ਹੋਇਆ ਹੈ, ਵਧਾਈ ਹੋਵੇ"॥੪੬॥

ਸੁਨਤਿ ਉਛਾਹ ਅਨਿਕ ਬਿਧਿ ਹੋਵਾ। ਦਯੋ ਦਾਨ ਤਹਿੰ ਦਾਰਿਦ ਖੋਵਾ।
ਗੁਰ ਘਰ ਜਨਮਯੋ ਸਾਹਿਬਜ਼ਾਦਾ। ਬਿਸ਼ਨ ਸਿੰਘ ਸੁਨਿ ਬਹੁ ਅਹਿਲਾਦਾ॥੪੭॥

ਸੁਣ ਕੇ ਗੁਰੂ ਜੀ ਨੂੰ ਬਹੁਤ ਵਿਧੀਆਂ ਨਾਲ ਪ੍ਰਸੰਨਤਾ ਹੋਈ, ਉਥੇ ਬਹੁਤ ਦਾਨ ਦੇ ਕੇ ਲੋਕਾਂ ਦੀ ਗਰੀਬੀ ਦੂਰ ਕੀਤੀ। ਗੁਰੂ ਜੀ ਦੇ ਘਰ ਵਿਚ ਸਾਹਿਬਜ਼ਾਦੇ ਨੇ ਜਨਮ ਲਿਆ ਸੀ। ਬਿਸ਼ਨ ਸਿੰਘ ਸੁਣਕੇ ਬਹੁਤ ਪ੍ਰਸੰਨ ਹੋਇਆ ਸੀ॥੪੭॥

ਦੁੰਦਭਿ ਛੋਟੇ ਬਡੇ ਬਜਾਏ। ਚਿਰੰਕਾਲ ਲਗਿ ਸੁਨਿ ਸਮੁਦਾਏ।
ਤੋਪਨਿ ਤੁਪਕਨਿ ਸ਼ਲਖ ਬਿਸਾਲਾ। ਬਾਰ ਬਾਰ ਕੀਨਸਿ ਤਿਸ ਕਾਲਾ॥੪੮॥

ਛੋਟੇ ਵੱਡੇ ਬਹੁਤ ਨਗਾਰੇ ਵਜਾਏ ਗਏ, ਬਹੁਤ ਦੇਰ ਤੱਕ ਸਾਰੇ ਸੁਣਦੇ ਰਹੇ। ਤੋਪਾਂ ਬੰਦੂਕਾਂ ਦੀਆਂ ਬਹੁਤ ਸਲਖਾ ਛੱਡੀਆਂ ਗਈਆਂ, ਉਸ ਸਮੇਂ ਬਾਰ-ਬਾਰ ਚਲਾਈਆਂ ਗਈਆਂ॥੪੮॥

ਨ੍ਰਿਪ ਨੇ ਦਾਨ ਦਯੋ ਬਹੁ ਰੰਕਨਿ। ਬਖਸ਼ੇ ਸੁਨਤਜੋਂ ਕੰਚਨ ਕੰਕਨ।
ਜਿਸ ਨੇ ਪੂਰਬ ਖ਼ਬਰ ਸੁਨਾਈ। ਦੁਇ ਲੋਕਨਿ ਸੁਖ ਬਖਸ਼ਿਸ਼ ਪਾਈ॥ ੪੯॥

ਰਾਜੇ ਨੇ ਗਰੀਬਾਂ ਨੂੰ ਬਹੁਤ ਦਾਨ ਦਿੱਤਾ, ਇਸ ਤਰ੍ਹਾਂ ਸੁਣ ਕੇ ਸੋਨੇ ਦੇ ਬਹੁਤ ਕੰਗਣ ਬਖਸ਼ੇ। ਜਿਸ ਨੇ ਸਭ ਤੋਂ ਪਹਿਲਾਂ ਖ਼ਬਰ ਸੁਣਾਈ, ਉਸ ਦੋਵੇਂ ਲੋਕਾਂ ਦੇ ਸੁਖ ਵਜੋਂ ਬਖਸ਼ੀਸ਼ ਪਾਈ॥੪੯॥

ਕੌਤਕ ਕੀਨਿ ਅਨੇਕ ਪ੍ਰਕਾਰਨ। ਨਟ, ਨ੍ਰਿਤਕਰ, ਬੰਦੀਜਨ, ਚਾਰਨ।
ਡੂਮ ਭਾਟ ਆਦਿਕ ਜੇ ਆਏ। ਲੇ ਕਰਿ ਦਾਨ ਸਕਲ ਤ੍ਰਿਪਤਾਏ॥ ੫੦॥

ਅਨੇਕ ਪ੍ਰਕਾਰ ਦੇ ਕੌਤਕ ਕੀਤੇ, ਨਟ, ਨਾਚ ਕਰਨ ਵਾਲੇ, ਦਾਸ, ਦਾਸੀਆਂ, ਭੱਟ, ਡੂਮ, ਭਾਟ ਆਦਿਕ ਜਿਹੜੇ ਵੀ ਆਏ ਸਾਰੇ ਦਾਨ ਲੈ ਕੇ ਤ੍ਰਿਪਤ ਹੋ ਗਏ॥੫੦॥

ਅਤਿ ਉਤਸਵ ਸਿਖ ਸੰਗਤਿ ਕਰਤੀ। ਸੁਨਿ ਸੁਨਿ ਅਨੰਦ ਮਹਿਦ ਕੋ ਧਰਤੀ।
ਸਭਿ ਲਸ਼ਕਰ ਨੇ ਉਤਸਵ ਕੀਨਸਿ। ਜਥਾ ਜੋਗ ਸਭਿਹੂੰ ਧਨ ਦੀਨਸਿ॥ ੫੧॥

ਸਿੱਖ ਸੰਗਤ ਵੀ ਬਹੁਤ ਉਤਸਵ ਕਰਦੀ ਸੀ, ਸੁਣ ਸੁਣ ਕੇ ਬਹੁਤ ਅਨੰਦ ਧਾਰਨ ਕਰਦੇ ਸਨ। ਸਾਰੀ ਸੈਨਾ ਨੇ ਉਤਸਵ ਕੀਤਾ, ਜਥਾ ਯੋਗ ਸਾਰਿਆਂ ਨੂੰ ਧਨ ਦਿੱਤਾ॥੫੧॥

ਸਭਿ ਕਾਰਜ ਕਰਿ ਚਾਹਤਿ ਮੁਰੇ। ਪਟਨੇ ਦਿਸ਼ਿ ਸਤਿਗੁਰ ਮੁਖ ਕਰੇ।
ਅਬਿ ਮੈਂ ਜਨਮ ਕਥਾ ਚਿਤ ਲਾਇ। ਦਸਮੇਂ ਗੁਰ ਕੀ ਕਹੌਂ ਬਨਾਇ॥ ੫੨॥

ਗੁਰੂ ਜੀ ਸਾਰੇ ਕਾਰਜ ਕਰਕੇ ਵਾਪਸ ਮੁੜਨਾ ਚਾਹੁੰਦੇ ਸਨ। ਸਤਿਗੁਰੂ ਜੀ ਨੇ ਪਟਨੇ ਵਾਲੇ ਪਾਸੇ ਮੂੰਹ ਕਰ ਲਿਆ। ਹੁਣ ਮੈਂ ਦਸਵੇਂ ਗੁਰੂ ਜੀ ਦੀ ਜਨਮ ਕਥਾ ਚਿੱਤ ਲਾ ਕੇ ਬਣਾ ਕੇ ਕਹਿੰਦਾ ਹਾਂ॥੫੨॥

ਦੋਹਰਾ- ਜਿਮਿ ਜਿਮ ਪਟਨੇ ਨਗਰ ਮਹਿਂ ਖੇਲੇ ਬਾਲ ਮੁਕੰਦ।
ਭਯੋ ਮਹਾਂ ਉਤਸਵ ਜਥਾ ਰਚੌਂ ਤਥਾ ਸੁਭ ਛੰਦ॥ ੫੩॥

ਜਿਵੇਂ-ਜਿਵੇਂ ਮੁਕਤੀ ਦਾਤੇ ਬਾਲਕ ਗੁਰੂ ਜੀ ਪਟਨੇ ਨਗਰ ਵਿਚ ਖੇਡਦੇ ਰਹੇ, ਬਹੁਤ ਵੱਡਾ ਜਿਹੜਾ ਮਹਾਂ ਉਤਸਵ ਹੋਇਆ, ਇਹ ਮੈਂ ਸ਼ੁਭ ਛੰਦ ਰਚ ਕੇ ਕਹਿੰਦਾ ਹਾਂ॥੫੩॥

*ਬਾਰ੍ਹਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥*

## ਅਧਿਆਇ ਬਾਰ੍ਹਵਾਂ

### ਦਸਮੇਸ਼ ਅਵਤਾਰ

ਸ੍ਵੈਯਾ- ਗਨ ਮੰਗਲ ਕੇ ਗੁਰ ਮੰਗਲ ਰੂਪ, ਮਹਾਂ ਉਤਸਾਹਨਿ ਕੇ ਉਤਸਾਹੂ।
ਸਭਿ ਤੇਜਨਿ ਕੇ ਅਤਿ ਤੇਜ ਦਿਪੈਂ, ਸਭਿ ਓਜਨ ਓਜ, ਗਰੂਰਨਿ ਗਾਹੂ।
ਸ਼ੁਭ ਆਦਿ ਮ੍ਰਿਜਾਦ ਟਿਕਾਵਨਿ ਕੋ, ਬਿਗਸਾਵਨਿ ਸੰਤਨਿ ਕੋ, ਰਿਪੂ ਦਾਹੂ।
ਤੁਰਕਾਨਿ ਤਰੂ ਜਰ ਨਾਸ਼ਨਿ ਕੋ ਅਵਤਾਰ ਉਦਾਰ ਲਯੋ ਜਗ ਮਾਂਹੂ॥੧॥

ਸਭ ਮੰਗਲਾਂ ਦੇ ਮੰਗਲ ਰੂਪ, ਮਹਾਂ ਉਤਸ਼ਾਹਾਂ ਦੇ ਵੱਡੇ ਉਤਸ਼ਾਹ, ਸਭ ਤੇਜਾਂ ਦਾ ਵੱਡਾ ਤੇਜ ਚਮਕਦਾ ਹੈ, ਸਭ ਸ਼ਕਤੀਆਂ ਦੀ ਵੱਡੀ ਸ਼ਕਤੀ ਤੇ ਹੰਕਾਰੀਆਂ ਨੂੰ ਗਾਹੁਣ ਵਾਲੇ ਹਨ। ਸ਼ੁਭ ਆਦਿ ਮਰਯਾਦਾ ਟਿਕਾਉਣ ਵਾਲੇ, ਸੰਤਾਂ ਨੂੰ ਪ੍ਰਸੰਨ ਕਰਨ ਵਾਲੇ ਤੇ ਵੈਰੀਆਂ ਦਾ ਨਾਸ਼ ਕਰਨ ਵਾਲੇ ਹਨ। ਤੁਰਕਾਂ ਦੇ ਬ੍ਰਿਛ ਦੀ ਜੜ ਨਾਸ਼ ਕਰਨ ਵਾਲੇ ਦਸਮੇਸ਼ ਜੀ ਨੇ ਇਸ ਜਗਤ ਵਿਚ ਉੱਤਮ ਅਵਤਾਰ ਧਾਰਨ ਕੀਤਾ ਹੈ॥੧॥

ਸਰਦੂਲ ਕਿ ਤੂਲ ਅਭੂਲ ਭਏ ਪ੍ਰਤਿਕੂਲ ਨਦੀ ਗਿਰ ਰਾਜਨਿ ਕੌ।
ਹਿੰਦਵਾਇਨ ਤੀਰਥ ਪਾਵਨ ਕੋ ਥਿਰਤਾਵਨ ਕੋ ਅਘ ਮਾਂਜਨ ਕੌ।
ਸਰਬੋਤਮ ਖਾਲਸਾ ਪੰਥ ਸਤੇਜ ਅਮੇਜ ਹ੍ਵੈ ਆਪ ਹੀ ਸਾਜਨ ਕੌ।
ਕਵਿ ਸਿੰਘ ਕਹੈ ਅਵਿਤਾਰ ਭਯੋ ਹਮ ਜੈਸੇ ਗਰੀਬ ਨਿਵਾਜਨ ਕੌ॥ ੨॥

ਪਹਾੜੀ ਰਾਜਿਆਂ ਦੀ ਜਿਹੜੀ ਵਿਰੋਧਤਾ ਰੂਪੀ ਨਦੀ ਬਹਿ ਰਹੀ ਸੀ, ਉਸ ਨਦੀ ਸਾਹਮਣੇ ਸ਼ੇਰ ਵਾਂਗ ਸਿੱਧੇ ਹੋ ਕੇ ਤੁਰੇ ਭਾਵ ਉਸ ਨਦੀ ਦੇ ਰੁੱਖ ਵਾਂਗ ਵਹਿ ਜਾਣ ਦੀ ਭੁੱਲ ਨਹੀਂ ਕੀਤੀ। ਹਿੰਦੂਆਂ ਰੂਪੀ ਤੀਰਥਾਂ ਨੂੰ ਪਵਿੱਤਰ ਕਰਨ ਵਾਲੇ, ਹਿੰਦੂਆਂ ਦੀ ਸਥਿਤੀ ਸਥਿਰ ਕਰਨ ਵਾਲੇ ਅਤੇ ਪਾਪ ਨਾਸ਼ ਕਰਨ ਵਾਲੇ ਹਨ। ਆਪ ਨਿਰਾਲੇ ਰਹਿ ਕੇ ਸਰਬ ਉੱਤਮ ਖਾਲਸਾ ਪੰਥ ਨਹੀਂ ਸਾਜਿਆ ਹੈ, ਬਲਕਿ ਪੰਥ ਸਾਜ ਕੇ ਆਪ ਅੰਮ੍ਰਿਤ ਛੱਕ ਕੇ ਖਾਲਸੇ ਦੇ ਵਿਚ ਮਿਲੇ ਹਨ। ਕਵੀ ਸੰਤੋਖ ਸਿੰਘ ਕਹਿੰਦੇ ਹਨ, ਦਸਮੇਸ਼ ਸਤਿਗੁਰੂ ਜੀ ਨੇ ਸਾਡੇ ਵਰਗੇ ਗਰੀਬਾਂ ਨੂੰ ਵਡਿਆਉਣ ਵਾਸਤੇ ਅਵਤਾਰ ਧਾਰਨ ਕੀਤਾ ਹੈ॥੨॥

ਸਭਿ ਨਿੰਦਕ ਮੋਦ ਕਮੋਦਨਿ ਕੋ ਬਨ, ਦੰਭ ਉਲੂਕ ਦੁਰੇ ਸਮੁਦਾਏ।
ਭਗਤੀ ਅਤਿ ਆਤਪ ਕੌ ਬਿਸਤਾਰਨਿ ਤਾਰਨ ਸੌ ਗਰਬੀ ਨ ਦਿਸਾਏ।
ਪਸਰਯੋ ਅੰਧਕਾਰ ਅਧਰਮ ਮਹਾਂਦਿੜ, ਏਕਹੀ ਬਾਰ ਸੁ ਦੀਨਿ ਪਲਾਏ।
ਸਮ ਸੂਰਜ ਕੇ ਅਵਿਤਾਰ ਭਯੋ, ਹਮ ਸੇ ਜਨ ਪੰਕਜ ਕੌ ਬਿਕਸਾਏ॥ ੩॥

ਸਾਰੇ ਨਿੰਦਕਾਂ ਰੂਪੀ ਕੁਮੁਦਨੀਆਂ ਦੇ ਵਣ ਨੂੰ ਮੁੰਦ ਦਿੱਤਾ, ਦੰਭ ਰੂਪੀ ਉੱਲੂ ਸਾਰੇ ਛੁੱਪ ਗਏ। ਭਗਤੀ ਰੂਪੀ ਧੁੱਪ ਨੂੰ ਫੈਲਾਇਆ, ਤਾਰਿਆਂ ਰੂਪੀ ਹੰਕਾਰੀ ਸਾਰੇ ਗ਼ਾਇਬ ਹੋ ਗਏ ਭਾਵ ਫਿਰ ਨਜ਼ਰ ਨਾ ਆਏ। ਅਧਰਮ ਦਾ ਮਹਾਂ ਦ੍ਰਿੜ੍ਹ ਹਨੇਰਾ ਪਸਰਿਆ ਸੀ, ਇਕੋ ਵਾਰ ਉਨ੍ਹਾਂ ਦਾ ਨਾਸ਼ ਕਰ ਦਿੱਤਾ। ਦਸਮੇਸ਼ ਸਤਿਗੁਰੂ ਜੀ ਦਾ ਸੂਰਜ ਵਾਂਗ ਅਵਤਾਰ ਹੋਇਆ ਹੈ, ਜਿਨ੍ਹਾਂ ਨੇ ਸਾਡੇ ਵਰਗੇ ਕੰਵਲ ਰੂਪੀ ਦਾਸਾਂ ਨੂੰ ਖੇੜਾ ਬਖਸ਼ਿਆ ਹੈ॥੩॥

ਚੌਪਈ- ਸ੍ਰੀ ਗੁਜਰੀ ਬਡ ਭਾਗ ਪ੍ਰਸੂਤਾ। ਉਪਜਯੋ ਬਾਲਿਕ ਛਬਿ ਅਦਭੂਤਾ।
ਅਸ਼ਟ ਦੀਪ ਦੀਪਤਿ ਗ੍ਰਿਹ ਜਾਨੋ। ਦੁਤਿ ਘਟ ਗਈ ਉਦਯੋ ਰਵਿ ਮਾਨੋ॥੪॥

ਵੱਡੇ ਭਾਗਾਂ ਵਾਲੀ ਸ੍ਰੀ ਗੁਜਰੀ ਦਾ ਜਦ ਪ੍ਰਸੂਤ ਦਾ ਸਮਾਂ ਹੋਇਆ ਤਾਂ ਅਨੋਖੀ ਸ਼ੋਭਾ ਵਾਲੇ ਬਾਲਕ ਨੇ ਜਨਮ ਲਿਆ। ਘਰ ਵਿਚ ਅੱਠਾਂ ਦੀਵਿਆਂ ਵਾਲਾ ਪਿੱਤਲ ਦਾ ਸ਼ਮਾਦਾਨ ਜਗ ਰਿਹਾ ਸੀ। ਮਾਨੋ ਸੂਰਜ ਚੜ੍ਹਿਆ ਤਾਂ ਸ਼ਮਾਦਾਨ ਦੀ ਰੌਸ਼ਨੀ ਘਟ ਗਈ॥੪॥

ਸੇਬਜਮਾਨ ਧਾਇਨ ਤੇ ਮਾਤਾ। ਭਨਹਿ ਬਧਾਈ ਆਨੰਦ ਦਾਤਾ।
ਅੰਤਰ ਵਹਿਰ ਦਾਸ ਗਨ ਦਾਸੀ। ਖਿਚਰਤਿ ਇੱਤ ਉਤ ਰਿਦੇ ਹੁਲਾਸੀ॥੫॥

ਸੇਵਾ ਕਰਨ ਵਾਲੀਆਂ ਦਾਈਆਂ ਬਾਲਕ ਦੇ ਮਾਤਾ ਜੀ ਨੂੰ ਅਨੰਦ ਦੇਣ ਵਾਲੀ ਵਧਾਈ ਦਿੰਦੀਆਂ ਹਨ। ਅੰਦਰ ਬਾਹਰ ਦਾਸ ਅਤੇ ਦਾਸੀਆਂ, ਹਿਰਦੇ ਵਿਚ ਪ੍ਰਸੰਨਤਾ ਨਾਲ ਭਰੀਆਂ ਹੋਈਆਂ ਫਿਰ ਰਹੀਆਂ ਹਨ॥੫॥

ਆਪਸ ਮਹਿ ਬਹੁ ਕਰਿ ਕਰਿ ਚਾਇ। ਮਿਲਹਿ ਬਖਾਨਹਿ ਸਤੁਤਿ ਸੁਨਾਇ।
'ਗੁਰ ਘਰ ਜਨਮਯੋ ਸਾਹਿਬਜ਼ਾਦਾ। ਸਭਿ ਨਿਜ ਜਨਨਿ ਦੇਹਿ ਅਹਿਲਾਦਾ॥੬॥

ਆਪਸ ਵਿਚ ਬਹੁਤ ਖੁਸ਼ੀ ਕਰ ਕਰ ਮਿਲਦੀਆਂ ਸਨ ਤੇ ਉਸਤਤਿ ਕਰਦੀਆਂ ਸਨ, "ਗੁਰੂ ਘਰ ਵਿਚ ਸਾਹਿਬਜ਼ਾਦੇ ਨੇ ਜਨਮ ਲਿਆ ਹੈ, ਆਪਣੇ ਸਾਰੇ ਦਾਸਾਂ ਨੂੰ ਬਹੁਤ ਪ੍ਰਸੰਨ ਕੀਤਾ ਹੈ॥੬॥

ਪੌਤ੍ਰ ਬਦਨ ਕੋ ਦੇਖਿ ਪਰੇਖੀ। ਮਾਤ ਨਾਨਕੀ ਮੋਦ ਵਿਸ਼ੇਖੀ।
ਮਨਹੁਂ ਕੋਕਨਦ ਬਿਕਸਤਿ ਸੁੰਦਰ। ਚੰਦ ਮਨਿੰਦ ਚਾਰੁ ਦੁਤਿ ਮੰਦਿਰ॥ ੭॥

ਆਪਣੇ ਪੋਤਰੇ ਦੇ ਮੁਖ ਨੂੰ ਵੇਖ ਕੇ, ਮਾਤਾ ਨਾਨਕੀ ਜੀ ਬਹੁਤ ਪ੍ਰਸੰਨ ਹੋਏ। ਮਾਨੋ ਸੁੰਦਰ ਲਾਲ ਕੰਵਲ ਖਿੜਿਆ ਹੈ। ਚੰਦ ਵਾਂਗ ਸੁੰਦਰ ਸ਼ੋਭਾ ਦਾ ਘਰ ਹੈ॥੭॥

ਭਈ ਪ੍ਰਾਤਿ ਸਭਿ ਬਜੀ ਬਧਾਈ। ਮਿਲਿ ਸੰਗਤਿ ਇਕਠੀ ਹੁਇ ਆਈ।
ਭਾਂਤਿ ਭਾਂਤਿ ਕੇ ਕੌਤਕ ਕਰਿਹੀਂ। ਸ੍ਰੀ ਸਤਿਗੁਰ ਕੇ ਸ਼ਬਦ ਉਚਰਿਹੀਂ॥ ੮॥

ਸਵੇਰ ਹੋਈ ਸਾਰੇ ਵਧਾਈਆਂ ਵੱਜ ਗਈਆਂ, ਸਾਰੀ ਸੰਗਤ ਮਿਲ ਕੇ ਇਕੱਠੀ ਹੋ ਕੇ ਆਈ। ਭਾਂਤ-ਭਾਂਤ ਦੇ ਕੌਤਕ ਕਰ ਰਹੇ ਸਨ, ਸ੍ਰੀ ਸਤਿਗੁਰੂ ਜੀ ਦੇ ਸ਼ਬਦਾਂ ਦਾ ਗਾਇਨ ਕਰ ਰਹੇ ਸਨ॥੮॥

ਬਜਹਿਂ ਮ੍ਰਿਦੰਗ ਰਬਾਬ ਬਿਸਾਲਾ। ਕਰਹਿਂ ਕੀਰਤਨ ਸ਼ਬਦ ਉਜਾਲਾ।
ਪੰਚਾਂਮ੍ਰਿਤ ਬਨਵਾਵਹਿਂ ਰਾਸ। ਗੁਰੁ ਦਰ ਪਰ ਕਰਿ ਕਰਿ ਅਰਦਾਸ॥ ੯॥

ਰਬਾਬ ਤੇ ਮ੍ਰਿਦੰਗ ਬਹੁਤ ਉੱਚੀ-ਉੱਚੀ ਵੱਜ ਰਹੀ ਸੀ, ਕੀਰਤਨ ਕਰਕੇ ਸ਼ਬਦ ਦਾ ਉਜਾਲਾ ਕਰ ਰਹੇ ਸਨ। ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਦੇ ਸਨ ਤੇ ਗੁਰੂ ਘਰ ਦੇ ਦਰਵਾਜ਼ੇ ਤੇ ਅਰਦਾਸ ਕਰਦੇ ਸਨ॥੯॥

ਵੰਡਹਿਂ ਅਚਹਿਂ 'ਧੰਨ ਗੁਰੁ' ਕਹੈਂ। ਬਡੇ ਭਾਗ ਅਪਨੇ ਜਨ ਲਹੈਂ।
ਭਾਟ ਕਲਾਵਤ ਢਾਡੀ ਆਵਹਿਂ। ਭਨਹਿਂ ਬਧਾਈ ਬਾਂਛਤਿ ਪਾਵਹਿਂ॥ ੧੦॥

ਵੰਡਦੇ ਸਨ ਤੇ ਖਾਂਦੇ ਸਨ ਤੇ 'ਧੰਨ ਗੁਰੂ ਜੀ' ਕਹਿੰਦੇ ਸਨ। ਸਾਡੇ ਵੱਡੇ ਭਾਗ ਹਨ, ਸਾਨੂੰ ਆਪਣੇ ਦਾਸ ਜਾਣਦੇ ਹਨ। ਭਾਟ, ਕਲਾਵਤ ਤੇ ਢਾਡੀ ਆਉਂਦੇ ਸਨ, ਵਧਾਈ ਦੇ ਕੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ॥੧੦॥

ਬੇਖ ਕਲੀਵਨ ਦੇਵ ਬਧੂਟੀ। ਧਰਿ ਆਵਹਿਂ ਜਨੁ ਜਗ ਦੁਤਿ ਲੂਟੀ।
ਢੋਲਕ, ਟਲਕਾ, ਘੁੰਘਰੂ, ਤਾਲੀ। ਗਾਇਂ ਬਿਲਾਵਲ ਲੇਤਿ ਭਵਾਲੀ॥ ੧੧॥

ਦੇਵਤਿਆਂ ਦੀਆਂ ਇਸਤਰੀਆਂ ਖੁਸਰਿਆਂ ਦਾ ਰੂਪ ਧਾਰ ਧਾਰ ਕੇ ਆਉਂਦੀਆਂ ਸਨ, ਮਾਨੋ ਜਗਤ ਦੀ ਸਾਰੀ ਸ਼ੋਭਾ ਲੁੱਟ ਲਈ ਹੈ। ਢੋਲਕ, ਟੱਲੀਆਂ, ਘੁੰਘਰੂ ਅਤੇ ਤਾਲੀਆਂ ਵਜਾਉਂਦੇ ਹਨ ਤੇ ਬਿਲਾਵਲ ਗਾ ਕੇ ਭੁਆਂਟਣੀ ਲੈਂਦੇ ਹਨ॥ ੧੧॥

ਸਭਿ ਬਾਜੇ ਅਰੁ ਹਾਥਨਿ ਤਾਲ। ਗਨ ਪਾਇਨ ਕੇ ਘੁੰਘਰੂ ਨਾਲ।
ਅੰਗ ਚਲਾਵਹਿਂ ਤਾਲ ਮਿਲਾਇਂ। ਗਾਵਹਿਂ ਨਾਚਹਿਂ ਰਾਚਹਿਂ ਚਾਇ॥ ੧੨॥

ਸਭ ਵਾਜੇ ਵੱਜਦੇ ਹਨ, ਹੱਥਾਂ ਨਾਲ ਤਾਲੀਆਂ ਵਜਾਉਂਦੇ ਹਨ, ਸਾਰਿਆਂ ਦੇ ਪੈਰਾਂ ਦੇ ਘੁੰਘਰੂ ਖੜਕਦੇ ਹਨ। ਅੰਗ ਹਿਲਾ ਕੇ ਤਾਲ ਮਿਲਾਉਂਦੇ ਹਨ। ਨਾਚੇ ਗੀਤ ਗਾ ਕੇ ਬੜੇ ਖੁਸ਼ੀ ਦੇ ਮਾਹੌਲ ਦੀ ਰਚਨਾ ਕਰਦੇ ਹਨ॥੧੨॥

ਇਸ ਪ੍ਰਕਾਰ ਗਤਿ ਸੁੰਦਰ ਕਰੈਂ। ਅਚਰਜ ਦੇਹਿ ਸਭਿਨਿ ਮਨ ਹਰੈਂ।
ਸ੍ਰੀ ਗੁਰੁ ਕੇ ਮੰਦਰਿ ਬਰ ਪੌਰ। ਭਈ ਭੀਰ ਖਿਤ ਲਹੈਂ ਨ ਠੌਰ॥ ੧੩॥

ਇਸ ਪ੍ਰਕਾਰ ਨਾਚ ਦੀ ਸੁੰਦਰ ਗਤੀ ਕਰਦੇ ਹਨ ਤੇ ਅਸਚਰਜ ਨਾਚ ਵਿਖਾ ਕੇ ਸਾਰਿਆਂ ਦੇ ਦਿਲ ਚੁਰਾ ਰਹੇ ਸਨ। ਗੁਰੂ ਜੀ ਦੇ ਘਰ ਦੇ ਦਰਵਾਜ਼ੇ ਉੱਤੇ ਵੱਡੀ ਭੀੜ ਲੱਗੀ ਸੀ, ਕਈਆਂ ਨੂੰ ਖੜੇ ਹੋਣ ਵਾਸਤੇ ਥਾਂ ਨਹੀਂ ਸੀ ਲੱਭਦਾ॥੧੩॥

ਗੰਧ੍ਰਬ ਗਾਵਹਿਂ ਮਾਨੁਖ ਦੰਭਾ। ਸੁਨਿ ਪੁਰਿ ਬਾਸਨ ਹੋਤਿ ਅਚੰਭਾ।
'ਇਹ ਗਾਵਨ ਨਾਚਨ ਮੁਦਕਾਰੀ। ਸੁਨਜੋ ਨ ਦੇਖਜੋ ਕਬਹੁਂ ਅਗਾਰੀ॥ ੧੪ ॥

ਮਨੁੱਖਾਂ ਦਾ ਰੂਪ ਧਾਰ ਕੇ ਗੰਧ੍ਰਬ ਗੀਤ ਗਾਉਂਦੇ ਸਨ, ਨਗਰਵਾਸੀ ਸੁਣ ਕੇ ਹੈਰਾਨ ਹੋ ਰਹੇ ਸਨ ਤੇ ਕਹਿੰਦੇ ਸਨ, "ਇਹ ਬੜੇ ਸੁੰਦਰ ਢੰਗ ਨਾਲ ਨੱਚਦੇ ਹਨ ਅਤੇ ਬੜੇ ਮਿੱਠੇ ਗੀਤ ਗਾਉਂਦੇ ਹਨ, ਪਹਿਲਾਂ ਤਾਂ ਅਜਿਹਾ ਨਾਚ ਗਾਣਾ ਕਿਤੇ ਵੇਖਿਆ ਜਾਂ ਸੁਣਿਆ ਨਹੀਂ॥੧੪॥

ਇਹ ਗਨ ਬਸਹਿਂ ਕੌਨ ਸੇ ਦੇਸ਼। ਨਏ ਰੂਪ ਹੈਂ ਨਏ ਸੁ ਬੇਸ।
ਸੁਨਿ ਕੈ ਰਾਗ ਸ਼ਕਤਿ ਨਹਿਂ ਰਹੀ। ਬੂਝਨਿ ਹਿਤ ਕਿਨਹੁਂ ਨ ਕਿਮ ਕਹੀ॥੧੫॥

ਇਹ ਸਾਰੇ ਕਿਹੜੇ ਦੇਸ਼ ਵਿਚ ਵੱਸਦੇ ਹਨ, ਨਵਾਂ ਇਨ੍ਹਾਂ ਦਾ ਰੂਪ ਹੈ ਤੇ ਨਵਾਂ ਇਨ੍ਹਾਂ ਦਾ ਭੇਸ ਹੈ। ਇਨ੍ਹਾਂ ਦਾ ਰਾਗ ਸੁਣਕੇ ਪੁੱਛਣ ਦੀ ਸ਼ਕਤੀ ਨਹੀਂ ਰਹੀ ਹੈ, ਪੁੱਛਣ ਵਾਸਤੇ ਕਿਸੇ ਨੇ ਵੀ ਕੁਝ ਨਹੀਂ ਕਿਹਾ ਹੈ॥੧੫॥

ਚਾਰ ਘਟੀ ਲੌ ਕੌਤਕ ਕਰਿਕੈ। ਪੁਨਹਿਂ ਪੌਰ ਪਰ ਮਸਤਕ ਧਰਿਕੈ।
ਬੰਦਨ ਕਰਿ ਗਮਨੇ ਨਿਜ ਥਾਇਂ। ਨਹਿਂ ਕਿਸ ਹੂੰ ਤੇ ਜਾਨੇ ਜਾਇਂ॥ ੧੬॥

ਚਾਰ ਘੜੀਆਂ ਤਕ ਕੌਤਕ ਕਰਕੇ, ਫਿਰ ਦਰਵਾਜ਼ੇ ਉਤੇ ਮੱਥਾ ਟੇਕ ਕੇ ਬੰਦਨਾ ਕਰਕੇ ਆਪਣੇ-ਆਪਣੇ ਥਾਵਾਂ ਨੂੰ ਚਲੇ ਗਏ ਹਨ। ਇਹ ਕਿਸੇ ਪਾਸੋਂ ਜਾਣਿਆ ਨਹੀਂ ਜਾਂਦਾ ਹੈ॥੧੬॥

ਰੰਗ ਰੰਗ ਕੇ ਫੂਲ ਬਿਸਾਲਾ। ਗੁੰਦਿ ਗੁੰਦਿ ਕਰਿ ਦੀਰਘ ਮਾਲਾ।
ਸੁਨਿ ਸੁਨਿ ਆਵਹਿਂ ਮਾਲਾਕਾਰ। ਬੰਦਹਿਂ ਸਤਿਗੁਰੁ ਕੇ ਦਰਬਾਰ॥ ੧੭॥

ਰੰਗ-ਬਰੰਗੇ ਵਿਸ਼ਾਲ ਫੁੱਲ ਹਨ, ਗੁੰਦ-ਗੁੰਦ ਕੇ ਬਹੁਤ ਵੱਡੇ-ਵੱਡੇ ਹਾਰ ਬਣਾਏ ਹਨ। ਸੁਣ-ਸੁਣ ਕੇ ਮਾਲੀ ਆਉਂਦੇ ਹਨ ਤੇ ਸਤਿਗੁਰੂ ਜੀ ਦੇ ਦਰਬਾਰ ਵਿਚ ਬੰਦਨਾ ਕਰਦੇ ਹਨ॥੧੭॥

ਧਨ ਇਨਾਮ ਕੌ ਲੇ ਲੇ ਜਾਹਿਂ। ਫੂਲਨਿ ਮਾਲਾ ਦਰ ਲਰਕਾਹਿਂ।
ਅਤਿ ਉਤਸਵ ਸੰਗਤ ਮਹਿਂ ਹੋਵਾ। ਸਭਿਨਿ ਆਇ ਗੁਰ ਘਰ ਕੋ ਜੋਵਾ॥੧੮॥

ਫੁੱਲਾਂ ਦੇ ਹਾਰਾਂ ਨੂੰ ਦਰਵਾਜ਼ੇ 'ਤੇ ਲਟਕਾਉਂਦੇ ਸਨ ਤੇ ਇਨਾਮ ਦੇ ਰੂਪ ਵਿਚ ਧਨ ਲੈ ਲੈ ਕੇ ਜਾਂਦੇ ਸਨ। ਸੰਗਤ ਵਿਚ ਵੱਡਾ ਉਤਸਵ ਹੋਇਆ, ਸਾਰਿਆਂ ਨੇ ਆ ਕੇ ਗੁਰੂ ਜੀ ਦੇ ਘਰ ਨੂੰ ਵੇਖਿਆ॥੧੮॥

ਜਸ ਜਸ ਮਨਸਾ ਧਰਿ ਕਰਿ ਆਏ। ਤਸ ਤਸ ਮਨਹੁਂ ਕਾਮਨਾ ਪਾਏ।
ਤਬਹਿ ਜੋਤਸ਼ੀ ਲੀਨਿ ਬੁਲਾਇ। ਜਨਮ ਮਹੂਰਤ ਖਬਰ ਬਤਾਇ॥ ੧੯॥

ਜੈਸੀ-ਜੈਸੀ ਕਾਮਨਾ ਧਾਰ ਕੇ ਆਉਂਦੇ ਸਨ ਤੈਸੀ-ਤੈਸੀ ਮਨੋਕਾਮਨਾ ਪ੍ਰਾਪਤ ਕਰਦੇ ਸਨ। ਤਦ ਇਕ ਜੋਤਸ਼ੀ ਨੂੰ ਬੁਲਾ ਲਿਆ। ਜਨਮ ਮਹੂਰਤ ਦੀ ਉਸ ਨੂੰ ਖਬਰ ਦਿੱਤੀ॥੧੯॥

*ਨੋਟ : ਜੋਤਸ਼ੀ ਨੂੰ ਬੁਲਾਉਣਾ ਗੁਰਮਤਿ ਅਨੁਸਾਰ ਯੋਗ ਨਹੀਂ ਹੈ।*

ਲਗਨ ਮਹੂਰਤ ਉੱਤਮ ਜੋਵਾ। ਅਧਿਕ ਹਰਖ ਦੈਵਗ ਉਰ ਹੋਵਾ।
'ਉੱਤਮ ਜੋਗ ਪਰਜੋ ਇਨ ਐਸੋ। ਆਗੇ ਕਿਸਕੋ ਭਯੋ ਨ ਜੈਸੋ॥ ੨੦॥

ਲਗਨ ਮਹੂਰਤ ਉੱਤਮ ਜਾਣਿਆ ਤਾਂ ਜੋਤਸ਼ੀ ਦਿਲ ਵਿਚ ਬਹੁਤ ਪ੍ਰਸੰਨ ਹੋਇਆ ਤੇ ਕਹਿਣ ਲੱਗਾ, "ਇਨ੍ਹਾਂ ਦਾ ਐਸਾ ਉੱਤਮ ਲਗਨ ਵੇਖਿਆ ਹੈ, ਜੈਸਾ ਅੱਜ ਤਕ ਪਹਿਲਾਂ ਕਿਸੇ ਦਾ ਨਹੀਂ ਵੇਖਿਆ ਹੈ॥੨੦॥

ਬਹੁਤ ਲੋਕਨਿ ਕਸ਼ਟ ਨਿਵਾਰਹਿਂ। ਅਖਿਲ ਜਗਤ ਮਹਿਂ ਸੁਜਸੁ ਬਿਥਾਰਹਿਂ।
ਚਾਰ ਪਦਾਰਥ ਕਰ ਤਲ ਹੋਇਂ। ਪਗ ਪੰਕਜ ਪੂਜਹਿ ਸਭਿ ਕੋਇ॥ ੨੧॥

ਬਹੁਤ ਲੋਕਾਂ ਦੇ ਇਹ ਕਸ਼ਟ ਦੂਰ ਕਰਨਗੇ, ਸਾਰੇ ਜਗਤ ਵਿਚ ਸ੍ਰੇਸ਼ਟ ਜੱਸ ਫੈਲਾਉਣਗੇ। ਚਾਰ ਪਦਾਰਥ ਇਨ੍ਹਾਂ ਦੇ ਹੱਥ ਦੀ ਤਲੀ 'ਤੇ ਹੋਣਗੇ। ਇਨ੍ਹਾਂ ਦੇ ਚਰਨ ਕੰਵਲਾਂ ਦੀ ਸਾਰੇ ਪੂਜਾ ਕਰਨਗੇ॥੨੧॥

ਸਰਬੋਤਮ ਗੁਨ ਲਗਨ ਮਝਾਰ। ਇਕ ਚਿੰਤਾ ਮੁਝ ਰਿਦੇ ਉਦਾਰ।
ਹੇ ਕ੍ਰਿਪਾਲ! ਸੁਨਿ ਸੋ ਬਿਧਿ ਐਸੇ। ਅਸਮੰਜਸ ਹੁਇ ਸਕਿ ਹੈ ਕੈਸੇ?॥੨੨॥

ਇਨ੍ਹਾਂ ਦੀ ਲਗਨ ਵਿਚ ਸਰਬ ਉੱਤਮ ਗੁਣ ਹਨ, ਮੇਰੇ ਹਿਰਦੇ ਵਿਚ ਇਕ ਵੱਡੀ ਚਿੰਤਾ ਹੈ। ਹੇ ਕ੍ਰਿਪਾਲ ਚੰਦ! ਇਸ ਵਿਧੀ ਅਨੁਸਾਰ ਸੁਣੋ, ਅਯੋਗ ਗੱਲ ਕਿਵੇਂ ਹੋ ਸਕਦੀ ਹੈ?॥੨੨॥

ਜੇਤੀ ਬਾਤ ਪ੍ਰਥਮ ਮੈਂ ਕਹੀ। ਸੋ ਤੋ ਬਨਿ ਸਕਿ ਹੈ ਇਮ ਸਹੀ।
ਸਤਿਗੁਰੁ ਕੇ ਘਰ ਜਨਮ ਉਦਾਰਾ। ਪੂਜਹਿਂ ਅਰਪਹਿਂ ਦਰਬ ਅਪਾਰਾ॥ ੨੩॥

ਜਿੰਨੀ ਗੱਲ ਮੈਂ ਪਹਿਲਾਂ ਕਹੀ ਹੈ, ਉਹ ਇਸ ਤਰ੍ਹਾਂ ਸਹੀ ਬਣ ਸਕਦੀ ਹੈ। ਸਤਿਗੁਰੂ ਜੀ ਦੇ ਉੱਤਮ ਘਰ ਵਿਚ ਜਨਮ ਲਿਆ ਹੈ, ਸਿੱਖ ਇਨ੍ਹਾਂ ਨੂੰ ਬਹੁਤ ਧਨ ਅਰਪਣ ਕਰਕੇ ਪੂਜਣਗੇ॥੨੩॥

ਸੁਜਸੁ ਆਦਿ ਹੁਇ ਹੈਂ ਸਭਿ ਘਨੇ। ਪਰ ਇਕ ਰੀਤਿ ਅਨਬਨੀ ਬਨੇ।
ਜਬਿ ਸੁਧਿ ਧਰਹਿਂ ਓਜ ਸੰਭਾਰਹਿਂ। ਆਯੁਧ ਬਿੱਦਜਾ ਮਹਿਂ ਹਿਤ ਧਾਰਹਿਂ॥੨੪॥

ਸ੍ਰੇਸ਼ਟ ਜੱਸ ਆਦਿ ਸਭ ਬਹੁਤ ਜ਼ਿਆਦਾ ਹੋਵੇਗਾ ਪਰ ਇਕ ਰੀਤ ਵਿਪਰੀਤ ਬਣੇਗੀ। ਜਦ ਸੁਰਤ ਸੰਭਾਲਣਗੇ ਤੇ ਸ਼ਕਤੀ ਧਾਰਨ ਕਰਨਗੇ ਤਾਂ ਸ਼ਸਤਰ ਵਿਦਿਆ ਨਾਲ ਬਹੁਤ ਪ੍ਰੇਮ ਧਾਰਨ ਕਰਨਗੇ॥੨੪॥

ਜਿਮ ਜਿਮ ਬੈਸ ਬਡੀ ਹੁਇ ਜਾਈ। ਤਿਮ ਤਿਮ ਉਪਜਹਿ ਚਾਇ ਲਰਾਈ।
ਘਨੇ ਘੋਰ ਸੰਘਰ ਘਮਸਾਨਾ। ਹਤਹਿਂ ਸ਼ੱਤ੍ਰੁ ਗਨ ਕੋ ਨਿਜ ਪਾਨਾ॥ ੨੫॥

ਜਿਵੇਂ-ਜਿਵੇਂ ਉਮਰ ਵੱਡੀ ਹੁੰਦੀ ਜਾਵੇਗੀ ਤਿਵੇਂ-ਤਿਵੇਂ ਇਨ੍ਹਾਂ ਵਿਚ ਯੁੱਧ ਲਈ ਚਾਹਤ ਵਧਦੀ ਜਾਵੇਗੀ। ਬਹੁਤ ਘੋਰ ਸੰਘਰਸ਼ ਤੇ ਘਮਸਾਨ ਕਰਨਗੇ ਤੇ ਆਪਣੇ ਹੱਥਾਂ ਨਾਲ ਬਹੁਤ ਵੈਰੀਆਂ ਨੂੰ ਮਾਰਨਗੇ॥੨੫॥

ਜੁੱਧ ਕਰਨਿ ਕੋ ਲਗਨ ਬਿਸਾਲ। ਜਿਸ ਮਹਿਂ ਉਤਪਤਿ ਭਾ ਸ਼ੁਭ ਬਾਲ।
ਲਾਖਹੁ ਪਰੇ ਖੇਤ ਮਹਿਂ ਸੋਵੈਂ। ਇਸ ਮਿਸ ਕੇ ਕਰ ਅਸ ਰਣ ਹੋਵੈ॥ ੨੬॥

ਇਹ ਲਗਨ, ਜਿਸ ਵਿਚ ਇਸ ਸ਼ੁਭ ਬਾਲ ਨੇ ਜਨਮ ਲਿਆ ਹੈ, ਵਿਸ਼ਾਲ ਯੁੱਧ ਕਰਨ ਵਾਲੀ ਹੈ। ਲੱਖਾਂ ਵੈਰੀ ਰਣਖੇਤਰ ਵਿਚ ਸੌਣਗੇ, ਇਸ ਬਾਲਕ ਦੇ ਹੱਥੋਂ ਐਸੇ ਯੁੱਧ ਹੋਣਗੇ॥੨੬॥

ਜੁੱਧ ਕਰਨਿ ਕੋ ਸੈਨ ਬਿਸਾਲਾ। ਪਾਸ ਨ ਪਿਖੀਯਤਿ ਹੈ ਇਸ ਕਾਲਾ।
ਮਹਾਂ ਤੇਜਸੀ ਰਣ ਪ੍ਰਿਯ ਹੋਵੈਂ। ਖਿਤਿ ਰਿਪੁ ਮਹਿਂ ਜਿਮ ਥੰਮ੍ ਖਰੋਵੈ॥ ੨੭॥

ਯੁੱਧ ਕਰਨ ਵਾਸਤੇ ਬਹੁਤ ਸੈਨਾ ਹੋਵੇਗੀ, ਇਸ ਸਮੇਂ ਇਨ੍ਹਾਂ ਵਰਗਾ ਕੋਈ ਦਿਖਾਈ ਨਹੀਂ ਦਿੰਦਾ ਹੈ। ਇਨ੍ਹਾਂ ਦਾ ਵੱਡਾ ਤੇਜ ਹੋਵੇਗਾ ਤੇ ਯੁੱਧ ਨੂੰ ਪਿਆਰ ਕਰਨ ਵਾਲੇ ਹੋਣਗੇ, ਵੈਰੀਆਂ ਵਿਚ ਥੰਮ੍ ਵਾਂਗ ਜੰਮ ਕੇ ਖੜੇ ਹੋਣਗੇ॥੨੭॥

ਚਹੁੰਦਿਸ਼ ਬਿਖੈ ਛਾਇ ਪਰਤਾਪ। ਹੁਕਮ ਕਰਹਿ ਬਡ ਸ਼ੱਤ੍ਰੁਨਿ ਖਾਪਿ।
ਤਬਿ ਹੋਵਹਿਂਗੀ ਜੋ ਅਬਿ ਨਾਂਹੀ। ਧਰਮ ਸਥਾਪਹਿਂ ਸਭਿ ਜਗ ਮਾਂਹੀ॥੨੮॥

ਚਾਰੇ ਪਾਸੇ ਇਨ੍ਹਾਂ ਦਾ ਪਰਤਾਪ ਛਾ ਜਾਵੇਗਾ, ਹੁਕਮ ਕਰਕੇ ਵੱਡੇ-ਵੱਡੇ ਵੈਰੀਆਂ ਨੂੰ ਨਾਸ਼ ਕਰ ਦੇਣਗੇ। ਤਦ ਹੋਵੇਗੀ ਜੋ ਹੁਣ ਨਹੀਂ, ਸਾਰੇ ਜਗ ਵਿਚ ਧਰਮ ਸਥਾਪਿਤ ਕਰਨਗੇ॥੨੮॥

ਦੋਹਰਾ-ਹੁਇ ਕ੍ਰਿਪਾਲ, ਦਾਨੀ ਮਹਾਂ, ਜੋਧਾ, ਧੀਰ ਬਿਸਾਲ।
ਬਿੱਦਜਾ ਮਹਿਂ ਪੰਡਿਤ ਚਤੁਰ, ਮਹਾਂ ਬਾਹੁ ਰਿਪੁ ਸਾਲ॥ ੨੯॥

ਵੱਡੇ ਕ੍ਰਿਪਾਲੂ, ਮਹਾਂਦਾਨੀ, ਯੋਧਾ ਤੇ ਵਿਸ਼ਾਲ ਧੀਰਜ ਵਾਲੇ ਹੋਣਗੇ। ਵਿਦਿਆ ਵਿਚ ਮਹਾਂ ਚਤੁਰ ਪੰਡਿਤ ਹੋਣਗੇ ਤੇ ਯੁੱਧ ਭੂਮਿਕਾ ਵਿਚ ਵੈਰੀਆਂ ਨੂੰ ਮਾਰਨ ਵਾਲੇ ਹੋਣਗੇ॥੨੯॥

ਮਹਾਂ ਜਿਤੇਂਦ੍ਰੀ, ਮਹਾਂ ਬੁਧਿ, ਰਿਦੈ ਗੰਭੀਰ ਬਿਲੰਦ।
ਸਭਿ ਜਗ ਨਰ ਸਿਰਮੌਰ ਹ੍ਵੈ ਸੋਢਿ ਬੰਸ ਕੋ ਚੰਦ'॥ ੩੦॥

ਮਹਾਨ ਜੇਤੂ, ਮਹਾਨ ਬੁੱਧੀਵਾਨ ਅਤੇ ਹਿਰਦਾ ਵੱਡਾ ਗੰਭੀਰ ਹੋਵੇਗਾ, ਸਭ ਜਗਤ ਦੇ ਮਨੁੱਖਾਂ ਵਿਚ ਸ਼ਿਰੋਮਣੀ ਹੋਣਗੇ ਤੇ ਸੋਢੀ ਵੰਸ਼ ਦੇ ਚੰਦ ਹੋਣਗੇ'॥੩੦॥

ਚੌਪਈ- ਇੱਤਜਾਦਿਕ ਗੁਨ ਬਹੁਤ ਸੁਨਾਏ। ਸਹਿਤ ਕ੍ਰਿਪਾਲ ਸਿੱਖਜ ਹਰਖਾਏ।
ਦਿਯੋ ਬਿੱਪ੍ਰ ਕੋ ਦਰਬ ਘਨੇਰਾ। ਮੰਗਲ ਉਤਸਵ ਹੋਤਿ ਬਡੇਰਾ॥ ੩੧॥

ਜੋਤਸ਼ੀ ਨੇ ਇਸ ਤਰ੍ਹਾਂ ਹੋਰ ਬਹੁਤ ਗੁਣ ਸੁਣਾਏ, ਕਿਰਪਾਲ ਚੰਦ ਸਹਿਤ ਸਿੱਖ ਬਹੁਤ ਪ੍ਰਸੰਨ ਹੋਏ। ਬ੍ਰਾਹਮਣ ਨੂੰ ਬਹੁਤ ਧਨ ਦਿੱਤਾ ਤੇ ਵੱਡਾ ਮੰਗਲ ਉਤਸਵ ਹੋਇਆ॥੩੧॥

ਸੰਗਤਿ ਮਹਾਂ ਅਨੰਦ ਧਰਿ ਆਵੈ। ਅਨਿਕ ਭਾਂਤਿ ਭੇਟਨਿ ਅਰਪਾਵੈ।
ਪਟਨੇ ਪੁਰਿ ਬਾਸੀ ਸਿਖਿ ਜੇਈ। ਪੰਚਾਂਮ੍ਰਿਤ ਕਰਿਵਾਵਹਿਂ ਤੇਈ॥ ੩੨॥

ਸੰਗਤ ਮਹਾਨ ਅਨੰਦ ਧਾਰ ਕੇ ਆਉਂਦੀ ਸੀ ਤੇ ਅਨੇਕ ਪ੍ਰਕਾਰ ਦੀਆਂ ਭੇਟਾਵਾਂ ਅਰਪਣ ਕਰਦੇ ਸਨ। ਜਿਹੜੇ ਸਿੱਖ ਪਟਨੇ ਦੇ ਵਾਸੀ ਸਨ, ਉਹ ਕੜਾਹ ਪ੍ਰਸ਼ਾਦਿ ਕਰਵਾਉਂਦੇ ਸਨ॥੩੨॥

ਸਹਿਤ ਭਾਰਜਾ ਪਹਿਰਿ ਸੁ ਅੰਬਰ। ਜਨੁ ਘਨ ਛਟਾ ਦਿਪਹਿ ਬਿਚ ਅੰਬਰ।
ਉਤਸਵ ਕਰਤਿ ਸ਼ਬਦ ਕੋ ਗਾਵਤਿ। 'ਸ੍ਰੀ ਨਾਨਕ' ਕਹਿ ਸੀਸ ਨਿਵਾਵਤਿ॥੩੩॥

ਆਪਣੀਆਂ ਪਤਨੀਆਂ ਸਹਿਤ ਸ੍ਰੇਸ਼ਟ ਕੱਪੜੇ ਪਹਿਣ ਕੇ ਆਉਂਦੇ ਸਨ ਤੇ ਇਸਤਰ੍ਹਾਂ ਲਿਸ਼ਕਦੇ ਸਨ ਮਾਨੋ ਅਕਾਸ਼ ਵਿਚ ਬੱਦਲਾਂ ਵਿਚ ਬਿਜਲੀ ਚਮਕਦੀ ਹੈ। ਉਤਸਵ ਕਰਦੇ ਸਨ ਤੇ ਸ਼ਬਦਾਂ ਦਾ ਗਾਇਨ ਕਰਦੇ ਸਨ "ਸ੍ਰੀ ਨਾਨਕ" ਕਹਿ ਕੇ ਸੀਸ ਨਿਵਾਉਂਦੇ ਸਨ॥੩੩॥

ਥਿਰਹਿਂ ਦ੍ਵਾਰ ਅਰਦਾਸ ਕਰਾਵਹਿਂ। ਧਰਹਿਂ ਭਾਵਨਾ ਧਰ ਸਿਰ ਲਾਵਹਿਂ।
ਨਗਰ ਬਿਸਾਲ ਸੁਨਹਿਂ ਨਰ ਜਜੌਂ ਜਜੌਂ। ਨਮਹੁਂ ਕਰਨਿ ਕੌ ਪਹੁਚਹਿਂ ਤਜੌਂ ਤਜੌਂ॥੩੪॥

ਦਰਵਾਜ਼ੇ ਵਿਚ ਖੜੇ ਹੋ ਕੇ ਅਰਦਾਸ ਕਰਵਾਉਂਦੇ ਸਨ ਤੇ ਭਾਵਨਾ ਧਾਰ ਕੇ ਧਰਤੀ 'ਤੇ ਸਿਰ ਲਾਉਂਦੇ ਸਨ। ਵਿਸ਼ਾਲ ਨਗਰ ਦੇ ਮਨੁੱਖ ਜਿਵੇਂ-ਜਿਵੇਂ ਸੁਣਦੇ ਸਨ, ਤਿਵੇਂ-ਤਿਵੇਂ ਉਹ ਨਮਸਕਾਰ ਕਰਨ ਵਾਸਤੇ ਪਹੁੰਚਦੇ ਸਨ॥੩੪॥

ਇਕ ਅਰਪਹਿਂ ਇਕ ਜਾਵਹਿਂ ਲੇਤੇ। ਸਤਿਗੁਰੁ ਹੇਤੁ ਦੇਤਿ ਹੈਂ ਕੇਤੇ।
ਬਨਕ ਧਨਾਢ ਮਿਲੈਂ ਗਨ ਆਏ। ਅਨਿਕ ਉਪਾਇਨ ਕੋ ਅਰਪਾਏ॥ ੩੫॥

ਕਈ ਅਰਪਣ ਕਰਦੇ ਸਨ, ਕਈ ਪ੍ਰਸ਼ਾਦ ਲਈ ਜਾਂਦੇ ਸਨ। ਕਈ ਸਤਿਗੁਰੂ ਜੀ ਵਾਸਤੇ ਦਿੰਦੇ ਸਨ। ਕਈ ਬਾਣੀਏ ਅਤੇ ਧਨਾਢ ਮਿਲ ਕੇ ਆਏ, ਅਨੇਕਾਂ ਉਪਹਾਰ ਉਨ੍ਹਾਂ ਅਰਪਣ ਕੀਤੇ॥੩੫॥

ਉਰ ਮਹਿਂ ਧਰਹਿਂ ਕਾਮਨਾ ਪਾਵਹਿਂ। ਆਇ ਜਾਤਿ ਮਗ ਸੁਜਸੁ ਅਲਾਵਹਿਂ।
'ਸ੍ਰੀ ਗੁਰ ਤੇਗ ਬਹਾਦਰ ਪੂਰਾ। ਦੇਨਿ ਸ੍ਰਾਪ ਬਰ ਕੋ ਬਚ ਸੂਰਾ॥ ੩੬॥

ਹਿਰਦੇ ਵਿਚ ਜੋ ਕਾਮਨਾ ਧਾਰਨ ਕਰਦੇ ਸਨ, ਉਹ ਪਾਉਂਦੇ ਸਨ। ਆਉਂਦੇ ਜਾਂਦੇ ਰਾਹ ਵਿਚ ਬਹੁਤ ਸ੍ਰੇਸ਼ਟ ਜੱਸ ਕਹਿੰਦੇ ਸਨ। "ਸ੍ਰੀ ਤੇਗ ਬਹਾਦਰ ਜੀ ਪੂਰਨ ਗੁਰੂ ਹਨ, ਵਰ ਸਰਾਪ ਦੇਣ ਵਾਸਤੇ ਉਨ੍ਹਾਂ ਦੇ ਬਚਨ ਵੱਡੇ ਸੂਰਬੀਰ ਹਨ" ॥੩੬॥

ਬਹੁ ਸਿੱਖਜਨਿ ਪਰ ਕੀਨਸਿ ਦਯਾ। ਮਨ ਬਾਂਛਤਿ ਸਭਿ ਕੋ ਬਰ ਦਯਾ।
ਤਿਨ ਘਰ ਜਨਮਯੋ ਸਾਹਿਬਜ਼ਾਦਾ। ਰੱਛਕ ਸਿੱਖਜਨਿ ਦੇ ਅਹਿਲਾਦਾ॥ ੩੭॥

ਬਹੁਤ ਸਿੱਖਾਂ 'ਤੇ ਉਨ੍ਹਾਂ ਦਇਆ ਕੀਤੀ ਹੈ, ਮੂੰਹ ਮੰਗੇ ਸਭ ਨੂੰ ਵਰ ਦਿੱਤੇ ਹਨ। ਉਸ ਗੁਰੂ ਜੀ ਦੇ ਘਰ ਸਾਹਿਬਜ਼ਾਦੇ ਨੇ ਜਨਮ ਲਿਆ ਹੈ, ਜਿਹੜੇ ਗੁਰੂ ਜੀ ਸਿੱਖਾਂ ਦੇ ਵੱਡੇ ਰਖਵਾਲੇ ਹਨ॥੩੭॥

ਸਰਬ ਰੀਤਿ ਸਮਰਥ ਗੁਰਦੇਵ। ਜਿਨਕੀ ਚਹਤਿ ਦੇਵਤਾ ਸੇਵ।
ਦੋਨਹੁਂ ਲੋਕਨਿ ਬਿਖੇ ਸਹਾਇ। ਸ਼ਾਂਤਿ ਰਿਦਾ ਗੁਨਗਨ ਸਮੁਦਾਇ॥ ੩੮॥

ਸਭ ਰੀਤੀਆਂ ਨਾਲ ਸਤਿਗੁਰੂ ਜੀ ਸਮਰੱਥ ਹਨ, ਜਿਨ੍ਹਾਂ ਦੀ ਦੇਵਤੇ ਵੀ ਸੇਵਾ ਕਰਨੀ ਚਾਹੁੰਦੇ ਹਨ। ਉਹ ਦੋਵਾਂ ਲੋਕਾਂ ਵਿਚ ਸਹਾਇਕ ਹੁੰਦੇ ਹਨ। ਉਨ੍ਹਾਂ ਦਾ ਸ਼ਾਂਤ ਹਿਰਦਾ ਹੈ ਸਾਰੇ ਗੁਣਾਂ ਨਾਲ ਭਰਪੂਰ ਹਨ॥੩੮॥

ਕ੍ਰਿਪਾ ਠਾਨਿ ਆਏ ਇਤ ਦੇਸ਼। ਘਰ ਪੰਜਾਬ ਸੁ ਦੂਰ ਬਿਸ਼ੇਸ਼।
ਪੁਰਿ ਪਟਣੇ ਮਹਿਂ ਕੀਨਿ ਨਿਵਾਸ। ਕਰਯੋ ਕ੍ਰਿਤਾਰਥ ਸ੍ਰੀ ਗੁਨ ਰਾਸ॥ ੩੯॥

ਕ੍ਰਿਪਾ ਧਾਰ ਕੇ ਇਸ ਦੇਸ਼ ਵਿਚ ਆਏ ਹਨ, ਘਰ ਪੰਜਾਬ ਵਿਚ ਹੈ, ਜਿਹੜਾ ਏਥੋਂ ਬਹੁਤ ਦੂਰ ਹੈ। ਪਟਨੇ ਸ਼ਹਿਰ ਵਿਚ ਨਿਵਾਸ ਕੀਤਾ ਹੈ, ਗੁਣਾਂ ਦੀ ਰਾਸ ਭਾਵ ਗੁਰੂ ਜੀ ਨੇ ਸਾਨੂੰ ਕ੍ਰਿਤਾਰਥ ਕੀਤਾ ਹੈ॥੩੯॥

ਗਏ ਬਿਦੇਸ਼ ਆਇ ਹੈਂ ਦੇਸ਼। ਦਰਸ਼ਨ ਕਰਿ ਅਘ ਕਟਹਿਂ ਕਲੇਸ਼।
ਹਮ ਲੋਕਨਿ ਕੇ ਭਾਗ ਜਗੇ ਹੈਂ। ਜਿਸ ਤੇ ਸ਼੍ਰੀ ਗੁਰ ਸੇਵ ਲਗੇ ਹੈਂ॥ ੪੦॥

ਹੁਣ ਬਿਦੇਸ਼ ਵਿਚ ਗਏ ਹਨ, ਫਿਰ ਇਸ ਦੇਸ਼ ਵਿਚ ਆਉਣਗੇ ਉਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਪਾਪ ਕੱਟੇ ਜਾਂਦੇ ਹਨ। ਸਾਡੇ ਲੋਕਾਂ ਦੇ ਭਾਗ ਜਾਗੇ ਹਨ, ਜਿਸ ਕਰਕੇ ਅਸੀਂ ਗੁਰੂ ਜੀ ਦੀ ਸੇਵਾ ਵਿਚ ਲੱਗੇ ਹਾਂ॥੪੦॥

ਅਬਿ ਸਤਿਗੁਰੁ ਕੇ ਸੁਤ ਇਹ ਭਯੋ। ਜਨੁ ਸਿੱਖਜਨਿ ਕੋ ਪੁੰਨ ਉਪਜਯੋ।
ਜਯੋਂ ਜਯੋਂ ਸੇਵ ਕਰਹਿਂ ਸੁਖ ਪਾਵਹਿਂ। ਤਯੋਂ ਤਯੋਂ ਦ੍ਵੈ ਲੋਕਨਿ ਹਰਖਾਵਹਿਂ॥੪੧॥

ਹੁਣ ਸਤਿਗੁਰੂ ਜੀ ਦੇ ਘਰ ਪੁੱਤਰ ਨੇ ਜਨਮ ਲਿਆ ਹੈ ਮਾਨੋ ਸਿੱਖਾਂ ਦਾ ਪੁੰਨ ਕੀਤਾ ਹੋਇਆ, ਪ੍ਰਗਟ ਹੋਇਆ ਹੈ। ਜਿਵੇਂ-ਜਿਵੇਂ ਸੇਵਾ ਕਰਦੇ ਹਨ, ਸੁਖ ਪਾਉਂਦੇ ਹਨ। ਤਿਵੇਂ-ਤਿਵੇਂ ਦੋਵੇਂ ਲੋਕ ਪ੍ਰਸੰਨ ਹੁੰਦੇ ਹਨ॥੪੧॥

ਹਮ ਨਿਜ ਪੁੱਤ੍ਰਨਿ ਜੁਤਿ ਦਰਸੈ ਹੈਂ। ਬਿਘਨ ਅਨੇਕਨਿ ਕੋ ਹਤਵੈ ਹੈਂ।
ਇੱਤਯਾਦਿਕ ਪਟਣੇ ਪੁਰਿ ਮਾਂਹੀ। ਕੀਰਤਿ ਕਰਹਿਂ ਸੁਭਾਗ ਸਰਾਹੀਂ॥ ੪੨॥

ਅਸੀਂ ਆਪਣੇ ਪੁੱਤਰਾਂ ਸਹਿਤ ਦਰਸ਼ਨ ਕਰਦੇ ਹਾਂ, ਅਨੇਕਾਂ ਦੇ ਵਿਘਨ ਦੂਰ ਕਰਦੇ ਹਨ। ਇਸ ਤਰ੍ਹਾਂ ਪਟਨੇ ਸ਼ਹਿਰ ਵਿਚ ਸਿੱਖ ਕੀਰਤੀ ਕਰਦੇ ਸਨ ਤੇ ਆਪਣੇ ਸ੍ਰੇਸ਼ਟ ਭਾਗਾਂ ਦੀ ਸ਼ਲਾਘਾ ਕਰਦੇ ਸਨ॥੪੨॥

ਕਿਤਿਕ ਨੇਮ ਕਰਿ ਹੋਵਤਿ ਭੋਰ। ਆਇ ਦ੍ਵਾਰ ਪਰ ਦ੍ਵੈ ਕਰ ਜੋਰਿ।
ਅਭਿਬੰਦਨ ਕਰਿ ਕਾਰ ਸੰਭਾਰਹਿਂ। ਸੰਝ ਭਏ ਕਰਿ ਨਮੋ ਸਿਧਾਰਹਿਂ॥ ੪੩॥

ਕਈ ਨੇਮ ਕਰਕੇ ਸਵੇਰ ਹੁੰਦਿਆਂ ਹੀ ਗੁਰੂ ਜੀ ਦੇ ਦਰਵਾਜ਼ੇ ਤੇ ਪਹੁੰਚ ਜਾਂਦੇ ਸਨ ਤੇ ਦੋਵੇਂ ਹੱਥ ਜੋੜ ਕੇ ਅਭਿਨੰਦਨ ਕਰਕੇ ਆਪਣਾ ਕਾਰ-ਵਿਹਾਰ ਸੰਭਾਲਦੇ ਸਨ। ਸ਼ਾਮ ਹੋਣ 'ਤੇ ਫਿਰ ਨਮਸਕਾਰ ਕਰਕੇ ਆਪਣੇ ਘਰਾਂ ਨੂੰ ਜਾਂਦੇ ਸਨ॥੪੩॥

*ਬਾਰ੍ਹਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥*

# ਅਧਿਆਇ ਤੇਰ੍ਹਵਾਂ

## ਅਵਤਾਰ ਦਾ ਉਤਸ਼ਾਹ

ਦੋਹਰਾ- ਸੋਢੀ ਕੁਲ ਭੂਖਨ ਜਨਮ ਪੂਸ ਮਾਸ ਮਹਿਂ ਲੀਨ।
ਹੁਤੀ ਸੁਦੀ ਥਿਤਿ ਸਪਤਮੀ ਸੁੰਦਰ ਸਮੈਂ ਸੁ ਚੀਨ॥ ੧॥

ਸੋਢੀ ਕੁਲ ਦੇ ਭੂਖਨ ਨੇ ਪੋਹ ਦੇ ਮਹੀਨੇ ਵਿਚ ਅਵਤਾਰ ਧਾਰਨ ਕੀਤਾ। ਉਸ ਦਿਨ ਪੋਹ ਸੁਦੀ ਸੱਤਵੀਂ ਤਿਥੀ ਸੀ, ਜਿਹੜਾ ਸੁੰਦਰ ਸਮਾਂ ਜਾਣਿਆ ਜਾਂਦਾ ਹੈ॥੧॥

ਚੌਪਈ- ਜਾਮ ਜਾਮਨੀ ਜਬਿਹੂੰ ਜਾਨੀ। ਸੁਰ ਗਨ ਆਨ ਪ੍ਰਸ਼ੰਸਾ ਠਾਨੀ।
ਬਿਥਰੀ ਬਰ ਸੁਗੰਧਿ ਪੁਰਿ ਸਾਰੇ। ਜਾਗਤਿ ਜੇ ਲਖਿ ਬਿਸਮੈ ਧਾਰੇ॥੨॥

ਜਦ ਪਹਿਰ ਰਾਤ ਰਹਿੰਦੀ ਜਾਣੀ, ਤਾਂ ਸਾਰੇ ਦੇਵਤੇ ਆ ਕੇ ਪ੍ਰਸ਼ੰਸਾ ਕਰਨ ਲੱਗੇ। ਸਾਰੇ ਨਗਰ ਵਿਚ ਬਹੁਤ ਸੁਗੰਧੀ ਫੈਲ ਗਈ, ਜਿਹੜੇ ਜਾਗਦੇ ਸਨ ਉਹ ਸਮਝ ਕੇ ਬਹੁਤ ਹੈਰਾਨ ਹੋਏ॥੨॥

ਅਸ ਸੌਰਭ ਕਬਿ ਪ੍ਰਥਮ ਨ ਪਾਈ। ਇਹ ਔਚਕ ਅਬਿ ਕਿਤ ਤੇ ਆਈ?
ਸ੍ਰੀ ਗੁਰ ਮਾਤ ਨਾਨਕੀ ਤਬੈ। ਸ਼ਗਨ ਬਿਚਾਰ ਕਰਹਿ ਸ਼ੁਭ ਸਬੈ॥ ੩॥

ਐਸੀ ਸੁਗੰਧੀ ਪਹਿਲਾਂ ਕਦੇ ਨਹੀਂ ਪਾਈ ਹੈ, ਇਹ ਅਚਾਨਕ ਹੁਣ ਕਿਥੋਂ ਆ ਗਈ ਹੈ? ਸਤਿਗੁਰੂ ਜੀ ਦੇ ਮਾਤਾ ਨਾਨਕੀ ਜੀ ਤਦ ਵਿਚਾਰ ਕੇ ਸ਼ੁਭ ਸ਼ਗਨ ਕੀਤੇ॥੩॥

'ਮਹਾਂ ਪੁਰਸ਼ ਮਮ ਸੁਤ ਕੇ ਹੋਵਾ। ਜਿਸ ਕੇ ਜਨਮਤਿ ਸ਼ੁਭ ਹੀ ਜੋਵਾ'।
ਪਤਿ ਕੇ ਬਾਕ ਬਿਚਾਰਨ ਕਰਤੀ। 'ਕੁਲ ਦੀਪਕ ਉਪਜਹਿ' ਮੁਦ ਧਰਤੀ॥ ੪॥

ਉਹ ਸੋਚਦੇ ਸਨ, "ਮੇਰੇ ਪੁੱਤਰ ਦੇ ਘਰ ਮਹਾਂਪੁਰਸ਼ ਪੈਦਾ ਹੋਇਆ ਹੈ ਜਿਸ ਦੇ ਜਨਮ ਤੇ ਸ਼ੁਭ ਸ਼ਗਨ ਵੇਖਿਆ ਹੈ। ਆਪਣੇ ਪਤੀ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਬਚਨਾਂ ਤੇ ਵਿਚਾਰ ਕਰਦੇ ਸਨ। "ਕੁਲ ਦਾ ਦੀਪਕ ਪੈਦਾ ਹੋਵੇਗਾ" ਪ੍ਰਸੰਨਤਾ ਧਾਰਨ ਕਰਦੇ ਸਨ॥੪॥

'ਸ੍ਰੀ ਨਾਨਕ ਕਹੁ ਉੱਜਲ ਨਾਮੂ। ਕਰਹਿ ਜਗਤ ਸਭਿ ਮਹਿਂ ਅਭਿਰਾਮੂ'।
ਇਮ ਪ੍ਰਸੰਨ ਹੁਇ ਭਾਖਜੋ ਮੋਹੀ। ਸਾਚ ਬਚਨ ਨਿਸ਼ਚੈ ਤਿਨ ਹੋਹੀ॥ ੫॥

"ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਨੂੰ ਸਾਰੇ ਜਗਤ ਵਿਚ ਮਨੋਹਰ ਢੰਗ ਨਾਲ ਉੱਜਲ ਕਰਨਗੇ।" ਇਸ ਤਰ੍ਹਾਂ ਪ੍ਰਸੰਨ ਹੋ ਕੇ ਮੈਨੂੰ ਕਿਹਾ ਸੀ, ਉਨ੍ਹਾਂ ਦੇ ਸੱਚੇ ਬਚਨਾਂ ਤੇ ਨਿਸ਼ਚਾ ਹੋ ਗਿਆ ਹੈ॥੫॥

ਅਤਿ ਅਨੰਦ ਕਰਤੀ ਮਨ ਮਾਹੂੰ। ਸੁਧਿ ਕੋ ਪਠਨਿ ਹੇਤੁ ਸੁਤ ਪਾਹੂੰ।
ਕਰੀ ਪੱਤ੍ਰਿਕਾ ਤਬਹਿ ਲਿਖਾਵਨਿ। 'ਤੁਮ ਘਰ ਨੰਦਨ ਨਿਪਜਜੋ ਪਾਵਨ॥੬॥

ਮਨ ਵਿਚ ਅਤੀ ਅਨੰਦ ਧਾਰਨ ਕਰਦੇ ਸਨ, ਪੁੱਤਰ ਨੂੰ ਖਬਰ ਦੇਣ ਵਾਸਤੇ ਤਦ ਇਕ ਚਿੱਠੀ ਲਿਖਵਾਈ, "ਤੁਹਾਡੇ ਘਰ ਵਿਚ ਪਵਿੱਤਰ ਪੁੱਤਰ ਨੇ ਜਨਮ ਲਿਆ ਹੈ॥੬॥

ਭਏ ਸ਼ਗੁਨ ਤਿਹ ਸਮੈ ਘਨੇਰੇ। ਜੋ ਪ੍ਰਮੋਦ ਦਾ ਅਹੈਂ ਬਡੇਰੇ।
ਕ੍ਰਿਪਾ ਕੀਨਿ ਸ੍ਰੀ ਨਾਨਕ ਮਹਾਂ। ਭਈ ਕਾਮਨਾ ਪੂਰਨ ਇਹਾਂ॥ ੭॥

ਉਸ ਸਮੇਂ ਬਹੁਤ ਚੰਗੇ ਸ਼ਗਨ ਹੋਏ, ਜਿਹੜੇ ਬੜੀ ਪ੍ਰਸੰਨਤਾ ਪ੍ਰਦਾਨ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਹਾਨ ਕਿਰਪਾ ਕੀਤੀ ਹੈ, ਏਥੇ ਕਾਮਨਾ ਪੂਰੀ ਹੋ ਗਈ ਹੈ॥੭॥

ਅਬਿ ਸੁੰਦਰ ਲਾਗਹਿ ਨਿਜ ਭਵਨੂੰ। ਇਤ ਕੋ ਕਰਹੁ ਆਪ ਆਗਵਨੂੰ।
ਇਮ ਲਿਖਿ ਕਰਿ ਤਤਕਾਲ ਪਠਾਵਾ। 'ਪਹੁੰਚਹੁ ਬਿਨ ਬਿਲੰਬ' ਤਿਸ ਗਾਵਾ॥੮॥

ਹੁਣ ਆਪਣਾ ਘਰ ਬੜਾ ਸੁੰਦਰ ਲੱਗਦਾ ਹੈ, ਹੁਣ ਆਪ ਏਥੇ ਆ ਜਾਵੋ।" ਇਸ ਤਰ੍ਹਾਂ ਚਿੱਠੀ ਲਿੱਖ ਕੇ ਦੂਤ ਨੂੰ ਤੁਰਤ ਭੇਜ ਦਿੱਤਾ। ਉਸ ਨੂੰ ਕਿਹਾ, "ਕਿਸੇ ਦੇਰ ਤੋਂ ਬਗੈਰ ਉਨ੍ਹਾਂ ਪਾਸ ਪਹੁੰਚ ਜਾਵੇਂ"॥੮॥

ਹੁਤੇ ਜਹਾਂ ਸ੍ਰੀ ਤੇਗ ਬਹਾਦਰ। ਤੂਰਨ ਗਯੋ ਪਹੁਚਿ ਭਾ ਹਾਦਰ।
ਬਹੁ ਉਤਸਵ ਸਗਰੇ ਦਲ ਭਯੋ। ਬਿਸ਼ਨ ਸਿੰਘ ਰਾਜੇ ਮੁਦ ਕਿਯੋ॥ ੯॥

ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਸਨ, ਦੂਤ ਤੁਰਤ ਉਥੇ ਪਹੁੰਚ ਕੇ ਹਾਜ਼ਰ ਹੋ ਗਿਆ। ਸਾਰੀ ਸੈਨਾ ਵਿਚ ਵੱਡਾ ਉਤਸਵ ਹੋਇਆ, ਰਾਜਾ ਬਿਸ਼ਨ ਸਿੰਘ ਬਹੁਤ ਪ੍ਰਸੰਨ ਹੋਇਆ॥੯॥

ਤਿਹ ਸਿਖ ਕੋ ਗੁਰ ਬਖਸ਼ਿਸ਼ ਦੀਨਿ। ਲੋਕ ਪ੍ਰਲੋਕ ਸੁਖੀ ਬਹੁ ਕੀਨਿ।
ਪੁਨਹਿ ਪੱਤ੍ਰਿਕਾ ਆਪ ਲਿਖਾਈ। 'ਦੇਸ਼ ਕਾਮਰੂ ਹਮ ਅਬਿ ਜਾਈ॥ ੧੦॥

ਉਸ ਸਿੱਖ ਨੂੰ ਗੁਰੂ ਜੀ ਨੇ ਬਖਸ਼ੀਸ਼ ਦਿੱਤੀ ਤੇ ਲੋਕ ਪਰਲੋਕ ਵਿਚ ਬਹੁਤ ਸੁਖੀ ਕੀਤਾ। ਫਿਰ ਗੁਰੂ ਜੀ ਨੇ ਆਪ ਚਿੱਠੀ ਲਿਖਵਾਈ, "ਹੁਣ ਅਸੀਂ ਕਾਮਰੂਪ ਦੇਸ਼ ਵਿਚ ਜਾ ਰਹੇ ਹਾਂ॥੧੦॥

ਨ੍ਰਿਪ ਕੋ ਕਾਜ ਜਬੈ ਬਨਿ ਜਾਇ। ਤਬਿ ਹਮ ਆਵਹਿੰਗੇ ਇਸ ਥਾਇਂ।
ਪ੍ਰਿਤਪਾਰਹੁ ਤੁਮ ਸਾਹਿਬਜ਼ਾਦਾ। ਕਰਹੁ ਦੁਲਾਰਨਿ ਧਰਿ ਅਹਿਲਾਦਾ'॥੧੧॥

ਰਾਜੇ ਦਾ ਕਾਰਜ ਜਦ ਬਣ ਜਾਵੇਗਾ, ਤਦ ਅਸੀਂ ਇਸ ਥਾਂ ਆਵਾਂਗੇ। ਤੁਸੀਂ ਸਾਹਿਬਜ਼ਾਦੇ ਦੀ ਪਾਲਣਾ ਕਰੋ ਤੇ ਪ੍ਰਸੰਨਤਾ ਧਾਰ ਕੇ ਇਸ ਨੂੰ ਲਾਡ ਪਿਆਰ ਕਰੋ"॥੧੧॥

ਪਠੀ ਪੱਤ੍ਰਿਕਾ ਪਟਣੇ ਆਈ। ਜਹਾਂ ਅਨਿਕ ਬਿਧਿ ਹੋਤਿ ਬਧਾਈ।
ਇਮ ਪ੍ਰਸੰਗ ਨੌਮੋ ਪਤਿਸ਼ਾਹੂ। ਸੁਨਜੋ ਜਨਮ ਕੋ ਅਬਿ ਉਤਸਾਹੂ॥ ੧੨॥

ਦੂਤ ਹੱਥ ਭੇਜੀ ਹੋਈ ਚਿੱਠੀ ਪਟਨੇ ਪਹੁੰਚ ਗਈ, ਜਿੱਥੇ ਅਨੇਕ ਵਿਧੀਆਂ ਨਾਲ ਵਧਾਈਆਂ ਹੋ ਰਹੀਆਂ ਸਨ। ਇਸ ਤਰ੍ਹਾਂ ਨੌਵੇਂ ਪਾਤਿਸ਼ਾਹ ਜੀ ਦਾ ਪ੍ਰਸੰਗ ਹੋਇਆ, ਪੁੱਤਰ ਦੇ ਜਨਮ ਬਾਰੇ ਸੁਣ ਕੇ ਬੜਾ ਉਤਸ਼ਾਹ ਵਧਿਆ॥੧੨॥

ਮਾਤ ਨਾਨਕੀ ਬ੍ਰਿਧਾ ਬਡੇਰੀ। ਰਛਹਿ ਅਨਿਕ ਪ੍ਰਕਾਰ ਘਨੇਰੀ।
ਸ੍ਰੀ ਨਾਨਕ ਆਦਿਕ ਗੁਰ ਨਾਮੂ। ਲੇ ਮੁਖ ਤੇ ਇਤ ਉਤ ਫਿਰ ਧਾਮੂ॥ ੧੩॥

ਮਾਤਾ ਨਾਨਕੀ ਜੀ ਬਹੁਤ ਬ੍ਰਿਧ ਹੈ, ਅਨੇਕ ਪ੍ਰਕਾਰ ਦੀ ਵੱਡੀ ਰੱਖਿਆ ਕਰਦੀ ਸੀ। ਸ੍ਰੀ ਗੁਰੂ ਨਾਨਕ ਤੇ ਆਦਿ ਗੁਰੂ ਸਾਹਿਬਾਨ ਦੇ ਨਾਮ ਮੁਖ ਤੋਂ ਲੈ ਕੇ ਘਰ ਵਿਚ ਏਧਰ ਓਧਰ ਫਿਰਦੀ ਸੀ॥੧੩॥

'ਨਾਨਾਂ ਭਾਂਤਿ ਬਿਘਨ ਸਮੁਦਾਏ। ਸਕਲ ਬਿਨਾਸਹੁ ਬਨਹੁੰ ਸਹਾਏ।
ਮਮ ਪੌਤ੍ਰੇ ਕੀ ਰੱਛਯਾ ਧਰੀਅਹਿ। ਚੰਦ ਮਨਿੰਦ ਬਿਲੰਦਹਿ ਕਰੀਅਹਿ'॥੧੪॥

"ਵੱਖ-ਵੱਖ ਪ੍ਰਕਾਰ ਦੇ ਸਾਰੇ ਵਿਘਨ ਦੂਰ ਕਰੋ ਤੇ ਸਾਡੇ ਸਹਾਇਕ ਬਣੋ। ਮੇਰੇ ਪੋਤਰੇ ਦੀ ਰਖਿਆ ਕਰੋ, ਚੰਦ ਵਾਂਗੂ ਇਸ ਨੂੰ ਵੱਡਾ ਕਰੋ"॥੧੪॥

**ਲਗਨ ਜੋਤਕੀ ਲਿਖਿ ਲੈ ਗਯੋ। ਬਹੁ ਦਿਨ ਭਲੇ ਬਿਚਾਰਤਿ ਭਯੋ।**
**ਲਿਖੀ ਜਨਮ ਪੱਤ੍ਰੀ ਗਿਨਿ ਸੋਧਿ। ਜਿਸ ਕੇ ਉਰ ਗ੍ਰੈਹ ਰਾਸ਼ੀ ਬੋਧ॥ ੧੫॥**

ਜੋਤਸ਼ੀ ਲਗਨ ਲਿਖ ਕੇ ਲੈ ਗਿਆ ਤੇ ਬਹੁਤ ਦਿਨ ਭਲੀ ਪ੍ਰਕਾਰ ਵਿਚਾਰਦਾ ਰਿਹਾ। ਗਿਣਤੀਆਂ ਕਰਕੇ ਅਤੇ ਸੋਧ ਕੇ ਜਨਮ ਪੱਤਰੀ ਲਿਖੀ, ਜਿਸ ਦੇ ਹਿਰਦੇ ਵਿਚ ਗ੍ਰਹਿ ਅਤੇ ਰਾਸ਼ੀਆਂ ਦੀ ਸਮਝ ਹੈ॥੧੫॥

**ਕਿਤਿਕ ਦਿਵਸ ਮਹਿਂ ਬਹੁਰ ਬੁਲਾਯਹੁ। ਮਾਤ ਨਾਨਕੀ ਨਿਕਟਿ ਬਿਠਾਯਹੁ।**
**ਆਦਿ ਕ੍ਰਿਪਾਲ ਮਹਾਂ ਮਤਿਵੰਤੇ। ਬੈਠੇ ਆਨਿ ਸਮੂਹ ਸੁਨੰਤੇ॥ ੧੬॥**

ਕੁਝ ਦਿਨਾਂ ਬਾਅਦ ਦੁਬਾਰਾ ਜੋਤਸ਼ੀ ਨੂੰ ਬੁਲਾਇਆ ਤੇ ਮਾਤਾ ਨਾਨਕੀ ਜੀ ਦੇ ਪਾਸ ਬਿਠਾਇਆ। ਕ੍ਰਿਪਾਲ ਚੰਦ ਆਦਿ ਜਿਹੜੇ ਮਹਾਨ ਬੁਧੀਵਾਨ ਸਨ, ਸਾਰੇ ਆ ਕੇ ਸੁਣਨ ਵਾਸਤੇ ਬੈਠ ਗਏ॥੧੬॥

**'ਪੋਖ ਮਾਸ ਕੋ ਪੱਖ ਸੁਕਲ ਹੈ। ਸਪਤਮ ਥਿਤ ਕੋ ਸਮੈਂ ਸੁਕਲ ਹੈ।**
**ਆਦਿਤਵਾਰ ਜਾਮਨੀ ਜਾਮੂ। ਭਯੋ ਜਨਮ ਬਾਲਿਕ ਬਲ ਧਾਮੂ॥ ੧੭॥**

"ਪੋਹ ਮਹੀਨੇ ਦਾ ਪੱਖ ਬਹੁਤ ਚੰਗਾ ਹੈ ਤੇ ਸਤਵੀਂ ਥਿੱਤ ਦਾ ਸਮਾਂ ਵੱਡੇ ਆਨੰਦ ਦਾ ਸਮਾਂ ਹੈ। ਐਤਵਾਰ ਵਾਲੇ ਦਿਨ ਇਕ ਪਹਿਰ ਰਾਤ ਰਹਿੰਦਿਆਂ ਸ਼ਕਤੀ ਦੇ ਘਰ ਭਾਵ ਬਾਲਕ ਦਾ ਜਨਮ ਹੋਇਆ॥੧੭॥

**ਪਰੇ ਲਗਨ ਮਹਿਂ ਗ੍ਰੈਹ ਦੇ ਮੰਗਲ। ਉਚ ਕੇ ਸੂਰਜ ਸ਼ਨਿ ਕਵਿਮੰਗਲ।**
**ਲਾਭ ਸਥਾਨ ਆਇ ਗ੍ਰਹ ਆਛੇ। ਪੂਰਨ ਦ੍ਰਿਸ਼ਟਿ ਬਿਲੋਕਤਿ ਬਾਂਛੈ॥ ੧੮॥**

ਲਗਨ ਵਿਚ ਅਨੰਦ ਮੰਗਲ ਦੇਣ ਵਾਲੇ ਗ੍ਰਹਿ ਪਏ ਹਨ। ਸੂਰਜ, ਸ਼ਨੀ, ਸ਼ੁਕਰ ਅਤੇ ਮੰਗਲ ਉੱਚੀ ਥਾਂ ਆਏ ਹਨ। ਲਾਭ ਸਥਾਨਾਂ ਤੇ ਚੰਗੇ ਗ੍ਰਹਿ ਆਏ ਹਨ। ਸਾਰੇ ਗ੍ਰਹਿ ਇਹ ਚਾਹੁੰਦੇ ਹਨ ਕਿ ਕਿਰਪਾ ਦ੍ਰਿਸ਼ਟੀ ਨਾਲ ਸਾਡੇ ਵਲ ਵੇਖੋ॥੧੮॥

**ਜਨਮ ਕੁੰਡਲੀ ਜਿਮ ਅਵਤਾਰਨਿ। ਤਿਮ ਲਖੀਯਤਿ ਪ੍ਰਤਾਪ ਬਡ ਕਾਰਨ।**
**ਐਸ਼੍ਵਰਜ ਵਧਹਿ ਅਨੇਕ ਪ੍ਰਕਾਰਾ। ਜਿਸ ਕੋ ਪਈਅਤਿ ਨਹੀਂ ਸ਼ੁਮਾਰਾ॥ ੧੯॥**

ਜਨਮ ਕੁੰਡਲੀ ਅਵਤਾਰਾਂ ਵਰਗੀ ਹੈ, ਉਸ ਕਰਕੇ ਵੱਡਾ ਪ੍ਰਤਾਪ ਦਿਖਾਈ ਦਿੰਦਾ ਹੈ। ਧਨ ਦੌਲਤ ਅਨੇਕ ਪ੍ਰਕਾਰ ਵਧੇਗਾ ਜਿਸਦਾ ਕੋਈ ਸ਼ੁਮਾਰ ਨਹੀਂ ਰਹੇਗਾ॥੧੯॥

**ਸਿੰਧੁ ਮੇਖਲਾ ਅਵਿਨੀ ਜੇਤੀ। ਜਸੁ ਪ੍ਰਤਾਪ ਤੇ ਪੂਰਹਿ ਤੇਤੀ।**
**ਰਾਮਚੰਦ ਮਾਨਿੰਦੇ ਜੋਧਾ। ਕ੍ਰਿਸ਼ਨ ਸਮਾਨ ਰਿਪੁਨਿ ਪਰ ਕ੍ਰੋਧਾ॥ ੨੦॥**

ਸਾਗਰ ਤੇ ਸਾਰੀ ਧਰਤੀ ਉਸ ਦੇ ਪ੍ਰਤਾਪ ਦਾ ਜੱਸ ਗਾਵੇਗੀ। ਰਾਮਚੰਦਰ ਵਾਂਗ ਯੋਧਾ ਹੋਵੇਗਾ ਤੇ ਕ੍ਰਿਸ਼ਨ ਵਾਂਗ ਵੈਰੀਆਂ 'ਤੇ ਕ੍ਰੋਧ ਧਾਰਨ ਕਰੇਗਾ॥੨੦॥

**ਜਿਮ ਬਲ ਛਲਿਬੇ ਬਾਵਨ ਭਯੋ। ਤਨ ਕੋ ਤਨਕ ਆਪਨੋ ਕਿਯੋ।**
**ਬਹੁਰ ਬਧਾਯੋ ਬਪੁਖ ਬਿਲੰਦ। ਅਪਰ ਨ ਕੋ ਭਾ ਜਿਸ ਮਾਨਿੰਦ॥ ੨੧॥**

ਜਿਵੇਂ ਰਾਜੇ ਬਲ ਨੂੰ ਛਲਣ ਵਾਲਾ ਬਾਵਨ ਅਵਤਾਰ ਹੋਇਆ ਹੈ ਜਿਸ ਨੇ ਆਪਣੇ ਸਰੀਰ ਨੂੰ ਬਹੁਤ ਛੋਟਾ ਕਰ ਲਿਆ ਸੀ, ਪਰ ਬਾਅਦ ਵਿਚ ਬਹੁਤ ਵੱਡਾ ਸਰੀਰ ਧਾਰਨ ਕਰ ਲਿਆ। ਜਿਸ ਵਰਗਾ ਹੋਰ ਕੋਈ ਨਹੀਂ ਹੋਇਆ ਹੈ॥੨੧॥

ਤਿਮੁ ਲਘੁ ਐਸ਼੍ਰਜ ਅਬੈ ਪ੍ਰਤਾਪੂ। ਜਬੈ ਸੰਭਾਰਹਿ ਅਪਨੋ ਆਪੂ।
ਤਤਛਿਨ ਦੋਨਹੁੰ ਕੋ ਬਿਰਧਾਵੈ। ਜਿਸ ਕੋ ਪਾਰ ਨਹੀਂ ਕੋ ਪਾਵੈ॥ ੨੨॥

ਉਸ ਤਰ੍ਹਾਂ ਹੁਣ ਧਨ ਦੌਲਤ ਤੇ ਪ੍ਰਤਾਪ ਛੋਟਾ ਹੈ, ਪਰ ਜਦ ਆਪਣੇ ਆਪ ਨੂੰ ਸੰਭਾਲ ਲੈਣਗੇ, ਤੁਰਤ ਧਨ ਦੌਲਤ ਅਤੇ ਪ੍ਰਤਾਪ ਵਧ ਜਾਵੇਗਾ, ਜਿਸ ਦਾ ਕੋਈ ਪਾਰਾਵਾਰ ਨਹੀਂ ਪਾ ਸਕੇਗਾ॥੨੨॥

ਇੱਤਜਾਦਿਕ ਸ਼ੁਭ ਗੁਨ ਸਮੁਦਾਏ। ਗਿਨਤੀ ਕਰਿ ਜੋਤਸ਼ੀ ਬਤਾਏ।
ਬਹੁ ਧਨ ਸਾਦਰ ਦੀਨਸਿ ਮਾਤਾ। ਲੇ ਦਿਜ ਆਸ਼ਿਖ ਦੇ ਹਰਖਾਤਾ॥ ੨੩॥

ਇਸ ਤਰ੍ਹਾਂ ਸਾਰੇ ਸ਼ੁਭ ਗੁਣ ਗਿਣਤੀ ਕਰਕੇ ਜੋਤਸ਼ੀ ਨੇ ਦੱਸੇ। ਮਾਤਾ ਜੀ ਨੇ ਫਿਰ ਉਸ ਨੂੰ ਬਹੁਤ ਧਨ ਦਿੱਤਾ। ਬ੍ਰਾਹਮਣ ਧਨ ਲੈ ਕੇ ਅਸੀਸ ਦੇ ਕੇ ਬਹੁਤ ਪ੍ਰਸੰਨ ਹੋਇਆ॥੨੩॥

'ਚਿਰੰਜੀਵ ਹੁਇ ਸਾਹਿਬਜ਼ਾਦਾ। ਦੇ ਪਰਵਾਰਹਿਂ ਬਹੁ ਅਹਿਲਾਦਾ'।
ਪੀਛੇ ਮਾਤ ਨਾਨਕੀ ਹਰਖਤਿ। ਸ਼ੁਭ ਲੱਛਨ ਪੌਤ੍ਰ ਮਹਿਂ ਪਰਖਤਿ॥ ੨੪॥

ਸਾਹਿਬਜ਼ਾਦਾ ਚਿਰੰਜੀਵ ਹੋਵੇ ਤੇ ਪਰਿਵਾਰ ਨੂੰ ਬਹੁਤ ਖੁਸ਼ੀਆਂ ਅਤੇ ਅਨੰਦ ਦੇਵੇ। ਬਾਅਦ ਵਿਚ ਮਾਤਾ ਨਾਨਕੀ ਜੀ ਬਹੁਤ ਪ੍ਰਸੰਨ ਹੋਈ। ਸਾਰੇ ਸ਼ੁਭ ਲੱਛਣ ਆਪਣੇ ਪੋਤਰੇ ਵਿਚ ਪਰਖਦੀ ਸੀ॥੨੪॥

ਲੇ ਨਿਜ ਅੰਕ ਦੁਲਾਰਹਿ ਘਨੀ। ਪਿਖਿ ਪਿਖਿ ਮੁਖ ਸਨੇਹ ਕੇ ਸਨੀ।
ਖਸ਼ਟੀ ਆਦਿਕ ਜਗ ਜਿਤੇਕ। ਕਰੇ ਜਥਾ ਬਿਧਿ ਹੁਤੇ ਤਿਤੇਕ॥ ੨੫॥

ਬਾਲਕ ਨੂੰ ਗੋਦ ਵਿਚ ਚੁੱਕ ਕੇ ਦੁਲਾਰਦੀ ਸੀ, ਮੁਖ ਵੇਖ-ਵੇਖ ਕੇ ਪਿਆਰ ਨਾਲ ਭਰ ਜਾਂਦੀ ਸੀ। ਛਟੀ ਆਦਿ ਜਿੰਨੇ ਵੀ ਯੱਗ ਹਨ, ਉਨ੍ਹਾਂ ਸਾਰਿਆਂ ਨੂੰ ਵਿਧੀ ਅਨੁਸਾਰ ਕਰਦੀ ਸੀ॥੨੫॥

ਅੰਤਰ ਰਾਖਹਿ ਰੱਛਜਾ ਕਰਤੇ। ਆਇ ਰੰਕ ਜੋ ਜਾਚਹਿ ਦਰ ਤੇ।
ਛੂਛਾ ਨਹੀਂ ਜਾਨਿ ਕੋ ਦੀਨਾ। ਮਧੁਰ ਗਿਰਾ ਕਹਿ ਦੈਬੋ ਕੀਨਾ॥ ੨੬॥

ਅੰਦਰ ਰੱਖ ਕੇ ਰਖਿਆ ਕਰਦੀ ਸੀ। ਜੋ ਕੋਈ ਗਰੀਬ ਦਰਵਾਜ਼ੇ ਤੇ ਮੰਗਣ ਆਉਂਦਾ ਸੀ, ਉਸ ਨੂੰ ਖਾਲੀ ਨਹੀਂ ਸੀ ਜਾਣ ਦਿੰਦੀ ਤੇ ਮਿੱਠੇ ਬਚਨ ਬੋਲ ਕੇ ਧਨ ਦਿੰਦੀ ਸੀ॥੨੬॥

ਪੁਰਿ ਮਹਿਂ ਜਸੁ ਪਸਰਜੋ ਜਹਿਂ ਕਹਾਂ। ਦਾਨ ਭਯੋ ਗੁਰ ਘਰ ਤੇ ਮਹਾਂ।
ਬਯ ਸ਼੍ਰੀ ਤੇਗ ਬਹਾਦਰ ਜੋਈ। ਬਡੀ ਭਈ ਸੁਤ ਭਯੋ ਨ ਕੋਈ॥ ੨੭॥

ਨਗਰ ਵਿਚ ਜਿੱਥੇ ਕਿੱਥੇ ਜੱਸ ਪਸਰਿਆ ਸੀ, ਗੁਰੂ ਜੀ ਦੇ ਘਰ ਤੋਂ ਬਹੁਤ ਦਾਨ ਮਿਲਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਉਮਰ ਬਹੁਤ ਵੱਡੀ ਹੋ ਗਈ ਸੀ, ਪਰ ਉਨ੍ਹਾਂ ਦੇ ਘਰ ਕੋਈ ਪੁੱਤਰ ਪੈਦਾ ਨਹੀਂ ਸੀ ਹੋਇਆ॥੨੭॥

ਅਤਿ ਚਾਹਤਿ ਕੈ ਉਪਜਜੋ ਨੰਦਨ। ਸਭਿ ਪਰਿਵਾਰ ਕਰਹਿਂ ਅਭਿਨੰਦਨ।
ਇਕ ਦਿਨ ਮਾਤ ਨਾਨਕੀ ਗਿਨੀ। ਸਾਥ ਕ੍ਰਿਪਾਲ ਬਾਰਤਾ ਭਨੀ॥ ੨੮॥

ਵੱਡੀ ਚਾਹਤ ਨਾਲ ਪੁੱਤਰ ਪੈਦਾ ਹੋਇਆ ਹੈ ਤੇ ਸਾਰਾ ਪਰਿਵਾਰ ਅਭਿਨੰਦਨ ਕਰਦਾ ਹੈ। ਇਕ ਦਿਨ ਮਾਤਾ ਨਾਨਕੀ ਜੀ ਨੇ ਭਾਈ ਕਿਰਪਾਲ ਚੰਦ ਦੇ ਨਾਲ ਗੱਲ ਕੀਤੀ॥੨੮॥

'ਸੰਮਤ ਸੋਲਹਿਂ ਸਯਾ ਅਠੱਤਰ। ਮੱਘਰ ਦੁਤੀਯਾ ਸੁਰ ਅਨੁੱਤਰ।
ਤਬਿ ਮਮ ਨੰਦਨ ਜਨਮ ਲਦੇ ਹੈਂ। ਅਬਿ ਪੈਂਤਾਲੀ ਬਰਖ ਭਏ ਹੈਂ॥ ੨੯॥

"ਸੰਮਤ ਸੋਲਾਂ ਸੌ ਅਠੱਤਰ, ਦੋ ਮੱਘਰ ਨੂੰ ਸੂਰਜ ਉਸ ਸਮੇਂ ਦੱਖਣ ਵਿਚ ਸੀ। ਤਦ ਮੇਰੇ ਪੁੱਤਰ ਨੇ ਜਨਮ ਲਿਆ ਸੀ। ਹੁਣ ਪੰਜਤਾਲੀ ਸਾਲ ਦੀ ਉਮਰ ਹੋਈ ਹੈ॥੨੯॥

**ਸੰਮਤ ਸੱਤ੍ਰਹ ਸੈ ਅਬਿ ਚੀਨ। ਊਪਰ ਬੀਤੇ ਬੀਸਹੁ ਤੀਨ।**
**ਸ਼੍ਰੀ ਨਾਨਕ ਕੀ ਕ੍ਰਿਪਾ ਉਦਾਰਾ। ਜਿਸ ਤੇ ਸੁਤ ਕੌ ਪੌਤ੍ਰ ਨਿਹਾਰਾ ॥ ੩੦॥**

ਹੁਣ ਸੰਮਤ ਸਤਾਰਾਂ ਸੌ ਤੇਈ ਹੋਈ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਕਿਰਪਾ ਹੋਈ ਹੈ, ਜਿਸ ਕਰਕੇ ਪੁੱਤਰ ਦੇ ਪੁੱਤਰ ਨੂੰ ਵੇਖਿਆ ਹੈ" ॥੩੦॥

**ਅਸ਼ਟ ਜੋਗਨੀ ਕਹੁ ਅਭਿਖੇਕਾ। ਸੁਤ ਕੀ ਕੁਸ਼ਲ ਜਾਚਿ, ਸਿਰ ਟੇਕਾ।**
**ਪੰਚਾਂਮ੍ਰਿਤ ਸਮੂਹ ਕਰਿਵਾਯੋ। ਸਭਿ ਸਿੱਖਜਨਿ ਕੇ ਘਰ ਪਹੁੰਚਾਯੋ॥ ੩੧ ॥**

ਅੱਠ ਜੋਗਨੀਆਂ ਨੂੰ ਪੂਜਿਆ ਹੈ, ਪੁੱਤਰ ਦੇ ਸੁਖ ਵਾਸਤੇ ਮੱਥਾ ਟੇਕਿਆ ਹੈ। ਸਾਰੇ ਕੜਾਹ ਪ੍ਰਸ਼ਾਦਿ ਕਰਵਾਇਆ ਹੈ ਸਾਰੇ ਸਿੱਖਾਂ ਦੇ ਘਰ ਪਹੁੰਚਾਇਆ ਹੈ॥੩੧॥

**ਦੇਤਿ ਲੇਤਿ ਕੇ ਰਿਦੇ ਅਨੰਦ। 'ਅਤਿ ਚਾਹਤਿ ਕੈ ਉਪਜਯੋ ਨੰਦ।**
**ਸ਼੍ਰੇਯ ਸਹਤਿ ਹੁਇ ਉਮਰ ਦਰਾਜ਼। ਲਹਹੁ ਅਨੰਦ ਬਿਲੰਦ ਸਮਾਜ' ॥ ੩੨ ॥**

ਦਿੰਦੇ ਲੈਂਦੇ ਬਹੁਤ ਪ੍ਰਸੰਨ ਹੁੰਦੇ ਸਨ, "ਅਤੀ ਚਾਹਤ ਨਾਲ ਪੁੱਤਰ ਪੈਦਾ ਹੋਇਆ ਹੈ, ਲੰਮੀ ਉਮਰ ਸਹਿਤ ਮੁਕਤੀ ਪ੍ਰਾਪਤ ਹੋਵੇ, ਸਮਾਜ ਵਿਚ ਵੱਡਾ ਅਨੰਦ ਪ੍ਰਾਪਤ ਕਰੋ" ॥੩੨॥

**ਸ਼੍ਰੀ ਗੁਜਰੀ ਸ਼ੁਭ ਮਤਿ ਗੁਰੁ ਘਰਨੀ। ਚਿਰੰਕਾਲ ਸੁਤ ਬਾਂਛਾ ਧਰਨੀ।**
**ਸ਼੍ਰੀ ਪਰਮੇਸ਼ੁਰ ਪੂਰਨ ਕਰੀ। ਬਿਚ ਪਰਦੇਸ਼ ਆਇ ਪੁਰਿ ਥਿਰੀ॥ ੩੩ ॥**

ਸ੍ਰੀ ਗੁਜਰੀ ਸੁਭ ਮੱਤ ਵਾਲੀ ਗੁਰੂ ਜੀ ਦੀ ਪਤਨੀ ਹੈ, ਬੜੇ ਲੰਮੇ ਸਮੇਂ ਤੋਂ ਪੁੱਤਰ ਦੀ ਇੱਛਾ ਧਾਰਨ ਕੀਤੀ ਸੀ। ਸ੍ਰੀ ਪਰਮੇਸ਼ਰ ਨੇ ਉਸਦੀ ਇੱਛਾ ਪੂਰਨ ਕੀਤੀ ਹੈ, ਪਰਦੇਸ ਦੇ ਵਿਚ ਆ ਕੇ ਨਗਰ ਵਿਚ ਠਹਿਰ ਗਏ ਹਨ॥੩੩॥

**ਭਈ ਪ੍ਰਸੂਤ ਸੁਪੂਤ ਨਿਹਾਰਾ। ਚਿਰਜੀਵਹੁ ਸਤਿਗੁਰੂ ਕੁਮਾਰਾ।**
**ਦੇਖਿ ਬਿਲੋਚਨ ਕੋ ਸਿਯਰਾਤੀ। ਹੁਇ ਅਨੰਦ ਤੇ ਸੀਤਲ ਛਾਤੀ' ॥ ੩੪ ॥**

ਪ੍ਰਸੂਤ ਹੋਣ ਤੇ ਪੁੱਤਰ ਵੇਖਿਆ। ਸਤਿਗੁਰੂ ਜੀ ਦਾ ਪੁੱਤਰ ਚਿਰਜੀਵ ਹੋਵੇ। ਪੁੱਤਰ ਨੂੰ ਵੇਖ ਕੇ ਨੈਣਾਂ ਨੂੰ ਸੀਤਲ ਕਰਦੀ ਹੈ ਤੇ ਅਨੰਦਮਈ ਹੋ ਕੇ ਛਾਤੀ ਵਿਚ ਠੰਡ ਪੈਂਦੀ ਸੀ॥੩੪॥

**ਇੱਤਜਾਦਿਕ ਬੋਲਤਿ ਨਰ ਨਾਰੀ। ਉਤਸਵ ਤੇ ਪ੍ਰਮੋਦ ਰਿਦ ਭਾਰੀ।**
**ਮਾਤਾ ਬਡੀ ਨਾਨਕੀ ਤਬੈ। ਰੱਛਾ ਕੇ ਉਪਾਵ ਕਰਿ ਸਬੈ॥ ੩੫ ॥**

ਇਸ ਤਰ੍ਹਾਂ ਇਸਤਰੀ ਪੁਰਸ਼ ਬੋਲਦੇ ਸਨ, ਉਤਸਵ ਕਰਕੇ ਹਿਰਦੇ ਵਿਚ ਭਾਰੀ ਪ੍ਰਸੰਨ ਹੁੰਦੇ ਸਨ। ਤਦ ਵੱਡੇ ਮਾਤਾ ਨਾਨਕੀ ਜੀ ਰੱਖਿਆ ਦੇ ਸਾਰੇ ਉਪਾਅ ਕਰਦੇ ਸਨ॥੩੫॥

**ਦਿਨ ਪ੍ਰਤਿ ਮੰਗਲ ਰਚਤਿ ਬਿਸਾਲਾ। ਆਇਂ ਹਜ਼ਾਰਹੁਂ ਪੁਰਿ ਕੀ ਬਾਲਾ।**
**ਮਨ ਭਾਵਤਿ ਗਾਵਤਿ ਸੁਭ ਗੀਤ। ਦਰਸਹਿਂ ਬਾਲਿਕ ਪਰਮ ਪੁਨੀਤ॥ ੩੬ ॥**

ਦਿਨ ਪ੍ਰਤਿ ਵਿਸ਼ਾਲ ਖੁਸ਼ੀਆਂ ਦੀ ਰਚਨਾ ਕਰਦੇ ਸਨ, ਨਗਰ ਦੀਆਂ ਹਜ਼ਾਰਾਂ ਇਸਤਰੀਆਂ ਆਉਂਦੀਆਂ ਸਨ। ਮਨ-ਭਾਉਂਦੇ ਸ਼ੁਭ ਗੀਤ ਗਾਉਂਦੀਆਂ ਸਨ ਤੇ ਪਰਮ ਪਵਿੱਤਰ ਬਾਲਕ ਦੇ ਦਰਸ਼ਨ ਕਰਦੀਆਂ ਸਨ॥੩੬॥

ਬੰਦਨ ਕਰਹਿਂ ਦੂਰ ਤੇ ਖਰੀ। ਕਰਹਿਂ ਸਰਾਹਨਿ 'ਸੂਰਤ ਖਰੀ'।
ਦਿਨ ਪ੍ਰਤਿ ਮਾਤ ਕਰਾਇ ਸ਼ਨਾਨਾ। ਪਟ ਸੋਂ ਪੋਂਛਤਿ ਪ੍ਰੇਮ ਮਹਾਨਾ॥ ੩੭॥

ਦੂਰ ਖੜੀਆਂ ਹੀ ਬੰਦਨਾ ਕਰਦੀਆਂ ਸਨ ਤੇ 'ਸੋਹਣੀ ਸੂਰਤ' ਦੀ ਸ਼ਲਾਘਾ ਕਰਦੀਆਂ ਸਨ। ਪ੍ਰਤਿ ਦਿਨ ਮਾਤਾ ਜੀ ਇਸ਼ਨਾਨ ਕਰਵਾਉਂਦੇ ਸਨ ਤੇ ਬਾਅਦ ਵਿਚ ਰੇਸ਼ਮ ਦੇ ਕੱਪੜੇ ਨਾਲ ਬੜੇ ਪ੍ਰੇਮ ਨਾਲ ਸਾਫ ਕਰਦੇ ਸਨ॥੩੭॥

ਸੂਧੀ ਕਰ ਪਗ ਕੀ ਅੰਗੁਰੀਨ। ਮ੍ਰਿਦੁਲ ਕੋਕਨਦ ਪੰਖਰੀ ਚੀਨ।
ਦਿਪਹਿਂ ਪੁਨਰਭ੍ਰ ਮਾਣਿਕ ਜੈਸੇ। ਪਦਮਾਲਯ ਜਟਤੀ ਹੁਇ ਵੈਸੇ॥ ੩੮॥

ਹੱਥਾਂ ਪੈਰਾਂ ਦੀਆਂ ਉਂਗਲੀਆਂ ਨੂੰ ਸਿਧੀਆਂ ਕਰਦੇ ਸਨ ਤੇ ਕੋਮਲ ਲਾਲ ਕੰਵਲ ਦੇ ਫੁੱਲ ਦੀਆਂ ਪੰਖੜੀਆਂ ਨੂੰ ਵੇਖਦੇ ਸਨ। ਉਂਗਲੀਆਂ ਦੇ ਨੌਂਹ ਮਣੀਆਂ ਵਾਂਗ ਚਮਕਦੇ ਹਨ, ਮਾਨੋ ਲਛਮੀ ਦੀ ਹੀ ਜੜਤ ਕੀਤੀ ਹੋਈ ਹੈ॥੩੮॥

ਜਿਨ ਕੇ ਧਯਾਨ ਕਰੇ ਅਘ ਜਾਇਂ। ਪਰੇ ਕਰਤਿ ਚੰਚਲ ਕਰ ਪਾਇ।
ਸ੍ਰੀ ਗੁਰ ਤੇਗ ਬਹਾਦਰ ਜਾਤੇ। ਨਾਮ ਗਏ ਧਰ ਪ੍ਰਥਮ ਬਖਯਾਤੇ॥ ੩੯॥

ਜਿਨ੍ਹਾਂ ਦਾ ਧਿਆਨ ਲਾਉਣ ਨਾਲ ਪਾਪ ਦੂਰ ਹੋ ਜਾਂਦੇ ਹਨ, ਪੈਰ ਚੰਚਲ ਕਰਕੇ ਪਰ੍ਹਾਂ ਕਰ ਲੈਂਦੇ ਹਨ। ਗੁਰੂ ਤੇਗ ਬਹਾਦਰ ਜੀ ਜਾਣ ਲੱਗੇ ਪਹਿਲਾਂ ਹੀ ਬਾਲਕ ਦਾ ਨਾਮ ਪ੍ਰਗਟ ਕਰ ਗਏ ਸਨ॥੩੯॥

ਪੂਰਬ ਜਨਮ ਬ੍ਰਿਤੰਤ ਬਿਚਾਰਿ। ਸ੍ਰੀ ਗੁਜਰੀ ਪ੍ਰਤਿ ਕੀਨਿ ਉਚਾਰ।
ਸੋ ਧਰਿ ਨਾਮ ਹਕਾਰਨ ਕਰਤਿ। ਬਾਰ ਬਾਰ ਬੋਲੇ ਹਸ ਪਰਤਿ॥ ੪੦॥

ਬਾਲਕ ਦੇ ਪਿਛਲੇ ਜਨਮ ਦੇ ਬ੍ਰਿਤਾਂਤ ਤੇ ਵਿਚਾਰ ਕੀਤੀ ਤੇ ਸ੍ਰੀ ਗੁਜਰੀ ਪਾਸ ਉਚਾਰਨ ਕਰਕੇ ਕਿਹਾ। ਉਹ ਨਾਮ ਧਰਕੇ ਬੁਲਾਉਂਦੇ ਸਨ। ਬਾਰ-ਬਾਰ ਬੁਲਾਉਣ ਨਾਲ ਹੱਸ ਪੈਂਦੇ ਸਨ॥੪੦॥

ਬਾਚ ਅਕਾਲ ਪੁਰਖ ਤੇ ਅਏ। 'ਗੋ' ਧਰ ਮਹਿਂ, 'ਬਿੰਦਾ' ਪ੍ਰਾਪਤਿ ਭਏ।
ਯਾਂਤੇ ਗੋਬਿੰਦ ਨਾਮ ਉਚਾਰਾ। ਜੋ ਹੁਇ ਚਹੁੰ ਕੁੰਟਨਿ ਬਿਸਤਾਰਾ॥ ੪੧॥

ਅਕਾਲ ਪੁਰਖ ਪਾਸੋਂ ਆਈ ਬਾਣੀ ਨਾਲ ਗੋ=ਪ੍ਰਿਥਵੀ ਵਿਖੇ ਬਿੰਦ=ਪ੍ਰਾਪਤ ਹੋਏ, ਇਸ ਕਰਕੇ ਗੋਬਿੰਦ ਨਾਮ ਉਚਾਰਨ ਕੀਤਾ। ਜਿਸਦਾ ਵਿਸਥਾਰ ਚਾਰੇ ਕੂੰਟਾਂ ਵਿਚ ਹੋਵੇਗਾ॥੪੧॥

ਸਿੰਘ ਜੁ ਪਦ ਦੇਵੀ ਨੇ ਦੀਨਿ। ਰਾਖਸ਼ ਹਤੇ ਕਰੋਰਹੁੰ ਚੀਨਿ।
ਗੁਰ ਸ੍ਰੀ ਨਾਨਕ ਜੋਤਿ ਮਿਲਏ। ਯਾਂਤੇ 'ਗੁਰ ਗੋਬਿੰਦ ਸਿੰਘ' ਭਏ॥ ੪੨॥

ਸਿੰਘ ਪਦਵੀ ਜੋ ਦੇਵੀ ਨੇ ਦਿੱਤੀ ਸੀ, ਜਦ ਕਰੋੜਾਂ ਰਾਖਸ਼ਾਂ ਨੂੰ ਮਾਰੇ ਗਏ ਵੇਖਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਨਾਲ ਮਿਲ ਜਾਣਗੇ, ਇਸ ਕਰਕੇ ਇਨ੍ਹਾਂ ਦਾ ਨਾਂ ਗੁਰੂ ਗੋਬਿੰਦ ਸਿੰਘ ਨਾਮ ਹੋਇਆ॥੪੨॥

ਧਰਿ ਹਾਥਨਿ ਪਰ ਕੈ ਖਿਚ ਗੋਦ। ਬਾਰਹਿ ਬਾਰ ਕਰਹਿਂ ਪਰਮੋਦ।
ਮੁਖ ਅਰਬਿੰਦ ਹਸਾਵਨਿ ਕਰੈਂ। ਲਾਲਤਿ ਬਹੁ ਬਿਧਿ ਤੇ ਮੁਦ ਧਰੈਂ॥ ੪੩॥

ਹੱਥਾਂ ਉਤੇ ਧਰ ਕੇ ਜਾਂ ਗੋਦ ਵਿਚ ਚੁੱਕ ਕੇ, ਬਾਰ-ਬਾਰ ਪਿਆਰ ਕਰਦੇ ਸਨ। ਕੰਵਲ ਵਰਗੇ ਮੁਖੜੇ ਨੂੰ ਹਸਾਉਂਦੇ ਸਨ। ਬਹੁਤ ਵਿਧੀਆਂ ਨਾਲ ਲਾਡ ਕਰਕੇ ਪ੍ਰਸੰਨਤਾ ਧਾਰਨ ਕਰਦੇ ਸਨ॥੪੩॥

ਸਾਸੁ ਨੁਖਾ ਜਜੋਂ ਜੀਵਨ ਮਨਿ ਹੈ। ਦੇਖਤਿ ਪਾਲਤਿ ਆਨੰਦ ਮਨ ਹੈ।
ਦੋਨਹੁੰ ਰੱਛਯਾ ਕਰਤਿ ਬਡੇਰੇ। ਨਯਨ ਪਲਕ ਨਜਾਈ ਬਹੁ ਬੇਰੇ॥ ੪੪॥

ਨੂੰਹ ਸੱਸ ਜੀਵਨਮਨੀ ਵਾਂਗ ਸੰਭਾਲ ਕੇ ਰਖਦੀਆਂ ਹਨ, ਵੇਖ ਕੇ ਪਾਲ ਕੇ ਮਨ ਵਿਚ ਬਹੁਤ ਪ੍ਰਸੰਨ ਹੁੰਦੀਆਂ ਹਨ। ਦੋਵੇਂ ਵੱਡੀ ਰੱਖਿਆ ਕਰਦੀਆਂ ਸਨ, ਜਿਵੇਂ ਅੱਖਾਂ ਦੀਆਂ ਪਲਕਾਂ ਹਰ ਵੇਲੇ ਨੈਣਾਂ ਦੀ ਰੱਖਿਆ ਕਰਦੀਆਂ ਹਨ॥੪੪॥

ਦਿਨ ਪ੍ਰਤਿ ਸੁੰਦਰ ਵਧਹਿ ਸਰੀਰ। ਦਾਦੀ ਬ੍ਰਿਧਾ ਰਹੈ ਨਿਤ ਤੀਰ।
ਕਵਿ ਸੰਤੋਖ ਸਿੰਘ ਬਲਿਹਾਰੀ। ਜਿਸ ਗੁਰ ਅਪਦਾ ਹਰੀ ਹਮਾਰੀ॥ ੪੫॥

ਦਿਨ ਪ੍ਰਤਿ ਸੁੰਦਰ ਸਰੀਰ ਵਧਦਾ ਜਾਂਦਾ ਸੀ। ਬ੍ਰਿਧ ਦਾਦੀ ਸਦਾ ਹੀ ਪਾਸ ਰਹਿੰਦੀ ਸੀ। ਕਵੀ ਸੰਤੋਖ ਸਿੰਘ ਗੁਰੂ ਜੀ ਤੋਂ ਬਲਿਹਾਰ ਜਾਂਦਾ ਹੈ, ਜਿਸ ਗੁਰੂ ਜੀ ਨੇ ਸਾਡੀ ਬਿਪਤਾ ਦੂਰ ਕੀਤੀ ਹੈ॥੪੫॥

*ਬਾਰ੍ਹਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥*

## ਅਧਿਆਇ ਚੌਦ੍ਹਵਾਂ

### ਘੁੜਾਮ ਦਾ ਭੀਖਣ ਸ਼ਾਹ

ਦੋਹਰਾ- ਪੁਰਿ ਕੁਹੜਾਮ ਬਿਖੈ ਹੁਤੋ ਸ਼ਾਹੂ ਭੀਖ ਜਿਸ ਨਾਮ।
ਨਿਜ ਮੁਰਸ਼ਿਦ ਕੇ ਢਿਗ ਰਹਤਿ ਠਸਕੇ ਗ੍ਰਾਮ ਸੁ ਧਾਮ॥ ੧॥

ਘੁੜਾਮ ਪਿੰਡ ਵਿਚ ਭੀਖਣ ਸ਼ਾਹ ਨਾਮ ਦਾ ਇਕ ਫਕੀਰ ਰਹਿੰਦਾ ਸੀ। ਉਹ ਆਪਣੇ ਇਕ ਮੁਰਸ਼ਿਦ ਦੇ ਪਾਸ ਠੱਸਕੇ ਪਿੰਡ ਵਿਚ ਰਹਿ ਰਿਹਾ ਸੀ॥੧॥

ਚੌਪਈ- ਜਿਸ ਦਿਨ ਸ੍ਰੀ ਗੁਰ ਜਗ ਬਿਦਤਾਏ। ਲੋਕ ਮ੍ਰਿਯਾਦ ਹੇਤੁ ਪ੍ਰਭੁ ਆਏ।
ਭਈ ਪ੍ਰਾਤਿ ਉਰ ਮਹਿਂ ਲਖਿ ਭੀਖ। ਅਵਤਰਿਓ ਨਰ ਬਰ ਦੇ ਸੀਖ॥੨॥

ਜਿਸ ਦਿਨ ਗੁਰੂ ਜੀ ਨੇ ਜਗ ਵਿਚ ਅਵਤਾਰ ਧਾਰਨ ਕੀਤਾ, ਲੋਕ ਮਰਯਾਦਾ ਵਾਸਤੇ ਪ੍ਰਭੂ ਜੀ ਇਸ ਦੁਨੀਆਂ ਵਿਚ ਆਏ। ਸਵੇਰ ਹੋਣ 'ਤੇ ਭੀਖਣ ਸ਼ਾਹ ਹਿਰਦੇ ਵਿਚ ਸਮਝ ਗਿਆ। ਪੁਰਸ਼ਾਂ ਨੂੰ ਸ੍ਰੇਸ਼ਟ ਸਿੱਖਿਆ ਦੇਣ ਵਾਸਤੇ ਪ੍ਰਭੂ ਨੇ ਅਵਤਾਰ ਧਾਰਿਆ ਹੈ॥੨॥

ਤੁਰਕਨਿ ਕੁਮਤਿ ਕਰੀ ਹੈ ਕੂਰੇ। ਕ੍ਰੋਧੀ ਕੁਤਸਤ ਕਰਮਨਿ ਕ੍ਰੂਰੇ।
ਤਿਨਕੋ ਤੇਜ ਨਾਸਿਬੇ ਹੇਤੁ। ਧਰਜੋ ਦੇਹ ਗੁਰੁਤਾ ਪਦ ਲੇਤ॥ ੩॥

ਤੁਰਕਾਂ ਨੇ ਕੂੜੇ ਹੋ ਕੇ ਬੜੀ ਭੈੜੀ ਮੱਤ ਧਾਰਨ ਕੀਤੀ ਹੈ। ਕ੍ਰੋਧੀ ਨਿੰਦਿਤ ਕੰਮ ਤੇ ਭਿਆਨਕ ਕਰਮਾਂ ਦੇ ਕਰਨ ਵਾਲੇ ਹੋ ਗਏ ਹਨ। ਉਨ੍ਹਾਂ ਦੇ ਤੇਜ ਨੂੰ ਨਾਸ ਕਰਨ ਵਾਸਤੇ ਦੇਹ ਧਾਰ ਕੇ ਗੁਰਤਾ ਪਦਵੀ ਲੈਣਗੇ॥੩॥

ਬ੍ਰਿੰਦ ਮੁਰੀਦ ਬੀਚ ਤਬਿ ਬੈਸਾ। ਭਯੋ ਸੰਕਲਪ ਰਿਦੇ ਤਬਿ ਐਸਾ।
ਤਤਛਿਨ ਉਠਜੋਅਪਰ ਸਭਿ ਤਜਾਗੇ। ਪੂਰਬ ਦਿਸ਼ਿ ਮੁਖ ਕਰਿ ਅਨੁਰਾਗੇ॥੪॥

ਉਸ ਵੇਲੇ ਭੀਖਣ ਸ਼ਾਹ ਬਹੁਤ ਮੁਰੀਦਾਂ ਦੇ ਵਿਚ ਬੈਠਾ ਸੀ, ਫਿਰ ਹਿਰਦੇ ਵਿਚ ਐਸਾ ਸੰਕਲਪ ਜਾਗਿਆ। ਸਾਰਿਆਂ ਨੂੰ ਛੱਡ ਕੇ ਤੁਰਤ ਪ੍ਰੇਮ ਕਰਕੇ ਉਠਿਆ ਤੇ ਪੂਰਬ ਵਲ ਮੁਖ ਕੀਤਾ॥੪॥

ਮੂੰਦਿ ਬਿਲੋਚਨ ਧਰਿ ਉਰ ਧਜਾਨਾ। ਸਾਦਰ ਹਾਥ ਬੰਦਿ ਥਿਤ ਥਾਨਾ।
ਮਨ ਮਹਿਂ ਕੀਨਿ ਬੰਦਗੀ ਘਨੀ। ਪਰਮ ਪ੍ਰੇਮ ਆਤੁ ਰਤਾ ਸਨੀ॥ ੫ ॥

ਅੱਖਾਂ ਬੰਦ ਕਰਕੇ ਹਿਰਦੇ ਵਿਚ ਧਿਆਨ ਧਾਰਨ ਕੀਤਾ ਤੇ ਆਦਰ ਨਾਲ ਹੱਥ ਜੋੜ ਕੇ ਬੈਠ ਗਿਆ। ਮਨ ਵਿਚ ਬਹੁਤ ਬੰਦਗੀ ਕੀਤੀ ਤੇ ਪਰਮ ਪ੍ਰੇਮ ਨਾਲ ਦੀਨਤਾ ਸਹਿਤ ਹੋ ਗਿਆ॥੫॥

ਨੰਮ੍ਰਿ ਹੋਇ ਧਰ ਸਿਰ ਧਰਿ ਦੀਨਾ। ਕੁਨਸਾ ਕੀਨਸਿ ਤੀਨ ਪ੍ਰਬੀਨਾ।
ਉਤਫੁਲ ਲੋਚਨ ਹੁਇ ਕਰਿ ਬੈਸਾ। ਜਨਮ ਰੰਕ ਪਾਰਸ ਲਿਯ ਜੈਸਾ॥ ੬ ॥

ਸਨਿੰਮਰ ਹੋ ਕੇ ਧਰਤੀ ਤੇ ਸਿਰ ਧਰ ਦਿੱਤਾ ਤੇ ਤਿੰਨ ਵਾਰ ਸਿਜਦਾ ਕੀਤਾ ਤੇ ਫਿਰ ਨੇਤਰ ਖਿੜਾ ਕੇ ਇਸ ਤਰ੍ਹਾਂ ਬੈਠ ਗਿਆ, ਮਾਨੋ ਕਿਸੇ ਗਰੀਬ ਨੂੰ ਪਾਰਸ ਲੱਭ ਪਿਆ ਹੋਵੇ॥੬॥

ਦੇਖਿ ਮੁਰੀਦ ਅਖਿਲ ਬਿਸਮਾਨੇ। 'ਕਿਹਾਂ ਕੀਨ ਇਹ ਪੀਰ ਸਯਾਨੇ।
ਇਤਿ ਦਿਸ਼ਿ ਕਿਸ ਕੋ ਸੀਸ ਨਿਵਾਯੋ। ਜਥਾ ਪ੍ਰਾਤਿ ਹਿੰਦੁਨਿ ਕੋ ਭਾਯੋ॥ ੭ ॥

ਸਾਰੇ ਮੁਰੀਦ ਵੇਖ ਕੇ ਬਹੁਤ ਹੈਰਾਨ ਹੋਏ, ਸੋਚਣ ਲੱਗੇ, "ਇਸ ਸਿਆਣੇ ਬਿਆਣੇ ਪੀਰ ਨੇ ਇਹ ਕੀ ਕੀਤਾ ਹੈ। ਇਸ ਪਾਸੇ ਕਿਸ ਨੂੰ ਸਿਰ ਨਿਵਾਇਆ ਹੈ, ਜਿਵੇਂ ਸਵੇਰ ਵੇਲੇ ਹਿੰਦੂ ਮੱਥਾ ਟੇਕਦੇ ਹਨ॥੭॥

ਪਸ਼ਚਮ ਦਿਸ਼ਿ ਕੋ ਪ੍ਰਿਸ਼ਟੀ ਫੇਰਿ। ਭਏ ਨੰਮ੍ਰਿ ਔਚਕ ਕਯਾ ਹੇਰਿ'।
ਹਾਥ ਜੋਰਿ ਪੂਛਯੋ ਪੁਨ ਭੀਖ। 'ਪ੍ਰਥਮ ਨ ਤੁਮਰੀ ਇਹ ਬਿਧਿ ਦੀਖ॥ ੮ ॥

ਪੱਛਮ ਵਾਲੇ ਪਾਸੇ ਪਿੱਠ ਕਰ ਲਈ ਹੈ। ਅਚਾਨਕ ਕੀ ਵੇਖ ਕੇ ਸਨਿੰਮਰ ਹੋ ਗਏ ਹਨ।" ਫਿਰ ਉਨ੍ਹਾਂ ਨੇ ਹੱਥ ਜੋੜ ਕੇ ਭੀਖਣ ਸ਼ਾਹ ਨੂੰ ਪੁੱਛਿਆ, "ਪਹਿਲਾਂ ਤਾਂ ਕਦੀ ਤੁਹਾਡੀ ਇਹ ਵਿਧੀ ਨਹੀਂ ਵੇਖੀ ਹੈ॥੮॥

ਉਠਹਿਂ ਪ੍ਰਾਤਿ ਹਿੰਦੂ ਕਰ ਜੋਰਿ। ਬੰਦਨ ਕਰਹਿਂ ਸਕਲ ਇਤ ਓਰ।
ਹਮ ਪਸ਼ਚਮ ਦਿਸ਼ਿ ਸੀਸ ਨਿਵਾਇਂ। ਆਪਨਿ ਦੀਨ ਕੋ ਰਾਖਹਿਂ ਭਾਇ॥ ੯ ॥

ਸਵੇਰੇ ਉੱਠ ਕੇ ਹਿੰਦੂ ਇਸ ਪਾਸੇ ਹੱਥ ਜੋੜਦੇ ਹਨ, ਸਾਰੇ ਇਸ ਪਾਸੇ ਬੰਦਨਾ ਕਰਦੇ ਹਨ। ਅਸੀਂ ਪੱਛਮ ਵਾਲੇ ਪਾਸੇ ਸਿਰ ਨਿਵਾਉਂਦੇ ਹਾਂ, ਆਪਣੇ ਦੀਨ ਨਾਲ ਪ੍ਰੇਮ ਰੱਖਦੇ ਹਾਂ॥੯॥

ਆਪ ਹਮੇਸ਼ ਕਰਤਿ ਹੋ ਐਸੇ। ਅਬਿ ਕਿਸਕੋ ਪਿਖਿ ਕੀਨਸਿ ਕੈਸੇ?'।
ਸ਼ਾਹ ਭੀਖ ਸੁਨਿਕੈ ਤਬਿ ਕਹਯੋ। 'ਕਾਰਨ ਸੁਨੋ ਜਥਾ ਮੈਂ ਲਹਯੋ॥ ੧੦ ॥

ਆਪ ਹਮੇਸ਼ਾਂ ਇਸ ਤਰ੍ਹਾਂ ਕਰਦੇ ਹੋ, ਹੁਣ ਕਿਸ ਨੂੰ ਵੇਖ ਕੇ ਇਸ ਤਰ੍ਹਾਂ ਕੀਤਾ ਹੈ?" ਭੀਖਣ ਸ਼ਾਹ ਨੇ ਇਹ ਸੁਣ ਕੇ ਤਦ ਕਿਹਾ, "ਕਾਰਨ ਸੁਣੋ ਜਿਵੇਂ ਮੈਂ ਵੇਖਿਆ ਹੈ॥੧੦॥

ਦੀਨ ਦੁਨੀ ਕੋ ਖਾਂਵਦ ਆਵਾ। ਮਾਨੁਖ ਦੇਹਿ ਧਾਰਿ ਬਿਦਤਾਵਾ।
ਗਰਬਨਿ ਕੇ ਗਰਬਨਿ ਕੋ ਗੰਜਨ। ਮਿਰਜਾਦਾ ਭੰਜਨ ਕੋ ਭੰਜਨ॥ ੧੧ ॥

ਦੀਨ ਦੁਨੀਆਂ ਦਾ ਮਾਲਕ ਆਇਆ ਹੈ, ਮਨੁੱਖਾ ਦੇਹ ਧਾਰ ਕੇ ਪ੍ਰਗਟ ਹੋਇਆ ਹੈ। ਹੰਕਾਰੀਆਂ ਦੇ ਹੰਕਾਰ ਨੂੰ ਭੰਨੇਗਾ ਤੇ ਮਰਯਾਦਾ ਭੰਨਣ ਵਾਲਿਆਂ ਨੂੰ ਵੀ ਮਾਰੇਗਾ॥੧੧॥

ਤੇਜ ਤ੍ਰਿਲੋਕਨਿ ਮਹਿਂ ਬਿਸਤਾਰੇ। ਤੁਰਕਨਿ ਔਂਧੇ ਕਰਹਿ ਨਗਾਰੇ।
ਸਿਖ ਸੰਗਤ ਕੋ ਤ੍ਰਾਸ ਮਿਟਾਵੈ। ਸੱਤਜਨਾਮ ਕੋ ਜਾਪ ਜਪਾਵੈਂ॥ ੧੨ ॥

ਉਸ ਦਾ ਤੇਜ ਤਿੰਨਾਂ ਲੋਕਾਂ ਵਿਚ ਫੈਲੇਗਾ ਤੇ ਉਹ ਤੁਰਕਾਂ ਦੇ ਨਗਾਰੇ ਮੂਧੇ ਕਰੇਗਾ। ਸਿੱਖ ਸੰਗਤ ਦਾ ਡਰ ਮਿਟਾਵੇਗਾ ਤੇ ਸਤਿਨਾਮ ਦਾ ਜਾਪ ਜਪਾਵੇਗਾ॥੧੨॥

**ਅਪਨੋ ਪੰਥ ਜਗਤ ਬਿਦਤਾਵਹਿ। ਇਕ ਮਤਿ ਕਰਤਿ ਤੀਨ ਦਿਖਰਾਵਹਿ।**
**ਨਿਸਾ ਆਜ ਕੀ ਜਨਮੇ ਬਾਲਕ। ਤਰੁਨ ਤਰਨਿ ਸਮ ਤਮੁ ਰਿਪੁ ਘਾਲਿਕ॥੧੩॥**

ਆਪਣੇ ਪੰਥ ਨੂੰ ਜਗਤ ਵਿਚ ਪ੍ਰਗਟ ਕਰਨਗੇ, ਨੌਰੰਗਾ ਇਕ ਮੱਤ ਕਰਦਾ ਹੈ ਇਹ ਤਿੰਨ ਮੱਤ ਕਰਕੇ ਵਿਖਾਉਣਗੇ। ਇਹ ਦੁਪਹਿਰ ਦੇ ਸੂਰਜ ਵਾਂਗ ਹਨੇਰਾ ਰੂਪੀ ਵੈਰੀਆਂ ਨੂੰ ਨਾਸ਼ ਕਰਨ ਵਾਲੇ ਹਨ॥੧੩॥

**ਭਈ ਪ੍ਰਾਤ ਮੁਝ ਸੁਧਿ ਮਨ ਭਈ। ਕਰੀ ਬੰਦਗੀ ਮੈਂ ਸੁਖ ਮਈ।**
**ਪੁਰਿ ਪਟਣਾ ਪੂਰਬ ਦਿਸ਼ਿ ਬਿਸੈ। ਮੈਂ ਅਬਿ ਜਾਉਂ ਦਰਸਹੋਂ ਤਿਸੈ॥ ੧੪॥**

ਸਵੇਰ ਹੋਣ ਤੇ ਮੇਰੇ ਮਨ ਵਿਚ ਸੋਝੀ ਆਈ, ਇਸ ਕਰਕੇ ਮੈਂ ਉਨ੍ਹਾਂ ਨੂੰ ਸੁਖਦਾਇਕ ਬੰਦਨਾ ਕੀਤੀ ਹੈ। ਪਟਨਾ ਸ਼ਹਿਰ ਪੂਰਬ ਵਾਲੇ ਪਾਸੇ ਵੱਸਦਾ ਹੈ, ਮੈਂ ਹੁਣ ਜਾ ਕੇ ਉਨ੍ਹਾਂ ਦੇ ਦਰਸ਼ਨ ਕਰਾਂਗਾ॥੧੪॥

**ਬਿਨੈ ਠਾਨਿ ਬਖਸ਼ਾਵਨਿ ਕਰਿਹੋਂ। ਅਪਨਿ ਇਸ਼ਟ ਥਿਰਤਾ ਅਨੁਸਾਰ ਹੋਂ।**
**ਦਰਸ਼ਨ ਕਰੇ ਪਾਕ ਅਤਿ ਹੋਵੋਂ। ਗੁਨਹਿ ਅਨਿਕ ਮਨ ਤਨ ਤੇ ਖੋਵੋਂ॥੧੫॥**

ਬੇਨਤੀ ਕਰਕੇ ਆਪਣੇ ਆਪ ਨੂੰ ਬਖਸ਼ਾ ਲਵਾਂਗਾ ਤੇ ਉਨ੍ਹਾਂ ਨੂੰ ਆਪਣਾ ਇਸ਼ਟ ਠਹਿਰਾ ਕੇ ਆਗਿਆਕਾਰੀ ਹੋਵਾਂਗਾ। ਦਰਸ਼ਨ ਕਰਕੇ ਅਤਿ ਪਵਿੱਤਰ ਹੋਵਾਂਗਾ ਤੇ ਅਨੇਕਾਂ ਮਨ ਅਤੇ ਤਨ ਦੇ ਗੁਨਾਹਾਂ ਨੂੰ ਦੂਰ ਕਰਾਂਗਾ"॥੧੫॥

**ਬ੍ਰਿੰਦ ਮੁਰੀਦਨਿ ਸੋਂ ਇਮ ਕਰਹੋ। ਭਯੋ ਤਯਾਰ ਮਾਰਗ ਬਡ ਲਹਯੋ।**
**ਦੋਇ ਮੁਰੀਦ ਮੁਰਾਦ ਧਰੰਤੇ। ਲਿਯੇ ਸੰਗ ਪ੍ਰਿਯ ਸੇਵ ਕਰੰਤੇ॥ ੧੬॥**

ਬਹੁਤ ਮੁਰੀਦਾਂ ਨੂੰ ਇਸ ਤਰ੍ਹਾਂ ਕਿਹਾ ਤੇ ਫਿਰ ਤਿਆਰ ਹੋ ਕੇ ਲੰਮਾਂ ਪੈਂਡਾ ਫੜ ਲਿਆ। ਦੋ ਮੁਰੀਦ ਜਿਹੜੇ ਬਹੁਤ ਸ਼ਰਧਾ ਧਾਰਨ ਕਰਦੇ ਸਨ, ਉਨ੍ਹਾਂ ਨੂੰ ਆਪਣੇ ਨਾਲ ਲਿਆ, ਉਹ ਪੀਰ ਦੀ ਬੜੇ ਪ੍ਰੇਮ ਨਾਲ ਸੇਵਾ ਕਰਦੇ ਸਨ॥੧੬॥

**ਅਪਰ ਸਭਿਨਿ ਆਸ੍ਵਾਸਨ ਕਰਿਕੈ। 'ਕਿਤਿਕ ਦਿਵਸ ਹਟਿ ਆਇ' ਉਚਰਿਕੈ।**
**ਆਸਾ ਹਾਥ ਗਹੇ ਚਲਿ ਪਰਯੋ। ਸਿਫਤ ਖੁਦਾਇ ਰੰਗ ਉਰ ਭਰਯੋ॥ ੧੭॥**

ਹੋਰ ਸਾਰਿਆਂ ਨੂੰ ਹੌਂਸਲਾ ਦੇ ਕੇ ਅਤੇ ਇਹ ਕਹਿ ਕੇ ਕਿ "ਕੁਝ ਦਿਨਾਂ ਬਾਅਦ ਵਾਪਸ ਆਵਾਂਗੇ" ਆਪਣੇ ਹੱਥ ਵਿਚ ਆਸਾ (ਸੋਟਾ) ਲੈ ਕੇ ਚਲ ਪਏ ਅਤੇ ਪ੍ਰਭੂ ਦੀ ਸ਼ਲਾਘਾ ਵਿਚ ਆਪਣੇ ਹਿਰਦੇ ਨੂੰ ਭਰ ਲਿਆ॥੧੭॥

**ਲਈ ਕੁਰਾਨ ਮੁਸੱਲਾ ਧਾਰੇ। ਦ੍ਵੈ ਮੁਰੀਦ ਸੋ ਚਲੇ ਪਿਛਾਰੇ।**
**ਸਨੇ ਸਨੇ ਗਮਨੇ ਮਗ ਜਾਹਿਂ। ਨਿਸ ਬਿਸਰਾਮਹਿਂ, ਦਿਵਸ ਚਲਾਹਿਂ॥ ੧੮॥**

ਸ੍ਰੀ ਕੁਰਾਨ ਸ਼ਰੀਫ ਨੂੰ ਆਪਣੇ ਨਾਲ ਲਿਆ ਤੇ ਮੁਸੱਲਾ ਧਾਰਨ ਕਰ ਲਿਆ, ਦੋਵੇਂ ਮੁਰੀਦ ਪਿੱਛੇ-ਪਿੱਛੇ ਚਲ ਪਏ। ਹੌਲੀ-ਹੌਲੀ ਰਾਹੇ ਰਾਹ ਜਾ ਰਹੇ ਸਨ। ਰਾਤ ਨੂੰ ਰਾਹ ਵਿਚ ਵਿਸ਼ਰਾਮ ਕਰਦੇ ਸਨ ਤੇ ਦਿਨ ਦੇ ਸਮੇਂ ਚਲਦੇ ਸਨ॥੧੮॥

**ਗ੍ਰਾਮ ਨਗਰ ਉਪਬਨ ਬਨ ਹੇਰਿ। ਤਰਿ ਸਲਿਤਾ ਜਲ ਚਲਤਾ ਹੇਰਿ।**
**ਦਿੱਲੀ ਆਦਿ ਉਲੰਘਿ ਕਰਿ ਸਾਰੇ। ਭਲੀ ਭਾਂਤਿ ਕੇ ਦੇਸ਼ ਨਿਹਾਰੇ॥ ੧੯॥**

ਪਿੰਡ, ਨਗਰ, ਬਾਗ਼, ਵਣ ਵੇਖੇ ਤੇ ਦਰਿਆਵਾਂ ਦੇ ਕਿਨਾਰਿਆਂ ਤੇ ਚਲਦੇ ਪਾਣੀ ਨੂੰ ਵੇਖਿਆ। ਦਿੱਲੀ ਆਦਿ ਸਾਰੇ ਸ਼ਹਿਰ ਲੰਘ ਕੇ ਭਲੀ ਭਾਂਤ ਸਾਰੇ ਦੇਸ਼ ਨੂੰ ਵੇਖਿਆ॥੧੯॥

ਪੁਰਿ ਪਟਣੇ ਕੇ ਪਹੁੰਚੇ ਪਾਸ। ਜਿਤ ਕਿਤ ਸ਼ੋਭਾ ਰਹੀ ਪ੍ਰਕਾਸ਼।
ਬਾਗਨਿ ਮਹਿਂ ਬਿਥਰੀ ਹਰਿਆਈ। ਦੇਖਨੀਯ ਤਰੁਵਰੁ ਸਮੁਦਾਈ॥ ੨੦॥

ਪਟਨੇ ਨਗਰ ਦੇ ਪਾਸ ਪਹੁੰਚ ਗਏ, ਜਿੱਥੇ ਕਿੱਥੇ ਸ਼ੋਭਾ ਪ੍ਰਕਾਸ਼ ਰਹੀ ਸੀ। ਬਾਗਾਂ ਵਿਚ ਹਰਿਆਲੀ ਪਸਰੀ ਹੋਈ ਸੀ, ਸਾਰੇ ਬ੍ਰਿਛਾਂ ਦੀ ਸ਼ੋਭਾ ਵੇਖਣ ਯੋਗ ਸੀ॥੨੦॥

ਸਦਲ ਸਫੂਲ ਸਫਲ ਤਰੁ ਕੀਰਣ। ਪੁਸ਼ਪਤਿ ਲਤਾ, ਸੁਭਤਿ ਬਿਸਤੀਰਣ।
ਨਾਲਕੇਰ ਕਦਲੀਨ ਬਗੀਚੇ। ਮਨਹੁਂ ਕਾਮ ਮਾਲੀ ਬਨਿ ਸੀਂਚੇ॥ ੨੧॥

ਫੁੱਲਾਂ ਅਤੇ ਫਲਾਂ ਨਾਲ ਭਰੇ ਬ੍ਰਿਛ ਖਿੜ ਰਹੇ ਸਨ ਤੇ ਫੁੱਲਾਂ ਨਾਲ ਖਿੜੀਆਂ ਵੇਲਾਂ ਬਹੁਤ ਸ਼ੋਭ ਰਹੀਆਂ ਸਨ। ਨਾਰੀਅਲ ਅਤੇ ਕੇਲਿਆਂ ਦੇ ਬਾਗ, ਮਾਨੋ ਕਾਮਰੂਪ ਨੇ ਮਾਲੀ ਬਣ ਕੇ ਸਿੰਜ ਦਿੱਤੇ ਹੋਣ॥੨੧॥

ਰਾਇਬੇਲ ਚੰਬੇਲੀ ਚਾਰੁ। ਚੰਪਕ ਨੀਪ ਸੁਭਤਿ ਗੁਲਜ਼ਾਰ।
ਭਾਂਤਿ ਭਾਂਤਿ ਕੇ ਤਰੁ ਅਵਿਲੋਕੇ। ਜਿਨ ਮਹਿਂ ਬਿਚਰਤਿ ਹੋਤਿ ਅਸ਼ੋਕੇ॥ ੨੨॥

ਰਵੇਲ, ਚੰਮੇਲੀ, ਕਦੰਬ ਬ੍ਰਿਛ ਦੇ ਫੁੱਲਾਂ ਦੀ ਸੁੰਦਰ ਖਿੜੀ ਹੋਈ ਗੁਲਜ਼ਾਰ ਸ਼ੋਭ ਰਹੀ ਸੀ। ਭਾਂਤ-ਭਾਂਤ ਦੇ ਬ੍ਰਿਛ ਵੇਖ ਰਹੇ ਸਨ ਜਿਨ੍ਹਾਂ ਵਿਚ ਫਿਰਦਿਆਂ ਅਤੀ ਖੁਸ਼ੀ ਅਨੁਭਵ ਹੁੰਦੀ ਹੈ॥੨੨॥

ਆਨੰਦ ਹੋਤਿ ਬਰਜੇ ਪੁਰਿ ਮਾਂਹੀ। ਰਿਦੇ ਲਾਲਸਾ ਦਰਸ਼ਨ ਜਾਂਹੀ।
ਬਹੁਤ ਬੀਥਕਾ ਘਰ ਸਮੁਦਾਏ। ਦੇਖਤਿ ਨਗਰ ਜਾਤਿ ਅਗਵਾਏ॥ ੨੩॥

ਸਾਂਈਂ ਭੀਖਣ ਸ਼ਾਹ ਇਸ ਤਰ੍ਹਾਂ ਅਨੰਦ ਕਰਦਿਆਂ ਹੀ ਪਟਨੇ ਸ਼ਹਿਰ ਵਿਚ ਦਾਖਲ ਹੋਇਆ। ਹਿਰਦੇ ਵਿਚ ਪ੍ਰਭੂ ਦੇ ਦਰਸ਼ਨਾਂ ਦੀ ਬੜੀ ਲਾਲਸਾ ਸੀ। ਗਲੀਆਂ ਵਿਚ ਬਹੁਤ ਘਰ ਸਮੂਹ ਸਨ ਜਿਨ੍ਹਾਂ ਨੂੰ ਵੇਖਦੇ ਜਾਂਦੇ ਅੱਗੇ ਜਾ ਰਹੇ ਸਨ॥੨੩॥

ਨਰ ਨਾਰਿਨ ਕੇ ਬ੍ਰਿੰਦ ਨਿਹਾਰੇ। ਬਿਚਰਤਿ ਆਨੰਦ ਧਰਿ ਧਨਿ ਭਾਰੇ।
ਕ੍ਰਮ ਕਰਿ ਸਕਲ ਉਲੰਘਤਿ ਆਏ। ਜਿਸੀ ਠੌਰ ਗੁਰੁ ਪੌਰ ਸੁਹਾਏ॥ ੨੪॥

ਬਹੁਤ ਇਸਤਰੀਆਂ ਪੁਰਸ਼ਾਂ ਨੂੰ ਵੇਖਦੇ ਸਨ, ਜਿੱਥੇ ਵੱਡੇ ਧਨੀ ਅਨੰਦ ਸਹਿਤ ਫਿਰਦੇ ਸਨ। ਹੌਲੀ-ਹੌਲੀ ਸਾਰੇ ਗਲੀਆਂ ਮੁਹੱਲੇ ਲੰਘ ਕੇ ਆ ਗਏ ਤੇ ਉਥੇ ਪਹੁੰਚ ਗਏ ਜਿੱਥੇ ਗੁਰੂ ਘਰ ਦਾ ਦਰਵਾਜ਼ਾ ਸ਼ੋਭ ਰਿਹਾ ਸੀ॥੨੪॥

ਜਹਿਂ ਸਿੱਖਜਨਿ ਕੀ ਭੀਰ ਘਨੇਰੀ। ਕਰਹਿਂ ਕਾਮਨਾ ਲਹਹਿਂ ਬਡੇਰੀ।
ਤਿਹ ਸੰਗਤਿ ਮਹਿਂ ਹੁਇ ਇਕ ਪਾਸੇ। ਬੈਠੇ ਪਿਖਹਿਂ ਬਿਲਾਸ ਹੁਲਾਸੇ॥੨੫॥

ਜਿੱਥੇ ਸਿੱਖਾਂ ਦੀ ਬਹੁਤ ਭੀੜ ਲੱਗੀ ਹੋਈ ਸੀ, ਜਿਹੜੇ ਕਾਮਨਾ ਕਰਕੇ ਵੱਡੀ ਤੋਂ ਵੱਡੀ ਆਸ ਪ੍ਰਾਪਤ ਕਰਦੇ ਸਨ। ਉਨ੍ਹਾਂ ਸੰਗਤਿਆਂ ਵਿਚੋਂ ਇਕ ਪਾਸੇ ਹੋ ਕੇ ਫਕੀਰ ਜੀ ਬੈਠ ਕੇ ਖੁਸ਼ੀਆਂ ਖੇਡੇ ਵੇਖਣ ਲੱਗੇ॥੨੫॥

ਸਮਾ ਪਾਇ ਲਖਿਕੈ ਅਵਿਕਾਸ਼। ਠਾਂਢੋ ਭਯੋ ਭੀਖ ਸਭਿ ਪਾਸ।
ਆਦਿ ਕ੍ਰਿਪਾਲ ਬਿਸਾਲ ਜਿ ਬੈਸੇ। ਜੋਰੇ ਹਾਥ ਕਹਤਿ ਭਾ ਐਸੇ॥ ੨੬॥

ਸਮਾਂ ਮਿਲਣ ਦਾ ਮੌਕਾ ਸਮਝ ਕੇ, ਭੀਖਣ ਸ਼ਾਹ ਸਾਰਿਆਂ ਪਾਸ ਖੜੇ ਰਹੇ। ਸ੍ਰੀ ਕਿਰਪਾਲ ਚੰਦ ਆਦਿ ਜੋ ਬੈਠੇ ਸਨ, ਉਨ੍ਹਾਂ ਪਾਸ ਹੱਥ ਜੋੜ ਕੇ ਇਸ ਤਰ੍ਹਾਂ ਕਹਿਣ ਲੱਗੇ॥੨੬॥

'ਜੋ ਜਨਮਯੋ ਅਬਿ ਸਾਹਿਬਜ਼ਾਦਾ। ਦੇਨਿ ਜਗ ਸਿੱਖਨਿ ਅਹਿਲਾਦਾ।
ਤਿਸ ਕੇ ਦਰਸ਼ਨ ਕੀ ਹਮ ਚਾਹੂ। ਜਿਸ ਹਿਤ ਗਮਨੇ ਬਹੁ ਦਿਨ ਰਾਹੂ॥੨੭॥

"ਜਿਸ ਸਾਹਿਬਜ਼ਾਦੇ ਨੇ ਹੁਣ ਅਵਤਾਰ ਧਾਰਿਆ ਹੈ, ਜਿਹੜੇ ਜਗਤ ਵਿਚ ਸਿੱਖਾਂ ਨੂੰ ਖੁਸ਼ੀਆਂ ਦੇਣ ਵਾਸਤੇ ਆਏ ਹਨ, ਉਨ੍ਹਾਂ ਦੇ ਦਰਸ਼ਨਾਂ ਦੀ ਸਾਨੂੰ ਚਾਹਿਤ ਹੈ, ਜਿਸ ਕਰਕੇ ਬਹੁਤ ਦਿਨ ਲੰਮਾ ਪੈਂਡਾ ਤਹਿ ਕਰਕੇ ਆਏ ਹਾਂ॥੨੭॥

ਅਬਿ ਦਰਸ਼ਨ ਕਰਿਵਾਵਹੁ ਮੋਹਿ। ਸਫਲ ਆਇਬੋ ਮਗ ਕੋ ਹੋਹਿ।
ਅਪਰ ਨ ਕਾਰਜ ਕੋਇ ਹਮਾਰਾ। ਆਏ ਲਖਜੋ ਗੁਰੂ ਦਰਬਾਰਾ॥ ੨੮॥

ਹੁਣ ਉਨ੍ਹਾਂ ਦੇ ਮੈਨੂੰ ਦਰਸ਼ਨ ਕਰਵਾਓ, ਤੇ ਮੇਰੇ ਇਸ ਲੰਮੇ ਪੈਂਡੇ ਨੂੰ ਸਫਲ ਕਰੋ, ਸਾਡਾ ਹੋਰ ਕੋਈ ਕਾਰਜ ਨਹੀਂ ਹੈ, ਅਸੀਂ ਗੁਰੂ ਜੀ ਦੇ ਦਰਬਾਰ ਦੇ ਦਰਸ਼ਨ ਕਰਨ ਆਏ ਹਾਂ"॥੨੮॥

ਸੁਨਿ ਕ੍ਰਿਪਾਲ ਨੇ ਬਾਕ ਬਖਾਨਾ। 'ਭਲਾ ਭਯੋ ਤੁਮ ਟਿਕਹੁ ਸਥਾਨਾ'।
ਅੰਤਰ ਜਾਇ ਬ੍ਰਿਤੰਤ ਸੁਨਾਵਾ। 'ਸਈਯਦ ਏਕ ਪੀਰ ਚਲਿ ਆਵਾ॥ ੨੯॥

ਇਹ ਸੁਣ ਕੇ ਭਾਈ ਕ੍ਰਿਪਾਲ ਚੰਦ ਨੇ ਕਿਹਾ, "ਭਲਾ ਹੋਇਆ ਹੈ, ਤੁਸੀਂ ਇਸ ਸਥਾਨ ਤੇ ਹੀ ਠਹਿਰੋ।" ਅੰਦਰ ਜਾ ਕੇ ਉਨ੍ਹਾਂ ਨੇ ਸਾਰਾ ਬ੍ਰਿਤਾਂਤ ਸੁਣਾਇਆ, "ਇਕ ਸਈਅਦ ਪੀਰ ਚਲ ਕੇ ਆਇਆ ਹੈ॥੨੯॥

ਸਾਹਿਬਜ਼ਾਦੇ ਕੋ ਚਹਿ ਦੇਖਾ। ਰਿਦੈ ਲਾਲਸਾ ਕਰਤਿ ਬਿਸ਼ੇਖਾ'।
ਸ੍ਰੀ ਗੁਜਰੀ ਜੁਤਿ ਸੇਵਕ ਔਰ। ਬੈਠੇ ਸੁਨਤਿ ਭਏ ਤਿਸ ਠੌਰ॥ ੩੦॥

ਉਹ ਸਾਹਿਬਜ਼ਾਦੇ ਦੇ ਦਰਸ਼ਨ ਕਰਨਾ ਚਾਹੁੰਦਾ ਹੈ, ਹਿਰਦੇ ਵਿਚ ਦਰਸ਼ਨ ਕਰਨ ਦੀ ਬਹੁਤ ਅਭਿਲਾਸ਼ਾ ਹੈ।" ਸ੍ਰੀ ਗੁਜਰੀ ਸਹਿਤ ਹੋਰ ਸੇਵਕ ਬੈਠੇ ਇਹ ਸਾਰੀ ਗੱਲਬਾਤ ਸੁਣ ਰਹੇ ਸਨ॥੩੦॥

ਸਭਿ ਕੇ ਮਨ ਸੰਸੈ ਤਬਿ ਹੋਵਾ। 'ਤੁਰਕ ਦਿਲੇਸ਼ ਦੁਰਾਸੀ ਜੋਵਾ।
ਸੁਧਿ ਤਿਸ ਹੋਹਿ ਹਕਾਰਹਿ ਤੀਰ। ਕੋ ਜਾਨੈ ਕਜੋਂ ਆਵਾ ਪੀਰ॥ ੩੧॥

ਸਾਰਿਆਂ ਦੇ ਮਨ ਵਿਚ ਫਿਰ ਸ਼ੰਕਾ ਹੋਇਆ, "ਦਿੱਲੀ ਦਾ ਬਾਦਸ਼ਾਹ ਖੋਟੀ ਨੀਤ ਵਾਲਾ ਵੇਖਿਆ ਗਿਆ ਹੈ, ਉਸ ਨੂੰ ਖ਼ਬਰ ਮਿਲੀ ਹੈ ਕਿ ਪਾਸ ਬੁਲਾਵੇ, ਕੌਣ ਜਾਣਦਾ ਹੈ ਇਹ ਪੀਰ ਕਿਉਂ ਆਇਆ ਹੈ॥੩੧॥

ਘਰ ਹਮਰੇ ਸੋਂ ਕਰਤਾ ਬਾਦ। ਬਾਦੀ ਨੌਰੰਗ ਮਹਿਦ ਪ੍ਰਮਾਦਿ।
ਸਾਹਿਬ ਨਹੀਂ ਨਿਕਟਿ ਇਸ ਕਾਲ। ਜੋ ਸਭਿ ਦਿਸ਼ਿ ਤੇ ਲੇਤਿ ਸੰਭਾਲ॥ ੩੨॥

ਸਾਡੇ ਘਰ ਨਾਲ ਜੋ ਝਗੜਾ ਕਰਦਾ ਹੈ, ਝਗੜਾਲੂ ਨੌਰੰਗਾ ਬਹੁਤ ਮੂਰਖ ਹੈ। ਪ੍ਰਭੂ ਗੁਰੂ ਤੇਗ ਬਹਾਦਰ ਜੀ ਇਸ ਸਮੇਂ ਪਾਸ ਨਹੀਂ ਹਨ ਜਿਹੜੇ ਸਾਰਿਆਂ ਪਾਸਿਆਂ ਤੋਂ ਸੰਭਾਲ ਲੈਂਦੇ॥੩੨॥

ਸ੍ਰੀ ਹਰਿਕ੍ਰਿਸ਼ਨ ਬੈਸ ਜਿਨ ਥੋਰੀ। ਕਰੇ ਹਕਾਰਨਿ ਨਿਜ ਦਿਸ਼ਿ ਓਰੀ।
ਤਿਨਹੁਂ ਦਰਸ ਨਹਿਂ ਦੀਨਸਿ ਲੀਨਸਿ। ਤਨਿ ਤਜਿ ਦੀਨ ਕੌਤੂਹਲ ਕੀਨਸਿ ॥੩੩॥

ਸ੍ਰੀ ਹਰਿਕ੍ਰਿਸ਼ਨ ਜੀ ਜਿਨ੍ਹਾਂ ਦੀ ਛੋਟੀ ਉਮਰ ਸੀ, ਉਨ੍ਹਾਂ ਨੂੰ ਵੀ ਆਪਣੇ ਪਾਸ ਬੁਲਾ ਲਿਆ ਸੀ, ਉਨ੍ਹਾਂ ਨੇ ਨਾ ਇਨ੍ਹਾਂ ਨੂੰ ਵੇਖਿਆ ਸੀ ਤੇ ਨਾ ਹੀ ਆਪਣੇ ਦਰਸ਼ਨ ਦਿੱਤੇ ਸਨ। ਸਰੀਰ ਛੱਡ ਦਿੱਤਾ ਸੀ, ਐਸਾ ਕੌਤਕ ਕੀਤਾ ਸੀ॥੩੩॥

ਰਾਜ ਓਜ ਤੇ ਮਦ ਮਸਤਾਨੇ। ਕਰਹਿਂ ਅਕਰਨ ਹੋਨਿ ਕਹੁ ਹਾਨੇ।
ਯਾਂ ਤੇ ਇਨ ਕਹੁ ਟਾਰਨਿ ਬਨੈ। ਮਧੁਰ ਗਿਰਾ ਕਹਿ ਰਸ ਕੇ ਸਨੈ॥ ੩੪॥

ਬਾਦਸ਼ਾਹਤ ਦੇ ਨਸ਼ੇ ਵਿਚ ਮਸਤ ਹੈ, ਆਪਣਾ ਨਾਸ਼ ਹੋਣ ਵਾਸਤੇ ਅਕਾਰਨ ਕਰਤਵ ਕਰਦਾ ਹੈ। ਇਸ ਕਰਕੇ ਇਸ ਪੀਰ ਨੂੰ ਟਾਲਣਾ ਹੀ ਬਣਦਾ ਹੈ, ਉਸ ਨੂੰ ਰਸ-ਭਰੇ ਮਿੱਠੇ ਬਚਨ ਬੋਲੋ॥੩੪॥

ਏਵ ਮਤੋ ਕਰਿ ਉਠਜੋ ਕ੍ਰਿਪਾਲ। ਆਯੋ ਵਹਿਰ ਮਿਲਜੋ ਤਿਸ ਨਾਲ।
'ਸੁਨਹੁਂ ਪੀਰ ਜੀ! ਆਪ ਮਹਾਨੇ। ਰਹਿਤ ਕਹਿਤ ਕੇ ਸਹਤ ਸਿਆਨੇ॥ ੩੫॥

ਇਸ ਤਰ੍ਹਾਂ ਸਲਾਹ ਕਰਕੇ ਸ੍ਰੀ ਕਿਰਪਾਲ ਚੰਦ (ਸ੍ਰੀ ਗੁਜਰੀ ਦੇ ਭਾਈ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਜੀ) ਜੀ ਉੱਠੇ ਤੇ ਬਾਹਰ ਆ ਕੇ ਪੀਰ ਭੀਖਣ ਸ਼ਾਹ ਨੂੰ ਮਿਲੇ ਤੇ ਕਹਿਣ ਲੱਗੇ, "ਹੇ ਪੀਰ ਜੀ! ਸੁਣੋ ਆਪ ਜੀ ਮਹਾਨ ਹੋ, ਰਹਿਣੀ ਕਹਿਣੀ ਸਹਿਤ ਬਹੁਤ ਸਿਆਣੇ ਹੋ॥੩੫॥

ਬਿਤੇ ਨ ਤੀਨ ਮਹੀਨੇ ਚੀਨਸਿ। ਅਜਹੁਂ ਨ ਵਹਿਰ ਨਿਕਸਨੋ ਕੀਨਸਿ।
ਬਾਲਿਕ ਰੂਪ ਮ੍ਰਿਦੁਲ ਸਭਿ ਅੰਗ। ਬਾਯੂ ਬੇਗ ਬਹੈ ਹਿਮ ਸੰਗ॥ ੩੬॥

ਬਾਲਕ ਹਾਲੇ ਤਿੰਨਾਂ ਮਹੀਨਿਆਂ ਦਾ ਵੀ ਨਹੀਂ ਹੋਇਆ ਹੈ, ਹਾਲੇ ਤਕ ਉਸ ਨੂੰ ਬਾਹਰ ਵੀ ਨਹੀਂ ਕੱਢਿਆ ਹੈ। ਬਾਲਕ ਰੂਪ ਹੈ, ਸਾਰੇ ਅੰਗ ਬਹੁਤ ਕੋਮਲ ਹਨ, ਬੜੀ ਠੰਡੀ ਬਰਫਾਨੀ ਹਵਾ ਚਲ ਰਹੀ ਹੈ॥੩੬॥

ਵਹਿਰ ਨ ਆਵਹਿ ਕਾਰਨ ਏਤੇ। ਅਲਪ ਆਰਬਲਾ ਅੰਤਰ ਸੇ ਤੇ।
ਮਿਹਿਰਬਾਨਗੀ ਕਰਿ ਕੈ ਫੇਰ। ਆਵਹੁਗੇ ਹੁਇ ਲਾਭ ਬਡੇਰ॥ ੩੭॥

ਬਾਹਰ ਨਾ ਆਉਣ ਦੇ ਬਹੁਤ ਕਾਰਨ ਹਨ ਬਹੁਤ ਛੋਟੀ ਉਮਰ ਹੈ ਇਸ ਕਰਕੇ ਅੰਦਰ ਤੋਂ ਬਾਹਰ ਨਹੀਂ ਆ ਸਕਦਾ ਹੈ। ਮਿਹਰਬਾਨੀ ਕਰਕੇ ਜੇ ਫੇਰ ਆਵੋਗੇ ਤਾਂ ਵੱਡਾ ਲਾਭ ਹੋਵੇਗਾ॥੩੭॥

ਸ਼੍ਰੀ ਗੁਰ ਸਾਹਿਬ ਤਬਿ ਲਗਿ ਆਵਹਿਂ। ਤਿਨ ਕਹੁ ਦਰਸਹੁ ਅਭਿਮਤਿ ਪਾਵਹਿਂ।
ਸ਼ਾਹੁ ਭੀਖ ਸੁਨਿ ਕੈ ਪੁਨ ਬੋਲਾ। 'ਮਹਾਂ ਪੁਰਸ਼ ਅਵਤਰਜੋ ਅਡੋਲਾ॥ ੩੮॥

ਤਦ ਤਕ ਗੁਰੂ ਜੀ ਵੀ ਆ ਜਾਣਗੇ, ਉਨ੍ਹਾਂ ਦੇ ਦਰਸ਼ਨ ਕਰਕੇ ਮਨ ਇੱਛਤ ਫਲ ਪਾਵੋਗੇ। ਭੀਖਣ ਸ਼ਾਹ ਇਹ ਸੁਣ ਕੇ ਬੋਲਿਆ, "ਅਡੋਲ ਮਹਾਂ ਪੁਰਸ਼ ਨੇ ਅਵਤਾਰ ਧਾਰਿਆ ਹੈ॥੩੮॥

ਦੇ ਦੁਸ਼ਮਨ ਕਹੁ ਦੋਜ਼ਕ ਦੁਖ ਕੋ। ਪ੍ਰਿਯ ਸੇਵਕ ਲਹਿਂ ਕੇਵਲ ਸੁਖ ਕੋ।
ਤੁਮ ਚਿੰਤਾ ਚਿਤ ਮਹਿਂ ਕਿਮ ਕਇਊ। ਚਿੰਤ ਨਿਸਾ ਕੋ ਸੂਰਜ ਭਇਊ॥੩੯॥

ਦੁਸ਼ਮਣ ਨੂੰ ਉਹ ਦੋਜ਼ਕ ਦਾ ਦੁਖ ਦੇਣਗੇ, ਪਿਆਰੇ ਸੇਵਕ ਸੁਖ ਪ੍ਰਾਪਤ ਕਰਨਗੇ, ਤੁਸੀਂ ਚਿੱਤ ਵਿਚ ਚਿੰਤਾ ਕਿਉਂ ਕੀਤੀ ਹੈ, ਚਿੰਤਾ ਦੀ ਰਾਤ ਵਾਸਤੇ ਉਹ ਸੂਰਜ ਸਮਾਨ ਪ੍ਰਗਟ ਹੋਏ ਹਨ॥੩੯॥

ਉਰ ਮਹਿਂ ਭਰਮ ਕਰਹੁ ਨਹਿਂ ਕੈਸੇ। ਭਰਮ ਤਪਤ ਕੋ ਨਿਸਪਤਿ ਜੈਸੇ।
ਤ੍ਰਾਸ ਤਜਹੁ, ਨਹਿਂ ਰੰਚਕ ਕੀਜੈ। ਤ੍ਰਾਸ ਤਿਮਰ ਕੋ ਦੀਪ ਜਨੀਜੈ॥ ੪੦॥

ਹਿਰਦੇ ਵਿਚ ਕਿਸੇ ਪ੍ਰਕਾਰ ਦਾ ਵੀ ਭਰਮ ਨਾ ਕਰੋ, ਭਰਮ ਦੀ ਤਪਸ਼ ਵਾਸਤੇ ਉਹ ਚੰਦ ਸਮਾਨ ਸੀਤਲ ਹਨ। ਡਰ ਨੂੰ ਛੱਡੋ, ਰਤਾ ਵੀ ਫਿਕਰ ਨਾ ਕਰੋ, ਇਨ੍ਹਾਂ ਨੂੰ ਡਰ ਰੂਪੀ ਹਨ੍ਹੇਰੇ ਵਾਸਤੇ ਦੀਪਕ ਸਮਝੋ॥੪੦॥

ਸਭਿ ਆਲਮ ਕੋ ਖਾਂਵਦ ਹੋਵਾ। ਭੇ ਅਵਤਾਰ ਧਰਮ ਹਿਤ ਜੋਵਾ।
ਦਰਸ਼ਨ ਲੇਹਿਂ ਇਹਾਂ ਹਮ ਬੈਸੇ। ਘਟ ਘਟ ਮਾਲਿਕ ਪ੍ਰੇਰਹਿ ਜੈਸੇ॥ ੪੧॥

ਇਹ ਸਾਰੀ ਦੁਨੀਆਂ ਦੇ ਮਾਲਕ ਨੇ ਜਨਮ ਲਿਆ ਹੈ, ਜਿਨ੍ਹਾਂ ਨੇ ਧਰਮ ਵਾਸਤੇ ਅਵਤਾਰ ਧਾਰਨ ਕੀਤਾ ਹੈ। ਦਰਸ਼ਨ ਕਰਨ ਵਾਸਤੇ ਅਸੀਂ ਏਥੇ ਬੈਠੇ ਹਾਂ ਜਿਵੇਂ ਹਿਰਦੇ ਵਿਚ ਮਾਲਕ ਨੇ ਪ੍ਰੇਰਿਆ ਹੈ॥੪੧॥

ਪ੍ਰਵਿਸ਼ਜੋ ਅੰਤਰ ਬਹੁਰ ਕ੍ਰਿਪਾਲੂ। ਕਰਜੋ ਜਨਾਵਨਿ ਅਖਿਲ ਹਵਾਲੂ।
ਰਹੇ ਟਾਰਿ ਨਹਿਂ ਟਰੇ, ਅਰੇ ਹੈ। ਸਾਹਸ ਪਕਰੇ ਪੌਰ ਥਿਰੇ ਹੈ॥ ੪੨॥

ਇਹ ਸੁਣ ਕੇ ਕਿਰਪਾਲ ਚੰਦ ਨੇ ਅੰਦਰ ਪ੍ਰਵੇਸ਼ ਕੀਤਾ ਤੇ ਘਰ ਵਾਲਿਆਂ ਨੂੰ ਸਾਰੇ ਹਾਲਾਤ ਤੋਂ ਜਾਣੂ ਕਰਵਾਇਆ। ਬਹੁਤ ਟਾਲਿਆ ਹੈ, ਪਰ ਟਲਦਾ ਨਹੀਂ, ਅੜਿਆ ਹੈ। ਬੜਾ ਹੌਂਸਲਾ ਕਰਕੇ ਦਰਵਾਜ਼ੇ ਵਿਚ ਬੈਠਾ ਹੈ॥੪੨॥

ਬਿਨਾ ਬਿਲੋਕੇ ਲੋਚਨ ਆਗੇ। ਤਬਿ ਲੌ ਖਾਨ ਪਾਨ ਸਭਿ ਤਜਾਗੇ।
ਜਾਨੀ ਜਾਇ ਨਹੀਂ ਗਤਿ ਮਨ ਕੀ। ਪ੍ਰੇਮ ਪਰਖਿਯਤਿ ਕ੍ਰਿਯਾ ਸੁ ਤਨ ਕੀ ॥੪੩॥

ਆਪਣੀਆਂ ਅੱਖਾਂ ਨਾਲ ਦਰਸ਼ਨ ਕੀਤੇ ਬਗੈਰ ਜਾਵੇਗਾ ਨਹੀਂ, ਖਾਣ ਪੀਣ ਸਭ ਕੁਝ ਛੱਡ ਦਿੱਤਾ ਹੈ। ਮਨ ਦੀ ਗਤੀ ਜਾਣੀ ਨਹੀਂ ਜਾਂਦੀ ਹੈ, ਸਰੀਰ ਦੀ ਕ੍ਰਿਆ ਵੇਖ ਕੇ ਤਾਂ ਪ੍ਰੇਮੀ ਹੀ ਜਾਪਦਾ ਹੈ॥੪੩॥

ਦੇਸ਼ ਪੰਜਾਬ ਦਿਸ਼ਾ ਕੇ ਜਨਿਯਤਿ। ਹੇਤੁ ਹਟਾਵਨਿ ਬਹੁ ਬਿਧਿ ਭਨਿਯਤਿ।
ਰਹੈ ਬੈਠਿ ਜਾਹਿ ਨ ਬਿਨ ਦੇਖੇ। ਹਠ ਗਾਢੇ ਜਿਨ ਰਿਦੇ ਬਿਸ਼ੇਖੇ ॥ ੪੪॥

ਪੰਜਾਬ ਦੇਸ਼ ਵਾਲੇ ਪਾਸੇ ਦਾ ਜਾਪਦਾ ਹੈ, ਉਸ ਨੂੰ ਵਾਪਸ ਮੋੜਨ ਵਾਸਤੇ ਬਹੁਤ ਵਿਧੀਆਂ ਨਾਲ ਕਿਹਾ ਹੈ। ਬੈਠ ਰਿਹਾ ਹੈ, ਦਰਸ਼ਨ ਕਰਨ ਤੋਂ ਬਗੈਰ ਜਾਵੇਗਾ ਨਹੀਂ। ਉਸ ਦੇ ਹਿਰਦੇ ਵਿਚ ਵੱਡਾ ਹਠ ਹੈ॥੪੪॥

ਸ੍ਰੀ ਗੁਜਰੀ ਸੁਨਿ ਕੈ ਤਿਨ ਬਾਤ। ਨਹਿੰ ਮਾਨੀ ਪਜਾਰੋ ਅਤਿ ਤਾਤ।
'ਕੈਸੇ ਵਹਿਰ ਕਰਵਿ ਮੈਂ ਬਾਲਿਕ। ਅਲਪ ਰੂਪ ਅੰਤਰ ਥਿਤ ਪਾਲਿਕ' ॥੪੫॥

ਸ੍ਰੀ ਗੁਜਰੀ ਆਪਣੇ ਭਰਾ ਦੀ ਗੱਲ ਸੁਣ ਕੇ ਵੀ ਨਾ ਮੰਨੀ, ਪੁੱਤਰ ਅਤੀ ਪਿਆਰਾ ਹੈ। ਕਹਿਣ ਲੱਗੀ, "ਮੈਂ ਬਾਲਕ ਨੂੰ ਕਿਵੇਂ ਬਾਹਰ ਭੇਜਾਂ। ਸੂਖਮ ਸਰੀਰ ਹੈ, ਇਸ ਕਰਕੇ ਅੰਦਰ ਰੱਖ ਕੇ ਹੀ ਪਾਲਣਾ ਹੁੰਦੀ ਹੈ" ॥੪੫॥

*ਬਾਰ੍ਹਵੀਂ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥੧੪॥*

## ਅਧਿਆਇ ਪੰਦਰ੍ਹਵਾਂ

### ਭੀਖਣ ਸ਼ਾਹ ਦਾ ਪ੍ਰਣ

*ਦੋਹਰਾ-* ਬਸੇ ਨਿਸਾ, ਕਹਿ ਰਹੇ ਬਹੁ ਖਾਨ ਪਾਨ ਨਹਿੰ ਕੀਨਿ।
ਭਈ ਪ੍ਰਾਤਿ ਬੈਸੇ ਸੁ ਥਲ ਦ੍ਵਾਰ ਅਗਾਰੇ ਤੀਨ॥ ੧॥

ਰਾਤ ਵੀ ਭੀਖਣ ਸ਼ਾਹ ਉਥੇ ਹੀ ਰਿਹਾ, ਬਹੁਤ ਕਹਿੰਦਾ ਰਿਹਾ ਤੇ ਕੁਝ ਖਾਣ ਪੀਣ ਵੀ ਨਾ ਕੀਤਾ। ਸਵੇਰ ਹੋਈ ਤਾਂ ਤਿੰਨੇ ਫਕੀਰ ਭੀਖਣ ਸ਼ਾਹ ਤੇ ਉਸ ਦੇ ਦੋ ਚੇਲੇ ਦਰਵਾਜ਼ੇ ਅੱਗੇ ਹੀ ਬੈਠੇ ਰਹੇ॥੧॥

*ਚੌਪਈ-* ਸਿਮਰਤਿ ਰਿਦੇ ਨਾਮ ਗੁਰੁ ਕੇਰੇ। 'ਦੇਹੁ ਦਰਸ ਪੂਰਨ ਪ੍ਰਭੁ ਮੇਰੇ।
ਦੂਰ ਦੇਸ਼ ਆਗਮਨ ਹਮਾਰਾ। ਪੂਰਹੁ ਮਨ ਸੰਕਲਪ ਦਿਦਾਰਾ॥ ੨॥

ਹਿਰਦੇ ਵਿਚ ਗੁਰੂ ਜੀ ਦੇ ਨਾਮ ਦਾ ਸਿਮਰਨ ਕਰਦੇ ਰਹੇ, "ਹੇ ਪੂਰਨ ਪ੍ਰਭੂ ਸਾਨੂੰ ਦਰਸ਼ਨ ਦੇਵੋ, ਅਸੀਂ ਬਹੁਤ ਦੂਰ ਦੇਸ਼ ਤੋਂ ਆਏ ਹਾਂ, ਸਾਡਾ ਸੰਕਲਪ ਪੂਰਾ ਕਰੋ ਤੇ ਦਰਸ਼ਨ ਦੇਵੋ॥੨॥

ਸਭਿ ਘਟ ਕੋ ਮਾਲਿਕ ਗੁਰ ਪੂਰਾ। ਪਿਤਾ ਪਿਤਾਮਹਿ ਰਣ ਮਹਿਂ ਸੂਰਾ।
ਮਨ ਪ੍ਰੇਰਹੁਗੇ ਜਬਿ ਇਨ ਕੇਰੇ। ਬਾਲਿਕ ਰੂਪ ਲੇਹਿਂ ਤਬਿ ਹੇਰੇ॥ ੩॥

ਪੂਰਨ ਗੁਰੂ ਜੀ ਸਾਰਿਆਂ ਦੇ ਦਿਲਾਂ ਦੇ ਮਾਲਕ ਹਨ, ਇਨ੍ਹਾਂ ਦੇ ਪਿਤਾ ਅਤੇ ਦਾਦਾ ਰਣਖੇਤਰ ਦੇ ਵੱਡੇ ਸੂਰਬੀਰ ਹੋਏ ਹਨ। ਜਦ ਇਨ੍ਹਾਂ ਦੇ ਮਨ ਨੂੰ ਪ੍ਰੇਰੋਗੇ, ਬਾਲਕ ਰੂਪ ਪ੍ਰਭੂ ਨੂੰ ਤਦ ਵੇਖ ਲਵਾਂਗੇ॥੩॥

ਅਪਨਿ ਪ੍ਰਿਯਹ ਕੀ ਪੂਰਹੁ ਭਾਵਨਾ। ਪਰਖਹੁ ਪਰਮ ਸੁ ਪ੍ਰੇਮ ਪਾਵਨਾ।
ਘਟ ਘਟ ਕੀ ਤੁਮ ਜਾਨਨਹਾਰੇ। ਦਰਸ਼ਨ ਦੇਹੁ ਜਾਨਿ ਮਨ ਪਜਾਰੇ॥ ੪॥

ਆਪਣੇ ਪ੍ਰੇਮੀ ਦੀ ਭਾਵਨਾ ਪੂਰੀ ਕਰੋ ਤੇ ਪਰਮ ਪਵਿੱਤਰ ਪ੍ਰੇਮ ਦੀ ਪਰਖ ਕਰੋ। ਤੁਸੀਂ ਹਰ ਇਕ ਦੇ ਦਿਲ ਦੀ ਗੱਲ ਜਾਣਨ ਵਾਲੇ ਹੋ ਤੇ ਮਨ ਵਿਚ ਪਿਆਰੇ ਜਾਣ ਕੇ ਦਰਸ਼ਨ ਦੇਵੋ"॥੪॥

ਇੱਤਯਾਦਿਕ ਗੁਨ ਬਰਨਨ ਕਰਿਤੇ। ਭੀ ਭੁਨਸਾਰ ਪ੍ਰਕਾਸ਼ ਨਿਹਰਿਤੇ।
ਸ੍ਰੀ ਗੁਰ ਘਰ ਕੇ ਸੇਵਕ ਸਾਰੇ। ਸੁਨਿ ਸੁਨਿ ਆਇ ਸਮੀਪ ਨਿਹਾਰੇ॥ ੫॥

ਇਸ ਤਰ੍ਹਾਂ ਕਈ ਗੁਣ ਵਰਨਣ ਕਰਦੇ ਸਨ। ਜਦ ਸਵੇਰ ਹੋਈ ਤਾਂ ਰੌਸ਼ਨੀ ਵੇਖੀ। ਗੁਰੂ ਘਰ ਦੇ ਸਾਰੇ ਸੇਵਕ, ਭੀਖਣ ਸ਼ਾਹ ਦੀਆਂ ਬੇਨਤੀਆਂ ਸੁਣ ਕੇ ਆਏ ਤੇ ਉਨ੍ਹਾਂ ਨੇ ਉਸ ਦੇ ਪਾਸ ਹੋ ਕੇ ਵੇਖਿਆ॥੫॥

ਤਸਬੀ ਹਾਥ ਫੇਰਿਬੋ ਕਰਿਹੀ। ਸ੍ਰੀ ਨਾਨਕ ਕੋ ਸਿਮਰਤਿ ਉਰ ਹੀ।
'ਦਰਸ਼ਨ ਦਰਸੇ ਬਿਨਾ ਨ ਜਾਊਂ। ਬੈਠਯੋ ਇਤ ਹੀ ਦਿਵਸ ਬਿਤਾਊਂ'॥ ੬॥

ਹੱਥ ਵਿਚ ਤਸਬੀ ਫੜ ਕੇ ਫੇਰ ਰਿਹਾ ਸੀ, ਤੇ ਹਿਰਦੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰ ਰਿਹਾ ਸੀ ਤੇ ਕਹਿੰਦਾ ਸੀ, "ਦਰਸ਼ਨ ਕਰਨ ਤੋਂ ਬਗੈਰ ਨਹੀਂ ਜਾਵਾਂਗਾ, ਏਥੇ ਬੈਠਾ ਹੀ ਦਿਨ ਬਤੀਤ ਕਰਾਂਗਾ॥੬॥

ਸ੍ਰੀ ਨਾਨਕ ਕੋ ਸਦਨ ਮਹਾਨਾ। ਹਿੰਦੁਨਿ ਤੁਰਕਨਿ ਏਕ ਸਮਾਨਾ।
ਪੱਖਜ ਪਾਤ ਜਿਨ ਕੇ ਕੁਛ ਨਾਂਹੀ। ਸ਼ਰਧਾ ਹੇਰਤਿ ਹੈਂ ਉਰ ਮਾਂਹੀ॥ ੭॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਹਾਨ ਘਰ ਹੈ, ਜਿਨ੍ਹਾਂ ਵਾਸਤੇ ਹਿੰਦੂ ਤੁਰਕ ਇਕ ਸਮਾਨ ਹਨ। ਜਿਨ੍ਹਾਂ ਵਾਸਤੇ ਪਖ-ਪਾਤ ਕੁਝ ਨਹੀਂ, ਕੇਵਲ ਹਿਰਦੇ ਵਿਚ ਸੇਵਕ ਦੀ ਸ਼ਰਧਾ ਵੇਖਦੇ ਹਨ॥੭॥

ਗੁਰ ਕੇ ਘਰ ਕੀ ਇਹ ਮਿਰਜਾਦ। ਦੁਰੀ ਨਹੀਂ ਜਗ ਬਿਦਤੀ ਆਦਿ'।
ਸੁਨਿ ਕ੍ਰਿਪਾਲ ਜੁਤਿ ਸੇਵਕ ਸਾਰੇ। ਸ੍ਰੀ ਗੁਜਰੀ ਢਿਗ ਸਕਲ ਉਚਾਰੇ॥ ੮॥

ਗੁਰੂ ਘਰ ਦੀ ਇਹ ਮਰਯਾਦਾ ਹੈ, ਕਿਤੇ ਲੁਕੀ ਛਿਪੀ ਨਹੀਂ ਹੈ ਸਾਰੇ ਜਗ ਵਿਚ ਪ੍ਰਗਟ ਹੈ।" ਭਾਈ ਕਿਰਪਾਲ ਚੰਦ ਸਹਿਤ ਸਾਰੇ ਸੇਵਕਾਂ ਨੇ ਸੁਣਿਆ ਤੇ ਸ੍ਰੀ ਗੁਜਰੀ ਪਾਸ ਜਾ ਕੇ ਸਾਰੀ ਗੱਲ ਉਚਾਰਨ ਕੀਤੀ॥੮॥

'ਇਹ ਤੋ ਪੀਰ ਮਹਾਂ ਦਰਵੇਸ਼। ਦਿਖੀਯਤਿ ਗੁਰ ਕੋ ਪ੍ਰੇਮ ਵਿਸ਼ੇਸ਼।
ਦਰਸ਼ਨ ਬਿਨਾ ਚਾਹਿ ਨਹਿਂ ਕਾਹੀ। ਖਾਨ ਪਾਨ ਭੀ ਕੀਨਸਿ ਨਾਂਹੀ॥ ੯॥

"ਇਹ ਪੀਰ ਤਾਂ ਮਹਾਨ ਦਰਵੇਸ਼ ਹੈ, ਇਹ ਦਿੱਸਦਾ ਹੈ ਕਿ ਇਨ੍ਹਾਂ ਦਾ ਗੁਰੂ ਜੀ ਨਾਲ ਵਿਸ਼ੇਸ਼ ਪ੍ਰੇਮ ਹੈ। ਦਰਸ਼ਨ ਬਗੈਰ ਇਨ੍ਹਾਂ ਦੀ ਹੋਰ ਕੋਈ ਚਾਹਤ ਨਹੀਂ ਹੈ, ਕੁਝ ਖਾਣ ਪੀਣ ਵੀ ਨਹੀਂ ਕੀਤਾ ਹੈ॥੯॥

ਬੈਠਯੋ ਸਿਮਰਤਿ ਨਾਮ ਖ਼ੁਦਾਇ। ਏਕ ਮੁਸੱਲਾ ਤਰੇ ਡਸਾਇ।
ਉਰ ਦਰਸ਼ਨ ਕੀ ਜਿਸ ਲਿਵ ਲਾਗੀ। ਭੂਖ ਪਯਾਸ ਕੀ ਬਾਧਾ ਭਾਗੀ॥ ੧੦॥

ਬੈਠਾ ਖ਼ੁਦਾ ਦੇ ਨਾਮ ਦਾ ਸਿਮਰਨ ਕਰਦਾ ਹੈ, ਇਕ ਮੁਸੱਲਾ ਥੱਲੇ ਵਿਛਾਇਆ ਹੈ। ਹਿਰਦੇ ਵਿਚ ਜਿਸ ਦੇ ਦਰਸ਼ਨਾਂ ਦੀ ਲਿਵ ਲੱਗੀ ਹੈ, ਭੁੱਖ ਪਿਆਸ ਦੀ ਰੁਕਾਵਟ ਦੂਰ ਹੋ ਗਈ ਹੈ॥੧੦॥

ਉਠਹਿ ਨਹੀਂ ਬਿਨ ਦਰਸ਼ਨ ਕੀਏ। ਬੈਠਿ ਰਹਜੋ ਉਰ ਸਾਹਸ ਲੀਏ।
ਉਚਿਤ ਬਾਤ ਸੋ ਕਰਹੁ ਭਲੇਰੀ। ਪਸਚਾਤਾਪ ਨ ਹੁਇ ਜਿਸ ਫੇਰੀ' ॥ ੧੧ ॥

ਦਰਸ਼ਨ ਕੀਤੇ ਬਗ਼ੈਰ ਉਹ ਉੱਠੇਗਾ ਨਹੀਂ, ਹਿਰਦੇ ਵਿਚ ਹੌਂਸਲਾ ਧਾਰ ਕੇ ਬੈਠ ਰਿਹਾ ਹੈ। ਭਲੇ ਵਾਲੀ ਉਚਿਤ ਗੱਲ ਕਰੋ, ਜਿਸ ਦੇ ਕਰਨ ਨਾਲ ਬਾਅਦ ਵਿਚ ਕੋਈ ਪਛਤਾਵਾ ਨਾ ਹੋਵੇ" ॥੧੧॥

ਸੁਨਤਿ ਨਾਨਕੀ ਬੋਲੀ ਤਬੈ। 'ਰਿਦੈ ਬਿਚਾਰ ਕਰਹੁ ਤੁਮ ਸਬੈ।
ਚਿਰੰਕਾਲ ਕੋ ਚਾਹਤਿ ਰਹਿਤੇ। ਬਡੇ ਗੁਰਨਿ ਸੋਂ ਬਿਨਤੀ ਕਹਿਤੇ ॥ ੧੨ ॥

ਇਹ ਸੁਣ ਕੇ ਮਾਤਾ ਨਾਨਕੀ ਜੀ ਫਿਰ ਬੋਲੇ, "ਤੁਸੀਂ ਸਾਰੇ ਹਿਰਦੇ ਵਿਚ ਵਿਚਾਰ ਕਰੋ। ਬਹੁਤ ਦੇਰ ਤੋਂ ਚਾਹੁੰਦੇ ਰਹੇ ਹਾਂ, ਵੱਡੇ ਗੁਰੂ ਜੀ ਪਾਸ ਬੇਨਤੀ ਕਹਿੰਦੇ ਰਹੇ ਹਾਂ ॥੧੨॥

ਬਾਰ ਬਾਰ ਹੁਇ ਨੰਮ੍ਰ ਅਗਾਰੀ। ਜਾਚਨਿ ਕਰਤਿ ਪੁੱਤ੍ਰ ਭੁਜ ਭਾਰੀ।
ਇਨ ਕੋ ਪਿਤਾ ਸ਼ਾਂਤਿ ਧਰਮਾਤਮ। ਕਹਿ ਕਹਿ ਕਰਤਾ ਪੁਰਖ ਮਤਾਹਮ ॥੧੩॥

ਬਾਰ-ਬਾਰ ਸਨਿੰਮਰ ਹੋ ਕੇ, ਵੱਡੀਆਂ ਬਾਹਾਂ ਵਾਲੇ ਪੁੱਤਰ ਨੂੰ ਮੰਗਦੇ ਰਹੇ ਹਾਂ। ਇਨ੍ਹਾਂ ਦੇ ਪਿਤਾ ਜੀ ਸ਼ਾਂਤੀ ਸਰੂਪ ਧਰਮਾਤਮਾ ਹਨ ਜਿਹੜੇ ਸ੍ਰੀ ਅਕਾਲ ਪੁਰਖ ਦੀ ਵਡਿਆਈ ਕਹਿੰਦੇ ਰਹੇ ਹਨ ॥੧੩॥

ਇਕ ਮਨ ਹੋਇ ਸਮਾਧਿ ਲਗਾਵਤਿ। ਪਾਰਬ੍ਰਹਮ ਪਰਮੇਸ਼ੁਰ ਧਯਾਵਤਿ।
ਜੋਗ ਸਾਧਨਾ ਸਾਧਤਿ ਰਹੇ। ਸਿਮਰਤਿ ਨਾਮ ਅਧਿਕ ਗੁਨ ਕਹੇ ॥ ੧੪ ॥

ਇਕ ਮਨ ਹੋ ਕੇ ਸਮਾਧੀ ਲਾਉਂਦੇ ਸੀ ਤੇ ਪਾਰਬ੍ਰਹਮ ਪਰਮੇਸ਼ਰ ਨੂੰ ਧਿਆਉਂਦੇ ਸੀ। ਯੋਗ ਸਾਧਨਾ ਸਾਧਦੇ ਰਹੇ ਹਨ, ਨਾਮ ਸਿਮਰ ਕੇ ਪ੍ਰਭੂ ਦੇ ਬਹੁਤ ਗੁਣ ਗਾਏ ਹਨ ॥੧੪॥

ਕਰਜੋ ਪ੍ਰਸੀਦਨ ਪ੍ਰਭੂ ਅਕਾਲ। ਜਿਹ ਅਰਾਧਿਬੋ ਦੁਸਹਿ ਬਿਸਾਲ।
ਜਗਤ ਨਾਥ ਕਰਿ ਕ੍ਰਿਪਾ ਸੁ ਚਿਤ ਕੋ। ਕਰਜੋ ਦਿਖਾਵਨਿ ਅਬਿ ਇਹ ਸੁਤ ਕੋ ॥੧੫॥

ਪ੍ਰਭੂ ਅਕਾਲ ਪੁਰਖ ਨੂੰ ਪ੍ਰਸੰਨ ਕੀਤਾ ਹੈ, ਜਿਸ ਦਾ ਅਰਾਧਣਾ ਬਹੁਤ ਮੁਸ਼ਕਲ ਹੈ। ਵਾਹਿਗੁਰੂ ਜੀ ਨੇ ਚਿੱਤ ਤੋਂ ਕਿਰਪਾ ਕਰਕੇ ਹੁਣ ਇਸ ਪੁੱਤਰ ਨੂੰ ਵਿਖਾਇਆ ਹੈ ॥੧੫॥

ਜਿਨ ਕੇ ਉਰ ਅਭਿਲਾਖ ਬਿਸ਼ੇਖਾ। ਅਬਿ ਲੌ ਨਹੀਂ ਪੁੱਤ੍ਰ ਮੁਖ ਦੇਖਾ।
ਸੋ ਕੈਸੇ ਅਬਿ ਵਹਿਰ ਲਿਜਾਵਹੁ। ਪਰ ਮਤਿ ਰਿਪੁ ਕੇ ਨਰ ਦਿਖਰਾਵਹੁ ॥੧੬॥

ਜਿਨ੍ਹਾਂ ਦੇ ਹਿਰਦੇ ਵਿਚ ਵਿਸ਼ੇਸ਼ ਅਭਿਲਾਸ਼ਾ ਹੈ, ਉਨ੍ਹਾਂ ਨੇ ਹੁਣ ਤਕ ਪੁੱਤਰ ਨੂੰ ਨਹੀਂ ਵੇਖਿਆ ਹੈ। ਇਸ ਕਰਕੇ ਫਿਰ ਕਿਸ ਤਰ੍ਹਾਂ ਇਸ ਨੂੰ ਬਾਹਰ ਲੈ ਜਾਵੋਗੇ, ਪਰਾਈ ਮੱਤ ਦੇ ਵੈਰੀ ਮਨੁੱਖ ਨੂੰ ਇਸ ਨੂੰ ਵਿਖਾਓਗੇ ॥੧੬॥

ਪੁੱਤ੍ਰ ਪਰਮ ਪ੍ਰਿਯ ਥੋਰੇ ਦਿਨਕੋ। ਕਿਮ ਉਤਸਾਹ ਕਰੋਂ ਮੈਂ ਮਨ ਕੋ।
ਅਨਿਕ ਭਾਂਤਿ ਕੀ ਰੱਛਾ ਕਰਨੀ। ਲਘੁ ਬਾਲਿਕ ਕੀ ਸਭਿਹਿਨਿ ਬਰਨੀ ॥੧੭॥

ਪਰਮ ਪਿਆਰਾ ਪੁੱਤਰ ਹਾਲੇ ਨਿਆਣਾ ਹੈ, ਮੈਂ ਮਨ ਵਿਚ ਕਿਵੇਂ ਉਤਸ਼ਾਹ ਧਾਰਨ ਕਰਾਂ। ਅਨੇਕ ਪ੍ਰਕਾਰ ਦੀ ਰੱਖਿਆ ਕਰਨੀ ਹੈ, ਛੋਟੇ ਬਾਲਕ ਦੀ ਹਰ ਤਰ੍ਹਾਂ ਸੰਭਾਲ ਕਰਨੀ ਹੈ ॥੧੭॥

ਨਰ ਪਰਦੇਸੀ ਕੋ ਦਿਖਰਾਵਨਿ। ਡੀਠ ਆਦਿ ਅਵਗੁਨ ਪਰਛਾਵਨਿ।
ਇੱਤਜਾਦਿਕ ਉਰ ਸਮਝਹੁ ਸਾਰੇ। ਤਿਨਹਿਂ ਉਠਾਵਹੁ ਬਿਨੈ ਉਚਾਰੇ ॥ ੧੮ ॥

ਪਰਦੇਸ਼ੀ ਮਨੁੱਖ ਨੂੰ ਵਿਖਾਉਣ ਨਾਲ ਨਜ਼ਰ ਲੱਗ ਸਕਦੀ ਹੈ, ਪਰਛਾਵਾਂ ਪੈ ਸਕਦਾ ਹੈ। ਇਸ ਤਰ੍ਹਾਂ ਦੀਆਂ ਗੱਲਾਂ ਦਿਲ ਵਿਚ ਸਮਝੋ, ਉਸ ਫਕੀਰ ਨੂੰ ਬੇਨਤੀ ਕਰਕੇ ਭੇਜ ਦੇਵੋ॥੧੮॥

ਗੁਰ ਘਰ ਤੇ ਦਿਹੁ ਰੁਚਿਰ ਅਹਾਰਾ। ਘ੍ਰਿਤ ਮਿਸ਼ਟਾਨ ਅਨੇਕ ਪ੍ਰਕਾਰਾ।
ਅਪਰ ਚਾਹਿ ਕੁਛ ਜਾਚਨਿ ਕੇਰੀ। ਬਸਤ੍ਰ ਦਰਬ ਦੀਜਹਿ ਬਿਨ ਦੇਰੀ॥੧੯॥

ਗੁਰੂ ਘਰ ਤੋਂ ਉਸ ਨੂੰ ਸਵਾਦੀ ਭੋਜਨ ਛਕਾਓ, ਘਿਉ ਮਿਠਾ ਅਨੇਕ ਪ੍ਰਕਾਰ ਦਾ ਅਹਾਰ ਦੇਵੋ। ਹੋਰ ਚਾਹੇ ਕੁਝ ਵੀ ਮੰਗ ਲਵੇ ਵਸਤਰ ਧਨ ਆਦਿ ਕਿਸੇ ਦੇਰ ਬਗੈਰ ਦੇਵੋ॥੧੯॥

ਬਾਲਿਕ ਵਹਿਰ ਦਰਸ਼ ਤੇ ਬਿਨਾ। ਦੇਹੁ ਤਿਨਹੁੰ ਕਰਿ ਆਦਰ ਘਨਾ।
ਬੇਸ ਭਲੇ ਦਰਵੇਸ਼ ਵਿਸ਼ੇਸ਼। ਜਯੋਂ ਕਯੋਂ ਕਰਹੁ ਪ੍ਰਸੰਨ ਅਸ਼ੇਸ਼'॥ ੨੦॥

ਬਾਹਰ ਲੈ ਜਾ ਕੇ ਬਾਲਕ ਦੇ ਦਰਸ਼ਨਾਂ ਬਗੈਰ ਉਨ੍ਹਾਂ ਨੂੰ ਆਦਰ ਨਾਲ ਹੋਰ ਸਭ ਕੁਝ ਦੇਵੋ। ਭਲੇ ਵੇਸ ਵਾਲੇ ਵਿਸ਼ੇਸ਼ ਦਰਵੇਸ਼ ਹਨ, ਜਿਵੇਂ ਕਿਵੇਂ ਉਨ੍ਹਾਂ ਨੂੰ ਹਰ ਤਰ੍ਹਾਂ ਪ੍ਰਸੰਨ ਕਰੋ॥੨੦॥

ਸੁਨਤਿ ਨਾਨਕੀ ਤੇ ਸਭਿ ਆਏ। ਸ਼ਾਹੁ ਭੀਖ ਕੋ ਮਿਲਿ ਸਮੁਝਾਏ।
'ਜਨਨੀ ਕੋ ਸੁਤ ਹੁਇ ਅਤਿ ਪਯਾਰੋ। ਅਰੁ ਬਾਲਿਕ ਬਯ ਆਪ ਬਿਚਾਰੋ॥੨੧॥

ਮਾਤਾ ਨਾਨਕੀ ਜੀ ਪਾਸੋਂ ਸੁਣਕੇ ਸਾਰੇ ਬਾਹਰ ਆ ਗਏ ਤੇ ਭੀਖਣ ਸ਼ਾਹ ਨੂੰ ਮਿਲ ਕੇ ਸਮਝਾਉਣ ਲੱਗੇ, "ਮਾਂ ਨੂੰ ਪੁੱਤਰ ਅਤੀ ਪਿਆਰਾ ਹੁੰਦਾ ਹੈ ਅਤੇ ਬਾਲਕ ਦੀ ਛੋਟੀ ਉਮਰ ਬਾਰੇ ਵੀ ਤੁਸੀਂ ਵਿਚਾਰ ਕਰੋ॥੨੧॥

ਅਲਪ ਦਿਵਸ ਭੇ ਜਨਮ ਭਯੋ ਹੈ। ਅਜਹੁੰ ਵਹਿਰ ਨਿਕਸਨਿ ਨ ਕਿਯੋ ਹੈ।
ਗੁਰੂ ਘਰ ਤੇ ਭੋਜਨ ਸਭਿ ਲੀਜੈ। ਤ੍ਰਿਪਤਹੁ ਮਨ ਪ੍ਰਸੰਨ ਕੋ ਕੀਜੈ॥ ੨੨॥

ਥੋੜ੍ਹੇ ਹੀ ਦਿਨ ਹੋਏ ਹਨ ਕਿ ਜਨਮ ਹੋਇਆ ਹੈ, ਹੁਣ ਤਕ ਬਾਹਰ ਨਹੀਂ ਕਢਿਆ ਹੈ। ਗੁਰੂ ਘਰ ਤੋਂ ਸਭ ਪ੍ਰਕਾਰ ਦਾ ਭੋਜਨ ਲਵੋ ਤੇ ਤ੍ਰਿਪਤ ਹੋ ਕੇ ਮਨ ਨੂੰ ਪ੍ਰਸੰਨ ਕਰੋ॥੨੨॥

ਅਸਮੰਜਸ ਲਯਾਵਨਿ ਘਰ ਬਾਹਰ। ਤਿਨ ਜਨਨੀ ਨਹਿੰ ਮਾਨਹਿ ਜ਼ਾਹਰ।
ਬਹੁਰ ਆਇ ਦਰਸਹੁ ਦਰਸੰਨ। ਮਿਲਹੁ ਗੁਰਨਿ ਮਨ ਹੋਇ ਪ੍ਰਸੰਨ॥ ੨੩॥

ਘਰ ਤੋਂ ਬਾਹਰ ਲਿਆਉਣਾ ਮੁਸ਼ਕਲ ਹੈ, ਬਾਲਕ ਦੀ ਮਾਤਾ ਜੀ ਪ੍ਰਗਟ ਰੂਪ ਵਿਚ ਮੰਨਦੇ ਨਹੀਂ ਹਨ। ਬਾਅਦ ਵਿਚ ਆ ਕੇ ਦਰਸ਼ਨ ਕਰ ਲਵੋ। ਗੁਰੂ ਜੀ ਨੂੰ ਮਿਲੋ ਤੇ ਮਨ ਪ੍ਰਸੰਨ ਕਰੋ॥੨੩॥

ਕਰਹੁ ਮਿਹਰ ਕੀ ਨਦਰ ਬਿਸਾਲਾ। ਸ਼ੁਭ ਦਰਵੇਸ਼ ਆਪ ਕੀ ਚਾਲਾ।
ਪਰਵਦਗਾਰ ਸਿਫਤ ਮਹਿ ਰੰਗੇ। ਛਿਤ ਸੀ ਛਮਾ ਧਰਹੁ ਸਰਬੰਗੇ॥ ੨੪॥

ਸਾਡੇ ਉੱਤੇ ਮਿਹਰ ਦੀ ਨਜ਼ਰ ਕਰੋ, ਆਪ ਜੀ ਦੀ ਰੀਤੀ ਸ਼ੁਭ ਦਰਵੇਸ਼ਾਂ ਵਾਲੀ ਹੈ। ਤੁਸੀਂ ਪਰਵਰਦਗਾਰ ਦੀਆਂ ਸਿਫਤਾਂ ਵਿਚ ਰੰਗੇ ਹੋ ਤੇ ਸਭ ਪ੍ਰਕਾਰ ਧਰਤੀ ਵਰਗੀ ਖਿਮਾ ਧਾਰਨ ਕਰੋ॥੨੪॥

ਸ਼੍ਰਮਿਤ ਛੁਧਤਿ ਤੁਮ ਪੀਯੋ ਨ ਪਾਨੀ। ਇਕ ਰਸ ਰਹੇ ਮੋਨ ਕੋ ਠਾਨੀ।
ਸ੍ਰੀ ਗੁਰ ਕੇ ਦਰਬਾਰ ਅਗਾਰੀ। ਨਹਿੰ ਬੈਠਨਿ ਬਨਿਹੈ ਹਠ ਧਾਰੀ॥ ੨੫॥

ਤੁਸੀਂ ਥੱਕੇ ਹੋਏ ਹੋ ਤੇ ਭੁੱਖੇ ਪਿਆਸੇ ਹੋ, ਇਕ ਰਸ ਮੋਨ ਧਾਰ ਕੇ ਬੈਠੇ ਹੋ। ਸ੍ਰੀ ਗੁਰੂ ਜੀ ਦੇ ਦਰਬਾਰ ਅੱਗੇ ਹਠ ਧਾਰ ਕੇ ਬੈਠਣਾ ਬਣਦਾ ਨਹੀਂ ਹੈ॥੨੫॥

ਸੁਨਿ ਕਰਿ ਸ਼ਾਹ ਭੀਖ ਪੁਨ ਬੋਲਾ। ਸ਼ਰਧਾ ਜਿਸਕੇ ਰਿਦੇ ਅਡੋਲਾ।
'ਪਟਣੇ ਨਗਰ ਬਿਖੇ ਜਬਿ ਬਰਜੋ। ਸਿਰ ਨਿਵਾਇ ਮੈਂ ਪੂਨ ਕੋ ਕਰਜੋ॥੨੬॥

ਇਹ ਸੁਣ ਕੇ ਭੀਖਣ ਸ਼ਾਹ ਫਿਰ ਬੋਲਿਆ, ਜਿਸ ਦੇ ਹਿਰਦੇ ਵਿਚ ਅਡੋਲ ਸ਼ਰਧਾ ਹੈ, "ਪਟਨੇ ਸ਼ਹਿਰ ਵਿਚ ਜਦ ਮੈਂ ਪ੍ਰਵੇਸ਼ ਕੀਤਾ ਸੀ ਤਾਂ ਸਿਰ ਨਿਵਾ ਕੇ ਮੈਂ ਪ੍ਰਣ ਕੀਤਾ ਸੀ॥੨੬॥

ਦਰਸੋਂ ਬਰਖੁਰਦਾਰਹਿਂ ਆਦਿ। ਪੁਨ ਖਾਵੋਂ ਪੀਵੋਂ ਸਹਿਲਾਦ।
ਕੋਸ ਸੈਂਕਰੇ ਚਲਿ ਕਰਿ ਆਏ। ਜਨਮ ਜਾਨਿ ਮਨ ਹਮ ਹਰਖਾਏ॥੨੭॥

ਪਰਤਾਪੀ ਅਤੇ ਚਿਰੰਜੀਵ ਬਾਲਕ ਦੇ ਪਹਿਲਾਂ ਦਰਸ਼ਨ ਕਰਾਂਗਾ ਤੇ ਫਿਰ ਪ੍ਰਸੰਨ ਹੋ ਕੇ ਖਾਵਾਂ ਪੀਵਾਂਗਾ। ਸੈਂਕੜੇ ਕੋਹ ਚਲ ਕੇ ਆਇਆ ਹਾਂ। ਪ੍ਰਭੂ ਦਾ ਜਨਮ ਜਾਣ ਕੇ ਮੇਰਾ ਮਨ ਬਹੁਤ ਪ੍ਰਸੰਨ ਹੋਇਆ ਹੈ॥੨੭॥

ਲੇਨਿ ਦੇਨਿ ਕੋ ਅਪਰ ਨ ਕਾਜ। ਦਰਸ਼ਨ ਏਕ ਗ਼ਰੀਬ ਨਿਵਾਜ।
ਹਮ ਫਕੀਰ ਦਰਵੇਸ਼ ਹਮੇਸ਼। ਜਗ ਕਲੇਸ਼ ਚਹਿਂ ਹਤਨਿ ਅਸ਼ੇਸ॥੨੮॥

ਲੈਣ ਦੇਣ ਦਾ ਹੋਰ ਕੋਈ ਕਾਰਜ ਨਹੀਂ ਹੈ, ਇਕ ਗ਼ਰੀਬ-ਨਿਵਾਜ਼ ਪ੍ਰਭੂ ਦੇ ਦਰਸ਼ਨ ਕਰਨੇ ਹਨ। ਅਸੀਂ ਸਦਾ ਹੀ ਫਕੀਰ ਦਰਵੇਸ਼ ਜਗਤ ਦੇ ਕਲੇਸ਼ ਨੂੰ ਦੂਰ ਕਰਨਾ ਚਾਹੁੰਦੇ ਹਾਂ॥੨੮॥

ਜਿਮ ਜਾਨਹੁ ਤਿਮ ਦਰਸ ਕਰਾਵਹੁ। ਕਹਜੋ ਮਾਨਿ ਹਮ ਕੋ ਹਰਖਾਵਹੁ।
ਨਾਂਹਿ ਤ ਪਰੇ ਰਹੈਂ ਦਰਬਾਰ। ਕਰਹਿਂ ਬੰਦਗੀ ਪਰਵਦਗ਼ਾਰ॥੨੯॥

ਜਿਵੇਂ ਠੀਕ ਜਾਣੋ ਉਸ ਤਰ੍ਹਾਂ ਹੀ ਦਰਸ਼ਨ ਕਰਾਵੋ, ਸਾਡਾ ਕਿਹਾ ਮੰਨ ਕੇ ਸਾਨੂੰ ਪ੍ਰਸੰਨ ਕਰੋ। ਨਹੀਂ ਤਾਂ ਇਸ ਦਰਬਾਰ ਦੇ ਅੱਗੇ ਪਏ ਰਹਾਂਗੇ ਤੇ ਪਰਵਰਦਗਾਰ ਦੀ ਬੰਦਗੀ ਕਰਾਂਗੇ॥੨੯॥

ਹਮ ਫਕੀਰ ਸਦ ਸੰਕਟ ਸਹੈਂ। ਇਸ ਮਹਿਂ ਕੋਇ ਨ ਅਚਰਜ ਅਹੈ।
ਦਿਖਰਾਵਹੁਗੇ ਦਰਸ਼ਨ ਕਰਿ ਹੈਂ। ਨਾਂਹਿ ਤ ਬੈਠੇ ਹਮ ਦਰ ਪਰ ਹੈਂ॥੩੦॥

ਅਸੀਂ ਫਕੀਰ ਸਦਾ ਸੰਕਟ ਬਰਦਾਸ਼ਤ ਕਰਦੇ ਹਾਂ, ਇਸ ਵਿਚ ਕੋਈ ਅਸਚਰਜ ਵਾਲੀ ਗੱਲ ਨਹੀਂ ਹੈ। ਵਿਖਾਵੋਗੇ ਤਾਂ ਦਰਸ਼ਨ ਕਰ ਲਵਾਂਗੇ, ਨਹੀਂ ਤਾਂ ਅਸੀਂ ਦਰਵਾਜ਼ੇ ਤੇ ਬੈਠੇ ਹੀ ਹੋਏ ਹਾਂ॥੩੦॥

ਪੂਰਨ ਹੋਹਿ ਕਾਮਨਾ ਜਬੈ। ਖਾਨ ਪਾਨ ਕਰਿਹੈਂ ਮੁਖ ਤਬੈ।
ਦ੍ਰਿਢ ਨਿਸ਼ਚਾ ਹਮਰੇ ਮਨ ਏਮ। ਦੇਹਿਂ ਦਰਸ ਲਖਿ ਕੈ ਮਨ ਪ੍ਰੇਮ'॥੩੧॥

ਜਦ ਸਾਡੀ ਕਾਮਨਾ ਪੂਰੀ ਹੋ ਜਾਵੇਗੀ ਤਾਂ ਹੀ ਮੂੰਹ ਨਾਲ ਕੁਝ ਖਾਵਾਂ ਪੀਵਾਂਗੇ। ਇਸ ਤਰ੍ਹਾਂ ਸਾਡੇ ਮਨ ਵਿਚ ਦ੍ਰਿੜ੍ਹ ਨਿਸ਼ਚਾ ਹੈ ਕਿ ਪ੍ਰਭੂ ਜੀ ਸਾਡੇ ਮਨ ਦਾ ਪ੍ਰੇਮ ਵੇਖ ਕੇ ਜ਼ਰੂਰ ਦਰਸ਼ਨ ਦੇਣਗੇ'॥੩੧॥

ਸੇਵਕ ਜੁਤਿ ਸੁਨਿ ਸ਼੍ਰੋਨ ਕ੍ਰਿਪਾਲ। ਪਰਖਜੋ ਸਾਹਸ ਅਚਲ ਬਿਸਾਲ।
ਮਾਤ ਨਾਨਕੀ ਕੇ ਢਿਗ ਆਏ। ਹਾਥ ਜੋਰਿ ਸਭਿ ਗਾਥ ਜਨਾਏ॥੩੨॥

ਇਹ ਸੁਣ ਕੇ ਭਾਈ ਕ੍ਰਿਪਾਲ ਚੰਦ ਤੇ ਹੋਰ ਸੇਵਕਾਂ ਨੇ ਭੀਖਣ ਸ਼ਾਹ ਦੇ ਹੌਂਸਲੇ ਅਤੇ ਅਟੱਲ ਵਿਸ਼ਵਾਸ ਨੂੰ ਪਰਖਿਆ। ਫਿਰ ਉਹ ਮਾਤਾ ਨਾਨਕੀ ਜੀ ਪਾਸ ਚਲ ਕੇ ਆਏ ਤੇ ਹੱਥ ਜੋੜ ਕੇ ਸਾਰੀ ਗਾਥਾ ਤੋਂ ਜਾਣੂ ਕੀਤਾ॥੩੨॥

'ਹਠ ਫਕੀਰ ਨੇ ਕਰਜੋ ਬਡੇਰੇ। ਉਠਹਿ ਨਹੀਂ ਬਿਨ ਦਰਸ਼ਨ ਹੇਰੇ।
ਕਰਹੁ ਆਪਨੇ ਰਿਦੇ ਬਿਚਾਰੀ। ਟਾਰੈਂ ਜਿਮ ਦ੍ਰਿਢ ਸਾਹਸਧਾਰੀ॥੩੩॥

"ਫਕੀਰ ਨੇ ਵੱਡਾ ਹਠ ਕੀਤਾ ਹੈ, ਉਹ ਦਰਸ਼ਨ ਕਰਨ ਤੋਂ ਬਗੈਰ ਉਠੇਗਾ ਨਹੀਂ। ਆਪਣੇ ਹਿਰਦੇ ਵਿਚ ਵਿਚਾਰ ਕਰੋ ਜਿਵੇਂ ਦ੍ਰਿੜ੍ਹ ਹੌਸਲਾ ਧਾਰਨ ਵਾਲੇ ਨੂੰ ਟਾਲਿਆ ਜਾ ਸਕੇ ॥੩੩॥

ਥਕਤਿ ਛੁਧਤਿ ਜਲ ਕੋ ਨਹਿਂ ਛੁਏ। ਦਰ ਪਰ ਬੈਠੇ ਰਾਤਿ ਬਿਤਏ।
ਅਬਿ ਜੁਗ ਜਾਮ ਦਿਵਸ ਬਿਤ ਗਇਊ। ਤਊ ਅਛੋਭ ਸਧੀਰਜ ਭਇਊ ॥੩੪॥

ਥੱਕਾ ਹੋਇਆ ਹੈ, ਭੁੱਖਾ ਹੈ ਤੇ ਜਲ ਨੂੰ ਹੁਣ ਤਕ ਛੂਹਿਆ ਨਹੀਂ ਹੈ, ਦਰਵਾਜ਼ੇ ਉੱਤੇ ਬੈਠ ਕੇ ਹੀ ਰਾਤ ਬਤੀਤ ਕੀਤੀ ਹੈ। ਹੁਣ ਦੋ ਪਹਿਰ ਦਿਨ ਬੀਤ ਗਿਆ ਹੈ, ਫਿਰ ਵੀ ਸ਼ਾਂਤ ਚਿੱਤ ਧੀਰਜ ਸਹਿਤ ਬੈਠਾ ਹੈ ॥੩੪॥

ਸਹਿਤ ਸਨੇਹ ਬਾਕ ਮੁਖ ਕਹੇ। ਦਰਸ਼ਨ ਸਤਿਗੁਰ ਕੀ ਇਛ ਅਹੇ।
ਇਹ ਅਵਤਾਰ ਰੂਪ ਬਿਦਤਾਏ। ਦਰਸ਼ਨ ਚਹਤਿ ਦੂਰ ਤੇ ਆਏ' ॥ ੩੫॥

ਬੜੇ ਪਿਆਰ ਨਾਲ ਮੁਖ ਤੋਂ ਬਚਨ ਕਹਿੰਦੇ ਹਨ, ਸਤਿਗੁਰੂ ਜੀ ਦੇ ਦਰਸ਼ਨਾਂ ਦੀ ਇੱਛਾ ਹੈ। ਇਹ ਅਵਤਾਰ ਰੂਪ ਪ੍ਰਭੂ ਜੀ ਪ੍ਰਗਟ ਹੋਏ ਹਨ, ਦਰਸ਼ਨ ਕਰਨਾ ਚਾਹੁੰਦੇ ਹਨ, ਬਹੁਤ ਦੂਰ ਤੋਂ ਆਏ ਹਨ" ॥੩੫॥

ਮਾਤ ਨਾਨਕੀ ਸੁਨਿ ਤਿਸ ਕਾਲ। ਕਹਯੋ ਬਾਕ 'ਸੁਨਿ ਭ੍ਰਾਤ ਕ੍ਰਿਪਾਲ!
ਅੰਤਰ ਪੌਰ ਪ੍ਰਯੰਕ ਡਸਾਵਹੁ। ਰੱਛਜਾ ਸਰਬ ਪ੍ਰਕਾਰ ਕਰਾਵਹੁ ॥ ੩੬॥

ਮਾਤਾ ਨਾਨਕੀ ਜੀ ਨੇ ਉਸ ਸਮੇਂ ਸੁਣ ਕੇ ਬਚਨ ਕਹੇ, "ਹੇ ਭਾਈ ਕ੍ਰਿਪਾਲ! ਸੁਣੋ। ਦਰਵਾਜ਼ੇ ਦੇ ਅੰਦਰ ਪਲੰਘ ਡੁਹਾਵੋ ਤੇ ਸਭ ਪ੍ਰਕਾਰ ਰੱਖਿਆ ਦਾ ਇੰਤਜ਼ਾਮ ਕਰੋ ॥੩੬॥

ਸਿਖ ਸੇਵਕ ਸਭਿ ਹੀ ਹੁਇਂ ਤੀਰ। ਫਰਸ਼ ਕਰਾਵਹੁ ਸੁੰਦਰ ਚੀਰ।
ਗਾਵਹਿਂ ਗੁਰ ਕੇ ਸ਼ਬਦ ਉਦਾਰ। ਅਪਨਿ ਰਬਾਬੀ ਲੇਹੁ ਹਕਾਰ' ॥ ੩੭॥

ਸਿੱਖ ਸੇਵਕ ਸਾਰੇ ਨੇੜੇ ਹੋਣੇ ਚਾਹੀਦੇ ਹਨ, ਸੁੰਦਰ ਕੱਪੜੇ ਵਿਛਾ ਕੇ ਫਰਸ਼ ਤਿਆਰ ਕਰੋ। ਗੁਰੂ ਜੀ ਦੇ ਸ਼ਬਦਾਂ ਦਾ ਗਾਇਣ ਹੋਵੇ, ਆਪਣੇ ਰਬਾਬੀ ਨੂੰ ਬੁਲਾ ਲਵੋ" ॥੩੭॥

ਸੁਨਤਿ ਸਕਲ ਕਰਿਵਾਇਇਸਿ ਤਜਾਰੀ। ਕਰਯੋ ਮੇਲ ਸੰਗਤਿ ਮਿਲਿ ਸਾਰੀ।
ਅਨਿਕ ਉਪਾਇਨ ਕੋ ਲੇ ਆਏ। 'ਪ੍ਰਥਮ ਕਰਹਿ ਦਰਸ਼ਨ ਹਰਖਾਏ' ॥ ੩੮॥

ਇਹ ਸੁਣ ਕੇ ਭਾਈ ਕ੍ਰਿਪਾਲ ਜੀ ਨੇ ਸਭ ਪ੍ਰਕਾਰ ਦੀ ਤਿਆਰੀ ਕਰਵਾਈ ਸਾਰੀ ਸੰਗਤ ਮਿਲ ਕੇ ਇਕੱਠੀ ਹੋਈ। ਸਾਰੇ ਅਨੇਕ ਪ੍ਰਕਾਰ ਦੇ ਉਪਹਾਰ ਲੈ ਕੇ ਆਏ, "ਪਹਿਲੀ ਵਾਰ ਦਰਸ਼ਨ ਕਰਾਂਗੇ, ਪ੍ਰਸੰਨ ਹੋਏ" ॥੩੮॥

ਰੰਗਦਾਰ ਝਗਲੀ ਪਟ ਝੀਨ। ਚਮਕਤਿ ਗੋਟਾ ਲਗਯੋ ਮਹੀਨ।
ਅਨਿਕ ਭਾਂਤਿ ਕੀ ਹੁਤੀ ਸੁ ਤਜਾਰ। 'ਦਰਸ਼ਨ ਕਰਿ ਅਰਪਹਿਂ ਤਿਸ ਬਾਰ' ॥੩੯॥

ਰੰਗਦਾਰ ਰੇਸ਼ਮ ਦੀ ਝੱਗੀ ਬੜੀ ਚਮਕਦੀ ਸੀ, ਜਿਸ ਨੂੰ ਬਹੁਤ ਮਹੀਨ ਗੋਟਾ ਲੱਗਿਆ ਹੋਇਆ ਸੀ। ਅਨੇਕ ਪ੍ਰਕਾਰ ਦੀ ਸ੍ਰੇਸ਼ਟ ਅਤੇ ਸੁੰਦਰ ਤਿਆਰ ਹੋਈ ਸੀ, "ਦਰਸ਼ਨ ਕਰਕੇ ਇਸ ਨੂੰ ਅਰਪਣ ਕਰਾਂਗਾ" ॥੩੯॥

ਸੋ ਸੁਨਿ ਸੁਨਿ ਉਤਲਾਵਤਿ ਲਯਾਏ। ਹੁਤੇ ਕਿਨਹੁਂ ਭੂਖਨ ਘਰਿਵਾਏ।
ਦਰਸ਼ਨ ਕੀ ਪ੍ਰਤੀਖਨਾ ਵਾਰੇ। ਪਹੁੰਚਤਿ ਭੇ ਸਿਖ ਸੇਵਕ ਸਾਰੇ ॥ ੪੦॥

ਸੁਣ-ਸੁਣ ਕੇ ਸਾਰੇ ਉਤਾਵਲੇ ਹੋ ਕੇ ਉਪਹਾਰ ਲਿਆਏ, ਕਈਆਂ ਨੇ ਗਹਿਣੇ ਘੜਵਾਏ ਸਨ। ਦਰਸ਼ਨਾਂ ਦੀ ਉਡੀਕ ਵਾਲੇ ਸਾਰੇ ਸਿੱਖ-ਸੇਵਕ ਪਹੁੰਚ ਰਹੇ ਸਨ ॥੪੦॥

*ਬਾਰ੍ਹਵੀਂ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ ॥੧੫॥*

# ਅਧਿਆਇ ਸੋਲ੍ਹਵਾਂ

## ਭੀਖਣ ਸ਼ਾਹ ਦੀ ਬੰਦਗੀ

ਦੋਹਰਾ- ਫਰਸ਼ ਗਲੀਚੇ ਗਿਲਮ ਕੋ ਰਹਜੇ ਰੁਚਿਰ ਇਕ ਸਾਰ।
ਕੰਚਨ ਖਚਿਤ ਪ੍ਰਯੰਕ ਕੇ ਆਸਤਰਨ ਜਿਸ ਚਾਰੁ॥ ੧॥

ਉੱਨ ਦੇ ਗਰਮ ਕਾਲੀਨ ਅਤੇ ਗਲੀਚੇ ਵਿਛਾ ਕੇ ਸੁੰਦਰ ਇਕ ਸਾਰ ਫਰਸ਼ ਤਿਆਰ ਕੀਤਾ। ਸੋਨੇ ਨਾਲ ਜੜੇ ਹੋਏ ਪਲੰਘ ਦੇ ਉੱਤੇ ਸੁੰਦਰ ਵਿਛਾਉਣੇ ਵਿਛਾਏ ਗਏ॥੧॥

ਚੌਪਈ- ਮ੍ਰਿਦੁਲ ਮਨੋਗ ਧਰੇ ਉਪਧਾਨੁ। ਸੇਜਬੰਦ ਸੁਠ ਜ਼ਰੀ ਮਹਾਨ।
ਸ੍ਰੀ ਗੁਜਰੀ ਢਿਗ ਹੋਇ ਕ੍ਰਿਪਾਲ। ਦੁਹਿ ਹਾਥਨਿ ਪਰ ਲੇ ਬਰ ਬਾਲ॥੨॥

ਸੂਖਮ ਵੱਡੇ ਉੱਤੇ ਸਿਰਹਾਣੇ ਧਰੇ ਗਏ। ਪਲੰਘ ਦੇ ਵਿਛਾਉਣੇ ਨੂੰ ਪਾਵਿਆਂ ਦੇ ਸਿਰੇ ਨਾਲ ਜ਼ਰੀ ਦੀ ਰੱਸੀ ਨਾਲ ਬੰਨ੍ਹਿਆ ਹੋਇਆ ਸੀ। ਫਿਰ ਭਾਈ ਕਿਰਪਾਲ ਜੀ ਸ੍ਰੀ ਗੁਜਰੀ ਪਾਸ ਗਏ ਤੇ ਆਪਣੇ ਦੋਹਾਂ ਹੱਥਾਂ 'ਤੇ ਬਾਲ ਚੁੱਕ ਲਿਆ॥੨॥

ਮੰਦ ਮੰਦ ਕਰਿ ਅਦਬ ਘਨੇਰਾ। ਸ੍ਰੀ ਗੁਰ ਕੋ ਲਜਾਇਵ ਤਿਸ ਬੇਰਾ।
ਸੂਰਜ ਮੁਖੀ ਹਾਥ ਗਹਿ ਆਗੇ। ਕਿਯ ਸੂਰਜ ਦਿਸ਼ਿ ਧੂਪ ਨ ਲਾਗੇ॥੩॥

ਹੌਲੀ-ਹੌਲੀ ਬਹੁਤ ਅਦਬ ਨਾਲ ਬਾਲਾ ਪ੍ਰੀਤਮ ਨੂੰ ਉਸ ਸਮੇਂ ਲੈ ਕੇ ਆਏ। ਗੋਲ ਪੱਖਾ ਅੱਗੇ ਕੀਤਾ ਤਾਂਕਿ ਸੂਰਜ ਵਾਲੇ ਪਾਸੇ ਤੋਂ ਧੁੱਪ ਨਾ ਲੱਗੇ॥੩॥

ਚਾਰੁ ਚਮਰ ਲੇ ਕਰਿ ਭਾ ਪਾਛੇ। ਕਰਤਿ ਢੁਰਾਵਨਿ ਇਤ ਉਤ ਆਛੇ।
ਗਾਵਨਿ ਲਗੇ ਸ਼ਬਦ ਸੁਖਕਾਰੀ। ਰਾਗ ਰਾਗਨੀ ਰੁਚਿਰ ਮਝਾਰੀ॥੪॥

ਸੁੰਦਰ ਚੌਰ ਲੈ ਕੇ ਪਿੱਛੇ ਹੋ ਕੇ ਬਾਲਾ ਪ੍ਰੀਤਮ ਦੇ ਉੱਪਰ ਏਧਰ ਓਧਰ ਚੰਗੀ ਤਰ੍ਹਾਂ ਝੁਲਾ ਰਹੇ ਸਨ। ਸੁਖਦਾਇਕ ਸ਼ਬਦ ਫਿਰ ਸੁੰਦਰ ਰਾਗ ਰਾਗਣੀਆਂ ਵਿਚ ਗਾਉਣ ਲੱਗੇ॥੪॥

ਬਜਹਿ ਰਬਾਬ ਮ੍ਰਿਦੰਗ ਉਦਾਰਾ। ਜਿਨ ਕੋ ਸ਼੍ਰਵਨ ਦੇਤਿ ਸੁਖ ਭਾਰਾ।
ਪੁਰਿ ਪਟਣੇ ਕੀ ਸੰਗਤਿ ਆਈ। ਅਨਿਕ ਪ੍ਰਕਾਰ ਉਪਾਇਨ ਲਜਾਈ॥੫॥

ਰਬਾਬ ਤੇ ਮ੍ਰਿਦੰਗ ਬਹੁਤ ਉੱਚੀ-ਉੱਚੀ ਵੱਜ ਰਿਹਾ ਸੀ ਜਿਸ ਨੂੰ ਸਣਨ ਨਾਲ ਭਾਰੀ ਸੁਖ ਪ੍ਰਾਪਤ ਹੁੰਦਾ ਸੀ। ਪਟਨੇ ਸ਼ਹਿਰ ਦੀ ਸਾਰੀ ਸੰਗਤ ਆਈ। ਸਾਰੇ ਇਸਤਰੀ-ਪੁਰਸ਼ ਅਨੇਕ ਪ੍ਰਕਾਰ ਦੇ ਉਪਹਾਰ ਲੈ ਕੇ ਆਏ ਸਨ॥੫॥

ਕਰਿ ਕਰਿ ਰਿਦੈ ਕਾਮਨਾ ਆਏ। ਦਰਸ਼ਨ ਕਰਤਿ ਪਾਇ ਮਨ ਭਾਏ।
ਹੋਨਿ ਲਗੀ ਅਰਦਾਸ ਅਗਾਰੀ। ਬਸਤ੍ਰ ਬਿਭੂਖਨ ਅਰਪਤਿ ਭਾਰੀ॥੬॥

ਹਿਰਦੇ ਵਿਚ ਕਾਮਨਾਵਾਂ ਧਰ-ਧਰ ਆਏ, ਦਰਸ਼ਨ ਕਰਕੇ ਮਨ ਭਾਉਂਦੀਆਂ ਇੱਛਾਵਾਂ ਪ੍ਰਾਪਤ ਕਰਦੇ ਸਨ। ਅੱਗੇ ਅਰਦਾਸ ਹੋਣ ਲੱਗੀ। ਵਸਤਰ ਗਹਿਣੇ ਬਹੁਤ ਅਰਪਣ ਕਰ ਰਹੇ ਸਨ॥੬॥

ਬਹੁਰੋ ਸ਼ਾਹਿ ਭੀਖ ਬੁਲਵਾਇਵ। 'ਮਨ ਬਾਂਛਤਿ ਦਰਸਹੁ ਸੁਖਦਾਇਵ'।
ਹਰਖਤਿ ਉਰ ਉਠਿ ਅੰਤਰ ਹੋਵਾ। ਥਿਤ ਸਮੀਪ ਕਰਿ ਅਦਬ ਖਰੋਵਾ॥੭॥

ਫਿਰ ਭੀਖਣ ਸ਼ਾਹ ਨੂੰ ਬੁਲਾ ਲਿਆ ਤੇ ਉਸ ਨੂੰ ਕਿਹਾ, "ਮਨ-ਭਾਉਂਦੇ ਸੁਖਦਾਇਕ ਦਰਸ਼ਨ ਕਰੋ।" ਭੀਖਣ ਸ਼ਾਹ ਪ੍ਰਸੰਨ ਹੋ ਕੇ ਉੱਠ ਕੇ ਅੰਦਰ ਚਲਾ ਗਿਆ। ਬੜਾ ਅਦਬ ਕਰਕੇ ਪਾਸ ਖੜਾ ਹੋ ਗਿਆ॥੭॥

ਬੰਦਨ ਕਰਿ ਤਸਬੀ ਜਿਸ ਹਾਥ। ਬੋਲਤਿ ਭਯੋ ਸਤੁਤਿ ਸ਼ੁਭ ਗਾਥ।
'ਪਾਕ ਬਿਪਾਕ ਰਹੀਮ, ਕਬੀਰ! ਬਖਸ਼ਹੁ ਗੁਨਹੁ, ਪੀਰ ਕੇ ਪੀਰ!॥ ੮॥

ਜਿਸ ਦੇ ਹੱਥ ਵਿਚ ਤਸਬੀ ਸੀ ਉਸ ਬੰਦਨਾ ਕੀਤੀ ਤੇ ਸ਼ੁਭ ਢੰਗ ਨਾਲ ਉਸਤਤਿ ਕਰਨ ਲੱਗਾ। "ਤੁਸੀਂ ਕਰਮਾਂ ਦੇ ਫਲ ਤੋਂ ਪਾਕ ਹੋ, ਭਾਵ ਤੁਸੀਂ ਜਗਤ ਵਿਚ ਸੁਛੰਦ ਆਏ ਹੋ, ਕਿਸੇ ਕਰਮ ਦਾ ਫਲ ਤੁਹਾਨੂੰ ਨਹੀਂ ਲਿਆਇਆ ਹੈ। ਤੁਸੀਂ ਕਿਰਪਾਲੂ ਹੋ, ਮਹਾਨ ਹੋ, ਹੇ ਪੀਰਾਂ ਦੇ ਪੀਰ! ਮੇਰੇ ਗੁਨਾਹ ਬਖਸ਼ੋ॥੮॥

ਸ੍ਰੀ ਨਾਨਕ ਸ੍ਰੀ ਕਾਲੂ ਨੰਦਨ। ਸ੍ਰੀ ਬੇਦੀ ਕੁਲ ਚੰਦ ਸ ਬੰਦਨ।
ਸੁਜਸੁ ਬਿਲੰਦ ਅਨਿੰਦ ਮੁਕੰਦ। ਖਲਕ ਮੁਮਾਰਖ ਦਿਪਹੁ ਅਮੰਦ॥ ੯॥

ਸ੍ਰੀ ਗੁਰੂ ਨਾਨਕ ਸ੍ਰੀ ਕਾਲੂ ਦੇ ਪੁੱਤਰ, ਹੇ ਬੇਦੀ ਕੁਲ ਚੰਦ! ਆਪ ਬੰਦਨਾ ਯੋਗ ਹੋ। ਤੁਹਾਡਾ ਸ੍ਰੇਸ਼ਟ ਜੱਸ ਬਹੁਤ ਉੱਚਾ ਹੈ ਤੁਸੀਂ ਅਨੰਦਦਾਇਕ ਮੁਕਤੀ ਦੇਣ ਵਾਲੇ ਹੋ। ਆਪ ਚੰਦ ਵਾਂਗ ਅਨੰਦ ਪ੍ਰਕਾਸ਼ਦੇ ਹੋ ਤੇ ਖਲਕਤ ਮੁਬਾਰਕਾਂ ਦੇ ਰਹੀ ਹੈ॥੯॥

ਰਾਇ ਬੁਲਾਰ ਉਧਾਰਨਿ ਕਰਜੋ। ਦੌਲਤ ਖਾਂ ਕੋ ਦੁਖ ਪਰਹਰਜੋ।
ਪੀਰ ਬ੍ਰਿੰਦ ਕੇਤਿਕ ਮੁਲਤਾਨ। ਸਭਿ ਕੋ ਸ਼ਾਂਤਿ ਦੀਨਿ ਦੁਖ ਹਾਨਿ॥ ੧੦॥

ਰਾਇ ਬੁਲਾਰ ਦਾ ਤੁਸੀਂ ਉਧਾਰ ਕੀਤਾ, ਦੌਲਤ ਖਾਂ ਦਾ ਦੁਖ ਦੂਰ ਕੀਤਾ। ਮੁਲਤਾਨ ਵਿਚ ਬਹੁਤ ਪੀਰ ਰਹਿੰਦੇ ਸਨ, ਸਾਰਿਆਂ ਦੇ ਦੁਖ ਦੂਰ ਕਰਕੇ ਸ਼ਾਂਤੀ ਬਖਸ਼ੀ॥੧੦॥

ਅਪਰ ਹਿੰਦੂ ਤੁਰਕਨਿ ਕਜਾ ਗਿਨਤੀ। ਕਰੇ ਨਿਹਾਲ ਸ੍ਰੋਨ ਸੁਨਿ ਬਿਨਤੀ।
ਜੋ ਜੋ ਸ਼ਰਨ ਆਨਿ ਕਰਿ ਪਰਜੋ। ਕ੍ਰਿਪਾ ਦ੍ਰਿਸ਼ਟਿ ਕਰਿ ਜਿਸਹਿ ਨਿਹਰਜੋ॥੧੧॥

ਹੋਰ ਹਿੰਦੂਆਂ ਤੁਰਕਾਂ ਦੀ ਕੀ ਗਿਣਤੀ ਹੈ, ਉਨ੍ਹਾਂ ਦੀ ਬੇਨਤੀ ਸੁਣ ਕੇ ਤੁਸੀਂ ਨਿਹਾਲ ਕੀਤਾ। ਜਿਹੜਾ-ਜਿਹੜਾ ਵੀ ਤੁਹਾਡੀ ਸ਼ਰਨ ਆ ਕੇ ਪਿਆ, ਕਿਰਪਾ-ਦ੍ਰਿਸ਼ਟੀ ਕਰਕੇ ਜਿਸ ਵਲ ਵੀ ਤੁਸੀਂ ਵੇਖਿਆ॥੧੧॥

ਸੋ ਸੋ ਚਤੁਰ ਪਦਾਰਥ ਪਾਪਤ। ਲਗੀ ਰਿਦੇ ਲਿਵ ਸੱਤਜ ਸੁ ਜਾਪਤਿ।
ਦੁਲਭ ਤਿਨਹੁੰ ਕੋ ਕਛੂ ਨ ਰਹਜੋ। ਰਾਵਰਨੇ ਜਿਸਕੋ ਨਿਜ ਲਹਜੋ॥ ੧੨॥

ਉਹ-ਉਹ ਹੀ ਚਾਰ ਪਦਾਰਥ ਪ੍ਰਾਪਤ ਕਰ ਲੈਂਦਾ ਸੀ ਤੇ ਹਿਰਦੇ ਵਿਚ ਐਸੀ ਲਿਵ ਲੱਗਦੀ ਸੀ ਕਿ ਸਤਿਨਾਮ ਦਾ ਜਾਪ ਕਰਨ ਲੱਗ ਜਾਂਦਾ ਸੀ। ਉਨ੍ਹਾਂ ਵਾਸਤੇ ਫਿਰ ਦੁਰਲੱਭ ਕੁਝ ਨਾ ਰਿਹਾ ਜਿਸ ਨੂੰ ਆਪ ਨੇ ਆਪਣਾ ਬਣਾਇਆ ਹੈ॥੧੨॥

ਸੂਰਤ ਸੁੰਦਰ ਮੂਰਤਿ ਪਾਕ। ਤੁਮਰੇ ਦਰਸ਼ਨ ਨਹਿੰ ਜਮ ਬਾਕ।
ਜ਼ਾਹਿਰ ਜਗ ਮਹਿਂ ਜਬਰ ਜ਼ਹੂਰ। ਹਾਜ਼ਰ ਜਹਿਂ ਕਹਿਂ ਦਾਸ ਹਜ਼ੂਰ॥ ੧੩॥

ਤੁਹਾਡੀ ਸੁੰਦਰ ਸੂਰਤ ਅਤੇ ਪਵਿੱਤਰ ਮੂਰਤ ਹੈ, ਤੁਹਾਡੇ ਦਰਸ਼ਨਾਂ ਨਾਲ ਜਮਾਂ ਦਾ ਡਰ ਨਹੀਂ ਰਹਿੰਦਾ ਹੈ। ਜਗ ਵਿਚ ਤੁਹਾਡਾ ਵੱਡਾ ਪ੍ਰਕਾਸ਼ ਹੈ। ਜਿੱਥੇ ਕਿੱਥੇ ਦਾਸ ਆਪ ਜੀ ਨੂੰ ਯਾਦ ਕਰਦੇ ਹਨ, ਆਪ ਹਾਜ਼ਰ ਹੁੰਦੇ ਹੋ॥੧੩॥

ਗ਼ਾਫਲ ਗੰਜ ਗ਼ਰੀਬ ਨਿਵਾਜ। ਇਹ ਕਦੀਮ ਤੁਮ ਕਰਤੇ ਕਾਜ।
ਜਸ ਚਿਤ ਚਹੋ ਕਰਹੁ ਤਸ ਮਾਲਿਕ। ਸਿਰਜਨਹਾਰ ਖਲਕ ਕੋ ਪਾਲਿਕ॥੧੪॥

ਆਪ ਰੱਬ ਤੋਂ ਗ਼ਾਫਲਾਂ ਦਾ ਨਾਸ਼ ਕਰਨ ਵਾਲੇ ਹੋ ਤੇ ਗ਼ਰੀਬ ਨਿਵਾਜ਼ ਹੋ। ਇਹ ਕਾਰਜ ਤੁਸੀਂ ਆਦਿ ਤੋਂ ਹੀ ਕਰਦੇ ਆਏ ਹੋ। ਜਿਸ ਤਰ੍ਹਾਂ ਤੁਸੀਂ ਚਿੱਤ ਵਿਚ ਚਾਹੁੰਦੇ ਹੋ, ਉਸ ਤਰ੍ਹਾਂ ਹੀ ਤੁਸੀਂ ਸਵਾਮੀ ਜੀ ਕਰਦੇ ਹੋ। ਸਿਰਜਣਹਾਰ ਖਲਕਤ ਦੇ ਤੁਸੀਂ ਪਾਲਕ ਹੋ॥੧੪॥

Sri Satguru Jagjit Singh Ji eLlibrary NamdhariElibrary@gmail.com

ਲਗਜੋ ਆਨਿ ਮੈਂ ਕਦਮ ਤੁਮਾਰੇ। ਬੂਝਹੁ ਰਿਦੇ ਮਨੋਰਥ ਸਾਰੇ।
ਅਪਨੇ ਪੰਥ ਵਿਖੇ ਮਮ ਟੁਕਰਾ। ਜੇ ਰਾਖਹੁ ਤੁਮ, ਕਰਹੁ ਨ ਉਖਰਾ॥ ੧੫॥

ਮੈਂ ਤੁਹਾਡੇ ਚਰਨਾਂ ਨਾਲ ਆ ਲੱਗਾ ਹਾਂ, ਤੁਸੀਂ ਮੇਰੇ ਹਿਰਦੇ ਦੇ ਸਾਰੇ ਮਨੋਰਥ ਜਾਣਦੇ ਹੋ। ਆਪ ਜੀ ਦੇ ਪੰਥ ਦਾ ਮੈਂ ਇਕ ਅੰਗ ਹਾਂ। ਤੁਰਕਾਂ ਦੇ ਤੇਜ ਪ੍ਰਤਾਪ ਦੀ ਜੜ੍ਹ ਕੱਟੀ ਜਾਣੀ ਹੈ, ਜੇ ਆਪ ਰੱਖ ਲਵੋਗੇ ਤਾਂ ਮੇਰੀ ਜੜ੍ਹ ਨਹੀਂ ਕੱਟੀ ਜਾਵੇਗੀ॥੧੫॥

ਸਭਿ ਤੁਰਕਨਿ ਤੇ ਰਖਹੁ ਨਿਰਾਲਾ। ਮੋ ਪਰ ਕਰਿ ਕੈ ਕਰਮ ਕ੍ਰਿਪਾਲਾ।
ਤੌ ਅਬਿ ਪਤਾ ਮੋਹਿ ਕੋ ਦੇਈਏ। ਮਮ ਉਰ ਅੰਤਰ ਕੀ ਲਖਿ ਲੇਈਏ॥੧੬॥

ਹੇ ਕਿਰਪਾਲੂ! ਮੇਰੇ ਉੱਤੇ ਕਿਰਪਾ ਕਰਕੇ ਮੈਨੂੰ ਸਾਰੇ ਤੁਰਕਾਂ ਨਾਲੋਂ ਵੱਖਰਾ ਰੱਖੋ। ਤਾਂ ਹੁਣ ਮੈਨੂੰ ਦੱਸ ਦੇਵੋ ਤੇ ਮੇਰੇ ਹਿਰਦੇ ਦੇ ਅੰਦਰ ਦੀ ਗੱਲ ਸਮਝ ਲਵੋ॥੧੬॥

ਇੱਤਜਾਦਿਕ ਕਹਿ ਕਰਿ ਇਕ ਘਟਿਕਾ। ਮ੍ਰਿਤਕਾ ਕੀ ਲਘੁ ਲਘੁ ਦ੍ਵੈ ਘਟਕਾ।
ਤਿਨ ਮਹਿਂ ਪਾਇ ਮਧੁਰ ਪਕਵਾਨ। ਸੇਤ ਬਸਤ੍ਰ ਮੁਖ ਬੰਧਨ ਠਾਨਿ॥੧੭॥

ਇਕ ਘੜੀ ਇਸ ਤਰ੍ਹਾਂ ਕਹਿ ਕੇ ਮਿੱਟੀ ਦੀਆਂ ਦੋ ਕੁੱਜੀਆਂ ਲਈਆਂ ਜਿਨ੍ਹਾਂ ਵਿਚ ਮਿੱਠਾ ਪਕਵਾਨ ਪਾਇਆ ਸੀ। ਸਫੇਦ ਕੱਪੜਾ ਲੈ ਕੇ ਉਨ੍ਹਾਂ ਕੁੱਜੀਆਂ ਦਾ ਮੂੰਹ ਬੰਨ੍ਹਿਆ ਹੋਇਆ ਸੀ॥੧੭॥

ਪ੍ਰਿਥਮ ਮੁਰੀਦ ਨਿਕਟਿ ਮੰਗਵਾਈ। ਲੇ ਕਰਿ ਸੋ ਨਿਜ ਹਾਥ ਉਚਾਈ।
ਦ੍ਵੈ ਕਰ ਪਰ ਦੋਨਹੁਂ ਸੋ ਧਰਿਕੈ। ਸਤਿਗੁਰ ਕੀ ਸੁਭ ਸਿਫਤ ਉਚਰਿਕੈ॥੧੮॥

ਪਹਿਲਾਂ ਮੁਰੀਦ ਪਾਸੋਂ ਆਪਣੇ ਪਾਸ ਮੰਗਵਾਈਆਂ ਤੇ ਫਿਰ ਉਸ ਪਾਸੋਂ ਲੈ ਕੇ ਆਪਣੇ ਹੱਥ ਵਿਚ ਚੁੱਕ ਲਈਆਂ। ਦੋਵਾਂ ਕੁੱਜੀਆਂ ਨੂੰ ਦੋਵਾਂ ਹੱਥਾਂ ਉੱਤੇ ਧਰ ਕੇ ਸਤਿਗੁਰੂ ਜੀ ਦੀ ਸ਼ੁਭ ਸਿਫਤ ਉਚਾਰਨ ਕੀਤੀ॥੧੮॥

ਹੇਤੁ ਪਰਖਿਬੇ ਹ੍ਵੈ ਕਰਿ ਆਗਾ। ਅਤਿ ਸਮੀਪ ਹ੍ਵੈਬੇ ਕਹੁ ਲਾਗਾ।
ਪ੍ਰਭੂ ਬਿਰਾਜਤਿ ਮਾਤਲ ਅੰਕਾ। ਸੁੰਦਰ ਦਰਸ਼ਨ ਮਦਨ ਮਯੰਕਾ॥ ੧੯॥

ਪਰਖਣ ਵਾਸਤੇ ਫਿਰ ਅੱਗੇ ਹੋਇਆ ਤੇ ਬਹੁਤ ਨੇੜੇ ਹੋਣ ਲੱਗਾ। ਸਤਿਗੁਰੂ ਜੀ ਨੂੰ ਮਾਮਾ ਕਿਰਪਾਲ ਚੰਦ ਜੀ ਨੇ ਆਪਣੀ ਗੋਦ ਵਿਚ ਚੁੱਕਿਆ ਹੋਇਆ ਸੀ। ਦਰਸ਼ਨ ਬੜੇ ਸੁੰਦਰ ਸਨ, ਮਾਨੋ ਕਾਮਦੇਵ ਜਾਂ ਚੰਦ ਹੋਵੇ॥੧੯॥

ਸ਼ਜਾਮ ਬਿੰਦੁ ਜਨਨੀ ਸੁਭ ਲਾਇਦਵ। ਡੀਠ ਨ ਲਗੈ ਰਿਦਾ ਅਕੁਲਾਇਦਵ।
ਮਨਹੁਂ ਸੁ ਲੱਛਨ ਚੰਦ ਸੁਹਾਵਾ। ਦਾਸ ਚਕੋਰਨ ਗਨ ਹਰਖਾਵਾ॥ ੨੦॥

ਮਾਂ ਨੇ ਕਾਲੇ ਰੰਗ ਦੀ ਸ਼ੁਭ ਬਿੰਦੀ ਲਾਈ ਸੀ, ਕਿਤੇ ਨਜ਼ਰ ਨਾ ਲੱਗੇ, ਹਿਰਦਾ ਵਿਆਕੁਲ ਹੋਇਆ ਸੀ। ਇਹ ਬਿੰਦੀ ਇਸ ਤਰ੍ਹਾਂ ਸ਼ੋਭ ਰਹੀ ਸੀ, ਮਾਨੋ ਚੰਦ ਵਿਚ ਸੱਸੇ ਦਾ ਕਾਲਾ ਚਿੰਨ੍ਹ ਸੁਹਾ ਰਿਹਾ ਹੋਵੇ॥੨੦॥

ਬਿਕਸਜੋ ਮਨਹੁਂ ਅਲਪ ਅਰਬਿੰਦ। ਬੈਠਜੋ ਸ਼ੋਭਤਿ ਬਤਸ ਮਲਿੰਦ।
ਸੁਧਾ ਕੁੰਡ ਮੁਖ ਮੰਡਲ ਮਨੋ। ਬਿਕਸਤਿ ਕਬਿ ਕਬਿ ਬੀਚੀ ਸਨੋ॥ ੨੧॥

ਮਾਨੋ ਛੋਟਾ ਕੰਵਲ ਖਿੜਿਆ ਹੋਵੇ ਤੇ ਉਸ ਉੱਤੇ ਮਾਨੋ ਭੌਰੇ ਦਾ ਬੱਚਾ ਬੈਠਾ ਸ਼ੋਭ ਰਿਹਾ ਹੋਵੇ। ਚਿਹਰਾ ਮੰਡਲ ਮਾਨੋ ਅੰਮ੍ਰਿਤ ਦਾ ਕੁੰਡ ਹੈ ਜੋ ਕਿਸੇ-ਕਿਸੇ ਵੇਲੇ ਮੁਸਕਰਾਉਂਦੇ ਹਨ ਤਾਂ ਇੰਝ ਲੱਗਦਾ ਮਾਨੋ ਅੰਮ੍ਰਿਤ ਦੀ ਲਹਿਰ ਉੱਠੀ ਹੈ॥੨੧॥

ਜਜੋਂ ਜਜੋਂ ਸ਼ਾਹ ਭੀਖ ਮੁਖ ਬੋਲਹਿ। ਪਿਖਤਿ ਹਸਤਿ ਤਜੋਂ ਤਜੋਂ ਤਨੁ ਡੋਲਹਿ।
ਹਾਥਨਿ ਚਰਨ ਉਛਾਰਤਿ ਡਾਰਤਿ। ਕਵਿ ਜਿਨ ਪਰ ਉਤਪਲ ਦੁਤਿ ਵਾਰਤਿ॥੨੨॥

ਜਿਵੇਂ-ਜਿਵੇਂ ਭੀਖਣ ਸ਼ਾਹ ਮੁਖ ਤੋਂ ਬੋਲਦਾ ਸੀ, ਤਿਵੇਂ-ਤਿਵੇਂ ਬਾਲਾ ਪ੍ਰੀਤਮ ਜੀ ਵੇਖ ਵੇਖ ਹੱਸਦੇ ਸਨ ਤੇ ਸਰੀਰ ਡੋਲਦਾ ਸੀ, ਹੱਥ ਪੈਰ ਕਦੀ ਉਪਰ ਚੁੱਕਦੇ ਸਨ ਕਦੀ ਥੱਲੇ ਕਰ ਲੈਂਦੇ ਸਨ। ਕਵੀ ਜੀ ਉਨ੍ਹਾਂ ਚਰਨਾਂ ਉੱਤੋਂ ਕੰਵਲਾਂ ਦੀ ਸ਼ੋਭਾ ਕੁਰਬਾਨ ਕਰਦਾ ਹੈ॥੨੨॥

ਹਾਟਕ ਕਟਕ ਜਟੇ ਵਿਚ ਹੀਰੇ। ਲਾਗੀ ਅੰਗੁਰੀ ਲਗੇਂ ਜੰਜੀਰੇ।
ਜਟੀ ਮੁੰਦਰੀ ਸੁੰਦਰ ਸੰਗਿ। ਝਗੁਲੀ ਝੀਨ ਪੀਤ ਸੁਭ ਰੰਗ॥ ੨੩॥

ਸੋਨੇ ਦੇ ਕੜ੍ਹਿਆਂ ਵਿਚ ਹੀਰੇ ਜੜੇ ਹੋਏ ਸਨ। ਉਂਗਲਾਂ ਤਕ ਜੰਜੀਰੀਆਂ ਲੱਗੀਆਂ ਹੋਈਆਂ ਸਨ। ਮੁੰਦਰੀ ਬੜੀ ਸੁੰਦਰਤਾ ਨਾਲ ਜੜੀ ਹੋਈ ਸੀ। ਪੀਲੇ ਰੰਗ ਦੀ ਝੱਗੀ ਬੜੀ ਸ਼ੋਭ ਰਹੀ ਸੀ॥੨੩॥

ਲੋਚਨ ਪੁਤਰੀ ਇਤ ਉਤ ਫੇਰਤਿ। ਕਰਤਿ ਕ੍ਰਿਤਾਰਥ ਸੰਗਤਿ ਹੇਰਤਿ।
ਆਯੁਤ ਭਾਲ ਕੇਸ ਬਰ ਛੋਟੇ। ਸਿਰ ਪਰ ਬਸਤ੍ਰ ਦਮਕਤੇ ਗੋਟੇ॥ ੨੪॥

ਬਾਲਾ ਪ੍ਰੀਤਮ ਜੀ ਅੱਖਾਂ ਦੀਆਂ ਪੁਤਲੀਆਂ ਏਧਰ ਓਧਰ ਫੇਰ ਕੇ ਸੰਗਤ ਵਲ ਵੇਖ ਸਭ ਦਾ ਕਲਿਆਣ ਕਰ ਰਹੇ ਸਨ, ਚੌੜਾ ਮੱਥਾ ਹੈ ਸਿਰ ਤੇ ਕੇਸ ਬੜੇ ਸੁੰਦਰ ਅਤੇ ਛੋਟੇ-ਛੋਟੇ ਹਨ॥੨੪॥

ਸੰਗਤਿ ਚਹੁੰਦਿਸ਼ਿ ਜੋਰਤਿ ਹਾਥ। ਦਰਸਤਿ ਖਰੇ ਅਲਪ ਗੁਰਨਾਥ।
ਸ਼ਾਹਿ ਭੀਖ ਘਟਕਾ ਜਬਿ ਦੋਨੋ। ਕਰੀ ਸਮੀਪ ਹੋਇ ਕਰਿ ਨਮੋਂ॥ ੨੫॥

ਚਾਰੇ ਪਾਸੇ ਸੰਗਤ ਹੱਥ ਜੋੜ ਕੇ ਖਲੋਤੀ ਹੈ, ਛੋਟੇ ਸਤਿਗੁਰੂ ਮਾਲਕ ਦੇ ਦਰਸ਼ਨ ਕਰ ਰਹੇ ਸਨ। ਭੀਖਣ ਸ਼ਾਹ ਨੇ ਜਦ ਸਨਿੰਮਰ ਹੋ ਕੇ ਦੋਵੇਂ ਕੂੰਜੀਆਂ ਬਾਲਾ ਪ੍ਰੀਤਮ ਦੇ ਨੇੜੇ ਕੀਤੀਆਂ॥੨੫॥

ਸ਼੍ਰੀ ਗੁਰ ਦੋਨਹੁੰ ਹਾਥ ਪਸਾਰੇ। ਘਟੀ ਸਪਰਸ਼ਨ ਕੋ ਤਿਸ ਬਾਰੇ।
ਤਊ ਨ ਪਹੁੰਚੇ ਜਾਇ ਤਹਾਂ ਲੌ। ਪਰੇ ਅੰਕ ਮਹਿਂ ਛੁਵੈਂ ਕਹਾਂ ਲੌ॥ ੨੬॥

ਤਾਂ ਸ੍ਰੀ ਗੁਰੂ ਜੀ ਨੇ ਦੋਵੇਂ ਹੱਥ ਪਸਾਰੇ ਤੇ ਉਸ ਸਮੇਂ ਕੁਜੀਆਂ ਨੂੰ ਛੂਹਣ ਲੱਗੇ, ਪਰ ਫਿਰ ਵੀ ਹੱਥ ਕੁਜੀਆਂ ਤਕ ਪਹੁੰਚਦੇ ਨਹੀਂ ਸਨ, ਗੋਦੀ ਵਿਚ ਪਏ ਕਿਥੋਂ ਤਕ ਛੂਹ ਸਕਦੇ ਸਨ॥੨੬॥

ਸ਼ਾਹ ਭੀਖ ਕੇ ਮਨ ਕੀ ਜਾਨਿ। ਕਰੀ ਵਧਾਵਨ ਬਾਹੁ ਮਹਾਨ।
ਦੋਨੋ ਦ੍ਵੈ ਘਟਕਾ ਪਰ ਲਾਏ। ਸੰਗਤਿ ਖਰੀ ਨ ਕਿਨਹੁੰ ਲਖਾਏ॥ ੨੭॥

ਭੀਖਣ ਸ਼ਾਹ ਦੇ ਮਨ ਦੀ ਗੱਲ ਜਾਣ ਕੇ ਉਨ੍ਹਾਂ ਬਾਹਾਂ ਬਹੁਤ ਅੱਗੇ ਵਧਾਈਆਂ ਤੇ ਦੋਵਾਂ ਕੂੰਜੀਆਂ 'ਤੇ ਆਪਣਾ ਇਕ ਇਕ ਹੱਥ ਰੱਖ ਦਿੱਤਾ, ਪਰ ਖੜੀ ਸੰਗਤ ਇਸ ਬਾਰੇ ਕੁਝ ਨਾ ਸਮਝ ਸਕੀ॥੨੭॥

ਸ਼ਾਹੁ ਭੀਖ ਇਕ ਕਰੀ ਨਿਹਾਰਨਿ। ਜਬਿ ਘਟਕਾ ਪਰ ਕਿਯ ਕਰ ਧਾਰਨਿ।
ਭਾਰ ਬਿਸਾਲ ਹਜ਼ਾਰਨਿ ਮਨ ਕੋ। ਕਰਜੋ ਪ੍ਰਭੂ ਨੇ ਹਾਥ ਦੁਹਿਨਿ ਕੋ॥੨੮॥

ਕੇਵਲ ਇਕ ਭੀਖਣ ਸ਼ਾਹ ਹੀ ਵੇਖ ਕੇ ਸਮਝ ਸਕਿਆ। ਜਦ ਬਾਲਾ ਗੁਰੂ ਜੀ ਨੇ ਕੁੱਜੀਆਂ 'ਤੇ ਹੱਥ ਰੱਖੇ ਤਾਂ ਬਾਲਾ ਪ੍ਰੀਤਮ ਜੀ ਨੇ ਆਪਣੇ ਹੱਥਾਂ ਦਾ ਭਾਰ ਹਜ਼ਾਰਾਂ ਮਣਾਂ ਦਾ ਕਰ ਲਿਆ॥੨੮॥

ਅਪਨੀ ਕਰਾਮਾਤ ਕੇ ਸਾਥ। ਸਾਂਭਿਤਿ ਭਾ ਦਿੜ ਕਰਿ ਕੈ ਹਾਥ।
ਪੁਨਹਿ ਗੁਰੂ ਨੇ ਅਧਿਕ ਦਬਾਯੋ। ਪੀਰ ਓਜ ਨਿਜ ਤੇ ਬਿਕੁਲਾਯੋ॥ ੨੯॥

ਭੀਖਣ ਸ਼ਾਹ ਨੇ ਆਪਣੀ ਕਰਾਮਾਤ ਦੇ ਨਾਲ ਕੁੱਜੀਆਂ ਨੂੰ ਦ੍ਰਿੜ੍ਹ ਹੱਥ ਕਰਕੇ ਸੰਭਾਲਿਆ। ਫਿਰ ਗੁਰੂ ਜੀ ਨੇ ਕੁੱਜੀਆਂ ਨੂੰ ਬਹੁਤ ਦਬਾਇਆ, ਪੀਰ ਉਸ ਸ਼ਕਤੀ ਨੂੰ ਬਰਦਾਸ਼ਤ ਨਾ ਕਰ ਸਕਿਆ ਤੇ ਵਿਆਕੁਲ ਹੋ ਗਿਆ॥੨੯॥

ਉਛਲਤਿ ਚਰਨ ਦਿਸ਼ਾ ਤਬਿ ਹੇਰਾ। ਕਹਿਤ ਭਯੋ 'ਮੈਂ ਹੌਂ ਇਨ ਚੇਰਾ।
ਤਤਛਿਨ ਦੋਨਹੁੰ ਹਾਥ ਉਠਾਏ। ਬਿਨਾ ਭੀਖ ਨਹਿਂ ਕਿਨਹੁੰ ਲਖਾਏ॥ ੩੦॥

ਫਿਰ ਪੀਰ ਨੇ ਉੱਛਲ ਕੇ ਗੁਰੂ ਜੀ ਦੇ ਚਰਨਾਂ ਵਲ ਵੇਖਿਆ ਤੇ ਕਿਹਾ "ਮੈਂ ਇਨ੍ਹਾਂ ਚਰਨਾਂ ਦਾ ਦਾਸ ਹਾਂ।' ਤੁਰਤ ਗੁਰੂ ਜੀ ਨੇ ਕੁੱਜੀਆਂ ਤੋਂ ਹੱਥ ਚੁੱਕ ਲਏ, ਭੀਖਣ ਸ਼ਾਹ ਤੋਂ ਬਗੈਰ ਹੋਰ ਕੋਈ ਇਹ ਭੇਦ ਨਾ ਸਮਝ ਸਕਿਆ॥੩੦॥

ਅਤਿ ਅਨੰਦ ਮਨ ਮੈਂ ਹੁਇ ਆਯੋ। ਦੁਸਕਰ ਤਪ ਕੋ ਫਲ ਜਨੁ ਪਾਯੋ।
ਜਨਮ ਰੰਕ ਜਿਮ ਨਵ ਨਿਧਿ ਲੈ ਕੇ। ਪ੍ਰਾਨ ਅੰਤ ਤਿਖ ਜਲ ਜਿਮ ਪੈਕੇ॥ ੩੧॥

ਭੀਖਣ ਸ਼ਾਹ ਫਿਰ ਮਨ ਵਿਚ ਅਤੀ ਅਨੰਦਿਤ ਹੋ ਗਿਆ ਜਿਵੇਂ ਕਠਨ ਤਪ ਦਾ ਉਸ ਫਲ ਪ੍ਰਾਪਤ ਕੀਤਾ ਹੋਵੇ, ਜਿਵੇਂ ਜਨਮਾਂ ਦੇ ਗਰੀਬ ਨੇ ਨੌਂ ਨਿਧ ਖਜ਼ਾਨਾ ਪਾ ਲਿਆ ਹੋਵੇ, ਜਿਵੇਂ ਪਿਆਸ ਨਾਲ ਮਰਨ ਵਾਲੇ ਨੂੰ ਜਲ ਮਿਲ ਗਿਆ ਹੋਵੇ॥੩੧॥

ਭਈ ਭਾਵਨੀ ਪੂਰਨ ਸਾਰੀ। ਸੀਸ ਨੰਮ੍ਰਿ ਕਰ ਬੰਦਨ ਧਾਰੀ।
ਘਟਕਾ ਦਈ ਮੁਰੀਦਨ ਹਾਥ। ਭਰਿ ਲੋਚਨ ਦਰਸਤਿ ਗੁਰ ਨਾਥ॥ ੩੨॥

ਭੀਖਣ ਸ਼ਾਹ ਦੀ ਸਾਰੀ ਭਾਵਨਾ ਪੂਰੀ ਹੋਈ, ਫਿਰ ਉਸ ਸਿਰ ਨਿਵਾ ਕੇ ਬੰਦਨਾ ਕੀਤੀ। ਉਹ ਕੁੱਜੀਆਂ ਉਸ ਆਪਣੇ ਮੁਰੀਦਾਂ ਨੂੰ ਫੜਾ ਦਿੱਤੀਆਂ ਤੇ ਅੱਖਾਂ ਭਰ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੩੨॥

ਅਰਪਹਿਂ ਅਨਿਕ ਉਪਾਇਨ ਦਾਸ। ਜੋਰਿ ਹਾਥ ਕਰਤੇ ਅਰਦਾਸ।
ਬਸਤ੍ਰ ਬਿਭੂਖਨ ਦਰਬ ਅਗਾਰੇ। ਧਰਹਿਂ ਆਨਿ ਸਿਖ ਸੰਗਤ ਸਾਰੇ॥ ੩੩॥

ਸੇਵਕ ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰ ਰਹੇ ਸਨ ਤੇ ਹੱਥ ਜੋੜ ਕੇ ਅਰਦਾਸ ਕਰਦੇ ਸਨ। ਕੱਪੜੇ, ਗਹਿਣੇ ਅਤੇ ਧਨ ਅੱਗੇ ਧਰਦੇ ਸਨ, ਸਾਰੀ ਸਿੱਖ ਸੰਗਤ ਆ ਕੇ ਉਪਹਾਰ ਧਰ ਰਹੀ ਸੀ॥੩੩॥

ਕੋ ਪੰਚਾਂਮ੍ਰਿਤ ਕੋ ਕਰਿਵਾਇ। ਆਨਜੋਂ ਸਤਿਗੁਰ ਢਿਗ ਬਰਤਾਇ।
ਚਤੁਰ ਘਟੀ ਲਗਿ ਦਰਸ਼ਨ ਦੀਨਸਿ। ਸਿਖ ਸੰਗਤ ਉਤਸਾਹ ਸੁ ਕੀਨਸਿ॥੩੪॥

ਕੋਈ ਕੜਾਹ ਪ੍ਰਸ਼ਾਦਿ ਤਿਆਰ ਕਰਵਾ ਕੇ ਲਿਆਉਂਦਾ ਸੀ ਤੇ ਆ ਕੇ ਸਤਿਗੁਰੂ ਜੀ ਦੇ ਪਾਸ ਵਰਤਾ ਦਿੰਦਾ ਸੀ। ਗੁਰੂ ਜੀ ਨੇ ਚਾਰ ਘੜੀਆਂ ਦਰਸ਼ਨ ਦਿੱਤੇ, ਸਿੱਖ ਸੰਗਤ ਨੇ ਵੱਡਾ ਉਤਸਵ ਕੀਤਾ॥੩੪॥

ਸਭਿ ਨੈ ਦਰਸ਼ਨ ਕਾਰਨ ਜਾਨਾ। ਬੈਠਿ ਪੀਰ ਹਠ ਕਿਯੋ ਮਹਾਨਾ।
ਯਾਂਤੇ ਦਰਸ਼ਨ ਸਭਿ ਕੋ ਭਯੋ। ਅਲਪ ਰੂਪ ਸੁੰਦਰ ਗੁਰੁ ਥਿਯੋ॥ ੩੫॥

ਸਾਰਿਆਂ ਨੇ ਦਰਸ਼ਨਾਂ ਦਾ ਕਾਰਨ ਜਾਣਿਆ ਕਿ ਪੀਰ ਨੇ ਬਾਹਰ ਬੈਠ ਕੇ ਵੱਡਾ ਹਠ ਕੀਤਾ ਸੀ। ਇਸ ਕਰਕੇ ਸਾਰਿਆਂ ਨੂੰ ਦਰਸ਼ਨ ਹੋ ਗਏ ਹਨ, ਬਾਲਾ ਗੁਰੂ ਜੀ ਦਾ ਸੁੰਦਰ ਛੋਟਾ ਸਰੂਪ ਵੇਖਿਆ॥੩੫॥

ਸ਼ਾਹੁ ਭੀਖ ਸੋਂ ਮਿਲਿ ਸਿਖ ਸਾਰੇ। 'ਧੰਨ ਪੀਰ ਜੀ' ਕਹਤਿ ਨਿਹਾਰੇ।
ਸਭਿ ਕੋ ਦਰਸ਼ਨ ਤੁਮ ਕਰਿਵਾਇਵ। ਭਾ ਉਤਸਾਹ ਸਿੱਖ ਹਰਖਾਇਵ॥ ੩੬॥

ਸਾਰੇ ਸਿੱਖ ਭੀਖਣ ਸ਼ਾਹ ਨੂੰ ਮਿਲਕੇ ਵੇਖ ਕੇ ਕਹਿਣ ਲੱਗੇ, "ਧੰਨ ਪੀਰ ਜੀ ਤੁਸੀਂ ਸਾਰਿਆਂ ਨੂੰ ਗੁਰੂ ਜੀ ਦੇ ਦਰਸ਼ਨ ਕਰਵਾਏ ਹਨ, ਵੱਡਾ ਉਤਸਵ ਹੋਇਆ ਹੈ ਤੇ ਸਿੱਖ ਬਹੁਤ ਪ੍ਰਸੰਨ ਹੋਏ ਹਨ॥੩੬॥

ਸ੍ਰੀ ਗੁਰੁ ਕੋ ਅੰਤਰ ਲੇ ਗਏ। ਪੁਨ ਸਿਖ ਨਿਜ ਨਿਜ ਸਦਨ ਸਿਧਏ।
ਤਬਹਿ ਪੀਰ ਜੀ ਖਾਨਾ ਖਾਯੋ। ਪੁਰਵਿ ਕਾਮਨਾ ਤੇ ਹਰਖਾਯੋ॥ ੩੭॥

ਸ੍ਰੀ ਗੁਰੂ ਜੀ ਨੂੰ ਫਿਰ ਅੰਦਰ ਲੈ ਗਏ, ਫਿਰ ਸਿੱਖ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਤਦ ਪੀਰ ਜੀ ਨੇ ਖਾਣਾ ਖਾਧਾ ਤੇ ਆਪਣੀ ਕਾਮਨਾ ਪੂਰੀ ਹੋਣ ਤੇ ਪ੍ਰਸੰਨ ਹੋਇਆ॥੩੭॥

ਹੁਤੇ ਮੁਰੀਦ ਸੁ ਬੂਝਨਿ ਲਾਗੇ। 'ਘਟੀ ਜੁ ਲਈ ਪੀਰ ਜੀ ਆਗੇ।
ਨਹੀਂ ਗੁਰੂ ਕਹੁ ਅਰਪਨਿ ਕਰੇ। ਕਾਰਜ ਕੌਨ ਇਨਹੁੰ ਤੇ ਸਰੇ?॥ ੩੮॥

ਪੀਰ ਜੀ ਦੇ ਜਿਹੜੇ ਮੁਰੀਦ ਸਨ ਉਹ ਪੁੱਛਣ ਲੱਗੇ, "ਤੁਸੀਂ ਜਿਹੜੀਆਂ ਕੁੱਜੀਆਂ ਗੁਰੂ ਜੀ ਦੇ ਅੱਗੇ ਲੈ ਕੇ ਗਏ ਸੀ, ਉਹ ਗੁਰੂ ਜੀ ਨੂੰ ਅਰਪਣ ਨਹੀਂ ਕੀਤੀਆਂ ਹਨ, ਇਨ੍ਹਾਂ ਕੁੱਜੀਆਂ ਨਾਲ ਕਿਹੜਾ ਕਾਰਜ ਪੂਰਾ ਹੋਇਆ ਹੈ?॥੩੮॥

ਜਿਮ ਲੇ ਗਏ ਤਥਾ ਲੇ ਆਏ। ਬਾਦ ਕ੍ਰਿਤਿ ਇਹ ਪਰਹਿ ਲਖਾਏ।
ਇਹ ਹਮ ਕੋ ਕੁਛ ਪਰਹਿ ਨ ਚੀਨੇ। ਕਜੋਂ ਧਰਿ ਹਾਥ ਅਗਾਰੀ ਕੀਨੇ?'॥੩੯॥

ਜਿਵੇਂ ਲੈ ਕੇ ਗਏ ਸੀ, ਉਸ ਤਰ੍ਹਾਂ ਹੀ ਵਾਪਸ ਲੈ ਆਏ ਹੋ, ਵਿਅਰਥ ਕ੍ਰਿਤ ਇਹ ਦਿਖਾਈ ਦਿੰਦੀ ਹੈ। ਇਸ ਦੀ ਸਾਨੂੰ ਕੁਝ ਸਮਝ ਨਹੀਂ ਆਈ ਹੈ, ਤੁਸੀਂ ਹੱਥ ਵਿਚ ਫੜ ਕੇ ਇਹ ਕੁੱਜੀਆਂ ਗੁਰੂ ਜੀ ਦੇ ਅੱਗੇ ਕਿਉਂ ਕੀਤੀਆਂ ਸਨ?"॥੩੯॥

ਸ਼ਾਹੁ ਭੀਖ ਨੇ ਸੁਨਤਿ ਬਖਾਨਾ। 'ਇਹ ਅਵਤਰਿਓ ਪੁਰਖ ਮਹਾਨਾ।
ਤੁਰਕਨਿ ਤੇਜ ਮਿਟਾਵਨਿ ਕਾਰਨ। ਅਪਨਿ ਪੰਥ ਜਗ ਮਹਿਂ ਬਿਸਤਾਰਨਿ॥੪੦॥

ਇਹ ਸੁਣ ਕੇ ਭੀਖਣ ਸ਼ਾਹ ਨੇ ਕਿਹਾ, "ਇਹ ਮਹਾਨ ਅਵਤਾਰੀ ਪੁਰਖ ਹੈ, ਤੁਰਕਾਂ ਦਾ ਤੇਜ ਨੂੰ ਮਿਟਾਉਣ ਵਾਸਤੇ, ਜਗਤ ਵਿਚ ਆਪਣੇ ਪੰਥ ਦਾ ਵਿਸਥਾਰ ਕਰੇਗਾ॥੪੦॥

ਮੈਂ ਕੀਨਸਿ ਇਹ ਮਨ ਕੇ ਸਾਥ। ਧਰਹਿਂ ਜਿ ਦ੍ਵੈ ਪਰ ਦੋਨਹੁ ਹਾਥ।
ਹਿੰਦੂ ਤੁਰਕ ਰਹੈਂ ਜਗ ਦੋਊ। ਉਪਜਹਿ ਪੰਥ ਰਾਜ ਲੇ ਸੋਊ॥ ੪੧॥

ਮੈਂ ਮਨ ਵਿਚ ਇਹ ਗੱਲ ਧਾਰਨ ਕੀਤੀ ਸੀ, ਜੇ ਇਹ ਦੋਵਾਂ ਕੁੱਜੀਆਂ ਉੱਤੇ ਹੱਥ ਧਰੇਗਾ ਤਾਂ ਜਗਤ ਵਿਚ ਹਿੰਦੂ ਤੁਰਕ ਦੋਵੇਂ ਰਹਿਣਗੇ। ਜਿਹੜਾ ਪੰਥ ਇਹ ਪ੍ਰਗਟ ਕਰਨਗੇ, ਉਹ ਰਾਜ ਲਵੇਗਾ॥੪੧॥

ਜੇ ਇਕ ਪਰ ਨਿਜ ਹਾਥ ਧਰੰਤੇ। ਜਗ ਮਹਿਂ ਤੌ ਨਹਿਂ ਤੁਰਕ ਰਹੰਤੇ।
ਇਸ ਪ੍ਰਿਛਾ ਕਰਿਬੇ ਹਿਤ ਆਯੋ। ਹੁਤੋ ਸੰਦੇਹ ਰਿਦੇ ਬਿਨਸਾਯੋ'॥ ੪੨॥

ਜੇ ਇਕ ਕੁੱਜੀ ਉੱਤੇ ਆਪਣਾ ਹੱਥ ਧਰਦੇ ਤਾਂ ਜਗਤ ਵਿਚ ਫਿਰ ਤੁਰਕ ਨਾ ਰਹਿੰਦੇ। ਇਸ ਕਰਕੇ ਮੈਂ ਇਹ ਪਰਖ ਕਰਨ ਵਾਸਤੇ ਆਇਆ ਸੀ। ਜਿਹੜਾ ਮੇਰੇ ਹਿਰਦੇ ਵਿਚ ਸੰਦੇਹ ਸੀ ਉਹ ਦੂਰ ਹੋ ਗਿਆ ਹੈ"॥੪੨॥

ਇਮ ਕਹਿ ਸ਼ਾਹ ਭੀਖ ਹਰਖਾਇ। ਹਟਿ ਮਗ ਗਮਨਜੋਂ ਪੁਰਿ ਨਿਕਸਾਇ।
ਸਨੇ ਸਨੇ ਆਯੋ ਨਿਜ ਦੇਸ਼। ਸਿਮਰਤਿ ਰਿਦੇ ਖ਼ੁਦਾਇ ਹਮੇਸ਼॥ ੪੩॥

ਇਸ ਤਰ੍ਹਾਂ ਕਹਿ ਕੇ ਭੀਖਣ ਸ਼ਾਹ ਬਹੁਤ ਪ੍ਰਸੰਨ ਹੋਇਆ ਤੇ ਵਾਪਸ ਜਾਣ ਲਈ ਰਾਹੇ ਪੈ ਕੇ ਸ਼ਹਿਰ ਵਿਚੋਂ ਬਾਹਰ ਨਿਕਲ ਗਿਆ। ਹੌਲੀ-ਹੌਲੀ ਆਪਣੇ ਦੇਸ਼ ਵਿਚ ਆ ਗਿਆ, ਉਹ ਹਿਰਦੇ ਵਿਚ ਸਦਾ ਹੀ ਖ਼ੁਦਾ ਨੂੰ ਯਾਦ ਕਰਦਾ ਰਹਿੰਦਾ ਸੀ॥੪੩॥

ਦੋਹਰਾ- 'ਬਡੀ ਆਰਬਲ ਹੋਇ ਜਬਿ', ਬਿਹਸਹਿਂ ਬੋਲਹਿਂ ਬੈਨ।
ਤਬਿ ਜਾਚੌਂ ਮੈਂ ਜਾਚਨਾ ਸਤਿਗੁਰ ਕੋ ਪਿਖਿ ਨੈਨ॥ ੪੪॥

ਭੀਖਣ ਸ਼ਾਹ ਫਿਰ ਮੁਸਕਰਾ ਕੇ ਬੋਲਿਆ, "ਜਦ ਗੁਰੂ ਜੀ ਦੀ ਵੱਡੀ ਉਮਰ ਹੋਵੇਗੀ, ਤਦ ਮੈਂ ਸਤਿਗੁਰੂ ਜੀ ਨੂੰ ਆਪਣੀਆਂ ਅੱਖਾਂ ਨਾਲ ਵੇਖ ਕੇ ਆਪਣੀ ਮੰਗ ਮੰਗਾਂਗਾ॥੪੪॥

ਚੌਪਈ- ਮੂਰਤਿ ਮੁਦਿਤ ਉਦਤਿ ਜਨ ਇੰਦੂ। ਬੰਦਨੀਯ ਜਗ ਪਿਤਾ ਮਨਿੰਦ।
ਅਤਿ ਉਦਾਰ ਅਤਿ ਯੋਧਾ ਗਾਵੈ। ਅਤਿ ਸੁਸ਼ੀਲ ਅਤਿਸ਼ੈ ਬਲ ਆਵੈ ॥੪੫॥

ਗੁਰੂ ਜੀ ਦੀ ਮੂਰਤੀ ਆਨੰਦ ਦਾਤੀ ਹੈ, ਮਾਨੋ ਚੰਦ੍ਰਮਾਂ ਉਦੇ ਹੋਇਆ ਹੋਵੇ, ਸ੍ਰੀ ਗੁਰੂ ਤੇਗ ਬਹਾਦਰ ਵਾਂਗ ਬੰਦਨਾ ਯੋਗ ਹਨ, ਅਤਿ ਉੱਤਮ ਤੇ ਅਤਿ ਮਹਾਨ ਯੋਧਾ ਹਨ। ਅਤਿ ਸੁਸ਼ੀਲ ਤੇ ਵੱਡੀ ਸ਼ਕਤੀ ਦਾ ਆਸਰਾ ਹਨ ॥੪੫॥

ਲਖਹਿਂ ਭਵਿੱਖਤ ਚਲਿਤ ਉਦਾਰੇ। ਕਰਮ ਅਮਾਨੁਖ ਰਣ ਬਿਸਤਾਰੇ।
ਕਰਤਿ ਪ੍ਰਤੀਖਨ ਭੀਖ ਬਹੋਰੀ। 'ਪੁਨ ਦਰਸ਼ਨ ਦਰਸਹੁੰ ਇਸ ਠੌਰੀ' ॥੪੬॥

ਭਵਿੱਖਤ ਨੂੰ ਜਾਨਣ ਵਾਲੇ ਤੇ ਉਦਾਰ ਚਰਿੱਤਰਾਂ ਵਾਲੇ ਹੋਣਗੇ ਜੋ ਮਨੁੱਖ ਨਾ ਕਰ ਸਕੇ ਭਾਵ ਈਸ਼ਵਰ ਵਾਂਗ ਮਹਾਨ ਉੱਚੇ ਤੇ ਸੁੱਚੇ ਕੰਮ ਕਰਨਗੇ ਤੇ ਯੁੱਧਾਂ ਦਾ ਵਿਸਤਾਰ ਕਰਨਗੇ। ਭੀਖਣ ਸ਼ਾਹ ਫਿਰ ਉਡੀਕ ਕਰਨ ਲੱਗਾ, "ਫਿਰ ਇਸ ਥਾਂ ਦਰਸ਼ਨ ਕਰਾਂਗਾ" ॥੪੬॥

*ਬਾਰ੍ਹਵੀਂ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ ॥੧੬॥*

## ਅਧਿਆਇ ਸਤਾਰ੍ਹਵਾਂ

### ਬਾਲ ਲੀਲ੍ਹਾ

ਦੋਹਰਾ- ਇਸ ਪ੍ਰਕਾਰ ਕਰਿ ਦਰਸ ਕੋ ਸੈਦ ਭੀਖ ਸੁਖ ਪਾਇ।
ਦੇਸ਼ ਆਪਨੇ ਕੋ ਹਟਯੋ ਸਤਿਗੁਰ ਚਰਨ ਮਨਾਇ ॥ ੧ ॥

ਇਸ ਪ੍ਰਕਾਰ ਦਰਸ਼ਨ ਕਰਕੇ ਭੀਖਣ ਸ਼ਾਹ ਨੇ ਸੁਖ ਪਾਇਆ ਤੇ ਸਤਿਗੁਰੂ ਦੇ ਚਰਨਾਂ ਤੇ ਬੰਦਨਾ ਕਰਕੇ ਆਪਣੇ ਦੇਸ਼ ਨੂੰ ਵਾਪਸ ਚਲਾ ਗਿਆ ॥੧॥

ਸ੍ਵੈਯਾ- ਸ੍ਰੀ ਗੁਰ ਸੁੰਦਰ ਸੂਰਤ ਸੋਹਤਿ, ਮੂਰਤਿ ਮਾਧੁਰੀ ਮੂਰਤਿ ਸਾਰੀ।
ਰੇਸ਼ਮ ਡੋਰ ਬਧੀ ਪਲਨਾ ਸੰਗ ਦਾਸ ਝੁਲਾਵਤਿ ਐਂਚਿ ਅਗਾਰੀ।
ਮੰਦਹਿ ਮੰਦ ਅਨੰਦ ਉਮੰਗਤਿ ਅੰਗ ਉਤੰਗ ਕਰੈਂ ਦੁਤਿ ਭਾਰੀ।
ਮਾਨਹੁ ਸੰਘਰ ਕੇ ਕਰਿਬੇ ਹਿਤ ਸੂਚਤ ਹੈਂ ਉਤਸਾਹੁ ਬਿਥਾਰੀ ॥ ੨ ॥

ਸ੍ਰੀ ਗੁਰੂ ਜੀ ਦੀ ਸੁੰਦਰ ਸੂਰਤ ਸ਼ੋਭਦੀ ਹੈ, ਮੂਰਤੀ ਸਾਰੀ ਮਿਠਾਸ ਨਾਲ ਪੂਰਤ ਹੈ। ਪੰਘੂੜੇ ਨੂੰ ਰੇਸ਼ਮ ਦੀ ਡੋਰ ਬੰਨ੍ਹੀ ਹੈ, ਅੱਗੇ ਖਲੋਤਾ ਸੇਵਕ ਡੋਰ ਨੂੰ ਖਿੱਚ ਕੇ ਪੰਘੂੜੇ ਨੂੰ ਝੁਲਾ ਰਿਹਾ ਹੈ। ਹੌਲੀ-ਹੌਲੀ ਅਨੰਦ ਨਾਲ ਉਤਸ਼ਾਹਤ ਹੋ ਕੇ ਅੰਗ ਉੱਚੇ ਕਰਦੇ ਹਨ, ਮਾਨੋ ਯੁੱਧ ਕਰਨ ਲਈ ਵਿਸਤਾਰ ਸਹਿਤ ਉਤਸ਼ਾਹ ਜਤਾਉਂਦੇ ਹਨ ॥੨॥

ਦ੍ਵੈਪਦ ਸੁੰਦਰ ਜਯੋਂ ਅਰਬਿੰਦ ਸੁ ਦਾਸਨਿ ਬ੍ਰਿੰਦ ਕੋ ਆਨੰਦ ਦਾਨੀ।
ਕੋਮਲ ਲਾਲ ਅਕਾਰ ਲਘੂ ਅੰਗੁਰੀ ਇਕਸਾਰ ਸੁਭੈਂ ਦੁਤਿ ਸਾਨੀ।
ਚਿਕਵਨ ਚਾਰੁ ਸੁ ਰੰਗਿ ਸੁ ਗੋਲ ਦਿਪੈਂ ਨਖ, ਜਾਨ ਕਹੀ ਕਵਿ ਬਾਨੀ।
ਫੂਲ ਬਧੂਪ ਕਿ ਊਪਰ ਜਯੋਂ ਅਤਿ ਉੱਜਲ ਹੀਰਨਿ ਪੰਗਤਿ ਠਾਨੀ ॥੩॥

ਦੋਵੇਂ ਸੁੰਦਰ ਚਰਨ ਮਾਨੋ ਕੰਵਲ ਦੇ ਫੁੱਲ ਹਨ ਜਿਹੜੇ ਆਪਣੇ ਸਾਰੇ ਸੇਵਕਾਂ ਲਈ ਅਨੰਦ ਦੇ ਦਾਤੇ ਹਨ। ਚਰਨਾਂ ਦੀਆਂ ਛੋਟੀਆਂ-ਛੋਟੀਆਂ ਉਂਗਲਾਂ ਕੋਮਲ, ਲਾਲ ਅਤੇ ਇਕਸਾਰ ਸ਼ੋਭ ਰਹੀਆਂ ਹਨ। ਚੀਕਣੇ ਸੁਹਣੇ ਸੂਬਟ ਰੰਗ ਵਾਲੇ ਤੇ ਗੋਲ ਚਮਕ ਰਹੇ ਪੈਰਾਂ ਦੇ ਨਹੁੰ ਹਨ। ਕਵੀ ਨੇ ਅਗਲੀ ਸਤਰ ਵਿਚ ਇਨ੍ਹਾਂ ਦੀ ਉਪਮਾ ਦੱਸਣੀ ਹੈ। ਜਿਵੇਂ ਦੁਪਹਿਰੀ ਦੇ ਫੁੱਲ ਉੱਤੇ ਉੱਜਲ ਹੀਰਿਆਂ ਦੀ ਪੰਗਤੀ ਲਾਈ ਹੋਵੇ ॥੩॥

ਕੂਰਮ ਪੀਠ ਮਨਿੰਦ ਦੁਊ ਪਦ ਬੀਚ ਤੇ ਊਰਧ ਕੋਮਲ ਏਡੀ।
ਕਿੰਚਤ ਆਕ੍ਰਿਤ ਹੈ ਗੁਲਫਾਨ ਕੇ ਮਾਸਲਜਾਂਘ ਸਜੈਂ ਕਦ ਜੇਡੀ।
ਊਪਰ ਕੋ ਉਛਰੰਤਿ ਸੁ ਨੂਪਰ ਯੌਂ ਰੁਣਕੰਤਿ ਭਏ ਛਬਿ ਮੇਡੀ।
ਮਾਨਹੁ ਮਹਾਤਮ ਕੋ ਉਚਰੈਂ ਧਰਿ ਧਯਾਨ ਹਰੈਂ ਬਿਪਤਾ ਬਡ ਕੇਡੀ॥ ੪ ॥

ਕਛੂਕੁੰਮੇ ਦੀ ਪਿੱਠ ਵਾਂਗ ਦੋਵਾਂ ਚਰਨਾਂ ਦੇ ਵਿਚ ਉੱਚੀਆਂ ਕੋਮਲ ਅੱਡੀਆਂ ਹਨ। ਗਿਟਿਆਂ ਦਾ ਛੋਟਾ ਜਿਹਾ ਅਕਾਰ ਹੈ, ਮਸਲੀਆਂ ਵਾਲੀਆਂ ਜੰਘਾਂ ਕਦ ਦੇ ਅਨੁਸਾਰ ਸਜ ਰਹੀਆਂ ਹਨ। ਉੱਪਰ ਨੂੰ ਉਛਲਣ ਨਾਲ ਪੈਰਾਂ ਦੀਆਂ ਝਾਂਜਰਾਂ ਇਸ ਤਰ੍ਹਾਂ ਖੜਕਦੀਆਂ ਹਨ ਮਾਨੋ ਇਨ੍ਹਾਂ ਦੀ ਛਬਿ ਨਾਲ ਮਿਲੀ ਹੋਈ ਹੈ। ਮਾਨੋ ਧਿਆਨ ਧਰ ਕੇ ਮਹਾਤਮ ਦਾ ਉਚਾਰਨ ਕਰਦੀਆਂ ਹਨ ਤੇ ਵੱਡੀ ਤੋਂ ਵੱਡੀ ਬਿਪਤਾ ਨੂੰ ਦੂਰ ਕਰਦੀਆਂ ਹਨ॥੪॥

ਝੀਨ ਝਗਾ ਪਹਿਰੈਂ ਤਨ ਮੈਂ ਗਰ ਬਾਘਨਖਾ ਮਧਿ ਕੰਚਨ ਤੇ।
ਕੰਧ ਉਤੰਗ ਬਿਲੰਦ ਭੁਜਾਨਿ ਬਿਰਾਜਤਿ ਹਾਟਕ ਕੰਕਨ ਤੇ।
ਚਾਰੁ ਬਿਲੋਚਨ ਸਾਥ ਬਿਲੋਕਤਿ ਭੂਪ ਕਰੇ ਜਿਨ ਰੰਕਨਿ ਤੇ।
ਸੀਸ ਪੈ ਕੇਸ ਸਚਿਕਵਨ ਸ਼ਯਾਮ ਮੁਲਾਇਮ ਜੋ ਮਖਤੂਲਨ ਤੇ॥ ੫ ॥

ਤਨ ਤੇ ਸੂਖਮ ਜਾਮਾ ਪਹਿਨਦੇ ਹਨ ਤੇ ਗਲ ਵਿਚ ਸ਼ੇਰ ਦੀਆਂ ਨਹੁੰਦਰਾਂ ਸੋਨੇ ਵਿਚ ਮੜ੍ਹ ਕੇ ਪਾਉਂਦੇ ਹਨ। ਮੋਢੇ ਉੱਚੇ ਹਨ, ਲੰਮੀਆਂ ਬਾਹਾਂ ਹਨ ਜਿਨ੍ਹਾਂ ਉਤੇ ਸੋਨੇ ਦੇ ਕੜੇ ਸ਼ੋਭਦੇ ਹਨ। ਸੁੰਦਰ ਨੈਣਾਂ ਨਾਲ ਵੇਖਕੇ ਗ਼ਰੀਬ ਨੂੰ ਵੀ ਰਾਜਾ ਬਣਾ ਦਿੰਦੇ ਹਨ। ਸਿਰ ਦੇ ਉੱਤੇ ਕਾਲੇ ਚੀਕਣੇ ਕੇਸ ਰੇਸ਼ਮ ਨਾਲੋਂ ਵੀ ਮੁਲਾਇਮ ਹਨ॥੫॥

ਸ੍ਰੀ ਗੁਜਰੀ ਬਡ ਭਾਗ ਭਰੀ ਤਟ ਬੈਠਿ ਬਿਲੋਕਤਿ ਨੰਦਨ ਕੋ।
ਬੋਲਤਿ ਹੈ ਬਤਰਾਵਨ ਕੋ ਸੁਤ ਲਾਲਤਿ ਹੈ ਅਭਿਨੰਦਨ ਕੋ।
ਮਾਤ ਦਿਸ਼ਾ ਪਿਖਿਕੈ ਮੁਸਕਾਵਤਿ ਰਾਖਹਿਂ ਧਰਮ ਜੁ ਹਿੰਦੁਨਿ ਕੋ।
ਅੰਕ ਬਿਠਾਇ ਦੁਲਾਰਤਿ ਹੈ ਕਬਿ ਸੁੰਦਰ ਸ੍ਰੀ ਜਗਬੰਦਨ ਕੋ॥ ੬ ॥

ਸ੍ਰੀ ਗੁਜਰੀ ਵੱਡੇ ਭਾਗਾਂ ਨਾਲ ਭਰੀ ਹੋਈ ਪਾਸ ਬੈਠੀ ਆਪਣੇ ਪੁੱਤਰ ਨੂੰ ਵੇਖਦੀ ਹੈ। ਗੱਲਾਂ ਕਰਵਾਉਣ ਵਾਸਤੇ ਬੋਲਦੀ ਹੈ ਤੇ ਆਪਣੇ ਪੁੱਤਰ ਨੂੰ ਪ੍ਰਸੰਨ ਕਰਨ ਵਾਸਤੇ ਲਾਡ ਲਡਾਉਂਦੀ ਹੈ। ਜਿਹੜੇ ਹਿੰਦੂਆਂ ਦੇ ਧਰਮ ਦੀ ਰੱਖਿਆ ਕਰਨਗੇ ਉਹ ਮਾਤਾ ਜੀ ਦੇ ਵਲ ਵੇਖ ਕੇ ਮੁਸਕਰਾਉਂਦੇ ਹਨ। ਮਾਤਾ ਜੀ ਜਗਤ ਦੇ ਬੰਦਨਾ ਯੋਗ ਪੁੱਤਰ ਨੂੰ ਕਦੀ ਗੋਦ ਵਿਚ ਬਿਠਾ ਕੇ ਦੁਲਾਰਦੇ ਹਨ॥੬॥

ਕੇਤਿਕ ਮਾਸ ਬਿਤੀਤ ਭਏ ਸੁਤ ਕੋ ਸੁਖ ਦੇਖਤਿ ਸ੍ਰੀ ਗੁਜਰੀ।
ਗੋਬਿੰਦ ਨਾਮ ਸਮਾਨ ਸਰੂਪ ਤਿਨੋ ਪਿਖਿ ਜਯੋਂ ਜਸੁਧਾ ਗੁਜਰੀ।
ਦੇਖ ਪ੍ਰਤੱਖਯ ਪ੍ਰਤਾਪ ਮਹਾਂ ਤਿਨ ਸ਼ੱਤ੍ਰੁਨਿ ਕੇ ਸਿਰਕਾਜਾ ਗੁਜ਼ਰੀ।
ਗੌਰਵਤਾ ਗਿਰ ਸੀ ਜਿਨ ਕੀ ਅਬਿ ਰੰਚਕ ਭੀ ਨ, ਸਭੀ ਗੁਜ਼ਰੀ॥ ੭ ॥

ਸ੍ਰੀ ਗੁਜਰੀ ਮਾਤਾ ਜੀ ਨੂੰ ਆਪਣੇ ਪੁੱਤਰ ਦੇ ਸੁਖ ਨੂੰ ਵੇਖਦਿਆਂ ਕਈ ਮਹੀਨੇ ਬਤੀਤ ਹੋ ਗਏ ਹਨ। ਜਿਸ ਤਰ੍ਹਾਂ ਗੋਬਿੰਦ ਨਾਮ ਸ੍ਰੀ ਕ੍ਰਿਸ਼ਨ ਸਮਾਨ ਹੈ, ਉਸ ਤਰ੍ਹਾਂ ਸਰੂਪ ਵੀ ਕ੍ਰਿਸ਼ਨ ਸਮਾਨ ਸੁੰਦਰ ਹੈ। ਜੇ ਮਾਤਾ ਜੀ ਦਾ ਨਾਮ ਗੁਜਰੀ ਹੈ ਤਾਂ ਕ੍ਰਿਸ਼ਨ ਜੀ ਦੇ ਮਾਤਾ ਜੀ ਵੀ ਜਸੋਧਾ ਗੁਜਰੀ ਹੈ ਭਾਵ ਗੁਜਰ ਬਰਾਦਰੀ ਨਾਲ ਸੰਬੰਧਤ ਹੈ। ਦੋਵਾਂ ਵਿਚ ਪ੍ਰਤੱਖ ਸਮਾਨ ਪ੍ਰਤਾਪ ਵੇਖ ਕੇ ਫਿਰ ਦੁਸ਼ਮਣ ਦੇ ਸਿਰ ਤੇ ਕੀ ਬੀਤੀ। ਜਿਨ੍ਹਾਂ ਤੁਰਕਾਂ ਦੀ ਪਹਾੜ ਵਰਗੀ ਭਾਰੀ ਗੌਰਵਤਾ ਸੀ, ਹੁਣ ਰੰਚ ਭਰ ਵੀ ਨਹੀਂ ਰਹੀ ਹੈ, ਸਾਰੀ ਗੁਜ਼ਰ ਗਈ ਹੈ॥੭॥

ਮੋਦ ਉਦੈ ਥਿਤ ਗੋਦ ਮੈਂ ਬੈਠਤਿ ਫੇਰ ਪ੍ਰਯੰਕ ਪੈ ਬੈਠਨਿ ਲਾਗੇ।
ਹਾਥਨਿ ਕੋ ਧਰਿ ਕੈ ਬਲ ਪਾਂਇ ਲਗੇ ਸਰਕਾਂਨ ਕਛੂ ਕਬਿ ਆਗੇ।
ਦੰਦ ਉਗੇ ਜੁਗ ਸੁੰਦਰ ਸੋਹਤਿ ਓਠਨਿ ਸਾਥ ਮਹਾਂਦੁਤਿ ਜਾਗੇ।
ਮਾਨੋ ਪ੍ਰਵਾਲ ਕੇ ਸੰਪਟ ਮੈਂ ਇਹ ਹੀਰਸਰੇਖ ਪਯੂਖ ਮੈਂ ਪਾਗੇ॥ ੮॥

ਜਦ ਹਿਰਦਾ ਪ੍ਰਸੰਨ ਹੁੰਦਾ ਹੈ ਤਾਂ ਮਾਤਾ ਜੀ ਪੁੱਤਰ ਨੂੰ ਗੋਦ ਵਿਚ ਬਿਠਾਉਂਦੇ ਹਨ ਤੇ ਫਿਰ ਪਲੰਘ 'ਤੇ ਬੈਠਣ ਲੱਗਦੇ ਹਨ। ਹੱਥਾਂ ਨੂੰ ਧਰਤੀ ਉਤੇ ਧਰ ਕੇ ਪੈਰਾਂ 'ਤੇ ਬਲ ਪਾਉਂਦੇ ਹਨ ਤੇ ਫਿਰ ਕੁਝ ਅੱਗੇ ਵਲ ਸਰਕਣ ਲੱਗਦੇ ਹਨ। ਦੋ ਦੰਦੀਆਂ ਨਿਕਲੀਆਂ ਹਨ, ਜਿਹੜੀਆਂ ਸੁੰਦਰ ਸ਼ੋਭਦੀਆਂ ਹਨ, ਉਨ੍ਹਾਂ ਦੀ ਹੋਠਾਂ ਦੇ ਨਾਲ ਮਹਾਂ ਸ਼ੋਭਾ ਜਾਗਦੀ ਹੈ।੮॥

ਕਿਲਕੰਤਿ ਹਸੰਤਿ ਬਿਲੋਕਤਿ ਹੈਂ, ਚਲਿ ਰਿੰਙਣ ਅੰਙਣ ਮੈਂ ਫਿਰ ਆਵੈਂ।
ਗੁਲਕਾਰਿ ਗੁਲਾਬ ਗਲੀਚਨ ਪੈ ਪਦ ਐਂਚਤਿ ਨੂਪਰ ਕੋ ਰੁਣਕਾਵੈਂ।
ਅਤਿ ਚੰਚਲਤਾ ਜੁਗ ਲੋਚਨਿ ਬੀਚ ਪ੍ਰਤਾਪ ਭਰਜੋ ਬਿਧਿ ਯੋ ਦਰਸਾਵੈਂ।
ਜਨੁ ਉੱਜਲ ਪਾਤ੍ਰ ਬਿਲੌਰ ਬਿਖੈ ਬਹੁ ਨਿਰਮਲ ਰੰਗ ਪਰਜੋ ਝਲਕਾਵੈ॥ ੯॥

ਖਿੜ ਖਿੜ ਕੇ ਹੱਸ ਕੇ ਵੇਖਦੇ ਹਨ ਤੇ ਰਿੜ੍ਹ ਕੇ ਵਿਹੜੇ ਵਿਚ ਫਿਰ ਆਉਂਦੇ ਹਨ। ਗੁਲਾਬ ਦੇ ਫੁੱਲ ਜਿਨ੍ਹਾਂ ਗਲੀਚਿਆਂ ਉਤੇ ਕੱਢੇ ਹੋਏ ਹਨ, ਉਨ੍ਹਾਂ ਗਲੀਚਿਆਂ ਉੱਤੇ ਪੈਰ ਘਸੀਟਦੇ ਝਾਂਜਰਾਂ ਖੜਕਾਉਂਦੇ ਹਨ। ਦੋਵਾਂ ਨੈਣਾਂ ਵਿਚ ਜਿਵੇਂ ਅਤਿ ਚੰਚਲਤਾ ਤੇ ਵੱਡਾ ਪ੍ਰਤਾਪ ਭਰਿਆ ਹੈ, ਇਸ ਤਰ੍ਹਾਂ ਦਿਖਾਈ ਦਿੰਦੇ ਹਨ। ਮਾਨੋ ਸ਼ੀਸ਼ੇ ਦੇ ਉੱਜਲ ਭਾਂਡੇ ਵਿਚ ਬਹੁਤ ਨਿਰਮਲ ਰੰਗ ਭਰਿਆ ਹੈ, ਉਸ ਨੂੰ ਝਲਕਾਉਂਦੇ ਹਨ॥੯॥

ਦਾਸ ਅਦਾਇਬ ਸਾਥ ਰਹੈਂ ਪਿਖਿ ਤੌਰ ਅਜਾਇਬ ਸਾਹਿਬ ਕੇਰਾ।
ਦੇਖਤਿ ਬੋਲਤਿ ਹੈਂ ਜਿਸ ਕੀ ਦਿਸ਼ਿ ਜੋਰਤਿ ਹਾਥ ਖਿਰੈਂ ਤਿਸ ਬੇਰਾ।
ਕੌਨ ਕਰੈ ਪ੍ਰਤਿਕੂਲ ਕਿਸੀ ਬਿਧਿ, ਹੈਂ ਅਨੁਸਾਰਿ ਜਥਾ ਰੁਖ ਹੇਰਾ।
ਸੇਵਕ ਸੇਵਤਿ ਤ੍ਰਾਸ ਧਰੈਂ ਗੁਰਦੇਵ ਅਤੇਵ ਪ੍ਰਤਾਪ ਉਚੇਰਾ॥ ੧੦॥

ਗੁਰੂ ਸਾਹਿਬ ਦੇ ਅਜੀਬ ਤੌਰ ਤਰੀਕੇ ਵੇਖ ਕੇ ਦਾਸ ਸਦਾ ਬੜੇ ਅਦਬ ਨਾਲ ਰਹਿੰਦੇ ਹਨ। ਜਿਸ ਵਲ ਵੀ ਵੇਖ ਕੇ ਬੋਲਦੇ ਹਨ, ਉਹ ਹੱਥ ਜੋੜ ਕੇ ਉਸੇ ਵੇਲੇ ਖਲੋ ਜਾਂਦਾ ਹੈ। ਕਿਹੜਾ ਕਿਸੇ ਵਿਧੀ ਨਾਲ ਉਲਟੀ ਗੱਲ ਕਰ ਸਕਦਾ ਹੈ, ਸਾਰੇ ਗੁਰੂ ਜੀ ਦਾ ਰੁੱਖ ਵੇਖ ਕੇ ਆਗਿਆ ਅਨੁਸਾਰ ਰਹਿੰਦੇ ਹਨ। ਸੇਵਕ ਸੇਵਾ ਕਰਦੇ ਡਰ ਧਾਰਨ ਕਰਦੇ ਹਨ, ਗੁਰੂ ਜੀ ਦਾ ਅਤਿਅੰਤ ਉੱਚਾ ਪ੍ਰਤਾਪ ਹੈ॥੧੦॥

ਕੇਸ ਅਸ਼ੇਸ਼ ਸਚਿਕਵਨ, ਮੇਚਕ, ਕੁੰਚਤ, ਕੋਮਲ ਸੁੰਦਰ ਸਾਰੇ॥
ਗੁੰਦਨ ਕੀਨਿ ਸੁਧਾਰਿ ਭਲੇ ਮਖ਼ਤੂਲ ਮਿਲੇ ਜਨੁ ਪੰਨਗ ਬਾਰੇ।
ਕੰਚਨ ਚਾਰੁ ਜਰਾਵ ਜਰਜੋ ਮੁਕਤਾਵਲ ਹੀਰੇ ਅਨੇਕ ਪ੍ਰਕਾਰੇ।
ਸ਼ੋਭਤਿ ਹੈਂ ਸਿਰਫੂਲ ਮਨੋ ਰਵਿਕੀ ਰਸਮਾ ਪਰਵਾਰਿਤਿ ਤਾਰੇ॥ ੧੧॥

ਸਾਰੇ ਕੇਸ ਬਹੁਤ ਚੀਕਣੇ, ਕਾਲੇ, ਕੁੰਡਲਾਂ ਵਾਲੇ, ਕੋਮਲ ਤੇ ਸੁੰਦਰ ਹਨ। ਕੇਸਾਂ ਨੂੰ ਸੁਧਾਰ ਕੇ ਰੇਸ਼ਮ ਦੀਆਂ ਡੋਰਾਂ ਨਾਲ ਗੁੰਦਿਆ ਹੈ, ਮਾਨੋ ਕਾਲੇ ਸੱਪਾਂ ਦੇ ਬੱਚੇ ਇਕੱਠੇ ਕੀਤੇ ਹਨ। ਮੋਤੀਆਂ ਦੀ ਪੰਗਤੀਆਂ ਸੁੰਦਰ ਸੋਨੇ ਨਾਲ ਜੜੀਆਂ ਹਨ ਤੇ ਉਨ੍ਹਾਂ ਨੂੰ ਅਨੇਕ ਪ੍ਰਕਾਰ ਦੇ ਹੀਰੇ ਲੱਗੇ ਹੋਏ ਹਨ। ਸੋਨੇ ਦੇ ਰੋਲ ਗੋਲ ਗਹਿਣੇ ਜਿਹੜੇ ਕੇਸ ਗੁੰਦਣ ਵਿਚ ਪਹਿਣੇ ਹਨ, ਉਹ ਇਸ ਤਰ੍ਹਾਂ ਚਮਕਦੇ ਹਨ, ਮਾਨੋ ਰੇਸ਼ਮ ਦੀਆਂ ਤਾਰਾਂ ਨੂੰ ਹੀਰੇ ਮੋਤੀ ਅਨੇਕ ਪ੍ਰਕਾਰ ਨਾਲ ਜੜ੍ਹੇ ਹੋਏ ਹਨ, ਉਨ੍ਹਾਂ ਦੀ ਜੜਤ ਕਰਨ ਵਿਚ ਜੋ ਸੋਨੇ ਦੀਆਂ ਲੀਹਾਂ ਜੇਹੀਆਂ ਬਣ ਗਈਆਂ ਹਨ, ਉਹ ਮਾਨੋ ਸੂਰਜ ਦੀਆਂ ਰਿਸ਼ਮਾਂ ਹਨ॥੧੧॥

ਕੰਧ ਉਤੰਗ ਬਿਲੰਦ ਭੁਜਾ ਦਿਢ ਕੰਕਨ ਕੰਚਨ ਕੇ ਖਚਿ ਹੀਰੇ।
ਕਿੰਕਨਿ ਬਾਜਤਿ ਹੈ ਚਲਤੇ, ਉਤਲਾਵਤਿ ਰਿੰਗਣ ਹੈਂ ਕਬਿ ਧੀਰੇ।
ਬੈਠਤਿ ਹੈਂ ਸਭਿਕੀ ਦਿਸ਼ਿ ਹੇਰਤਿ ਪ੍ਰੇਰਤਿ ਦਾਸਨਿ ਕੋ ਹਿਤ ਛੀਰੇ।
ਸ਼ਾਰਤ ਸਾਥ ਬਤਾਵਤਿ ਹੈਂ ਕਰਿਵਾਵਤਿ ਸੋ ਬਿਧਿ ਆਪਨੇ ਤੀਰੇ॥ ੧੨॥

ਮੋਢੇ ਉੱਚੇ ਹਨ, ਬਾਹਾਂ ਲੰਮੀਆਂ ਹਨ ਜਿਨ੍ਹਾਂ ਉੱਤੇ ਮਜ਼ਬੂਤ ਸੋਨੇ ਦੇ ਕੰਗਣ ਪਾਏ ਹਨ ਜਿਨ੍ਹਾਂ ਨੂੰ ਹੀਰੇ ਜੜ੍ਹੇ ਹੋਏ ਹਨ। ਚਲਦੇ ਸਮੇਂ ਤੜਾਗੀ ਦੇ ਘੁੰਗਰੂ ਖੜਕਦੇ ਹਨ। ਕਦੀ ਛੇਤੀ-ਛੇਤੀ ਰਿੜ੍ਹਦੇ ਹਨ ਤੇ ਕਦੀ ਹੌਲੀ-ਹੌਲੀ ਧੀਰਜ ਨਾਲ ਰਿੜ੍ਹਦੇ ਹਨ। ਬੈਠ ਕੇ ਸਾਰਿਆਂ ਦੇ ਵਲ ਵੇਖਦੇ ਹਨ ਤੇ ਦਾਸ ਨੂੰ ਦੁੱਧ ਵਾਸਤੇ ਪ੍ਰੇਰਦੇ ਹਨ ਉਸ ਨੂੰ ਇਸ਼ਾਰੇ ਨਾਲ ਦੱਸਦੇ ਹਨ ਤੇ ਉਸ ਵਿਧੀ ਨਾਲ ਆਪਣੇ ਨੇੜੇ ਕਰਵਾਉਂਦੇ ਹਨ॥੧੨॥

ਸ੍ਰੀ ਗੁਜਰੀ ਬਡਭਾਗ ਭਰੀ ਨਿਜ ਪਾਨ ਤੇ ਖਾਨ ਰੁ ਪਾਨ ਕਰਾਵੈ।
ਦੇਖਿ ਮਹਾਂ ਉਚਤਾ ਸੁਤ ਕੀ ਮੁਖਤੇਜ ਸੁਭਾਇਕ ਹੀ ਦਿਪਤਾਵੈ।
ਹੋਇ ਬਡੋ ਪੁਰਸ਼ੋਤਮ ਪੂਤ ਸਪੂਤ ਜਥਾ ਗੁਰ ਕੇ ਘਰ ਭਾਵੈ।
ਭਾਂਤਿ ਅਨੇਕਨਿ ਕੀ ਰਛ ਠਾਨਤਿ ਜੋ ਜਗ ਰੱਛਕ ਨਿੱਤਜ ਕਹਾਵੈ॥ ੧੩॥

ਸ੍ਰੀ ਗੁਜਰੀ ਵੱਡੇ ਭਾਗਾਂ ਵਾਲੀ ਹੈ, ਜਿਹੜੀ ਆਪਣੇ ਹੱਥਾਂ ਨਾਲ ਖਾਣ ਪੀਣ ਕਰਵਾਉਂਦੀ ਹੈ। ਆਪਣੇ ਪੁੱਤਰ ਦੀ ਮਹਾਨ ਉੱਚਤਾ ਵੇਖ ਕੇ, ਮੁਖ ਦਾ ਤੇਜ ਸੁਭਾਵਿਕ ਹੀ ਚਮਕ ਉੱਠਦਾ ਸੀ। ਪੁੱਤਰ ਵੱਡਾ ਉੱਤਮ ਪੁਰਸ਼ ਹੋਵੇਗਾ, ਜਿਵੇਂ ਕਿ ਗੁਰੂ ਘਰ ਵਿਚ ਪੈਦਾ ਹੋਏ ਸਪੁੱਤਰ ਨੂੰ ਹੋਣਾ ਚਾਹੀਦਾ ਹੈ। ਅਨੇਕਾਂ ਪ੍ਰਕਾਰ ਦੀ ਰਖਵਾਲੀ ਕਰਦੀ ਹੈ, ਜਿਹੜਾ ਸਦਾ ਹੀ ਜਗ ਦਾ ਰਖਵਾਲਾ ਕਹਾਵੇਗਾ॥੧੩॥

ਪ੍ਰੇਮ ਕਰੈ ਨਿਤ ਛੇਮ ਚਹੈ ਸੁਤ, ਪਾਲਤਿ ਲਾਲਤਿ ਹੈ ਬਹੁ ਬਾਰੀ।
ਹੈ ਗੁਨ ਮੰਦਰ ਸੁੰਦਰ ਸ੍ਰੀ ਮੁਖ ਧੋਵਤਿ ਆਪਨੇ ਲੈ ਕਰ ਬਾਰੀ।
ਅੰਗ ਸ਼ਨਾਨ ਕਰਾਇ ਬਿਧਾਨ ਸੋਂ ਸੂੰਘਤਿ ਭਾਲ ਜਥੋਂ ਆਨੰਦ ਬਾਰੀ।
ਅੰਬਰ ਕੋ ਪਹਿਰਾਇ ਬਿਭੂਖਨ ਲੋਨ ਸੁ ਰਾਈ ਲੈ ਊਪਰ ਬਾਰੀ॥ ੧੪॥

ਪ੍ਰੇਮ ਕਰਦੀ ਹੈ ਤੇ ਪੁੱਤਰ ਦੀ ਖੈਰ ਚਾਹੁੰਦੀ ਹੈ, ਬਹੁਤ ਵਾਰ ਪਾਲਦੀ ਤੇ ਲਾਡ ਲਡਾਉਂਦੀ ਹੈ। ਸੁੰਦਰ ਤੇ ਗੁਣਾਂ ਦੇ ਘਰ ਦਾ ਆਪਣੇ ਹੱਥਾਂ ਨਾਲ ਪਾਣੀ ਲੈ ਕੇ ਮੂੰਹ ਧੋਂਦੀ ਹੈ। ਵਿਧੀ ਨਾਲ ਬਾਲ ਗੁਰੂ ਜੀ ਨੂੰ ਇਸ਼ਨਾਨ ਕਰਵਾਉਂਦੀ ਹੈ, ਮੱਥਾ ਚੁੰਮਦੀ, ਜਿਹੜਾ ਮੱਥਾ ਅਨੰਦ ਦੀ ਬਗੀਚੀ ਹੈ। ਕੱਪੜੇ ਤੇ ਗਹਿਣੇ ਪਹਿਨਾਉਂਦੀ ਹੈ ਤੇ ਲੂਣ ਤੇ ਰਾਈ ਪੁੱਤਰ ਦੇ ਉੱਤੋਂ ਦੀ ਵਾਰਦੀ ਹੈ॥੧੪॥

ਦਧਿ ਓਦਨ ਕੋ ਅਚਵਾਇ ਭਲੇ ਅਨਮੋਦਨ ਨੰਦਨ ਮਾਤ ਕਰੇ।
ਬਹੁ ਚੰਚਲਤਾ ਜੁਤਿ ਆਵਤਿ ਜਾਤਿ ਇਤੇ ਊਤ ਹੋਵਤਿ ਆਨਿ ਖਿਰੇ।
ਕਿਲਕੰਤਿ, ਹਸੰਤਿ, ਹਸਾਵਤਿ ਔਰਨਿ ਭਾਵਤਿ ਹੀ ਦੁਖ ਦੋਖ ਹਰੇ।
ਸੁਭ ਸ਼ੋਭ ਧਰੇ ਪਰਯੰਕ ਚਰੇਂ, ਕਬਿ ਫੇਰ ਫਿਰੇਂ ਨਿਜ ਖੇਲ ਢਰੇ॥ ੧੫॥

ਦਹੀਂ ਤੇ ਭੋਜਨ ਖਵਾਉਂਦੇ ਹਨ ਤੇ ਮਾਂ ਪੁੱਤਰ ਪਿਆਰ ਭਰੀਆਂ ਖੁਸ਼ੀਆਂ ਕਰਦੇ ਹਨ ਤੇ ਲਾਡ ਲਡਾਉਂਦੇ ਹਨ। ਬਹੁਤ ਚੰਚਲਤਾ ਸਹਿਤ ਆਉਂਦੇ ਜਾਂਦੇ ਹਨ, ਏਧਰ ਓਧਰ ਹੋ ਕੇ ਆ ਖਲੋਂਦੇ ਹਨ। ਕਿਲਕਾਰੀਆਂ ਮਾਰਦੇ ਹਨ, ਹੱਸਦੇ ਹਨ, ਹਸਾਉਂਦੇ ਹਨ ਤੇ ਹੋਰਨਾਂ ਦੇ ਦੁਖ ਤੇ ਪਾਪ ਦੂਰ ਕਰਦੇ ਹਨ। ਸ਼ੁਭ ਸ਼ੋਭਾ ਧਾਰ ਕੇ ਪਲੰਘ ਉੱਤੇ ਚੜ੍ਹ ਜਾਂਦੇ ਹਨ, ਕਦੀ ਫਿਰ ਆਪਣੀਆਂ ਖੇਡਾਂ ਵਿਚ ਲੱਗੇ ਚੱਕਰ ਲਾਉਂਦੇ ਹਨ॥੧੫॥

ਇਸ ਰੀਤਿ ਬਿਤੀਤ ਭਏ ਦਿਨ ਕੇਤਿਕ ਪਾਇਨ ਮੈਂ ਤਬਿ ਜੋਰ ਭਰਜੋ।
ਹੁਇ ਆਪ ਖਰੇ ਅਵਲੰਬ ਬਿਨਾਂ ਚਰਣਾਂਬੁਜ ਚਾਇ ਅਗਾਰੀ ਧਰਜੋ।
ਇਮ ਜਾਨਿ ਤਿਖਾਨ ਇਨਾਮ ਕੇ ਹੇਤੁ ਗਡੀਰਣ ਸੁੰਦਰ ਏਕ ਘਰਜੋ।
ਅਰਪਜੋ ਕਰਿ ਬੰਦਨ ਠਾਨਿ ਮਨੋਰਥ ਪੂਰਨ ਸੋ ਤਤਕਾਲ ਕਰਜੋ॥ ੧੬ ॥

ਇਸ ਤਰ੍ਹਾਂ ਕਈ ਦਿਨ ਬਤੀਤ ਹੋਏ, ਪੈਰਾਂ ਵਿਚ ਫਿਰ ਜ਼ੋਰ ਭਰ ਗਿਆ। ਕਿਸੇ ਆਸਰੇ ਤੋਂ ਬਗੈਰ ਖੜੇ ਹੋਣ ਲੱਗੇ ਤੇ ਆਪਣੇ ਅੱਗੇ ਕੋਈ ਚੀਜ਼ ਧਰੀ ਹੋਈ ਚਾਹੁੰਦੇ ਸਨ। ਇਸ ਤਰ੍ਹਾਂ ਜਾਣ ਕੇ ਤਰਖਾਣ ਨੇ ਇਨਾਮ ਪਾਉਣ ਵਾਸਤੇ ਇਕ ਸੁੰਦਰ ਗਡੀਰਾ ਘੜ ਕੇ ਬਣਾਇਆ। ਬੰਦਨਾ ਕਰਕੇ ਉਸ ਨੇ ਗਡੀਰਾ ਅਰਪਣ ਕੀਤਾ ਤੇ ਤੁਰਤ ਗੁਰੂ ਜੀ ਦਾ ਮਨੋਰਥ ਪੂਰਾ ਕੀਤਾ॥੧੬॥

ਹਾਥ ਗਡੀਰਨ ਪੈ ਧਰਿ ਕੈ ਪਦ ਮੰਦ ਹੀ ਮੰਦ ਉਠਾਵਨਿ ਲਾਗੇ।
ਸੁੰਦਰ ਸ੍ਰੀ ਮੁਖ ਤੇ ਬਿਕਸਾਵਤਿ ਸ਼ੋਭਤਿ ਦੰਤ ਅਮੀ ਜਨੁ ਪਾਗੇ।
ਚੰਚਲ ਚਾਰੁ ਬਿਲੋਚਨ ਤੇ ਚਿਤਵੰਤਿ ਚਹੂੰਦਿਸ਼ਿ ਰਾਗ ਬਿਰਾਗੇ।
ਬਾਲਿਕ ਬੈ ਬਪੁ ਕ੍ਰੀੜਤਿ ਹੈਂ ਇਮ ਅੰਙਣ ਮੈਂ ਬਿਹਰੈਂ ਚਲਿ ਆਗੇ॥ ੧੭ ॥

ਗਡੀਰੇ ਉੱਤੇ ਹੱਥ ਧਰ ਕੇ ਹੌਲੀ-ਹੌਲੀ ਚਰਨਾਂ ਨੂੰ ਉਠਾਉਣ ਲੱਗੇ। ਬੜੇ ਸੁੰਦਰ ਢੰਗ ਨਾਲ ਮੁਖ ਤੋਂ ਜਦ ਮੁਸਕਰਾਉਂਦੇ ਸਨ ਤਾਂ ਦੰਦ ਇਸ ਤਰ੍ਹਾਂ ਸ਼ੋਭਦੇ ਸਨ ਮਾਨੋ ਅੰਮ੍ਰਿਤ ਵਿਚ ਲਪੇਟੇ ਹੋਣ। ਚੰਚਲ ਸੁੰਦਰ ਨੈਣਾਂ ਨਾਲ ਚਾਰ ਚੁਫੇਰੇ ਵੇਖਦੇ ਹਨ ਤਾਂ ਇੰਝ ਲੱਗਦਾ ਹੈ ਮਾਨੋ ਪਿਆਰ ਵਿਚ ਵਿਸ਼ੇਸ਼ ਕਰ ਕੇ ਰੰਗੇ ਹੋਏ ਹਨ। ਬਾਲਕ ਉਮਰ ਦੀਆਂ ਕ੍ਰੀੜਾਂ ਕਰਦੇ, ਇਸ ਤਰ੍ਹਾਂ ਵਿਹੜੇ ਵਿਚ ਅੱਗੇ ਚਲ ਕੇ ਵਿਚਰਦੇ ਹਨ॥੧੭॥

*ਕਬਿੱਤ*-ਕੋਮਲ ਸੁਰੰਗ ਪਗ ਚੀਕਨੇ ਰੁਚਿਰ ਨਖ ਗੋਲ ਹੈਂ ਅਕਾਰ ਇਕਸਾਰ ਸੁ ਪ੍ਰਕਾਸ਼ਤੇ।
ਇੰਦਰਾ ਕੇ ਮੰਦਰ ਪੈ ਸੁੰਦਰ ਸੁਧਾਰ ਮਾਨੋ ਹੀਰਨ ਕੀ ਪੰਕਤੀ ਖਚੀ ਹੈ ਦੁਤਿਰਾਸਤੇ।
ਕ੍ਰਾਂਤਿ ਰੂਪ ਲੱਛਮੀ ਸੁਲੱਛਨ ਕੋ ਬਾਸ ਨਿਤ, ਸਿੱਖਨ ਕੇ ਮਨ ਮਧੁ ਬ੍ਰਿੰਦ ਜਹਾਂ ਬਾਸਤੇ।
ਦੇਖ ਪਾਪ ਨਾਸਤੇ, ਲੁਭਾਵਤਿ ਹੁਲਾਸਤੇ ਸੁ ਗਜਾਨ ਲੇਨਿ ਵਾਸਤੇ ਨ ਛੋਰੈਂ ਪਾਸ ਦਾਸਤੇ॥੧੮॥

ਕੋਮਲ ਸ੍ਰੇਸ਼ਟ ਰੰਗ ਵਾਲੇ ਚਰਨ ਚੀਕਨੇ ਹਨ, ਜਿਨ੍ਹਾਂ ਉੱਤੇ ਸੁੰਦਰ ਨਹੁੰ ਹਨ ਜਿਹੜੇ ਗੋਲ ਹਨ ਤੇ ਇਕਸਾਰ ਅਕਾਰ ਦੇ ਪ੍ਰਕਾਸ਼ ਰਹੇ ਹਨ। ਮਾਨੋ ਲਛਮੀ ਦੇ ਮੰਦਰ ਵਿਚ ਸੁੰਦਰ ਸੁਧਾਰ ਕੇ ਹੀਰਿਆਂ ਦੀਆਂ ਬਹੁਤ ਸ਼ੋਭਾ ਵਾਲੀਆਂ ਪੰਗਤਾਂ ਜੜੀਆਂ ਹੋਈਆਂ ਸਨ। ਸ਼ੋਭਾ ਵਾਲੀ ਲਛਮੀ ਜਿਸ ਵਿਚ ਨਿਤ ਸ੍ਰੇਸ਼ਟ ਲੱਛਣਾਂ ਦਾ ਵਾਸ ਹੈ। ਸਿੱਖਾਂ ਦੇ ਮਨ ਰੂਪ ਭੌਰੇ ਜਿੱਥੇ ਵੱਸਦੇ ਹਨ। ਜਿਨ੍ਹਾਂ ਨੂੰ ਵੇਖ ਕੇ ਪਾਪ ਨਾਸ਼ ਹੁੰਦੇ ਹਨ, ਖੁਸ਼ੀਆਂ ਨਾਲ ਲਭਾਉਂਦੇ ਹਨ ਤੇ ਦਾਸ ਗਿਆਨ ਲੈਣ ਵਾਸਤੇ ਸੰਗ ਨਹੀਂ ਛੱਡਦੇ ਹਨ॥੧੮॥

ਦੋਊ ਪਦ ਊਪਰ ਬਿਰਾਜੈਂ ਚਾਰੁ ਨੂਪਰ ਅਨੂਪ ਛਬਿ ਰੂਪ ਕੀ ਨਿਰੂਪਨਿ ਕਰੈ ਸੁ ਕੌਨ।
ਗਾਮਨੇ ਸ਼ਬਦ ਕਰੈ ਕਟ ਛੁਦ੍ਰਘੰਟਿਕਾ ਹੈ ਜ਼ਾਹਰ ਜਵਾਹਰ ਤੇ ਜੋਤਿ ਜਗਮਗੈ ਜੌਨ।
ਝੀਨੋ ਗਰ ਪੀਰੋ ਚੀਰ ਦੀਪਤਿ ਸ਼ਰੀਰ ਸ਼ੁਭ ਕੰਕਨ ਜਰਾਊ ਲਘੁ ਰਾਜਤਿ ਹੈਂ ਹਾਥ ਦੌਨ।
ਆਇ ਭੌਨ ਤੌਨ ਸਮੈਂ ਕਾਮਨਾ ਕੋ ਮੌਨ ਕਰੇ ਨਮੋ ਔਨ ਠਾਨਤਿ ਹੀ ਗੌਨਤੇ ਹੈਂ ਪਾਪ ਤੌਨ॥੧੯॥

ਦੋਵਾਂ ਪੈਰਾਂ ਤੇ ਬੈਠਦੇ ਹਨ, ਸੁੰਦਰ ਝਾਂਜਰਾਂ ਪਾਈਆਂ ਹਨ, ਰੂਪ ਦੀ ਅਨੁਪਮ ਛਬਿ ਨੂੰ ਕੌਣ ਵਰਨਣ ਕਰੇ। ਜਦ ਚਲਦੇ ਹਨ ਲੱਕ ਨਾਲ ਬੱਧੀ ਤੜਾਗੀ ਦੇ ਘੁੰਗਰੂ ਖੜਕਦੇ ਹਨ, ਜਿਨ੍ਹਾਂ ਦੀ ਪ੍ਰਗਟ ਜੋਤ ਜਗਮਗ ਕਰ ਰਹੀ ਹੈ ਗਲ ਵਿਚ ਪੀਲੇ ਤੇ ਸੂਖਮ ਕੱਪੜੇ ਪਹਿਣੇ ਹੋਏ ਸਰੀਰ ਤੇ ਚਮਕਦੇ ਹਨ। ਛੋਟੇ-ਛੋਟੇ ਜੜਾਊ ਕੰਗਣ ਦੋਵਾਂ ਹੱਥਾਂ ਤੇ ਸ਼ੋਭ ਰਹੇ ਹਨ। ਉਸ ਸਮੇਂ ਜਦ ਗੁਰੂ ਜੀ ਪਹਿਲਾਂ ਦੱਸੀ ਸ਼ੋਭਾ ਵਿਚ ਸ਼ੋਭ ਰਹੇ ਹੁੰਦੇ ਹਨ ਕੋਈ ਦਾਸ ਚੁਪ ਚਾਪ ਹੀ ਪਾਪਾਂ ਦੇ ਨਾਸ਼ ਕਰਾਉਣ ਦੀ ਕਾਮਨਾ ਧਾਰ ਕੇ ਘਰ ਆਉਂਦਾ ਹੈ, ਉਸ ਦੇ ਧਰਤੀ 'ਤੇ ਨਮਸਕਾਰ ਕਰਦਿਆਂ ਹੀ ਪਾਪ ਨਾਸ਼ ਹੋ ਜਾਂਦੇ ਹਨ ॥੧੯॥

**ਕੋਊ ਕੋਊ ਬਾਕ ਲਗੇ ਬੋਲਨ ਅਮੋਲ ਛਬਿ ਤੋਤਰੇ ਪਰਮ ਪ੍ਰਿਯਾ ਮਾਧੁਰੀ ਰਸਾਲ ਕਰਿ।**
**ਬਨਕ ਧਨੀਨ ਕੀ ਅਨੇਕ ਆਇਂ ਭਾਰਜਾ ਦੁਲਾਰਤਿ ਹੈਂ ਆਰਜਾ ਸਨੇਹ ਕੋ ਬਿਸਾਲ ਕਰਿ।**
**ਜੈਸੀ ਧਾਰਿ ਕਾਮਨਾ ਕੋ ਆਈ ਗੁਰੁ ਧਾਮ ਬਿਖੈ, ਤੈਸੇ ਹੀ ਬੁਲਾਵਤਿ ਹੈਂ ਬਾਰ ਬਾਰ ਖਯਾਲ ਕਰਿ।**
**ਕਾਹੂੰ ਕੋ ਉਤਾਲ ਕਰਿ ਬੋਲਤਿ ਨਿਹਾਲ ਕਰਿ, ਕਾਹੂੰ ਦੇਹਿਂ ਟਾਲ ਕਰਿ ਈਤ ਊਤ ਚਾਲ ਕਰਿ ॥੨੦॥**

ਕੋਈ-ਕੋਈ ਬਚਨ ਬੋਲਣ ਲੱਗੇ ਹਨ, ਅਮੋਲ ਛਬਿ ਹੈ, ਮਿੱਠੇ ਤੇ ਰਸਦਾਇਕ ਪਰਮ ਪਿਆਰੇ ਤੋਤਲੇ ਬਚਨ ਬੋਲਦੇ ਹਨ। ਬਾਣੀਆਂ ਤੇ ਧਨਵਾਨ ਲੋਕਾਂ ਦੀਆਂ ਅਨੇਕ ਪਤਨੀਆਂ ਆਉਂਦੀਆਂ ਹਨ, ਉਹ ਸ੍ਰੇਸ਼ਟ ਇਸਤਰੀਆਂ ਬਾਲ ਗੁਰੂ ਜੀ ਨੂੰ ਵਿਸ਼ਾਲ ਪ੍ਰੇਮ ਦੇ ਨਾਲ ਦੁਲਾਰਦੀਆਂ ਹਨ। ਜੈਸੀ ਵੀ ਕੋਈ ਕਾਮਨਾ ਧਾਰ ਕੇ ਗੁਰੂ ਘਰ ਵਿਚ ਆਉਂਦਾ ਸੀ, ਤੈਸੇ ਹੀ ਬਾਰ ਬਾਰ ਖਿਆਲ ਕਰਕੇ ਬੁਲਾਉਂਦੇ ਹਨ। ਕਿਸੇ ਨੂੰ ਉਤਾਵਲੇ ਹੋ ਕੇ ਬੋਲ ਕੇ ਨਿਹਾਲ ਕਰ ਦਿੰਦੇ ਸਨ ਤੇ ਕਿਸੇ ਨੂੰ ਏਧਰ ਓਧਰ ਚਲ ਕੇ ਟਾਲ ਦਿੰਦੇ ਸਨ ॥੨੦॥

**ਬਚਨ ਅਮੋਘ ਜਤੋਂ ਸਰੋਘ ਰਾਮ ਚੰਦ ਹਾਥ ਤਜੇ, ਬ੍ਰਹਮ ਅਸਤ੍ਰ ਕੋ ਸੁਧਾਰੈ ਨਿਜ ਕਾਜ ਕੋ।**
**ਤੈਸੇ ਬਰ ਸ੍ਰਾਪ ਕੋ ਉਚਾਰੈਂ ਤਾਤਕਾਲ ਹੋਤਿ ਜਿਸ ਪੈ ਪ੍ਰਸੰਨ ਦੇਤਿ ਸਕਲ ਸਮਾਜ ਕੋ।**
**ਕਾਹੂੰ ਪਰ ਕ੍ਰੋਧ ਕਰਿ ਨਾਸਤੇ ਬਿਭੂਤ ਘਰ, ਫੈਲਜੋ ਜਸੁ ਪੂਤ ਪੁਰਿ ਹੇਰਿ ਹੇਰਿ ਸਾਜ ਕੋ।**
**ਰਾਖੈਂ ਹਿੰਦ ਲਾਜ ਕੋ, ਉਠਾਵੈਂ ਖਲ ਰਾਜ ਕੋ, ਫਿਰਾਵੈਂ ਸੀਸ ਤਾਜ ਕੋ, ਨਿਵਾਰੈਂ ਸਭਿ ਪਾਜ ਕੋ ॥੨੧॥**

ਬਾਲ ਗੁਰੂ ਜੀ ਦੇ ਬਚਨ ਰਾਮ ਚੰਦ ਦੇ ਹੱਥੋਂ ਛੱਡੇ ਬਾਣ ਵਾਂਗ ਅਮੋਘ ਹਨ, ਜਿਵੇਂ ਬ੍ਰਹਮ ਅਸਤਰ ਛੱਡਿਆ ਹੋਇਆ ਆਪਣੇ ਕਾਰਜ ਨੂੰ ਪੂਰਾ ਕਰਦਾ ਹੈ। ਉਸ ਤਰ੍ਹਾਂ ਹੀ ਜਦ ਵਰ ਸ੍ਰਾਪ ਉਚਾਰਨ ਕਰਦੇ ਹਨ ਤਾਂ ਉਹ ਤੁਰਤ ਹੀ ਪੂਰਾ ਹੋ ਜਾਂਦਾ ਹੈ, ਜਿਸ ਨਾਲ ਉਹ ਸਾਰੇ ਸਮਾਜ ਨੂੰ ਪ੍ਰਸੰਨ ਕਰਦੇ ਹਨ। ਕਿਸੇ ਉੱਤੇ ਕ੍ਰੋਧ ਕਰਕੇ ਘਰ ਦੀ ਵਿਭੂਤੀ ਨਾਸ਼ ਕਰ ਦਿੰਦੇ ਹਨ, ਪਵਿੱਤਰ ਜੱਸ ਫੈਲਿਆ ਹੈ। ਸ਼ਹਿਰ ਦੇ ਲੋਕ ਮਹਾਰਾਜ ਜੀ ਦੀ ਕਰਾਮਾਤ ਦੇ ਸਾਜ ਨੂੰ ਵੇਖਕੇ ਪ੍ਰਸੰਨ ਹੁੰਦੇ ਹਨ। ਹਿੰਦ ਦੀ ਲਾਜ ਨੂੰ ਰੱਖਣਗੇ, ਦੁਸ਼ਟ ਰਾਜ ਦਾ ਨਾਸ਼ ਕਰਨਗੇ, ਸੀਸ ਉੱਤੇ ਤਾਜ ਝੁਲੇਗਾ ਤੇ ਸਾਰੇ ਪਖੰਡਾਂ ਨੂੰ ਦੂਰ ਕਰਨਗੇ ॥੨੧॥

**ਕੀਰਤੀ ਮਹਾਨ ਭਈ ਮਾਲਤੀ ਸਮਾਨ ਸਾਰੇ, ਨਾਰੀ ਨਰ ਬਦਨ ਬਖਾਨਤੇ ਮਿਲਤਿ ਹੈਂ।**
**'ਮੂਰਤੀ ਪਵਿੱਤ੍ਰ ਸਤਿਗੁਰੂ ਕੇ ਸਪੁੱਤ੍ਰ ਭਯੋ, ਸ੍ਰੀ ਮੁਖੋਂ ਉਚਾਰਤੇ ਬਚਿੱਤ੍ਰ ਸੋ ਫਲਤਿ ਹੈਂ।**
**ਕਾਂਹੂ ਤਨ ਰੋਗ, ਕਾਹੂ ਸੁਖ ਕੇ ਨ ਭੋਗ ਹੋਤਿ, ਜਾਚੇ ਬਰ ਜੋਗ ਨਿਜ ਸੋਗ ਕੋ ਦਲਤਿ ਹੈਂ।**
**ਕ੍ਰਿਪਾ ਸੋਂ ਢੁਲਤਿ ਹੈਂ, ਬਿਹਿਸਕੈ ਬੁਲਤਿਹੈਂ, ਅਨੰਦ ਉਗਲਤਿ ਹੈਂ, ਅਨੂਪ ਯੌਂ ਚਲਿਤ ਹੈਂ' ॥੨੨॥**

ਮਾਲਤੀ ਦੇ ਫੁੱਲ ਵਾਂਗ ਸਾਰੇ ਮਹਾਨ ਕੀਰਤੀ ਫੈਲ ਗਈ, ਇਸਤਰੀਆਂ ਪੁਰਸ਼ ਜਦ ਇਕ ਦੂਸਰੇ ਨੂੰ ਮਿਲਦੇ ਸਨ ਤਾਂ ਇਸ ਤਰ੍ਹਾਂ ਕਹਿੰਦੇ ਸਨ, "ਸਤਿਗੁਰੂ ਜੀ ਦਾ ਸਪੁੱਤਰ ਪਵਿੱਤਰ ਮੂਰਤੀ ਹੈ, ਉਹ ਜੋ ਵੀ ਆਪਣੇ ਮੁਖ ਤੋਂ ਕਹਿੰਦੇ ਹਨ, ਪੂਰਾ ਹੋ ਜਾਂਦਾ ਹੈ। ਕਿਸੇ ਦਾ ਸਰੀਰ ਰੋਗੀ ਹੈ, ਕੋਈ ਜੀਵਨ ਸੁਖ ਨਾਲ ਨਹੀਂ ਭੋਗ ਰਿਹਾ, ਜਿਹੜਾ ਵੀ ਯੋਗ ਵਰ ਮੰਗਦਾ ਹੈ, ਉਸ ਦੇ ਸੋਗ ਨੂੰ ਖਤਮ ਕਰ ਦਿੰਦੇ ਹਨ। ਕਿਰਪਾ ਕਰ ਦਿੰਦੇ ਹਨ, ਹੱਸ ਕੇ ਬੋਲਦੇ ਹਨ, ਮਾਨੋ ਅਨੰਦ ਬਾਹਰ ਕੱਢਦੇ ਹਨ, ਅਨੁਪਮ ਢੰਗ ਦੇ ਉਨ੍ਹਾਂ ਦੇ ਅਜਿਹੇ ਚਰਿੱਤਰ ਹਨ" ॥੨੨॥

*ਸੈਯਾ*-ਖੇਲਿਬੇ ਕਾਰਨ ਸੁੰਦਰ ਖੇਲਨੇ ਲਜਾਇ ਖਰੀਦ ਸੁ ਮੋਲ ਬਡੇਰੇ।
ਜੋ ਧਨਵਾਨਨਿ ਕੀ ਜੁਵਤੀ ਪਹਿਰੇ ਨਵ ਭੂਖਨ ਚੀਰ ਅਛੇਰੇ।
ਆਵਤਿ ਹੈਂ ਬਡ ਚਾਵ ਭਰੀ ਉਚਰਾਇ ਉਪਾਇਨਿ ਬ੍ਰਿੰਦ ਅਗੇਰੇ।
ਮੋਦਕ ਆਦਿਕ ਮੋਦ ਸੋਂ ਲੈ ਚਹੁੰ ਕੋਦ ਤੇ ਹੋਤਿ ਬਿਨੋਦ ਘਨੇਰੇ॥੨੩॥

ਖੇਡਣ ਵਾਸਤੇ ਬੜੇ ਕੀਮਤੀ ਸੁੰਦਰ ਖਿਡਾਉਣੇ ਲਿਆਉਂਦੇ ਹਨ। ਅਮੀਰ ਪੁਰਸ਼ਾਂ ਦੀਆਂ ਇਸਤਰੀਆਂ ਨਵੇਂ ਸੁੰਦਰ ਕੱਪੜੇ ਤੇ ਗਹਿਣੇ ਪਹਿਨ ਕੇ ਬੜੇ ਚਾਅ ਨਾਲ ਭਰੀਆਂ ਆਉਂਦੀਆਂ ਹਨ, ਉਹ ਬੜੇ ਉਪਹਾਰ ਲਿਆ ਕੇ ਅੱਗੇ ਧਰਦੀਆਂ ਹਨ। ਲੱਡੂ ਆਦਿ ਉਪਹਾਰ ਬੜੀ ਖੁਸ਼ੀ ਨਾਲ ਚਾਰੇ ਪਾਸਿਆਂ ਤੋਂ ਲਿਆ ਕੇ ਬਹੁਤ ਪ੍ਰਸੰਨ ਹੁੰਦੀਆਂ ਹਨ॥੨੩॥

ਸ੍ਰੀ ਗੁਜਰੀ ਢਿਗ ਆਨਿ ਧਰੈਂ, ਪਰਿ ਪਾਇਨ ਬੇਨਤਿ ਠਾਨਤਿ ਹੈਂ।
ਦੀਨ ਬਨੈਂ ਜੁਗ ਹਾਥਨਿ ਬੰਦਤਿ 'ਮਾਤ ਸੁਨੋ ਤੁਮ ਜਾਨਤਿ ਹੈਂ।
ਸ੍ਰੀ ਗੁਰਦੇਵ ਕੋ ਸਿੱਖਜ ਸਦਾ ਹਮ, ਆਨ ਨਹੀਂ ਕਿਸ ਮਾਨਤਿ ਹੈ।
ਸਾਹਿਬਜ਼ਾਦੇ ਤੇ ਹੁਇ ਅਹਿਲਾਦ ਕੋ' ਜਾਚਨਾ ਆਨਿ ਬਖਾਨਤਿ ਹੈਂ॥੨੪॥

ਸ੍ਰੀ ਗੁਜਰੀ ਜੀ ਦੇ ਪਾਸ ਲਿਆ ਕੇ ਧਰ ਦਿੰਦੀਆਂ ਤੇ ਚਰਨਾਂ ਨੂੰ ਛੂਹ ਕੇ ਦੀਨ ਬਣ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕਰਦੀਆਂ ਹਨ, "ਹੇ ਮਾਤਾ ਜੀ! ਸੁਣੋ, ਤੁਸੀਂ ਜਾਣਦੇ ਹੋ ਸ੍ਰੀ ਗੁਰਦੇਵ ਤੇਗ਼ ਬਹਾਦਰ ਜੀ ਦੇ ਅਸੀਂ ਸਦਾ ਸਿੱਖ ਹਾਂ, ਅਸੀਂ ਹੋਰ ਕਿਸੇ ਨੂੰ ਨਹੀਂ ਮੰਨਦੇ ਹਾਂ, ਸਾਹਿਬਜ਼ਾਦੇ ਤੇ ਅਸੀਂ ਬਹੁਤ ਪ੍ਰਸੰਨ ਹੋਈਆਂ ਹਾਂ।" ਕਈ ਸਾਹਿਬਜ਼ਾਦੇ ਪਾਸੋਂ ਮੰਗਾਂ ਆ ਮੰਗਦੀਆਂ ਹਨ॥੨੪॥

ਕੋ ਸੁਤ ਚਾਹਤਿ, ਕੋ ਸੁਖ ਚਾਹਤਿ, ਕੋ ਬਿਤ ਚਾਹਤਿ, ਕੋ ਰੁਜ ਦਹਤਿ।
ਕੋ ਦ੍ਵਿਜ ਆਵਤਿ, ਬਾਹਜ ਆਵਤਿ, ਬੈਸ ਬਿਲੋਕਤਿ, ਸ਼ੂਦ੍ਰ ਉਮਾਹਤਿ।
ਹਿੰਦਨਿ ਬ੍ਰਿੰਦ ਵਧੀ ਸ਼ਰਧਾ, ਤੁਰਕਾਨ ਕਿਤੈ ਗੁਰਭਾਵ ਨਿਬਾਹਤਿ।
ਹਾਥਨਿ ਜੋਰ ਨਿਹੋਰਤਿ ਹੈਂ ਗੁਰ ਤੇਗ ਬਹਾਦਰ ਨੰਦ ਸਰਾਹਤਿ॥੨੫॥

ਕੋਈ ਪੁੱਤਰ ਚਾਹੁੰਦੀ ਹੈ, ਕੋਈ ਸੁਖ ਚਾਹੁੰਦੀ ਹੈ, ਕੋਈ ਧਨ ਚਾਹੁੰਦੀ ਹੈ, ਕੋਈ ਬੀਮਾਰੀ ਦੂਰ ਕਰਵਾਉਂਦੀ ਹੈ। ਕੋਈ ਬ੍ਰਾਹਮਣੀ ਆਉਂਦੀ ਹੈ, ਕੋਈ ਖੱਤਰਾਣੀ ਆਉਂਦੀ ਹੈ, ਕੋਈ ਵੈਸ਼ ਇਸਤਰੀ ਆ ਕੇ ਦਰਸ਼ਨ ਕਰਦੀ ਹੈ, ਕੋਈ ਸ਼ੂਦਰ ਇਸਤਰੀ ਬੜੇ ਚਾਅ ਉਮਾਹ ਨਾਲ ਆਉਂਦੀ ਹੈ। ਹਿੰਦੂ ਇਸਤਰੀਆਂ ਦੀ ਬਹੁਤ ਸ਼ਰਧਾ ਵਧੀ ਹੈ। ਕਿਤੇ-ਕਿਤੇ ਗੁਰੂ ਜੀ ਦੇ ਪ੍ਰੇਮੀ ਤੁਰਕ ਵੀ ਗੁਰੂ ਪ੍ਰੇਮ ਨਿਭਾਉਂਦੇ ਹਨ। ਹੱਥ ਜੋੜ ਕੇ ਦਰਸ਼ਨ ਕਰਦੇ ਹਨ ਤੇ ਗੁਰੂ ਤੇਗ਼ ਬਹਾਦਰ ਜੀ ਦੇ ਪੁੱਤਰ ਦੀ ਸ਼ਲਾਘਾ ਕਰਦੇ ਹਨ॥੨੫॥

*ਕਬਿੱਤ*-ਕੋਊ ਸਿਖ ਆਪਨੇ ਪੈ ਚਾਹਤਿ ਪ੍ਰਸੰਨ ਗੁਰ, ਦੇਹਿ ਧਨ ਲੇਹਿ ਮੋਲ ਪੰਛੀ ਜਾਤਿ ਜਾਤਿ ਕੇ।
ਸਾਰਕਾ, ਸੁ ਕੋਕਲਾ ਉਦਾਰ ਮ੍ਰਿਦੁ ਭਾਸ਼ਣੀ, ਅਨੇਕ ਕੀਰ, ਪਾਰਾਵਤ ਰੰਗ ਭਾਂਤਿ ਭਾਂਤਿ ਕੇ।
ਤੀਤਰ, ਚਕੋਰ ਚਾਰੁ, ਦਾਸਤਾਂ ਹਜ਼ਾਰ ਲਾਲ ਪਿੰਜਰੇ ਮਝਾਰ ਪਾਇ ਧਰੇ ਪਾਂਤਿ ਪਾਂਤ ਕੇ।
ਗੁਨ ਕੋ ਸੁਨਾਵੈਂ ਦਿਖਰਾਵੈਂ ਸੋ ਲਰਾਵੈਂ ਬਹੁ ਖਿਜੈ ਹਰ ਪਾਵੈਂ ਨਖ ਚੋਂਚ ਘਾਤ ਘਾਤ ਕੇ॥੨੬॥

ਕਈ ਸਿੱਖ ਗੁਰੂ ਜੀ ਨੂੰ ਆਪਣੇ ਉੱਤੇ ਪ੍ਰਸੰਨ ਕਰਨਾ ਚਾਹੁੰਦੇ ਹਨ, ਉਹ ਧਨ ਦੇ ਕੇ ਕਈਆਂ ਜਾਤੀਆਂ ਦੇ ਪੰਛੀ ਲੈ ਕੇ ਜਾਂਦੇ ਹਨ। ਮੈਨਾਂ, ਮਿੱਠੇ ਬੋਲ ਬੋਲਣ ਵਾਲੀਆਂ, ਕੋਇਲਾਂ, ਅਨੇਕਾਂ ਤੋਤੇ, ਵੱਖ-ਵੱਖ ਰੰਗਾਂ ਦੇ ਕਬੂਤਰ, ਤਿੱਤਰ, ਸੁੰਦਰ ਚਕੋਰਾਂ, ਬੁਲਬੁਲਾਂ ਆਦਿ ਲਾਲ ਪਿੰਜਰਿਆਂ ਵਿਚ ਪਾ ਕੇ ਪੰਗਤਾਂ ਬਣਾ ਬਣਾ ਕੇ ਪਹੁੰਚ ਜਾਂਦੇ ਹਨ। ਪੰਛੀਆਂ ਦੇ ਗੁਣਾਂ ਨੂੰ

ਸੁਣਾਉਂਦੇ ਸਨ, ਪੰਛੀਆਂ ਨੂੰ ਆਪਸ ਵਿਚ ਲੜਾ ਕੇ ਜਿੱਤ ਹਾਰ ਕਰਵਾਉਂਦੇ ਸਨ ਜਦ ਪੰਛੀ ਆਪਸ ਵਿਚ ਚੁੰਝਾਂ ਪੌਂਚੇ ਮਾਰਦੇ ਸਨ॥੨੬॥

**ਕੌਤਕ ਅਨੇਕ ਤੇ ਸਦੀਨ ਮਾਥ ਟੇਕਤੇ, ਪ੍ਰਸੰਨਤਾ ਕੇ ਹੇਤ ਸਤਿਗੁਰੂ ਕੋ ਰਿਝਾਵਈਂ।**
**ਬਿਹਸੈਂ ਬਿਬੇਕ ਨਿਧਿ ਬਾਕ ਕੋ ਬਖਾਨਿ ਦੇਤਿ ਜੈਸੇ ਕਰਿ ਕਾਮਨਾ ਕੋ ਸੇਵਕ ਸੁ ਆਵਈਂ।**
**ਪਰਚੈਂ ਬਿਹੰਗ ਸੰਗ ਅੰਗ ਰੰਗ ਰੰਗ ਹੂੰ ਕੇ, ਬੋਲੈਂ ਬਹੁ ਢੰਗ ਕੇ ਉਤੰਗ ਉਡਵਾਵਈਂ।**
**ਅਪਰ ਧਨੀਨ ਕੇ ਸਪੂਤ ਆਇ ਖੇਲੈਂ ਗਨ ਸਾਥ ਕੇ ਨ ਤਜਾਗਿ ਸਕੈਂ ਮਹਾਂ ਸੁਖ ਪਾਵਈਂ ॥੨੭॥**

ਅਨੇਕਾਂ ਕੌਤਕ ਕਰਕੇ ਦੀਨ ਹੋ ਕੇ ਮੱਥਾ ਟੇਕਦੇ ਹਨ, ਸਤਿਗੁਰੂ ਜੀ ਨੂੰ ਪ੍ਰਸੰਨ ਕਰਨ ਲਈ ਰਿਝਵਾਉਂਦੇ ਹਨ। ਗਿਆਨ ਦੇ ਖਜ਼ਾਨੇ ਭਾਵ ਬਾਲਕ ਗੁਰੂ ਜੀ ਮੁਸਕਰਾ ਕੇ ਉਹ ਬਚਨ ਬੋਲ ਦਿੰਦੇ ਹਨ, ਜਿਵੇਂ ਸੇਵਕ ਕਾਮਨਾ ਧਾਰ ਕੇ ਆਉਂਦੇ ਹਨ। ਪੰਛੀਆਂ ਨਾਲ ਪਰਚ ਜਾਂਦੇ ਹਨ, ਜਿਨ੍ਹਾਂ ਦੇ ਅੰਗ ਰੰਗ-ਬਰੰਗੇ ਹੁੰਦੇ ਹਨ, ਬਹੁਤ ਢੰਗ ਨਾਲ ਬੋਲ ਕੇ ਪੰਛੀਆਂ ਨੂੰ ਬਹੁਤ ਉੱਚਾ ਉਡਾ ਦਿੰਦੇ ਹਨ। ਹੋਰ ਧਨੀ ਲੋਕਾਂ ਦੇ ਪੁੱਤਰ ਵੀ ਆਉਂਦੇ ਸਨ। ਉਹ ਸਤਿਗੁਰੂ ਜੀ ਨਾਲ ਖੇਡ ਕੇ ਬਹੁਤ ਸੁਖ ਪਾਉਂਦੇ ਸਨ ਤੇ ਫਿਰ ਉਨ੍ਹਾਂ ਦਾ ਦਿਲ ਗੁਰੂ ਜੀ ਨੂੰ ਛੱਡਣ ਨੂੰ ਨਹੀਂ ਸੀ ਕਰਦਾ॥੨੭॥

**ਰੰਗਦਾਰ ਪੰਗਤੀ ਮਤੰਗ ਬਹੁ ਭਾਂਤਿ ਹੂੰ ਕੇ ਸੁੰਦਰ ਤੁਰੰਗ ਜਜੋਂ ਅਨੰਗ ਕਾਰੀਗਰ ਕੇ।**
**ਤਿਨੋ ਪੈ ਸਊਰ ਅਸਿ ਸਿਪਰ ਤੁਪਕ ਧਰਿ ਸੰਮੁਖ ਟਿਕਾਵੈਂ ਜਿਮ ਬੀਰ ਹੈਂ ਸੰਘਰਕੇ।**
**ਡੋਰੇ ਅਰੁ ਪਾਲਕੀ ਸੁ ਬੀਜਨੇ ਅਨੇਕ ਭਾਂਤਿ ਸ਼ੇਰ ਮ੍ਰਿਗ ਕੂਕਰ ਲੈ ਆਵੈਂ ਪ੍ਰੇਮ ਕਰਿਕੇ।**
**ਖੇਲੈਂ ਬੀਚ ਘਰਕੇ ਮਿਲੇ ਸਮੀਪ ਗੁਰ ਕੇ ਅਦਾਬ ਸਾਥ ਲਰਕੇ ਸੁ ਬੋਲੈਂ ਤ੍ਰਾਸ ਧਰਿਕੇ ॥੨੮॥**

ਬਹੁਤ ਭਾਂਤ ਦੇ ਹਾਥੀਆਂ ਦੀਆਂ ਪੰਗਤਾਂ ਦੇ ਬਣੇ ਹੋਏ ਖਿਡਾਉਣੇ ਤੇ ਬਹੁਤ ਸੁੰਦਰ ਘੋੜੇ ਜਿਹੜੇ ਇੰਝ ਲੱਗਦੇ ਹਨ, ਮਾਨੋ ਕਾਮਦੇਵ ਰੂਪੀ ਕਾਰੀਗਰ ਨੇ ਬਣਾਏ ਹੋਏ ਹਨ। ਉਨ੍ਹਾਂ ਉੱਤੇ ਸਵਾਰ, ਤਲਵਾਰ ਢਾਲ ਅਤੇ ਬੰਦੂਕ ਲੈ ਕੇ ਇੰਝ ਟਿਕਾ ਦਿੰਦੇ ਸਨ, ਮਾਨੋ ਯੁੱਧ ਦੇ ਸੂਰਬੀਰ ਹਨ। ਡੋਲੇ, ਪਾਲਕੀਆਂ, ਅਨੇਕ ਪ੍ਰਕਾਰ ਦੇ ਪੱਖੇ, ਸ਼ੇਰ, ਹਿਰਨ, ਕੁੱਤੇ ਆਦਿ ਬੜੇ ਪ੍ਰੇਮ ਨਾਲ ਲੈ ਆਉਂਦੇ ਸਨ। ਘਰ ਦੇ ਵਿਚ ਖੇਡਦੇ ਸਨ, ਲੜਕੇ ਗੁਰੂ ਜੀ ਨੂੰ ਉਨ੍ਹਾਂ ਦੇ ਪਾਸ ਆ ਕੇ ਬੜੇ ਆਦਰ ਨਾਲ ਮਿਲਦੇ ਹਨ ਤੇ ਡਰ ਮੰਨ ਕੇ ਸ੍ਰੇਸ਼ਟ ਢੰਗ ਨਾਲ ਬੋਲਦੇ ਹਨ॥੨੮॥

**ਬੋਲਤਿ ਅਚੂਕ ਬਾਕ ਜਾਂ ਤੇ ਹੋਤਿ ਰਾਵ ਰਾਂਕ, ਸੁਨੈਂ ਅਰੁ ਦੇਖੈਂ ਪਤੀਆਇ ਬਿਸਮਾਵਈਂ।**
**ਪਟਨੇ ਨਗਰ ਬਾਗ, ਬੀਥਕਾ ਬਗਰ ਬੀਚ ਸਗਰੋ ਉਜਾਗਰ ਸੁਜਸੁ ਪ੍ਰਗਟਾਵਈ।**
**ਸ਼ਰਧਾ ਬਧਾਵੈਂ, ਸੱਤਿਨਾਮ ਗੁਨ ਗਾਵੈਂ, ਦੋਊ ਲੋਕ ਸੁਖ ਪਾਵੈਂ, ਸਿੱਖੀ ਭਾਵ ਨਿਬਹਾਵਈਂ।**
**ਪੂਨਮ ਦਰਸੁ ਆਦਿ ਦਾਸ ਅੱਪ੍ਰਮਾਦ ਸਭਿ ਦਰਸ ਬਿਲੋਕਿਬੇ ਕੋ ਮਿਲੇ ਮੇਲ ਆਵਈਂ ॥੨੯॥**

ਗੁਰੂ ਜੀ ਰਾਜਿਆਂ ਤੋਂ ਕੰਗਾਲ ਤੇ ਕੰਗਾਲਾਂ ਤੋਂ ਰਾਜੇ ਕਰਨ ਵਾਲੇ ਅਚੂਕ ਬਚਨ ਬੋਲਦੇ ਹਨ ਜਿਹੜੇ ਸੁਣਦੇ ਅਤੇ ਪਰਖ ਕੇ ਵੇਖਦੇ ਹਨ, ਉਹ ਬਹੁਤ ਹੈਰਾਨ ਹੁੰਦੇ ਹਨ। ਪਟਨੇ ਨਗਰ ਵਿਚ ਬਾਗਾਂ, ਗਲੀਆਂ, ਵੇਹੜਿਆਂ ਵਿਚ ਸਾਰੇ ਗੁਰੂ ਜੀ ਦਾ ਉੱਤਮ ਸ੍ਰੇਸ਼ਟ ਜੱਸ ਪ੍ਰਗਟ ਕਰ ਰਹੇ ਹਨ। ਸ਼ਰਧਾ ਵਧਾਉਂਦੇ ਹਨ, ਸਤਿਨਾਮ ਦੇ ਗੁਣ ਗਾਉਂਦੇ ਹਨ ਦੋਵਾਂ ਲੋਕਾਂ ਵਿਚ ਸੁਖ ਪਾਉਂਦੇ ਹਨ, ਸਿੱਖੀ ਭਾਵਨਾ ਨਿਭਾਹ ਰਹੇ ਹਨ। ਪੁੰਨਿਆਂ ਅਤੇ ਮੱਸਿਆ ਆਦਿ ਸਮਿਆਂ 'ਤੇ ਸਾਰੇ ਲੋਕ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਮਿਲ ਮਿਲ ਕੇ ਆਉਂਦੇ ਹਨ॥੨੯॥

**ਗਿਲਮ ਗਲੀਚੇ ਗੁਲਕਾਰੀਨਿ ਫਰਸ਼ ਨੀਚੇ, ਸੁੰਦਰ ਪ੍ਰਯੰਕ ਤਿਨ ਊਪਰ ਡਸਾਵਤੇ।**
**ਬਿਸਦ ਬਿਛੌਨਾ ਪਯ ਫੇਨ ਸਮ ਲੌਨਾ ਮ੍ਰਿਦੁ ਸੇਜਬੰਦ ਗੁੰਫੇ ਜ਼ਰੀਦਾਰ ਲਰਕਾਵਤੇ।**

**ਭੂਖਨ ਨਵੀਨ ਚੀਰ ਪਹਿਰੇ ਸਰੀਰ ਧੀਰ ਹੀਰੇ ਮੁਕਤਾਨਿ ਜੁਤਿ ਬੈਠਿ ਦੀਪਤਾਵਤੇ।**
**ਚੰਦ੍ਰਮਾ ਬਦਨ, ਬਾਕ ਸੁਧਾ ਕੋ ਸਦਨ ਬਰ, ਮਾਨੋ ਉਡਗਨ ਆਸ ਪਾਸ ਮੈਂ ਸੁਹਾਵਤੇ॥੩੦॥**

ਰੰਗ-ਬਰੰਗੇ ਗਲੀਚੇ, ਜਿਨ੍ਹਾਂ ਉੱਤੇ ਗੁਲਾਬ ਦੇ ਫੁੱਲਾਂ ਦੀ ਕਢਾਈ ਹੋਈ ਹੁੰਦੀ ਹੈ, ਵਿਛਾ ਕੇ ਫਰਸ਼ ਤਿਆਰ ਕਰਦੇ ਹਨ 'ਤੇ ਉਸ ਉਪਰ ਸੁੰਦਰ ਪਲੰਘ ਡੁਹਾਉਂਦੇ ਹਨ। ਦੁੱਧ ਦੀ ਝੱਗ ਵਰਗੇ ਚਿੱਟੇ ਸੁੰਦਰ ਤੇ ਕੋਮਲ ਵਿਛਾਉਣੇ ਉੱਪਰ ਵਿਛਾਉਂਦੇ ਹਨ, ਜਿਨ੍ਹਾਂ ਨੂੰ ਜ਼ਰੀਦਾਰ ਗੁੰਫੇ ਲਟਕਦੇ ਹਨ। ਕੱਪੜੇ ਅਤੇ ਗਹਿਣੇ ਨਵੇਂ ਪਹਿਨ ਕੇ ਜਿਨ੍ਹਾਂ ਨੂੰ ਹੀਰੇ ਮੋਤੀ ਲੱਗੇ ਹੁੰਦੇ ਹਨ, ਪਲੰਘ ਉੱਤੇ ਆ ਕੇ ਬੈਠ ਕੇ ਚਮਕਦੇ ਹਨ। ਚੰਦ ਵਰਗਾ ਮੁਖੜਾ ਹੈ, ਬਚਨ ਅੰਮ੍ਰਿਤ ਦਾ ਸ੍ਰੇਸ਼ਟ ਘਰ ਹਨ, ਮਾਨੋ ਚੰਦ ਦੇ ਆਸ ਪਾਸ ਤਾਰੇ ਸ਼ੋਭ ਰਹੇ ਹਨ॥੩੦॥

**ਹਾਥ ਚੌਰ ਚੌਰੀਦਾਰ ਚਾਰੋਂ ਓਰ ਚਾਰੁ ਢੋਰਿ, ਚਲਤਿ ਸੁਹਾਵੈ ਜਨੁ ਸ਼ੋਭਾ ਰਾਜਹੰਸ ਕੀ।**
**ਮਾਤੁਲ ਕ੍ਰਿਪਾਲ ਕੋ ਕ੍ਰਿਪਾਲ ਬੈਠਜੋ ਢਿਗ ਆਇ, ਗਾਵਤੇ ਸ਼ਬਦ ਕੋ ਰਬਾਬੀ ਰਾਗ ਅੰਸ ਕੀ।**
**ਸੰਗਤਿ ਉਪਾਇਨ ਕੋ ਲਜਾਇ ਲਜਾਇ ਪਾਇ ਤਟ ਅਰਪੈਂ ਅਨੇਕ, ਕਹੈਂ ਸ਼ਾਰਦਾ ਪ੍ਰਸ਼ੰਸ਼ ਕੀ।**
**ਹੋਤਿ ਅਰਦਾਸ ਸਿਖ ਬੈਠੇ ਆਸ ਪਾਸ ਬਹੁ ਪਰਮ ਪ੍ਰਕਾਸ਼ਤਾ ਹੈ ਸੋਢੀ ਅਵਿਤੰਸ਼ ਕੀ॥੩੧॥**

ਹੱਥ ਵਿਚ ਚੌਰ ਫੜ ਕੇ ਚੌਰਬਰਦਾਰ ਚਾਰੇ ਪਾਸੇ ਫੇਰਦਾ ਹੈ, ਚੌਰ ਚਾਰੇ ਪਾਸੇ ਫਿਰਦਾ ਇੰਞ ਨਜ਼ਰ ਆਉਂਦਾ ਹੈ ਮਾਨੋ ਰਾਜਹੰਸ ਉਡਾਰੀਆਂ ਮਾਰ ਰਿਹਾ ਹੈ। ਕ੍ਰਿਪਾਲੂ ਗੁਰੂ ਜੀ ਦੇ ਮਾਮਾ ਜੀ ਕ੍ਰਿਪਾਲ ਚੰਦ ਗੁਰੂ ਜੀ ਦੇ ਕੋਲ ਆ ਕੇ ਬੈਠਦੇ ਹਨ ਤੇ ਰਬਾਬੀ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕਰਦੇ ਹਨ। ਸੰਗਤਾਂ ਅਨੇਕਾਂ ਉਪਹਾਰ ਲਿਆ ਲਿਆ ਕੇ ਚਰਨਾਂ ਵਾਲੇ ਸਥਾਨ 'ਤੇ ਅਰਪਣ ਕਰਦੀਆਂ ਹਨ ਤੇ ਉਸਤਤਿ ਦੀ ਬਾਣੀ ਬੋਲਦੀਆਂ ਹਨ। ਅਰਦਾਸ ਹੁੰਦੀ ਹੈ, ਸਿੱਖ ਆਸ-ਪਾਸ ਬੈਠਦੇ ਹਨ, ਸ਼੍ਰੋਮਣੀ ਸੋਢੀ ਜੀ ਦਾ ਪਰਮ ਪ੍ਰਕਾਸ਼ ਹੈ॥੩੧॥

**ਐਸੇ ਸਭਿ ਪੁਰਿ ਮੈਂ ਬਿਦਤਿ ਭਏ ਘਰ ਘਰ, ਹੋਇ ਪੂਰੀ ਕਾਮਨਾ ਅਨੇਕ ਮਾਨਵਾਨਕੀ।**
**ਸੁਨਿ ਸੁਨਿ ਕੀਰਤੀ ਬਿਸ਼ਾਲ ਬਿਸਤੀਰਤਾਕੋ ਧਾਰਿ ਧਾਰਿ ਚੌਂਪ ਜੇ ਬਧੂਨਿ ਧਨਵਾਨ ਕੀ।**
**ਕੋਊ ਬਰ ਲੈਬੇ, ਕੋਊ ਦਰਸ ਦਿਖੈਬੇ ਹੇਤੁ, ਪੈਬੇ ਮਨੁ ਕਾਮਨਾ ਸਮੂਹ ਸੁਖਵਾਨ ਕੀ।**
**ਡਗਰ ਡਗਰ ਆਇ ਬਗਰ ਬਜਾਰ ਹੂੰਤੇ ਸਗਰੇ ਨਗਰ ਭਈ ਮਹਿਮਾ ਮਹਾਨ ਕੀ॥੩੨॥**

ਇਸ ਤਰ੍ਹਾਂ ਸਾਰੇ ਸ਼ਹਿਰ ਵਿਚ, ਘਰ ਘਰ ਵਿਚ ਪ੍ਰਸਿੱਧ ਹੋ ਗਿਆ, ਅਨੇਕਾਂ ਮਨੁੱਖਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਬਹੁਤ ਫੈਲੀ ਹੋਈ ਕੀਰਤੀ ਸੁਣ ਸੁਣ ਕੇ ਧਨੀਆਂ ਦੀਆਂ ਇਸਤਰੀਆਂ ਪ੍ਰਸੰਨਤਾ ਧਾਰ ਧਾਰ ਕੇ ਆਉਂਦੀਆਂ ਹਨ। ਕੋਈ ਵਰ ਲੈਣ ਵਾਸਤੇ ਆਉਂਦੀ ਹੈ, ਕੋਈ ਦਰਸ਼ਨ ਕਰਨ ਵਾਸਤੇ ਆਉਂਦੀ ਹੈ, ਸੁਖਾਂ ਵਾਲੀਆਂ ਕਾਮਨਾਵਾਂ ਪ੍ਰਾਪਤ ਕਰਨ ਵਾਸਤੇ ਆਉਂਦੀਆਂ ਹਨ। ਰਸਤੇ ਰਸਤੇ ਵਿਚ, ਵਿਹੜੇ ਤੇ ਬਜ਼ਾਰਾਂ ਵਿਚ, ਸਾਰੇ ਨਗਰ ਵਿਚ ਗੁਰੂ ਜੀ ਦੀ ਮਹਾਨ ਮਹਿਮਾ ਫੈਲ ਗਈ ਹੈ॥੩੨॥

**ਐਸੇ ਭੀਰ ਹੋਨਿ ਲਾਗੀ ਦਜੋਸ ਪ੍ਰਤਿ ਜਾਨੀ ਚਿਤ, ਬਲ ਜੁਤਿ ਭਏ ਪਦ ਪੰਕਜ ਪਲਾਇ ਜਾਤਿ।**
**ਘਿਰੇ ਨ ਰਹਤਿ ਧਨੀ ਬਧੂਨਿ ਕੇ ਪਾਸ ਪੁਨ ਇਤੇ ਉਤ ਬਿਚਰਤਿ ਖਜਾਲ ਤੇ ਟਲਾਇ ਜਾਤਿ।**
**ਖੇਲੈਂ ਸੰਗ ਬਾਲਕੇ, ਨ ਬੋਲੈਂ ਸੰਗ ਬਾਲ ਕੇ ਕਿ ਅੰਕ ਮੈਂ ਕ੍ਰਿਪਾਲ ਕੇ ਬਿਸਾਲ ਉਤਲਾਇ ਜਾਤ।**
**ਐਂਡਣ ਮੈਂ ਧਾਇ ਜਾਤਿ, ਮਾਤ ਗੋਦ ਆਇ ਜਾਤਿ, ਸਭੈ ਬਿਗਸਾਇ ਜਾਤਿ, ਮੋਦ ਉਪਜਾਇ ਜਾਤਿ॥੩੩॥**

ਦਿਨ ਪ੍ਰਤਿ ਜਦ ਐਸੀ ਭੀੜ ਹੋਣ ਲੱਗੀ ਤਾਂ ਗੁਰੂ ਜੀ ਨੇ ਚਿੱਤ ਵਿਚ ਜਾਣਿਆ। ਉਨ੍ਹਾਂ ਦੇ ਚਰਨ ਕੰਵਲ ਸ਼ਕਤੀ ਸਹਿਤ ਹੋ ਗਏ ਤੇ ਦੌੜਨ ਭੱਜਣ ਲੱਗ ਗਏ। ਫਿਰ ਧਨੀਆਂ ਦੀਆਂ ਇਸਤਰੀਆਂ ਪਾਸ ਘਿਰੇ ਨਹੀਂ ਸੀ ਰਹਿੰਦੇ, ਏਧਰ ਓਧਰ ਫਿਰ ਕੇ ਖਿਆਲ ਤੋਂ ਟਾਲ ਜਾਂਦੇ ਸਨ। ਬਾਲਕਾਂ ਨਾਲ ਖੇਡਦੇ ਸਨ, ਇਸਤਰੀਆਂ ਨਾਲ ਨਹੀਂ ਬੋਲਦੇ ਸਨ ਤੇ ਮਾਮਾ ਜੀ

ਕ੍ਰਿਪਾਲ ਚੰਦ ਜੀ ਦੀ ਗੋਦੀ ਵਿਚੋਂ ਬੜੀ ਕਾਹਲੀ ਨਾਲ ਚਲੇ ਜਾਂਦੇ ਸਨ। ਵਿਹੜੇ ਵਿਚ ਭੱਜ ਜਾਂਦੇ ਸਨ ਜਾਂ ਮਾਤਾ ਜੀ ਦੀ ਗੋਦ ਵਿਚ ਆ ਜਾਂਦੇ ਸਨ, ਸਾਰਿਆਂ ਨੂੰ ਹਸਾ ਜਾਂਦੇ ਸਨ ਤੇ ਪ੍ਰਸੰਨਤਾ ਉਤਪੰਨ ਕਰ ਜਾਂਦੇ ਸਨ॥੩੩॥

ਸਤਿਗੁਰੂ ਨਾਨਕ ਪ੍ਰਮੇਸ਼ਰ ਕੀ ਜੋਤਿ ਭਏ ਜ਼ਾਹਰ ਜਹਾਨ ਮੈਂ ਅਨੇਕ ਨਰ ਤਾਰੇ ਹੈਂ।
ਸਿੱਧ ਸਾਧ ਪੀਰ ਮੀਰ ਕਰਾਮਾਤ ਬਿਖੈ ਧੀਰ, ਸਭੀ ਪਰ ਛਾਯੋ ਜਸੁ ਜੈਸੇ ਚੰਦ ਤਾਰੇ ਹੈਂ।
ਤਿਨੋਂ ਪੀਛੇ ਹੋਤਿ ਆਏ ਗੁਰੂ ਮਨ ਭਾਏ ਸਭਿ, ਅਰੇ ਜੇ ਅਗਾਰੀ ਸੇ ਹੰਕਾਰੀ ਗਿਰ ਤਾਰੇ ਹੈਂ।
ਗਾਦੀ ਕੇ ਉਚਿਤ ਅਬਿ ਧਰਮ ਸਥਿਤ ਹੇਤੁ ਦਾਸਨ ਕੋ ਪਾਰਿਬੇ ਕੋ ਏਹੀ ਅਵਤਾਰੇ ਹੈਂ॥੩੪॥

ਸਤਿਗੁਰੂ ਨਾਨਕ ਦੇਵ ਜੀ ਪ੍ਰਮੇਸ਼ਰ ਦੀ ਜੋਤ ਹੋਏ ਹਨ, ਉਨ੍ਹਾਂ ਨੇ ਪ੍ਰਗਟ ਰੂਪ ਵਿਚ ਜਹਾਨ ਵਿਚ ਅਨੇਕਾਂ ਮਨੁੱਖਾਂ ਨੂੰ ਤਾਰਿਆ ਹੈ। ਕਰਾਮਾਤ ਵਿਚ ਵੱਡੇ ਧੀਰਜਵਾਨ ਹਨ, ਸਿੱਧ ਸਾਧ, ਪੀਰ ਮੀਰ ਸਾਰਿਆਂ ਉੱਤੇ ਉਨ੍ਹਾਂ ਦਾ ਜੱਸ ਇੰਞ ਛਾਇਆ ਹੈ ਜਿਵੇਂ ਚੰਦ ਦਾ ਜੱਸ ਤਾਰਿਆਂ ਉੱਤੇ ਫੈਲਿਆ ਹੈ। ਉਨ੍ਹਾਂ ਪਿਛੋਂ ਮਨ-ਭਾਉਂਦੇ ਗੁਰੂ ਸਾਹਿਬਾਨ ਹੁੰਦੇ ਆਏ ਹਨ। ਪਹਾੜ ਵਰਗੇ ਅਚਲ ਹੰਕਾਰੀ ਜੋ ਅੱਗੋਂ ਅੜੇ ਹਨ, ਉਹ ਹੰਕਾਰੀ ਤਾਰਿਆਂ ਵਾਂਗ ਡਿੱਗੇ ਹਨ। ਗੱਦੀ ਦੇ ਉਚਿਤ ਹੁਣ, ਧਰਮ ਨੂੰ ਸਥਾਪਿਤ ਕਰਨ ਵਾਸਤੇ ਦਾਸਾਂ ਨੂੰ ਪਾਰ ਕਰਨ ਵਾਸਤੇ, ਇਨ੍ਹਾਂ ਨੇ ਹੀ ਅਵਤਾਰ ਧਾਰਿਆ ਹੈ॥੩੪॥

ਕੇਈ ਕੇਈ ਲੋਕ ਪਰਲੋਕ ਅਭਿਲਾਖੀ ਹੁਤੇ, ਐਸੇ ਈ ਸੰਭਾਵਨਾ ਕਰਤਿ ਹੈਂ ਦਰਸ ਕੈ।
ਹਿੰਦੂ ਕਿ ਤੁਰਕ ਬਿਨਾ ਤਰਕ ਗੁਰੂ ਕੋ ਰੂਪ ਦੇਖੇ ਤ੍ਰਿਪਤਾਵੈਂ ਸਿਰ ਨਜਾਵਤਿ ਹਰਸ਼ ਕੈ।
ਜਾਨੈਂ ਅਤਿ ਊਚੇ ਜਾਂਕੇ ਪਾਰ ਨ ਪਹੂੰਚੇ ਕੋਇ, ਸੂਚੇ ਹੈਂ ਬਿਕਾਰਨ ਤੇ ਸਕੈ ਨ ਪਰਸ ਕੈ।
ਸਭਿਤੇ ਅਲੇਪ ਸਭਿ ਬਜਾਪਕ, ਨ ਆਦਿ ਅੰਤ ਸਦਾ ਭਗਵੰਤ ਦੇਤ ਐਸ਼ਜੇ ਅਰਸ਼ ਕੈ॥੩੫॥

ਕਈ ਕਈ ਲੋਕ ਪਰਲੋਕ ਦੀ ਅਭਿਲਾਸ਼ਾ ਵਾਲੇ ਹੁੰਦੇ ਹਨ, ਐਸੇ ਹੀ ਦਰਸ਼ਨਾਂ ਦੀ ਅਭਿਲਾਸ਼ਾ ਕਰਦੇ ਹਨ। ਹਿੰਦੂ ਕਿ ਤੁਰਕ ਕਿਸੇ ਤਰਕ ਤੋਂ ਬਗੈਰ ਗੁਰੂ ਜੀ ਦਾ ਰੂਪ ਵੇਖਕੇ ਤ੍ਰਿਪਤ ਹੋ ਜਾਂਦੇ ਹਨ ਤੇ ਪ੍ਰਸੰਨ ਹੋ ਕੇ ਸਿਰ ਨਿਵਾਉਂਦੇ ਹਨ। ਇਹ ਜਾਣਦੇ ਹਨ ਕਿ ਅਤਿ ਉੱਚੇ ਹਨ, ਇਨ੍ਹਾਂ ਦਾ ਪਾਰ ਨਹੀਂ ਪਾਇਆ ਜਾ ਸਕਦਾ ਅਤਿ ਪਵਿੱਤਰ ਹਨ ਤੇ ਵਿਕਾਰ ਇਨ੍ਹਾਂ ਨੂੰ ਛੂਹ ਨਹੀਂ ਸਕਦੇ ਹਨ। ਸਭ ਤੋਂ ਨਿਰਲੇਪ ਹਨ ਤੇ ਸਭ ਵਿਚ ਵਿਆਪਕ ਹਨ। ਇਨ੍ਹਾਂ ਦਾ ਨਾ ਆਦਿ ਹੈ, ਨਾ ਅੰਤ ਹੈ, ਸਦਾ ਭਗਵੰਤ ਹਨ, ਬਿਕੁੰਠਾਂ ਦਾ ਸੁਖ ਦੇਣ ਵਾਲੇ ਹਨ॥੩੫॥

*ਬਾਰ੍ਹਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥*

# ਅਧਿਆਇ ਅਠਾਰ੍ਹਵਾਂ

### ਬਾਲ ਚੋਜ

ਦੋਹਰਾ- ਇਸ ਪ੍ਰਕਾਰ ਸ਼੍ਰੀ ਸਤਿਗੁਰੂ ਬਾਲਿਕ ਲੀਲ੍ਹਾ ਕੀਨਿ।
ਸ਼ਾਹੁਨਿ ਕੇ ਸੁਤ ਅਨਿਕ ਹੀ ਮਿਲਿ ਖੇਲਹਿ ਸੁਖ ਲੀਨ॥ ੧॥

ਇਸ ਪ੍ਰਕਾਰ ਸਤਿਗੁਰੂ ਜੀ ਨੇ ਬਾਲ ਲੀਲ੍ਹਾ ਕੀਤੀ, ਅਮੀਰ ਲੋਕਾਂ ਦੇ ਅਨੇਕਾਂ ਪੁੱਤਰ ਨਾਲ ਮਿਲ ਕੇ ਖੇਡਦੇ ਹਨ ਤੇ ਸੁਖ ਪ੍ਰਾਪਤ ਕਰਦੇ ਹਨ॥੧॥

ਕਬਿਤ-ਕੇਈ ਧਨਵਾਨ ਕੇ ਸਪੂਤ ਆਇ ਖੇਲੈਂ ਤਬਿ ਬੈਸ ਮੈਂ ਬਡੇਰੇ ਕੁਛ ਭਾਵ ਬਹੁ ਧਾਰਿਈਂ।
ਭਨੈਂ ਹਾਥ ਜੋਰਿ ਜੋਰਿ ਲੋਰਿਕੈ ਨਿਹੋਰ ਕਰਿ 'ਨਿਕਟਿ ਹਮਾਰੋ ਬਾਗ ਤਰੁ ਬਿਸਤਾਰਈਂ।
ਨਾਨਾ ਰੰਗ ਫੂਲ ਹੈਂ ਸੁ ਆਲਬਾਲ ਮੂਲ ਹੈਂ ਸਿਕੰਧ ਝੁਕ ਝੂਲ ਹੈਂ ਫਲੇ ਸੁ ਫਲੁ ਭਾਰਈ।
ਅਲਪ, ਬਿਸਾਲ, ਪੀਤ, ਸਬਜ਼, ਸੁ ਲਾਲ ਦਲ ਮਾਨੋ ਘਨ ਘਟਾ ਘਨੇ ਕਸਾਰਈ ॥੨॥

ਕਈ ਧਨੀਆਂ ਦੇ ਪੁੱਤਰ ਆ ਕੇ ਗੁਰੂ ਜੀ ਨਾਲ ਖੇਡਦੇ ਹਨ, ਕੁਝ ਉਮਰ ਵਿਚ ਗੁਰੂ ਜੀ ਨਾਲੋਂ ਵੱਡੇ ਹੁੰਦੇ ਹਨ, ਉਹਵੀ ਬਹੁਤ ਪ੍ਰੇਮ ਧਾਰ ਕੇ ਆਉਂਦੇ ਹਨ। ਉਹ ਗੁਰੂ ਜੀ ਨੂੰ ਲਭ ਕੇ ਵੇਖ ਕੇ ਹੱਥ ਜੋੜ ਜੋੜ ਕੇ ਕਹਿੰਦੇ ਸਨ, "ਸਾਡੇ ਲਾਗੇ ਇਕ ਬਾਗ ਹੈ ਜਿਸ ਦੇ ਬ੍ਰਿਛ ਬਹੁਤ ਫੈਲੇ ਹੋਏ ਹਨ ਕਈ ਪ੍ਰਕਾਰ ਦੇ ਫੁੱਲ ਖਿੜੇ ਹੋਏ ਹਨ, ਬ੍ਰਿੱਛਾਂ ਦੇ ਮੁੱਢਾਂ ਦੇ ਨੇੜੇ ਦੌਰ ਬਣੇ ਹਨ। ਬ੍ਰਿਛਾਂ ਦੀਆਂ ਡਾਹਣੀਆਂ ਚੰਗੇ ਫਲਾਂ ਨਾਲ ਫਲ ਕੇ ਭਾਰ ਨਾਲ ਝੁਕੀਆਂ ਹੋਈਆਂ ਹਨ। ਛੋਟੇ ਵੱਡੇ, ਪੀਲੇ, ਹਰੇ, ਸ੍ਰੇਸ਼ਟ ਲਾਲ ਪੱਤੇ, ਮਾਨੋ ਸੰਘਣੀਆਂ ਤੇ ਇਕਸਾਰ ਡਾਹਣੀਆਂ ਸੰਘਣੇ ਬੱਦਲਾਂ ਦੀਆਂ ਘਟਾਵਾਂ ਹਨ॥੨॥

ਜਾਮਨ ਜੁਗਲ, ਬਟ, ਪੀਪਰ, ਖਜੂਰ, ਤੁੰਗ, ਬੱਦਰੀ ਅਨੇਕ ਝੁਕੀ ਭਾਰ ਤੇ ਬਿਸਾਲਕੀ।
ਦਾੜਮ, ਨੁਰੰਗੀ, ਬੀਜਪੂਰ ਤੇ ਸੁਪਾਰੀ ਬਹੁ ਖਾਰਕ ਖਰੇ ਹੈਂ ਖਰੀ ਖਿਰਨੀ ਸੁ ਡਾਲਕੀ।
ਆੜੂ, ਅਮਰੂਦ, ਕਦਲੀਨ ਕੇ ਬਗੀਚੇ ਬਡੇ ਫੈਲ ਰਹੇ, ਫਾਲਸੇ ਫਲੇ ਹੈਂ ਫਲ ਜਾਲ ਕੀ।
ਛਬਿ ਆਲਬਾਲ ਕੀ, ਉਦਾਲਕ ਰਸਾਲ ਕੀ ਸਰਲ ਤਰੁ ਤਾਲ ਕੀ ਹਿੰਤਾਲ ਕੀ ਤਮਾਲ ਕੀ ॥੩॥

ਦੋ ਤਰ੍ਹਾਂ ਦੇ ਜਾਮਨੂੰ, ਬੋਹੜ, ਪਿੱਪਲ, ਉੱਚੀਆਂ ਖਜੂਰਾਂ ਤੇ ਅਨੇਕਾਂ ਬੇਰੀਆਂ ਫਲਾਂ ਦੇ ਭਾਰ ਨਾਲ ਬਹੁਤ ਝੁਕੀਆਂ ਹਨ। ਅਨਾਰ, ਨੌਰੰਗੀਆਂ, ਨਿੰਬੂ, ਸੁਪਾਰੀ ਤੇ ਬਹੁਤ ਛੁਹਾਰੇ ਖੜੇ ਹਨ ਤੇ ਡਾਹਣੀਆਂ ਨਾਲ ਬਹੁਤ ਖਿਰਨੀਆਂ ਲੱਗੀਆਂ ਹਨ। ਆੜੂ, ਅਮਰੂਦ, ਕੇਲੇ ਦੇ ਬਗੀਚੇ ਬੜੇ ਫੈਲ ਰਹੇ ਹਨ, ਫਾਲਸੇ ਬਹੁਤ ਫਲਾਂ ਨਾਲ ਫਲੇ ਹਨ। ਗੋਲ ਕਿਆਰੀਆਂ, ਲਸੂੜੇ, ਅੰਬ, ਚੀਲ, ਤਾੜ ਨਾਮੀਂ ਬ੍ਰਿਛ ਬਹੁਤ ਹੀ ਛੋਟੇ ਕਦ ਦੀਆਂ ਜੰਗਲੀ ਖਜੂਰਾਂ ਦੀ ਵੀ ਸੁੰਦਰ ਛਵੀ ਹੈ॥੩॥

ਸਰੂ ਏਕਸਾਰ ਖਰੇ ਹਰੇ ਹਰੇ ਪਾਤ ਜਰੇ, ਦੇਖੇ ਮਨ ਹਰੇ ਜਹਾਂ ਸ਼ੋਭਾ ਰੇਲਝੇਲ ਹੈ।
ਸੇਵਤੀ ਕੋ ਸੇਵਤਿ ਸੁ ਮਾਲੀ ਮਾਲ ਮਾਲਤੀ ਕੋ, ਚੰਪਕ ਤੇ ਚੌਂਪ ਹੋਤਿ, ਰਾਜੈਂ ਗਨਏਲ ਹੈਂ।
ਸੁੰਦਰ ਗੁਲਾਬ ਹੈਂ, ਅਜਾਬ ਸੀਚੇ ਆਬ ਹੈਂ ਉਦੈ ਸੁ ਆਫਤਾਬ ਹੈਂ ਖਿਲਤਿ ਚਟਕੇਲ ਹੈਂ।
ਰਾਯਬੇਲ ਫੈਲ ਹੈ, ਸੁਰਸ ਨਾਲਕੇਲ ਹੈ ਚੰਬੇਲੀ ਨਾਗਬੇਲ ਹੈ, ਗੁਰੂ ਜੀ ! ਤਹਾਂ ਖੇਲ ਹੈਂ ॥੪॥

ਹਰੇ-ਹਰੇ ਪੱਤਿਆਂ ਨਾਲ ਜੜੇ ਸਰੂ ਇਕਸਾਰ ਖੜੇ ਹਨ, ਰੇਲ ਪੇਲ ਦੇ ਦਰੱਖਤ ਦੀ ਬੜੀ ਸ਼ੋਭਾ ਹੈ, ਜਿਸ ਨੂੰ ਵੇਖਣ ਨਾਲ ਦਿਲ ਚੁਰਾਇਆ ਜਾਂਦਾ ਹੈ। ਕੋਈ ਮਾਲੀ ਗੁਲਾਬ ਦੇ ਫੁੱਲਾਂ ਦੀ ਸੇਵਾ ਕਰ ਰਿਹਾ ਹੈ, ਕੋਈ ਮਾਲਤੀ ਦੀਆਂ ਪੰਗਤੀਆਂ ਨੂੰ ਗੋਡ ਰਿਹਾ ਹੈ। ਪੀਲੇ ਸੁਗੰਧੀਦਾਰ ਫੁੱਲਾਂ ਦੇ ਬ੍ਰਿਛ, ਇਲਾਚੀਆਂ ਦੇ ਬ੍ਰਿਛ ਸ਼ੋਭਾ ਪਾ ਰਹੇ ਹਨ। ਸੁਹਣੇ ਗੁਲਾਬ ਪਾਣੀ ਨਾਲ ਸਿੰਜੇ ਹੋਏ ਸੂਰਜ ਚੜ੍ਹਨ ਤੇ ਅਜੀਬ ਖੇੜੇ ਨਾਲ ਖਿੜਦੇ ਹਨ। ਰਾਏਵੇਲ ਫੈਲੀ ਹੋਈ ਹੈ, ਰਸ ਸਹਿਤ ਨਾਰੀਅਲ ਹਨ, ਜਿੱਥੇ ਚੰਬੇਲੀ ਤੇ ਨਾਗਬੇਲ ਹੈ, ਹੇ ਗੁਰੂ ਜੀ ! ਉਥੇ ਖੇਡਾਂਗੇ॥੪॥

ਸ਼ਾਹੁ ਧਨਵਾਨ ਕੇ ਸਪੂਤ ਯੌਂ ਬਖਾਨੈ ਨਿਤ, ਚਿਤ ਹਿਤ ਠਾਨਿ ਕੈ ਸੁ ਬੂਝੈਂ ਮਾਤ ਜਾਇਕੈ।
'ਗਮਨੈਂ ਗੇ ਉਪਬਨ ਦੇਖਿ ਆਵੈਂ ਤਤਛਿਨ, ਲੇਹਿੰ ਸੰਗ ਬਾਲਕਨਿ ਦੇਹੀ ਦੇ ਦਿਖਾਇਕੈ'।
ਜਾਨਿਕੈ ਸਪੂਤ ਕੋ ਸੁ ਹਠ ਬਾਗ ਜਾਨਿਬੇ ਕੋ ਆਨੰਦ ਮਗਨ ਭਈ ਆਨ ਕੋ ਬਿਹਾਇ ਕੈ।
ਪ੍ਰੇਮ ਕੋ ਬਧਾਇਕੈ ਸੋ ਹਾਥ ਕੋ ਲਗਾਇਕੈ ਪਲੋਸਤਿ ਸੁ ਭਾਇ ਕੈ ਭਨਤਿ ਸਮੁਝਾਇਕੈ ॥੫॥

ਅਮੀਰਾਂ ਧਨਵਾਨਾਂ ਦੇ ਪੁੱਤਰ ਸਦਾ ਇਸ ਤਰ੍ਹਾਂ ਕਹਿੰਦੇ ਹਨ ਤਾਂ ਗੁਰੂ ਜੀ ਚਿੱਤ ਵਿਚ ਚੰਗਾ ਜਾਣ ਕੇ ਮਾਤਾ ਜੀ ਨੂੰ ਜਾ ਕੇ ਪੁਛਦੇ ਹਨ, "ਅਸੀਂ ਜਾ ਕੇ ਬਾਗਾਂ ਨੂੰ ਵੇਖਾਂਗੇ ਤੇ ਤੁਰਤ ਵਾਪਸ ਆ ਜਾਵਾਂਗੇ, ਬਾਲਕਾਂ ਨੂੰ ਨਾਲ ਲੈ ਕੇ ਜਾਵਾਂਗੇ, ਇਹੋ ਹੀ ਵਿਖਾ ਦੇਣਗੇ।" ਮਾਤਾ ਜੀ ਇਹ ਜਾਣ ਕੇ ਕਿ ਪੁੱਤਰ ਬਾਗ ਵੇਖਣ ਦਾ ਹਠ ਕਰ ਰਿਹਾ ਹੈ ਤਾਂ ਹੋਰ ਸੰਕਲਪਾਂ ਨੂੰ ਛੱਡ ਕੇ ਅਨੰਦ ਮਗਨ ਹੋ ਗਈ। ਫਿਰ ਪ੍ਰੇਮ ਨੂੰ ਵਧਾ ਕੇ ਪੁੱਤਰ ਨੂੰ ਪਲੋਸਣ ਲੱਗੀ ਤੇ ਸਮਝਾਉਣ ਵਾਸਤੇ ਬੋਲੀ॥੫॥

'ਗਏ ਬਿਨ ਰਹੋ ਜਿਨ ਬੈਨ ਮੇਰੋ ਮਾਨੋ ਇਮ, ਮਾਤੁਲ ਕੋ ਲੇਹੁ ਸੰਗ ਦਾਸਨਿ ਕੇ ਬ੍ਰਿੰਦ ਕੋ'।
'ਕਾਹੂੰ ਕੀ ਨ ਲਾਗੈ ਡੀਠ' ਤੋਰੈ ਤ੍ਰਿਣ ਡਾਰੈ ਪੀਠਰਾਈ ਲੋਨਵਾਰਤਿ, ਨਿਹਾਰਤਿ ਮੁਕੰਦ ਕੋ।
ਲੇ ਚਲਜੋ ਕ੍ਰਿਪਾਲੁਕੋ ਕ੍ਰਿਪਾਲ ਹ੍ਵੈ ਪ੍ਰਸੰਨ ਮਨ ਬੀਥਕਾ ਕੀ ਉਪਮਾ ਬਢਾਵਤਿ ਬਿਲੰਦ ਕੋ।
ਮਾਨੋ ਲੋਕ ਹਾਥ ਜੋਰਿ ਬੰਦੈਂ ਤਿਸ ਰਾਸ਼ਿ ਓਰ ਜਾਮੈਂ ਉਦੈ ਹੋਤਿ ਪੂਜਜ ਦੁਤੀਆ ਕੇ ਚੰਦ ਕੋ॥੬॥

ਜੇ ਜਾਣ ਬਗੈਰ ਰਹਿ ਨਹੀਂ ਸਕਦੇ ਤਾਂ ਮੇਰਾ ਇਸ ਤਰ੍ਹਾਂ ਬਚਨ ਮੰਨੋ ਤਾਂ ਆਪਣੇ ਮਾਮਾ ਜੀ ਅਤੇ ਕੁਝ ਸੇਵਕਾਂ ਨੂੰ ਨਾਲ ਲਵੋ, "ਕਿਸੇ ਦੀ ਨਜ਼ਰ ਨਾ ਲੱਗ ਜਾਵੇ" ਘਾਹ ਦੀਆਂ ਤਿੜਾਂ ਤੋੜ ਕੇ ਪਿੱਠ ਤੇ ਸੁੱਟੀਆਂ, ਤੇ ਮੁਕਤੀ ਦਾਤੇ ਨੂੰ ਵੇਖ ਕੇ ਰਾਈ ਤੇ ਲੂਣ ਵਾਰਿਆ। ਫਿਰ ਕ੍ਰਿਪਾਲੂ ਗੁਰੂ ਜੀ ਨੂੰ ਸ੍ਰੀ ਕ੍ਰਿਪਾਲ ਚੰਦ ਮਾਮਾ ਜੀ ਮਨ ਵਿਚ ਪ੍ਰਸੰਨ ਹੋ ਕੇ ਗਲੀਆਂ ਦੀ ਉਪਮਾ ਵਧਾਉਂਦੇ ਹੋਏ ਚਲ ਪਏ। ਮਾਨੋਂ ਜਿਸ ਰਾਸ਼ੀ ਵਿਚ ਪੂਜਾ ਯੋਗ ਦੂਜ ਦਾ ਚੰਦ ਉਦੇ ਹੋਵੇ, ਉਸ ਪਾਸੇ ਵਲ ਨਮਸਕਾਰ ਕਰਦੇ ਹਨ, ਭਾਵ ਗੁਰੂ ਜੀ ਜਿਸ ਪਾਸੇ ਵੀ ਜਾਂਦੇ ਹਨ ਅੱਗੋਂ ਲੋਕ ਮੱਥੇ ਟੇਕਦੇ ਹਨ॥੬॥

*ਸ੍ਵੈਯਾ-* 'ਸ੍ਰੀ ਗੁਰੁ ਤੇਗ ਬਹਾਦਰ ਨੰਦਨ ਬਦਨ ਜੋਗ, ਨਿਕੰਦਨ ਪੀਰਾ।
ਬਾਕ ਫੁਰੈ ਜਿਸ ਰੀਤ ਕਰੈਂ, ਸਭਿ ਸਿੱਧ ਧਰੈਂ, ਧਰਨੀ ਜਿਮ ਧੀਰਾ।
ਦੇਖਤਿ ਲੋਕ ਅਸ਼ੇਖ ਕਹੈਂ, ਇਮ ਜਾਤਿ ਚਲੇ ਸੁਨਤੇ ਨਿਜ ਤੀਰਾ।
ਬਾਲ ਬਿਨੋਦ ਚਲੈਂ ਚਹੁੰਕੋਦ ਬਿਰਾਜਤਿ ਜਯੋਂ ਬਿਚ ਕੰਚਨ ਹੀਰਾ॥੭॥

ਲੋਕ ਕਹਿੰਦੇ ਸਨ, "ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਬੰਦਨਾ ਯੋਗ ਹਨ, ਪੀੜਾ ਨੂੰ ਦੂਰ ਕਰਨ ਵਾਲੇ ਹਨ। ਜਿਸ ਰੀਤੀ ਨਾਲ ਵੀ ਬਚਨ ਕਰਦੇ ਹਨ, ਪੂਰਾ ਹੁੰਦਾ ਹੈ, ਸਭ ਸਿਧੀਆਂ ਧਾਰਨ ਕੀਤੀਆਂ ਹਨ ਤੇ ਧਰਤੀ ਵਾਂਗ ਧੀਰਜਵਾਨ ਹਨ।" ਵੇਖ ਕੇ ਸਾਰੇ ਲੋਕ ਬਹੁਤ ਕਹਿੰਦੇ ਹਨ, ਇਸ ਤਰ੍ਹਾਂ ਨਾਲ-ਨਾਲ ਸੁਣਦੇ ਜਾ ਰਹੇ ਸਨ। ਚਾਰੇ ਪਾਸੇ ਪ੍ਰਸੰਨ ਚਿੱਤ ਬਾਲ ਜਾ ਰਹੇ ਹਨ ਜਿਵੇਂ ਸੋਨੇ ਵਿਚ ਹੀਰਾ ਜੜਿਆ ਹੁੰਦਾ ਹੈ, ਇਸ ਤਰ੍ਹਾਂ ਸਾਰਿਆਂ ਵਿਚ ਬਿਰਾਜ ਰਹੇ ਸਨ॥੭॥

*ਦੋਹਰਾ-* ਬਾਲਿਕ ਤਨ ਸ੍ਰੀ ਸਤਿਗੁਰੂ ਬਾਲਿਕ ਬ੍ਰਿੰਦ ਕ੍ਰਿਪਾਲ।
ਜਾਇ ਪ੍ਰਵੇਸ਼ੇ ਬਾਗ ਮੈਂ ਬਿਗਸਤਿ ਮੋਦ ਬਿਸਾਲ॥ ੮॥

ਸ੍ਰੀ ਸਤਿਗੁਰੂ ਜੀ ਦਾ ਬਾਲਕ ਸਰੀਰ ਹੈ ਤੇ ਬਹੁਤ ਬਾਲਕ ਤੇ ਮਾਮਾ ਕ੍ਰਿਪਾਲ ਚੰਦ ਜੀ ਬਾਗ ਵਿਚ ਪ੍ਰਵੇਸ਼ ਕਰਕੇ ਬਹੁਤ ਪ੍ਰਸੰਨ ਹੋਏ॥੮॥

*ਕਬਿੱਤ-* ਚਾਰੂ ਤਰੁ ਫੂਲ ਰਹੇ ਛਾਯਾ ਅਨਕੂਲ ਰਹੇ, ਮੂਲ ਦ੍ਰਿਢ ਝੂਲ ਰਹੇ, ਨੀਕੇ ਆਲਬਾਲ ਰਹੇ।
ਦੀਪਤਿ ਕਦੰਬ ਰਹੇ ਬੇਲ ਕੇ ਅਲੰਬ ਰਹੇ, ਮਿਲੇ ਨਿਤ ਅੰਬ ਰਹੇ, ਰਸ ਮੈਂ ਰਸਾਲ ਰਹੇ।
ਚੰਪਕ ਚਮਕ ਰਹੇ, ਗੰਧ ਮੈਂ ਰਮਕ ਰਹੇ, ਡਾਰ ਤੇ ਲਮਕ ਰਹੇ, ਛਬਿ ਕੋ ਉਛਾਲ ਰਹੇ।
ਚਾਰੋਂ ਓਰ ਝਾਲ ਰਹੇ, ਧਾਰ ਫੂਲ ਮਾਲ ਜਹੇ, ਦਲ ਚਲਚਾਲ ਰਹੇ, ਤੁੰਗ ਹ੍ਵੈ ਬਿਸਾਲ ਰਹੇ॥੯॥

ਸੁੰਦਰ ਬ੍ਰਿਛ ਫੁੱਲਾਂ ਨਾਲ ਖਿੜ ਰਹੇ ਹਨ ਤੇ ਛਾਂਦਾਰ ਬਣੇ ਹਨ ਤੇ ਮੁੱਢ ਤੋਂ ਝੂਲ ਰਹੇ ਹਨ ਤੇ ਚੰਗੀ ਤਰ੍ਹਾਂ ਇਨ੍ਹਾਂ ਦੀਆਂ ਕਿਆਰੀਆਂ ਬਣੀਆਂ ਹਨ। ਕਦੰਬ ਪ੍ਰਕਾਸ਼ ਰਹੇ ਹਨ, ਵੇਲਾਂ ਜਿਨ੍ਹਾਂ ਦੇ ਆਸਰੇ ਰਹਿੰਦੀਆਂ ਹਨ, ਜਲ ਨਾਲ ਮਿਲੇ ਰਹਿੰਦੇ ਹਨ। ਰਸ ਨਾਲ ਰਸੇ ਹੋਏ ਹਨ। ਚੰਪਕ ਚਮਕ ਰਹੇ ਹਨ, ਸੁਗੰਧ ਨਾਲ ਰਮਕ ਰਹੇ ਹਨ, ਡਾਹਣੀ ਨਾਲੋਂ ਲਮਕ ਰਹੇ ਹਨ ਤੇ

ਆਪਣੀ ਛਵੀ ਨੂੰ ਉਛਾਲ ਰਹੇ ਹਨ। ਚਾਰੇ ਪਾਸੇ ਝੂਲ ਰਹੇ ਹਨ, ਉਨ੍ਹਾਂ ਫੁੱਲਾਂ ਨੇ ਹਾਰ ਵਰਗੇ ਰੂਪ ਧਾਰਨ ਕੀਤੇ ਹਨ, ਉਨ੍ਹਾਂ ਦੇ ਨਾਲ ਸਾਰੇ ਪੱਤੇ ਵੀ ਹਿਲ ਰਹੇ ਹਨ, ਬਹੁਤ ਉੱਚੇ ਉਨ੍ਹਾਂ ਦੇ ਕੱਦ ਹੋ ਗਏ ਹਨ॥੯॥

**ਮਾਨੋ ਕਾਮ ਬਾਗਵਾਨ ਗੁਰੂ ਸਨਮਾਨ ਹੇਤੁ ਦਲ ਫਲ ਫੂਲ ਤੇ ਬਸੰਤ ਬਗਰਾਯੋ ਹੈ।**
**ਸੁੰਦਰ ਬਿਹੰਗ ਰੰਗ ਰੰਗਕੇ ਉਤੰਗ ਬੈਠਿ, ਭੌਰਿ ਸਮਭੋਰ ਪੂਰ ਭੋਰ ਤੇ ਭ੍ਰਮਾਯੋ ਹੈ।**
**ਕੂਜਤਿ ਅਨੇਕ ਜਨੁ ਪੂਜਤਿ ਸੁਵਾਕ ਕਹਿ, ਧੂਜਤਿ ਹੈਂ ਪੰਖਨਿ ਅਨੰਦ ਉਮਗਾਯੋ ਹੈ।**
**ਮੋਰਨ ਕੋ ਸ਼ੋਰ ਜ਼ੋਰ ਕੀਰਨਿ ਕੀ ਭੀਰ ਗਨ, ਪੋਤਕ ਕਪੋਤ ਸਾਰਕਾਨ ਤੇ ਸੁਹਾਯੋ ਹੈ॥੧੦॥**

ਮਾਨੋ ਕਾਮਦੇਵ ਬਾਗਬਾਨ ਨੇ ਗੁਰੂ ਜੀ ਦੇ ਸਨਮਾਨ ਵਾਸਤੇ ਪੱਤੇ, ਫਲ, ਫੁੱਲ ਅਤੇ ਬਸੰਤ ਖਿੜਾਇਆ ਹੈ। ਸੁੰਦਰ ਰੰਗ-ਬਰੰਗੇ ਪੰਛੀ ਉੱਚੀ-ਉੱਚੀ ਥਾਂ ਬੈਠੇ ਹਨ ਤੇ ਪਾਣੀ ਦੀ ਘੁੰਮਣਘੇਰੀ ਵਾਂਗ ਸਵੇਰ ਤੋਂ ਹੀ ਬਹੁਤ ਭੌਰੇ ਭ੍ਰਮ ਰਹੇ ਹਨ। ਅਨੇਕਾਂ ਪੰਛੀ ਸ਼ੁਭ ਗੀਤ ਗਾ ਗਾ ਕੇ ਗੁਰੂ ਜੀ ਦੀ ਪੂਜਾ ਕਰ ਰਹੇ ਹਨ ਤੇ ਖੰਭਾਂ ਨੂੰ ਹਿਲਾ ਹਿਲਾ ਕੇ ਪ੍ਰਸੰਨ ਹੋ ਰਹੇ ਹਨ। ਮੋਰਾਂ ਦੇ ਬੋਲਣ ਦਾ ਵੱਡਾ ਸ਼ੋਰ ਮਚਿਆ ਹੈ ਤੇ ਤੋਤਿਆਂ ਦੀ ਵੱਡੀ ਭੀੜ ਹੈ ਤੇ ਕਬੂਤਰਾਂ ਦੇ ਬੱਚੇ ਤੇ ਕਬੂਤਰ, ਮੈਨਾਵਾਂ ਸਹਿਤ ਸ਼ੋਭ ਰਹੇ ਹਨ॥੧੦॥

**ਜਾਨੀ ਮਾਲਾਕਾਰ ਗੁਰੂ ਬਾਗ ਕੇ ਮਝਾਰ ਆਯੋ ਹਰਖ ਉਦਾਰ ਤੇ ਪਧਾਰਿ ਮਿਲਯੋ ਜਾਇਕੈ।**
**ਪਾਵਨ ਅਨੂਪ ਮਹਾਂ ਸੁੰਦਰ ਸਰੂਪ ਹੇਰਿ ਹਾਥ ਜੋਰਿ ਬੰਦਨਾ ਕਰੀ ਹੈ ਸੀਸ ਨਾਇ ਕੈ।**
**ਬਾਗ ਕੇ ਰਸਾਲ ਫਲ, ਫੂਲਨ ਕੀ ਮਾਲਾ ਕਲ, ਡਾਲੀ ਕੋ ਬਿਸਾਲ ਹੀ ਬਨਾਇ ਧਰੀ ਲਜਾਇਕੈ।**
**ਮਹਾਂ ਗੁਨ ਗਾਇਕੈ ਬਿਲੋਕੈ ਨੈਨ ਲਾਇ ਕੈ, ਰਹਯੋ ਬਿਸੰਮ ਪਾਇ ਕੈ ਸੁ ਮਨ ਬਿਰਮਾਇਕੈ॥੧੧॥**

ਜਦ ਬਾਗ ਦੇ ਮਾਲੀ ਨੂੰ ਇਹ ਪਤਾ ਲੱਗਾ ਕਿ ਗੁਰੂ ਜੀ ਬਾਗ ਦੇ ਵਿਚ ਆਏ ਹਨ ਤਾਂ ਉਹ ਬਹੁਤ ਪ੍ਰਸੰਨ ਹੋ ਕੇ ਗੁਰੂ ਜੀ ਨੂੰ ਜਾ ਕੇ ਮਿਲਿਆ ਤੇ ਪਵਿੱਤਰ ਅਨੂਪਮ ਮਹਾਂ ਸੁੰਦਰ ਸਰੂਪ ਨੂੰ ਵੇਖ ਕੇ ਉਸ ਹੱਥ ਜੋੜ ਕੇ ਬੰਦਨਾ ਕੀਤੀ ਤੇ ਸਿਰ ਨਿਵਾਇਆ। ਬਾਗ ਦੇ ਮਿੱਠੇ ਫਲ ਅਤੇ ਫੁੱਲਾਂ ਦੇ ਸੁੰਦਰ ਹਾਰ ਬਣਾ ਕੇ ਅੱਗੇ ਲਿਆ ਕੇ ਧਰੇ। ਮਹਾਨ ਗੁਣ ਗਾ ਕੇ, ਅੱਖਾਂ ਲਾ ਕੇ ਦਰਸ਼ਨ ਕੀਤੇ ਤੇ ਮਨ ਵਿਚ ਵਸਾ ਕੇ ਬਹੁਤ ਹੀ ਹੈਰਾਨ ਹੋਇਆ॥੧੧॥

**ਮਾਤੁਲ ਕ੍ਰਿਪਾਲ ਨੇ ਦਰਬ ਦੀਨਿ ਮਾਲੀ ਕਰ, ਮਾਲਾ ਕੋ ਉਚਾਇ ਗੁਰੂ ਗਰੇ ਪਹਿਰਾਈ ਹੈ।**
**ਬਾਲਿਕ ਬੁਲਾਇ ਫਲ ਸਗਰੇ ਲੁਟਾਏ ਤਿਨੈ, ਲੂਟਤਿ ਬਿਲੋਕਤਿ ਪ੍ਰਸੰਨਤਾ ਬਧਾਈ ਹੈ।**
**ਬਿਕਸੈਂ ਬਦਨ ਬਰ ਸੁਖਮਾ ਸਦਨ ਹੂੰ ਤੇ ਸੁੰਦਰ ਰਦਨ ਕੁੰਦ ਬਿਸਦਤਾ ਪਾਈ ਹੈ।**
**ਚਾਰੋਂ ਓਰ ਚਾਰੁ ਬਾਗ ਚਾਤੁਰੀ ਸੌਭਾਗ ਜੁਤਿ ਹੇਰਯੋ ਅਨੁਰਾਗ ਕਰਿ ਮਹਾਂ ਛਬਿ ਛਾਈ ਹੈ॥੧੨॥**

ਮਾਮਾ ਜੀ ਕ੍ਰਿਪਾਲ ਚੰਦ ਜੀ ਨੇ ਮਾਲੀ ਦੇ ਹੱਥ ਵਿਚ ਬਹੁਤ ਧਨ ਦਿੱਤਾ ਤੇ ਫੁੱਲਾਂ ਦੇ ਹਾਰ ਨੂੰ ਚੁੱਕ ਕੇ ਗੁਰੂ ਜੀ ਦੇ ਗਲ ਵਿਚ ਪਾਇਆ। ਗੁਰੂ ਜੀ ਨੇ ਬਾਲਕਾਂ ਨੂੰ ਬੁਲਾ ਕੇ ਸਾਰੇ ਫਲ ਉਨ੍ਹਾਂ ਨੂੰ ਦੇ ਦਿੱਤੇ, ਉਨ੍ਹਾਂ ਨੇ ਫਲ ਲੈ ਕੇ ਬਹੁਤ ਪ੍ਰਸੰਨਤਾ ਵਧਾਈ। ਸ਼ੋਭਾ ਦੇ ਘਰ ਗੁਰੂ ਜੀ ਦੇ ਮੁਖੜੇ ਤੇ ਆਪ ਜੀ ਦੇ ਸੋਹਣੇ ਦੰਦਾਂ ਤੋਂ ਮਰਤਬਾਨ ਦੇ ਫੁੱਲਾਂ ਨੇ ਸ਼ੋਭਾ ਪਾਈ ਹੈ। ਗੁਰੂ ਜੀ ਨੇ ਚਾਰੇ ਪਾਸੇ ਸੁੰਦਰ ਬਾਗ ਨੂੰ ਬੜੀ ਗਹਿਰਾਈ ਅਤੇ ਪ੍ਰੇਮ ਨਾਲ ਵੇਖਿਆ ਤੇ ਮਹਾਂ ਛਵੀ ਛਾਈ ਹੈ॥੧੨॥

**ਔਰ ਨਾਨਾ ਭਾਂਤਿ ਸਾਥ ਕ੍ਰੀੜਾ ਕੀਨ ਪ੍ਰਭੁ ਨਾਥ ਬਾਲਿਕ ਪਲਾਵਤੇ ਪਲਾਇ ਚਲੈਂ ਪਾਇ ਤੇ।**
**ਖੇਲੈਂ ਹੁਲਸਾਇ ਕਹੂੰ, ਬੈਠੇ ਜਲ ਥਾਇੰ ਕਹੂੰ, ਚਲਤਿ ਫੁਹਾਰੇ ਕਹੂੰ ਸੋਹੈਂ ਸਮੁਦਾਇ ਤੇ।**
**ਪਾਨ ਪਗ ਪੰਕਜ ਤੇ ਪਾਨੀ ਰੋਕ ਰਾਖੈਂ ਕਹੂੰ, ਕੇਤਿਕ ਤਰੋਵਰੁ ਅਰੂਢੈਂ ਉਤਲਾਇਤੇ।**
**ਸੋਹੈ ਬਨ ਨੰਦਨ ਮਨਿੰਦ, ਸੁਰ ਬ੍ਰਿੰਦ ਸਿਸ, ਇੰਦ੍ਰ ਬਾਲ ਬੈਸ ਬਿਖੈ ਬਿਚਰੈਂ ਸੁਭਾਇ ਤੇ॥੧੩॥**

ਪ੍ਰਭੂ ਮਾਲਕ ਨੇ ਹੋਰ ਕਈ ਪ੍ਰਕਾਰ ਕ੍ਰੀੜਾ ਕੀਤੀ, ਸਾਰੇ ਬਾਲਕ ਆਪਣੇ ਪੈਰਾਂ ਤੇ ਭੱਜੇ ਫਿਰਦੇ ਸਨ। ਕਿਤੇ ਬਹੁਤ ਪ੍ਰਸੰਨ ਹੋ ਕੇ ਖੇਡਦੇ ਸਨ, ਕਿਤੇ ਜਲ ਵਾਲੇ ਸਥਾਨ ਤੇ ਬੈਠ ਜਾਂਦੇ ਸਨ ਕਿਤੇ ਚਲਦੇ ਫੁਹਾਰੇ ਬਹੁਤ ਸ਼ੋਭਾ ਪਾ ਰਹੇ ਸਨ। ਆਪਣੇ ਚਰਨ ਕੰਵਲਾਂ ਨਾਲ ਪਾਣੀ ਰੋਕ ਰੱਖਦੇ ਸਨ, ਕਿਤੇ ਉਤਾਵਲੇ ਹੋ ਕੇ ਰੁੱਖਾਂ ਦੇ ਉੱਤੇ ਚੜ੍ਹ ਜਾਂਦੇ ਸਨ। ਬ੍ਰਿਛ ਸਵਰਗ ਦੇ ਬਾਗ ਵਾਂਗੂੰ ਸ਼ੋਭ ਰਹੇ ਹਨ ਤੇ ਸਾਰੇ ਬਾਲਕ ਦੇਵਤਿਆਂ ਵਾਂਗ ਹਨ ਤੇ ਗੁਰੂ ਜੀ ਮਾਨੋ ਇੰਦਰ ਵਾਂਗ ਬਾਲ ਅਵਸਥਾ ਵਿਚ ਸੁਭਾਵਕ ਹੀ ਵਿਚਰ ਰਹੇ ਹਨ॥੧੩॥

ਬੀਤਜੋ ਜਬੈ ਏਕ ਜਾਮ, ਕ੍ਰੀੜਤੇ ਅਰਾਮ ਬਿਖੈ, ਪਠਜੋ ਦਾਸ ਮਾਤ ਨੇ ਸੁ ਆਯੋ ਉਤਲਾਇ ਕੈ।
ਹਾਥ ਜੋਰਿ ਕਹਜੋ 'ਹੇਰੈ ਜਨਨੀ ਤੁਮਾਰੀ ਦਿਸ਼ਿ ਧੀਰ ਨ ਧਰਤਿ ਰਾਖੇ ਦ੍ਵਾਰੇ ਨੈਨ ਲਾਇਕੈ।
ਬਾਗ ਦੇਖਿ ਲੀਨਿ ਅਰੁ ਖੇਲਿਬੋ ਬਿਸ਼ੇਖ ਕੀਨਿ ਗਮਨੋ ਨਿਕੇਤ ਅਬਿ ਹਰਖ ਉਪਾਇਕੈ'।
ਸੁਨਿਕੈ ਕ੍ਰਿਪਾਲ ਨੈ ਭਨਜੋ 'ਸੁ ਚਿਰਕਾਲ ਭਯੋ, ਚਲੋ ਬਾਲ ਬੋਲ ਲੇਹੁ ਦੇਖੈਂ ਪੁਨ ਆਇਕੈ' ॥੧੪॥

ਬਾਗ ਵਿਚ ਖੇਡਦਿਆਂ ਜਦ ਇਕ ਪਹਿਰ ਬੀਤਿਆ ਤਾਂ ਮਾਤਾ ਜੀ ਨੇ ਸੇਵਕ ਨੂੰ ਭੇਜਿਆ ਜਿਹੜਾ ਬਹੁਤ ਕਾਹਲੀ ਨਾਲ ਆਇਆ। ਹੱਥ ਜੋੜ ਕੇ ਉਸ ਕਿਹਾ, "ਤੁਹਾਡੇ ਮਾਤਾ ਜੀ ਤੁਹਾਡੇ ਵਲ ਵੇਖ ਰਹੇ ਹਨ ਤੇ ਧੀਰਜ ਨਹੀਂ ਧਾਰ ਰਹੇ ਹਨ ਤੇ ਦਰਵਾਜ਼ੇ 'ਤੇ ਉਨ੍ਹਾਂ ਅੱਖਾਂ ਲਾ ਰੱਖੀਆਂ ਹਨ, ਬਾਗ ਵੇਖ ਲਿਆ ਹੈ ਅਤੇ ਵਿਸ਼ੇਸ਼ ਤੌਰ ਤੇ ਖੇਡ ਲਿਆ ਹੈ ਹੁਣ ਪ੍ਰਸੰਨ ਹੋ ਕੇ ਘਰ ਨੂੰ ਚਲੋ।" ਇਹ ਸੁਣ ਕੇ ਮਾਮਾ ਜੀ ਕ੍ਰਿਪਾਲ ਚੰਦ ਨੇ ਕਿਹਾ, "ਬਹੁਤ ਦੇਰ ਹੋ ਗਈ ਹੈ, ਸਾਰੇ ਬਾਲਕਾਂ ਨੂੰ ਬੁਲਾ ਲਵੋ, ਫਿਰ ਦੁਬਾਰਾ ਆ ਕੇ ਵੇਖਾਂਗੇ" ॥੧੪॥

ਬਾਲਿਕ ਹਕਾਰੇ ਆਇ ਮਿਲੇ ਗੁਰ ਤੀਰ ਸਾਰੇ, ਸੰਗ ਪਰਵਾਰੇ ਸੁ ਪਧਾਰੇ ਘਰ ਓਰ ਕੋ।
ਭੂਖਨ ਰੁਚਿਰ ਰੰਗ ਰੰਗ ਕੇ ਪਹਿਰਿ ਪਟ, ਕੋਊ ਚਲੇ ਮੰਦ, ਕੋ ਦਿਖਾਵਤਿ ਹੈਂ ਦੌਰ ਕੋ।
ਕੋਊ ਫੂਲ ਸੀਸ ਧਰਿ, ਪਾਤਨ ਬਜਾਵੈਂ ਕਰ, ਬੋਲਤਿ ਪਰਸਪਰ ਜਾਤਿ ਕਰਿ ਸ਼ੋਰ ਕੋ।
ਬਡੇ ਭਾਗ ਵਾਰੇ, ਗੁਰੂ ਪਗ ਅਨੁਰਾਗ ਵਾਰੇ, ਹੇਰਿ ਹੇਰਿ ਵਾਰੇ ਮਨ ਚਾਰੁ ਕਾਮ ਕੋਰ ਕੋ ॥੧੫॥

ਬਾਲਕਾਂ ਨੂੰ ਬੁਲਾਇਆ ਗਿਆ, ਸਾਰੇ ਆ ਕੇ ਗੁਰੂ ਜੀ ਨੂੰ ਮਿਲ ਪਏ ਤੇ ਸਾਰੇ ਪਰਿਵਾਰਾਂ ਸਹਿਤ ਆਪਣੇ-ਆਪਣੇ ਘਰਾਂ ਵਲ ਚਲ ਪਏ, ਉਨ੍ਹਾਂ ਨੇ ਰੇਸ਼ਮ ਦੇ ਰੰਗ-ਬਰੰਗੇ ਕੱਪੜੇ ਪਹਿਨੇ ਹੋਏ ਸਨ, ਕੋਈ ਹੌਲੀ-ਹੌਲੀ ਚਲਦਾ ਸੀ ਤੇ ਕੋਈ ਭੱਜ ਕੇ ਵਿਖਾਉਂਦਾ ਸੀ। ਕੋਈ ਫੁੱਲਾਂ ਨੂੰ ਸਿਰ 'ਤੇ ਧਰ ਕੇ ਪੱਤਿਆਂ ਨੂੰ ਹੱਥ ਨਾਲ ਵਜਾਉਂਦਾ ਸੀ ਤੇ ਰਸਤੇ ਵਿਚ ਆਪਸ ਵਿਚ ਗੱਲਾਂ ਕਰਕੇ ਰੌਲਾ ਪਾਉਂਦੇ ਜਾਂਦੇ ਸਨ। ਵੱਡੇ ਭਾਗਾਂ ਵਾਲੇ ਸਨ, ਜਿਨ੍ਹਾਂ ਦਾ ਗੁਰੂ ਜੀ ਦੇ ਚਰਨਾਂ ਨਾਲ ਪਿਆਰ ਸੀ, ਵੇਖ ਵੇਖ ਕੇ ਕ੍ਰੋੜਾਂ ਕਾਮਦੇਵਾਂ ਦੀ ਸੁੰਦਰਤਾ ਨੂੰ ਵਾਰਦੇ ਹਨ॥੧੫॥

*ਸ੍ਵੈਯਾ-* ਬੀਥਕਾ ਆਵਤਿ ਦੇਖਤਿ ਮਾਨਵ, ਸੀਸ ਨਿਵਾਇ ਨਿਹੋਰਤਿ ਹੈਂ।
ਸੁੰਦਰਤਾ ਜਨੁ ਪਾਨ ਕਰੇ ਅਨਮੇਖ ਬਿਲੋਚਨ ਜੋਰਤਿ ਹੈਂ।
ਡੀਠ ਪਰੈ ਜਹਿਂ ਲੌ ਗੁਰੁ ਰੂਪ, ਨਹੀਂ ਤਬਿਲੌਂ ਮੁਖ ਮੋਰਤਿ ਹੈਂ।
ਪੂਰਨਮਾ ਜਨੁਚੰਦ ਅਮੰਦ ਚਕੋਰ ਮਨਿੰਦ ਸੁ ਲੋਰਤਿ ਹੈਂ॥ ੧੬॥

ਜਦ ਗਲੀਆਂ ਆ ਗਈਆਂ ਤਾਂ ਮਨੁੱਖ ਵੇਖਦੇ ਸਨ ਤੇ ਸਿਰ ਨਿਵਾ ਕੇ ਦਰਸ਼ਨ ਕਰਦੇ ਸਨ, ਜਿਵੇਂ ਸੁੰਦਰਤਾ ਨੂੰ ਪੀ ਰਹੇ ਸਨ, ਇਸ ਤਰ੍ਹਾਂ ਇਕ ਟਕ ਅੱਖਾਂ ਜੋੜਦੇ ਸਨ। ਜਿਥੋਂ ਤਕ ਗੁਰੂ ਜੀ ਦਾ ਮੁਖੜਾ ਦਿਖਾਈ ਦਿੰਦਾ ਸੀ ਵੇਖਦੇ ਰਹਿੰਦੇ ਸਨ ਤੇ ਆਪਣਾ ਮੁਖੜਾ ਮੋੜਦੇ ਨਹੀਂ ਸਨ। ਜਿਵੇਂ ਪੂਰਨਮਾਸ਼ੀ ਦਾ ਚੰਦ ਹੋਵੇ, ਚਕੋਰ ਵਾਂਗ ਉਹ ਦਰਸ਼ਨ ਕਰਨਾ ਚਾਹੁੰਦੇ ਸਨ॥੧੬॥

ਧਾਮ ਗਏ ਅਭਿਰਾਮ ਗੁਰੂ ਸੁਤ ਦੇਖਨਿ ਕੋ ਉਤਕੰਠਤਿ ਮਾਈ।
ਧੇਨੁ ਮਹਾਂ ਲਘੁ ਜਯੋਂ ਬਛ ਕੋ ਬਿਛੁਰੇ ਨ ਥਿਰੇ ਅਤਿ ਹ੍ਵੈ ਅਕੁਲਾਈ।
ਦ੍ਵਾਰ ਬਿਲੋਚਨ ਸੰਮੁਖ ਤੇ ਮੁਖਨੰਦਨ ਦੇਖਤਿ ਹੀ ਹਰਖਾਈ।
ਧੀਰ ਤੇ ਬੈਠਯੋ ਗਯੋ ਨ ਤਹਾਂ, ਉਠਿ ਸ਼ੀਘ੍ਰ ਉਛੰਗ ਮੈਂ ਲੇਨਿ ਕੋ ਆਈ॥੧੭॥

ਸੁੰਦਰ ਗੁਰੂ ਪੁੱਤਰ ਜਦ ਘਰ ਗਏ ਤਾਂ ਮਾਤਾ ਜੀ ਬੜੇ ਉਤਾਵਲੇ ਹੋ ਕੇ ਦਰਸ਼ਨਾਂ ਨੂੰ ਤਾਂਘ ਰਹੇ ਸਨ। ਜਿਵੇਂ ਗਾਂ ਆਪਣੇ ਛੋਟੇ ਵੱਛੇ ਤੋਂ ਵਿਛੜ ਕੇ ਸਥਿਰ ਨਹੀਂ ਰਹਿੰਦੀ ਤੇ ਵਿਆਕੁਲ ਹੋ ਜਾਂਦੀ ਹੈ। ਮਾਤਾ ਜੀ ਨੇ ਅੱਖਾਂ ਦਰਵਾਜ਼ੇ ਤੇ ਲਾਈਆਂ ਹੋਈਆਂ ਸਨ, ਪੁੱਤਰ ਦਾ ਮੁਖੜਾ ਵੇਖਦਿਆਂ ਹੀ ਬਹੁਤ ਪ੍ਰਸੰਨ ਹੋ ਗਈ। ਉਹਨਾਂ ਪਾਸੋਂ ਓਥੇ ਧੀਰਜ ਨਾਲ ਬੈਠਿਆ ਨਾ ਗਿਆ, ਤੁਰਤ ਉੱਠ ਕੇ ਗੋਦ ਵਿਚ ਲੈਣ ਵਾਸਤੇ ਆਈ॥੧੭॥

ਗੋਦ ਲਿਯੇ ਉਰ ਮੋਦ ਭਰਯੋ ਚਹੁਕੋਦ ਬਿਨੋਦਤਿ ਬਾਲ ਮਹਾਂ।
'ਮਾਤ ਜੀ! ਮਾਥ ਟਿਕੇ ਪਗ ਪੈ' ਇਕ ਬਾਰ ਹੀ ਬਾਕ ਸਮੂਹ ਕਹਾ।
ਆਸ਼ਿਖ ਦੇ ਸੁਖ ਸਾਥ ਭਰੀ, ਸੁਖਮਾ ਗਲ ਫੂਲ ਸੁ ਮਾਲ ਰਹਾ।
ਸੂੰਘਤਿ ਭਾਲ ਬਿਸਾਲ ਮਨੋਹਰ ਜੋਗੀ ਜਿਸੈ ਬਿਚ ਧਯਾਨ ਲਹਾ॥ ੧੮॥

ਗੋਦ ਵਿਚ ਲੈ ਕੇ ਬਹੁਤ ਪ੍ਰਸੰਨ ਹੋਈ, ਚਾਰੇ ਪਾਸੇ ਬਾਲਕ ਅਤਿ ਪ੍ਰਸੰਨ ਸਨ। ਇਕ ਵਾਰ ਹੀ ਸਾਰਿਆਂ ਨੇ ਬਚਨ ਕੀਤਾ 'ਮਾਤਾ ਜੀ! ਚਰਨਾਂ ਤੇ ਮੱਥਾ ਟੇਕਦੇ ਹਾਂ' ਮਾਤਾ ਜੀ ਨੇ ਸੁਖਾਂ ਨਾਲ ਭਰੀ ਅਸੀਸ ਦਿੱਤੀ, ਗਲ ਵਿਚ ਫੁੱਲਾਂ ਦਾ ਹਾਰ ਸ਼ੋਭ ਰਿਹਾ ਹੈ, ਪੁੱਤਰ ਦੇ ਮਨੋਹਰ ਵਿਸ਼ਾਲ ਮੱਥੇ ਨੂੰ ਚੁੰਮਿਆ। ਜਿਸ ਮੱਥੇ ਵਿਚ ਜੋਗੀ ਲੋਕ ਧਿਆਨ ਲਾ ਕੇ ਰੱਖਦੇ ਹਨ॥੧੮॥

ਸ਼੍ਰੀ ਗੁਰ ਨਾਨਕ ਕੋ ਧਰਿ ਧਯਾਨ ਦੁਊ ਕਰ ਜੋਰਿ ਕੈ ਬੰਦਨ ਗਾਈ।
ਭ੍ਰਾਤ ਕ੍ਰਿਪਾਲ ਸੋਂ ਬਾਤ ਕਹੀ 'ਕਰਿਵਾਉ ਤਿਹਾਵਲ ਕੋ ਸਮੁਦਾਈ'।
ਤਾਤ ਸੁ ਪੂਛਨਿ ਬਾਤ ਲਗੀ 'ਕਸ ਬਾਗ ਪਿਖਯੋ, ਕਿਮ ਖੇਲ ਮਚਾਈ?'।
ਸੁੰਦਰਤਾ ਤਰੁ ਬ੍ਰਿੰਦ ਫੁਹਾਰਨਿ ਸ਼੍ਰੀ ਗੁਰੁ ਗੋਬਿੰਦ ਸਿੰਘ ਸੁਨਾਈ॥ ੧੯॥

ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰ ਕੇ ਦੋਵੇਂ ਹੱਥ ਜੋੜ ਕੇ ਬੰਦਨਾਂ ਕੀਤੀ ਤੇ ਆਪਣੇ ਭਰਾ ਕ੍ਰਿਪਾਲ ਚੰਦ ਨੂੰ ਕਿਹਾ, "ਸਾਰਿਆਂ ਵਾਸਤੇ ਕੜਾਹ ਪ੍ਰਸ਼ਾਦਿ ਤਿਆਰ ਕਰਵਾਉ।" ਫਿਰ ਆਪਣੇ ਪੁੱਤਰ ਨੂੰ ਗੱਲਾਂ ਪੁੱਛਣ ਲੱਗੀ, "ਕਿਵੇਂ ਬਾਗ ਵੇਖਿਆ ਤੇ ਕਿਵੇਂ ਉਥੇ ਖੇਡਾਂ ਖੇਡੀਆਂ?" ਸ੍ਰੀ ਗੁਰੂ ਗੋਬਿੰਦ ਸਿੰਘ ਨੇ ਫਿਰ ਸੁਣਾਇਆ ਕਿ ਉਥੇ ਬਹੁਤ ਸੁੰਦਰ ਬ੍ਰਿਛ ਅਤੇ ਫੁਹਾਰੇ ਹਨ॥੧੯॥

ਭੂਖਨ ਚੀਰ ਮਹਾਂ ਧਨ ਕੋ ਨਿਜ ਨੰਦ ਨਿਛਾਵਰ ਕੋ ਕਰਿ ਮਾਈ।
ਦੇਤਿ ਗਰੀਬਨਿ ਕੌ ਬੁਲਿਵਾਇ ਅਸੀਸ ਕੋ ਪਾਇ ਰਿਦੇ ਹਰਖਾਈ।
ਆਪਨੇ ਭਾਗ ਸਰਾਹਤਿ ਉੱਤਮ, 'ਦੀਨ ਦੁਨੀ ਮਹਿਂ ਹੌਂ ਅਧਿਕਾਈ'।
ਕੀਨਿ ਬਡੋ ਉਤਸਾਹ ਭਲੇ, ਨਰ ਆਇ ਮਿਲੇ ਗੁਰ ਕੋ ਸਮੁਦਾਈ॥ ੨੦॥

ਫਿਰ ਮਾਤਾ ਜੀ ਨੇ ਪੁੱਤਰ ਉਤੋਂ ਗਹਿਣੇ, ਕੱਪੜੇ ਅਤੇ ਧਨ ਵਾਰ ਕੇ ਗਰੀਬਾਂ ਨੂੰ ਬੁਲਾ ਕੇ ਦਿੱਤਾ, ਜਿਨ੍ਹਾਂ ਪਾਸੋਂ ਅਸੀਸਾਂ ਲੈ ਕੇ ਬਹੁਤ ਪ੍ਰਸੰਨ ਹੋਈ। ਆਪਣੇ ਉੱਤਮ ਭਾਗਾਂ ਦੀ ਸ਼ਲਾਘਾ ਕਰਦੀ ਸੀ, "ਦੀਨ ਦੁਨੀ ਵਿਚ ਵੱਡੇ ਹੋਣਗੇ।" ਭਲੀ ਪ੍ਰਕਾਰ ਵੱਡਾ ਉਤਸ਼ਾਹ ਕੀਤਾ, ਮਨੁੱਖ ਇਕੱਠੇ ਹੋ ਕੇ ਗੁਰੂ ਜੀ ਨੂੰ ਮਿਲਦੇ ਸਨ॥੨੦॥

ਮੇਵੜੇ ਭੇਜਿ ਸਭੈ ਸਿਖ ਕੇ ਘਰ ਲੀਨੇ ਹਕਾਰ ਸੁਨੇ ਚਲਿ ਆਏ।
ਚਾਰ ਘਟੀ ਦਿਨ ਸ਼ੇਖ ਰਹਯੋ ਸਭਿ ਸੰਗਤਿ ਮੇਲ ਭਯੋ ਸਮੁਦਾਏ।
ਭੇਟ ਜਥਾ ਸ਼ਕਤੀ ਸਭਿ ਲੇਕਰਿ ਬਾਲਿਕ ਬ੍ਰਿੱਧ ਮਿਲੇ ਹਰਖਾਏ।
ਹੋਨਿ ਬਿਲੋਚਨ ਕੋ ਸੁਫਲੇ ਕਰਿ ਯੋਂ ਦਰਸੈਂ ਨਿਧਿ ਰੂਪ ਕੋ ਪਾਏ॥ ੨੧॥

ਅਰਦਾਸੀਏ ਭੇਜ ਕੇ ਸਾਰੇ ਸਿੱਖਾਂ ਦੇ ਘਰਾਂ ਨੂੰ ਬੁਲਾ ਲਿਆ ਤੇ ਉਹ ਸੁਣ ਕੇ ਚਲ ਕੇ ਆ ਗਏ। ਜਦ ਚਾਰ ਘੜੀ ਦਿਨ ਬਾਕੀ ਰਿਹਾ ਤਾਂ ਸਾਰੀ ਸੰਗਤ ਮਿਲ ਕੇ ਇਕੱਠੀ ਹੋਈ, ਸਾਰੇ ਬਾਲਕ ਬ੍ਰਿਧ ਯਥਾ ਸ਼ਕਤੀ ਭੇਟਾਵਾਂ ਲੈ ਕੇ ਪ੍ਰਸੰਨ ਹੋ ਕੇ ਆ ਕੇ ਮਿਲੇ। ਨੇਤਰਾਂ ਨੂੰ ਸਫਲ ਹੋਣਾ ਕਰਦੇ ਸਨ, ਇਸ ਤਰ੍ਹਾਂ ਗੁਰੂ ਜੀ ਦੇ ਰੂਪ ਨੂੰ ਵੇਖਦੇ ਸਨ, ਮਾਨੋ ਨੌਂ ਨਿਧੀਆਂ ਪਾ ਲਈਆਂ ਹਨ॥੨੧॥

ਸ਼੍ਰੀ ਗੁਰ ਤੇਜ ਅਮੇਜ ਹੁਏ ਪਰਯੰਕ ਕੀ ਪੀਠ ਬਿਰਾਜਤਿ ਹੈਂ।
ਸੂਰਜ ਬਾਲ ਉਦੈ ਗਿਰ ਪੈ, ਤਮ ਮੋਹ ਪਿਖੇ ਜਿਸ ਭਾਜਤਿ ਹੈਂ।
ਦਾਸਨ ਅੰਬਕ ਅੰਬੁਜ ਕਾਨਨ ਮੋਦ ਤਿਨੈ ਉਪਰਾਜਤਿ ਹੈਂ।
ਬਾਦ ਕਰੈਂ ਗਨਚੋਰ ਨਿਸ਼ਾਚਰ, ਦੇਖਿ ਦੁਰੈਂ ਬਹੁ ਲਾਜਤਿ ਹੈਂ॥ ੨੨॥

ਸ੍ਰੀ ਗੁਰੂ ਜੀ ਤੇਜੱਸ੍ਵੀ ਹੋ ਕੇ ਪਲੰਘ ਤੇ ਬਿਰਾਜ ਰਹੇ ਸਨ, ਮਾਨੋ ਪਹਾੜ ਉਤੇ ਬਾਲਕ ਰੂਪ ਸੂਰਜ ਚੜ੍ਹਿਆ ਹੈ, ਜਿਸ ਕਾਰਨ ਮੋਹ ਰੂਪੀ ਹਨੇਰਾ ਦੂਰ ਹੋ ਗਿਆ ਹੈ। ਦਾਸਾਂ ਦੇ ਨੇਤਰਾਂ ਰੂਪੀ ਕੰਵਲਾਂ ਦੇ ਵਣ ਨੂੰ ਅਨੰਦ ਉਪਜਾਉਂਦੇ ਹਨ। ਚੋਰਾਂ ਤੇ ਉੱਲੂਆਂ ਦੀ ਆਸ਼ਾ ਨਿਸਫਲ ਕਰਦੇ ਹਨ, ਜੋ ਵੇਖ ਕੇ ਸ਼ਰਮਿੰਦੇ ਹੁੰਦੇ ਹਨ ਤੇ ਲੁਕਦੇ ਹਨ॥੨੨॥

ਹੋਤਿ ਅਨੇਕਨਿ ਕੀ ਅਰਦਾਸ ਉਪਾਇਨ ਸੁੰਦਰ ਆਨਤਿ ਹੈਂ।
ਹਾਥਨਿ ਜੋਰਿ ਨਿਹੋਰਤਿ ਸੇਵਕ, ਬੰਦਨਿ ਸੀਸ ਤੇ ਠਾਨਤਿ ਹੈਂ।
ਭੀਰ ਭਰੀ ਬਹੁ ਸਿੱਖਜਨਿ ਕੀ ਸ਼ਰਧਾ ਉਰ ਧਾਰਿ ਸੁ ਮਾਨਤਿ ਹੈਂ।
ਬੈਠਿ ਗਏ ਪਰਵਾਰ ਕਰੇ, ਕੋਊ ਠਾਢੇ ਪਿਖੈਂ, ਅਘ ਹਾਨਤਿ ਹੈਂ॥ ੨੩॥

ਅਨੇਕਾਂ ਸਿੱਖਾਂ ਵਲੋਂ ਅਰਦਾਸ ਹੁੰਦੀ ਹੈ ਤੇ ਉਹ ਸੁੰਦਰ ਉਪਹਾਰ ਲਿਆਉਂਦੇ ਹਨ। ਹੱਥ ਜੋੜ ਕੇ ਸਿੱਖ ਵੇਖਦੇ ਹਨ ਤੇ ਮੱਥਾ ਟੇਕ ਕੇ ਬੰਦਨਾ ਕਰਦੇ ਹਨ। ਸਿੱਖਾਂ ਦੀ ਬਹੁਤ ਭੀੜ ਹੋ ਗਈ, ਹਿਰਦੇ ਵਿਚ ਸ਼ਰਧਾ ਧਾਰ ਕੇ ਉਹ ਮੰਨਦੇ ਹਨ। ਕਈ ਇਕੱਠੇ ਹੋ ਕੇ ਬੈਠ ਗਏ, ਕਈ ਖੜੇ ਹੋ ਕੇ ਵੇਖ ਕੇ ਪਾਪਾਂ ਨੂੰ ਦੂਰ ਕਰ ਰਹੇ ਸਨ॥੨੩॥

ਰਾਸ ਤਿਹਾਵਲ ਆਇ ਗਯੋ ਧਰਿਵਾਇ ਭਲੇ ਅਰਦਾਸ ਕਰਾਈ।
ਸ਼੍ਰੀ ਗੁਰੂ ਨਾਨਕ ਆਦਿ ਜਿਤੇ ਸਭਿਹੂੰਨਿ ਕੇ ਨਾਮ ਲੈ ਧ੍ਯਾਨ ਧਰਾਈ।
ਦੇਤਿ ਪ੍ਰਸ਼ਾਦ ਕਰਯੋ ਅਹਿਲਾਦ ਮ੍ਰਿਯਾਦ ਸਮੇਤ ਸਦਾ ਜਿਮਭਾਈ।
ਜੋ ਮਨ ਭਾਵਤਿ ਸੋ ਤਬਿ ਪਾਵਤਿ ਆਵਤਿ ਜਾਤਿ ਮਿਲੇ ਸਮੁਦਾਈ॥ ੨੪॥

ਬਹੁਤ ਕੜਾਹ ਪ੍ਰਸ਼ਾਦਿ ਤਿਆਰ ਹੋ ਕੇ ਆ ਗਿਆ, ਉਸ ਨੂੰ ਧਰਵਾ ਕੇ ਫਿਰ ਅਰਦਾਸ ਕਰਵਾਈ, ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਾਰੇ ਗੁਰੂ ਸਾਹਿਬਾਨ ਦਾ ਨਾਮ ਲੈ ਕੇ ਧਿਆਨ ਧਰਾਇਆ। ਮਰਯਾਦਾ ਸਹਿਤ ਜਿਵੇਂ ਸਦਾ ਭਾਉਂਦਾ ਹੈ ਕੜਾਹ ਪ੍ਰਸ਼ਾਦਿ ਵੰਡ ਕੇ ਵੱਡਾ ਅਨੰਦ ਕੀਤਾ। ਜੋ ਮਨ ਵਿਚ ਭਾਉਂਦਾ ਸੀ, ਉਹ ਹੀ ਪ੍ਰਾਪਤ ਕਰਦੇ ਸਨ, ਸਾਰੇ ਆ ਜਾ ਕੇ ਮਿਲੇ॥੨੪॥

ਸੰਗਤਿ ਮੈਂ ਬਰਤਾਵਨਿ ਕੀਨਿ ਸਭੈ ਸਿਖ ਲੇਤਿ ਅਨੰਦ ਭਏ ਹੈਂ।
ਆਨਨ ਪਾਵਨ ਕੋ ਕਰਿ ਪਾਵਨ ਸ਼੍ਰੀ ਗੁਰੂ ਪਾਵਨ ਧ੍ਯਾਨ ਲਏ ਹੈਂ।

ਸ੍ਰੀ ਗੁਜਰੀ ਤਬਿ ਦ੍ਵੈ ਕਰ ਜੋਰਿ, ਅਰਾਧਿ ਮਨੋਰਥ ਐਸਿ ਠਏ ਹੈਂ।
ਮੋ ਸੁਤ ਕੇ ਸਭਿ ਰੱਛਕ ਹੋਵਹੁ ਆਨੰਦ ਦੇਹੁ ਬਿਲੰਦ ਨਏ ਹੈਂ॥ ੨੫॥

ਸਾਰਾ ਕੜਾਹ ਪ੍ਰਸ਼ਾਦਿ ਸੰਗਤਾਂ ਵਿਚ ਵਰਤਾ ਦਿੱਤਾ, ਸਾਰੇ ਸਿੱਖ ਪ੍ਰਾਪਤ ਕਰਕੇ ਅਨੰਦਿਤ ਹੋ ਗਏ। ਕੜਾਹ ਪ੍ਰਸ਼ਾਦਿ ਨੂੰ ਮੁਖ ਵਿਚ ਪਾ ਕੇ ਮੁਖ ਪਵਿੱਤਰ ਕੀਤਾ ਤੇ ਸਾਰੇ ਪਵਿੱਤਰ ਗੁਰੂ ਜੀ ਵਲ ਧਿਆਨ ਲਾਉਂਦੇ ਸਨ। ਸ੍ਰੀ ਗੁਜਰੀ ਫਿਰ ਦੋਵੇਂ ਹੱਥ ਜੋੜ ਕੇ ਐਸੇ ਮਨੋਰਥ ਦੀ ਅਰਾਧਣਾ ਕੀਤੀ। ਮੇਰੇ ਪੁੱਤਰ ਦੇ ਸਾਰੇ ਗੁਰੂ ਸਾਹਿਬਾਨ ਰਖਿਅਕ ਹੋਵੇ ਤੇ ਵੱਡਾ ਉਸ ਨੂੰ ਅਨੰਦ ਦੇਵੇ॥੨੫॥

ਸ੍ਰੀ ਗੁਜਰੀ ਅਰੁ ਸ੍ਰੀ ਗੁਰੁ ਕੋ ਅਭਿਬੰਦਨ ਕੈ ਨਿਜ ਧਾਮ ਗਏ।
ਜਾਤਿ ਪ੍ਰਸ਼ੰਸ਼ਤਿ ਸੁੰਦਰ ਸੂਰਤਿ ਮੂਰਤਿ ਮਾਨਹੁਂ ਅਨੰਦ ਕਿਏ।
ਸੀਤ ਪ੍ਰਸ਼ਾਦ ਪ੍ਰਸ਼ਾਦ ਧਰੇ ਘਰ ਆਪਨਿ ਮੈਂ ਸਭਿਹੂੰਨ ਦਏ।
ਕੀਰਤਿ ਕੋ ਬਿਸਤੀਰਤਿ ਹੈਂ ਇਹ ਰੂਪ ਅਨੂਪ ਮਨੋਗ ਬਿਏ॥ ੨੬॥

ਫਿਰ ਸਾਰੇ ਸਿੱਖ ਸ੍ਰੀ ਗੁਜਰੀ ਅਤੇ ਗੁਰੂ ਜੀ ਨੂੰ ਅਭਿਬੰਦਨਾ ਕਰਕੇ ਆਪਣੇ ਘਰਾਂ ਨੂੰ ਚਲੇ ਗਏ। ਗੁਰੂ ਜੀ ਦੀ ਸੁੰਦਰ ਸੂਰਤ ਮੂਰਤ ਦੀ ਪ੍ਰਸੰਸਾ ਕਰਦੇ ਜਾਂਦੇ ਸਨ, ਮਾਨੋ ਬਹੁਤ ਅਨੰਦ ਮਾਣਿਆ ਹੈ। ਫਿਰ ਆਪਣੇ ਘਰ ਦੇ ਸਾਰੇ ਮਨੁੱਖਾਂ ਨੂੰ ਕਿਰਪਾ ਨਾਲ ਮਿਲਿਆ ਪ੍ਰਸ਼ਾਦਿ ਥੋੜਾ-ਥੋੜਾ ਵਰਤਾ ਦਿੱਤਾ। ਸਾਰੇ ਕੀਰਤੀ ਫੈਲਾਉਂਦੇ ਸੀ ਕਿ ਇਹ ਅਨੂਪਮ ਸੁੰਦਰ ਸਰੂਪ ਹੈ॥੨੬॥

ਦੋਹਰਾ- ਪ੍ਰਥਮ ਦਿਵਸ ਉਪਬਨ ਗਏ ਜਨਨੀ ਮੋਦ ਮਹਾਂਨ।
ਕਰਜੋ ਅਧਿਕ ਉਤਸਾਹੁ ਕੋ ਧਰਿ ਸਤਿਗੁਰੁ ਕੋ ਧਜਾਨ॥ ੨੭॥

ਪਹਿਲੇ ਦਿਨ ਬਾਗ ਵਿਚ ਗਏ ਸਨ, ਮਾਤਾ ਜੀ ਬਹੁਤ ਪ੍ਰਸੰਨ ਸਨ ਤੇ ਸਤਿਗੁਰੂ ਦਾ ਧਿਆਨ ਧਾਰ ਕੇ ਬਹੁਤ ਉਤਸ਼ਾਹ ਕੀਤਾ॥੨੭॥

ਪਰੀ ਨਿਸਾ ਕਰਿ ਅਸਨ ਕੋ ਪੌਢਿ ਗਏ ਸੁਖ ਮਾਂਹਿ।
ਭੋਰ ਭਈ ਜਾਗੇ ਪ੍ਰਭੂ ਨਰ ਨਾਹਨਿ ਕੇ ਨਾਹ॥ ੨੮॥

ਰਾਤ ਪਈ ਤਾਂ ਭੋਜਨ ਛੱਕ ਕੇ ਸੁਖ ਨਾਲ ਲੰਮੇ ਪੈ ਗਏ, ਸਵੇਰ ਹੋਈ ਤਾਂ ਪ੍ਰਭੂ ਜੀ ਜਾਗ ਪਏ, ਜਿਹੜੇ ਰਾਜਿਆਂ ਦੇ ਵੀ ਸਵਾਮੀ ਹਨ॥੨੮॥

*ਬਾਰ੍ਹਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥*

## *ਅਧਿਆਇ ਉੱਨੀਵਾਂ*

*ਬੇੜੀ ਦੀ ਸੈਲ, ਇਕ ਬ੍ਰਿਧ ਇਸਤਰੀ ਨੂੰ ਖਿਡਾਉਣਾ*

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਖਿਲਤਿ ਵਹਿਰ ਨਿਕਸੰਤਿ।
ਬਾਲਿਕ ਬ੍ਰਿੰਦਨਿ ਕੇ ਸਹਤਿ ਧਾਵਤਿ ਗਹਿ ਬਿਕਸੰਤਿ॥ ੧॥

ਇਸ ਤਰ੍ਹਾਂ ਸਤਿਗੁਰੂ ਜੀ ਖੇਡਦੇ ਬਾਹਰ ਨਿਕਲ ਜਾਂਦੇ ਸਨ। ਬਹੁਤ ਬਾਲਕਾਂ ਨਾਲ ਮਿਲ ਕੇ ਦੌੜਦੇ ਸਨ ਤੇ ਉਨ੍ਹਾਂ ਨੂੰ ਫੜ ਕੇ ਬਹੁਤ ਪ੍ਰਸੰਨ ਹੁੰਦੇ ਸਨ॥੧॥

ਸ੍ਵੈਯਾ- ਇਕ ਦਯੋਸ ਲਿਏ ਸੰਗ ਬਾਲਿਕ ਬ੍ਰਿੰਦਨ ਮਾਤ ਕੀ ਆਇਸੁ ਤੇ ਹਰਖਾਏ।
'ਮਿਲ ਮਾਤੁਲ ਸੰਗ ਸੁ ਗੰਗ ਨਦੀ ਤਟ ਆਜ ਚਲੈਂ ਜਲ ਕੋ ਦਰਸਾਏਂ।
ਨਿਕਸੇ ਨਿਜ ਧਾਮ ਗੁਰੂ ਅਭਿਰਾਮ ਸੁ ਕਾਮਨਾ ਜਾਚਕ ਕੀ ਪੁਰਵਾਏ'।
ਮੁਖ ਸੁੰਦਰ ਤੇ ਬਚ ਬੋਲਤਿ ਹੈਂ ਜਨੁ ਫੂਲ ਝਰੈਂ ਹੁਲਸੈਂ ਸਮੁਦਾਏ॥ ੨॥

ਇਕ ਦਿਨ ਬਹੁਤ ਬਾਲਕਾਂ ਨੂੰ ਨਾਲ ਲੈ ਕੇ, ਮਾਤਾ ਜੀ ਦੀ ਆਗਿਆ ਪਾ ਕੇ ਬਹੁਤ ਪ੍ਰਸੰਨ ਹੋਏ। "ਮਾਮਾ ਜੀ ਨਾਲ ਮਿਲ ਕੇ ਸ੍ਰੇਸ਼ਟ ਨਦੀ ਗੰਗਾ ਦੇ ਕਿਨਾਰੇ ਚਲੀਏ ਤੇ ਜਲ ਨੂੰ ਵੇਖੀਏ, ਮਨੋਹਰ ਗੁਰੂ ਜੀ ਆਪਣੇ ਘਰ ਤੋਂ ਬਾਹਰ ਨਿਕਲੇ ਤੇ ਮੰਗਤਿਆਂ ਦੀਆਂ ਕਾਮਨਾਵਾਂ ਪੂਰਦੇ ਹੋਏ ਜਾ ਰਹੇ ਸਨ।" ਮੁਖ ਤੋਂ ਸੁੰਦਰ ਬਚਨ ਬੋਲਦੇ ਸਨ ਜਿਵੇਂ ਫੁੱਲ ਕਿਰਦੇ ਹਨ ਤੇ ਸਾਰੇ ਸੁਣ ਕੇ ਪ੍ਰਸੰਨ ਹੁੰਦੇ ਸਨ॥੨॥

ਬੀਥਕਾ ਮੈਂ ਬਹੁ ਬਾਲਿਕ ਭਾਵ ਤੇ ਕ੍ਰੀੜਤ ਜਾਤਿ ਸੁਹਾਵਤਿ ਹੈਂ।
ਦੇਖਤਿ ਸਵੇਕ ਕੈ ਨਰ ਆਨਿ ਪ੍ਰਭਾਵ ਤੇ ਸੀਸ ਨਿਵਾਵਤਿ ਹੈਂ।
ਆਪਸ ਮੈਂ ਮਿਲਿ ਕੈ ਪੁਰਿ ਕੇ ਨਰ ਕੀਰਤਿ ਬ੍ਰਿੰਦ ਸੁਨਾਵਤਿ ਹੈਂ।
'ਦੀਸਤਿ ਹੈਂ ਲਘੁ ਰੂਪ ਗੁਰੂ ਤਊ ਤੇਜ ਬਿਸਾਲ ਦਿਪਾਵਤਿ ਹੈ'॥ ੩॥

ਗਲੀ ਵਿਚ ਬਹੁਤ ਬਾਲਕ ਸਨ, ਉਨ੍ਹਾਂ ਨਾਲ ਖੇਡਦੇ ਜਾਂਦੇ ਬਹੁਤ ਸ਼ੋਭ ਰਹੇ ਸਨ। ਵੇਖ ਕੇ ਸੇਵਕ ਜਾਂ ਹੋਰ ਮਨੁੱਖ ਪ੍ਰਭਾਵ ਗ੍ਰਹਿਣ ਕਰਕੇ ਸਿਰ ਨਿਵਾਉਂਦੇ ਸਨ। ਆਪਸ ਵਿਚ ਮਿਲ ਕੇ ਨਗਰ ਦੇ ਲੋਕ ਬਹੁਤ ਕੀਰਤੀ ਸੁਣਾਉਂਦੇ ਸਨ। "ਗੁਰੂ ਜੀ ਦਾ ਛੋਟਾ ਰੂਪ ਦਿੱਸਦਾ ਹੈ, ਫਿਰ ਵੀ ਤੇਜ ਵਿਸ਼ਾਲ ਚਮਕਦਾ ਹੈ"॥੩॥

ਸ੍ਰੀ ਗੁਰੂ ਤੇਗ ਬਹਾਦਰ ਨੰਦਨ ਬੰਦਨ ਜੋਗ ਨਿਕੰਦਨ ਪੀਰਾ।
ਬਾਕ ਫੁਰੈ ਕਹਿਂ ਜਾਂਹਿ ਸੁਭਾਇਕ ਰੰਕ ਤੇ ਰਾਵ ਕਰੈਂ ਗਜ ਕੀਰਾ।
ਭੂਖਨ ਸੁੰਦਰ ਸੂਰਤਿ ਹੈ ਜਨੁ ਮੂਰਤ ਹੈ ਰਸ ਬੀਰ ਸਧੀਰਾ।
ਜਾਤਿ ਚਲੇ ਤਬਿ ਆਇ ਗਯੋ ਸਲਿਤਾ ਗਨ ਕੇ ਜੁਤਿ ਗੰਗ ਕੋ ਤੀਰਾ॥ ੪॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤ੍ਰ ਬੰਦਨਾ ਯੋਗ ਹਨ, ਜਿਹੜੇ ਦੁੱਖਾਂ ਨੂੰ ਦੂਰ ਕਰਨ ਵਾਲੇ ਹਨ। ਜੇ ਕੋਈ ਸੁਭਾਵਕ ਵੀ ਬਚਨ ਕਰ ਦਿੰਦੇ ਹਨ ਤਾਂ ਉਹ ਪੂਰਾ ਹੋ ਜਾਂਦਾ ਹੈ ਤੇ ਰੰਕ ਨੂੰ ਰਾਜਾ ਬਣਾ ਦਿੰਦੇ ਹਨ ਤੇ ਹਾਥੀ ਤੋਂ ਕੀੜਾ ਤੇ ਕੀੜੇ ਤੋਂ ਹਾਥੀ ਬਣਾ ਦਿੰਦੇ ਹਨ। ਜਿਵੇਂ ਸੁੰਦਰ ਸੂਰਤ ਹੈ, ਉਸ ਤਰ੍ਹਾਂ ਸੁੰਦਰ ਗਹਿਣੇ ਪਾਏ ਹੋਏ ਹਨ ਮਾਨੋ ਵੀਰ ਰਸ ਸਹਿਤ ਧੀਰਜ ਦੀ ਮੂਰਤ ਹੈ। ਚਲੇ ਜਾ ਰਹੇ ਸਨ ਕਿ ਕਈ ਨਦੀਆਂ ਸਮੇਤ ਵਗਦੀ ਗੰਗਾ ਨਦੀ ਦਾ ਕਿਨਾਰਾ ਆ ਗਿਆ॥੪॥

ਸਲਿਤਾ ਗਨ ਕੋ ਦਰਿਆਉ ਮਹਾਂ ਗੁਰ ਆਗਮ ਕੋ ਲਖਿ ਹੋਤਿ ਉਛਾਲਾ।
ਤਰਨੀ ਪਰ ਜਾਇ ਬਿਰਾਜ ਗਏ ਇਤ ਤੇ ਉਤ ਹੇਰਤਿ ਸਾਥ ਕ੍ਰਿਪਾਲਾ।
ਜਲ ਚਾਹਤਿ ਹੈ ਛੁਹਿਬੇ ਪਗ ਪੰਕਜ, ਪੈ ਅਸਮੰਜਸ ਊਚ ਬਿਸਾਲਾ।
ਉਛਰੰਤਿ ਕਛੂ ਨ ਪਰੰਤੁ ਲਗੇ ਸਭਿ ਪਾਪਨਿ ਹੰਤ ਮਹੰਤ ਉਜਾਲਾ॥ ੫॥

ਗੰਗਾ ਬਹੁਤ ਨਦੀਆਂ ਮਿਲ ਕੇ ਵੱਡਾ ਦਰਿਆ ਬਣਿਆ ਹੈ, ਉਹ ਗੁਰੂ ਜੀ ਦੇ ਆਉਣ ਬਾਰੇ ਸਮਝ ਕੇ ਉਛਾਲੇ ਮਾਰਨ ਲੱਗ ਗਈ। ਦਰਿਆ ਦੇ ਕਿਨਾਰੇ ਜਾ ਕੇ ਬੇੜੀ 'ਤੇ ਬੈਠ ਗਏ ਤੇ ਮਾਮਾ ਕਿਰਪਾਲ ਜੀ ਨਾਲ ਇਧਰ ਉਧਰ ਵੇਖਦੇ ਸਨ। ਨਦੀ ਦਾ ਜਲ ਉਨ੍ਹਾਂ ਦੇ ਚਰਨ ਕੰਵਲਾਂ ਨੂੰ ਛੂਹਣਾ ਚਾਹੁੰਦਾ ਸੀ, ਪਰ ਚਰਨ ਛੂਹਣੇ ਕਠਨ ਹਨ ਕਿਉਂਕਿ ਚਰਨ ਬਹੁਤ ਉੱਚੇ ਹਨ। ਪਾਣੀ ਉਛਲਦਾ ਹੈ, ਪਰ ਫਿਰ ਸਾਰੇ ਪਾਪਾਂ ਦਾ ਨਾਸ਼ ਕਰਨ ਵਾਲੇ ਪੂਜਨੀਕ ਤੇ ਪ੍ਰਕਾਸ਼ ਰੂਪ ਗੁਰੂ ਜੀ ਦੇ ਚਰਨਾਂ ਨੂੰ ਨਹੀਂ ਲੱਗਦਾ ਹੈ॥੫॥

ਮਾਤੁਲ ਗੋਦ ਮੈਂ ਮੋਦ ਭਰੇ ਜਲ ਕੋਦ ਬਿਲੋਕ ਕਰੀ ਚਤੁਰਾਈ।
ਦ੍ਵੈ ਚਰਣਾਂਬੁਜ ਕੋ ਤਬਿ ਹੂੰ ਤਰਨੀ ਤਟ ਜੰਘ ਤਰੇ ਲਰਕਾਈ।
ਮੂਰਤ ਧਾਰਿ ਪਖਾਰਤਿ ਹੈ, ਮੁਦ ਧਾਰਤਿ ਹੈ ਲਹਿ ਕੈ ਜਲਰਾਈ।
ਪਾਪ ਅਨੇਕਨਿ ਕੇ ਹਰਤਾ ਇਹ ਮੰਗਲ ਕੇ ਕਰਤਾ ਸਮੁਦਾਈ॥ ੬॥

ਮਾਮਾ ਜੀ ਗੋਦ ਵਿਚ ਚੁੱਕ ਕੇ ਪ੍ਰਸੰਨ ਹੋ ਰਹੇ ਸਨ ਤੇ ਜਲ ਵਲ ਵੇਖ ਕੇ ਉਨ੍ਹਾਂ ਨੇ ਚਤੁਰਾਈ ਕੀਤੀ। ਦੋਵਾਂ ਚਰਨ ਕੰਵਲਾਂ ਨੂੰ ਤਦ ਬੇੜੀ ਦੇ ਕਿਨਾਰੇ ਕਰਕੇ ਲੱਤਾਂ ਨੂੰ ਥੱਲੇ ਲਮਕਾ ਦਿੱਤਾ। ਵਰੁਣ ਦੇਵਤਾ ਸਰੀਰ ਧਾਰ ਕੇ ਚਰਨਾਂ ਨੂੰ ਲੈ ਕੇ ਪ੍ਰਸੰਨਤਾ ਧਾਰ ਕੇ ਧੋਣ ਲੱਗਾ। ਅਨੇਕਾਂ ਪਾਪਾਂ ਦੇ ਦੂਰ ਕਰਨ ਵਾਲੇ ਇਹ ਸਾਰੇ ਮੰਗਲਾਂ ਦੇ ਕਰਨ ਵਾਲੇ ਹਨ॥੬॥

ਦੋਹਰਾ- ਅਪਰ ਨਹੀਂ ਅਵਿਲੋਕਤੇ ਇਕ ਸ੍ਰੀ ਗੁਰ ਦਰਸਾਇ।
ਪਦ ਅਰਬਿੰਦ ਪਖਾਰਿਕੈ ਜਲ ਮੈਂ ਗਯੋ ਸਮਾਇ॥ ੭॥

ਵਰੁਣ ਦੇਵਤਾ ਹੋਰ ਕਿਸੇ ਨੂੰ ਦਿਖਾਈ ਨਹੀਂ ਸੀ ਦਿੰਦਾ ਇਕ ਸ੍ਰੀ ਗੁਰੂ ਜੀ ਵੇਖ ਰਹੇ ਸਨ, ਫਿਰ ਵਰੁਣ ਦੇਵਤਾ ਚਰਨ ਧੋ ਕੇ ਜਲ ਵਿਚ ਹੀ ਸਮਾ ਗਿਆ॥੭॥

ਸ੍ਵੈਯਾ- ਦੀਨਿ ਮਲਾਹ ਕੋ ਦਾਨ ਮਹਾਂ, ਕਹਿ ਬਾਕ ਤਿਸੇ ਤਰਨੀ ਚਲਿਵਾਈ।
ਨੀਰ ਗੰਭੀਰ ਮੈਂ ਜਾਇ ਫਿਰੀ ਤਬਿ, ਬੇਗ ਕੇ ਸਾਥ ਹੀ ਸ਼ੀਘ੍ਰ ਧਵਾਈ।
ਲੇ ਕਬਿ ਜਾਤਿ ਪਰੇ ਨਵਕਾ, ਕਬਿ ਲਯਾਵਤਿ ਬੇਗ ਤੇ ਵਾਰ ਲਗਾਈ।
ਫਾਂਦਤਿ ਹੈਂ ਕਬਿ ਫੇਰ ਚਢੈਂ, ਸਿਸ ਦੌਰਤਿ ਹੈਂ ਕਿਲਕੈਂ ਬਿਗਸਾਈ॥ ੮॥

ਗਰੀਬ ਮਲਾਹ ਨੂੰ ਬਹੁਤ ਦਾਨ ਦਿੱਤਾ ਤੇ ਬਚਨ ਕਹਿ ਕੇ ਉਸ ਪਾਸੋਂ ਬੇੜੀ ਚਲਵਾਈ। ਬੇੜੀ ਬੜੇ ਡੂੰਘੇ ਪਾਣੀ ਵਿਚ ਫਿਰ ਰਹੀ ਸੀ, ਫਿਰ ਵੇਗ ਦੇ ਨਾਲ ਬਹੁਤ ਤੇਜ਼ ਭਜਵਾਈ। ਕਦੀ ਬੇੜੀ ਨੂੰ ਪਰ੍ਹੇ ਲੈ ਜਾਂਦੇ ਸਨ ਤੇ ਕਦੀ ਛੇਤੀ ਨਾਲ ਉਰਲੇ ਪਾਸੇ ਲੈ ਆਉਂਦੇ ਸਨ। ਕਦੀ ਛਾਲ ਮਾਰਦੇ ਹਨ, ਕਦੀ ਫਿਰ ਚੜ੍ਹ ਜਾਂਦੇ ਹਨ, ਬੱਚੇ ਦੌੜਦੇ ਹਨ ਤੇ ਕਿਲਕਾਰੀਆਂ ਮਾਰ ਕੇ ਪ੍ਰਸੰਨ ਹੁੰਦੇ ਹਨ॥੮॥

ਜਲ ਕੇ ਤਟ ਕ੍ਰੀੜਤਿ ਹੈਂ ਮੁਦ ਸੋਂ ਕਰ ਪੰਕਜ ਕੋ ਨਿਜ ਪੰਕ ਧਸਾਵੈਂ।
ਗਨਲੋਕ ਬਿਲੋਕਨਿ ਹੇਤੁ ਖਰੇ ਕਰ ਜੋਰਤਿ ਦੂਰ ਤੇ ਸੀਸ ਨਿਵਾਵੈਂ।
ਦਰਸੈਂ, ਪਰਸੈਂ, ਹਰਖੈਂ ਉਰਮੈਂ ਬਹੁਭਾਵ ਧਰੇ ਗੁਨ ਭਾਖਿ ਸੁਨਾਵੈਂ।
'ਗੁਰ ਤੇਗ ਬਹਾਦਰ ਕੇ ਇਹ ਨੰਦਨ,ਜਾਗਤਿ ਜ਼ਾਹਰੀ ਜੋਤਿ' ਜਨਾਵੈਂ॥੯॥

ਜਲ ਦੇ ਕਿਨਾਰੇ ਆ ਕੇ ਪ੍ਰਸੰਨ ਹੋ ਕੇ ਖੇਡਦੇ ਹਨ ਤੇ ਆਪਣੇ ਕਰ ਕੰਵਲਾਂ ਨੂੰ ਚਿੱਕੜ ਦੇ ਵਿਚ ਧਸਾ ਦਿੰਦੇ ਹਨ। ਬਹੁਤ ਲੋਕ ਵੇਖਣ ਵਾਸਤੇ ਖੜੇ ਹਨ, ਦੂਰ ਤੋਂ ਹੀ ਹੱਥ ਜੋੜ ਕੇ ਸਿਰ ਨਿਵਾਉਂਦੇ ਹਨ। ਦਰਸ਼ਨ ਕਰਕੇ ਸੇਵਾ ਕਰਕੇ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਸਨ ਤੇ ਬਹੁਤ ਭਾਵਨਾ ਧਰ ਕੇ ਬਹੁਤ ਗੁਣ ਕਹਿ ਕੇ ਸੁਣਾਉਂਦੇ ਸਨ, "ਗੁਰੂ ਤੇਗ ਬਹਾਦਰ ਜੀ ਦੇ ਇਹ ਪੁੱਤਰ ਜਾਗਤ ਜ਼ਾਹਰੀ ਜੋਤ ਦਿਖਾਈ ਦਿੰਦੇ ਹਨ"॥੯॥

ਜੁਤਿ ਚੰਚਲਤਾ ਚਿਤਵੰਤਿ ਚਹੂੰ ਦਿਸ਼ਿ ਮਾਨ ਰਖੈਂ ਕਰਿ ਚਾਤੁਰਤਾਈ।
ਗਨ ਮਾਨਵ ਮੈਂ ਅਸ ਨਾਂਹਿ ਕੋਊ, ਜਿਸ ਕੀ ਦਿਸ਼ਿ ਕੋ ਨਹਿਂ ਡੀਠ ਲਗਾਈ।
ਬਹੁ ਬਾਲਿਕ ਮੈਂ ਮਿਲਿ ਖੇਲਤਿ ਹੈਂ ਮ੍ਰਿਦੁ ਮੂਰਤਿ ਮਾਧੁਰੀ ਪੈ ਛਬਿ ਛਾਈ।
ਕਰਿ ਬੰਦਨ ਕੀਰਤਿ ਗਾਵਤਿ ਜਾਤਿ ਅਲੌਕਿਕ ਰੀਤਿ ਪੁਨੀਤ ਸੁਹਾਈ॥੧੦॥

ਚੰਚਲਤਾ ਸਹਿਤ ਵਿਚਾਰ ਕੇ ਚਾਰੇ ਪਾਸੇ ਚਤੁਰਾਈ ਕਰਕੇ ਮਾਣ ਰੱਖਦੇ ਹਨ, ਸਾਰੇ ਮਨੁੱਖਾਂ ਵਿਚ ਅਜਿਹਾ ਕੋਈ ਨਹੀਂ ਹੈ ਜਿਸ ਪਾਸੇ ਨਹੀਂ ਵੇਖਦੇ ਹਨ। ਬਹੁਤ ਬਾਲਕਾਂ ਨਾਲ ਮਿਲਕੇ ਖੇਡਦੇ ਹਨ, ਸੁੰਦਰ ਮੂਰਤੀ ਤੇ ਛਬਿ ਛਾ ਰਹੀ ਹੈ। ਬੰਦਨਾ ਕਰਕੇ ਕੀਰਤੀ ਕਰਦੇ ਜਾਂਦੇ ਹਨ, ਅਲੌਕਿਕ ਰੀਤੀ ਨਾਲ ਪਵਿੱਤਰ ਸਰੂਪ ਸ਼ੋਭ ਰਿਹਾ ਹੈ॥੧੦॥

ਜਾਚਕ ਜਾਚਨਾ ਜੋਇ ਕਰੈ ਸੁਨਿ ਤਾਹੂੰ ਕ੍ਰਿਪਾਲ ਦਿਵਾਵਤਿ ਹੈਂ।
ਖੇਲਤਿ ਬੀਤ ਗਯੋ ਇਕ ਜਾਮ ਮਹਾਂ ਅਭਿਰਾਮ ਸੁਹਾਵਤਿ ਹੈਂ।
ਸ੍ਰੀ ਗੁਜਰੀ ਤਬਿ ਦਾਸ ਪਠਜੋ 'ਕਹੁ ਜਾਇ ਚਲੋ ਸੁ ਬੁਲਾਵਤਿ ਹੈਂ'।
ਹਾਥਨਿ ਜੋਰ ਕਰੀ ਬਿਨਤੀ 'ਪ੍ਰਭੁ ਜੂ! ਜਨਨੀ ਉਤਲਾਵਤਿ ਹੈਂ'॥ ੧੧॥

ਮੰਗਤੇ ਜੋ ਵੀ ਮੰਗਦੇ ਹਨ, ਕਿਰਪਾਲੂ ਗੁਰੂ ਜੀ ਸੁਣ ਕੇ ਉਹੋ ਵਸਤੂ ਦਿਵਾਉਂਦੇ ਹਨ। ਖੇਡਦਿਆਂ ਇਕ ਪਹਿਰ ਬੀਤ ਗਿਆ ਮਹਾਨ ਸੁੰਦਰ ਸ਼ੋਭ ਰਹੇ ਹਨ। ਫਿਰ ਮਾਤਾ ਗੁਜਰੀ ਜੀ ਨੇ ਇਕ ਦਾਸ ਨੂੰ ਭੇਜਿਆ, "ਜਾ ਕੇ ਕਹੋ ਘਰ ਬੁਲਾਉਂਦੇ ਹਨ" ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਪ੍ਰਭੂ ਜੀ! ਮਾਤਾ ਜੀ ਬੜੇ ਉਤਾਵਲੇ ਹੋਏ ਹਨ" ॥੧੧॥

ਮਾਤੁਲ ਲਾਲਤਿ ਚਾਲਤਿ ਹੈਂ ਬਚ ਪਾਲਤਿ ਹੈਂ ਜਿਮ ਭਾਖਿ ਸੁਨਾਵੈਂ।
ਸੇਵਕ ਕੇਰ ਸਿਕੰਧ ਅਰੂਢਿ ਪਿਖੈਂ ਪੁਰਿ ਬੀਥਕਾ ਤੇ ਹੁਲਸਾਵੈਂ।
ਤਾਂਹਿ ਪਲਾਇ ਛਧਾਵਤਿ ਹੈਂ ਉਛਲੰਤਿ ਉਤੰਗ ਤੁਰੰਗ ਜਜੋਂ ਜਾਵੈ।
ਧਾਮ ਬਰੇ ਸੁਖਧਾਮ ਪ੍ਰਭੂ ਜਿਸ ਨਾਮ ਜਪੇ ਜਨ ਮੋਖ ਕੋ ਪਾਵੈਂ॥ ੧੨॥

ਮਾਮਾ ਜੀ ਲਾਡ ਲਡਾਉਂਦੇ ਚਲਦੇ ਹਨ, ਤੇ ਬਚਨਾਂ ਦੀ ਪਾਲਣਾ ਕਰਦੇ ਹਨ, ਜਿਵੇਂ ਵੀ ਗੁਰੂ ਜੀ ਕਹਿ ਕੇ ਸੁਣਾਉਂਦੇ ਹਨ। ਸੇਵਕ ਦੇ ਮੋਢੇ ਤੇ ਚੜ੍ਹ ਜਾਂਦੇ ਹਨ ਤੇ ਨਗਰ ਦੀਆਂ ਗਲੀਆਂ ਵੇਖ ਕੇ ਪ੍ਰਸੰਨ ਹੁੰਦੇ ਹਨ, ਸੇਵਕ ਨੂੰ ਭੱਜਾਉਂਦੇ ਹਨ, ਟਪਾਉਂਦੇ ਹਨ ਤੇ ਉੱਪਰ ਨੂੰ ਕੁਦਵਾਉਂਦੇ ਹਨ ਜਿਵੇਂ ਘੋੜਾ ਟਪਦਾ ਜਾਂਦਾ ਹੈ। ਸੁਖਾਂ ਦੇ ਘਰ ਭਾਵ ਗੁਰੂ ਜੀ ਫਿਰ ਘਰ ਦੇ ਅੰਦਰ ਪ੍ਰਵੇਸ਼ ਕਰ ਗਏ, ਜਿਨ੍ਹਾਂ ਦਾ ਨਾਮ ਜਪਣ ਨਾਲ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ॥੧੨॥

ਸ੍ਰੀ ਗੁਜਰੀ ਉਠਿ ਗੋਦ ਲਿਏ, ਮਨ ਮੋਦ ਕਿਯੋ ਸੁਤ ਲਾਲਤਿ ਹੈ।
ਸੂੰਘਤਿ ਮਾਥ ਪਲੋਸਤਿ ਹਾਥ, ਸਨੇਹ ਕੇ ਸਾਥ ਨਿਹਾਲਤਿ ਹੈ।
'ਭਾ ਚਿਰਕਾਲ ਲਿਏ ਗਨ ਬਾਲ ਨਦੀ ਜਹਿਂ ਜਾਲ ਹੀ ਚਾਲਤਿ ਹੈ।
ਨੀਕ ਨ ਸੋ, ਰਮਨੀਕ ਰਹੋ ਘਰ ਖੇਲਹੁ', ਸੀਖ ਸਿਖਾਲਤਿ ਹੈ॥ ੧੩॥

ਸ੍ਰੀ ਗੁਜਰੀ ਜੀ ਨੇ ਉੱਠ ਕੇ ਗੋਦ ਵਿਚ ਚੁੱਕ ਲਿਆ, ਮਨ ਵਿਚ ਪ੍ਰਸੰਨ ਹੋਏ ਤੇ ਪੁੱਤਰ ਨੂੰ ਲਾਡ ਲਡਾਉਂਦੇ ਸਨ। ਮੱਥੇ ਨੂੰ ਚੁੰਮਦੇ ਸਨ ਤੇ ਹੱਥ ਨਾਲ ਪਲੋਸਦੇ ਸਨ ਤੇ ਬੜੇ ਪਿਆਰ ਨਾਲ ਵੇਖਦੇ ਸਨ। ਫਿਰ ਕਹਿਣ ਲੱਗੇ, "ਬਹੁਤ ਦੇਰ ਤਕ ਨਦੀ ਉੱਤੇ ਬਾਲਾਂ ਨੂੰ ਲੈ ਕੇ ਖੇਡਦੇ ਰਹੇ ਹੋ, ਜਿਹੜੀ ਨਦੀ ਬਹੁਤ ਨਦੀਆਂ ਨਾਲ ਭਰ ਕੇ ਚਲ ਰਹੀ ਹੈ। ਇਹ ਚੰਗਾ ਨਹੀਂ, ਘਰ ਰਹਿ ਕੇ ਤੇ ਖੇਡਣਾ ਚੰਗਾ ਹੈ" ਮਾਤਾ ਜੀ ਇਸ ਤਰ੍ਹਾਂ ਸਿੱਖਿਆ ਦਿੰਦੇ ਹਨ॥੧੩॥

ਮਾਤ ਸੋਂ ਬਾਤ ਕਹੈਂ ਜੁਤਿ ਚਾਉ 'ਅਰੂਢਿ ਭਏ ਨਵਕਾ ਪਰ ਜਾਈ।
ਕੇਵਟ ਨੀਰ ਗੰਭੀਰ ਬਿਖੈ ਪਹੁਚਾਇ ਮਹਾਂ ਬਲ ਧਾਰਿ ਧਵਾਈ।
ਦੂਰ ਗਯੋ ਪੁਨ ਲਜਾਵਤਿ ਭਾ ਬਡ ਬੇਗ ਧਰੇ ਇਹ ਭਾਂਤਿ ਭ੍ਰਮਾਈ।
ਮੰਦਿਰ, ਤੀਰ ਮਹੀਰੁਹ ਥੀਰੁ, ਖਰੀ ਨਰ ਭੀਰ ਮਨੋ ਸੁ ਫਿਰਾਈ'॥ ੧੪॥

ਮਾਤਾ ਜੀ ਨਾਲ ਫਿਰ ਬੜੇ ਚਾਅ ਨਾਲ ਗੱਲਾਂ ਕਰਦੇ ਹਨ, "ਜਾ ਕੇ ਬੇੜੀ ਤੇ ਸਵਾਰ ਹੋ ਗਏ ਸੀ ਤੇ ਮਲਾਹ ਨੇ ਬੇੜੀ ਨੂੰ ਬੜੇ ਡੂੰਘੇ ਤੇ ਗੰਭੀਰ ਪਾਣੀ ਵਿਚ ਪਹੁੰਚਾ ਦਿੱਤਾ ਤੇ ਵੱਡਾ ਵੇਗ ਧਾਰ ਕੇ ਭਜਾਈ। ਬਹੁਤ ਦੂਰ ਚਲੇ ਗਏ ਸੀ, ਫਿਰ ਵੱਡਾ

ਵੇਗ ਧਾਰ ਕੇ ਵਾਪਸ ਲਿਆਂਦੀ, ਇਸ ਪ੍ਰਕਾਰ ਬੇੜੀ ਨੂੰ ਜਲ ਵਿਚ ਭਰਮਾਇਆ। ਕਿਨਾਰੇ ਦੇ ਮੰਦਰ, ਉੱਗੇ ਹੋਏ ਖੜੇ ਬ੍ਰਿਛ, ਖੜੀ ਮਨੁੱਖਾਂ ਦੀ ਭੀੜ ਮਾਨੋ ਘੁੰਮਦੇ ਫਿਰਦੇ ਦਿਖਾਈ ਦਿੰਦੇ ਸਨ॥੧੪॥

ਮ੍ਰਿਦੁ ਬੋਲਤਿ, ਡੋਲਤਿ ਕੁੰਡਲ ਸ਼੍ਰੋਨ, ਕਪੋਲਨ ਝਾਲ ਪਰੈ ਇਸ ਭਾਂਤੀ।
ਜਨੁ ਪੂਰਨ ਸ਼ਾਰਦ ਚੰਦ ਬਿਖੈ ਬਰ ਮੀਨ ਫਿਰੈ ਸੁਖਮਾ ਬਿਗਸਾਤੀ।
ਬਿਗਸੈ ਸੁਨਿ ਬਾਤਿ ਰਿਦੈ ਹਰਖਾਤਿ ਬਿਲੋਕਤਿ ਮਾਤ ਮਹਾਂ ਉਮਗਾਤੀ।
ਜਨੁ ਸਾਧਨ ਸਾਧਤਿ ਕੋ ਦੁਖਦੇ ਤਿਹ ਸਿੱਧ ਮਿਲੀ ਹੁਇ ਸੀਤਲ ਛਾਤੀ॥੧੫॥

ਮਿੱਠੇ ਬਚਨ ਬੋਲਦੇ ਹਨ ਤਾਂ ਕੰਨਾਂ ਦੇ ਵਿਚ ਪਾਏ ਡੋਲ ਰਹੇ ਕੁੰਡਲਾਂ ਦਾ ਪ੍ਰਕਾਸ਼ ਗਲ੍ਹਾਂ ਉੱਪਰ ਇਸ ਤਰ੍ਹਾਂ ਪੈਂਦਾ ਹੈ, ਮਾਨੋ ਸਰਦ ਰੁੱਤ ਦੇ ਪੂਰਨਮਾਸ਼ੀ ਦੇ ਚੰਦ ਦੀ ਸ੍ਰੇਸ਼ਟ ਸ਼ੋਭਾ ਪ੍ਰਕਾਸ਼ ਰਹੀ ਹੈ। ਮਾਤਾ ਜੀ ਗੱਲਾਂ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਪੁੱਤਰ ਨੂੰ ਵੇਖ ਕੇ ਮਹਾਂ ਉਤਸ਼ਾਹਤ ਹੋ ਗਏ ਮਾਨੋ ਦੁਖਦਾਈ ਸਾਧਨਾਂ ਨੂੰ ਸਾਧਦਿਆਂ ਜਿਵੇਂ ਕਿਸੇ ਨੂੰ ਸਿੱਧੀ ਮਿਲੇ ਤਾਂ ਛਾਤੀ ਵਿਚ ਠੰਡ ਪੈ ਜਾਂਦੀ ਹੈ॥੧੫॥

ਰੈਨ ਪਰੀ ਕਰਿ ਭੋਜਨ ਐਨ, ਪਿਯੋ ਪਯ, ਸੈਨ ਕਰੀ ਸੁਖ ਪਾਏ।
ਭੋਰ ਭਈ ਤਜਿ ਨੀਂਦ ਉਠੇ, ਕਰਿ ਸੌਚ ਸ਼ਨਾਨ ਪ੍ਰਯੰਕ ਸੁਹਾਏ।
ਸੁੰਦਰ ਚੀਰ ਬਿਭੂਖਨ ਕੰਚਨ ਮੋਲ ਵਡੇ ਜਨਨੀ ਪਹਿਰਾਏ।
ਸ਼ਾਹੁ ਧਨੀਨ ਕੋ ਆਇ ਸਪੂਤ ਨਮੋ ਕਰਿ ਹੋਹਿਂ ਮਿਲੈਂ ਸਮੁਦਾਏ॥ ੧੬॥

ਰਾਤ ਪਈ ਤਾਂ ਘਰ ਵਿਚ ਭੋਜਨ ਛਕਿਆ, ਦੁੱਧ ਪੀਤਾ ਤੇ ਸੌਂ ਕੇ ਸੁਖ ਪਾਇਆ। ਸਵੇਰ ਹੋਈ ਤਾਂ ਨੀਂਦ ਛੱਡ ਕੇ ਉੱਠੇ ਤੇ ਸੌਚ ਇਸ਼ਨਾਨ ਕਰਕੇ ਪਲੰਘ 'ਤੇ ਸ਼ੋਭ ਰਹੇ ਸਨ। ਸੁੰਦਰ ਕੱਪੜੇ ਅਤੇ ਸੋਨੇ ਦੇ ਬਹੁਤ ਕੀਮਤੀ ਗਹਿਣੇ ਮਾਤਾ ਜੀ ਨੇ ਪਹਿਨਾਏ। ਫਿਰ ਧਨੀ ਸ਼ਾਹਾਂ ਦੇ ਪੁੱਤਰ ਇਕੱਠੇ ਹੋ ਕੇ ਨਮਸਕਾਰ ਕਰ ਕੇ ਮਿਲ ਪਏ॥੧੬॥

ਭਾਂਤਿ ਅਨੇਕਨਿ ਖੇਲਨਿ ਖੇਲਤਿ ਬੋਲਤਿ ਡੋਲਤਿ ਮੰਦਿਰ ਮਾਂਹੀ।
ਏਕ ਬ੍ਰਿੱਧਾ ਘਰ ਪਾਸ ਪਰੋਸਨ ਜਾਇ ਖਿਡਾਵਤਿ ਹੈਂ ਘਰ ਤਾਂਹੀ।
ਆਂਖ ਬਚਾਇ ਲਿਜਾਵਤਿ ਕਾਤਨੀ ਤੂਲ ਰੁ ਸੂਤ ਜਿ ਪਾਹੀ।
ਸੋ ਅਵਿਲੋਕ ਸਕੋਪ ਉਠੈ ਗਹਿ ਛੂਛਕ ਹਾਥ ਪਰੈ ਪਿਛਵਾਹੀ॥ ੧੭॥

ਅਨੇਕਾਂ ਪ੍ਰਕਾਰ ਦੀਆਂ ਖੇਡਾਂ ਖੇਡਦੇ ਸਨ ਤੇ ਘਰ ਵਿਚ ਹੀ ਬੋਲਦੇ ਡੋਲਦੇ ਫਿਰਦੇ ਸਨ। ਇਕ ਬ੍ਰਿੱਧ ਇਸਤਰੀ ਦਾ ਘਰ ਗੁਆਂਢ ਵਿਚ ਹੀ ਸੀ, ਉਸ ਨੂੰ ਉਸ ਦੇ ਘਰ ਵਿਚ ਜਾ ਕੇ ਖਿਡਾਉਂਦੇ ਸਨ। ਅੱਖ ਬਚਾਅ ਕੇ ਉਸ ਦਾ ਪੂਣੀਆਂ ਅਤੇ ਛੱਲੀਆਂ ਰੱਖਣ ਵਾਲਾ ਛਿੱਕੂ ਚੁੱਕ ਲੈਂਦੇ ਸਨ ਤੇ ਪੂਣੀਆਂ ਛੱਲੀਆਂ ਪਾਸ ਰੱਖ ਲੈਂਦੇ ਸਨ। ਇਹ ਵੇਖ ਕੇ ਬੁੱਢੀ ਮਾਈ ਬਹੁਤ ਗੁੱਸੇ ਵਿਚ ਆ ਜਾਂਦੀ ਸੀ ਤੇ ਸੋਟੀ ਹੱਥ ਵਿਚ ਫੜ ਕੇ ਪਿੱਛਾ ਕਰਦੀ ਸੀ॥੧੭॥

ਆਇ ਸਮੀਪ, ਪਲਾਇ ਚਲੈਂ ਤਬਿ, ਜਯੋਂ ਮਿਲਿਕੈ ਨਹਿਂ ਛੂਵਨ ਪਾਵੈਂ।
ਦੂਰ ਨ ਜਾਤਿ ਨਜੀਕ ਰਹੈਂ, ਇਮਜਾਨਤਿ 'ਮੈਂ ਗਹਿਲੇਊਂ' ਪਲਾਵੈਂ।
ਨੂਪਰ ਕਿੰਕਨੀ ਕੰਕਨ ਕੰਚਨ ਭੂਖਨ ਦੇ ਸਭਿ ਨਾਦ ਉਠਾਵੈਂ।
ਧਾਇ ਇਤੈ ਉਤ ਜਾਇਂ ਜਿਤੈ ਕਿਤ, ਤਾਂਹਿ ਗਤਾਗਤਿ ਧਾਰਿ ਭ੍ਰਮਾਵੈਂ॥੧੮॥

ਜਦ ਬੁੱਢੀ ਮਾਈ ਪਾਸ ਆਉਂਦੀ ਸੀ ਤਾਂ ਭੱਜ ਜਾਂਦੇ ਸੀ, ਜਿਵੇਂ ਉਹ ਮਿਲ ਕੇ ਛੂਹ ਨਾ ਸਕੇ। ਦੂਰ ਨਹੀਂ ਸੀ ਜਾਂਦੇ, ਨੇੜੇ ਹੀ ਰਹਿੰਦੇ ਸਨ। ਬੁੱਢੀ ਮਾਈ ਇਹ ਜਾਣਦੀ 'ਮੈਂ ਫੜ ਲਵਾਂਗੀ' ਫਿਰ ਭੱਜ ਜਾਂਦੇ ਸਨ। ਝਾਂਜਰਾਂ, ਤੜਾਗੀ, ਸੋਨੇ ਦੇ ਕੰਗਣ ਅਤੇ ਗਹਿਣੇ ਸਭ ਛਣਕ ਛਣਕ ਕੇ ਸੰਗੀਤ ਪੈਦਾ ਕਰਦੇ ਸਨ। ਏਧਰ ਓਧਰ ਭੱਜੇ ਫਿਰਦੇ ਸਨ। ਕਦੀ ਅੱਗੇ ਵੱਧ

ਜਾਂਦੇ ਸੀ, ਕਦੇ ਪਿੱਛੇ ਹੱਟ ਜਾਂਦੇ ਸੀ ਅਤੇ ਟੇਢੇ ਮੇਢੇ ਹੋ ਕੇ ਨਾ ਫੜਾਈ ਦੇਣ ਵਾਲੀ ਚਾਲ ਧਾਰਨ ਕਰਦੇ ਸਨ॥੧੮॥

'ਜਾਂਹਿ ਕਹਾਂ, ਗਹਿ ਕੈ ਤੁਝ ਕੋ ਤੁਵ ਮਾਤ ਕੇ ਪਾਸ ਮੈਂ ਦੇਉਂ ਗਹਾਈ।
ਛੂਛਕ ਦੈ ਅਪਨੇ ਕਰ ਕੀ, ਹਤਵਾਉਂ ਭਲੇ ਸਭਿ ਬਾਤ ਸੁਨਾਈ।
ਰੇ ਸੁਨ ਗੋਬਿੰਦ! ਜਾਹੁ ਅਬੈ ਟਰਿ, ਮੋਹਿ ਕੋ ਸ੍ਰੰਮ ਕਰੈਂ ਅਕੁਲਾਈ।
ਹਾਥ ਤੇ ਡਾਰਿ ਉਤਾਇਲ ਦੇਵਹੁ ਨਾਂਹਿ ਤ ਮੈਂ ਕਹਿ ਹੌਂ ਘਰ ਜਾਈ' ॥੧੯॥

ਬੁੱਢੀ ਮਾਈ ਫਿਰ ਕਹਿੰਦੀ, "ਕਿੱਥੇ ਜਾਉਗੇ, ਤੁਹਾਨੂੰ ਫੜ ਕੇ ਤੁਹਾਡੀ ਮਾਤਾ ਜੀ ਨੂੰ ਫੜਾ ਦੇਵਾਂਗੀ। ਆਪਣੇ ਹੱਥ ਵਾਲੀ ਸੋਟੀ ਦੇ ਕੇ ਚੰਗੀ ਤਰ੍ਹਾਂ ਕੁਟਾਵਾਂਗੀ ਤੇ ਉਨ੍ਹਾਂ ਨੂੰ ਸਾਰੀ ਗੱਲ ਦਸਾਂਗੀ। ਹੇ ਗੋਬਿੰਦ! ਸੁਣੋ, ਹੁਣ ਹਟ ਜਾਓ, ਮੈਨੂੰ ਥਕਾ ਕੇ ਵਿਆਕੁਲ ਕਰ ਦਿੱਤਾ ਹੈ। ਪੂਣੀਆਂ ਵਾਲੇ ਛਿੱਕੂ ਨੂੰ ਰੱਖ ਦੇਵੋ ਨਹੀਂ ਤਾਂ ਮੈਂ ਤੁਹਾਡੇ ਘਰ ਜਾ ਕੇ ਕਹਿ ਦੇਵਾਂਗੀ" ॥੧੯॥

ਤਾਂਹਿ ਖਿਝਾਇ ਭਜਾਇ ਸ੍ਰਮਾਵਹਿਂ ਫੇਰਬਖੇਰਤਿ ਸੂਤ ਰੁ ਪੂਣੀ।
ਬੀਨਤਿ ਸੋ, ਤਬਿ ਜਾਇ ਮਿਲੈਂ ਜਹਿਂ ਬਾਲਕਿ ਬ੍ਰਿੰਦਨ ਖੇਲ ਸਲੂਣੀ।
ਤੂਲ ਰੁ ਤਾਰ ਜਥਾ ਬਿਗਰੇ ਤਿਮ ਹਾਥ ਧਰੇ ਹੁਇ ਕੋਪ ਤੇ ਊਣੀ।
ਸ੍ਰੀ ਗੁਜਰੀ ਢਿਗ ਤੀਰ ਦਿਖਾਵਤਿ ਬਾਤ ਬਨਾਇ ਸੁਨਾਵਤਿ ਦੂਣੀ॥੨੦॥

ਉਸ ਬੁੱਢੀ ਮਾਈ ਨੂੰ ਖਿਝਾਉਂਦੇ ਸੀ ਤੇ ਭਜਾ ਕੇ ਥਕਾ ਦਿੰਦੇ ਸਨ ਫਿਰ ਸੂਤ ਤੇ ਪੂਣੀਆਂ ਨੂੰ ਖਿਲਾਰ ਦਿੰਦੇ ਸਨ। ਮਾਈ ਜਦ ਪੂਣੀਆਂ ਨੂੰ ਚੁਣਨ ਲੱਗਦੀ ਸੀ ਤਾਂ ਜਿੱਥੇ ਬਾਲਕ ਸੁੰਦਰ ਖੇਡਾਂ ਖੇਡ ਰਹੇ ਹੁੰਦੇ ਸੀ, ਉਨ੍ਹਾਂ ਨੂੰ ਓਥੇ ਜਾ ਮਿਲਦੇ ਸਨ। ਛਿੱਕੂ ਅਤੇ ਸੂਤ ਜਿਵੇਂ ਵਿਗੜਦਾ ਸੀ, ਉਸ ਤਰ੍ਹਾਂ ਹੀ ਉਹ ਮਾਈ ਹੱਥ ਧਰ ਕੇ ਕ੍ਰੋਧ ਨਾਲ ਆਤੁਰ ਹੋ ਜਾਂਦੀ ਸੀ। ਸ੍ਰੀ ਗੁਜਰੀ ਜੀ ਦੇ ਪਾਸ ਜਾ ਕੇ ਵਿਖਾਉਂਦੀ ਤੇ ਦੂਣੀ ਗੱਲ ਬਣਾ ਕੇ ਸੁਣਾਉਂਦੀ ਸੀ॥੨੦॥

'ਲੇਹੁ ਬਿਲੋਕ ਸੁ ਨੰਦਨ ਕੀ ਕਰਤੂਤ ਕਰੀ ਘਰ ਧੂੰਮ ਉਤਾਰੇ।
ਬੈਠਨਿ ਦੇਤਿ ਨ ਕਾਤਨ ਦੇਤਿ, ਸੁ ਲੇਤਿ ਉਠਾਇ ਬਿਨਾਂ ਹੀ ਨਿਹਾਰੇ।
ਫੈਂਕਤਿ ਦੂਰ, ਬਿਖੇਰਤਿ ਹੈ, ਤਜਿ ਦੌਰਤਿ ਹੈ, ਕੁਕਰੀ ਬਿਸਤਾਰੇ।
ਹਾਥ ਨ ਆਵਤਿ, ਮੋਹਿ ਭ੍ਰਮਾਵਤਿ, ਮੈਂ ਸ੍ਰਮ ਪਾਇ ਕਰੀ ਹੈ ਪੁਕਾਰੇ' ॥੨੧॥

"ਆਪਣੇ ਪੁੱਤਰ ਦੀ ਕਰਤੂਤ ਵੇਖ ਲਵੋ, ਮੇਰੇ ਘਰ ਵਿਚ ਊਧਮ ਮਚਾਇਆ ਹੈ। ਨਾ ਬੈਠਣ ਦਿੰਦਾ ਹੈ, ਨਾ ਕੱਤਣ ਦਿੰਦਾ ਹੈ, ਵੇਖਣ ਤੋਂ ਬਗੈਰ ਹੀ ਸੂਤ ਤੇ ਪੂਣੀਆਂ ਚੁੱਕ ਲੈਂਦਾ ਹੈ। ਦੂਰ ਸੁੱਟ ਦਿੰਦਾ ਹੈ ਤੇ ਖਿਲਾਰ ਦਿੰਦਾ ਹੈ ਤੇ ਛਲੀਆਂ ਪੂਣੀਆਂ ਖਿਲਾਰ ਕੇ ਭੱਜ ਜਾਂਦਾ ਹੈ। ਹੱਥ ਨਹੀਂ ਆਉਂਦਾ ਹੈ, ਮੈਨੂੰ ਭਰਮਾਉਂਦਾ ਹੈ, ਮੈਂ ਥੱਕ ਕੇ ਪੁਕਾਰ ਕੀਤੀ ਹੈ" ॥੨੧॥

ਸ੍ਰੀ ਗੁਜਰੀ ਸੁਨਿ ਪੁੱਤ੍ਰ ਕੀ ਬਾਰਤਾ ਚੰਚਲਤਾ ਜਿਨ ਮੈਂ ਅਧਿਕਾਈ।
ਜਾਇ ਅਕਾਵਤਿ ਸੰਝ ਸਵੇਰ ਬ੍ਰਿਧਾ ਬਿਨ ਜੋਰ ਬਡੀ ਅਕੁਲਾਈ।
ਠਾਨਿ ਕ੍ਰਿਪਾ ਧਨ ਦੀਨਿ ਕਛੂ ਸਭਿ ਚੀਰ ਸਰੀਰ ਕੇ ਦੀਨਿ ਬਨਾਈ।
'ਮੋ ਸੁਤ ਜੋ ਅਪਰਾਧ ਕਰੈ ਮਨ ਮੈਂ ਨਹਿਂ ਆਨਹੁ ਕੋਪ ਸੁ ਮਾਈ!' ॥੨੨॥

ਮਾਤਾ ਗੁਜਰੀ ਜੀ ਨੇ ਆਪਣੇ ਪੁੱਤਰ ਦੀ ਵਾਰਤਾ ਸੁਣੀ, ਜਿਨ੍ਹਾਂ ਵਿਚ ਚੰਚਲਤਾ ਬਹੁਤ ਜ਼ਿਆਦਾ ਹੈ। ਸ਼ਾਮ ਸਵੇਰੇ ਬੁੱਢੀ ਮਾਈ ਨੂੰ ਅਕਾਉਂਦਾ ਹੈ ਤੇ ਉਹ ਮਾਈ ਅਸਮਰੱਥ ਹੋਣ ਕਰਕੇ ਬੜੀ ਵਿਆਕੁਲ ਹੋਈ ਹੈ। ਮਾਤਾ ਗੁਜਰੀ ਜੀ ਨੇ ਕਿਰਪਾ ਧਾਰ ਕੇ ਉਸ ਨੂੰ ਕੁਝ ਧਨ ਦਿੱਤਾ ਤੇ ਸਰੀਰ ਦੇ ਸਾਰੇ ਕੱਪੜੇ ਬਣਾ ਦਿੱਤੇ ਤੇ ਕਹਿਣ ਲੱਗੇ, "ਹੇ ਮਾਤਾ ਜੀ! ਮੇਰਾ ਪੁੱਤਰ ਜੋ ਕੋਈ ਅਪਰਾਧ ਕਰੇ ਤਾਂ ਮਨ ਵਿਚ ਗੁੱਸਾ ਨਾ ਲਿਆਵੋ" ॥੨੨॥

'ਮੈਂ ਨ ਕਰੋਂ ਰਿਸ ਕੋ ਕਬਿ ਤਾਂ ਪਰ, ਮੋ ਗ੍ਰਿਹ ਖੇਲਨਿ ਰੋਜ ਸਿਧਾਵੈ।
ਬਾਲਿਕ ਸੰਗ ਲਿਜਾਇ ਪ੍ਰਵੇਸ਼ਹਿ ਲੇ ਵਸਤੂ ਨਿਜ ਹਾਥ ਬਗਾਵੈ।
ਗੈਲ ਪਰੋਂ ਤਬਿ ਭਾਜ ਚਲੈ, ਜਬਿ ਮੋਨ ਕਰੋਂ ਬਹੁ ਭਾਂਤਿ ਖਿਝਾਵੈ।
ਅੰਤਰ ਮੈਂ ਜਬਿ ਬਾਹਰ ਭਾਜੰਤਿ, ਬਾਹਰ ਮੈਂ ਤਬਿ ਅੰਤਰ ਧਾਵੈ॥ ੨੩॥

ਮਾਈ ਕਹਿਣ ਲੱਗੀ, "ਮੈਂ ਤਾਂ ਕਦੀ ਗੁੱਸਾ ਨਹੀਂ ਕਰਦੀ ਹਾਂ, ਮੇਰੇ ਘਰ ਰੋਜ਼ ਖੇਡਣ ਜਾਂਦਾ ਹੈ, ਹੋਰ ਬਾਲਕਾਂ ਨੂੰ ਨਾਲ ਲੈ ਕੇ ਮੇਰੇ ਘਰ ਆਉਂਦੇ ਹਨ ਤੇ ਆਪਣੇ ਹੱਥਾਂ ਨਾਲ ਚੀਜ਼ਾਂ ਫੜ ਕੇ ਦੂਰ ਸੁੱਟ ਦਿੰਦੇ ਹਨ। ਜਦ ਪਾਸ ਜਾਂਦੀ ਹਾਂ ਭੱਜ ਜਾਂਦੇ ਹਨ, ਜਦ ਚੁੱਪ ਰਹਿੰਦੀ ਹਾਂ ਤਾਂ ਬਹੁਤ ਪ੍ਰਕਾਰ ਖਿਝਾਉਂਦੇ ਹਨ। ਅੰਦਰ ਤੋਂ ਬਾਹਰ ਭੱਜ ਜਾਂਦੇ ਹਨ ਤੇ ਬਾਹਰ ਤੋਂ ਫਿਰ ਅੰਦਰ ਆਉਂਦੇ ਹਨ" ॥੨੩॥

ਦੇਖਿ ਬਿਲੋਚਨਿ ਹੋਤਿ ਹਰੋ ਮਨ, ਤੋ ਸੁਤ ਜੀਵਹੁ ਲਾਖ ਬਰੀਸਾ।
ਆਇ ਬਸੇ ਜਬਿ ਕੇ ਇਸ ਥਾਨ ਭਯੋ ਸੁਖ ਮੋ ਕਹੁ, ਓਟ ਗਿਰੀਸਾ।
ਛਾਦਨ ਭੋਜਨ ਪਾਵਤਿ ਹੌਂ ਹਰਖਾਵਤਿ ਦੇਤਿ ਬਿਸਾਲ ਅਸੀਸਾ।
ਮੋ ਉਰ ਕੋ ਪ੍ਰਿਯ ਲਾਗਤਿ ਹੈ ਮਣਿ ਜਜੋਂ ਅਵਲੋਕ ਅਸ਼ੋਕ ਅਹੀਸ਼ਾ ॥੨੪॥

ਅੱਖਾਂ ਨਾਲ ਵੇਖ ਕੇ ਮਨ ਹਰਾ ਹੋ ਜਾਂਦਾ ਹੈ, ਤੁਹਾਡਾ ਪੁੱਤਰ ਲੱਖਾਂ ਵਰ੍ਹਿਆਂ ਤਕ ਜੀਉਂਦਾ ਰਹੇ। ਜਦ ਦੇ ਇਸ ਥਾਂ ਆ ਕੇ ਵਸੇ ਹੋ, ਮੈਨੂੰ ਬਹੁਤ ਸੁਖ ਮਿਲਿਆ ਹੈ ਮਾਨੋ ਸੁਮੇਰ ਪਰਬਤ ਦੀ ਓਟ ਮਿਲੀ ਹੈ। ਵਸਤਰ ਭੋਜਨ ਪਾਉਂਦੀ ਹਾਂ ਤੇ ਮੈਂ ਪ੍ਰਸੰਨ ਹੋ ਕੇ ਵਿਸ਼ਾਲ ਅਸੀਸਾਂ ਦਿੰਦੀ ਹਾਂ। ਮੇਰੇ ਦਿਲ ਨੂੰ ਬਹੁਤ ਪਿਆਰਾ ਲੱਗਦਾ ਹੈ, ਸ਼ੇਸ਼ਨਾਗ ਜਿਵੇਂ ਮਣੀ ਨੂੰ ਵੇਖ ਕੇ ਪ੍ਰਸੰਨ ਹੁੰਦਾ ਹੈ ਉਸ ਤਰ੍ਹਾਂ ਮੈਂ ਦਰਸ਼ਨ ਕਰਕੇ ਪ੍ਰਸੰਨ ਹੁੰਦੀ ਹਾਂ॥੨੪॥

ਕੋਠਨ ਪੈ ਘਰ ਭੂਮ ਬਿਖੈ ਬਹੁ ਧੂਮ ਕਰੀ, ਚਲਿ ਆਜ ਮੈਂ ਆਈ।
ਤੋ ਸੁਤ ਹੋਇ ਸੁਚੇਤ ਗਯੋ, ਇਸ ਹੇਤੁ ਜਨਾਵਨਿ ਕੌ ਬਿਰਮਾਈ।
ਨਾਂਹਿ ਤ ਆਵਤਿ ਜਾਤਿ ਹਮੇਸ਼ ਹੀ ਮੈਂ ਬਿਗਸੈਂ ਪਿਖਿ ਕ੍ਰੀੜਨਤਾਈ।
ਆਪ ਬਸੋ ਸੁਖ ਸੋਂ, ਸੁਤ ਜੀਵਹੁ ਥੀਵਹੁ ਕਾਮਨ ਜਜੋਂ ਮਨ ਭਾਈ' ॥ ੨੫॥

ਕੋਠਿਆਂ ਤੇ, ਘਰ ਭੂਮੀ ਤੇ ਬਹੁਤ ਧੂਮ ਮਚਾਈ ਹੈ, ਮੈਂ ਅੱਜ ਚਲ ਕੇ ਆਈ ਹਾਂ। ਤੁਹਾਡਾ ਪੁੱਤਰ ਹੁਸ਼ਿਆਰ ਹੋ ਗਿਆ ਹੈ, ਇਸ ਕਰਕੇ ਖ਼ੁਸ਼ੀ ਨਾਲ ਦੱਸਣ ਆਈ ਹਾਂ, ਨਹੀਂ ਤਾਂ ਹਮੇਸ਼ਾਂ ਹੀ ਆਉਂਦੇ ਜਾਂਦੇ ਹਨ, ਮੈਂ ਉਨ੍ਹਾਂ ਦੇ ਕੌਤਕ ਵੇਖ ਕੇ ਪ੍ਰਸੰਨ ਹੁੰਦੀ ਹਾਂ। ਆਪ ਸੁਖੀ ਵਸੋ, ਪੁੱਤਰ ਜੀਵੇ ਵਧੇ ਤੇ ਮਨ-ਭਾਉਂਦੀਆਂ ਕਾਮਨਾਵਾਂ ਪੂਰੀਆਂ ਕਰੋ" ॥੨੫॥

ਸ੍ਰੀ ਗੁਜਰੀ ਕੋ ਪ੍ਰਸੰਨ ਕਿਯੋ ਇਮ, ਸੋ ਗਮਨੀ ਅਪਨੇ ਘਰ ਕੋ।
ਪੌਰ ਮੈਂ ਆਵਤਿ ਭੇਟ ਭਈ ਪੁਨਿ ਲਾਗਿ ਡਰਾਵਨਿ ਸ੍ਰੀ ਗੁਰ ਕੋ।
'ਤੋ ਜਨਨੀ ਢਿਗ ਮੈਂ ਬਰਨੀ ਜਿਮ ਧੂਮ ਕਰੀ ਤਜਿਕੈ ਡਰ ਕੋ।
ਛੂਛਕ ਮਾਰਹਿਗੀ ਅਬਿ ਜਾਹੁ ਤੂੰ, ਫੇਰ ਨਹੀਂ ਕਬਿਹੂੰ ਕਰਿਕੋ' ॥ ੨੬॥

ਇਸ ਤਰ੍ਹਾਂ ਸ੍ਰੀ ਗੁਜਰੀ ਨੂੰ ਪ੍ਰਸੰਨ ਕੀਤਾ ਤੇ ਉਹ ਮਾਈ ਆਪਣੇ ਘਰ ਨੂੰ ਚਲੀ ਗਈ, ਦਰਵਾਜ਼ੇ ਵਿਚ ਆਉਂਦਿਆਂ ਗੁਰੂ ਜੀ ਨਾਲ ਮੇਲ ਹੋ ਗਿਆ ਤੇ ਫਿਰ ਉਨ੍ਹਾਂ ਨੂੰ ਡਰਾਉਣ ਲੱਗੀ, "ਤੇਰੇ ਮਾਤਾ ਜੀ ਪਾਸ ਮੈਂ ਸਾਰੀ ਗੱਲ ਦੱਸੀ ਹੈ ਜਿਵੇਂ ਤੂੰ ਡਰ ਛੱਡ ਧੂਮ ਮਚਾਈ ਹੈ, ਹੁਣ ਤੂੰ ਘਰ ਜਾ ਤੈਨੂੰ ਸੋਟੀਆਂ ਦੀ ਮਾਰ ਮਾਰਨਗੇ, ਫਿਰ ਕਦੇ ਇਸ ਤਰ੍ਹਾਂ ਨਾ ਕਰੀਂ" ॥੨੬॥

ਦੇਖਿ ਬ੍ਰਿਧਾ ਭਜਿ ਦੂਰ ਭਏ ਨਿਜ ਧਾਮ ਮੈਂ ਜਾਇ ਪ੍ਰਵੇਸ਼ ਕਿਯੋ।
ਮਾਤ ਨੇ ਗੋਦ ਲਿਯੋ ਭਰਿ ਮੋਦ ਸਰੀਰ ਲਗੀ ਰਜੁ ਰੰਗ ਭਯੋ।
ਪੌਂਛਤਿ ਆਪਨੇ ਲੈ ਕਰ ਚੀਰ, ਜਿਸੀ ਕਹੁ ਦੀਰਘ ਭਾਗ ਥਿਯੋ।
ਨੰਦਨ ਸ੍ਰੀ ਸੁਖਕੰਦ ਬਿਲੋਕਿ ਬਿਲੰਦ ਸਨੇਹ ਅਛੇਹ ਠਯੋ॥ ੨੭॥

ਬੁੱਢੀ ਇਸਤਰੀ ਨੂੰ ਵੇਖ ਕੇ ਗੁਰੂ ਜੀ ਭੱਜ ਕੇ ਦੂਰ ਹੋ ਗਏ ਤੇ ਆਪਣੇ ਘਰ ਦੇ ਅੰਦਰ ਦਾਖਲ ਹੋ ਗਏ। ਮਾਤਾ ਜੀ ਨੇ ਉਸੇ ਵੇਲੇ ਪ੍ਰਸੰਨ ਹੋ ਕੇ ਗੋਦੀ ਵਿਚ ਚੁੱਕ ਲਿਆ ਤੇ ਸਰੀਰ ਨੂੰ ਲੱਗੀ ਧੂੜ ਸ਼ੋਭ ਰਹੀ ਸੀ। ਫਿਰ ਆਪਣੀ ਚੁੰਨੀ ਲੈ ਕੇ ਪੂੰਝਣ ਲੱਗੀ, ਜਿਸ ਦੇ ਵੱਡੇ ਭਾਗ ਹੋਏ ਸਨ। ਸੁਖਦਾਤੇ ਪੁੱਤਰ ਨੂੰ ਵੇਖ ਕੇ, ਵੱਡਾ ਸਨੇਹ ਇਕ ਰਸ ਹੋਇਆ॥੨੭॥

*ਬਾਰ੍ਹਵੀਂ ਰਾਸ ਦਾ ਉੱਨੀਵਾਂ ਅਧਿਆਇ ਸਮਾਪਤ ਹੋਇਆ॥੧੯॥*

# *ਅਧਿਆਇ ਵੀਹਵਾਂ*

### *ਬੇੜੀ ਦੀ ਸੈਰ, ਇਕ ਧਨੀ ਦੀ ਨੂੰਹ ਨੂੰ ਪੁੱਤਰਾਂ ਦਾ ਵਰ*

*ਦੋਹਰਾ-* ਖਾਨ ਪਾਨ ਕਰਿ ਸਤਿਗੁਰੂ ਸੁਠ ਪ੍ਰਯੰਕ ਪਰ ਸੈਨ।
ਸੁਖ ਸੋਂ ਸਕਲ ਬਿਤਾਇ ਕੈ ਉਠੇ ਮਿਟੀ ਜਬਿ ਰੈਨ॥ ੧॥

ਖਾ ਪੀ ਕੇ ਸਤਿਗੁਰੂ ਜੀ ਸੁੰਦਰ ਪਲੰਘ ਤੇ ਸੌਂ ਗਏ। ਸਾਰੀ ਰਾਤ ਬਤੀਤ ਹੋਣ ਤੇ ਉੱਠ ਪਏ ਜਦ ਰਾਤ ਖਤਮ ਹੋ ਗਈ॥੧॥

*ਸ੍ਵੈਯਾ-* ਸੌਚ ਸ਼ਨਾਨ ਜਥਾਵਤ ਕੀਨਸਿ ਬਾਲਿਕ ਸ਼ਾਹੁਨਿ ਕੇ ਪੁਨ ਆਏ।
ਕੈ ਮਨ ਭਾਵਤਿ ਭੋਜਨ ਕੋ ਮਿਲਿ ਆਪਸ ਮੈਂ ਸੁਭ ਖੇਲ ਮਚਾਏ।
ਏਕ ਹੁਤੋ ਸਿਸ, ਬਾਕ ਕਹਯੋ ਤਿਸ 'ਸ੍ਰੀ ਗੁਰੁ ਜੀ! ਸਲਿਤਾ ਸਮੁਦਾਏ।
ਆਪਨੇ ਧਾਮ ਕੀ ਕੀਨਿ ਤਰੀ ਅਭਿਲਾਖ ਜਥਾ ਬਿਚਰੈਂ ਸਭਿ ਥਾਂਏ॥੨॥

ਸੌਚ ਇਸ਼ਨਾਨ ਪਹਿਲਾਂ ਵਾਂਗ ਕੀਤਾ, ਫਿਰ ਅਮੀਰ ਘਰਾਂ ਦੇ ਬਾਲਕ ਗੁਰੂ ਜੀ ਨਾਲ ਖੇਡਣ ਵਾਸਤੇ ਆ ਗਏ। ਜਾਂ ਮਨ-ਭਾਉਂਦਾ ਭੋਜਨ ਕਰਕੇ ਆਪਸ ਵਿਚ ਮਿਲ ਕੇ ਸ਼ੁਭ ਖੇਡਾਂ ਖੇਡਦੇ ਸਨ। ਇਕ ਬਾਲਕ ਸੀ, ਉਸ ਨੇ ਇਹ ਗੱਲ ਕਹੀ, "ਹੇ ਸ੍ਰੀ ਗੁਰੂ ਜੀ! ਮੈਂ ਆਪਣੇ ਘਰ ਦੀ ਬੇੜੀ ਬਣਾਈ ਹੈ, ਨਦੀ ਕਿਨਾਰੇ ਜਾ ਕੇ ਇਕੱਠੇ ਹੋ ਕੇ, ਜਿਵੇਂ ਸਾਡੀ ਅਭਿਲਾਸ਼ਾ ਹੈ, ਉਸ ਤਰ੍ਹਾਂ ਹੀ ਸਾਰੇ ਥਾਵਾਂ ਦੀ ਸੈਰ ਕਰੀਏ॥੨॥

ਮੋ ਪਿਤ ਭੀ ਚਹਿ ਕੈ ਸੁ ਭਨਯੋ ਪਦ ਪੰਕਜ ਆਪਨਿ ਦੇਹੁ ਛੁਹਾਏ।
ਖੇਲ ਕਰੈਂ ਜਲ ਬੀਚ ਫਿਰੈਂ ਨਵਕਾ ਸੁ ਤਰੈਂ ਬਹੁ ਦੂਰ ਭਜਾਏ'।
ਯੌਂ ਸੁਨਿ ਕੈ ਸਭਿ ਬਾਲ ਭਨੈਂ 'ਗੁਰ ਜੀ ਚਲਿਯੇ ਇਹ ਨੀਕ ਬਤਾਏ'।
ਬੂਝਿ ਕੈ ਮਾਤ, ਕ੍ਰਿਪਾਲ ਕੋ ਸੰਗ ਲੈ, ਗੌਨ ਕਰਯੋ ਦਰਿਆਵਨ ਥਾਏ॥੩॥

ਮੇਰੇ ਪਿਤਾ ਜੀ ਨੇ ਵੀ ਚਾਹ ਕਰਕੇ ਕਿਹਾ ਹੈ ਕਿ ਆਪਣੇ ਚਰਨ ਕੰਵਲ ਬੇੜੀ ਨੂੰ ਛੁਹਾ ਦੇਵੋ, ਖੇਡਾਂ ਕਰੀਏ ਤੇ ਜਲ ਵਿਚ ਫਿਰੀਏ ਤੇ ਬੇੜੀ ਵਿਚ ਚੜ੍ਹ ਕੇ ਦੂਰ ਤਕ ਭਜਾ ਕੇ ਸੈਰ ਕਰੀਏ।" ਇਹ ਸੁਣ ਕੇ ਸਾਰੇ ਬਾਲ ਕਹਿਣ ਲੱਗੇ, "ਹੇ ਗੁਰੂ ਜੀ ! ਸਾਰੇ ਚਲੀਏ, ਇਸ ਨੇ ਬਹੁਤ ਚੰਗੀ ਗੱਲ ਦੱਸੀ ਹੈ।" ਮਾਤਾ ਜੀ ਨੂੰ ਪੁੱਛ ਕੇ ਤੇ ਮਾਮਾ ਜੀ ਕਿਰਪਾਲ ਚੰਦ ਨੂੰ ਨਾਲ ਲੈ ਕੇ ਦਰਿਆ ਵਾਲੇ ਸਥਾਨ ਵਲ ਚਲ ਪਏ॥੩॥

ਸੇਵਕ ਸੰਗ ਅਨੇਕ ਸਮੇਤ ਬਿਬੇਕ ਕੇ ਸਾਗਰ ਜਾਤਿ ਭਏ।
ਸ਼ਾਹੁ ਨੇ ਆਨਿ ਪ੍ਰਸ਼ਾਦਿ ਧਰਯੋ ਅਰਦਾਸ ਕਰੀ ਬਰਤਾਇ ਦਏ।
ਸ੍ਰੀ ਪਦ ਪੰਕਜ ਚਾਰੁ ਉਠਾਇ ਟਿਕਾਇ ਭਲੇ ਨਵਕਾ ਪੈ ਥਿਏ।
ਬੈਠਿ ਚਲਾਵਤਿ ਭੇ ਜਲ ਮੈਂ ਮੁਦ ਹੋਤਿ ਉਦੋਤਿ ਸਮੂਹ ਲਿਏ॥ ੪॥

ਅਨੇਕਾਂ ਸੇਵਕਾਂ ਨੂੰ ਨਾਲ ਲੈ ਕੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਜਾ ਰਹੇ ਸਨ। ਇਕ ਸ਼ਾਹ ਨੇ ਆ ਕੇ ਪ੍ਰਸ਼ਾਦਿ ਰਖਿਆ ਤਾਂ ਅਰਦਾਸ ਕਰਕੇ ਸਾਰਿਆਂ ਵਿਚ ਵਰਤਾ ਦਿੱਤਾ। ਸ੍ਰੀ ਗੁਰੂ ਜੀ ਨੇ ਆਪਣੇ ਚਰਨ ਕੰਵਲਾਂ ਨੂੰ ਭਲੀ ਪ੍ਰਕਾਰ ਬੇੜੀ ਦੇ ਵਿਚ ਇਸਥਿਤ ਕੀਤਾ। ਬੜੇ ਪ੍ਰਸੰਨ ਹੋ ਕੇ ਬੇੜੀ ਵਿਚ ਬੈਠ ਕੇ ਚਲਾਉਣ ਲੱਗੇ, ਸਾਰੇ ਹੀ ਬਹੁਤ ਖੁਸ਼ ਹੋ ਰਹੇ ਸਨ॥੪॥

ਤੀਰ ਤਜੇ ਤਰਨੀ ਤਰ ਕੈ ਜਲ ਮਾਂਹਿ ਚਲੀ ਗੁਰਵਾਕ ਉਚਾਰੇ।
'ਦ੍ਵੈ ਦਿਨ ਮੈਂ ਨਵਕਾ ਹਮਰੀ ਹੁਇ ਤਾਂ ਪਰ ਬੈਠਿ ਤਰੈਂ ਬਿਚ ਧਾਰੇ'।
ਸ਼ਾਹੁ ਕਹਯੋ ਕਰ ਜੋਰਿ ਤਬੈ 'ਇਹ ਆਪ ਕੀ ਹੈ ਲਿਹੁ ਸੰਝ ਸਕਾਰੇ'।
ਸ੍ਰਯਕੈ ਔਰ ਪ੍ਰਸੰਗ ਚਲਾਇ ਹੈ, ਜਾਤਿ ਤਰੀ ਜਲ ਜਾਲ ਮਝਾਰੇ॥ ੫॥

ਬੇੜੀ ਕਿਨਾਰਾ ਛੱਡ ਕੇ ਜਲ ਵਿਚ ਪ੍ਰਵੇਸ਼ ਕਰ ਗਈ ਤੇ ਗੁਰੂ ਜੀ ਨੇ ਉਚਾਰਨ ਕਰਕੇ ਬਚਨ ਕੀਤਾ, "ਦੋ ਦਿਨ ਵਿਚ ਇਹ ਬੇੜੀ ਸਾਡੀ ਹੋ ਜਾਵੇਗੀ ਤਾਂ ਇਸ ਤੇ ਬੈਠ ਕੇ ਜਲ ਦੀਆਂ ਧਾਰਾਂ ਵਿਚ ਤਰਿਆ ਕਰਾਂਗੇ।" ਬੇੜੀ ਦੇ ਮਾਲਕ ਸ਼ਾਹ ਨੇ ਫਿਰ ਹੱਥ ਜੋੜ ਕੇ ਕਿਹਾ, "ਇਹ ਤੁਹਾਡੀ ਹੀ ਹੈ ਇਸ ਨੂੰ ਸ਼ਾਮ ਸਵੇਰ ਜਦ ਜੀ ਚਾਹੇ ਲੈ ਲਵੋ।" ਗੁਰੂ ਜੀ ਨੇ ਸੁਣਕੇ ਹੋਰ ਪ੍ਰਸੰਗ ਚਲਾ ਦਿੱਤਾ, ਬੇੜੀ ਡੂੰਘੇ ਪਾਣੀ ਵਿਚ ਚਲੀ ਜਾ ਰਹੀ ਸੀ॥੫॥

*ਸੋਰਠਾ-* ਤਰੀ ਤਰੀ ਸੰਗ ਔਰ, ਤਰਾਤਰੀ ਤਰਿ, ਤਰਿ ਉਤਰਿ।
ਨਰ ਬਰ ਸੁਰ ਸਿਰਮੌਰ ਬਾਰਿ ਬਾਰਿ ਬਰ ਬਾਰਿ ਬਾਰਿ॥ ੬॥

ਹੋਰ ਬੇੜੀਆਂ ਦੇ ਨਾਲ ਗੁਰੂ ਜੀ ਦੀ ਬੇੜੀ ਵੀ ਤਰਦੀ ਹੋਈ ਦੌੜੀ, ਤੇਜ਼ ਦੌੜ ਕੇ ਸਭ ਦੇ ਅੱਗੇ ਹੋ ਕੇ ਕਿਨਾਰੇ ਤੇ ਜਾ ਲੱਗੀ, ਉਥੇ ਸਭ ਹੇਠਾਂ ਉਤਾਰੇ। ਮਨੁੱਖਾਂ ਵਿਚ ਸ੍ਰੇਸ਼ਟ ਤੇ ਦੇਵਤਿਆਂ ਵਿਚ ਸਿਰਮੌਰ, ਭਾਵ ਗੁਰੂ ਜੀ ਬਾਰ-ਬਾਰ ਪਾਣੀ ਵਿਚ ਪ੍ਰਵੇਸ ਕਰਕੇ ਬਾਰ-ਬਾਰ ਪਾਣੀ ਦੇ ਛਿੱਟੇ ਮਾਰ ਕੇ ਹੋਰਨਾਂ ਨੂੰ ਉਤਰਨ ਤੋਂ ਰੋਕਣ ਲੱਗੇ॥੬॥

*ਸੈਯਾ-* ਖੇਲਤਿ ਹੈਂ ਜਲ ਕੋ ਛਿਰਕਾਵਤਿ ਛੀਂਟਨਿ ਤੇ ਛੁਕਰਾਨਿ ਲਗਾਵੈਂ।
ਏਕ ਪਲਾਇ ਚਲੈ ਇਕ ਸਾਮੁਹਿ, ਏਕ ਭਿਰੈ ਅਖੀਆਂਨਿ ਮੁੰਦਾਵੈਂ।
ਜੋਰ ਤੇ ਫੈਂਕਤਿ ਹੈਂ ਕਰ ਸੌਂ, ਇਕ ਹਾਥਨਿ ਸੌਂ ਕਰਿ ਓਟ ਬਚਾਵੈਂ।
ਪ੍ਰੇਰਤਿ ਹੈਂ ਬਹੁ ਹੇਰਤਿ ਹੈਂ ਮੁਖ ਫੇਰਤਿ ਹੈਂ ਉਮਗੈਂ ਬਿਗਸਾਵੈਂ॥ ੭॥

ਖੇਡਦੇ ਹੋਏ ਜਲ ਨੂੰ ਛਿੜਕਾਉਂਦੇ ਸਨ ਤੇ ਪਾਣੀ ਦੇ ਛਿਟਿਆਂ ਨਾਲ ਛੋਕਰਿਆਂ ਨੂੰ ਲਗਾਉਂਦੇ ਸਨ। ਇਕ ਭੱਜ ਜਾਂਦਾ ਸੀ ਤੇ ਇਕ ਸਾਹਮਣੇ ਆ ਜਾਂਦਾ ਸੀ, ਕਈ ਭਿੜ ਕੇ ਅੱਖਾਂ ਬੰਦ ਕਰ ਲੈਂਦੇ ਸਨ। ਹੱਥਾਂ ਨਾਲ ਬਹੁਤ ਜ਼ੋਰ ਨਾਲ ਸੁੱਟਦੇ ਸਨ ਕਈ ਹੱਥਾਂ ਦੀ ਓਟ ਕਰਕੇ ਆਪਣੇ ਆਪ ਨੂੰ ਬਚਾਉਂਦੇ ਸਨ। ਪ੍ਰੇਰਦੇ ਹਨ, ਬਹੁਤ ਵੇਖਦੇ ਹਨ, ਮੁਖ ਫੇਰਦੇ ਹਨ ਤੇ ਬੜਾ ਉਤਸ਼ਾਹ ਕਰਕੇ ਪ੍ਰਸੰਨ ਹੁੰਦੇ ਹਨ॥੭॥

ਦੇਤਿ ਦਿਲੇਰ ਦੁਹੂੰ ਦਿਸ਼ਿ ਦੌਰਤਿ, ਬੋਰਤਿ ਬਾਰਿ ਤੇ ਬਾਰਿਕ ਸਾਰੇ।
ਮੇਚਕ ਕੇਸ ਮ੍ਰਿਦੂਬਿਥਰੇ ਮੁਖ ਪੈ ਉਪਮਾ ਕਵਿ ਯੌਂ ਮਨ ਧਾਰੇ।
ਪੰਕਜ ਪੈ ਗਨ ਪੰਨਗ ਛੌਨਨਿ ਹੈ ਲਪਟੇ ਹਿਤ ਅੰਮ੍ਰਿਤ ਕਾਰੇ।
ਹੋਇ ਹਲਾ, ਜਲ ਡਾਰਤਿ ਹੈਂ ਤਬਿ ਹਾਥਨਿ ਕੇ ਕਰਿਕੈ ਪਿਚਕਾਰੇ॥ ੮॥

ਦਲੇਰੀ ਦੇ ਕੇ ਦੋਵੀਂ ਪਾਸੀਂ ਦੌੜਦੇ ਹਨ ਤੇ ਸਾਰੇ ਬਾਲਕਾਂ ਨੂੰ ਪਾਣੀ ਨਾਲ ਭਿਉਂਦੇ ਹਨ। ਕਾਲੇ ਕੇਸ ਖਿਲਰ ਕੇ ਮੂੰਹ ਤੇ ਪਏ ਹਨ, ਕਵੀ ਇਨ੍ਹਾਂ ਦੀ ਉਪਮਾ ਇਸ ਤਰ੍ਹਾਂ ਮਨ ਵਿਚ ਧਾਰਦਾ ਹੈ, ਮਾਨੋ ਕਾਲੇ ਸੱਪਾਂ ਦੇ ਬੱਚੇ ਅੰਮ੍ਰਿਤ ਦੇ ਵਾਸਤੇ ਕੰਵਲ ਸਰੂਪ ਮੁਖ ਤੇ ਲਿਪਟੇ ਹੋਏ ਹਨ। ਹੱਲਾ ਕਰਕੇ ਫਿਰ ਪਾਣੀ ਪਾਉਂਦੇ ਹਨ ਤਦ ਹੱਥਾਂ ਦੀਆਂ ਪਿਚਕਾਰੀਆਂ ਬਣਾ ਲੈਂਦੇ ਹਨ॥੮॥

ਕੌਤਕ ਭਾਂਤਿ ਅਨੇਕਨਿ ਕੋ ਕਰਿ ਬ੍ਰਿੰਦ ਅਨੰਦ ਭਰੇ ਲਰਕਾ।
ਮੰਜੁਲ ਅੰਜੁਲ ਕੋ ਜਲ ਸੋਂ ਭਰਿ ਉੱਜਲ ਜਾਲ ਸੁਰੰਸਰਿ ਕਾ।
ਮੱਜਨ ਕੀਨਿ ਲਿਏ ਪਟ ਊਪਰ, ਫੇਰ ਚਲੇ ਮਗ ਜੋ ਘਰ ਕਾ।
ਬੋਲਤਿ ਬਾਲ ਬਿਲੋਕਤਿ ਡੋਲਤਿ ਬੀਚ ਸਰੂਪ ਸੁਭੈ ਹਰਿਕਾ॥ ੯॥

ਅਨੇਕਾਂ ਪ੍ਰਕਾਰ ਦੇ ਕੌਤਕ ਕਰਕੇ ਸਾਰੇ ਲੜਕੇ ਬਹੁਤ ਅਨੰਦ ਨਾਲ ਭਰ ਗਏ। ਜਲ ਦੇ ਬੁੱਕ ਭਰਦੇ ਸਨ, ਗੰਗਾ ਨਦੀ ਦਾ ਜਲ ਬੜਾ ਉੱਜਲ ਹੈ। ਇਸ਼ਨਾਨ ਕਰਕੇ ਕੱਪੜੇ ਪਹਿਨ ਲਏ ਫਿਰ ਘਰ ਦੇ ਰਾਹੇ ਰਾਹ ਚਲ ਪਏ। ਬਾਲਕ ਬੋਲਦੇ ਸਨ ਤੇ ਵੇਖ ਕੇ ਡੋਲਦੇ ਸਨ, ਉਨ੍ਹਾਂ ਦੇ ਵਿਚ ਗੁਰੂ ਜੀ ਦਾ ਹਰੀ ਸਰੂਪ ਸ਼ੋਭ ਰਿਹਾ ਸੀ॥੯॥

ਯੌਂ ਬਹੁ ਭਾਂਤਿ ਬਿਲਾਸਤਿ ਕੋ ਦਿਨ, ਏਕ ਸਮੈ ਮਿਲਿ ਕੈ ਤਰੁਨੀ।
ਆਵਤਿ ਭੀ ਗਨ ਅੰਬਰ ਸੈਂ, ਘਨ ਅੰਬਰ ਮੈਂ ਤੜਿਤਾ ਬਰਨੀ।
ਸੁੰਦਰ ਮੰਦਿਰ ਸ੍ਰੀ ਗੁਰ ਕੇ ਬਰ ਅੰਦਰ ਆਂਖ ਮਨੋ ਹਰਨੀ।
ਮਾਤ ਪੈ ਜਾਤਿ ਭਈ ਹਰਖਾਤਿ ਸੁ ਟੇਕਤਿ ਮਾਥ ਧਨੀ ਘਰਨੀ॥ ੧੦॥

ਇਸ ਤਰ੍ਹਾਂ ਦਿਨ ਨੂੰ ਬਹੁਤ ਪ੍ਰਕਾਰ ਹਾਸ ਵਿਲਾਸ ਕਰਦੇ ਹਨ। ਇਕ ਦਿਨ ਇਸਤਰੀਆਂ ਮਿਲ ਕੇ ਇਕੱਠੀਆਂ ਹੋ ਕੇ ਬੜੇ ਚਮਕੀਲੇ ਸੁੰਦਰ ਕੱਪੜੇ ਪਹਿਣ ਕੇ ਆਈਆਂ। ਉਨ੍ਹਾਂ ਦੇ ਕੱਪੜਿਆਂ ਦੀ ਚਮਕ ਦਮਕ ਨੂੰ ਵੇਖ ਕੇ ਇੰਝ ਲੱਗਦਾ ਸੀ ਮਾਨੋ ਅਕਾਸ਼ ਦੇ ਬੱਦਲਾਂ ਵਿਚ ਬਿਜਲੀਆਂ ਚਮਕੀਆਂ ਹੋਣ। ਉਹ ਇਸਤਰੀਆਂ ਆ ਕੇ ਗੁਰੂ ਜੀ ਦੇ ਸੁੰਦਰ ਘਰ ਵਿਚ ਪ੍ਰਵੇਸ਼ ਕਰ ਗਈਆਂ, ਉਨ੍ਹਾਂ ਦੇ ਨੈਣ ਹਿਰਨੀਆਂ ਵਰਗੇ ਸਨ। ਉਨ੍ਹਾਂ ਸ਼ਾਹਾਂ ਦੀਆਂ ਇਸਤਰੀਆਂ ਨੇ ਮਾਤਾ ਜੀ ਪਾਸ ਜਾ ਕੇ ਪਵਿੱਤਰ ਚਰਨਾਂ 'ਤੇ ਮੱਥਾ ਟੇਕਿਆ॥੧੦॥

ਸ੍ਰੀ ਗੁਜਰੀ ਢਿਗ ਹ੍ਵੈ ਪਰਵਾਰਤਿ ਚਾਰੁ ਉਪਾਇਨ ਬ੍ਰਿੰਦ ਚਢਾਈ।
ਆਇਸੁ ਪਾਇ ਕੈ ਬੈਠਿ ਗਈ ਗੁਰ ਕੀ ਗਨ ਕੀਰਤਿ ਭਾਖਿ ਸੁਨਾਈ।
'ਹੈਂ ਹਮ ਸੇਵਕ, ਭਾਉ ਧਰੈ ਨਿਤ, ਆਸ ਕਰੇ ਉਰ ਬਾਂਛਿਤ ਪਾਈ।
ਪਾਵਨ ਪਾਵਨਿ ਕੋ ਸਿਮਰੈਂ ਹਮ, ਦੀਨ ਦੁਨੀ ਮਹਿਂ ਜਾਨਿ ਸਹਾਈ'॥ ੧੧॥

ਸ੍ਰੀ ਗੁਜਰੀ ਦੇ ਚਾਰ-ਚੁਫੇਰੇ ਘੇਰਾ ਪਾ ਕੇ ਉਨ੍ਹਾਂ ਦੇ ਅੱਗੇ ਬਹੁਤ ਸੁੰਦਰ ਉਪਹਾਰ ਚੜ੍ਹਾਏ। ਫਿਰ ਆਗਿਆ ਪਾ ਕੇ ਬੈਠ ਗਈਆਂ ਤੇ ਬਹੁਤ ਕੀਰਤੀ ਕਹਿ ਕੇ ਸੁਣਾਈ, "ਅਸੀਂ ਤੁਹਾਡੇ ਸੇਵਕ ਹਾਂ, ਨਿਤ ਪ੍ਰੇਮ ਧਾਰਨ ਕਰਦੇ ਹਾਂ। ਜੋ ਵੀ ਆਸ ਕਰਦੇ ਹਾਂ ਤੇ ਦਿਲ ਵਿਚ ਚਾਹੁੰਦੇ ਹਾਂ, ਉਹ ਪ੍ਰਾਪਤ ਕਰ ਲੈਂਦੇ ਹਾਂ। ਪਵਿੱਤਰ ਚਰਨ ਕੰਵਲਾਂ ਦਾ ਅਸੀਂ ਸਿਮਰਨ ਕਰਦੇ ਹਾਂ, ਲੋਕ ਪਰਲੋਕ ਵਿਚ ਜਿਹੜੇ ਸਹਾਇਕ ਬਣਦੇ ਹਨ"॥੧੧॥

ਏਕ ਬਡੋ ਧਨਵਾਨ ਹੁਤੋ ਤਿਸ ਸ਼ਾਹੁ ਕੀ ਨਾਰਿ ਬਧੂ ਨਿਜ ਲਜਾਈ।
ਸੰਗ ਸੁਤਾ ਅਰੁ ਔਰ ਹਿਤੂ ਜਨ ਬ੍ਰਿੰਦ ਦਿਰਾਨਿ ਜਿਠਾਨਿ ਮਿਲਾਈ।
ਸਾਥ ਸ਼ਰੀਕਨਿ ਲੈ ਸਗਰੀ ਗੁਰੁ ਤੇ ਨਿਜ ਪੌਤ੍ਰ ਕੋ ਲੇਵਨਿ ਆਈ।
ਭਾਂਤਿ ਅਨੇਕਨਿ ਕੇ ਪਕਵਾਨ ਸੁਧਾ ਸਮ ਸ੍ਵਾਦਿਤ ਆਨਨ ਪਾਈ॥ ੧੨ ॥

ਇਕ ਵੱਡਾ ਧਨਵਾਨ ਆਦਮੀ ਸੀ, ਉਸ ਸ਼ਾਹ ਦੀ ਪਤਨੀ ਆਪਣੀ ਨੂੰਹ ਨੂੰ ਲੈ ਕੇ ਆਈ। ਨਾਲ ਲੜਕੀ ਸੀ ਅਤੇ ਹੋਰ ਹਿਤੂ ਲੋਕ ਸਨ ਤੇ ਬਹੁਤ ਦਰਾਣੀਆਂ ਜਠਾਣੀਆਂ ਨਾਲ ਸਨ। ਨਾਲ ਬਹੁਤ ਸ਼ਰੀਕਣਾਂ ਵੀ ਸਨ, ਸਾਰੀਆਂ ਗੁਰੂ ਜੀ ਪਾਸੋਂ ਆਪਣੇ ਪੋਤਰੇ ਨੂੰ ਲੈਣ ਵਾਸਤੇ ਆਈਆਂ ਤੇ ਨਾਲ ਅਨੇਕਾਂ ਪਕਵਾਨ ਲਿਆਂਦੇ, ਜਿਨ੍ਹਾਂ ਦੇ ਮੂੰਹ ਵਿਚ ਪਾਉਣ ਨਾਲ ਅੰਮ੍ਰਿਤ ਵਰਗਾ ਸਵਾਦ ਆਵੇ॥੧੨॥

ਸ੍ਰੀ ਗੁਜਰੀ ਨਿਜ ਸੇਵਕ ਭੇਜਿ ਕੈ ਖੇਲਤਿ ਆਪਨੇ ਪਾਸ ਬੁਲਾਏ।
ਬਾਲਿਕ ਸ਼ਾਹੁਨਿ ਕੇ ਸੰਗ ਲੇ ਸਮ ਗੋਬਿੰਦ ਕੇ ਗੁਰ ਗੋਬਿੰਦ ਆਏ।
ਅੰਕ ਬਿਹੀਨ ਮਯੰਕ ਬਨਯੋ ਮੁਖ, ਮਾਤ ਕੇ ਅੰਕ ਮੈਂ ਬੈਠਿ ਸੁਹਾਏ।
ਜਯੋਂ ਅਦਿਤੀ ਕਰਿ ਪ੍ਰੇਮ ਮਹਾਂ ਸੁਤ ਬਾਵਨ ਕੋ ਦੁਲਰਾਇ ਬਿਠਾਏ॥ ੧੩ ॥

ਸ੍ਰੀ ਗੁਜਰੀ ਜੀ ਨੇ ਆਪਣੇ ਸੇਵਕਾਂ ਨੂੰ ਭੇਜ ਕੇ ਖੇਡ ਰਹੇ ਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ। ਧਨੀਆਂ ਦੇ ਬਾਲਕਾਂ ਨੂੰ ਲੈ ਕੇ ਕ੍ਰਿਸ਼ਨ ਜੀ ਵਾਂਗ ਗੁਰੂ ਗੋਬਿੰਦ ਸਿੰਘ ਜੀ ਆ ਗਏ। ਮੁਖੜਾ ਕਾਲਖ ਰਹਿਤ ਚੰਦਰਮਾ ਬਣਿਆ ਸੀ ਤੇ ਮਾਤਾ ਜੀ ਦੀ ਗੋਦੀ ਵਿਚ ਬੈਠ ਕੇ ਸ਼ੋਭ ਰਹੇ ਸਨ। ਜਿਵੇਂ ਮਾਤਾ ਅਦਿਤੀ ਜੀ ਆਪਣੇ ਬਾਵਨ ਅਵਤਾਰ ਪੁੱਤਰ ਨੂੰ ਗੋਦੀ ਵਿਚ ਲੈ ਕੇ ਬੈਠੇ ਦੁਲਾਰ ਰਹੇ ਹੋਣ॥੧੩॥

ਹੇਰਤਿ ਹੀ ਤਤਕਾਲ ਤ੍ਰਿਯਾ ਗਨ ਸਾਥ ਅਦਾਬ ਕੇ ਹਾਥਨਿ ਬੰਦੇ।
ਮਾਨ ਮਹਾਂ ਮਹਿਮਾਂ ਗੁਰ ਕੀ, ਪਦ ਪੰਕਜ ਸੀਸ ਨਿਵਾਇ ਸੁ ਬੰਦੇ।
ਲੋਚਨ ਲਾਭ ਬਿਲੋਕਤਿ ਰੂਪ ਜਿਸੀ ਪ੍ਰਭੁ ਕੇ ਸਭਿ ਹੈਂ ਨਰ ਬੰਦੇ।
ਪੋਖਤਿ ਹੈ ਜਲ ਮੈਂ ਥਲ ਮੈਂ ਰੁਜਗਾਰ ਕੋ ਦੇਤਿ, ਕਰੈ ਨਹਿਂ ਬੰਦੇ॥ ੧੪ ॥

ਵੇਖਦਿਆਂ ਹੀ ਸਾਰੀਆਂ ਇਸਤਰੀਆਂ ਨੇ ਤੁਰਤ ਆਦਰ ਦੇ ਨਾਲ ਹੱਥ ਜੋੜੇ। ਜਿਵੇਂ ਗੁਰੂ ਜੀ ਦੀ ਮਹਾਨ ਮਹਿਮਾ ਅਤੇ ਮਾਨ ਹੈ, ਉਸ ਨੂੰ ਸਮਝ ਕੇ ਮਾਤਾ ਜੀ ਦੇ ਚਰਨ ਕੰਵਲਾਂ ਤੇ ਸੀਸ ਨਿਵਾ ਕੇ ਬੰਦਨਾ ਕੀਤੀ। ਆਪਣੇ ਨੈਣਾਂ ਦੇ ਲਾਭ ਵਾਸਤੇ ਪ੍ਰਭੂ ਦੇ ਸਰੂਪ ਵੇਖਦੀਆਂ ਸਨ, ਜਿਸ ਪ੍ਰਭੂ ਦੇ ਸਾਰੇ ਮਨੁੱਖ ਦਾਸ ਹਨ। ਜਿਸ ਨੂੰ ਜਲ ਵਿਚ ਥਲ ਵਿਚ ਲੱਭਦੇ ਹਨ, ਸਭ ਨੂੰ ਰੁਜ਼ਗਾਰ ਦਿੰਦੇ ਹਨ, ਬੰਦ ਨਹੀਂ ਕਰਦੇ॥੧੪॥

'ਸ਼ਾਹੁ ਮਹਾਂ ਧਨਵਾਵਨਿ ਕੀ ਇਹੁ ਨਾਰਿ ਅਹੈਂ ਸੁਤ! ਤੇਰੀ ਹੈ ਸੰਗਤਿ।
ਭਾਉ ਕਰੈਂ ਗੁਰੁ ਕੇ ਸਿਖ ਏ ਸਭਿ ਧਾਰਿ ਰਿਦੇ ਅਨੁਰਾਗ ਉਮੰਗਤਿ।
ਆਨ ਕੀ ਸੇਵ ਨ ਠਾਨਤਿ ਹੈਂ ਮਨ ਕਾਮਨ ਕੋ ਤੁਮ ਤੇ ਨਿਤ ਮੰਗਤਿ।
ਆਨਿ ਉਪਾਇਨ ਕੋ ਅਰਪੈਂ ਜਸੁ ਗਾਵਤਿ ਹੈਂ ਅਪਨੀ ਬਿਚ ਪੰਗਤਿ' ॥ ੧੫ ॥

"ਹੇ ਪੁੱਤਰ! ਇਹ ਮਹਾਨ ਧਨਵਾਨ ਸ਼ਾਹਾਂ ਦੀਆਂ ਇਸਤਰੀਆਂ ਤੇਰੀ ਸੰਗਤ ਹਨ, ਇਹ ਗੁਰੂ ਜੀ ਦੇ ਸਿੱਖ ਹਿਰਦੇ ਵਿਚ ਪ੍ਰੇਮ ਅਤੇ ਉਮਾਹ ਧਾਰ ਕੇ ਬਹੁਤ ਪ੍ਰੇਮ ਕਰਦੇ ਹਨ। ਹੋਰ ਕਿਸੇ ਦੀ ਇਹ ਸੇਵਾ ਨਹੀਂ ਕਰਦੇ ਹਨ, ਆਪਣੇ ਮਨ ਦੀਆਂ ਕਾਮਨਾਵਾਂ ਸਦਾ ਤੁਹਾਥੋਂ ਮੰਗਦੇ ਹਨ। ਇਹ ਆ ਕੇ ਉਪਹਾਰ ਅਰਪਣ ਕਰਦੇ ਹਨ ਤੇ ਆਪਣੇ ਸਾਥੀਆਂ ਵਿਚ ਬੈਠ ਕੇ ਸਾਡਾ ਜੱਸ ਗਾਉਂਦੇ ਹਨ" ॥੧੫॥

ਯੌਂ ਰੁਖ਼ ਮਾਤ ਕੋ ਜਾਨਿ ਤ੍ਰਿਯਾ ਅਨੁਕੂਲ ਸੁ ਆਪਨੇ ਹੈ ਮਨ ਭਾਈ।
ਦ੍ਵੈ ਕਰ ਜੋਰਿ ਕਰੀ ਬਿਨਤੀ 'ਸ਼ਰਨਾਗਤਿ ਆਪ ਕੀ ਏ ਸਭਿ ਆਈ'।
ਆਗੈ ਬਿਠਾਇ ਬਧੂ ਕੋ ਕਹ੍ਯੋ 'ਉਪਜੈ ਇਸ ਕੇ ਸੁਤ ਦੇਹੁ ਅਲਾਈ।
ਭਾਗ ਮਹਾਂ ਅਰੁ ਸੁੰਦਰ ਰੂਪ ਸੁਜਾਨ ਬਡੋ ਜਗ ਲੇ ਬਡਿਆਈ ॥ ੧੬ ॥

ਇਸ ਤਰ੍ਹਾਂ ਇਸਤਰੀਆਂ ਮਾਤਾ ਜੀ ਦਾ ਆਪਣੇ ਅਨੁਕੂਲ ਰੁਖ ਵੇਖ ਕੇ ਕਿ ਸਾਡੇ ਮਨ-ਭਾਉਂਦੀ ਗੱਲ ਕਰ ਰਹੇ ਹਨ ਤਾਂ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਇਹ ਸਾਰੀਆਂ ਆਪ ਜੀ ਦੀ ਸ਼ਰਨ ਆਈਆਂ ਹਨ।" ਫਿਰ ਨੂੰਹ ਨੂੰ ਸਾਹਮਣੇ ਬਿਠਾ ਕੇ ਕਿਹਾ, "ਇਸ ਦੇ ਘਰ ਪੁੱਤਰ ਪੈਦਾ ਹੋਵੇ, ਇਹ ਕਹਿ ਦੇਵੋ, ਵੱਡੇ ਭਾਗਾਂ ਵਾਲਾ ਹੋਵੇ, ਸੁੰਦਰ ਸਰੂਪ ਹੋਵੇ, ਵੱਡਾ ਚਤੁਰ ਹੋਵੇ ਤੇ ਜਗ ਵਿਚ ਵਡਿਆਈ ਲਵੇ" ॥੧੬॥

ਯੌਂ ਤ੍ਰਿਯ ਭਾਖਤਿ, ਖ਼ਯਾਲ ਕਰੈਂ ਨਹਿਂ, ਬਾਲਿਕ ਸੰਗ ਹੀ ਬਾਕ ਬਖਾਨੈਂ।
ਹੇਰਤਿ ਟਾਰਤਿ ਢੀਠ ਪਨੋ ਪੁਨ ਚੰਚਲਤਾ ਇਤ ਹੀ ਉਤ ਠਾਨੈਂ।
ਬਾਰਿ ਹੀ ਬਾਰਿ ਸਮੂਹ ਸੁ ਨਾਰਿ ਉਚਾਰਤਿ ਹੈਂ ਬਿਨਤੀ ਹਿਤਵਾਨੈ।
'ਬਾਕ ਕਹੋ ਗੁਰ ਜੀ! ਇਸ ਕੋ ਉਰ ਪੂਰਨ ਆਸ ਕਰੋ, ਸਭਿ ਜਾਨੈਂ ॥ ੧੭ ॥

ਇਸ ਤਰ੍ਹਾਂ ਇਸਤਰੀਆਂ ਗੱਲਾਂ ਕਰਦੀਆਂ ਸਨ, ਇਹ ਖਿਆਲ ਨਹੀਂ ਸਨ ਕਰਦੀਆਂ ਕਿ ਉਹ ਇਕ ਬਾਲਕ ਨਾਲ ਗੱਲਾਂ ਕਰ ਰਹੀਆਂ ਸਨ। ਢੀਠਪੁਣਾ ਵੇਖ ਕੇ ਟਾਲਦੇ ਹਨ, ਫਿਰ ਏਧਰ ਓਧਰ ਹੋਕੇ ਚੰਚਲਤਾ ਧਾਰਨ ਕਰਦੇ ਹਨ। ਬਾਰ-ਬਾਰ ਉਹ ਸਮੂਹ ਇਸਤਰੀਆਂ ਆਪਣੇ ਹਿੱਤ ਵਾਲੀ ਬੇਨਤੀ ਉਚਾਰਨ ਕਰਦੀਆਂ ਹਨ, "ਹੇ ਗੁਰੂ ਜੀ! ਬਚਨ ਕਹੋ, ਇਸ ਦੇ ਹਿਰਦੇ ਦੀ ਆਸ ਪੂਰੀ ਕਰੋ, ਸਭ ਜਾਣਦੇ ਹਨ ॥੧੭॥

ਸ਼ਾਹੁ ਬਡੇ ਧਨਵਾਨਨਿ ਕੀ ਦੁਹਿਤਾ ਰੁ ਬਧੂ ਇਹ, ਸਿੱਖਯ ਤੁਮਾਰੇ।
ਸੰਤਤਿ ਚਾਹਤਿਹੈ ਸਭਿ ਹੀ ਪਖ ਨੈਹਰ ਸਾਸੁਰ ਜੋ ਪਰਵਾਰੇ।
ਆਪ ਕੇ ਪਾਸ ਕਰੈਂ ਅਰਦਾਸ, ਨਹੀਂ ਅਬਿ ਆਨ ਰਹ੍ਯੋ ਉਪਚਾਰੇ।
ਦਾਰਿਦ ਜੇ ਸਭਿ ਹੀ ਵਸਤੂਨਿ ਕੇ ਰਾਵਰ ਬਾਕ ਉਦਾਰੁ ਬਿਦਾਰੇ' ॥ ੧੮ ॥

ਬਹੁਤ ਵੱਡੇ ਧਨਵਾਨ ਸ਼ਾਹ ਦੀ ਨੂੰਹ ਤੇ ਧੀ ਹੈ, ਇਹ ਸਾਰੇ ਤੁਹਾਡੇ ਸਿੱਖ ਹਨ। ਸਾਰੇ ਸੰਤਾਨ ਚਾਹੁੰਦੇ ਹਨ, ਜਿਹੜੇ ਮਾਪਿਆਂ ਅਤੇ ਸਹੁਰਿਆਂ ਦੇ ਪਰਿਵਾਰ ਹਨ। ਆਪ ਜੀ ਦੇ ਪਾਸ ਅਰਦਾਸ ਕਰਦੇ ਹਨ, ਹੁਣ ਕੋਈ ਹੋਰ ਉਪਚਾਰ ਨਹੀਂ ਰਿਹਾ ਹੈ। ਆਪ ਜੀ ਦੇ ਉਦਾਰ ਬਚਨ ਸਭ ਵਸਤਾਂ ਦੇ ਦਲਿਦਰ ਦੂਰ ਕਰ ਦਿੰਦੇ ਹਨ" ॥੧੮॥

ਯੌਂ ਬਹੁਬਾਰਿ ਸੁ ਨਾਰਨਿ ਤੇ ਸੁਨਿ ਸ੍ਰੀ ਗੁਰ ਕੀਨਿ ਉਚਾਰਨ ਕੋ।
'ਹ੍ਵੈ ਸੁਤਿ, ਕੈ ਨਹਿਂ ਇਸੈ, ਹਮ ਜਾਨਹਿਂ ਕ੍ਯਾ ਇਨ ਕਾਰਨ ਕੋ।
ਆਪਨੇ ਭਾਗਨਿ ਕੋ ਭੁਗਤੈਂ ਜਗ ਜੀਵ ਅਨੇਕ ਪ੍ਰਕਾਰਨ ਕੋ'।
ਮੋਨ ਕਰੀ ਪੁਨ ਖ਼ਯਾਲ ਟਲਾਇ ਛਪਾਇ ਚਹੈਂ ਬਿਵਹਾਰਨ ਕੋ ॥ ੧੯ ॥

ਇਸ ਤਰ੍ਹਾਂ ਬਹੁਤ ਵਾਰ ਇਸਤਰੀਆਂ ਤੋਂ ਸੁਣ ਕੇ ਗੁਰੂ ਜੀ ਨੇ ਉਚਾਰਨ ਕੀਤਾ, "ਇਸ ਦੇ ਘਰ ਪੁੱਤ ਹੋਵੇਗਾ ਕਿ ਨਹੀਂ, ਅਸੀਂ ਇਸ ਕਾਰਨ ਨੂੰ ਕੀ ਜਾਣਦੇ ਹਾਂ, ਜਗਤ ਦੇ ਸਾਰੇ ਜੀਵ ਅਨੇਕ ਪ੍ਰਕਾਰ ਆਪਣੇ ਭਾਗਾਂ ਨੂੰ ਭੋਗਦੇ ਹਨ।" ਚੁੱਪ ਹੋ ਗਏ ਫਿਰ ਖਿਆਲ ਟਾਲ ਦਿੱਤਾ, ਇਸ ਵਿਵਹਾਰ ਨੂੰ ਛੁਪਾਉਣਾ ਚਾਹੁੰਦੇ ਹਨ ॥੧੯॥

ਬ੍ਰਿੰਦ ਤ੍ਰਿਯਾ ਧਨਵਾਨਨਿ ਕੀ ਮਨ ਜਾਨਿ ਬਿਨੈ ਬਹੁ ਠਾਨਤਿ ਹੈਂ।
ਮਾਤ ਸਮੀਪ ਮਹਾਂ ਹੁਇ ਦੀਨ ਦੁਊ ਕਰ ਬੰਦਿ ਬਖਾਨਤਿ ਹੈਂ।
'ਆਪ ਕ੍ਰਿਪਾ ਕਰਕੇ ਸਭਿ ਰੀਤਿ ਕਹਾਵਹੁ ਜੋ ਹਮ ਮਾਨਤਿ ਹੈਂ।
ਤਾਤ ਕੇ ਪਾਸ ਤੇ ਆਸ ਪੁਰਾਵਹੁ ਦਾਸਨ ਭਾਉ ਪਛਾਨਤਿ ਹੈਂ' ॥ ੨੦॥

ਧਨਵਾਨਾਂ ਦੀਆਂ ਬਹੁਤ ਇਸਤਰੀਆਂ, ਮਨ ਵਿਚ ਜਾਣ ਕੇ ਬਹੁਤ ਬੇਨਤੀਆਂ ਕਰਦੀਆਂ ਹਨ। ਮਾਤਾ ਜੀ ਦੇ ਪਾਸ ਬਹੁਤ ਦੀਨ ਹੁੰਦੀਆਂ ਹਨ, ਦੋਵੇਂ ਹੱਥ ਜੋੜ ਕੇ ਬੇਨਤੀ ਕਰਦੀਆਂ ਹਨ 'ਆਪ ਕਿਰਪਾ ਕਰਕੇ ਸਭ ਰੀਤੀਆਂ ਨਾਲ ਉਨ੍ਹਾਂ ਪਾਸੋਂ ਕਹਾਵੋ, ਉਹ ਅਸੀਂ ਮੰਨਦੀਆਂ ਹਾਂ ਆਪਣੇ ਪੁੱਤਰ ਪਾਸੋਂ ਸਾਡੀਆਂ ਆਸਾਂ ਪੂਰੀਆਂ ਕਰਾਵੋ ਉਹ ਆਪਣੇ ਸੇਵਕਾਂ ਦਾ ਪ੍ਰੇਮ ਪਛਾਣਦੇ ਹਨ' ॥੨੦॥

ਯੌਂ ਹਠ ਨਾਰਨਿ ਕੋ ਮਨ ਜਾਨਿ ਕੈ ਪੈ ਅਨਕੂਲ ਸੁ ਮਾਤ ਪਛਾਨੀ।
ਬੋਲਤਿ ਭੇ ਤਬਿ ਬਾਕ ਉਤਾਇਲ 'ਜੇ ਤੁਮ ਕਾਮਨਾ ਯੌਂ ਮਨ ਠਾਨੀ।
ਤੌ ਸੁਨਿ ਲੇਹੁ ਸਭੈ ਤਰੁਨੀ ਇਨ ਕੇ ਤਰਨੀ ਇਕ ਚਾਰੁ ਮਹਾਨੀ।
ਸੋ ਹਮਕੋ ਅਰਪੋ ਕਹਿ ਕੈ, ਸੁਤ ਹੋਵਨਿ ਕੀ ਭਨਿਹੌਂ ਪੁਨ ਬਾਨੀ' ॥ ੨੧॥

ਇਸ ਤਰ੍ਹਾਂ ਇਸਤਰੀਆਂ ਦੇ ਹਠ ਨੂੰ ਮਨ ਵਿਚ ਜਾਣ ਕੇ ਮਾਤਾ ਜੀ ਨੂੰ ਫਿਰ ਉਨ੍ਹਾਂ ਇਸਤਰੀਆਂ ਦੇ ਅਨੁਕੂਲ ਜਾਣਿਆ, ਫਿਰ ਬੜੇ ਉਤਾਵਲੇ ਹੋ ਕੇ ਬਚਨ ਬੋਲੇ, "ਜੇ ਤੁਸੀਂ ਕਾਮਨਾ ਇੰਝ ਮਨ ਵਿਚ ਧਾਰਨ ਕੀਤੀ ਹੈ ਤਾਂ ਸਾਰੀਆਂ ਇਹ ਸੁਣ ਲਵੋ, ਇਨ੍ਹਾਂ ਪਾਸ ਇਕ ਸੁੰਦਰ ਬੇੜੀ ਹੈ, ਉਹ ਸਾਨੂੰ ਦੇ ਦੇਵੋ, ਉਹ ਸਾਨੂੰ ਕਹਿ ਕੇ ਅਰਪਣ ਕਰੋ, ਪੁੱਤਰ ਹੋਣ ਦੇ ਫਿਰ ਮੈਂ ਬਚਨ ਕਰਾਂਗਾ" ॥੨੧॥

ਸ੍ਰੀ ਗੁਰ ਬਾਲਿਕ ਰੂਪ ਮੁਖਾਂਬੁਜ ਸੁੰਦਰ ਤੇ ਸੁਨਿ ਸੁੰਦਰ ਬਾਨੀ।
ਏਕ ਹੀ ਬਾਰਿ ਹਸੀ ਸਭਿ ਸੁੰਦਰਿ 'ਆਛੀ ਕਹੋ ਤੁਮ ਆਛੀ ਬਖਾਨੀ।
ਜੋ ਨਵਕਾ ਇਨ ਕੇ ਅਤਿ ਉੱਤਮ, ਸੋ ਲਿਹੁ ਆਪ ਪਿਖੋ ਮੁਦ ਮਾਨੀ।
ਰਾਵਰ ਕੇ ਸਭਿ ਦੀਨੇ ਪਦਾਰਥ ਹੋਹਿਂ ਸਕਾਰਥ ਯੌ ਹਮ ਜਾਨੀ॥ ੨੨॥

ਸ੍ਰੀ ਗੁਰੂ ਜੀ ਬਾਲਕ ਰੂਪੀ ਸੁੰਦਰ ਮੁਖਾਰਬਿੰਦ ਤੋਂ ਇਹ ਸੁੰਦਰ ਬਚਨ ਸੁਣ ਕੇ, ਇਕ ਹੀ ਵਾਰ ਸਭ ਸੁੰਦਰ ਇਸਤਰੀਆਂ ਹੱਸ ਪਈਆਂ, "ਚੰਗਾ ਕਿਹਾ ਹੈ, ਤੁਸੀਂ ਚੰਗੀ ਗੱਲ ਕੀਤੀ ਹੈ। ਜਿਹੜੀ ਇਨ੍ਹਾਂ ਦੇ ਪਾਸ ਅਤਿ ਉੱਤਮ ਬੇੜੀ ਹੈ, ਉਹ ਆਪ ਪ੍ਰਸੰਨ ਹੋ ਕੇ ਲੈ ਲਵੋ, ਆਪ ਜੀ ਨੂੰ ਦਿੱਤੇ ਸਾਰੇ ਪਦਾਰਥ ਸਕਾਰਥ ਹੁੰਦੇ ਹਨ, ਇਹ ਗੱਲ ਅਸੀਂ ਚੰਗੀ ਤਰ੍ਹਾਂ ਜਾਣੀ ਹੈ॥੨੨॥

ਸ੍ਰੀ ਜਨਨੀ ਤੁਮ ਜਾਮਨ ਹੋਵਹੁ ਜੋ ਲਗਿ ਦੇਤਿ ਨਹੀਂ ਤਰਨੀ।
ਸੋ ਹਮ ਨੇ ਅਰਪੀ ਮਨ ਤੇ, ਬਰ ਦੇਹੁ ਅਬੈ ਸੁਤ ਹ੍ਵੈ ਤਰੁਨੀ।
ਸਿੱਖਜਨਿ ਕੇ ਅਵਿਲੰਬ ਦੁਲੋਕ, ਪਿਖੈਂ ਨਹਿਂ ਆਦਿਕ ਬੈਤਰਨੀ।
ਧੰਨ ਗੁਰੂ ਤੁਮ ਜਾਂ ਉਪਦੇਸ਼ਤਿ ਭੌਜਲ ਤੇ ਸੁ ਤਰੈ ਤਰਨੀ॥ ੨੩॥

ਸ੍ਰੀ ਮਾਤਾ ਜੀ ਤੁਸੀਂ ਜਾਮਨ ਹੋਵੋ, ਜਦ ਤਕ ਬੇੜੀ ਨਹੀਂ ਦਿੰਦੇ ਹਾਂ, ਉਸ ਨੂੰ ਅਸੀਂ ਮਨ ਤੋਂ ਅਰਪਣ ਕੀਤਾ ਹੈ, ਤੁਸੀਂ ਹੁਣ ਇਸ ਇਸਤਰੀ ਨੂੰ ਵਰ ਦੇਵੋ। ਤੁਸੀਂ ਸਿੱਖਾਂ ਦੇ ਦੋਵਾਂ ਲੋਕਾਂ ਵਿਚ ਆਸਰਾ ਹੋ, ਹੁਣ ਅਸੀਂ ਨਰਕਾਂ ਦੇ ਰਾਹ ਵਿਚ ਵਹਿਣ ਵਾਲੀਆਂ ਵੈਤਰਨ ਆਦਿ ਨਦੀਆਂ ਨੂੰ ਨਾ ਵੇਖੀਏ ਭਾਵ ਨਰਕਾਂ ਦੇ ਰਾਹ ਹੁਣ ਨਾ ਜਾਈਏ, ਧੰਨ ਤੁਸੀਂ ਗੁਰੂ ਜੀ ਹੋ, ਜਿਸ ਨੂੰ ਉਪਦੇਸ਼ ਦਿੰਦੇ ਹੋ, ਉਹ ਭਗਤੀ ਰੂਪੀ ਬੇੜੀ ਲੈ ਕੇ ਤਰ ਕੇ ਭਵਜਲ ਪਾਰ ਕਰ ਜਾਂਦਾ ਹੈ॥੨੩॥

ਸੁੰਦਰ ਹਾਥ ਛਰੀ ਪਤਰੀ ਸੁਨਿ ਕੈ ਸਭਿ ਰੀਤਨਿ ਕੀ ਬਿਨਤੀ।
ਸ੍ਰੀ ਗੁਰ ਊਚੇ ਉਚਾਇ ਭੁਜਾ ਨਿਜ ਲਾਵਤਿ ਭੇ ਕਰਿ ਕੈ ਗਿਨਤੀ।
ਪੰਚ ਪ੍ਰਹਾਰ ਕਰੇ ਤਿਸ ਕੇ ਸਿਰ, ਬਾਕ ਕਹੇ ਸਗਰੀ ਸੁਨਤੀ।
'ਏਕ ਦੁ ਤੀਨ ਰੁ ਚਾਰੁ ਸੁ ਪੰਚਹਿ ਹੋਹਿੰਗੇ ਪੂਤ' ਖੁਸ਼ੀ ਤਿਨ ਤੀ॥ ੨੪॥

ਸਭ ਤਰ੍ਹਾਂ ਦੀਆਂ ਬੇਨਤੀਆਂ ਸੁਣ ਕੇ ਗੁਰੂ ਜੀ ਨੇ ਆਪਣੇ ਸੁੰਦਰ ਹੱਥ ਵਿਚ ਇਕ ਪਤਲੀ ਸੋਟੀ ਫੜ ਲਈ ਤੇ ਗੁਰੂ ਜੀ ਨੇ ਆਪਣੀ ਬਾਂਹ ਉੱਚੀ ਕਰਕੇ ਤੇ ਆਪ ਗਿਣਤੀਆਂ ਕਰਕੇ ਸੋਟੀਆਂ ਲਾਉਣ ਲੱਗੇ। ਪੰਜ ਵਾਰ ਉਸ ਇਸਤਰੀ ਦੇ ਸਿਰ ਤੇ ਹੌਲੀ-ਹੌਲੀ ਸੋਟੀਆਂ ਮਾਰੀਆਂ ਤੇ ਸੁੰਦਰ ਬਚਨ ਕੀਤੇ ਜਿਸ ਨੂੰ ਸਾਰੀਆਂ ਇਸਤਰੀਆਂ ਸੁਣ ਰਹੀਆਂ ਸਨ। "ਇਕ, ਦੋ, ਤਿੰਨ, ਚਾਰ, ਸ੍ਰੇਸ਼ਟ ਪੰਜ ਪੁੱਤਰ ਹੋਣਗੇ" ਇਹ ਸੁਣ ਕੇ ਉਨ੍ਹਾਂ ਇਸਤਰੀਆਂ ਨੂੰ ਬਹੁਤ ਖੁਸ਼ੀ ਹੋਈ॥੨੪॥

*ਕਬਿੱਤ*-ਸੋਢਿ ਬੰਸ ਚੰਦ ਕ ਸੁ ਬਾਕ ਹੋਨਿ ਨੰਦ ਕੇ, ਦਿਵੱਯਾਜੇ ਅਨੰਦਕੇ, ਸੁਨੇ ਸੁਬ੍ਰਿੰਦ ਭਾਮਨੀ।
ਬਾਲ ਮਾਰਤੰਡ ਕੀ ਰਸ਼ਮ ਜਜੋਂ ਪ੍ਰਕਾਸ਼ ਕਰੈਂ ਬਦਨ ਸਰੋਜ ਬਿਕਸਾਏ ਗਜਗਾਮਨੀ।
ਹੱਸ ਹੱਸ ਪਰੈਂ ਕਰ ਜੋਰੈਂ ਭਾਉ ਧਰੈਂ ਉਰ ਅਧਿਕ ਪ੍ਰਸੰਨਤਾ ਉਪਾਵੈਂ ਸਭਿ ਕਾਮਨੀ।
ਜਾਨੈਂ ਲਘੁ ਬੈਸ ਮੈਂ ਪ੍ਰਭਾਉ ਹੈ ਬਿਸ਼ੇਸ਼ ਅਤਿ ਬਾਰਿ ਬਾਰਿ ਬੰਦਨਾ ਕਰਤਿ ਦੁਤਿ ਦਾਮਨੀ॥੨੫॥

ਸੋਢੀ ਵੰਸ਼ ਦੇ ਚੰਦ ਵਲੋਂ, ਪੁੱਤਰਾਂ ਦੇ ਪੈਦਾ ਹੋਣ ਬਾਰੇ ਅਨੰਦ ਭਰੇ ਬਚਨ ਇਸਤਰੀਆਂ ਨੇ ਸੁਣੇ। ਸਵੇਰ ਦੇ ਸੂਰਜ ਦੀ ਕਿਰਨ ਜਿਵੇਂ ਪ੍ਰਕਾਸ਼ ਕਰਦੀ ਹੈ ਤਾਂ ਸਾਰੀਆਂ ਇਸਤਰੀਆਂ ਦੇ ਕੰਵਲ ਰੂਪੀ ਮੁਖ ਉਸ ਤਰ੍ਹਾਂ ਖਿੜਾ ਦਿੱਤੇ। ਸਭ ਇਸਤਰੀਆਂ ਹੱਸ ਹੱਸ ਕੇ ਪ੍ਰਸੰਨ ਹੋ ਰਹੀਆਂ ਸਨ, ਹੱਥ ਜੋੜ ਕੇ ਪ੍ਰੇਮ ਧਾਰਨ ਕਰਦੀਆਂ ਸਨ ਤੇ ਹਿਰਦੇ ਵਿਚ ਬਹੁਤ ਪ੍ਰਸੰਨਤਾ ਪ੍ਰਾਪਤ ਕਰਦੀਆਂ ਸਨ। ਜਾਣਦੀਆਂ ਸਨ ਕਿ ਛੋਟੀ ਉਮਰ ਵਿਚ ਹੀ ਅਤਿ ਵਿਸ਼ੇਸ਼ ਪ੍ਰਭਾਵ ਹੈ। ਬਿਜਲੀ ਵਰਗੀ ਸ਼ੋਭਾ ਵਾਲੀਆਂ ਇਸਤਰੀਆਂ ਬਾਰ-ਬਾਰ ਬੰਦਨਾ ਕਰਦੀਆਂ ਸਨ॥੨੫॥

ਅਨਿਕ ਪ੍ਰਕਾਰ ਕੀ ਪ੍ਰਸੰਸ਼ਾ ਕੋ ਪ੍ਰਕਾਸ਼ ਕਰਿ ਪ੍ਰਮੁਦਾ ਪ੍ਰਮੋਦ ਪਾਇ ਗਮਨੀ ਨਿਕੇਤ ਕੋ।
ਸਗਰੋ ਪ੍ਰਸੰਗ ਕਹਿ ਅਪਨੇ ਭਤਾਰ ਢਿਗ 'ਦੀਜੈ ਜਾਇ ਨੌਕਾ ਕਰਿ ਪੂਰਨ ਸੰਕੇਤ ਕੌ'।
ਸੁਨਿ ਕੈ ਪ੍ਰਸੰਨ ਸ਼ਾਹੁ ਕਹੈ 'ਗੁਰੂ ਧੰਨ ਧੰਨ' ਆਯੋ ਉਤਲਾਵਤਿ ਬਿਲੋਕਜੋ ਸੁਖ ਹੇਤ ਕੋ।
'ਸੁੰਦਰ ਬਰਨ ਕੀ ਹੈ ਕਾਰਨ ਤਰਨਿ ਆਪ ਤਰਨੀ ਸੁ ਲੇਹੁ, ਦੇਤਿ ਸਦਾ ਭਵ ਸੇਤੁ ਕੋ' ॥੨੬॥

ਅਨੇਕ ਪ੍ਰਕਾਰ ਦੀ ਪ੍ਰਸੰਸਾ ਦਾ ਪ੍ਰਕਾਸ਼ ਕਰਕੇ ਤੇ ਬਹੁਤ ਪ੍ਰਸੰਨਤਾ ਪ੍ਰਾਪਤ ਕਰਕੇ ਸਾਰੀਆਂ ਆਪਣੇ ਘਰਾਂ ਨੂੰ ਚਲੇ ਗਈਆਂ, ਸਾਰਾ ਹੀ ਪ੍ਰਸੰਗ ਜਾ ਕੇ ਆਪਣੇ ਪਤੀ ਦੇ ਨਾਲ ਕਿਹਾ, "ਜਾ ਕੇ ਬੇੜੀ ਨੂੰ ਦੇਵੋ ਤੇ ਇਕਰਾਰ ਨੂੰ ਪੂਰਾ ਕਰੋ।" ਇਹ ਸੁਣ ਕੇ ਸ਼ਾਹ ਨੇ ਪ੍ਰਸੰਨ ਹੋ ਕੇ ਕਿਹਾ, "ਧੰਨ ਗੁਰੂ ਜੀ ਹਨ" ਫਿਰ ਉਹ ਬੜਾ ਉਤਾਵਲਾ ਹੋ ਕੇ ਗੁਰੂ ਘਰ ਆਇਆ ਤੇ ਗੁਰੂ ਜੀ ਨੂੰ ਵੇਖਿਆ ਤੇ ਕਿਹਾ, "ਆਪ ਜੀ ਦੇ ਤਰਨ ਵਾਸਤੇ ਇਕ ਸੁਹਣੇ ਰੰਗ ਦੀ ਬੇੜੀ ਹੈ, ਆਪ ਜੀ ਉਹ ਲੈ ਲਵੋ, ਆਪ ਤਾਂ ਲੋਕਾਂ ਨੂੰ ਸੰਸਾਰ ਸਾਗਰ ਤੋਂ ਤਰਨ ਵਾਸਤੇ ਪੁਲ ਦਿੰਦੇ ਹੋ" ॥੨੬॥

*ਦੋਹਰਾ*- ਨਮੋ ਠਾਨਿ ਨਵਕਾ ਦਈ ਸ਼ਾਹੁ ਗਯੋ ਹਰਖਾਇ।
ਸਮੈ ਪਾਇ ਤਿਸਕੈ ਸਦਨ ਪੁੱਤ੍ਰ ਭਏ ਸੁਖਦਾਇ॥ ੨੭॥

ਨਮਸਕਾਰ ਕਰਕੇ ਬੇੜੀ ਦਿੱਤੀ ਤੇ ਸ਼ਾਹ ਪ੍ਰਸੰਨ ਹੋ ਕੇ ਚਲਾ ਗਿਆ। ਸਮਾਂ ਪਾ ਕੇ ਉਸ ਦੇ ਘਰ ਸੁਖਦਾਇਕ ਪੰਜ ਪੁੱਤਰ ਪੈਦਾ ਹੋਏ॥੨੭॥

*ਚੌਪਈ*- ਇਮ ਸ੍ਰੀ ਗੁਰ ਕੋ ਸੁਜਸੁ ਅਪਾਰਾ। ਕਹਤਿ ਸੁਨਤਿ ਪੁਰਿ ਬਹੁ ਬਿਸਤਾਰਾ।
ਸਿੱਖਜ ਅਨੇਕ ਹੋਹਿੰ ਮਨ ਨੀਵੇਂ। ਕਰਹਿੰ ਕਾਮਨਾਂ ਪੂਰਨ ਥੀਵੇਂ॥੨੮॥

Sri Satguru Jagjit Singh Ji eLlibrary NamdhariElibrary@gmail.com

ਇਸ ਤਰ੍ਹਾਂ ਸ੍ਰੀ ਗੁਰੂ ਜੀ ਦਾ ਅਪਾਰ ਜੱਸ, ਨਗਰ ਵਿਚ ਕਹਿੰਦੇ ਸੁਣਦੇ ਸਨ ਤੇ ਸ੍ਰੇਸ਼ਟ ਜੱਸ ਸਾਰੇ ਫੈਲ ਗਿਆ। ਅਨੇਕਾਂ ਸਿੱਖ ਮਨ ਵਿਚ ਦੀਨ ਹੋ ਕੇ ਕਾਮਨਾਵਾਂ ਕਰਦੇ ਸਨ, ਜਿਹੜੀਆਂ ਪੂਰਨ ਹੁੰਦੀਆਂ ਸਨ॥੨੮॥

**ਨਿਤ ਸਤਿਗੁਰ ਸੁਰਸਰਿ ਕੇ ਮਾਂਹੀ। ਚਢਿ ਨਵਕਾ ਪਰ ਕ੍ਰੀੜਹਿਂ ਤਾਂਹੀ।**
**ਜਲ ਗੰਭੀਰ ਮਹਿਂ ਮਹਾਂ ਭ੍ਰਮਾਵੈਂ। ਇਤ ਤੇ ਉਤ ਉਤ ਤੇ ਇਤ ਆਵੈਂ॥੨੯॥**

ਸਤਿਗੁਰੂ ਜੀ ਨਿਤ ਗੰਗਾ ਨਦੀ ਦੇ ਵਿਚ, ਬੇੜੀ ਵਿਚ ਚੜ੍ਹ ਕੇ ਖੇਡਾਂ ਖੇਡਦੇ ਸਨ। ਬਹੁਤ ਡੂੰਘੇ ਪਾਣੀ ਵਿਚ ਬੇੜੀ ਨੂੰ ਭਰਮਾਉਂਦੇ ਸਨ, ਇਸ ਪਾਸੇ ਤੋਂ ਉਸ ਪਾਸੇ ਤੇ ਉਸ ਪਾਸੇ ਤੋਂ ਇਸ ਪਾਸੇ ਆਉਂਦੇ ਜਾਂਦੇ ਰਹਿੰਦੇ ਸਨ॥੨੯॥

**ਸ਼ਾਹੁਨਿ ਕੇ ਸਪੂਤ ਗਨ ਸੰਗਾ। ਖੇਲਹਿਂ ਬਿਗਸਹਿਂ ਅਧਿਕ ਉਮੰਗਾ।**
**ਜਲ ਕ੍ਰੀੜਾ ਕੋ ਕਰਹਿਂ ਬਿਸਾਲਾ। ਲਘੁ ਸਰੂਪ ਸਤਿਗੁਰੂ ਕ੍ਰਿਪਾਲਾ॥ ੩੦॥**

ਧਨੀਆਂ ਦੇ ਬਹੁਤ ਪੁੱਤਰਾਂ ਨਾਲ ਮਿਲ ਕੇ ਖੇਡਦੇ ਸਨ ਤੇ ਬੜੇ ਉਤਸ਼ਾਹ ਨਾਲ ਪ੍ਰਸੰਨ ਹੁੰਦੇ ਸਨ। ਬਹੁਤ ਜਲ ਦੀਆਂ ਖੇਡਾਂ ਖੇਡਦੇ ਸਨ, ਬੇਸ਼ਕ ਕਿਰਪਾਲੂ ਸਤਿਗੁਰੂ ਜੀ ਦਾ ਹਾਲੇ ਸਰੂਪ ਬਹੁਤ ਛੋਟਾ ਸੀ॥੩੦॥

**ਕਿਤਿਕ ਦਿਵਸ ਇਸ ਭਾਂਤਿ ਬਿਤਾਏ। ਪੁਰਿ ਪਟਣੇ ਮਹਿਂ ਜਸੁ ਉਪਜਾਏ।**
**ਦਾਸ ਭਾਵਨਾ ਕਰਹਿਂ ਅਨੇਕ। ਪੂਰਹਿਂ ਸਤਿਗੁਰ ਜਲਧਿ ਬਿਬੇਕ॥ ੩੧॥**

ਕਈ ਦਿਨ ਇਸ ਪ੍ਰਕਾਰ ਬਤੀਤ ਕੀਤੇ ਤੇ ਪਟਨੇ ਸ਼ਹਿਰ ਵਿਚ ਬਹੁਤ ਜੱਸ ਪ੍ਰਗਟ ਹੋਇਆ। ਸੇਵਕ ਅਨੇਕ ਭਾਵਨਾਵਾਂ ਕਰਦੇ ਸਨ ਤੇ ਗਿਆਨ ਦੇ ਸਾਗਰ ਭਾਵ ਸਤਿਗੁਰੂ ਜੀ ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ॥੩੧॥

*ਬਾਰ੍ਹਵੀਂ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥*

## ਅਧਿਆਇ ਇੱਕੀਵਾਂ

*ਹਾਕਮ ਨੂੰ ਖਿਝਾਉਣਾ, ਗੁਲੇਲ ਅਭਿਆਸ*

**ਦੋਹਰਾ- ਬਾਲਕ ਬਯ ਮਹਿਂ ਬਰ ਬਹੁਤ ਦੀਨੇ ਗੁਰੂ ਕ੍ਰਿਪਾਲ।**
**ਮਨ ਬਾਂਛਤਿ ਕੋ ਲਹਤਿ ਹੈਂ ਜੋ ਸ਼ਰਧਾਲੂ ਬਿਸਾਲੁ॥ ੧॥**

ਕਿਰਪਾਲੂ ਗੁਰੂ ਜੀ ਨੇ ਬਾਲਕ ਉਮਰ ਵਿਚ ਹੀ ਬਹੁਤ ਵਰ ਦਿੱਤੇ। ਜਿਹੜੇ ਵਿਸ਼ਾਲ ਸ਼ਰਧਾਲੂ ਸਨ, ਉਹ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ॥੧॥

**ਸੈਯਾ- ਜੇ ਸ਼ਰਨਾਗਤਿ ਕੇ ਪ੍ਰਤਿਪਾਲਕ, ਭੌਜਲ ਤਾਰਨਿ ਕੋ ਪਦ ਪੋਤਾ।**
**ਬਾਕ ਬਲੀ ਸ਼ਿਕਰੇ ਸਮ ਜੋ ਹੁਇ ਦੋਸ਼ ਨਸੈਂ ਸਮੁਦਾਇ ਕਪੋਤਾ।**
**ਸੇਵਕ ਕੇ ਪ੍ਰਿਯ ਦੇਵਨਦੇਵ ਅਭੇਵ ਸਦਾ ਗੁਨ ਗਯਾਨ ਕੋ ਪੋਤਾ।**
**ਸੋ ਅਬਿ ਜ਼ਾਹਰ ਰੂਪ ਅਨੂਪ ਭਯੋ ਗੁਰ ਸ੍ਰੀ ਹਰਿ ਗੋਵਿੰਦ ਪੋਤਾ॥ ੨॥**

ਸ਼ਰਨ ਆਇਆਂ ਦੀ ਪ੍ਰਤਿਪਾਲਣਾ ਕਰਦੇ ਹਨ ਤੇ ਭਵਜਲ ਨੂੰ ਤਾਰਨ ਵਾਸਤੇ ਉਨ੍ਹਾਂ ਦੇ ਚਰਨ ਜਹਾਜ਼ ਸਮਾਨ ਹਨ। ਉਨ੍ਹਾਂ ਦੇ ਬਚਨ ਬਾਜ਼ਾਂ ਵਾਂਗ ਬਲਵਾਨ ਹਨ ਤੇ ਦੁਖਾਂ ਦੇ ਸਮੂਹ ਕਬੂਤਰਾਂ ਵਾਂਗ ਉੱਡ ਜਾਂਦੇ ਹਨ। ਦੇਵਤਿਆਂ ਦੇ ਦੇਵਤਾ

ਆਪਣੇ ਸੇਵਕਾਂ ਵਾਸਤੇ ਬਹੁਤ ਪਿਆਰੇ ਹਨ ਤੇ ਗੁਣ ਗਿਆਨ ਦੇ ਖਜ਼ਾਨੇ ਸਦਾ ਅਭੇਦ ਰਹਿੰਦੇ ਹਨ। ਜਿਹੜਾ ਹੁਣ ਜ਼ਾਹਰ ਰੂਪ ਅਨੂਪਮ ਤੌਰ ਤੇ ਪ੍ਰਗਟ ਹੋਇਆ ਹੈ, ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਹਨ॥੨॥

*ਕਬਿੱਤ*-ਘਰ ਕੇ ਸ਼ਿਖਰ ਇਤ ਉਤ ਮੈਂ ਬਿਹਰ ਕਰਿ ਖੇਲੈਂ ਸੰਗ ਬਾਲਿਕਨਿ ਗੁਰੂ ਏਕ ਕਾਲ ਮੈਂ।
ਫਾਂਧਤਿ ਪਲਾਵਤਿ ਛੁਹਾਵਤਿ ਨ ਗਾਤ ਹਾਥ ਸਾਥ ਸਾਥ ਧਾਵਤਿ ਭ੍ਰਮਾਵਤਿ ਸੁ ਢਾਲ ਮੈਂ।
ਅਨਿਕ ਬਿਲਾਸ ਕੌਂ ਬਿਲਾਸਤਿ ਹੈਂ ਆਸ ਪਾਸ, ਭੂਖਨ ਸ਼ਬਦ ਕੋ ਉਠਾਵਤਿ ਬਿਸਾਲ ਮੈਂ।
ਰਾਤੇ ਖੇਲ ਖਯਾਲ ਮੈਂ, ਬਿਰਾਜੈਂ ਬਾਲ ਜਾਲ ਮੈਂ, ਪ੍ਰਕਾਸ਼ੈਂ ਉਡਮਾਲ ਮੈਂ ਜਥੋਂ ਚੰਦ ਚਾਰੁ ਚਾਲ ਮੈਂ॥੩॥

ਘਰ ਦੇ ਵਿਚ ਇਧਰ ਉਧਰ ਫਿਰ ਕੇ ਗੁਰੂ ਜੀ ਬਾਲਕਾਂ ਨਾਲ ਇਕ ਸਮੇਂ ਖੇਡਦੇ ਹਨ। ਛਾਲਾਂ ਮਾਰਦੇ ਭੱਜੇ ਫਿਰਦੇ ਹਨ, ਆਪਣੇ ਸਰੀਰ ਨੂੰ ਕਿਸੇ ਦਾ ਹੱਥ ਨਹੀਂ ਲੱਗਣ ਦਿੰਦੇ ਤੇ ਢਾਲ ਦੀ ਤਰ੍ਹਾਂ ਘੇਰਾ ਪਾ ਕੇ ਦੌੜਦੇ ਹਨ। ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਹਨ ਤੇ ਆਸ-ਪਾਸ ਪਹਿਨੇ ਹੋਏ ਗਹਿਣਿਆਂ ਦੇ ਖੜਕਣ ਦੀ ਬਹੁਤ ਆਵਾਜ਼ ਹੁੰਦੀ ਹੈ। ਖੇਡ ਦੇ ਖਿਆਲ ਵਿਚ ਲੱਗੇ ਹੋਏ ਹਨ, ਬਹੁਤ ਬਾਲਕ ਉਨ੍ਹਾਂ ਨਾਲ ਬਿਰਾਜਦੇ ਹਨ। ਜਿਵੇਂ ਸੁਹਣਾ ਚੰਦ ਚਾਲੇ ਪਿਆ ਹੋਇਆ ਤਾਰਿਆਂ ਦੀ ਪੰਗਤੀ ਵਿਚ ਪ੍ਰਕਾਸ਼ਦਾ ਹੈ॥੩॥

*ਸ੍ਵੈਯਾ*- ਪਟਣੇਂ ਪੁਰਿ ਮੈਂ ਇਕ ਆਮਲ ਥੋ ਤੁਰਕੇਸ਼ ਦਿਲੀਸੁਰ ਨੈ ਤਹਿਂ ਛੋਰਾ।
ਚਢਿ ਕੁੰਜਰ ਪੈ ਤਿਸ ਬੀਥਕਾ ਆਵਤਿ ਭੂਰ ਗ਼ਰੂਰ ਸੌਂ ਦੀਰਘ ਜੋਰਾ।
ਸਮੁਦਾਇ ਢਲੈਤ ਚਲੈਂ ਅਗੁਵਾ ਸਭਿ ਲੋਕ ਨਿਵੈਂ ਪਿਖਤੇ ਕਰ ਜੋਰਾ।
ਗਜ ਘੰਟਨਿ ਕੀ ਧੁਨਿ ਕੋ ਸੁਨਿ ਕੈ ਤਜਿ ਖੇਲ ਬਿਲੋਕਤਿ ਭੇ ਤਿਸ ਓਰਾ॥੪॥

ਪਟਨੇ ਨਗਰ ਵਿਚ ਇਕ ਹਾਕਮ ਸੀ, ਜਿਸ ਨੂੰ ਦਿੱਲੀ ਦੇ ਤੁਰਕ ਬਾਦਸ਼ਾਹ ਨੇ ਛੱਡਿਆ ਹੋਇਆ ਸੀ। ਉਹ ਹਾਥੀ ਉੱਤੇ ਚੜ੍ਹ ਕੇ ਉਸ ਗਲੀ ਵਿਚ ਆਉਂਦਾ ਸੀ, ਵੱਡਾ ਸ਼ਕਤੀਸ਼ਾਲੀ ਹੋਣ ਕਰਕੇ ਉਹ ਬਹੁਤ ਹੰਕਾਰ ਕਰਦਾ ਸੀ। ਸੂਰਮਿਆਂ ਦਾ ਇਕ ਸਮੂਹ ਉਸ ਦੇ ਹਾਥੀ ਦੇ ਅੱਗੇ ਅੱਗੇ ਚਲਦਾ ਸੀ ਤੇ ਸਾਰੇ ਲੋਕ ਉਸ ਨੂੰ ਵੇਖ ਕੇ ਹੱਥ ਜੋੜ ਕੇ ਸਿਰ ਨਿਵਾਉਂਦੇ ਸਨ। ਹਾਥੀ ਦੀਆਂ ਘੰਟੀਆਂ ਦੀ ਆਵਾਜ਼ ਸੁਣ ਕੇ, ਖੇਡ ਨੂੰ ਵਿਚੇ ਛੱਡ ਕੇ ਬਾਲਕ ਉਸ ਪਾਸੇ ਵਲ ਵੇਖਣ ਲੱਗ ਜਾਂਦੇ ਸਨ॥੪॥

ਕੋਠਨ ਪੈ ਥਿਤ ਬਾਲ ਬਿਲੋਕਤਿ ਬੀਥਕਾ ਮੈਂ ਚਲਿ ਆਵਤਿ ਸੋਊ।
ਕੁੰਜਰ ਝੂਲ ਸੁਰੰਗ ਪਰਜੋ, ਬਰ ਚੂੜ ਚਢਾਏ ਹੈਂ ਦਾਂਤਨਿ ਦੋਊ।
ਕੰਚਨ ਹੌਦ ਕਸਜੋ ਸ਼ੁਭ ਊਪਰ ਸੁੰਡ ਗਹੀ ਬਡ ਸ਼ਿੰਖਲ ਜੋਊ।
ਭੀਰ ਅਹੈ ਬਹੁ ਮਾਨਵ ਕੀ, ਜਿਹ ਦੇਖ ਸਲਾਮ ਕਰੈ ਸਭਿ ਕੋਊ॥੫॥

ਕੋਠਿਆਂ 'ਤੇ ਬੈਠੇ ਜਿਹੜੇ ਬਾਲਕ ਵੇਖਦੇ ਸਨ, ਉਹ ਵੀ ਗਲੀਆਂ ਵਿਚ ਚਲ ਕੇ ਆ ਜਾਂਦੇ ਸਨ, ਹਾਥੀ ਉੱਤੇ ਸੋਹਣੇ ਰੰਗ ਦਾ ਝੁੱਲ ਪਿਆ ਹੋਇਆ ਸੀ ਤੇ ਦੋਹਾਂ ਦੰਦਾਂ 'ਤੇ ਸੋਹਣਾ ਚੂੜਾ ਚੜ੍ਹਾਇਆ ਹੋਇਆ ਸੀ। ਉੱਪਰ ਸੋਨੇ ਦਾ ਹੋਦਾ ਕੱਸਿਆ ਹੋਇਆ ਸੀ ਤੇ ਸੁੰਡ ਦੇ ਸੰਗਲਾਂ ਨਾਲ ਫੜੀ ਹੋਈ ਸੀ। ਮਨੁੱਖਾਂ ਦੀ ਬਹੁਤ ਭੀੜ ਲੱਗੀ ਹੋਈ ਸੀ, ਜਿਸ ਨੂੰ ਵੇਖ ਕੇ ਹਰ ਕੋਈ ਸਲਾਮ ਕਰਦਾ ਸੀ॥੫॥

*ਕਬਿੱਤ*-ਬਰਜੈਂ ਗਰੀਬਗਨੀ ਬੋਲਤਿ ਨਕੀਬ ਆਵੈ, ਕਹਜੋ ਛਰੀਦਾਰ ਊਚੇ, ਹੇਰਿ ਲਰਕਾਨ ਕੋ।
'ਹਾਥ ਸੀਸ ਧਾਰਿ ਕੈ ਨਵਾਬ ਕੋ ਸਲਾਮ ਕਰੋ ਪਾਛੇ ਫਿਰ ਹੋਹੁ ਖਰੇ ਅਦਬ ਪ੍ਰਮਾਨ ਕੋ'।
ਸੁਨਿ ਸਤਿਗੁਰੂ ਨੇ ਸਿਖਾਏ "ਯਾਂ ਕੇ ਸਮੁਖ ਹ੍ਵੈ ਕਾਢਿ ਕਾਢਿ ਦੰਤੀਆ ਚਿਰਾਵੋ ਤੁਰਕਾਨ ਕੋ'।
ਬਿੱਕ੍ਰਤ ਬਦਨ ਕਰਿ ਬਾਲਿਕ ਸਕਲ ਤਬਿ, ਤਾਂਕੋ ਦਰਸਾਵਤਿ ਖਿਝਾਵਤਿ ਸਮਾਨ ਕੋ॥੬॥

ਅਮੀਰ ਗ਼ਰੀਬ ਲੋਕਾਂ ਨੂੰ ਰੋਕਣ ਵਾਸਤੇ ਨਕੀਬ ਅੱਗੇ-ਅੱਗੇ ਬੋਲਦਾ ਆਉਂਦਾ ਸੀ। ਛੜੀ ਬਰਦਾਰ ਨੇ ਬਾਲਕਾਂ ਨੂੰ ਵੇਖ ਕੇ ਉੱਚੀ ਆਵਾਜ਼ ਵਿਚ ਕਿਹਾ, "ਹੱਥ ਸਿਰ ਤੇ ਧਰ ਕੇ ਨਵਾਬ ਨੂੰ ਸਲਾਮ ਕਰੋ ਫਿਰ ਯੋਗ ਅਦਬ ਕਰਕੇ ਪਿੱਛੇ ਖਲੋ ਜਾਵੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਸਿਖਾਇਆ, "ਇਸ ਦੇ ਸਾਹਮਣੇ ਹੋ ਕੇ ਦੰਦੀਆਂ ਕੱਢ ਕੱਢ ਕੇ ਇਸ ਤਰਕ ਨੂੰ ਚਿੜਾਵੋ" ਸਾਰੇ ਬਾਲਕਾਂ ਨੇ ਫਿਰ ਮੂੰਹ ਟੇਢੇ ਕਰਕੇ, ਖਿਝਾਉਣ ਵਾਂਗ ਉਸ ਨੂੰ ਦੰਦ ਕੱਢ ਕੇ ਵਿਖਾਏ॥੬॥

ਧਾਇ ਜਾਇਂ ਆਇਂ ਪੁਨ, ਮੁਖ ਦਿਖਰਾਇ ਜਾਇਂ ਪਾਇ ਚਪਲਾਇ ਸਮੁਦਾਇ ਸਭਿ ਬਾਲਕੇ।
ਬਾਜੈਂ ਅੰਗ ਭੂਖਨ ਅਦੂਖਨ ਕੇ ਸੰਗ ਫਿਰੈਂ ਆਰਬਲਾ ਅਲਪ ਫਿਰੈਯਾ ਜੇ ਉਤਾਲ ਕੇ।
ਕੁਛ ਕੋਪ ਠਾਨਿ ਕੈ ਨਬਾਬ ਨੇ ਬਖਾਨਿ ਕੀਨਿ 'ਬਾਨਰ ਸਮਾਨ ਸਿਸ ਬਦਨ ਦਿਖਾਲਕੇ।
ਜਾਹਿਂ ਦੂਰ ਚਾਲਿ ਕੇ ਫਿਰਹਿਂ ਆਲ ਬਾਲ ਕੇ ਕਪੀਨ ਸਮ ਖਜਾਲ ਕੇ ਬਨਤਿ ਇਸ ਹਾਲ ਕੇ' ॥੭॥

ਭੱਜ ਜਾਂਦੇ ਸਨ, ਫਿਰ ਆ ਜਾਂਦੇ ਸਨ, ਮੂੰਹ ਵਿਖਾਈ ਜਾਂਦੇ ਸਨ ਤੇ ਪੈਰਾਂ ਤੋਂ ਚੰਚਲ ਹੋ ਜਾਂਦੇ ਸਨ, ਸਾਰੇ ਬਾਲਕ ਇਕੱਠੇ ਹੋਏ ਸਨ। ਜਿਹੜੇ ਗਹਿਣੇ ਪਾਏ ਹੋਏ ਸਨ, ਉਹ ਅੰਗਾਂ ਨੂੰ ਵੱਜਦੇ ਸਨ ਤੇ ਦੁਖਾਂ ਤੋਂ ਰਹਿਤ ਹੋ ਕੇ ਫਿਰਦੇ ਸਨ, ਛੋਟੀ ਉਮਰ ਹੈ ਤੇ ਕਾਹਲੀ-ਕਾਹਲੀ ਫਿਰਨ ਵਾਲੇ ਹਨ। ਕੁਝ ਗੁੱਸਾ ਧਾਰ ਕੇ ਨਵਾਬ ਨੇ ਕਿਹਾ, "ਇਹ ਬਾਲਕ ਬਾਂਦਰ ਵਾਂਗ ਮੂੰਹ ਵਿਖਾ ਕੇ ਚਲ ਕੇ ਛੁੱਪ ਜਾਂਦੇ ਹਨ ਤੇ ਬਾਂਦਰਾਂ ਵਾਂਗ ਆਲੇ-ਦੁਆਲੇ ਇਸ ਹਾਲ ਭੱਜੇ ਫਿਰਦੇ ਹਨ" ॥੭॥

ਸੁਨਿ ਕੈ ਨਬਾਬ ਤੇ ਗਰੂਰ ਗ਼ਰਕਾਬ ਤੇ ਬਿਸਾਲ ਰਿਸ ਆਬ ਤੇ ਅੰਕੂਰ ਸ੍ਰਾਪ ਜਾਮਿਓ।
ਬੋਲੇ ਸਤਿਭਾਇ ਪ੍ਰਭੁ ਸ੍ਰੌਨ ਮੈਂ ਸੁਨਾਇ ਤਿਸ, 'ਮਾਨੁਖ ਸਰੂਪ ਸਭਿ ਇਹਾਂ ਅਭਿਰਾਮਿਓ।
ਬਦਨ ਬਿਲੋਚਨ ਸਮਾਨ ਜ਼ਿਨ ਬਾਨਰ ਕੇ ਲੈ ਹੈਂ ਰਾਜ ਸੋਈ ਭਯੋ ਰਿਦਾ ਤਵ ਖਾਮਿਓ।
ਜੈਹੈ ਤੇਜ ਥਾਰੋ, ਕੋਈ ਹ੍ਵੈ ਨ ਰਖਵਾਰੋ ਤਬਿ ਹੋਰੇ ਹੋਇ ਭਾਰੋ ਬਨੈ ਸਮੋ ਬਿਧਿ ਬ਼ਾਮਿਓ' ॥੮॥

ਗੁਰੂ ਜੀ ਨੇ ਨਵਾਬ, ਜਿਹੜਾ ਹੰਕਾਰ ਵਿਚ ਗਰਕ ਹੋਇਆ ਸੀ, ਪਾਸੋਂ ਅਜਿਹੇ ਬਚਨ ਸੁਣ ਕੇ ਗੁੱਸਾ ਕੀਤਾ ਤੇ ਸਰਾਪ ਦੇ ਅੰਕੁਰ ਫੁੱਟੇ ਤੇ ਇਕ ਸਰਾਪ ਨੇ ਜਨਮ ਲਿਆ ਤੇ ਸਹਿਜ ਸੁਭਾਇ ਹੀ ਗੁਰੂ ਜੀ ਬੋਲੇ ਤੇ ਉਨ੍ਹਾਂ ਨੂੰ ਸੁਣਾਇਆ, "ਏਥੇ ਸਭ ਸੁੰਦਰ ਮਨੁੱਖੀ ਸਰੂਪ ਹਨ। ਜਿਨ੍ਹਾਂ ਦੇ ਮੁਖ ਤੇ ਅੱਖਾਂ ਬਾਂਦਰਾਂ ਵਾਂਗ ਹਨ, ਉਹੀ ਰਾਜ ਲੈਣਗੇ, ਤੁਹਾਡਾ ਹਿਰਦਾ ਕੱਚਾ ਹੈ। ਤੁਹਾਡਾ ਤੇਜ ਜਾਂਦਾ ਰਹੇਗਾ, ਤੁਹਾਡਾ ਕੋਈ ਰਖਵਾਲਾ ਨਹੀਂ ਹੋਵੇਗਾ, ਜਿਹੜੇ ਹੁਣ ਭਾਰੀ ਬਣਦੇ ਹੋ, ਤਦ ਹੌਲੇ ਹੋ ਜਾਵੋਗੇ, ਵਿਧਾਤਾ ਜਦ ਤੁਹਾਡੇ ਉਲਟ ਹੋਵੇਗਾ, ਉਹ ਸਮਾਂ ਵੀ ਆ ਜਾਵੇਗਾ" ॥੮॥

ਦੋਹਰਾ- ਸੁਨਤਿ ਭਯੋ ਬਿਸਮੈ ਤੁਰਕ ਕਿਮ ਬੋਲਤਿ ਇਹ ਬਾਲ।
ਜਥਾ ਪੀਰ ਹੁਇ ਔਲੀਆ ਸ੍ਰਾਪਹਿ ਰਿਸੈ ਬਿਸਾਲ॥ ੯॥

ਤੁਰਕ ਇਹ ਸੁਣ ਕੇ ਬਹੁਤ ਹੈਰਾਨ ਹੋਇਆ, ਇਹ ਬਾਲਕ ਕਿਵੇਂ ਬੋਲਦਾ ਹੈ, ਜਿਵੇਂ ਕੋਈ ਪੀਰ ਔਲੀਆ ਹੁੰਦਾ ਹੈ, ਗੁੱਸੇ ਵਿਚ ਆ ਕੇ ਇਸ ਵੱਡਾ ਸਰਾਪ ਦੇ ਦਿੱਤਾ ਹੈ॥੯॥

ਸੈਯਾ- ਕੁੰਜਰ ਕੰਧ ਅਰੂਢਿ ਮਹਾਵਤ ਸਾਥ ਨਬਾਬ ਕਹਜੋ ਸਮੁਝਾਈ।
'ਜੋ ਮੁਖ ਆਵਤਿ ਬੋਲਤਿ ਬਾਲਿਕ ਜਾਨੈਂ ਨਹੀਂ ਲਘੁਤਾ ਬਡਿਆਈ।
ਖਾਇ ਅਹਾਰ ਕੋ ਖੇਲਿਬੋ ਕਾਰ ਹੈ ਔਰ ਨਹੀਂ ਉਰ ਮੈਂ ਗ਼ਮ ਕਾਈ।
ਆਪ ਕੋ ਭੂਰ ਪ੍ਰਤਾਪ ਅਹੈ ਜਗ, ਸਾਗਰ ਲੌਂ ਅਵਨੀ ਸੁਭ ਛਾਈ' ॥੧੦॥

ਮਹਾਵਤ ਨੇ ਹਾਥੀ ਦੇ ਮੋਢੇ ਤੇ ਚੜ੍ਹ ਕੇ ਨਵਾਬ ਨੂੰ ਸਮਝਾਉਣ ਵਾਸਤੇ ਕਿਹਾ, "ਬਾਲਕ ਜੋ ਵੀ ਮੂੰਹ ਆਉਂਦਾ ਹੈ ਬੋਲ ਦਿੰਦੇ ਹਨ, ਉਹ ਛੁਟਿਆਈ ਵਡਿਆਈ ਨਹੀਂ ਜਾਣਦੇ ਹਨ, ਭੋਜਨ ਖਾ ਕੇ ਉਨ੍ਹਾਂ ਨੂੰ ਕੇਵਲ ਖੇਡਣ ਦਾ ਹੀ ਕੰਮ ਹੈ, ਦਿਲ

ਵਿਚ ਹੋਰ ਕਿਸੇ ਪ੍ਰਕਾਰ ਦਾ ਫਿਕਰ ਨਹੀਂ ਹੈ, ਜਗ ਵਿਚ ਆਪ ਜੀ ਦਾ ਵੱਡਾ ਪ੍ਰਤਾਪ ਹੈ, ਸਾਗਰ ਤਕ ਧਰਤੀ ਆਪ ਜੀ ਦੇ ਪ੍ਰਤਾਪ ਨਾਲ ਛਾਈ ਹੈ"॥੧੦॥

*ਕਬਿੱਤ*-ਐਸੇ ਦੀਨਿ ਸ੍ਰਾਪਕੌ ਪ੍ਰਤਾਪਿ ਰਿਪੁ ਖਾਪਿਬੇ ਕੋ ਜਾਨਤਿ ਭਵਿੱਖਜਤ ਮੈਂ ਬਦੀ ਤੁਰਕਾਨ ਕੀ।
ਲਾਗੇ ਸਤਿਭਾਇ ਪੁਨ ਖੇਲਿਬੇ ਕੋ ਗੁਰੂ ਪ੍ਰਭੁ, ਕ੍ਰੀੜਤਿ ਅਨਿਕ ਰੀਤ ਸਾਥ ਲਰਕਾਨ ਕੀ।
ਕੇਤੇ ਧਾਰਿ ਭਾਵਨਾ ਕੋ ਲਜਾਵੈਂ ਮਧੁਰੰਨ ਤਹਿਂ, ਸੀਸ ਕੋ ਨਿਵਾਵੈਂ ਦਰਸਾਵੈਂ ਅਘ ਹਾਨਕੀ।
ਮੂਰਤਿ ਸੁਜਾਨ ਕੀ ਮਹਾਨ ਸੁਖਦਾਨ ਕੀ ਅਨੰਦ ਗ੍ਯਾਨਵਾਨ ਕੀ ਕ੍ਰਿਪਾਲੁ ਮਨ ਬਾਨਕੀ॥੧੧॥

ਇਸ ਤਰ੍ਹਾਂ ਸਰਾਪ ਦਿੱਤਾ ਹੈ ਕਿ ਵੈਰੀ ਦਾ ਪ੍ਰਤਾਪ ਖਤਮ ਹੋ ਜਾਵੇਗਾ ਇਸ ਦਾ ਭਾਵ ਹੈ ਕਿ ਭਵਿੱਖ ਵਿਚ ਤੁਰਕਾਂ ਦੀ ਬਦੀ ਬਾਰੇ ਜਾਣਦੇ ਹਨ। ਲੱਗਦਾ ਹੈ ਸਹਿਜ ਸੁਭਾਅ ਕਿਹਾ ਹੈ, ਗੁਰੂ ਪ੍ਰਭੂ ਫਿਰ ਖੇਡਣ ਲੱਗ ਗਏ ਹਨ, ਲੜਕਿਆਂ ਦੇ ਨਾਲ ਅਨੇਕ ਪ੍ਰਕਾਰ ਖੇਡਦੇ ਹਨ। ਕਈ ਭਾਵਨਾਵਾਂ ਧਾਰ ਕੇ ਆਉਂਦੇ ਹਨ, ਮਿੱਠਾ ਕੜਾਹ ਪ੍ਰਸ਼ਾਦ ਤਿਆਰ ਕਰਕੇ ਲਿਆਉਂਦੇ ਹਨ ਅਤੇ ਪਾਪ ਨਾਸ਼ਕ ਭਾਵ ਗੁਰੂ ਜੀ ਦੇ ਦਰਸ਼ਨ ਕਰਦੇ ਹਨ। ਚਤੁਰ ਗੁਰੂ ਜੀ ਦੀ ਸੂਰਤ ਮਹਾਨ ਸੁਖਾਂ ਦੀ ਦਾਤੀ ਹੈ, ਗਿਆਨਵਾਨ ਨੂੰ ਅਨੰਦ ਦੇਣ ਵਾਲੀ ਹੈ ਅਤੇ ਕ੍ਰਿਪਾਲੂ ਹੋਣਾ ਉਨ੍ਹਾਂ ਦੇ ਮਨ ਦੀ ਬਾਣ ਹੈ॥੧੧॥

ਸਤਿਗੁਰ ਪਾਸ ਲੇ ਪ੍ਰਸ਼ਾਦਿ ਅਰਦਾਸ ਕਰੈਂ ਬੰਟੈਂ ਬਾਲਕਾਨ, ਖਾਇਂ ਭਾਵਨਾ ਮਹਾਨ ਕਰਿ।
ਦੇਖੈਂ ਸਿਖ, ਮਿਲੈਂ ਲਰਕਾਨ ਮੈਂ ਪਰਚ ਰਹੈਂ ਖੇਲਤਿ ਅਨੇਕ ਰੀਤਿ ਆਵਨ ਔ ਜਾਨ ਕਰਿ।
ਲਾਗੈ ਧੂਲ ਅੰਗ ਮੈਂ ਰਚੇ ਸੁ ਖੇਲਢੰਗ ਮੈਂ ਬਿਹਸਿ ਨਿਜ ਸੰਗ ਮੈਂ ਸਮੂਹ ਸੁਖ ਮਾਨਿ ਕਰਿ।
ਪਾਵੈਂ ਜੋ ਨ ਦਾਨ ਕਰਿ ਅਨਿਕ ਬਿਧਾਨ ਕਰਿ, ਮਿਲੈ ਪ੍ਰੇਮ ਜਾਨ ਕਰਿ ਜਤਨ ਨ ਆਨਿ ਕਰਿ॥੧੨॥

ਪ੍ਰਸ਼ਾਦਿ ਲੈ ਕੇ ਸਤਿਗੁਰੂ ਜੀ ਦੇ ਪਾਸ ਜਾ ਕੇ ਅਰਦਾਸ ਕਰਵਾਉਂਦੇ ਹਨ, ਉਹ ਫਿਰ ਪ੍ਰਸ਼ਾਦਿ ਨੂੰ ਬਾਲਕਾਂ ਵਿਚ ਵੰਡ ਦਿੰਦੇ ਹਨ ਤੇ ਉਹ ਮਹਾਨ ਭਾਵਨਾ ਕਰਕੇ ਖਾਂਦੇ ਹਨ। ਸਿੱਖ ਵੇਖਦੇ ਹਨ, ਲੜਕਿਆਂ ਨਾਲ ਮਿਲ ਕੇ ਪਰਚੇ ਰਹਿੰਦੇ ਹਨ ਤੇ ਅਨੇਕ ਰੀਤੀਆਂ ਨਾਲ ਆ ਜਾ ਕੇ ਖੇਡਦੇ ਹਨ। ਸਰੀਰ ਨੂੰ ਕਿਸੇ ਤਰ੍ਹਾਂ ਧੂੜ ਲੱਗੇ ਐਸਾ ਖੇਡ ਢੰਗ ਰੱਚਦੇ ਹਨ, ਸਭ ਪ੍ਰਕਾਰ ਦਾ ਸੁਖ ਮੰਨ ਕੇ ਮੁਸਕਰਾਉਂਦੇ ਹਨ। ਜਿਹੜੀ ਵਸਤੂ ਦਾਨ ਕਰਕੇ ਨਹੀਂ ਪਾਈਦੀ ਹੈ, ਹੋਰ ਵਿਧੀਆਂ ਕਰਕੇ ਨਹੀਂ ਮਿਲਦੀ ਹੈ, ਉਹ ਪ੍ਰੇਮ ਜਾਣ ਕੇ ਮਿਲ ਜਾਂਦੀ ਹੈ, ਇਸ ਲਈ ਹੋਰ ਯਤਨ ਨਾ ਕਰੋ, ਪ੍ਰੇਮ ਹੀ ਕਰੋ॥੧੨॥

*ਸ੍ਵੈਯਾ*- ਹੋਤਿ ਸਜੋਰ ਬਪੈ ਤਨ ਸੁੰਦਰ ਬਾਲਿਕ ਏਕ ਗੁਲੇਲ ਕੋ ਲਜਾਯੋ।
ਆਪਨਿ ਹਾਥ ਧਰੀ ਤਬਿ ਲੇ ਕਰਿ ਬ੍ਰਿੰਦ ਗੁਲੇਲਨਿ ਐਂਚਿ ਚਲਾਯੋ।
ਹੇਰਿ ਪ੍ਰਸੰਨ ਭਏ ਤਿਸ ਪੈ ਨਿਜ ਪਾਸ ਰਖੀ ਮਨ ਮੈਂ ਇਮ ਭਾਯੋ।
ਲਾਗੇ ਕਮਾਵਨਿ ਤਾ ਅਭਿਆਸ ਕੋ ਜਾਸ ਕੇ ਹੇਤੁ ਧਰਜੋ ਤਨ ਆਯੋ॥੧੩॥

ਗੁਰੂ ਜੀ ਫਿਰ ਸ੍ਰੇਸ਼ਟ ਜ਼ੋਰ ਵਾਲੇ ਹੋ ਗਏ, ਤਨ ਬਹੁਤ ਸੁੰਦਰ ਹੋ ਗਿਆ, ਇਕ ਦਿਨ ਇਕ ਬਾਲਕ ਇਕ ਗੁਲੇਲ ਲੈ ਕੇ ਆਇਆ। ਗੁਰੂ ਜੀ ਨੇ ਫਿਰ ਉਸ ਨੂੰ ਆਪਣੇ ਹੱਥ ਵਿਚ ਧਾਰਨ ਕੀਤਾ, ਕਈ ਗੁਲੇਲੇ ਖਿੱਚ ਕੇ ਚਲਾਏ। ਇਹ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਫਿਰ ਗੁਲੇਲ ਨੂੰ ਗੁਰੂ ਜੀ ਨੇ ਆਪਣੇ ਪਾਸ ਹੀ ਰੱਖ ਲਿਆ, ਇਸ ਤਰ੍ਹਾਂ ਉਨ੍ਹਾਂ ਦੇ ਮਨ ਨੂੰ ਚੰਗਾ ਲੱਗਾ, ਉਸ ਦਾ ਫਿਰ ਅਭਿਆਸ ਕਰਨ ਲੱਗੇ, ਜਿਸ ਵਾਸਤੇ ਤਨ ਧਾਰ ਕੇ ਆਏ ਹਨ॥੧੩॥

ਪੰਕ ਮੰਗਾਇ ਬਟਾਇ ਗੁਲੇਲਨਿ ਪੁੰਜ ਸੁਕਾਇ ਚਲਾਵਤਿ ਹੈਂ।
ਲੱਛ ਧਰੈਂ ਤਕਿ ਤਾਂਹਿ ਕਰੈ ਜੰਬਿ ਬੀਚ ਹਨੈਂ ਬਿਕਸਾਵਤਿ ਹੈਂ।
ਬਾਲਿਕ ਜੇ ਧਨਵਾਨਨਿ ਕੇ ਤਿਨ ਹਾਥ ਗਹਾਇ ਸਿਖਾਵਤਿ ਹੈਂ।
ਬੇਣੂ ਕੀ ਬ੍ਰਿੰਦ ਗੁਲੇਲ ਕਰੀ ਦ੍ਰਿੜ ਹੋਇ ਖਰੀ ਸੁ ਮੰਗਾਵਤਿ ਹੈਂ॥੧੪॥

ਮਿੱਟੀ ਮੰਗਵਾ ਕੇ ਗੁਲੇਲੇ ਵਟਵਾਏ, ਬਹੁਤ ਗੁਲੇਲੇ ਸੁਕਾ ਕੇ ਫਿਰ ਚਲਾਉਂਦੇ ਸਨ। ਅੱਖ ਧਰ ਕੇ ਨਿਸ਼ਾਨਾ ਤੱਕਦੇ ਸਨ, ਜਦ ਨਿਸ਼ਾਨਾ ਲੱਗ ਜਾਂਦਾ ਸੀ ਤਾਂ ਬਹੁਤ ਪ੍ਰਸੰਨ ਹੁੰਦੇ ਸਨ। ਜਿਹੜੇ ਧਨੀਆਂ ਦੇ ਬਾਲਕ ਸਨ, ਉਨ੍ਹਾਂ ਦੇ ਹੱਥ ਵਿਚ ਫੜਾ ਕੇ ਗੁਲੇਲ ਚਲਾਉਣੀ ਸਿਖਾਉਂਦੇ ਸਨ। ਬਾਂਸ ਦੀਆਂ ਬੜੀਆਂ ਸਖਤ ਅਤੇ ਮਜ਼ਬੂਤ ਕਮਾਨਾਂ ਮੰਗਵਾਉਂਦੇ ਸਨ ॥੧੪॥

ਬਾਹੁਨ ਮੈਂ ਬਲ ਹੋਇ ਬਿਸਾਲ ਨਿਤਾ ਪ੍ਰਤਿ ਖੈਂਚਤਿ ਯੌਂ ਗਹਿਕੈ।
ਹਾਥ ਟਿਕੈ ਲਛ ਮਾਰਨਿ ਕੋ ਇਮ ਸੀਖ ਕੋ ਦੇਤਿ 'ਰਖੋ ਚਹਿਕੈ'।
ਬਾਲਿਕ ਸ੍ਰੀ ਮੁਖ ਤੇ ਸੁਨਿ ਕੈ ਚਿਤ ਚਾਉ ਧਰੈਂ ਗੁਨ ਕੋ ਲਹਿਕੈ।
ਲੇਤਿ ਹੈਂ ਮੋਲ ਗੁਲੇਲ ਭਲੀ ਦ੍ਰਿਢ, ਟੋਲਤਿ ਸ੍ਵੈ ਪਿਤ ਕੋ ਕਹਿਕੈ ॥ ੧੫ ॥

ਬਾਹਾਂ ਵਿਚ ਬਹੁਤ ਬਲ ਆ ਗਿਆ ਸੀ, ਇਸ ਤਰ੍ਹਾਂ ਨਿਤਪ੍ਰਤਿ ਗੁਲੇਲ ਫੜ ਕੇ ਖਿੱਚਦੇ ਸਨ। ਨਿਸ਼ਾਨਾ ਮਾਰਨ ਵਾਸਤੇ ਹੱਥ ਟਿਕ ਗਿਆ ਸੀ, ਇਸ ਤਰ੍ਹਾਂ ਸਿਖਿਆ ਦਿੰਦੇ ਕਿ "ਚਾਹ ਕਰਕੇ ਗੁਲੇਲ ਰੱਖੋ।" ਬਾਲਕ ਸ੍ਰੀ ਗੁਰੂ ਜੀ ਦੇ ਮੁਖ ਤੋਂ ਸੁਣਕੇ, ਗੁਣ ਪ੍ਰਾਪਤ ਕਰਕੇ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਸਨ। ਚੰਗੀ ਸਖਤ ਗੁਲੇਲ ਉਹ ਮੁੱਲ ਲੈ ਲੈਂਦੇ ਸਨ ਤੇ ਆਪਣੇ ਪਿਤਾ ਜੀ ਨੂੰ ਕਹਿ ਕੇ ਲੱਭਦੇ ਸਨ ॥੧੫॥

ਸੁੰਦਰ ਰੰਗ ਸੁਰੰਗ ਅਹੈਂ ਜਿਨ, ਲੇ ਗੁਰੁ ਕੇ ਢਿਗ ਆਵਤਿ ਹੈਂ।
'ਆਜ ਨਵੀਨ ਪ੍ਰਭੂ ਹਮ ਲੀਨਿ' ਭਨੈਂ ਮੁਖ ਤੇ ਦਿਖਰਾਵਤਿ ਹੈਂ।
ਐਂਚਿ ਚਲਾਇ ਗੁਲੇਲਨ ਕੋ ਲੱਛ ਤਾਕ ਕੈ ਬੀਚ ਲਗਾਵਤਿ ਹੈਂ।
ਕਾਹੂ ਸਰਾਹਤਿ 'ਖੂਬ ਲਗਯੋ ਇਹੁ' ਕਾਹੂੰ ਕੋ ਦਾਵ ਬਤਾਵਤਿ ਹੈਂ ॥ ੧੬ ॥

ਜਿਨ੍ਹਾਂ ਗੁਲੇਲਾਂ ਦਾ ਸ੍ਰੇਸ਼ਟ ਸੁੰਦਰ ਰੰਗ ਹੁੰਦਾ ਸੀ, ਉਹ ਗੁਲੇਲਾਂ ਲੈ ਕੇ ਗੁਰੂ ਜੀ ਪਾਸ ਆਉਂਦੇ ਸਨ ਤੇ ਕਹਿੰਦੇ ਸਨ, "ਹੇ ਪ੍ਰਭੂ ਜੀ! ਅੱਜ ਅਸੀਂ ਨਵੀਂ ਗੁਲੇਲ ਲਈ ਹੈ" ਮੁਖ ਤੋਂ ਕਹਿ ਕੇ ਫਿਰ ਵਿਖਾਉਂਦੇ ਸਨ, ਫਿਰ ਖਿੱਚ ਕੇ ਗੁਲੇਲੇ ਚਲਾਉਂਦੇ ਸਨ ਤੇ ਨਿਸ਼ਾਨੇ ਤਕ ਕੇ ਵਿਚ ਗੁਲੇਲੇ ਮਾਰਦੇ ਸਨ। ਗੁਰੂ ਜੀ ਕਈਆਂ ਦੀ ਸ਼ਲਾਘਾ ਕਰਦੇ ਸਨ, "ਇਹ ਖੂਬ ਨਿਸ਼ਾਨਾ ਲੱਗਾ ਹੈ" ਤੇ ਕਈਆਂ ਨੂੰ ਗੁਰੂ ਜੀ ਦਾਅ ਦੱਸਦੇ ਸਨ ॥੧੬॥

ਯਾ ਬਿਧਿ ਸੰਗ ਗੁਲੇਲ ਗਹੇ ਕਰਿ ਖੇਲਤਿ ਬਾਲਿਕ ਬ੍ਰਿੰਦ ਮਿਲੇ।
ਕੇਤਿਕ ਦਯੋਸ ਬਿਤੀਤ ਭਯੋ ਅਭਿਆਸਤਿ ਭੈ ਸਭਿ ਰੀਤਿ ਭਲੇ।
ਭੀਤ ਮੈਂ ਲੱਛ ਧਰੈਂ ਹੁਇ ਦੂਰ ਚਲਾਵਤਿ ਐਂਚਤਿ ਹੋਇ ਖਲੇ।
ਹਾਥ ਟਿਕਾਇ ਲਗਾਇ ਕੈ ਤਾਂ ਮਹਿਂ ਹੇਰਤਿ ਪ੍ਰੇਰਤਿ ਗੇਰਿ ਚਲੇ ॥ ੧੭ ॥

ਇਸ ਵਿਧੀ ਅਨੁਸਾਰ ਗੁਲੇਲਾਂ ਫੜੇ ਹੋਏ ਅਤੇ ਗੁਲੇਲਾਂ ਚਲਾਉਂਦੇ ਹੋਏ ਬਹੁਤ ਬਾਲਕ ਮਿਲਦੇ ਸਨ। ਇਸ ਤਰ੍ਹਾਂ ਕਈ ਦਿਨ ਬੀਤ ਗਏ ਹਰ ਪ੍ਰਕਾਰ ਦੀਆਂ ਭਲੀਆਂ ਰੀਤਾਂ ਨਾਲ ਅਭਿਆਸ ਕਰਦੇ ਰਹੇ। ਕੰਧ ਵਿਚ ਨਿਸ਼ਾਨਾ ਧਰਦੇ ਸਨ ਤੇ ਦੂਰ ਖੜੇ ਹੋ ਕੇ ਖਿੱਚ ਕੇ ਚਲਾਉਂਦੇ ਸਨ। ਨਿਸ਼ਾਨਾ ਲਾ ਕੇ ਹੱਥ ਵਿਚ ਟਿਕਾ ਕੇ ਤਾਂ ਉਸ ਥਾਂ ਵੇਖ ਕੇ ਪ੍ਰੇਰਤ ਹੋ ਕੇ ਡੇਗ ਕੇ ਅੱਗੇ ਚਲੇ ਜਾਂਦੇ ਸਨ ॥੧੭॥

ਦੋਹਰਾ- ਇਮ ਖੇਲਤਿ ਸਤਿਗੁਰ ਪ੍ਰਭੂ ਬਾਲਿਕ ਬੈਸ ਸਮਾਨ।
ਦਿਨ ਪ੍ਰਤਿ ਬਧੈ ਸਰੀਰ ਬਲ ਕਿਧੌਂ ਦੁਸ਼ਟ ਗਨ ਹਾਨਿ ॥ ੧੮ ॥

ਇਸ ਤਰ੍ਹਾਂ ਪ੍ਰਭੂ ਜੀ ਖੇਡਦੇ ਸਨ ਜਦ ਉਨ੍ਹਾਂ ਦੀ ਉਮਰ ਬਾਲਕਾਂ ਵਰਗੀ ਸੀ। ਦਿਨ ਪ੍ਰਤੀ ਸਰੀਰ ਤੇ ਬਲ ਦੁਸ਼ਟਾਂ ਦਾ ਨਾਸ਼ ਕਰਨ ਵਾਸਤੇ ਵਧਦਾ ਜਾ ਰਿਹਾ ਸੀ ॥੧੮॥

ਚੌਪਈ- ਬਡੀ ਮਾਤ ਜਬਿ ਪਿਖਹਿ ਸੁਭਾਊ। ਖੇਲਤਿ ਕਰੇਂ ਜੰਗ ਕੌ ਚਾਊ।
ਰਿਦੈ ਬਿਚਾਰੈ ਜਥਾ ਪਿਤਾਮਾ। ਕਰਿਤ ਕ੍ਰਿਯਾ ਕਹੁ ਤਿਮ ਅਭਿਰਾਮਾ ॥੧੯॥

ਵੱਡੇ ਮਾਤਾ ਜੀ ਜਦ ਸੁਭਾਉ ਵੇਖਦੇ ਸਨ ਕਿ ਖੇਡਦੇ ਸਮੇਂ ਜੰਗ ਦਾ ਬਹੁਤ ਚਾਅ ਹੈ ਤਾਂ ਉਹ ਸੋਚਦੀ ਸੀ ਕਿ ਇਹ ਵੀ ਆਪਣੇ ਦਾਦਾ ਜੀ ਵਾਂਗ ਹਿਰਦੇ ਵਿਚ ਵਿਚਾਰਦਾ ਹੈ, ਉਸ ਤਰ੍ਹਾਂ ਹੀ ਮਨੋਹਰ ਕ੍ਰਿਆ ਕਰਦਾ ਹੈ॥੧੯॥

ਤ੍ਰਸਤਿ ਚਿਤਾਰਤਿ ਪਾਛਲ ਬਾਤੀ। ਸ੍ਰੀ ਹਰਿਗੋਬਿੰਦ ਜਿਮ ਰਿਪੁ ਘਾਤੀ।
ਸੁਧਾ ਸਰੋਵਰ ਨਿਕਸੇ ਜਥਾ। ਮੁਗਲਸਖਾਨ ਸਹਿਤ ਦਲ ਮਥਾ ॥੨੦॥

ਡਰਦੀ ਹੋਈ ਪਿਛਲੀਆਂ ਗੱਲਾਂ ਵਿਚਾਰਦੀ ਸੀ, ਸ੍ਰੀ ਹਰਿਗੋਬਿੰਦ ਸਾਹਿਬ ਜਿਵੇਂ ਵੈਰੀਆਂ ਨੂੰ ਮਾਰਦੇ ਸੀ ਤੇ ਜਿਵੇਂ ਉਨ੍ਹਾਂ ਨੂੰ ਅੰਮ੍ਰਿਤਸਰ ਛੱਡਣਾ ਪਿਆ ਸੀ ਤੇ ਮੁਖਲਸ ਖਾਨ ਸਹਿਤ ਉਸ ਦੇ ਦਲ ਦਾ ਨਾਸ਼ ਕਰ ਦਿੱਤਾ ਸੀ॥੨੦॥

ਵਹਿਰ ਬਜਾਹੁ ਤਨੁਜਾ ਕਹੁ ਕੀਨਿ। ਲੁਟੀ ਵਸਤੁ ਧਨ ਗਨ ਤੇ ਲੀਨ।
ਪੁਨ ਕਰਤਾਰ ਪੁਰੇ ਬਡ ਜੰਗ। ਨਿਕਸੇ ਲਾਖਹੁ ਸ਼ੱਤ੍ਰੁਨਿ ਭੰਗ॥ ੨੧॥

ਅੰਮ੍ਰਿਤਸਰ ਤੋਂ ਬਾਹਰ ਜਾ ਕੇ ਪੁੱਤਰੀ ਦਾ ਵਿਆਹ ਕੀਤਾ ਸੀ, ਜਿਹੜੀਆਂ ਵਸਤਾਂ ਬਹੁਤ ਧਨ ਖਰਚ ਕੇ ਲਈਆਂ ਸਨ, ਸਭ ਲੁੱਟੀਆਂ ਗਈਆਂ ਸਨ। ਫਿਰ ਕਰਤਾਰਪੁਰ ਵੱਡਾ ਜੰਗ ਹੋਇਆ ਤੇ ਲੱਖਾਂ ਵੈਰੀਆਂ ਨੂੰ ਮਾਰ ਕੇ ਕਰਤਾਰਪੁਰ ਤੋਂ ਨਿਕਲ ਗਏ॥੨੧॥

ਇਹ ਭੀ ਤਿਨ ਸਮ ਲੀਲਾ ਕਰਤੇ। ਸ਼ਸਤ੍ਰਨਿ ਗਹਿ ਪਿਖਿ ਆਨੰਦ ਧਰਤੇ।
ਹੋਇ ਤਰੁਨ ਬਹੁ ਪਾਇਂ ਪ੍ਰਤਾਪੇ। ਸ਼ੀਲ ਪਿਤਾਮਾ ਸਮ ਹੁਇਂ ਜਾਪੇ ॥੨੨॥

ਇਹ ਵੀ ਉਨ੍ਹਾਂ ਵਾਂਗ ਲੀਲ੍ਹਾ ਕਰਦੇ ਹਨ, ਸ਼ਸਤਰਾਂ ਨੂੰ ਫੜ ਕੇ ਅਤੇ ਵੇਖ ਕੇ ਆਨੰਦ ਧਾਰਨ ਕਰਦੇ ਹਨ। ਜੁਆਨ ਹੋ ਕੇ ਵੱਡਾ ਪ੍ਰਤਾਪ ਪਾਉਣਗੇ, ਇਨ੍ਹਾਂ ਦਾ ਸੁਭਾਅ ਆਪਣੇ ਦਾਦਾ ਜੀ ਵਾਂਗ ਜਾਪਦਾ ਹੈ॥੨੨॥

ਤੇਜ ਚਪਲਤਾ ਪਿਖਿ ਪਿਖਿ ਨੀਤ। ਤਊ ਅਨੰਦਤਿ ਅਤਿਸ਼ੈ ਚੀਤ।
ਚਿਰੰਕਾਲ ਕੀ ਚਾਹਤਿ ਪੋਤਾ। ਪਾਯੋ ਜਨੁ ਸਨੇਹੁ ਕੋ ਪੋਤਾ॥ ੨੩॥

ਤੇਜ ਚੰਚਲਤਾ ਨਿੱਤ ਵੇਖ-ਵੇਖ ਕੇ, ਫਿਰ ਵੀ ਚਿੱਤ ਵਿਚ ਬਹੁਤ ਅਨੰਦ ਧਾਰਦੇ ਸਨ। ਬਹੁਤ ਦੇਰ ਦੀ ਪੋਤਰੇ ਦੀ ਪ੍ਰਾਪਤੀ ਦੀ ਚਿੰਤਾ ਸੀ, ਉਸ ਤਰ੍ਹਾਂ ਦਾ ਪੋਤਾ ਪਾਇਆ ਹੈ ਜਿਸ ਤਰ੍ਹਾਂ ਦਾ ਪਿਆਰ ਹੈ॥੨੩॥

ਸੋਹਤਿ ਚਾਰੂ ਚੀਰ ਸਰੀਰ। ਜ਼ੇਵਰ ਜ਼ੇਬ ਜਵਾਹਰ ਹੀਰ।
ਦਿਨ ਮਹਿਂ ਅਨਿਕ ਖੇਲ ਬਿਚਰੰਤੇ। ਸ਼ਾਹੁਨਿ ਕੇ ਸਿਸ ਆਨਿ ਮਿਲੰਤੇ ॥੨੪॥

ਸਰੀਰ ਉੱਤੇ ਸੁੰਦਰ ਕੱਪੜੇ ਸ਼ੋਭਦੇ ਹਨ, ਸੁੰਦਰ ਗਹਿਣੇ ਹੀਰੇ ਜਵਾਹਰਾਤ ਬਹੁਤ ਸੁੰਦਰ ਲੱਗਦੇ ਹਨ। ਦਿਨ ਵਿਚ ਅਨੇਕਾਂ ਖੇਡਾਂ ਖੇਡਦੇ ਹਨ, ਧਨੀਆਂ ਦੇ ਪੁੱਤਰ ਆ ਕੇ ਮਿਲਦੇ ਹਨ॥੨੪॥

ਹੋਤਿ ਸਰਬਰੀ ਸਦਨ ਸਿਧਾਵੈਂ। ਮਾਤ ਪਿਤਨ ਢਿਗ ਗੁਰ ਗੁਨ ਗਾਵੈਂ।
ਇਮ ਹਮ ਸੰਗ ਬਿਲਾਸਤਿ ਖੇਲਤਿ। ਬਲ ਕੋ ਕਰਤਿ ਧਕੇਲਤਿ ਮੇਲਤਿ ॥੨੫॥

ਰਾਤ ਪੈਂਦੀ ਹੈ ਤਾਂ ਘਰਾਂ ਨੂੰ ਚਲੇ ਜਾਂਦੇ ਹਨ। ਆਪਣੇ ਮਾਤਾ ਪਿਤਾ ਪਾਸ ਜਾ ਕੇ ਬਾਲਾ ਗੁਰੂ ਜੀ ਦੇ ਗੁਣ ਗਾਉਂਦੇ ਹਨ। ਇਸ ਤਰ੍ਹਾਂ ਖੇਡਦੇ ਸਾਡੇ ਨਾਲ ਅਨੰਦ ਬਿਲਾਸ ਕਰਦੇ ਹਨ ਤੇ ਬਲ ਨੂੰ ਧਕੇਲਦੇ ਤੇ ਮੇਲਦੇ ਹਨ॥੨੫॥

ਮਧੁਰ ਅਚਨ ਕੀ ਵਸਤੂ ਨਾਨਾ। ਆਨਤਿ ਸਿੱਖ ਕਰਤਿ ਬਹੁਖਾਨਾ।
ਸਭਿ ਕੋ ਕਰਿ ਹਿਤ ਨਿਕਟਿ ਬਿਠਾਵੈਂ। ਕਹਿ ਕਹਿ ਦੇਤਿ ਹਮਹੁਂ ਤ੍ਰਿਪਤਾਵੈਂ ॥੨੬॥

ਖਾਣ ਵਾਸਤੇ ਬਹੁਤ ਪ੍ਰਕਾਰ ਦੇ ਮਿੱਠੇ ਪਦਾਰਥ ਸਿੱਖ ਲਿਆ ਕੇ ਦਿੰਦੇ ਹਨ। ਸਾਰਿਆਂ ਨੂੰ ਪਿਆਰ ਕਰਕੇ ਪਾਸ ਬਿਠਾਉਂਦੇ ਹਨ, ਕਹਿ-ਕਹਿ ਸਾਨੂੰ ਖੁਆ ਕੇ ਤ੍ਰਿਪਤ ਕਰਦੇ ਹਨ" ॥੨੬॥

**ਇੱਤ੍ਯਾਦਿਕ ਨਿਜ ਘਰ ਮਹਿਂ ਕਹੈਂ। ਸੁਨਤਿ ਸੰਬੰਧੀ ਆਨੰਦ ਲਹੈਂ।**
**ਸਤਿਗੁਰੁ ਕੋ ਨਿਤ ਮਾਤ ਬਡੇਰੀ। ਗਹਿ ਬਿਠਾਇ ਢਿਗ ਕਹਿ ਬਹੁ ਬੇਰੀ ॥੨੭॥**

ਬਾਲਕ ਇਸ ਤਰ੍ਹਾਂ ਆਪਣੇ ਘਰ ਵਿਚ ਕਹਿੰਦੇ ਹਨ, ਸੰਬੰਧੀ ਸੁਣ ਕੇ ਅਨੰਦ ਧਾਰਨ ਕਰਦੇ ਹਨ। ਸਤਿਗੁਰੂ ਜੀ ਦੇ ਵੱਡੇ ਮਾਤਾ ਜੀ ਸਦਾ ਫੜ ਕੇ ਪਾਸ ਬਿਠਾਉਂਦੇ ਹਨ ਤੇ ਬਹੁਤ ਵਾਰ ਕਹਿੰਦੇ ਹਨ॥੨੭॥

**ਅਸਨ ਅਨਿਕ ਭਾਂਤਿਨਿ ਕੇ ਕਰਿ ਕਰਿ। ਪੋਖਨਿ ਹਿਤ ਅਚਵਾਵਤਿ ਧਰਿ ਧਰਿ।**
**ਚਹਤਿ ਰਿਦੇ ਬਲਿਪੁਸ਼ਟ ਬਿਸਾਲਾ। ਬਨਹਿਂ ਤਰੁਨ ਦੁਤਿ ਦੇਖਤਿ ਜਾਲਾ ॥੨੮॥**

ਕਈ ਪ੍ਰਕਾਰ ਦੇ ਭੋਜਨ ਤਿਆਰ ਕਰਕੇ ਪੋਸ਼ਣ ਵਾਸਤੇ ਧਰ ਧਰ ਕੇ ਖਵਾਉਂਦੇ ਹਨ। ਹਿਰਦੇ ਵਿਚ ਚਾਹੁੰਦੇ ਹਨ ਕਿ ਵੱਡੇ ਬਲਵਾਨ ਹੋ ਜਾਣ ਤੇ ਜਦ ਜਵਾਨ ਹੋਣ ਤਾਂ ਇਨ੍ਹਾਂ ਦੀ ਛਵੀ ਦੀ ਸ਼ੋਭਾ ਮਹਾਨ ਹੋਵੇ॥੨੮॥

**ਨਿਸ ਮਹਿਂ ਰੁਚਿਰ ਪੰਘੂਰਾ ਡਾਰਹਿ। ਆਸਤਰਨ ਸੋਂ ਬਿਸਦ ਸੁਧਾਰਹਿ।**
**ਸੁਪਤਾਵਹਿ ਨਿਜ ਨਿਕਟਿ ਨਿਹਾਰਤਿ। ਨੁਖਾ ਸੰਗ ਗੁਨ ਬ੍ਰਿੰਦ ਉਚਾਰਤਿ ॥੨੯॥**

ਰਾਤ ਸਮੇਂ ਸੁੰਦਰ ਪੰਘੂੜਾ ਡਾਹੁੰਦੇ ਸਨ, ਬਸਤਰਾਂ ਨੂੰ ਬਹੁਤ ਚੰਗੀ ਤਰ੍ਹਾਂ ਸੁਧਾਰਦੇ ਸਨ, ਆਪਣੇ ਪਾਸ ਸਵਾਉਂਦੇ ਸਨ ਤੇ ਵੇਖਦੇ ਰਹਿੰਦੇ ਸਨ ਤੇ ਆਪਣੀ ਨੂੰਹ ਨਾਲ ਬਹੁਤ ਗੁਣਾਂ ਦਾ ਉਚਾਰਨ ਕਰਦੇ ਸਨ॥੨੯॥

**ਸੁਨਿ ਗੁਜਰੀ ਸਾਸੂ ਕੇ ਬੈਨ। ਬੰਦਤਿ ਗੁਰਨਿ ਮੂੰਦਿ ਕਰਿ ਨੈਨ।**
**ਸ੍ਰੀ ਨਾਨਕ ਕੋ ਸਿਮਰਨ ਕਰਹਿ। 'ਮੋ ਸੁਤ ਕੀ ਰੱਛ੍ਯਾ ਨਿਤ ਧਰਹਿਂ' ॥੩੦॥**

ਸ੍ਰੀ ਗੁਜਰੀ ਸੱਸ ਦੇ ਬਚਨ ਸੁਣ ਕੇ, ਗੁਰੂ ਜੀ ਨੂੰ ਅੱਖਾਂ ਬੰਦ ਕਰਕੇ ਬੰਦਨਾ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿਮਰਨ ਕਰਦੇ ਸਨ ਤੇ ਕਹਿੰਦੇ ਸਨ, "ਹੇ ਗੁਰੂ ਜੀ! ਮੇਰੇ ਪੁੱਤਰ ਦੀ ਨਿਤ ਰੱਖਿਆ ਕਰੋ" ॥੩੦॥

**ਪੋਖਨਿ ਪਾਲਨਿ ਅਨਿਕ ਬਿਧਿਨਿ ਤੇ। ਦੂਰ ਨ ਹੋਵਨਿ ਦੇਤਿ ਚਖਨ ਤੇ।**
**ਦੇਖਤਿ ਰਹੈ ਪ੍ਰੇਮ ਕਰਿ ਭਾਰਾ। ਜਿਮ ਪੰਨਗ ਨਿਜ ਮਨਿ ਸੰਭਾਰਾ॥ ੩੧॥**

ਅਨੇਕ ਵਿਧੀਆਂ ਨਾਲ ਪਾਲਣ ਪੋਸਣ ਕਰਦੇ ਸਨ ਤੇ ਆਪਣੀਆਂ ਅੱਖਾਂ ਤੋਂ ਦੂਰ ਨਹੀਂ ਸੀ ਹੋਣ ਦਿੰਦੇ, ਭਾਰੀ ਪ੍ਰੇਮ ਕਰਕੇ ਵੇਖਦੇ ਰਹਿੰਦੇ ਸਨ, ਜਿਵੇਂ ਨਾਗ ਆਪਣੀ ਮਨੀ ਨੂੰ ਸੰਭਾਲਦਾ ਹੈ॥੩੦॥

**ਕਮਲ ਬਦਨ ਕੋ ਪ੍ਰਾਤਿ ਪਖਾਰਹਿ। ਨੀਰ ਉਸ਼ਨ ਕਰਿ ਮੱਜਨ ਧਾਰਹਿ।**
**ਰੁਤ ਅਨੁਸਾਰੀ ਪਟ ਪਹਿਰਾਵਹਿ। ਅਨਿਕ ਬਰਨ ਕੇ ਜਥਾ ਸੁਹਾਵਹਿਂ ॥ ੩੨॥**

ਚਰਨਾਂ ਕੰਵਲਾਂ ਨੂੰ ਸਵੇਰੇ ਧੋਂਦੇ ਸਨ ਤੇ ਜਲ ਗਰਮ ਕਰਕੇ ਇਸ਼ਨਾਨ ਕਰਵਾਉਂਦੇ ਸਨ। ਰੁੱਤ ਅਨੁਸਾਰ ਕੱਪੜੇ ਪਹਿਨਾਉਂਦੇ ਸਨ, ਉਨ੍ਹਾਂ ਵਸਤਰਾਂ ਦੇ ਅਨੇਕਾਂ ਪ੍ਰਕਾਰ ਦੇ ਰੰਗ ਹੁੰਦੇ ਸੀ, ਜਿਵੇਂ ਵੀ ਸ਼ੋਭਦੇ ਸਨ॥੩੨॥

**ਰਹਿ ਰਹਿ ਉਰ ਮਹਿਂ ਲਗੈ ਨ ਡੀਠ। ਲੇਤਿ ਗੋਦ ਮਹਿਂ ਬਰਬਸ ਈਠ।**
**ਵਾਰਤਿ ਊਪਰ ਲੋਨ ਸੁ ਰਾਈ। ਮੁਖ ਤੇ ਕਹਿ 'ਰਹਿਂ ਗੁਰੂ ਸਹਾਈ' ॥ ੩੩॥**

ਹਿਰਦੇ ਵਿਚ ਸਦਾ ਇਹ ਡਰ ਰਹਿੰਦਾ ਸੀ ਕਿ ਨਜ਼ਰ ਨਾ ਲੱਗ ਜਾਵੇ। ਬਦੋਬਦੀ ਪਿਆਰੇ ਪੁੱਤਰ ਨੂੰ ਆਪਣੀ ਗੋਦੀ ਵਿਚ ਲੈਂਦੇ ਸਨ। ਪੁੱਤਰ ਦੇ ਸਿਰ ਉੱਤੋਂ ਦੀ ਲੂਣ ਤੇ ਰਾਈ ਵਾਰਦੇ ਸਨ ਤੇ ਮੂੰਖ ਤੋਂ ਕਹਿੰਦੇ ਸਨ, "ਸਦਾ ਗੁਰੂ ਜੀ ਤੇਰੇ ਸਹਾਈ ਹੋਣ" ॥੩੩॥

ਖੇਲਨਿ ਹੇਤੁ ਅੰਕ ਤੇ ਦੌਰਹਿਂ। ਮਿਲਹਿਂ ਬਾਲਕੇ ਹੁਇ ਇਕ ਠੌਰਹਿਂ।
ਮਾਤ ਦ੍ਰਿਸ਼ਟਿ ਮਹਿਂ ਰਖਿ ਬਿਚਰਾਵਹਿ। ਅਵਿਨਕ ਪ੍ਰਕਾਰ ਬਰਜਿ ਠਹਿਰਾਵਹਿ ॥੩੪॥

ਖੇਡਣ ਵਾਸਤੇ ਗੋਦ 'ਚੋਂ ਨਿਕਲ ਕੇ ਦੌੜ ਪੈਂਦੇ ਸਨ ਤੇ ਬਾਲਕ ਮਿਲ ਕੇ ਸਾਰੇ ਇਕ ਥਾਂ ਇਕੱਠੇ ਹੋ ਜਾਂਦੇ ਸਨ। ਮਾਤਾ ਜੀ ਵਿਚਾਰ ਕੇ ਦ੍ਰਿਸ਼ਟੀ ਵਿਚ ਰੱਖਦੇ ਸਨ ਤੇ ਅਨੇਕ ਪ੍ਰਕਾਰ ਵਰਜ ਕੇ ਠਹਿਰਾਉਂਦੇ ਸਨ॥੩੪॥

*ਬਾਰ੍ਹਵੀਂ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥੨੧॥*

## *ਅਧਿਆਇ ਬਾਈਵਾਂ*

*ਨੌਵੇਂ ਪਾਤਸ਼ਾਹ ਜੀ ਦਾ ਆਸਾਮ ਵਲੋਂ ਮੁੜਨਾ*

ਦੋਹਰਾ- ਉਤ ਤੇ ਸਾਹਿਬ ਸਤਿਗੁਰੂ ਤੇਗ ਬਹਾਦਰ ਧੀਰ।
ਕਰਿ ਕਾਰਜ ਮਹਿਪਾਲ ਕੋ ਹਟੇ ਸੰਗ ਭਟ ਭੀਰ॥ ੧॥

ਉਧਰ ਧੀਰਜਵਾਨ ਸਤਿਗੁਰੂ ਤੇਗ ਬਹਾਦਰ ਸਾਹਿਬ ਰਾਜੇ ਬਿਸ਼ਨ ਸਿੰਘ ਦਾ ਕਾਰਜ ਕਰਕੇ ਬਹੁਤ ਸੂਰਬੀਰਾਂ ਸਹਿਤ ਵਾਪਸ ਆ ਗਏ॥੧॥

ਚੌਪਈ-ਅਨਿਕ ਪ੍ਰਕਾਰ ਗੁਰੂ ਕੀ ਸੇਵਾ। ਕਰਤਿ ਭਯੋ ਨ੍ਰਿਪ ਜਾਨਤਿ ਭੇਵਾ।
ਦੇਸ਼ ਕਾਮਰੂ ਸਰ ਕਰਿ ਦੀਨਾ। ਅਧਿਕ ਅਨੰਦਤਿ ਲਸ਼ਕਰਿ ਪੀਨਾ ॥੨॥

ਅਨੇਕ ਪ੍ਰਕਾਰ ਗੁਰੂ ਜੀ ਦੀ ਸੇਵਾ ਰਾਜਾ ਕਰਦਾ ਰਿਹਾ ਜਿਹੜਾ ਗੁਰੂ ਜੀ ਬਾਰੇ ਸਭ ਭੇਦ ਜਾਣਦਾ ਸੀ। ਉਸ ਨੂੰ ਕਾਮਰੂਪ ਦੇਸ਼ ਸਰ ਕਰ ਦਿੱਤਾ, ਸਾਰੀ ਸੈਨਾ ਬਹੁਤ ਪ੍ਰਸੰਨ ਹੋਈ॥੨॥

ਸੰਮਤ ਕੇਤਿਕ ਤਹਾਂ ਬਿਤਾਏ। ਫਤੇ ਲੇਨਿ ਕੀ ਬੰਬ ਬਜਾਏ।
ਪਟਣੇ ਦਿਸ਼ਿ ਕੋ ਕੂਚ ਕਰਾਯੋ। ਬਿਸ਼ਨ ਸਿੰਘ ਰਾਜਾ ਹਰਖਾਯੋ॥ ੩॥

ਗੁਰੂ ਜੀ ਨੇ ਕਈ ਸਾਲ ਉਥੇ ਬਤੀਤ ਕੀਤੇ ਤੇ ਫ਼ਤਹਿ ਪ੍ਰਾਪਤ ਕਰਕੇ ਨਗਾਰੇ ਵਜਾਏ। ਫਿਰ ਪਟਨੇ ਦੇਸ਼ ਵਲ ਕੂਚ ਕਰਾਇਆ ਤੇ ਰਾਜਾ ਬਿਸ਼ਨ ਸਿੰਘ ਬਹੁਤ ਪ੍ਰਸੰਨ ਹੋਇਆ॥੩॥

ਸੰਗ ਗੁਰੂ ਕੇ ਚਹਜੋ ਪਯਾਨਾ। ਬਾਜਹਿਂ ਆਗੈ ਬ੍ਰਿੰਦ ਨਿਸ਼ਾਨਾ।
ਸਿਵਕਾ ਪਰ ਸ੍ਰੀ ਤੇਗ ਬਹਾਦਰ। ਨ੍ਰਿਪ ਕਹਿ ਕਰਿ ਸੁ ਚਢਾਏ ਸਾਦਰ ॥੪॥

ਗੁਰੂ ਜੀ ਦੇ ਨਾਲ ਚਲਣਾ ਚਾਹੁੰਦਾ ਸੀ ਤੇ ਅੱਗੇ ਬਹੁਤ ਨਗਾਰੇ ਅਤੇ ਧੌਂਸੇ ਵੱਜ ਰਹੇ ਸਨ। ਪਾਲਕੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਬੈਠ ਗਏ, ਰਾਜੇ ਨੇ ਕਹਿ ਕੇ ਬੜੇ ਆਦਰ ਨਾਲ ਚੜ੍ਹਾਏ॥੪॥

ਕਰਤਿ ਮਜਲ ਪਰ ਮਜਲ ਸਦਾਈ। ਚਲਜੋ ਆਇ ਲਸ਼ਕਰ ਸਮੁਦਾਈ।
ਡੇਰਾ ਪਰਹਿ ਆਨਿ ਕਰਿ ਜਹਾਂ। ਸੁਧਿ ਪਸਰਹਿ ਗੁਰੂ ਕੀ ਜਹਿਂ ਕਹਾਂ ॥੫॥

ਸਦਾ ਹੀ ਮੰਜ਼ਲ ਤੇ ਮੰਜ਼ਲ ਤਹਿ ਕਰਦੇ ਜਾਂਦੇ ਸਨ ਤੇ ਸਾਰਾ ਲਸ਼ਕਰ ਚਲ ਕੇ ਆ ਗਿਆ। ਜਿਸ ਸਥਾਨ ਆ ਕੇ ਰਾਤ ਨੂੰ ਡੇਰਾ ਕਰਦੇ ਸਨ ਤਾਂ ਜਿੱਥੇ ਕਿੱਥੇ ਗੁਰੂ ਜੀ ਦੇ ਆਉਣ ਬਾਰੇ ਖ਼ਬਰ ਫੈਲ ਜਾਂਦੀ ਸੀ॥੫॥

ਸੰਗਤਿ ਮੁਦਤ ਰਿਦੈ ਚਲਿ ਆਵੈ। ਅਰਪਿ ਅਕੋਰਨ ਦਰਸ਼ਨ ਪਾਵੈ।
ਦਰਬ ਆਦਿ ਗਨ ਬਸਤ ਅਜਾਇਬ। ਹੇਤੁ ਰਿਝਾਵਨਿ ਅਰਪਹਿ ਸਾਹਿਬ ॥੬॥

ਸੰਗਤ ਬਹੁਤ ਪ੍ਰਸੰਨ ਹੋ ਕੇ ਚਲ ਕੇ ਆਉਂਦੀ ਸੀ ਤੇ ਉਪਹਾਰ ਅਰਪਣ ਕਰਕੇ ਦਰਸ਼ਨ ਪਾਉਂਦੀ ਸੀ। ਧਨ ਆਦਿ ਬਹੁਤ ਅਜੀਬ ਵਸਤਾਂ ਗੁਰੂ ਜੀ ਨੂੰ ਪ੍ਰਸੰਨ ਕਰਨ ਵਾਸਤੇ ਦਿੰਦੀ ਸੀ॥੬॥

ਬਿਨਤੀ ਕਰਹਿ ਕਾਮਨਾ ਪੈ ਹੈ। ਜਸੁ ਕੋ ਉਚਰਤਿ ਸਦਨ ਸਿਧੈ ਹੈ।
ਭਏ ਦੁਪਹਿਰੀ ਡੇਰਾ ਘਾਲਹਿ। ਭੋਰ ਹੋਤਿ ਮਾਰਗ ਦਲ ਚਾਲਹਿ॥ ੭॥

ਬੇਨਤੀ ਕਰਕੇ ਕਾਮਨਾ ਪ੍ਰਾਪਤ ਕਰਦੇ ਸਨ ਤੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਦੇ ਘਰਾਂ ਨੂੰ ਚਲੇ ਜਾਂਦੇ ਸਨ। ਦੁਪਹਿਰ ਹੋਣ ਤੇ ਡੇਰਾ ਕਰ ਲੈਂਦੇ ਸਨ ਤੇ ਸਵੇਰ ਹੋਣ 'ਤੇ ਮਾਰਗ ਵਿਚ ਅੱਗੇ ਚਲ ਪੈਂਦੇ ਸਨ॥੭॥

ਪਾਛਲ ਜਾਮ ਰਹੇ ਦਿਨ ਥੋਰੇ। ਬਿਸ਼ਨ ਸਿੰਘ ਆਵਹਿ ਗੁਰ ਓਰੇ।
ਬੰਦਨ ਕਰਹਿ ਜੁਗਲ ਕਰ ਜੋਰਿ। ਬਿਨੈ ਬਖਾਨਹਿ ਚਰਨ ਨਿਹੋਰਿ॥ ੮॥

ਪਿਛਲੇ ਪਹਿਰ ਥੋੜਾ ਦਿਨ ਰਹਿੰਦਿਆਂ, ਰਾਜਾ ਬਿਸ਼ਨ ਸਿੰਘ ਗੁਰੂ ਜੀ ਪਾਸ ਆਉਂਦਾ ਸੀ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਸੀ ਤੇ ਚਰਨਾਂ ਵਲ ਵੇਖ ਕੇ ਬੇਨਤੀ ਕਰਦਾ ਸੀ॥੮॥

ਸਾਦਰ ਸਤਿਗੁਰ ਨਿਕਟਿ ਬਿਠਾਵੈਂ। ਕ੍ਰਿਪਾ ਦ੍ਰਿਸ਼ਟਿ ਬਾਤਨਿ ਬਤਰਾਵੈਂ।
'ਅਨਿਕ ਬਾਰ ਸਿਖ ਪਠੇ ਅਗਾਰੀ। ਮਾਤ ਨਾਨਕੀ ਪ੍ਰੀਤਿ ਸੁ ਧਾਰੀ॥ ੯॥

ਸਤਿਗੁਰੂ ਜੀ ਬੜੇ ਆਦਰ ਨਾਲ ਪਾਸ ਬੈਠਾਉਂਦੇ ਸਨ ਤੇ ਕਿਰਪਾ-ਦ੍ਰਿਸ਼ਟੀ ਕਰਕੇ ਆਪਣੇ ਘਰ ਦੀਆਂ ਗੱਲਾਂ ਦੱਸਦੇ ਸਨ, "ਮੇਰੇ ਮਾਤਾ ਨਾਨਕੀ ਜੀ ਨੇ ਪ੍ਰੀਤ ਧਾਰ ਕੇ ਪਹਿਲਾਂ ਵੀ ਕਈ ਵਾਰ ਸਿੱਖ ਭੇਜੇ ਹਨ॥੯॥

ਬਹੁ ਦਿਨ ਬਿਤੇ ਨ ਪੁੱਤ੍ਰ ਨਿਹਾਰਾ। ਬਿਛੁਰਿ ਨ ਭਯੋ ਕਦਾਪਿ ਉਦਾਰਾ।
ਆਵਨਿ ਤੀਰਥ ਹਿਤ ਦਿਸ਼ਿ ਪੂਰਬ। ਸੁਤ ਤੇ ਬਿਛੁਰੀ ਨਾਂਹਿਨ ਪੂਰਬ॥੧੦॥

ਬਹੁਤ ਦਿਨ ਬੀਤ ਗਏ ਹਨ, ਪੁੱਤਰ ਨੂੰ ਨਹੀਂ ਵੇਖਿਆ ਹੈ, ਪਹਿਲਾਂ ਕਦੀ ਵੀ ਏਨਾ ਵਿਛੋੜਾ ਨਹੀਂ ਸੀ ਹੋਇਆ। ਪੂਰਬ ਵਾਲੇ ਪਾਸੇ ਤੀਰਥਾਂ ਵਿਚ ਇਸ਼ਨਾਨ ਕਰਨ ਆਏ ਸੀ, ਪਹਿਲਾਂ ਕਦੀ ਵੀ ਪੁੱਤਰ ਤੋਂ ਏਨਾ ਲੰਮਾ ਸਮਾਂ ਨਹੀਂ ਵਿਛੜੀ ਸੀ॥੧੦॥

ਪੌਤ੍ਰ ਪ੍ਰਤੀਖਨ ਧਾਰਤਿ ਉਰ ਮੈਂ। ਬਿਛੁਰਿ ਰਹੀ, ਬਸਿ ਪਟਨੇ ਪੁਰਿ ਮੈਂ।
ਅਧਿਕ ਸਨੇਹ ਮਿਲਨ ਕਹੁ ਧਰਤੀ। ਪਾਤੀ ਬ੍ਰਿੰਦ ਪਠਾਵਨਿ ਕਰਤੀ' ॥੧੧॥

ਹਿਰਦੇ ਵਿਚ ਪੋਤਰੇ ਦੀ ਉਡੀਕ ਧਾਰਨ ਕੀਤੀ ਹੋਈ ਸੀ, ਪਟਨੇ ਸ਼ਹਿਰ ਵਿਚ ਵੱਸ ਕੇ ਵਿਛੜੀ ਰਹੀ ਹੈ। ਮਿਲਣ ਵਾਸਤੇ ਬਹੁਤ ਸਨੇਹ ਧਾਰਨ ਕਰਦੀ ਹੈ ਤੇ ਬਹੁਤ ਚਿੱਠੀਆਂ ਭੇਜਦੀ ਰਹੀ ਹੈ" ॥੧੧॥

ਬਾਰਿ ਬਾਰਿ ਜਨਨੀ ਸੁਧਿ ਪਾਇ। ਚਲਿ ਸ੍ਰੀ ਤੇਗ ਬਹਾਦਰ ਰਾਇ।
ਆਵਤਿ ਕੁਸ਼ਲ ਬੂਝ ਬਹੁ ਬਾਰੀ। ਸੁਤ ਕੀ ਸੁਧਿ ਸੁਨਿ ਸੁਨਿ ਮੁਦ ਧਾਰੀ॥੧੨॥

ਬਾਰ-ਬਾਰ ਮਾਤਾ ਜੀ ਪਾਸੋਂ ਖਬਰ ਸਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਚਲ ਪਏ। ਜਦ ਵੀ ਕੋਈ ਸਿੱਖ ਆਉਂਦਾ ਸੀ ਉਸ ਪਾਸੋਂ ਬਹੁਤ ਵਾਰ ਸੁਖ-ਸਾਂਦ ਪੁੱਛਦੇ ਸਨ। ਪੁੱਤਰ ਬਾਰੇ ਖਬਰ ਸੁਣ ਕੇ ਬਹੁਤ ਪ੍ਰਸੰਨਤਾ ਧਾਰਨ ਕਰਦੇ ਸਨ॥੧੨॥

ਇਮ ਆਵਤਿ ਗੁਰ ਪਟਨੇ ਓਰ। ਬਿਸ਼ਨ ਸਿੰਘ ਜੁਤਿ ਨਿਤ ਉਠਿ ਭੋਰ।
ਮਾਤ ਨਾਨਕੀ ਗੁਜਰੀ ਦੋਊ। ਬਾਤ ਸੁਨਾਵਹਿੰ ਬਹੁ ਬਿਧਿ ਓਊ॥ ੧੩॥

ਇਸ ਤਰ੍ਹਾਂ ਗੁਰੂ ਜੀ ਪਟਨੇ ਵਾਲੇ ਪਾਸੇ ਆ ਰਹੇ ਸਨ, ਕ੍ਰਿਸ਼ਨ ਸਿੰਘ ਸਹਿਤ ਸਦਾ ਸਵੱਖਤੇ ਉੱਠਦੇ ਸਨ। ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਦੋਵੇਂ, ਬਹੁਤ ਵਿਧੀਆਂ ਨਾਲ ਬਾਲਾ ਗੋਬਿੰਦ ਰਾਏ ਜੀ ਨੂੰ ਗੱਲਾਂ ਸੁਣਾਉਂਦੇ ਸਨ॥੧੩॥

'ਸੁਨਹੁ ਪੁੱਤ੍ਰ ਪੰਜਾਬ ਜੁ ਦੇਸ਼। ਸਤਿਗੁਰ ਤਿਤਹੀ ਬਸੈਂ ਵਿਸ਼ੇਸ਼।
ਮਹਾਂ ਜੰਗ ਤੁਰਕਨਿ ਕੇ ਸੰਗ। ਬਾਰਿ ਬਾਰਿ ਹੋਏ ਭਟ ਭੰਗ॥ ੧੪॥

ਹੇ ਪੁੱਤਰ! ਸੁਣੋ, ਜਿਹੜਾ ਪੰਜਾਬ ਦੇਸ਼ ਹੈ, ਸਤਿਗੁਰੂ ਜੀ ਵਿਸ਼ੇਸ਼ ਤੌਰ ਤੇ ਉਥੇ ਹੀ ਰਹਿੰਦੇ ਹਨ। ਤੁਰਕਾਂ ਨਾਲ ਮਹਾਨ ਜੰਗ ਹੁੰਦੀ ਰਹੀ ਹੈ ਤੇ ਬਾਰ-ਬਾਰ ਸੂਰਮੇ ਮਾਰੇ ਜਾਂਦੇ ਰਹੇ ਹਨ॥੧੪॥

ਸੋਢੀ ਬੰਸ ਸ਼ਿਰੋਮਣਿ ਮਹਾਂ। ਰਾਮਦਾਸ ਗੁਰ ਜਸੁ ਜਹਿੰ ਕਹਾਂ।
ਲਵਪੁਰਿ ਜਨਮੇ ਨਗਰ ਬਿਸਾਲ। ਬਹੁਰ ਬਸੇ ਸ੍ਰੀ ਗੋਇੰਦਵਾਲ॥ ੧੫॥

ਉਥੇ ਸੋਢੀ ਵੰਸ਼ ਮਹਾਨ ਸ਼ਿਰੋਮਣੀ ਹੈ, ਸ੍ਰੀ ਗੁਰੂ ਰਾਮਦਾਸ ਜੀ ਦਾ ਜਿੱਥੇ ਕਿੱਥੇ ਬਹੁਤ ਜੱਸ ਹੈ। ਲਾਹੌਰ ਸ਼ਹਿਰ ਵਿਚ ਉਨ੍ਹਾਂ ਦਾ ਜਨਮ ਹੋਇਆ ਸੀ, ਫਿਰ ਉਹ ਗੋਇੰਦਵਾਲ ਨਗਰ ਵਿਚ ਵੱਸਦੇ ਰਹੇ॥੧੫॥

ਪ੍ਰਥਮ ਨਗਰ ਤੀਰਥ ਅਭਿਰਾਮ। ਬਿਦਤਜੋ ਸ੍ਰੀ ਅੰਮ੍ਰਿਤਸਰ ਨਾਮ।
ਤਰਜੋ ਬਸਾਵਨ ਰਚੇ ਉਪਾਇ। ਬਡੇ ਤੁਮਾਰੇ ਭੇ ਤਿਸ ਥਾਇ॥ ੧੬॥

ਪਹਿਲਾ ਨਗਰ ਹੈ ਜਿਹੜਾ ਸੁੰਦਰ ਤੀਰਥ ਪ੍ਰਗਟ ਹੋਇਆ ਹੈ, ਉਸ ਦਾ ਨਾਮ ਅੰਮ੍ਰਿਤਸਰ ਹੈ, ਉਸ ਨੂੰ ਸ੍ਰੀ ਗੁਰੂ ਰਾਮਦਾਸ ਜੀ ਨੇ ਵਸਾਇਆ ਹੈ, ਤੁਹਾਡੇ ਵਡੇਰੇ ਉਸ ਥਾਂ ਹੋਏ ਹਨ॥੧੬॥

ਬਹੁਰ ਪਿਤਾਮੇ ਭਏ ਤੁਮਾਰੇ। ਜਿਨ ਤੇ ਲਰਤਿ ਤੁਰਕ ਗਨ ਹਾਰੇ।
ਬਸੇ ਪਿਤਾ ਕੇ ਪੁਰਿ ਕਰਤਾਰੇ। ਪੁਨਹਿ ਬਿਪਾਸਾ ਕੂਲ ਨਿਹਾਰੇ॥ ੧੭॥

ਫਿਰ ਤੁਹਾਡੇ ਦਾਦਾ ਜੀ ਹੋਏ ਹਨ, ਜਿਨ੍ਹਾਂ ਨਾਲ ਲੜਦੇ ਤੁਰਕ ਹਾਰ ਗਏ ਸਨ। ਉਹ ਆਪਣੇ ਪਿਤਾ ਜੀ ਦੀ ਨਗਰੀ ਕਰਤਾਰਪੁਰ ਵਿਚ ਵੱਸਦੇ ਰਹੇ, ਫਿਰ ਉਨ੍ਹਾਂ ਨੇ ਬਿਆਸ ਦਾ ਕਿਨਾਰਾ ਵੇਖਿਆ॥੧੭॥

ਸੁੰਦਰ ਨਗਰ ਬਸਾਵਨਿ ਕਰਜੋ। ਬਡ ਰਣ ਭਯੋ ਤੁਰਕ ਗਨ ਮਰਜੋ।
ਤਿਨ ਪਾਛੇ ਗਾਦੀ ਪਰ ਪੋਤਾ। ਥਿਰ ਹੁਇ ਸ੍ਰੀ ਹਰਿਰਾਇ ਉਦੋਤਾ॥ ੧੮॥

ਉਥੇ ਸ੍ਰੀ ਹਰਿਗੋਬਿੰਦਪੁਰ ਇਕ ਸੁੰਦਰ ਨਗਰ ਵਸਾਇਆ, ਉਥੇ ਬਹੁਤ ਵੱਡਾ ਯੁੱਧ ਹੋਇਆ। ਜਿਸ ਵਿਚ ਬਹੁਤ ਤੁਰਕ ਮਾਰੇ ਗਏ। ਉਨ੍ਹਾਂ ਦੇ ਪਿੱਛੋਂ ਗੱਦੀ ਤੇ ਉਨ੍ਹਾਂ ਦੇ ਪੋਤਾ ਜੀ ਸ੍ਰੀ ਗੁਰੂ ਹਰਿਰਾਇ ਜੀ ਸਥਿਤ ਹੋਏ॥੧੮॥

ਦ੍ਵੈ ਸੁਤ ਤਿਨ ਤੇ ਉਪਜਤਿ ਭਏ। ਜਬਹੁ ਕਿਤਿਕ ਦੀਰਘ ਬਯ ਥਿਏ।
ਜੇਸ਼ਟ ਰਾਮਰਾਇ ਤਿਸ ਨਾਮੂ। ਸ੍ਰੀ ਹਰਿ ਕ੍ਰਿਸ਼ਨ ਲਘੂ ਅਭਿਰਾਮੂ॥ ੧੯॥

ਉਨ੍ਹਾਂ ਦੇ ਘਰ ਦੋ ਪੁੱਤਰ ਪੈਦਾ ਹੋਏ ਜਦ ਉਨ੍ਹਾਂ ਦੀ ਕੁਝ ਵੱਡੀ ਉਮਰ ਹੋਈ। ਵੱਡੇ ਪੁੱਤਰ ਦਾ ਨਾਮ ਸ੍ਰੀ ਰਾਮਰਾਇ ਸੀ ਤੇ ਛੋਟੇ ਪੁੱਤਰ ਦਾ ਨਾਮ ਸ੍ਰੀ ਹਰਿਕ੍ਰਿਸ਼ਨ ਸੀ॥੧੯॥

ਜੇਠੇ ਕਹੁ ਢਿਗ ਸ਼ਾਹੁ ਹਕਾਰਾ। ਕਰਾਮਾਤ ਗਨ ਦੀਨਿ ਉਦਾਰਾ।
ਚਾਹਤਿ ਕਹਤਿ ਦਿਲੇਸ਼ੁਰ ਜੈਸੇ। ਬਿਲਮ ਬਿਹੀਨ ਕਰਤਿ ਭਾ ਤੈਸੇ॥ ੨੦॥

ਵੱਡੇ ਪੁੱਤਰ ਨੂੰ ਬਾਦਸ਼ਾਹ ਨੇ ਆਪਣੇ ਪਾਸ ਬੁਲਾ ਲਿਆ, ਉਸ ਨੇ ਬਹੁਤ ਵੱਡੀਆਂ ਕਰਾਮਾਤਾਂ ਕਰ ਕੇ ਵਿਖਾਈਆਂ। ਜਿਵੇਂ ਵੀ ਦਿੱਲੀ ਦਾ ਬਾਦਸ਼ਾਹ ਚਾਹੁੰਦਾ ਅਤੇ ਕਹਿੰਦਾ ਸੀ, ਕਿਸੇ ਦੇਰ ਤੋਂ ਬਗੈਰ ਉਸ ਤਰ੍ਹਾਂ ਹੀ ਕਰ ਦਿੰਦਾ ਸੀ॥੨੦॥

Sri Satguru Jagjit Singh Ji eLlibrary NamdhariElibrary@gmail.com

ਸ੍ਰੀ ਹਰਿਰਾਇ ਨ ਮਾਨੀ ਆਛੀ। ਲਘੁ ਸੁਤ ਗੁਰਤਾ ਦੇ ਉਪਰ ਬਾਛੀ।
ਕਿਤਿਕ ਮਾਸ ਦ੍ਵੈ ਸੰਮਤ ਥਿਰੇ। ਬਹੁਰ ਬਿਕੁੰਠ ਪਯਾਨੋ ਕਰੇ॥ ੨੧॥

ਸ੍ਰੀ ਗੁਰੂ ਹਰਿਰਾਇ ਜੀ ਨੇ ਕਰਾਮਾਤ ਵਿਖਾਉਣ ਵਾਲੀ ਗੱਲ ਚੰਗੀ ਨਾ ਜਾਣੀ ਤੇ ਛੋਟੇ ਪੁੱਤਰ ਨੂੰ ਚਾਹ ਕੇ ਗੁਰਤਾ ਦੇ ਦਿੱਤੀ। ਕੁਝ ਮਹੀਨੇ ਤੇ ਦੋ ਸਾਲ ਉਹ ਗੁਰਗੱਦੀ ਤੇ ਬੈਠੇ ਫਿਰ ਉਹ ਬਿਕੁੰਠ ਚਲੇ ਗਏ॥੨੧॥

ਤਿਨ ਪਾਛੇ ਗੁਰੁ ਪਿਤਾ ਤੁਹਾਰੇ। ਭਏ ਪੂਜ ਬਿਦਤੇ ਜਗ ਸਾਰੇ।
ਤਊ ਸ਼ਰੀਕਾ ਕਰਿ ਕਰਿ ਬਾਦੈ। ਸੋਢੀ ਧੀਰਮੱਲ ਤੇ ਆਦੈ॥ ੨੨॥

ਉਨ੍ਹਾਂ ਦੇ ਪਿਛੋਂ ਤੁਹਾਡੇ ਪਿਤਾ ਜੀ ਗੁਰੂ ਗੱਦੀ 'ਤੇ ਬੈਠੇ ਤੇ ਉਹ ਪੂਜਨੀਕ ਬਣ ਕੇ ਸਾਰੇ ਜਗ ਵਿਚ ਪ੍ਰਗਟ ਹੋਏ। ਫਿਰ ਵੀ ਸ਼ਰੀਕਾ ਝਗੜਦਾ ਹੈ, ਸੋਢੀ ਧੀਰਮਲ ਆਦਿ ਜਿਹੜੇ ਹਨ॥੨੨॥

ਬਸਹਿਂ ਬਕਾਲੇ ਗ੍ਰਾਮ ਮਝਾਰਾ। ਤਜਿ ਕਰਿ ਉਤਰੇ ਨਦੀ ਉਰਾਰਾ।
ਕੀਰਤਿਪੁਰਿ ਇਕ ਨਗਰ ਬਸਾਯਾ। ਸ੍ਰੀ ਗੁਰਦਿੱਤਾ ਸੋ ਤੁਮ ਤਾਯਾ॥ ੨੩॥

ਬਕਾਲੇ ਪਿੰਡ ਵਿਚ ਵੱਸਦੇ ਸਨ, ਉਹ ਨਗਰ ਛੱਡ ਕੇ ਨਦੀ ਦੇ ਉਰਲੇ ਪਾਸੇ ਆ ਗਏ। ਤੁਹਾਡੇ ਤਾਇਆ ਜੀ ਸ੍ਰੀ ਗੁਰਦਿੱਤਾ ਜੀ ਨੇ ਕੀਰਤਪੁਰ ਨਾਮੀਂ ਇਕ ਨਗਰ ਵਸਾਇਆ ਸੀ॥੨੩॥

ਤਹਾਂ ਸਦਨ ਤਿਨ ਰਚੇ ਰਹੇ ਹੈਂ। ਪੁਨ ਪਰਲੋਕ ਪਯਾਨ ਚਹੇ ਹੈਂ।
ਤਬਿ ਤੁਮਰੋ ਤਹਿਂ ਆਇ ਪਿਤਾਮਾ। ਬਸੇ ਕਿਤਿਕ ਦਿਨ ਪਿਖਿ ਅਭਿਰਾਮਾ॥੨੪॥

ਉਥੇ ਉਨ੍ਹਾਂ ਨੇ ਘਰ ਬਣਾਏ ਹੋਏ ਹਨ, ਫਿਰ ਉਹ ਪਰਲੋਕ ਚਲੇ ਗਏ। ਤਦ ਤੁਹਾਡੇ ਦਾਦਾ ਜੀ ਉਥੇ ਆਏ, ਉਹ ਸੁੰਦਰ ਸਥਾਨ ਵੇਖ ਕੇ ਉਥੇ ਕੁਝ ਸਮਾਂ ਰਹਿੰਦੇ ਰਹੇ॥੨੪॥

ਗਏ ਬਿਕੁੰਠ ਗੁਰੂ ਤਨ ਤਜਾਗਾ। ਦੀਨਸਿ ਤਿਸ ਜਾਗਾ ਤਬ ਦਾਗਾ।
ਹਮ ਸਮੇਤ ਜਬਿ ਪਿਤਾ ਤੁਮਾਰਾ। ਕੀਰਤਿ ਪੁਰਿ ਕੋ ਆਇ ਨਿਹਾਰਾ॥ ੨੫॥

ਗੁਰੂ ਜੀ ਸਰੀਰ ਛੱਡ ਕੇ ਬੈਕੁੰਠ ਚਲੇ ਗਏ, ਉਨ੍ਹਾਂ ਦਾ ਉਸ ਅਸਥਾਨ 'ਤੇ ਹੀ ਫਿਰ ਸਸਕਾਰ ਕੀਤਾ ਗਿਆ। ਸਾਡੇ ਨਾਲ ਹੀ ਜਦ ਤੁਹਾਡੇ ਪਿਤਾ ਜੀ ਨੇ ਕੀਰਤਪੁਰ ਨੂੰ ਆ ਕੇ ਵੇਖਿਆ॥੨੫॥

ਸੂਰਜਮਲ ਆਦਿਕ ਮਿਲਿ ਹੇਰੇ। ਬਾਸੇ ਕਛੁਕ ਬਿਚਾਰਿ ਬਡੇਰੇ।
ਸਭਿ ਤੇ ਪ੍ਰਿਥਕ ਬਸਨਿ ਹੈ ਆਛੇ। ਭ੍ਰਾਤ ਸ਼ਰੀਕਾ ਬਹੁਰ ਨ ਬਾਂਛੇ॥ ੨੬॥

ਸੂਰਜਮਲ ਆਦਿ ਨੂੰ ਮਿਲ ਕੇ ਵੇਖਿਆ, ਤਦ ਉਥੇ ਕੁਝ ਵਡੇਰੇ ਵੱਸਦੇ ਵੇਖ ਕੇ ਵਿਚਾਰਿਆ। "ਸਭ ਤੋਂ ਵੱਖ ਵੱਸਣਾ ਚੰਗਾ ਹੈ, ਕਿਉਂਕਿ ਭਰਾ ਬਾਅਦ ਵਿਚ ਸ਼ਰੀਕਾ ਕਰਨਾ ਚਾਹੁੰਣਗੇ॥੨੬॥

ਬ੍ਰਿੱਤਿ ਸ਼ਾਂਤਕੀ ਸੁਖ ਕੋ ਪਾਵੈਂ। ਹਮਹੁਂ ਬਾਦ ਕਿਹ ਸੰਗ ਨ ਭਾਵੈ।
ਇਮ ਬਿਚਾਰਿ ਆਗੇ ਚਲਿ ਗਏ। ਪੰਚ ਕੋਸ ਪਹੁਚੇ ਥਿਰ ਥਿਏ॥ ੨੭॥

ਅਸੀਂ ਸ਼ਾਂਤਮਈ ਬ੍ਰਿਤੀ ਰੱਖ ਕੇ ਸੁਖ ਪਾਵਾਂਗੇ ਸਾਨੂੰ ਕਿਸੇ ਨਾਲ ਝਗੜਾ ਕਰਨਾ ਚੰਗਾ ਨਹੀਂ ਲੱਗਦਾ ਹੈ। ਇਸ ਤਰ੍ਹਾਂ ਵਿਚਾਰ ਕੇ ਅੱਗੇ ਚਲੇ ਗਏ ਤੇ ਪੰਜਾਂ ਕੋਹਾਂ ਤੇ ਪਹੁੰਚ ਕੇ ਸਥਿਰ ਹੋ ਗਏ॥੨੭॥

ਜ਼ਰਖਰੀਦ ਤਹਿਂ ਕੀਨਸਿ ਅਵਨੀ। ਦੁਹਿ ਦਿਸ਼ਿ ਸਲਿਤਾ ਗਿਰ ਪਿਖਿ ਰਵਨੀ।
ਤਹਾਂ ਆਪਨੋ ਨਗਰ ਬਸਾਯੋ। ਕਹਿ ਅਨੰਦ ਪੁਰਿ ਨਾਮ ਸੁਨਾਯੋ॥ ੨੮॥

ਉਥੇ ਜਾ ਕੇ ਧਰਤੀ ਮੁੱਲ ਲੈ ਲਈ ਜਿੱਥੇ ਦੋ ਪਾਸੇ ਨਦੀ ਅਤੇ ਪਹਾੜ ਸਨ। ਉਥੇ ਆਪਣਾ ਨਗਰ ਵਸਾਇਆ ਤੇ ਕਹਿ ਕੇ ਉਸ ਦਾ ਨਾਮ ਅਨੰਦਪੁਰ ਸੁਣਾਇਆ॥੨੮॥

ਕੇਤਿਕ ਚਿਰ ਸੁਖ ਸੋਂ ਤਹਿਂ ਬਾਸੇ। ਤੀਰਥ ਕਰਨਿ ਪੁਨਹਿਂ ਅਭਿਲਾਸੇ।
ਆਦਿ ਪ੍ਰਯਾਗ ਕੀਨਿ ਇਸ਼ਨਾਨ। ਖਸ਼ਟ ਮਾਸ ਬਾਸੇ ਤਿਸ ਥਾਨ॥ ੨੯॥

ਕੁਝ ਸਮਾਂ ਉਥੇ ਸੁਖ ਨਾਲ ਵਸਦੇ ਰਹੇ, ਫਿਰ ਤੀਰਥਾਂ 'ਤੇ ਜਾਣ ਦੀ ਅਭਿਲਾਸ਼ਾ ਕੀਤੀ। ਪ੍ਰਯਾਗ ਆਦਿ ਵਿਖੇ ਇਸ਼ਨਾਨ ਕੀਤਾ, ਛੇ ਮਹੀਨੇ ਉਥੇ ਵੱਸਦੇ ਰਹੇ॥੨੯॥

ਪੁਨ ਪਟਨੇ ਪੁਰਿ ਮਹਿਂ ਚਲਿ ਆਏ। ਬਸੇ ਕਿਤਿਕ ਦਿਨ ਜਬਿ ਇਸ ਥਾਏਂ।
ਕਰਤਿ ਪ੍ਰਤੀਖਨਿ ਤੋਹਿ ਜਨਮ ਕੀ। ਇਹਾਂ ਰਹਨਿ ਅਭਿਲਾਖਾ ਹਮ ਕੀ॥੩੦॥

ਫਿਰ ਪਟਨੇ ਨਗਰ ਵਿਚ ਚਲ ਕੇ ਆ ਗਏ, ਜਦ ਕੁਝ ਦਿਨ ਇਸ ਥਾਂ ਵਸੇ ਤਾਂ ਤੁਹਾਡੇ ਜਨਮ ਦੀ ਉਡੀਕ ਕਰਦੇ ਰਹੇ। ਸਾਡੀ ਏਥੇ ਰਹਿਣ ਦੀ ਅਭਿਲਾਸ਼ਾ ਸੀ॥੩੦॥

ਇਕ ਭੂਪਤਿ ਰਜਪੂਤ ਬਿਸਾਲਾ। ਦੇਸ਼ ਕਾਮਰੂ ਕੋ ਚਲਿ ਚਾਲਾ।
ਮੰਤ੍ਰਨਿ ਤੇ ਕਰਿ ਤ੍ਰਾਸ ਘਨੇਰਾ। ਆਇ ਪਰਜੋ ਸ਼ਰਨੀ ਤਿਸ ਬੇਰਾ॥ ੩੧॥

ਇਕ ਵੱਡਾ ਰਾਜਪੂਤ ਰਾਜਾ ਸੀ, ਉਹ ਕਾਮਰੂਪ ਦੇਸ਼ ਵਲ ਜਾ ਰਿਹਾ ਸੀ। ਪਰ ਕਾਮਰੂਪ ਦੇਸ਼ ਦੇ ਜਾਦੂਗਰਾਂ ਦੇ ਮੰਤ੍ਰਾਂ ਤੋਂ ਬਹੁਤ ਡਰਦਾ ਸੀ, ਉਹ ਉਸ ਸਮੇਂ ਤੁਹਾਡੇ ਪਿਤਾ ਜੀ ਦੀ ਸ਼ਰਨੀਂ ਆ ਪਿਆ॥੩੧॥

ਪੂਰਬ ਦਿਸ਼ਿ ਕੋ ਪਿਤਾ ਤੁਮਾਰੇ। ਹਮਹੁਂ ਤਜਾਗ ਕਰਿ ਤਬਹਿ ਪਧਾਰੇ।
ਅਬਿ ਆਵਤਿ ਹੈਂ ਖ਼ਬਰ ਪਠਾਈ। ਮਿਲਹਿਂ ਕਾਲ ਚਿਰ ਮਹਿਂ ਹਰਖਾਈ ॥੩੨॥

ਤੁਹਾਡੇ ਪਿਤਾ ਜੀ ਫਿਰ ਸਾਨੂੰ ਛੱਡ ਕੇ ਪੂਰਬ ਦੇਸ਼ ਵਲ ਚਲੇ ਗਏ। ਹੁਣ ਆ ਰਹੇ ਹਨ, ਸਾਨੂੰ ਖ਼ਬਰ ਭੇਜੀ ਹੈ, ਬੜੇ ਚਿਰਾਂ ਪਿਛੋਂ ਹੁਣ ਅਨੰਦਮਈ ਹੋ ਕੇ ਮਿਲਾਂਗੇ" ॥੩੨॥

ਇੱਤਜਾਦਿਕ ਪੌਤ੍ਰੇ ਸੰਗ ਬਾਤੀ। ਕਰਤਿ ਰਹਤਿ ਸੁਪਤਹਿਂ ਜਬਿ ਰਾਤੀ।
ਸੁਨਿ ਸੁਨਿ ਪਿਤਾ ਪਿਤਾਮੇ ਕਥਾ। ਨਿਤ ਅਨੰਦਤਾ ਉਦਤਹਿ ਤਥਾ॥ ੩੩॥

ਇਸ ਤਰ੍ਹਾਂ ਪੋਤਰੇ ਨਾਲ ਗੱਲਾਂ ਕਰਦੇ ਸਨ, ਜਦ ਰਾਤ ਨੂੰ ਸੌਂਦੇ ਸਨ ਤਾਂ ਅਜਿਹੀਆਂ ਗੱਲਾਂ ਕਰਦੇ ਰਹਿੰਦੇ ਸੀ। ਆਪਣੇ ਪਿਤਾ ਪਿਤਾਮੇ ਦੀ ਕਥਾ ਸੁਣ-ਸੁਣ ਕੇ ਨਿਤ ਪੋਤਰੇ ਵਿਚ ਉਸ ਤਰ੍ਹਾਂ ਅਨੰਦ ਪ੍ਰਗਟ ਹੁੰਦਾ ਰਹਿੰਦਾ ਸੀ॥੩੩॥

ਚੰਚਲ ਹੋਇ ਹੋਇ ਤਿਸ ਬਾਰੀ। ਦੁਹਿਂ ਮਾਤਨਿ ਸੋਂ ਕਰਹਿਂ ਉਚਾਰੀ।
'ਅਪਨੋ ਦੇਸ਼ ਪੰਜਾਬ ਮਹਾਨਾ। ਕਹਹੁ, ਕਬਹਿ ਤਹਿਂ ਕਰਹਿਂ ਪਯਾਨਾ ? ॥੩੪॥

ਉਸ ਸਮੇਂ ਚੰਚਲ ਹੋ ਹੋ ਕੇ ਦੋਹਾਂ ਮਾਤਾਵਾਂ ਪਾਸੋਂ ਗੁਰੂ ਜੀ ਉਚਾਰਨ ਕਰਕੇ ਪੁੱਛਦੇ ਸਨ। "ਸਾਡਾ ਮਹਾਨ ਪੰਜਾਬ ਦੇਸ਼ ਹੈ, ਕਹੋ, ਕਦ ਉਥੇ ਚਲਾਂਗੇ ? ॥੩੪॥

ਉਤ ਹੀ ਬਸਹਿਂ ਅਨੰਦਤਿ ਸਦਾ। ਬਡੇ ਬਸੈਂ ਜਿਸ ਦਿਸ਼ਿ ਜਦ ਕਦਾ।
ਇਸ ਬਿਧਿ ਕਹਿ ਕਹਿ ਨਿਤ ਉਮਗਾਵੈਂ। 'ਮਿਲਹਿਂ ਪਿਤਾ ਤਬਿ ਤਿਤਹਿ ਸਿਧਾਵੈਂ' ॥੩੫॥

ਉਥੇ ਹੀ ਸਦਾ ਅਨੰਦ ਨਾਲ ਵੱਸਾਂਗੇ, ਜਿਸ ਪਾਸੇ ਸਾਡੇ ਵਡੇਰੇ ਜਦ ਕਦੇ ਵੱਸਦੇ ਰਹੇ ਹਨ।" ਇਸ ਤਰ੍ਹਾਂ ਕਹਿ ਕਹਿ ਕੇ ਨਿਤ ਉਤਸ਼ਾਹਿਤ ਹੁੰਦੇ ਸਨ ਤੇ ਕਹਿੰਦੇ ਸਨ, "ਜਦ ਪਿਤਾ ਜੀ ਮਿਲਣਗੇ ਤਦ ਓਧਰ ਜਾਵਾਂਗੇ" ॥੩੫॥

ਕਈ ਬਾਰ ਪਰਚਾਵਨਿ ਹੇਤ। ਬਿਰਤਾਵਨਿ ਨਿਜ ਨਿਕਟਿ ਨਿਕੇਤ।
ਦੇਸ਼ ਪੰਜਾਬ ਕਥਾ ਕੋ ਕਹੈਂ। ਮਾਤ ਸੁ ਦਾਦੀ ਦੇਖਤਿ ਰਹੈਂ॥ ੩੬॥

ਕਈ ਵਾਰ ਪਰਚਾਉਣ ਵਾਸਤੇ ਕਿ ਆਪਣੇ ਪਾਸ ਘਰ ਵਿਚ ਹੀ ਟਿਕੇ ਰਹਿਣ। ਪੰਜਾਬ ਦੇਸ਼ ਦੀ ਕਥਾ ਸੁਣਾਉਂਦੇ ਰਹਿੰਦੇ ਸਨ ਤਾਂਕਿ ਮਾਤਾ ਜੀ ਅਤੇ ਦਾਦੀ ਜੀ ਉਨ੍ਹਾਂ ਨੂੰ ਵੇਖਦੇ ਰਹਿਣ॥੩੬॥

ਕਰਹਿਂ ਸਨੇਹ ਦੁਲਾਰਨਿ ਘਨੋ। ਕ੍ਰਿਸ਼ਨ ਪੁੱਤ੍ਰ ਕੋ ਜਸੁਧਾ ਮਨੋ।
ਜਥਾ ਜੰਗ ਮਹਿਂ ਤ੍ਰਾਸ ਘਨੇਰੇ। ਉਚਰ ਸੁਨਾਵਤਿ ਹੈਂ ਬਹੁ ਬੇਰੇ॥ ੩੭॥

ਪਿਆਰ ਕਰਦੇ ਸਨ ਤੇ ਬਹੁਤ ਦੁਲਾਰਦੇ ਰਹਿੰਦੇ ਸਨ, ਮਾਨੋ ਯਸ਼ੋਧਾ ਆਪਣੇ ਪੁੱਤਰ ਕ੍ਰਿਸ਼ਨ ਨੂੰ ਪਿਆਰ ਕਰ ਰਹੀ ਸੀ। ਜਿਵੇਂ ਜੰਗ ਵਿਚ ਬਹੁਤ ਡਰ ਹੁੰਦਾ ਹੈ, ਉਸ ਤਰ੍ਹਾਂ ਹੀ ਬਹੁਤ ਵਾਰ ਉਚਾਰਨ ਕਰਕੇ ਸੁਣਾਉਂਦੇ ਸਨ॥੩੭॥

'ਕਰਹਿਂ ਬਾਦ ਤਿਸ ਦੇਸ਼ ਬਿਸਾਲਾ। ਭਯੋ ਬਿਖਾਦ ਤਹਾਂ ਬਹੁ ਕਾਲਾ।
ਆਇ ਦੇਸ਼ ਇਸ ਮਹਿਂ ਸੁਖ ਪਾਏ। ਸਿਖ ਸੇਵਕ ਸਭਿ ਥਲ ਸਮੁਦਾਏ॥ ੩੮॥

"ਉਸ ਦੇਸ਼ ਵਿਚ ਬਹੁਤ ਝਗੜਾ ਕਰਦੇ ਸਨ, ਉਥੇ ਬਹੁਤ ਵਾਰ ਝੰਝਟ ਖੜਾ ਹੋਇਆ ਹੈ। ਇਸ ਦੇਸ਼ ਵਿਚ ਆ ਕੇ ਸੁਖ ਪਾਇਆ ਹੈ, ਸਿੱਖ ਸੇਵਕ ਸਭ ਸਥਾਨਾਂ 'ਤੇ ਹਨ॥੩੮॥

ਅਨਿਕ ਅਕੋਰਨ ਕੋ ਅਰਪੰਤੇ। ਆਇਸੁ ਮਾਨਹਿਂ ਜਥਾ ਕਹੰਤੇ।
ਲੈਬੋ ਕਹਾਂ ਪੰਜਾਬ ਮਝਾਰੇ। ਹੇ ਸੁਤ! ਇਤ ਦਿਸ਼ਿ ਬਸਹਿਂ ਸੁਖਾਰੇ' ॥ ੩੯॥

ਅਨੇਕਾਂ ਉਪਹਾਰ ਅਰਪਣ ਕਰਦੇ ਹਨ, ਜਿਸ ਤਰ੍ਹਾਂ ਕਹਿੰਦੇ ਹਾਂ, ਉਸ ਤਰ੍ਹਾਂ ਆਗਿਆ ਮੰਨਦੇ ਹਨ। ਪੰਜਾਬ ਵਿਚ ਜਾ ਕੇ ਕੀ ਲੈਣਾ ਹੈ, ਹੇ ਪੁੱਤਰ! ਇਸ ਦੇਸ਼ ਵਿਚ ਸੌਖੇ ਵੱਸਦੇ ਹਾਂ"॥੩੯॥

ਇਮ ਸਮੁਝਾਇ ਬਰਜਨਾ ਕਰਿਹੀਂ। ਤਊ ਆਪ ਬਹੁ ਬਾਰਿ ਉਚਰਿਹੀਂ।
'ਤਹਾਂ ਚਲਨਿ ਚਿਤ ਚਹਤਿ ਹਮਾਰੋ। ਜਹਾਂ ਬੰਸ ਸੋਢੀ ਉਜਿਯਾਰੋ' ॥ ੪੦॥

ਇਸ ਤਰ੍ਹਾਂ ਸਮਝਾ ਕੇ ਵਰਜਦੇ ਸਨ, ਫਿਰ ਵੀ ਆਪ ਬਹੁਤ ਵਾਰ ਉਚਾਰਨ ਕਰਦੇ ਸਨ, "ਉਥੇ ਜਾਣ ਨੂੰ ਮੇਰਾ ਚਿੱਤ ਚਾਹੁੰਦਾ ਹੈ, ਜਿੱਥੇ ਸੋਢੀ ਵੰਸ਼ ਦਾ ਉਜਾਲਾ ਹੈ"॥੪੦॥

ਇਸ ਪ੍ਰਕਾਰ ਬਹੁ ਬਾਰਿ ਪ੍ਰਸੰਗ। ਹੋਤਿ ਭਯੋ ਗੁਰ ਜਨਨੀ ਸੰਗ।
ਦਿਨ ਪ੍ਰਤਿ ਵਧਹਿ ਸਰੀਰ ਬਿਸਾਲਾ। ਖੇਲਤਿ ਬਿਚਰਤਿ ਬਾਲਿਕ ਜਾਲਾ॥੪੧॥

ਇਸ ਪ੍ਰਕਾਰ ਬਹੁਤ ਵਾਰ ਗੁਰੂ ਜੀ ਅਤੇ ਉਨ੍ਹਾਂ ਦੇ ਮਾਤਾ ਜੀ ਨਾਲ ਪ੍ਰਸੰਗ ਚਲਦਾ ਸੀ। ਪ੍ਰਤੀ ਦਿਨ ਸਰੀਰ ਵਿਸ਼ਾਲ ਵਧਦਾ ਜਾਂਦਾ ਸੀ, ਬਹੁਤ ਬਾਲਕਾਂ ਨਾਲ ਖੇਡਦੇ ਫਿਰਦੇ ਸਨ॥੪੧॥

*ਬਾਰ੍ਹਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥*

☆☆☆

# ਅਧਿਆਇ ਤੇਈਵਾਂ

## ਗੁਰੂ ਜੀ ਵਾਪਸ ਪਟਨੇ ਆਏ

ਦੋਹਰਾ- ਕਰਤਿ ਕੂਚ ਦਿਨ ਪ੍ਰਤਿ ਮਜਲ ਗੁਰੂ ਸਮੇਤ ਨਰੇਸ਼।
ਪਹੁੰਚੇ ਪਟਨੇ ਆਨਿ ਕਰਿ ਭਯੋ ਅਨੰਦ ਵਿਸ਼ੇਸ਼॥ ੧॥

ਰਾਜੇ ਸਹਿਤ ਗੁਰੂ ਜੀ ਪ੍ਰਤੀ ਦਿਨ ਕੂਚ ਕਰਕੇ ਲੰਮੀ ਮੰਜ਼ਲ ਤਹਿ ਕਰਦੇ ਹੋਏ ਪਟਨੇ ਸ਼ਹਿਰ ਵਿਚ ਆ ਪਹੁੰਚੇ ਤਾਂ ਨਗਰ ਵਿਚ ਵਿਸ਼ੇਸ਼ ਤੌਰ ਅਨੰਦ-ਮੰਗਲ ਹੋਏ॥੧॥

ਚੌਪਈ- ਲਸ਼ਕਰ ਕੇ ਡੇਰੇ ਸਮੁਦਾਇ। ਉਤਰੇ ਪੁਰਿ ਤੇ ਬਾਹਰਿ ਆਇ।
ਬਿਸ਼ਨ ਸਿੰਘ ਨ੍ਰਿਪ ਉਤਰਨਿ ਕਰਯੋ। ਸਤਿਗੁਰ ਨਿਕਟਿ ਹੋਤਿ ਭਾ ਖਰਯੋ॥੨॥

ਫੌਜਾਂ ਦੇ ਸਾਰੇ ਡੇਰੇ ਸ਼ਹਿਰ ਤੋਂ ਬਾਹਰਵਾਰ ਹੀ ਉੱਤਰ ਪਏ। ਰਾਜਾ ਬਿਸ਼ਨ ਸਿੰਘ ਵੀ ਘੋੜੇ ਤੋਂ ਉੱਤਰ ਪਿਆ ਤੇ ਸਤਿਗੁਰੂ ਜੀ ਦੇ ਪਾਸ ਜਾ ਖੜਾ ਹੋਇਆ ਤੇ ਗੁਰੂ ਜੀ ਪਾਸ ਬੇਨਤੀ ਕੀਤੀ॥੨॥

'ਸਾਹਿਬਜ਼ਾਦੇ ਕੋ ਮੈਂ ਦਰਸ਼ਨ। ਕਰਯੋ ਚਹਤਿ ਹੌਂ, ਚਰਨ ਸਪਰਸ਼ਨ।
ਅਧਿਕ ਲਾਲਸਾ ਰਹਿ ਉਰ ਮੇਰੇ। ਪ੍ਰਾਪਤ ਹੋਹਿ ਮੋਹਿ ਇਸ ਬੇਰੇ'॥੩॥

"ਮੈਂ ਸਾਹਿਬਜ਼ਾਦੇ ਦੇ ਦਰਸ਼ਨ ਕਰਨੇ ਹਨ, ਮੈਂ ਉਨ੍ਹਾਂ ਦੇ ਚਰਨ ਸਪਰਸ਼ ਕਰਨਾ ਚਾਹੁੰਦਾ ਹਾਂ। ਮੇਰੇ ਦਿਲ ਵਿਚ ਬਹੁਤ ਵੱਡੀ ਲਾਲਸਾ ਹੈ, ਇਸ ਸਮੇਂ ਮੈਨੂੰ ਦਰਸ਼ਨ ਪ੍ਰਾਪਤ ਹੋਣਗੇ"॥੩॥

ਠਾਢੇ ਸਤਿਗੁਰ ਨਦੀ ਕਿਨਾਰੇ। ਸੁਨਿ ਨਰੇਸ਼ ਤੇ ਬਾਕ ਉਚਾਰੇ।
'ਹਮ ਭੀ ਮਿਲਹਿਂ ਜਾਇ ਕਰਿ ਕਾਲੀ। ਇਹਾਂ ਬਿਤਾਵਹਿਂ ਰਾਤਿ ਉਜਾਲੀ'॥੪॥

ਸਤਿਗੁਰੂ ਜੀ ਨਦੀ ਦੇ ਕਿਨਾਰੇ ਖੜੇ ਸਨ, ਰਾਜੇ ਪਾਸੋਂ ਸੁਣ ਕੇ ਉਨ੍ਹਾਂ ਬਚਨ ਕੀਤਾ, "ਅਸੀਂ ਵੀ ਕਲ੍ਹ ਹੀ ਜਾ ਕੇ ਮਿਲਾਂਗੇ, ਚਾਨਣੀ ਰਾਤ ਏਥੇ ਹੀ ਗੁਜ਼ਾਰਾਂਗੇ"॥੪॥

ਸੁਧ ਕਹਿ ਪਠੀ ਮਾਤ ਕੇ ਤੀਰ। ਡੇਰਾ ਪਰਯੋ ਨਦੀ ਕੇ ਤੀਰ।
'ਮਿਲਹਿਂ ਪ੍ਰਾਤਿ ਕੋ' ਸੁਨਿ ਸੁਧਿ ਹਰਖੀ। ਦਰਬ ਦਾਨ ਕੀ ਧਾਰਾ ਬਰਖੀ॥੫॥

ਮਾਤਾ ਜੀ ਪਾਸ ਖਬਰ ਕਹਿ ਕੇ ਭੇਜ ਦਿੱਤੀ ਤੇ ਨਦੀ ਦੇ ਕਿਨਾਰੇ ਡੇਰਾ ਲਾ ਲਿਆ। "ਸਵੇਰੇ ਮਿਲਾਂਗੇ" ਮਾਤਾ ਜੀ ਇਹ ਖਬਰ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਗਰੀਬਾਂ ਨੂੰ ਧਨ ਦਾਨ ਕਰਨ ਦੀ ਵਰਸ਼ਾ ਹੋਣ ਲੱਗੀ॥੫॥

ਜਾਚਕ ਗਨ ਹਕਾਰ ਕਰਿ ਦੀਨਿ। ਸੁਤ ਸਨੇਹ ਜਿਸ ਕੇ ਮਨ ਪੀਨ।
ਲੇ ਪੋਤ੍ਰੇ ਅੰਕ, ਸੁਨਾਵੈ। 'ਤੇਰੋ ਪਿਤਾ ਭੋਰ ਕੋ ਆਵੈ'॥ ੬॥

ਬਹੁਤ ਮੰਗਤਿਆਂ ਨੂੰ ਬੁਲਾ ਕੇ ਧਨ ਵੰਡਿਆ, ਜਿਸ ਦੇ ਮਨ ਵਿਚ ਆਪਣੇ ਪੁੱਤਰ ਵਾਸਤੇ ਭਾਰੀ ਪਿਆਰ ਸੀ। ਆਪਣੇ ਪੋਤਰੇ ਨੂੰ ਗੋਦ ਵਿਚ ਲੈ ਕੇ ਸੁਣਾਉਂਦੀ ਸੀ, "ਤੇਰੇ ਪਿਤਾ ਜੀ ਸਵੇਰ ਨੂੰ ਆਉਣਗੇ"॥੬॥

ਅਤਿ ਅਨੰਦ ਸੁਨਿ ਸੁਨਿ ਸਭਿ ਕੀਨਾ। ਸੇਵਕ ਸਿੱਖ ਮਿਲੇ ਸੁਖ ਪੀਨਾ।
ਚਿਰੰਕਾਲ ਮੈਂ ਹਟਿ ਗੁਰ ਆਏ। ਦੇਤਿ ਬਧਾਈ ਮਿਲਿ ਸਮੁਦਾਏ॥੭॥

Sri Satguru Jagjit Singh Ji eLlibrary NamdhariElibrary@gmail.com

ਸਾਰਿਆਂ ਨੇ ਸੁਣ-ਸੁਣ ਬਹੁਤ ਆਨੰਦ ਧਾਰਨ ਕੀਤਾ, ਸਿੱਖ-ਸੇਵਕਾਂ ਨੇ ਮਿਲ ਕੇ ਸੁਖ ਪਾਇਆ। ਬਹੁਤ ਦੇਰ ਬਾਅਦ ਗੁਰੂ ਜੀ ਵਾਪਸ ਆਏ ਸਨ, ਸਾਰੇ ਇਕੱਠੇ ਹੋ ਕੇ ਵਧਾਈਆਂ ਦਿੰਦੇ ਸਨ॥੭॥

ਉਤਸਵ ਕਰਤੇ ਰਾਤਿ ਬਿਤਾਈ। ਜਾਗੇ ਪਿਖਿ ਪ੍ਰਭਾਤਿ ਹੁਇ ਆਈ।
ਸ੍ਰੀ ਗੁਜਰੀ ਕਰਿ ਨੀਰ ਉਸ਼ਨ ਕੋ। ਪੁੱਤ੍ਰ ਸ਼ਨਾਨਹਿ ਮਰਦਤਿ ਤਨ ਕੋ॥ ੮॥

ਉਤਸਵ ਕਰਦਿਆਂ ਹੀ ਰਾਤ ਬਤੀਤ ਕੀਤੀ, ਇਹ ਵੇਖ ਕੇ ਜਾਗ ਪਏ ਕਿ ਸਵੇਰ ਹੋ ਗਈ ਹੈ। ਮਾਤਾ ਗੁਜਰੀ ਜੀ ਨੇ ਪਾਣੀ ਗਰਮ ਕਰਕੇ, ਪੁੱਤਰ ਦੇ ਸਰੀਰ ਨੂੰ ਮਲ ਮਲ ਕੇ ਇਸ਼ਨਾਨ ਕਰਵਾਇਆ॥੮॥

ਬਹੁਰ ਬਸਤ੍ਰ ਬਰ ਬਹੁਤ ਬਰਨ ਕੇ। ਪਹਿਰਾਵਤਿ ਦੁਤਿ ਹੇਤੁ ਕਰਨ ਕੇ।
ਕੰਚਨ ਕੁੰਡਲ ਜਟਤਿ ਜਵਾਹਰ। ਮੁਕਤਾ ਉੱਜਲ ਦਿਪਤਹਿਂ ਜ਼ਾਹਰ॥ ੯॥

ਫਿਰ ਬਹੁਤ ਰੰਗਾਂ ਦੇ ਸ੍ਰੇਸ਼ਟ ਕੱਪੜੇ ਸਜਾਵਟ ਵਾਸਤੇ ਪਹਿਨਾਏ। ਸੋਨੇ ਦੇ ਕੁੰਡਲ ਹੀਰੇ ਜਵਾਹਰਾਤ ਨਾਲ ਜੜੇ ਸਨ, ਉੱਜਲ ਮੋਤੀ ਜ਼ਾਹਰਾ ਤੌਰ ਤੇ ਪ੍ਰਕਾਸ਼ ਰਹੇ ਸਨ॥੯॥

ਗੋਲ ਬਿਸਾਲ ਆਬ ਬਡ ਖਰੀ। ਮੁਖ ਮੰਡਲ ਪਰ ਸ਼ੋਭਾ ਕਰੀ।
ਸਿਰ ਪਰ ਚੀਰਾ ਚਾਰੁ ਸੁਹਾਵਾ। ਜਿਗਾ ਬੰਧਿ ਕਰਿ ਬਹੁ ਦੁਤਿ ਪਾਵਾ॥ ੧੦॥

ਮੋਤੀ ਬਹੁਤ ਗੋਲ ਸਨ ਤੇ ਉਨ੍ਹਾਂ ਦੀ ਚਮਕ ਬੜੀ ਸੁੰਦਰ ਸੀ, ਗੁਰੂ ਜੀ ਦੇ ਮੁਖ ਦੀ ਉਨ੍ਹਾਂ ਸ਼ੋਭਾ ਵਧਾ ਦਿੱਤੀ, ਸਿਰ ਉੱਤੇ ਸੁੰਦਰ ਪੱਗੜੀ ਸ਼ੋਭ ਰਹੀ ਸੀ ਤੇ ਜਿਗ੍ਹਾ ਬੰਨ੍ਹ ਕੇ ਪੱਗੜੀ ਦੀ ਸ਼ੋਭਾ ਬਹੁਤ ਵੱਧ ਗਈ॥੧੦॥

ਲਘੁਮਾਲਾ ਮੁਕਤਨਿ ਕੀ ਲਰੀ। ਲੋਲਕ ਲਟਕਤਿ ਸਬਜ਼ੇ ਜ਼ਰੀ।
ਹੀਰੇ ਬਿਚ ਦਮਕਹਿਂ ਬਹੁ ਮੋਲੇ। ਦਿਪਤਹਿਂ ਇਤ ਉਤ ਉਰ ਪਰ ਡੋਲੇ॥੧੧॥

ਮੋਤੀਆਂ ਦੇ ਛੋਟੇ-ਛੋਟੇ ਹਾਰ ਪਹਿਨੇ ਹੋਏ ਹਨ ਤੇ ਲਟਕਣ ਜਿਹੜੇ ਸਬਜ਼ਿਆਂ ਨਾਲ ਜੜੇ ਹੋਏ ਹਨ, ਲਟਕ ਰਹੇ ਹਨ। ਵਿਚ ਬਹੁਤ ਕੀਮਤੀ ਹੀਰੇ ਚਮਕਦੇ ਹਨ ਤੇ ਏਧਰ ਓਧਰ ਹੁੰਦਿਆਂ ਡੋਲਦੇ ਹੋਏ ਚਮਕਦੇ ਹਨ॥੧੧॥

ਨਵ ਰਤਨੇ ਬਾਹੁਨਿ ਬੰਧਵਾਏ। ਜਨੁ ਨਵ ਗ੍ਰਿਹ ਭੁਜ ਸੋਂ ਲਪਟਾਏ।
ਕੰਕਨ ਕੰਚਨ ਦਿਪਹਿਂ ਜਰਾਊ। ਜੁਗ ਕਰ ਮਹਿਂ ਸੁੰਦਰ ਪਹਿਰਾਊ॥ ੧੨॥

ਨੌਂ ਰਤਨੇ ਬਾਹਾਂ 'ਤੇ ਬੰਨ੍ਹਵਾਏ ਹਨ, ਮਾਨੋ ਨੌਂ ਗ੍ਰਹਿ ਬਾਹਾਂ ਨਾਲ ਲਮਕਾਏ ਹਨ। ਸੋਨੇ ਦੇ ਜੜਾਊ ਕੰਗਣ ਚਮਕਦੇ ਹਨ ਜਿਹੜੇ ਬੜੇ ਸੁੰਦਰ ਹਨ ਅਤੇ ਦੋਹਾਂ ਬਾਹਾਂ 'ਤੇ ਪਹਿਨੇ ਹੋਏ ਹਨ॥੧੨॥

ਝੀਨੇ ਅੰਬਰ ਕੋ ਗਰ ਜਾਮਾ। ਪਹਿਰਾਯਹੁ ਸ਼ੋਭਤਿ ਅਭਿਰਾਮਾ।
ਜ਼ਰੀਦਾਰ ਜਿਸ ਕੇ ਜੁਗ ਛੋਰ। ਡਾਰਿ ਸਿਕੰਧ ਤਰੇ ਕੋ ਛੋਰਿ॥ ੧੩॥

ਗਲ ਵਿਚ ਬਰੀਕ ਕੱਪੜੇ ਦਾ ਜਾਮਾ ਪਹਿਨਾਇਆ ਹੈ ਜਿਹੜਾ ਬੜਾ ਸੁੰਦਰ ਸ਼ੋਭ ਰਿਹਾ ਹੈ। ਉਸ ਦੇ ਦੋਵੇਂ ਪੱਲੇ ਜ਼ਰੀਦਾਰ ਹਨ, ਮੋਢਿਆਂ ਤੇ ਪਾ ਕੇ ਥੱਲੇ ਨੂੰ ਛੱਡੇ ਹੋਏ ਹਨ॥੧੩॥

ਇਮ ਸਜਾਇ ਕਰਿ ਸੁੰਦਰ ਸਾਰੇ। ਸਮੁਝਾਵਤਿ ਦੇ ਸੀਖ ਉਦਾਰੇ।
'ਤੋਹਿ ਪਿਤਾ ਕੇ ਸਾਥ ਨਰੇਸ਼ੂ। ਐਹੈ ਨਰ ਗਨ ਸੰਗ ਵਿਸ਼ੇਸ਼ੂ॥ ੧੪॥

ਇਸ ਤਰ੍ਹਾਂ ਸਰਬ ਪ੍ਰਕਾਰ ਸੁੰਦਰ ਸਜਾ ਕੇ ਬਹੁਤ ਸਿੱਖਿਆ ਦੇ ਕੇ ਸਮਝਾਉਂਦੇ ਹਨ, "ਤੇਰੇ ਪਿਤਾ ਜੀ ਦੇ ਨਾਲ ਇਕ ਰਾਜਾ ਵੀ ਹੈ ਤੇ ਹੋਰ ਬਹੁਤ ਮਨੁੱਖ ਵੀ ਨਾਲ ਹਨ॥੧੪॥

ਕਰਿ ਬੰਦਨ ਪਿਤ ਅੰਕ ਬਿਰੀਜੈ। ਨ੍ਰਿਪ ਕੇ ਸੰਗ ਬੋਲਿਬੋ ਕੀਜੈ।
ਇਮ ਘਰ ਮੈਂ ਫਰਸ਼ਾਦਿਕ ਤਜਾਰੀ। ਕਰਤਿ ਭਏ ਪਰਤੀਖਨ ਧਾਰੀ॥ ੧੫॥

ਬੰਦਨਾ ਕਰਕੇ ਪਿਤਾ ਜੀ ਦੇ ਕੁਛੜ ਚੜ੍ਹ ਜਾਵੇ ਤੇ ਰਾਜੇ ਦੇ ਨਾਲ ਬੋਲ ਚਾਲ ਕਰੇ।" ਇਸ ਤਰ੍ਹਾਂ ਘਰ ਵਿਚ ਕਾਲੀਨ ਆਦਿ ਸੁੰਦਰ ਵਿਛਾਉਣੇ ਵਿਛਾ ਕੇ ਫਰਸ਼ ਤਿਆਰ ਕਰਕੇ ਗੁਰੂ ਜੀ ਦੀ ਉਡੀਕ ਕਰ ਰਹੇ ਸਨ॥੧੫॥

ਉਤ ਸਤਿਗੁਰ ਕਰਿ ਸ਼ੌਚ ਸ਼ਨਾਨਾ। ਨਿਤ ਕੋ ਨੇਮ ਠਾਨਿ ਮਨ ਧਜਾਨਾ।
ਬਿਸ਼ਨ ਸਿੰਘ ਨ੍ਰਿਪ ਤਜਾਰੀ ਕੀਨਿ। ਬਸਤ੍ਰ ਸ਼ਸਤ੍ਰ ਤਨ ਪਹਿਰ ਸੁ ਲੀਨਿ॥੧੬॥

ਓਧਰ ਸਤਿਗੁਰੂ ਜੀ ਨੇ ਸ਼ੌਚ ਇਸ਼ਨਾਨ ਕੀਤਾ, ਨਿਤ ਦਾ ਨੇਮ ਧਾਰ ਆਪਣੇ ਮਨ ਨੂੰ ਧਿਆਨ ਵਿਚ ਲਾਇਆ। ਰਾਜੇ ਬਿਸ਼ਨ ਸਿੰਘ ਨੇ ਵੀ ਤਿਆਰੀ ਕੀਤੀ, ਸਰੀਰ ਤੇ ਬਸਤਰ ਸ਼ਸਤਰ ਪਹਿਣ ਲਏ॥੧੬॥

ਸ੍ਰੀ ਗੁਰ ਤੇਗ ਬਹਾਦਰ ਪਾਸ। ਆਇ ਥਿਰਯੋ ਕਰਿ ਦਰਸ਼ਨ ਆਸ।
ਬਸਤ੍ਰ ਪਹਿਰਿ ਗੁਰ ਹ੍ਵੈ ਕਰਿ ਤਜਾਰ। ਢਿਗ ਅਨਾਇ ਸ਼ਿਵਕਾ ਅਸਵਾਰ॥੧੭॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਸ ਦਰਸ਼ਨਾਂ ਦੀ ਆਸ ਕਰਕੇ ਆ ਖੜਾ ਹੋਇਆ। ਗੁਰੂ ਜੀ ਨੇ ਕੱਪੜੇ ਪਹਿਣ ਕੇ ਪਾਲਕੀ ਵਾਲੇ ਸੇਵਕਾਂ ਨੂੰ ਆਪਣੇ ਪਾਸ ਮੰਗਵਾ ਲਿਆ॥੧੭॥

ਚੜ੍ਹਿ ਤੁਰੰਗ ਪਰ ਚਾਲਿ ਨ੍ਰਿਪਾਲਾ। ਭਏ ਸੈਂਕਰੇ ਮਾਨਵ ਨਾਲਾ।
ਪੁਰਿ ਬਜ਼ਾਰ ਕਹੁ ਆਵਤਿ ਚਲੇ। ਨਿੰਮ੍ਰੀ ਹੋਤਿ ਬ੍ਰਿੰਦ ਨਰ ਮਿਲੇ॥ ੧੮॥

ਰਾਜਾ ਘੋੜੇ ਤੇ ਚੜ੍ਹ ਕੇ ਚਲ ਪਿਆ ਤੇ ਸੈਂਕੜੇ ਮਨੁੱਖ ਨਾਲ ਚਲ ਪਏ। ਨਗਰ ਦੇ ਬਜ਼ਾਰਾਂ ਵਿਚ ਚਲੇ ਆਉਂਦੇ ਸਨ, ਰਾਹ ਵਿਚ ਸਨਿੰਮਰ ਹੋ ਕੇ ਬਹੁਤ ਮਨੁੱਖ ਗੁਰੂ ਜੀ ਨੂੰ ਮਿਲੇ॥੧੮॥

ਪਟਨੇ ਕੀ ਸੰਗਤਿ ਸਮੁਦਾਇ। ਪ੍ਰਾਤਿ ਹੋਤਿ ਹੀ ਮਿਲਿ ਇਕ ਥਾਇਂ।
ਸ਼੍ਰੀ ਗੋਬਿੰਦ ਸਿੰਘ ਕੇ ਢਿਗ ਆਈ। ਅਨਿਕ ਪ੍ਰਕਾਰ ਪ੍ਰਸ਼ਾਦਿਨਿ ਲਜਾਈ॥੧੯॥

ਪਟਨੇ ਦੀ ਸਾਰੀ ਸੰਗਤ ਸਵੇਰ ਹੁੰਦਿਆਂ ਹੀ ਇਕ ਥਾਂ ਮਿਲ ਕੇ ਇਕੱਠੀ ਹੋ ਗਈ ਤੇ ਸ੍ਰੀ ਗੋਬਿੰਦ ਸਿੰਘ ਜੀ ਦੇ ਪਾਸ ਆਈ ਤੇ ਅਨੇਕ ਪ੍ਰਕਾਰ ਦੇ ਪ੍ਰਸ਼ਾਦ ਲਿਆਈ॥੧੯॥

ਭਈ ਭੀਰ ਸਭਿ ਅੰਙਨ ਮਾਂਹਿ। ਕੇਤਿਕ ਕੋਸ਼ਠ ਪਰ ਚਰਿ ਜਾਹਿਂ।
ਭੀਤਨਿ ਪਰ ਆਰੂਢਤਿ ਕੋਈ। ਬੈਠਹਿਂ ਜਹਾਂ ਦਰਸ ਗੁਰ ਹੋਈ॥ ੨੦॥

ਵਿਹੜੇ ਵਿਚ ਵੱਡੀ ਭੀੜ ਹੋ ਗਈ। ਕਈ ਕੋਠਿਆਂ ਉੱਤੇ ਚੜ੍ਹ ਗਏ ਕਈ ਕੰਧਾਂ ਉਤੇ ਸਵਾਰ ਹੋ ਗਏ। ਕਈ ਉੱਚੇ ਥਾਵਾਂ ਤੇ ਬੈਠ ਗਏ ਜਿਥੋਂ ਗੁਰੂ ਜੀ ਦੇ ਪ੍ਰਤੱਖ ਦਰਸ਼ਨ ਹੋ ਸਕਣ॥੨੦॥

ਬੋਲਤਿ ਅੱਗ੍ਰ ਨਕੀਬ ਚਲੰਤੇ। ਦੁੰਦਭਿ ਸ਼ਬਦ ਉਤੰਗ ਉਠੰਤੇ।
ਇਮ ਆਵਤਿ ਗੁਰ ਅਰੁ ਨਰਮੌਰ। ਪਹੁੰਚੇ ਜਬਹਿ ਸਦਨ ਕੇ ਪੌਰ॥ ੨੧॥

ਗੁਰੂ ਜੀ ਦੇ ਅੱਗੇ-ਅੱਗੇ ਨਕੀਬ ਬੋਲਦੇ ਜਾਂਦੇ ਸਨ, ਨਗਾਰੇ ਦੀ ਆਵਾਜ਼ ਬੜੀ ਉੱਚੀ ਉੱਠ ਰਹੀ ਸੀ। ਇਸ ਤਰ੍ਹਾਂ ਗੁਰੂ ਜੀ ਅਤੇ ਰਾਜਾ ਆ ਰਹੇ ਸਨ, ਜਦ ਉਹ ਘਰ ਦੇ ਦਰਵਾਜ਼ੇ 'ਤੇ ਪਹੁੰਚੇ॥੨੧॥

ਸਭਾ ਖਰੀ ਹੋਈ ਤਤਕਾਲਾ। ਅੰਕ ਉਠਾਇ ਕ੍ਰਿਪਾਲ ਕ੍ਰਿਪਾਲਾ।
ਪਿਤ ਕੇ ਪਾਇਨ ਪਾਇ ਉਠਾਯੋ। ਪਿਖੇ ਪਰਸਪਰ ਨੇਹੁ ਵਧਾਯੋ॥ ੨੨॥

ਤਾਂ ਸਾਰੀ ਸਭਾ ਵੇਖ ਕੇ ਤੁਰਤ ਖੜੀ ਹੋ ਗਈ, ਉਸ ਸਮੇਂ ਕ੍ਰਿਪਾਲ ਚੰਦ ਮਾਮਾ ਜੀ ਨੇ ਕ੍ਰਿਪਾਲੂ ਗੁਰੂ ਜੀ ਨੂੰ ਗੋਦ ਵਿਚ ਉਠਾਇਆ ਹੋਇਆ ਸੀ, ਉਨ੍ਹਾਂ ਬਾਲਾ ਸਤਿਗੁਰੂ ਜੀ ਨੂੰ ਆਪਣੇ ਪਿਤਾ ਜੀ ਦੇ ਚਰਨਾਂ ਵਿਚ ਪਾ ਕੇ ਫਿਰ ਚੁੱਕ ਲਿਆ, ਆਪਸ ਵਿਚ ਇਕ ਦੂਸਰੇ ਨੂੰ ਵੇਖ ਵੇਖ ਕੇ ਪ੍ਰੇਮ ਵਧਾਇਆ॥੨੨॥

ਪੂਰਬ ਜਨਮ ਪਿਤਾ ਜਿਮ ਭਏ। ਨਾਮ ਸੁ ਮੁੰਡ ਮੁਨੀ ਤਬਿ ਥਿਏ।
ਦੁਸ਼ਟ ਦਮਨ ਨਿਜ ਪੁੱਤ੍ਰ ਉਪਾਯੋ। ਲਾਖਹੁਂ ਬਰਖਨ ਤਪ ਬਲ ਲਾਯੋ॥੨੩॥

ਪਿਛਲੇ ਜਨਮ ਵਿਚ ਜਿਵੇਂ ਉਨ੍ਹਾਂ ਦੇ ਪਿਤਾ ਜੀ ਹੋਏ ਸਨ, ਉਸ ਸਮੇਂ ਉਨ੍ਹਾਂ ਦਾ ਨਾਮ ਮੁੰਡ ਮੁਨੀ ਸੀ। ਦੁਸ਼ਟ ਦਮਨ ਉਨ੍ਹਾਂ ਦੇ ਘਰ ਪੁੱਤਰ ਪੈਦਾ ਹੋਇਆ। ਲੱਖਾਂ ਸਾਲਾਂ ਤਕ ਉਨ੍ਹਾਂ ਨੇ ਤਪ ਕੀਤਾ॥੨੩॥

ਅੰਸ ਅਕਾਲਪੁਰਖ ਕੀ ਆਇ। ਧਰਜੋ ਸਰੂਪ ਤੇਜ ਸਮੁਦਾਇ।
ਸਿੰਘ ਖਾਲ ਸੇ ਉਤਪਤ ਹੋਵਾ। ਬਨਰਾਖਸ਼ ਕੋ ਦਲ ਬਲ ਖੋਵਾ॥੨੪॥

ਅਕਾਲ ਪੁਰਖ ਦੀ ਅੰਸ਼ ਹੋ ਕੇ ਆਏ ਤੇ ਸਾਰੇ ਸਰੂਪ ਨੇ ਹੀ ਵੱਡਾ ਤੇਜ ਧਾਰਨ ਕੀਤਾ। ਸ਼ੇਰ ਦੀ ਖੱਲ ਤੋਂ ਉਤਪੰਨ ਹੋਏ ਤੇ ਜੰਗਲ ਦੇ ਰਾਖਸ਼ਾਂ ਦੇ ਦਲ ਦਾ ਬਲ ਨਾਸ਼ ਕਰ ਦਿੱਤਾ॥੨੪॥

ਤਬਿ ਕੇ ਬਿਛੁਰੇ ਭਾ ਅਬਿ ਮੇਲਾ। ਜਨੁ ਬ੍ਰਹਮਗਜਾਨ ਅਨੰਦ ਸੁਹੇਲਾ।
ਸ਼੍ਰੀ ਨਾਨਕ ਕੀ ਜੋਤਿ ਮਝਾਰੀ। ਸ਼੍ਰੀ ਗੁਰ ਤੇਗ ਬਹਾਦਰ ਧਾਰੀ॥੨੫॥

ਤਦ ਦੇ ਵਿਛੜਿਆਂ ਦਾ ਹੁਣ ਮੇਲ ਹੋਇਆ ਹੈ, ਮਾਨੋ ਬ੍ਰਹਮ ਗਿਆਨ ਤੇ ਅਨੰਦ ਸੁਖ ਸਹਿਜ ਸ਼ੋਭ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਸ੍ਰੀ ਗੁਰੂ ਤੇਗ ਬਹਾਦਰ ਜੀ-ਨੇ ਧਾਰਨ ਕੀਤੀ ਹੈ॥੨੫॥

ਤਿਸੀ ਅੰਸ਼ ਮਹਿਂ ਚਾਹਤਿ ਮੇਲੀ। ਦੇਖਤਿ ਸੁਤ ਕੀ ਬ੍ਰਿਤਿ ਸੁਖ ਝੇਲੀ।
ਬੈਠਿ ਗਏ ਤਬਿ ਸਤਿਗੁਰ ਗਾਦੀ। ਮਿਲਿ ਸਭਿਹਿਨਿ ਕੇ ਉਰ ਅਹਿਲਾਦੀ॥੨੬॥

ਗੁਰੂ ਨਾਨਕ ਦੇਵ ਜੀ ਦੀ ਅੰਸ਼ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਮੇਲਣਾ ਚਾਹੁੰਦੇ ਹਨ। ਸੁਖ ਵਿਚ ਮਿਲੀ ਹੋਈ ਪੁੱਤਰ ਦੀ ਬ੍ਰਿਤੀ ਵੇਖੀ। ਫਿਰ ਸਤਿਗੁਰੂ ਜੀ ਗੱਦੀ 'ਤੇ ਬੈਠ ਗਏ, ਸਾਰਿਆਂ ਨੂੰ ਮਿਲ ਕੇ ਹਿਰਦੇ ਵਿਚ ਅਨੰਦ ਭਰ ਗਿਆ॥੨੬॥

ਬਿਸ਼ਨ ਸਿੰਘ ਨ੍ਰਿਪ ਢਿਗ ਹੁਇ ਆਯੋ। ਪਿਖਿ ਸਰੂਪ ਪਾਇਨਿ ਲਪਟਾਯੋ।
ਦਿਪਹਿ ਤੇਜ ਬਿਚ ਲੋਚਨ ਐਸੇ। ਰੰਗ, ਬਿਲੌਰ ਪਾਤ੍ਰ ਮਹਿਂ ਜੈਸੇ॥੨੭॥

ਰਾਜਾ ਬਿਸ਼ਨ ਸਿੰਘ ਬਾਲਾ ਪ੍ਰੀਤਮ ਸ੍ਰੀ ਗੋਬਿੰਦ ਰਾਇ ਜੀ ਦੇ ਪਾਸ ਆਇਆ ਤੇ ਸਰੂਪ ਵੇਖ ਕੇ ਉਨ੍ਹਾਂ ਦੇ ਚਰਨਾਂ ਤੇ ਢਹਿ ਪਿਆ। ਨੈਣਾਂ ਦੇ ਵਿਚ ਤੇਜ ਇਸ ਤਰ੍ਹਾਂ ਪ੍ਰਗਟ ਹੋ ਰਿਹਾ ਸੀ, ਬਲੌਰੀ ਭਾਂਡੇ ਵਿਚ ਜਿਵੇਂ ਰੰਗ ਚਮਕਦਾ ਹੈ॥੨੭॥

ਚੰਚਲ ਅਧਿਕ ਸਲੋਨੀ ਸੂਰਤਿ। ਮਨਹੁਂ ਬੀਰ ਰਸ ਧਾਰੀ ਮੂਰਤਿ।
ਕਹਤਿ ਭਯੋ 'ਇਹ ਸਾਹਿਬਜ਼ਾਦਾ। ਰਿਪੁ ਗਨ ਘਾਇਕ ਹੁਇ ਜਿਮ ਦਾਦਾ॥੨੮॥

ਬਹੁਤ ਚੰਚਲ ਹੈ ਤੇ ਸੁੰਦਰ ਸੂਰਤ ਹੈ, ਮਾਨੋ ਬੀਰ ਰਸ ਨੇ ਸ਼ਕਲ ਧਾਰਨ ਕੀਤੀ ਹੋਈ ਹੈ। ਰਾਜਾ ਕਹਿਣ ਲੱਗਾ, "ਇਹ ਸਾਹਿਬਜ਼ਾਦਾ ਗੁਰੂ ਹਰਿਗੋਬਿੰਦ ਸਾਹਿਬ ਵਾਂਗ ਬਹੁਤ ਵੈਰੀਆਂ ਦਾ ਨਾਸ਼ ਕਰੇਗਾ॥੨੮॥

ਆਪ ਸ਼ਾਂਤਿਕੀ ਬ੍ਰਿੱਤ ਉਦਾਰੀ। ਇਹ ਬਡ ਬੀਰ ਬਨਹਿਂ ਭੁਜ ਭਾਰੀ।
ਇਨ ਕੀ ਆਕ੍ਰਿਤ ਇਮ ਦਿਪਤਾਵੈ। ਸਖਾ ਸਹਾਇਕ ਅਰਿਨਿ ਖਪਾਵੈ'॥੨੯॥

ਆਪ ਉਦਾਰ ਸ਼ਾਂਤ ਬ੍ਰਿਤੀ ਵਾਲੇ ਹੋ, ਇਹ ਭਾਰੀ ਭੁੱਜਾਂ ਵਾਲਾ ਵੱਡਾ ਸੂਰਬੀਰ ਬਣੇਗਾ। ਇਸ ਦੀ ਸ਼ੋਭਾ ਇੰਝ ਚਮਕੇਗੀ ਕਿ ਇਹ ਮਿੱਤਰਾਂ ਦੇ ਸਹਾਇਕ ਹੋਣਗੇ ਤੇ ਵੈਰੀਆਂ ਦਾ ਨਾਸ਼ ਕਰਨ ਵਾਲੇ ਹੋਣਗੇ"॥੨੯॥

Sri Satguru Jagjit Singh Ji eLlibrary NamdhariElibrary@gmail.com

ਬਿਸ਼ਨ ਸਿੰਘ ਤਬਿ ਦਏ ਬਿਭੂਖਨ। ਅਪਨੇ ਕਰ ਪਹਿਰਾਇ ਅਦੂਖਨ।
ਕੰਕਨ ਕੰਚਨ ਜਟਿਤ ਜਰਾਏ। ਦੋਨਹੁੰ ਹਾਥਨਿ ਮੈਂ ਪਹਿਰਾਏ॥ ੩੦॥

ਰਾਜੇ ਬਿਸ਼ਨ ਸਿੰਘ ਨੇ ਫਿਰ ਬਹੁਤ ਗਹਿਣੇ ਦਿੱਤੇ ਤੇ ਆਪਣੇ ਹੱਥੀਂ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਿਨਾਏ। ਸੋਨੇ ਦੇ ਜੜਾਊ ਕੰਗਣ ਸਨ, ਉਹ ਦੋਹਾਂ ਹੱਥਾਂ ਵਿਚ ਪਾਏ॥੩੦॥

ਮੁਕਤਾ ਮਾਲ ਬਿਸਾਲ ਉਜਾਲੀ। ਗਰ ਪਹਿਰਾਇ ਮਹਾਂ ਦੁਤਿ ਵਾਲੀ।
ਪਸ਼ਮੰਬਰ ਦੇ ਬਰਨ ਬਰਨ ਕੇ। ਨਿਜ ਕਰ ਧਰੇ ਸਮੀਪ ਚਰਨ ਕੇ॥ ੩੧॥

ਮੋਤੀਆਂ ਦੀ ਮਾਲਾ ਬੜੀ ਉੱਜਲ ਸੀ, ਉਸ ਮਹਾਨ ਚਮਕ ਵਾਲੀ ਮਾਲਾ ਨੂੰ ਬਾਲਾ ਗੁਰੂ ਜੀ ਦੇ ਗਲ ਵਿਚ ਪਾ ਦਿੱਤਾ। ਰੰਗ ਬਰੰਗੇ ਰੇਸ਼ਮੀ ਕੱਪੜੇ ਦਿੱਤੇ ਤੇ ਆਪਣੇ ਹੱਥਾਂ ਨਾਲ ਰਾਜੇ ਨੇ ਬਾਲਾ ਗੁਰੂ ਜੀ ਦੇ ਚਰਨਾਂ ਪਾਸ ਧਰ ਦਿੱਤੇ॥੩੧॥

ਕੁਸ਼ਲ ਪ੍ਰਸ਼ਨ ਦੁਇ ਦਿਸ਼ਿ ਤੇ ਹੋਏ। ਹੇਰਤਿ ਥਿਰੇ ਘੇਰ ਸਭਿ ਕੋਏ।
ਕਰੈਂ ਦਰਸ ਕੋ ਅਰਪਿ ਉਪਾਇਨ। ਕੋ ਢਿਗ ਪਹੁੰਚਹਿ ਪਰਸਹਿ ਪਾਇਨ॥੩੨॥

ਸੁਖ ਸਾਂਦ ਦੋਹਾਂ ਪਾਸਿਆਂ ਤੋਂ ਪੁੱਛੀ ਗਈ, ਦਰਸ਼ਨਾਂ ਵਾਸਤੇ ਸਾਰੇ ਘੇਰਾ ਪਾ ਕੇ ਖਲੋ ਗਏ। ਉਪਹਾਰ ਅਰਪਣ ਕਰਕੇ ਦਰਸ਼ਨ ਕਰਦੇ ਸਨ, ਕੋਈ ਪਾਸ ਪਹੁੰਚ ਕੇ ਚਰਨ ਕੰਵਲਾਂ ਨੂੰ ਪਰਸਦਾ ਸੀ॥੩੨॥

ਸਤਿਗੁਰ ਜਥਾ ਜੋਗ ਸਤਿਕਾਰੇ। ਮ੍ਰਿਦੁਲ ਬਾਕ ਤੇ ਸਭਿ ਬੈਠਾਰੇ।
ਜਾਚਕ ਗਨ ਕੇਤਿਕ ਚਲਿ ਆਏ। ਜਾਚਤਿ ਊਚੇ ਸ਼ਬਦ ਸੁਨਾਏ॥ ੩੩॥

ਸਤਿਗੁਰੂ ਤੇਗ ਬਹਾਦਰ ਜੀ ਯਥਾ ਯੋਗ ਸਾਰਿਆਂ ਨੂੰ ਸਤਿਕਾਰ ਦਿੰਦੇ ਸਨ ਤੇ ਮਿੱਠੇ ਅਤੇ ਕੋਮਲ ਬਚਨ ਬੋਲ ਕੇ ਸਭ ਨੂੰ ਬੈਠਾਉਂਦੇ ਸਨ। ਬਹੁਤ ਮੰਗਤੇ ਚਲ ਕੇ ਆ ਗਏ, ਮੰਗਣ ਦੀਆਂ ਉੱਚੀਆਂ ਆਵਾਜ਼ਾਂ ਕੱਢਦੇ ਸਨ॥੩੩॥

ਤਬਿ ਨ੍ਰਿਪ ਬ੍ਰਿੰਦ ਦਰਬ ਕਰ ਧਾਰਯੋ। ਸਾਹਿਬਜ਼ਾਦੇ ਊਪਰ ਵਾਰਯੋ।
ਪੁਨ ਨਿਜ ਚਾਕਰ ਕੇ ਕਰ ਦੀਨਿ। ਕਹਯੋ 'ਖ਼ਰਾਇਤ ਕਰਿ ਗਨ ਦੀਨ'॥੩੪॥

ਤਦ ਰਾਜੇ ਨੇ ਬਹੁਤ ਧਨ ਧਾਰਨ ਕੀਤਾ ਤੇ ਸਾਹਿਬਜ਼ਾਦੇ ਦੇ ਉੱਪਰ ਦੀ ਵਾਰਿਆ, ਫਿਰ ਧਨ ਨੂੰ ਆਪਣੇ ਇਕ ਨੌਕਰ ਦੇ ਹੱਥ ਦੇ ਦਿੱਤਾ ਤੇ ਉਸ ਨੂੰ ਕਿਹਾ, "ਇਸ ਨੂੰ ਗ਼ਰੀਬਾਂ ਵਿਚ ਖਰਾਇਤ ਕਰ ਦੇਵੋ"॥੩੪॥

ਇਕ ਥਲ ਖਰੇ ਕਰੇ ਸਭਿ ਮੰਗਤ। ਦਯੋ ਦਰਬ ਕੋ ਥਿਰ ਕਰਿ ਪੰਗਤਿ।
ਢਾਢੀ ਡੋਮ ਕਲਾਵਤ ਆਏ। ਭਾਟ ਆਦਿ ਸਗਰੇ ਧਨ ਪਾਏ॥ ੩੫॥

ਸਾਰੇ ਮੰਗਤਿਆਂ ਨੂੰ ਇਕ ਸਥਾਨ 'ਤੇ ਇਕੱਠਾ ਕੀਤਾ ਤੇ ਉਨ੍ਹਾਂ ਨੂੰ ਲਾਈਨਾਂ ਵਿਚ ਖੜੇ ਕਰਕੇ ਧਨ ਦਿੱਤਾ। ਢਾਡੀ, ਡੂਮ ਅਤੇ ਮਿਰਾਸੀ ਆਏ। ਭੱਟ ਆਦਿ ਸਾਰਿਆਂ ਨੇ ਧਨ ਪ੍ਰਾਪਤ ਕੀਤਾ॥ ੩੫॥

ਜੈ ਜੈ ਕਾਰ ਸੁਜਸੁ ਕੋ ਕਰੈਂ। ਦੇਖਿ ਗੁਰਨਿ ਕਹੁ ਆਨੰਦ ਧਰੈਂ।
ਚਾਰ ਘਰੀ ਲਗਿ ਥਿਰ ਭੇ ਸਾਰੇ। ਚਹੁੰ ਦਿਸ਼ਿ ਰਹੇ ਗੁਰੂ ਪਰਵਾਰੇ॥ ੩੬॥

ਮੰਗਤੇ ਧਨ ਲੈ ਕੇ ਜੈ ਜੈ ਕਾਰ ਤੇ ਸ੍ਰੇਸ਼ਟ ਜੱਸ ਕਰਦੇ ਸਨ, ਤੇ ਗੁਰੂ ਜੀ ਵਲ ਵੇਖ ਕੇ ਅਨੰਦ ਧਾਰਨ ਕਰਦੇ ਸਨ। ਚਾਰ ਘੜੀਆਂ ਤਕ ਸਾਰੇ ਗੁਰੂ ਪਰਿਵਾਰ ਦੇ ਚਾਰ-ਚੁਫੇਰੇ ਖੜੇ ਰਹੇ॥੩੬॥

ਰਿਦੈ ਅਨੰਦਤਿ ਹੁਇ ਮਹਿਪਾਲਾ। ਕਰਿ ਬੰਦਨ ਗਮਨਯੋ ਤਿਸ ਕਾਲਾ।
ਉਚਰਤਿ ਮਗ ਤਾਰੀਫ ਬਿਸਾਲਾ। ਅਪਨੇ ਸੰਗ ਜਿ ਮਾਨਵ ਜਾਲਾ॥ ੩੭॥

ਰਾਜਾ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ਤੇ ਬੰਦਨਾ ਕਰਕੇ ਉਸ ਸਮੇਂ ਚਲਾ ਗਿਆ। ਰਾਹ ਦੇ ਵਿਚ ਬਹੁਤ ਸ਼ਲਾਘਾ ਕਰਦਾ ਸੀ ਤੇ ਜਿਹੜੇ ਬਹੁਤ ਮਨੁੱਖ ਉਸ ਦੇ ਨਾਲ ਆਏ ਸਨ, ਉਨ੍ਹਾਂ ਨੂੰ ਸੁਣਾ ਰਿਹਾ ਸੀ॥੩੭॥

'ਧੰਨ ਗੁਰੂ ਅਰੁ ਗੁਰੂ ਕੋ ਨੰਦ। ਮੈਂ ਦਰਸ਼ਨ ਕਰਿ ਭਯੋ ਅਨੰਦ।
ਜਿਨ ਕੀ ਕਰੁਨਾ ਤੇ ਸਰ ਕਰਯੋ। ਦੇਸ਼ ਕਾਮਰੂ ਜੋ ਬਹੁ ਅਰਯੋ॥ ੩੮॥

"ਧੰਨ ਗੁਰੂ ਜੀ ਹਨ ਤੇ ਧੰਨ ਗੁਰੂ ਜੀ ਦੇ ਪੁੱਤਰ ਹਨ, ਮੈਂ ਉਨ੍ਹਾਂ ਦੇ ਦਰਸ਼ਨ ਕਰਕੇ ਹੀ ਅਨੰਦ ਨਾਲ ਭਰ ਗਿਆ ਹਾਂ। ਜਿਨ੍ਹਾਂ ਦੀ ਕਿਰਪਾ ਨਾਲ ਜੰਗ ਜਿੱਤੀ ਹੈ, ਕਾਮਰੂਪ ਦੇਸ਼ ਜਿਹੜਾ ਬਹੁਤ ਅੜਿਆ ਸੀ, ਅਧੀਨ ਕੀਤਾ ਹੈ॥੩੮॥

ਜੀਵ ਦਾਨ ਮੋਕਹੁ ਗੁਰ ਦੀਨਾ। ਨਤੁ ਕਿਸਨੇ ਮਮ ਜੀਵਨ ਚੀਨਾ।
ਮਿਲੌਂ ਸ਼ਾਹੁ ਸੋ ਮਾਨ ਸਮੇਤ। ਲੇ ਆਇਸੁ ਕੌ ਚਲੌਂ ਨਿਕੇਤ'॥ ੩੯॥

ਗੁਰੂ ਜੀ ਨੇ ਮੈਨੂੰ ਜੀਵਨ ਦਾਨ ਦਿੱਤਾ ਹੈ, ਨਹੀਂ ਤਾਂ ਮੈਨੂੰ ਕਿਸ ਨੇ ਜੀਉਂਦਾ ਵੇਖਣਾ ਸੀ। ਬਾਦਸ਼ਾਹ ਨੂੰ ਬਹੁਤ ਮਾਣ ਨਾਲ ਮਿਲਾਂਗਾ ਤੇ ਆਗਿਆ ਲੈ ਕੇ ਘਰ ਨੂੰ ਜਾਵਾਂਗਾ" ॥੩੯॥

'ਹੈ ਇਮ ਹੀ' ਸਭਿ ਮੰਤ੍ਰੀ ਕਹੈਂ। 'ਤੁਮਰੇ ਭਾਗ ਬਡੇ ਹਮ ਲਹੈਂ।
ਜਿਸ ਤੇ ਇਸ ਦਿਸ਼ਿ ਕੋ ਗੁਰ ਆਏ। ਕਾਜ ਤੁਹਾਰੇ ਸਭਿ ਸਫਲਾਏ' ॥੪੦॥

"ਇਸ ਤਰ੍ਹਾਂ ਹੀ ਹੈ" ਸਾਰੇ ਮੰਤਰੀ ਕਹਿੰਦੇ ਸਨ, "ਤੁਹਾਡੇ ਅਸੀਂ ਵੱਡੇ ਭਾਗ ਵੇਖੇ ਹਨ, ਜਿਸ ਕਰਕੇ ਗੁਰੂ ਜੀ ਇਸ ਪਾਸੇ ਆਏ ਹਨ, ਤੁਹਾਡਾ ਸਾਰਾ ਕਾਰਜ ਸਫਲ ਕੀਤਾ ਹੈ" ॥੪੦॥

ਇੱਤਯਾਦਿਕ ਬਹੁ ਜਸੁ ਕੋ ਕਰਤੋ। ਬਿਸ਼ਨ ਸਿੰਘ ਡੇਰੇ ਨਿਜ ਥਿਰਜੋ।
ਤਨ ਮਨ ਤੇ ਸਤਿਗੁਰ ਕੋ ਦਾਸ। ਜਿਨ ਤੇ ਪੂਰਨ ਭੀ ਉਰ ਆਸ॥ ੪੧॥

ਇਸ ਤਰ੍ਹਾਂ ਬਹੁਤ ਜੱਸ ਕੀਤਾ, ਬਿਸ਼ਨ ਸਿੰਘ ਫਿਰ ਆਪਣੇ ਡੇਰੇ ਪਹੁੰਚ ਗਿਆ। ਤਨ ਮਨ ਨਾਲ ਸਤਿਗੁਰੂ ਜੀ ਦਾ ਦਾਸ ਹੋ ਗਿਆ, ਜਿਨ੍ਹਾਂ ਕਰਕੇ ਦਿਲ ਦੀ ਆਸ ਸੰਪੂਰਣ ਹੋਈ ਸੀ॥੪੧॥

*ਬਾਰ੍ਹਵੀਂ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥*

## *ਅਧਿਆਇ ਚਵੀਵਾਂ*

*ਪਟਨੇ ਨਿਵਾਸ, ਰਾਜਾ ਵਿਦਾ*

*ਦੋਹਰਾ-* ਸ੍ਰੀ ਸਤਿਗੁਰ ਥਿਰ ਸਭਾ ਮਹਿਂ ਸੰਗਤਿ ਦਰਸ਼ਨ ਦੀਨਿ।
ਅਰਪਿ ਉਪਾਇਨ ਸਭਿ ਮਿਲੇ ਪੂਰ ਕਾਮਨਾ ਕੀਨਿ॥ ੧॥

ਸਤਿਗੁਰੂ ਜੀ ਫਿਰ ਸਭਾ ਵਿਚ ਬੈਠ ਗਏ ਤੇ ਸੰਗਤ ਨੂੰ ਦਰਸ਼ਨ ਦੇ ਰਹੇ ਸਨ। ਸਾਰੇ ਹੀ ਉਪਹਾਰ ਅਰਪਣ ਕਰਕੇ ਮਿਲੇ ਤੇ ਆਪਣੀਆਂ ਕਾਮਨਾਵਾਂ ਪੂਰੀਆਂ ਕਰ ਰਹੇ ਸਨ॥੧॥

*ਚੌਪਈ-* ਪੁਨ ਉਠਿ ਗਮਨੇ ਲੇ ਸੁਤ ਸਾਥ। ਜਨਨੀ ਨਿਕਟਿ ਗਏ ਗੁਰੁ ਨਾਥ।
ਨੰਮ੍ਰਿ ਹੋਇ ਕਰਿ ਸੀਸ ਨਿਵਾਯੋ। ਪਿਖਿ ਨੰਦਨ ਦ੍ਰਿਗ ਮਹਿਂ ਜਲ ਛਾਯੋ॥੨॥

ਫਿਰ ਪੁੱਤਰ ਨੂੰ ਨਾਲ ਲੈ ਕੇ ਚਲੇ ਗਏ ਤੇ ਆਪਣੇ ਮਾਤਾ ਨਾਨਕੀ ਜੀ ਦੇ ਪਾਸ ਚਲੇ ਗਏ। ਸਨਿਮਰ ਹੋ ਕੇ ਗੁਰੂ ਜੀ ਨੇ ਸਿਰ ਨਿਵਾਇਆ। ਆਪਣੇ ਪੁੱਤਰ ਨੂੰ ਵੇਖ ਕੇ ਮਾਤਾ ਜੀ ਦੇ ਨੈਣਾਂ ਵਿਚ ਜਲ ਭਰ ਆਇਆ॥੨॥

ਅਧਿਕ ਬ੍ਰਿਧਾ ਸੁਤ ਪ੍ਰੇਮ ਬਿਸਾਲਾ। ਸੁਤ ਅੰਗਨਿ ਪਰਸਹਿ ਕਰ ਨਾਲਾ।
ਆਸ਼ਿਖ ਦੇਤਿ 'ਪੁੱਤ੍ਰ ਤੁਮ ਜੀਵਹੁ। ਸਹਤਿ ਅਨੰਦ ਬਡੀ ਬਯ ਥੀਵਹੁ॥ ੩ ॥

ਮਾਤਾ ਨਾਨਕੀ ਜੀ ਬਹੁਤ ਬ੍ਰਿਧ ਹੋ ਗਏ ਸਨ, ਪਰ ਪੁੱਤਰ ਨਾਲ ਉਨ੍ਹਾਂ ਦਾ ਬਹੁਤ ਪ੍ਰੇਮ ਸੀ, ਉਨ੍ਹਾਂ ਨੇ ਆਪਣੇ ਹੱਥਾਂ ਨਾਲ ਆਪਣੇ ਪੁੱਤਰ ਦੇ ਅੰਗਾਂ ਨੂੰ ਪਰਸਿਆ ਤੇ ਅਸੀਸ ਦਿੱਤੀ, "ਪੁੱਤਰ ਅਨੰਦ ਸਹਿਤ ਜੀਊਂਦੇ ਰਹੋ, ਤੁਹਾਡੀ ਵੱਡੀ-ਵੱਡੀ ਉਮਰ ਹੋਵੇ॥੩॥

ਸੁਖ ਪਾਵਹੁ ਸਭਿ ਰੀਤਿ ਸੁਭਾਇਕ। ਸ੍ਰੀ ਨਾਨਕ ਜੀ ਸਦਾ ਸਹਾਇਕ'।
ਤਬਿ ਗੁਜਰੀ ਪਹੁੰਚੀ ਕਰ ਜੋਰੇ। ਨੰਮ੍ਰਿ ਹੋਇ ਪਤਿ ਚਰਨ ਨਿਹੋਰੇ॥ ੪ ॥

ਸਹਿਜ ਸੁਭਾਵਿਕ ਸਭ ਰੀਤੀਆਂ ਨਾਲ ਸੁਖ ਪਾਵੇ, ਸ੍ਰੀ ਗੁਰੂ ਨਾਨਕ ਦੇਵ ਜੀ ਸਦਾ ਤੁਹਾਡੀ ਸਹਾਇਤਾ ਕਰਨ।" ਤਦ ਮਾਤਾ ਗੁਜਰੀ ਜੀ ਪਹੁੰਚ ਗਏ ਤੇ ਉਨ੍ਹਾਂ ਨੇ ਹੱਥ ਜੋੜੇ ਤੇ ਸਨਿੰਮਰ ਹੋ ਕੇ ਪਤੀ ਜੀ ਦੇ ਚਰਨਾਂ ਨੂੰ ਵੇਖਿਆ॥੪॥

ਦਾਸੀ ਦਾਸ ਨਮੋ ਸਭਿ ਕਰਿਕੈ। ਰਹੇ ਗੁਰੂ ਕੋ ਰੂਪ ਨਿਹਰਿਕੈ।
ਸਾਹਿਬਜ਼ਾਦੇ ਕੀ ਦ੍ਰਿਸ਼ਿ ਸਾਰੇ। ਤਿਸ ਛਿਨ ਸਤਿਗੁਰ ਸਹਤਿ ਨਿਹਾਰੇ॥ ੫ ॥

ਸਾਰੇ ਦਾਸ ਦਾਸੀਆਂ ਨਮਸਕਾਰ ਕਰਕੇ ਗੁਰੂ ਜੀ ਦੇ ਸਰੂਪ ਦੇ ਦਰਸ਼ਨ ਕਰ ਰਹੇ ਸਨ। ਉਸ ਸਮੇਂ ਸਾਰਿਆਂ ਨੇ ਸਤਿਗੁਰੂ ਸਹਿਤ ਸਾਹਿਬਜ਼ਾਦੇ ਵਲ ਵੇਖਿਆ॥੫॥

ਬੂਝੈਂ 'ਇਤਹੁੰ ਪਿਤਾ ਜੀ ਗਏ। ਕਿਤਿਕ ਦੂਰ ਲੌਂ ਪ੍ਰਾਪਤਿ ਭਏ?
ਸਾਗਰ ਬੇਲਾ ਲਗਿ ਅਵਿਲੋਕਾ। ਕਿਧੌਂ ਉਰੇ ਹੀ ਜਾਵਨਿ ਰੋਕਾ?॥ ੬ ॥

ਪੁੱਛਦੇ ਸਨ, "ਏਥੋਂ ਪਿਤਾ ਜੀ ਗਏ ਸੀ ਤਾਂ ਫਿਰ ਕਿੰਨੀ ਦੂਰ ਤਕ ਪਹੁੰਚੇ ਸੀ। ਸਾਗਰ ਦੇ ਕੰਢੇ ਤਕ ਵੇਖਿਆ ਜਾਂ ਉਰੇ ਹੀ ਜਾਣਾ ਰੋਕ ਲਿਆ?॥੬॥

ਕੌਨ ਦੇਸ਼ ਹਿਤ ਗਏ ਲਰਾਈ? ਭਈ ਕਿ ਨਹੀਂ ਮਿਲੇ ਰਿਪੁ ਆਈ?'।
ਮਧੁਰ ਪੁੱਤ੍ਰ ਕੇ ਬਾਕ ਸੁਹਾਏ। ਸੁਨਿ ਸਤਿਗੁਰੂ ਬ੍ਰਿਤਾਂਤ ਬਤਾਏ॥ ੭ ॥

ਕਿਹੜੇ ਦੇਸ਼ ਵਾਸਤੇ ਲੜਾਈ ਕਰਨ ਗਏ ਸੀ? ਲੜਾਈ ਹੋਈ ਹੈ ਕਿ ਨਹੀਂ, ਕੀ ਵੈਰੀ ਆ ਮਿਲਿਆ ਸੀ?" ਗੁਰੂ ਪੁੱਤਰ ਦੇ ਮਿੱਠੇ ਬਚਨ ਬੜੇ ਸ਼ੋਭ ਰਹੇ ਸਨ, ਇਹ ਸੁਣ ਕੇ ਸਤਿਗੁਰੂ ਜੀ ਨੇ ਬ੍ਰਿਤਾਂਤ ਸੁਣਾਇਆ॥੭॥

'ਦੇਸ਼ ਕਾਮਰੂ ਮੰਤ੍ਰਨਿ ਜੋਰ। ਗੁਰ ਕੇ ਸਿੱਖ ਬਸਹਿਂ ਤਿਸ ਠੌਰ।
ਸ੍ਰੀ ਨਾਨਕ ਪਹੁੰਚੇ ਇਕ ਕਾਲ। ਬਾਲਾ ਮਰਦਾਨਾ ਜੁਗ ਨਾਲ॥ ੮ ॥

"ਕਾਮਰੂਪ ਦੇਸ਼ ਵਿਚ ਟੂਣੇ ਮੰਤਰਾਂ ਦਾ ਬਹੁਤ ਜ਼ੋਰ ਹੈ, ਉਥੇ ਗੁਰੂ ਜੀ ਦੇ ਸਿੱਖ ਵੱਸਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਇਕ ਸਮੇਂ ਉਥੇ ਪਹੁੰਚੇ ਸਨ, ਬਾਲਾ, ਮਰਦਾਨਾ ਦੋਵੇਂ ਗੁਰੂ ਜੀ ਦੇ ਨਾਲ ਸਨ॥੮॥

ਪੁਰਿ ਕੇ ਵਹਿਰ ਗੁਰੂ ਟਿਕ ਰਹੇ। ਸਿੱਖੀ ਪ੍ਰਗਟਾਵਨਿ ਕੋ ਕਹੇ।
ਤ੍ਰਿਖਾ ਲਗੀ ਮਰਦਾਨੇ ਜਾਨੀ। ਗਮਨਜੋਂ ਪੁਰਿ ਹਿਤ ਪੀਵਨਿ ਪਾਨੀ॥ ੯ ॥

ਨਗਰ ਦੇ ਬਾਹਰ ਗੁਰੂ ਜੀ ਟਿਕੇ ਰਹੇ, ਸਿੱਖੀ ਪ੍ਰਗਟ ਕਰਨੀ ਚਾਹੁੰਦੇ ਸੀ। ਮਰਦਾਨੇ ਨੇ ਪਿਆਸ ਲੱਗੀ ਜਾਣੀ ਤਾਂ ਉਹ ਨਗਰ ਵਿਚ ਪਾਣੀ ਪੀਣ ਚਲਾ ਗਿਆ॥੯॥

ਤਹਿਂ ਮੇਢਾ ਕਰਿ ਬੰਧਨਿ ਕੀਨਾ। ਸ੍ਰੀ ਨਾਨਕ ਜਬਿ ਐਸੇ ਚੀਨਾ।
ਗਏ ਛੁਡਾਵਨਿ ਤ੍ਰਿਯ ਉਤਲਾਈ। ਗੁਰ ਗਰ ਤਾਗਾ ਪਾਵਨਿ ਧਾਈ॥ ੧੦ ॥

ਮੰਤਰਾਂ ਦੇ ਜ਼ੋਰ ਨਾਲ ਉਸ ਨੂੰ ਭੇਡੂ ਬਣਾ ਕੇ ਬੰਨ੍ਹ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦ ਇਸ ਤਰ੍ਹਾਂ ਸਮਝਿਆ ਤਾਂ

ਉਹ ਮਰਦਾਨੇ ਨੂੰ ਜਦ ਛੁਡਾਉਣ ਗਏ ਤਾਂ ਇਕ ਇਸਤਰੀ ਛੇਤੀ ਨਾਲ ਆਈ ਤੇ ਉਹ ਗੁਰੂ ਜੀ ਦੇ ਗਲ ਵਿਚ ਧਾਗਾ ਪਾਉਣ ਲੱਗੀ॥੧੦॥

ਤਤਛਿਨ ਭੇਡ ਦੇਹਿ ਕੌ ਧਾਰਾ। ਦੂਜੀ ਨੇ ਬਾਲਾ ਸੁ ਨਿਹਾਰਾ।
ਤਿਸ ਢਿਗ ਪਹੁੰਚੀ ਸਰਮਾ ਬਨੀ। ਪਿਖੀ ਤ੍ਰਿਯਾ ਆਏ ਤਿਨ ਧਨੀ॥ ੧੧॥

ਉਸ ਇਸਤਰੀ ਨੇ ਤੁਰੰਤ ਉਸੇ ਵੇਲੇ ਭੇਡ ਦਾ ਰੂਪ ਧਾਰਨ ਕਰ ਲਿਆ। ਦੂਸਰੀ ਇਸਤਰੀ ਨੇ ਜਦ ਵੇਖਿਆ ਤੇ ਉਸ ਇਸਤਰੀ ਪਾਸ ਪਹੁੰਚੀ ਤਾਂ ਉਹ ਕੁੱਤੀ ਬਣ ਗਈ। ਉਨ੍ਹਾਂ ਇਸਤਰੀਆਂ ਦੇ ਪਤੀਆਂ ਨੇ ਆ ਕੇ ਵੇਖਿਆ॥੧੧॥

ਮਰਦਾਨੇ ਕੋ ਮਨੁਖ ਬਨਾਯੋ। ਗੁਰ ਪ੍ਰਤਾਪ ਕੋ ਤਿਨ ਲਖਿ ਪਾਯੋ।
ਭਏ ਸਿੱਖ ਧ੍ਰਮਸਾਲਾ ਕਰੀ। ਭਾਉ ਪ੍ਰਤੀਤ ਭਗਤਿ ਕੀ ਧਰੀ॥ ੧੨॥

ਗੁਰੂ ਜੀ ਨੇ ਮਰਦਾਨੇ ਨੂੰ ਮਨੁੱਖ ਬਣਾ ਲਿਆ, ਉਨ੍ਹਾਂ ਨੇ ਗੁਰੂ ਜੀ ਦੇ ਪ੍ਰਤਾਪ ਨੂੰ ਸਮਝ ਲਿਆ। ਉਹ ਮਨੁੱਖ ਗੁਰੂ ਜੀ ਦੇ ਸਿੱਖ ਹੋ ਗਏ ਤੇ ਉਨ੍ਹਾਂ ਨੇ ਇਕ ਧਰਮਸ਼ਾਲਾ ਬਣਾਈ ਤੇ ਭਗਤੀ ਨਾਲ ਪ੍ਰੇਮ ਪ੍ਰਤੀਤ ਧਾਰਨ ਕੀਤੀ॥੧੨॥

ਤੁਰਕਨਿ ਤੇ ਮਵਾਸ ਤਹਿਂ ਰਾਜਾ। ਮੰਤ੍ਰਨਿ ਤੇ ਨਰ ਕਰਹਿਂ ਕੁਕਾਜਾ।
ਬਿਸ਼ਨ ਸਿੰਘ ਨ੍ਰਿਪ ਤਹਾਂ ਪਠਾਯੋ। ਇਹ ਡਰ ਕਰਿ ਹਮ ਸ਼ਰਨੀ ਆਯੋ॥ ੧੩॥

ਕਾਮਰੂਪ ਦੇਸ਼ ਦਾ ਰਾਜਾ ਤੁਰਕਾਂ ਤੋਂ ਆਕੀ ਹੋ ਗਿਆ ਸੀ, ਮੰਤਰਾਂ ਨਾਲ ਮਨੁੱਖ ਬੜੇ ਮਾੜੇ ਕਰਮ ਕਰਦੇ ਸਨ। ਬਿਸ਼ਨ ਸਿੰਘ ਰਾਜੇ ਨੂੰ ਉਥੇ ਭੇਜਿਆ ਸੀ, ਉਹ ਡਰ ਕੇ ਸਾਡੀ ਸ਼ਰਨ ਆਇਆ ਸੀ॥੧੩॥

ਗਯੋ ਸੰਗ ਲੇ ਕਾਰਜ ਸਰੇ। ਦੁਹੂੰ ਦਿਸ਼ਿ ਮੇਲ ਹਮਹੁਂ ਤਿਨ ਕਰੇ।
ਬਿਸ਼ਨ ਸਿੰਘ ਕੀ ਪਤ ਰਹਿ ਆਈ। ਹਟੇ ਜੀਤ ਕੀ ਧੌਂਸ ਬਜਾਈ॥ ੧੪॥

ਸਾਨੂੰ ਨਾਲ ਲੈ ਕੇ ਗਿਆ ਸੀ ਕਿ ਤਾਂਕਿ ਕਾਰਜ ਸੰਪੂਰਣ ਹੋ ਜਾਵੇ, ਅਸੀਂ ਦੋਵੇਂ ਪਾਸੀਂ ਮੇਲ ਮਿਲਾਪ ਕਰਵਾ ਦਿੱਤਾ ਹੈ। ਬਿਸ਼ਨ ਸਿੰਘ ਦੀ ਪਤ ਰਹਿ ਆਈ ਹੈ ਤੇ ਵਾਪਸ ਮੁੜ ਕੇ ਉਸ ਜਿੱਤ ਦਾ ਨਗਾਰਾ ਵਜਾਇਆ ਹੈ"॥੧੪॥

ਸੁਨਿ ਹਰਖਯੋ ਸਗਰੋ ਪਰਿਵਾਰ। ਅਨਿਕ ਭਾਂਤਿ ਕੇ ਕਰੇ ਅਹਾਰ।
ਕਰਿ ਕਰਿ ਅਚਵਾਵਹਿਂ ਹਰਖਾਏ। ਪੁੱਤ੍ਰ ਸਮੇਤ ਗੁਰੂ ਤ੍ਰਿਪਤਾਏ॥ ੧੫॥

ਇਹ ਸੁਣ ਕੇ ਸਾਰਾ ਪਰਿਵਾਰ ਬਹੁਤ ਪ੍ਰਸੰਨ ਹੋਇਆ ਤੇ ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕੀਤੇ। ਭੋਜਨ ਖਵਾ ਕੇ ਬਹੁਤ ਪ੍ਰਸੰਨ ਹੋਏ ਤੇ ਪੁੱਤਰ ਸਮੇਤ ਗੁਰੂ ਜੀ ਭੋਜਨ ਛੱਕ ਕੇ ਤ੍ਰਿਪਤ ਹੋ ਗਏ॥੧੫॥

ਸੰਗਤਿ ਪੁਰਿ ਪਟਣੇ ਕੀ ਆਵੈ। ਦਰਸ਼ਨ ਕਰਿ ਅਕੋਰ ਅਰਪਾਵੈ।
ਗਏ ਦੇਸ਼ ਜਿਸ, ਬੂਝਹਿਂ ਬਾਤੀ। ਸੁਨਿ ਸੁਨਿ ਜਸੁ ਕੌ ਕਹਿਂ ਬਹੁ ਭਾਂਤੀ॥ ੧੬॥

ਪਟਨੇ ਦੀ ਬਹੁਤ ਸੰਗਤ ਆਉਂਦੀ ਸੀ ਤੇ ਦਰਸ਼ਨ ਕਰਕੇ ਉਪਹਾਰ ਅਰਪਣ ਕਰਦੇ ਸਨ। ਜਿਸ ਦੇਸ਼ ਵਿਚ ਗਏ ਸੀ, ਉਥੋਂ ਦੀਆਂ ਗੱਲਾਂ ਪੁੱਛਦੇ ਸਨ ਤੇ ਸੁਣ ਸੁਣ ਕੇ ਬਹੁਤ ਪ੍ਰਕਾਰ ਜੱਸ ਕਰਦੇ ਸਨ॥੧੬॥

'ਤੁਮ ਬਿਨ ਕੌਨ ਕਰੈ ਸਰ ਜਾਇ। ਦੇਸ਼ ਕਾਮਰੂ ਮੰਤ੍ਰਨਿ ਥਾਇਂ।
ਮਾਨ ਸਿੰਘ ਸੇ ਮਾਰੇ ਜਹਾਂ। ਅਪਰਨਿ ਕੀ ਗਿਨਤੀ ਕਹੁ ਕਹਾਂ'॥ ੧੭॥

'ਤੁਹਾਡੇ ਬਗੈਰ ਕੌਣ ਜਾ ਕੇ ਉਸ ਦੇਸ਼ ਨੂੰ ਸਰ ਕਰ ਸਕਦਾ ਸੀ। ਦੇਸ਼ ਕਾਮਰੂਪ ਮੰਤਰਾਂ ਵਾਲਾ ਸਥਾਨ ਹੈ। ਜਿਨ੍ਹਾਂ ਰਾਜੇ ਮਾਨ ਸਿੰਘ ਵਰਗਾ ਸੂਰਬੀਰ ਮਾਰ ਦਿੱਤਾ ਸੀ, ਹੋਰਨਾਂ ਦੀ ਗਿਣਤੀ ਕੀ ਕਰੀਏ'॥੧੭॥

ਬਡੀ ਭੀਰ ਸਤਿਗੁਰ ਘਰ ਹੋਈ। ਆਵਹਿਂ ਅਨਿਕ ਜਾਹਿਂ ਚਲਿ ਕੋਈ।
ਲਗਯੋ ਅੰਬਾਰ ਅਕੋਰਨ ਕੇਰੇ। ਜਿਤ ਕਿਤ ਮੰਗਲ ਵਧੇ ਵਧੇਰੇ॥ ੧੮॥

ਸਤਿਗੁਰੂ ਜੀ ਦੇ ਘਰ ਵਿਚ ਵੱਡੀ ਭੀੜ ਹੋ ਗਈ, ਅਨੇਕਾਂ ਸਿੱਖ ਆਉਂਦੇ ਸਨ ਤੇ ਅਨੇਕਾਂ ਚਲੇ ਜਾਂਦੇ ਸਨ। ਉਪਹਾਰਾਂ ਦੇ ਅੰਬਾਰ ਲੱਗ ਗਏ, ਜਿੱਥੇ ਕਿੱਥੇ ਆਨੰਦ ਮੰਗਲ ਬਹੁਤ ਵਧਿਆ॥੧੮॥

ਰਹਨਿ ਲਗੇ ਸਤਿਗੁਰੁ ਨਿਜ ਧਾਮੂ। ਹੋਤਿ ਕੀਰਤਨ ਨਿਤ ਅਭਿਰਾਮੂ।
ਤੀਨ ਦਿਵਸ ਤਹਿਂ ਬਸਜੋ ਨਰੇਸ਼ਾ। ਪਹੁੰਚਜੋ ਚਹੈ ਨਿਕਟਿ ਤੁਰਕੇਸ਼ਾ॥੧੯॥

ਸਤਿਗੁਰੂ ਜੀ ਫਿਰ ਆਪਣੇ ਘਰ ਵਿਚ ਰਹਿਣ ਲੱਗੇ, ਨਿਤ ਸੁੰਦਰ ਕੀਰਤਨ ਹੁੰਦਾ ਸੀ। ਤਿੰਨ ਦਿਨ ਰਾਜਾ ਬਿਸ਼ਨ ਸਿੰਘ ਉਥੇ ਰਿਹਾ ਤੇ ਉਹ ਤੁਰਕ ਬਾਦਸ਼ਾਹ ਦੇ ਪਾਸ ਜਾਣਾ ਚਾਹੁੰਦਾ ਸੀ॥੧੯॥

ਆਇ ਗੁਰੂ ਢਿਗ ਗ੍ਰੀਵ ਨਿਵਾਈ। ਸਭਿ ਬ੍ਰਿਤੰਤ ਕਹਿ ਲੀਨਿ ਬਿਦਾਈ।
ਅਧਿਕ ਦਰਬ ਕੋ ਧਰਿ ਕਰਿ ਆਗੇ। ਬਿਨਤੀ ਭਨੀ ਪ੍ਰੇਮ ਰਸ ਪਾਗੇ॥੨੦॥

ਗੁਰੂ ਜੀ ਦੇ ਪਾਸ ਆ ਕੇ ਉਸ ਸਿਰ ਨਿਵਾਇਆ ਤੇ ਸਾਰਾ ਬ੍ਰਿਤਾਂਤ ਕਹਿ ਕੇ ਵਿਦਾਇਗੀ ਲੈ ਲਈ। ਗੁਰੂ ਜੀ ਦੇ ਅੱਗੇ ਬਹੁਤ ਧਨ ਧਰ ਕੇ, ਪ੍ਰੇਮ ਦੇ ਰਸ ਵਿਚ ਭਿੱਜੇ ਹੋਏ ਨੇ ਬੇਨਤੀ ਕੀਤੀ॥੨੦॥

'ਕ੍ਰਿਪਾ ਤੁਮਾਰੀ ਤੇ ਜਸੁ ਪਾਯੋ। ਸੁਖ ਸਮੇਤ ਮੈਂ ਸਰ ਕਰਿ ਆਯੋ।
ਅਬਿ ਤੁਰਕੇਸ਼ੁਰ ਨਿਕਟਿ ਸਿਧਾਊਂ। ਮਿਲਿ ਕਰਿ ਪੁਨ ਅਪਨੇ ਘਰ ਜਾਊਂ॥੨੧॥

"ਤੁਹਾਡੀ ਕਿਰਪਾ ਨਾਲ ਜੱਸ ਪਾਇਆ ਹੈ, ਸੁਖ ਦੇ ਨਾਲ ਮੈਂ ਜਿੱਤ ਕੇ ਆਇਆ ਹਾਂ। ਹੁਣ ਤੁਰਕ ਬਾਦਸ਼ਾਹ ਦੇ ਪਾਸ ਜਾਵਾਂਗਾ, ਉਸ ਨੂੰ ਮਿਲ ਕੇ ਫਿਰ ਆਪਣੇ ਘਰ ਜਾਵਾਂਗਾ॥੨੧॥

ਚਿਰੰਕਾਲ ਬੀਤਾ ਤੁਮ ਜਾਨੋ'। ਸੁਨਿ ਸਤਿਗੁਰ ਤਬਿ ਹੁਕਮ ਬਖਾਨੋ।
'ਗਮਨਹੁ ਜਾਹੁ ਦੇਸ਼ ਨਿਜ ਫੇਰ। ਸਿਮਰਹੁ ਸੱਤਿਨਾਮ ਸੁਖ ਹੇਰਿ॥ ੨੨॥

ਤੁਸੀਂ ਜਾਣਦੇ ਹੋ ਕਿ ਬਹੁਤ ਸਮਾਂ ਬੀਤ ਗਿਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਹੁਕਮ ਕੀਤਾ, "ਫਿਰ ਆਪਣੇ ਦੇਸ਼ ਵਿਚ ਚਲੇ ਜਾਵੋ ਤੇ ਸੁਖ ਵੇਖ ਕੇ ਸਤਿਨਾਮ ਦਾ ਸਿਮਰਨ ਕਰੋ॥੨੨॥

ਬਿਘਨ ਪਰੇ ਸਤਿਗੁਰੂ ਅਰਾਧਹੁ। ਅਨਿਕ ਬਿਧਿਨਿ ਕੀ ਬਾਧਾ ਬਾਧਹੁ'।
ਸੁਨਤਿ ਸੀਖ ਕੋ ਬੰਦਨ ਠਾਨੀ। ਬਿਛੁਰਿ ਨ ਸਾਕਹਿ ਪ੍ਰੀਤ ਮਹਾਨੀ॥੨੩॥

ਜੇ ਕੋਈ ਵਿਘਨ ਪੈ ਜਾਵੇ ਤਾਂ ਸਤਿਗੁਰੂ ਜੀ ਦੀ ਅਰਾਧਨਾ ਕਰੋ। ਅਨੇਕ ਵਿਧੀਆਂ ਦੀ ਪੀੜਾ ਦੂਰ ਕਰੋ।" ਗੁਰੂ ਜੀ ਪਾਸੋਂ ਇਹ ਸਿੱਖਿਆ ਸੁਣ ਕੇ ਰਾਜੇ ਨੇ ਬੰਦਨਾ ਕੀਤੀ, ਵਿਛੜਨਾ ਨਹੀਂ ਸੀ ਚਾਹੁੰਦਾ, ਗੁਰੂ ਜੀ ਨਾਲ ਮਹਾਨ ਪ੍ਰੀਤ ਸੀ॥੨੩॥

ਲੇ ਆਗਜਾ ਕੋ ਆਯਹੁ ਡੇਰੇ। ਲਸ਼ਕਰ ਤਜਾਰੀ ਕਰਿ ਤਿਸ ਬੇਰੇ।
ਕਰਜੋ ਕੂਚ ਦਿੱਲੀ ਦਿਸ਼ਿ ਗਯੋ। ਮਿਲਜੋ ਸ਼ਾਹੁ ਘਰ ਪੁਨ ਪਠਿ ਦਯੋ॥੨੪॥

ਗੁਰੂ ਜੀ ਪਾਸੋਂ ਆਗਿਆ ਲੈ ਕੇ ਆਪਣੇ ਡੇਰੇ ਆ ਗਿਆ ਤੇ ਉਸੇ ਸਮੇਂ ਫੌਜ ਦੀ ਤਿਆਰੀ ਕਰਵਾ ਦਿੱਤੀ, ਕੂਚ ਕਰਕੇ ਦਿੱਲੀ ਵਾਲੇ ਪਾਸੇ ਚਲਾ ਗਿਆ, ਬਾਦਸ਼ਾਹ ਨੂੰ ਮਿਲ ਕੇ ਫਿਰ ਆਪਣੇ ਘਰ ਨੂੰ ਚਲਾ ਗਿਆ॥੨੪॥

ਸ਼੍ਰੀ ਗੁਰ ਤੇਗ ਬਹਾਦਰ ਤਬੈ। ਉਪਦੇਸ਼ਤਿ ਸੰਗਤਿ ਸਿਖ ਸਬੈ।
ਨਾਨਾ ਕਰਹਿਂ ਕਾਮਨਾ ਪੂਰੀ। ਸਿੱਖੀ ਬਿਸਤਾਰੀ ਗੁਨ ਰੂਰੀ॥ ੨੫॥

ਸ੍ਰੀ ਗੁਰੂ ਤੇਗ ਬਹਾਦਰ ਜੀ ਤਦ ਸਾਰੀ ਸੰਗਤ ਨੂੰ ਉਪਦੇਸ਼ ਦਿੰਦੇ ਸਨ। ਸਾਰੇ ਮਨੁੱਖਾਂ ਦੀਆਂ ਕਈ ਪ੍ਰਕਾਰ ਦੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ ਤੇ ਸੁੰਦਰ ਗੁਣਾਂ ਵਾਲੀ ਸਿੱਖੀ ਦਾ ਵਿਸਥਾਰ ਕਰਦੇ ਸਨ॥੨੫॥

ਸੁਤ ਕੋ ਦੇਖਤਿ ਅਧਿਕ ਅਨੰਦਹਿਂ। ਜਾਨਹਿਂ ਇਹ ਜਰ ਤੁਰਕ ਨਿਕੰਦਹਿ।
ਮਨ ਸਨੇਹੁ ਕੇ ਸਨੇ ਬਡੇਰੇ। ਕਰਹਿਂ ਬਿਠਾਵਨਿ ਅਪਨੇ ਨੇਰੇ॥ ੨੬॥

ਆਪਣੇ ਪੁੱਤਰ ਨੂੰ ਵੇਖ ਕੇ ਬਹੁਤ ਅਨੰਦ ਧਾਰਨ ਕਰਦੇ ਸਨ, ਜਾਣਦੇ ਸਨ ਇਹ ਤੁਰਕਾਂ ਦੀ ਜੜ੍ਹ ਪੁੱਟ ਦੇਵੇਗਾ। ਮਨ ਵਿਚ ਵੱਡਾ ਸਨੇਹ ਧਾਰ ਕੇ ਆਪਣੇ ਪੁੱਤਰ ਨੂੰ ਪਾਸ ਬਿਠਾਉਂਦੇ ਸਨ॥੨੬॥

ਲੀਲਾ ਜਥਾ ਜੰਗ ਕੀ ਠਾਨੈਂ। ਰਚਹਿਂ ਭਵਿੱਖਤ ਮਹਿਂ ਤਿਮ ਜਾਨੈਂ।
ਬ੍ਰਹਮ ਗਜਾਨ ਤੇ ਉਤਪਤਿ ਹੋਵਾ। ਮਨਹੁਂ ਬੀਰ ਰੰਸ ਲਘੁ ਤਨ ਜੋਵਾ॥੨੭॥

ਜਿਵੇਂ ਜੰਗ ਦੀ ਲੀਲ੍ਹਾ ਧਾਰਨ ਕਰਨਗੇ ਤੇ ਭਵਿੱਖ ਵਿਚ ਜੰਗ ਕਰਨਗੇ, ਉਸ ਤਰ੍ਹਾਂ ਜਾਣਦੇ ਸਨ। ਬ੍ਰਹਮ ਗਿਆਨ ਤੋਂ ਉਤਪੰਨ ਹੋਏ ਸਨ, ਮਾਨੋ ਬੀਰ ਰਸ ਨੇ ਛੋਟਾ ਸਰੀਰ ਧਾਰਨ ਕੀਤਾ ਸੀ॥੨੭॥

ਜਿਮ ਦਸਰਥ ਕਰਿ ਪ੍ਰੇਮ ਬਿਲੰਦਹਿ। ਦੇਖਤਿ ਰਾਮਚੰਦ ਨਿਜ ਨੰਦਹਿ।
ਤਥਾ ਦੁਲਾਰਤਿ ਅੰਕ ਬਿਠਾਵੈਂ। ਹਰਿ ਬਸੁਦੇਵ ਮਨਿੰਦ ਸੁਹਾਵੈਂ॥ ੨੮॥

ਜਿਵੇਂ ਰਾਜਾ ਦਸਰਥ ਬਹੁਤ ਪਿਆਰ ਕਰਕੇ ਆਪਣੇ ਪੁੱਤਰ ਸ੍ਰੀ ਰਾਮਚੰਦ ਨੂੰ ਵੇਖਦੇ ਸਨ। ਉਸ ਤਰ੍ਹਾਂ ਹੀ ਲਾਡ ਪਿਆਰ ਕਰਕੇ ਆਪਣੀ ਗੋਦੀ ਵਿਚ ਬਿਠਾਉਂਦੇ ਸਨ। ਕ੍ਰਿਸ਼ਨ ਤੇ ਵਾਸਦੇਵ ਵਾਂਗ ਸ਼ੋਭ ਰਹੇ ਸਨ॥੨੮॥

ਪੋਖਤਿ ਪਾਲਤਿ ਪਟ ਪਹਿਰਾਵਹਿਂ। ਪਹਿਰਿ ਬਿਭੂਖਨ ਸਭਿ ਮਨ ਭਾਵਹਿਂ।
ਕਰ ਗੁਲੇਲ ਐਂਚਹਿਂ ਕਰਿ ਬਲ ਕੋ। ਹੇਰਤਿ ਹਤਹਿਂ ਨਿਸ਼ਾਨੇ ਥਲ ਕੋ॥੨੯॥

ਪੁੱਤਰ ਦਾ ਪਾਲਣ ਪੋਸਣ ਕਰਦੇ ਸਨ ਤੇ ਰੇਸ਼ਮ ਦੇ ਕੱਪੜੇ ਪਵਾਉਂਦੇ ਸਨ, ਗਹਿਣੇ ਪਹਿਣ ਕੇ ਸਾਰਿਆਂ ਦੇ ਮਨ ਨੂੰ ਬਹੁਤ ਭਾਉਂਦੇ ਸਨ। ਗੁਲੇਲ ਹੱਥ ਵਿਚ ਲੈ ਕੇ ਬੜੇ ਜ਼ੋਰ ਨਾਲ ਖਿੱਚਦੇ ਸਨ। ਨਿਸ਼ਾਨਾ ਤੱਕ ਕੇ ਮਾਰ ਦਿੰਦੇ ਸਨ॥੨੯॥

ਬਹੁ ਸ਼ਾਹਨਿ ਕੇ ਬਾਲਿਕ ਆਵੈਂ। ਮਿਲਿ ਕਰਿ ਤਿਨ ਸੋਂ ਖੇਲ ਮਚਾਵੈਂ।
ਆਧੇ ਇਕ ਦਿਸ਼ਿ ਠਾਢੇ ਕਰੈਂ। ਆਧੇ ਲੈ ਅਪਨੇ ਸੰਗ ਥਿਰੈਂ॥ ੩੦॥

ਧਨੀਆਂ ਦੇ ਬਹੁਤ ਬਾਲਕ ਆਉਂਦੇ ਸਨ, ਉਨ੍ਹਾਂ ਨਾਲ ਮਿਲ ਕੇ ਖੇਡਦੇ ਸਨ। ਅੱਧਿਆਂ ਨੂੰ ਇਕ ਪਾਸੇ ਖੜੇ ਕਰ ਲੈਂਦੇ ਸਨ ਤੇ ਅੱਧੇ ਆਪਣੇ ਨਾਲ ਲੈ ਕੇ ਖੜੇ ਹੋ ਜਾਂਦੇ ਸਨ॥੩੦॥

ਹੇਲਾ ਕਰਨਿ ਮਨਿੰਦ ਮਿਲੰਤੇ। ਮਾਰਿ ਮਾਰਿ ਕਰਿ ਮਨਹੁਂ ਲਰੰਤੇ।
ਇਕ ਗਾਢੇ ਹੁਇ ਠਾਢੇ ਰਹੈ। ਬਾਢੈਂ ਉਰ ਉਤਸਾਹ ਜੁ ਚਹੈਂ॥ ੩੧॥

ਹੱਲਾ ਕਰਨ ਵਾਂਗ ਇਕ ਦੂਸਰੇ ਨੂੰ ਮਿਲਦੇ ਸਨ, ਮਾਰ ਮਾਰ ਕੇ ਮਾਨੋ ਲੜ ਰਹੇ ਸਨ। ਕਈ ਤਕੜੇ ਹੋ ਕੇ ਖੜੇ ਰਹਿੰਦੇ ਸਨ। ਦੂਸਰੇ ਜੋ ਜੀਅ ਵਿਚ ਉਤਸ਼ਾਹ ਚਾਹੁੰਦੇ ਹਨ, ਉਹ ਅੱਗੇ ਵੱਧਦੇ ਹਨ॥੩੧॥

ਕਰਿ ਸਨੇਹੁ ਗੁਰ ਨਿਕਟਿ ਬੁਲਾਵੈਂ। 'ਅਬਿਹੂੰ ਕਹਾਂ ਕਰਨਿ ਰਣ ਭਾਵੈ।
ਥਿਰ ਹੁਇ ਬੈਠਹੁ ਹਮਰੇ ਪਾਸ। ਸੁਨਹੁ ਕਰਤਿ ਹੈਂ ਸਿਖ ਅਰਦਾਸ' ॥ ੩੨॥

ਪਿਆਰ ਕਰਕੇ ਗੁਰੂ ਜੀ ਪਾਸ ਬੁਲਾਉਂਦੇ ਹਨ, "ਹੁਣੇ ਹੀ ਜੰਗ ਕਰਨਾ ਕਿਉਂ ਚੰਗਾ ਲੱਗਦਾ ਹੈ। ਸਥਿਰ ਹੋ ਕੇ ਸਾਡੇ ਪਾਸ ਬੈਠੋ, ਸਿੱਖ ਜੋ ਅਰਦਾਸਾਂ ਕਰਦੇ ਹਨ, ਉਨ੍ਹਾਂ ਨੂੰ ਸੁਣੋ"॥੩੨॥

ਇੱਤਜਾਦਿਕ ਕਹਿ ਬਾਕ ਦਿਲਾਸੇ। ਕਿਤਿਕ ਸਮੇ ਰਾਖੈਂ ਨਿਜ ਪਾਸੇ।
ਬਹੁਰ ਜਾਇਂ ਬਾਲਿਕ ਮਹਿਂ ਖੇਲਹਿਂ। ਰੇਲ ਧਕੇਲਹਿਂ ਕਿਸ ਹੂੰ ਝੇਲਹਿਂ॥ ੩੩॥

ਇਸ ਤਰ੍ਹਾਂ ਬਚਨ ਕਰਕੇ ਦਿਲਾਸਾ ਦਿੰਦੇ ਸਨ, ਕਾਫੀ ਸਮਾਂ ਆਪਣੇ ਪਾਸ ਰੱਖਦੇ ਸਨ। ਫਿਰ ਜਾ ਕੇ ਬਾਲਕਾਂ ਨਾਲ ਖੇਡਦੇ ਸਨ। ਧੱਕਾ ਦੇ ਕੇ ਕਿਸੇ ਨੂੰ ਰੇੜਦੇ ਸਨ ਤੇ ਕਿਸੇ ਦਾ ਧੱਕਾ ਝੱਲਦੇ ਸਨ॥੩੩॥

ਬਜਹਿਂ ਬਿਭੂਖਨ ਦੌਰਤਿ ਜਾਤੇ। ਰਹਹਿਂ ਖੇਲ ਬਾਲਿਕ ਮਹਿਂ ਰਾਤੇ।
ਸਤਿਗੁਰ ਬੈਠਹਿਂ ਲਾਇ ਦਿਵਾਨ। ਸੁਧਿ ਪਸਰੀ ਢਿਗ ਦੂਰ ਕਿ ਥਾਨ॥੩੪॥

ਜਦ ਦੌੜ ਕੇ ਜਾਂਦੇ ਸਨ ਤਾਂ ਗਹਿਣੇ ਖੜਕਦੇ ਸਨ, ਬਾਲਕਾਂ ਦੀਆਂ ਖੇਡਾਂ ਵਿਚ ਰੰਗੇ ਰਹਿੰਦੇ ਸਨ। ਦੂਰ-ਦੂਰ ਦੀਆਂ ਥਾਵਾਂ ਤੇ ਖ਼ਬਰ ਫੈਲ ਗਈ॥੩੪॥

'ਪੂਰਬ ਤੇ ਪਟਣੇ ਮਹਿਂ ਆਏ'। ਸੁਨਿ ਸਿੱਖ ਦੂਰ ਦੂਰ ਤੇ ਆਏ।
ਦਰਸ਼ਨ ਕਰਹਿਂ ਕਾਮਨਾ ਪਾਵੈਂ। ਸਫਲ ਜਾਨਿ ਭੇਟਨਿ ਅਰਪਾਵੈਂ॥੩੫॥

"ਪੂਰਬ ਤੋਂ ਗੁਰੂ ਜੀ ਪਟਨੇ ਵਿਚ ਆ ਗਏ ਹਨ" ਇਹ ਸੁਣ ਕੇ ਸਿੱਖ ਦੂਰ-ਦੂਰ ਤੋਂ ਆਉਂਦੇ ਸਨ ਤੇ ਦਰਸ਼ਨ ਕਰਕੇ ਆਪਣੀਆਂ ਕਾਮਨਾਵਾਂ ਪਾਉਂਦੇ ਸਨ। ਸਫਲ ਜਾਣ ਕੇ ਭੇਟਾਵਾਂ ਅਰਪਣ ਕਰਦੇ ਸਨ॥੩੫॥

ਸੰਗਤਿ ਨਈ ਨਿਤਾਪ੍ਰਤਿ ਆਇ। ਦਰਸਹਿ ਗੁਰ ਕੇ ਚਰਨ ਮਨਾਇ।
ਅਨਿਕ ਮਸੰਦ ਦਰਬ ਲੇ ਘਨੇ। ਸਿੱਖਨਿ ਤੇ ਸੰਚਹਿਂ ਹਿਤ ਸਨੇ॥੩੬॥

ਨਿਤਾਪ੍ਰਤਿ ਨਵੀਂ ਸੰਗਤ ਆਉਂਦੀ ਸੀ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕ ਕੇ ਦਰਸ਼ਨ ਕਰਦੀ ਸੀ। ਅਨੇਕਾਂ ਮਸੰਦ ਬਹੁਤ ਧਨ ਲੈ ਕੇ ਆਉਂਦੇ ਸਨ, ਉਹ ਸਿੱਖਾਂ ਪਾਸੋਂ ਬੜੇ ਪਿਆਰ ਨਾਲ ਧਨ ਇਕੱਠਾ ਕਰਕੇ ਲਿਆਉਂਦੇ ਸਨ॥੩੬॥

ਸੋ ਆਵਹਿਂ ਗੁਰ ਕੋ ਅਰਪੰਤੇ। ਰਹੈਂ ਨਿਕਟਿ ਕੋ ਦਿਨ ਦਰਸੰਤੇ।
ਪੁਨ ਸਿਰੁਪਾਉ ਲੇਤਿ ਹੈਂ ਗੁਰ ਤੇ। ਬਿਦਾ ਹੋਇ ਨਿਕਸਹਿਂ ਤਿਸ ਪੁਰਿ ਤੇ॥੩੭॥

ਉਹ ਧਨ ਲਿਆ ਕੇ ਗੁਰੂ ਜੀ ਪਾਸ ਅਰਪਣ ਕਰਦੇ ਸਨ ਤੇ ਦਰਸ਼ਨ ਕਰਦੇ ਕਈ ਦਿਨ ਪਾਸ ਰਹਿੰਦੇ ਸਨ। ਫਿਰ ਉਹ ਗੁਰੂ ਜੀ ਪਾਸੋਂ ਸਿਰੋਪਾ ਲੈਂਦੇ ਸਨ ਤੇ ਫਿਰ ਵਿਦਾ ਹੋ ਕੇ ਨਗਰ ਵਿਚੋਂ ਨਿਕਲ ਜਾਂਦੇ ਸਨ॥੩੭॥

ਆਪੋ ਅਪਨੇ ਥਾਨ ਪਯਾਨਹਿਂ। ਗੁਰ ਧਨ ਕੋ ਉਗਰਾਹਨਿ ਠਾਨਹਿਂ।
ਖਸ਼ਟ ਮਾਸ ਕੈ ਸੰਮਤ ਮਾਹੀ। ਲੇਕਰਿ ਦਰਬ ਆਇਂ ਪੁਨ ਪਾਹੀ॥੩੮॥

ਆਪੋ ਆਪਣੇ ਸਥਾਨ ਤੇ ਚਲੇ ਜਾਂਦੇ ਸਨ ਤੇ ਗੁਰੂ ਧਨ ਦੀ ਉਗਰਾਹੀ ਕਰਦੇ ਸਨ। ਛੇ ਮਹੀਨੇ ਜਾਂ ਸਾਲ ਪਿਛੋਂ ਧਨ ਲੈ ਕੇ ਫਿਰ ਗੁਰੂ ਜੀ ਪਾਸ ਆ ਜਾਂਦੇ ਸਨ॥੩੮॥

ਇਸ ਪ੍ਰਕਾਰ ਸ਼੍ਰੀ ਤੇਗ ਬਹਾਦਰ। ਬਸਤਿ ਭਏ ਪਟਣੇ ਪੁਰਿ ਸਾਦਰ।
ਸਿੱਖੀ ਕੋ ਬਿਸਤਾਰਤਿ ਮਹਾਂ। ਸੱਤਿਨਾਮ ਸਿਮਰਤਿ ਜਹਿਂ ਕਹਾਂ॥੩੯॥

ਇਸ ਪ੍ਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਬੜੇ ਆਦਰ ਨਾਲ ਪਟਨੇ ਸ਼ਹਿਰ ਵਿਚ ਰਹਿ ਰਹੇ ਸਨ। ਸਿੱਖੀ ਦਾ ਮਹਾਨ ਵਿਸਥਾਰ ਕਰ ਰਹੇ ਸਨ, ਜਿੱਥੇ ਕਿੱਥੇ ਸਤਿਨਾਮ ਦਾ ਸਿਮਰਨ ਕਰਦੇ ਸਨ॥੩੯॥

ਮਾਤ ਨਾਨਕੀ ਦੇਖਿ ਅਨੰਦਤਿ। ਸੁਤ ਸੁਤ ਕੇ ਯੁਤਿ ਲਖਿ ਪ੍ਰਭੁ ਬੰਦਤਿ।
ਬਡੇ ਗੁਰਨ ਕੇ ਸਾਚੇ ਬੈਨ। ਭਏ ਬਿਦਤਿ, ਅਬਿ ਦਿਖੀਯਤਿ ਨੈਨ॥੪੦॥

ਮਾਤਾ ਨਾਨਕੀ ਜੀ ਦੇਖ ਕੇ ਅਨੰਦਤ ਹੋ ਜਾਂਦੇ ਸਨ, ਜਦ ਉਹ ਪੁੱਤਰ ਨੂੰ ਆਪਣੇ ਪੁੱਤਰ ਸਹਿਤ ਵੇਖਦੇ ਸਨ ਤਾਂ ਪ੍ਰਭੂ ਨੂੰ ਬੰਦਨਾ ਕਰਦੇ ਸਨ। ਵੱਡੇ ਗੁਰੂ ਜੀ ਹਰਿਗੋਬਿੰਦ ਸਾਹਿਬ ਦੇ ਬਚਨ ਸੱਚੇ ਹੋਏ ਹਨ, ਪ੍ਰਗਟ ਰੂਪ ਵਿਚ ਹੁਣ ਮੈਂ ਆਪਣੀਆਂ ਅੱਖਾਂ ਨਾਲ ਵੇਖ ਰਹੀ ਹਾਂ॥੪੦॥

Sri Satguru Jagjit Singh Ji eLlibrary NamdhariElibrary@gmail.com

ਅਨਿਕ ਬਿਧਿਨਿ ਭੋਜਨ ਬਨਿਵਾਵਹਿ। ਬੈਠਿ ਸਮੀਪ ਜੁਗਨਿ ਤ੍ਰਿਪਤਾਵਹਿ।
ਅਧਿਕ ਪਦਾਰਥ ਨਿਤ ਪ੍ਰਤਿ ਆਵੈਂ। ਚਲਹਿ ਦੇਗ ਸਭਿ ਨਰ ਗਨ ਖਾਵੈਂ॥੪੧॥

ਅਨੇਕ ਵਿਧੀਆਂ ਨਾਲ ਭੋਜਨ ਤਿਆਰ ਕਰਦੀ ਸੀ ਤੇ ਪਾਸ ਬੈਠ ਕੇ ਦੋਹਾਂ ਨੂੰ ਤ੍ਰਿਪਤ ਕਰਦੀ ਸੀ। ਅਨੇਕਾਂ ਪਦਾਰਥ ਨਿਤਾਪ੍ਰਤਿ ਆਉਂਦੇ ਸਨ। ਲੰਗਰ ਚਲਦਾ ਸੀ, ਸਾਰੇ ਮਨੁੱਖ ਭੋਜਨ ਖਾਂਦੇ ਸਨ॥੪੧॥

ਕਿਸ ਬਿਧਿ ਕਮੀ ਰਹੈ ਨਹਿਂ ਕੋਈ। ਜਹਿਂ ਬਿਸਰਾਮ ਗੁਰਨਿ ਕਹੁ ਹੋਈ।
ਇਸ ਪ੍ਰਕਾਰ ਬਸਿ ਕੇਤਿਕ ਮਾਸ। ਸਿਖ ਸੰਗਤਿ ਕੀ ਪੂਰੀ ਆਸ॥ ੪੨॥

ਕਿਸੇ ਵਿਧੀ ਵੀ ਕੋਈ ਘਾਟ ਨਹੀ ਸੀ ਰਹਿੰਦੀ, ਜਿੱਥੇ ਗੁਰੂ ਜੀ ਵਿਸ੍ਰਾਮ ਕਰਦੇ ਹਨ। ਇਸ ਪ੍ਰਕਾਰ ਕਈ ਮਹੀਨੇ ਉਥੇ ਰਹੇ ਤੇ ਸਿੱਖ-ਸੰਗਤ ਦੀ ਆਸ ਪੂਰੀ ਕੀਤੀ॥੪੨॥

ਕਿਤਿਕ ਫਕੀਰ ਤੀਰਥਨਿ ਮੱਜੇ। ਗੁਰ ਕੇ ਸੰਗ ਫਿਰੇ ਅਘ ਭੱਜੇ।
ਬਹੁਰ ਪਯਾਨੇ ਜਿਤ ਚਿਤ ਚਾਹੀ। ਕੇਤਿਕ ਰਹੇ ਬਹੁਰ ਗੁਰ ਪਾਹੀਂ॥ ੪੩॥

ਕਈ ਫਕੀਰ ਤੀਰਥਾਂ ਤੇ ਇਸ਼ਨਾਨ ਕਰਨ ਗਏ ਸਨ, ਗੁਰੂ ਜੀ ਦੇ ਨਾਲ ਫਿਰਨ ਨਾਲ ਪਾਪ ਦੂਰ ਹੁੰਦੇ ਸਨ। ਫਿਰ ਜਿੱਥੇ ਜੀਅ ਚਾਹੁੰਦਾ ਸੀ ਚਲੇ ਜਾਂਦੇ ਸਨ, ਕਈ ਫਿਰ ਆ ਕੇ ਗੁਰੂ ਜੀ ਪਾਸ ਰਹਿ ਪੈਂਦੇ ਸਨ॥੪੩॥

ਤਿਮ ਕੇਤਿਕ ਸਿਖ ਸੰਗ ਰਹੇ ਹੈਂ। ਕੇਤਿਕ ਘਰ ਕੌ ਮਿਲਿਨਿ ਚਹੇ ਹੈਂ।
ਆਗਯਾ ਲੇ ਪ੍ਰਭੁ ਕੀ ਸੋ ਗਏ। ਜਨਮ ਉਧਾਰਿ ਆਪਨੋ ਕਏ॥ ੪੪॥

ਉਸ ਤਰ੍ਹਾਂ ਹੀ ਕਈ ਸਿੱਖ ਗੁਰੂ ਜੀ ਪਾਸ ਰਹਿੰਦੇ ਸਨ ਤੇ ਕਈ ਘਰ ਵਾਲਿਆਂ ਨੂੰ ਮਿਲਣਾ ਚਾਹੁੰਦੇ ਸਨ। ਉਹ ਪ੍ਰਭੂ ਦੀ ਆਗਿਆ ਲੈ ਕੇ ਚਲੇ ਗਏ ਸਨ ਤੇ ਉਨ੍ਹਾਂ ਨੇ ਆਪਣੇ ਜਨਮ ਦਾ ਉਧਾਰ ਕਰ ਲਿਆ॥੪੪॥

ਕੇਤਿਕ ਨਏ ਆਨਿ ਸਿਖ ਰਹੇ। ਗੁਰ ਕੌ ਸੰਗ ਮਹਾਂ ਫਲ ਲਹੇ।
ਮਤੀ ਦਾਸ ਮਤਿਵਾਨ ਦਿਵਾਨ। ਆਮਦ ਖਰਚ ਸੰਭਾਰਨਿ ਠਾਨਿ॥ ੪੫॥

ਕਈ ਨਵੇਂ ਸਿੱਖ ਆ ਕੇ ਰਹਿੰਦੇ ਸਨ ਤੇ ਗੁਰੂ ਜੀ ਦੇ ਸੰਗ ਰਹਿ ਕੇ ਉਹ ਮਹਾਨ ਫਲ ਪ੍ਰਾਪਤ ਕਰਦੇ ਸਨ। ਮਤੀ ਦਾਸ ਬੜਾ ਬੁੱਧੀਵਾਨ ਗੁਰੂ ਜੀ ਦਾ ਦਿਵਾਨ ਸੀ, ਉਹ ਆਮਦਨ ਖਰਚ ਦੀ ਸੰਭਾਲ ਕਰਦਾ ਸੀ॥੪੫॥

*ਬਾਰ੍ਹਵੀਂ ਰਾਸ ਦਾ ਚਵੀਵਾਂ ਅਧਿਆਇ ਸਮਾਪਤ ਹੋਇਆ॥੨੪॥*

## *ਅਧਿਆਇ ਪੰਝੀਵਾਂ*

### *ਮਾਤਾ ਨਾਨਕੀ ਤੇ ਮਾਤਾ ਗੁਜਰੀ ਜੀ ਨੂੰ ਧੀਰਜ*

ਦੋਹਰਾ- ਕਿਤਿਕ ਮਾਸ ਸ੍ਰੀ ਸਤਿਗੁਰੂ ਪਟਨੇ ਬਿਖੈ ਬਿਤਾਇ।
ਗਮਨਹਿਂ ਅਬਿ ਪੰਜਾਬ ਕੋ ਉਰ ਅਭਿਲਾਖ ਉਠਾਇ॥ ੧॥

ਸਤਿਗੁਰੂ ਜੀ ਨੇ ਕਈ ਮਹੀਨੇ ਪਟਨੇ ਵਿਚ ਬਤੀਤ ਕੀਤੇ। "ਹੁਣ ਪੰਜਾਬ ਨੂੰ ਚਲੀਏ" ਹਿਰਦੇ ਵਿਚ ਅਭਿਲਾਸ਼ਾ ਉਤਪੰਨ ਕੀਤੀ॥੧॥

*ਚੌਪਈ-* ਮਾਤ ਨਾਨਕੀ ਸੋਂ ਤਬਿ ਕਹਯੋ। 'ਹਮ ਪ੍ਰਸਥਾਨ ਆਪਨੋ ਲਹਯੋ।
ਬਡੋ ਦੇਸ਼ ਪੰਜਾਬ ਹਮਾਰਾ। ਤਯਾਗਯੋ ਬੀਤਯੋ ਸਮਾ ਉਦਾਰਾ ॥ ੨ ॥

ਫਿਰ ਮਾਤਾ ਨਾਨਕੀ ਜੀ ਨੂੰ ਕਿਹਾ, "ਅਸੀਂ ਹੁਣ ਦੂਸਰੇ ਸਥਾਨ 'ਤੇ ਜਾਣਾ ਚਾਹੁੰਦੇ ਹਾਂ। ਸਾਡਾ ਪੰਜਾਬ ਦੇਸ਼ ਜੋ ਵੱਡਾ ਹੈ, ਉਸ ਨੂੰ ਛੱਡੇ ਨੂੰ ਬੜਾ ਲੰਮਾ ਸਮਾਂ ਬੀਤ ਗਿਆ ਹੈ ॥੨॥

ਕੇਤਿਕ ਸੰਮਤਿ ਇਤਹਿ ਬਿਤਾਏ। ਪੂਰਬ ਬਸੇ ਅਧਿਕ ਸੁਖ ਪਾਏ।
ਅਬਿ ਅਨੰਦ ਪੁਰਿ ਦੇਖਹਿਂ ਜਾਈ। ਜੋ ਆਵਤਿ ਹਮ ਦਿਯੋ ਬਸਾਈ ॥ ੩ ॥

ਕਈ ਸਾਲ ਏਧਰ ਬਿਤਾਏ ਹਨ, ਪੂਰਬ ਵਿਚ ਰਹਿ ਕੇ ਬਹੁਤ ਸੁਖ ਪਾਇਆ ਹੈ। ਹੁਣ ਅਨੰਦਪੁਰ ਜਾ ਕੇ ਵੇਖੀਏ, ਜਿਸਨੂੰ ਅਸੀਂ ਆਉਣ ਸਮੇਂ ਵਸਾਇਆ ਸੀ ॥੩॥

ਤਿਸਹਿ ਬਸਾਵਨਿ ਕਰਹਿਂ ਬਿਸਾਲਾ। ਨਹਿਂ ਦੇਖਯੋ ਬੀਤਯੋ ਚਿਰ ਕਾਲਾ।
ਪੁਰਿ ਕੀ ਸਾਰ ਸੰਭਾਲਹਿਂ ਜਾਇ'। ਇਮ ਸੁਨਿ ਮਾਤ ਦ੍ਰਿਗਨ ਜਲ ਆਇ ॥੪ ॥

ਉਸ ਨੂੰ ਜਾ ਕੇ ਵਿਸ਼ਾਲ ਵਸਾਈਏ, ਉਸ ਨੂੰ ਅਸੀਂ ਵੇਖਿਆ ਨਹੀਂ ਬਹੁਤ ਸਮਾਂ ਬੀਤ ਗਿਆ ਹੈ। ਨਗਰ ਦੀ ਜਾ ਕੇ ਸਾਰ ਸੰਭਾਲੀਏ।" ਇਹ ਸੁਣ ਕੇ ਮਾਤਾ ਜੀ ਦੇ ਨੈਣਾਂ ਵਿਚ ਜਲ ਭਰ ਆਇਆ ॥੪॥

'ਕੇਤਿਕ ਸੰਮਤ ਪ੍ਰਥਮ ਬਿਤਾਏ। ਬਿਛੁਰਿ ਰਹੇ ਪੂਰਬ ਦਿਸ਼ਿ ਜਾਏ।
ਚਿਰੰਕਾਲ ਮਹਿਂ ਦਰਸ਼ਨ ਦੀਨਾ। ਅਬਿ ਪੁਨ ਚਹਹੁ ਪਯਾਨੋਂ ਕੀਨਾ ॥੫ ॥

ਕਹਿਣ ਲੱਗੇ, "ਕਈ ਸਾਲ ਪਹਿਲਾਂ ਬਾਹਰ ਬਤੀਤ ਕੀਤੇ ਹਨ, ਪੂਰਬ ਵਾਲੇ ਪਾਸੇ ਜਾ ਕੇ ਸਾਥੋਂ ਵਿਛੜੇ ਰਹੇ ਹੋ। ਬਹੁਤ ਲੰਮੇ ਸਮੇਂ ਬਾਅਦ ਆ ਕੇ ਦਰਸ਼ਨ ਦਿੱਤਾ ਹੈ, ਹੁਣ ਫਿਰ ਜਾਣਾ ਚਾਹੁੰਦੇ ਹੋ ॥੫॥

ਦੇਖਨਿ ਕੌ ਤਰਸਤਿ ਚਿਤ ਰਹੇ। ਤੁਮ ਬਿਨ ਕਿਮ ਧੀਰਜ ਉਰ ਲਹੈਂ'।
ਸੁਨਿ ਸਤਿਗੁਰ ਮ੍ਰਿਦੁ ਬਾਕ ਬਖਾਨੇ।' ਹਮ ਪੰਜਾਬ ਅਬਿ ਕਰਹਿਂ ਪਯਾਨੇ ॥੬ ॥

ਵੇਖਣ ਵਾਸਤੇ ਚਿੱਤ ਤਰਸਦਾ ਰਹਿੰਦਾ ਹੈ, ਤੁਹਾਡੇ ਬਗੈਰ ਹਿਰਦੇ ਵਿਚ ਕਿਵੇਂ ਧੀਰਜ ਪਾਵਾਂਗੇ।" ਇਹ ਸੁਣ ਕੇ ਸਤਿਗੁਰੂ ਜੀ ਨੇ ਬੜੇ ਮਿੱਠੇ ਬਚਨ ਕਹੇ, "ਅਸੀਂ ਹੁਣ ਪੰਜਾਬ ਜਾਵਾਂਗੇ ॥੬॥

ਤਹਾਂ ਬਸਹਿਂ ਜਬਿ ਕੇਤਿਕ ਕਾਲ। ਕਰਹਿਂ ਪਠਾਵਨ ਸੁਧ ਦਰਹਾਲ।
ਇਤਨੇ ਮਹਿਂ ਇਹ ਸਾਹਿਬਜ਼ਾਦਾ। ਵਧਹਿਂ ਸਰੀਰ ਓਜ ਹੁਇ ਜ਼ਯਾਦਾ ॥੭ ॥

ਉਥੇ ਜਦ ਕੁਝ ਸਮਾਂ ਵੱਸਾਂਗੇ ਤਾਂ ਛੇਤੀ ਹੀ ਖ਼ਬਰ ਭੇਜ ਦੇਵਾਂਗੇ। ਓਨੇ ਸਮੇਂ ਵਿਚ ਸਾਹਿਬਜ਼ਾਦੇ ਦਾ ਸਰੀਰ ਵੱਧ ਜਾਵੇਗਾ ਤੇ ਸ਼ਕਤੀ ਜ਼ਿਆਦਾ ਹੋ ਜਾਵੇਗੀ ॥੭॥

ਤਬਿ ਲੇ ਕਰਿ ਨਿਜ ਸੰਗ ਸੁਖਾਰੇ। ਉਤ ਕੋ ਆਵਹੁ ਬਿਲਮ ਬਿਸਾਰੇ।
ਇਸੀ ਹੇਤੁ ਹਮ ਕਰਹਿਂ ਪਯਾਨਾ। ਲਘੁ ਗੁਰੁ ਸੰਗ ਬਸਹੁ ਨਿਜ ਥਾਨਾ ॥੮ ॥

ਤਦ ਆਪਣੇ ਨਾਲ ਲੈ ਕੇ ਆਰਾਮ ਨਾਲ ਆ ਜਾਵੋ ਤੇ ਕਿਸੇ ਦੇਰ ਬਗੈਰ ਉਧਰ ਆ ਜਾਵੋ। ਇਸ ਕਰਕੇ ਹੀ ਅਸੀਂ ਜਾਣ ਲੱਗੇ ਹਾਂ, ਛੋਟੇ ਗੁਰੂ ਸਹਿਤ ਉਸ ਥਾਂ ਵੱਸਾਂਗੇ" ॥੮॥

ਕਹੈ ਮਾਤ 'ਉਤ ਅਧਿਕ ਬਖੇਰੇ। ਅਲਪ ਬੈਸ ਮੈਂ ਤੁਮ ਜਬਿ ਹੇਰੇ।
ਅਨਿਕ ਭਾਂਤਿ ਉਤਪਾਤ ਬਿਸਾਲੇ। ਸੋਢੀ ਕਰਹਿਂ ਸ਼ਰੀਕਾ ਨਾਲੇ ॥ ੯ ॥

ਮਾਤਾ ਜੀ ਕਹਿਣ ਲੱਗੇ, "ਓਧਰ ਬਹੁਤ ਬਖੇੜੇ ਹਨ, ਤੁਹਾਡੀ ਛੋਟੀ ਉਮਰ ਸੀ ਜਦ ਤੁਸੀਂ ਇਹ ਵੇਖੇ ਸਨ। ਅਨੇਕ ਪ੍ਰਕਾਰ ਝਗੜੇ ਕਰਦੇ ਹਨ। ਸੋਢੀ ਬਹੁਤ ਸ਼ਰੀਕਾ ਕਰਦੇ ਹਨ॥੯॥

**ਦੇਖਿ ਸਮਾਜ ਜੁਲਤ ਬਹੁ ਛਾਤੀ। ਬਨਹਿਂ ਦੁਖਦ ਜਿਮ ਦੀਹ ਅਰਾਤੀ।**
**ਜਬਿ ਕੇ ਇਤ ਦਿਸ਼ਿ ਕੋ ਚਲਿ ਆਏ। ਬਿਨ ਉਤਪਾਤ ਬਹੁਤ ਸੁਖ ਪਾਏ॥੧੦॥**

ਉਹ ਸਮਾਜ ਵੇਖ ਕੇ ਛਾਤੀ ਬਹੁਤ ਸੜਦੀ ਹੈ, ਭਾਰੇ ਵੈਰੀ ਬੜੇ ਦੁਖਦਾਇਕ ਬਣਦੇ ਹਨ। ਜਦ ਦੇ ਇਸ ਪਾਸੇ ਚਲ ਕੇ ਆਏ ਹਾਂ ਤਾਂ ਝਗੜੇ ਤੋਂ ਬਗੈਰ ਬਹੁਤ ਸੁਖ ਪਾਇਆ ਹੈ॥੧੦॥

**ਕਹਾਂ ਗ੍ਰਾਮ ਅਰੁ ਨਗਰ ਬਸਾਵਨਿ। ਕਰਹੁ ਕਹਾਂ ਤਿਨ ਤੇ ਕੁਛ ਪਾਵਨਿ।**
**ਗਮਨ ਕਰਹੁ ਨਹਿਂ, ਮਸਲਤ ਮੋਰੀ। ਬਸਨ ਭਲੋ ਪੂਰਬ ਦਿਸ਼ਿ ਓਰੀ'॥੧੧॥**

ਪਿੰਡ ਜਾਂ ਨਗਰ ਦਾ ਵਸਾਉਣਾ ਕੀ ਹੈ, ਉਨ੍ਹਾਂ ਤੋਂ ਅਸੀਂ ਕੀ ਲੈਣਾ ਹੈ। ਮੇਰੀ ਸਲਾਹ ਮੰਨੋ ਤਾਂ ਓਧਰ ਨਾ ਜਾਵੋ, ਪੂਰਬ ਦਿਸ਼ਾ ਵਿਚ ਹੀ ਵੱਸਣਾ ਚੰਗਾ ਹੈ" ॥੧੧॥

**ਸੁਨਿ ਸਤਿਗੁਰੁ ਮਾਤਾ ਸਮੁਝਾਈ। 'ਹੁਤੇ ਪਿਤਾ ਸਮਰੱਥ ਗੁਸਾਈਂ।**
**ਤੁਰਕੇਸ਼ੁਰ ਕੇ ਸੰਗ ਬਖੇਰਾ। ਹਰਜੋ ਸਦੀਵ ਜੰਗ ਕੋ ਝੇਰਾ॥ ੧੨॥**

ਇਹ ਸੁਣ ਕੇ ਸਤਿਗੁਰੂ ਜੀ ਨੇ ਆਪਣੇ ਮਾਤਾ ਜੀ ਨੂੰ ਸਮਝਾਇਆ, "ਸਾਡੇ ਪਿਤਾ ਜੀ ਹਰ ਪ੍ਰਕਾਰ ਨਾਲ ਸਮਰੱਥ ਸਨ। ਤੁਰਕਾਂ ਦੇ ਨਾਲ ਉਨ੍ਹਾਂ ਝਗੜਾ ਕੀਤਾ ਸੀ ਤੇ ਸਦਾ ਹੀ ਜੰਗ ਦਾ ਝੰਝਟ ਰਿਹਾ ਸੀ॥੧੨॥

**ਹਮ ਕਿਸ ਕੇ ਸੰਗ ਦ੍ਵੈਸ਼ ਨ ਧਰੈਂ। ਮਤਸਰ ਬੈਰ ਅਪਰ ਕੋ ਕਰੈ?।**
**ਤਹਿਂ ਪਹੁਚੇ ਬਿਨ ਸਰੈ ਨ ਕਾਜੂ। ਅਪਨੋ ਬੰਸ ਬਿਸਾਲ ਸਮਾਜੂ॥ ੧੩॥**

ਅਸੀਂ ਕਿਸੇ ਨਾਲ ਵੀ ਦ੍ਵੈਸ਼ ਧਾਰਨ ਨਹੀਂ ਕਰਦੇ ਹਾਂ ਪਰ ਜੇ ਕੋਈ ਦੂਸਰਾ ਵੈਰ ਜਾਂ ਹੰਕਾਰ ਕਰੇ, ਉਥੇ ਪਹੁੰਚੇ ਬਗੈਰ ਕਾਰਜ ਨਹੀਂ ਸਰਦਾ ਹੈ, ਆਪਣਾ ਵੰਸ਼ ਵਿਸ਼ਾਲ ਸਮਾਜ ਹੈ॥੧੩॥

**ਤਿਨ ਮਹਿਂ ਇਹ ਪ੍ਰਕਾਸ਼ ਕੋ ਧਰੈ। ਉਡਗਨ ਬਿਖੈ ਚੰਦ ਜਜੋਂ ਕਰੈ।**
**ਅਨਿਕ ਬਿਧਿਨਿ ਕੇ ਕਾਜ ਅਸ਼ੇਸ਼। ਕਰਹਿ ਤਹਾਂ ਹੁਇ ਬੈਸ ਬਿਸੇਸ'॥੧੪॥**

ਉਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਧਾਰਨ ਕਰਨਗੇ, ਤਾਰਿਆਂ ਵਿਚ ਜਿਵੇਂ ਚੰਦ ਪ੍ਰਕਾਸ਼ਦਾ ਹੈ। ਅਨੇਕਾਂ ਵਿਧੀਆਂ ਦੇ ਹੋਰ ਕਾਰਜ ਹਨ। ਜਦ ਉਮਰ ਵੱਡੀ ਹੋਵੇਗੀ ਤਾਂ ਇਹ ਕਾਰਜ ਕਰਨਗੇ" ॥੧੪॥

**ਇੱਤਜਾਦਿਕ ਗੁਰ ਕੀਨਿ ਬਖਾਨ। ਦੀਨਸਿ ਧੀਰਜ ਰਿਦੈ ਮਹਾਨ।**
**ਪੁਨ ਸ੍ਰੀ ਗੁਜਰੀ ਸਾਥ ਉਚਾਰਾ। 'ਨਿਜ ਸੁਤ ਕੇ ਰਹੀਅਹਿ ਅਨੁਸਾਰਾ॥੧੫॥**

ਇਸ ਤਰ੍ਹਾਂ ਗੁਰੂ ਜੀ ਨੇ ਕਿਹਾ ਤੇ ਆਪਣੇ ਮਾਤਾ ਜੀ ਨੂੰ ਬਹੁਤ ਧੀਰਜ ਦਿੱਤਾ। ਫਿਰ ਸ੍ਰੀ ਗੁਜਰੀ ਜੀ ਨੂੰ ਕਿਹਾ, "ਆਪਣੇ ਪੁੱਤਰ ਦੀ ਆਗਿਆ ਅਨੁਸਾਰ ਰਹੋ॥੧੫॥

**ਮਹਾਂਪੁਰਖ ਕੋ ਇਹ ਅਵਤਾਰੂ। ਧਾਰਹਿ ਤੇਜ ਪ੍ਰਤਾਪ ਉਦਾਰੂ।**
**ਮੁਖ ਤੇ ਜੋ ਨਿਕਸੈ ਕਿਸ ਕਾਰਨ। ਸੋ ਸਭਿ ਫੁਰਹਿ, ਨ ਹੁਇ ਕਿਮ ਟਾਰਨ॥੧੬॥**

ਇਹ ਮਹਾਂਪੁਰਖ ਦਾ ਅਵਤਾਰ ਹੈ, ਵੱਡਾ ਤੇਜ ਪ੍ਰਤਾਪ ਧਾਰਨ ਕਰੇਗਾ। ਕਿਸੇ ਕਾਰਨ ਮੁਖ ਵਿਚੋਂ ਜੋ ਵੀ ਨਿਕਲੇ ਉਹ ਸਭ ਪੂਰਾ ਹੋਵੇਗਾ ਤੇ ਕਿਸੇ ਤਰ੍ਹਾਂ ਵੀ ਟਾਲਿਆ ਨਹੀਂ ਜਾਵੇਗਾ॥੧੬॥

Sri Satguru Jagjit Singh Ji eLlibrary NamdhariElibrary@gmail.com

ਜਥਾ ਕਹਹਿ ਤਿਮ ਹੀ ਤੁਮ ਮਾਨਹੁ। ਹਠ ਬਿਸਾਲ ਕੋ ਕਜੋਂ ਹੂੰ ਨ ਠਾਨਹੁ।
ਵਧਹਿ ਪ੍ਰਤਾਪ ਬਿਲੰਦ ਸਮਾਜੂ। ਕਰਹਿ ਅਨੇਕ ਰੀਤਿ ਕੇ ਕਾਜੂ॥ ੧੭॥

ਜਿਸ ਤਰ੍ਹਾਂ ਕਹੇ ਉਸ ਤਰ੍ਹਾਂ ਹੀ ਤੁਸੀਂ ਮੰਨੋ, ਕਦੀ ਵੀ ਵਿਸ਼ਾਲ ਹਠ ਨੂੰ ਧਾਰਨ ਨਾ ਕਰੋ। ਬਹੁਤ ਵੱਡਾ ਪ੍ਰਤਾਪ ਵਧੇਗਾ ਤੇ ਬਹੁਤ ਸਾਜੋ-ਸਾਮਾਨ ਹੋਵੇਗਾ, ਇਹ ਅਨੇਕ ਰੀਤੀਆਂ ਦੇ ਕਾਰਜ ਕਰਨਗੇ॥੧੭॥

ਜੇ ਨ ਕਹਜੋ ਮਾਨਹੁ ਇਨ ਕੇਰਾ। ਕਰਹਿਂ ਬਿਸੂਰਨਿ ਫੇਰ ਘਨੇਰਾ।
ਗਜ ਬਾਜੀ ਸੈਨਾ ਸਮੁਦਾਇ। ਇਨ ਕੇ ਸੰਗ ਹੋਹਿਂ ਅਧਿਕਾਇ॥ ੧੮॥

ਜੇ ਇਸ ਦਾ ਕਿਹਾ ਨਾ ਮੰਨਿਆ ਤਾਂ ਬਾਅਦ ਵਿਚ ਬਹੁਤ ਝੂਰੋਗੀ। ਹਾਥੀ, ਘੋੜੇ ਤੇ ਬਹੁਤ ਵੱਡੀ ਸੈਨਾ ਇਨ੍ਹਾਂ ਦੇ ਨਾਲ ਹੋਵੇਗੀ॥੧੮॥

ਸਾਦਰ ਪ੍ਰਤਿਪਾਰਨਿ ਕੋ ਕਰੀਅਹਿ। ਸੁਤ ਕੇ ਸੁਖ ਸਭਿ ਰੀਤਿ ਨਿਹਰੀਅਹਿ।
ਹਮਰੋ ਮੇਲ ਬਨੈ ਕੈ ਨਾਂਹਿ। ਕਿਮ ਬਿਸਾਸ ਨਹਿਂ ਪਈਅਹਿ ਆਹਿ॥ ੧੯॥

ਬੜੇ ਅਦਬ ਨਾਲ ਪਾਲਣ ਪੋਸਣ ਕਰੋ, ਪੁੱਤਰ ਦਾ ਸੁਖ ਸਭ ਰੀਤੀਆਂ ਨਾਲ ਵੇਖੋ। ਸਾਡਾ ਮੇਲ ਹੋਵੇਗਾ ਕਿ ਨਹੀਂ ਕਿਵੇਂ ਵੀ ਭਰੋਸਾ ਨਹੀਂ ਪੈਂਦਾ ਹੈ॥੧੯॥

ਦੂਰ ਦੇਸ਼ ਕੋ ਪੰਥ ਬਿਸਾਲਾ। ਉਲੰਘਹੁ ਸਨੇ ਸਨੇ ਬਹੁ ਕਾਲਾ।
ਰਾਖਹੁ ਅੰਤਰ ਵਹਿਰ ਸੁਖਾਰੇ। ਦੂਰ ਨ ਗਮਨਹੁ ਖੇਦ ਨ ਧਾਰੇ॥ ੨੦॥

ਦੂਰ ਦੇਸ਼ ਹੈ ਤੇ ਪੈਂਡਾ ਬਹੁਤ ਲੰਮਾ ਹੈ, ਬੜੇ ਲੰਮੇ ਸਮੇਂ ਵਿਚ ਪੂਰਾ ਕਰਾਂਗੇ। ਪੁੱਤਰ ਨੂੰ ਅੰਦਰ ਬਾਹਰ ਸੁਖੀ ਰੱਖੋ। ਦੂਰ ਨਾ ਜਾਣ ਦੇਣਾ ਤਾਂਕਿ ਕੋਈ ਤਕਲੀਫ ਨਾ ਹੋਵੇ॥੨੦॥

ਜਾਨਿ ਆਪਨੇ ਭਾਗ ਬਡੇਰੇ। ਐਸੋ ਪੁਰਖ ਭਯੋ ਗ੍ਰਿਹ ਤੇਰੇ।
ਨਈ ਸਾਜਨਾ ਅਨਿਕ ਸਜਾਵੈ। ਰਿਪੁਨਿ ਘਨੇ ਘਰ ਘਾਲਿ ਗਵਾਵੈ॥ ੨੧॥

ਆਪਣੇ ਵੱਡੇ ਭਾਗ ਜਾਣੋ ਤੁਹਾਡੇ ਘਰ ਵਿਚ ਐਸਾ ਮਹਾਂਪੁਰਖ ਪੈਦਾ ਹੋਇਆ ਹੈ। ਅਨੇਕ ਨਵੀਆਂ ਸਾਜਨਾਵਾਂ ਸਾਜੇਗਾ, ਬਹੁਤ ਵੈਰੀਆਂ ਨੂੰ ਮਾਰ ਕੇ ਮੁਕਾ ਦੇਵੇਗਾ"॥੨੧॥

ਇੱਤਜਾਦਿਕ ਸ੍ਰੀ ਗੁਜਰੀ ਸਾਥ। ਕਰਹਿਂ ਬਾਰਤਾ ਸਤਿਗੁਰ ਨਾਥ।
ਸੁਤ ਮਹਿਮਾ ਸੁਨਿ ਕੈ ਅਧਿਕਾਈ। 'ਕੰਤ! ਗਿਰਾ ਸਚ ਕਹਤਿ ਸਦਾਈ॥੨੨॥

ਇਸ ਤਰ੍ਹਾਂ ਗੱਲਾਂ ਸ੍ਰੀ ਗੁਜਰੀ ਨਾਲ ਮਾਲਕ ਸਤਿਗੁਰੂ ਜੀ ਨੇ ਕੀਤੀਆਂ। ਪੁੱਤਰ ਦੀ ਏਨੀ ਵੱਡੀ ਮਹਿਮਾ ਸੁਣੀ ਤਾਂ ਸ੍ਰੀ ਗੁਜਰੀ ਨੇ ਸੋਚਿਆ, "ਪਤੀ ਦੇਵ, ਸਦਾ ਹੀ ਸੱਚ ਬੋਲਦੇ ਹਨ॥੨੨॥

ਨਿਸ਼ਚੈ ਐਸ੍ਵਰਜ ਵਧਹਿ ਬਿਸਾਲੇ। ਅਧਿਕ ਪ੍ਰਤਾਪੀ ਹੁਇ ਰਿਪੁ ਘਾਲੇ।
ਅਬਿ ਹੀ ਆਕ੍ਰਿਤ ਜਾਨੀ ਜਾਤਿ। ਲਖਿਯ ਪਰਤਿ ਹੁਨਹਾਰ ਜੁ ਬਾਤ॥੨੩॥

ਨਿਸ਼ਚੇ ਰੂਪ ਵਿਚ ਸਾਜੋ-ਸਾਮਾਨ ਅਤੇ ਧਨ ਦੌਲਤ ਬਹੁਤ ਵਧੇਗਾ, ਵੱਡਾ ਪ੍ਰਤਾਪੀ ਹੋਵੇਗਾ ਤੇ ਵੈਰੀਆਂ ਨੂੰ ਮਾਰੇਗਾ। ਹੁਣ ਹੀ ਸ਼ੋਭਾ ਜਾਣੀ ਜਾਂਦੀ ਹੈ। ਜੋ ਗੱਲ ਕਹੀ ਹੈ, ਵੱਡਾ ਹੋਣਹਾਰ ਹੋਵੇਗਾ, ਇਹ ਸਮਝ ਪੈਂਦੀ ਹੈ॥੨੩॥

ਸ੍ਰੀ ਨਾਨਕ ਕੀ ਕਰੁਨਾ ਮਹਾਂ। ਪਿਤਾ ਆਪ ਕੇ ਜਿਮ ਬਚ ਕਹਾ।
ਚਹੀਅਤਿ ਹੁਯੋ ਭਰੋਸਾ ਮੋਹਿ। ਅਤਿ ਪ੍ਰਤਾਪ ਜੁਤਿ ਸੁਤ ਸੁਭ ਹੋਹਿ॥ ੨੪॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਕਿਰਪਾ ਹੈ, ਆਪ ਜੀ ਦੇ ਪਿਤਾ ਜੀ ਨੇ ਜਿਵੇਂ ਬਚਨ ਕਹੇ ਹਨ, ਉਸ ਤਰ੍ਹਾਂ ਹੀ ਹੋਵੇਗਾ ਮੈਨੂੰ ਪੂਰਨ ਭਰੋਸਾ ਹੈ। ਅਤੀ ਪ੍ਰਤਾਪ ਸਹਿਤ ਮੇਰਾ ਸੁਭ ਪੁੱਤਰ ਹੋਵੇਗਾ ॥੨੪॥

ਸ੍ਰੀ ਨਾਨਕ ਕੀਰਤਿ ਅਭਿਰਾਮੂ। ਕਰਿ ਹੈ ਤਿਨ ਕੋ ਉੱਜਲ ਨਾਮੂ।
ਇਹ ਬਚ ਤੁਮਰੇ ਪਿਤਾ ਜੋ ਕਹਜੋ। ਸੋ ਨਿਸ਼ਚੈ ਮਮ ਮਨ ਬਸ ਰਹਜੋ ॥ ੨੫ ॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੀਰਤੀ ਬਹੁਤ ਸੁੰਦਰ ਹੈ, ਉਨ੍ਹਾਂ ਦੇ ਨਾਮ ਨੂੰ ਬਹੁਤ ਉੱਜਲ ਕਰੇਗਾ। ਇਹ ਬਚਨ ਜਿਹੜੇ ਤੁਹਾਡੇ ਪਿਤਾ ਜੀ ਨੇ ਕਹੇ ਹਨ, ਉਹ ਨਿਸ਼ਚੇ ਹੀ ਮੇਰੇ ਮਨ ਵਿਚ ਵੱਸ ਗਏ ਹਨ ॥੨੫॥

ਅਚਲ ਚਲਹਿ, ਤਿਨ ਬਚ ਨਹਿਂ ਚਲੈ। ਇਮ ਬਿਸਵਾਸ ਮੋਹਿ ਨਹਿਂ ਟਲੈ।
ਸੁਤ ਤੇ ਅਪਰ ਨ ਮੋ ਕਹੁ ਪਜਾਰੋ। ਕਿਮ ਕਰਿ ਸਕਿ ਹੌਂ ਕਬਹੁਂ ਦੁਖਾਰੋ ॥੨੬॥

ਅਚਲ ਵਸਤੂ ਚਲ ਸਕਦੀ ਹੈ, ਪਰ ਉਨ੍ਹਾਂ ਦੇ ਬਚਨ ਖਾਲੀ ਨਹੀਂ ਜਾਂਦੇ ਹਨ। ਇਹ ਮੇਰਾ ਵਿਸ਼ਵਾਸ ਟਲ ਨਹੀਂ ਸਕਦਾ। ਆਪਣੇ ਪੁੱਤਰ ਨਾਲੋਂ ਮੈਨੂੰ ਹੋਰ ਕੋਈ ਜ਼ਿਆਦਾ ਪਿਆਰਾ ਨਹੀਂ, ਮੈਂ ਉਸ ਨੂੰ ਕਿਵੇਂ ਦੁਖੀ ਕਰ ਸਕਦੀ ਹਾਂ ॥੨੬॥

ਖੇਲਤਿ ਰਾਖੋਂ ਨਿਜ ਅਗੁਵਾਈ। ਰੱਛੋਂ ਨੈਨ ਪਲਕ ਕੀ ਨਜਾਈਂ।
ਕਜੋਂ ਨ ਰਹੌਂਗੀ ਮੈਂ ਅਨੁਸਾਰੀ। ਹੋਹਿ ਸਪੂਤ ਵਧੈ ਭੁਜ ਭਾਰੀ॥ ੨੭॥

ਮੈਂ ਆਪਣੀ ਅਗਵਾਈ ਵਿਚ ਖੇਡਣ ਦੇਵਾਂਗੀ ਤੇ ਆਪਣੇ ਨੈਣਾਂ ਦੀਆਂ ਪਲਕਾਂ ਰੱਖਿਆ ਦੇ ਰੂਪ ਵਿਚ ਲਾ ਕੇ ਰੱਖਾਂਗੀ। ਮੈਂ ਪੁੱਤਰ ਦੀ ਆਗਿਆ ਅਨੁਸਾਰ ਕਿਉਂ ਨਾ ਰਹਾਂਗੀ, ਪੁੱਤਰ ਵੱਡਾ ਹੋ ਕੇ ਬਹੁਤ ਭਾਰੀਆਂ ਬਾਹਾਂ ਵਾਲਾ ਹੋਵੇਗਾ ॥੨੭॥

ਅਪਰ ਬੁਝਾਰਤ ਕਹਾਂ ਬੁਝਾਈ। ਮਿਲਿਬੋ ਹੋਇ ਕਿ ਨਹਿਂ ਕਿਸ ਥਾਂਈ।
ਐਸੋ ਬਾਕ ਕਹਾਂ ਤੁਮ ਕਹਜੋ। ਸੁਨਤਿ ਚਿੰਤ ਸਲਿਤਾ ਚਿਤ ਬਹਜੋ ॥ ੨੮ ॥

ਹੋਰ ਬੁਝਾਰਤ ਕੈਸੀ ਬੁਝਾਈ ਹੈ, ਕਿਸੇ ਥਾਂ ਪੁੱਤਰ ਨਾਲ ਮੇਲ ਹੋਵੇਗਾ ਕਿ ਨਹੀਂ ਐਸੇ ਬਚਨ ਤੁਸੀਂ ਕੀ ਕਹੇ ਹਨ, ਇਹ ਸੁਣ ਕੇ ਚਿੰਤਾ ਦੀ ਨਦੀ ਵਿਚ ਵਹਿ ਗਈ ਹਾਂ ॥੨੮॥

ਪੁੱਤ੍ਰ ਆਦਿ ਜੋ ਕਛੂ ਕੁਟੰਬ। ਸਭਿਹਿਨਿ ਕੇ ਤੁਮ ਅਹੋ ਅਲੰਬ।
ਨਹੀਂ ਆਸਰੋ ਦੂਸਰ ਕੋਈ। ਬਾਲ ਬੈਸ ਰਾਵਰਿ ਸੁਤ ਜੋਈ॥ ੨੯॥

ਪੁੱਤਰ ਆਦਿ ਜਿਹੜਾ ਕੁਝ ਪਰਿਵਾਰ ਹੈ, ਤੁਸੀਂ ਸਭ ਦਾ ਆਸਰਾ ਹੋ। ਦੂਸਰਾ ਹੋਰ ਕੋਈ ਆਸਰਾ ਨਹੀਂ ਹੈ, ਤੁਹਾਡੇ ਪੁੱਤਰ ਦੀ ਉਮਰ ਹਾਲੇ ਬਹੁਤ ਛੋਟੀ ਹੈ॥੨੯॥

ਆਨਿ ਬਸੇ ਪਰਦੇਸ਼ ਮਝਾਰਾ। ਤੁਮ ਕੋ ਪੂਜਤਿ ਸਭਿ ਸੰਸਾਰਾ।
ਕਹਾਂ ਹੋਇ ਗਤਿ ਬਹੁਰ ਹਮਾਰੀ। ਬ੍ਰਿਧਾ ਮਾਤ ਬਹੁ ਬਨਹਿ ਦੁਖਾਰੀ॥ ੩੦॥

ਪਰਦੇਸ਼ ਵਿਚ ਆ ਕੇ ਵੱਸ ਗਏ ਹਾਂ, ਤੁਹਾਨੂੰ ਸਾਰਾ ਸੰਸਾਰ ਪੂਜਦਾ ਹੈ, ਫਿਰ ਸਾਡੀ ਬਾਅਦ ਵਿਚ ਕੀ ਹਾਲਤ ਹੋਵੇਗੀ, ਬ੍ਰਿਧ ਮਾਤਾ ਜੀ ਬਹੁਤ ਦੁਖੀ ਹੋ ਜਾਣਗੇ॥੩੦॥

ਸਦਾ ਅਨੰਦ ਆਪ ਕੇ ਸੰਗ। ਦੇਸ਼ ਬਿਦੇਸ਼ ਬਿਖੈ ਦੁਖ ਭੰਗ।
ਸੁਨਿ ਸਤਿਗੁਰ ਬਹੁ ਦੀਨਿ ਦਿਲਾਸਾ। 'ਨਿਜ ਨੰਦਨ ਪਰ ਧਰਿ ਬਿੱਸ੍ਵਾਸਾ ॥੩੧॥

ਆਪ ਜੀ ਦੇ ਨਾਲ ਸਦਾ ਅਨੰਦ ਹੈ, ਦੇਸ ਬਿਦੇਸ਼ ਵਿਚ ਦੁਖ ਦੂਰ ਹੋ ਜਾਂਦੇ ਹਨ।" ਸਤਿਗੁਰੂ ਜੀ ਨੇ ਸੁਣ ਕੇ ਬਹੁਤ ਦਿਲਾਸਾ ਦਿੱਤਾ, "ਆਪਣੇ ਪੁੱਤਰ ਉਤੇ ਵਿਸ਼ਵਾਸ ਧਾਰਨ ਕਰੋ॥੩੧॥

ਬਨਹਿ ਗੁਰਨਿ ਤੇ ਗੁਰੂ ਉਦਾਰਾ। ਪੂਜਹਿ ਚਰਨ ਸਕਲ ਸੰਸਾਰਾ।
ਅਲਪ ਬੈਸ ਇਸ ਜਾਨਹੁ ਨਾਂਹੀ। ਸ਼ਕਤਿ ਅਧਿਕ ਤੇ ਅਧਿਕ ਸੁ ਮਾਂਹੀ ॥੩੨॥

ਗੁਰਾਂ ਤੋਂ ਵੱਡਾ ਗੁਰੂ ਬਣੇਗਾ, ਸਾਰਾ ਸੰਸਾਰ ਉਸ ਦੇ ਚਰਨਾਂ ਦੀ ਪੂਜਾ ਕਰੇਗਾ। ਉਸ ਦੀ ਛੋਟੀ ਉਮਰ ਨਾ ਜਾਣੋ, ਉਸ ਦੇ ਵਿਚ ਵੱਡੀ ਤੋਂ ਵੱਡੀ ਸ਼ਕਤੀ ਹੈ॥੩੨॥

ਸਭਿ ਕੋ ਰਿਜ਼ਕ ਪੁਜਾਵਨ ਹਾਰਾ। ਇਸ ਅਲੰਬ ਰਹਿਂ ਲਾਖ ਹਜ਼ਾਰਾ।
ਬਚਨ ਕਹੇ ਨਵਿਨਿਧਿ ਚਲਿ ਆਵੇਂ। ਸ੍ਰਾਪਹਿਂ ਪਤਿਸ਼ਾਹਿਤ ਬਿਨਸਾਵੈਂ॥੩੩॥

ਸਾਰਿਆਂ ਨੂੰ ਰਿਜ਼ਕ ਪਹੁੰਚਾਉਣ ਵਾਲਾ ਹੈ, ਲੱਖਾਂ ਹਜ਼ਾਰਾਂ ਲੋਕ ਇਸ ਦੇ ਆਸਰੇ ਰਹਿਣਗੇ। ਬਚਨ ਕਰਨ ਨਾਲ ਹੀ ਨੌਂ ਨਿਧੀਆਂ ਚਲ ਕੇ ਆ ਜਾਣਗੀਆਂ ਤੇ ਸਰਾਪ ਦੇ ਕੇ ਬਾਦਸ਼ਾਹੀਆਂ ਗਰਕ ਕਰ ਦੇਵੇਗਾ॥੩੩॥

ਅਲਖ ਅਕਾਲ ਪੁਰਖ ਭਗਵੰਤੁ। ਕਰੈਂ ਅਰਾਧਨਿ ਰਿਦੈ ਅਨੰਤ।
ਕ੍ਰਿਪਾ ਠਾਨਿ ਬਹੁ ਰੀਝੇ ਜਬੈ। ਕਰੇ ਪਠਾਵਨਿ ਇਤ ਕੌ ਤਬੈ॥ ੩੪॥

ਅਲਖ, ਅਕਾਲ ਪੁਰਖ, ਭਗਵੰਤ ਵਾਹਿਗੁਰੂ ਹੈ, ਅਨੰਤ ਲੋਕ ਹਿਰਦੇ ਵਿਚ ਇਸ ਦੀ ਅਰਾਧਨਾ ਕਰਦੇ ਹਨ। ਕਿਰਪਾ ਧਾਰ ਕੇ ਜਦ ਵਾਹਿਗੁਰੂ ਬਹੁਤ ਪ੍ਰਸੰਨ ਹੋ ਜਾਂਦਾ ਹੈ, ਤਦ ਅਜਿਹੇ ਮਹਾਂਪੁਰਖ ਨੂੰ ਇਸ ਦੁਨੀਆਂ ਵਿਚ ਭੇਜ ਦਿੰਦਾ ਹੈ॥੩੪॥

ਜਗ ਮਹਿਂ ਕਾਰਜ ਕਰਹਿਂ ਅਨੇਕ। ਰਹਹਿਂ ਅਲੇਪੇ ਜਲਧਿ ਬਿਬੇਕ'।
ਇੱਤਜਾਦਿਕ ਸਭਿ ਬਾਤ ਸੁਨਾਈ। ਸ੍ਰੀ ਗੁਜਰੀ ਨੀਕੇ ਸਮੁਝਾਈ॥ ੩੫॥

ਇਹ ਜਗਤ ਵਿਚ ਅਨੇਕਾਂ ਕਾਰਜ ਕਰੇਗਾ ਤੇ ਗਿਆਨ ਦਾ ਸਾਗਰ ਆਪ ਨਿਰਲੇਪ ਰਹੇਗਾ।" ਇਸ ਤਰ੍ਹਾਂ ਸਭ ਗੱਲਾਂ ਸੁਣਾਈਆਂ ਤੇ ਸ੍ਰੀ ਗੁਜਰੀ ਨੂੰ ਚੰਗੀ ਤਰ੍ਹਾਂ ਸਮਝਾਈਆਂ॥੩੫॥

'ਉਚਿਤ ਕਾਜ ਕਰਿਬੇ ਹਮ ਜੋਇ। ਕਰਹਿਂ ਤਥਾ, ਲਿਹੁ ਰਿਦੈ ਪਰੋਇ।
ਸ਼ੋਕ ਨ ਚਿੰਤਾ ਖੇਦ ਨ ਕੀਜੈ। ਸੁਤ ਕੋ ਪਿਖਹੁ ਅਨੰਦ ਧਰੀਜੈ॥ ੩੬॥

"ਅਸੀਂ ਜਿਹੜਾ ਵੀ ਉਚਿਤ ਕਾਰਜ ਕਰਨਾ ਹੋਵੇਗਾ, ਉਸ ਨੂੰ ਉਸ ਤਰ੍ਹਾਂ ਹੀ ਕਰਾਂਗੇ, ਇਸ ਗੱਲ ਨੂੰ ਹਿਰਦੇ ਵਿਚ ਪਰੋ ਲਵੋ। ਸ਼ੋਕ, ਚਿੰਤਾ ਅਤੇ ਦੁਖ ਨਾ ਮਨਾਓ, ਪੁੱਤਰ ਨੂੰ ਵੇਖ ਕੇ ਅਨੰਦ ਧਾਰਨ ਕਰੋ॥੩੬॥

ਤਨ ਮਿੱਥਜਾ ਨਿਸ਼ਚੈ ਸਭਿ ਜਾਨਹੁ। ਕਿਮ ਸਨੇਹ ਅਤਿਸ਼ੈ ਇਨ ਠਾਨਹੁ।
ਬਿਨਸਨਹਾਰ ਨ ਥਿਰਤਾ ਪਾਵੈ। ਆਇ ਕਰੋਰ ਕਰੋਰਹੁ ਜਾਵੈਂ॥ ੩੭॥

ਇਹ ਸਰੀਰ ਝੂਠਾ ਹੈ, ਇਸ ਨੂੰ ਨਿਸ਼ਚੇ ਕਰਕੇ ਜਾਣੋ, ਕਿਵੇਂ ਵੱਡਾ ਸਨੇਹ ਇਸ ਨਾਲ ਧਾਰਨ ਕੀਤਾ ਹੈ। ਇਹ ਖਤਮ ਹੋਣਾ ਹੈ, ਸਦਾ ਨਹੀਂ ਰਹਿਣਾ ਹੈ। ਕਰੋੜਾਂ ਆਉਂਦੇ ਹਨ, ਕਰੋੜਾਂ ਜਾਂਦੇ ਹਨ॥੩੭॥

ਨਦੀ ਪ੍ਰਵਾਹ ਜਗਤ ਇਹ ਰਾਚਾ। ਸਚਿਦਾਨੰਦ ਆਤਮਾ ਸਾਚਾ।
ਮਰੈ ਨ ਬਿਨਸੈ ਆਇ ਨ ਜਾਇ। ਸਦਾ ਸਥਿਰ ਹੈ ਇਕ ਰਸ ਭਾਇ॥ ੩੮॥

ਇਹ ਜਗਤ ਨਦੀ ਦੇ ਪ੍ਰਵਾਹ ਵਾਂਗ ਰਚਿਆ ਹੈ, ਸਚਿਦਾਨੰਦ ਆਤਮਾ ਕੇਵਲ ਸੱਚੀ ਹੈ। ਉਹ ਨਾ ਮਰਦੀ ਹੈ ਨਾ ਖਤਮ ਹੁੰਦੀ ਹੈ ਨਾ ਆਉਂਦੀ ਹੈ, ਨਾ ਜਾਂਦੀ ਹੈ, ਸਦਾ ਇਕ ਰਸ ਸਥਿਤ ਰਹਿੰਦੀ ਹੈ॥੩੮॥

ਨਿਜ ਸਰੂਪ ਕੋ ਜਾਨਹਿ ਗਜਾਨੀ। ਇਸ ਬਿਧਿ ਕੀ ਬੁਧਿ ਲਿਹੁ ਉਰ ਠਾਨੀ।
ਬਡੇ ਭਾਗ ਤੇ ਗੁਰ ਘਰ ਮਾਂਹੀ। ਮੋਹ ਅਪਰ ਸਮ ਰਾਖਹੁ ਨਾਂਹੀ॥ ੩੯॥

ਗਿਆਨੀ ਆਪਣੇ ਨਿਜ ਸਰੂਪ ਨੂੰ ਜਾਣਦੇ ਹਨ, ਇਸ ਤਰ੍ਹਾਂ ਦੀ ਬੁੱਧੀ ਹਿਰਦੇ ਵਿਚ ਧਾਰਨ ਕਰ ਲਵੋ। ਵੱਡੇ ਭਾਗਾਂ ਨਾਲ ਗੁਰੂ ਘਰ ਵਿਚ ਆਏ ਹੋ, ਇਸ ਕਰਕੇ ਦੂਸਰਿਆਂ ਵਾਂਗ ਮੋਹ ਮਮਤਾ ਨਾ ਧਾਰਨ ਕਰੋ॥੩੯॥

ਜੋ ਕਿਛੁ ਹੋਇ, ਮਾਨਿ ਸਭਿ ਆਛੇ। ਭਾਵੀ ਪਰ ਤਰਕਨਿ ਨਹਿਂ ਬਾਛੇ।
ਕੇਤਿਕ ਚਿਰ ਜੀਵਹਿ ਨਰ ਕੋਈ। ਅੰਤ ਸਮੈਂ ਮਰਿਬੋ ਸਭਿ ਹੋਈ॥ ੪੦॥

ਜੋ ਕੁਝ ਹੋਵੇ, ਉਸ ਨੂੰ ਚੰਗਾ ਹੀ ਜਾਣੋ, ਭਾਵੀ ਉੱਤੇ ਤਰਕ ਕਰਨ ਦੀ ਇੱਛਾ ਨਾ ਕਰੋ। ਕਿੰਨਾ ਚਿਰ ਵੀ ਕੋਈ ਮਨੁੱਖ ਜੀਅ ਲਵੇ, ਅੰਤ ਸਮੇਂ ਸਭ ਨੇ ਮਰ ਜਾਣਾ ਹੈ॥੪੦॥

ਯਾਂਤੇ ਰਿਦੈ ਧੀਰ ਕੋ ਧਾਰਿ। ਸੁਤ ਕੋ ਸਾਦਰ ਨਿਤ ਪ੍ਰਤਿਪਾਰ।
ਹਮਰੋ ਮੇਲ ਬਨੇ ਕੈ ਨਾਂਹੀ। ਕੀਜਹਿ ਨਹਿਂ ਸੁਖ ਦੁਖ ਇਸ ਮਾਂਹੀ' ॥ ੪੧॥

ਇਸ ਕਰਕੇ ਹਿਰਦੇ ਵਿਚ ਧੀਰਜ ਧਾਰਨ ਕਰੋ, ਪੁੱਤਰ ਦੀ ਬੜੇ ਅਦਬ ਨਾਲ ਪਾਲਣਾ ਕਰੋ। ਸਾਡਾ ਮੇਲ ਹੋਵੇਗਾ ਕਿ ਨਹੀਂ, ਇਸ ਵਿਚ ਕੋਈ ਸੁਖ ਦੁਖ ਧਾਰਨ ਨਾ ਕਰੋ" ॥੪੧॥

ਸੁਨਿ ਗੁਜਰੀ ਨਿਜ ਪਤਿ ਕੀ ਬਾਨੀ। ਕਰਤਿ ਬਿਚਾਰਨਿ ਨੀਕ ਬਖਾਨੀ।
ਤਊ ਸਨੇਹ ਦ੍ਰਿਗਨ ਜਲ ਛਾਵਾ। ਕਹਿਬੇ ਹੇਤੁ ਬੋਲ ਨਹਿਂ ਆਵਾ॥ ੪੨॥

ਆਪਣੇ ਪਤੀ ਜੀ ਦੇ ਬਚਨ ਸੁਣ ਕੇ ਸ੍ਰੀ ਗੁਜਰੀ ਜੀ ਵਿਚਾਰ ਕਰਨ ਲੱਗੇ ਕਿ ਚੰਗੀ ਗੱਲ ਕਹੀ ਹੈ, ਫਿਰ ਵੀ ਸਨੇਹ ਕਰਕੇ ਨੈਣਾਂ ਵਿਚ ਜਲ ਛਾ ਗਿਆ, ਕਹਿਣ ਵਾਸਤੇ ਕੁਝ ਬੋਲਿਆ ਨਾ ਗਿਆ॥੪੨॥

ਕੰਤ ਸਰੀਰ ਬਿਲੋਕਤਿ ਰਹੀ। ਰੁਕਯੋ ਕੰਠ ਬੋਲਤਿ ਕਛੁ ਨਹੀਂ।
ਸਹਿਜ ਸੁਭਾਇ ਗੁਰੂ ਚਲਿ ਆਏ। ਵਹਿਰ ਬੈਠਿ ਦੀਵਾਨ ਲਗਾਏ॥ ੪੩॥

ਆਪਣੇ ਪਤੀ ਜੀ ਦੇ ਸਰੀਰ ਨੂੰ ਵੇਖਦੀ ਰਹੀ, ਗਲਾ ਭਰ ਆਇਆ ਸੀ ਕੁਝ ਬੋਲਿਆ ਨਹੀਂ ਸੀ ਜਾਂਦਾ। ਸਹਿਜ ਸੁਭਾਇ ਗੁਰੂ ਜੀ ਚਲ ਕੇ ਆ ਗਏ ਤੇ ਬਾਹਰ ਬੈਠ ਕੇ ਦੀਵਾਨ ਲਗਾਇਆ॥੪੩॥

*ਬਾਰ੍ਹਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥ ੨੫॥*

## ਅਧਿਆਇ ਛੱਬੀਵਾਂ

*ਗੁਰੂ ਜੀ ਦਾ ਪਟਨੇ ਤੋਂ ਵਿਦਾ ਹੋਣਾ*

*ਦੋਹਰਾ-* ਆਇ ਪਿਤਾ ਕੇ ਢਿਗ ਥਿਰੇ ਸ੍ਰੀ ਗੋਬਿੰਦ ਸਿੰਘ ਰਾਇ।
ਚਲਨਿ ਸੁਨਯੋਂ ਪੰਜਾਬ ਕੋ ਬੋਲੇ ਅਨੰਦ ਬਧਾਇ॥ ੧॥

ਸ੍ਰੀ ਗੋਬਿੰਦ ਸਿੰਘ ਰਾਇ ਆਪਣੇ ਪਿਤਾ ਜੀ ਦੇ ਪਾਸ ਆ ਕੇ ਖੜੇ ਹੋ ਗਏ। ਜਦ ਪੰਜਾਬ ਨੂੰ ਜਾਣ ਬਾਰੇ ਸੁਣਿਆ ਤਾਂ ਬਹੁਤ ਅਨੰਦ ਵਧਾ ਕੇ ਬੋਲੇ॥੧॥

*ਚੌਪਈ-* 'ਆਪ ਪਿਤਾ ਜੀ! ਕਰਹੁ ਪਯਾਨਾ। ਦੇਸ਼ ਪੰਜਾਬ ਸੁ ਦੂਰ ਮਹਾਨਾ।
ਬਾਸ ਹਮਾਰੇ ਬਡਨ ਬਡੇਰੇ। ਤਿਤ ਹੀ ਸੁਨਯੋ ਮਹਾਂ ਸੁਖ ਹੇਰੇ॥ ੨॥

ਪਿਤਾ ਜੀ ! ਚਲਣ ਦੀ ਤਿਆਰੀ ਕਰੋ, ਪੰਜਾਬ ਦੇਸ਼ ਏਥੋਂ ਬਹੁਤ ਦੂਰ ਹੈ। ਸਾਡੇ ਵੱਡੇ ਵਡੇਰਿਆਂ ਨੇ ਉਥੇ ਵਾਸਾ ਕੀਤਾ ਹੈ। ਸੁਣਿਆ ਹੈ ਉਥੇ ਹੀ ਵੱਡਿਆਂ ਨੇ ਵੱਡੇ ਸੁਖ ਵੇਖੇ ਹਨ॥੨॥

ਹਮ ਕੋ ਸੰਗ ਚਲਹੁ ਲੇ ਅਬੈ। ਚਾਹਤਿ ਦੇਸ਼ ਬਿਲੋਕਜੋ ਸਬੈ।
ਅਪਨੇ ਨਗਰ ਨਿਕੇਤ ਉਸਾਰੇ। ਤਹਾਂ ਬਸਹਿੰਗੇ ਸਦਾ ਸੁਖਾਰੇ॥ ੩॥

ਸਾਨੂੰ ਹੁਣੇ ਆਪਣੇ ਨਾਲ ਲੈ ਚਲੋ, ਅਸੀਂ ਸਾਰਾ ਦੇਸ਼ ਵੇਖਣਾ ਚਾਹੁੰਦੇ ਹਾਂ। ਆਪਣੇ ਨਗਰ ਵਿਚ ਘਰ ਉਸਾਰੇ ਹਨ, ਉਥੇ ਸਦਾ ਸੁਖਾਲੇ ਵੱਸਾਂਗੇ॥੩॥

ਨਹਿਂ ਇਸ ਦੇਸ਼ ਰਹਨਿ ਹਮ ਭਾਵੈ। ਤਿਤ ਹੀ ਤੁਮਰੇ ਸੰਗ ਸਿਧਾਵੈਂ'।
ਸੁਨਿ ਸ੍ਰੀ ਤੇਗ ਬਹਾਦਰ ਭਾਖਾ। 'ਕਰਹਿਂ ਭਲੇ ਪੂਰਨ ਅਭਿਲਾਖਾ॥ ੪॥

ਸਾਨੂੰ ਇਸ ਦੇਸ਼ ਵਿਚ ਰਹਿਣਾ ਚੰਗਾ ਨਹੀਂ ਲੱਗਦਾ ਹੈ, ਓਧਰ ਹੀ ਤੁਹਾਡੇ ਨਾਲ ਜਾਵਾਂਗੇ।" ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਅਸੀਂ ਭਲੀ ਪ੍ਰਕਾਰ ਪੂਰਨ ਅਭਿਲਾਸ਼ਾ ਕਰਾਂਗੇ॥੪॥

ਤਿਤ ਹੀ ਹੁਇ ਹੈ ਬਸਨਿ ਤੁਹਾਰੋ। ਨਿਜ ਪ੍ਰਭਾਵ ਕੋ ਤਹਾਂ ਬਿਥਾਰੋ।
ਸਕਲ ਸਮਾਜ ਬਿਭੂਤਿ ਬਿਸਾਲਾ। ਕਰਹੁ ਆਪਨੋ ਭਲੋ ਉਜਾਲਾ॥ ੫॥

ਉਥੇ ਹੀ ਤੁਹਾਡਾ ਵੱਸਣਾ ਹੋਵੇਗਾ, ਆਪਣੇ ਪ੍ਰਭਾਵ ਨੂੰ ਉਥੇ ਫੈਲਾਓ। ਸਾਰਾ ਸਮਾਜ ਅਤੇ ਵਿਸ਼ਾਲ ਧਨ ਦੌਲਤ ਹੈ ਤੇ ਆਪਣਾ ਭਲੀ ਪ੍ਰਕਾਰ ਪ੍ਰਕਾਸ਼ ਕਰੋ॥੫॥

ਤਊ ਸੁਨੋ ਜਬਿ ਸਮਾ ਸੁ ਆਵੈ। ਤਬਿ ਹੀ ਕਰਿਬੋ ਸਭਿ ਕੋ ਭਾਵੈ।
ਮਗ ਮਹਿਂ ਚਲਨਿ ਬਿਖਾਦ ਬਡੇਰਾ। ਸ਼੍ਰਮ ਆਦਿਕ ਤੇ ਸਭਿਨਿ ਘਨੇਰਾ॥੬॥

ਫਿਰ ਵੀ ਸੁਣੋ ਜਦ ਸ੍ਰੇਸ਼ਟ ਸਮਾਂ ਆਵੇਗਾ, ਤਦ ਹੀ ਕਾਰਜ ਕਰਨਾ ਸਭ ਨੂੰ ਚੰਗਾ ਲੱਗਦਾ ਹੈ, ਰਾਹ ਵਿਚ ਚਲਣ ਦੇ ਬਹੁਤ ਬਿਖੇੜੇ ਹਨ। ਥਕਾਵਟ ਆਦਿ ਨਾਲ ਸਭ ਨੂੰ ਬਹੁਤ ਦੁਖ ਹੋਵੇਗਾ॥੬॥

ਖਾਨ ਪਾਨ ਬਿਨ ਸਮੈਂ ਸੁ ਹੋਤਿ। ਨਿਤ ਪ੍ਰਤਿ ਚਲਿਬੋ ਰਵੀ ਉਦੋਤ।
ਲਘੁ ਸਰੀਰ ਇਸ ਲਾਯਕ ਨਾਂਹੀ। ਖੇਲਹੁ ਮਿਲਹੁ ਬਾਲਿਕਨਿ ਮਾਂਹੀ॥ ੭॥

ਖਾਣ ਪੀਣ ਸਮੇਂ ਸਿਰ ਨਹੀਂ ਹੁੰਦਾ ਹੈ, ਨਿਤਾਪ੍ਰਤਿ ਸੂਰਜ ਚੜ੍ਹੇ ਅਥਵਾ ਧੁੱਪੇ ਚਲਣਾ ਪੈਂਦਾ ਹੈ। ਛੋਟਾ ਸਰੀਰ ਹਾਲੇ ਇਸ ਲਾਇਕ ਨਹੀਂ ਹੈ। ਬਾਲਕਾਂ ਨਾਲ ਮਿਲ ਕੇ ਖੇਡੋ॥੭॥

ਮਨ ਭਾਵਤਿ ਕਰਿ ਖਾਨੁ ਰੁ ਪਾਨ। ਬ੍ਰਿਧੈ ਦੇਹ ਬਲ ਹੋਹਿ ਮਹਾਨ।
ਜਬਹਿ ਸੰਭਾਲਹੁ, ਸ਼੍ਰਮਹਿ ਸਹਾਰੋ। ਤਬਿ ਇਤ ਤੇ ਉਤ ਦੇਸ਼ ਪਧਾਰੋ॥ ੮॥

ਮਨ ਭਾਉਂਦਾ ਖਾਣ ਪੀਣ ਕਰੋ, ਸਰੀਰ ਵਧਣ ਨਾਲ, ਮਹਾਨ ਬਲ ਹੋਵੇਗਾ। ਜਦੋਂ ਸਰੀਰ ਸੰਭਾਲ ਲਵੋਗੇ ਤਾਂ ਥਕਾਨ ਨੂੰ ਸਹਾਰ ਸਕੋਗੇ। ਤਦ ਇਸ ਦੇਸ਼ ਤੋਂ ਉਸ ਦੇਸ਼ ਵਿਚ ਆਵੋ॥੮॥

ਹਮ ਗਮਨਹਿਂ ਨਿਜ ਪੁਰਿ ਆਨੰਦ। ਕਰਹਿਂ ਬਸਾਵਨਿ ਭਲੇ ਬਿਲੰਦ।
ਪਠਹਿਂ ਪੱਤ੍ਰਿਕਾ ਸਕਲ ਬ੍ਰਿਤੰਤ। ਤਬਿ ਸੁਧਿ ਜਾਨਹੁ ਸ਼੍ਰੇਯ ਮਤੰਤ॥ ੯॥

ਅਸੀਂ ਆਪਣੇ ਨਗਰ ਅਨੰਦਪੁਰ ਵਿਚ ਜਾਵਾਂਗੇ, ਭਲੀ ਪ੍ਰਕਾਰ ਉਸ ਨੂੰ ਚੰਗੀ ਤਰ੍ਹਾਂ ਵਸਾਵਾਂਗੇ। ਪੱਤਰ ਭੇਜ ਕੇ ਸਾਰਾ ਬ੍ਰਿਤਾਂਤ ਲਿਖਾਂਗੇ, ਤਦ ਸਾਡੀ ਸੁਖ ਵਾਲੀ ਸਲਾਹ ਨੂੰ ਜਾਣੋ॥੯॥

ਸੁਖਦਾ ਅਸਵਾਰੀ ਪਰ ਹ੍ਵੈ ਕੈ। ਆਵਹੁ ਤਿਤ ਦਿਸ਼ਿ ਮੋਦ ਉਪੈਕੈ।
ਸੁਨਿ ਕਰਿ ਬਹੁਰ ਪਿਤਾ ਸੰਗ ਭਾਖੈਂ। 'ਹਮ ਪ੍ਰਤੀਖਨਾ ਰਾਵਰਿ ਰਾਖੈਂ॥੧੦॥

ਸੁਖਦਾਇਕ ਵਾਹਣ ਤੇ ਸਵਾਰ ਹੋ ਕੇ ਤੇ ਦਿਲ ਵਿਚ ਪ੍ਰਸੰਨ ਹੋ ਕੇ ਉਸ ਪਾਸੇ ਆਵੋ।" ਇਹ ਸੁਣ ਕੇ ਬਾਲਾ ਪ੍ਰੀਤਮ ਆਪਣੇ ਪਿਤਾ ਜੀ ਨੂੰ ਕਹਿਣ ਲੱਗੇ, "ਅਸੀਂ ਆਪ ਜੀ ਦੀ ਚਿੱਠੀ ਦੀ ਉਡੀਕ ਕਰਦੇ ਰਹਾਂਗੇ॥੧੦॥

ਪਠਹੁ ਪੱਤ੍ਰਿਕਾ ਤੂਰਨ ਜਾਇ। ਤਬਿ ਇਸ ਪੁਰਿ ਤੇ ਚਲਿਬੋ ਭਾਇ।
ਨਤੁ ਹਮ ਤੁਮਰੇ ਅਬਹਿ ਪਿਛਾਰੀ। ਕਰਿ ਰਾਖਹਿੰਗੇ ਸਭਿ ਬਿਧਿ ਤਯਾਰੀ॥੧੧॥

ਛੇਤੀ ਹੀ ਜਾ ਕੇ ਸਾਨੂੰ ਚਿੱਠੀ ਭੇਜੋ, ਤਦ ਇਸ ਨਗਰ ਤੋਂ ਚਲਣਾ ਚੰਗਾ ਲਗੇਗਾ। ਨਹੀਂ ਤਾਂ ਅਸੀਂ ਹੁਣੇ ਹੀ ਤੁਹਾਡੇ ਪਿੱਛੋਂ, ਸਭ ਵਿਧੀਆਂ ਨਾਲ ਤਿਆਰੀ ਕਰ ਰੱਖਾਂਗੇ॥੧੧॥

ਚਲੇ ਆਇਂ ਬਿਨ ਪਾਤੀ ਪਿਖੈ। ਦੇਸ਼ ਪਿਖਨਿ ਚਾਹਤਿ ਚਿਤ ਬਿਖੈ।
ਕਹਜੋ ਨ ਤੁਮਰੋ ਜਾਤਿ ਮਿਟਾਯੋ। ਨਾਂਹਿਤ ਸਾਥ ਚਲਨਿ ਮਨ ਭਾਯੋ॥੧੨॥

ਅਸੀਂ ਚਿੱਠੀ ਦਾ ਇੰਤਜ਼ਾਰ ਕੀਤੇ ਬਗੈਰ ਚਲੇ ਆਵਾਂਗੇ, ਚਿੱਤ ਵਿਚ ਆਪਣਾ ਦੇਸ਼ ਵੇਖਣਾ ਚਾਹੁੰਦੇ ਹਾਂ। ਤਦ ਵੀ ਤੁਹਾਡਾ ਕਿਹਾ ਮੋੜਿਆ ਨਹੀਂ ਜਾਂਦਾ, ਨਹੀਂ ਤਾਂ ਨਾਲ ਚਲਣ ਨੂੰ ਮਨ ਕਰਦਾ ਹੈ"॥੧੨॥

ਇੱਤਯਾਦਿਕ ਸੁਤ ਪਿਤ ਬਹੁ ਬਾਤ। ਕਰਤਿ ਭਏ, ਗੁਪਤ ਜੁ ਬੱਖਜਾਤ।
ਪੁਨ ਸਭਿ ਸੰਗਤਿ ਸੰਗ ਉਚਾਰਾ। 'ਸਿਮਰਹੁ ਸੱਤਿਨਾਮ ਸੁਖ ਭਾਰਾ॥੧੩॥

ਇਸ ਤਰ੍ਹਾਂ ਪਿਉ ਪੁੱਤਰ ਬਹੁਤ ਗੱਲਾਂ ਕਰਦੇ ਰਹੇ, ਜੋ ਗੱਲਾਂ ਗੁਪਤ ਸਨ, ਉਹ ਪ੍ਰਗਟ ਰੂਪ ਵਿਚ ਆਪਣੇ ਵਿਚ ਕੀਤੀਆਂ। ਫਿਰ ਸੰਗਤ ਨਾਲ ਗੁਰੂ ਜੀ ਨੇ ਉਚਾਰਨ ਕੀਤਾ, "ਭਾਰੀ ਸੁਖ ਵਾਲੇ ਸਤਿਨਾਮ ਦਾ ਸਿਮਰਨ ਕਰੋ॥੧੩॥

ਬਾਲਿਕ ਗੁਰ ਜਬਿ ਲੌਂ ਤੁਮ ਪਾਸ। ਜਾਚਹੁ ਪੂਰਨ ਕੀਜਹਿ ਆਸ।
ਨਿਤ ਪ੍ਰਤਿ ਦਰਸਹੁ ਪਾਵਨ ਹੋਵਹੁ। ਬਿਘਨ ਅਨੇਕ ਰੀਤਿ ਕੇ ਖੋਵਹੁ॥੧੪॥

ਬਾਲਕ ਗੁਰੂ ਜੀ ਜਦ ਤਕ ਤੁਹਾਡੇ ਪਾਸ ਰਹਿਣਗੇ, ਇਹ ਜੋ ਕੁਝ ਵੀ ਮੰਗਣ ਇਨ੍ਹਾਂ ਦੀ ਆਸ ਪੂਰੀ ਕਰੋ। ਨਿਤਾਪ੍ਰਤੀ ਇਨ੍ਹਾਂ ਦੇ ਦਰਸ਼ਨ ਕਰਕੇ ਪਵਿੱਤਰ ਹੋਵੋ, ਇਹ ਅਨੇਕਾਂ ਰੀਤੀਆਂ ਦੇ ਵਿਘਨਾਂ ਨੂੰ ਦੂਰ ਕਰਨਗੇ॥੧੪॥

ਕੀਰਤ ਕਰਹੁ ਸੁਨਹੁ ਅਘ ਜੈ ਹੈ। ਬਸਹਿ ਨਾਮ ਉਰ ਮੁਕਤੀ ਹ੍ਵੈ ਹੈ।
ਜੇਤਿਕ ਸੇਵਾ ਹੁਇ ਘਰ ਗੁਰ ਕੀ। ਕਰਹੁ ਕਾਮਨਾ ਪੂਰਨ ਉਰ ਕੀ'॥੧੫॥

ਇਨ੍ਹਾਂ ਦੀ ਕੀਰਤੀ ਕਰੋ ਅਤੇ ਸੁਣੋਂ ਸਭ ਪਾਪ ਦੂਰ ਹੋ ਜਾਣਗੇ, ਹਿਰਦੇ ਵਿਚ ਨਾਮ ਵੱਸਣ ਨਾਲ ਮੁਕਤੀ ਪ੍ਰਾਪਤ ਹੋਵੇਗੀ। ਗੁਰੂ ਘਰ ਦੀ ਜਿੰਨੀ ਵੀ ਸੇਵਾ ਹੋ ਸਕੇ ਉਨੀਂ ਹੀ ਕਰਕੇ ਆਪਣੇ ਹਿਰਦੇ ਦੀਆਂ ਕਾਮਨਾਵਾਂ ਪੂਰੀਆਂ ਕਰੋ"॥੧੫॥

ਸੁਨਿ ਮਸੰਦ ਯੁਤਿ ਸੰਗਤਿ ਸਾਰੀ। ਬਿਨਤੀ ਸਹਿਤ ਸਨੇਹ ਉਚਾਰੀ।
'ਪੂਰਬ ਤੁਮ ਪੂਰਬ ਦਿਸ਼ਿ ਗਏ। ਸਗਰੇ ਸਿੱਖ ਪ੍ਰਤੀਖਤਿ ਭਏ॥੧੬॥

ਮਸੰਦਾਂ ਸਹਿਤ ਸਾਰੀ ਸੰਗਤ ਇਹ ਸੁਣ ਕੇ, ਬੇਨਤੀ ਸਹਿਤ ਸਨੇਹ ਉਚਾਰਨ ਕੀਤਾ, "ਪਹਿਲਾਂ ਤੁਸੀਂ ਪੂਰਬ ਵਾਲੇ ਪਾਸੇ ਗਏ ਸੀ, ਸਾਰੇ ਸਿੱਖ ਉਡੀਕ ਕਰਦੇ ਰਹੇ ਹਨ॥੧੬॥

ਚਿਰੰਕਾਲ ਤੁਮ ਤਹਾਂ ਬਿਤਾਯੋ। ਬਿਸ਼ਨ ਸਿੰਘ ਕਾਰਜ ਸੁਫਲਾਯੋ।
ਥੋਰੇ ਮਾਸ ਆਨਿ ਅਬਿ ਰਹੇ। ਤੂਰਨ ਜੈਬੋ ਪੁਨ ਚਿਤ ਚਹੇ॥੧੭॥

ਬਹੁਤ ਲੰਮਾ ਸਮਾਂ ਤੁਸੀਂ ਉਥੇ ਬਿਤਾਇਆ ਹੈ ਤੇ ਰਾਜੇ ਬਿਸ਼ਨ ਸਿੰਘ ਦਾ ਕਾਰਜ ਸਫਲ ਕੀਤਾ ਹੈ। ਹੁਣ ਥੋੜੇ ਮਹੀਨੇ ਹੀ ਆ ਕੇ ਰਹੇ ਹੋ, ਛੇਤੀ ਹੀ ਫਿਰ ਜਾਣ ਨੂੰ ਚਿੱਤ ਵਿਚ ਚਾਹਿਆ ਹੈ॥੧੭॥

ਸੰਗਤ ਨਿਤ ਪ੍ਰਤਿ ਦਰਸ ਤੁਹਾਰਾ। ਚਾਹਤਿ ਪੁਰਿ ਮਹਿਂ ਬਾਸ ਉਦਾਰਾ।
ਬਡੇ ਭਾਗ ਤਬਿ ਅਪਨੇ ਜਾਨੈ। ਰਾਵਰਿ ਨਿਕਟਿ ਬਾਸ ਜਬਿ ਠਾਨੈ॥੧੮॥

ਸੰਗਤ ਨਿਤਾਪ੍ਰਤੀ ਤੁਹਾਡੇ ਦਰਸ਼ਨ ਕਰਨਾ ਚਾਹੁੰਦੀ ਹੈ, ਇਸ ਨਗਰ ਵਿਚ ਤੁਹਾਡਾ ਵਾਸਾ ਚਾਹੁੰਦੀ ਹੈ। ਤਦ ਅਸੀਂ ਆਪਣੇ ਵੱਡੇ ਭਾਗ ਜਾਣੇ, ਜਦ ਆਪ ਜੀ ਨੇ ਸਾਡੇ ਪਾਸ ਵਾਸਾ ਕੀਤਾ'॥੧੮॥

ਸੁਨਿ ਸਤਿਗੁਰ ਸਗਰੇ ਸਮੁਝਾਏ। 'ਤਨ ਇਹ ਬਿਛਰਨਿ ਹਾਰ ਸਦਾਏ।
ਹਮ ਸਮ ਦਰਸ਼ਨ ਬਾਲਿਕ ਗੁਰ ਕੇ। ਕਰਹੁ ਪਿਛਾਰੀ ਪ੍ਰੇਮੀ ਉਰ ਕੇ'॥੧੯॥

ਇਹ ਸੁਣਕੇ ਸਤਿਗੁਰੂ ਜੀ ਨੇ ਸਭ ਨੂੰ ਸਮਝਾਇਆ, "ਇਹ ਸਰੀਰ ਸਦਾ ਹੀ ਵਿਛੜਨਹਾਰ ਹੈ। ਸਾਡੇ ਵਰਗੇ ਹੀ ਦਰਸ਼ਨ ਬਾਲਕ ਗੁਰੂ ਜੀ ਦੇ ਹਨ, ਹਿਰਦੇ ਵਿਚ ਪ੍ਰੇਮ ਧਾਰ ਕੇ ਇਨ੍ਹਾਂ ਦੇ ਦਰਸ਼ਨ ਕਰੋ"॥੧੯॥

ਇੱਤਜਾਦਿਕ ਕਹਿ ਗੁਰ ਗੋਸਾਈਂ। ਭਈ ਨਿਸਾ ਸੁਪਤੇ ਸੁਖ ਪਾਈ।
ਜਾਮ ਰਹੀ ਜਾਗੇ ਸੁਚ ਕਰਿ ਕੈ। ਮੱਜਨ ਠਾਨਿ ਧਜਾਨ ਕੋ ਧਰਿ ਕੈ॥੨੦॥

ਇਸ ਤਰ੍ਹਾਂ ਕਹਿ ਕੇ ਮਾਲਕ ਗੁਰੂ ਜੀ ਨੇ ਸਭ ਨੂੰ ਸਮਝਾਇਆ ਫਿਰ ਰਾਤ ਪੈ ਜਾਣ ਕਰਕੇ ਸੁਖ ਨਾਲ ਸੌਂ ਗਏ। ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਸੁੱਚਮ ਕਰਕੇ ਇਸ਼ਨਾਨ ਕੀਤਾ ਤੇ ਆਪਣੇ ਵਿਚ ਧਿਆਨ ਧਾਰਨ ਕੀਤਾ॥੨੦॥

ਉਦਯੋ ਸੂਰ ਪਹਿਰੇ ਪਟ ਸਾਰੇ। ਹੁਤੇ ਤਯਾਰ ਪੁਨ ਕੀਨਿ ਅਹਾਰੇ।
ਪੁੱਤ੍ਰ ਅੰਕ ਮੈਂ ਲੀਨਿ ਬਿਠਾਈ। ਕਰੇ ਦੁਲਾਰਨਿ ਪ੍ਰੀਤਿ ਵਧਾਈ॥੨੧॥

ਜਦ ਸੂਰਜ ਚੜ੍ਹਿਆ ਤਾਂ ਸਾਰੇ ਕੱਪੜੇ ਪਹਿਨੇ, ਫਿਰ ਤਿਆਰ ਹੋ ਕੇ ਭੋਜਨ ਛਕਿਆ। ਫਿਰ ਪੁੱਤਰ ਨੂੰ ਗੋਦ ਵਿਚ ਬਿਠਾ ਲਿਆ ਤੇ ਪ੍ਰੀਤ ਵਧਾ ਕੇ ਬਹੁਤ ਲਾਡ ਪਿਆਰ ਕੀਤਾ॥੨੧॥

ਮਾਤ ਨਾਨਕੀ ਕੋ ਕਰਿ ਬੰਦਨ। ਗਮਨਿ ਚਹਯੋ ਪੁਨ ਦੋਸ਼ ਨਿਕੰਦਨ।
ਸਿਖ ਸੰਗਤਿ ਸਗਰੇ ਮਿਲਿ ਆਇ। ਨਮੋ ਕਰਹਿਂ ਉਰ ਪ੍ਰੇਮ ਉਪਾਇ॥੨੨॥

ਮਾਤਾ ਨਾਨਕੀ ਜੀ ਨੂੰ ਫਿਰ ਬੰਦਨਾ ਕਰਕੇ ਦੋਸ਼ਾਂ ਨੂੰ ਨਾਸ਼ ਕਰਨ ਵਾਲੇ ਗੁਰੂ ਜੀ ਨੇ ਚਲਣਾ ਚਾਹਿਆ। ਸਾਰੀ ਸਿੱਖ ਸੰਗਤ ਮਿਲਣ ਵਾਸਤੇ ਆਈ, ਨਮਸਕਾਰ ਕਰਕੇ ਹਿਰਦੇ ਵਿਚ ਪ੍ਰੇਮ ਪ੍ਰਗਟ ਕਰਦੇ ਸਨ॥੨੨॥

ਘਰ ਮਹਿਂ ਪ੍ਰਵਿਸ਼ੇ ਜਬਿ ਗੁਰ ਜਾਈ। ਸ੍ਰੀ ਗੁਜਰੀ ਬਹੁ ਬਿਨੈ ਸੁਨਾਈ।
'ਆਜ ਨਿਕਟਿ ਹੀ ਕੀਜਹਿ ਡੇਰਾ। ਸੁਤ ਕੋ ਸੰਗ ਰਖਹੁ ਇਸ ਬੇਰਾ॥੨੩॥

ਜਦ ਗੁਰੂ ਜੀ ਨੇ ਘਰ ਵਿਚ ਜਾ ਕੇ ਪ੍ਰਵੇਸ਼ ਕੀਤਾ ਤਾਂ ਸ੍ਰੀ ਗੁਜਰੀ ਜੀ ਨੇ ਬਹੁਤ ਬੇਨਤੀ ਸੁਣਾਈ, "ਅੱਜ ਨੇੜੇ ਹੀ ਡੇਰਾ ਕਰੋ, ਪੁੱਤਰ ਨੂੰ ਇਸ ਸਮੇਂ ਨਾਲ ਰੱਖੋ॥੨੩॥

ਭੋਰ ਹੋਤਿ ਪੁਨ ਗਮਹੁ ਅਗਾਰੀ। ਆਇਂ ਸਦਨ ਕੋ ਸਕਲ ਪਿਛਾਰੀ'।
ਸਤਿਗੁਰ ਤਬਿ ਹੋਏ ਅਸਵਾਰ। ਮਾਤ ਨਾਨਕੀ ਬੰਦਨ ਧਾਰਿ॥੨੪॥

ਸਵੇਰ ਹੁੰਦਿਆਂ ਹੀ ਫਿਰ ਅੱਗੇ ਜਾਓ, ਬਾਅਦ ਵਿਚ ਸਾਰੇ ਹੀ ਘਰ ਨੂੰ ਆ ਜਾਣਗੇ।" ਸਤਿਗੁਰੂ ਜੀ ਫਿਰ ਘੋੜੇ 'ਤੇ ਸਵਾਰ ਹੋ ਗਏ। ਮਾਤਾ ਨਾਨਕੀ ਜੀ ਨੂੰ ਉਨ੍ਹਾਂ ਬੰਦਨਾ ਕੀਤੀ॥੨੪॥

ਬਾਰਿ ਬਾਰਿ ਸੁਤ ਕੋ ਮੁਖ ਦੇਖਿ। ਬਿਛੁਰਜੋ ਚਹੈ ਨ ਪ੍ਰੇਮ ਵਿਸ਼ੇਖ।
ਆਸ਼ਿਖ ਦੇਤੀ ਪੌਰ ਖਿਰੀ ਹੈ। ਚਹਤਿ ਸ਼੍ਰੇਯ, ਨਹਿਂ ਅੱਸ਼੍ਰ ਢਰੀ ਹੈ॥ ੨੫॥

ਬਾਰ-ਬਾਰ ਆਪਣੇ ਪੁੱਤਰ ਦਾ ਮੁਖ ਵੇਖਦੇ ਸਨ, ਵਿਛੜਨਾ ਨਹੀਂ ਚਾਹੁੰਦੇ ਹਨ, ਵਿਸ਼ੇਸ਼ ਪ੍ਰੇਮ ਹੈ। ਮਾਤਾ ਜੀ ਦਰਵਾਜ਼ੇ ਵਿਚ ਖੜੇ ਸਨ, ਅਸੀਸ ਦਿੰਦੇ ਹਨ, ਮੁਕਤੀ ਚਾਹੁੰਦੀ ਹੈ, ਹੰਝੂ ਨਹੀਂ ਕੇਰਦੀ ਕਿ ਅਪਸ਼ਗਨ ਨਾ ਹੋਵੇ॥੨੫॥

ਮਿਲਨਿ ਅੰਤ ਕੋ ਸਤਿਗੁਰ ਜਾਨਿ। ਦਰਸ਼ਨ ਦੇ ਕਰਿ ਪ੍ਰੇਮ ਮਹਾਨ।
ਗਮਨਤਿ ਗੁਜਰੀ ਜੁਗ ਕਰ ਬੰਦੇ। ਬੰਦਨ ਕਰਤਿ ਚਹਤਿ ਸੁਖਕੰਦੇ॥ ੨੬॥

ਸਤਿਗੁਰੂ ਜੀ ਆਖਰੀ ਮਿਲਣ ਬਾਰੇ ਜਾਣਦੇ ਹਨ, ਦਰਸ਼ਨ ਦਿੱਤੇ ਹਨ ਬਹੁਤ ਪ੍ਰੇਮ ਹੈ। ਜਾਣ ਸਮੇਂ ਸ੍ਰੀ ਗੁਜਰੀ ਜੀ ਨੇ ਦੋਵੇਂ ਹੱਥ ਜੋੜੇ, ਤੇ ਸੁਖਦਾਤੇ ਗੁਰੂ ਜੀ ਨੂੰ ਚਾਹ ਕਰਕੇ ਬੰਦਨਾ ਕੀਤੀ॥੨੬॥

ਪੁਰਿ ਮੈਂ ਗਮਨੇ ਘਰ ਕੋ ਤਜਾਗਾ। ਸੰਗ ਅਏ ਜਿਨ ਮਨ ਅਨੁਰਾਗਾ।
ਕਿਤਿਕ ਦੂਰ ਸਤਿਗੁਰ ਜਬਿ ਆਏ। ਸਾਹਿਬਜ਼ਾਦੇ ਕੋ ਸੰਗ ਲਜਾਏ॥ ੨੭॥

ਗੁਰੂ ਜੀ ਘਰ ਨੂੰ ਛੱਡ ਕੇ ਸ਼ਹਿਰ ਵਿਚ ਚਲੇ ਗਏ, ਜਿਨ੍ਹਾਂ ਸਿੱਖਾਂ ਦੇ ਮਨ ਵਿਚ ਪ੍ਰੇਮ ਸੀ, ਉਹ ਗੁਰੂ ਜੀ ਦੇ ਨਾਲ ਆਏ। ਜਦ ਕੁਝ ਦੂਰ ਸਤਿਗੁਰੂ ਜੀ ਆ ਗਏ ਤਾਂ ਸਾਹਿਬਜ਼ਾਦੇ ਨੂੰ ਆਪਣੇ ਨਾਲ ਲਿਆਏ॥੨੭॥

ਪਟਣਾ ਪੁਰਿ ਬਿਸਾਲ ਹੀ ਬਸੈ। ਧਨੀ ਅਨੇਕ ਬ੍ਰਿੰਦ ਨਰ ਲਸੈਂ।
ਨਗਰ ਬੀਚ ਹੀ ਡੇਰਾ ਕੀਨਿ। ਸੁਤ ਜੁਤਿ ਸੰਗਤਿ ਸੰਗਹਿ ਚੀਨ॥ ੨੮॥

ਪਟਨਾ ਨਗਰ ਬਹੁਤ ਵੱਡਾ ਵੱਸਦਾ ਸੀ, ਅਨੇਕਾਂ ਧਨੀ ਲੋਕ ਉਥੇ ਰਹਿੰਦੇ ਸਨ। ਗੁਰੂ ਜੀ ਨੇ ਉਸ ਦਿਨ ਨਗਰ ਵਿਚ ਹੀ ਡੇਰਾ ਕੀਤਾ, ਪੁੱਤਰ ਸਹਿਤ ਸੰਗਤ ਦਾ ਸੰਗ ਮਾਣਿਆ॥੨੮॥

ਪੀਛੇ ਸਿਖ ਪਹੁਚੇ ਸਮੁਦਾਇ। ਮਿਲਹਿਂ ਅਨੇਕ ਅਕੋਰਨਿ ਲਜਾਇ।
ਬੈਠੇ ਸਤਿਗੁਰ ਲਾਇ ਦਿਵਾਨ। ਜਥਾ ਜੋਗ ਸਭਿ ਸੰਗ ਬਖਾਨਿ॥ ੨੯॥

ਪਿੱਛੋਂ ਬਹੁਤ ਸਿੱਖ ਇਕੱਠੇ ਹੋ ਕੇ ਪਹੁੰਚ ਗਏ, ਅਨੇਕਾਂ ਲੋਕ ਉਪਹਾਰ ਲਿਆ ਲਿਆ ਕੇ ਮਿਲੇ। ਸਤਿਗੁਰੂ ਜੀ ਦੀਵਾਨ ਲਾ ਕੇ ਬੈਠ ਗਏ, ਯਥਾ ਯੋਗ ਸਾਰਿਆਂ ਨੂੰ ਕਿਹਾ॥੨੯॥

ਸਦਨ ਜਾਨਿ ਕੋ ਸਕਲ ਹਟਾਏ। ਨਿਸਾ ਪਰੀ ਤੇ ਗੁਰ ਸੁਪਤਾਏ।
ਜਾਗੇ ਸੌਚ ਸ਼ਨਾਨਹਿ ਠਾਨੇ। ਸੁਤ ਸੋਂ ਸਭਿ ਬਿਧਿ ਬਾਕ ਬਖਾਨੇ॥ ੩੦॥

ਘਰਾਂ ਨੂੰ ਜਾਣ ਵਾਸਤੇ ਸਾਰੇ ਵਾਪਸ ਕੀਤੇ, ਰਾਤ ਪੈਣ ਤੇ ਗੁਰੂ ਜੀ ਸੌਂ ਗਏ। ਜਾਗ ਕੇ ਸੌਚ ਇਸ਼ਨਾਨ ਕੀਤਾ ਤੇ ਆਪਣੇ ਪੁੱਤਰ ਨਾਲ ਸਭ ਵਿਧੀਆਂ ਨਾਲ ਬਚਨ ਕੀਤੇ॥੩੦॥

ਕਰਜੋ ਪਜਾਰ ਦੇ ਕਰਿ ਸੰਗ ਦਾਸ। ਕਰੇ ਪਠਾਵਨਿ ਤਬਹਿ ਅਵਾਸ।
ਬੰਦਨ ਠਾਨਿ ਪਿਤਾ ਕੋ ਗਏ। 'ਆਇਂ ਤੁਰਤ ਹਮ' ਕਹਿਬੋ ਕਿਯੇ॥ ੩੧॥

ਆਪਣੇ ਪੁੱਤਰ ਨੂੰ ਪਿਆਰ ਕਰਕੇ ਉਨ੍ਹਾਂ ਦੇ ਨਾਲ ਇਕ ਸੇਵਕ ਨੂੰ ਦਿੱਤਾ, ਤਦ ਘਰ ਨੂੰ ਭੇਜ ਦਿੱਤਾ। ਬਾਲਾ ਪ੍ਰੀਤਮ ਜੀ ਆਪਣੇ ਪਿਤਾ ਜੀ ਨੂੰ ਬੰਦਨਾ ਕਰਕੇ ਆਪਣੇ ਘਰ ਨੂੰ ਚਲੇ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਕਿਹਾ, "ਅਸੀਂ ਛੇਤੀ ਆਵਾਂਗੇ"॥੩੧॥

ਜਾਇ ਮਾਤ ਸੋਂ ਨਿਸਾ ਬ੍ਰਿਤਾਂਤ। ਦਾਦੀ ਸਹਿਤ ਕੀਨਿ ਬੱਖਜਾਤ।
ਅਨਿਕ ਬਿਧਿਨਿ ਕੇ ਬਾਕ ਬਿਲਾਸ। ਕਰਹਿਂ ਸੁਨਾਵਨਿ ਬੈਠਿ ਅਵਾਸ॥ ੩੨॥

ਮਾਤਾ ਜੀ ਨੂੰ ਜਾ ਕੇ ਰਾਤ ਨੂੰ ਸਾਰਾ ਬ੍ਰਿਤਾਂਤ ਸੁਣਾਇਆ ਤੇ ਦਾਦੀ ਸਹਿਤ ਸਾਰਾ ਹਾਲ ਪ੍ਰਗਟ ਕੀਤਾ। ਅਨੇਕ ਵਿਧੀਆਂ ਨਾਲ ਬਚਨ ਬਿਲਾਸ ਕੀਤੇ, ਘਰ ਵਿਚ ਬੈਠ ਕੇ ਸਾਰਾ ਕੁਝ ਸੁਣਾਇਆ॥੩੨॥

'ਥੋਰਨਿ ਦਿਨ ਮਹਿਂ ਹਮ ਗਮਨੈ ਹੈਂ। ਜਾਇਂ ਦੇਸ਼ ਪੰਜਾਬ ਰਹੈਂ ਹੈਂ'।
ਇੱਤਜਾਦਿਕ ਚੰਚਲਤਾ ਸਾਥ। ਜੁਗ ਮਾਤਨਿ ਸੌਂ ਭਾਖਹਿਂ ਨਾਥ॥ ੩੩॥

ਥੋੜ੍ਹੇ ਦਿਨਾਂ ਵਿਚ ਅਸੀਂ ਚਲੇ ਜਾਵਾਂਗੇ, ਜਾ ਕੇ ਪੰਜਾਬ ਦੇਸ਼ ਵਿਚ ਰਹਾਂਗੇ।" ਇਸ ਤਰ੍ਹਾਂ ਬੜੀ ਚੰਚਲਤਾ ਨਾਲ ਆਪਣੀਆਂ ਦੋਹਾਂ ਮਾਤਾਵਾਂ ਨੂੰ ਮਾਲਕ ਬਾਲਾ ਸਤਿਗੁਰੂ ਜੀ ਨੇ ਕਿਹਾ॥੩੩॥

ਇਤਿ ਦਿਸ਼ਿ ਸਤਿਗੁਰ ਕੀਨਿ ਪਯਾਨਾ। ਸਨੇ ਸਨੇ ਕਰਿ ਮਜਲ ਸਥਾਨਾ।
ਕਹਿਂ ਲਗਿ ਕਹੌਂ ਪੰਥ ਕੀ ਕਥਾ। ਡੇਰਾ ਕਰਿ ਕਰਿ ਕੀਨਸਿ ਜਥਾ॥ ੩੪॥

ਏਧਰ ਸਤਿਗੁਰੂ ਜੀ ਚਲ ਪਏ, ਹੌਲੀ-ਹੌਲੀ ਮੰਜ਼ਲ ਤਹਿ ਕਰਦੇ ਜਾਂਦੇ ਸਨ। ਕਿਥੋਂ ਤਕ ਰਾਹ ਦੀ ਕਥਾ ਕਰਾਂ ਯਥਾ-ਯੋਗ ਰਾਹ ਵਿਚ ਡੇਰਾ ਕਰ-ਕਰ ਅੱਗੇ ਚਲੇ ਜਾ ਰਹੇ ਸਨ॥੩੪॥

ਜਹਿਂ ਨਿਸ ਥਿਰਹਿਂ ਸਿਵਰ ਕੋ ਘਾਲਹਿਂ। ਸੁਨਿ ਸੁਨਿ ਸਿਖ ਸੰਗਤਿ ਤਤਕਾਲਹਿਂ।
ਅਰਪਿ ਅਕੋਰਨ ਅਨਿਕ ਪ੍ਰਕਾਰਾ। ਦਰਸ਼ਨ ਕਰਹਿਂ ਲਹਹਿਂ ਸੁਖ ਸਾਰਾ॥ ੩੫॥

ਜਿੱਥੇ ਰਾਤ ਪੈਂਦੀ ਸੀ ਉਥੇ ਡੇਰਾ ਲਾ ਲੈਂਦੇ ਸਨ, ਸਿੱਖ ਸੰਗਤ ਸੁਣ ਕੇ ਤੁਰਤ ਆਉਂਦੀ ਸੀ ਤੇ ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਕੇ ਦਰਸ਼ਨ ਕਰਕੇ ਸਰਬ ਪ੍ਰਕਾਰ ਸੁਖ ਪ੍ਰਾਪਤ ਕਰਦੀ ਸੀ॥੩੫॥

ਇਮ ਹੀ ਕਰਤਿ ਉਲੰਘਿ ਮਗ ਆਏ। ਤਰਿ ਜਮਨਾ ਕੋ ਅੱਗ੍ਰ ਸਿਧਾਏ।
ਸਿੱਖੀ ਬਿਸਤਾਰਤਿ ਜਹਿਂ ਕਹਾਂ। ਸੱਤਿਨਾਮ ਉਪਦੇਸ਼ਤਿ ਮਹਾਂ॥ ੩੬॥

ਇਸ ਤਰ੍ਹਾਂ ਕਰਦੇ ਸਾਰਾ ਪੈਂਡਾ ਲੰਘ ਆਏ, ਜਮਨਾ ਦੇ ਕਿਨਾਰੇ ਅੱਗੇ ਚਲੇ ਗਏ। ਜਿੱਥੇ ਕਿੱਥੇ ਸਿੱਖੀ ਦਾ ਵਿਸਤਾਰ ਕੀਤਾ, ਸਤਿਨਾਮ ਦਾ ਮਹਾਂ ਉਪਦੇਸ਼ ਦਿੰਦੇ ਸਨ॥੩੬॥

ਰੋਪੜ ਨਗਰ ਉਲੰਘਨਿ ਕਰਿਕੈ। ਕੀਰਤ ਪੁਰਿ ਪਹੁਂਚੇ ਮਗ ਚਰਿਕੈ।
ਕੇਤਿਕ ਸਿਖ ਅਰੁ ਸੰਗ ਫਕੀਰ। ਦੇਖਨਿ ਕਰਜੋ ਦੇਸ਼ ਗੁਰ ਧੀਰ॥ ੩੭॥

ਰੋਪੜ ਨਗਰ ਨੂੰ ਲੰਘ ਕੇ, ਉੱਚੇ ਪਹਾੜ ਚੜ੍ਹ ਕੇ ਕੀਰਤਪੁਰ ਪਹੁੰਚ ਗਏ। ਕਈ ਸਿੱਖ ਤੇ ਫਕੀਰ ਨਾਲ ਸਨ। ਉਨ੍ਹਾਂ ਨੇ ਧੀਰਜਵਾਨ ਗੁਰੂ ਜੀ ਦਾ ਦੇਸ਼ ਵੇਖਿਆ॥੩੭॥

ਮਤੀ ਦਾਸ ਇਕ ਸੰਗ ਦਿਵਾਨ। ਚਾਰ ਪੰਚ ਹੈਂ ਰੁਚਿਰ ਕਿਕਾਨ।
ਕਰਤਿ ਮਜਲ ਦੇ ਘਾਸ ਨਿਹਾਰੀ। ਦਾਨਾ ਖਾਹਿਂ ਚਲਹਿਂ ਬਲ ਭਾਰੀ॥ ੩੮॥

ਇਕ ਮਤੀ ਦਾਸ ਦਿਵਾਨ ਨਾਲ ਸੀ, ਚਾਰ ਪੰਜ ਨਾਲ ਸੁੰਦਰ ਘੋੜੇ ਸਨ। ਮੰਜ਼ਲ ਤਹਿ ਕਰਨ ਬਾਅਦ ਉਨ੍ਹਾਂ ਨੂੰ ਘਾਹ ਵੇਖ ਕੇ ਖਵਾਉਂਦੇ ਸਨ ਤੇ ਉਹ ਦਾਣੇ ਖਾ ਕੇ ਵੱਡੇ ਬਲ ਨਾਲ ਚਲਦੇ ਸਨ॥੩੮॥

ਕੀਰਤ ਪੁਰਿ ਮਹਿਂ ਕੀਨਸਿ ਡੇਰਾ। ਸੂਰਜ ਮਲ ਮਿਲਿ ਪ੍ਰੇਮ ਘਨੇਰਾ।
ਕੁਸ਼ਲ ਪ੍ਰਸ਼ਨ ਕਰਿ ਆਪਸ ਮਾਂਹੀ। ਤੀਰਥ ਕਰਨਿ ਕਥਾ ਪੁਨ ਪ੍ਰਾਹੀ॥ ੩੯॥

ਕੀਰਤਪੁਰ ਵਿਚ ਡੇਰਾ ਕੀਤਾ, ਸੂਰਜ ਮਲ ਨੇ ਮਿਲ ਕੇ ਬਹੁਤ ਪ੍ਰੇਮ ਕੀਤਾ। ਆਪਸ ਵਿਚ ਸੁਖ-ਸਾਂਦ ਪੁੱਛੀ, ਫਿਰ ਤੀਰਥਾਂ ਤੇ ਜਾਣ ਦੀ ਸਾਰੀ ਕਥਾ ਸੁਣਾਈ॥੩੯॥

ਸਾਹਿਬਜ਼ਾਦੇ ਜਨਮ ਬਖਾਨਾ। ਆਯੋ ਚਹਤਿ ਆਪਨੇ ਥਾਨਾ।
ਹਮ ਅਨੰਦ ਪੁਰਿ ਕਰਿਕੈ ਬਾਸ। ਪੁਨਹਿ ਪੌਤ੍ਰਕਾ ਪਠਿ ਤਿਨ ਪਾਸ॥੪੦ ॥

ਸਾਹਿਬਜ਼ਾਦੇ ਦੇ ਜਨਮ ਬਾਰੇ ਕਿਹਾ, "ਉਹ ਆਪਣੇ ਸਥਾਨ ਤੇ ਆਉਣਾ ਚਾਹੁੰਦੇ ਹਨ। ਅਸੀਂ ਅਨੰਦਪੁਰ ਵਿਚ ਵਸੇਬਾ ਕਰਕੇ ਫਿਰ ਉਨ੍ਹਾਂ ਪਾਸ ਆਉਣ ਵਾਸਤੇ ਚਿੱਠੀ ਭੇਜਾਂਗੇ॥੪੦॥

ਮਾਤ ਨਾਨਕੀ ਜਿਯਤਾ' ਬਤਾਏ। ਸੁਨਿ ਸੂਜਰਮਲ ਉਰ ਹਰਖਾਏ।
ਪੁਨ ਉਠਿ ਸ੍ਰੀ ਹਰਿਗੋਵਿੰਦ ਥਾਨ। ਜਾਇ ਜੋਰਿ ਕਰ ਬੰਦਨ ਠਾਨਿ॥ ੪੧ ॥

ਮਾਤਾ ਨਾਨਕੀ ਜੀ ਜੀਉਂਦੇ ਹਨ', ਇਹ ਵੀ ਦੱਸਿਆ। ਇਹ ਸੁਣ ਕੇ ਸੂਰਜ ਮਲ ਦਿਲ ਵਿਚ ਪ੍ਰਸੰਨ ਹੋਇਆ। ਫਿਰ ਉੱਠ ਕੇ ਸ੍ਰੀ ਹਰਿਗੋਬਿੰਦ ਸਾਹਿਬ ਦੇ ਸਥਾਨ ਤੇ ਗਏ ਤੇ ਜਾ ਕੇ ਹੱਥ ਜੋੜ ਕੇ ਬੰਦਨਾ ਕੀਤੀ॥੪੧॥

ਪੁਨ ਸ੍ਰੀ ਗੁਰਦਿੱਤੇ ਥਲ ਗਏ। ਨਮੋ ਕਰਤਿ ਪੁਰਿ ਆਵਤਿ ਭਏ।
ਨਿਸਾ ਬਸੇ ਸ੍ਰੀ ਤੇਗ ਬਹਾਦਰ। ਸੂਰਜ ਮਲ ਸੇਵਾ ਕਰਿ ਸਾਦਰ॥ ੪੨ ॥

ਫਿਰ ਸ੍ਰੀ ਗੁਰਦਿੱਤਾ ਜੀ ਦੇ ਸਥਾਨ ਤੇ ਗਏ ਤੇ ਨਮਸਕਾਰ ਕਰਕੇ ਨਗਰ ਨੂੰ ਆ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਰਾਤ ਨੂੰ ਕੀਰਤਪੁਰ ਹੀ ਠਹਿਰੇ, ਸ੍ਰੀ ਸੂਰਜ ਮਲ ਨੇ ਬੜੇ ਆਦਰ ਨਾਲ ਸੇਵਾ ਕੀਤੀ॥੪੨॥

ਪੌਤ੍ਰ ਆਪਨੇ ਆਨਿ ਮਿਲਾਏ। ਗੁਰ ਬੂਝੈਂ 'ਕਯਾ ਨਾਮ ਰਖਾਏ?'।
'ਏਕ ਗੁਲਾਬਰਾਇ ਹੈ ਨਾਮੂ। ਸ਼ਯਾਮ ਦਾਸ ਦੂਸਰਾ ਅਭਿਰਾਮੂ' ॥ ੪੩ ॥

ਆਪਣੇ ਪੋਤਰਿਆਂ ਨੂੰ ਲਿਆ ਕੇ ਮਿਲਾਇਆ, ਗੁਰੂ ਜੀ ਨੇ ਪੁੱਛਿਆ ਕੀ ਨਾਮ ਰਖਾਏ ਹਨ, ' ਇਕ ਦਾ ਨਾਮ ਗੁਲਾਬ ਰਾਇ ਹੈ, ਸਿਆਮ ਦਾਸ ਦੂਸਰੇ ਦਾ ਸੁੰਦਰ ਨਾਮ ਹੈ' ॥੪੩॥

ਤਿਨਹੁੰ ਬਿਭੂਖਨ ਸਤਿਗੁਰ ਦਏ। ਨਿਕਟਿ ਬਿਠਾਇ ਪ੍ਰੇਮ ਕੋ ਕਿਏ।
ਸੁੰਦਰ ਬਸਤ੍ਰ ਬਹੁਰ ਤਿਨ ਦੀਨਿ। ਨਿਜ ਸੁਤ ਸੋਂ ਮਿਲਿਬੋ ਇਨ ਚੀਨਿ॥੪੪॥

ਸਤਿਗੁਰੂ ਜੀ ਨੇ ਉਨ੍ਹਾਂ ਨੂੰ ਗਹਿਣੇ ਦਿੱਤੇ ਤੇ ਪਾਸ ਬਿਠਾ ਕੇ ਪ੍ਰੇਮ ਕੀਤਾ। ਫਿਰ ਉਨ੍ਹਾਂ ਨੂੰ ਬਹੁਤ ਸੁੰਦਰ ਕੱਪੜੇ ਦਿੱਤੇ। ਇਹ ਸਮਝਿਆ ਕਿ ਇਨ੍ਹਾਂ ਦਾ ਮਿਲਾਪ ਆਪਣੇ ਪੁੱਤਰ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਵੇਗਾ॥੪੪॥

ਪ੍ਰਾਤਿ ਹੋਤਿ ਮਿਲਿ ਸਭਿ ਕੇ ਸਾਥ। ਚਲੇ ਅਨੰਦਪੁਰੇ ਗੁਰ ਨਾਥ।
ਪੰਚ ਕੋਸ ਪਰ ਪਹੁੰਚੇ ਜਾਈ। ਸੁਨਤਿ ਪ੍ਰਜਾ ਆਈ ਅਗੁਵਾਈ॥ ੪੫ ॥

ਸਵੇਰ ਹੋਣ ਤੇ ਸਾਰਿਆਂ ਨੂੰ ਮਿਲ ਕੇ, ਗੁਰੂ ਸਵਾਮੀ ਜੀ ਅਨੰਦਪੁਰ ਵਲ ਚਲ ਪਏ। ਪੰਜ ਕੋਹਾਂ ਤੇ ਜਾ ਪਹੁੰਚੇ, ਤਾਂ ਇਹ ਸੁਣਿਆ ਕਿ ਪਰਜਾ ਅੱਗੋਂ ਲੈਣ ਆਈ ਹੈ॥੪੫॥

ਦੇ ਕਰਿ ਦਰਬਾਦਿਕ ਆਕੋਰ। ਮਿਲੇ ਸਕਲ ਬੰਦਤਿ ਕਰ ਜੋਰਿ।
ਕੁਸ਼ਲ ਪਸ਼ਨ ਗੁਰ ਸਭਿ ਕੋ ਕਰੈਂ। 'ਕ੍ਰਿਪਾ ਤੁਮਾਰੀ ਤੇ ਸੁਖ ਧਰੈਂ' ॥ ੪੬ ॥

ਧਨ ਆਦਿ ਉਪਹਾਰ ਅਰਪਣ ਕਰਕੇ ਸਾਰੇ ਹੱਥ ਜੋੜ ਕੇ ਬੰਦਨਾ ਕਰਕੇ ਮਿਲੇ। ਸੁਖ ਸਾਂਦ ਗੁਰੂ ਜੀ ਸਭ ਪਾਸੋਂ ਪੁੱਛਦੇ ਸਨ ਤੇ ਉਹ ਅਗੋਂ ਕਹਿੰਦੇ ਸਨ, "ਤੁਹਾਡੀ ਕਿਰਪਾ ਨਾਲ ਸੁਖ ਧਾਰਨ ਕਰਦੇ ਹਾਂ" ॥੪੬॥

ਸਾਦਰ ਸਤਿਗੁਰ ਕੋ ਲੇ ਆਏ। ਭਏ ਪ੍ਰਵੇਸ਼ ਸਦਨ ਮਹਿਂ ਜਾਏ।
ਅਧਿਕ ਅਨੰਦ ਅਨੰਦਪੁਰਿ ਹੋਵਾ। ਨਰ ਨਾਰਿਨਿ ਗਨ ਦਰਸ਼ਨ ਜੋਵਾ॥੪੭॥

ਨਗਰ ਵਾਸੀ ਬੜੇ ਆਦਰ ਨਾਲ ਸਤਿਗੁਰੂ ਜੀ ਨੂੰ ਨਗਰ ਵਿਚ ਲੈ ਆਏ ਤੇ ਜਾ ਕੇ ਘਰ ਵਿਚ ਪ੍ਰਵੇਸ਼ ਕਰ ਗਏ।

ਅਨੰਦਪੁਰ ਵਿਚ ਬੜਾ ਅਨੰਦ ਛਾ ਗਿਆ। ਸਾਰੇ ਇਸਤਰੀ-ਪੁਰਸ਼ਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ॥੪੭॥

ਬਹੁ ਪਕਵਾਨ ਬਨਕ ਲੇ ਆਏ। ਹ੍ਵੈ ਅਰਦਾਸ ਬੰਟਿ ਸਮੁਦਾਏ।
ਜਥਾ ਪਾਇ ਪਤਿ ਕੋ ਚਿਰਕਾਲ। ਹਰਖ ਮਾਨਤੀ ਤ੍ਰਿਯਾ ਬਿਸਾਲ॥ ੪੮॥

ਬਾਣੀਦੇ ਬਹੁਤ ਪਕਵਾਨ ਬਣਾ ਕੇ ਲੈ ਆਏ ਤੇ ਅਰਦਾਸ ਕਰਵਾ ਕੇ ਸਾਰਿਆਂ ਵਿਚ ਵਰਤਾ ਦਿੱਤੇ, ਜਿਵੇਂ ਕਿਸੇ ਇਸਤਰੀ ਨੇ ਬਹੁਤ ਦੇਰ ਬਾਅਦ ਆਪਣੇ ਪਤੀ ਨੂੰ ਪਾਇਆ ਹੋਵੇ ਤੇ ਉਹ ਇਸਤਰੀ ਆਪਣੇ ਪਤੀ ਨੂੰ ਪਾ ਕੇ ਬਹੁਤ ਪ੍ਰਸੰਨ ਹੁੰਦੀ ਹੈ॥੪੮॥

ਤਿਮ ਨਗਰੀ ਕੇ ਲੋਕ ਅਨੰਦੇ। ਸਭਿਨਿ ਆਨਿ ਗੁਰ ਕੇ ਪਦ ਬੰਦੇ।
ਹੋਇ ਸੁਚਿਤ ਗੁਰ ਸਿਵਰ ਲਗਾਯੋ। ਨਾਨਾ ਬਿਧਿ ਅਹਾਰ ਕਰਿਵਾਯੋ॥ ੪੯॥

ਇਸ ਤਰ੍ਹਾਂ ਨਗਰ ਦੇ ਲੋਕਾਂ ਨੇ ਅਨੰਦ ਅਨੁਭਵ ਕੀਤਾ, ਸਾਰਿਆਂ ਨੇ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਸਾਵਧਾਨ ਹੋ ਕੇ ਗੁਰੂ ਜੀ ਦਾ ਡੇਰਾ ਲਵਾਇਆ ਤੇ ਅਨੇਕਾਂ ਵਿਧੀਆਂ ਅਨੁਸਾਰ ਭੋਜਨ ਛਕਾਇਆ॥੪੯॥

ਖਾਨ ਪਾਨ ਕਰਿ ਨਿਸਾ ਬਿਤਾਏ। ਭਈ ਪ੍ਰਾਤਿ ਜਾਗੇ ਮਜਨਾਏ।
ਲਗਯੋ ਦਿਵਾਨ ਆਇ ਸਭਿ ਕੋਈ। ਜਿਸ ਜਿਸ ਕੋ ਜਬਿ ਜਬਿ ਸੁਧਿ ਹੋਈ॥੫੦॥

ਗੁਰੂ ਜੀ ਨੇ ਖਾ ਪੀ ਕੇ ਰਾਤ ਬਤੀਤ ਕੀਤੀ, ਸਵੇਰ ਹੋਣ ਤੇ ਗੁਰੂ ਜੀ ਨੇ ਜਾਗ ਕੇ ਇਸ਼ਨਾਨ ਕੀਤਾ। ਜਦ ਫਿਰ ਦੀਵਾਨ ਲੱਗਾ ਤਾਂ ਸਾਰੇ ਨਗਰ ਵਾਸੀ ਆਏ, ਜਿਸ ਜਿਸ ਨੂੰ ਜਦ-ਜਦ ਖ਼ਬਰ ਮਿਲੀ॥੫੦॥

ਮਿਲਹਿਂ ਆਨਿ ਸਿਖ ਸੰਗਤਿ ਸਾਰੇ। ਪਸਰਿ ਗਈ ਸੁਧਿ ਦੇਸ਼ ਉਦਾਰੇ।
ਸੁਨਿ ਸੁਨਿ ਚਲੇ ਆਇਂ ਸਮੁਦਾਏ। ਸਹਿਤ ਮਸੰਦ ਮਿਲਹਿਂ ਹਰਖਾਏ॥੫੧॥

ਸਾਰੀ ਸਿੱਖ ਸੰਗਤ ਆ ਕੇ ਮਿਲਦੀ ਸੀ, ਸਾਰੇ ਦੇਸ਼ ਵਿਚ ਉੱਤਮ ਖਬਰ ਫੈਲ ਗਈ, ਸਾਰੇ ਲੋਕ ਸੁਣ ਸੁਣ ਕੇ ਚਲੇ ਆਉਂਦੇ ਸਨ ਤੇ ਮਸੰਦਾਂ ਸਹਿਤ ਬਹੁਤ ਪ੍ਰਸੰਨ ਹੋ ਕੇ ਮਿਲਦੇ ਸਨ॥੫੧॥

ਸ੍ਰੀ ਅੰਮ੍ਰਿਤਸਰ ਕੇ ਚਲਿ ਗਏ। ਦਰਬ ਬ੍ਰਿੰਦ ਕੋ ਅਰਪਤਿ ਭਏ।
ਬ੍ਰਿਧ ਕੇ ਬੰਸ ਬਿਖੈ ਗੁਰਦਿੱਤਾ। ਆਨਿ ਬਾਜ ਸਤਿਗੁਰ ਕੋ ਦਿੱਤਾ॥ ੫੨॥

ਸ੍ਰੀ ਅੰਮ੍ਰਿਤਸਰ ਦੇ ਸਿੱਖ ਚਲ ਕੇ ਆਏ, ਬਹੁਤ ਧਨ ਅਰਪਣ ਕਰਦੇ ਸਨ। ਬਾਬਾ ਬੁੱਢਾ ਜੀ ਦੀ ਵੰਸ਼ ਵਿਚ ਬਾਬਾ ਗੁਰਦਿੱਤਾ ਜੀ ਸਨ, ਉਨ੍ਹਾਂ ਨੇ ਆ ਕੇ ਸਤਿਗੁਰੂ ਜੀ ਨੂੰ ਇਕ ਘੋੜਾ ਦਿੱਤਾ॥੫੨॥

ਲਵਪੁਰਿ ਕੋ ਇਕ ਧਨੁਖ ਮਹਾਨਾ। ਅਰਪਯੋ ਤਰਕਸ਼ ਭਰਿ ਖਰ ਬਾਨਾ।
ਇੱਤਯਾਦਿਕ ਬਹੁ ਭੇਟ ਚਢਾਈ। ਸ੍ਰੀ ਗੁਰ ਸਾਦਰ ਲੀਨਿ ਬਿਠਾਈ॥ ੫੩॥

ਲਾਹੌਰ ਦਾ ਬਣਿਆ ਹੋਇਆ ਇਕ ਮਹਾਨ ਧਨੁੱਖ ਤੇ ਤਿੱਖੇ ਤੀਰਾਂ ਦਾ ਇਕ ਭੱਥਾ ਭਰ ਕੇ ਗੁਰੂ ਜੀ ਨੂੰ ਅਰਪਣ ਕੀਤਾ। ਇਸ ਤਰ੍ਹਾਂ ਬਹੁਤ ਭੇਟ ਚੜ੍ਹਾਈ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਨ੍ਹਾਂ ਨੂੰ ਬੜੇ ਆਦਰ ਨਾਲ ਪਾਸ ਬਿਠਾ ਲਿਆ॥੫੩॥

ਕੁਸ਼ਲ ਪ੍ਰਸ਼ਨ ਕਰਿ ਸਭਿ ਸਤਿਕਾਰੇ। ਜਥਾ ਜੋਗ ਕਹਿ ਦਯੋ ਅਹਾਰੇ।
ਕਾਬਲ ਆਦਿ ਸਿੱਖ ਸਮੁਦਾਏ। ਦਰਬ ਸਮੇਤ ਮਸੰਦ ਸੁ ਆਏ॥ ੫੪॥

ਗੁਰੂ ਜੀ ਨੇ ਸੁਖ-ਸਾਂਦ ਪੁੱਛ ਕੇ ਸਭ ਦਾ ਸਤਿਕਾਰ ਕੀਤਾ ਤੇ ਯਥਾ-ਯੋਗ ਕਹਿ ਕੇ ਭੋਜਨ ਦਿੱਤਾ। ਕਾਬਲ ਆਦਿ ਤੋਂ ਬਹੁਤ ਸਿੱਖ ਇਕੱਠੇ ਹੋ ਕੇ ਆਏ, ਧਨ ਸਮੇਤ ਸ੍ਰੇਸ਼ਟ ਮਸੰਦ ਆਏ॥੫੪॥

ਕਹਿਂ ਲੌ ਕਹੌਂ ਨਿਤਾਪ੍ਰਤਿ ਆਵੈਂ। ਸਭਿ ਦੇਸ਼ਨਿ ਮਹਿਂ ਸੁਨਿ ਸੁਨਿ ਧਾਵੈਂ।
ਸਿਰੋਪਾਉ ਦੇ ਕਰਹਿਂ ਬਿਸਰਜਨ। ਜੋ ਜਿਸ ਪੁਰਿ ਮਹਿਂ ਤਹਿਂ ਕੋ ਤਤਛਿਨ ॥੫੫॥

ਕਿਥੋਂ ਤਕ ਕਹਾਂ ਨਿਤਾਪ੍ਰਤੀ ਬਹੁਤ ਸਿੱਖ ਆਉਂਦੇ ਸਨ, ਸਭ ਦੇਸ਼ਾਂ ਦੇ ਸਿੱਖ ਸੁਣ ਸੁਣ ਕੇ ਭੱਜੇ ਆਉਂਦੇ ਸਨ। ਗੁਰੂ ਜੀ ਉਨ੍ਹਾਂ ਨੂੰ ਸਿਰੋਪੇ ਦੇ ਕੇ ਵਿਦਾ ਕਰਦੇ ਸਨ, ਜਿਹੜਾ ਵੀ ਜਿਸ ਨਗਰ ਦਾ ਸੀ, ਉਹ ਤੁਰਤ ਉਧਰ ਨੂੰ ਚਲੇ ਜਾਂਦਾ ਸੀ॥੫੫॥

ਰਹਜੋ ਨਿਕਟ ਗੁਰਦਿੱਤਾ ਭਾਈ। ਪ੍ਰੇਮੀ ਅਪਰ ਮਿਲੈਂ ਗਨ ਆਈ।
ਸੰਗਤਿ ਆਵਤਿ ਜਾਤਿ ਬਿਸਾਲਾ। ਬੀਤਜੋ ਰਹਤਿ ਜਬਹਿ ਚਿਰਕਾਲਾ ॥੫੬॥

ਪਰ ਭਾਈ ਗੁਰਦਿੱਤਾ ਗੁਰੂ ਜੀ ਦੇ ਪਾਸ ਰਿਹਾ, ਹੋਰ ਬਹੁਤ ਪ੍ਰੇਮੀ ਆ ਕੇ ਮਿਲਦੇ ਸਨ। ਬਹੁਤ ਸੰਗਤ ਆਉਂਦੀ ਜਾਂਦੀ ਸੀ, ਜਦ ਕਿ ਬਹੁਤ ਲੰਮਾ ਸਮਾਂ ਬੀਤ ਗਿਆ ਸੀ॥੫੬॥

ਹੋਤਿ ਕੀਰਤਨ ਲਗਹਿ ਦਿਵਾਨ॥ ਮਿਲਿ ਮਿਲਿ ਉਧਰੇ ਬ੍ਰਿੰਦ ਜਹਾਨ।
ਸੋ ਭੀ ਗਨੇ ਨ ਜੈ ਹੈਂ ਮੋ ਤੇ। ਆਇ ਅਨੇਕ ਨਏ ਸਿਖ ਹੋਤੇ॥ ੫੭॥

ਕੀਰਤਨ ਹੁੰਦਾ ਸੀ ਤੇ ਦੀਵਾਨ ਲੱਗਦਾ ਸੀ ਤੇ ਮਿਲ ਮਿਲ ਕੇ ਬਹੁਤ ਲੋਕਾਂ ਦਾ ਉਧਾਰ ਹੁੰਦਾ ਸੀ। ਉਹ ਮੈਥੋਂ ਗਿਣੇ ਨਹੀਂ ਜਾਂਦੇ ਹਨ ਜਿਹੜੇ ਆ ਕੇ ਅਨੇਕਾਂ ਨਵੇਂ ਸਿੱਖ ਬਣਦੇ ਸਨ॥੫੭॥

ਇਮ ਸੁਖ ਪਾਇ ਬਿਤਾਯਹੁ ਕਾਲਾ। ਸੁਤ ਕੌ ਸਿਮਰਤਿ ਗੁਰੂ ਕ੍ਰਿਪਾਲਾ।
ਆਇ ਆਪਨੋ ਨਗਰ ਸੰਭਾਰਹਿਂ। ਹਮ ਜਹਿਂ ਜਾਨੋਂ ਤਹਾਂ ਸਿਧਾਰਹਿਂ॥ ੫੮॥

ਇਸ ਤਰ੍ਹਾਂ ਸੁਖ ਪਾ ਕੇ ਸਮਾਂ ਬਤੀਤ ਕੀਤਾ, ਕ੍ਰਿਪਾਲੂ ਗੁਰੂ ਜੀ ਆਪਣੇ ਪੁੱਤਰ ਨੂੰ ਯਾਦ ਕਰਦੇ ਸਨ। ਆ ਕੇ ਆਪਣੇ ਨਗਰ ਨੂੰ ਸੰਭਾਲੋ, ਅਸੀਂ ਜਿੱਥੇ ਜਾਣਾ ਹੈ, ਉਥੇ ਜਾਈਏ॥੫੮॥

ਲਿਖੀ ਪੱਤ੍ਰਿਕਾ ਅਖਿਲ ਹਵਾਲ। 'ਪਠਿ ਕਰਿ ਚਲਹੁ ਬਿਲਮ ਸਭਿ ਟਾਲਿ।
ਦੇਸ਼ ਪੰਜਾਬ ਆਇਬੋ ਕਰੀਯਹਿ। ਪਹੁੰਚਿ ਅਨੰਦਪੁਰਿ ਅਪਨਿ ਸੰਭਰੀਯਹਿ' ॥੫੯॥

ਪੱਤ੍ਰਕਾ ਲਿਖ ਕੇ ਸਾਰਾ ਹਾਲ ਲਿਖਿਆ, "ਚਿੱਠੀ ਪੜ੍ਹ ਕੇ ਚਲ ਪਵੋ ਤੇ ਸਾਰੀਆਂ ਦੇਰੀਆਂ ਨੂੰ ਛੱਡ ਦੇਵੋ। ਦੇਸ਼ ਪੰਜਾਬ ਵਿਚ ਆ ਜਾਵੋ ਤੇ ਪਹੁੰਚ ਕੇ ਆਪਣਾ ਅਨੰਦਪੁਰ ਸੰਭਾਲੋ" ॥੫੯॥

ਲੇਕਰਿ ਸਿੱਖ ਪਠਜੋ ਮਗ ਚਾਲਿ। ਪਟਨੇ ਪੁਰਿ ਕੋ ਨਾਮ ਸੰਭਾਲਿ।
ਸਤਿਗੁਰ ਬਸੇ ਉਧਾਰਹਿਂ ਦਾਸ। ਕਵਿ ਸੰਤੋਖ ਸਿੰਘ ਬਾਕ ਬਿਲਾਸ॥ ੬੦॥

ਚਿੱਠੀ ਲੈ ਕੇ ਸਿੱਖ ਰਾਹੇ ਰਾਹ ਚਲ ਪਿਆ ਤੇ ਪਟਨੇ ਪੁਰ ਦਾ ਉਸ ਨਾਮ ਸੰਭਾਲ ਲਿਆ। ਸਤਿਗੁਰੂ ਜੀ ਰਹਿ ਕੇ ਆਪਣੇ ਸੇਵਕਾਂ ਦਾ ਉਧਾਰ ਕਰਦੇ ਸਨ, ਕਵੀ ਸੰਤੋਖ ਸਿੰਘ ਬਚਨ ਬਿਲਾਸ ਕਰਦਾ ਹੈ॥੬੦॥

*ਬਾਰ੍ਹਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥੨੬॥*

❖❖❖

# ਅਧਿਆਇ ਸਤਾਈਵਾਂ

## ਔਰੰਗਜ਼ੇਬ ਦਾ ਸਮਾਂ

ਦੋਹਰਾ- ਤੇਗ ਬਹਾਦਰ ਸਤਿਗੁਰੂ ਬਸਿ ਅਨੰਦ ਪੁਰਿ ਮਾਂਹਿ।
ਸਮਾ ਬਿਤਾਵਤਿ ਸੁਖ ਸਹਿਤ ਦਾਸਨਿ ਸ਼੍ਰੇਯ ਸੁ ਚਾਹਿ॥ ੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਵਿਚ ਵੱਸ ਕੇ, ਸੁਖ ਸਹਿਤ ਸਮਾਂ ਬਤੀਤ ਕਰ ਰਹੇ ਸਨ ਤੇ ਸੇਵਕਾਂ ਨੂੰ ਮੁਕਤੀ ਦੀ ਚਾਹਤ ਸੀ॥੧॥

ਚੌਪਈ- ਤੁਰਕੇਸ਼ੁਰ ਬਹੁ ਗਹੀ ਕੁਚਾਲੀ। ਸ਼ਰਾ ਚਲਾਵਤਿ ਜਗਤ ਬਿਸਾਲੀ।
ਹਿੰਦੁਨਿ ਪਰ ਬਹੁ ਬਲ ਕੋ ਪਾਯੋ। ਚਾਹਤਿ ਸਭ ਕੋ ਧਰਮ ਨਸਾਯੋ॥੨॥

ਤੁਰਕ ਬਾਦਸ਼ਾਹ ਨੇ ਬਹੁਤ ਪੁੱਠੇ ਚਾਲੇ ਫੜੇ ਸਨ, ਜਗਤ ਵਿਚ ਵਿਸ਼ਾਲ ਸ਼ਰ੍ਹਾ ਚਲਾ ਰਿਹਾ ਸੀ, ਹਿੰਦੂਆਂ ਉੱਤੇ ਬਹੁਤ ਸਖ਼ਤੀ ਕਰ ਰਿਹਾ ਸੀ, ਸਾਰਿਆਂ ਦੇ ਧਰਮ ਨੂੰ ਦੂਰ ਕਰਨਾ ਚਾਹੁੰਦਾ ਸੀ॥੨॥

'ਸਗਰੇ ਨਰ ਮੈਂ ਤੁਰਕ ਬਨਾਵੈਂ। ਬਹੁਰ ਸ਼ਰ੍ਹਾ ਮਹਿਂ ਭਲੇ ਚਲਾਵੈਂ।
ਸ਼ਰ੍ਹਾ ਬਿਨਾ ਦੋਜ਼ਕ ਮਹਿਂ ਪਰੈਂ। ਨਹਿਂ ਇਮਾਨ ਕੋ ਨੀਕੇ ਧਰੈਂ॥ ੩॥

ਕਹਿੰਦਾ ਸੀ, "ਸਾਰੇ ਮਨੁੱਖ ਮੈਂ ਤੁਰਕ ਬਣਾਵਾਂਗਾ, ਫਿਰ ਮੈਂ ਭਲੀ ਪ੍ਰਕਾਰ ਸ਼ਰ੍ਹਾ ਚਲਾਵਾਂਗਾ। ਸ਼ਰ੍ਹਾ ਤੋਂ ਬਗੈਰ ਇਹ ਦੋਜ਼ਕ ਵਿਚ ਪੈਣਗੇ ਜੋ ਇਹ ਚੰਗਾ ਇਮਾਨ ਨਹੀਂ ਧਾਰਨ ਕਰਨਗੇ॥੩॥

ਭਯੋ ਮੁਹੰਮਦ ਪਸ਼ਚਮ ਦੇਸ਼। ਤਿਤ ਤੁਰਕਾਨੇ ਓਜ ਵਿਸ਼ੇਸ਼।
ਕਿਤ ਕਿਤ ਹਿੰਦੂ ਰਹੇ ਨਿਜ਼ੋਰ। ਤੁਰਕ ਕਰੌਂ ਪੂਰਬ ਤਿਸ ਓਰ॥ ੪॥

ਸ੍ਰੀ ਮੁਹੰਮਦ ਪੱਛਮ ਦੇਸ਼ ਵਿਚ ਹੋਇਆ ਹੈ, ਉਧਰ ਤੁਰਕਾਂ ਦੀ ਵੱਡੀ ਸ਼ਕਤੀ ਹੈ, ਕਿਤੇ-ਕਿਤੇ ਕਮਜ਼ੋਰ ਹਿੰਦੂ ਰਹਿੰਦੇ ਹਨ। ਪੂਰਬ ਦੇ ਦੇਸ਼ ਨੂੰ ਵੀ ਉਨ੍ਹਾਂ ਵਾਂਗ ਤੁਰਕ ਬਣਾਵਾਂਗਾ॥੪॥

ਉਤ ਤੇ ਹੋਵਤਿ ਆਵਤਿ ਸਾਰੇ॥ ਇਤ ਕੇ ਪਿਖਿ ਹੁਇਂ ਸ਼ਰ੍ਹਾ ਮਝਾਰੇ'।
ਸੰਗ ਮੌਲਵੀ ਮਸਲਤ ਠਾਨੀ। ਸਭਿਨਿ ਸਰਾਹਯੋ 'ਨੀਕ ਬਖਾਨੀ'॥੫॥

ਉਸ ਪਾਸੇ ਤੋਂ ਸਾਰੇ ਆਉਂਦੇ ਹਨ, ਇਨ੍ਹਾਂ ਨੂੰ ਵੇਖ ਕੇ ਸਾਰੇ ਸ਼ਰ੍ਹਾ ਵਿਚ ਹੋ ਜਾਣਗੇ।" ਬਾਦਸ਼ਾਹ ਨੇ ਮੌਲਵੀਆਂ ਦੇ ਨਾਲ ਸਲਾਹ ਕੀਤੀ, ਸਾਰਿਆਂ ਨੇ ਸ਼ਲਾਘਾ ਕੀਤੀ, "ਤੁਸੀਂ ਠੀਕ ਕਿਹਾ ਹੈ"॥੫॥

ਲਿਖਿ ਪਰਵਾਨੇ ਪੁਨਹਿਂ ਪਠਾਏ। ਪ੍ਰਥਮ ਪੁਰੀ ਕਸ਼ਮੀਰ ਸਿਧਾਏ।
ਸੂਬਾ ਤਿਹਠਾਂ ਅਫਕਨ ਸ਼ੇਰ। ਕਰਤਿ ਹੁਕਮ ਸੋਂ ਸਗਰੇ ਜ਼ੇਰ॥ ੬॥

ਫਿਰ ਪਰਵਾਨੇ ਲਿਖ ਕੇ ਭੇਜ ਦਿੱਤੇ, ਪਹਿਲਾਂ ਕਸ਼ਮੀਰ ਦੀ ਨਗਰੀ ਵਿਚ ਪਹੁੰਚ ਗਏ। ਉਥੇ ਦਾ ਸੂਬੇਦਾਰ ਸ਼ੇਰ ਅਫ਼ਗਨ ਸੀ, ਉਹ ਹੁਕਮ ਕਰਕੇ ਸਾਰਿਆਂ ਨੂੰ ਅਧੀਨ ਕਰਦਾ ਸੀ॥੬॥

ਰੰਕ ਦੇਸ਼ ਧਨ ਹਾਕਮ ਲੇਤਿ॥ ਦਾਰਿਦ ਸਾਰੀ ਪ੍ਰਜਾ ਨਿਕੇਤ।
ਪਠਯੋ ਸ਼ਾਹੁ ਕੋ ਜਬਿ ਪਰਵਾਨਾ। 'ਕਰਹੁ ਤੁਰਕ ਇਹ ਦੇਸ਼ ਮਹਾਨਾ॥੭॥

ਗਰੀਬ ਦੇਸ਼ ਸੀ, ਸਾਰਾ ਧਨ ਹਾਕਮ ਲੈ ਲੈਂਦੇ ਸਨ, ਸਾਰੀ ਪਰਜਾ ਦੇ ਘਰੀਂ ਕੰਗਾਲਤਾ ਸੀ। ਜਦ ਬਾਦਸ਼ਾਹ ਦਾ ਭੇਜਿਆ ਪਰਵਾਨਾ ਪਹੁੰਚਿਆ ਜਿਸ ਉਤੇ ਲਿਖਿਆ ਹੋਇਆ ਸੀ, "ਇਸ ਮਹਾਨ ਦੇਸ਼ ਨੂੰ ਤੁਰਕ ਬਣਾਓ॥੭॥

ਧਨ ਧਰਨੀ ਲਾਲਚ ਦਿਖਰਾਵਹੁ। ਬਨਹੁ ਤੁਰਕ ਸਭਿਹੂੰ ਸੁਖ ਪਾਵਹੁ।
ਸਨੇ ਸਨੇ ਮਨ ਕੋ ਬਿਰਮਾਇ। ਮੁਖ ਤੇ ਮਾਧੁਰ ਬਾਕ ਸੁਨਾਇ॥ ੮॥

ਧਨ ਧਰਤੀ ਦਾ ਲਾਲਚ ਵਿਖਾਵੇ, ਤੁਰਕ ਬਣ ਕੇ ਸਾਰੇ ਸੁਖ ਪਾਵੋ। ਹੌਲੀ-ਹੌਲੀ ਸਾਰਿਆਂ ਦੇ ਮਨ ਨੂੰ ਭਰਮਾਓ ਤੇ ਮੁਖ ਤੋਂ ਮਿੱਠੇ ਬਚਨ ਸੁਣਾਓ॥੮॥

ਬਹੁਰ ਓਜ ਕੋ ਦਾਬਾ ਦੇਹੁ। ਜਯੋਂ ਕਯੋਂ ਕਰਹੁ ਸ਼ਰ੍ਹਾ ਮਹਿਂ ਲੇਹੁ।
ਬਹੁ ਜਬਰੀ ਨਹਿਂ ਜਾਨੀ ਪਰੈ। ਦੀਜੈ ਬਯਾਹ ਲਾਲਸਾ ਧਰੈਂ॥ ੯॥

ਫਿਰ ਸ਼ਕਤੀ ਦਾ ਦਬਕਾ ਮਾਰੋ, ਜਿਵੇਂ ਕਿਵੇਂ ਸ਼ਰ੍ਹਾ ਦੇ ਵਿਚ ਲੈ ਆਵੋ। ਬਹੁਤ ਜ਼ਬਰਦਸਤੀ ਨਾ ਜਾਣੀ ਜਾਵੇ, ਵਿਆਹ ਦਾ ਲਾਲਚ ਦੇਵੋ ਤਾਂਕਿ ਲਾਲਚ ਧਾਰਨ ਕਰਨ॥੯॥

ਹਿੰਦੂ ਧਰਮ ਬਿਖੈ ਦ੍ਰਿਢ ਜੇਈ।ਧਨ ਅਰੁ ਬੁਧਿ ਮਹਿਂ ਦੀਰਘ ਕੇਈ।
ਦਿਜ ਆਦਿਕ ਜੇ ਹੈਂ ਇਸ ਦੇਸ਼। ਸਨੇ ਸਨੇ ਕਰਿ ਤੁਰਕ ਅਸ਼ੇਸ਼' ॥ ੧੦॥

ਹਿੰਦੂ ਧਰਮ ਵਿਚ ਜਿਹੜੇ ਦ੍ਰਿੜ੍ਹ ਹਨ, ਧਨ ਅਤੇ ਬੁੱਧੀ ਵਿਚ ਜਿਹੜੇ ਬਹੁਤ ਵੱਡੇ ਹਨ। ਬ੍ਰਾਹਮਣ ਆਦਿ ਜਿਹੜੇ ਇਸ ਦੇਸ਼ ਵਿਚ ਹਨ, ਉਨ੍ਹਾਂ ਸਾਰਿਆਂ ਨੂੰ ਹੌਲੀ-ਹੌਲੀ ਤੁਰਕ ਬਣਾ ਲਵੋ" ॥੧੦॥

ਅਫਕਨ ਸ਼ੇਰ ਸ਼ਾਹੁ ਮਤਿ ਜਾਨੀ। ਦਿਜ ਬੁਲਾਇ ਗਨ ਸੰਗ ਬਖਾਨੀ।
ਜੋ ਬੁਧਿ ਮਹਿਂ ਅਰੁ ਧਨ ਮਹਿਂ ਭਾਰੇ। ਸਕਲ ਆਪਨੇ ਨਿਕਟਿ ਹਕਾਰੇ॥੧੧॥

ਸ਼ੇਰ ਅਫਗਨ ਬਾਦਸ਼ਾਹ ਦੀ ਮੱਤ ਨੂੰ ਸਮਝ ਗਿਆ, ਜਿਹੜੇ ਬੁੱਧੀ ਅਤੇ ਧਨ ਵਿਚ ਵੱਡੇ ਅਮੀਰ ਸਨ, ਉਨ੍ਹਾਂ ਸਭ ਬ੍ਰਾਹਮਣਾਂ ਨੂੰ ਆਪਣੇ ਪਾਸ ਬੁਲਾ ਕੇ ਕਹਿਣ ਲੱਗਾ॥੧੧॥

'ਕਾਗਦ ਪਠਯੋ ਸ਼ਾਹੁ ਲਿਹੁ ਦੇਖਿ। ਬਡਿਆਈ ਕਹੁ ਦੇਹਿ ਬਿਸ਼ੇਖ'।
ਸੁਨਿ ਬਿੱਪ੍ਰਨਿ ਗਨ ਮਨ ਦੁਖ ਪਾਏ। ਕੁਛ ਨਹਿਂ ਕਹਯੋ ਗਯੋ, ਪਛੁਤਾਏ॥੧੨॥

"ਬਾਦਸ਼ਾਹ ਨੇ ਪਰਵਾਨਾ ਭੇਜਿਆ ਹੈ, ਇਸ ਨੂੰ ਵੇਖ ਲਵੋ, ਉਹ ਤੁਹਾਨੂੰ ਵਿਸ਼ੇਸ਼ ਵਡਿਆਈ ਦੇਣਗੇ।" ਸਾਰੇ ਬ੍ਰਾਹਮਣਾਂ ਨੇ ਸੁਣ ਕੇ ਮਨ ਵਿਚ ਦੁਖ ਪਾਇਆ, ਕੁਝ ਨਾ ਕਿਹਾ ਗਿਆ, ਪਛੁਤਾਉਣ ਲੱਗੇ॥੧੨॥

ਸੋਚਤਿ ਚਿਰੰਕਾਲ ਲਗਿ ਰਹੇ। ਅਪਨੇ ਧਰਮ ਹੇਤੁ ਪੁਨ ਕਹੇ।
'ਪ੍ਰਥਮ ਕਿਨਹੁ ਨਹਿਂ ਕੀਨਸਿ ਐਸੇ। ਜ਼ੋਰਾਵਰੀ ਚਹਹੁ ਅਬਿ ਜੈਸੇ॥ ੧੩॥

ਕਾਫੀ ਦੇਰ ਤਕ ਸੋਚਦੇ ਰਹੇ, ਆਪਣੇ ਧਰਮ ਵਾਸਤੇ ਫਿਰ ਕਿਹਾ, "ਪਹਿਲਾਂ ਕਿਸੇ ਨੇ ਇਸ ਤਰ੍ਹਾਂ ਨਹੀਂ ਕੀਤਾ ਹੈ, ਜਿਸ ਤਰ੍ਹਾਂ ਹੁਣ ਜ਼ਬਰਦਸਤੀ ਕਰਨਾ ਚਾਹੁੰਦੇ ਹੋ॥੧੩॥

ਅਪਨੋ ਧਰਮ ਤਜਹਿਂ ਕਿਮ ਸੋਇ। ਸ੍ਰਿਸ਼ਟਿ ਰਚੀ ਤਬਿ ਕੋ ਇਹ ਜੋਇ।
ਕਰਹੁ ਓਜ ਦੀਜੈ ਸਭਿ ਮਾਰੇ। ਨਹਿਂ ਕੈਸੇ ਹਮ ਜਨਮ ਬਿਗਾਰੇਂ॥ ੧੪॥

ਆਪਣਾ ਧਰਮ ਕਿਵੇਂ ਛੱਡੀਏ, ਜਦ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ ਤਦ ਤੋਂ ਸਾਡੇ ਵਡੇਰਿਆਂ ਨੇ ਧਰਮ ਧਾਰਨ ਕੀਤਾ ਹੈ। ਸ਼ਕਤੀ ਕਰਕੇ ਸਾਰਿਆਂ ਨੂੰ ਮਾਰ ਦੇਵੋ, ਅਸੀਂ ਆਪਣਾ ਜਨਮ ਕਿਵੇਂ ਵਿਗਾੜੀਏ॥੧੪॥

ਰਾਖਹਿਂ ਧਰਮ ਮਰਨ ਲੌ ਸੋਈ। ਕੌਨ ਕੂਰ ਕੋ ਜੀਵਨ ਹੋਈ'।
ਇਮ ਕਹਿ ਆਪਨੇ ਸਦਨ ਸਿਧਾਰੇ। ਜੇ ਦ੍ਰਿਢ ਹੁਤੇ ਧਰਮ ਧਨ ਭਾਰੇ॥੧੫॥

ਅਸੀਂ ਮਰਨ ਤਕ ਆਪਣਾ ਧਰਮ ਰੱਖਾਂਗੇ, ਝੂਠ ਦਾ ਜੀਵਨ ਕੌਣ ਜੀਵੇ ?" ਇਹ ਕਹਿ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਜਿਹੜੇ ਧਰਮ ਦੇ ਧਨੀ ਆਪਣੇ ਧਰਮ ਵਿਚ ਦ੍ਰਿੜ੍ਹ ਸਨ॥੧੫॥

ਪੁਨ ਕੇਤਿਕ ਦਿਨ ਬੀਤੇ ਜਬੈ। ਗਈ ਤਗੀਦ ਸ਼ਾਹੁ ਕੀ ਤਬੈ।
ਅਫਕਨ ਸ਼ੇਰ ਡਰਜੋ ਰਿਸ ਕੀਨਿ। ਬੁਧਿ ਕਰਿ ਇਸ ਪ੍ਰਕਾਰ ਉਰ ਚੀਨ॥੧੬॥

ਫਿਰ ਜਦ ਕਈ ਦਿਨ ਬੀਤੇ, ਬਾਦਸ਼ਾਹ ਵਲੋਂ ਫਿਰ ਤਗੀਦ ਚਲੇ ਗਈ। ਸ਼ੇਰ ਅਫਗਨ ਬਹੁਤ ਡਰਿਆ ਤੇ ਉਸ ਬਹੁਤ ਕ੍ਰੋਧ ਕੀਤਾ। ਬੁੱਧੀ ਕਰਕੇ ਉਹ ਇਸ ਪ੍ਰਕਾਰ ਸਮਝਿਆ॥੧੬॥

ਜੇ ਗ੍ਰਾਮਨਿ ਮਹਿਂ ਹਿੰਦੂ ਬ੍ਰਿੰਦ। ਪ੍ਰਥਮ ਤੁਰਕ ਤਿਨ ਕਰੌਂ ਬਿਲੰਦ।
ਪਰਬਤ ਬਾਸੀ ਦਿਜ ਸਮੁਦਾਏ। ਕੇਤਿਕ ਖੱਤ੍ਰੀ ਸਦਨ ਬਸਾਏ॥ ੧੭॥

ਜਿਹੜੇ ਪਿੰਡਾਂ ਵਿਚ ਬਹੁਤ ਹਿੰਦੂ ਰਹਿੰਦੇ ਹਨ, ਉਨ੍ਹਾਂ ਨੂੰ ਪਹਿਲਾਂ ਤੁਰਕ ਬਣਾਉਂਦਾ ਹਾਂ। ਪਰਬਤਾਂ ਵਾਸੀ ਜਿਹੜੇ ਬ੍ਰਾਹਮਣ ਹਨ ਅਤੇ ਕਈ ਖੱਤਰੀਆਂ ਦੇ ਘਰ ਵੱਸਦੇ ਹਨ॥੧੭॥

ਤਹਿਂ ਚਢਿ ਆਦਿ ਜ਼ੋਰ ਕੋ ਘਾਲਾ। ਕੀਨੋ ਤਿਨ ਕੋ ਤੁਰਕ ਬਿਸਾਲਾ।
ਬੀਸ ਤੀਸ ਕੋਸਨ ਮਹਿਂ ਜੋਇ। ਇਕ ਦਿਨ ਸਕਲ ਏਕਠੇ ਹੋਇ॥ ੧੮॥

ਓਥੇ ਚੜ੍ਹ ਕੇ ਆ ਗਿਆ ਤੇ ਬੜਾ ਜ਼ੋਰ ਪਾਇਆ ਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਤੁਰਕ ਬਣਾ ਲਿਆ। ਇਕ ਦਿਨ ਵੀਹਾਂ ਤੀਹਾਂ ਕੋਹਾਂ ਦੇ ਘੇਰੇ ਵਿਚ ਜਿੰਨੇ ਵੀ ਪਿੰਡ ਸਨ, ਉਨ੍ਹਾਂ ਵਿਚ ਵੱਸਦੇ ਸਾਰੇ ਹਿੰਦੂਆਂ ਨੂੰ ਇਕ ਥਾਂ ਇਕੱਠਾ ਕੀਤਾ॥੧੮॥

ਕਰੇ ਉਤਾਰਨਿ ਸਰਬ ਜਨੇਊ। ਤੋਲ ਸਵਾ ਮਨ ਹੋਯਸਿ ਤੇਊ।
ਤਿਸ ਦਿਨ ਤੁਰਕ ਭਏ ਹੈਂ ਸਾਰੇ। ਹਿੰਦੁਨਿ ਹਾਹਾਕਾਰ ਉਚਾਰੇ॥ ੧੯॥

ਸਾਰਿਆਂ ਦੇ ਜਨੇਊ ਉਤਾਰ ਲਏ, ਜਦ ਉਨ੍ਹਾਂ ਦਾ ਭਾਰ ਸਵਾ ਮਣ ਹੋ ਗਿਆ, ਉਸ ਦਿਨ ਉਨ੍ਹਾਂ ਸਾਰਿਆਂ ਨੂੰ ਤੁਰਕ ਬਣਾ ਲਿਆ। ਹਿੰਦੂ ਹਾਹਾਕਾਰ ਉਚਾਰਦੇ ਸਨ॥੧੯॥

ਖੱਖੇ ਨਾਮ ਭਯੋ ਖੱਤ੍ਰੀਨ। ਭੰਭੇ ਨਾਮ ਦਿਜਨ ਕੋ ਕੀਨਿ।
ਪੁਰਿ ਕਸ਼ਮੀਰ ਤੀਰ ਗਿਰ ਜੋਏ। ਕਿਤਿਕ ਦਿਵਸ ਮਹਿਂ ਤੁਰਕ ਸੁ ਹੋਏ॥੨੦॥

ਖੱਖੇ ਮੁਸਲਮਾਨ ਖੱਤਰੀਆਂ ਦਾ ਨਾਂ ਪੈ ਗਿਆ ਤੇ ਭੰਭੇ ਨਾਮ ਬ੍ਰਾਹਮਣਾਂ ਦਾ ਕਰ ਦਿੱਤਾ। ਕਸ਼ਮੀਰ ਦੇਸ਼ ਦੇ ਪਾਸ ਜਿੰਨੇ ਵੀ ਪਹਾੜ ਸਨ, ਕੁਝ ਦਿਨਾਂ ਵਿਚ ਸਾਰੇ ਤੁਰਕ ਹੋ ਗਏ॥੨੦॥

ਦਰਬ ਆਦਿ ਸਾਮਿੱਗ੍ਰੀ ਜੇਤੀ। ਘਰ ਤੁਰਕਨਿ ਕੇ ਬਿਰਧੀ ਤੇਤੀ।
ਇਮ ਅੜ ਹਿੰਦੁਨਿ ਕੀ ਜਬਿ ਟੂਟੀ। ਸੰਸੈਮਾਨ ਭਏ ਧ੍ਰਿਤਿ ਛੂਟੀ॥ ੨੧॥

ਧਨ ਆਦਿ ਜਿੰਨੀ ਵੀ ਸਮੱਗਰੀ ਸੀ, ਓਨੀ ਹੀ ਤੁਰਕਾਂ ਦੇ ਘਰ ਵਿਚ ਵੱਧ ਗਈ। ਇਸ ਤਰ੍ਹਾਂ ਜਦ ਹਿੰਦੂਆਂ ਦੀ ਅੜ ਟੁੱਟ ਗਈ ਤਾਂ ਸਾਰੇ ਸ਼ੰਕੇਵਾਨ ਹੋ ਗਏ ਤੇ ਧੀਰਜ ਜਾਂਦਾ ਰਿਹਾ॥੨੧॥

ਬਹੁਰ ਬਿੱਪ੍ਰ ਪੁਰਿ ਕੇ ਸਮੁਦਾਏ। ਸਗਰੇ ਅਫਕਨ ਸ਼ੇਰੇ ਬੁਲਾਏ।
ਕਹਜੋ ਜੋਰ ਕਰਿ 'ਕਲਮਾ ਪਠੋ। ਸਰਹਿ ਨ ਕਹਾਂ ਸ਼ਰ੍ਹਾ ਤੇ ਨਠੋ'॥ ੨੨॥

ਫਿਰ ਸਾਰੇ ਨਗਰਾਂ ਦੇ ਬ੍ਰਾਹਮਣਾਂ ਨੂੰ ਸ਼ੇਰ ਅਫਗਨ ਨੇ ਬੁਲਾਇਆ, ਉਨ੍ਹਾਂ ਨੂੰ ਕਿਹਾ ਕਿ ਹੱਥ ਜੋੜ ਕੇ ਕਲਮਾ ਪੜ੍ਹੋ, ਸ਼ਰ੍ਹਾ ਤੋਂ ਨੱਠਿਆਂ ਕੁਝ ਨਹੀਂ ਬਣੇਗਾ" ॥੨੨॥

ਸੁਨਿ ਕੈ ਸਭਿ ਹਿੰਦੁਨਿ ਕੋ ਚਿੰਤਾ। ਭਏ ਇਕੱਤ੍ਰ ਕਹੈਂ ਬਿਰਤੰਤਾ।
'ਅਪਰ ਉਪਾਇ ਨ ਕੋ ਬਨਿ ਆਵੈ। ਜਗਤ ਰਾਜ ਇਨ, ਥਾਉਂ ਨ ਪਾਵੈਂ ॥੨੩॥

ਇਹ ਸੁਣ ਕੇ ਸਭ ਹਿੰਦੂਆਂ ਨੂੰ ਚਿੰਤਾ ਹੋ ਗਈ, ਇਕੱਠੇ ਹੋ ਕੇ ਆਪਣਾ ਬ੍ਰਿਤਾਂਤ ਕਹਿੰਦੇ ਸਨ, "ਹੋਰ ਕੋਈ ਉਪਾਅ ਬਣਦਾ ਨਹੀਂ ਸੀ। ਸਾਰੇ ਜਗਤ ਵਿਚ ਇਨ੍ਹਾਂ ਦਾ ਰਾਜ ਹੈ, ਲੁਕਣ ਵਾਸਤੇ ਹੋਰ ਕਿਤੇ ਥਾਂ ਨਹੀਂ ਮਿਲਦਾ ਹੈ ॥੨੩॥

ਮਿਲਹੁ ਚਲਹੁ ਅਮਰੇਸ਼ੁਰ ਥਾਨ। ਦਿਹੁ ਧਰਨਾ ਤਜਿ ਖਾਨ ਰੁ ਪਾਨ।
ਤਹਿਂ ਮਰਿ ਰਹਹੁ ਕਿ ਰੁਦ੍ਰ ਰਿਝਾਵਹੁ। ਰਾਖਹਿਂ ਧਰਮ ਹਿੰਦੁ ਬਰ ਪਾਵਹੁ ॥੨੪॥

ਚਲ ਕੇ ਅਮਰ ਨਾਥ ਵਾਲੇ ਥਾਂ ਜਾ ਕੇ ਮਿਲੋ ਤੇ ਖਾਣਾ ਪੀਣਾ ਛੱਡ ਕੇ ਧਰਨਾ ਦੇਵੋ, ਉਥੇ ਮਰ ਰਹੋ ਤੇ ਸ਼ਿਵਜੀ ਨੂੰ ਪ੍ਰਸੰਨ ਕਰੋ, "ਹਿੰਦੂ ਧਰਮ ਨੂੰ ਰੱਖੋ" ਦਾ ਵਰ ਪਾਵੋ ॥੨੪॥

ਤੁਰਕ ਸੰਗ ਕੀਜਹਿ ਤਕਰਾਰ। ਇਕ ਦੁਇ ਮਾਸਨ ਕੋ ਧ੍ਰਿਤ ਧਾਰਿ'।
ਅਸ ਮਸਲਤ ਕਰਿ ਪਹੁੰਚੇ ਜਾਇ। ਜਹਿਂ ਸੂਬਾ ਅਰੁ ਨਰ ਸਮੁਦਾਇ ॥੨੫॥

ਤੁਰਕ ਨਾਲ ਇਕਰਾਰ ਕਰੋ, ਇਕ ਦੋ ਮਹੀਨਿਆਂ ਤਕ ਧੀਰਜ ਧਾਰ ਕੇ ਰੱਖੋ।" ਇਸ ਤਰ੍ਹਾਂ ਸਲਾਹ ਕਰਕੇ, ਉਥੇ ਜਾ ਪਹੁੰਚੇ ਜਿੱਥੇ ਸੂਬਾ ਤੇ ਹੋਰ ਮਨੁੱਖ ਇਕੱਠੇ ਹੋਏ ਸਨ ॥੨੫॥

ਹਾਥ ਜੋਰਿ ਸਭਿਹੂੰਨਿ ਉਚਾਰਾ। 'ਖਟ ਮਾਸਨਿ ਬੰਧਹੁ ਤਕਰਾਰਾ।
ਜਤਨ ਜਿਤਿਕ ਹਮ ਤੇ ਹੁਇ ਜਾਇ। ਸੋ ਕਰਿ ਲੇਹਿਂ ਜਿ ਧਰਮ ਰਹਾਇ ॥੨੬॥

ਹੱਥ ਜੋੜ ਕੇ ਸਾਰਿਆਂ ਨੇ ਉਚਾਰਨ ਕੀਤਾ, "ਛੇ ਮਹੀਨਿਆਂ ਤਕ ਦਾ ਅਸੀਂ ਇਕਰਾਰ ਕਰਦੇ ਹਾਂ, ਜਿੰਨੇ ਸਾਥੋਂ ਯਤਨ ਹੋ ਸਕਣ, ਉਹ ਅਸੀਂ ਕਰ ਲਈਏ, ਜੋ ਸਾਡਾ ਧਰਮ ਰਹਿ ਜਾਵੇ ॥੨੬॥

ਨਾਂਹਿ ਤ ਹਮ ਮਾਨਹਿਂ ਜਿਮ ਕਹੋ। ਜਗਪਤਿ ਆਜ ਬਲੀ ਤੁਮ ਅਹੋ'।
ਅਫਕਨ ਸ਼ੇਰ ਮਾਨਿ ਜਬਿ ਲੀਨੀ। ਭਲੇ ਦਿਜਨ ਮਿਲਿ ਤਯਾਰੀ ਕੀਨੀ ॥੨੭॥

ਨਹੀਂ ਤਾਂ ਅਸੀਂ ਉਸ ਤਰ੍ਹਾਂ ਮੰਨ ਲਵਾਂਗੇ ਜਿਵੇਂ ਕਹੋਗੇ, ਤੁਸੀਂ ਅੱਜ ਜਗਤ ਦੇ ਮਾਲਕ ਅਤੇ ਵੱਡੇ ਬਲਵਾਨ ਹੋ।" ਸ਼ੇਰ ਅਫਗਨ ਨੇ ਉਨ੍ਹਾਂ ਦੀ ਗੱਲ ਮੰਨ ਲਈ, ਬ੍ਰਾਹਮਣਾਂ ਨੇ ਮਿਲ ਕੇ ਭਲੀ ਪ੍ਰਕਾਰ ਤਿਆਰੀ ਕੀਤੀ ॥੨੭॥

'ਜੀਵਨ ਤੇ ਮਰਿਬੋ ਅਬਿ ਆਛੋ। ਧਰਮ ਤਜਾਗਿਬੋ ਨਾਂਹਿਨ ਬਾਂਛੋ'।
ਇਮ ਹਠ ਕਰਿ ਪੁਰਿ ਕੇਤਿਕ ਕੋਸਾ। ਅਮਰਨਾਥ ਗੇ ਧਾਰਿ ਭਰੋਸਾ ॥੨੮॥

"ਜੀਵਨ ਨਾਲੋਂ ਹੁਣ ਮਰਨਾ ਚੰਗਾ ਹੈ, ਧਰਮ ਤਿਆਗਣਾ ਅਸੀਂ ਨਹੀਂ ਚਾਹੁੰਦੇ ਹਾਂ।" ਇਸ ਤਰ੍ਹਾਂ ਹੱਠ ਕਰਕੇ, ਕਈ ਕੋਹਾਂ ਦਾ ਲੰਮਾ ਪੈਂਡਾ ਤਹਿ ਕਰਕੇ ਭਰੋਸਾ ਧਾਰ ਕੇ ਅਮਰਨਾਥ ਪਹੁੰਚ ਗਏ ॥੨੮॥

ਤਜਿ ਕਰਿ ਖਾਨ ਪਾਨ ਧ੍ਰਿਤ ਧਰਿਕੈ। ਬੈਠੇ ਚਹੁਂ ਦਿਸ਼ਿ ਮੱਜਨ ਕਰਿਕੈ।
ਸ਼ਿਵ ਕੇ ਨਾਮ ਹਜ਼ਾਰਹੁਂ ਕਹੈਂ। 'ਸ਼ੰਭੁ, ਚੰਦ੍ਰਚੂੜ, ਮ੍ਰਿੜ ਅਹੈਂ'॥ ੨੯॥

ਖਾਣ ਪੀਣ ਛੱਡ ਕੇ ਤੇ ਧੀਰਜ ਧਾਰ ਕੇ, ਇਸ਼ਨਾਨ ਕਰਕੇ ਚਾਰੇ ਪਾਸੇ ਬੈਠ ਗਏ ਤੇ ਸ਼ਿਵਜੀ ਦੇ ਹਜ਼ਾਰਾਂ ਨਾਮ ਕਹੇ, "ਤੂੰ ਸ਼ੰਭੂ, ਚੰਦ੍ਰਚੂੜ ਅਤੇ ਮ੍ਰਿੜ ਹੋ ॥੨੯॥

ਨੀਲ ਕੰਠ, ਸੂਲੀ, ਹਰ, ਜਟੀ। ਬਰਨ ਸੁ ਬਿਸਦ ਬਿਭੂਤੀ ਠਟੀ।
ਅੰਧਕ ਘਾਤਕ, ਰੁਦ੍ਰ, ਤ੍ਰਿਲੋਚਨ। ਸ਼ੰਕਰ ਸੇਵਕ ਸੋਚ ਬਿਮੋਚਨ॥ ੩੦॥

ਨੀਲ ਕੰਠ, ਸ਼ੂਲੀ, ਹਰ, ਜਟੀ ਤੇ ਚਿੱਟੇ ਰੰਗ ਦੀ ਸਵਾਹ ਮਲੀ ਹੋਈ ਹੈ, ਤੂੰ ਅੰਧਕ ਦੈਂਤ ਦਾ ਨਾਸ਼ ਕਰਤਾ ਹੈਂ, ਤਿੰਨਾਂ ਅੱਖਾਂ ਵਾਲਾ ਸ਼ਿਵ ਸ਼ੰਕਰ ਹੈਂ ਤੇ ਆਪਣੇ ਸੇਵਕਾਂ ਦੇ ਫਿਕਰ ਦੂਰ ਕਰਨ ਵਾਲਾ ਹੈਂ॥੩੦॥

ਤਪ ਕੀ ਮੂਰਤਿ ਬਹੁਤ ਪ੍ਰਤਾਪੇ। ਹੋਤਿ ਪ੍ਰਸੰਨ ਅਲਪ ਜਪੁ ਜਾਪੇ।
ਮਹਾਂ ਦੇਵ, ਭਵ, ਭੱਦ੍ਰ ਕਰੰਤਾ। ਤ੍ਰਿਪੁਰ ਹਰਜੋ ਤਿਮ ਬਿਘਨ ਹਰੰਤਾ॥ ੩੧॥

ਤਪ ਦੀ ਮੂਰਤ ਹੈਂ, ਬਹੁਤ ਪ੍ਰਤਾਪ ਵਾਲਾ ਹੈਂ, ਜਦ ਛੋਟਾ ਜਾਪਦਾ ਹੈਂ ਬਹੁਤ ਪ੍ਰਸੰਨ ਹੁੰਦਾ ਹੈਂ, ਮਹਾਂਦੇਵ, ਭਵ, ਕਲਿਆਨ ਕਰਤਾ, ਜਿਸ ਨੇ ਜਿਵੇਂ ਤ੍ਰਿਪੁਰ ਮਾਰਿਆ ਸੀ, ਉਸ ਤਰ੍ਹਾਂ ਵਿਘਨਾਂ ਨੂੰ ਦੂਰ ਕਰਨ ਵਾਲਾ ਹੈਂ॥੩੧॥

ਜਗਤ ਮ੍ਰਿਜਾਦਾ ਥਾਪਤਿ ਰਹਜੋ। ਕਥਾ ਪੁਰਾਨਨਿ ਕੀ ਮਹਿ ਲਹਜੋ।
ਪਾਰਬਤੀ ਪਤਿ, ਪਾਨ ਪਿਨਾਕੂ। ਕਰਹੁ ਚਹਹੁ ਜਿਮ ਕਹਿ ਇਕ ਵਾਕੂ॥ ੩੨॥

ਜਗਤ ਦੀ ਮਰਯਾਦਾ ਸਥਾਪਤ ਕਰਦਾ ਰਿਹਾ ਹੈਂ, ਪੁਰਾਣਾਂ ਦੀ ਕਥਾ ਵਿਚ ਜਾਣਿਆ ਗਿਆ ਹੈਂ, ਪਾਰਬਤੀ ਪਤੀ, ਹੱਥ ਵਿਚ ਪਿਨਾਕ ਧਨੁੱਖ ਧਾਰਨ ਕਰਨ ਵਾਲਾ ਹੈਂ, ਇਕ ਵਾਕ ਕਹਿ ਕੇ ਜੋ ਕੁਝ ਕਰਨਾ ਚਾਹੁੰਦੇ ਹੋ ਕਰ ਲੈਂਦੇ ਹੋ॥੩੨॥

ਜਬਿ ਸੁਰ ਗਨ ਕੋ ਅਪਦਾ ਆਵੈ। ਦੀਨ ਹੋਇ ਤਵ ਸ਼ਰਨ ਸਿਧਾਵੈਂ।
ਅਪਨੇ ਭਗਤ ਜਾਨਿ ਸਮੁਦਾਇ। ਬਲ ਬਿਸਾਲ ਤੇ ਕਰਹਿਂ ਸਹਾਇ॥ ੩੩॥

ਜਦ ਦੇਵਤਿਆਂ ਨੂੰ ਬਿਪਤਾ ਪੈਂਦੀ ਹੈ ਤੇ ਉਹ ਦੀਨ ਹੋ ਕੇ ਤੁਹਾਡੀ ਸ਼ਰਨ ਆਉਂਦੇ ਹਨ, ਸਾਰਿਆਂ ਨੂੰ ਆਪਣੇ ਭਗਤ ਜਾਣ ਕੇ, ਵੱਡਾ ਬਲ ਧਾਰ ਕੇ ਸਹਾਇਤਾ ਕਰਦਾ ਹੈਂ॥੩੩॥

ਦੀਨ ਬੰਧੁ ਦੁਖ ਦਾਰਿਦ ਹਰਤਾ। ਸੈਲ ਕਿਲਾਸ਼ ਬਾਸ ਆਚਰਤਾ।
ਪ੍ਰਭੁ ਪਸੁਪਤਿ, ਈਸੁਰ, ਭਗਵਾਨੂ। ਭੁਗਤਹਿ ਜਗ ਨਿਤ ਤੇਰੋ ਦਾਨ॥ ੩੪॥

ਦੀਨ ਬੰਧੂ ਤੇ ਦੁਖ ਗਰੀਬੀ ਨੂੰ ਦੂਰ ਕਰਨ ਵਾਲਾ ਹੈਂ ਤੇ ਕਿਲਾਸ਼ ਪਰਬਤ ਤੇ ਵਾਸਾ ਕਰਦਾ ਹੈਂ, ਤੁਸੀਂ ਪ੍ਰਭੂ, ਪਸ਼ੂਪਤੀ, ਈਸ਼ਵਰ ਅਤੇ ਭਗਵਾਨ ਹੋ, ਜਗ ਸਦਾ ਤੇਰੇ ਦਾਨ ਨੂੰ ਭੋਗਦਾ ਹੈ॥੩੪॥

ਅਬਿ ਆਯੋ ਭੀਖਨ ਕਲਿ ਕਾਲ। ਭਯੋ ਜਮਨ ਕੋ ਤੇਜ ਬਿਸਾਲ।
ਹਿੰਦੂ ਧਰਮ ਕੋ ਨਾਸ਼ ਕਰੰਤਾ। ਚਹਿਤ ਮ੍ਰਿਜਾਦਾ ਸਗਰੀ ਹੰਤਾ॥ ੩੫॥

ਹੁਣ ਭਿਆਨਕ ਕਲਿਜੁਗ ਦਾ ਸਮਾਂ ਆਇਆ ਹੈ, ਤੁਰਕਾਂ ਦਾ ਵਿਸ਼ਾਲ ਤੇਜ ਵੱਧ ਗਿਆ ਹੈ। ਉਹ ਹਿੰਦੂਆਂ ਦਾ ਨਾਸ਼ ਕਰ ਰਿਹਾ ਹੈ ਤੇ ਸਾਰੀ ਮਰਯਾਦਾ ਨੂੰ ਤਬਾਹ ਕਰਨਾ ਚਾਹੁੰਦਾ ਹੈ॥੩੫॥

ਦਿਜਗਨ ਆਨਿ ਪਰੇ ਸ਼ਰਨਾਈ। ਤੁਮ ਬਿਨ ਕੋ ਅਬਿ ਹੋਇ ਸਹਾਈ।
ਰਾਜ ਤੁਰਕ ਕੋ ਮਹਿਦ ਪ੍ਰਕਾਸ਼ਾ। ਰਾਵਨ ਜਿਮ ਨਹਿਂ ਚਹਹੁ ਜਿ ਨਾਸਾ॥ ੩੬॥

ਅਸੀਂ ਸਾਰੇ ਬ੍ਰਾਹਮਣ ਤੁਹਾਡੀ ਸ਼ਰਨ ਆ ਪਏ ਹਾਂ, ਤੁਹਾਡੇ ਬਗੈਰ ਹੁਣ ਸਾਡੀ ਕੌਣ ਸਹਾਇਤਾ ਕਰ ਸਕਦਾ ਹੈ। ਤੁਰਕ ਦੇ ਰਾਜ ਦਾ ਵੱਡਾ ਪ੍ਰਕਾਸ਼ ਹੋਇਆ ਹੈ। ਰਾਵਨ ਵਾਂਗ ਜੇ ਤੁਸੀਂ ਤੁਰਕਾਂ ਦਾ ਨਾਸ਼ ਕਰਨਾ ਨਹੀਂ ਚਾਹੁੰਦੇ॥੩੬॥

ਤਊ ਧਰਮ ਹਿੰਦੁਨਿ ਕੋ ਭਾਰੀ। ਬਨ ਸਹਾਇ ਅਬਿ ਲੇਹੁ ਉਬਾਰੀ।
ਨਤੁ ਸਭਿ ਏਕ ਮਈ ਹੁਇ ਜਾਵੈ। ਸੁਰ ਗਨ ਕੀ ਪੂਜਾ ਬਿਨਸਾਵੈ॥ ੩੭॥

ਫਿਰ ਵੀ ਹਿੰਦੂਆਂ ਦਾ ਭਾਰੀ ਧਰਮ ਹੈ, ਸਹਾਇਕ ਬਣ ਕੇ ਹੁਣ ਇਸ ਨੂੰ ਬਚਾ ਲਵੋ। ਨਹੀਂ ਤਾਂ ਸਾਰੇ ਇਕ ਸਮਾਨ ਹੋ ਜਾਣਗੇ ਤੇ ਸਾਰੇ ਦੇਵਤਿਆਂ ਦੀ ਪੂਜਾ ਖਤਮ ਕਰ ਦੇਣਗੇ॥੩੭॥

ਬਿੱਪ੍ਰ ਦੀਨ ਬਨਿ ਪਹੁੰਚੇ ਸ਼ਰਨੀ। ਕਰੁਨਾ ਕਰਹੁ ਧਰਮ ਰਹਿ ਧਰਨੀ।
ਇੱਤਜਾਦਿਕ ਦਿਜ ਨਾਮ ਰਟੰਤੇ। ਧੂਪ ਦੀਪ ਬਹੁ ਬਲੀ ਚਢੰਤੇ॥ ੩੮॥

ਬ੍ਰਾਹਮਣ ਦੀਨ ਹੋ ਕੇ ਤੁਹਾਡੀ ਸ਼ਰਨ ਵਿਚ ਪਹੁੰਚੇ ਹਨ, ਕਿਰਪਾ ਕਰੋ ਤਾਂਕਿ ਧਰਤੀ ਤੇ ਧਰਮ ਰਹਿ ਜਾਵੇ। ਇਸ ਤਰ੍ਹਾਂ ਬ੍ਰਾਹਮਣ ਨਾਮ ਰੱਟਦੇ ਸਨ, ਧੂਪ, ਦੀਪ ਤੇ ਬਹੁਤ ਬਲੀਆਂ ਚੜ੍ਹਾਉਂਦੇ ਸਨ॥੩੮॥

ਪਰੇ ਕਰਹਿਂ ਡੰਡੌਤ ਘਨੇਰੀ। ਬਹੁ ਬਿਨਤੀ ਬੋਲਹਿਂ ਤਿਸ ਬੇਰੀ।
ਖਾਨ ਪਾਨ ਬਿਨ ਨਿਸ ਦਿਨ ਰੋਵੈਂ। ਬੈਠੇ ਇਕ ਆਸਨ, ਨਹਿਂ ਸੋਵੈਂ॥ ੩੯॥

ਵੱਡੀ ਡੰਡੌਤ ਬੰਦਨਾ ਕਰਕੇ ਲੰਮੇ ਪੈ ਗਏ, ਉਸ ਸਮੇਂ ਬਹੁਤ ਬੇਨਤੀਆਂ ਕਰਦੇ ਸਨ। ਖਾਣ ਪੀਣ ਬਗੈਰ ਦਿਨ ਰਾਤ ਰੋਂਦੇ ਸਨ, ਇਕ ਆਸਣ ਤੇ ਬੈਠੇ ਰਹਿੰਦੇ ਸਨ ਤੇ ਸੌਂਦੇ ਨਹੀਂ ਸੀ॥੩੯॥

ਕਨਕ, ਅਰਕ, ਬਿਲ ਦਲ ਅਰਪੰਤੇ। ਭੋਲਾ ਨਾਥ ਧਜਾਨ ਚਿਤਵੰਤੇ।
ਅਸ਼ਟ ਦਿਵਸ ਜਬਿ ਭਏ ਬਿਤੀਤ। ਛੁਧਾ ਪਿਪਾਸਾ ਨਿੰਦ੍ਰਾ ਜੀਤਿ॥ ੪੦॥

ਧਤੂਰਾ, ਅੱਕ, ਬਿੱਲ ਦੇ ਪੱਤੇ ਅਰਪਣ ਕਰਦੇ ਸਨ ਤੇ ਭੋਲੇ ਨਾਥ ਦਾ ਧਿਆਨ ਧਾਰਨ ਕਰਦੇ ਸਨ। ਇਸ ਤਰ੍ਹਾਂ ਜਦ ਅੱਠ ਦਿਨ ਬਤੀਤ ਕੀਤੇ ਤਾਂ ਭੁੱਖ, ਪਿਆਸ ਅਤੇ ਨੀਂਦ ਨੇ ਉਨ੍ਹਾਂ ਨੂੰ ਜਿੱਤ ਲਿਆ॥੪੦॥

ਮੰਡਜੋ ਮਰਣ ਜਿਯਨਿ ਤਜਿ ਆਸਾ। ਨਹਿਂ ਨਿਜ ਕਰਿ ਹੈਂ ਧਰਮ ਬਿਨਾਸ਼ਾ।
ਬਜਾਕੁਲ ਹੋਇ ਕਿਤਿਕ ਗਿਰ ਰਹੇ। ਬਿਨਾ ਅਹਾਰ ਕਹਾਂ ਬਲ ਲਹੇ॥ ੪੧॥

ਜੀਉਣ ਦੀ ਆਸ ਛੱਡ ਕੇ ਮਰਨਾ ਕਬੂਲ ਕੀਤਾ ਤੇ ਆਪਣੇ ਧਰਮ ਨੂੰ ਬਿਨਾਸ਼ ਨਹੀਂ ਕਰਨਾ ਚਾਹੁੰਦੇ ਸਨ। ਵਿਆਕੁਲ ਹੋ ਕੇ ਕਈ ਡਿੱਗ ਪਏ, ਭੋਜਨ ਤੋਂ ਬਗੈਰ ਕਿਵੇਂ ਬਲ ਰਹਿ ਸਕਦਾ ਸੀ॥੪੧॥

ਕਿਤਿਕ ਅਧਿਕ ਹਠ ਧਾਰੀ ਬਿੱਪ੍ਰ। ਸੰਕਟ ਸਹੈਂ ਸਧੀਰ ਅਛਿੱਪ੍ਰ।
ਪੂਜਾ ਕਰਹਿਂ ਅਨੇਕ ਪ੍ਰਕਾਰਾ। ਪਰਹਿ ਨਿਰੰਤਰ ਜਲ ਕੀ ਧਾਰਾ॥ ੪੨॥

ਕਈ ਬ੍ਰਾਹਮਣਾਂ ਨੇ ਬਹੁਤ ਵੱਡਾ ਹੱਠ ਧਾਰਨ ਕੀਤਾ ਸੀ, ਹੌਲੀ-ਹੌਲੀ ਸ੍ਰੇਸ਼ਟ ਧੀਰਜ ਧਾਰ ਕੇ ਦੁਖ ਬਰਦਾਸ਼ਤ ਕਰਦੇ ਸਨ। ਅਨੇਕ ਪ੍ਰਕਾਰ ਪੂਜਾ ਕਰਦੇ ਸਨ ਤੇ ਅੱਖਾਂ ਵਿਚੋਂ ਲਗਾਤਾਰ ਜਲ ਦੀ ਧਾਰਾ ਵਹਿ ਰਹੀ ਸੀ॥੪੨॥

ਧਰਹਿਂ ਧਜਾਨ ਜਿਸ ਪਰ ਮ੍ਰਿਗ ਛਾਲਾ। ਪਾਰਬਤੀ ਅਰਧੰਗਿ ਸੁਚਾਲਾ।
ਲਪਟੇ ਸਰਪ ਬਿਭੂਤ ਲਗਾਏ। ਮੁੰਡਨ ਮਾਲ ਬਿਸਾਲ ਬਨਾਏ॥ ੪੩॥

ਜਿਸ ਉੱਤੇ ਮ੍ਰਿਗਛਾਲਾ ਪਈ ਸੀ, ਉਸ ਦਾ ਧਿਆਨ ਧਾਰਨ ਕਰਦੇ ਸਨ, ਸ੍ਰੇਸ਼ਟ ਚਾਲ ਵਾਲੀ ਪਾਰਬਤੀ ਜਿਸ ਦੀ ਅਰਧੰਗੀ ਹੈ। ਵਿਭੂਤ ਲਾ ਕੇ ਸੱਪ ਲਿਪਟੇ ਹੋਏ ਹਨ ਤੇ ਸਿਰਾਂ ਦੀਆਂ ਮਾਲਾਵਾਂ ਬਹੁਤ ਵਿਸ਼ਾਲ ਬਣੀਆਂ ਹਨ॥੪੩॥

ਸੀਸ ਜਟਾ ਕੋ ਜੂਟ ਉਤੰਗਾ। ਨਿਰਮਲ ਨੀਰ ਪ੍ਰਵਾਹਤਿ ਗੰਗਾ।
ਤ੍ਰਿਤਿਯ ਨੈਨ ਮੈਂ ਅਗਨਿ ਅਛਾਦੇ। ਡਾਮਰੁ ਡਮੰਕਤਿ ਕਰ ਮਹਿਂ ਬਾਦੇ॥ ੪੪॥

ਸਿਰ ਉੱਤੇ ਜਟਾਵਾਂ ਦਾ ਵੱਡਾ ਜੂੜਾ ਹੈ ਤੇ ਗੰਗਾ ਦੇ ਜਲ ਦਾ ਨਿਰਮਲ ਪ੍ਰਵਾਹ ਵਹਿ ਰਿਹਾ ਹੈ। ਤੀਸਰੇ ਨੈਣ ਵਿਚ ਅਗਨੀ ਛੁਪੀ ਹੋਈ ਹੈ, ਡੌਰੂ ਵਾਜਾ ਵੱਜਦਾ ਹੈ॥੪੪॥

ਰੂਪ ਅਮੰਗਲ ਮੰਗਲ ਕਰਿਤੇ। ਇਸਿ ਬਿਧਿ ਧ੍ਯਾਨ ਅਧਿਕ ਦਿਜ ਧਰਿਤੇ।
ਮਹਾਂਦੇਵ ਤਬਿ ਅੰਤਰਜਾਮੀ। ਜਾਨ੍ਯੋਂ ਕਸ਼ਟ ਬਡੋ ਤਿਨ, ਸ੍ਵਾਮੀ॥ ੪੫॥

ਅਮੰਗਲ ਰੂਪ ਅਨੰਦ ਮੰਗਲ ਕਰਦੇ ਹਨ, ਇਸ ਵਿਧੀ ਨਾਲ ਬ੍ਰਾਹਮਣ ਵਾਧੂ ਧਿਆਨ ਧਾਰਦੇ ਹਨ। ਮਹਾਂਦੇਵ ਅੰਤਰਜਾਮੀ ਮਾਲਕ ਨੇ ਫਿਰ ਉਨ੍ਹਾਂ ਬ੍ਰਾਹਮਣਾਂ ਦੇ ਵੱਡੇ ਕਸ਼ਟ ਬਾਰੇ ਜਾਣਿਆ॥੪੫॥

ਬਾਰ੍ਹਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥

# ਅਧਿਆਇ ਅਠਾਈਵਾਂ

## ਕਸ਼ਮੀਰੀ ਪੰਡਿਤ

ਦੋਹਰਾ- ਪ੍ਰਾਨ ਅੰਤ ਲੌ ਦਿਜ ਭਏ ਜਾਨੇ ਰਿਦੈ ਤ੍ਰਿਨੈਨ।
ਕ੍ਰਿਪਾ ਧਾਰਿ ਪੱਤ੍ਰੀ ਬਿਖੇ ਲਿਖਿ ਉਪਾਇ ਕੇ ਬੈਨ॥ ੧॥

ਸ਼ਿਵਜੀ ਨੇ ਫਿਰ ਜਾਣਿਆ ਕਿ ਬ੍ਰਾਹਮਣ ਪ੍ਰਾਣਾਂ ਦੇ ਅੰਤ ਤਕ ਪਏ ਰਹਿਣਗੇ ਤਾਂ ਉਨ੍ਹਾਂ ਨੇ ਕਿਰਪਾ ਧਾਰ ਕੇ ਚਿੱਠੀ ਵਿਚ ਲਿੱਖ ਕੇ ਬਚਨ ਕਹੇ॥੧॥

ਚੌਪਈ- 'ਸ੍ਰੀ ਨਾਨਕ ਜਗ ਗੁਰੂ ਬਿਸਾਲਾ। ਅੱਪ੍ਰਮੇਯ ਸਮਰਥ ਕਲਿ ਕਾਲਾ।
ਤਿਨ ਗਾਦੀ ਪਰ ਬੈਠ੍ਯੋ ਜੋਇ। ਕਾਜ ਤੁਮਾਰੇ ਸਾਰਹਿ ਸੋਇ॥ ੨॥

"ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਵਿਚ ਮਹਾਨ ਗੁਰੂ ਜੀ ਹੋਏ ਹਨ, ਕਲਿਯੁਗ ਵਿਚ ਭਲੀ ਪ੍ਰਕਾਰ ਹਰ ਤਰ੍ਹਾਂ ਸਮਰੱਥ ਹਨ, ਉਨ੍ਹਾਂ ਦੀ ਗੱਦੀ ਉਤੇ ਹੁਣ ਜਿਹੜੇ ਗੁਰੂ ਜੀ ਬੈਠੇ ਹਨ, ਉਹ ਹੀ ਤੁਹਾਡਾ ਕਾਰਜ ਪੂਰਾ ਕਰਨਗੇ॥੨॥

ਇਹੀ ਪੱਤ੍ਰਿਕਾ ਲੇ ਤੁਮ ਜਾਵਹੁ। ਬ੍ਰਿਥਾ ਆਪਨੀ ਸਕਲ ਸੁਨਾਵਹੁ।
ਸੋ ਰਾਖਹਿਂਗੇ ਧਰਮ ਤੁਹਾਰਾ। ਤਿਨ ਬਿਨ ਅਨ ਤੇ ਹ੍ਵੈ ਨ ਉਬਾਰਾ॥ ੩॥

ਇਹੋ ਪੱਤ੍ਰਿਕਾ ਤੁਸੀਂ ਲੈ ਕੇ ਜਾਵੋ ਤੇ ਆਪਣੀ ਸਾਰੀ ਵਿਥਿਆ ਉਨ੍ਹਾਂ ਨੂੰ ਸੁਣਾਵੋ ਉਹ ਤੁਹਾਡਾ ਧਰਮ ਰੱਖਣਗੇ, ਉਨ੍ਹਾਂ ਬਗੈਰ ਤੁਹਾਨੂੰ ਹੋਰ ਕੋਈ ਬਚਾ ਨਹੀਂ ਸਕਦਾ ਹੈ॥੩॥

ਉਠਹੁ ਅਹਾਰ ਜਾਇ ਕਰਿ ਕਰੋ। ਰਿਦੈ ਭਰੋਸਾ ਗੁਰ ਪਰ ਧਰੋ'।
ਜਹਿਂ ਦਿਜ ਬੈਠੇ ਮੰਡਲ ਕਰਿਕੈ। ਤ੍ਰਿਖਤ ਛੁਧਿਤ ਸੰਕਟ ਕੋ ਧਰਿਕੈ॥ ੪॥

ਉਠੋ ਭੋਜਨ ਜਾ ਕੇ ਕਰੋ ਤੇ ਹਿਰਦੇ ਵਿਚ ਗੁਰੂ ਤੇ ਭਰੋਸਾ ਧਾਰਨ ਕਰੋ।" ਜਿੱਥੇ ਸਾਰੇ ਬ੍ਰਾਹਮਣ ਘੇਰਾ ਪਾ ਕੇ ਪਿਆਸੇ ਤੇ ਭੁੱਖ ਦੇ ਦੁਖ ਧਾਰਨ ਕਰਕੇ ਬੈਠੇ ਸਨ॥੪॥

ਅਰਧ ਜਾਮ ਜਾਮਨਿ ਜਬਿ ਰਹੀ। ਬਿੱਪ੍ਰ ਬ੍ਰਿੰਦ ਬਿਚ ਉਤਰੀ ਤਹੀ।
ਭਈ ਪ੍ਰਭਾਤਿ ਸੂਰ ਉਜਿਆਰਾ। ਪਰ੍ਯੋ ਸੁ ਕਾਗਦ ਸਭਿਨਿ ਨਿਹਾਰਾ॥੫॥

ਅੱਧਾ ਪਹਿਰ ਜਦ ਰਾਤ ਰਹਿ ਗਈ, ਤਾਂ ਸਾਰੇ ਬ੍ਰਾਹਮਣਾਂ ਵਿਚ ਉਥੇ ਚਿੱਠੀ ਉੱਤਰੀ। ਜਦ ਸਵੇਰ ਹੋਈ ਤੇ ਸੂਰਜ ਦਾ ਸਾਰੇ ਉਜਾਲਾ ਹੋ ਗਿਆ ਤਾਂ ਓਥੇ ਪਿਆ ਹੋਇਆ ਕਾਗਜ਼ ਸਭ ਨੇ ਵੇਖਿਆ॥੫॥

ਹਾਥ ਉਠਾਇ ਬਿਲੋਕਾ ਖੋਲਾ। ਅੱਖਰ ਸ਼ੁੱਧ ਪਾਠ ਕਰਿ ਬੋਲਾ।
ਜਾਨਿ ਅਚੰਭੈ ਮਿਲਿ ਸਮੁਦਾਏ। ਪਠਤਿ ਸੁਨਤਿ ਸਭਿ ਹ੍ਵੈ ਇਕ ਥਾਏਂ॥੬॥

ਹੱਥ ਨਾਲ ਚੁੱਕ ਕੇ ਖੋਲ੍ਹ ਕੇ ਵੇਖਿਆ ਤਾਂ ਸ਼ੁੱਧ ਅੱਖਰਾਂ ਦਾ ਪਾਠ ਕਰਕੇ ਬੋਲਿਆ ਤਾਂ ਅਚੰਭਾ ਜਾਣ ਕੇ ਸਾਰੇ ਮਿਲ ਕੇ ਇਕੱਠੇ ਹੋਏ, ਸਾਰੇ ਇਕ ਥਾਂ ਪੱਤ੍ਰਕਾ ਨੂੰ ਪੜ੍ਹ ਕੇ ਸੁਣਨ ਲੱਗੇ॥੬॥

ਭਲੀ ਭਾਂਤਿ ਆਸ਼ੈ ਕੋ ਜਾਨਿ। 'ਕੌਨ ਗੁਰੂ ਅਬਿ ਕਰਹੁ ਬਖਾਨਿ?'।
ਤਿਨ ਮਹੁਂ ਇਕ ਦਿਜ ਲਖਹਿ ਬ੍ਰਿਤੰਤ। ਤੇਗ ਬਹਾਦਰ ਗੁਰ ਭਗਵੰਤ॥੭॥

ਭਲੀ ਭਾਂਤ ਆਸ਼ੇ ਨੂੰ ਜਾਣਿਆ, "ਕੌਣ ਗੁਰੂ ਹੈ, ਹੁਣ ਬਿਆਨ ਕਰੋ?" ਉਨ੍ਹਾਂ ਵਿਚ ਇਕ ਬ੍ਰਾਹਮਣ ਸਾਰਾ ਬ੍ਰਿਤਾਂਤ ਜਾਣਦਾ ਸੀ, ਗੁਰੂ ਤੇਗ ਬਹਾਦਰ ਜੀ ਗੁਰੂ ਭਗਵੰਤ ਹਨ॥੭॥

ਸਭਿਨਿ ਸੁਨਾਵਤਿ ਬਾਕ ਉਚਾਰਾ। 'ਮੋ ਤੇ ਸੁਨਹੁ ਲਖੋਂ ਜਿਮ ਸਾਰਾ।
ਸ੍ਰੀ ਹਰਿਗੋਵਿੰਦ ਪੂਰਬ ਆਏ। ਬ੍ਰਿਧਾ ਪ੍ਰੇਮ ਬਡ ਧਰਜੋ ਬੁਲਾਏ॥੮॥

ਉਸ ਨੇ ਸਾਰਿਆਂ ਨੂੰ ਸੁਣਾ ਕੇ ਕਿਹਾ, "ਮੇਰੇ ਪਾਸੋਂ ਸੁਣੋ ਜਿਵੇਂ ਮੈਂ ਸਾਰਾ ਕੁਝ ਜਾਣਦਾ ਹਾਂ। ਪਹਿਲਾਂ ਸ੍ਰੀ ਹਰਿਗੋਬਿੰਦ ਸਾਹਿਬ ਕਸ਼ਮੀਰ ਵਿਚ ਆਏ ਸਨ, ਇਕ ਬ੍ਰਿਧ ਇਸਤਰੀ ਨੇ ਬਹੁਤ ਪ੍ਰੇਮ ਧਾਰਨ ਕਰਕੇ ਆਪਣੇ ਪਾਸ ਬੁਲਾਏ ਸਨ॥੮॥

ਦਾਸਨਿ ਕੌ ਨਿਹਾਲ ਕਰਿ ਗਏ। ਪੰਚ ਪੁੱਤ੍ਰ ਤਿਨਕੇ ਬਰ ਭਏ।
ਪੌਤ੍ਰਾ ਗਾਦੀ ਪਰ ਬੈਠਾਇ। ਸ੍ਰੀ ਹਰਿ ਗੋਵਿੰਦ ਗਏ ਸਮਾਇ॥੯॥

ਉਹ ਆਪਣੇ ਸੇਵਕਾਂ ਨੂੰ ਨਿਹਾਲ ਕਰ ਗਏ ਸਨ, ਉਨ੍ਹਾਂ ਦੇ ਸ੍ਰੇਸ਼ਟ ਪੰਜ ਪੁੱਤਰ ਹੋਏ। ਆਪਣੇ ਪੋਤ੍ਰੇ ਨੂੰ ਉਨ੍ਹਾਂ ਗੱਦੀ ਤੇ ਬੈਠਾਇਆ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਪ੍ਰਭੂ ਵਿਚ ਸਮਾ ਗਏ॥੯॥

ਤਿਨ ਸੁਤ ਸ੍ਰੀ ਹਰਿ ਕ੍ਰਿਸ਼ਨ ਭਏ ਹੈਂ। ਬਾਲ ਬੈਸ ਗੁਰੁ ਪੂਜ ਥਿਏ ਹੈਂ।
ਸੰਮਤ ਦ੍ਵੈ ਗਾਦੀ ਪਰ ਰਹੇ। ਤਨ ਕੇ ਅੰਤ ਤਿਨਹੁ ਬਚ ਕਹੇ॥੧੦॥

ਉਨ੍ਹਾਂ ਦੇ ਪੋਤਰੇ ਦੇ ਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਹੋਏ ਹਨ, ਉਹ ਬਾਲ ਅਵਸਥਾ ਵਿਚ ਹੀ ਪੂਜਨੀਕ ਗੁਰੂ ਜੀ ਹੋਏ ਹਨ। ਉਹ ਕੇਵਲ ਦੋ ਸਾਲ ਗੱਦੀ ਤੇ ਰਹੇ ਹਨ, ਸਰੀਰ ਦਾ ਅੰਤ ਹੋਣ ਸਮੇਂ ਉਨ੍ਹਾਂ ਬਚਨ ਕਹੇ ਸਨ॥੧੦॥

ਅਬਿ ਗੁਰ ਬਾਬਾ ਬਸਹਿ ਬਕਾਲੇ। ਆਪ ਗਮਨ ਬੈਕੁੰਠ ਸਮਾਲੇ।
ਸ੍ਰੀ ਗੁਰ ਤੇਗ ਬਹਾਦਰ ਅਹੈਂ। ਚਹੁੰ ਦਿਸ਼ਿ ਬਿਦਤਿ ਭਏ ਸਿਖ ਲਹੈਂ॥੧੧॥

ਹੁਣ ਗੁਰੂ ਬਾਬਾ ਜੀ ਬਕਾਲੇ ਪਿੰਡ ਵਿਚ ਰਹਿੰਦੇ ਹਨ ਤੇ ਆਪ ਬੈਕੁੰਠਾਂ ਨੂੰ ਚਲੇ ਗਏ। ਬਕਾਲੇ ਵਿਚ ਰਹਿਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ, ਉਹ ਸਿੱਖਾਂ ਵਿਚ ਚਾਰੇ ਪਾਸੇ ਪ੍ਰਸਿੱਧ ਹੋਏ ਹਨ॥੧੧॥

ਤਿਨ ਢਿਗ ਚਲਹੁ, ਉਬਾਰਹਿਂ ਧਰਮ। ਤਜਿ ਕਰਿ ਲੋਕ ਸ਼ਰਮੁ ਅਰੁ ਭਰਮ।
ਬਿਦਤ ਜਗਤ ਮਹਿਂ ਗੁਰਤਾ ਗਾਦੀ। ਸ੍ਰੀ ਨਾਨਕ ਜੀਤੇ ਸਭਿ ਬਾਦੀ॥੧੨॥

ਉਨ੍ਹਾਂ ਪਾਸ ਚਲੋ, ਧਰਮ ਨੂੰ ਬਚਾਵੋ, ਹੁਣ ਲੋਕ-ਸ਼ਰਮ ਅਤੇ ਭਰਮਾਂ ਨੂੰ ਛੱਡ ਦੇਵੋ। ਸਾਰੇ ਜਗਤ ਵਿਚ ਗੁਰਤਾ ਗੱਦੀ ਪ੍ਰਗਟ ਹੈ। ਸ੍ਰੀ ਨਾਨਕ ਦੇਵ ਜੀ ਸਭ ਵਿਵਾਦੀਆਂ ਤਰਕਸ਼ੀਲਾਂ ਨੂੰ ਜਿੱਤ ਗਏ ਸਨ॥੧੨॥

ਸਰਬ ਕਲਾ ਸਮਰਥ ਸਭਿ ਕਾਲਾ। ਚਹੈਂ ਸੁ ਕਰੈਂ ਪ੍ਰਤਾਪ ਬਿਸਾਲਾ।
ਕੋਸ ਹਜ਼ਾਰਹੁਂ ਸਿੱਖ ਸਹਾਇਕ। ਸੁਨਤਿ ਰਹੇ ਨਿਤ ਸਹਿਜ ਸੁਭਾਇਕ'॥੧੩॥

ਉਹ ਹਰ ਸਮੇਂ ਸਰਬਕਲਾ ਸਮਰੱਥ ਹਨ, ਜੋ ਚਾਹੁਣ ਉਹ ਕਰ ਸਕਦੇ ਹਨ, ਉਨ੍ਹਾਂ ਦਾ ਵੱਡਾ ਪ੍ਰਤਾਪ ਹੈ, ਹਜ਼ਾਰਾਂ ਕੋਹਾਂ ਤੱਕ ਉਨ੍ਹਾਂ ਦੇ ਸਿੱਖ ਸਹਾਇਕ ਹਨ, ਸਹਿਜ ਸਭਾਅ ਸਦਾ ਸੁਣਦੇ ਰਹੇ ਹਾਂ"॥੧੩॥

ਸੁਨਿ ਦਿਜ ਗਨ ਨਿਸ਼ਚੈ ਮਨ ਆਯੋ। ਸ਼ਿਵ ਕੋ ਲਿਖ੍ਯੋ ਸਭਿਨਿ ਸੁਭ ਭਾਯੋ।
ਬਾਰਿ ਬਾਰਿ ਤਿਹ ਬੰਦਨ ਕਰਿਕੇ। ਉਠੇ ਬਿੱਪ੍ਰ ਆਏ ਬਿਚ ਪੁਰਿ ਕੇ॥੧੪॥

ਇਹ ਸੁਣ ਕੇ ਸਾਰੇ ਬ੍ਰਾਹਮਣਾਂ ਦੇ ਮਨ ਵਿਚ ਨਿਸ਼ਚਾ ਆ ਗਿਆ, ਸ਼ਿਵਜੀ ਦਾ ਲਿਖਿਆ ਹੋਇਆ ਸਾਰਿਆਂ ਨੂੰ ਸ਼ੁਭ ਭਾਇਆ। ਬਾਰ-ਬਾਰ ਉਸ ਨੂੰ ਬੰਦਨਾ ਕਰਕੇ, ਬ੍ਰਾਹਮਣ ਉੱਠੇ ਤੇ ਨਗਰ ਵਿਚ ਆਏ॥੧੪॥

'ਪੂਰਬ ਮੱਦ੍ਰ ਦੇਸ਼ ਕੋ ਚਲੀਅਹਿ। ਬੂਝਿ ਖੋਜਿ ਸਤਿਗੁਰੁ ਕੋ ਮਿਲੀਅਹਿ'।
ਅਸ ਮਸਲਤ ਕਰਿ ਮੁੱਖਿ ਜੁ ਪੁਰਿ ਕੇ। ਗਮਨੇ ਮਗ ਮਿਲਿਬੇ ਹਿਤ ਗੁਰ ਕੇ॥੧੫॥

"ਪਹਿਲਾਂ ਪੰਜਾਬ ਦੇਸ਼ ਨੂੰ ਚਲੀਏ, ਪੁੱਛ ਕੇ ਸਤਿਗੁਰੂ ਜੀ ਦੀ ਖੋਜ ਕਰਕੇ ਮਿਲੀਏ।" ਇਸ ਤਰ੍ਹਾਂ ਸਲਾਹ ਕਰਕੇ ਜੋ ਨਗਰ ਦੇ ਮੁੱਖੀ-ਮੁੱਖੀ ਬ੍ਰਾਹਮਣ ਸਨ, ਗੁਰੂ ਜੀ ਨੂੰ ਮਿਲਣ ਵਾਸਤੇ ਰਾਹੇ ਰਾਹ ਚਲ ਪਏ॥੧੫॥

ਉਲਘਿ ਪਹਾਰ ਪੀਰ ਪੰਜਾਲ। ਰਤਨ ਪੰਜਾਲ ਤਜਾਗਿ ਪਗ ਚਾਲਿ।
ਬਸੇ ਰਜੋਰੀਪੁਰਿ ਮਹਿਂ ਆਏ। ਤਜਿ ਭਿੰਭਰ ਗਮਨੇ ਅਗਵਾਏ॥੧੬॥

ਪੀਰ ਪੰਜਾਲ ਦਾ ਪਹਾੜ ਲੰਘ ਕੇ, ਰਤਨ ਪੰਜਾਲ ਦਾ ਸ਼ਹਿਰ ਤੇ ਪਹਾੜ ਛੱਡ ਕੇ ਰਾਹੇ ਰਾਹ ਪੈ ਗਏ ਤੇ ਜੰਮੂ ਰਿਆਸਤ ਵਿਚ ਰਜੋਰੀ ਨਗਰ ਵਿਚ ਆ ਗਏ। ਫਿਰ ਜੰਮੂ ਰਿਆਸਤ ਦੀ ਇਕ ਤਹਿਸੀਲ ਭਿੰਭਰ ਸ਼ਹਿਰ ਨੂੰ ਛੱਡ ਕੇ ਅੱਗੇ ਚਲੇ ਗਏ॥੧੬॥

ਸਭਿ ਪਹਾਰ ਉਲੰਘੇ ਪੁਨ ਦੇਸ਼। ਗ੍ਰਾਮ ਨਗਰ ਪਿਖਿ ਤਜਾਗਿ ਅਸ਼ੇਸ਼।
ਸ਼੍ਰੀ ਅੰਮ੍ਰਿਤਸਰ ਪਹੁਚੇ ਆਇ। ਤਹਿਂ ਤੇ ਸੁਧਿ ਸਤਿਗੁਰੁ ਕੀ ਪਾਇ॥੧੭॥

ਫਿਰ ਦੇਸ਼ ਦੇ ਸਾਰੇ ਪਹਾੜ ਲੰਘੇ, ਫਿਰ ਗਰਾਮ ਨਗਰ ਦੇਖ ਕੇ ਸਾਰੇ ਛੱਡ ਦਿੱਤੇ ਤੇ ਅੰਮ੍ਰਿਤਸਰ ਸ਼ਹਿਰ ਵਿਚ ਪਹੁੰਚ ਗਏ, ਉਥੋਂ ਸਤਿਗੁਰੂ ਜੀ ਬਾਰੇ ਸਾਰੀ ਜਾਣਕਾਰੀ ਪ੍ਰਾਪਤ ਕੀਤੀ॥੧੭॥

'ਤੀਰਥ ਪੂਰਬ ਕੇ ਕਰਿ ਸਾਰੇ। ਅਬਿ ਅਨੰਦਪੁਰਿ ਬਸੈਂ ਉਦਾਰੇ।
ਚਹੁੰ ਦਿਸ਼ਿ ਕੀ ਗਨ ਸੰਗਤਿ ਆਵੈ। ਪਾਇ ਕਾਮਨਾ ਸੀਸ ਨਿਵਾਵੈਂ॥੧੮॥

ਪੂਰਬ ਦੇ ਸਾਰੇ ਤੀਰਥਾਂ ਦੀ ਯਾਤਰਾ ਕਰਕੇ, ਹੁਣ ਅਨੰਦਪੁਰ ਸ਼ਹਿਰ ਵਿਚ ਉੱਤਮ ਵਸੇਬਾ ਕੀਤਾ ਹੈ। ਚਾਰੇ ਪਾਸਿਆਂ ਤੋਂ ਬਹੁਤ ਸੰਗਤ ਆਉਂਦੀ ਹੈ ਤੇ ਸਿਰ ਨਿਵਾ ਕੇ ਆਪਣੀਆਂ ਕਾਮਨਾਵਾਂ ਪਾਉਂਦੀ ਹੈ॥੧੮॥

ਬੈਠੇ ਸ਼੍ਰੀ ਨਾਨਕ ਮਸਨੰਦ। ਸਤਿਗੁਰ ਤੇਗ ਬਹਾਦਰ ਚੰਦ।
ਸਰਬ ਕਲਾ ਸਮਰਥ ਗੁਨ ਖਾਨੀ। ਧੀਰਜ ਧਰਮ ਧਾਮ ਬ੍ਰਹਮਗ੍ਯਾਨੀ'॥੧੯॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਹਨ, ਜਿਨ੍ਹਾਂ ਦਾ ਨਾਮ ਸਤਿਗੁਰੂ ਤੇਗ ਬਹਾਦਰ ਜੀ ਹੈ। ਉਹ ਗੁਣਾਂ ਦੀ ਖਾਣ ਸਰਬਕਲਾ ਸਮਰੱਥ ਹਨ, ਧੀਰਜ ਧਰਮ ਦਾ ਘਰ ਹਨ ਤੇ ਪੂਰਨ ਬ੍ਰਹਮ ਗਿਆਨੀ ਹਨ"॥੧੯॥

ਦਿਜ ਗਨ ਸੁਨਿ ਜਸੁ ਵਧ੍ਯੋ ਅਨੰਦ। 'ਰਾਖਹਿਂ ਹਿੰਦੁਨਿ ਪੈਜ ਬਿਲੰਦ'।
ਚਲੇ ਪੰਥ ਸਭਿ ਆਨੰਦ ਪੁਰਿ ਕੇ। ਚਾਹਤਿ ਚਿਤ ਮਹਿਂ ਦਰਸ਼ਨ ਗੁਰ ਕੇ॥੨੦॥

ਜਦ ਸਾਰੇ ਬ੍ਰਾਹਮਣਾਂ ਨੇ ਇਹ ਜੱਸ ਸੁਣਿਆ ਤਾਂ ਉਨ੍ਹਾਂ ਦਾ ਬਹੁਤ ਅਨੰਦ ਵਧਿਆ ਤੇ ਉਹ ਕਹਿਣ ਲੱਗੇ, "ਹਿੰਦੂਆਂ ਦੀ ਵੱਡੀ ਪੈਜ ਰੱਖਣਗੇ।" ਸਾਰੇ ਅਨੰਦਪੁਰ ਦੀ ਰਾਹ ਪੈ ਗਏ, ਚਿੱਤ ਵਿਚ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ॥੨੦॥

ਪਿਖੀ ਬਿਪਾਸਾ ਸੁੰਦਰ ਸਲਿਤਾ। ਜਿਸ ਮਹਿਂ ਨਿਰਮਲ ਜਲ ਬਹੁ ਚਲਤਾ।
ਚਢਿ ਤਰਨੀ ਪਰ ਤਰਿ ਪਰਿ ਤੀਰ। ਖਰੇ ਜਾਇ ਭੇ ਦਿਜ ਉਰ ਧੀਰ॥੨੧॥

ਰਾਹ ਦੇ ਵਿਚ ਬਿਆਸ ਦੀ ਸੁੰਦਰ ਨਦੀ ਵੇਖੀ, ਜਿਸ ਵਿਚ ਬਹੁਤ ਨਿਰਮਲ ਜਲ ਚਲਦਾ ਸੀ। ਬੇੜੀ ਉੱਤੇ ਚੜ੍ਹ ਕੇ ਉਨ੍ਹਾਂ ਬਿਆਸ ਦਰਿਆ ਨੂੰ ਪਾਰ ਕੀਤਾ। ਸਾਰੇ ਬ੍ਰਾਹਮਣ ਹਿਰਦੇ ਵਿਚ ਧੀਰਜ ਧਾਰ ਕੇ ਅਗਲੇ ਪਾਸੇ ਜਾ ਖੜੇ ਹੋਏ॥੨੧॥

ਦ੍ਵਾਬੇ ਦੇਸ਼ ਪੰਥ ਸੰਭਿ ਚਾਲੇ। ਦੇਖੀ ਸਤੱਦ੍ਰਵ ਨਦੀ ਬਿਸਾਲੇ।
ਤਿਸੈ ਉਲੰਘਤਿ ਪਹੁੰਚੇ ਜਾਇ। ਸੁੰਦਰ ਪੁਰਿ ਅਨੰਦ ਜਿਸ ਥਾਇਂ॥੨੨॥

ਦਵਾਬੇ ਦੇਸ਼ ਦੇ ਰਾਹੇ ਰਾਹ ਚਲ ਪਏ ਤੇ ਸਤਲੁੱਜ ਦੀ ਵੱਡੀ ਨਦੀ ਨੂੰ ਵੇਖਿਆ। ਉਸ ਨੂੰ ਪਾਰ ਕਰਕੇ ਉਥੇ ਪਹੁੰਚ ਗਏ ਜਿਸ ਥਾਂ ਸੁੰਦਰ ਅਨੰਦਪੁਰ ਦਾ ਸ਼ਹਿਰ ਵੱਸਦਾ ਸੀ॥੨੨॥

ਸ਼ੁਭ ਸਥਾਨ ਪਿਖਿ ਕੀਨਸਿ ਡੇਰਾ। ਪਗ ਪਖਾਰਿ ਸ਼੍ਰਮ ਹਤਯੋ ਬਡੇਰਾ।
ਖਾਨ ਪਾਨ ਕਰਿ ਨਿਸ ਮਹਿਂ ਬਾਸੇ। ਮਿਲੈਂ ਪ੍ਰਭਾਤਿ ਗੁਰਨਿ ਕੇ ਪਾਸੇ॥੨੩॥

ਸ਼ੁਭ ਸਥਾਨ ਵੇਖ ਕੇ ਉਨ੍ਹਾਂ ਡੇਰਾ ਕੀਤਾ, ਪੈਰਾਂ ਨੂੰ ਧੋ ਕੇ ਵੱਡੀ ਥਕਾਵਟ ਦੂਰ ਕੀਤੀ। ਖਾ ਪੀ ਕੇ ਰਾਤ ਨੂੰ ਉਥੇ ਰਹਿ ਕੇ ਸੁੱਤੇ। ਕਹਿਣ ਲੱਗੇ ਸਵੇਰ ਨੂੰ ਗੁਰੂ ਜੀ ਨੂੰ ਮਿਲਾਂਗੇ॥੨੩॥

ਸੁਪਤਿ ਜਥਾ ਸੁਖ ਜਾਗ੍ਰਿਤਿ ਭਏ। ਸੌਚ ਸ਼ਨਾਨ ਸਰਬ ਨੇ ਕਿਏ।
ਖਟ ਕਰਮੀ ਪ੍ਰਿਯ ਧਰਮ ਚਹੰਤੇ। ਘਸ ਚੰਦਨ ਕੌ ਤਿਲਕ ਲਗੰਤੇ॥੨੪॥

ਜਿਵੇਂ ਸੁਖ ਨਾਲ ਸੁੱਤੇ ਸਨ, ਉਸ ਤਰ੍ਹਾਂ ਸੁਖ ਨਾਲ ਜਾਗ ਪਏ ਤੇ ਸੌਚ ਇਸ਼ਨਾਨ ਸਭ ਨੇ ਕੀਤਾ। ਛੇ ਕਰਮਾਂ ਦੇ ਕਰਨ ਵਾਲੇ ਬ੍ਰਾਹਮਣ ਆਪਣੇ ਧਰਮ ਨੂੰ ਚਾਹੁੰਦੇ ਸਨ ਤੇ ਚੰਦਨ ਘਸਾ ਕੇ ਮੱਥਿਆਂ ਤੇ ਤਿਲਕ ਲਾਉਂਦੇ ਸਨ॥੨੪॥

ਅਨਿਕ ਪ੍ਰਕਾਰਨਿ ਲੈ ਉਪਹਾਰਾ। ਪਹੁੰਚੇ ਸਤਿਗੁਰ ਕੇ ਦਰਬਾਰਾ।
ਹੇਰਿ ਮੇਵਰੋ ਅੰਤਰ ਗਯੋ। ਹਾਥ ਜੋਰਿ ਕਰਿ ਬੋਲਤਿ ਭਯੋ॥੨੫॥

ਅਨੇਕ ਪ੍ਰਕਾਰ ਦੇ ਉਪਹਾਰ ਲੈਕੇ ਫਿਰ ਸਤਿਗੁਰੂ ਜੀ ਦੇ ਦਰਬਾਰ ਪਹੁੰਚ ਗਏ। ਅਰਦਾਸੀਆ ਵੇਖ ਕੇ ਅੰਦਰ ਗਿਆ ਤੇ ਹੱਥ ਜੋੜ ਕੇ ਬੋਲਿਆ॥੨੫॥

'ਪ੍ਰਭੁ ਜੀ ਅਹੈ ਦੇਸ਼ ਕਸ਼ਮੀਰ। ਤਹਿਂ ਕੇ ਬਿੱਪ੍ਰ ਖਰੇ ਦਰ ਭੀਰ।
ਦਰਸ਼ਨ ਕੌ ਚਾਹਤਿ ਉਹ ਆਏ। ਸੁਮਤਿਵੰਤ ਪੰਡਿਤ ਸਮੁਦਾਏ॥੨੬॥

'ਪ੍ਰਭੂ ਅਸੀਂ ਕਸ਼ਮੀਰ ਦੇਸ਼ ਵਿਚੋਂ ਪੰਡਿਤ ਆਏ ਹਨ, ਉਥੋਂ ਦੇ ਬ੍ਰਾਹਮਣ ਵੱਡੀ ਗਿਣਤੀ ਵਿਚ ਦਰਵਾਜ਼ੇ ਤੇ ਖੜੇ ਹਨ। ਆਪ ਜੀ ਦੇ ਦਰਸ਼ਨ ਕਰਨ ਉਹ ਆਏ ਹਨ, ਸਾਰੇ ਪੰਡਿਤ ਬਹੁਤ ਬੁੱਧੀਵਾਨ ਹਨ॥੨੬॥

ਸੁਨਿ ਸ੍ਰੀ ਤੇਗ ਬਹਾਦਰ ਹਸੇ।'ਆਵਨ ਦੇਹੁ ਮਹਾਂ ਦੁਖ ਗ੍ਰਸੇ।
ਸ਼ਿਵ ਕੋ ਲਜਾਏ ਹਮਹਿਂ ਸੰਦੇਸਾ। ਜਥਾ ਜਗਤ ਸੁਖ ਲਹੈ ਵਿਸੇਸ਼ਾ॥੨੭॥

ਇਹ ਸੁਣ ਸ੍ਰੀ ਗੁਰੂ ਤੇਗ ਬਹਾਦਰ ਜੀ ਹੱਸ ਪਏ, 'ਆਉਣ ਦੇਵੋ ਮਹਾਨ ਦੁਖ ਵਿਚ ਫਸੇ ਹਨ, ਸ਼ਿਵਜੀ ਦਾ ਸੰਦੇਸ਼ਾ ਸਾਡੇ ਵਾਸਤੇ ਲਿਆਏ ਹਨ, ਜਿਸ ਤਰ੍ਹਾਂ ਜਗਤ ਵਿਚ ਉਹ ਵਿਸ਼ੇਸ਼ ਸੁਖ ਪਾਉਣ॥੨੭॥

ਸ੍ਰੀ ਨਾਨਕ ਕੌ ਕਮਲਾਦਾਸ। ਗਯੋ ਹੁਤੇ ਲੈਬੇ ਹਿਤ ਘਾਸ।
ਤਿਸ ਕਰ ਸ਼ਿਵ ਨਿਜ ਭਸਮ ਪਠਾਈ। ਤਿਮ ਹਮ ਨਿਕਟਿ ਪੱਤ੍ਰਿਕਾ ਆਈ॥੨੮॥

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਮਲੀਆ ਨਾਮਕ ਇਕ ਸੇਵਕ ਸੀ, ਉਹ ਘਾਹ ਲੈਣ ਵਾਸਤੇ ਗਿਆ ਸੀ, ਉਸ ਨੂੰ ਆਪਣੇ ਹੱਥਾਂ ਨਾਲ ਸ਼ਿਵਜੀ ਨੇ ਭਸਮ ਭੇਜ ਦਿੱਤੀ, ਉਸ ਤਰ੍ਹਾਂ ਸਾਡੇ ਪਾਸ ਚਿੱਠੀ ਆਈ ਹੈ" ॥੨੮॥

ਢਿਗ ਮਸੰਦ ਗਨ ਸੇਵਕ ਜੋਇ। ਸੁਨੇ ਗੁਰੂ ਤੇ ਬਿਸਮੈ ਹੋਇ।
ਜਿਨ ਬਚ ਮਹਿਂ ਆਸ਼ੈ ਗੰਭੀਰ। ਰਿਦੈ ਬਿਚਾਰਤਿ ਬੈਠੇ ਤੀਰ॥ ੨੯॥

ਪਾਸ ਜਿੰਨੇ ਵੀ ਸੇਵਕ ਅਤੇ ਮਸੰਦ ਸਨ, ਉਹ ਗੁਰੂ ਜੀ ਪਾਸੋਂ ਸੁਣ ਕੇ ਬਹੁਤ ਹੈਰਾਨ ਹੋਏ, ਜਿਨ੍ਹਾਂ ਦੇ ਬਚਨਾਂ ਵਿਚ ਗੰਭੀਰ ਆਸ਼ੇ ਸਨ, ਉਹ ਹਿਰਦੇ ਵਿਚ ਵਿਚਾਰ ਕੇ ਪਾਸ ਬੈਠ ਗਏ॥੨੯॥

ਜਾਇ ਮੇਵਰੋ ਦਿਜ ਗਨ ਲਜਾਯੋ। ਸਭਿਨਿ ਆਇ ਨਿਜ ਸੀਸ ਨਿਵਾਯੋ।
ਅਰਪਿ ਉਪਾਇਨ ਆਦਿ ਦੁਸ਼ਾਲੇ। ਸੇਉ ਆਦਿ ਜੇ ਸ੍ਵਾਦ ਬਿਸਾਲੇ॥ ੩੦॥

ਅਰਦਾਸੀਆ ਜਾ ਕੇ ਸਾਰੇ ਪੰਡਿਤਾਂ ਨੂੰ ਬੁਲਾ ਲਿਆਇਆ, ਸਾਰਿਆਂ ਨੇ ਆ ਕੇ ਆਪਣੇ ਸੀਸ ਨਿਵਾਏ। ਆ ਕੇ ਭੇਟੀ ਉਪਹਾਰ ਦੁਸ਼ਾਲੇ ਆਦਿ ਅਰਪਣ ਕੀਤੇ, ਸੇਬ ਆਦਿ ਬੜੇ ਸਵਾਦੀ ਸਨ॥੩੦॥

ਕਰਿ ਦਰਸ਼ਨ ਸਗਰੇ ਹਰਖਾਏ। ਬੈਠੇ ਆਸ਼ਿਖ ਬਾਦ ਅਲਾਏ।
ਕੁਸ਼ਲ ਅਨੰਦ ਬੂਝਿ ਕਰਿ ਤਿਨ ਕੋ। ਪੁਨ ਸਤਿਗੁਰ ਇਮ ਕਰਜੋ ਬਚਨ ਕੋ॥੩੧॥

ਦਰਸ਼ਨ ਕਰਕੇ ਸਾਰੇ ਬਹੁਤ ਪ੍ਰਸੰਨ ਹੋਏ, ਅਸੀਸ ਦੇ ਕੇ ਕਿ ਉਮਰ ਦਰਾਜ਼ ਹੋਵੇ, ਬੈਠ ਗਏ। ਗੁਰੂ ਜੀ ਨੇ ਉਨ੍ਹਾਂ ਨੂੰ ਸੁਖ-ਸਾਂਦ ਪੁੱਛ ਕੇ ਫਿਰ ਇਸ ਤਰ੍ਹਾਂ ਬਚਨ ਕਹੇ॥੩੧॥

'ਕਹਹੁ ਦੇਸ਼ ਅਪਨੇ ਕੀ ਬਾਤ। ਕਿਸ ਪ੍ਰਕਾਰ ਕੋ ਤਹਾਂ ਬ੍ਰਿਤਾਂਤ?।
ਅਬਿ ਕੇ ਤੁਮ ਬਹੁ ਵਿੱਦਜਾਵਾਨ। ਆਏ ਸੰਗ ਨ ਸੰਗਤਿ ਆਨ॥ ੩੨॥

"ਆਪਣੇ ਦੇਸ਼ ਬਾਰੇ ਗੱਲਬਾਤ ਦੱਸੋ, ਉਥੇ ਕਿਸ ਪ੍ਰਕਾਰ ਦਾ ਬ੍ਰਿਤਾਂਤ ਹੈ, ਤੁਸੀਂ ਇਸ ਸਮੇਂ ਦੇ ਵੱਡੇ ਵਿਦਵਾਨ ਹੋ। ਹੋਰ ਸੰਗਤ ਦੇ ਨਾਲ ਨਹੀਂ ਆਏ ਹੋ॥੩੨॥

ਸਭਿਨਿ ਜਾਤਿ ਕੇ ਸਿੱਖ ਹਮਾਰੇ। ਮਿਲਿ ਆਵਤਿ ਸੋ ਬਿਧਿ ਨ ਨਿਹਾਰੇ।
ਦਰਸ਼ਨ ਹਿਤ ਕੈ ਕਾਰਜ ਔਰ? ਮਿਲਿ ਆਏ ਤਜਿ ਕੈ ਨਿਜ ਠੌਰ' ॥ ੩੩॥

ਸਭ ਜਾਤੀਆਂ ਦੇ ਸਾਡੇ ਸਿੱਖ ਹਨ, ਸਾਰੇ ਮਿਲ ਕੇ ਨਹੀਂ ਆਏ ਹੋ, ਉਸ ਤਰ੍ਹਾਂ ਦੀ ਵਿਧੀ ਨਹੀਂ ਵੇਖੀ ਹੈ। ਭਾਵ ਸਾਡੀ ਸੰਗਤ ਇਕੱਠੀ ਹੋ ਕੇ ਨਹੀਂ ਆਈ ਹੈ। ਦਰਸ਼ਨ ਵਾਸਤੇ ਆਏ ਹੋ ਜਾਂ ਕੋਈ ਹੋਰ ਕਾਰਜ ਹੈ? ਆਪਣਾ ਸਥਾਨ ਛੱਡ ਕੇ ਸਾਰੇ ਮਿਲ ਕੇ ਆਏ ਹੋ" ॥੩੩॥

ਸੁਨਤਿ ਦਿਜਨਿ ਕਰ ਜੋਰਿ ਉਚਾਰੀ। 'ਹਸਤਾਮਲ ਜਿਮ ਜਾਨਹੁਂ ਸਾਰੀ।
ਤੀਨ ਲੋਕ ਕੋ ਅਖਿਲ ਬ੍ਰਿਤੰਤ। ਰਿਦੈ ਗਜਾਤ ਸ੍ਰੀ ਗੁਰ ਭਗਵੰਤ!॥ ੩੪॥

ਇਹ ਸੁਣ ਕੇ ਬ੍ਰਾਹਮਣਾਂ ਨੇ ਹੱਥ ਜੋੜ ਕੇ ਕਿਹਾ, "ਜਿਵੇਂ ਹੱਥ ਉੱਤੇ ਰੱਖੇ ਆਉਲੇ ਦੇ ਗਿਆਨ ਵਿਚ ਕੋਈ ਸ਼ੰਕਾ ਨਹੀਂ ਹੁੰਦਾ, ਉਸ ਤਰ੍ਹਾਂ ਤੁਸੀਂ ਸਾਰੀ ਕਾਇਨਾਤ ਬਾਰੇ ਜਾਣਦੇ ਹੋ। ਤਿੰਨਾਂ ਲੋਕਾਂ ਦਾ ਸਾਰਾ ਬ੍ਰਿਤਾਂਤ ਸ੍ਰੀ ਗੁਰੂ ਭਗਵੰਤ ਜੀ ਨੂੰ ਗਿਆਤ ਹੈ॥੩੪॥

ਤਊ ਹੁਕਮ ਬੂਝਨਿ ਹਿਤ ਕਯੋ। ਸੁਨਹੁਂ ਪ੍ਰਸੰਗ ਦੇਸ਼ ਜਿਮ ਭਯੋ।
ਚਿਰੰਕਾਲ ਕੋ ਰਾਜ ਜਮਨ ਕੋ। ਪੀੜਤ ਪ੍ਰਜਾ ਲੇਤਿ ਧਨ ਗਨ ਕੋ॥ ੩੫॥

ਫਿਰ ਵੀ ਤੁਸੀਂ ਪੁੱਛਣ ਵਾਸਤੇ ਹੁਕਮ ਕੀਤਾ ਹੈ, ਉਹ ਪ੍ਰਸੰਗ ਸੁਣੋ ਜਿਵੇਂ ਸਾਡੇ ਦੇਸ਼ ਵਿਚ ਹੋਇਆ ਹੈ। ਤੁਰਕਾਂ ਦੇ ਰਾਜ ਨੂੰ ਬੜਾ ਲੰਮਾ ਸਮਾਂ ਹੋ ਗਿਆ ਹੈ, ਪਰਜਾ ਨੂੰ ਦੁਖੀ ਕਰਕੇ ਸਾਰਾ ਧਨ ਖੋਹ ਕੇ ਲੈ ਜਾਂਦੇ ਹਨ॥੩੫॥

ਅਬਹਿ ਦੁਸ਼ਟਤਾ ਅਧਿਕ ਉਠਾਈ। ਚਾਹਤਿ ਹਿੰਦੂ ਤੁਰਕ ਬਨਿ ਜਾਈ।
ਦੇਸ਼ ਪਹਾਰਨ ਕੋ ਸਭਿ ਜੇਈ। ਧਰਮ ਬਿਗਾਰਿ ਜਮਨ ਭੇ ਤੇਈ॥ ੩੬॥

ਹੁਣ ਵੱਡੀ ਦੁਸ਼ਟਤਾ ਦਾ ਬੀੜਾ ਚੁਕਿਆ ਹੈ, ਚਾਹੁੰਦਾ ਹੈ ਕਿ ਸਾਰੇ ਹਿੰਦੂ ਤੁਰਕ ਬਣ ਜਾਣ, ਪਹਾੜੀ ਦੇਸ਼ ਦੇ ਜਿੰਨੇ ਵੀ ਹਿੰਦੂ ਹਨ, ਉਨ੍ਹਾਂ ਦਾ ਧਰਮ ਵਿਗਾੜ ਕੇ ਤੁਰਕ ਬਣਾਉਣਾ ਚਾਹੁੰਦਾ ਹੈ॥੩੬॥

ਉਤਰੇ ਜਗਜੁਪਵੀਤ ਏਕ ਦਿਨ। ਤੋਲਨਿ ਕਰੇ ਸੁ ਭਏ ਸਵਾਮਨ।
ਪੁਨ ਪੁਰਿ ਮਹਿਂ ਹਮ ਪਰ ਬਲ ਘਾਲਾ। ਬਨਹੁ ਤੁਰਕ ਸਭਿ ਤਜਿ ਨਿਜ ਚਾਲਾ॥੩੭॥

ਇਕ ਦਿਨ ਵਿਚ ਏਨੇ ਜਨੇਊ ਉਤਾਰਦਾ ਹੈ ਕਿ ਤੋਲਣ ਨਾਲ ਉਨ੍ਹਾਂ ਦਾ ਭਾਰ ਸਵਾ ਮਣ ਹੋ ਜਾਂਦਾ ਹੈ। ਫਿਰ ਨਗਰ ਵਿਚ ਸਾਡੇ ਉੱਤੇ ਬਹੁਤ ਸ਼ਕਤੀ ਵਰਤੀ ਹੈ ਤੇ ਸਾਰਿਆਂ ਨੂੰ ਕਿਹਾ ਹੈ ਕਿ ਆਪਣਾ ਮਜ਼੍ਹਬ ਛੱਡ ਕੇ ਸਾਰੇ ਤੁਰਕ ਬਣ ਜਾਵੋ॥੩੭॥

ਖਸ਼ਟ ਮਾਸ ਕੋ ਕਰਿ ਤਕਰਾਰ। ਜਾਇ ਸ਼ਰਨ ਲੀਨਸਿ ਤ੍ਰਿਪੁਰਾਰਿ।
ਅਸ਼ਟ ਦਿਵਸ ਬੈਠੇ ਤਹਿਂ ਰਹੇ। ਖਾਨ ਪਾਨ ਕਿਨਹੂੰ ਨਹਿਂ ਲਹੇ॥ ੩੮॥

ਅਸੀਂ ਛੇ ਮਹੀਨੇ ਦਾ ਇਕਰਾਰ ਕੀਤਾ ਹੈ, ਹੁਣ ਜਾ ਕੇ ਸ਼ਿਵ ਜੀ ਦੀ ਸ਼ਰਨ ਲਈ ਸੀ। ਅੱਠ ਦਿਨ ਉਥੇ ਬੈਠੇ ਰਹੇ ਤੇ ਕਿਸੇ ਨੇ ਵੀ ਕੁਝ ਵੀ ਖਾਧਾ ਪੀਤਾ ਨਹੀਂ॥੩੮॥

ਪ੍ਰਾਤਿ ਪੱਤ੍ਰਿਕਾ ਤਹਿਂ ਤੇ ਪਾਈ। ਮਹਾਂ ਦੇਵ ਤੁਮ ਨਿਕਟਿ ਪਠਾਈ'।
ਇਮ ਕਹਿ ਸਤਿਗੁਰ ਆਗੇ ਧਰੀ। 'ਪਠਹੁ ਆਪਕੀ ਮਹਿਮਾ ਕਰੀ॥ ੩੯॥

ਸਵੇਰੇ ਇਕ ਚਿੱਠੀ ਉਸ ਪਾਸੋਂ ਪਾਈ ਹੈ, ਮਹਾਂਦੇਵ ਨੇ ਤੁਹਾਡੇ ਪਾਸ ਭੇਜੀ ਹੈ।'' ਇਸ ਤਰ੍ਹਾਂ ਕਹਿ ਕੇ ਚਿੱਠੀ ਗੁਰੂ ਜੀ ਦੇ ਅੱਗੇ ਧਰ ਦਿੱਤੀ। ''ਪੜ੍ਹੋ ਆਪ ਜੀ ਦੀ ਮਹਿਮਾ ਕੀਤੀ ਹੈ॥੩੯॥

ਗਜ ਸਮ ਤੁਰਕ ਤੇਜ ਚਵਗੱਤਾ। ਹਿੰਦੂ ਧਰਮ ਤਰੁ ਕੋ ਪਿਖਿ ਮੱਤਾ।
ਤੋਰਤਿ ਮੂਲ ਉਖਾਰਜੋ ਜੋਵਤਿ। ਬਲੀ ਕੇਹਰੀ ਤੁਮਰੇ ਹੋਵਤਿ॥ ੪੦॥

ਹਾਥੀ ਵਾਂਗ ਚੌਗੱਤੇ ਤੁਰਕ ਔਰੰਗਜ਼ੇਬ ਦਾ ਤੇਜ ਹੈ। ਹਿੰਦੂ ਧਰਮ ਦੇ ਬ੍ਰਿਛ ਨੂੰ ਵੇਖ ਕੇ ਮਸਤ ਹੋਇਆ ਹੈ। ਇਸ ਬ੍ਰਿੱਛ ਨੂੰ ਤੋੜਨ ਵਾਸਤੇ ਮੁੱਢ ਤੋਂ ਪੁੱਟਣਾ ਚਾਹੁੰਦਾ ਹੈ, ਆਪ ਜੀ ਵਰਗੇ ਬਲਵਾਨ ਸ਼ੇਰ ਦੇ ਹੁੰਦਿਆਂ ਉਹ ਇਹ ਕਾਰਾ ਕਰਨਾ ਚਾਹੁੰਦਾ ਹੈ॥੪੦॥

ਪਰੇ ਸ਼ਰਨ ਅਬਿ ਆਨਿ ਤੁਮਾਰੀ। ਸ਼ਿਵ ਕੇ ਕਹੇ ਕਰਹੁ ਰਖਵਾਰੀ।
ਰਾਵਰਿ ਬਿਨਾ ਆਨ ਨਹਿਂ ਕੋਈ। ਸਮਰਥ ਬਲੀ ਜੁ ਰੱਖਜਕ ਹੋਈ॥ ੪੧॥

ਹੁਣ ਅਸੀਂ ਆ ਕੇ ਆਪ ਜੀ ਦੀ ਸ਼ਰਨ ਪਏ ਹਾਂ, ਸ਼ਿਵਜੀ ਦੇ ਕਹਿਣ ਤੇ ਸਾਡੀ ਰਖਵਾਲੀ ਕਰੋ। ਆਪ ਜੀ ਤੋਂ ਬਗੈਰ ਹੋਰ ਕੋਈ ਸਮਰੱਥ ਬਲਵਾਨ ਨਹੀਂ ਹੈ, ਜਿਹੜਾ ਸਾਡੀ ਰਖਵਾਲੀ ਕਰ ਸਕੇ॥੪੧॥

ਏਕ ਆਸਰਾ ਆਪ ਗੁਸਾਈਂ। ਗਹਹੁ ਬਾਂਹੁ ਡੂਬਤਿ ਸਭਿ ਜਾਈਂ।
ਨਿਜ ਕਰੁਨਾ ਤਰਨੀ ਬਰ ਧਰੋ। ਕਰਨ ਧਾਰ ਬਨਿ ਪਾਰਹਿ ਕਰੋ॥ ੪੨॥

ਹੇ ਮਾਲਕ ! ਇਕ ਆਪ ਜੀ ਦਾ ਹੀ ਆਸਰਾ ਹੈ, ਸਾਡੀ ਬਾਂਹ ਫੜੋ, ਸਾਰੇ ਡੁੱਬ ਜਾਵਾਂਗੇ। ਆਪਣੀ ਕਿਰਪਾ ਦੀ ਸ੍ਰੇਸ਼ਟ ਬੇੜੀ ਉੱਪਰ ਚੜ੍ਹਾਓ, ਮਲਾਹ ਬਣ ਕੇ ਇਸ ਬੇੜੀ ਨੂੰ ਪਾਰ ਕਰੋ॥੪੨॥

ਜਗ ਤੇ ਬਿਨਸਨਿ ਲਗਹਿ ਧਰਮ ਜਬਿ। ਪ੍ਰਭੁ ਅਵਿਤਾਰ ਸੁ ਧਾਰਿ ਤੁਰਤ ਤਬਿ।
ਬਨਹਿ ਸਹਾਇਕ ਲੇਹਿ ਉਬਾਰ। ਸੁਨੀਯਤਿ ਕਥਾ ਪੁਰਾਨ ਮਝਾਰ॥ ੪੩॥

ਜਦ ਜਗਤ ਵਿਚ ਧਰਮ ਦਾ ਨਾਸ਼ ਹੋਣ ਲੱਗੇ ਤਦ ਪ੍ਰਭੂ ਜੀ ਤੁਰਤ ਅਵਤਾਰ ਧਾਰ ਲੈਂਦੇ ਹਨ ਤੇ ਸਹਾਇਕ ਬਣ ਕੇ ਬਚਾ ਲੈਂਦੇ ਹਨ। ਇਹ ਕਥਾ ਅਸੀਂ ਪੁਰਾਣ ਵਿਚ ਸੁਣੀ ਹੈ॥੪੩॥

ਅਬਿ ਅਵਿਤਾਰ ਆਪ ਕੋ ਹੋਵਾ। ਮਹਾਂ ਪ੍ਰਤਾਪ ਜਗਤ ਮੈਂ ਜੋਵਾ।
ਸ੍ਰੀ ਨਾਨਕ ਤੇ ਆਦਿਕ ਭਏ। ਚਿੱਤ੍ਰ ਪਵਿੱਤ੍ਰ ਚਲਿੱਤ੍ਰਨਿ ਕਿਏ॥ ੪੪॥

ਹੁਣ ਆਪ ਜੀ ਦਾ ਅਵਤਾਰ ਹੋਇਆ ਹੈ, ਜਗਤ ਵਿਚ ਤੁਹਾਡਾ ਮਹਾਂ ਪ੍ਰਤਾਪ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਆਦਿ ਜਿਹੜੇ ਗੁਰੂ ਸਾਹਿਬਾਨ ਹੋਏ ਹਨ, ਉਨ੍ਹਾਂ ਨੇ ਪਵਿੱਤਰ ਚਰਿੱਤਰ ਅੰਕਤ ਕੀਤੇ ਹਨ॥੪੪॥

ਰਾਖਹੁ ਅਬਿ ਹਿੰਦੁਨ ਕੀ ਟੇਕ। ਨਾਂਹਿਤ ਜਗ ਮਹਿਂ ਰਹੈ ਨ ਏਕ।
ਧਰਮ ਭ੍ਰਿਸ਼ਟਿ ਜਬਿ ਸਗਰੇ ਹੋਇਂ। ਪੂਜਹਿ ਸੁਰ ਆਦਿਕ ਨਹਿਂ ਕੋਇ॥ ੪੫॥

ਹੁਣ ਹਿੰਦੂਆਂ ਦਾ ਆਸਰਾ ਬਣੋ, ਨਹੀਂ ਤਾਂ ਜਗਤ ਵਿਚ ਇਕ ਵੀ ਹਿੰਦੂ ਨਹੀਂ ਰਹੇਗਾ। ਜਦ ਸਾਰਿਆਂ ਦਾ ਧਰਮ ਭ੍ਰਿਸ਼ਟ ਹੋ ਜਾਵੇਗਾ, ਇਹ ਦੇਵਤਿਆਂ ਆਦਿ ਦੀ ਕੋਈ ਵੀ ਪੂਜਾ ਨਹੀਂ ਕਰੇਗਾ॥੪੫॥

ਹੋਮ ਜਗਜ ਸਗਰੇ ਬਿਨਸੈ ਹੈਂ। ਬਹੁਰ ਦੇਵ ਕਿਮ ਥਿਰਤਾ ਪੈ ਹੈਂ।
ਪਰਹਿ ਮਹਾਂ ਦੁਰਭਿੱਛ ਘਨੇਰੇ। ਜਗ ਭੀ ਬਿਨਸਿ ਜਾਇ ਤਿਸ ਬੇਰੇ॥ ੪੬॥

ਹੋਮ ਯੱਗ ਸਾਰੇ ਖਤਮ ਹੋ ਜਾਣਗੇ, ਫਿਰ ਦੇਵਤੇ ਕਿਵੇਂ ਸਥਿਰਤਾ ਪਾਉਣਗੇ। ਸਾਰੇ ਮਹਾਨ ਕਾਲ ਪੈ ਜਾਵੇਗਾ, ਉਸ ਸਮੇਂ ਜਗਤ ਵੀ ਖਤਮ ਹੋ ਜਾਵੇਗਾ॥੪੬॥

ਯਾਂਤੇ ਅਬਿ ਹੀ ਬਨਹੁ ਸਹਾਇ। ਹਿੰਦੂ ਧਰਮ ਕੋ ਲੇਹੁ ਬਚਾਇ।
ਸੁਰ ਆਦਿਕ ਕੀ ਰੱਛਾ ਹੋਇ। ਰਹੇ ਜਗਤ ਮਿਰਜਾਦਾ ਜੋਇ'॥ ੪੭॥

ਇਸ ਕਰਕੇ ਹੁਣ ਹੀ ਸਹਾਇਕ ਬਣੋ, ਹਿੰਦੂ ਧਰਮ ਨੂੰ ਬਚਾ ਲਵੋ, ਦੇਵਤਿਆਂ ਆਦਿ ਦੀ ਰੱਖਿਆ ਹੋਵੇਗੀ, ਜਿਵੇਂ ਵੀ ਜਗਤ ਦੀ ਮਰਯਾਦਾ ਕਾਇਮ ਰਹੇ'॥੪੭॥

ਇਸ ਪ੍ਰਕਾਰ ਬਹੁ ਜੁਗਤਨਿ ਸਾਥ। ਬਿੱਪ੍ਰਨਿ ਕੀਨਿ ਸੁਨਾਵਨਿ ਗਾਥ।
ਅਧਿਕ ਦੁਖਾਤੁਰ ਸ਼ਰਨੀ ਪਰੈਂ। ਬਾਰਿ ਬਾਰਿ ਬਹੁ ਉਸਤਤਿ ਕਰੈਂ॥ ੪੮॥

ਇਸ ਪ੍ਰਕਾਰ ਬਹੁਤ ਜੁਗਤੀਆਂ ਦੇ ਨਾਲ, ਬ੍ਰਾਹਮਣਾਂ ਨੇ ਆਪਣੀ ਗਾਥਾ ਸੁਣਾਈ, ਬਹੁਤ ਦੁਖੀ ਹੋ ਕੇ ਉਹ ਸ਼ਰਨੀਂ ਪੈ ਗਏ, ਬਾਰ-ਬਾਰ ਬਹੁਤ ਉਸਤਤਿ ਕਰਦੇ ਸਨ॥੪੮॥

*ਬਾਰ੍ਹਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥ ੨੮॥*

## ਅਧਿਆਇ ਉਨੱਤੀਵਾਂ

*ਅਹਿਦੀਆਂ ਦਾ ਚਲਣਾ*

ਦੋਹਰਾ-ਸੁਨਤਿ ਦਿਜਨ ਤੇ ਸਤਿਗੁਰੂ ਚਿਤਵਤਿ ਭਏ ਉਪਾਇ।
ਸ੍ਰੀ ਨਾਨਕ ਕੋ ਬਰ ਮਹਾਂ ਰਾਜ ਤੁਰਕ ਬਡ ਪਾਇ॥ ੧॥

ਬ੍ਰਾਹਮਣਾਂ ਪਾਸੋਂ ਸੁਣ ਕੇ ਸਤਿਗੁਰੂ ਜੀ ਉਪਾਅ ਬਾਰੇ ਸੋਚ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਨੇ ਮਹਾਨ ਵਰ ਦਿੱਤਾ ਸੀ, ਜਿਸ ਕਰਕੇ ਤੁਰਕਾਂ ਨੇ ਵੱਡਾ ਰਾਜ ਪਾਇਆ ਹੈ॥੧॥

*ਚੌਪਈ*- ਤਿਸ ਕੋ ਬਨਹਿ ਮਿਟਾਵਨਿ ਜੈਸੇ। ਅਨਿਕ ਜਤਨ ਚਿਤਵਤਿ ਚਿਤ ਤੈਸੇ।
ਕਿਤਿਕ ਦੇਰ ਗੁਰੁ ਤੂਸ਼ਨਿ ਠਾਨੀ। ਪਿਖਿ ਮੁਖ ਸਭਾ ਨ ਕੋ ਕਹਿ ਬਾਨੀ॥੨॥

ਇਸ ਰਾਜ ਨੂੰ ਹੁਣ ਕਿਵੇਂ ਮਿਟਾਇਆ ਜਾਵੇ, ਉਸ ਤਰ੍ਹਾਂ ਹੀ ਅਨੇਕਾਂ ਯਤਨ ਚਿੱਤ ਵਿਚ ਸੋਚ ਰਹੇ ਸਨ। ਕਾਫ਼ੀ ਦੇਰ ਤਕ ਗੁਰੂ ਜੀ ਚੁੱਪ ਰਹੇ। ਸ੍ਰੀ ਗੁਰੂ ਜੀ ਦਾ ਮੁਖ ਵੇਖ ਕੇ ਸਭਾ ਵਿਚੋਂ ਕਿਸੇ ਨੇ ਕੋਈ ਸ਼ਬਦ ਨਾ ਕਿਹਾ॥੨॥

ਕਰ ਮਹਿਂ ਧਰੀ ਪੌਤ੍ਰਿਕਾ ਬਾਚੀ। ਸ਼ਿਵ ਕੀ ਲਿਖਤ ਦੇਖਿ ਹਿਤ ਰਾਚੀ।
ਪਠੀ ਸਕਲ ਹੀ ਠਾਨੀ ਮੌਨ। ਦੇਖਤਿ ਰਹੇ ਨ ਬੋਲਜੋ ਕੌਨ॥੩॥

ਹੱਥ ਵਿਚ ਫੜੀ ਚਿੱਠੀ ਨੂੰ ਵੇਖਿਆ, ਸ਼ਿਵਜੀ ਦੀ ਲਿਖਤ ਵੇਖਣ ਵਾਸਤੇ ਚਿੱਤ ਚਾਹਿਆ। ਸਾਰੀ ਚਿੱਠੀ ਪੜ੍ਹ ਕੇ ਮੌਨ ਧਾਰਨ ਕਰ ਲਈ, ਵੇਖਦੇ ਰਹੇ, ਕੋਈ ਵੀ ਨਾ ਬੋਲਿਆ॥੩॥

ਚਤੁਰ ਘਟੀ ਲਗਿ ਤੂਸ਼ਨਿ ਰਹੇ। ਨਹਿਂ ਉਪਾਇ ਕੋ ਉਰ ਮਹਿਂ ਲਹੇ।
ਅਪਨੋ ਸਿਰ ਦੇ ਕੂਰੋ ਕਰੈਂ। ਬਖਸ਼ਜੋ ਰਾਜ ਸਰਬ ਇਮ ਹਰੈਂ॥੪॥

ਚਾਰ ਘੜੀਆਂ ਤੱਕ ਚੁੱਪ ਰਹੇ, ਹਿਰਦੇ ਵਿਚ ਕੋਈ ਉਪਾਅ ਵੀ ਨਹੀਂ ਪਾਉਂਦੇ ਸਨ। ਆਪਣਾ ਸਿਰ ਦੇ ਕੇ ਇਸ ਬਾਦਸ਼ਾਹਤ ਨੂੰ ਨਾਸ਼ ਕਰ ਦੇਈਏ, ਬਖਸ਼ਿਆ ਹੋਇਆ ਰਾਜ ਇਸ ਤਰ੍ਹਾਂ ਦੂਰ ਕਰ ਦੇਈਏ॥੪॥

ਅਪਰ ਉਪਾਇ ਨ ਬਨਿ ਹੈ ਕੋਈ। ਭਲੀ ਪ੍ਰਕਾਰ ਬਿਚਾਰਜੋ ਸੋਈ।
ਕਰ ਨਿਸ਼ਚੈ ਉਰ ਮਹਿਂ ਜਬਿ ਲਹਜੋ। ਦਿਜ ਗਨ ਸੰਗ ਗੁਰੂ ਤਬਿ ਕਹਜੋ॥੫॥

ਹੋਰ ਕੋਈ ਉਪਾਅ ਨਹੀਂ ਬਣਦਾ ਹੈ, ਅਸੀਂ ਭਲੀ ਪ੍ਰਕਾਰ ਵਿਚਾਰਿਆ ਹੈ। ਹਿਰਦੇ ਵਿਚ ਜਦ ਪੂਰਨ ਨਿਸ਼ਚਾ ਕਰ ਲਿਆ, ਸਾਰੇ ਬ੍ਰਾਹਮਣਾਂ ਨੂੰ ਫਿਰ ਗੁਰੂ ਜੀ ਨੇ ਕਿਹਾ॥੫॥

'ਬਿੱਪ੍ਰ ਬ੍ਰਿੰਦ! ਤੁਮ ਇਕਠੇ ਹੋਵਹੁ। ਕਰਹੁ ਸਕੇਲਨ ਜਿਹ ਸ਼ੁਭ ਜੋਵਹੁ।
ਦਿੱਲੀ ਪੁਰਿ ਕੋ ਸਕਲ ਪਯਾਨੋ। ਤਹਾਂ ਜਾਇ ਨਿਜ ਬ੍ਰਿਥਾ ਬਖਾਨੋ॥੬॥

"ਹੇ ਸਾਰੇ ਪੰਡਿਤੋ! ਤੁਸੀਂ ਸਾਰੇ ਇਕੱਠੇ ਹੋਵੋ, ਜਿੱਥੇ ਵੀ ਸ਼ੁਭ ਬ੍ਰਾਹਮਣ ਵੇਖਦੇ ਹੋ ਸਭ ਨੂੰ ਇਕੱਠੇ ਕਰੋ। ਦਿੱਲੀ ਨਗਰ ਨੂੰ ਸਾਰੇ ਜਾਵੋ ਉਥੇ ਜਾ ਕੇ ਆਪਣੀ ਸਾਰੀ ਵਿਥਿਆ ਬਾਦਸ਼ਾਹ ਨੂੰ ਕਹੋ॥੬॥

ਹਮਰੇ ਛੱਤ੍ਰੀ ਹੈਂ ਜਜਮਾਨ। ਤਿਨ ਤੇ ਕਰਹਿਂ ਖਾਨ ਅਰੁ ਪਾਨ।
ਰਹੈਂ ਅਲੰਬ ਸਦਾ ਹਮ ਤਾਂਹੂੰ। ਦਾਨ ਅਨੇਕ ਬਿਧਿਨਿ ਲੇਂ ਜਾਹੂੰ॥੭॥

ਸਾਡੇ ਖੱਤਰੀ ਜਜਮਾਣ ਹਨ, ਉਨ੍ਹਾਂ ਪਾਸੋਂ ਅਸੀਂ ਖਾਂਦੇ ਪੀਂਦੇ ਹਾਂ। ਅਸੀਂ ਸਦਾ ਉਨ੍ਹਾਂ ਦੇ ਆਸਰੇ ਰਹਿੰਦੇ ਹਾਂ ਤੇ ਅਨੇਕ ਵਿਧੀਆਂ ਨਾਲ ਉਨ੍ਹਾਂ ਪਾਸੋਂ ਦਾਨ ਲੈਂਦੇ ਹਾਂ॥੭॥

ਤਿਨ ਮਹਿਂ ਲੀਜਹਿ ਨਾਮ ਹਮਾਰੋ। ਕਰਹੁ ਬੁਲਾਵਨਿ ਸਕਲ ਉਚਾਰੋ।
ਸੋ ਜਬ ਸੁਨਿ ਜਿਸ ਮਗ ਕੋ ਚਾਲੇ। ਤਿਨ ਪੀਛੇ ਹਿੰਦੂ ਜਗ ਜਾਲੇ॥੮॥

ਉਨ੍ਹਾਂ ਵਿਚ ਸਾਡਾ ਨਾਮ ਲਵੋ, ਸਾਰੇ ਇਹ ਕਹੋ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬੁਲਾਓ। ਸ੍ਰੀ ਗੁਰੂ ਤੇਗ ਬਹਾਦਰ ਜੀ ਜਦ ਸੁਣਕੇ ਜਿਸ ਰਾਹੇ ਚਲਣਗੇ, ਸਾਰੇ ਹਿੰਦੂ ਜਗਤ ਦੇ ਲੋਕ ਉਨ੍ਹਾਂ ਦੇ ਪਿੱਛੇ ਹੋ ਕੇ ਚਲਣਗੇ॥੮॥

ਕਯੋਂ ਤੁਮ ਸਭਿਨਿ ਸੰਗ ਇਮ ਕਹੋ। ਏਕ ਮੂਲ ਸੋਂ ਇੱਛਜਾ ਲਹੋ।
ਇਮ ਸੁਨਿ ਹਮਹਿਂ ਹਕਾਰਨਿ ਕਰਿ ਹੈ। ਤਬਿ ਸਭਿ ਹਿੰਦੁਨਿ ਧਰਮ ਉਬਰਿਹੈਂ॥੯॥

ਤੁਸੀਂ ਸਾਰਿਆਂ ਦੇ ਨਾਲ ਇਸ ਤਰ੍ਹਾਂ ਕਿਉਂ ਕਹਿੰਦੇ ਹੋ, ਇਕ ਜਿਹੜਾ ਸਭ ਦਾ ਮੂਲ ਹੈ ਉਸ ਪਾਸੋਂ ਉਸ ਦੀ ਇੱਛਾ ਪੁੱਛ ਲਵੋ। ਇਸ ਤਰ੍ਹਾਂ ਸੁਣ ਕੇ ਬਾਦਸ਼ਾਹ ਸਾਨੂੰ ਬੁਲਾਵੇਗਾ ਤਦ ਸਾਰੇ ਹਿੰਦੂ ਧਰਮ ਨੂੰ ਬਚਾ ਲਵਾਂਗੇ॥੯॥

ਜਯੋਂ ਕਯੋਂ ਰੱਛਜਾ ਕਰਹਿਂ ਤੁਮਾਰੀ। ਸ਼ਿਵ ਉਚਰੀ ਸੋ ਹਮ ਉਰ ਧਾਰੀ'।
ਇਮ ਉਪਾਇ ਸੁਨਿ ਦਿਜ ਸਮੁਦਾਏ। 'ਧੰਨਜ ਧੰਨਜ' ਕਹਿ ਸੀਸ ਨਿਵਾਏ॥੧੦॥

ਜਿਵੇਂ ਕਿਵੇਂ ਤੁਹਾਡੀ ਰੱਖਿਆ ਕਰਾਂਗੇ, ਜਿਹੜੀ ਗੱਲ ਸ਼ਿਵਜੀ ਨੇ ਉਚਾਰਨ ਕੀਤੀ ਹੈ ਉਹ ਅਸੀਂ ਦਿਲ ਵਿਚ ਧਾਰਨ ਕਰ ਲਈ ਹੈ।" ਇਸ ਤਰ੍ਹਾਂ ਦਾ ਉਪਾਅ ਸੁਣ ਕੇ ਸਾਰੇ ਬ੍ਰਾਹਮਣਾਂ ਨੇ 'ਧੰਨ ਧੰਨ' ਕਹਿ ਕੇ ਸਿਰ ਨਿਵਾਇਆ॥੧੦॥

ਕਹੀ ਗੁਰੂ ਸਭਿਹਿਨਿ ਮਨ ਮਾਨੀ। 'ਰਹਹਿ ਧਰਮ ਹਮ ਨਿਸ਼ਚੇ ਜਾਨੀ'।
ਏਕ ਜਾਮ ਲਗਿ ਦਰਸ਼ਨ ਕੀਨਿ। ਪੁਨ ਉਠਿ ਆਏ ਵਹਿਰ ਪ੍ਰਬੀਨ॥੧੧॥

ਗੁਰੂ ਜੀ ਦੇ ਕਹੇ ਨੂੰ ਸਾਰਿਆਂ ਨੇ ਆਪਣੇ ਮਨ ਵਿਚ ਮੰਨ ਲਿਆ "ਸਾਡਾ ਧਰਮ ਰਹਿ ਜਾਵੇਗਾ, ਅਸੀਂ ਨਿਸ਼ਚਾ ਕਰਕੇ ਜਾਣ ਲਿਆ ਹੈ।" ਇਕ ਪਹਿਰ ਤਕ ਦਰਸ਼ਨ ਕੀਤੇ, ਫਿਰ ਚਤੁਰ ਬ੍ਰਾਹਮਣ ਉੱਠ ਕੇ ਬਾਹਰ ਆ ਗਏ॥੧੧॥

ਇਕ ਦੁਇ ਦਿਨ ਅਨੰਦ ਪੁਰਿ ਬਾਸੇ। ਦਰਸ਼ਨ ਕਰਿ ਕਰਿ ਰਿਦੈ ਹੁਲਾਸੇ।
ਬਹੁਰ ਪਾਇ ਆਇਸੁ ਗੁਰ ਕੇਰੀ। ਭਏ ਤਯਾਰ ਚਲਿਬੇ ਤਿਸ ਬੇਰੀ॥੧੨॥

ਇਕ ਦੋ ਦਿਨ ਅਨੰਦਪੁਰ ਵਿਚ ਠਹਿਰੇ ਤੇ ਗੁਰੂ ਜੀ ਦੇ ਦਰਸ਼ਨ ਕਰ-ਕਰ ਹਿਰਦੇ ਵਿਚ ਪ੍ਰਸੰਨ ਹੋਏ, ਫਿਰ ਗੁਰੂ ਜੀ ਦੀ ਆਗਿਆ ਪਾ ਕੇ, ਉਸ ਸਮੇਂ ਚਲਣ ਵਾਸਤੇ ਤਿਆਰ ਹੋ ਗਏ॥੧੨॥

ਅਪਰ ਬਿੱਪ੍ਰ ਬੁਧਿਵੰਤੇ ਜੇਈ। ਕਰੇ ਹਕਾਰਨਿ ਮੇਲੇ ਤੇਈ।
ਬ੍ਰਿੰਦ ਹੋਇ ਕਰਿ ਪੰਥ ਪਯਾਨੇ। ਜਿਸ ਪੁਰਿ ਮਹਿਂ ਤੁਰਕੇਸ਼ ਮਹਾਂਨੇ॥੧੩॥

ਹੋਰ ਜਿਹੜੇ ਬੁੱਧੀਵਾਨ ਬ੍ਰਾਹਮਣ ਸਨ, ਬੁਲਾ ਕੇ ਨਾਲ ਮਿਲਾ ਲਏ, ਸਾਰੇ ਇਕੱਠੇ ਹੋ ਕੇ ਆਪਣੇ ਮਾਰਗ 'ਤੇ ਚਲ ਪਏ, ਜਿਸ ਨਗਰ ਵਿਚ ਤੁਰਕਾਂ ਦਾ ਬਾਦਸ਼ਾਹ ਰਹਿੰਦਾ ਸੀ॥੧੩॥

ਕੇਤਿਕ ਦਿਨ ਮਹਿਂ ਪਹੁਚੇ ਜਾਇ। ਬਹੁ ਪੁਰਿ ਕੇ ਮਿਲਿ ਦ੍ਵਿਜ ਸਮੁਦਾਇ।
ਦੁਰਗ ਤੁਰਕ ਕੇ ਥਿਰੇ ਅਗਾਰੀ। ਬੂਝੇ ਅਪਨੀ ਬ੍ਰਿਥਾ ਉਚਾਰੀ॥੧੪॥

ਕਈਆਂ ਦਿਨਾਂ ਵਿਚ ਉਥੇ ਜਾ ਪਹੁੰਚੇ, ਫਿਰ ਉਨ੍ਹਾਂ ਨਾਲ ਦਿੱਲੀ ਨਗਰ ਦੇ ਵੀ ਬਹੁਤ ਬ੍ਰਾਹਮਣ ਆ ਮਿਲੇ। ਸਾਰੇ ਇਕੱਠੇ ਹੋ ਕੇ ਤੁਰਕ ਬਾਦਸ਼ਾਹ ਦੇ ਕਿਲ੍ਹੇ ਅੱਗੇ ਖੜੇ ਹੋ ਗਏ ਤੇ ਉਨ੍ਹਾਂ ਦੇ ਪੁੱਛਣ ਉੱਤੇ ਸਾਰੀ ਵਿਥਿਆ ਸੁਣਾਈ॥੧੪॥

'ਬਹੁ ਪੁਰਿ ਕੇ ਦਿਜ ਹਮ ਸਮੁਦਾਏ। ਦੁਖ ਕੋ ਪਾਇ ਪੁਕਾਰੂ ਆਏ।
ਬਾਦਸ਼ਾਹਿ ਜਬਿ ਸੁਨਹਿ ਬ੍ਰਿਤੰਤ। ਤਬਿਹੂੰ ਨਿਸ਼ਚੇ ਬਨਹਿ ਮਤੰਤ॥੧੫॥

"ਬਹੁਤ ਸ਼ਹਿਰਾਂ ਦੇ ਬ੍ਰਾਹਮਣ ਅਸੀਂ ਇਕੱਠੇ ਹੋਏ ਹਾਂ, ਬਹੁਤ ਦੁਖ ਪਾ ਕੇ ਬਾਦਸ਼ਾਹ ਪਾਸ ਪੁਕਾਰ ਕਰਨ ਆਏ ਹਾਂ, ਬਾਦਸ਼ਾਹ ਜਦ ਸਾਡਾ ਬ੍ਰਿਤਾਂਤ ਸੁਣੇਗਾ, ਤਦ ਹੀ ਨਿਸ਼ਚਾ ਕਰਕੇ ਸਲਾਹ ਕਰਨੀ ਬਣੇਗੀ॥੧੫॥

ਜੇ ਕਸ਼ਮੀਰ ਆਦਿ ਗਨ ਦੇਸ਼। ਹੁਇ ਹਿੰਦੁਨਿ ਪਰ ਜ਼ੁਲਮ ਵਿਸ਼ੇਸ਼'।
ਇਮ ਸੁਨਿ ਗਯੋ, ਸ਼ਾਹਿ ਲਿਖਿ ਮਰਜੀ। ਕਰੀ ਅਰਜ਼ ਬੇਗੀ ਤਬਿ ਅਰਜੀ॥੧੬॥

ਜਿਹੜੇ ਕਸ਼ਮੀਰ ਆਦਿ ਬਹੁਤ ਦੇਸ਼ ਹਨ, ਉਥੇ ਹਿੰਦੂਆਂ ਉਤੇ ਵਿਸ਼ੇਸ਼ ਜ਼ੁਲਮ ਹੋ ਰਿਹਾ ਹੈ।'' ਇਸ ਤਰ੍ਹਾਂ ਸੁਣ ਕੇ ਇਕ ਦਾਸ ਬਾਦਸ਼ਾਹ ਦੀ ਮਰਜ਼ੀ ਜਾਣਨ ਵਾਸਤੇ ਗਿਆ ਤੇ ਅਰਜ਼ੀ ਪਹੁੰਚਾਉਣ ਵਾਲੇ ਦਾਸ ਨੇ ਅਰਜ ਕੀਤੀ॥੧੬॥

'ਹਜ਼ਰਤ ਸ਼ਾਹੁ ਸਲਾਮਤ ! ਸੁਨੀਯਹਿ। ਗਨ ਦੇਸ਼ਨਿ ਕੇ ਦਿਜ ਬਹੁ ਗਨੀਅਹਿ।
ਪਾਇ ਕਸ਼ਟ ਕੋ ਆਇ ਪੁਕਾਰੂ। ਚਹਤਿ ਆਪ ਕੇ ਪਾਸ ਉਚਾਰੂ॥ ੧੭॥

''ਹੇ ਹਜ਼ੂਰ ਬਾਦਸ਼ਾਹ ਸਲਾਮਤ ! ਸੁਣੋ, ਬਹੁਤ ਦੇਸ਼ਾਂ ਦੇ ਗੁਣੀਂ ਬ੍ਰਾਹਮਣ, ਦੁਖ ਪਾ ਕੇ ਆਪ ਜੀ ਪਾਸ ਪੁਕਾਰ ਕਰਨ ਆਏ ਹਨ, ਉਹ ਆਪਣੀ ਵਿਥਿਆ ਆਪ ਜੀ ਪਾਸ ਉਚਾਰਨ ਕਰਨੀ ਚਾਹੁੰਦੇ ਹਨ॥੧੭॥

ਪੁਰਿ ਕਸ਼ਮੀਰ ਆਦਿ ਤੇ ਆਏ। ਧਨ ਵਿੱਦਯਾ ਮਹਿਂ ਜੋ ਅਧਿਕਾਏ।
ਜੋ ਨਰ ਗਨ ਮਹਿਂ ਹੈਂ ਪਰਧਾਨ। ਤੇ ਪਹੁੰਚੇ ਦੀਰਘ ਬੁਧਿਵਾਨ'॥ ੧੮॥

ਕਸ਼ਮੀਰ ਨਗਰ ਆਦਿ ਤੋਂ ਆਏ ਹਨ, ਧਨ ਵਿਦਿਆ ਵਿਚ ਜਿਹੜੇ ਮਹਾਨ ਹਨ। ਜਿਹੜੇ ਮਨੁੱਖ ਬ੍ਰਾਹਮਣਾਂ ਵਿਚ ਮੁਖੀ ਹਨ ਉਹ ਵੱਡੇ ਬੁਧੀਮਾਨ ਏਥੇ ਪਹੁੰਚੇ ਹਨ''॥੧੮॥

ਸੁਨਤਿ ਸ਼ਾਹੁ ਅਵਿਰੰਗ ਬਿਚਾਰੇ। ਸ਼ਰ੍ਹਾ ਬਾਤ ਲਖਿ ਨਿਕਟਿ ਹਕਾਰੇ।
ਸੁਨਿ ਆਇਸੁ ਕੋ ਦਿਜ ਸਮੁਦਾਇ। ਪਹੁੰਚੇ ਜਮਨ ਸਭਾ ਲਗਿ ਜਾਇ॥੧੯॥

ਬਾਦਸ਼ਾਹ ਨੌਰੰਗੇ ਨੇ ਇਹ ਸੁਣ ਕੇ ਵਿਚਾਰਿਆ ਤੇ ਸ਼ਰ੍ਹਾ ਦੀ ਗੱਲ ਸਮਝ ਕੇ ਆਪਣੇ ਪਾਸ ਬੁਲਾਏ। ਆਗਿਆ ਸੁਣ ਕੇ ਸਾਰੇ ਬ੍ਰਾਹਮਣ ਉਥੇ ਪਹੁੰਚ ਗਏ ਜਿੱਥੇ ਤੁਰਕ ਬਾਦਸ਼ਾਹ ਦੀ ਸਭਾ ਲੱਗੀ ਹੋਈ ਸੀ॥੧੯॥

ਬੈਠੇ ਕਾਜ਼ੀ ਬ੍ਰਿੰਦ ਮੁਲਾਨੇ। ਗਨ ਉਮਰਾਵ ਮਹਾਂ ਮਨਮਾਨੇ।
ਜਰੇ ਜਵਾਹਰ ਭੇਵਰ ਸਾਰੇ। ਪਹਿਰੇ ਬਸਤ੍ਰ ਮਹਾਂ ਦੁਤਿ ਧਾਰੇ॥ ੨੦॥

ਉਥੇ ਬਹੁਤ ਕਾਜ਼ੀ ਅਤੇ ਮੁਲਾਣੇ ਬੈਠੇ ਹੋਏ ਸਨ ਤੇ ਸਾਰੇ ਮਹਾਂ ਹੰਕਾਰੀ ਉਮਰਾਵ ਵੀ ਬੈਠ ਰਹੇ ਸਨ। ਸਾਰਿਆਂ ਹੀਰੇ ਜਵਾਹਰਾਤ ਨਾਲ ਜੜੇ ਭੂਸ਼ਣ ਪਹਿਣੇ ਹੋਏ ਸਨ ਤੇ ਮਹਾਨ ਚਮਕਦਾਰ ਵਸਤਰ ਅਤੇ ਪੁਸ਼ਾਕਾਂ ਧਾਰਨ ਕੀਤੀਆਂ ਹੋਈਆਂ ਸਨ॥੨੦॥

ਝੁਕਿ ਝੁਕਿ ਬਿੱਪ੍ਰਨਿ ਕੀਨਿ ਸਲਾਮ। ਪੁਨ ਕਰ ਜੋਰੇ ਖਰੇ ਤਮਾਮ।
ਨਿਜ ਦਿਸ਼ਿ ਸ਼ਾਹੁ ਤਵਾਜੈ ਹੋਵਾ। ਸੁਨਜੋ ਚਹੈ, ਇਮ ਜਬਿ ਹੂੰ ਜੋਵਾ॥ ੨੧॥

ਬ੍ਰਾਹਮਣਾਂ ਨੇ ਝੁਕ ਝੁਕ ਕੇ ਸਲਾਮਾਂ ਕੀਤੀਆਂ, ਫਿਰ ਸਾਰੇ ਹੱਥ ਜੋੜ ਕੇ ਖੜੇ ਹੋ ਗਏ। ਜਦ ਬ੍ਰਾਹਮਣਾਂ ਵੇਖਿਆ ਕਿ ਬਾਦਸ਼ਾਹ ਨੇ ਸਾਡੇ ਵਲ ਰੁਖ ਕੀਤਾ ਹੈ ਤੇ ਸਾਡੀ ਗੱਲ ਸੁਣਨਾ ਚਾਹੁੰਦਾ ਹੈ॥੨੧॥

ਭਏ ਸਧੀਰਜ ਅਰਜ਼ ਗੁਜਾਰੈਂ। 'ਹੁਇ ਲਚਾਰ ਤੁਮ ਨਿਕਟਿ ਪੁਕਾਰੈਂ।
ਕਰਹਿਂ ਬਿਨਾਸਨ ਧਰਮ ਹਮਾਰੇ। ਹਿੰਦੁਨਿ ਲੈ ਹੈਂ ਸ਼ਰ੍ਹਾ ਮਝਾਰੇ॥ ੨੨॥

ਤਾਂ ਫਿਰ ਧੀਰਜ ਧਾਰ ਕੇ ਬੇਨਤੀ ਕਰਨ ਲੱਗੇ, ''ਲਾਚਾਰ ਹੋ ਕੇ ਤੁਹਾਡੇ ਪਾਸ ਪੁਕਾਰ ਕਰਦੇ ਹਾਂ, ਤੁਸੀਂ ਸਾਡੇ ਧਰਮ ਦਾ ਨਾਸ਼ ਕਰਨ ਲੱਗੇ ਹੋ ਤੇ ਹਿੰਦੂਆਂ ਨੂੰ ਸ਼ਰ੍ਹਾ ਦੇ ਵਿਚ ਲਿਆਉਣ ਲੱਗੇ ਹੋ॥੨੨॥

ਸੋ ਰਾਵਰਿ ਕੀ ਮਰਜ਼ੀ ਜਾਨੀ। ਇਸ ਪ੍ਰਕਾਰ ਹਮ ਮਿਲਿ ਮਨ ਮਾਨੀ।
ਬਿੱਪ੍ਰਨਿ ਕੇ ਜਜਮਾਨ ਅਲੰਬ। ਚਲਹਿ ਜੀਵਕਾ ਦੇਤਿ ਕਦੰਬ॥ ੨੩॥

ਉਹ ਆਪ ਜੀ ਦੀ ਮਰਜ਼ੀ ਜਾਣੀ ਹੈ, ਇਸ ਪ੍ਰਕਾਰ ਅਸੀਂ ਮਿਲ ਕੇ ਮਨ ਵਿਚ ਮੰਨਿਆ ਹੈ। ਸਾਰੇ ਬ੍ਰਾਹਮਣ ਆਪਣੇ ਜਜਮਾਨਾਂ ਦੇ ਆਸਰੇ ਰਹਿੰਦੇ ਹਨ। ਸਾਰੇ ਜਜਮਾਨ ਜੋ ਦਾਨ ਦਿੰਦੇ ਹਨ, ਉਸ ਦੇ ਆਸਰੇ ਹੀ ਸਾਡੀ ਰੋਟੀ ਰੋਜ਼ੀ ਚਲਦੀ ਹੈ॥੨੩॥

ਤਿਨ ਤੇ ਦਾਨ ਲੇਨਿ ਅਧਿਕਾਰੀ। ਛਪੀ ਨ ਇਹੁ ਕਛੁ ਜਗਤ ਮਝਾਰੀ।
ਸੋ ਹਿੰਦੂ ਜਜਮਾਨ ਘਨੇਰੇ। ਸਭਿ ਮਹਿਂ ਛੱਤ੍ਰੀ ਅਹੈਂ ਬਡੇਰੇ॥ ੨੪॥

ਅਸੀਂ ਉਨ੍ਹਾਂ ਤੋਂ ਦਾਨ ਲੈਣ ਦੇ ਅਧਿਕਾਰੀ ਹਾਂ, ਇਹ ਗੱਲ ਜਗਤ ਵਿਚ ਛੁਪੀ ਹੋਈ ਨਹੀਂ ਹੈ। ਸਾਡੇ ਹਿੰਦੂ ਜਜਮਾਣ ਬਹੁਤ ਹਨ, ਪਰ ਸਾਰਿਆਂ ਤੋਂ ਵੱਡੇ ਜਜਮਾਣ ਖੱਤਰੀ ਹਨ॥੨੪॥

ਤੁਮ ਤੇ ਪ੍ਰਥਮ ਰਾਜ ਤਿਨ ਕੇਰਾ। ਕਰਤਿ ਜਗਜ ਦੇ ਦਰਬ ਘਨੇਰਾ।
ਸੋ ਅਬਿ ਅਪਰ ਕ੍ਰਿੱਤ ਲਗਿ ਪਰੇ। ਜਸੋਂ ਕਸੋਂ ਅਪਨਿ ਜੀਵਕਾ ਕਰੇ॥ ੨੫॥

ਤੁਹਾਡੇ ਤੋਂ ਪਹਿਲਾਂ ਖੱਤਰੀਆਂ ਦਾ ਰਾਜ ਸੀ, ਉਹ ਸਾਨੂੰ ਬਹੁਤ ਧਨ ਦੇ ਕੇ ਰਾਜ ਕਰਦੇ ਸਨ। ਉਹ ਹੁਣ ਹੋਰ ਕ੍ਰਿਤ ਕਰਨ ਲੱਗ ਗਏ ਹਨ, ਜਿਵੇਂ ਕਿਵੇਂ ਆਪਣਾ ਗੁਜ਼ਾਰਾ ਕਰਦੇ ਹਨ॥੨੫॥

ਤਊ ਸਕਲ ਹਿੰਦੁਨਿ ਕੇ ਮਾਂਹੀ। ਛੱਤ੍ਰੀ ਬਡੇ ਔਰ ਸਮ ਨਾਂਹੀ।
ਉਤਮ ਜਾਤੀ ਕਰਮ ਭਲੇਰੇ। ਲਖਿਯਤਿ ਸਹਿਜ ਸੁਭਾਇ ਅਫੇਰੇ॥ ੨੬॥

ਫਿਰ ਵੀ ਸਾਰੇ ਹਿੰਦੂਆਂ ਦੇ ਵਿਚ, ਖੱਤਰੀ ਸਭ ਤੋਂ ਵੱਡੇ ਹਨ ਤੇ ਹੋਰ ਉਨ੍ਹਾਂ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ ਹੈ। ਉਨ੍ਹਾਂ ਦੀ ਉੱਤਮ ਜਾਤੀ ਹੈ ਤੇ ਭਲੇ ਉਨ੍ਹਾਂ ਦੇ ਕਰਮਕਾਂਡ ਹਨ। ਉਹ ਸਹਿਜ ਸੁਭਾਅ ਹੀ ਬਹੁਤ ਚੰਗੇ ਜਾਣੇ ਜਾਂਦੇ ਹਨ॥੨੬॥

ਤਿਨ ਛੱਤ੍ਰੀਨ ਬਿਖੇ ਸਮ ਚਾਦਰ। ਸਭਿਨਿ ਬਡੇ ਸ੍ਰੀ ਤੇਗ ਬਹਾਦਰ।
ਗੁਰ ਨਾਨਕ ਕੀ ਦੀਰਘ ਗਾਦੀ। ਥਿਰ ਹ੍ਵੈ ਸਿੱਖੀ ਕੀਨਿ ਅਬਾਦੀ॥ ੨੭॥

ਉਨ੍ਹਾਂ ਸਾਰੇ ਖੱਤਰੀਆਂ ਵਿਚ ਇਕ ਆਸਰੇ ਸਮਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਸਭ ਤੋਂ ਵੱਡੇ ਹਨ। ਗੁਰੂ ਨਾਨਕ ਦੇਵ ਜੀ ਦੀ ਮਹਾਨ ਗੱਦੀ ਹੈ, ਜਿਨ੍ਹਾਂ ਸਿੱਖੀ ਸਥਿਰ ਤੌਰ ਤੇ ਸਥਾਪਿਤ ਕੀਤੀ ਹੈ॥੨੭॥

ਜਗ ਕੇ ਪੂਜ ਬਿਦਤ ਚਹੂੰ ਓਰੇ। ਚਰਨ ਨਿਹੋਰਤਿ ਦ੍ਵੈ ਕਰ ਜੋਰੇ।
ਮਾਨਨੀਯ ਸਭਿ ਕੇ ਸਿਰਮੌਰ। ਜਿਨ ਕੇ ਸਮ ਨਹਿਂ ਦੂਸਰ ਔਰ॥ ੨੮॥

ਜਗਤ ਦੇ ਪੂਜਨੀਕ ਚਾਰੇ ਪਾਸੇ ਪ੍ਰਗਟ ਹਨ, ਸਾਰੇ ਲੋਕ ਦੋਵੇਂ ਹੱਥ ਜੋੜ ਕੇ ਉਨ੍ਹਾਂ ਦੇ ਚਰਨਾਂ 'ਤੇ ਮੱਥਾ ਟੇਕਦੇ ਹਨ। ਉਹ ਆਦਰਯੋਗ ਸਭ ਦੇ ਸ਼ਿਰੋਮਣੀ ਹਨ, ਜਿਨ੍ਹਾਂ ਦੇ ਬਰਾਬਰ ਹੋਰ ਕੋਈ ਦੂਸਰਾ ਨਹੀਂ ਹੈ॥੨੮॥

ਸੰਗਤਿ ਨਈ ਹਜ਼ਾਰੋਂ ਮਾਨਹਿਂ। ਅਨਿਕ ਅਕੋਰਨਿ ਕੋ ਨਿਤ ਆਨਹਿਂ।
ਜਿਨ ਕੋ ਭਨਯੋ ਮਾਨ ਮਨ ਸਾਰੇ। ਚਹਤਿ ਲੋਕ ਦ੍ਵੈ ਰਹਿਨ ਸੁਖਾਰੇ॥ ੨੯॥

ਹਜ਼ਾਰਾਂ ਦੀ ਗਿਣਤੀ ਵਿਚ ਨਿਤ ਨਵੀਂ ਸੰਗਤ ਉਨ੍ਹਾਂ ਨੂੰ ਮੰਨਦੀ ਹੈ, ਅਨੇਕਾਂ ਉਪਹਾਰ ਸਦਾ ਲਿਆਉਂਦੇ ਹਨ, ਜਿਨ੍ਹਾਂ ਦੇ ਕਹੇ ਹੋਏ ਬਚਨ ਸਾਰੇ ਹੀ ਮਨ ਵਿਚ ਮੰਨ ਕੇ ਦੋ ਲੋਕਾਂ ਵਿਚ ਸੁਖੀ ਰਹਿਣਾ ਚਾਹੁੰਦੇ ਹਨ॥੨੯॥

ਸ਼ਰਧਾ ਧਰਹਿਂ ਕਾਮਨਾ ਪਾਵਹਿਂ। ਆਵਤਿ ਜਾਤੇ ਗੁਨ ਗਨ ਗਾਵਹਿਂ।
ਕਰਹਿਂ ਕਿ ਕਹਹਿਂ ਕ੍ਰਿੱਤ ਸ਼ੁਭ ਜੋਇ। ਅੰਗੀਕਾਰ ਸਭਿਨਿ ਕੇ ਸੋਇ॥ ੩੦॥

ਸਾਰੇ ਸ਼ਰਧਾ ਧਾਰ ਕੇ ਕਾਮਨਾਵਾਂ ਪਾਉਂਦੇ ਹਨ, ਆਉਂਦੇ ਜਾਂਦੇ ਬਹੁਤ ਗੁਣ ਗਾਉਂਦੇ ਹਨ। ਜਿਹੜਾ ਵੀ ਕਾਰਜ ਉਹ ਕਰਦੇ ਅਤੇ ਕਹਿੰਦੇ ਹਨ, ਉਹ ਸਾਰਿਆਂ ਵਾਸਤੇ ਅੰਗੀਕਾਰ ਹੁੰਦਾ ਹੈ॥੩੦॥

ਯਾਂਤੇ ਜਗਤ ਗੁਰੂ ਪਦ ਭਾਰੋ। ਹਿੰਦੂ ਨਾਮ ਤਿਨ ਕੇ ਅਨੁਸਾਰੋ।
ਭਏ ਸਭਿਨਿ ਮਹਿਂ ਅਤਿ ਪਰਧਾਨੂ। ਧਰਹਿਂ ਸੁ ਧਰਮ ਜੁ ਕਰਹਿਂ ਬਖਾਨੂ॥ ੩੧॥

ਇਸ ਕਰਕੇ ਜਗਤ ਗੁਰੂ ਦੀ ਭਾਰੀ ਪਦਵੀ ਹੈ, ਜਿਸ ਕਰਕੇ ਸਭ ਹਿੰਦੂ ਉਨ੍ਹਾਂ ਦੀ ਆਗਿਆ ਅਨੁਸਾਰ ਹਨ। ਉਹ ਸਾਰਿਆਂ ਵਿਚ ਵੱਡੇ ਅਤੇ ਮਹਾਨ ਹਨ, ਜੋ ਵੀ ਬਚਨ ਕਰਦੇ ਹਨ, ਸਾਰੇ ਉਸ ਸ੍ਰੇਸ਼ਟ ਧਰਮ ਨੂੰ ਧਾਰਨ ਕਰਦੇ ਹਨ॥੩੧॥

Sri Satguru Jagjit Singh Ji eLlibrary NamdhariElibrary@gmail.com

ਯਾਂਤੇ ਤਿਨ ਪੀਛੈ ਹਿੰਦਵਾਇਨ। ਸਭਿ ਕੇ ਅੱਗ੍ਰੀ, ਪ੍ਰਭੂ, ਪਰਾਇਨ।
ਤਿਨ ਕੌ ਪ੍ਰਥਮ ਸ਼ਰ੍ਹਾ ਮਹਿਂ ਲਜਾਵਹੁ। ਨਿਜ ਮਤ ਕੋ ਈਮਾਨ ਰਖਾਵਹੁ ॥੩੨॥

ਇਸ ਕਰਕੇ ਸਾਰੀ ਹਿੰਦੂ ਕੌਮ ਉਨ੍ਹਾਂ ਦੇ ਪਿੱਛੇ ਹੈ, ਉਹ ਸਾਰਿਆਂ ਦੇ ਮੋਹਰੀ ਹਨ, ਸਵਾਮੀ ਹਨ ਅਤੇ ਆਸਰਾ ਰੂਪ ਹਨ। ਪਹਿਲਾਂ ਉਨ੍ਹਾਂ ਨੂੰ ਸ਼ਰ੍ਹਾ ਵਿਚ ਲਿਆਵੋ, ਆਪਣੀ ਮੱਤ ਦਾ ਉਨ੍ਹਾਂ ਨੂੰ ਈਮਾਨ ਰਖਾਵੋ ॥੩੨॥

ਬਹੁਰ ਨ ਤੁਮ ਕਿਸ ਕੋ ਕੁਛ ਕਹੀਯਹਿ। ਬਨਹਿਂ ਤੁਰਕ ਹਿੰਦੂ ਸਭਿ ਲਹੀਯਹਿ।
ਪਿਖਿ ਕਰਿ ਇਮ ਸ੍ਰੀ ਤੇਗਬਹਾਦਰ। ਸ਼ਰ੍ਹਾ ਸਰਬ ਮਾਨਹਿਂ ਤਬਿ ਸਾਦਰ ॥੩੩॥

ਫਿਰ ਤੁਸੀਂ ਕਿਸੇ ਨੂੰ ਕੁਝ ਨਾ ਕਹੋ ਤੇ ਸਾਰੇ ਹਿੰਦੂਆਂ ਨੂੰ ਤੁਰਕ ਬਣੇ ਪਾਵੋ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇੰਝ ਵੇਖ ਕੇ ਤਦ ਸਾਰੇ ਹਿੰਦੂ ਬੜੇ ਆਦਰ ਨਾਲ ਸ਼ਰ੍ਹਾ ਨੂੰ ਮੰਨ ਲੈਣਗੇ ॥੩੩॥

ਫੇਰ ਨ ਫੇਰਿ ਕਰਹਿ ਗੋ ਕੋਇ। ਗੁਰ ਕੇ ਮਗ ਹਿੰਦੂ ਸਭਿ ਹੋਇਂ।
ਪੁਨ ਹਮ ਸਮ ਕੀ ਗਿਨੀਤ ਕਹਾਂ। ਬਿੱਪ੍ਰ ਜੀਵਕਾ ਬਸਿ ਜਹਿਂ ਕਹਾਂ ॥੩੪॥

ਫਿਰ ਕੋਈ ਵੀ ਮੋੜ ਨਹੀਂ ਕਰੇਗਾ, ਸਾਰੇ ਹਿੰਦੂ ਆਪਣੇ ਗੁਰੂ ਜੀ ਦੇ ਮਾਰਗ 'ਤੇ ਚਲਣਗੇ। ਫਿਰ ਸਾਡੇ ਵਰਗਿਆਂ ਦੀ ਕੀ ਗਿਣਤੀ ਹੈ, ਜਿਨ੍ਹਾਂ ਦੇ ਆਸਰੇ ਜਿੱਥੇ ਕਿੱਥੇ ਬ੍ਰਾਹਮਣਾਂ ਦੀ ਰੋਜ਼ੀ ਰੋਟੀ ਹੈ, ਭਾਵ ਬ੍ਰਾਹਮਣ ਤਾਂ ਹਰ ਥਾਂ ਰੋਜ਼ੀ ਰੋਟੀ ਦੇ ਵੱਸ ਵਿਚ ਹਨ ॥੩੪॥

ਬਿਨਾ ਜ਼ੋਰ ਤੇ ਬਿਨਾ ਬਨਾਏ। ਬਨਹਿਂ ਤੁਰਕ ਹਿੰਦੂ ਸਮੁਦਾਏ।
ਜਹਾਂ ਏਕ ਤੇ ਕਾਰਜ ਹੋਇ। ਬਹੁ ਕੋ ਕਸ਼ਟ ਨ ਦੇਹੈ ਕੋਇ ॥੩੫॥

ਜ਼ੋਰ ਬਗੈਰ ਤੇ ਬਣਾਏ ਬਗੈਰ ਸਾਰੇ ਹਿੰਦੂ ਤੁਰਕ ਬਣ ਜਾਣਗੇ, ਜਿੱਥੇ ਇਕ ਪਾਸੋਂ ਸਾਰਾ ਕਾਰਜ ਹੋ ਜਾਂਦਾ ਹੈ, ਫਿਰ ਬਹੁਤਿਆਂ ਨੂੰ ਕੋਈ ਕਸ਼ਟ ਨਹੀਂ ਦਿੰਦਾ ਹੈ ॥੩੫॥

ਕਹਿ ਕਰਿ ਪੂਰਬ ਤਿਨਹਿਂ ਬੁਲਾਵਹੁ। ਨਿਜ ਮਰਜ਼ੀ ਗ਼ਰਜ਼ੀ ਸਮੁਝਾਵਹੁ।
ਜਯੋਂ ਕਯੋਂ ਕਰਿ ਬਲ ਛਲ ਸਮੁਦਾਇ। ਪ੍ਰਥਮ ਗੁਰੂ ਲਿਹੁ ਤੁਰਕ ਬਨਾਇ ॥੩੬॥

ਇਸ ਲਈ ਪਹਿਲਾਂ ਉਨ੍ਹਾਂ ਨੂੰ ਕਹਿ ਕੇ ਬੁਲਾਵੋ ਤੇ ਆਪਣੀ ਮਰਜ਼ੀ ਦੀ ਗਰਜ਼ ਸਮਝਾਵੋ, ਜਿਵੇਂ ਕਿਵੇਂ ਸਾਰੇ ਵਲ-ਛਲ ਕਰਕੇ, ਪਹਿਲਾਂ ਗੁਰੂ ਜੀ ਨੂੰ ਤੁਰਕ ਬਣਾ ਲਵੋ ॥੩੬॥

ਹੇਰਤਿ ਹੁਇ ਹੈਂ ਸਕਲ ਪਿਛਾਰੀ। ਬਾਤ ਜਥਾਰਥ ਹਮਹੁ ਉਚਾਰੀ'।
ਇਮ ਸੁਨਿ ਸ਼ਾਹੁ ਉਚਿਤ ਬਿਧਿ ਜਾਨੀ। ਕਹਯੋ 'ਦਿਜਹੁ ਤੁਮ ਨੀਕ ਬਖਾਨੀ ॥੩੭॥

ਉਨ੍ਹਾਂ ਨੂੰ ਵੇਖ ਕੇ ਬਾਅਦ ਵਿਚ ਸਾਰੇ ਤੁਰਕ ਬਣ ਜਾਣਗੇ ਅਸੀਂ ਸੱਚੀ ਗੱਲ ਉਚਾਰਨ ਕਰ ਦਿੱਤੀ ਹੈ।' ਇਹ ਸੁਣ ਕੇ ਬਾਦਸ਼ਾਹ ਨੇ ਯੋਗ ਵਿਧੀ ਜਾਣ ਲਈ ਤੇ ਕਿਹਾ, "ਹੇ ਬ੍ਰਾਹਮਣੋ ! ਤੁਸੀਂ ਠੀਕ ਗੱਲ ਕਹੀ ਹੈ ॥੩੭॥

ਹੁਇ ਹੈ ਐਸੇ ਜਿਮ ਚਿਤ ਬਾਂਛੋ। ਗੁਰੂ ਸ਼ਰ੍ਹਾ ਮਹਿਂ ਗਮਨਹਿਂ ਆਛੋ।
ਪੁਨ ਸਭਿ ਸਿੱਖਜ ਸੰਦੇਹ ਨ ਕਰੈਂ। ਗੁਰ ਕੌ ਦੇਖਿ ਤੁਰਕਪਨ ਧਰੈਂ ॥੩੮॥

ਇਸ ਤਰ੍ਹਾਂ ਹੀ ਹੋਵੇਗਾ ਜਿਵੇਂ ਤੁਸੀਂ ਚਿੱਤ ਵਿਚ ਚਾਹਿਆ ਹੈ, ਗੁਰੂ ਜੀ ਚੰਗੀ ਤਰ੍ਹਾਂ ਸ਼ਰ੍ਹਾ ਵਿਚ ਚਲੇ ਜਾਣਗੇ। ਫਿਰ ਸਾਰੇ ਸਿੱਖ ਸ਼ੰਕਾ ਨਹੀਂ ਕਰਨਗੇ ਤੇ ਗੁਰੂ ਜੀ ਨੂੰ ਵੇਖ ਕੇ ਤੁਰਕ ਮਜ਼ਹਬ ਧਾਰਨ ਕਰ ਲੈਣਗੇ" ॥੩੮॥

ਸੁਨਿਤ ਸ਼ਾਹੁ ਰੁਖ ਬ੍ਰਿੰਦ ਮੁਲਾਨੇ। ਕਾਜ਼ੀ ਅਰ ਉਮਰਾਵ ਬਖਾਨੇ।
'ਇਮ ਸਖੇਨ ਹੀ ਕਾਰਜ ਹੋਇ। ਸਾਦਰ ਸ਼ਰ੍ਹਾ ਮਾਨਿ ਸਭਿ ਕੋਇ ॥੩੯॥

ਬਾਦਸ਼ਾਹ ਦਾ ਰੁੱਖ ਸੁਣ ਕੇ ਬਹੁਤ ਮੁਲਾਣੇ, ਕਾਜ਼ੀ ਅਤੇ ਉਮਰਾਵ ਕਹਿਣ ਲੱਗੇ, "ਇਸ ਤਰ੍ਹਾਂ ਤਾਂ ਕਾਰਜ ਬੜੀ ਆਸਾਨੀ ਨਾਲ ਹੋ ਜਾਵੇਗਾ, ਬੜੇ ਆਦਰ ਨਾਲ ਸਾਰੇ ਸ਼ਰ੍ਹਾ ਨੂੰ ਮੰਨ ਲੈਣਗੇ॥੩੯॥

**ਅਜ਼ਮਤ ਸਹਤਿ ਹੋਇ ਬਿਚ ਦੀਨ। ਸਭਿ ਜਗ ਬਿਖੇ ਸ਼ਰ੍ਹਾ ਬਡ ਪੀਨ।**
**ਅਸ ਮਸਲਤ ਸਭਿਹੂੰਨਿ ਸਰਾਹੀ। ਉਖਰਹਿ ਮੂਲ ਸੁ ਜਾਨਹਿਂ ਨਾਂਹੀ॥੪੦॥**

ਕਰਾਮਾਤ ਸਹਿਤ ਉਹ ਦੀਨ ਵਿਚ ਆ ਜਾਣਗੇ, ਸਾਰੇ ਜਗਤ ਵਿਚ ਸ਼ਰ੍ਹਾ ਬਹੁਤ ਮਜ਼ਬੂਤ ਹੋ ਜਾਵੇਗੀ।" ਐਸੀ ਸਲਾਹ ਦੀ ਸਾਰਿਆਂ ਨੇ ਬੜੀ ਸ਼ਲਾਘਾ ਕੀਤੀ, ਜੜ੍ਹ ਹੀ ਪੁੱਟੀ ਜਾਵੇਗੀ ਇਹ ਉਹ ਜਾਣਦੇ ਨਹੀਂ ਸਨ॥੪੦॥

**ਜਿਸ ਤੇ ਨਸਹਿ ਤੇਜ ਤੁਰਕਾਨਾ। ਸੋ ਦ੍ਰਿਢ ਕਰਹਿਂ ਧਰਹਿ ਮਨ ਮਾਨਾ।**
**'ਗੁਰੂ ਹਕਾਰਹੁ' ਮਤਿ ਠਹਿਰਾਯੋ। 'ਆਵਹਿ ਰਾਮਰਾਇ ਜਿਮ ਆਯੋ॥੪੧॥**

ਜਿਸ ਨਾਲ ਤੁਰਕਾਂ ਦਾ ਤੇਜ਼ ਨਾਸ਼ ਹੋ ਜਾਵੇਗਾ, ਉਹ ਮਨ ਵਿਚ ਹੰਕਾਰ ਧਾਰ ਕੇ ਦ੍ਰਿੜ੍ਹ ਕਰ ਰਹੇ ਸਨ। ਸਾਰਿਆਂ ਨੇ ਸਲਾਹ ਠਹਿਰਾਈ, "ਗੁਰੂ ਜੀ ਨੂੰ ਬੁਲਾਵੋ, ਉਸ ਤਰ੍ਹਾਂ ਆਉਣਗੇ ਜਿਵੇਂ ਸ੍ਰੀ ਰਾਮਰਾਇ ਆਇਆ ਸੀ॥੪੧॥

**ਪੂਰਬ ਗੁਰ ਸੋ ਗਏ ਸਮਾਇ। ਤੇਗ ਬਹਾਦਰ ਅਬਹਿ ਬਤਾਇ'।**
**ਦੋ ਅਹਿਦੀ ਤਤਕਾਲ ਬੁਲਾਇ। ਤਿਨ ਪ੍ਰਤਿ ਹੁਕਮ ਕਹਜੋ ਸਮੁਝਾਇ॥੪੨॥**

ਪਹਿਲੇ ਜਿਹੜੇ ਗੁਰੂ ਜੀ ਸਨ, ਉਹ ਸਮਾ ਗਏ ਹਨ, ਹੁਣ ਸ੍ਰੀ ਤੇਗ ਬਹਾਦਰ ਜੀ ਨੂੰ ਗੁਰੂ ਦੱਸਦੇ ਹਨ।" ਦੋ ਅਹਿਦੀਆਂ ਨੂੰ ਤੁਰਤ ਬੁਲਾਇਆ ਤੇ ਉਨ੍ਹਾਂ ਪ੍ਰਤਿ ਹੁਕਮ ਕਹਿ ਕੇ ਸਮਝਾਇਆ॥੪੨॥

**'ਬੂਝਿ ਦਿਜਨ ਸੋਂ ਬਸਿਬੇ ਗ੍ਰਾਮੂ। ਸੋਢੀ ਤੇਗਬਹਾਦਰ ਨਾਮੂ।**
**ਜਾਇ ਹਕਾਰਹੁ ਇਤ ਕੋ ਲਜਾਵਹੁ। ਆਇ ਕਿ ਨਹੀਂ ਭੇਤ ਕੋ ਪਾਵਹੁ॥੪੩॥**

ਬ੍ਰਾਹਮਣਾਂ ਪਾਸੋਂ ਗੁਰੂ ਜੀ ਦੇ ਨਿਵਾਸ ਸਥਾਨ ਬਾਰੇ ਪੁੱਛੋ, ਉਨ੍ਹਾਂ ਦਾ ਨਾਮ ਸ੍ਰੀ ਤੇਗ ਬਹਾਦਰ ਸੋਢੀ ਹੈ। ਜਾ ਕੇ ਬੁਲਾਵੋ ਤੇ ਏਧਰ ਨੂੰ ਲਿਆਵੋ, ਆਉਣਗੇ ਕਿ ਨਹੀਂ, ਇਸ ਭੇਦ ਨੂੰ ਪਾਵੋ॥੪੩॥

**ਕਹਹੁ, 'ਦਿਖਾਵਨਿ ਅਜ਼ਮਤ ਕਰੈਂ। ਕੈ ਹਮਰੇ ਅਨੁਸਰਤਾ ਧਰੈ'।**
**ਸੁਨਤਿ ਹੁਕਮ ਕੋ ਕੀਨਸਿ ਤਜਾਰੀ। 'ਨਾਮ ਅਨੰਦ ਪੁਰਿ' ਦਿਜਨ ਉਚਾਰੀ॥੪੪॥**

ਜਾ ਕੇ ਕਹੋ, "ਆ ਕੇ ਕਰਾਮਾਤ ਵਿਖਾਉਣ ਜਾਂ ਸਾਡੀ ਅਧੀਨਤਾ ਧਾਰਨ ਕਰਨ।" ਅਹਿਦੀਆਂ ਨੇ ਹੁਕਮ ਸੁਣ ਕੇ ਤਿਆਰੀ ਕਰ ਦਿੱਤੀ, "ਉਨ੍ਹਾਂ ਦੇ ਨਿਵਾਸ ਸਥਾਨ ਦਾ ਨਾਮ ਅਨੰਦਪੁਰ ਹੈ" ਬ੍ਰਾਹਮਣਾਂ ਨੇ ਉਚਾਰਨ ਕੀਤਾ॥੪੪॥

**ਦਿੱਲੀ ਤੇ ਸੁਨਿ ਬਾਹਰ ਭਏ। ਸ੍ਰੀ ਗੁਰ ਸਨਮੁਖ ਪੰਥ ਸਿਧਏ।**
**ਤੁਰਕ ਮੰਦ ਮਤਿ ਹੁਤੋ ਨੁਰੰਗਾ। ਸੰਤ ਪੀਰ ਗੁਰ ਸਨ ਬਦਰੰਗਾ॥੪੫॥**

ਸੁਣ ਕੇ ਦਿੱਲੀ ਤੋਂ ਬਾਹਰ ਹੋ ਗਏ ਤੇ ਗੁਰੂ ਜੀ ਵਲ ਮੂੰਹ ਕਰਕੇ ਉਸ ਪਾਸੇ ਚਲ ਪਏ। ਤੁਰਕ ਨੌਰੰਗਾ ਵੱਡੀ ਮਾੜੀ ਮੱਤ ਵਾਲਾ ਸੀ, ਸੰਤਾਂ, ਪੀਰਾਂ ਅਤੇ ਗੁਰੂਆਂ ਦਾ ਵਿਰੋਧੀ ਸੀ॥੪੫॥

*ਬਾਰ੍ਹਵੀਂ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥੨੯॥*

❖❖❖

# ਅਧਿਆਇ ਤੀਹਵਾਂ

## ਅਹਿਦੀਏ ਵਾਪਸ, ਗੁਰੂ ਜੀ ਸੈਫਾਬਾਦ

ਦੋਹਰਾ- ਅਹਿਦੀ ਚਢਿ ਕਰਿ ਖਾਟ ਪਰ ਸਭਿ ਸਮਾਜ ਧਰਿ ਪਾਸ।
ਨਿਕਸੇ ਪੁਰਿ ਤੇ ਨਰਨ ਸਿਰ ਊਰਧ ਊਠਾਇਸਿ ਖਾਸ॥ ੧ ॥

ਅਹਿਦੀਏ ਮੰਜੀਆਂ 'ਤੇ ਚੜ੍ਹ ਗਏ ਤੇ ਸਾਰਾ ਸਾਮਾਨ ਪਾਸ ਧਰ ਲਿਆ, ਮੰਜੀਆਂ ਨੂੰ ਵਿਗਾਰ ਵਾਲੇ ਮਨੁੱਖਾਂ ਨੇ ਸਿਰਾਂ ਉੱਪਰ ਚੁੱਕ ਲਿਆ ਤੇ ਨਗਰ ਵਿਚੋਂ ਨਿਕਲ ਪਏ॥੧॥

ਚੌਪਈ- ਆਗੇ ਗ੍ਰਾਮ ਗਮਨਤੇ ਆਵੈਂ। ਪਾਛਿਲ ਨਰ ਤਿਨ ਖਾਟ ਟਿਕਾਵੈਂ।
ਤਹਿਂ ਤੇ ਨਏ ਨਿਕਾਸਿ ਬਿਗਾਰੀ। ਆਇ ਉਠਾਵਹਿਂ ਲੇਂ ਸਿਰਧਾਰੀ॥੨॥

ਅੱਗੇ ਪਿੰਡਾਂ ਵਿਚੋਂ ਦੀ ਚਲਦੇ ਆਉਂਦੇ ਸਨ, ਜਿਹੜੇ ਪਹਿਲੇ ਮਨੁੱਖ ਮੰਜੀ ਚੁੱਕੀ ਲਿਆਉਂਦੇ ਸਨ, ਉਹ ਅਗਲੇ ਪਿੰਡ ਵਿਚ ਜਾ ਕੇ ਮੰਜੀ ਰੱਖ ਦਿੰਦੇ ਸਨ। ਉਥੋਂ ਜਾ ਕੇ ਅਹਿਦੀਏ ਨਵੀਂ ਵਿਗਾਰ ਲੈਂਦੇ ਸਨ ਤੇ ਹੋਰ ਮਨੁੱਖ ਮੰਜੀਆਂ ਸਿਰ 'ਤੇ ਧਰ ਕੇ ਅੱਗੇ ਲਿਆਉਂਦੇ ਸਨ॥੨॥

ਬੈਠਿ ਮੰਚ ਪਰ ਪੰਥ ਪਯਾਨਹਿਂ। ਸਰਬ ਪ੍ਰਜਾ ਪਰ ਹੁਕਮ ਬਖਾਨਹਿਂ।
ਲੇਤਿ ਸਭਿਨਿ ਤੇ ਘ੍ਰਿਤ ਮਿਸ਼ਟਾਨ। ਆਮਿਖ ਸੌਂ ਅਹਾਰ ਕਰਿ ਖਾਨ॥੩॥

ਮੰਜੀਆਂ ਉੱਤੇ ਬੈਠ ਕੇ ਰਾਹੇ-ਰਾਹ ਚਲਦੇ ਸਨ ਤੇ ਸਾਰੀ ਪਰਜਾ ਉੱਤੇ ਹੁਕਮ ਕਰਦੇ ਸਨ। ਸਾਰਿਆਂ ਪਾਸੋਂ ਘਿਉ ਅਤੇ ਮਿੱਠਾ ਲੈਂਦੇ ਸਨ ਤੇ ਮਾਸ ਨਾਲ ਭੋਜਨ ਖਾਂਦੇ ਸੀ॥੩॥

ਸਨੇ ਸਨੇ ਮਾਰਗ ਮਹਿਂ ਚਾਲਹਿਂ। ਨਿਤ ਅਨੰਦ ਪੁਰਿ ਨਾਮ ਸੰਭਾਲਹਿਂ।
ਚਲਤਿ ਚਲਤਿ ਕੇਤਿਕ ਦਿਨ ਮਾਂਹੀ। ਨਰਨਿ ਸੀਸ ਪਰ ਉਠੇ ਸੁ ਜਾਹੀ॥੪॥

ਹੌਲੀ-ਹੌਲੀ ਰਾਹ ਵਿਚ ਚਲਦੇ ਸਨ ਤੇ ਸਦਾ ਅਨੰਦਪੁਰ ਦਾ ਨਾਮ ਯਾਦ ਰੱਖਦੇ ਸਨ। ਚਲਦੇ-ਚਲਦੇ ਕਈ ਦਿਨਾਂ ਵਿਚ, ਮਨੁੱਖਾਂ ਦੇ ਸਿਰਾਂ ਉਤੇ ਚੁੱਕੇ ਹੋਏ ਜਾ ਰਹੇ ਸਨ॥੪॥

ਸਤੁੱਦ੍ਰਵ ਤੀਰ ਪਹੂਚੇ ਆਇ। ਕਰਤਿ ਹੁਕਮ ਕੋ ਗਮਨਤਿ ਜਾਇਂ।
ਆਇ ਅਨੰਦ ਪੁਰਿ ਕੀਨਸਿ ਡੇਰਾ। ਚਢੇ ਮੰਚ ਬੈਠੇ ਤਿਸ ਬੇਰਾ॥ ੫ ॥

ਸਤਲੁਜ ਦਰਿਆ ਦੇ ਕੰਢੇ ਆ ਪਹੁੰਚੇ ਤੇ ਹੁਕਮ ਕਰਦੇ ਚਲੇ ਜਾ ਰਹੇ ਸਨ। ਅਨੰਦਪੁਰ ਆ ਕੇ ਡੇਰਾ ਲਾਇਆ ਤੇ ਉਸ ਸਮੇਂ ਮੰਜੀਆਂ 'ਤੇ ਚੜ੍ਹ ਕੇ ਬੈਠ ਗਏ॥੫॥

ਖਾਨ ਪਾਨ ਕਰਿ ਨਿਸਾ ਬਿਤਾਈ। ਜਾਗੇ ਪੁਨ ਪ੍ਰਭਾਤਿ ਹੁਇ ਆਈ।
ਬੈਠਨਿ ਸਭਾ ਸਮਾ ਸੁਨਿ ਕਰਿ ਕੇ। ਗੁਰ ਸੌਂ ਮਿਲਨਿ ਲਾਲਸਾ ਧਰਿਕੇ॥੬॥

ਖਾ ਪੀ ਕੇ ਰਾਤ ਬਤੀਤ ਕੀਤੀ, ਫਿਰ ਸਵੇਰ ਹੋ ਗਈ ਤਾਂ ਜਾਗ ਪਏ। ਗੁਰੂ ਜੀ ਦੇ ਸਭਾ ਵਿਚ ਬੈਠਣ ਦਾ ਸਮਾਂ ਜਾਣ ਕੇ, ਗੁਰੂ ਜੀ ਨਾਲ ਮਿਲਣ ਦੀ ਲਾਲਸਾ ਧਾਰਨ ਕੀਤੀ॥੬॥

ਭਏ ਤਯਾਰ ਅਹਦੀ ਤਬਿ ਦੌਨ। ਥਿਰਤਾ ਸਿੰਘ ਪੌਰ ਗਹਿ ਤੌਨ।
ਸੁਧ ਸਤਿਗੁਰ ਕੇ ਨਿਕਟਿ ਪਠਾਇਵ। 'ਸ਼ਾਹੁ ਹੁਕਮ ਤੇ ਹਮ ਚਲਿ ਆਇਵ ॥੭॥

ਦੋਵੇਂ ਅਹਿਦੀਏ ਭਾਵ ਤਿਆਰ ਹੋ ਗਏ ਤੇ ਗੁਰੂ ਘਰ ਦੀ ਦਰਸ਼ਨੀ ਡਿਉੜੀ ਵਿਚ ਉਹ ਜਾ ਕੇ ਠਹਿਰ ਗਏ। ਸਤਿਗੁਰੂ ਜੀ ਦੇ ਪਾਸ ਆਪਣੇ ਆਉਣ ਦੀ ਖ਼ਬਰ ਭੇਜੀ, "ਬਾਦਸ਼ਾਹ ਦੇ ਹੁਕਮ ਨਾਲ ਅਸੀਂ ਚਲ ਕੇ ਆਏ ਹਾਂ ॥੭॥

ਗੁਰੂ ਹਕਾਰਨਿ ਦਿੱਲੀ ਪੁਰਿ ਮੈਂ। ਦਿੱਲੀ ਪਤਿ ਚਾਹਤਿ ਭਾ ਉਰ ਮੈਂ।
ਇਸ ਕਾਰਜ ਕੋ ਹਮ ਚਲਿ ਆਏ। ਮਿਲਜੋ ਚਹੈਂ ਤਿਨ ਦਰਸ਼ਨ ਪਾਏ' ॥੮॥

ਦਿੱਲੀ ਨਗਰ ਵਿਚ ਗੁਰੂ ਜੀ ਨੂੰ ਬੁਲਾਇਆ ਹੈ, ਦਿੱਲੀ ਦੇ ਮਾਲਕ ਭਾਵ ਬਾਦਸ਼ਾਹ ਦੇ ਦਿਲ ਵਿਚ ਮਿਲਣ ਦੀ ਚਾਹਤ ਹੈ। ਇਸ ਕਾਰਜ ਵਾਸਤੇ ਅਸੀਂ ਚਲ ਕੇ ਆਏ ਹਾਂ, ਉਨ੍ਹਾਂ ਨੂੰ ਮਿਲ ਕੇ ਦਰਸ਼ਨ ਕਰਨਾ ਚਾਹੁੰਦਾ ਹੈ" ॥੮॥

ਸੁਨਤਿ ਪਾਸ ਗੁਰਦਾਸ ਪਯਾਨਾ। ਸਭਿ ਪ੍ਰਸੰਗ ਅਹਿਦੀਨਿ ਬਖਾਨਾ।
'ਖਿਰੇ ਪੌਰ, ਦ੍ਵੈ ਸ਼ਾਹਿ ਪਠਾਏ। ਕਹੈਂ ਸੁ ਹਮ ਲੈਬੇ ਗੁਰ ਆਏ' ॥ ੯॥

ਪਾਸ ਖੜਾ ਗੁਰਦਾਸ ਸੁਣ ਕੇ ਅੰਦਰ ਗਿਆ ਤੇ ਉਸ ਨੇ ਅਹਿਦੀਆਂ ਬਾਰੇ ਸਾਰਾ ਪ੍ਰਸੰਗ ਗੁਰੂ ਜੀ ਨੂੰ ਸੁਣਾਇਆ। "ਦੋ ਆਦਮੀ ਦਰਸ਼ਨੀ ਡਿਊੜੀ ਵਿਚ ਖੜੇ ਹਨ, ਜਿਨ੍ਹਾਂ ਨੂੰ ਬਾਦਸ਼ਾਹ ਨੇ ਭੇਜਿਆ ਹੈ। ਕਹਿੰਦੇ ਹਨ ਅਸੀਂ ਗੁਰੂ ਜੀ ਨੂੰ ਲੈਣ ਵਾਸਤੇ ਆਏ ਹਾਂ" ॥੯॥

ਅੰਤਰਜਾਮੀ ਸ੍ਰੀ ਗੁਰ ਦੇਵ। ਭੂਤ ਭਵਿੱਖਜ ਲਖਹਿਂ ਸਭਿ ਭੇਵ।
ਸਹਿਜ ਸੁਭਾਇਕ ਬਾਕ ਉਚਾਰੇ। 'ਆਏ ਜਮ ਕੇ ਅਬਹਿ ਰਬਾਰੇ ॥ ੧੦॥

ਅੰਤਰਜਾਮੀ ਗੁਰੂ ਜੀ ਭੂਤ, ਭਵਿੱਖ ਦੇ ਸਾਰੇ ਭੇਦ ਸਮਝਦੇ ਹਨ। ਸਹਿਜ ਸੁਭਾਅ ਉਨ੍ਹਾਂ ਨੇ ਬਚਨ ਉਚਾਰਿਆ, "ਧਰਮਰਾਜ ਦੇ ਦੂਤ ਆ ਗਏ ਹਨ ॥੧੦॥

ਲਖੀ ਜਾਇ ਨੀਕੇ ਇਹ ਬਾਤ। ਅਵਸਰ ਪੂਰਨ ਕੋ ਬਿਰਤਾਂਤ'।
ਸਨਿਕੈ ਮਤੀਦਾਸ ਤਬਿ ਕਹਜੋ। 'ਸ੍ਰੀ ਪ੍ਰਭੂ ! ਕਹਾਂ ਆਪ ਇਹ ਲਹਜੋ ? ॥੧੧॥

ਇਹ ਗੱਲ ਚੰਗੀ ਤਰ੍ਹਾਂ ਸਮਝੀ ਜਾ ਸਕਦੀ ਹੈ ਕਿ ਪਿੱਛੇ ਹੋਏ ਬ੍ਰਾਹਮਣਾਂ ਨਾਲ ਬੀਤੇ ਬ੍ਰਿਤਾਂਤ ਨੂੰ ਸੰਭਾਲਣ ਦਾ ਸਮਾਂ ਆ ਗਿਆ ਹੈ।" ਇਹ ਸੁਣਕੇ ਫਿਰ ਭਾਈ ਮਤੀਦਾਸ ਨੇ ਕਿਹਾ, "ਹੇ ਪ੍ਰਭੂ ! ਆਪ ਜੀ ਨੇ ਇਹ ਕੀ ਸਮਝਿਆ ਹੈ ? ॥੧੧॥

ਗੁਰ ਘਰ ਕੋ ਉਰ ਸ਼ਾਹੁ ਲਖੰਤਾ। ਰਖਹਿ ਅਦਾਇਬ ਨੰਮ੍ਰਿ ਬਨੰਤਾ।
ਰਾਮਰਾਇ ਕੋ ਬਹੁ ਧਨ ਦੀਨਿ। ਨਿਕਟਿ ਬਿਠਾਇ ਸ਼ੁਭਾਸਨ ਦੀਨਿ ॥ ੧੨॥

ਗੁਰੂ ਘਰ ਬਾਰੇ ਬਾਦਸ਼ਾਹ ਸਮਝਦਾ ਹੈ ਤੇ ਸਨਿਮਰ ਬਣ ਕੇ ਸਤਿਕਾਰ ਕਰਦਾ ਹੈ। ਸ੍ਰੀ ਰਾਮਰਾਇ ਨੂੰ ਬਹੁਤ ਧਨ ਦਿੱਤਾ ਸੀ ਤੇ ਪਾਸ ਬਿਠਾ ਕੇ ਸ਼ੁਭ ਆਸਣ ਦਿੰਦਾ ਸੀ ॥੧੨॥

ਅਬਿ ਲੌਂ ਬਨੀ ਬਾਤ ਸੁਭ ਤਾਂਹੀ॥ ਭਾਉ ਧਰੈ ਤਿਮ ਹੀ ਤੁਮ ਮਾਂਹੀ।
ਕਰਹੁ ਸ਼ਾਹੁ ਸੌਂ ਮੇਲ ਸੁਖਾਰੇ। ਕਹਾਂ ਕਹਤਿ ਹਹੁ ਬਾਕ ਦੁਖਾਰੇ' ॥ ੧੩॥

ਹੁਣ ਤਕ ਸ਼ੁਭ ਗੱਲ ਬਣੀ ਆ ਰਹੀ ਹੈ, ਉਸ ਤਰ੍ਹਾਂ ਤੁਹਾਡੇ ਵਿਚ ਵੀ ਉਹ ਉਸ ਤਰ੍ਹਾਂ ਹੀ ਪ੍ਰੇਮ ਧਾਰਨ ਕਰਦਾ ਹੈ। ਸੁਖ ਨਾਲ ਬਾਦਸ਼ਾਹ ਨਾਲ ਮੇਲ ਕਰੋ, ਅਜਿਹੇ ਦੁਖੀ ਬਚਨ ਕਿਵੇਂ ਕਹਿੰਦੇ ਹੋ" ॥੧੩॥

*ਨੋਟ : ਗੁਰੂ ਤੇਗ ਬਹਾਦਰ ਜੀ ਕਿਸੇ ਪਾਸੋਂ ਡਰਦੇ ਨਹੀਂ ਸਨ, ਉਨ੍ਹਾਂ ਨੇ ਆਪ ਬਾਣੀ ਵਿਚ ਲਿਖਿਆ ਹੈ, 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥' ਇਸ ਕਰਕੇ ਅਹਿਦੀਆਂ ਬਾਰੇ ਉਨ੍ਹਾਂ ਨੇ ਡਰ ਕੇ ਬਚਨ ਨਹੀਂ ਸੀ ਕੀਤਾ, ਬਲਕਿ ਸਹਿਜ ਸੁਭਾਅ ਕਿਹਾ ਹੈ।*

Sri Satguru Jagjit Singh Ji eLlibrary NamdhariElibrary@gmail.com

ਸੁਨਿ ਸ੍ਰੀ ਤੇਗ ਬਹਾਦਰ ਕਹ੍ਯੋ। 'ਸੋ ਹੁਇ ਹੈ ਜੁ ਪ੍ਰਮੇਸੁਰ ਚਹ੍ਯੋ।
ਹਮਰੋ ਮੇਲ ਨ ਬਨੈ ਕਦਾਈ। 'ਕੂਰ, ਮਲੇਛ ਸੰਤ ਦੁਖਦਾਈ' ॥ ੧੪ ॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਉਹੋ ਹੀ ਹੁੰਦਾ ਹੈ ਜੋ ਪ੍ਰਮੇਸ਼ਵਰ ਚਾਹੁੰਦਾ ਹੈ। ਸਾਡਾ ਉਸ ਨਾਲ ਕਦੇ ਵੀ ਮੇਲ ਨਹੀਂ ਹੋ ਸਕਦਾ, "ਝੂਠਾ ਮਲੇਛ ਸੰਤਾਂ ਵਾਸਤੇ ਦੁਖਦਾਇਕ ਹੈ"॥੧੪॥

ਇਮ ਕਹਿ ਅਹਿਦੀ ਨਿਕਟਿ ਬੁਲਾਏ। ਪਿਖਿ ਨਿਕੇਤ ਅੰਤਰ ਪ੍ਰਵਿਸ਼ਾਏ।
ਸਮੁਖ ਬਦਨ ਗੁਰ ਜਬਹਿ ਨਿਹਾਰੇ। ਤਤਛਿਨ ਦੁਰਮਤਿ ਤਿਨ ਨਿਰਵਾਰੇ ॥੧੫॥

ਇਸ ਤਰ੍ਹਾਂ ਕਹਿ ਕੇ ਅਹਿਦੀਏ ਪਾਸ ਬੁਲਾਏ, ਘਰ ਵੇਖ ਕੇ ਅੰਦਰ ਦਾਖਲ ਹੋ ਗਏ। ਜਦ ਸਾਹਮਣੇ ਹੋ ਕੇ ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਤੁਰਤ ਉਨ੍ਹਾਂ ਦੀ ਭੈੜੀ ਮੱਤ ਦੂਰ ਹੋ ਗਈ॥੧੫॥

ਸਮ ਸੰਤਨਿ ਗੁਰ ਸ਼ਾਂਤਿ ਸੁਭਾਊ। ਹਰਖ ਸ਼ੋਕ ਨਹਿਂ ਲੇਸ਼ ਕਦਾਊ।
ਨੰਮ੍ਰਿ ਸੀਸ ਕਰਿ ਕੀਨਿ ਸਲਾਮ। ਬੈਠੀ ਦੇਖੀ ਸਭਾ ਤਮਾਮ॥ ੧੬॥

ਸੰਤਾਂ ਵਾਂਗ ਗੁਰੂ ਜੀ ਦਾ ਸ਼ਾਂਤ ਸੁਭਾਅ ਸੀ, ਖੁਸ਼ੀ ਗ਼ਮੀਂ ਜਿਨ੍ਹਾਂ ਵਿਚ ਰਤੀ ਭਰ ਵੀ ਨਹੀਂ ਸੀ। ਨੀਵੇਂ ਸਿਰ ਕਰਕੇ ਉਨ੍ਹਾਂ ਸਲਾਮ ਕੀਤੀ ਤੇ ਸਾਰੀ ਬੈਠੀ ਹੋਈ ਸਭਾ ਨੂੰ ਵੇਖਿਆ॥੧੬॥

ਨਿਜ ਕਰ ਤੇ ਦੀਨਸਿ ਪਰਵਾਨਾ। ਕਰ੍ਯੋ ਪਢਾਨਿ ਮਤਲਬ ਜਾਨਾ।
ਲਿਖ੍ਯੋ ਤਾਂਹਿ ਮਹਿਂ 'ਆਵਨਿ ਕੀਜੈ। ਮਿਹਰਬਾਨ ਹੁਇ ਦਰਸ਼ਨ ਦੀਜੈ ॥੧੭॥

ਉਨ੍ਹਾਂ ਨੇ ਆਪਣੇ ਹੱਥਾਂ ਨਾਲ ਗੁਰੂ ਜੀ ਨੂੰ ਪਰਵਾਨਾ ਦਿੱਤਾ ਤੇ ਗੁਰੂ ਜੀ ਨੇ ਉਸ ਪਰਵਾਨੇ ਨੂੰ ਪੜ੍ਹਵਾ ਕੇ ਮਤਲਬ ਜਾਣਿਆ। ਉਸ ਵਿਚ ਲਿਖਿਆ ਸੀ, "ਏਧਰ ਆਓ, ਕਿਰਪਾ ਕਰਕੇ ਦਰਸ਼ਨ ਦੇਵੋ॥੧੭॥

ਲੋਕਨ ਤੇ ਜਸੁ ਸੁਨ੍ਯੋ ਤੁਹਾਰਾ। ਯਾਂਤੇ ਮਿਲਿਬੋ ਨੀਕ ਬਿਚਾਰਾ'।
ਸੁਨਿ ਸਤਿਗੁਰ ਕਾਗਤ ਲਿਖਵਾਇਵ 'ਜੇ ਮਿਲਿਬੇ ਲਾਲਸ ਉਪਜਾਇਵ ॥੧੮॥

ਲੋਕਾਂ ਪਾਸੋਂ ਤੁਹਾਡਾ ਜੱਸ ਸੁਣਿਆ ਹੈ, ਇਸ ਕਰਕੇ ਮਿਲਣ ਦੀ ਚੰਗੀ ਵਿਚਾਰ ਬਣਾਈ ਹੈ।" ਸਤਿਗੁਰੂ ਜੀ ਨੇ ਸੁਣ ਕੇ ਕਾਗਜ਼ ਮੰਗਵਾਇਆ ਤੇ ਲਿਖਵਾਇਆ, "ਜੇ ਮਿਲਣ ਦੀ ਲਾਲਸਾ ਪ੍ਰਗਟ ਕੀਤੀ ਹੈ॥੧੮॥

ਤੌ ਹਮ ਆਵਹਿਂ ਦਿੱਲੀ ਪੁਰਿ ਕੋ। ਮਿਲਿ ਕਰਿ ਕਰਹੁ ਮਨੋਰਥ ਉਰ ਕੋ।
ਪੂਰਬ ਗੁਰ ਘਰ ਕੋ ਬਲ ਸੁਨਿਕੈ। ਰਾਮਰਾਇ ਬੁਲਵਾਇਵ ਗੁਨਿਕੈ ॥ ੧੯ ॥

ਤਾਂ ਅਸੀਂ ਦਿੱਲੀ ਨਗਰ ਵਲ ਆਉਂਦੇ ਹਾਂ, ਮਿਲ ਕੇ ਆਪਣੇ ਹਿਰਦੇ ਦਾ ਮਨੋਰਥ ਪੂਰਾ ਕਰੋ। ਪਹਿਲਾਂ ਗੁਰੂ ਘਰ ਦੀ ਸ਼ਕਤੀ ਬਾਰੇ ਸੁਣ ਕੇ ਸ੍ਰੀ ਰਾਮਰਾਇ ਨੂੰ ਬੁਲਾਇਆ ਸੀ॥੧੯॥

ਸ੍ਰੀ ਹਰਿ ਕ੍ਰਿਸ਼ਨ ਬਹੁਰ ਬੁਲਵਾਏ। ਅਬਿ ਤੈਂ ਹਮਰੇ ਨਿਕਟਿ ਪਠਾਏ'।
ਤਿਨ ਅਹਿਦਿਨਿ ਕੋ ਲਿਖਿ ਕਰਿ ਦਯੋ। ਕਰਹਿ ਤਥਾ ਜਿਮ ਚਾਹਤਿ ਭਯੋ ॥੨੦॥

ਫਿਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਬੁਲਵਾਇਆ, ਹੁਣ ਤੁਸੀਂ ਸਾਨੂੰ ਪਾਸ ਬੁਲਾਇਆ ਹੈ।" ਉਨ੍ਹਾਂ ਅਹਿਦੀਆਂ ਨੂੰ ਲਿਖ ਕੇ ਦਿੱਤਾ। ਬਾਦਸ਼ਾਹ ਜਿਵੇਂ ਚਾਹੁੰਦਾ ਹੈ ਕਰਦਾ ਹੈ॥੨੦॥

ਇਮ ਉਤਰ ਲਿਖਵਾਇ ਗੁਸਾਈਂ। ਕੇਤਿਕ ਧਨ ਦੀਨਸਿ ਤਿਨ ਤਾਂਈ।
ਹਤੇ ਲੋਭ ਤੇ ਲੈ ਨਰਮਾਏ। ਗੁਰ ਕੇ ਸਮੁਖ ਨ ਕਛੂ ਅਲਾਏ॥ ੨੧॥

ਇਸ ਤਰ੍ਹਾਂ ਗੁਰੂ ਜੀ ਨੇ ਉੱਤਰ ਲਿਖਾਇਆ, ਤੇ ਉਨ੍ਹਾਂ ਨੂੰ ਕਾਫੀ ਧਨ ਦਿੱਤਾ। ਲੋਭ ਦੇ ਮਾਰੇ ਹੋਏ ਨਰਮ ਹੋ ਗਏ ਤੇ ਗੁਰੂ ਜੀ ਦੇ ਸਾਹਮਣੇ ਕੁਝ ਨਾ ਬੋਲੇ॥੨੧॥

ਬਿਦਾ ਹੋਇ ਕਰਿ ਅਹਿਦੀ ਚਾਲੇ। ਚਢਿ ਮੰਚਨ ਪਰ ਪੂਰਬ ਢਾਲੇ।
ਸਨੇ ਸਨੇ ਤੈਸੇ ਚਲਿ ਗਏ। ਦਿੱਲੀ ਬਿਖੈ ਪ੍ਰਵੇਸ਼ਤਿ ਭਏ॥ ੨੨॥

ਵਿਦਾ ਹੋ ਕੇ ਅਹਿਦੀਏ ਚਲ ਪਏ, ਪਹਿਲਾਂ ਵਾਂਗ ਮੰਜਿਆਂ 'ਤੇ ਚੜ੍ਹ ਕੇ ਚਲ ਪਏ, ਹੌਲੀ-ਹੌਲੀ ਪਹਿਲਾਂ ਵਾਂਗ ਚਲ ਕੇ ਗਏ ਤੇ ਦਿੱਲੀ ਸ਼ਹਿਰ ਵਿਚ ਪ੍ਰਵੇਸ਼ ਕਰ ਗਏ॥੨੨॥

ਨੌਰੰਗ ਨਿਕਟਿ ਪਹੂੰਚੇ ਜਾਇ। ਕਾਗਦ ਦਯੋ ਪ੍ਰਸੰਗ ਸੁਨਾਇ।
'ਕਹਜੋ ਗੁਰੂ, ਹਮ ਭੀ ਤਹਿਂ ਆਵੈਂ। ਕੇਤਿਕ ਬਾਸੁਰ ਸਮਾ ਬਿਤਾਵੈਂ॥ ੨੩॥

ਨੌਰੰਗੇ ਦੇ ਪਾਸ ਪਹੁੰਚ ਗਏ ਤੇ ਸਾਰਾ ਪ੍ਰਸੰਗ ਸੁਣਾ ਕੇ ਪ੍ਰਵਾਨਾ ਉਸ ਨੂੰ ਦੇ ਦਿੱਤਾ, "ਗੁਰੂ ਜੀ ਨੇ ਕਿਹਾ ਹੈ ਅਸੀਂ ਵੀ ਉਥੇ ਆਵਾਂਗੇ ਤੇ ਕਈ ਦਿਨ ਉਥੇ ਬਤੀਤ ਕਰਾਂਗੇ॥੨੩॥

ਅਬਿ ਆਯੋ ਚੌਮਾਸਾ ਕਾਲ। ਮਗ ਮਹਿਂ ਪਾਨੀ ਪੰਕ ਬਿਸਾਲ'।
ਸੁਨਿ ਔਰੰਗ ਤਬਿ ਤੂਸ਼ਨਿ ਹੋਯਹੁ। 'ਆਵਹਿਂ ਆਪ' ਬਿਚਾਰਤਿ ਜੋਯਹੁ॥੨੪॥

ਹੁਣ ਚੌਮਾਸਿਆਂ ਦਾ ਸਮਾਂ ਆਇਆ ਹੈ, ਰਾਹ ਵਿਚ ਵਿਸ਼ਾਲ ਪਾਣੀ ਅਤੇ ਚਿੱਕੜ ਹੈ।" ਇਹ ਸੁਣ ਕੇ ਨੌਰੰਗਾ ਫਿਰ ਚੁੱਪ ਹੋ ਗਿਆ, "ਆਪ ਆਉਣਗੇ" ਇਸ ਬਾਰੇ ਵਿਚਾਰ ਕਰਦਾ ਸੀ॥੨੪॥

ਇਤਿ ਸਤਿਗੁਰ ਨਿਜ ਤਯਾਰੀ ਕੀਨਿ। ਬਸਨ ਅਨੰਦ ਪੁਰਿ ਕੋ ਤਜਿ ਦੀਨਿ।
ਅਲਪ ਦਾਸ ਅਪਨੇ ਸੰਗ ਲੀਨਿ। ਕਾਰਨ ਕਰਨ ਬਿਸਾਲ ਪ੍ਰਬੀਨ॥ ੨੫॥

ਏਧਰ ਸਤਿਗੁਰੂ ਜੀ ਨੇ ਆਪਣੀ ਤਿਆਰੀ ਕੀਤੀ ਤੇ ਅਨੰਦਪੁਰ ਵਿਚ ਰਹਿਣਾ ਛੱਡ ਦਿੱਤਾ। ਥੋੜ੍ਹੇ ਸੇਵਕ ਆਪਣੇ ਨਾਲ ਲੈ ਲਏ। ਗੁਰੂ ਜੀ ਸਰਬ ਕਾਰਨਾਂ ਦੇ ਕਰਨ ਵਾਲੇ ਅਤੇ ਹਰ ਪ੍ਰਕਾਰ ਨਾਲ ਨਿਪੁੰਨ ਹਨ॥੨੫॥

ਮਾਸ ਅਸਾਢ ਬਿਖੈ ਪ੍ਰਸਥਾਨੇ। ਸਿਖ ਮਸੰਦ ਹੁਇ ਬਿਦਾ ਪਯਾਨੇ।
ਨਿਜ ਨਿਜ ਦੇਸ਼ਨਿ ਕੋ ਚਲਿ ਗਏ। 'ਸਤਿਗੁਰ ਸ਼ੀਲਾ' ਸਰਾਹਤਿ ਭਏ॥ ੨੬॥

ਹਾੜ ਦੇ ਮਹੀਨੇ ਵਿਚ ਅਨੰਦਪੁਰ ਸਾਹਿਬ ਨੂੰ ਛੱਡ ਕੇ ਚਲ ਪਏ। ਸਿੱਖ ਅਤੇ ਮਸੰਦ ਗੁਰੂ ਜੀ ਪਾਸੋਂ ਵਿਦਾ ਹੋ ਕੇ ਤੁਰ ਪਏ ਅਤੇ ਆਪਣੇ-ਆਪਣੇ ਦੇਸ਼ਾਂ ਨੂੰ ਚਲੇ ਗਏ। "ਸਤਿਗੁਰੂ ਜੀ ਵੱਡੇ ਪੂਜਣਯੋਗ ਹਨ" ਸਾਰੇ ਸ਼ਲਾਘਾ ਕਰ ਰਹੇ ਸਨ॥੨੬॥

ਸ਼੍ਰੀ ਪ੍ਰਭੁ ਪੂਰਬ ਕੋ ਮੁਖ ਕਰੇ। ਨਿਤ ਪ੍ਰਤਿ ਮਜਲ ਅਲਪ ਹੀ ਥਿਰੇ।
ਬਸਹਿ ਨਹੀਂ ਤਬਿ ਪੁਰ ਪਟਿਆਰਾ। ਇਤਿ ਕੋ ਆਏ ਗੁਰੂ ਉਦਾਰਾ॥ ੨੭॥

ਸ੍ਰੀ ਪ੍ਰਭੂ ਜੀ ਨੇ ਪੂਰਬ ਵਾਲੇ ਪਾਸੇ ਮੁਖ ਕੀਤਾ, ਨਿਤਾਪ੍ਰਤਿ ਮੰਜ਼ਲ ਤੈਅ ਕਰਦੇ ਸਨ ਤੇ ਬਹੁਤ ਥੋੜਾ ਠਹਿਰਦੇ ਸਨ। ਉਸ ਸਮੇਂ ਪਟਿਆਲਾ ਸ਼ਹਿਰ ਨਹੀਂ ਸੀ ਵੱਸਦਾ, ਇਸ ਪਾਸੇ ਵਲ ਉੱਤਮ ਗੁਰੂ ਜੀ ਆਏ॥੨੭॥

ਸੈਫਦੀਨ ਇਕ ਤੁਰਕ ਭਲੇਰਾ। ਨਿਜ ਪੁਰਿ ਕੋ ਬਸਾਇ ਤਿਸ ਬੇਰਾ।
ਸੈਫਾਬਾਦ ਨਾਮ ਤਿਸ ਰਾਖਾ। ਗੁਰ ਜਸੁ ਸੁਨਤਿ ਦਰਸ ਕੋ ਕਾਂਖਾ॥ ੨੮॥

ਸੈਫਦੀਨ ਇਕ ਭਲਾ ਤੁਰਕ ਸੀ, ਉਸ ਸਮੇਂ ਉਸ ਆਪਣਾ ਨਗਰ ਵਸਾਇਆ ਸੀ। ਉਸ ਨੇ ਨਗਰ ਦਾ ਨਾਮ ਸੈਫਾਬਾਦ ਰਖਿਆ। ਗੁਰੂ ਜੀ ਦਾ ਜੱਸ ਸੁਣ ਕੇ ਉਸ ਨੇ ਦਰਸ਼ਨਾਂ ਦੀ ਅਭਿਲਾਸ਼ਾ ਕੀਤੀ॥੨੮॥

ਚਿਤਵਤਿ ਰਹਤਿ 'ਜਾਉਂ ਤਿਨ ਪਾਸ। ਸੁਨਹੁਂ ਤਿਨਹੁਂ ਤੇ ਬਾਕ ਬਿਲਾਸ'।
ਅਟਕਜੋ ਰਹਤਿ ਕਾਜ ਘਰ ਕੇਰੇ। ਨਹਿਂ ਅਵਕਾਸ਼ ਲਹਜੋ ਕਿਸ ਬੇਰੇ॥ ੨੯॥

ਹਰ ਵੇਲੇ ਸੋਚਦਾ ਰਹਿੰਦਾ ਸੀ, "ਉਨ੍ਹਾਂ ਦੇ ਪਾਸ ਜਾਵਾਂਗਾ ਤੇ ਉਨ੍ਹਾਂ ਪਾਸੋਂ ਬਚਨ ਬਿਲਾਸ ਸੁਣਾਂਗਾ।" ਆਪਣੇ ਘਰ ਦੇ ਕੰਮ-ਕਾਜਾਂ ਵਿਚ ਅਟਕਿਆ ਰਹਿੰਦਾ ਸੀ, ਕਿਸੇ ਸਮੇਂ ਵੀ ਗੁਰੂ ਜੀ ਦੇ ਦਰਸ਼ਨਾਂ ਦਾ ਮੌਕਾ ਨਾ ਮਿਲਿਆ॥੨੯॥

ਤਊ ਰਿਦੇ ਮਹਿਂ ਪਜਾਸ ਬਡੇਰੀ। 'ਮਿਲਹਿਂ ਗੁਰੂ ਕੋ ਚਲਿ ਕਿਸ ਬੇਰੀ'।
ਅੰਤਰਜਾਮੀ ਸਤਿਗੁਰ ਜਾਨੀ। 'ਦਰਸ਼ਨ ਕੋ ਚਾਹਤਿ ਹਿਤ ਠਾਨੀ'॥ ੩੦॥

ਫਿਰ ਵੀ ਹਿਰਦੇ ਵਿਚ ਵੱਡੀ ਪਿਆਸ ਸੀ, "ਕਿਸੇ ਸਮੇਂ ਗੁਰੂ ਜੀ ਨੂੰ ਜਾ ਕੇ ਮਿਲੀਏ।" ਅੰਤਰਜਾਮੀ ਸਤਿਗੁਰੂ ਜੀ ਜਾਣ ਗਏ, "ਹਿਤ ਧਾਰ ਕੇ ਦਰਸ਼ਨ ਕਰਨਾ ਚਾਹੁੰਦਾ ਹੈ"॥੩੦॥

ਉਤਰੇ ਤਹਾਂ ਜਾਇ ਪੁਰਿ ਨੇਰੇ। ਸਕਲ ਆਹਿ ਲਾਗਜੋ ਤਬਿ ਡੇਰੇ।
ਸੈਫਦੀਨ ਢਿਗ ਕਿਨਹੁਂ ਬਖਾਨਾ। 'ਉਤਰਜੋ ਆਇ, ਨਹੀਂ ਕੋ ਜਾਨਾ'॥ ੩੧॥

ਉਸ ਦੇ ਨਗਰ ਦੇ ਨੇੜੇ ਜਾ ਕੇ ਉਤਾਰਾ ਕਰ ਦਿੱਤਾ, ਸਾਰਾ ਡੇਰਾ ਉਥੇ ਆ ਲੱਗਾ। ਸੈਫਦੀਨ ਦੇ ਪਾਸ ਕਿਸੇ ਨੇ ਕਿਹਾ, "ਕਿਸੇ ਨੇ ਆ ਕੇ ਏਥੇ ਉਤਾਰਾ ਕੀਤਾ ਹੈ, ਪਰ ਇਹ ਨਹੀਂ ਜਾਣਿਆ ਜਾਂਦਾ ਕਿ ਕੌਣ ਹੈ"॥੩੧॥

ਸੁਧ ਹਿਤ ਸੁਨਿ ਕੈ ਮਨੁਜ ਪਠਾਯੋ। ਬੂਝਿ ਗਯੋ ਤਿਨ ਜਾਇ ਬਤਾਯੋ।
'ਜਿਸ ਕੇ ਸੰਗ ਮਿਲਨਿ ਤੁਮ ਚਾਹੋ। ਔਚਕ ਸੋ ਪਹੁਚੇ ਅਬਿ ਪਾਹੋ॥ ੩੨॥

ਇਹ ਸੁਣ ਕੇ ਸੈਫਦੀਨ ਨੇ ਖਬਰ ਵਾਸਤੇ ਇਕ ਮਨੁੱਖ ਭੇਜਿਆ, ਉਹ ਮਨੁੱਖ ਪੁੱਛ ਕੇ ਗਿਆ ਤੇ ਸਾਰਾ ਹਾਲ ਸੈਫਦੀਨ ਨੂੰ ਦੱਸਿਆ, "ਜਿਨ੍ਹਾਂ ਨੂੰ ਤੁਸੀਂ ਮਿਲਣਾ ਚਾਹੁੰਦੇ ਹੋ, ਅਚਾਨਕ ਹੀ ਉਹ ਏਥੇ ਪਾਸ ਆ ਪਹੁੰਚੇ ਹਨ॥੩੨॥

ਸ੍ਰੀ ਗੁਰ ਤੇਗ ਬਹਾਦਰ ਅਹੈਂ। ਸੰਗੀ ਨਰ ਬੂਝੇ ਸੋ ਕਹੈਂ'।
ਸੈਫ ਦੀਨ ਸੁਨਿ ਕਰਿ ਹਰਖਾਯੋ। ਤਤਛਿਨ ਆਪ ਮਿਲਿਨਿ ਕੋ ਆਯੋ॥ ੩੩॥

ਇਹ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ, ਉਨ੍ਹਾਂ ਦੇ ਨਾਲ ਜਿਹੜੇ ਮਨੁੱਖ ਹਨ, ਉਨ੍ਹਾਂ ਨੇ ਪੁੱਛਣ ਤੇ ਦੱਸਿਆ ਹੈ।" ਸੈਫਦੀਨ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਤੁਰਤ ਆਪ ਗੁਰੂ ਜੀ ਨੂੰ ਮਿਲਣ ਵਾਸਤੇ ਆਇਆ॥੩੩॥

ਕਿਤਿਕ ਅਸ਼ਰਫੀ ਆਗੇ ਧਰਿਕੈ। ਬੰਦੇ ਪਦ ਨੰਮ੍ਰੀ ਸਿਰ ਕਰਿ ਕੈ।
ਕਹਤਿ ਭਯੋ 'ਮੁਝ ਕਰਜੋ ਨਿਹਾਲ। ਦਰਸ਼ਨ ਦੀਨਸਿ ਆਨਿ ਕ੍ਰਿਪਾਲ॥ ੩੪॥

ਕੁਝ ਅਸ਼ਰਫੀਆਂ ਅੱਗੇ ਧਰ ਕੇ ਤੇ ਸਿਰ ਨੀਵਾਂ ਕਰਕੇ ਚਰਨਾਂ 'ਤੇ ਬੰਦਨਾ ਕੀਤੀ ਤੇ ਕਹਿਣ ਲੱਗਾ, "ਮੈਨੂੰ ਨਿਹਾਲ ਕੀਤਾ ਹੈ, ਕ੍ਰਿਪਾਲੂ ਗੁਰੂ ਜੀ ਨੇ ਮੈਨੂੰ ਆ ਕੇ ਦਰਸ਼ਨ ਦਿੱਤੇ ਹਨ॥੩੪॥

ਅਬਿ ਪਹੁੰਚਜੋ ਹੈ ਆਨਿ ਚੁਮਾਸਾ। ਬਨੌਂ ਕ੍ਰਿਤਾਰਥ ਕੀਜਹਿ ਬਾਸਾ'।
ਇਮ ਕਹਿ ਪਗ ਪੰਕਜ ਗਹਿ ਹਾਥ। ਕਰਤਿ ਪਲੋਸਨਿ ਪ੍ਰੀਤੀ ਸਾਥ॥ ੩੫॥

ਹੁਣ ਅਤੀ ਗਰਮੀ ਅਤੇ ਵਰਖਾ ਦਾ ਮੌਸਮ ਆ ਗਿਆ ਹੈ, ਮੇਰੇ ਤੇ ਕ੍ਰਿਤਾਰਥ ਕਰਕੇ ਏਥੇ ਵਾਸਾ ਕਰੋ।" ਇਹ ਕਹਿ ਕੇ ਆਪਣੇ ਹੱਥਾਂ ਨਾਲ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਬੜੇ ਪ੍ਰੇਮ ਨਾਲ ਪਲੋਸਣ ਲੱਗਾ॥੩੫॥

ਪੁਨ ਮੁਖ ਚਖ ਪਰ ਫੇਰਨਿ ਕਰੈ। 'ਮੈਂ ਨਿਹਾਲ ਭਾ' ਇਮ ਉਰ ਧਰੈ।
ਹੇਰਿ ਪ੍ਰੇਮ ਕੋ ਬਹੁਤ ਕ੍ਰਿਪਾਲ। ਬਾਕ ਬਖਾਨਜੋਂ ਗੁਰ ਤਿਸ ਕਾਲ॥ ੩੬॥

ਫਿਰ ਉਨ੍ਹਾਂ ਹੱਥਾਂ ਨੂੰ ਆਪਣੇ ਮੂੰਹ ਅਤੇ ਅੱਖਾਂ ਤੇ ਫੇਰਿਆ ਤੇ ਕਹਿਣ ਲੱਗਾ, "ਮੈਂ ਨਿਹਾਲ ਹੋ ਗਿਆ ਹਾਂ।" ਇਸ ਤਰ੍ਹਾਂ ਹਿਰਦੇ ਵਿਚ ਧਾਰਨ ਕੀਤਾ। ਕ੍ਰਿਪਾਲੂ ਗੁਰੂ ਜੀ ਨੇ ਬਹੁਤ ਪ੍ਰੇਮ ਨੂੰ ਵੇਖ ਕੇ ਉਸ ਸਮੇਂ ਇਹ ਬਚਨ ਕੀਤਾ॥੩੬॥

'ਜੇ ਉਰ ਸ਼ਰਧਾ ਏਵ ਤੁਮਾਰੇ। ਕਰਹਿਂ ਬਾਸ ਚਹੁੰ ਮਾਸ ਸੁਖਾਰੇ।
ਚਹੈਂ ਸ਼ਾਹ ਢਿਗ ਕਰਨਿ ਪਯਾਨਾ। ਬਰਖਾ ਹਟੇ ਜਾਹਿਂ ਤਿਸ ਥਾਨਾ' ॥ ੩੭ ॥

"ਜੇ ਤੁਹਾਡੇ ਦਿਲ ਵਿਚ ਇਸ ਤਰ੍ਹਾਂ ਸ਼ਰਧਾ ਹੈ ਤਾਂ ਗਰਮੀ ਅਤੇ ਬਰਸਾਤ ਦੇ ਚਾਰ ਮਹੀਨੇ ਸੌਖੇ ਰਹਿ ਲੈਂਦੇ ਹਾਂ। ਅਸੀਂ ਬਾਦਸ਼ਾਹ ਦੇ ਪਾਸ ਜਾਣਾ ਚਾਹੁੰਦੇ ਹਾਂ, ਵਰਖਾ ਹੱਟਣ ਤੋਂ ਬਾਅਦ ਉਸ ਥਾਂ ਚਲੇ ਜਾਵਾਂਗੇ" ॥੩੭॥

ਇਸ ਪ੍ਰਕਾਰ ਜਬਿ ਗੁਰੂ ਉਚਾਰਯੋ। ਸੈਫਦੀਨ ਕਹਿ ਸਿਵਰ ਉਠਾਰਯੋ।
ਸੁੰਦਰ ਉਪਬਨ ਬਿਖੈ ਉਤਾਰੇ। ਆਪ ਸਾਥ ਹੁਇ ਤਹਾਂ ਪਧਾਰੇ॥ ੩੮॥

ਇਸ ਪ੍ਰਕਾਰ ਜਦ ਗੁਰੂ ਜੀ ਨੇ ਉਚਾਰਨ ਕੀਤਾ, ਸੈਫਦੀਨ ਨੇ ਕਹਿ ਕੇ ਉਸ ਸਥਾਨ ਤੋਂ ਡੇਰਾ ਚੁਕਵਾ ਲਿਆ ਤੇ ਸੁੰਦਰ ਬਾਗ ਵਿਚ ਗੁਰੂ ਜੀ ਦਾ ਉਤਾਰਾ ਕਰਵਾ ਦਿੱਤਾ, ਆਪ ਨਾਲ ਹੋ ਕੇ ਸਾਰੇ ਉਥੇ ਚਲੇ ਗਏ॥੩੮॥

ਭਲੀ ਭਾਂਤਿ ਡੇਰਾ ਕਰਿਵਾਯਹੁ। ਹਿਤ ਸੇਵਾ ਕੇ ਸਕਲ ਪੁਚਾਯਹੁ।
ਬਹੁ ਬਿਧਿ ਕੇ ਪ੍ਰਿਯ ਬਾਕ ਸੁਨਾਏ। ਪੁਨ ਨਿਜ ਸਦਨ ਗਯੋ ਹਰਖਾਏ॥ ੩੯ ॥

ਭਲੀ ਪ੍ਰਕਾਰ ਡੇਰਾ ਕਰਵਾਇਆ ਤੇ ਸੇਵਾ ਵਾਸਤੇ ਹਰ ਵਸਤੂ ਪਹੁੰਚਾ ਦਿੱਤੀ। ਬਹੁਤ ਵਿਧੀਆਂ ਦੇ ਪਿਆਰੇ ਬਚਨ ਸੁਣਾਏ, ਫਿਰ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਚਲਾ ਗਿਆ॥੩੯॥

ਨਿਸਾ ਬਾਸ ਸਤਿਗੁਰ ਤਬਿ ਕਰਯੋ। ਖਾਨ ਪਾਨ ਸਭਿਹਿਨਿ ਸੁਖ ਧਰਯੋ।
ਭਈ ਪ੍ਰਭਾਤਿ ਸੌਚ ਇਸ਼ਨਾਨੇ। ਬੈਠੇ ਥਿਰ ਹੁਇ ਲਾਗਿ ਸੁ ਧਯਾਨੇ॥ ੪੦॥

ਸਤਿਗੁਰੂ ਜੀ ਉਥੇ ਫਿਰ ਰਾਤ ਰਹੇ ਤੇ ਖਾ ਪੀ ਕੇ ਸਭ ਨੇ ਸੁਖ ਪਾਇਆ। ਸਵੇਰ ਹੋਣ 'ਤੇ ਸੌਚ ਇਸ਼ਨਾਨ ਕੀਤਾ ਤੇ ਧਿਆਨ ਲਾ ਕੇ ਸਥਿਰ ਹੋ ਕੇ ਬੈਠ ਗਏ॥੪੦॥

ਦਿਵਸ ਚਢੇ ਕਰਿ ਪ੍ਰੇਮ ਬਿਸਾਲਾ। ਸੈਫਦੀਨ ਪਹੁੰਚਯੋ ਤਤਕਾਲਾ।
ਕਰਿ ਬੰਦਨ ਪਦ ਪਰ ਹਰਖਾਯੋ। ਸਾਦਰ ਸਤਿਗੁਰ ਨਿਕਟਿ ਬਿਠਾਯੋ॥ ੪੧ ॥

ਦਿਨ ਚੜ੍ਹਨ ਤੇ ਬੜਾ ਪ੍ਰੇਮ ਧਾਰ ਕੇ ਸੈਫਦੀਨ ਤੁਰਤ ਆ ਪਹੁੰਚਾ ਤੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਬਹੁਤ ਪ੍ਰਸੰਨ ਹੋਇਆ ਤੇ ਗੁਰੂ ਜੀ ਨੇ ਬੜੇ ਆਦਰ ਨਾਲ ਆਪਣੇ ਪਾਸ ਬਿਠਾਇਆ॥੪੧॥

ਬਾਕ ਬਿਲਾਸ ਅਨੇਕ ਪ੍ਰਕਾਰਾ। ਕਰਤਿ ਗੁਰੂ ਦੇ ਅਨੰਦ ਉਦਾਰਾ।
ਸ਼ਾਂਤਿ ਸਮੇਤ ਉਚਾਰਤਿ ਜਯੋਂ ਜਯੋਂ। ਸੁਨਿ ਕਰਿ ਬਸੀ ਹੋਤਿ ਮਨ ਤਯੋਂ ਤਯੋਂ ॥੪੨ ॥

ਅਨੇਕ ਪ੍ਰਕਾਰ ਬਚਨ ਬਿਲਾਸ ਕਰਕੇ ਗੁਰੂ ਜੀ ਉੱਤਮ ਅਨੰਦ ਬਖਸ਼ ਰਹੇ ਸਨ। ਜਿਵੇਂ-ਜਿਵੇਂ ਸ਼ਾਂਤੀ ਸਮੇਤ ਉਚਾਰਨ ਕਰਦੇ ਸਨ, ਸੁਣ ਕੇ ਤਿਵੇਂ-ਤਿਵੇਂ ਸੈਫਦੀਨ ਦਾ ਮਨ ਵੱਸ ਵਿਚ ਹੁੰਦਾ ਜਾਂਦਾ ਸੀ॥੪੨॥

ਮੁਦਤ ਹੋਇ ਪੁਨ ਬਿਨਤੀ ਠਾਨੀ। 'ਕਰਹੁ ਬਾਸ ਮਮ ਪ੍ਰੀਤ ਮਹਾਨੀ।
ਪੰਕ ਪ੍ਰਿਥੀ ਪਰ ਪ੍ਰਾਪਤਿ ਪਾਨੀ। ਗਮਨ ਕਠਨ ਮਗ ਕੋ ਲਿਹੁ ਜਾਨੀ' ॥੪੩॥

ਕੁਝ ਸਮੇਂ ਬਾਅਦ ਫਿਰ ਬੇਨਤੀ ਕੀਤੀ, "ਏਥੇ ਹੀ ਵਾਸਾ ਕਰੋ, ਮੇਰੀ ਵੱਡੀ ਪ੍ਰੀਤ ਹੈ। ਧਰਤੀ 'ਤੇ ਹਰ ਥਾਂ ਚਿੱਕੜ ਅਤੇ ਪਾਣੀ ਹੈ, ਰਾਹ ਵਿਚ ਚਲਣਾ ਬੜਾ ਕਠਨ ਹੈ, ਇਹ ਜਾਣ ਲਵੋ" ॥੪੩॥

ਸੁਨਿ ਕਰਿ ਸੈਫਦੀਨ ਕੀ ਬਿਨਤੀ। ਕਰਨਿ ਕੂਚ ਕੀ ਤਜਿ ਕਰਿ ਗਿਨਤੀ।
ਕਰਜੋ ਬਚਨ 'ਤੁਮ ਆਛੇ ਕਹਜੋ। ਮਗ ਪ੍ਰਸਥਾਨ ਸਮਾ ਨਹਿਂ ਲਹਜੋ॥ ੪੪ ॥

ਸੈਫਦੀਨ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਕੂਚ ਕਰਨ ਦਾ ਇਰਾਦਾ ਛੱਡ ਦਿੱਤਾ ਤੇ ਬਚਨ ਕੀਤਾ, "ਤੁਸੀਂ ਚੰਗੀ ਗੱਲ ਕਹੀ ਹੈ, ਰਾਹ ਵਿਚ ਚਲਣ ਦਾ ਇਹ ਸਮਾਂ ਨਹੀਂ ਹੈ॥੪੪॥

ਸਰਬ ਰੀਤਿ ਕਰਿ ਸੰਕਟ ਹੋਤਿ। ਤ੍ਰਿਨ ਗਨ ਜੀਵ ਬਿਲੰਦ ਉਦੋਤਿ।
ਬਰਖਾ ਸਕਲ ਬਿਤਾਵੈਂ ਜਬੈ। ਕਰਹਿਂ ਕੂਚ ਡੇਰਾ ਹਮ ਤਬੈ' ॥ ੪੫ ॥

ਸਾਰੀਆਂ ਰੀਤੀਆਂ ਨਾਲ ਕਸ਼ਟ ਹੁੰਦਾ ਹੈ, ਘਾਹ ਬਹੁਤ ਵੱਧ ਜਾਂਦਾ ਹੈ ਤੇ ਉਸ ਵਿਚ ਸੱਪ ਨੂੰਹੇਂ ਆਦਿ ਜੀਵ ਵੀ ਬਹੁਤ ਪੈਦਾ ਹੋ ਜਾਂਦੇ ਹਨ। ਵਰਖਾ ਰੁੱਤ ਜਦ ਸਾਰੀ ਬਤੀਤ ਕਰ ਲਵਾਂਗੇ ਤਦ ਅਸੀਂ ਆਪਣਾ ਡੇਰਾ ਕੂਚ ਕਰ ਦੇਵਾਂਗੇ' ॥੪੫॥

ਤਹਿਂ ਗੁਰ ਬਸੇ ਦੇਨਿ ਕੋ ਛੇਮ। ਸੈਫਦੀਨ ਦੀਰਘ ਉਰ ਪ੍ਰੇਮੁ।
ਕਰਹਿ ਭਾਵ ਕੋ ਨੀਤ ਨਵੀਨ। ਪਰਚਹਿ ਗੁਰ ਢਿਗ ਰਹੇ ਪ੍ਰਬੀਨ॥ ੪੬ ॥

ਸੈਫਦੀਨ ਦੇ ਹਿਰਦੇ ਵਿਚ ਵੱਡਾ ਪ੍ਰੇਮ ਸੀ, ਇਸ ਕਰਕੇ ਗੁਰੂ ਜੀ ਉਸ ਨੂੰ ਮੁਕਤੀ ਬਖਸ਼ਣ ਵਾਸਤੇ ਉਥੇ ਰਹਿ ਪਏ। ਸੈਫਦੀਨ ਨਿਤ ਨਵੀਂ ਭਾਵਨਾ ਕਰਦਾ ਸੀ ਤੇ ਨਿਪੁੰਨ ਗੁਰੂ ਜੀ ਦੇ ਪਾਸ ਰਹਿ ਕੇ ਪ੍ਰਸੰਨ ਰਹਿੰਦਾ ਸੀ॥੪੬॥

*ਬਾਰ੍ਹਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥*

## ਅਧਿਆਇ ਇਕੱਤੀਵਾਂ

*ਸੈਫਦੀਨ ਪਾਸੋਂ ਵਿਦਾ, ਅਹਿਦੀਏ ਭਾਲਣ ਆਏ*

ਦੋਹਰਾ- ਬਸੇ ਚੁਮਾਸਾ ਸਤਿਗੁਰੂ ਡੇਰਾ ਕੀਨਿ ਮੁਕਾਮ।
ਸੈਫਦੀਨ ਸੇਵਾ ਕਰਹਿ ਨਿਤ ਪ੍ਰਤਿ ਆਇ ਸਲਾਮ॥ ੧॥

ਬਰਸਾਤ ਅਤੇ ਗਰਮੀ ਦੇ ਚਾਰ ਮਹੀਨੇ ਗੁਰੂ ਜੀ ਸੈਫਾਬਾਦ ਵਿਚ ਹੀ ਰਹੇ। ਸੈਫਦੀਨ ਬਹੁਤ ਸੇਵਾ ਕਰਦਾ ਸੀ ਤੇ ਬੜੇ ਪ੍ਰੇਮ ਨਾਲ ਆ ਕੇ ਸਲਾਮ ਕਰਦਾ ਸੀ॥੧॥

ਚੌਪਈ- ਸੰਗਤਿ ਗੁਰ ਕੀ ਠਾਨਿ ਹਮੇਸ਼ੁ। ਤਜੋਂ ਤਜੋਂ ਚਿਤ ਮਹਿਂ ਪ੍ਰੇਮ ਵਿਸ਼ੇਸ਼ੂ।
ਕਬਹੂੰ ਲੇ ਨਿਜ ਸੰਗ ਸਿਧਾਰਹਿ। ਸਦਨ ਆਪਨੇ ਜਾਇ ਬਿਠਾਰਹਿ ॥੨॥

ਗੁਰੂ ਜੀ ਦੀ ਸੰਗਤ ਹਮੇਸ਼ਾਂ ਤਿਵੇਂ-ਤਿਵੇਂ ਚਿੱਤ ਵਿਚ ਵਿਸ਼ੇਸ਼ ਪ੍ਰੇਮ ਧਾਰਨ ਕਰਦੀ ਸੀ। ਸੈਫਦੀਨ ਕਦੀ ਗੁਰੂ ਜੀ ਨੂੰ ਆਪਣੇ ਨਾਲ ਲੈ ਜਾਂਦਾ ਸੀ ਤੇ ਆਪਣੇ ਘਰ ਵਿਚ ਬਿਠਾਉਂਦਾ ਸੀ॥੨॥

'ਪਰਚੇ ਰਹੈ ਇਹਾਂ ਚਿਰਕਾਲਾ।' ਯਾਂਤੇ ਠਾਨਤਿ ਜਤਨ ਬਿਸਾਲਾ।
ਅਨਿਕ ਭਾਂਤਿ ਕੀ ਬਾਤ ਸੁਨਾਵੈ। ਘਰ ਅੰਤਰ ਕੇ ਬਾਗ ਦਿਖਾਵੈ॥ ੩॥

"ਦੇਖੋ ਇਨ੍ਹਾਂ ਦਾ ਲੰਮੇ ਸਮੇਂ ਤੱਕ ਦਿਲ ਲੱਗਾ ਰਹੇ" ਇਸ ਕਰਕੇ ਬਹੁਤ ਜਤਨ ਧਾਰਨ ਕਰਦਾ ਸੀ। ਅਨੇਕ ਪ੍ਰਕਾਰ ਦੀਆਂ ਗੱਲਾਂ ਸੁਣਾਉਂਦਾ ਸੀ ਤੇ ਆਪਣੇ ਘਰ ਦੇ ਅੰਦਰ ਦੇ ਬਾਗ ਵਿਖਾਉਂਦਾ ਸੀ॥੩॥

ਬਹੁਰ ਫਰਸ਼ ਸੁੰਦਰ ਡਸਵਾਵੈ। ਕਰਿ ਬਿਨਤੀ ਸਨਮਾਨ ਬਿਠਾਵੈ।
ਚਾਰੂ ਚੌਪਰ ਅੱਗ੍ਰ ਬਿਛਾਵੈ। ਖੇਲੈ ਗੁਰ ਸੋਂ ਡਲਨ ਰੁੜਾਵੈ॥ ੪॥

ਬਹੁਤ ਸੁੰਦਰ ਕਾਲੀਨ ਵਿਛਾ ਕੇ ਫਰਸ਼ ਤਿਆਰ ਕਰਵਾਉਂਦਾ ਸੀ ਤੇ ਬਹੁਤ ਬੇਨਤੀ ਅਤੇ ਸਨਮਾਨ ਕਰਕੇ ਬਿਠਾਉਂਦਾ ਸੀ। ਸੁੰਦਰ ਚੌਪੜ ਅੱਗੇ ਵਿਛਾਉਂਦਾ ਸੀ ਤੇ ਡਲ ਪਾਸੇ ਰੋੜ੍ਹ ਕੇ ਗੁਰੂ ਜੀ ਨਾਲ ਖੇਡਦਾ ਸੀ॥੪॥

ਇਕ ਦੁਇ ਜਾਮ ਸਦਨ ਮਹਿਂ ਰਾਖੈ। ਖੇਲਨਿ ਹਿਤ ਪੁਨ ਪੁਨ ਮੁਖ ਭਾਖੈ।
ਖਾਨ ਪਾਨ ਕੀ ਸੇਵਾ ਕਰੈ। ਸਿਵਰ ਬਿਖੈ ਬਸਤੂ ਸਭਿ ਧਰੈ॥ ੫॥

ਇਕ ਦੋ ਪਹਿਰ ਘਰ ਵਿਚ ਰੱਖਦਾ ਸੀ, ਖੇਡਣ ਵਾਸਤੇ ਬਾਰ-ਬਾਰ ਮੁਖ ਤੋਂ ਕਹਿੰਦਾ ਸੀ। ਖਾਣ ਪੀਣ ਦੀ ਸੇਵਾ ਕਰਦਾ ਸੀ ਤੇ ਡੇਰੇ ਵਿਚ ਸਭ ਵਸਤਾਂ ਧਰਦਾ ਸੀ॥੫॥

ਘ੍ਰਿਤ ਮਿਸ਼ਟਾਨ ਅੰਨ ਗਨ ਨੀਕੇ। ਅਪਰ ਅਹਾਰ ਜਿ ਭਾਵਤਿ ਜੀਕੇ।
ਦੁਗਧ ਦਧੀ ਤੇ ਆਦਿਕ ਜੇਈ। ਹਿੰਦੁਨਿ ਤੇ ਪਹੁਂਚਾਵਤਿ ਤੇਈ॥ ੬॥

ਸ਼ੁਧ ਘਿਉ, ਮਿੱਠਾ ਤੇ ਹੋਰ ਮਨ-ਭਾਉਂਦੇ ਅਨੇਕਾਂ ਭੋਜਨ ਭੇਜਦਾ ਸੀ। ਦੁੱਧ, ਦਹੀਂ ਆਦਿ ਜਿਹੜੇ ਪਦਾਰਥ ਸਨ ਉਹ ਹਿੰਦੂਆਂ ਪਾਸੋਂ ਪਹੁੰਚਾਉਂਦਾ ਸੀ॥੬॥

ਚਹਿਯਤਿ ਵਸਤੂ ਸਿਵਰ ਮਹਿਂ ਜੋਇ। ਨਿਜ ਬੁਧਿ ਤੇ ਭੇਜੈ ਤਹਿ ਸੋਇ।
ਫਲ ਰਸਾਲ ਕੇ ਸ੍ਵਾਦਲ ਜੇਤੇ। ਬੀਨ ਬੀਨ ਕਰਿ ਪਠਵਹਿ ਤੇਤੇ॥ ੭॥

ਡੇਰੇ ਵਿਚ ਜਿਹੜੀ ਵੀ ਵਸਤੂ ਚਾਹੀਦੀ ਸੀ, ਆਪਣੀ ਬੁੱਧੀ ਨਾਲ ਸਮਝ ਕੇ ਉਥੇ ਭੇਜ ਦਿੰਦਾ ਸੀ, ਰਸੀਲੇ ਫਲ ਜਿਹੜੇ ਬੜੇ ਸਵਾਦੀ ਹੁੰਦੇ ਸਨ ਉਹ ਚੁਣ ਚੁਣ ਕੇ ਭੇਜਦਾ ਸੀ॥੭॥

ਦੂਰ ਦੂਰ ਤੇ ਕਰਹਿ ਮੰਗਾਵਨਿ। ਦੇਖਿ ਦੇਖਿ ਕਰਿ ਜੇ ਮਨ ਭਾਵਨ।
ਜਾਮਨ ਫਲ ਆਰੂ ਅਰੁ ਖਿਰਨੀ। ਜੇ ਲਗਵਾਇ ਰਖੇ ਨਿਜ ਧਰਨੀ॥ ੮॥

ਫਲਾਂ ਨੂੰ ਦੂਰ-ਦੂਰ ਤੋਂ ਮੰਗਵਾਉਂਦਾ ਸੀ, ਵੇਖ-ਵੇਖ ਕੇ ਜਿਹੜੇ ਮਨ ਨੂੰ ਭਾਉਂਦੇ ਸਨ। ਜਾਮਨੂੰ, ਆੜੂ ਅਤੇ ਖਿਰਨੀ ਦੇ ਫਲ ਜਿਹੜੇ ਆਪਣੀ ਧਰਤੀ 'ਤੇ ਲਵਾਏ ਹੋਏ ਸਨ॥੮॥

ਦਾਰਮ ਦੀਰਘ ਦਾਨੇ ਜੋਇ। ਕਰਿ ਕਰਿ ਪ੍ਰੇਮ ਪਠਾਵੈ ਸੋਇ।
ਇੱਤਯਾਦਿਕ ਸੇਵਾ ਕਹੁ ਠਾਨਿ। ਜਨਮ ਸੁਧਾਰਯੋ ਅਪਨਿ ਮਹਾਨ॥ ੯॥

ਅਨਾਰ ਜਿਹੜੇ ਵੱਡੇ-ਵੱਡੇ ਦਾਣਿਆਂ ਵਾਲੇ ਸਨ, ਪ੍ਰੇਮ ਕਰ ਕਰ ਕੇ ਉਨ੍ਹਾਂ ਨੂੰ ਭੇਜਦਾ ਸੀ। ਇਸ ਤਰ੍ਹਾਂ ਸੇਵਾ ਧਾਰਨ ਕੀਤੀ ਕਿ ਉਸ ਆਪਣਾ ਜਨਮ ਮਹਾਨ ਸੁਧਾਰ ਲਿਆ॥੯॥

ਦੇਹਿ ਤੁਰੰਗਨ ਕੋ ਤ੍ਰਿਣ ਦਾਨਾ। ਭਏ ਪੁਸ਼ਟ ਠਾਢੇ ਤਿਸ ਥਾਨਾ।
ਇਮ ਸਾਵਨ ਭਾਦੋਂ ਦੁਇ ਮਾਸ। ਕਰੇ ਬਿਤਾਵਨਿ ਸਤਿਗੁਰ ਬਾਸਿ॥ ੧੦॥

ਗੁਰੂ ਜੀ ਦੇ ਘੋੜਿਆਂ ਨੂੰ ਘਾਹ ਅਤੇ ਦਾਣਾ ਦਿੰਦਾ ਸੀ, ਉਹ ਸਾਰੇ ਉਸ ਥਾਂ ਖਲੋਤੇ ਬਹੁਤ ਮੋਟੇ ਤਾਜ਼ੇ ਹੋ ਗਏ। ਇਸ ਤਰ੍ਹਾਂ ਸਾਵਣ ਭਾਦੋਂ ਦੋ ਮਹੀਨੇ, ਸਤਿਗੁਰੂ ਜੀ ਨੇ ਉਥੇ ਵੱਸ ਕੇ ਬਤੀਤ ਕੀਤੇ॥੧੦॥

ਮਾਸ ਅਸੋਜੁ ਆਇ ਪੁਨ ਗਯੋ। ਅਵਿਰੰਗ ਇਕ ਦਿਨ ਬੈਠਤਿ ਭਯੋ।
ਚਲਯੋ ਪ੍ਰਸੰਗ ਗੁਰੂ ਕੋ ਤਹਾਂ। 'ਅਬਿ ਲੌ ਨਹਿਂ ਆਏ ਰਹਿ ਕਹਾਂ ?'॥ ੧੧॥

ਫਿਰ ਅੱਸੂ ਦਾ ਮਹੀਨਾ ਆ ਗਿਆ, ਨੌਰੰਗਾ ਇਕ ਦਿਨ ਬੈਠਾ ਹੋਇਆ ਸੀ। ਉਥੇ ਗੁਰੂ ਜੀ ਬਾਰੇ ਪ੍ਰਸੰਗ ਚਲਿਆ, "ਹੁਣ ਤਕ ਨਹੀਂ ਆਏ, ਕਿੱਥੇ ਰਹੇ ਹਨ ?" ॥੧੧॥

ਪੁਨ ਅਹਿਦੀ ਦ੍ਵੈ ਕੀਨੇ ਤਯਾਰੀ। ਕਰਿ ਤਾਗੀਦ ਬਿਸਾਲ ਉਚਾਰੀ।
'ਅਪਨੇ ਸੰਗ ਜਾਇ ਕਰਿ ਆਨੋ। ਅਪਰ ਫਰੇਬ ਕਰਹਿਂ, ਨਹਿਂ ਮਾਨੋ ॥ ੧੨ ॥

ਫਿਰ ਦੋ ਅਹਿਦੀਏ ਤਿਆਰ ਕੀਤੇ ਤੇ ਉਨ੍ਹਾਂ ਨੂੰ ਤਾਗੀਦ ਕਰਕੇ ਬੜੀ ਸਖਤੀ ਨਾਲ ਉਚਾਰਨ ਕੀਤਾ, "ਜਾ ਕੇ ਆਪਣੇ ਨਾਲ ਲੈ ਕੇ ਆਵੋ, ਹੋਰ ਕੋਈ ਉਜਰ ਕਰਨ ਤੇ ਬਿਲਕੁਲ ਨਾ ਮੰਨੋ॥੧੨॥

ਤਿਨ ਬਿਨ ਅਟਕ ਰਹਯੋ ਬਡ ਕਾਜਾ। ਜਨੁ ਹਿੰਦੁਨਿ ਕੋ ਦਿਢ ਦਰਵਾਜਾ।
ਅਪਨੀ ਅਜ਼ਮਤ ਮੋਹਿ ਦਿਖਾਵੈਂ। ਨਾਤੁਰ ਸ਼ਰ੍ਹਾ ਬੀਚ ਅਬਿ ਆਵੈਂ ॥ ੧੩ ॥

ਉਨ੍ਹਾਂ ਤੋਂ ਬਗੈਰ ਵੱਡਾ ਕਾਰਜ ਰੁਕਿਆ ਪਿਆ ਹੈ, ਮਾਨੋ ਉਹ ਹਿੰਦੂਆਂ ਦਾ ਪੱਕਾ ਦਰਵਾਜ਼ਾ ਹੈ। ਆਪਣੀ ਕਰਾਮਾਤ ਮੈਨੂੰ ਵਿਖਾਉਣ, ਨਹੀਂ ਤਾਂ ਹੁਣ ਸ਼ਰ੍ਹਾ ਦੇ ਵਿਚ ਆ ਜਾਣ॥੧੩॥

ਆਨਹੁ ਸਾਥ ਨ ਤਜਿ ਕਰਿ ਫਿਰੋ। ਖਬਰ ਪਠਹੁ ਤਿਨਕੇ ਦਰ ਪਰਹੁ'।
ਸੁਨਿ ਤਾਗੀਦ ਸ਼ਾਹੁ ਤੇ ਜੋਰ। ਅਹਿਦੀ ਚਲੇ ਅਨੰਦਪੁਰਿ ਓਰ॥ ੧੪ ॥

ਉਨ੍ਹਾਂ ਨੂੰ ਨਾਲ ਲਿਆਵੋ, ਛੱਡ ਕੇ ਨਾ ਫਿਰੋ, ਸਾਨੂੰ ਖਬਰ ਭੇਜ ਦੇਵੋ ਤੇ ਆਪ ਉਨ੍ਹਾਂ ਦੇ ਦਰ 'ਤੇ ਪਏ ਰਹੋ " ਬਾਦਸ਼ਾਹ ਪਾਸੋਂ ਜ਼ੋਰਦਾਰ ਤਾਗੀਦ ਸੁਣ ਕੇ, ਅਹਿਦੀਏ ਅਨੰਦਪੁਰ ਵਾਲੇ ਪਾਸੇ ਚਲ ਪਏ॥੧੪॥

ਚਢਿ ਖਾਟਨ ਪਰ ਕਾਢਿ ਬਿਗਾਰੀ। ਸੀਸ ਉਠਾਏ ਜਾਹਿਂ ਅਗਾਰੀ।
ਗ੍ਰਾਮ ਗ੍ਰਾਮ ਮਹਿਂ ਹੁਕਮ ਕਰੰਤੇ। ਖਾਨ ਪਾਨ ਤਿਨ ਲੇ ਗਮਨੰਤੇ॥ ੧੫ ॥

ਵਿਗਾਰ ਵਾਲੇ ਮਨੁੱਖ ਕੱਢ ਕੇ ਉਹ ਮੰਜਿਆਂ 'ਤੇ ਚੜ੍ਹ ਕੇ ਬੈਠ ਗਏ ਤੇ ਉਹ ਮਨੁੱਖ ਅਹਿਦੀਆਂ ਨੂੰ ਸਿਰਾਂ ਉੱਤੇ ਚੁੱਕ ਕੇ ਅੱਗੇ ਜਾਂਦੇ ਸਨ। ਪਿੰਡ-ਪਿੰਡ ਵਿਚ ਹੁਕਮ ਕਰਦੇ ਜਾਂਦੇ ਸਨ ਤੇ ਖਾਣ-ਪੀਣ ਉਨ੍ਹਾਂ ਪਾਸੋਂ ਲੈ ਕੇ ਚਲਦੇ ਸਨ॥੧੫॥

ਮਗ ਉਲੰਘਿ ਕਰਿ ਸਗਰੋ ਗਏ। ਜਾਇ ਪ੍ਰਵੇਸ਼ ਅਨੰਦਪੁਰਿ ਭਏ।
ਬੂਝੀ ਸੁਧਿ, ਗੁਰ ਤਹਾਂ ਨ ਪਾਏ। 'ਕਹਾਂ ਅਹੈਂ ?' ਕੋ ਨਹੀਂ ਬਤਾਏ॥ ੧੬ ॥

ਸਾਰਾ ਪੈਂਡਾ ਲੰਘ ਕੇ ਉਹ ਚਲੇ ਗਏ ਤੇ ਅਨੰਦਪੁਰ ਵਿਚ ਪ੍ਰਵੇਸ਼ ਕਰ ਗਏ। ਉਥੇ ਜਾ ਕੇ ਖਬਰ ਪੁੱਛੀ, ਪਰ ਗੁਰੂ ਜੀ ਉਥੇ ਨਾ ਪਾਏ, "ਕਿੱਥੇ ਹਨ ?" ਕੋਈ ਵੀ ਦੱਸਦਾ ਨਹੀਂ ਸੀ॥੧੬॥

ਭਏ ਸਚਿੰਤ 'ਕਹਾਂ ਅਬਿ ਕਰੈਂ ?। ਗੁਰ ਕੀ ਸੁਧਿ ਨਹਿ ਸ੍ਰਵਨੀ ਪਰੈ'।
ਕੇਤਿਕ ਦਿਨ ਰਹਿ ਬਹੁਰ ਪਯਾਨੇ। ਹੋਇਂ ਸੁਧਾਸਰ ਅਸ ਮਨ ਜਾਨੇ॥ ੧੭ ॥

ਅਹਿਦੀਏ ਫਿਕਰਮੰਦ ਹੋ ਗਏ, "ਹੁਣ ਕੀ ਕਰੀਏ ? ਗੁਰੂ ਜੀ ਦੀ ਖਬਰ ਕੰਨਾਂ ਵਿਚ ਨਹੀਂ ਪੈਂਦੀ ਹੈ।" ਕਈ ਦਿਨ ਰਹਿ ਕੇ ਫਿਰ ਚਲੇ ਗਏ। ਉਹ ਅੰਮ੍ਰਿਤਸਰ ਹੋਣਗੇ ਐਸਾ ਮਨ ਵਿਚ ਜਾਣਿਆ॥੧੭॥

ਸਤੁੱਦ੍ਰਵ ਪਾਰ ਉਲੰਘਿ ਤਬਿ ਚਾਲੇ। ਦੁਾਬੇ ਦੇਸ਼ ਦੇਖਿ ਕਰਿ ਭਾਲੇ।
ਬਹੁਰ ਬਿਪਾਸਾ ਉਤਰੇ ਪਾਰ। ਖੋਜਹਿਂ ਜਹਿਂ ਕਹਿਂ ਨਰਨ ਉਚਾਰਿ॥ ੧੮ ॥

ਸਤਲੁਜ ਦਰਿਆ ਫਿਰ ਲੰਘ ਕੇ ਚਲ ਪਏ, ਦੁਆਬਾ ਦੇਸ਼ ਵੇਖ ਕੇ ਲੱਭਦੇ ਸਨ। ਫਿਰ ਬਿਆਸਾ ਦਰਿਆ ਨੂੰ ਪਾਰ ਕਰ ਗਏ ਤੇ ਲੋਕਾਂ ਪਾਸੋਂ ਪੁੱਛ-ਗਿੱਛ ਕਰਕੇ ਜਿੱਥੇ ਕਿੱਥੇ ਲੱਭਦੇ ਫਿਰਦੇ ਸਨ॥੧੮॥

**ਸ੍ਰੀ ਅੰਮ੍ਰਿਤਸਰ ਪਹੁੰਚੇ ਜਾਇ। ਇਕਠੇ ਕਰਿ ਮਸੰਦ ਸਮੁਦਾਇ।**
**ਬੂਝਨਿ ਕਰੀ ਗੁਰੂ ਕੀ ਗਾਥ। 'ਅਬਿ ਕਿਸ ਥਲ ਮਹਿ ਤੁਮਰੋ ਨਾਥ ? ॥੧੯॥**

ਫਿਰ ਸ੍ਰੀ ਅੰਮ੍ਰਿਤਸਰ ਦੀ ਨਗਰੀ ਵਿਚ ਪਹੁੰਚ ਗਏ, ਸਾਰੇ ਮਸੰਦਾਂ ਨੂੰ ਇਕੱਠਿਆਂ ਕੀਤਾ। ਉਨ੍ਹਾਂ ਪਾਸੋਂ ਗੁਰੂ ਜੀ ਬਾਰੇ ਪੁੱਛਿਆ, "ਤੁਹਾਡੇ ਮਾਲਕ ਹੁਣ ਕਿਸ ਸਥਾਨ ਵਿਖੇ ਰਹਿੰਦੇ ਹਨ ? ॥੧੯॥

**ਜੋ ਤੁਮ ਕਰਹੁ ਦੁਰਾਵਨਿ ਤਿਨੈ। ਸ਼ਾਹੁ ਸਜ਼ਾਇ ਦੇਹਿਗੋ ਘਨੈ।**
**ਸਦਨ ਖਸੋਟਹਿ ਵਹਿਰ ਨਿਕਾਰਹਿ। ਬੰਦ ਕੈਦ ਕਰਿ ਤੁਮ ਕਹੁ ਮਾਰਹਿ' ॥੨੦॥**

ਜਿਹੜੇ ਤੁਸੀਂ ਉਨ੍ਹਾਂ ਨੂੰ ਲੁਕਾਉਂਦੇ ਹੋ, ਬਾਦਸ਼ਾਹ ਤੁਹਾਨੂੰ ਬਹੁਤ ਵੱਡੀਆਂ ਸਜ਼ਾਵਾਂ ਦੇਵੇਗਾ। ਘਰਾਂ ਦੀ ਤਲਾਸ਼ੀ ਲੈ ਕੇ ਬਾਹਰ ਕਢਾਂਗੇ ਤੇ ਤੁਹਾਨੂੰ ਕੈਦ ਵਿਚ ਬੰਦ ਕਰਕੇ ਬਹੁਤ ਮਾਰਾਂਗੇ" ॥੨੦॥

**ਸੁਨਿ ਮਸੰਦ ਪਾਯੋ ਬਡ ਤ੍ਰਾਸਾ। ਕਹਯੋ 'ਦੇਖਿ ਲਿਹੁ ਸਕਲ ਅਵਾਸਾ।**
**ਕਹਹਿਂ ਕੂਰ ਨਹਿਂ, ਦੋਸ਼ ਲਗਾਵਹੁ। ਹਮ ਗਰੀਬ ਸਗਰੇ ਲਖਿ ਪਾਵਹੁ' ॥੨੧॥**

ਇਹ ਸੁਣ ਕੇ ਮਸੰਦ ਬਹੁਤ ਡਰ ਗਏ, ਕਹਿਣ ਲੱਗੇ, "ਸਾਰੇ ਘਰ ਵੇਖ ਲਵੋ। ਅਸੀਂ ਝੂਠ ਨਹੀਂ ਬੋਲਦੇ ਹਾਂ, ਜਿਹੜਾ ਤੁਸੀਂ ਦੋਸ਼ ਲਾਉਂਦੇ ਹੋ, ਅਸੀਂ ਗਰੀਬ ਹਾਂ ਇਹ ਤੁਸੀਂ ਸਾਰੇ ਵੇਖ ਲਵੋ" ॥੨੧॥

**ਇਮ ਨਿਰਨੈ ਕਰਿਕੈ ਅਹਿਦੀਨ। ਸ਼ਾਹੁ ਨਿਕਟਿ ਸੁਧਿ ਲਿਖਿ ਪਠਿ ਦੀਨਿ।**
**'ਕਿਤਹੁੰਨ ਪਾਵਤਿ ਖੋਜਤਿ ਹਾਰੇ। ਦੇਸ਼ ਬਿਦੇਸ਼ਨਿ ਬਿਖੈ ਨਿਹਾਰੇ' ॥ ੨੨॥**

ਇਸ ਤਰ੍ਹਾਂ ਨਿਰਣਾ ਕਰਕੇ ਅਹਿਦੀਆਂ ਨੇ ਬਾਦਸ਼ਾਹ ਪਾਸ ਸਾਰੀ ਖਬਰ ਲਿਖ ਕੇ ਭੇਜ ਦਿੱਤੀ, "ਗੁਰੂ ਜੀ ਕਿਸੇ ਥਾਂ ਵੀ ਮਿਲੇ ਨਹੀਂ ਹਨ, ਅਸੀਂ ਲੱਭਦੇ ਹਾਰ ਗਏ ਹਾਂ, ਦੇਸ਼ਾਂ ਵਿਦੇਸ਼ਾਂ ਵਿਚ ਵੇਖਿਆ ਹੈ" ॥੨੨॥

**ਸੁਨਿ ਨੁਰੰਗ ਨੇ ਕਿਤਿਕ ਸਊਰ। ਹਿਤ ਖੋਜਨ ਪਠਿ ਨਿਕਟਿ ਕਿ ਦੂਰ।**
**ਜਹਾਂ ਕਹਾਂ ਕਹੁ ਬਿਚਰਨਿ ਲਾਗੇ। ਬੂਝੇ ਜਿਤ ਕਿਤ ਪਾਛੇ ਆਗੇ ॥ ੨੩॥**

ਨੌਰੰਗੇ ਨੇ ਇਹ ਸੁਣ ਕੇ ਕਈ ਘੋੜ-ਸਵਾਰਾਂ ਨੂੰ ਲੱਭਣ ਵਾਸਤੇ ਦੂਰ ਨੇੜੇ ਭੇਜਿਆ। ਉਹ ਜਿੱਥੇ ਕਿੱਥੇ ਵਿਚਰਨ ਲੱਗੇ, ਥਾਂ-ਥਾਂ ਅੱਗੇ ਪਿੱਛੇ ਪੁੱਛਦੇ ਸਨ ॥੨੩॥

**ਕੇਚਿਤ ਅਹਿਦੀ ਅਰੁ ਅਸਵਾਰ। ਬਿਚਰਤਿ ਦੇਸ਼ ਬਿਦੇਸ਼ ਮਝਾਰ।**
**ਇਤਿ ਸਤਿਗੁਰ ਸਭਿ ਅੰਤਰਜਾਮੀ। ਜਲ ਥਲ ਘਟਿ ਘਟਿ ਜਾਨਤਿ ਸ੍ਵਾਮੀ ॥੨੪॥**

ਕਈ ਅਹਿਦੀਏ ਅਤੇ ਘੋੜ ਅਸਵਾਰ ਦੇਸ਼ਾਂ ਵਿਦੇਸ਼ ਵਿਚ ਫਿਰ ਰਹੇ ਸਨ। ਏਧਰ ਸਤਿਗੁਰੂ ਸਭ ਪ੍ਰਕਾਰ ਅੰਤਰਜਾਮੀ ਸਵਾਮੀ ਜੀ ਜਲ ਥਲ ਘਟ-ਘਟ ਦੀ ਜਾਣਦੇ ਸਨ ॥੨੪॥

**ਸੈਫਦੀਨ ਕੋ ਕੀਨਿ ਨਿਹਾਲ। ਬੈਠੇ ਹੁਤੇ ਕਹਯੋ ਇਕ ਕਾਲ।**
**'ਅਬਿ ਹਮ ਚਲਯੋ ਚਹੈਂ ਕਿਤ ਆਨ। ਬਸੇ ਚੁਮਾਸਾ ਤੁਵ ਬਚ ਮਾਨਿ ॥ ੨੫॥**

ਸੈਫਦੀਨ ਨੂੰ ਉਨ੍ਹਾਂ ਨਿਹਾਲ ਕੀਤਾ, ਇਕ ਦਿਨ ਜਦ ਬੈਠੇ ਹੋਏ ਸਨ ਤਾਂ ਇਕ ਸਮੇਂ ਕਿਹਾ, "ਅਸੀਂ ਹੁਣ ਕਿਸੇ ਹੋਰ ਸਥਾਨ 'ਤੇ ਜਾਣਾ ਚਾਹੁੰਦੇ ਹਾਂ, ਤੁਹਾਡੇ ਬਚਨ ਮੰਨ ਕੇ ਚੁਮਾਸੇ ਦੇ ਮਹੀਨਿਆਂ ਵਿਚ ਏਥੇ ਵਸੇ ਹਾਂ ॥੨੫॥

*ਨੋਟ : ਚੁਮਾਸਾ, ਚਾਤੁਰਮਾਸ ਦਾ ਭਾਵ ਹੈ ਹਾੜ ਸੁਦੀ ਬਾਰਾਂ ਤੋਂ ਕਤਕ ਸੁਦੀ ਬਾਰਾਂ ਤਕ ਦਾ ਸਮਾਂ, ਇਨ੍ਹਾਂ ਚਾਰ ਮਹੀਨਿਆਂ ਨੂੰ ਚੁਮਾਸਾ ਕਹਿੰਦੇ ਹਨ। ਪੁਰਾਣੇ ਸਮੇਂ ਵਿਚ ਸੜਕਾਂ ਅਤੇ ਠਹਿਰਣ ਦੇ ਟਿਕਾਣੇ ਨਾ ਹੋਣ ਕਰਕੇ ਧਨੀ ਲੋਕ ਸਾਧੂ ਅਤੇ ਵਿਦਵਾਨਾਂ ਨੂੰ ਆਪਣੇ-ਆਪਣੇ ਨਗਰਾਂ ਵਿਚ ਠਹਿਰਾ ਲੈਂਦੇ ਸਨ ਤਾਂਕਿ ਵਰਖਾ ਅਤੇ ਗਰਮੀ ਵਿਚ ਕਸ਼ਟ ਨਾ ਹੋਵੇ।*

Sri Satguru Jagjit Singh Ji eLlibrary NamdhariElibrary@gmail.com

ਸੱਤਿਨਾਮ ਸਿਮਰਨ ਕਰਿ ਸਦਾ। ਸੰਕਟ ਬਜਾਪ ਸਕਹਿ ਨਹਿਂ ਕਦਾ।
ਸਤਿ ਸੰਗਤਿ ਕੇ ਸੰਗ ਸੁ ਪ੍ਰੀਤ। ਸੇਵਾ ਕਰਹੁ ਲਹਹੁ ਸੁਖ ਨੀਤ॥ ੨੬॥

ਸਦਾ ਸਤਿਨਾਮ ਦਾ ਸਿਮਰਨ ਕਰੋ ਤਾਂਕਿ ਤੁਹਾਡੇ ਉੱਤੇ ਕਦੀ ਵੀ ਸੰਕਟ ਨਾ ਵਿਆਪ ਸਕੇ। ਸਤਿਸੰਗ ਨਾਲ ਸ੍ਰੇਸ਼ਟ ਪ੍ਰੀਤ ਕਰੋ, ਸੇਵਾ ਕਰੋ ਤੇ ਸਦਾ ਸੁਖ ਪ੍ਰਾਪਤ ਕਰੋ॥੨੬॥

ਜਨਮ ਮਰਨ ਤੇਰੋ ਅਬਿ ਮਿਟਜੋ। ਗੁਰੂ ਕ੍ਰਿਪਾ ਤੇ ਸੰਕਟ ਕਟਜੋ।
ਸੈਫਦੀਨ ਸੁਨਿ ਪ੍ਰੇਮ ਬਿਸਾਲਾ। ਭਏ ਸਜਲ ਲੋਚਨ ਤਿਸ ਕਾਲਾ॥ ੨੭॥

ਤੁਹਾਡਾ ਜਨਮ ਮਰਨ ਹੁਣ ਖਤਮ ਹੋ ਗਿਆ ਹੈ, ਗੁਰੂ ਕਿਰਪਾ ਨਾਲ ਸੰਕਟ ਕੱਟਿਆ ਗਿਆ ਹੈ।" ਸੈਫਦੀਨ ਵਿਸ਼ਾਲ ਪ੍ਰੇਮ ਵੇਖ ਕੇ ਉਸ ਸਮੇਂ ਅੱਖਾਂ ਵਿਚ ਜਲ ਭਰ ਲਿਆਇਆ॥੨੭॥

'ਮੇ ਚਿਤ ਮੋਚਤਿ ਸਾਥ ਨ ਚਹੈ। ਗਮਨਹੁ ਗੁਰੂ! ਬਾਕ ਕੋ ਕਹੈ।
ਕਹਾਂ ਠਗੌਰੀ ਮੋ ਪਰ ਡਾਰੀ। ਮਨ ਬਸਿ ਰਾਵਰਿ ਰਖਹੁ ਸੰਗਾਰੀ' ॥ ੨੮॥

ਕਹਿਣ ਲੱਗਾ, "ਮੇਰਾ ਚਿੱਤ ਤੁਹਾਡੇ ਸਾਥ ਨੂੰ ਛੱਡਣਾ ਨਹੀਂ ਚਾਹੁੰਦਾ, ਹੇ ਗੁਰੂ ਜੀ! ਆਪ ਜਾਵੋ ਇਸ ਗੱਲ ਨੂੰ ਕੌਣ ਕਹੇ। ਕੈਸੀ ਠਗੌਰੀ ਮੇਰੇ ਉਤੇ ਪਾਈ ਹੈ, ਮੇਰਾ ਮਨ ਸਦਾ ਲਈ ਆਪ ਜੀ ਦੇ ਵੱਸ ਵਿਚ ਹੋ ਗਿਆ ਹੈ" ॥੨੮॥

ਸ੍ਰੀ ਗੁਰ ਤੇਗ ਬਹਾਦਰ ਸੁਨਿਕੈ। ਧੀਰਜ ਦੀਨਿ ਪ੍ਰੇਮ ਤਿਸ ਗੁਨਿਕੈ।
'ਹਮ ਨੇ ਅਬਿ ਕੁਛ ਕਰਨੇ ਕਾਜਾ। ਨਹੀਂ ਸਾਥ ਕੋ ਨਿਬਹਿ ਸਮਾਜਾ॥ ੨੯॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਹ ਗੱਲ ਸੁਣਕੇ, ਸੈਫਦੀਨ ਦਾ ਪ੍ਰੇਮ ਜਾਣ ਕੇ ਉਸ ਨੂੰ ਧੀਰਜ ਦਿੱਤਾ, "ਅਸੀਂ ਹੁਣ ਕੁਝ ਕਾਰਜ ਕਰਨੇ ਹਨ, ਇਹ ਭਾਈਚਾਰਾ ਸਾਥ ਨਹੀਂ ਨਿਭੇਗਾ॥੨੯॥

ਨਿਤ ਪ੍ਰਤਿ ਉਠਿ ਕਰਿ ਠਾਨਹੁ ਧ੍ਯਾਨ। ਜਿਮ ਸਮੀਪ ਤੈਸੇ ਪਹਿਚਾਨ।
ਇੱਤ੍ਯਾਦਿਕ ਕਹਿ ਬਹੁ ਸਮੁਝਾਯੋ। ਨੀਠ ਨੀਠ ਉਰ ਧੀਰ ਬਧਾਯੋ॥ ੩੦॥

ਨਿਤਾਪ੍ਰਤੀ ਉੱਠ ਕੇ ਆਪਣੇ ਵਿਚ ਧਿਆਨ ਧਾਰਨ ਕਰੋ ਤਾਂ ਇਸ ਤਰ੍ਹਾਂ ਪਹਿਚਾਣੋਗੇ ਜਿਵੇਂ ਮੈਂ ਤੁਹਾਡੇ ਪਾਸ ਹਾਂ।" ਇਸ ਤਰ੍ਹਾਂ ਕਹਿ ਕੇ ਬਹੁਤ ਸਮਝਾਇਆ, ਮਸਾਂ-ਮਸਾਂ ਦਿਲ ਵਿਚ ਧੀਰਜ ਬੰਨ੍ਹਾਇਆ॥੩੦॥

ਅਪਰ ਦਾਸ ਅਰੁ ਸਿੱਖ ਜਿ ਸਾਥ। ਸਭਿ ਸੋਂ ਬੋਲੇ ਇਮਿ ਬਿਧਿ ਨਾਥ।
'ਨਿਜ ਨਿਜ ਸਦਨ ਸਿਧਾਰਨਿ ਕਰੀਜਹਿ। ਸੰਗ ਹਮਾਰੋ ਅਬਿ ਪਰਿਹਰੀਅਹਿ॥੩੧॥

ਹੋਰ ਸੇਵਕ ਅਤੇ ਸਿੱਖ ਜਿਹੜੇ ਨਾਲ ਸਨ, ਸਾਰਿਆਂ ਨੂੰ ਗੁਰੂ ਜੀ ਇਸ ਵਿਧੀ ਨਾਲ ਬੋਲੇ, "ਆਪਣੇ-ਆਪਣੇ ਘਰਾਂ ਨੂੰ ਚਲੇ ਜਾਵੋ, ਹੁਣ ਸਾਡਾ ਸਾਥ ਛੱਡ ਦੇਵੋ॥੩੧॥

ਹੋਨਿ ਇਕਾਕੀ ਬਨਹਿ ਹਮਾਰੋ। ਅਬਹਿ ਸੰਗ ਹੁਇ ਅਧਿਕ ਦੁਖਾਰੋ।
ਤਹਾਂ ਨ ਸ਼ਰਧਾ ਪੁਨ ਰਹਿ ਆਵਹਿ। ਰਹੈ ਸੰਗ ਸੋ ਬਹੁ ਪਛੁਤਾਵੈ॥ ੩੨॥

ਸਾਡਾ ਹੁਣ ਇਕੱਲੇ ਰਹਿਣਾ ਬਣਦਾ ਹੈ, ਹੁਣ ਸਾਡਾ ਸੰਗ ਬਹੁਤ ਦੁਖਦਾਇਕ ਹੋ ਜਾਵੇਗਾ। ਉਥੇ ਸ਼ਰਧਾ ਫਿਰ ਨਹੀਂ ਰਹਿ ਆਵੇਗੀ, ਜਿਹੜਾ ਵੀ ਸਾਡੇ ਨਾਲ ਰਹੇਗਾ ਉਹ ਬਹੁਤ ਪਛੁਤਾਵੇਗਾ॥੩੨॥

ਇਸ ਕਾਰਨ ਸੁਧਿ ਪ੍ਰਥਮ ਜਨਾਈ। ਚਲੇ ਜਾਹੁ ਤਜਿ ਹਠ ਅਧਿਕਾਈ।
ਨਾਂਹਿ ਤ ਤ੍ਰਾਸ ਹੋਇਗੋ ਭਾਰੀ। ਰਹੈ ਕੌਨ ਤਬਿ ਧੀਰਜ ਧਾਰੀ' ॥ ੩੩॥

ਇਸ ਕਰਕੇ ਇਸ ਬਾਰੇ ਸੋਝੀ ਤੁਹਾਨੂੰ ਪਹਿਲਾਂ ਹੀ ਕਰਵਾ ਦਿੱਤੀ ਹੈ, ਵੱਡਾ ਹੱਠ ਛੱਡ ਕੇ ਚਲੇ ਜਾਵੋ। ਨਹੀਂ ਤਾਂ ਭਾਰੀ ਡਰ ਉਤਪੰਨ ਹੋਵੇਗਾ, ਫਿਰ ਸਾਡੇ ਨਾਲ ਕੌਣ ਧੀਰਜ ਧਾਰ ਕੇ ਰਹੇਗਾ" ॥੩੩॥

ਇੱਤਜਾਦਿਕ ਸਭਿਹੂੰਨਿ ਸੁਨਾਯੋ। ਹਿਰਦੈ ਮਹਾਂ ਤ੍ਰਾਸ ਉਪਜਾਯੋ।
ਬੋਲੇ ਕਿਤਿਕ ਜੋਰ ਜੁਗ ਹਾਥ। 'ਰਾਵਰਿ ਕੇ ਅਨੁਸਾਰੀ ਨਾਥ! ॥ ੩੪ ॥

ਇਸ ਤਰ੍ਹਾਂ ਸਾਰਿਆਂ ਨੂੰ ਸੁਣਾਇਆ ਤੇ ਉਨ੍ਹਾਂ ਦੇ ਦਿਲਾਂ ਵਿਚ ਮਹਾਨ ਡਰ ਉਤਪੰਨ ਕੀਤਾ। ਕਈ ਦੋਵੇਂ ਹੱਥ ਜੋੜ ਕੇ ਬੋਲੇ, "ਹੇ ਪ੍ਰਭੂ ਜੀ! ਅਸੀਂ ਤੁਹਾਡੀ ਆਗਿਆ ਅਨੁਸਾਰ ਹਾਂ ॥੩੪॥

ਨਿਜ ਸੰਗ ਰਾਖਹੁ ਤਉ ਹਮ ਰਹੈਂ। ਜਾਹਿਂ ਸਦਨ ਕੋ ਜੇ ਅਬਿ ਕਹੈਂ।
ਇਮ ਕਹਿ ਆਇਸੁ ਲੇ ਘਰ ਗਏ। ਸ੍ਰੀ ਗੁਰਦੇਵ ਸੰਗ ਤਜਿ ਦਏ॥ ੩੫ ॥

ਆਪਣੇ ਨਾਲ ਰੱਖੋਗੇ ਤਾਂ ਅਸੀਂ ਰਹਾਂਗੇ, ਜੇ ਆਪ ਕਹੋਗੇ ਤਾਂ ਆਪਣੇ ਘਰਾਂ ਨੂੰ ਚਲੇ ਜਾਵਾਂਗੇ।" ਇਸ ਤਰ੍ਹਾਂ ਕਹਿ ਕੇ ਆਗਿਆ ਲੈ ਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਸ੍ਰੀ ਗੁਰਦੇਵ ਦਾ ਸੰਗ ਛੱਡ ਦਿੱਤਾ॥੩੫॥

ਪੰਜ ਸਉਰ ਗੁਰੂ ਢਿਗ ਰਹੇ। ਜਿਨਹੁ ਸੰਗ ਕੋ ਹਠ ਬਹੁ ਗਹੇ।
ਮਤੀਦਾਸ ਇਕ ਗੁਰੂ ਦਿਵਾਨ। ਰਹਤਿ ਸਮੀਪ ਸਦੀਵ ਸੁਜਾਨ॥ ੩੬ ॥

ਪੰਜ ਘੋੜ-ਸਵਾਰ ਗੁਰੂ ਜੀ ਪਾਸ ਰਹੇ, ਜਿਨ੍ਹਾਂ ਨੇ ਨਾਲ ਰਹਿਣ ਦਾ ਵੱਡਾ ਹਠ ਫੜਿਆ ਹੋਇਆ ਸੀ। ਉਨ੍ਹਾਂ ਵਿਚ ਮਤੀਦਾਸ ਇਕ ਗੁਰੂ ਜੀ ਦਾ ਦੀਵਾਨ ਸੀ, ਉਹ ਚਤੁਰ ਮਨੁੱਖ ਸਦਾ ਹੀ ਗੁਰੂ ਜੀ ਦੇ ਪਾਸ ਰਹਿੰਦਾ ਸੀ॥੩੬॥

ਰਿਦੇ ਸ਼ੁੱਧ ਸੇਵਾ ਬਹੁ ਕਰੀ। ਅਜ਼ਮਤ ਲਹੀ ਕੁਮਤਿ ਪਰਹਰੀ।
ਗਜਾਨਵਾਨ ਸਮਰਥ ਸਭਿ ਰੀਤਿ। ਧੀਰਜ ਆਦਿ ਬ੍ਰਿੰਦ ਗੁਨ ਚੀਤ॥ ੩੭ ॥

ਉਸ ਨੇ ਸ਼ੁੱਧ ਹਿਰਦੇ ਨਾਲ ਬਹੁਤ ਸੇਵਾ ਕੀਤੀ ਤੇ ਮਾੜੀ ਬੁੱਧੀ ਦੂਰ ਕਰਕੇ ਕਰਾਮਾਤ ਪ੍ਰਾਪਤ ਕੀਤੀ। ਗਿਆਨਵਾਨ ਤੇ ਸਭ ਰੀਤਾਂ ਨਾਲ ਸਮਰੱਥ ਸੀ। ਧੀਰਜ ਆਦਿ ਚਿੱਤ ਵਿਚ ਬਹੁਤ ਗੁਣਾਂ ਨਾਲ ਭਰਪੂਰ ਸੀ॥੩੭॥

ਦ੍ਰਿੜ੍ਹ ਮਨ ਕਰਿਕੈ ਸੰਗ ਨ ਤਜਾਗਾ। ਸ੍ਰੀ ਗੁਰਦੇਵ ਚਰਨ ਅਨੁਰਾਗਾ।
ਦੂਸਰ ਰਹਯੋ ਸੰਗ ਗੁਰਦਿੱਤਾ। ਬ੍ਰਿੱਧ ਕੇ ਬੰਸ ਜਨਮ ਜਿਨ ਲਿੱਤਾ॥ ੩੮ ॥

ਦ੍ਰਿੜ੍ਹ ਮਨ ਕਰਕੇ ਉਸ ਸਾਥ ਨਾ ਛੱਡਿਆ, ਸ੍ਰੀ ਗੁਰਦੇਵ ਜੀ ਦੇ ਚਰਨਾਂ ਨਾਲ ਬਹੁਤ ਪ੍ਰੇਮ ਸੀ। ਦੂਸਰਾ ਨਾਲ ਬਾਬਾ ਗੁਰਦਿੱਤਾ ਰਿਹਾ, ਜਿਸ ਨੇ ਬਾਬਾ ਬੁੱਢਾ ਜੀ ਦੀ ਵੰਸ ਵਿਚ ਜਨਮ ਲਿਆ ਸੀ॥੩੮॥

ਖਸ਼ਟਮ ਥਾਨ ਬ੍ਰਿੱਧ ਤੇ ਭਯੋ। ਰਾਮ ਕੁਇਰ ਜਿਸ ਤੇ ਉਪਜਯੋ।
ਸਰਬ ਗੁਰਨਿ ਕੇ ਸੰਗੀ ਰਹੇ। ਕਰਾਮਾਤ ਮਹਿਂ ਪੂਰਨ ਅਹੇ॥ ੩੯ ॥

ਉਹ ਬਾਬਾ ਬੁੱਢਾ ਜੀ ਤੋਂ ਛੇਵੇਂ ਸਥਾਨ ਤੇ ਹੋਇਆ ਸੀ। ਬਾਬਾ ਰਾਮ ਕੁਇਰ ਨੇ ਜਿਸ ਦੇ ਘਰ ਵਿਚ ਜਨਮ ਲਿਆ ਸੀ। ਸਾਰੇ ਗੁਰੂ ਜੀ ਦੇ ਸੰਗੀ ਰਹੇ ਤੇ ਕਰਾਮਾਤ ਵਿਚ ਉਹ ਪੂਰਨ ਸਨ॥੩੯॥

ਜਿਨ ਕੇ ਲੇਸ਼ ਨ ਮੋਹ ਨ ਮਾਯਾ। ਉਰ ਬ੍ਰਹਮ ਗਯਾਨੀ ਆਨੰਦ ਪਾਯਾ।
ਦੁਇ ਇਹ ਸੰਗ ਅਪਰ ਸਿਖ ਤੀਨ। ਰਹੇ ਗੁਰੂ ਕੇ ਨਿਕਟਿ ਪ੍ਰਬੀਨ॥ ੪੦ ॥

ਜਿਨ੍ਹਾਂ ਵਿਚ ਮੋਹ ਮਾਇਆ ਰਾਈ ਭਰ ਵੀ ਨਹੀਂ ਸੀ, ਹਿਰਦੇ ਵਿਚ ਬ੍ਰਹਮ ਗਿਆਨ ਦਾ ਆਨੰਦ ਪਾਇਆ ਸੀ। ਦੋ ਇਹ ਸਿੱਖ ਗੁਰੂ ਜੀ ਦੇ ਨਾਲ ਸਨ ਤੇ ਹੋਰ ਤਿੰਨ ਸਿੱਖ ਗੁਰੂ ਜੀ ਦੇ ਪਾਸ ਰਹੇ॥੪੦॥

Sri Satguru Jagjit Singh Ji eLlibrary NamdhariElibrary@gmail.com

ਸੈਫਦੀਨ ਤੇ ਲੀਨਿ ਬਿਦਾਈ। ਜ਼ੀਨ ਡਾਰਿ ਤਯਾਰੀ ਕਰਿਵਾਈ।
ਅਪਰ ਦਾਸ ਨਿਜ ਨਿਜ ਘਰ ਗਏ। ਗੁਰੂ ਭੇਵ ਨਹਿਂ ਜਾਨਤਿ ਭਏ॥ ੪੧॥

ਸੈਫਦੀਨ ਤੋਂ ਵਿਦਾਈ ਲਈ ਤੇ ਘੋੜਿਆਂ 'ਤੇ ਕਾਠੀਆਂ ਪਵਾ ਕੇ ਤਿਆਰੀ ਕਰਵਾਈ। ਹੋਰ ਸਾਰੇ ਸੇਵਕ ਆਪਣੇ-ਆਪਣੇ ਘਰਾਂ ਨੂੰ ਚਲੇ ਗਏ, ਉਹ ਗੁਰੂ ਜੀ ਦਾ ਭੇਦ ਨਹੀਂ ਜਾਣਦੇ ਸਨ॥੪੧॥

*ਬਾਰ੍ਹਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥ ੩੧॥*

# ਅਧਿਆਇ ਬੱਤੀਵਾਂ

## *ਸਮਾਣੇ ਪਠਾਣ ਦੀ ਗੜ੍ਹੀ ਵਿਚ ਰਾਤ ਰਹੇ*

*ਦੋਹਰਾ-* ਕਿਤਿਕ ਸਊਰ ਨੁਰੰਗ ਕੇ ਜਹਿਂ ਕਹਿਂ ਖੋਜਤਿ ਥਾਨ।
ਦੇਸ਼ ਬਿਦੇਸ਼ਨਿ ਗ੍ਰਾਮਪੁਰਿ ਬੂਝਹਿਂ ਨਾਮ ਬਖਾਨੁ॥ ੧॥

ਨੌਰੰਗੇ ਦੇ ਘੋੜ-ਸਵਾਰ ਜਿੱਥੇ ਕਿੱਥੇ ਗੁਰੂ ਜੀ ਦੀ ਭਾਲ ਕਰ ਰਹੇ ਸਨ। ਦੇਸ਼ਾਂ ਵਿਦੇਸ਼ਾਂ, ਪਿੰਡਾਂ ਸ਼ਹਿਰਾਂ ਵਿਚ ਗੁਰੂ ਜੀ ਦਾ ਨਾਮ ਲੈ ਕੇ ਪੁੱਛਦੇ ਫਿਰਦੇ ਸਨ॥੧॥

*ਚੌਪਈ-* 'ਸ੍ਰੀ ਗੁਰ ਤੇਗ ਬਹਾਦਰ ਹੇਰੇ ?। ਸੁਨੇ ਕਿਧੌਂ ਕਿਸ ਥਲ ਇਸ ਬੇਰੇ।
ਕਿਤ ਤੇ ਆਵਤਿ ਕਿਤ ਕੋ ਜਾਤੇ। ਕਰਹੁ ਬਤਾਵਨਿ ਤਿਨਕੀ ਬਾਤੇਂ' ॥੨॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕੀ ਵੇਖਿਆ ਹੈ ? ਸੁਣਿਆ ਹੈ ਕਿਸੇ ਪਾਸੋਂ, ਇਸ ਸਮੇਂ ਕਿਸ ਸਥਾਨ 'ਤੇ ਹੋਣਗੇ। ਕਿਸ ਥਾਂ ਤੋਂ ਆਉਂਦੇ ਹਨ, ਕਿਸ ਸਥਾਨ ਨੂੰ ਜਾਂਦੇ ਹਨ, ਉਨ੍ਹਾਂ ਦੀਆਂ ਗੱਲਾਂ ਸੁਣਾਓ" ॥੨॥

ਸ੍ਰੀ ਗੁਰ ਕੀ ਮਾਯਾ ਬਿਰਮਾਤੇ। ਪਿਖੇ ਸੁਨੇ ਜਿਨ ਸੇ ਨ ਮਿਲਾਤੇ।
ਆਦਿ ਅਨੰਦਪੁਰਿ ਦ੍ਵਾਬਾ ਦੇਸ਼। ਮਾਝੇ ਮਾਂਝ ਬਿਲੋਕਿ ਅਸ਼ੇਸ਼॥ ੩॥

ਸ੍ਰੀ ਗੁਰੂ ਜੀ ਦੀ ਮਾਇਆ ਨੇ ਉਨ੍ਹਾਂ ਨੂੰ ਭਰਮਾਇਆ ਸੀ ਜਿਸ ਕਰਕੇ ਜਿਨ੍ਹਾਂ ਨੇ ਗੁਰੂ ਜੀ ਨੂੰ ਵੇਖਿਆ ਅਤੇ ਸੁਣਿਆ ਸੀ, ਉਨ੍ਹਾਂ ਨਾਲ ਮੇਲ ਨਹੀਂ ਸੀ ਕਰਵਾਉਂਦੇ। ਅਨੰਦਪੁਰ ਆਦਿ ਦਵਾਬਾ ਦੇਸ਼, ਮਾਝੇ ਵਿਚ ਸਾਰੇ ਵੇਖਿਆ॥੩॥

ਗਿਰ ਕਹਿਲੂਰ ਆਦਿ ਬਹੁ ਥਾਨਿ। ਬੂਝਤਿ ਬਿਚਰਤਿ ਨਾਮ ਬਖਾਨਿ।
'ਸ੍ਰੀ ਨਾਨਕ ਮਸਨੰਦ ਬਿਸਾਲਾ। ਤਿਸ ਪਰ ਇਸਥਿਤ ਜੋ ਇਸ ਕਾਲਾ ॥੪॥

ਕਹਿਲੂਰ ਦੇ ਪਹਾੜਾਂ ਵਿਚ ਬਹੁਤ ਸਥਾਨਾਂ 'ਤੇ ਨਾਮ ਦੱਸ ਕੇ ਪੁੱਛਦੇ ਫਿਰਦੇ ਸਨ। ਸ੍ਰੀ ਨਾਨਕ ਦੇਵ ਜੀ ਦੀ ਵੱਡੀ ਗੱਦੀ ਹੈ, ਉਸ ਗੱਦੀ ਉਤੇ ਜਿਹੜੇ ਇਸ ਸਮੇਂ ਬਿਰਾਜਮਾਨ ਹਨ॥੪॥

ਸ਼ਾਹੁ ਤਲਾਸ਼ ਕਰਤਿ ਹੈ ਤਿਸ ਕੀ। ਬਿਚਰਤਿ ਸੁਧਿ ਲੈਬੇ ਸਭਿ ਦਿਸ਼ ਕੀ।
ਜਿਸ ਕੇ ਦੁਰਜੇ ਹੋਇ ਕਬਿ ਆਇ। ਸੋ ਅਬਿ ਹਮ ਕੋ ਦੇਹੁ ਬਤਾਇ॥੫॥

ਬਾਦਸ਼ਾਹ ਉਨ੍ਹਾਂ ਦੀ ਤਲਾਸ਼ ਕਰ ਰਹੇ ਹਨ, ਸਭ ਪਾਸੇ ਉਨ੍ਹਾਂ ਦੀ ਖਬਰ ਲੈਣ ਵਾਸਤੇ ਤੁਰੇ ਫਿਰਦੇ ਹਾਂ। ਜਿਸ ਦੇ ਪਾਸ ਕਦੀ ਆ ਕੇ ਲੁਕੇ ਹੋਣ, ਉਹ ਹੁਣ ਸਾਨੂੰ ਆ ਕੇ ਦੱਸ ਦੇਵੇ॥੫॥

ਨਾਂਹਿ ਤ ਗੁਰ ਜਾਨਯੋਂ ਜਬਿ ਜਾਇ। ਪਾਤਸ਼ਾਹਿ ਤਿਸ ਦੇਹਿ ਸਜ਼ਾਇ'।
ਇੱਤਯਾਦਿਕ ਕਹਿ ਕਹਿ ਪੁਰਿ ਗ੍ਰਾਮਨਿ। ਕਹੂੰ ਬਿਲੋਕਤ ਹਿੰਦੁਨਿ ਧਾਮਨ ॥੬॥

ਨਹੀਂ ਤਾਂ ਜਿਸ ਪਾਸ ਗੁਰੂ ਜੀ ਦਾ ਹੋਣਾ ਜਾਣਿਆ ਜਾਵੇਗਾ ਬਾਦਸ਼ਾਹ ਉਸਨੂੰ ਬਹੁਤ ਸਜ਼ਾ ਦੇਵੇਗਾ।" ਇਸ ਤਰ੍ਹਾਂ ਪਿੰਡਾਂ ਅਤੇ ਸ਼ਹਿਰਾਂ ਵਿਚ ਕਹਿੰਦੇ ਫਿਰਦੇ ਸਨ ਤੇ ਕਿਤੇ ਹਿੰਦੂਆਂ ਦੇ ਘਰਾਂ ਦੀ ਤਲਾਸ਼ੀ ਲੈਂਦੇ ਸਨ॥੬॥

ਸੰਗਤਿ ਮੈਂ ਬਹੁ ਤ੍ਰਾਸ ਬਖਾਨੈਂ। 'ਗੁਰੂ ਬਤਾਵਹੁ ਜਹਿਂ ਤੁਮ ਜਾਨੈਂ'।
ਮਾਯਾ ਤੇ ਮੋਹਿਤ ਮਨ ਹੋਏ। ਗੁਰ ਦਿਸ਼ਿ ਗਏ ਨ ਦਰਸ਼ਨ ਜੋਏ॥ ੭॥

ਸੰਗਤਾਂ ਨੂੰ ਬਹੁਤ ਡਰਾਉਂਦੇ ਸਨ, "ਜੇ ਤੁਸੀਂ ਜਾਣਦੇ ਹੋ ਤਾਂ ਗੁਰੂ ਜੀ ਬਾਰੇ ਦੱਸੋ।" ਉਨ੍ਹਾਂ ਦੇ ਮਨ ਮਾਇਆ ਨੇ ਮੋਹ ਲਏ ਸਨ, ਇਸ ਕਰਕੇ ਗੁਰੂ ਜੀ ਵਾਲੇ ਪਾਸੇ ਗਏ ਨਹੀਂ, ਜਿੱਥੇ ਉਨ੍ਹਾਂ ਦੇ ਦਰਸ਼ਨ ਹੋਣੇ ਸਨ॥੭॥

ਪਿਖੇ ਸੁਨੇ ਜਿਨ, ਮਿਲੇ ਨ ਤਿਨਕੋ। ਕਯੋਂ ਕਰਿ ਖੋਜ ਪਾਇ ਗੁਰ ਤਨ ਕੋ।
ਸੈਫਦੀਨ ਤੇ ਲੀਨਿ ਬਿਦਾਈ। ਕਰ ਜੋਰੇ ਤਿਨ ਗ੍ਰੀਵ ਨਿਵਾਈ॥ ੮॥

ਜਿਨ੍ਹਾਂ ਨੇ ਗੁਰੂ ਜੀ ਨੂੰ ਵੇਖਿਆ ਸੁਣਿਆ ਸੀ, ਉਨ੍ਹਾਂ ਨੂੰ ਮਿਲਦੇ ਨਹੀਂ ਸਨ, ਉਹ ਗੁਰੂ ਜੀ ਦੇ ਸਰੀਰ ਦੀ ਕਿਵੇਂ ਭਾਲ ਕਰ ਲੈਂਦੇ। ਸੈਫਦੀਨ ਪਾਸੋਂ ਗੁਰੂ ਜੀ ਨੇ ਵਿਦਾਈ ਲੈ ਲਈ, ਉਸ ਨੇ ਹੱਥ ਜੋੜ ਕੇ ਸਿਰ ਨਿਵਾਇਆ॥੮॥

'ਸਿਮਰਹੁ ਦਾਸ ਜਾਨ ਕਰਿ ਮੋਹੀ'। ਬੂਝਯੋ 'ਕਬਿ ਦਰਸ਼ਨ ਪੁਨ ਹੋਹੀ ?'।
ਸੁਨਿ ਸ੍ਰੀ ਤੇਗ ਬਹਾਦਰ ਭਾਖਾ। 'ਕਰੀ ਪੂਰ ਮਿਲਿਬੇ ਅਭਿਲਾਖਾ॥ ੯॥

ਸੈਫਦੀਨ ਨੇ ਕਿਹਾ, "ਦਾਸ ਜਾਣ ਕੇ ਮੈਨੂੰ ਯਾਦ ਰੱਖਣਾ।" ਫਿਰ ਪੁਛਿਆ, "ਫਿਰ ਕਦ ਦਰਸ਼ਨ ਹੋਣਗੇ ?" ਇਹ ਸੁਣ ਕੇ ਸ੍ਰੀ ਤੇਗ ਬਹਾਦਰ ਜੀ ਨੇ ਕਿਹਾ, "ਤੁਹਾਡੀ ਮਿਲਣ ਦੀ ਅਭਿਲਾਸ਼ਾ ਪੂਰੀ ਕਰ ਦਿੱਤੀ ਹੈ॥੯॥

ਧਰਹੁ ਧਯਾਨ ਹੀ ਦਰਸ਼ਨ ਮੋਰਾ। ਬਨਹੁਂ ਸਹਾਇਕ ਜਹਿਂ ਕਹਿਂ ਤੋਰਾ'।
ਇਮ ਦੇ ਧੀਰਜ ਕੀਨਿ ਪਯਾਨਾ।ਅਹੈ ਨਗਰ ਇਕ ਨਾਮ ਸਮਾਨਾ॥ ੧੦॥

ਜਦ ਵੀ ਧਿਆਨ ਧਾਰਨ ਕਰੋਗੇ ਤਾਂ ਮੇਰੇ ਦਰਸ਼ਨ ਹੋਣਗੇ ਮੈਂ ਜਿੱਥੇ ਕਿੱਥੇ ਤੁਹਾਡਾ ਸਹਾਇਕ ਬਣਾਂਗਾ।" ਇਸ ਤਰ੍ਹਾਂ ਧੀਰਜ ਦੇ ਕੇ ਚਲ ਪਏ, ਰਾਹ ਦੇ ਵਿਚ ਇਕ ਸਮਾਣਾ ਨਾਮ ਦਾ ਨਗਰ ਆਇਆ॥੧੦॥

ਬ੍ਰਿੰਦ ਪਠਾਨ ਤਹਾਂ ਸਰਦਾਰ। ਗਮਨਹਿਂ ਸਿਵਕਾ ਪਰ ਅਸਵਾਰ।
ਲਘੁ ਲਘੁ ਦੁਰਗ ਪੁੰਜ ਬਨਵਾਏ। ਬਸਹਿਂ ਭੋਗ ਭੋਗਤਿ ਸਮੁਦਾਏ॥ ੧੧॥

ਬਹੁਤ ਪਠਾਣ ਉਥੇ ਸਰਦਾਰ ਸਨ, ਜਿਹੜੇ ਪਾਲਕੀ ਵਿਚ ਸਵਾਰ ਹੋ ਕੇ ਫਿਰਦੇ ਸਨ। ਉਨ੍ਹਾਂ ਛੋਟੇ-ਛੋਟੇ ਪੰਜ ਕਿਲ੍ਹੇ ਬਣਵਾਏ ਸਨ, ਉਥੇ ਉਹ ਸਾਰੇ ਬੜੀ ਅਨੰਦਮਈ ਜ਼ਿੰਦਗੀ ਬਤੀਤ ਕਰ ਰਹੇ ਸਨ॥੧੧॥

ਤਿਸ ਪੁਰਿ ਸਨਮੁਖ ਸ਼੍ਰੀ ਗੁਰ ਹੋਏ। ਗਮਨਹਿਂ ਜਾਹਿਂ ਸੁਮਾਰਗ ਜੋਏ।
ਆਪ ਤੁਰੰਗ ਬਲੀ ਅਸਵਾਰ। ਪੰਚੋ ਗਮਨਹਿਂ ਮਾਰਗ ਲਾਰ॥ ੧੨॥

ਉਸ ਨਗਰ ਦੇ ਸਾਹਮਣੇ ਗੁਰੂ ਜੀ ਹੋਏ, ਜਿਸ ਸ੍ਰੇਸ਼ਟ ਮਾਰਗ 'ਤੇ ਉਹ ਚਲੇ ਜਾ ਰਹੇ ਸਨ। ਗੁਰੂ ਜੀ ਆਪ ਬਲਵਾਨ ਘੋੜੇ ਉਤੇ ਸਵਾਰ ਸਨ, ਪੰਜੇ ਸਿੱਖ ਗੁਰੂ ਜੀ ਦੇ ਨਾਲ ਕਤਾਰ ਬੰਨ੍ਹ ਕੇ ਜਾ ਰਹੇ ਸਨ॥੧੨॥

ਸ਼ਹਿਰ ਸਮਾਣੇ ਪਹੁੰਚੇ ਜਾਇ। ਕਿਤਿਕ ਸਿੱਖ ਮਿਲਿਗੇ ਪੁਨ ਆਇ।
ਅਰਪੀ ਭੇਟ ਬੰਦਨਾ ਕੀਨਿ। ਪੂਰੀ ਕਾਮਨਾ ਦਰਸ਼ਨ ਲੀਨਿ॥ ੧੩॥

ਸਮਾਣੇ ਸ਼ਹਿਰ ਵਿਚ ਜਾ ਕੇ ਪਹੁੰਚ ਗਏ ਤਾਂ ਕਈ ਸਿੱਖ ਮਿਲਣ ਵਾਸਤੇ ਆਏ। ਭੇਟਾ ਅਰਪਣ ਕਰਕੇ ਉਨ੍ਹਾਂ ਬੰਦਨਾ ਕੀਤੀ ਤੇ ਦਰਸ਼ਨ ਕਰਕੇ ਕਾਮਨਾ ਪੂਰੀ ਕੀਤੀ॥੧੩॥

ਤਿਨ ਸਮੇਤ ਹੁਇ ਥਲ ਕੋ ਹੇਰਾ। ਪੁਰਿ ਤੇ ਵਹਿਰ ਜਾਇ ਕਿਯ ਡੇਰਾ।
ਖਾਨ ਪਾਨ ਸਗਰੋ ਤਹਿਂ ਕਰਿਕੈ। ਥਿਰੇ ਪ੍ਰਯੰਕ ਪੀਠ ਪਰ ਚਰਿਕੈ॥ ੧੪॥

ਉਨ੍ਹਾਂ ਦੇ ਨਾਲ ਹੋ ਕੇ ਸਥਾਨ ਵੇਖਿਆ, ਨਗਰ ਦੇ ਬਾਹਰ ਜਾ ਕੇ ਡੇਰਾ ਕੀਤਾ। ਖਾਣ ਪੀਣ ਸਾਰਾ ਉਥੇ ਕਰਕੇ ਗੁਰੂ ਜੀ ਪਲੰਘ ਦੇ ਉੱਤੇ ਚੜ੍ਹ ਕੇ ਬੈਠ ਗਏ॥੧੪॥

ਤਹਾਂ ਪਠਾਨ ਏਕ ਸਰਦਾਰ। ਸਤਿਗੁਰ ਮਹਿਮਾ ਲਖਹਿ ਉਦਾਰ।
ਸੈਫਦੀਨ ਢਿਗ ਬਾਸ ਚੁਮਾਸੇ। ਤਬਿ ਇਹ ਗਯੋ ਹੁਤੋ ਗੁਰ ਪਾਸੇ॥ ੧੫॥

ਉਥੇ ਇਕ ਪਠਾਣ ਸਰਦਾਰ ਸੀ, ਉਹ ਸਤਿਗੁਰੂ ਜੀ ਦੀ ਉੱਤਮ ਮਹਿਮਾ ਜਾਣਦਾ ਸੀ। ਜਦ ਸਤਿਗੁਰੂ ਜੀ ਚੁਮਾਸੇ ਵਿਚ ਸੈਫਦੀਨ ਪਾਸ ਰਹਿੰਦੇ ਸਨ ਤਾਂ ਇਹ ਗੁਰੂ ਜੀ ਦੇ ਪਾਸ ਗਿਆ ਸੀ॥੧੫॥

ਇਕ ਦੁਇ ਦਿਨ ਸਮੀਪ ਤਹਿਂ ਰਹ੍ਯੋ। ਪ੍ਰਭੁਤਾ, ਸ਼ੀਲ, ਭੇਵ ਗੁਰ ਲਹ੍ਯੋ।
ਤਿਸ ਨੇ ਸੁਨ੍ਯੋ ਇਹਾਂ ਚਲਿ ਆਏ। ਡੇਰਾ ਵਹਿਰ ਕਰ੍ਯੋ ਕਿਸ ਥਾਏਂ॥ ੧੬॥

ਇਕ ਦੋ ਦਿਨ ਉਹ ਗੁਰੂ ਜੀ ਪਾਸ ਰਿਹਾ ਸੀ, ਗੁਰੂ ਜੀ ਦੀ ਵਡਿਆਈ ਅਤੇ ਸ਼ੀਲਤਾ ਦੇ ਭੇਦ ਨੂੰ ਉਸ ਨੇ ਜਾਣਿਆ ਸੀ। ਉਸ ਨੇ ਇਹ ਸੁਣਿਆ ਕਿ ਗੁਰੂ ਜੀ ਚਲ ਕੇ ਏਥੇ ਆਏ ਹਨ, ਬਾਹਰ ਕਿਸੇ ਥਾਂ ਡੇਰਾ ਕੀਤਾ ਹੈ॥੧੬।

ਗਮਨ੍ਯੋ ਲੇ ਅਕੋਰ ਤਬਿ ਨੀਕੀ। ਸੇਵਾ ਹੇਤੁ ਉਮਗ ਕਰਿ ਹੀ ਕੀ।
ਦਸਕ ਸੰਗ ਨਰ ਲੇ ਕਰਿ ਗਯੋ। ਆਇ ਸਮੀਪੀ ਨੰਮ੍ਰੀ ਭਯੋ॥ ੧੭॥

ਫਿਰ ਚੰਗਾ ਉਪਹਾਰ ਲੈ ਕੇ ਚਲ ਪਿਆ, ਦਿਲ ਵਿਚ ਸੇਵਾ ਕਰਨ ਦੀ ਉਮੰਗ ਸੀ। ਦਸ ਦੇ ਕਰੀਬ ਮਨੁੱਖ ਨਾਲ ਲੈ ਕੇ ਗਿਆ ਤੇ ਪਾਸ ਆ ਕੇ ਸਿਰ ਨਿਵਾਇਆ॥੧੭॥

ਕ੍ਰਿਪਾ ਦ੍ਰਿਸ਼ਟਿ ਸ੍ਰੀ ਤੇਗਬਹਾਦਰ। ਬੂਝਤਿ ਕੁਸ਼ਲ ਬਿਠਾਯੋ ਸਾਦਰ।
ਹਾਥ ਜੋਰਿ ਕਰਿ ਕਹ੍ਯੋ ਪਠਾਨ। 'ਮੋ ਪਰ ਰਾਵਰਿ ਕਰਮ ਮਹਾਨ॥ ੧੮॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਰਪਾ-ਦ੍ਰਿਸ਼ਟੀ ਨਾਲ ਵੇਖਿਆ, ਸੁਖ-ਸਾਂਦ ਪੁੱਛ ਕੇ ਆਦਰ ਨਾਲ ਪਾਸ ਬਿਠਾਇਆ। ਪਠਾਣ ਨੇ ਹੱਥ ਜੋੜ ਕੇ ਕਿਹਾ, "ਮੇਰੇ ਉੱਤੇ ਆਪ ਜੀ ਦੀ ਵੱਡੀ ਬਖਸ਼ਿਸ਼ ਹੈ॥੧੮॥

ਪਿਖਤਿ ਪ੍ਰਫੁੱਲਿਤਿ ਭਾ ਮਨ ਮੇਰਾ। ਜਥਾ ਕਮਲ ਸੂਰਜ ਕੋ ਹੇਰਾ।
ਪੀਰਨ ਪੀਰ ਮਹਾਂ ਦਰਵੇਸ਼। ਸੂਰਤਿ ਜਨੁ ਖ਼ੁਦਾਇ ਕੀ ਬੇਸ਼॥ ੧੯॥

ਦਰਸ਼ਨ ਕਰਕੇ ਮੇਰਾ ਮਨ ਖਿੜ ਗਿਆ ਹੈ, ਜਿਵੇਂ ਕੰਵਲ ਦਾ ਫੁੱਲ ਸੂਰਜ ਨੂੰ ਵੇਖ ਖਿੜ ਉੱਠਦਾ ਹੈ। ਤੁਸੀਂ ਪੀਰਾਂ ਦੇ ਪੀਰ ਮਹਾਨ ਦਰਵੇਸ਼ ਹੋ, ਤੁਹਾਡੀ ਅਜਿਹੀ ਸੂਰਤ ਹੈ ਮਾਨੋ ਖ਼ੁਦਾ ਨੇ ਭੇਸ ਧਾਰਨ ਕੀਤਾ ਹੋਵੇ॥੧੯।

ਮਮ ਗ੍ਰਿਹ ਮੈਂ ਅਬਿ ਸਿਵਰ ਉਤਾਰੋ। ਸਭਿ ਸੇਵਾ ਮੈਂ ਕਰੌਂ ਸੁਖਾਰੋ।
ਕੋ ਦਿਨ ਬਸਹੁ ਮਿਹਰ ਕੋ ਕਰੀਅਹਿ। ਸੈਫਦੀਨ ਸਮ ਦਾਸ ਬਿਚਰੀਅਹਿ' ॥੨੦॥

ਮੇਰੇ ਘਰ ਵਿਚ ਹੁਣ ਡੇਰਾ ਲਾਵੋ, ਸਭ ਪ੍ਰਕਾਰ ਮੈਂ ਸੁਖਦਾਇਕ ਸੇਵਾ ਕਰਾਂਗਾ। ਕੁਝ ਦਿਨ ਵੱਸ ਕੇ ਮੇਰੇ 'ਤੇ ਮਿਹਰ ਕਰੋ, ਸੈਫਦੀਨ ਵਾਂਗ ਮੈਨੂੰ ਆਪਣਾ ਸੇਵਕ ਸਮਝੋ" ॥੨੦॥

ਸ੍ਰੀ ਗੁਰ ਕਹ੍ਯੋ 'ਟਿਕ੍ਯੋ ਅਬਿ ਡੇਰਾ। ਆਪ ਆਇ ਕਰਿ ਦਰਸ਼ਨ ਹੇਰਾ।
ਨਹੀਂ ਮੁਕਾਮ ਕਰਨਿ ਕੋ ਬਾਂਛੇ। ਆਗੇ ਗਮਨ ਕਰਨਿ ਕੀ ਕਾਛੇ॥ ੨੧॥

ਸ੍ਰੀ ਗੁਰੂ ਜੀ ਨੇ ਕਿਹਾ, "ਹੁਣ ਡੇਰਾ ਟਿਕਿਆ ਹੈ, ਆਪ ਨੇ ਆ ਕੇ ਦਰਸ਼ਨ ਕੀਤੇ ਹਨ। ਸਾਡੀ ਏਥੇ ਮੁਕਾਮ ਕਰਨ ਦੀ ਇੱਛਾ ਨਹੀਂ ਹੈ, ਅੱਗੇ ਜਾਣ ਦੀ ਖਾਹਸ਼ ਹੈ॥੨੧॥

ਰਿਦੈ ਲਾਲਸਾ ਪੂਰਨ ਕਰੀਅਹਿ। ਮਿਲ੍ਯੋ ਆਨਿ ਸੁਨਿ ਕੈ ਇਸ ਘਰੀਅਹਿ।
ਭਾਉ ਬਿਸਾਲ ਤੋਹਿ ਮੈਂ ਹੇਰਾ। ਸਮ ਹੀ ਭਯੋ ਕਰਨਿ ਗ੍ਰਿਹ ਡੇਰਾ'॥ ੨੨॥

ਆਪਣੇ ਹਿਰਦੇ ਦੀ ਲਾਲਸਾ ਪੂਰਨ ਕਰੋ, ਸੁਣ ਕੇ ਇਸ ਘੜੀ ਆ ਕੇ ਮਿਲੇ ਹੋ। ਤੁਹਾਡੇ ਵਿਚ ਬਹੁਤ ਵੱਡਾ ਪ੍ਰੇਮ ਵੇਖਿਆ ਹੈ, ਇਹ ਤੁਹਾਡੇ ਘਰ ਵਿਚ ਹੀ ਡੇਰਾ ਲਾਉਣ ਦੇ ਬਰਾਬਰ ਹੈ"॥੨੨॥

ਇਸ ਪ੍ਰਕਾਰ ਕਹਿ ਇਕ ਦੁਇ ਬੇਰ। ਨਿਕਟਿ ਬੈਠਿ ਕਰਿ ਪ੍ਰੇਮ ਬਡੇਰ।
ਲੇ ਆਗਜ੍ਯਾ ਕੋ ਸੀਸ ਨਿਵਾਯੋ। ਗਮਨ੍ਯੋ ਗ੍ਰਿਹ ਕੌ ਉਰ ਹਰਖਾਯੋ॥ ੨੩॥

ਇਸ ਪ੍ਰਕਾਰ ਇਕ ਦੋ ਵਾਰ ਕਹਿ ਕੇ, ਪਾਸ ਬੈਠ ਕੇ ਬਹੁਤ ਪ੍ਰੇਮ ਵਧਾਇਆ ਤੇ ਆਗਿਆ ਲੈ ਕੇ ਸਿਰ ਨਿਵਾਇਆ ਤੇ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਚਲੇ ਗਿਆ॥੨੩॥

ਸੰਧ੍ਯਾ ਪਰੀ ਨਗਰ ਮੈਂ ਗਯੋ। ਗਰੀ ਬਜ਼ਾਰ ਉਲੰਘਤਿ ਭਯੋ।
ਤਿਸ ਤੇ ਪਰੇ ਜਾਇ ਥਿਰ ਥਾਇੰ। ਪਿਖੇ ਸਊਰ ਆਇੰ ਸਮੁਦਾਇ॥ ੨੪॥

ਸ਼ਾਮ ਹੋ ਗਈ ਤਾਂ ਆਪਣੇ ਨਗਰ ਵਿਚ ਗਿਆ, ਗਲੀਆਂ ਬਜ਼ਾਰ ਲੰਘਦਾ ਜਾਂਦਾ ਸੀ। ਉਸ ਤੋਂ ਅੱਗੇ ਇਕ ਥਾਂ ਜਾ ਕੇ ਖੜ੍ਹਾ ਹੋ ਗਿਆ, ਉਥੇ ਉਸ ਵੇਖਿਆ ਕਿ ਕੁਝ ਘੋੜ-ਸਵਾਰ ਇਕੱਠੇ ਹੋ ਕੇ ਆ ਰਹੇ ਸਨ॥੨੪॥

ਤਿਨ ਕੇ ਸੰਗ ਬੂਝਿਬੋ ਕੀਨਿ। 'ਕਿਤ ਤੇ ਆਏ ਕਹਹੁ ਨਵੀਨ?।
ਆਗੈ ਪਹੁੰਚਨਿ ਹੈ ਕਿਸ ਥਾਨ? ਕੁਛ ਉਤਲਾਵਤਿ ਕਰਹੁ ਪਯਾਨ॥ ੨੫॥

ਉਨ੍ਹਾਂ ਨੂੰ ਉਹ ਪੁੱਛਣ ਲੱਗਾ, "ਕਿਥੋਂ ਆਏ ਹੋ, ਕੋਈ ਨਵੀਂ ਗੱਲ ਦੱਸੋ। ਅੱਗੇ ਕਿਸ ਥਾਂ ਜਾਣਾ ਹੈ? ਕੁਝ ਉਤਾਵਲੇ ਹੋ ਕੇ ਚਲ ਰਹੇ ਹੋ॥੨੫॥

ਕਿਸ ਉਮਰਾਵ ਪਠੇ ਸਮੁਦਾਏ। ਕੈ ਕਿਸ ਕਾਰਜ ਸ਼ਾਹੁ ਪਠਾਏ'।
ਸੁਨਤਿ ਸਊਰਨਿ ਉੱਤਰ ਦੀਨੋ। 'ਗਮਨ ਦੇਸ਼ ਬ੍ਰਿੰਦਨਿ ਹਮ ਕੀਨੋ॥ ੨੬॥

ਤੁਹਾਨੂੰ ਸਾਰਿਆਂ ਨੂੰ ਕਿਸ ਉਮਰਾਵ ਨੇ ਭੇਜਿਆ ਹੈ ਜਾਂ ਕਿਸੇ ਕਾਰਜ ਬਾਦਸ਼ਾਹ ਨੇ ਭੇਜਿਆ ਹੈ।" ਇਹ ਸੁਣ ਕੇ ਘੋੜ ਸਵਾਰ ਨੇ ਉੱਤਰ ਦਿੱਤਾ, "ਅਸੀਂ ਸਾਰੇ ਦੇਸ਼ਾਂ ਵਿਚ ਫਿਰਦੇ ਆ ਰਹੇ ਹਾਂ॥੨੬॥

ਸ੍ਰੀ ਨਾਨਕ ਗਾਦੀ ਪਰ ਜੋਇ। ਹਿੰਦੁਨਿ ਬਿਖੈ ਗੁਰੂ ਅਬਿ ਸੋਇ।
ਤਿਸ ਕੀ ਸ਼ਾਹੁ ਤਲਾਸ਼ੀ ਕਰੈ। ਗਨ ਸਊਰ ਬਹੁ ਖੋਜਤਿ ਫਿਰੈਂ॥ ੨੭॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਜਿਹੜੇ ਹਿੰਦੂਆਂ ਦੇ ਹੁਣ ਗੁਰੂ ਜੀ ਬੈਠੇ ਹੋਏ ਹਨ, ਬਾਦਸ਼ਾਹ ਉਨ੍ਹਾਂ ਦੀ ਤਲਾਸ਼ ਕਰ ਰਿਹਾ ਹੈ, ਬਹੁਤ ਘੋੜ-ਸਵਾਰ ਉਸ ਦੀ ਭਾਲ ਵਿਚ ਫਿਰ ਰਹੇ ਹਨ॥੨੭॥

ਕੇਚਿਤ ਮਾਝੇ ਮਾਂਹਿ ਨਿਹਾਰੇ। ਕਿਤਿਕ ਬਿਲੋਕਤਿ ਧਾਰ ਪਹਾਰੇ।
ਪ੍ਰਾਪਤਿ ਨਹੀਂ ਫਿਰੇ ਬਹੁਤੇਰਾ। ਜਹਾਂ ਰਿਹਾਇਸ਼ ਸੁਨਿ ਬਹੁ ਹੇਰਾ॥ ੨੮॥

ਮਾਝੇ ਦੇਸ਼ ਵਿਚ ਜਾ ਕੇ ਕਈ ਥਾਂ ਵੇਖਿਆ ਹੈ, ਕਈ ਥਾਂ ਪਹਾੜਾਂ ਦੀਆਂ ਧਾਰਾਂ ਵਿਚ ਵੇਖਿਆ ਹੈ। ਬਹੁਤ ਫਿਰੇ ਹਾਂ, ਪਰ ਉਹ ਪ੍ਰਾਪਤ ਨਹੀਂ ਹੋਏ ਹਨ, ਜਿੱਥੇ ਉਨ੍ਹਾਂ ਦੀ ਰਿਹਾਇਸ਼ ਸੀ ਉਥੇ ਵੀ ਬਹੁਤ ਵੇਖਿਆ ਹੈ ॥੨੮॥

ਤਿਸ ਕਾਰਨ ਹਮ ਜਾਇਂ ਅਗਾਰੀ। ਖੋਜਨਿ ਕਰਹਿਂ ਰਾਜ ਛਿਤ ਸਾਰੀ।
ਸੁਨਿ ਪਠਾਨ ਤਬਿ ਔਚਕ ਕਾਨ। ਮਨਹੁ ਤਾਨਿ ਧਨੁ ਮਾਰਜੋ ਬਾਨ ॥ ੨੯ ॥

ਉਸ ਕਾਰਨ ਅਸੀਂ ਅੱਗੇ ਜਾ ਰਹੇ ਹਾਂ, ਸਾਰੇ ਰਾਜ ਦੀ ਧਰਤੀ ਵਿਚ ਖੋਜ ਕਰਾਂਗੇ। ਅਚਾਨਕ ਅਜਿਹੀ ਗੱਲ ਕੰਨੀ ਸੁਣ ਕੇ ਪਠਾਣ ਨੂੰ ਇੰਝ ਲੱਗਾ ਮਾਨੋ ਕਿਸੇ ਨੇ ਉਸ ਨੂੰ ਧਨੁੱਖ ਖਿੱਚ ਕੇ ਤੀਰ ਮਾਰਿਆ ਹੋਵੇ॥੨੯॥

ਉਠਜੋ ਦਲਕ ਉਰ ਹਟਜੋ ਪਿਛਾਰੀ। ਕੁਮਤਿ ਸ਼ਾਹੁ ਕੀ ਕੂਰ ਬਿਚਾਰੀ।
ਅਸ ਦਰਵੇਸ਼ ਬੇਸ਼ ਕੇ ਸੰਗ। ਰਚਹਿ ਦ੍ਵੈਸ਼ ਕੋ ਚਹਹਿ ਕੁਢੰਗ॥ ੩੦॥

ਦਿਲ ਕੰਬ ਗਿਆ ਤੇ ਪਿੱਛੇ ਵਾਪਸ ਆ ਗਿਆ, ਬਾਦਸ਼ਾਹ ਦੀ ਕੂੜ ਭੈੜੀ ਮੱਤ ਤੇ ਵਿਚਾਰ ਕੀਤੀ, "ਐਸੇ ਦਰਵੇਸ਼ ਭੇਸ ਦੇ ਨਾਲ ਈਰਖਾ ਰਚਦਾ ਹੈ, ਕੋਈ ਮਾੜਾ ਕਾਰਾ ਕਰਨਾ ਚਾਹੁੰਦਾ ਹੈ ॥੩੦॥

ਜਾਨਤਿ ਹੌਂ ਖੈ ਹ੍ਵੈ ਤੁਰਕਾਨਾ। ਦੋਜ਼ਕ ਪਰਹਿ ਸਜ਼ਾਇ ਮਹਾਨਾ।
ਅਬਿ ਮੈਂ ਤਿਨ ਕੋ ਸਕਲ ਜਨਾਵੌਂ। ਨਿਜ ਨਿਕੇਤ ਮਹਿਂ ਸਿਵਰ ਕਰਾਵੌਂ ॥੩੧॥

ਜਾਣਦਾ ਹਾਂ ਤੁਰਕਾਂ ਦਾ ਨਾਸ਼ ਹੋਣਾ ਹੈ, ਦੋਜ਼ਕ ਵਿਚ ਪੈ ਕੇ ਮਹਾਨ ਸਜ਼ਾ ਪਾਉਣਗੇ, ਹੁਣ ਮੈਂ ਉਨ੍ਹਾਂ ਨੂੰ ਸਾਰੀ ਗੱਲ ਤੋਂ ਜਾਣੂ ਕਰਵਾਵਾਂਗਾ, ਆਪਣੇ ਘਰ ਵਿਚ ਉਨ੍ਹਾਂ ਦਾ ਡੇਰਾ ਲਵਾਵਾਂਗਾ॥੩੧॥

ਨਾਤੁਰ ਕੋ ਬਤਾਇ ਨਰ ਦੈ ਹੈ। ਅਸ ਨਹਿਂ ਹੋਇ ਪਹੁੰਚਿ ਗਹਿ ਲੈ ਹੈਂ।
ਏਵ ਬਿਚਾਰਤਿ ਛਿੱਪ੍ਰ ਪਯਾਨਾ। ਜਹਾਂ ਬਿਰਾਜਹਿਂ ਕ੍ਰਿਪਾ ਨਿਧਾਨਾ॥ ੩੨ ॥

ਨਹੀਂ ਤਾਂ ਮਨੁੱਖ ਉਨ੍ਹਾਂ ਬਾਰੇ ਦੱਸ ਦੇਣਗੇ, ਐਸਾ ਨਾ ਹੋਵੇ ਕਿ ਪਹੁੰਚ ਕੇ ਫੜ ਲੈਣ।" ਇਸ ਤਰ੍ਹਾਂ ਵਿਚਾਰ ਕੇ ਤੁਰਤ ਚਲਾ ਗਿਆ ਤੇ ਉਥੇ ਪਹੁੰਚ ਗਿਆ ਜਿੱਥੇ ਕ੍ਰਿਪਾ ਨਿਧਾਨ ਗੁਰੂ ਜੀ ਬੈਠੇ ਸਨ॥੩੨॥

ਆਵਤਿ ਦੇਖਿ ਪ੍ਰਭੁ ਮੁਸਕਾਏ। 'ਕਹਾਂ ਹੌਲ ਉਰ ਖਾਨ ਉਪਾਏ।
ਕਹੇ ਕਿਨਹੁਂ ਕੇ ਕਰੌਂ ਕਰਿ ਤ੍ਰਾਸਾ। ਇਕ ਖ਼ੁਦਾਇ ਪਰ ਧਰਿ ਬਿਸਵਾਸਾ ॥੩੩॥

ਆਉਂਦਾ ਵੇਖ ਕੇ ਗੁਰੂ ਜੀ ਮੁਸਕਰਾ ਪਏ, "ਹੇ ਖਾਨ ! ਹਿਰਦੇ ਵਿਚ ਏਨਾ ਡਰ ਕਿਉਂ ਉਤਪੰਨ ਹੋਇਆ ਹੈ। ਕਿਨ੍ਹਾਂ ਦੇ ਕਹਿਣ 'ਤੇ ਕਿਉਂ ਏਨਾ ਡਰ ਗਿਆ ਹੈਂ, ਇਕ ਖੁਦਾ ਉੱਤੇ ਵਿਸ਼ਵਾਸ ਧਾਰਨ ਕਰੋ" ॥੩੩॥

ਬੈਠਿ ਨਿਕਟਿ ਕਹਿ ਹੌਰੇ ਹੌਰੇ। 'ਟਿਕਹੁ ਨ ਗੁਰੂ ਅਬਹਿ ਇਸ ਠੌਰੇ।
ਉਠਹੁ ਸ਼ੀਘ੍ਰ ਸਭਿ ਕਿਛ ਲੇ ਚਾਲਹੁ। ਜ਼ੀਨ ਤੁਰੰਗਨ ਤੂਰਨ ਡਾਲਹੁ॥ ੩੪ ॥

ਮੇਰੇ ਪਾਸ ਬੈਠ ਕੇ ਹੌਲੀ-ਹੌਲੀ ਕਹੋ। ਖਾਨ ਕਹਿਣ ਲੱਗਾ, "ਹੇ ਗੁਰੂ ਜੀ ! ਹੁਣ ਇਸ ਥਾਂ ਨਾ ਠਹਿਰੋ। ਤੁਰਤ ਉੱਠੋ ਤੇ ਸਭ ਕੁਝ ਨਾਲ ਲੈ ਚਲੋ, ਘੋੜਿਆਂ ਉੱਤੇ ਤੁਰਤ ਕਾਠੀਆਂ ਪਾਵੋ॥੩੪॥

ਸੈਨ ਸ਼ਾਹੁ ਕੀ ਫਿਰਹਿ ਘਨੇਰੇ। ਖੋਜਤਿ ਥਲ ਤੁਮ ਬਸਿਬੇ ਕੇਰੇ।
ਜਿਤ ਕਿਤ ਫਿਰਹਿਂ ਬੂਝਿ ਤੁਮ ਨਾਮ। ਜਹਿਂ ਸਿਖ ਸੰਗਤ ਕੋ ਬਿਸਰਾਮ ॥੩੫॥

ਬਾਦਸ਼ਾਹ ਦੀ ਬਹੁਤ ਫੌਜ ਫਿਰ ਰਹੀ ਹੈ, ਤੁਹਾਡੇ ਰਹਿਣ ਦਾ ਥਾਂ ਲੱਭਦੇ ਫਿਰਦੇ ਹਨ। ਤੁਹਾਡਾ ਨਾਮ ਪੁੱਛ ਕੇ ਜਿੱਥੇ ਕਿੱਥੇ ਫਿਰ ਰਹੇ ਹਨ, ਜਿੱਥੇ ਵੀ ਸਿੱਖ ਸੰਗਤ ਵਿਸ਼ਰਾਮ ਕਰਦੀ ਹੈ॥੩੫॥

ਅੰਤਰਜਾਮੀ ਤੁਮ ਸਭਿ ਜਾਨਾ। ਮਿਲੇ ਸਊਰ ਪ੍ਰਸੰਗ ਪਛਾਨਾ।
ਤਊ ਮੋਹਿ ਤੇ ਹਿਤ ਸੁਨਿ ਲੀਜੈ। ਭੀਖਨ ਕਰਮਾ ਸ਼ਾਹੁ ਲਖੀਜੈ ॥ ੩੬ ॥

ਤੁਸੀਂ ਅੰਤਰਜਾਮੀ ਹੋ ਸਭ ਕੁਝ ਜਾਣ ਲਿਆ ਹੈ, ਘੋੜ-ਸਵਾਰ ਮੈਨੂੰ ਮਿਲੇ ਹਨ, ਇਸ ਪ੍ਰਸੰਗ ਨੂੰ ਤੁਸੀਂ ਪਛਾਣ ਲਿਆ ਹੈ। ਫਿਰ ਵੀ ਮੇਰੇ ਹਿਤ ਵਾਸਤੇ ਸੁਣ ਲਵੋ, ਬਾਦਸ਼ਾਹ ਭਿਆਨਕ ਕਰਮ ਕਰਨ ਵਾਲਾ ਸਮਝ ਲਵੋ ॥ ੩੬ ॥

ਸੰਤ ਅਨੇਕਨ ਕੋ ਦੁਖ ਦੀਨਾ। ਧਰ ਕੋ ਸਿਰ ਤੇ ਕਰਹਿ ਬਿਹੀਨਾ।
ਤਿਸ ਕੇ ਢਿਗ ਪਹੁੰਚਨਿ ਨਹਿਂ ਆਛੋ। ਜ਼ਾਲਮ ਬਡੋ ਜ਼ੁਲਮ ਜਿਨ ਬਾਂਛੋ' ॥੩੭ ॥

ਅਨੇਕਾਂ ਸੰਤਾਂ ਨੂੰ ਉਸ ਦੁਖ ਦਿੱਤਾ ਹੈ, ਧੜ ਤੋਂ ਸੀਸ ਰਹਿਤ ਕਰ ਦਿੰਦਾ ਹੈ। ਉਸ ਦੇ ਪਾਸ ਪਹੁੰਚਣਾ ਚੰਗਾ ਨਹੀਂ ਵੱਡਾ ਜ਼ਾਲਮ ਹੈ, ਹਰ ਸਮੇਂ ਜ਼ੁਲਮ ਕਰਨਾ ਹੀ ਚਾਹੁੰਦਾ ਹੈ' ॥੩੭॥

ਸੁਨਿ ਸਤਿਗੁਰ ਤਿਸ ਕਉ ਸਮੁਝਾਯਹੁ। 'ਸਿਰਜਨਹਾਰੇ ਜਥਾ ਬਨਾਯਹੁ।
ਸੋ ਨਹਿਂ ਟਰਹਿ ਉਪਾਵ ਅਨੇਕੈਂ। ਇਹੁ ਨਿਰਨੈ ਕਰਿ ਜਾਨਿ ਬਿਬੇਕੈ ॥ ੩੮ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਨੂੰ ਸਮਝਾਇਆ, "ਸਿਰਜਣਹਾਰ ਪ੍ਰਭੂ ਜੀ ਨੇ ਜਿਵੇਂ ਬਣਾਇਆ ਹੈ, ਉਹ ਅਨੇਕਾਂ ਉਪਾਅ ਕਰਨ ਨਾਲ ਵੀ ਨਹੀਂ ਟਲਣਾ ਹੈ, ਇਹ ਨਿਰਣਾ ਸਮਝ ਕੇ ਜਾਣ ਲਵੋ ॥੩੮॥

ਸਕਲ ਕਾਜ ਕਰਤਾ ਜਗਤੇਸ਼। ਕਜੋਂ ਆਨਹੁ ਉਰ ਤ੍ਰਾਸ ਵਿਸ਼ੇਸ਼'।
ਸੁਨਿ ਪਠਾਨ ਕਰ ਜੋਰਿ ਬਖਾਨਾ। 'ਸ਼੍ਰੀ ਮੁਖ ਤੇ ਸਚ ਕਹਹੁ ਸੁਜਾਨਾ ! ॥ ੩੯ ॥

ਸਾਰੇ ਕਾਰਜ ਜਗਤ ਦਾ ਮਾਲਕ ਪ੍ਰਭੂ ਕਰਦਾ ਹੈ, ਤੁਸੀਂ ਦਿਲ ਵਿਚ ਵਿਸ਼ੇਸ਼ ਡਰ ਕਿਉਂ ਧਾਰਨ ਕੀਤਾ ਹੈ।" ਇਹ ਸੁਣ ਕੇ ਪਠਾਣ ਨੇ ਹੱਥ ਜੋੜ ਕੇ ਕਿਹਾ, "ਹੇ ਗੁਰੂ ਜੀ ! ਤੁਸੀਂ ਆਪਣੇ ਮੁਖਾਰਬਿੰਦ ਤੋਂ ਸੱਚ ਫੁਰਮਾਉਂਦੇ ਹੋ ॥੩੯॥

ਪਾਵਨ ਮਮ ਘਰ ਕਰਹੁ ਗੁਸਾਈਂ। ਅੰਤਰ ਚਲਹੁ ਏਵ ਬਨਿਆਈ।
ਬਾਕ ਬਿਲਾਸ ਸੁਨਾਵਹੁ ਆਪੂ। ਪਿਖੇ ਸੁਨੇ ਪਾਪਨਿ ਗਨ ਖਾਪੂ' ॥ ੪੦ ॥

ਹੇ ਗੁਰੂ ਜੀ ! ਮੇਰੇ ਘਰ ਨੂੰ ਪਵਿੱਤਰ ਕਰੋ, ਅੰਦਰ ਚਲੋ, ਇਸ ਤਰ੍ਹਾਂ ਹੀ ਬਣ ਆਉਂਦੀ ਹੈ। ਆਪ ਜੀ ਮੈਨੂੰ ਬਚਨ ਬਿਲਾਸ ਸੁਣਾਵੋ, ਵੇਖਣ ਸੁਣਨ ਨਾਲ ਪਾਪਾਂ ਦਾ ਨਾਸ਼ ਹੁੰਦਾ ਹੈ' ॥੪੦॥

ਇਮ ਕਹਿ ਸ਼ੀਘ੍ਰ ਖੋਲਿ ਕਰਿ ਘੋਰਾ। ਜ਼ੀਨ ਪਾਇ ਭਾਖੈ ਕਰ ਜੋਰਾ।
'ਉਠਹੁ ਅਰੂਢਹੁ ਨਿਸ ਬਿਸਰਾਮਹੁ। ਸੁਖ ਸੋਂ ਬਸਹੁ ਚਿੰਤ ਬਿਨ ਧਾਮਹੁੰ ॥੪੧ ॥

ਇਸ ਤਰ੍ਹਾਂ ਕਹਿ ਕੇ ਛੇਤੀ ਨਾਲ ਘੋੜਾ ਖੋਲ੍ਹ ਕੇ, ਕਾਠੀ ਪਾ ਕੇ ਹੱਥ ਜੋੜ ਕੇ ਬੋਲਿਆ, "ਉਠੋ ਘੋੜੇ 'ਤੇ ਚੜ੍ਹੋ ਤੇ ਰਾਤ ਬਿਸਰਾਮ ਕਰੋ ਤੇ ਚਿੰਤਾ ਰਹਿਤ ਹੋ ਕੇ ਮੇਰੇ ਘਰ ਵਿਚ ਵਾਸਾ ਕਰੋ ॥੪੧॥

ਤਸਕਰ ਆਦਿ ਬਿਘਨ ਨਹਿਂ ਕੋਈ। ਅਵਲੋਕਹੁ ਮਮ ਦਿਸ਼ਿ ਅਰਜ਼ੋਈ'।
ਸੁਨਿ ਸਤਿਗੁਰ ਪਿਖਿ ਭਾਉ ਬਿਸਾਲੇ। ਚਢਿ ਤੁਰੰਗ ਪਰ ਅੰਤਰ ਚਾਲੇ ॥ ੪੨ ॥

ਉਥੇ ਚੋਰ ਆਦਿ ਦਾ ਕੋਈ ਵਿਘਨ ਨਹੀਂ ਹੈ, ਮੇਰੀ ਬੇਨਤੀ ਵਲ ਵੇਖੋ।" ਇਹ ਸੁਣ ਕੇ ਸਤਿਗੁਰੂ ਜੀ ਨੇ ਉਸਦੇ ਵਿਸ਼ਾਲ ਪ੍ਰੇਮ ਨੂੰ ਵੇਖਿਆ ਤੇ ਘੋੜੇ 'ਤੇ ਚੜ੍ਹ ਕੇ ਸ਼ਹਿਰ ਦੇ ਅੰਦਰ ਵਲ ਚਲ ਪਏ ॥੪੨॥

ਪੰਚਹੁੰ ਸਿੱਖ ਸੰਗ ਨਿਜ ਲੀਨੇ। ਅਪਰ ਆਪ ਤੇ ਰੁਖਸਦ ਕੀਨੇ।
ਗੜ੍ਹੀ ਪਠਾਨਨਿ ਕੀ ਤਹਿਂ ਘਨੀ। ਨਿਕਟਿ ਨਿਕਟਿ ਗਾਢੀ ਬਹੁ ਬਨੀ ॥ ੪੩ ॥

ਪੰਜੇ ਸਿੱਖਾਂ ਨੂੰ ਆਪਣੇ ਨਾਲ ਲੈ ਲਿਆ, ਹੋਰ ਸਿੱਖ ਆਪਣੇ ਪਾਸੋਂ ਪਹਿਲਾਂ ਹੀ ਵਿਦਾ ਕਰ ਦਿੱਤੇ ਸਨ। ਉਥੇ ਪਠਾਣਾਂ ਦੀਆਂ ਕਈ ਗੜ੍ਹੀਆਂ ਸਨ, ਪਾਸ ਪਾਸ ਹੀ ਬਹੁਤ ਮਜ਼ਬੂਤ ਬਣੀਆਂ ਸਨ॥੪੩॥

**ਲੇ ਕਰਿ ਖਾਨ ਆਪਨੀ ਗਯੋ। ਡੇਰਾ ਘਰ ਸੁੰਦਰ ਮਹਿਂ ਦਯੋ।**
**ਭਯੋ ਨਚਿੰਤ ਆਇ ਦਰ ਠਾਢੇ। ਕਰੇ ਕਿਵਾਰ ਅਸੰਜਤਿ ਗਾਢੇ॥ ੪੪॥**

ਖਾਨ ਆਪਣੀ ਗੜ੍ਹੀ ਵਿਚ ਲੈ ਕੇ ਚਲਾ ਗਿਆ ਤੇ ਸੁੰਦਰ ਘਰ ਵਿਚ ਗੁਰੂ ਜੀ ਦਾ ਡੇਰਾ ਕਰਵਾਇਆ। ਨਿਸ਼ਚਿੰਤ ਹੋ ਕੇ ਦਰਵਾਜ਼ੇ ਵਿਚ ਆ ਕੇ ਖੜਾ ਹੋ ਗਿਆ ਤੇ ਦਰਵਾਜ਼ਿਆਂ ਨੂੰ ਮਜ਼ਬੂਤੀ ਨਾਲ ਬੰਦ ਕਰ ਦਿੱਤਾ॥੪੪॥

**ਕਹਯੋ 'ਓਪਰੇ ਨਰ ਨਹਿਂ ਬਰੈਂ। ਹਮਰੇ ਵਹਿਰ ਬਾਤ ਨਹਿਂ ਕਰੈ'।**
**ਇੱਤਜਾਦਿਕ ਕਰਿਕੈ ਤਕਰਾਈ। ਗਯੋ ਗੁਰੂ ਢਿਗ ਗ੍ਰੀਵ ਨਿਵਾਈ॥ ੪੫॥**

ਨੌਕਰਾਂ ਨੂੰ ਕਹਿ ਦਿੱਤਾ, "ਓਪਰੇ ਮਨੁੱਖ ਅੰਦਰ ਦਾਖਲ ਨਾ ਹੋਣ ਤੇ ਸਾਡੇ ਆਦਮੀ ਬਾਹਰ ਗੱਲ ਨਾ ਕਰਨ। ਇਸ ਤਰ੍ਹਾਂ ਤਕੜਾਈ ਕਰਕੇ ਗੁਰੂ ਜੀ ਦੇ ਪਾਸ ਗਿਆ ਤੇ ਸਿਰ ਨਿਵਾਇਆ॥੪੫॥

**ਬਾਕ ਬਿਲਾਸ ਸੁਨੇ ਬਹੁ ਭਾਂਤੀ। ਸੁਪਤ ਜਥਾ ਸੁਖ ਭੇ ਖਿਚ ਰਾਤੀ।**
**ਸਰਬ ਸੇਵ ਤ੍ਰਿਣ ਆਦਿਕ ਕੇਰੀ। ਕਰੀ ਤੁਰੰਗਨਿ ਕੀ ਤਿਸ ਬੇਰੀ॥ ੪੬॥**

ਬਹੁਤ ਪ੍ਰਕਾਰ ਬਚਨ ਬਿਲਾਸ ਸੁਣੇ, ਰਾਤ ਗੁਰੂ ਜੀ ਬੜੇ ਸੁਖ ਨਾਲ ਸੁੱਤੇ। ਘਾਹ ਆਦਿ ਸਰਬ ਪ੍ਰਕਾਰ ਦੀ ਉਸ ਸਮੇਂ ਘੋੜਿਆਂ ਦੀ ਸੇਵਾ ਕੀਤੀ॥੪੬॥

*ਬਾਰ੍ਹਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥*

## ਅਧਿਆਇ ਤੇਤੀਵਾਂ

*ਸਮਾਣਿਓਂ ਕਰਹਾਲੀ, ਚਿਹਕਾ ਗਏ*

*ਦੋਹਰਾ*- **ਭਈ ਨਿਸਾ ਪੂਰਿ ਹੇਰਿ ਸ਼ਾਹਿ ਸਊਰ ਬਿਚਾਰਿ।**
**ਉਤਰਿ ਪਰੇ ਡੇਰਾ ਕਰਯੋ ਲੀਨਸਿ ਅੰਨ ਅਹਾਰ॥ ੧॥**

ਰਾਤ ਪੈ ਗਈ ਤਾਂ ਨਗਰ ਵੇਖ ਕੇ ਬਾਦਸ਼ਾਹ ਦੇ ਘੋੜ-ਸਵਾਰਾਂ ਨੇ ਵਿਚਾਰ ਕੀਤੀ ਤੇ ਘੋੜਿਆਂ ਤੋਂ ਉੱਤਰ ਪਏ, ਡੇਰਾ ਕੀਤਾ ਤੇ ਭੋਜਨ ਖਾਧਾ॥੧॥

*ਚੌਪਈ*- **ਲੇਤਿ ਦੇਤਿ ਤਹਿਂ ਜ਼ਿਕਰ ਚਲਾਯੋ। 'ਕਿਸੂ ਦੇਸ਼ ਸ਼੍ਰੀ ਗੁਰ ਨਹਿਂ ਪਾਯੋ'।**
**ਇਕ ਨਰ ਤਬਹਿ ਬਤਾਵਨ ਕਹਯੋ। 'ਆਜ ਦੁਪਹਿਰਾ ਜਬਿ ਕੁਛ ਢਰਯੋ॥੨॥**

ਲੈਂਦਿਆਂ ਦਿੰਦਿਆਂ ਉਥੇ ਜ਼ਿਕਰ ਚਲਾਇਆ, "ਕਿਸੇ ਦੇਸ਼ ਵਿਚ ਵੀ ਗੁਰੂ ਜੀ ਨੂੰ ਨਹੀਂ ਪਾਇਆ ਹੈ।" ਇਕ ਮਨੁੱਖ ਨੇ ਤਦ ਦੱਸਿਆ, "ਅੱਜ ਦੁਪਹਿਰਾ ਜਦ ਕੁਝ ਢਲਿਆ ਸੀ"॥੨॥

**ਨਗਰ ਪ੍ਰਵੇਸ਼ਤਿ ਮੈਂ ਗੁਰ ਹੇਰੇ। ਉਤ ਦਿਸ਼ਿ ਉਤਰੇ ਕੀਨਸਿ ਡੇਰੇ।**
**ਨਿਸਾ ਆਜ ਕੀ ਇਹਾਂ ਬਿਤਾਵੈਂ। ਹੁਇ ਭੁਨਸਾਰ ਸੁ ਅੱਗ੍ਰ ਸਿਧਾਵੈਂ॥੩॥**

ਨਗਰ ਵਿਚ ਪ੍ਰਵੇਸ਼ ਕਰਦਿਆਂ ਮੈਂ ਗੁਰੂ ਜੀ ਨੂੰ ਵੇਖਿਆ ਹੈ, ਉਸ ਪਾਸੇ ਉੱਤਰੇ ਹਨ ਤੇ ਡੇਰਾ ਕੀਤਾ ਹੈ। ਅੱਜ ਦੀ ਰਾਤ ਏਥੇ ਬਤੀਤ ਕਰਨਗੇ, ਸਵੇਰ ਹੋਣ ਤੇ ਅੱਗੇ ਜਾਣਗੇ" ॥੩॥

ਸੁਨਿ ਔਚਕ 'ਗੁਰ ਪੁਰਿ ਇਸ ਆਏ'। ਸ਼ਾਹਿ ਸਊਰ ਘਨੇ ਹਰਖਾਏ।
ਤਬਹਿ ਬਿਲੋਕਨ ਉਤ ਦਿਸ਼ਿ ਗਏ। ਖੋਜਤਿ ਥਲ ਨਹਿਂ ਪ੍ਰਾਪਤਿ ਭਏ ॥ ੪ ॥

ਅਚਾਨਕ ਸੁਣਿਆ, "ਗੁਰੂ ਜੀ ਇਸ ਨਗਰ ਵਿਚ ਆਏ ਹਨ" ਤਾਂ ਬਾਦਸ਼ਾਹ ਦੇ ਘੋੜ-ਸਵਾਰ ਬਹੁਤ ਪ੍ਰਸੰਨ ਹੋਏ। ਤਦ ਘੋੜ-ਸਵਾਰ ਉਸ ਪਾਸੇ ਵੇਖਣ ਗਏ, ਉਹ ਥਾਂ ਲੱਭਿਆ, ਪਰ ਗੁਰੂ ਜੀ ਪ੍ਰਾਪਤ ਨਾ ਹੋਏ ॥੪॥

ਪੁਨ ਉਤ ਦਿਸ਼ ਕੇ ਨਰ ਜੋ ਮਿਲੇ। ਤਿਨ ਕੋ ਬੂਝਤਿ ਯਾ ਬਿਧਿ ਭਲੇ।
'ਗੁਰ ਕਿਸ ਥਲ ਮਹਿਂ ਕੀਨਸਿ ਡੇਰਾ ? ਕਰਹੁ ਬਤਾਵਨਿ ਜਿਸ ਨੇ ਹੇਰਾ' ॥ ੫ ॥

ਫਿਰ ਉਸ ਪਾਸੇ ਦੇ ਮਨੁੱਖ ਜਿਹੜੇ ਮਿਲੇ, ਉਨ੍ਹਾਂ ਨੂੰ ਭਲੀ ਪ੍ਰਕਾਰ ਪੁਛਿਆ, "ਗੁਰੂ ਜੀ ਨੇ ਕਿਸ ਥਾਂ ਡੇਰਾ ਕੀਤਾ ਹੈ ? ਸਾਨੂੰ ਦੱਸੋ ਜਿਸ ਨੇ ਵੀ ਵੇਖਿਆ ਹੈ" ॥੫॥

ਇਕ ਮਾਨਵ ਸੁਨਿ ਸਕਲ ਬਤਾਈ। 'ਪਰੋ ਤਿਮਰ ਤਬਿ ਗੇ ਕਿਸ ਥਾਈਂ।
ਉਤਰੇ ਹੁਤੇ ਪਿਖੇ ਮੈਂ ਸੋਇ। ਕਹਾਂ ਗਏ ਅਬਿ ਲਖੈ ਨ ਕੋਇ' ॥ ੬ ॥

ਇਕ ਮਨੁੱਖ ਨੇ ਸੁਣ ਕੇ ਸਾਰੀ ਗੱਲ ਦੱਸੀ, "ਜਦ ਹਨੇਰਾ ਹੋ ਗਿਆ ਤਾਂ ਕਿਸੇ ਥਾਂ ਗਏ ਹਨ। ਏਥੇ ਉੱਤਰੇ ਸਨ, ਮੈਂ ਆਪ ਵੇਖਿਆ ਸੀ। ਹੁਣ ਉਹ ਕਿੱਥੇ ਗਏ ਹਨ, ਇਹ ਕੋਈ ਨਹੀਂ ਜਾਣਦਾ ਹੈ" ॥੬॥

ਸੁਨਿ ਕਰਿ ਖੋਜਤਿ ਉਰ ਬਿਸਮਾਏ। ਪਰੀ ਰਾਤਿ ਕਿਤ ਦੇਖਹਿਂ ਜਾਏ।
ਇਤ ਉਤ ਬਿਚਰਤਿ ਰਹੇ ਘਨੇਰੇ। ਸ਼੍ਰੀ ਸਤਿਗੁਰ ਨਾਂਹਿਨ ਕਿਤ ਹੇਰੇ ॥ ੭ ॥

ਸੁਣ ਕੇ ਲਭਣ ਲੱਗੇ ਤੇ ਦਿਲ ਵਿਚ ਬਹੁਤ ਹੈਰਾਨ ਹੋਏ, ਰਾਤ ਪੈ ਗਈ ਹੈ, ਹੁਣ ਕਿੱਥੇ ਜਾ ਕੇ ਵੇਖੀਏ। ਏਧਰ ਓਧਰ ਬਹੁਤ ਫਿਰਦੇ ਰਹੇ, ਪਰ ਸਤਿਗੁਰੂ ਜੀ ਨੂੰ ਕਿਤੇ ਵੀ ਨਾ ਵੇਖਿਆ ॥੭॥

ਸ਼ਾਹੁ ਨਰਨਿ ਤਬਿ ਮਸਲਤ ਗਾਏ। 'ਹੈਂ ਪੁਰਿ ਮੈਂ, ਨਹਿਂ ਅੱਗ੍ਰ ਸਿਧਾਏ।
ਇਤਿ ਦਿਸ਼ ਕੀ ਕੀਜਹਿ ਤਕਰਾਈ। ਬਡੀ ਪ੍ਰਭਾਤਿ ਨਿਕਸਿ ਨਹਿਂ ਜਾਈਂ ॥ ੮ ॥

ਬਾਦਸ਼ਾਹ ਦੇ ਆਦਮੀਆਂ ਨੇ ਫਿਰ ਸਲਾਹ ਬਣਾਈ, "ਇਸ ਨਗਰ ਵਿਚ ਹੀ ਹਨ, ਅੱਗੇ ਨਹੀਂ ਗਏ ਹਨ। ਇਸ ਪਾਸੇ ਦੀ ਤਕੜਾਈ ਕਰ ਦੇਵੋ, ਸਵੇਰੇ ਸਵੱਖਤੇ ਕਿਤੇ ਨਿਕਲ ਨਾ ਜਾਣ ॥੮॥

ਜੇ ਗਹਿ ਲੇਹਿਂ ਗੁਰੂ ਇਸ ਥਾਨ। ਹਮ ਪਰ ਸ਼ਾਹੁ ਪ੍ਰਸੰਨ ਮਹਾਨ।
ਬਖਸ਼ਹਿ ਅਧਿਕ ਦਰਬ ਸਮੁਦਾਏ। ਜਿਸ ਤਲਾਸ਼ ਦਿਨ ਬਹੁਤ ਬਿਤਾਏ ॥ ੯ ॥

ਜੇ ਇਸ ਥਾਂ ਗੁਰੂ ਜੀ ਨੂੰ ਫੜ ਲਵਾਂਗੇ ਤਾਂ ਸਾਡੇ ਉੱਤੇ ਬਾਦਸ਼ਾਹ ਬਹੁਤ ਪ੍ਰਸੰਨ ਹੋਵੇਗਾ, ਸਾਨੂੰ ਫਿਰ ਬਹੁਤ ਧਨ ਬਖਸ਼ੇਗਾ, ਜਿਸ ਦੀ ਤਲਾਸ਼ ਵਿਚ ਬਹੁਤ ਦਿਨ ਬਤੀਤ ਕੀਤੇ ਹਨ ॥੯॥

ਆਲਸ ਕਰਹੁ ਨ, ਰਹਹੁ ਸੁਚੇਤ। ਲੇਤੇ ਬੂਝਹੁ ਸਭਿ ਕੇ ਭੇਤ।
ਅਪਨੋ ਡੇਰਾ ਇਤ ਲੇ ਆਵਹੁ। ਸਭਿ ਪੰਥਨਿ ਪਰ ਦ੍ਰਿਸ਼ਟਿ ਲਗਾਵਹੁ ॥ ੧੦ ॥

ਆਲਸ ਨਾ ਕਰੋ ਤੇ ਸੁਚੇਤ ਰਹੋ, ਸਾਰਿਆਂ ਪਾਸੋਂ ਪੁੱਛ ਕੇ ਭੇਦ ਲੈਂਦੇ ਰਹੋ। ਆਪਣਾ ਡੇਰਾ ਏਧਰ ਲੈ ਆਵੋ ਤੇ ਸਾਰੇ ਰਾਹਾਂ ਉੱਤੇ ਨਜ਼ਰ ਰੱਖੋ ॥੧੦॥

ਇਮ ਕਹਿ ਖਾਨ ਪਾਨ ਸਭਿ ਕਰਿਕੈ। ਜਿਤ ਕਿਤ ਸਗਰੇ ਸਥਲ ਨਿਹਰਿਕੈ।
ਜਾਗਤਿ ਰਹੇ ਨ ਨਿੰਦ੍ਰਾ ਲੀਨਿ। ਭਈ ਪ੍ਰਭਾਤਿ ਸਭਿਨਿ ਮਨ ਚੀਨ॥ ੧੧॥

ਇਸ ਤਰ੍ਹਾਂ ਕਹਿ ਕੇ ਸਭ ਪ੍ਰਕਾਰ ਖਾ ਪੀ ਕੇ, ਜਿੱਥੇ ਕਿੱਥੇ ਸਾਰੇ ਸਥਾਨ ਵੇਖ ਕੇ ਜਾਗਦੇ ਰਹੇ, ਸੁੱਤੇ ਨਹੀਂ, ਸਵੇਰ ਹੋ ਗਈ, ਸਾਰਿਆਂ ਨੇ ਮਨ ਵਿਚ ਜਾਣ ਲਈ॥੧੧॥

ਪੁਰਿ ਕੀ ਗਰੀ ਗਰੀ ਸਭਿ ਹੇਰੀ। ਤਕਰਾਈ ਸਭਿ ਪੰਥ ਘਨੇਰੀ।
ਹੁਤੋ ਦਿਵਸ ਮਹਿਂ ਜਹਿਂ ਗੁਰ ਡੇਰਾ। ਤਹਿਂ ਤੇ ਖੋਜ ਪਗਨ ਕੋ ਹੇਰਾ॥ ੧੨॥

ਨਗਰ ਦੀ ਫਿਰ ਗਲੀ-ਗਲੀ ਵੇਖੀ, ਸਾਰਿਆਂ ਰਾਹਾਂ ਤੇ ਸਖਤ ਤਕੜਾਈ ਕਰ ਦਿੱਤੀ। ਜਿੱਥੇ ਦਿਨ ਸਮੇਂ ਗੁਰੂ ਜੀ ਦਾ ਡੇਰਾ ਸੀ, ਉਥੇ ਪੈਰਾਂ ਦਾ ਖੋਜ ਵੇਖਿਆ॥੧੨॥

ਪਹੁੰਚੇ ਜਾਇ ਗੜ੍ਹੀ ਦਰਵਾਜ਼ੇ। ਜਿਸ ਕੇ ਅੰਤਰ ਗੁਰੂ ਬਿਰਾਜੇ।
ਪਿਖੇ ਕਿਵਾਰ ਅਸੰਜਤਿ ਜਬੈ। ਕਹਿ ਕਰਿ ਖਾਨ ਹਕਾਰਜੋ ਤਬੈ॥ ੧੩॥

ਖੋਜ ਰਾਹੀਂ ਗੜ੍ਹੀ ਦੇ ਦਰਵਾਜ਼ੇ 'ਤੇ ਜਾ ਪਹੁੰਚੇ, ਜਿਸ ਦੇ ਅੰਦਰ ਗੁਰੂ ਜੀ ਬਿਰਾਜ ਰਹੇ ਸਨ। ਜਦ ਦਰਵਾਜ਼ੇ ਮਜ਼ਬੂਤੀ ਨਾਲ ਬੰਦ ਵੇਖੇ ਤਾਂ ਕਹਿ ਕੇ ਉਸ ਸਮੇਂ ਪਠਾਣ ਨੂੰ ਬੁਲਾਇਆ॥੧੩॥

ਸੁਨਿ ਪਠਾਨ ਤਿਨ ਕੇ ਢਿਗ ਆਯੋ। ਹੇਰ ਸਲਾਮਾਲੇਕਮ ਗਾਯੋ।
'ਕਜੋਂ ਦਰ ਖਰੇ ਕਾਜ ਕੋ ਆਹਜੋ ? ਮੋਹਿ ਬੁਲਾਵਨਿ ਕਜੋਂ ਤੁਮ ਚਾਹਜੋ ?' ॥੧੪॥

ਪਠਾਣ ਸੁਣ ਕੇ ਉਨ੍ਹਾਂ ਦੇ ਪਾਸ ਆਇਆ ਤੇ ਵੇਖ ਕੇ ਸਲਾਮਾਲੇਕਮ ਕੀਤੀ, "ਕਿਉਂ ਦਰਵਾਜ਼ੇ ਤੇ ਖੜੇ ਹੋ, ਕਿਸ ਕੰਮ ਲਈ ਆਏ ਹੋ ? ਮੈਨੂੰ ਬੁਲਾਉਣਾ ਕਿਉਂ ਤੁਸੀਂ ਚਾਹਿਆ ਹੈ ?" ॥੧੪॥

ਸ਼ਾਹਿ ਨਰਨ ਬਚ ਉੱਗ੍ਰ ਬਖਾਨਾ। 'ਖੋਜਤਿ ਦੇਸ਼ ਬਿਦੇਸ਼ਨ ਥਾਨਾ।
ਹਜ਼ਰਤ ਘਨੀ ਤਲਾਸ਼ੀ ਧਰੈ। ਜ਼ਿਕਰ ਸਭਾ ਮਹਿਂ ਨਿਤ ਪ੍ਰਤਿ ਕਰੈ॥ ੧੫॥

ਬਾਦਸ਼ਾਹ ਦੇ ਆਦਮੀਆਂ ਨੇ ਕਰੜਾ ਬਚਨ ਬੋਲਿਆ, "ਦੇਸ਼ਾਂ ਵਿਦੇਸ਼ਾਂ ਦੀਆਂ ਥਾਵਾਂ ਤੇ ਲੱਭਦੇ ਫਿਰ ਰਹੇ ਹਾਂ, ਬਾਦਸ਼ਾਹ ਬਹੁਤ ਤਲਾਸ਼ ਕਰਵਾ ਰਿਹਾ ਹੈ ਅਤੇ ਸਦਾ ਸਭਾ ਵਿਚ ਇਸ ਬਾਰੇ ਜ਼ਿਕਰ ਕਰਦਾ ਹੈ॥੧੫॥

ਸੋ ਗੁਰ ਤੁਮ ਨੇ ਸਦਨ ਦੁਰਾਯੋ। ਦੇਖਤਿ ਖੋਜ ਹਮਹਿਂ ਅਬਿ ਪਾਯੋ।
ਬਹੁ ਨਰ ਭਨਹਿਂ ਨਗਰ ਗੁਰ ਆਏ। ਫਿਰਹਿਂ ਸਕਲ ਥਲ, ਨਾਂਹਿਨ ਪਾਏ' ॥੧੬॥

ਉਸ ਗੁਰੂ ਜੀ ਨੂੰ ਤੂੰ ਆਪਣੇ ਘਰ ਵਿਚ ਲੁਕਾਇਆ ਹੈ, ਅਸੀਂ ਖੋਜ ਵੇਖ ਕੇ ਹੁਣ ਲੱਭਿਆ ਹੈ। ਬਹੁਤ ਮਨੁੱਖਾਂ ਨੇ ਕਿਹਾ ਹੈ ਕਿ ਗੁਰੂ ਜੀ ਇਸ ਨਗਰ ਵਿਚ ਆਏ ਹਨ। ਸਾਰੇ ਥਾਵਾਂ 'ਤੇ ਅਸੀਂ ਫਿਰੇ ਹਾਂ, ਪਰ ਕਿਸੇ ਥਾਂ ਵੀ ਨਹੀਂ ਪਾਏ ਹਨ" ॥੧੬॥

ਸੁਨਤਿ ਖਾਨ ਰਿਸ ਧਾਰਿ ਬਖਾਨਜੋ। 'ਹਿੰਦੂ, ਘਰ ਹਮਰੇ ਕਿਮ ਜਾਨਜੋ ?।
ਖੋਜ ਤੁਰੰਗਮ ਜੋ ਤੁਮ ਹੇਰਾ। ਮੈਂ ਚਢਿ ਕੈ ਸੰਧਜਾ ਕਹੁ ਫੇਰਾ॥ ੧੭॥

ਇਹ ਸੁਣ ਕੇ ਖਾਨ ਨੇ ਗੁੱਸਾ ਧਾਰ ਕੇ ਕਿਹਾ, "ਇਕ ਹਿੰਦੂ ਨੂੰ ਤੁਸੀਂ ਸਾਡੇ ਘਰ ਵਿਚ ਕਿਸ ਤਰ੍ਹਾਂ ਜਾਣਿਆ ਹੈ ? ਘੋੜਿਆਂ ਦਾ ਜੋ ਤੁਸੀਂ ਖੋਜ ਵੇਖਿਆ ਹੈ, ਮੈਂ ਸ਼ਾਮ ਨੂੰ ਉਸ ਉੱਤੇ ਚੜ੍ਹ ਕੇ ਫਿਰਿਆ ਸੀ॥੧੭॥

ਮਮ ਪਤਿ ਕੋ ਹੋਰੀ ਤੁਮ ਕੀਨਿ। ਕਹਾਂ ਖੋਜ ਐਸੋ ਦ੍ਰਿਗ ਚੀਨਿ।
ਬਹੁਰ ਨ ਕਹਹੁ ਸੁਨਹਿੰਗੋ ਔਰ। ਹਸਹਿਂ ਖਾਨ ਸੁਨਿ ਕੈ ਸਭਿ ਠੌਰ॥ ੧੮॥

ਮੇਰੀ ਇੱਜ਼ਤ ਨੂੰ ਤੁਸੀਂ ਹੌਲੀ ਕਰ ਦਿੱਤਾ ਹੈ, ਕਿੱਥੇ ਖੋਜ ਐਸੀਆਂ ਅੱਖਾਂ ਨੇ ਵੇਖ ਲਿਆ ਹੈ। ਫਿਰ ਨਾ ਕਹਿਣਾ ਹੋਰ ਵੀ ਸੁਣ ਲਵੋਂਗੇ ਤੇ ਸਭ ਥਾਂ ਪਠਾਣ ਸੁਣ ਕੇ ਹੱਸਣਗੇ॥੧੮॥

ਕਹਾਂ ਸਤਰ ਕੋ ਰਾਖਨਿ ਕਰਿਬੋ। ਕਹਾਂ ਹਿੰਦੂ ਘਰ ਅੰਤਰ ਬਰਿਬੋ।
ਅਬਿ ਤੁਮ ਕਹੀ ਸਹੀ ਮੈਂ ਸਾਰੀ। ਬਹੁਰ ਕਹਹੁ ਕਰਿ ਹੌਂ ਤਬਿ ਰਾਰੀ॥ ੧੯॥

ਜਿੱਥੇ ਅਸੀਂ ਵੱਡੇ ਪੜਦੇ ਵਿਚ ਰਹਿੰਦੇ ਹਾਂ, ਉਥੇ ਹਿੰਦੂ ਕਿਵੇਂ ਅੰਦਰ ਦਾਖਲ ਹੋ ਸਕਦਾ ਹੈ। ਹੁਣ ਤੁਸੀਂ ਕਿਹਾ ਹੈ, ਮੈਂ ਸਾਰੀ ਗੱਲ ਬਰਦਾਸ਼ਤ ਕਰ ਲਈ ਹੈ, ਜੇ ਦੁਬਾਰਾ ਕਹੋਗੇ ਤਦ ਲੜਾਈ ਹੋ ਜਾਵੇਗੀ॥੧੯॥

ਮਾਰਨ ਮਰਨ ਹੋਹਿ ਪੁਨ ਜਾਵੈ। ਅਸ ਬੇਸਤਰੀ ਤਬਹਿ ਜਨਾਵੈਂ।
ਕਰਹੁ ਢੀਠਤਾ ਲਾਜ ਨ ਆਵਤਿ। ਇਹ ਬਿਧਿ ਹਮ ਘਰ ਕਯੋਂ ਬਨ ਆਵਤਿ ?॥੨੦॥

ਮਰਨ ਮਾਰਨ ਨੂੰ ਫਿਰ ਤਿਆਰ ਹੋ ਜਾਵਾਂਗੇ, ਐਸੀ ਬੇਪੜਦਗੀ ਕੀਤੀ ਦਾ ਫਲ ਤਦ ਦੱਸਾਂਗੇ। ਢੀਠਤਾ ਕਰਦਿਆਂ ਤੁਹਾਨੂੰ ਲਾਜ ਨਹੀਂ ਆਉਂਦੀ, ਐਸੀ ਵਿਧੀ ਅਨੁਸਾਰ ਅਸੀਂ ਫਿਰ ਘਰ ਕਿਉਂ ਬਣਾਉਂਦੇ ?॥੨੦॥

ਹਸਹਿਂ ਬਿਰਾਦਰ, ਲਖਹਿਂ ਨਿਲਾਜੂ। ਕਯੋਂ ਕਰਿ ਸਕਹਿਂ ਏਵ ਹਮ ਕਾਜੂ'।
ਇੱਤਜਾਦਿਕ ਕਰਿ ਕੋਪ ਸੁਨਾਯੋ। ਸ਼ਾਹੁ ਨਰਨਿ ਕੋ ਬਹੁ ਡਰਪਾਯੋ॥ ੨੧॥

ਮੇਰੇ ਭਰਾ ਹੱਸਣਗੇ ਤੇ ਮੈਨੂੰ ਲਾਜ ਰਹਿਤ ਸਮਝਣਗੇ, ਅਜਿਹਾ ਕਾਰਜ ਅਸੀਂ ਕਿਵੇਂ ਕਰ ਸਕਦੇ ਹਾਂ।" ਇਸ ਤਰ੍ਹਾਂ ਬਹੁਤ ਗੁੱਸੇ ਵਿਚ ਸੁਣਾਇਆ ਤੇ ਬਾਦਸ਼ਾਹ ਦੇ ਆਦਮੀਆਂ ਨੂੰ ਬਹੁਤ ਡਰਾਇਆ॥੨੧॥

ਭਏ ਨਿਰਾਸ ਨ ਬੋਲੇ ਫੇਰ। ਸਾਚੋ ਲਖਯੋ ਕੁਪਤ ਕੋ ਹੇਰਿ।
ਤਜਯੋ ਸਮਾਣਾ ਨਗਰ ਬਹੋਰੀ। ਗਏ ਅੱਗ੍ਰ ਹੇਰਨਿ ਥਲ ਔਰੀ॥ ੨੨॥

ਉਹ ਨਿਰਾਸ਼ ਹੋ ਗਏ ਤੇ ਫਿਰ ਨਾ ਬੋਲੇ, ਕੁਪੱਤ ਵੇਖ ਕੇ ਸੱਚ ਹੀ ਸਮਝਿਆ। ਫਿਰ ਸਮਾਣੇ ਨਗਰ ਨੂੰ ਛੱਡ ਦਿੱਤਾ, ਹੋਰ ਥਾਵਾਂ 'ਤੇ ਵੇਖਣ ਚਲੇ ਗਏ॥੨੨॥

ਜਾਇ ਖਾਨ ਗੁਰ ਕੇ ਢਿਗ ਬੈਸਾ। 'ਭਯੋ ਬ੍ਰਿਤਾਂਤ ਕਹਯੋ ਮੈਂ ਜੈਸਾ।
ਸ਼ਾਹੁ ਸਊਰ ਠਾਢਿ ਭੇ ਦ੍ਵਾਰੇ। ਰਿਸ ਬਚ ਕਹਿ ਕਰਿ ਇਤ ਤੇ ਟਾਰੇ॥ ੨੩॥

ਫਿਰ ਖਾਨ ਜਾ ਕੇ ਗੁਰੂ ਜੀ ਦੇ ਪਾਸ ਬੈਠ ਗਿਆ ਤੇ ਕਿਹਾ, "ਉਸ ਤਰ੍ਹਾਂ ਹੀ ਬ੍ਰਿਤਾਂਤ ਹੋਇਆ ਹੈ ਜਿਸ ਤਰ੍ਹਾਂ ਮੈਂ ਕਿਹਾ ਹੈ। ਬਾਦਸ਼ਾਹ ਦੇ ਘੋੜ-ਸਵਾਰ ਦਰਵਾਜ਼ੇ ਤੇ ਆ ਖੜੇ ਹੋਏ ਸਨ। ਮੈਂ ਗੁੱਸੇ ਭਰੇ ਬਚਨ ਬੋਲ ਕੇ ਇਸ ਸਥਾਨ ਤੋਂ ਟਾਲ ਦਿੱਤੇ ਹਨ॥੨੩॥

ਉਚਿਤ ਕਰਨਿ ਕੋ ਮੈਂ ਕਰਿ ਲੀਨਾ। ਅਬਿ ਤੁਮ ਕਰਹੁ ਜਥਾ ਚਿਤ ਚੀਨਾ'।
ਸ਼ਰਧਾ ਹੇਰਿ ਖਾਨ ਕੀ ਮਹਾਂ। ਮੁਸਕਾਵਤਿ ਸਤਿਗੁਰ ਬਚ ਕਹਾ॥ ੨੪॥

ਉਚਿਤ ਕਰਨ ਵਾਸਤੇ ਮੈਂ ਕਰ ਲਿਆ ਹੈ, ਹੁਣ ਤੁਸੀਂ ਉਸ ਤਰ੍ਹਾਂ ਕਰੋ ਜਿਵੇਂ ਤੁਹਾਡਾ ਚਿੱਤ ਯੋਗ ਸਮਝਦਾ ਹੈ।" ਖਾਨ ਦੀ ਮਹਾਨ ਸ਼ਰਧਾ ਵੇਖ ਕੇ ਗੁਰੂ ਜੀ ਨੇ ਮੁਸਕਰਾ ਕੇ ਬਚਨ ਕੀਤਾ॥੨੪॥

'ਸਾਧੁ ਸਾਧੁ ਤੁਝ ਕੋ ਬਹੁ ਬਾਰੀ। ਸੁਖ ਸੋਂ ਬੈਸ ਬਿਤਾਵੈਂ ਸਾਰੀ।
ਅੰਤ ਸਮੈਂ ਜਮ ਤ੍ਰਾਸ ਨ ਹੋਵੈ। ਇਸ ਕੋ ਅਸ ਫਲ ਦੀਰਘ ਜੋਵੈਂ'॥ ੨੫॥

"ਤੁਹਾਨੂੰ ਬਹੁਤ ਵਾਰੀ ਸ਼ਾਬਾਸ਼! ਸ਼ਾਬਾਸ਼! ਸੁਖ ਨਾਲ ਸਾਰੀ ਉਮਰ ਬਤੀਤ ਕਰੋਗੇ, ਅੰਤ ਸਮੇਂ ਜਮ ਦਾ ਡਰ ਨਹੀਂ ਹੋਵੇਗਾ, ਇਸ ਦਾ ਐਸਾ ਵੱਡਾ ਫਲ ਪਾਵੋਗੇ"॥੨੫॥

ਇਮ ਕਹਿ ਇਕ ਦਿਨ ਕੀਨਿ ਮੁਕਾਮੂ। ਖਾਨ ਹਰਖ ਜੁਤਿ ਰਾਖੇ ਧਾਮੂ।
ਨਿਸਾ ਬਿਤਾਇ ਦੂਸਰੀ ਤਹਾਂ। ਕਰਯੋ ਕੂਚ ਦੇ ਬਰ ਸੁਖ ਮਹਾਂ॥ ੨੬॥

ਇਹ ਕਹਿਕੇ ਇਕ ਦਿਨ ਉਥੇ ਹੀ ਡੇਰਾ ਕੀਤਾ, ਖਾਨ ਨੇ ਬਹੁਤ ਪ੍ਰਸੰਨ ਹੋ ਕੇ ਆਪਣੇ ਘਰ ਵਿਚ ਰੱਖਿਆ। ਦੂਸਰੀ ਰਾਤ ਵੀ ਉਥੇ ਬਤੀਤ ਕੀਤੀ ਤੇ ਖਾਨ ਨੂੰ ਮਹਾਨ ਸੁਖ ਵਾਲੇ ਵਰ ਦੇ ਕੇ ਕੂਚ ਕੀਤਾ॥੨੬॥

ਪੰਚ ਸਊਰ ਸੰਗ ਮਗ ਚਲੇ। ਪੂਰਬ ਦਿਸ਼ਾ ਬਦਨ ਕਰਿ ਭਲੇ।
ਸਨੇ ਸਨੇ ਚਲਿ ਹੈਂ ਮਗ ਚਾਲੀ। ਪਹੁੰਚੇ ਆਇ ਗ੍ਰਾਮ ਕਰਹਾਲੀ॥ ੨੭॥

ਪੰਜ ਸਵਾਰ ਮਾਰਗ ਵਿਚ ਨਾਲ ਚਲੇ ਤੇ ਪੂਰਬ ਵਾਲੇ ਪਾਸੇ ਭਲੀ ਪ੍ਰਕਾਰ ਮੁਖ ਕਰਕੇ ਹੌਲੀ-ਹੌਲੀ ਰਾਹੇ-ਰਾਹ ਜਾ ਰਹੇ ਸਨ। ਫਿਰ ਕਰਹਾਲੀ ਪਿੰਡ ਵਿਚ ਪਹੁੰਚ ਗਏ॥੨੭॥

ਉਤਰੇ ਪ੍ਰਭੁ ਲਗਾਯਹੁ ਡੇਰਾ। ਅੰਨ ਸੁ ਤ੍ਰਿਣਨਿ ਮੰਗਾਇ ਘਨੇਰਾ।
ਖਾਨ ਪਾਨ ਸਭਿ ਹੂੰ ਤਬਿ ਕੀਨਿ। ਕ੍ਰਿਪਾ ਨਿਧਾਨ ਸਹਿਤ ਸੁਖ ਲੀਨਿ॥੨੮॥

ਗੁਰੂ ਜੀ ਨੇ ਉਥੇ ਘੋੜੇ ਤੋਂ ਉੱਤਰ ਕੇ ਡੇਰਾ ਲਾਇਆ ਤੇ ਅਨਾਜ ਅਤੇ ਘਾਹ ਬਹੁਤ ਮੰਗਵਾਇਆ। ਤਦ ਸਾਰਿਆਂ ਨੇ ਅੰਨ ਪਾਣੀ ਛੱਕਿਆ ਤੇ ਕਿਰਪਾ-ਨਿਧਾਨ ਗੁਰੂ ਜੀ ਸਹਿਤ ਸੁਖ ਪ੍ਰਾਪਤ ਕੀਤਾ॥੨੮॥

ਇਕ ਮਸੰਦ ਕੋ ਘਰ ਕਰਹਾਲੀ। ਗੁਰ ਆਵਨ ਸੁਨਿਓਂ ਮਤਿ ਖਾਲੀ।
ਤੁਰਕਨਿ ਤ੍ਰਾਸ ਧਾਰਿ ਨਹਿਂ ਆਯੋ। ਛਪਿ ਕਰਿ ਥਿਰਯੋ ਸਦਨ ਪ੍ਰਵਿਸ਼ਾਯੋ॥੨੯॥

ਇਕ ਮਸੰਦ ਦਾ ਘਰ ਕਰਹਾਲੀ ਵਿਚ ਸੀ, ਖਾਲੀ ਮੱਤ ਵਾਲੇ ਭਾਵ ਮੂਰਖ ਨੇ ਜਦ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਤੁਰਕਾਂ ਦਾ ਡਰ ਮੰਨ ਕੇ ਉਹ ਗੁਰੂ ਜੀ ਨੂੰ ਮਿਲਣ ਨਾ ਆਇਆ, ਲੁੱਕ ਕੇ ਘਰ ਦੇ ਵਿਚ ਹੀ ਬੈਠਾ ਰਿਹਾ॥੨੯॥

ਸਤਿਗੁਰ ਕੋ ਸਿਖ ਆਇ ਨ ਹੇਰਹਿ। ਨਹਿਂ ਨ ਬਤਾਵਹੁ ਜੇ ਦਰ ਟੇਰਹਿ।
ਛਿਮਾ ਨਿਧਾਨ ਕਛੂ ਨਹਿਂ ਕਹਯੋ। ਗੁਰ ਧਨ ਅਧਿਕ ਲੇਤਿ ਭੀ ਲਹਯੋ॥੩੦॥

ਸਤਿਗੁਰੂ ਜੀ ਦੇ ਸਿੱਖ ਆ ਕੇ ਨਾ ਵੇਖ ਲੈਣ, ਘਰਦਿਆਂ ਨੂੰ ਇਹ ਕਹਿ ਛੱਡਿਆ ਕਿ ਜੇ ਦਰਵਾਜ਼ੇ ਉੱਤੇ ਆ ਕੇ ਕੋਈ ਆਵਾਜ਼ ਮਾਰੇ ਤਾਂ ਦੱਸਣਾ ਨਹੀਂ। ਗੁਰੂ ਜੀ ਨੇ ਉਸ ਨੂੰ ਕੁਝ ਨਾ ਕਿਹਾ, ਉਹ ਗੁਰੂ-ਧਨ ਬਹੁਤ ਇਕੱਠਾ ਕਰਦਾ ਸੀ, ਇਹ ਵੀ ਜਾਣਦੇ ਸਨ॥੩੦॥

ਏਕ ਜਾਮਨੀ ਤਹਾਂ ਬਿਤਾਈ। ਪਿਖੀ ਪ੍ਰਾਤ ਤਯਾਰੀ ਕਰਿਵਾਈ।
ਜੀਨ ਤੁਰੰਗਨ ਡਾਰਿ ਅਰੂਢੇ। ਗਮਨੇ ਮਾਰਗ ਜਿਨ ਮਤਿ ਗੂਢੇ॥ ੩੧॥

ਇਕ ਰਾਤ ਉਥੇ ਬਤੀਤ ਕੀਤੀ, ਸਵੇਰ ਹੋਣ 'ਤੇ ਫਿਰ ਤਿਆਰੀ ਕਰਵਾਈ। ਘੋੜਿਆਂ 'ਤੇ ਕਾਠੀਆਂ ਪਾ ਕੇ ਸਵਾਰ ਹੋ ਗਏ ਤੇ ਵੱਡੀ ਬੁੱਧੀ ਵਾਲੇ ਗੁਰੂ ਜੀ ਅੱਗੇ ਚਲ ਪਏ॥੩੧॥

ਸਪਤ ਕੋਸ ਪਰ ਚਿਹਕਾ ਗ੍ਰਾਮੂ। ਤਹਾਂ ਮਸੰਦ ਗਿਲੋਰਾ ਨਾਮੂ।
ਪ੍ਰਥਮ ਗੁਰੂ ਜਬਿ ਜੰਗਲ ਦੇਸ਼। ਬਿਚਰਤਿ ਸਿੱਖ ਉਧਾਰ ਵਿਸ਼ੇਸ਼॥ ੩੨॥

ਸੱਤਾਂ ਕੋਹਾਂ 'ਤੇ ਚਿਹਕਾ ਨਾਮਕ ਪਿੰਡ ਸੀ, ਉਥੇ ਗਿਲੋਰਾ ਨਾਂ ਦਾ ਮਸੰਦ ਰਹਿੰਦਾ ਸੀ। ਪਹਿਲਾਂ ਗੁਰੂ ਜੀ ਜਦ ਮਾਲਵੇ ਦੇਸ਼ ਵਿਚ ਗਏ ਸਨ ਤੇ ਸਿੱਖਾਂ ਦਾ ਵਿਸ਼ੇਸ਼ ਤੌਰ ਤੇ ਉਧਾਰ ਕਰਦੇ ਫਿਰਦੇ ਸਨ॥੩੨॥

ਮਾਤ ਪਿਤਾ ਮਰਿ ਗੇ ਤਬਿ ਤਾਂਕੇ। ਭੋਜਨ ਦਾਤਾ ਰਹਯੋ ਨ ਜਾਂਕੇ।
ਤਜਯੋ ਗ੍ਰਾਮ ਚਿਹਕਾ ਤਹਿਂ ਗਯੋ। ਗੁਰ ਡੇਰੇ ਮਹਿਂ ਥਿਰ ਤਬਿ ਭਯੋ॥ ੩੩॥

ਗਿਲੌਰੇ ਦੇ ਮਾਤਾ ਪਿਤਾ ਜੀ ਮਰ ਗਏ, ਭੋਜਨ ਦਾਤਾ ਉਸ ਦਾ ਕੋਈ ਨਾ ਰਿਹਾ। ਆਪਣਾ ਪਿੰਡ ਛੱਡ ਕੇ ਉਹ ਚਿਰ ਚਿਹਕਾ ਪਿੰਡ ਵਿਚ ਚਲੇ ਗਿਆ ਤੇ ਉਥੇ ਜਾ ਕੇ ਗੁਰੂ ਜੀ ਦੇ ਡੇਰੇ ਵਿਚ ਬੈਠ ਗਿਆ॥੩੩॥

ਸੇਵ ਤੁਰੰਗਨ ਕੀ ਪਰ ਰਹਜੋ। ਮਨ ਭਾਵਿਤ ਭੋਜਨ ਕੋ ਲਹਜੋ।
ਕਿਤਿਕ ਬਰਖ ਬੀਤੇ ਗੁਰ ਸਾਥ। ਭਯੋ ਤਰੁਨ ਬਯ ਜਾਨਜੋ ਨਾਥ॥ ੩੪॥

ਘੋੜਿਆਂ ਦੀ ਸੇਵਾ 'ਤੇ ਲੱਗ ਗਿਆ ਤੇ ਮਨ-ਭਾਉਂਦਾ ਭੋਜਨ ਛੱਕਦਾ ਸੀ। ਕਈ ਸਾਲ ਉਸ ਗੁਰੂ ਜੀ ਦੇ ਨਾਲ ਬਤੀਤ ਕੀਤੇ। ਗੁਰੂ ਜੀ ਨੇ ਜਾਣਿਆ, "ਹੁਣ ਜਵਾਨ ਹੋ ਗਿਆ ਹੈ"॥੩੪॥

ਤਬਿ ਇਸ ਕੇ ਸਨਬੰਧੀ ਕੋਇ। ਡੇਰੇ ਨਿਕਟਿ ਜਾਤਿ ਲਖਿ ਸੋਇ।
ਮਿਲਜੋ ਦੌਰਿ ਕੈ ਕਰਜੋ ਸਨੇਹੁ। ਅਪਨਿ ਬ੍ਰਿਤੰਤ ਜਨਾਇ ਅਛੇਹੁ॥ ੩੫॥

ਤਦ ਗਿਲੌਰੇ ਨੇ ਆਪਣੇ ਕਿਸੇ ਸੰਬੰਧੀ ਨੂੰ ਡੇਰੇ ਦੇ ਪਾਸ ਦੀ ਜਾਂਦੇ ਨੂੰ ਵੇਖ ਲਿਆ। ਉਸ ਨੂੰ ਭੱਜ ਕੇ ਮਿਲਿਆ ਤੇ ਪਿਆਰ ਕੀਤਾ ਤੇ ਆਪਣਾ ਸਾਰਾ ਬ੍ਰਿਤਾਂਤ ਸੁਣਾਇਆ॥੩੫॥

ਤਿਨ ਭੀ ਸੁਨਿ ਕੈ ਪ੍ਰੇਮ ਬਧਾਯੋ। ਸੋ ਚਲਿ ਗਯੋ, ਗੁਰੂ ਢਿਗ ਆਯੋ।
ਬੂਝਜੋ 'ਕੌਨ ਮਿਲਜੋ ਤੁਝ ਸਾਥ?। ਜਿਹ ਸੋਂ ਕਰੀ ਬਹੁਤ ਹੀ ਗਾਥ'॥ ੩੬॥

ਉਸ ਮਨੁੱਖ ਨੇ ਵੀ ਸੁਣ ਕੇ ਪ੍ਰੇਮ ਵਧਾਇਆ, ਜਦ ਉਹ ਮਨੁੱਖ ਚਲਾ ਗਿਆ ਤਾਂ ਗਿਲੌਰਾ ਗੁਰੂ ਜੀ ਪਾਸ ਆਇਆ। ਗੁਰੂ ਜੀ ਨੇ ਪੁਛਿਆ, "ਤੈਨੂੰ ਕੌਣ ਮਿਲਿਆ ਹੈ ਜਿਸ ਨਾਲ ਤੂੰ ਬਹੁਤ ਗੱਲਾਂ ਕੀਤੀਆਂ ਹਨ?"॥੩੬॥

ਕਹਿਨਿ ਲਗਜੋ 'ਸਨਬੰਧੀ ਮੇਰੋ। ਚਿਹਕੇ ਬਸਹਿ ਅਚਾਨਕ ਹੇਰੋ'।
ਸੁਨਿ ਗੁਰ ਭਨਜੋਂ 'ਕਜੋਂ ਨ ਇਤ ਲਜਾਯੋ। ਜਾਤਿ ਪੰਥ,ਕਜੋਂ ਢਿਗ ਨ ਬਸਾਯੋ?'॥੩੭॥

ਗਿਲੌਰਾ ਕਹਿਣ ਲੱਗਾ, "ਮੇਰਾ ਸੰਬੰਧੀ ਹੈ, ਚਿਹਕੇ ਪਿੰਡ ਵਿਚ ਰਹਿੰਦਾ ਹੈ, ਅਚਾਨਕ ਹੀ ਮੈਂ ਵੇਖ ਲਿਆ ਹੈ।" ਸੁਣ ਕੇ ਗੁਰੂ ਜੀ ਨੇ ਕਿਹਾ, "ਉਸ ਨੂੰ ਏਧਰ ਕਿਉਂ ਨਹੀਂ ਲਿਆਇਆ ਹੈਂ? ਰਾਹੇ-ਰਾਹ ਜਾਂਦੇ ਨੂੰ ਆਪਣੇ ਪਾਸ ਕਿਉਂ ਨਹੀਂ ਰਖਿਆ ਹੈ?"॥੩੭॥

'ਹੁਕਮ ਆਪ ਕੋ ਪ੍ਰਥਮ ਨ ਭਯੋ'। ਇਮ ਕਹਿ, ਧਾਇ ਨਿਕਟਿ ਤਿਸ ਗਯੋ।
ਆਨਜੋ ਮੋਰਿ ਕਰਾਯੋ ਡੇਰਾ। ਕਰਿ ਅਹਾਰ ਸੇਵਾ ਤਿਸ ਬੇਰਾ॥ ੩੮॥

"ਆਪ ਜੀ ਦਾ ਪਹਿਲਾਂ ਹੁਕਮ ਨਹੀਂ ਹੋਇਆ ਹੈ" ਗਿਲੌਰੇ ਨੇ ਉੱਤਰ ਦਿੱਤਾ। ਇਸ ਤਰ੍ਹਾਂ ਕਹਿ ਕੇ ਉਹ ਦੌੜ ਕੇ ਉਸ ਮਨੁੱਖ ਪਾਸ ਗਿਆ ਤੇ ਉਸ ਨੂੰ ਮੋੜ ਕੇ ਡੇਰੇ ਵਿਚ ਲੈ ਆਇਆ ਤੇ ਉਸ ਸਮੇਂ ਉਸ ਨੂੰ ਭੋਜਨ ਛਕਾਉਣ ਦੀ ਸੇਵਾ ਕੀਤੀ॥੩੮॥

ਗੁਰ ਕੇ ਪਾਸ ਬਹੁਰ ਲੇ ਆਯੋ। ਹਾਥ ਜੋਰਿ ਥਿਰ ਸੀਸ ਨਿਵਾਯੋ।
ਕਹਜੋ ਪ੍ਰਭੁ 'ਤੁਮ ਭ੍ਰਾਤ ਗਿਲੌਰਾ। ਬਜਾਹਹੁ, ਲਿਹੁ ਧਨ ਕੋ, ਨਿਜ ਠੌਰਾ'॥੩੯॥

ਫਿਰ ਉਸ ਨੂੰ ਗੁਰੂ ਜੀ ਦੇ ਪਾਸ ਲੈ ਆਇਆ, ਹੱਥ ਜੋੜ ਕੇ ਖੜਾ ਹੋ ਕੇ ਉਸ ਸਿਰ ਨਿਵਾਇਆ। ਗੁਰੂ ਜੀ ਨੇ ਫਿਰ ਕਿਹਾ, "ਤੁਹਾਡਾ ਗਿਲੌਰਾ ਭਰਾ ਹੈ, ਸਾਡੇ ਪਾਸੋਂ ਧਨ ਲਵੋ ਤੇ ਇਸ ਨੂੰ ਵਿਆਹ ਲਵੋ ਤੇ ਆਪਣੇ ਪਾਸ ਰੱਖੋ"॥੩੯॥

ਇਮ ਕਹਿ ਦਰਬ ਦੀਨਿ ਚਲਿ ਗਯੋ। ਚਿਹਕੇ ਆਨਿ ਬਜਾਹ ਕਰਿ ਲਯੋ।
ਕਿਤਿਕ ਮਾਸ ਮਹਿਂ ਪ੍ਰਭੁ ਢਿਗ ਜਾਇ। ਕਰਿ ਸੇਵਾ ਕੋ ਲਏ ਰਿਝਾਇ॥੪੦॥

ਇਸ ਤਰ੍ਹਾਂ ਕਹਿ ਕੇ ਉਸ ਮਨੁੱਖ ਨੂੰ ਧਨ ਦਿੱਤਾ ਤੇ ਉਹ ਗਿਲੌਰੇ ਨੂੰ ਲੈ ਕੇ ਚਲੇ ਗਿਆ। ਚਿਹਕੇ ਆ ਕੇ ਉਸ ਗਿਲੌਰੇ

ਦਾ ਵਿਆਹ ਕਰ ਦਿੱਤਾ। ਕਈਆਂ ਮਹੀਨਿਆਂ ਬਾਅਦ ਗਿਲੌਰਾ ਗੁਰੂ ਜੀ ਪਾਸ ਜਾਂਦਾ ਸੀ ਤੇ ਉਨ੍ਹਾਂ ਦੀ ਸੇਵਾ ਕਰਕੇ ਪ੍ਰਸੰਨ ਕਰ ਲੈਂਦਾ ਸੀ॥੪੦॥

**ਪੁਨ ਗੁਰ ਦੀਨਿ ਮਸੰਦੀ ਤਾਂਹਿ। ਧਨ ਉਗਰਾਹਤਿ ਸੰਗਤਿ ਮਾਂਹਿ।**
**ਹਾਂਸੀ ਅਰੁ ਹਿਸਾਰ ਲਗਿ ਦੇਸ਼। ਲੇਹਿ ਦੂਰ ਲਗਿ ਦਰਬ ਵਿਸ਼ੇਸ਼॥ ੪੧॥**

ਫਿਰ ਗੁਰੂ ਜੀ ਨੇ ਉਸ ਨੂੰ ਮਸੰਦੀ ਦੇ ਦਿੱਤੀ ਤੇ ਉਹ ਸੰਗਤ ਪਾਸੋਂ ਧਨ ਉਗਰਾਉਂਦਾ ਸੀ। ਹਾਂਸੀ ਅਤੇ ਹਿਸਾਰ ਤਕ ਉਸ ਦਾ ਇਲਾਕਾ ਸੀ, ਉਹ ਦੂਰ ਤਕ ਵਿਸ਼ੇਸ਼ ਧਨ ਇਕੱਠਾ ਕਰਦਾ ਸੀ॥੪੧॥

**ਕੁਛਕ ਦੇਤਿ ਸਤਿਗੁਰ ਕੋ ਆਨਿ। ਆਪ ਭਯੋ ਦੀਰਘ ਧਨਵਾਨ।**
**ਬ੍ਰਿੰਦ ਅਸ਼ਰਫੀ ਤਿਸ ਕੇ ਧਾਮੂ। ਸੰਚਨ ਕਰੀ ਲਏ ਗੁਰ ਨਾਮੂ॥ ੪੨॥**

ਕੁਝ ਕੁ ਧਨ ਸਤਿਗੁਰੂ ਜੀ ਨੂੰ ਲਿਆ ਕੇ ਦਿੰਦਾ ਸੀ। ਆਪ ਬਹੁਤ ਵੱਡਾ ਧਨਵਾਨ ਹੋ ਗਿਆ। ਬਹੁਤ ਅਸ਼ਰਫੀਆਂ ਉਸ ਨੇ ਗੁਰੂ ਜੀ ਦਾ ਨਾਮ ਲੈ ਕੇ ਘਰ ਵਿਚ ਇਕੱਠੀਆਂ ਕਰ ਲਈਆਂ॥੪੨॥

**ਇਕ ਦਿਜਨੀ ਤਿਸਕੀ ਤ੍ਰਿਯ ਸੰਗ। ਇਮ ਚਰਿੱਤ੍ਰ ਕੋ ਕਰਜੋ ਪ੍ਰਸੰਗ।**
**ਮਤਿ ਭੋਰੀ ਬਾਤਨਿ ਬਿਰਮਾਈ। ਨਿਜ ਧਨ ਕੀ ਸਭਿ ਗਾਥ ਬਤਾਈ॥ ੪੩॥**

ਇਕ ਬ੍ਰਾਹਮਣੀ ਨੇ ਉਸ ਦੀ ਇਸਤਰੀ ਦੇ ਨਾਲ ਇਸ ਤਰ੍ਹਾਂ ਚਲਿੱਤਰ ਖੇਡਿਆ। ਭੋਲੀ ਮੱਤ ਵਾਲੀ ਉਸ ਦੀ ਪਤਨੀ ਨੂੰ ਗੱਲਾਂ ਨਾਲ ਭਰਮਾ ਲਿਆ ਤੇ ਗਿਲੌਰੇ ਦੀ ਇਸਤਰੀ ਨੇ ਉਸ ਨੂੰ ਆਪਣੇ ਧਨ ਦੀ ਸਾਰੀ ਗੱਲ ਦੱਸ ਦਿੱਤੀ॥੪੩॥

**ਸੁਨਿ ਦਿਜਨੀ ਛਲ ਰਚਿ ਇਮ ਭਾਖਾ। 'ਦਰਬ ਧਰਾ ਮਹਿਂ ਜਬਿ ਕੋ ਰਾਖਾ।**
**ਤਬਿ ਕੋ ਪਿਖਜੋ ਕਿ ਨਹੀਂ ਨਿਕਾਰਾ ?। ਜਰ ਆਦਿਕ ਲਾਗੈ ਹੁਇ ਕਾਰਾ॥੪੪॥**

ਇਹ ਸੁਣ ਕੇ ਬ੍ਰਾਹਮਣੀ ਨੇ ਛੱਲ ਕਰ ਕੇ ਇਸ ਤਰ੍ਹਾਂ ਕਿਹਾ, "ਜਦ ਦਾ ਤੂੰ ਧਨ ਧਰਤੀ ਵਿਚ ਨੱਪ ਕੇ ਰਖਿਆ ਹੈ, ਤਦ ਦਾ ਉਸ ਨੂੰ ਵੇਖਿਆ ਤੇ ਕੱਢਿਆ ਨਹੀਂ ? ਜੰਗਾਲ ਆਦਿ ਲੱਗ ਕੇ ਉਹ ਕਾਲਾ ਹੋ ਗਿਆ ਹੋਵੇਗਾ॥੪੪॥

**ਧਨ ਮਹਿਂ ਜੋ ਦੀਨਾਰ ਮਹਾਵਤਿ। ਸੋ ਉੱਲੀ ਲਗਿ ਬਰਨ ਗੁਵਾਵਤਿ।**
**ਕੰਚਨ ਭਾਰ ਹੋਤਿ ਬਹੁ ਹੋਰਾ। ਰਹੈ ਜਿ ਬਿਨ ਦੇਖੇ ਇਕ ਠੌਰਾ॥ ੪੫॥**

ਧਨ ਵਿਚ ਜਿਹੜੇ ਦੀਨਾਰ ਕਹਾਉਂਦੇ ਹਨ, ਉਹ ਉੱਲੀ ਲੱਗ ਕੇ ਆਪਣਾ ਰੰਗ ਗਵਾ ਲੈਂਦੇ ਹਨ ਤੇ ਸੋਨੇ ਦਾ ਭਾਰ ਬਹੁਤ ਹੌਲਾ ਹੋ ਜਾਂਦਾ ਹੈ, ਜੇ ਵੇਖਣ ਤੋਂ ਬਗੈਰ ਇਕੋ ਥਾਂ ਟਿਕੇ ਰਹਿਣ॥੪੫॥

**ਇਕ ਦੁਇ ਮਾਸ ਬੀਤ ਜਬਿ ਜਾਇਂ। ਤਬਿ ਆਤਪ ਕੋ ਦੇਹੁ ਲਗਾਇ।**
**ਜੁਗਮ ਜਾਮ ਜਬਿ ਸੂਸਕਹਿਂ ਪਰੀ। ਪੁਨ ਸੰਭਾਰਿ ਦੇਹੁ ਤਹਿਂ ਧਰੀ'॥ ੪੬॥**

ਇਕ ਦੋ ਮਹੀਨੇ ਜਦ ਬੀਤ ਜਾਣ, ਤਦ ਉਨ੍ਹਾਂ ਨੂੰ ਸੇਕ ਲਵਾ ਲਵੋ। ਦੋ ਘੜੀਆਂ ਜਦ ਪਏ ਸੁੱਕ ਜਾਣ ਫਿਰ ਸੰਭਾਲ ਕੇ ਉਥੇ ਹੀ ਧਰ ਦੇਵੋ"॥੪੬॥

**ਸੁਨਤਿ, ਹੌਲ ਕਰਿ, ਲੇ ਤਿਹ ਸੰਗ। ਚਢਿ ਕੋਸ਼ਠ ਗਹਿ ਮੰਚ ਉਤੰਗ।**
**ਬਸਤ੍ਰ ਬਿਛਾਇ ਤਰੇ ਘਰ ਗਈ। ਗਨ ਦੀਨਾਰ ਨਿਕਾਰਤਿ ਭਈ॥ ੪੭॥**

ਇਹ ਸੁਣ ਕੇ ਡਰ ਕੇ ਉਹ ਬ੍ਰਾਹਮਣੀ ਨੂੰ ਨਾਲ ਲੈ ਕੇ ਉੱਚੇ ਕੋਠੇ 'ਤੇ ਮੰਜਾ ਲੈ ਕੇ ਚੜ੍ਹ ਗਈਆਂ। ਮੰਜੇ ਤੇ ਕੱਪੜਾ ਵਿਛਾ ਕੇ ਥੱਲੇ ਆਪਣੇ ਘਰ ਵਿਚ ਗਈ ਤੇ ਬਹੁਤ ਦੀਨਾਰਾਂ ਨੂੰ ਉਸ ਬਾਹਰ ਕੱਢਿਆ॥੪੭॥

ਕਾਸ਼ਟ ਕੇ ਬਾਸਨ ਮਹਿੰ ਪਾਈ। ਊਪਰ ਗਈ ਮੰਚ ਜਿਸ ਬਾਂਈ।
ਡਾਰਿ ਸੂਕਨੀ ਕਹਜੋ ਬੁਝਾਈ। 'ਹੇ ਦਿਜਨੀ! ਤੂੰ ਦੇਹੁ ਖਿੰਡਾਈ' ॥ ੪੮ ॥

ਲੱਕੜ ਦੇ ਭਾਂਡੇ ਵਿਚ ਪਾਏ ਤੇ ਉੱਪਰ ਲੈ ਗਈ ਜਿੱਥੇ ਮੰਜਾ ਡਾਹਿਆ ਸੀ। ਮੰਜੇ ਉੱਤੇ ਦੀਨਾਰਾਂ ਨੂੰ ਸੁਕਣੇ ਪਾ ਕੇ ਬ੍ਰਾਹਮਣੀ ਨੂੰ ਸਮਝਾ ਕੇ ਕਿਹਾ, "ਹੇ ਪੰਡਿਤਾਣੀ! ਇਨ੍ਹਾਂ ਦੀਨਾਰਾਂ ਨੂੰ ਤੂੰ ਖਿਲਾਰ ਦੇ" ॥੪੮॥

ਜਾਇ ਤਰੇ ਪੁਨ ਔਰ ਨਿਕਾਰੀ। ਸਭਿ ਉਠਾਇ ਕਰਿ ਊਪਰ ਡਾਰੀ।
ਤਿਹ ਤੇ ਹੁਤੋ ਬਿੱਪ੍ਰ ਘਰ ਨੇਰੇ। ਦ੍ਰਿਸ਼ਟਿ ਬਚਾਇ ਬਿੱਪ੍ਰਨੀ ਗੇਰੇ॥ ੪੯ ॥

ਫਿਰ ਥੱਲੇ ਜਾ ਕੇ ਹੋਰ ਦੀਨਾਰ ਕਢੇ ਤੇ ਸਭ ਲਿਆ ਕੇ ਉੱਪਰ ਪਾ ਦਿੱਤੇ। ਉਥੋਂ ਬ੍ਰਾਹਮਣੀ ਦਾ ਘਰ ਨਾਲ ਹੀ ਸੀ। ਬ੍ਰਾਹਮਣੀ ਨੇ ਨਜ਼ਰ ਬਚਾ ਕੇ ਦੀਨਾਰਾਂ ਨੂੰ ਆਪਣੇ ਘਰ ਵਿਚ ਸੁੱਟ ਦਿੱਤਾ॥੪੯॥

ਤਰੈ ਗਈ ਲਖਿ, ਮੂਠ ਬਗਾਵੈ। ਕਰਹਿ ਸੁਧਾਰਨਿ ਜਬਿ ਢਿਗ ਆਵੈ।
ਇਮ ਮਸੰਦ ਧਨ ਦਿਜਨੀ ਲੀਨਿ। ਸਦਨ ਮਹਾਨ ਚਿਨਾਵਨਿ ਕੀਨਿ ॥ ੫੦ ॥

ਥੱਲੇ ਗਈ ਸਮਝ ਕੇ, ਮੁੱਠਾਂ ਭਰ-ਭਰ ਦੀਨਾਰ ਸੁੱਟ ਦਿੰਦੀ ਸੀ ਤੇ ਜਦ ਗਿਲੌਰੇ ਦੀ ਪਤਨੀ ਪਾਸ ਆਉਂਦੀ ਸੀ ਤਾਂ ਉਹ ਦੀਨਾਰਾਂ ਨੂੰ ਸਵਾਰਨ ਲੱਗ ਜਾਂਦੀ ਸੀ। ਇਸ ਤਰ੍ਹਾਂ ਮਸੰਦ ਦਾ ਧਨ ਬ੍ਰਾਹਮਣੀ ਨੇ ਲੈ ਲਿਆ ਤੇ ਮਹਾਨ ਮਕਾਨਾਂ ਦੀ ਉਸਾਰੀ ਕਰਵਾਈ॥੫੦॥

ਸੋ ਅਬਿ ਲੌ ਚਿਰਕੇ ਮੈਂ ਅਹੈ। ਤਹਿੰ ਕੇ ਲੋਕ ਸ਼ਾਹਦੀ ਕਹੈਂ।
ਅਸ ਮਸੰਦ ਜਿਸ ਨਾਮ ਗਿਲੌਰਾ। ਲੈ ਧਨ ਸੰਗਤਿ ਤੇ ਬਹੁ ਠੌਰਾ॥ ੫੧ ॥

ਉਹ ਮਕਾਨ ਹਾਲੇ ਤਕ ਚਿਰਕੇ ਵਿਚ ਮੌਜੂਦ ਹਨ, ਉਥੇ ਦੇ ਲੋਕ ਇਸ ਗੱਲ ਦੀ ਗਵਾਹੀ ਦਿੰਦੇ ਹਨ। ਐਸਾ ਗਿਲੌਰਾ ਨਾਂ ਦਾ ਮਸੰਦ ਸੀ, ਉਸ ਸੰਗਤ ਤੋਂ ਬਹੁਤ ਧਨ ਇਕੱਠਾ ਕੀਤਾ॥੫੧॥

ਤਿਸਕੇ ਸਦਨ ਗੁਰੂ ਚਲਿ ਗਏ। ਥਿਰ ਤੁਰੰਗ ਕਰਿ ਉਤਰਤਿ ਭਏ।
ਮਿਲਜੋ ਜੋਰਿ ਕਰ ਬੰਦਨ ਕੇ ਕੈ। ਅੰਤਰ ਲੇ ਗਮਨਜੋਂ ਸੁਖ ਪੈਕੈ॥ ੫੨ ॥

ਉਸ ਦੇ ਘਰ ਗੁਰੂ ਜੀ ਚਲੇ ਗਏ ਤੇ ਘੋੜੇ ਨੂੰ ਖੜਾ ਕਰਕੇ ਉੱਤਰ ਪਏ। ਗਿਲੌਰਾ ਹੱਥ ਜੋੜ ਕੇ ਬੰਦਨਾ ਕਰਕੇ ਮਿਲਿਆ ਤੇ ਸੁਖ ਮੰਨ ਕੇ ਗੁਰੂ ਜੀ ਨੂੰ ਆਪਣੇ ਘਰ ਦੇ ਅੰਦਰ ਲੈ ਗਿਆ॥੫੨॥

*ਬਾਰ੍ਹਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥*

## ਅਧਿਆਇ ਚੌਤੀਵਾਂ

*ਗਿਲੌਰੇ ਨੂੰ ਬਖਸ਼ੀਸ਼, ਕਰ੍ਹਾ ਤੇ ਖਰਕ ਗ੍ਰਾਮ*

ਦੋਹਰਾ- ਬਾਲਿਕ ਪ੍ਰਤਿਪਾਲਜੋ ਹੁਤੋ ਅਪਨਿ ਗਿਲੌਰਾ ਜਾਨਿ।
ਉਤਰੇ ਤਾਂਹਿ ਨਿਕੇਤ ਮਹਿੰ ਸ਼ੀਲ ਕ੍ਰਿਪਾਲੁ ਮਹਾਨ॥ ੧ ॥

ਗਿਲੌਰੇ ਨੂੰ ਆਪਣਾ ਬਾਲਕ ਜਾਣ ਕੇ ਗੁਰੂ ਜੀ ਨੇ ਪਾਲਣਾ ਕੀਤੀ ਸੀ। ਮਹਾਨ ਕਿਰਪਾਲੂ ਤੇ ਸ਼ੀਲ ਗੁਰੂ ਜੀ ਨੇ ਉਸ ਦੇ ਘਰ ਵਿਚ ਉਤਾਰਾ ਕੀਤਾ॥੧॥

ਚੌਪਈ- ਰੁਚਿਰ ਪ੍ਰਯੰਕ ਡਸਾਵਨਿ ਕੀਨਿ। ਛਾਦ੍ਯੋ ਆਸਤਰਨ ਤਲ ਪੀਨ।
ਹਾਥ ਜੋਰਿ ਥਿਰ ਬੋਲ੍ਯੋ ਸਾਦਰ। ਬੈਠੇ ਸ਼੍ਰੀ ਤੇਗਬਹਾਦਰ॥ ੨॥

ਬਹੁਤ ਸੁੰਦਰ ਉਸ ਨੇ ਪਲੰਘ ਡੁਹਾਇਆ ਤੇ ਹੇਠਾਂ ਬੜਾ ਮੋਟਾ ਵਿਛਾਉਣਾ ਵਿਛਾਇਆ। ਫਿਰ ਗਿਲੋਰਾ ਹੱਥ ਜੋੜ ਕੇ ਖੜਾ ਹੋ ਕੇ ਬੜੇ ਆਦਰ ਨਾਲ ਬੋਲਿਆ, ਜਿੱਥੇ ਗੁਰੂ ਤੇਗ ਬਹਾਦਰ ਜੀ ਬੈਠੇ ਸਨ॥੨॥

ਤ੍ਰਿਣ ਦਾਨੇ ਕੀ ਸੇਵ ਸੰਭਾਰਿ। ਕਰਿਵਾਇਸਿ ਬਰ ਬਿਬਿਧ ਅਹਾਰ।
ਸ੍ਵਾਦਲ ਮਧੁਰ ਸਨਿਗਧ ਖਵਾਯਹੁ। ਬਹੁਰ ਸਕਲ ਸਿੱਖਨਿ ਤ੍ਰਿਪਤਾਯਹੁ॥੩॥

ਘਾਹ ਅਤੇ ਦਾਨੇ ਦੀ ਸੇਵਾ ਸੰਭਾਲੀ ਤੇ ਕਈ ਤਰ੍ਹਾਂ ਦੇ ਭੋਜਨ ਤਿਆਰ ਕਰਵਾਏ। ਸਵਾਦੀ, ਮਿੱਠੇ, ਸੁਗੰਧਤ ਭੋਜਨ ਗੁਰੂ ਜੀ ਨੂੰ ਛਕਾਏ। ਬਾਅਦ ਵਿਚ ਸਾਰੇ ਸਿੱਖਾਂ ਨੂੰ ਵੀ ਤ੍ਰਿਪਤ ਕੀਤਾ॥੩॥

ਬਸੇ ਨਿਸਾ ਮਹਿਂ ਪੌਢਨਿ ਕੀਨਿ। ਸੁਪਤ ਜਥਾ ਸੁਖ ਗੁਰੂ ਪ੍ਰਬੀਨ।
ਰਹੀ ਜਾਮ ਜਾਗੇ ਸੁਚ ਧਾਰੀ। ਮੱਜਨ ਕਰ੍ਯੋ ਬਿਮਲ ਬਰ ਬਾਰੀ॥ ੪॥

ਰਾਤ ਨੂੰ ਉੱਥੇ ਰਹੇ ਤੇ ਪਲੰਘ ਉੱਤੇ ਲੰਮੇ ਪੈ ਗਏ ਤੇ ਨਿਪੁੰਨ ਗੁਰੂ ਜੀ ਸੁਖ ਨਾਲ ਸੌਂ ਗਏ, ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਸੁੱਚਮ ਧਾਰਨ ਕੀਤੀ ਤੇ ਨਿਰਮਲ ਸ੍ਰੇਸ਼ਟ ਜਲ ਨਾਲ ਇਸ਼ਨਾਨ ਕੀਤਾ॥੪॥

ਸੱਚਿਦਾਨੰਦ ਬ੍ਰਹਮ ਇਕ ਆਹਿ। ਬੈਠੇ ਥਿਤ ਕਰਿ ਬ੍ਰਿਤਿ ਤਿਸ ਮਾਂਹਿ।
ਦਿਨਕਰ ਚਢ੍ਯੋ,ਬਿਲੋਚਨ ਖੋਲੇ। ਮਨਹੁਂ ਕਮਲ ਦਲ ਅਲੀ ਅਡੋਲੇ॥੫॥

ਸੱਚਿਦਾਨੰਦ ਇਕ ਬ੍ਰਹਮ ਹੈ, ਉਸ ਵਿਚ ਸਥਿਤ ਹੋ ਕੇ ਬੈਠ ਕੇ ਬ੍ਰਿਤੀ ਲਾਈ। ਸੂਰਜ ਚੜ੍ਹਿਆ ਤਾਂ ਨੇਤਰਾਂ ਨੂੰ ਖੋਲ੍ਹਿਆ, ਮਾਨੋਂ ਕੰਵਲ ਪੱਤੇ ਖੁਲ੍ਹੇ ਹਨ ਤੇ ਵਿਚ ਭੌਰੇ ਅਡੋਲ ਹੋਏ ਦਿੱਸਦੇ ਹਨ॥੫॥

ਇਕ ਬਾਸੁਰ ਤਹਿਂ ਕੀਨਿ ਮੁਕਾਮੁ। ਮਿਲੈਂ ਸਿੱਖ ਸੁਨਿ ਸੁਨਿ ਗੁਰ ਨਾਮੁ।
ਅਨਿਕ ਅਕੋਰ ਆਨਿ ਕਰ ਜੋਰਹਿਂ। ਦਰਸ ਬਿਲੋਕਹਿਂ,ਚਰਨ ਨਿਹੋਰਹਿਂ॥੬॥

ਇਕ ਦਿਨ ਉੱਥੇ ਮੁਕਾਮ ਕੀਤਾ ਤੇ ਗੁਰੂ ਜੀ ਦਾ ਨਾਮ ਸੁਣ-ਸੁਣ ਕੇ ਸਿੱਖ ਆ ਕੇ ਮਿਲਦੇ ਸਨ। ਅਨੇਕ ਉਪਹਾਰ ਲਿਆ ਕੇ ਹੱਥ ਜੋੜਦੇ ਸਨ, ਦਰਸ਼ਨ ਕਰਕੇ ਚਰਨਾਂ 'ਤੇ ਮੱਥਾ ਟੇਕਦੇ ਸਨ॥੬॥

ਜ਼ਿਮੀਦਾਰ ਗਨ ਗ੍ਰਾਮ ਮਝਾਰਾ। ਸਭਿਨਿ ਆਨਿ ਪਦ ਪਰ ਸਿਰ ਧਾਰਾ।
ਜਿਮ ਗੁਰ ਭਨ੍ਯੋਂ,ਜਿਨਹੁਂ ਤਿਮ ਮਾਨ੍ਯੋਂ। ਤਿਨ ਕੋ ਬਰ ਸੁਖਦਾਇ ਬਖਾਨ੍ਯੋਂ॥੭॥

ਉਸ ਪਿੰਡ ਵਿਚ ਬਹੁਤ ਜ਼ਿਮੀਂਦਾਰ ਰਹਿੰਦੇ ਸਨ, ਉਨ੍ਹਾਂ ਸਾਰਿਆਂ ਨੇ ਆ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਮੱਥਾ ਟੇਕਿਆ। ਜਿਵੇਂ ਗੁਰੂ ਜੀ ਨੇ ਕਿਹਾ ਉਨ੍ਹਾਂ ਉਸ ਤਰ੍ਹਾਂ ਹੀ ਮੰਨਿਆ। ਉਨ੍ਹਾਂ ਨੂੰ ਸੁਖਦਾਇਕ ਵਰ ਦਿੱਤੇ॥੭॥

ਮਾਨ੍ਯੋ ਜਿਨਹੁਂ ਨ ਸ਼ਰਧਾ ਲ੍ਯਾਇ। ਤਿਨ ਪ੍ਰਤਿ ਬੋਲੇਂ ਸਹਿਜ ਸੁਭਾਇ।
ਜਥਾ ਹੁਤਾਸਨ ਮਹਿਦ ਪ੍ਰਕਾਸ਼ੇ। ਹੁਇ ਸਮੀਪ, ਦੁਖ ਸੀਤ ਬਿਨਾਸੇ॥ ੮॥

ਜਿਨ੍ਹਾਂ ਨੇ ਸ਼ਰਧਾ ਲਿਆ ਕੇ ਨਾ ਮੰਨਿਆ, ਉਨ੍ਹਾਂ ਪ੍ਰਤਿ ਸਹਿਜ ਸੁਭਾਅ ਬੋਲਦੇ ਸਨ। ਜਿਵੇਂ ਅਗਨੀ ਬਹੁਤ ਪ੍ਰਕਾਸ਼ ਕਰਦੀ ਹੈ ਤੇ ਨੇੜੇ ਹੋਣ 'ਤੇ ਠੰਡ ਦਾ ਦੁਖ ਦੂਰ ਹੁੰਦਾ ਹੈ॥੮॥

ਲਖਹਿ ਨ ਤੇਜ, ਬੀਚ ਬਰ ਜਾਇ। ਜਰਹਿਂ ਅੰਗ ਸੰਕਟ ਬਡ ਪਾਇ।
ਤਿਮ ਸਤਿਗੁਰ ਕੀ ਸੇਵਾ ਅਹੈ। ਅਦਬ ਸਹਿਤ ਕਰਿ ਸਭਿ ਸੁਖ ਲਹੈਂ॥੯॥

ਜਿਹੜਾ ਉਸ ਦੇ ਤੇਜ ਨੂੰ ਸਮਝ ਨਾ ਸਕੇ ਤੇ ਉਸ ਦੇ ਵਿਚ ਵੜ ਜਾਵੇ ਤਾਂ ਉਸ ਦੇ ਅੰਗ ਸੜ ਜਾਂਦੇ ਹਨ ਤੇ ਉਹ ਬਹੁਤ ਦੁਖ ਪਾਉਂਦਾ ਹੈ। ਉਸ ਤਰ੍ਹਾਂ ਹੀ ਸਤਿਗੁਰੂ ਜੀ ਦੀ ਸੇਵਾ ਹੈ। ਆਦਰ ਨਾਲ ਸੇਵਾ ਕਰਨ ਨਾਲ ਸਭ ਸੁਖ ਪਾਉਂਦੇ ਹਨ॥੯॥

ਨ੍ਰਿਭੈ ਹੋਇ ਸ਼ਰਧਾ ਜਿਨ ਛੀਨ। ਕਰਹਿਂ ਅਵੱਗਜਾ ਲਹਿਂ ਦੁਖ ਪੀਨ।
ਦੂਰ ਦੇਸ਼ ਕੀ ਸੰਗਤਿ ਆਈ। ਦਰਸ਼ਨ ਲੇ ਅਕੋਰ ਅਰਪਾਈ॥ ੧੦॥

ਨਿਰਭੈ ਹੋ ਕੇ ਜਿਸ ਸ਼ਰਧਾ ਗਵਾ ਲਈ ਹੈ, ਅਵੱਗਿਆ ਕਰਨ ਨਾਲ ਉਹ ਬਹੁਤ ਦੁਖ ਪਾਉਂਦੇ ਹਨ। ਦੂਰ ਦੇਸ਼ ਦੀ ਸੰਗਤ ਆਈ, ਦਰਸ਼ਨ ਕਰਕੇ ਉਨ੍ਹਾਂ ਨੇ ਉਪਹਾਰ ਅਰਪਣ ਕੀਤੇ॥੧੦॥

ਨਿਸਾ ਦੂਸਰੀ ਕੀਨਸਿ ਬਾਸ। ਕ੍ਰਿਪਾ ਧਾਰਿ ਜਾਨਜੋਂ ਨਿਜ ਦਾਸ।
ਸੇਵਾ ਕਰੀ ਸਕਲ ਬਿਧਿ ਨੀਕੀ। ਗੁਰ ਮਹਿੰਮਾ ਮਹਿਂ ਸ਼ਰਧਾ ਹੀ ਕੀ॥੧੧॥

ਦੂਸਰੀ ਰਾਤ ਵੀ ਉਥੇ ਵਾਸਾ ਕੀਤਾ, ਕ੍ਰਿਪਾ ਧਾਰ ਕੇ ਆਪਣੇ ਸੇਵਕ ਨੂੰ ਜਾਣਿਆ। ਸਭ ਵਿਧੀਆਂ ਨਾਲ ਉਸ ਚੰਗੀ ਸੇਵਾ ਕੀਤੀ, ਗੁਰੂ ਜੀ ਦੀ ਮਹਿਮਾ ਵਿਚ ਉਸ ਦੇ ਦਿਲ ਦੀ ਸ਼ਰਧਾ ਸੀ॥੧੧॥

ਭਈ ਪ੍ਰਾਤਿ ਤਯਾਰੀ ਕਰਿਵਾਈ। ਨਿਕਟਿ ਗਿਲੋਰਾ ਲੀਨਿ ਬੁਲਾਈ।
ਇਕ ਤਰਕਸ਼ ਤੀਰਨ ਸੋਂ ਭਰਜੋ। ਹੁਇ ਪ੍ਰਸੰਨ ਗੁਰ ਬਖਸ਼ਨ ਕਰਜੋ॥ ੧੨॥

ਸਵੇਰ ਹੋਈ ਤਾਂ ਗੁਰੂ ਜੀ ਨੇ ਤਿਆਰੀ ਕਰਵਾਈ ਤੇ ਗਿਲੋਰੇ ਨੂੰ ਆਪਣੇ ਪਾਸ ਬੁਲਾ ਲਿਆ। ਇਕ ਭੱਥਾ ਤੀਰਾਂ ਦਾ ਭਰਿਆ ਹੋਇਆ ਸੀ, ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਬਖਸ਼ ਦਿੱਤਾ॥੧੨॥

ਕਹਜੋ 'ਧਰਮ ਮਹਿਂ ਦਿੜ੍ਹਤਾ ਕੀਜੈ। ਬੰਸ ਸਮੇਤ ਸਕਲ ਸੁਖ ਲੀਜੈ।
ਜੇ ਕਰਿ ਜਾਹਿਂ ਧਰਮ ਤੇ ਹਾਰਿ। ਸੰਤਤਿ ਦਾਰਿਦ ਲਹੈ ਉਦਾਰ॥ ੧੩॥

ਉਸਨੂੰ ਕਿਹਾ, "ਆਪਣੇ ਧਰਮ ਵਿਚ ਦ੍ਰਿੜ੍ਹ ਰਹੋਗੇ ਤਾਂ ਵੰਸ਼ ਸਮੇਤ ਸਾਰੇ ਸੁਖ ਪਾਵੋਗੇ, ਪਰ ਜੇ ਧਰਮ ਤੋਂ ਹਾਰ ਜਾਵੋਗੇ ਤਾਂ ਤੁਹਾਡੀ ਸੰਤਾਨ ਬਹੁਤ ਗ਼ਰੀਬੀ ਹੰਢਾਏਗੀ॥੧੩॥

ਸੁਖ ਨਹਿਂ ਪਾਇਂ, ਜਾਇਂ ਤੁਵ ਪ੍ਰਾਨ। ਇਮ ਸਮਝਹੁ, ਰਖਿ ਧਰਮ ਮਹਾਨ'।
ਸਿੱਖਜਾ ਅਪਰ ਦਈ ਗੁਰ ਤਾਂਹਿ। ਹਯ ਅਰੂਢਿ ਚਾਲੇ ਮਗ ਮਾਂਹਿ॥ ੧੪॥

ਤੂੰ ਸੁਖ ਨਹੀਂ ਪਾਵੇਂਗਾ ਤੇ ਤੇਰੇ ਪ੍ਰਾਣ ਜਾਂਦੇ ਰਹਿਣਗੇ, ਇਸ ਤਰ੍ਹਾਂ ਸਮਝੋ ਅਤੇ ਮਹਾਨ ਧਰਮ ਰੱਖੋ।" ਗੁਰੂ ਜੀ ਨੇ ਉਸਨੂੰ ਹੋਰ ਵੀ ਸਿੱਖਿਆ ਦਿੱਤੀ ਤੇ ਘੋੜੇ 'ਤੇ ਚੜ੍ਹ ਕੇ ਆਪਣੇ ਮਾਰਗ 'ਤੇ ਚਲ ਪਏ॥੧੪॥

ਮੁਖ ਕਰਿ ਪੂਰਬ ਦਿਸ਼ਾ ਪਯਾਨੇ। ਭਯੋ ਗਿਲੋਰਾ ਧਨੀ ਮਹਾਨੇ।
ਹਾਂਸੀ ਅਰੁ ਹਿਸਾਰ ਲੌ ਗ੍ਰਾਮੂ। ਸੰਗਤਿ ਤੇ ਆਨਹਿ ਧਨ ਧਾਮੂ॥ ੧੫॥

ਪੂਰਬ ਵਲ ਮੂੰਹ ਕਰਕੇ ਅੱਗੇ ਚਲ ਪਏ। ਗਿਲੋਰਾ ਬਾਅਦ ਵਿਚ ਮਹਾਨ ਧਨੀ ਹੋ ਗਿਆ। ਹਾਂਸੀ ਅਤੇ ਹਿਸਾਰ ਤੱਕ ਉਸ ਪਾਸ ਸਿੱਖਾਂ ਦੇ ਪਿੰਡ ਸਨ, ਸੰਗਤ ਪਾਸੋਂ ਘਰ ਵਿਚ ਬਹੁਤ ਧਨ ਆਉਂਦਾ ਸੀ॥੧੫॥

ਰੰਘਰ ਜਾਟ ਗ੍ਰਾਮ ਗਨ ਤਿਨ ਕੇ। ਪਰੇ ਬਿਰੋਧ ਪਰਸਪਰ ਗਿਨ ਕੇ।
ਫਿਰਤਿ ਗਿਲੋਰਾ ਦੋਨਹੁਂ ਮਾਂਹੀ। ਗੁਰ ਪ੍ਰਤਾਪ ਤੇ ਰੋਕਹਿਂ ਨਾਂਹੀ॥ ੧੬॥

ਉਥੇ ਰੰਘੜ ਅਤੇ ਜੱਟਾਂ ਦੇ ਬਹੁਤ ਪਿੰਡ ਸਨ, ਉਨ੍ਹਾਂ ਰੰਘੜਾਂ ਅਤੇ ਜੱਟਾਂ ਵਿਚ ਆਪਸ ਵਿਚ ਬਹੁਤ ਵਿਰੋਧ ਪੈ ਗਿਆ। ਗਿਲੋਰਾ ਉਨ੍ਹਾਂ ਦੋਹਾਂ ਵਿਚ ਫਿਰਦਾ ਸੀ, ਗੁਰੂ ਜੀ ਦਾ ਪ੍ਰਤਾਪ ਕਰਕੇ ਦੋਵੇਂ ਉਸ ਨੂੰ ਰੋਕਦੇ ਨਹੀਂ ਸਨ॥੧੬॥

ਰੰਘਰ ਬ੍ਰਿੰਦਨ ਦੇ ਬਿਸਵਾਸ। ਗ੍ਰਾਮ ਜਾਟ ਜਹਿਂ ਆਨ ਸੁ ਪਾਸ।
ਕਹਜੋ 'ਲੰਘਾਇ ਦੇਊ ਮੈਂ ਆਗੇ'। ਇਸ ਭਰੋਸ ਤੇ ਸੋ ਨਹਿਂ ਭਾਗੇ॥ ੧੭॥

ਬਹੁਤ ਰੰਘੜਾਂ ਨੂੰ ਵਿਸ਼ਵਾਸ ਦੇ ਕੇ, ਜਿੱਥੇ ਜੱਟਾਂ ਦੇ ਪਿੰਡ ਸਨ ਰੰਘੜਾਂ ਨੂੰ ਆਪਣੇ ਨਾਲ ਜੱਟਾਂ ਪਾਸ ਲੈ ਆਇਆ। ਉਨ੍ਹਾਂ ਨੂੰ ਕਿਹਾ, "ਮੈਂ ਜੱਟਾਂ ਪਾਸੋਂ ਤੁਹਾਨੂੰ ਰਾਹ ਦਿਵਾ ਦੇਵਾਂਗਾ" ਇਸ ਭਰੋਸੇ ਤੇ ਉਹ ਭੱਜੇ ਨਹੀਂ॥੧੭॥

ਰੰਘਰ ਬ੍ਰਿੰਦ ਸੁ ਦਏ ਕਟਾਇ। ਨਹਿਂ ਮੂਰਖ ਨੇ ਲੀਨਿ ਬਚਾਇ।
ਤਿਸ ਅਧਰਮ ਤੇ ਸੋ ਮਰਿ ਗਯੋ। ਬੰਸ ਅਧਿਕ ਦਾਰਿੱਦ੍ਰੀ ਭਯੋ॥ ੧੮॥

ਉਥੇ ਬਹੁਤ ਰੰਘੜਾਂ ਨੂੰ ਉਸ ਜੱਟਾਂ ਪਾਸੋਂ ਮਰਵਾ ਦਿੱਤਾ, ਮੂਰਖ ਨੇ ਉਨ੍ਹਾਂ ਨੂੰ ਬਚਾਇਆ ਨਹੀਂ। ਅਜਿਹਾ ਅਧਰਮ ਕਰਨ ਦੇ ਕਾਰਨ ਉਹ ਮਰ ਗਿਆ ਤੇ ਉਸ ਦਾ ਵੰਸ਼ ਬਹੁਤ ਗ਼ਰੀਬ ਹੋ ਗਿਆ॥੧੮॥

ਭੋਜਨ ਕੀ ਚਿੰਤਾ ਘਰ ਮਾਂਹਿ। ਕਬਿ ਖੈਂ ਹੈਂ ਕਬਿ ਪੈ ਹੈਂ ਨਾਂਹਿ।
ਇਸੀ ਦਸ਼ਾ ਮਹਿਂ ਅਬਿ ਲੌ ਅਹੈਂ। 'ਹਮ ਨੇ ਪਿਖੇ' ਸਿੰਘ ਕਵਿ ਕਹੈ॥ ੧੯॥

ਭੋਜਨ ਦੀ ਘਰ ਵਿਚ ਚਿੰਤਾ ਸੀ, ਕਦੀ ਖਾਂਦੇ ਸਨ ਤੇ ਕਦੀ ਖਾਣ ਵਾਸਤੇ ਕੁਝ ਪ੍ਰਾਪਤ ਨਹੀਂ ਸੀ ਹੁੰਦਾ। ਏਸੇ ਹਾਲਤ ਵਿਚ ਹੁਣ ਤਕ ਹਨ। ਭਾਈ ਸੰਤੋਖ ਸਿੰਘ ਜੀ ਕਹਿੰਦੇ ਹਨ ਕਿ ਮੈਂ ਆਪ ਜਾ ਕੇ ਵੇਖੇ ਹਨ॥੧੯॥

ਸਤਿਗੁਰ ਚਿਹਕੇ ਤੇ ਚਲਿ ਆਏ। ਕਰ੍ਹਾ ਗ੍ਰਾਮ ਪ੍ਰਥਮ ਗੁਰ ਥਾਏ।
ਗਮਨੇ ਜਬਿ ਸ੍ਰੀ ਨਾਨਕ ਮਤੇ। ਹਰਿਗੁਵਿੰਦ ਗੁਰ ਉਤਰੇ ਹੁਤੇ॥ ੨੦॥

ਸਤਿਗੁਰੂ ਜੀ ਚਿਹਕੇ ਤੋਂ ਚਲ ਕੇ ਆ ਗਏ। ਕਰ੍ਹਾ ਪਿੰਡ ਵਿਚ ਛੇਵੇਂ ਗੁਰੂ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪਹਿਲਾਂ ਵੀ ਉਥੇ ਸਥਾਨ ਸੀ। ਜਦ ਸ੍ਰੀ ਹਰਿਗੋਬਿੰਦ ਸਾਹਿਬ ਸ੍ਰੀ ਨਾਨਕ ਮਤੇ ਗਏ ਸਨ ਤਾਂ ਏਥੇ ਉਤਾਰਾ ਕੀਤਾ ਸੀ॥੨੦॥

ਵਹਿਰ ਗ੍ਰਾਮ ਤੇ ਅਹੈ ਸਥਾਨ। ਪਹੁੰਚੇ ਆਨਿ ਗੁਰੂ ਭਗਵਾਨ।
ਉਤਰਿ ਪਰੇ ਅਸੁ ਬੰਧਨ ਕੀਨੇ। ਸ਼ੁਭ ਆਸਨ ਪਰ ਗੁਰੂ ਅਸੀਨੇ॥ ੨੧॥

ਪਿੰਡ ਤੋਂ ਬਾਹਰਵਾਰ ਇਹ ਅਸਥਾਨ ਹੈ, ਏਥੇ ਗੁਰੂ ਭਗਵਾਨ ਸ੍ਰੀ ਤੇਗ ਬਹਾਦਰ ਜੀ ਪਹੁੰਚ ਗਏ। ਉਥੇ ਜਾ ਕੇ ਉੱਤਰ ਪਏ ਤੇ ਘੋੜਿਆਂ ਨੂੰ ਬੰਨ੍ਹ ਦਿੱਤਾ ਤੇ ਸ਼ੁਭ ਆਸਣ ਤੇ ਗੁਰੂ ਜੀ ਬੈਠ ਗਏ॥੨੧॥

ਤਹਾਂ ਮਸੰਦ ਬਸਹਿ ਮਤਿ ਮੂਢਾ। ਜੋ ਨ ਲਖਹਿ ਆਸ਼ੇ ਗੁਰ ਗੂਢਾ।
ਤੁਰਕੇਸੁਰ ਸਭਿ ਦੇਸ਼ ਬਿਦੇਸ਼। ਖੋਜਹਿ ਗੁਰ ਕੋ ਸੁਨਜੋ ਵਿਸ਼ੇਸ਼॥ ੨੨॥

ਉਥੇ ਮੂਰਖ ਮੱਤ ਵਾਲਾ ਇਕ ਮਸੰਦ ਰਹਿੰਦਾ ਸੀ, ਉਹ ਗੁਰੂ ਜੀ ਦੇ ਪ੍ਰੋੜ ਆਸ਼ੇ ਨੂੰ ਨਹੀਂ ਸਮਝਦਾ ਸੀ। ਉਸ ਨੇ ਵਿਸ਼ੇਸ਼ ਤੌਰ 'ਤੇ ਇਹ ਸੁਣਿਆ ਸੀ ਕਿ ਤੁਰਕ ਬਾਦਸ਼ਾਹ ਦੇਸ਼ਾਂ ਵਿਦੇਸ਼ਾਂ ਵਿਚ ਗੁਰੂ ਜੀ ਨੂੰ ਲਭ ਰਿਹਾ ਹੈ॥੨੨॥

'ਮੈਂ ਨਹਿਂ ਮਾਰਜੋ ਜਾਊਂ ਕਦਾਈ'। ਅਸ ਚਿੰਤਾ ਬਹੁ ਰਿਦੇ ਉਪਾਈ।
ਸੁਨਿਕੈ ਸਤਿਗੁਰ ਕੋ ਆਗਵਨੂ। ਦੁਰ ਕਰਿ ਰਹਜੋ ਆਪਨੇ ਭਵਨੂ॥ ੨੩॥

"ਕਿਤੇ ਮੈਂ ਨਾ ਮਾਰਿਆ ਜਾਵਾਂ" ਐਸੀ ਚਿੰਤਾ ਉਸ ਦੇ ਹਿਰਦੇ ਵਿਚ ਉਤਪੰਨ ਹੋਈ। ਸਤਿਗੁਰੂ ਜੀ ਦੇ ਆਉਣ ਬਾਰੇ ਸੁਣਕੇ ਆਪਣੇ ਘਰ ਵਿਚ ਲੁਕ ਕੇ ਬੈਠਾ ਰਿਹਾ॥੨੩॥

ਭਾਖਜੋ ਤ੍ਰਿਯ ਸੌਂ 'ਕੋ ਜਿ ਹਕਾਰੈ। ਨਹੀਂ ਇਹਾਂ ਤਿਸ ਦੇਹਿ ਉਚਾਰੈ'।
ਅੰਤਰਜਾਮੀ ਲਖਿ ਬਿਧਿ ਸਾਰੀ। ਕਹਜੋ ਨ ਕੁਛ, ਤੂਸ਼ਨਿ ਮੁਖ ਧਾਰੀ॥ ੨੪॥

ਆਪਣੀ ਪਤਨੀ ਨੂੰ ਕਿਹਾ, "ਜੇ ਕੋਈ ਬੁਲਾਵੇ, ਏਥੇ ਨਹੀਂ ਹੈ" ਉਸ ਨੂੰ ਕਹਿ ਦੇਣਾ। ਅੰਤਰਜਾਮੀ ਗੁਰੂ ਜੀ ਨੇ ਸਾਰੀ ਵਿਧੀ ਸਮਝ ਲਈ, ਕੁਝ ਕਿਹਾ ਨਹੀਂ, ਚੁਪ ਧਾਰਨ ਕਰ ਛੱਡੀ ॥੨੪॥

ਮਿਲਯੋ ਏਕ ਰਾਹਕ ਤਬਿ ਆਇ। ਕੁਛਕ ਸੇਵ ਕੀਨਿ ਵਥੁ ਲਜਾਇ।
ਭਏ ਪ੍ਰਸੰਨ ਦਰਬ ਗੁਰ ਦੀਨੋ। ਸ੍ਰੀ ਮੁਖ ਤੇ ਫੁਰਮਾਵਨਿ ਕੀਨੋ॥ ੨੫॥

ਇਕ ਕਿਸਾਨ ਫਿਰ ਆ ਕੇ ਮਿਲਿਆ, ਕੁਝ ਵਸਤੂਆਂ ਲਿਆ ਕੇ ਉਸ ਸੇਵਾ ਕੀਤੀ। ਗੁਰੂ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਕੁਝ ਧਨ ਦਿੱਤਾ ਤੇ ਮੁਖ ਤੋਂ ਫੁਰਮਾਇਆ ॥੨੫॥

'ਕੂਪ ਕਿ ਬਾਪੀ ਦਿਹੁ ਬਨਵਾਇ। ਇਸ ਥਲ ਉਪਬਨ ਸਘਨ ਲਗਾਇ'।
ਇਮ ਕਹਿ ਨਿਸਾ ਬਸੇ ਗੋਸਾਈਂ। ਭਈ ਪ੍ਰਾਤਿ ਤਯਾਰੀ ਕਰਿਵਾਈ॥ ੨੬॥

"ਖੂਹ ਜਾਂ ਇਕ ਬਾਉਲੀ ਬਣਾ ਦੇਵੇ ਤੇ ਇਸ ਥਾਂ ਤੇ ਇਕ ਬਾਗ ਲਗਾ ਦੇਵੇਂ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਉਥੇ ਰਾਤ ਰਹੇ ਤੇ ਸਵੇਰ ਹੋਣ 'ਤੇ ਫਿਰ ਤਿਆਰੀ ਕਰਵਾਈ ॥੨੬॥

ਜ਼ੀਨ ਤੁਰੰਗਨ ਪਾਇ ਸੁਹਾਏ। ਭਏ ਅਰੂਢਨਿ ਪੰਥ ਸਿਧਾਏ।
ਇਕ ਦੁਇ ਮਜਲ ਦੀਰਘਾ ਚਾਲੇ। ਬਾਂਗਰ ਦੇਸ਼ ਬਿਖੈ ਸਿਖ ਨਾਲੇ॥ ੨੭॥

ਘੋੜਿਆਂ 'ਤੇ ਕਾਠੀਆਂ ਪਾ ਕੇ ਸ਼ੋਭ ਰਹੇ ਸਨ, ਫਿਰ ਸਵਾਰ ਹੋ ਕੇ ਆਪਣੇ ਰਸਤੇ ਚਲ ਪਏ। ਇਕ ਦੋ ਬਹੁਤ ਲੰਮੀਆਂ ਮੰਜ਼ਲਾਂ ਤੈਅ ਕੀਤੀਆਂ, ਬਾਂਗਰ ਦੇਸ਼ ਵਿਚ ਸਿੱਖਾਂ ਦੇ ਨਾਲ ਪਹੁੰਚ ਗਏ ॥੨੭॥

'ਖਰਕ' ਗ੍ਰਾਮ ਨਿਯਗ੍ਰੋਧ ਬਿਸਾਲਾ। ਤਹਾਂ ਜਾਇ ਡੇਰਾ ਗੁਰ ਡਾਲਾ।
ਜ਼ੀਨ ਉਤਾਰੇ ਤ੍ਰਿਣ ਅਨਵਾਏ। ਦਈ ਨਿਹਾਰੀ ਹਯ ਤ੍ਰਿਪਤਾਏ॥ ੨੮॥

'ਖੜਕ' ਪਿੰਡ ਵਿਚ ਇਕ ਬਹੁਤ ਵੱਡਾ ਬੋਹੜ ਦਾ ਦਰੱਖਤ ਸੀ। ਉਥੇ ਜਾ ਕੇ ਗੁਰੂ ਜੀ ਨੇ ਡੇਰਾ ਕਰ ਲਿਆ। ਘੋੜਿਆਂ ਦੀਆਂ ਕਾਠੀਆਂ ਲੁਹਾ ਕੇ ਘਾਹ ਮੰਗਵਾਇਆ ਤੇ ਨਿਹਾਰੀ ਦੇ ਕੇ ਘੋੜਿਆਂ ਨੂੰ ਤ੍ਰਿਪਤ ਕੀਤਾ ॥੨੮॥

ਕਰਿਵਾਯਹੁ ਬਹੁ ਭਾਂਤਿ ਅਹਾਰਾ। ਖਾਨ ਪਾਨ ਕਰਿ ਭਲੇ ਪ੍ਰਕਾਰਾ।
ਆਨਯੋਂ ਮੰਚ ਤਾਂਹਿ ਪਰ ਬੈਸੇ। ਸੰਗੀ ਸਿਖ ਬੋਲਯੋ ਤਬਿ ਐਸੇ॥ ੨੯॥

ਬਹੁਤ ਪ੍ਰਕਾਰ ਭੋਜਨ ਕਰਵਾਇਆ ਤੇ ਭਲੀ ਪ੍ਰਕਾਰ ਖਾ ਪੀ ਕੇ ਮੰਜੀ ਮੰਗਵਾ ਕੇ ਉਸ ਉੱਤੇ ਬੈਠ ਗਏ। ਗੁਰੂ ਜੀ ਨਾਲ ਫਿਰ ਇਕ ਸਾਥੀ ਸਿੱਖ ਇਸ ਤਰ੍ਹਾਂ ਬੋਲਿਆ ॥੨੯॥

'ਤੁਰਕਨਿ ਘਾਲ ਬਿਸਾਲੀ ਘਾਲੀ। ਅਵਨੀ ਰਾਜ ਤੇਜ ਬਡ ਨਾਲੀ।
ਨਹੀਂ ਮਵਾਸੈ ਕਿਤ ਹੂੰ ਕੋਈ। ਹਾਲਾ ਭਰਹਿਂ ਨੀਮ੍ਰਿ ਸਿਰ ਹੋਈ'॥ ੩੦॥

ਤੁਰਕਾਂ ਨੇ ਵੱਡੀ ਘਾਲਣਾ ਘਾਲੀ ਹੈ, ਧਰਤੀ ਉੱਤੇ ਉਨ੍ਹਾਂ ਦੇ ਰਾਜ ਦਾ ਵੱਡਾ ਤੇਜ ਹੈ। ਕਿਸੇ ਥਾਂ ਵੀ ਕੋਈ ਆਕੀ ਨਹੀਂ ਹੋਇਆ ਹੈ ਤੇ ਸਿਰ ਨਿਵਾ ਕੇ ਹਾਲਾ ਭਰਦੇ ਹਨ।' ॥੩੦॥

ਸੁਨਿਕੈ ਸਤਿਗੁਰ ਬਾਕ ਬਖਾਨਾ। 'ਸਨੇ ਸਨੇ ਅਬਿ ਕਰਿ ਹੈਂ ਹਾਨਾ।
ਪਾਪ ਬਡੇਰੇ ਕਰੂ ਨਿਤ ਲਾਗੇ। ਭਏ ਅੰਧ ਦੁਰਮਤਿ ਚਿਤ ਪਾਗੇ॥ ੩੧॥

ਇਹ ਸੁਣ ਕੇ ਸਤਿਗੁਰੂ ਜੀ ਨੇ ਫੁਰਮਾਇਆ, "ਹੌਲੀ-ਹੌਲੀ ਹੁਣ ਇਸ ਰਾਜ ਨੂੰ ਨਾਸ਼ ਕਰਾਂਗੇ, ਇਹ ਹੁਣ ਨਿਤ ਵੱਡੇ ਪਾਪ ਕਰਨ ਲੱਗ ਗਏ ਹਨ, ਭੈੜੀ ਮੱਤ ਵਿਚ ਇਨ੍ਹਾਂ ਦੇ ਚਿੱਤ ਅੰਨ੍ਹੇ ਹੋ ਗਏ ਹਨ ॥੩੧॥

Sri Satguru Jagjit Singh Ji eLlibrary NamdhariElibrary@gmail.com

ਤਪਨ ਮਹਾਂ ਤਪ ਧਰਮ ਕਮਾਵਨਿ। ਯਾਂ ਤੇ ਰਾਜ ਸੁ ਤੇਜ ਬਧਾਵਨਿ।
ਹੋਹਿ ਪ੍ਰਿਥੀਪਤਿ ਫਲ ਕੋ ਪਾਵੈ। ਨ੍ਰਿਪਤਿ ਬਨਹਿ ਪੁਨ ਧਰਮ ਕਮਾਵੈ॥ ੩੨॥

ਮਹਾਂ ਤਪ ਤਾਪ ਕੇ ਤੇ ਧਰਮ ਕਮਾਉਣ ਨਾਲ ਇਸ ਰਾਜ ਦਾ ਤੇਜ ਵਧਿਆ ਹੈ। ਪ੍ਰਿਥਵੀ ਦੇ ਮਾਲਕ ਹੋਣ ਦਾ ਫਲ ਪਾਇਆ ਹੈ। ਰਾਜਾ ਬਣਕੇ ਫਿਰ ਧਰਮ ਕਮਾਵੇ॥੩੨॥

ਕਰਹਿ ਨਜਾਉਂ, ਨਹਿਂ ਲੋਭੀ ਬਨੈ। ਰੱਛਹਿ ਜਗਤ ਦਯਾ ਮਨ ਸਨੈ।
ਦੂਖ ਨਿਵਾਰਹਿ ਸੁਖ ਕੋ ਦੇਹਿ। ਉਚਿਤ ਪ੍ਰਜਾ ਤੇ ਧਨ ਕੋ ਲੇਹਿ॥ ੩੩॥

ਰਾਜਾ ਨਿਆਂ ਕਰੇ ਤੇ ਲੋਭੀ ਨਾ ਬਣੇ ਤੇ ਮਨ ਵਿਚ ਦਇਆ ਸਹਿਤ ਹੋ ਕੇ ਜਗਤ ਦੀ ਰੱਖਿਆ ਕਰੇ। ਦੁਖ ਦੂਰ ਕਰੇ ਅਤੇ ਸੁਖ ਦੇਵੇ ਤੇ ਪਰਜਾ ਪਾਸੋਂ ਉਚਿਤ ਧਨ ਲਵੇ॥੩੩॥

ਤਸਕਰ ਬਟਪਾਰਨਿ ਕੋ ਮਾਰਹਿ। ਇੱਤਜਾਦਿਕ ਗਨ ਬਿਘਨ ਬਿਦਾਰਹਿ।
ਤਿਸ ਕੀ ਕੁਲ ਤੇ ਰਾਜ ਨ ਜਾਇ। ਜਥਾ ਜੋਗ ਜੋ ਧਰਮ ਚਲਾਇ॥ ੩੪॥

ਚੋਰਾਂ ਧਾੜਵੀਆਂ ਨੂੰ ਮਾਰੇ ਅਤੇ ਇਸ ਤਰ੍ਹਾਂ ਦੇ ਸਾਰੇ ਵਿਘਨ ਦੂਰ ਕਰੇ। ਉਸ ਦੀ ਕੁੱਲ ਵਿਚੋਂ ਫਿਰ ਰਾਜ ਨਹੀਂ ਜਾਂਦਾ ਹੈ, ਯਥਾ-ਯੋਗ ਜੋ ਧਰਮ ਚਲਾਉਂਦਾ ਹੈ॥੩੪॥

ਜਿਨਹੁਂ ਪ੍ਰਥਮ ਤਪ ਕਰਿ ਭੇ ਰਾਜਾ। ਰਾਜ ਪਾਇ ਪੁਨ ਲਗੇ ਕੁਕਾਜਾ।
ਬਿਸ਼ਯ ਭੋਗ ਮਹਿਂ ਬਹੁ ਗ਼ਲਤਾਨੇ। ਪ੍ਰਜਾ ਕਸ਼ਟ ਕੋ ਸੁਨਹਿਂ ਨ ਜਾਨੇਂ॥ ੩੫॥

ਜਿਨ੍ਹਾਂ ਨੇ ਪਹਿਲਾਂ ਤਪ ਕੀਤੇ ਹਨ, ਉਹ ਰਾਜੇ ਬਣੇ ਹਨ, ਪਰ ਰਾਜ ਪਾ ਕੇ ਜਿਹੜੇ ਮਾੜੇ ਕੰਮਾਂ ਵਿਚ ਲੱਗ ਜਾਂਦੇ ਹਨ ਤੇ ਵਿਸ਼ਿਆਂ ਭੋਗਾਂ ਵਿਚ ਗਲਤਾਨ ਹੋ ਜਾਂਦੇ ਹਨ, ਪਰਜਾ ਦੇ ਕਸ਼ਟ ਨੂੰ ਨਹੀਂ ਸੁਣਦੇ ਹਨ ਅਤੇ ਨਾ ਹੀ ਜਾਣਦੇ ਹਨ॥੩੫॥

ਜਯੋਂ ਕਯੋਂ ਕਰਿ ਲੇਂ ਧਨ ਕੋ ਛੀਨਿ। ਦਯਾ ਨ ਠਾਨਹਿਂ ਦੇਖਹਿਂ ਦੀਨਿ।
ਇਮ ਤਿਨ ਪਰ ਅਨੁਮਾਨ ਕਰੀਜੈ। ਦਿਨਪ੍ਰਤਿ ਰਾਜ ਤੇਜ ਇਨ ਛੀਜੈ॥ ੩੬॥

ਜਿਵੇਂ ਕਿਵੇਂ ਕਰਕੇ ਧਨ ਖੋਹ ਲੈਂਦੇ ਹਨ, ਦਇਆ ਧਾਰਨ ਕਰਕੇ ਗ਼ਰੀਬਾਂ ਨੂੰ ਨਹੀਂ ਵੇਖਦੇ ਹਨ। ਇਸ ਤਰ੍ਹਾਂ ਤਿਨ੍ਹਾਂ ਬਾਰੇ ਅੰਦਾਜ਼ਾ ਲਾ ਲਓ, ਇਨ੍ਹਾਂ ਦਾ ਦਿਨ ਪ੍ਰਤੀ ਰਾਜ ਦਾ ਤੇਜ ਖਤਮ ਹੁੰਦਾ ਜਾਂਦਾ ਹੈ॥੩੬॥

ਪ੍ਰਥਮ ਤੁਰਕ ਛਿਤਪਤਿ ਜੇ ਭਏ। ਸਭਿ ਨਰ ਨਾਰਿ ਨਜਾਉਂ ਕੋ ਕਿਯੇ।
ਹਿੰਦੂ ਮੁਸਲਮਾਨ ਸਮੁਦਾਇ। ਸਭਿ ਇਮਾਨ ਪਰ ਰਾਖਿ ਟਿਕਾਇ॥ ੩੭॥

ਪਹਿਲਾਂ ਜਿਹੜੇ ਤੁਰਕ ਬਾਦਸ਼ਾਹ ਹੋਏ ਹਨ, ਉਨ੍ਹਾਂ ਨੇ ਸਭ ਇਸਤਰੀ ਪੁਰਸ਼ਾਂ ਤੇ ਨਿਆਂ ਕੀਤਾ ਹੈ। ਹਿੰਦੂ ਮੁਸਲਮਾਨ ਇਕੱਠੇ ਰਹੇ ਹਨ, ਸਾਰੇ ਇਮਾਨ ਤੇ ਟਿਕਾ ਕੇ ਰੱਖੇ ਸਨ॥੩੭॥

ਅਬਿ ਨੌਰੰਗ ਬਡ ਕੁਮਤਿ ਉਠਾਈ। ਹਿੰਦੂ ਧਰਮ ਦੇਤਿ ਬਿਨਸਾਈ।
ਜਬਰੀ ਕਰਹਿ ਜ਼ੁਲਮ ਮਦ ਮਾਨੀ। ਪੀੜਤ ਪ੍ਰਜਾ ਤ੍ਰਾਸ ਕੋ ਠਾਨੀ॥ ੩੮॥

ਹੁਣ ਨੌਰੰਗੇ ਨੇ ਵੱਡੀ ਦੁਸ਼ਟਤਾ ਧਾਰਨ ਕੀਤੀ ਹੈ, ਹਿੰਦੂ ਧਰਮ ਨੂੰ ਖਤਮ ਕਰਨ ਲੱਗਾ ਹੈ। ਅਹੰਕਾਰ ਦੇ ਨਸ਼ੇ ਵਿਚ ਜਬਰੀ ਜ਼ੁਲਮ ਕਰ ਰਿਹਾ ਹੈ। ਦੁਖੀ ਹੋਈ ਪਰਜਾ ਤ੍ਰਾਹ-ਤ੍ਰਾਹ ਕਰ ਰਹੀ ਹੈ॥੩੮॥

ਯਾਂਤੇ ਜਾਨਜੋਂ ਜਾਇ ਬਿਦਤ ਹੀ। ਰਾਜ ਤੇਜ ਅਬਿ ਰਹੇ ਨ ਕਿਤ ਹੀ।
ਸਨੇ ਸਨੇ ਸਗਰੋ ਬਿਨਸਾਵੈ। ਥਿਰੈ ਨ ਅਸ ਕੋ ਦੁੰਦਭਿ ਵਾਵੈ॥ ੩੯॥

ਇਸ ਕਰਕੇ ਇਹ ਪ੍ਰਗਟ ਰੂਪ ਵਿਚ ਜਾਣਿਆ ਜਾਂਦਾ ਹੈ, ਇਨ੍ਹਾਂ ਦੇ ਰਾਜ ਦਾ ਤੇਜ ਹੁਣ ਕਿਤੇ ਵੀ ਨਹੀਂ ਰਹੇਗਾ। ਹੌਲੀ-ਹੌਲੀ ਸਾਰਾ ਰਾਜ ਖਤਮ ਹੋ ਜਾਵੇਗਾ, ਇਨ੍ਹਾਂ ਦਾ ਨਿਗਾਰਚੀ ਤਕ ਨਹੀਂ ਰਹੇਗਾ" ॥੩੯॥

ਇਮ ਕਹਿ ਤੂਸ਼ਨਿ ਭਏ ਗੁਸਾਈਂ। ਸੁਪਤਿ ਜਥਾ ਸੁਖ ਨਿਸਾ ਬਿਤਾਈ।
ਭਈ ਪ੍ਰਾਤਿ ਕਰਿ ਕੂਚ ਪਯਾਨੇ। ਪਹੁੰਚੇ ਖਟਕੜ ਗ੍ਰਾਮ ਸਥਾਨੇ॥ ੪੦॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਚੁੱਪ ਹੋ ਗਏ, ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ। ਸਵੇਰ ਹੋਣ 'ਤੇ ਕੂਚ ਕਰ ਦਿੱਤਾ ਤੇ ਖਟਕੜ ਪਿੰਡ ਦੇ ਸਥਾਨ 'ਤੇ ਪਹੁੰਚ ਗਏ॥੪੦॥

ਪੰਚਹੁਂ ਸਿੱਖ ਸੰਗ ਮਹਿਂ ਲੀਨੇ। ਅਪਰ ਨ ਮਿਲਹਿਂ ਬਰਜ ਕਰਿ ਦੀਨੇ।
ਹਿੰਦੂ ਧਰਮ ਜਗਤ ਮਹਿਂ ਰਾਖਨਿ। ਸਤਿਗੁਰ ਕਰੈਂ ਰਿਦੈ ਅਭਿਲਾਖਨਿ॥੪੧॥

ਪੰਜੇ ਸਿੱਖ ਆਪਣੇ ਨਾਲ ਲੈ ਲਏ, ਹੋਰ ਨਾ ਮਿਲਣ, ਵਰਜ ਦਿੱਤੇ ਸਨ। ਹਿੰਦੂ ਧਰਮ ਨੂੰ ਜਗਤ ਵਿਚ ਰੱਖਣ ਲਈ, ਸਤਿਗੁਰੂ ਜੀ ਆਪਣੇ ਹਿਰਦੇ ਵਿਚ ਅਭਿਲਾਸ਼ਾ ਰੱਖਦੇ ਸਨ॥੪੧॥

*ਬਾਰ੍ਹਵੀਂ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥*

## *ਅਧਿਆਇ ਪੈਂਤੀਵਾਂ*

*ਖਟਕੜ ਗ੍ਰਾਮ ਚੋਰ ਅੰਨ੍ਹੇ ਹੋਏ, ਜੀਂਦ, ਆਗਰੇ*

ਦੋਹਰਾ- ਖਟਕੜ ਗ੍ਰਾਮ ਸਮੀਪ ਹੀ ਉਤਰੇ ਸ੍ਰੀ ਗੁਰਦੇਵ।
ਤਹਿਂ ਕੇ ਰਾਹਕ ਆਨ ਕਰਿ ਨਹੀਂ ਕਰੀ ਕੁਛ ਸੇਵ॥ ੧॥

ਸ੍ਰੀ ਗੁਰਦੇਵ ਜੀ ਨੇ ਖਟਕੜ ਪਿੰਡ ਦੇ ਨੇੜੇ ਹੀ ਉਤਾਰਾ ਕਰ ਦਿੱਤਾ, ਉਥੋਂ ਦੇ ਕਿਸਾਨਾਂ ਨੇ ਆ ਕੇ ਕੋਈ ਸੇਵਾ ਨਾ ਕੀਤੀ॥੧॥

ਚੌਪਈ- ਧਨ ਕੋ ਦੇ ਕਰਿ ਮੋਲ ਮੰਗਾਯੋ। ਖਾਨ ਪਾਨ ਸਭਿ ਬਿਧਿ ਕਰਿਵਾਯੋ।
ਸੇਵ ਤੁਰੰਗਨਿ ਕੀ ਸਭਿ ਕੀਨਿ। ਤ੍ਰਿਣ ਅਨਵਾਇ ਮੋਲ ਕੋ ਦੀਨਿ॥੨॥

ਧਨ ਦੇ ਕੇ ਭੋਜਨ ਮੁੱਲ ਮੰਗਵਾਇਆ ਤੇ ਆਪਣੇ ਸਾਥੀਆਂ ਦਾ ਖਾਣ ਪੀਣ ਸਭ ਵਿਧੀਆਂ ਨਾਲ ਕਰਵਾਇਆ। ਘੋੜਿਆਂ ਦੀ ਸਭ ਪ੍ਰਕਾਰ ਸੇਵਾ ਕੀਤੀ ਤੇ ਘਾਹ ਮੰਗਵਾ ਕੇ ਉਸ ਦਾ ਮੁੱਲ ਦੇ ਦਿੱਤਾ॥੨॥

ਜ਼ਿਮੀਦਾਰ ਤਹਿਂ ਕੇ ਤਬਿ ਆਏ। ਪੁਸ਼ਟ ਤੁਰੰਗਮ ਦੇਖਿ ਲੁਭਾਏ।
ਮਿਲਿ ਆਪਸ ਮਹਿਂ ਮਸਲਤ ਠਾਨੇ। 'ਅਧਿਕ ਮੋਲ ਕੇ ਤੁਰੰਗ ਮਹਾਨੇ॥੩॥

ਉਥੇ ਦਾ ਫਿਰ ਜ਼ਿਮੀਂਦਾਰ ਆਇਆ, ਬਲਵਾਨ ਤੇ ਰਿਸ਼ਟ-ਪੁਸ਼ਟ ਘੋੜੇ ਵੇਖ ਕੇ ਉਹ ਲਲਚਾ ਗਿਆ। ਆਪਸ ਵਿਚ ਮਿਲ ਕੇ ਉਸ ਸਲਾਹ ਕੀਤੀ, "ਇਹ ਮਹਾਨ ਘੋੜੇ ਬਹੁਤ ਕੀਮਤੀ ਹਨ॥੩॥

ਲੇਹੁ ਨਿਸਾ ਮਹਿਂ ਇਨਹੁਂ ਚੁਰਾਇ। ਇਹ ਪਰਦੇਸੀ ਲਖਹਿਂ ਨ ਕਾਇ।
ਚਲੇ ਜਾਹਿੰਗੇ ਬਸ ਨ ਬਸਾਵੈ। ਇਨ ਪੀਛੇ ਹਮ ਸਦਨ ਬੰਧਾਵੈਂ॥ ੪॥

ਰਾਤ ਨੂੰ ਇਨ੍ਹਾਂ ਨੂੰ ਚੁਰਾ ਲਈਏ, ਇਹ ਪਰਦੇਸੀ ਕੁਝ ਨਹੀਂ ਸਮਝ ਸਕਣਗੇ। ਲੈ ਕੇ ਚਲੇ ਜਾਵਾਂਗੇ ਇਨ੍ਹਾਂ ਦਾ ਕੋਈ ਵੱਸ ਨਹੀਂ ਚਲੇਗਾ, ਇਨ੍ਹਾਂ ਦੇ ਪਿੱਛੋਂ ਅਸੀਂ ਆਪਣੇ ਘਰਾਂ ਵਿਚ ਬੰਨ੍ਹ ਲਵਾਂਗੇ॥੪॥

ਬੇਚਹਿੰਗੇ ਧਨ ਪਾਇ ਬਿਸਾਲਾ। ਔਚਕ ਭਯੋ ਲਾਭ ਇਸ ਕਾਲਾ।
ਇਮ ਆਪਸ ਮਹਿਂ ਗਿਨ ਮਤਿ ਮੂੜੇ। ਚਹੈਂ ਤੁਰੰਗਨ ਹੋਇ ਅਰੂੜੇ॥ ੫॥

ਇਨ੍ਹਾਂ ਨੂੰ ਵੇਚ ਕੇ ਬਹੁਤ ਧਨ ਪ੍ਰਾਪਤ ਕਰਾਂਗੇ, ਅਚਾਨਕ ਇਸ ਸਮੇਂ ਲਾਭ ਪ੍ਰਾਪਤ ਹੋ ਗਿਆ ਹੈ।'' ਇਸ ਤਰ੍ਹਾਂ ਮੂਰਖ ਮੱਤ ਵਾਲੇ ਆਪਸ ਵਿਚ ਸਲਾਹ ਕਰਦੇ ਸਨ, ਉਹ ਗੁਰੂ ਜੀ ਦੇ ਘੋੜਿਆਂ ਦੇ ਉੱਤੇ ਚੜ੍ਹਨਾ ਚਾਹੁੰਦੇ ਸਨ॥੫॥

ਭਯੋ ਨਿਸਾ ਮਹਿਂ ਤਿਮਰ ਘਨੇਰਾ। ਸਤਿਗੁਰ ਸੁਪਤਿ ਭਏ ਤਿਸ ਬੇਰਾ।
ਤਸਕਰ ਬਨਿ ਰਾਹਕ ਸੋ ਆਏ। ਹੇਰਿ ਤੁਰੰਗਨਿ ਕੇ ਨਿਯਰਾਏ॥ ੬॥

ਜਦ ਰਾਤ ਪਈ ਤਾਂ ਬਹੁਤ ਹਨੇਰਾ ਹੋ ਗਿਆ, ਸਤਿਗੁਰੂ ਜੀ ਉਸ ਸਮੇਂ ਸੌਂ ਰਹੇ ਸਨ। ਚੋਰ ਬਣ ਕੇ ਉਹ ਕਿਸਾਨ ਆਏ ਤੇ ਘੋੜਿਆਂ ਨੂੰ ਵੇਖ ਕੇ ਨੇੜੇ ਆਏ॥੬॥

ਖਸ਼ਟ ਚੋਰ ਖਟ ਘੋਰਨਿ ਹੇਤੁ। ਹੁਇ ਡੇਰੇ ਕੇ ਨੇਰ ਸੁਚੇਤ।
ਜਾਵਤ ਪਹਿਰੂ ਜਾਗਤਿ ਰਹਜੋ। ਤਾਕਤਿ ਰਹੇ ਨ ਹਯ ਕੋ ਗਹਜੋ॥ ੭॥

ਛੇ ਚੋਰ ਛੇ ਘੋੜਿਆਂ ਵਾਸਤੇ, ਡੇਰੇ ਦੇ ਨੇੜੇ ਆ ਕੇ ਸੁਚੇਤ ਹੋ ਗਏ। ਜਦ ਤਕ ਪਹਿਰੇਦਾਰ ਜਾਗਦਾ ਰਿਹਾ, ਘੋੜਿਆਂ ਨੂੰ ਫੜਨ ਦੀ ਤਾਕਤ ਨਾ ਪਈ॥੭॥

ਢਰੀ ਜਾਮਨੀ ਤੇ ਅਲਸਾਯੋ। ਨਿਕਟਿ ਬਿਲੋਕਹਿਂ ਤਿਨ ਲਖਿ ਪਾਯੋ।
ਖਸ਼ਟਹੁਂ ਖਟ ਘੋਰਨ ਕੀ ਓਰ। ਪਹੁੰਚਿ ਸਮੀਪੀ ਤੂਰਨ ਚੋਰ॥ ੮॥

ਰਾਤ ਜਦ ਢਲੀ ਤਾਂ ਪਹਿਰੇਦਾਰ ਸੁਸਤ ਹੋ ਗਿਆ, ਨੇੜੇ ਹੋ ਕੇ ਵੇਖ ਕੇ ਉਹ ਸਮਝ ਗਏ। ਛੇਵੇਂ ਮੰਜੀਆਂ ਘੋੜਿਆਂ ਵਾਲੇ ਪਾਸੇ ਸਨ। ਚੋਰ ਤੁਰਤ ਪਾਸ ਪਹੁੰਚ ਗਏ॥੮॥

ਜਬਿ ਬੰਧਨ ਕਹੁ ਮੋਚਨ ਲਾਗੇ। ਅੰਧ ਭਏ ਤਤਕਾਲ ਕੁਭਾਗੇ।
ਹਟਿ ਆਗੇ ਤੇ ਗਏ ਪਿਛਾਰੀ। ਜਬਹਿ ਦਾਮ ਦਿਸ਼ਿ ਭੁਜਾ ਪਸਾਰੀ॥ ੯॥

ਜਦ ਉਹ ਘੋੜਿਆਂ ਦੇ ਰੱਸੇ ਖੋਲ੍ਹਣ ਲੱਗੇ ਤਾਂ ਮਾੜੇ ਭਾਗਾਂ ਵਾਲੇ ਤੁਰਤ ਅੰਨ੍ਹੇ ਹੋ ਗਏ। ਅਗੋਂ ਹੱਟ ਕੇ ਪਿੱਛੇ ਚਲੇ ਗਏ। ਜਦ ਖੋਲ੍ਹਣ ਵਾਸਤੇ ਸੱਜੇ ਪਾਸੇ ਵਲ ਆਪਣੀ ਬਾਂਹ ਅੱਗੇ ਕੀਤੀ॥੯॥

ਕਛੂ ਨ ਦੀਸਹਿ ਦ੍ਰਿਸ਼ਟਿ ਪ੍ਰਹਾਨੀ। ਪਿਖਿ ਅਦਭੁਤ ਗਤਿ ਮਤਿ ਬਿਸਮਾਨੀ।
ਜਬਿ ਘੋਰਨਿ ਤੇ ਦੂਰ ਸਿਧਾਰੈਂ। ਸਭਿ ਕਿਛੁ ਵਸਤੂ ਅੱਗ੍ਰ ਨਿਹਾਰੈਂ॥ ੧੦॥

ਕੁਝ ਵੀ ਨਹੀਂ ਦਿੱਸਦਾ ਸੀ, ਨਜ਼ਰ ਜਾਂਦੀ ਰਹੀ, ਇਹ ਅਦਭੁਤ ਗਤੀ ਵੇਖ ਕੇ, ਉਨ੍ਹਾਂ ਦੀ ਬੁੱਧੀ ਬਹੁਤ ਹੈਰਾਨ ਹੋਈ। ਜਦ ਘੋੜਿਆਂ ਤੋਂ ਦੂਰ ਚਲੇ ਜਾਂਦੇ ਸਨ ਤਾਂ ਸਭ ਵਸਤਾਂ ਅੱਗੇ ਦਿੱਸਣ ਲੱਗ ਜਾਂਦੀਆਂ ਸਨ॥੧੦॥

ਹਯਨਿ ਸਮੀਪੀ ਹੋਵਹਿਂ ਹੇਰਿ। ਤਿਮ ਹੀ ਦ੍ਰਿਸ਼ਟਿ ਬਿਨਾਸਹਿ ਫੇਰ।
ਇਹ ਬਿਧਿ ਲਖਿ ਅਚਮਤ ਜੁਤਿ ਜਾਨੇ। ਦੀਨ ਹੋਇ ਸਭਿ ਬੰਦਨ ਠਾਨੇ॥੧੧॥

ਘੋੜਿਆਂ ਨੂੰ ਵੇਖ ਕੇ ਜਦ ਪਾਸ ਹੁੰਦੇ ਸਨ ਤਦ ਉਸੇ ਵੇਲੇ ਵਿਖਾਈ ਦੇਣਾ ਬੰਦ ਹੋ ਜਾਂਦਾ ਸੀ। ਇਹ ਵਿਧੀ ਵੇਖ ਕੇ ਕਰਾਮਾਤ ਸਹਿਤ ਜਾਣੇ, ਦੀਨ ਹੋ ਕੇ ਸਾਰਿਆਂ ਨੇ ਬੰਦਨਾ ਕੀਤੀ॥੧੧॥

ਸਦਨ ਆਪਨੇ ਚਲਿ ਕਰਿ ਆਏ। ਸੁਜਸੁ ਬਖਾਨਹਿਂ ਮਿਲਿ ਸਮੁਦਾਏ।
ਤਿਨ ਮਹੁਂ ਸਜਾਨੇ ਕੀਨਿ ਬਖਾਨ। 'ਇਹ ਗੁਰ ਸਮਰਥ ਮਹਿਦ ਮਹਾਨ ॥੧੨॥

ਚਲ ਕੇ ਆਪਣੇ-ਆਪਣੇ ਘਰਾਂ ਵਿਚ ਆ ਗਏ, ਸਾਰੇ ਇਕੱਠੇ ਹੋ ਕੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਕਰਦੇ ਸਨ। ਉਨ੍ਹਾਂ ਵਿਚ ਇਕ ਸਿਆਣੇ ਮਨੁੱਖ ਨੇ ਕਿਹਾ, "ਇਹ ਗੁਰੂ ਜੀ ਵੱਡੇ ਤੇ ਮਹਾਨ ਸਮਰੱਥ ਹਨ॥੧੨॥

ਹੋਤਿ ਪ੍ਰਭਾਤਿ ਪ੍ਰਸੰਨ ਕਰੀਜੈ। ਮਨ ਭਾਵੰਤਿ ਸੁਖ ਕੋ ਬਰ ਲੀਜੈ'।
ਮਿਲਿ ਸਭਿ ਨੇ ਮਸਲਤ ਇਹ ਧਾਰੀ। 'ਗ੍ਰਾਮ ਕੂਪ ਖਾਰੀ ਸਭਿ ਬਾਰੀ॥੧੩॥

ਸਵੇਰ ਹੋਣ ਤੇ ਇਨ੍ਹਾਂ ਨੂੰ ਪ੍ਰਸੰਨ ਕਰੀਦੇ ਤੇ ਮਨ-ਭਾਉਂਦਾ ਸੁਖ ਦਾ ਵਰ ਲਈਏ।" ਸਾਰਿਆਂ ਨੇ ਮਿਲ ਕੇ ਇਹ ਸਲਾਹ ਧਾਰਨ ਕੀਤੀ, "ਪਿੰਡ ਦੇ ਸਾਰੇ ਖੂਹਾਂ ਦਾ ਪਾਣੀ ਖਾਰਾ ਹੈ॥੧੩॥

ਬਰ ਜਾਚਹੁ ਮੀਠਾ ਜਲ ਹੋਇ। ਜਿਤੇ ਬਸਹੁ ਸੁਖ ਲਿਹੁ ਸਭਿ ਕੋਇ।
ਸਾਂਝਾ ਸਭਿ ਕੋ ਕਾਰਜ ਅਹੈ। ਇਸ ਪ੍ਰਕਾਰ ਕੋ ਜੇ ਬਰ ਲਹੈਂ'॥੧੪॥

ਇਨ੍ਹਾਂ ਪਾਸੋਂ ਵਰ ਮੰਗੀਏ ਕਿ ਪਾਣੀ ਮਿੱਠਾ ਹੋ ਜਾਵੇ, ਜਿੰਨੇ ਵਸਦੇ ਹੋ ਸਭ ਕੋਈ ਸੁਖ ਪ੍ਰਾਪਤ ਕਰੋ। ਇਹ ਸਾਰਿਆਂ ਦਾ ਸਾਂਝਾ ਕਾਰਜ ਹੈ, ਇਸ ਪ੍ਰਕਾਰ ਦਾ ਜੇ ਅਸੀਂ ਵਰ ਪ੍ਰਾਪਤ ਕਰੀਏ"॥੧੪॥

ਭਈ ਪ੍ਰਭਾਤਿ ਦੂਧ ਦਧਿ ਲੀਨਿ। ਚਾਵਰ ਚੂਨ ਸੁ ਘ੍ਰਿਤ ਨਵੀਨ।
ਹੁਇ ਨਿਸ਼ਕਪਟ ਗਏ ਗੁਰ ਪਾਸ। ਠਾਂਢੇ ਹੋਇ ਕਰੀ ਅਰਦਾਸ॥੧੫॥

ਸਵੇਰ ਹੋਈ ਤਾਂ ਦੁੱਧ ਦਹੀਂ ਲਿਆ, ਚਾਵਲ ਆਟਾ ਤੇ ਤਾਜ਼ਾ ਘਿਉ ਲਿਆ ਤੇ ਨਿਸ਼ਕਪਟ ਹੋ ਕੇ ਗੁਰੂ ਜੀ ਦੇ ਪਾਸ ਗਏ ਤੇ ਖੜੇ ਹੋ ਕੇ ਅਰਦਾਸ ਕੀਤੀ॥੧੫॥

'ਹਮ ਰਾਹਕ ਕਰਤਾ ਅਪਰਾਧੂ। ਅਧਮ ਉਧਾਰਨ ਤੁਮ ਪ੍ਰਿਯ ਸਾਧੂ।
ਮਹਿ ਮਹਿਂ ਮਹਿਮਾਂ ਮਹਾਂ ਮਹਾਂ ਹੈ। ਸੁਨਿਯਤਿ ਗੁਰੂ ਕੀ ਜਹਾਂ ਕਹਾਂ ਹੈ॥੧੬॥

"ਅਸੀਂ ਕਿਸਾਨ ਅਪਰਾਧ ਕਰਨ ਵਾਲੇ ਹਾਂ, ਨੀਚਾਂ ਪਾਪੀਆਂ ਦਾ ਉਧਾਰ ਕਰਨ ਵਾਲੇ ਤੁਸੀਂ ਪਿਆਰੇ ਸਾਧੂ ਹੋ। ਧਰਤੀ ਵਿਚ ਤੁਹਾਡੀ ਮਹਿਮਾ ਬਹੁਤ ਤੋਂ ਬਹੁਤ ਹੈ। ਜਿੱਥੇ ਕਿੱਥੇ ਗੁਰੂ ਜੀ ਦੀ ਇਹ ਮਹਿਮਾ ਸੁਣੀ ਜਾਂਦੀ ਹੈ॥੧੬॥

ਹਮ ਅਨਜਾਨ ਪਨੇ ਮਨ ਖੋਟੇ। ਜਾਨਿ ਸਕਹਿਂ ਕਿਮ ਜੇ ਮਤਿ ਮੋਟੇ।
ਬਖਸ਼ਾਵਨਿ ਕੌ ਮਿਲਿ ਚਲਿ ਆਏ। ਕ੍ਰਿਪਾ ਕਰਹੁ ਅਬਿ ਦਯਾਲ ਸੁਭਾਏ'॥੧੭॥

ਅਸੀਂ ਅਨਜਾਣ ਖੋਟੇ ਮਨਾਂ ਵਾਲੇ ਹਾਂ, ਅਸੀਂ ਮੋਟੀ ਮੱਤ ਵਾਲੇ ਕਿਵੇਂ ਜਾਣ ਸਕਦੇ ਹਾਂ। ਆਪਣੇ ਆਪ ਨੂੰ ਬਖਸ਼ਾਉਣ ਵਾਸਤੇ ਮਿਲ ਕੇ ਚਲ ਕੇ ਆਏ ਹਾਂ, ਕਿਰਪਾ ਕਰਕੇ ਹੁਣ ਆਪਣੇ ਸੁਭਾਅ ਨੂੰ ਦਿਆਲੂ ਬਣਾਓ"॥੧੭॥

ਸੁਨਿ ਅਕਪਟ ਗੁਰ ਕਹਯੋ ਕ੍ਰਿਪਾਲਾ। 'ਭਲੇ ਲਖਹੁ ਆਏ ਇਸ ਕਾਲਾ।
ਨਿਜ ਅਪਰਾਧ ਬਿਦਤ ਕਹਿ ਦੀਨਿ। ਬਿਗਰੇ ਕਾਜ ਸੁਧਾਰਨਿ ਕੀਨਿ॥੧੮॥

ਉਨ੍ਹਾਂ ਦੇ ਕਪਟ ਰਹਿਤ ਮਨਾਂ ਨੂੰ ਸੁਣ ਕੇ ਕ੍ਰਿਪਾਲੂ ਗੁਰੂ ਜੀ ਨੇ ਕਿਹਾ, "ਭਲਾ ਸਮਝੋ, ਇਸ ਸਮੇਂ ਆਏ ਹੋ। ਆਪਣੇ ਅਪਰਾਧ ਨੂੰ ਪ੍ਰਗਟ ਕਹਿ ਦਿਤਾ ਹੈ, ਵਿਗੜੇ ਕਾਰਜ ਨੂੰ ਸੁਧਾਰ ਲਿਆ ਹੈ॥੧੮॥

ਸਭਿ ਕੀ ਕਹਹੁ ਕਾਮਨਾ ਕੌਨ। ਕਜਾ ਜਾਚਤ ਹੈਂ ਉਚਰੋ ਤੌਨ'।
ਗੁਰ ਕਰੁਨਾ ਕੋ ਰਾਹਕ ਜਾਨੀ। ਬੰਦੇ ਪਾਨ ਬਖਾਨੀ ਬਾਨੀ॥੧੯॥

ਸਾਰਿਆਂ ਦੀ ਦੱਸੋ ਕੀ ਕਾਮਨਾ ਹੈ, ਜੋ ਮੰਗਦੇ ਹੋ, ਉਹ ਉਚਾਰਨ ਕਰੋ।" ਗੁਰੂ ਜੀ ਦੀ ਕਿਰਪਾ ਨੂੰ ਕਿਸਾਨਾਂ ਨੇ ਜਾਣਿਆ ਤੇ ਹੱਥ ਜੋੜ ਕੇ ਬੇਨਤੀ ਕਹੀ॥੧੯॥

'ਹਮਰੇ ਗ੍ਰਾਮ ਸੀਮ ਜਹਿਂ ਤੀਕਾ। ਜਲ ਖਾਰੋ ਹੁਇ, ਮਿਲੈ ਨ ਨੀਕਾ।
ਆਪ ਅਹੋ ਸਤਿ ਪੁਰਖ ਮਹਾਨਾ। ਸ੍ਰੀ ਮੁਖ ਤੇ ਜਹਿਂ ਕਰਹੁ ਬਖਾਨਾ॥੨੦॥

"ਸਾਡੇ ਪਿੰਡ ਦੀ ਜਿਥੋਂ ਤੱਕ ਹੱਦ ਹੈ, ਸਾਰੇ ਖੂਹਾਂ ਦਾ ਜਲ ਖਾਰਾ ਹੈ, ਚੰਗਾ ਪਾਣੀ ਮਿਲਦਾ ਨਹੀਂ ਹੈ। ਤੁਸੀਂ ਮਹਾਨ ਸਤ ਪੁਰਖ ਹੋ, ਆਪਣੇ ਸ੍ਰੇਸ਼ਟ ਮੁਖ ਤੋਂ ਜੋ ਵੀ ਕਹਿੰਦੇ ਹੋ, ਸੱਚ ਹੋ ਜਾਂਦਾ ਹੈ॥੨੦॥

ਇਹਾਂ ਕੂਪ ਕੋ ਅਬਿ ਖਨਵਾਵਹੁ। ਜਿਹ ਸਥਾਨ ਮੈਂ ਆਪ ਬਤਾਵਹੁ।
ਤਹਾਂ ਖਨਹਿਂ ਜਲ ਮੀਠਾ ਹੋਇ। ਹਰਖਹਿਂ ਪਾਨ ਕਰਹਿਂ ਸਭਿ ਕੋਇ॥੨੧॥

ਏਥੇ ਹੁਣ ਖੂਹ ਪੁਟਵਾਈਏ, ਜਿਸ ਸਥਾਨ 'ਤੇ ਤੁਸੀਂ ਆਪ ਦੱਸੋ, ਉਥੇ ਪੁਟੀਏ ਤੇ ਜਲ ਮਿੱਠਾ ਹੋਵੇ ਪ੍ਰਸੰਨ ਹੋ ਕੇ ਸਾਰੇ ਪਾਣੀ ਪੀਵਾਂਗੇ॥੨੧॥

ਇਹੀ ਕਾਮਨਾ ਸਭਿ ਕੇ ਮਨ ਕੀ। ਸ਼ਰਧਾ ਰਾਵਰਿ ਕੇਰ ਬਚਨ ਕੀ'।
ਤਬਿ ਸਤਿਗੁਰੁ ਕਰ ਧਨੁਖ ਸੰਭਾਰਾ। ਤਰਕਸ਼ ਤੇ ਇਕ ਤੀਰ ਨਿਕਾਰਾ॥੨੨॥

ਇਹ ਕਾਮਨਾ ਸਾਰਿਆਂ ਦੇ ਮਨ ਦੀ ਹੈ, ਆਪ ਜੀ ਦੇ ਬਚਨਾਂ ਨੂੰ ਸੁਣਨ ਦੀ ਸਾਡੀ ਸ਼ਰਧਾ ਹੈ।" ਤਦ ਸਤਿਗੁਰੂ ਜੀ ਨੇ ਹੱਥ ਵਿਚ ਆਪਣੇ ਧਨੁੱਖ ਨੂੰ ਸੰਭਾਲਿਆ ਤੇ ਭੱਥੇ ਵਿਚੋਂ ਇਕ ਤੀਰ ਨੂੰ ਕਢਿਆ॥੨੨॥

ਸੰਧਿ ਪਨਚ ਮਹਿਂ ਐਂਚਿ ਚਲਾਯੋ। ਪਰਯੋ ਦੂਰ ਗੁਰ ਬਾਕ ਅਲਾਯੋ।
'ਜਹਿਂ ਲਗਿ ਬਾਨ ਹਮਾਰੋ ਗਯੋ। ਤਹਿਂ ਲਗਿ ਜਲ ਮੀਠੋ ਕਰਿ ਦਯੋ॥੨੩॥

ਚਿੱਲੇ ਵਿਚ ਜੋੜ ਕੇ ਖਿੱਚ ਕੇ ਚਲਾਇਆ, ਤੀਰ ਬਹੁਤ ਦੂਰ ਜਾ ਕੇ ਡਿੱਗਾ ਤਾਂ ਗੁਰੂ ਜੀ ਨੇ ਬਚਨ ਕੀਤਾ, "ਜਿਥੋਂ ਤੱਕ ਸਾਡਾ ਤੀਰ ਗਿਆ ਹੈ, ਉਥੋਂ ਤੱਕ ਅਸੀਂ ਜਲ ਮਿੱਠਾ ਕਰ ਦਿੱਤਾ ਹੈ॥੨੩॥

ਤਿਸ ਤੇ ਉਰੇ ਕੂਪ ਜੋ ਲਾਵਹੁ। ਜਲ ਮੀਠੋ ਹੁਇ ਪੀ ਤ੍ਰਿਪਤਾਵਹੁ'।
ਸੁਨਿ ਕੈ ਰਾਹਕ ਗਨ ਹਰਖਾਏ। ਹਾਥ ਜੋਰਿ ਸਭਿ ਸੀਸ ਨਿਵਾਏ॥੨੪॥

ਉਸ ਤੋਂ ਉਰੇ ਜਿਹੜਾ ਖੂਹ ਲਾਵੋਗੇ, ਜਲ ਮਿੱਠਾ ਹੋਵੇਗਾ ਪੀ ਕੇ ਤ੍ਰਿਪਤ ਹੋਵੋ।" ਇਹ ਸੁਣ ਕੇ ਸਾਰੇ ਕਿਸਾਨ ਬਹੁਤ ਪ੍ਰਸੰਨ ਹੋਏ ਤੇ ਹੱਥ ਜੋੜ ਕੇ ਸਾਰਿਆਂ ਨੇ ਸਿਰ ਨਿਵਾਏ॥੨੪॥

ਗੁਰੂ ਬਾਕ ਮਹਿਂ ਸ਼ਰਧਾ ਧਾਰੀ। ਕੂਪ ਖਨਾਯਹੁ ਭਾ ਬਰਬਾਰੀ।
ਇਕ ਦਿਨ ਗੁਰ ਰਾਖੇ ਕਰ ਜੋਰਤਿ। ਸੇਵਾ ਕੀਨਸਿ ਚਰਨ ਨਿਹੋਰਤਿ॥੨੫॥

ਗੁਰੂ ਜੀ ਦੇ ਬਚਨਾਂ ਵਿਚ ਸ਼ਰਧਾ ਧਾਰਨ ਕੀਤੀ, ਖੂਹ ਪੁਟਵਾਇਆ ਤਾਂ ਸ੍ਰੇਸ਼ਟ ਜਲ ਨਿਕਲਿਆ। ਉਨ੍ਹਾਂ ਕਿਸਾਨਾਂ ਨੇ ਹੱਥ ਜੋੜ ਕੇ ਇਕ ਦਿਨ ਗੁਰੂ ਜੀ ਨੂੰ ਆਪਣੇ ਪਾਸ ਰਖਿਆ ਤੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕ ਕੇ ਸੇਵਾ ਕੀਤੀ॥੨੫॥

ਦਿਵਸ ਆਗਲੇ ਜ਼ੀਨ ਪਵਾਏ। ਹਯ ਅਰੂੜਿ ਗੁਰ ਅੱਗੂ ਸਿਧਾਏ।
ਨਗਰ ਬਿਸਾਲ 'ਜੀਂਦਾ' ਜਿਸ ਨਾਮ। ਚਾਰਹੁੰ ਬਰਨ ਬਸਹਿਂ ਅਭਿਰਾਮ॥੨੬॥

ਗੁਰੂ ਜੀ ਨੇ ਅਗਲੇ ਦਿਨ ਘੋੜਿਆਂ 'ਤੇ ਕਾਠੀਆਂ ਪਵਾਈਆਂ ਤੇ ਘੋੜੇ 'ਤੇ ਸਵਾਰ ਹੋ ਕੇ ਗੁਰੂ ਜੀ ਅੱਗੇ ਚਲ ਪਏ। ਇਕ ਵਿਸ਼ਾਲ ਨਗਰ ਜਿਸ ਦਾ ਨਾਮ ਜੀਂਦ ਸੀ, ਰਾਹ ਵਿਚ ਆਇਆ, ਉਥੇ ਚਾਰੇ ਵਰਨ ਸੁੰਦਰ ਢੰਗ ਨਾਲ ਵੱਸ ਰਹੇ ਸਨ॥੨੬॥

ਰਾਜ ਤੁਰਕ ਕੋ ਕੂਰ ਬਡੇਰਾ। ਕਰਹਿ ਕੁਕਰਮਨਿ ਹਿੰਦੁਨਿ ਜ਼ੇਰਾ।
ਤਹਾਂ ਜਾਇ ਗੁਰੂ ਕੀਨੋ ਡੇਰਾ। ਜਹਾਂ ਸਥਾਨ ਭਲੋ ਬਡ ਹੇਰਾ॥ ੨੭॥

ਤੁਰਕ ਦਾ ਰਾਜ ਵੱਡਾ ਭਿਆਨਕ ਸੀ, ਬਾਦਸ਼ਾਹ ਹਿੰਦੂਆਂ ਨੂੰ ਅਧੀਨ ਕਰਕੇ ਕੁਕਰਮ ਕਰਦਾ ਸੀ। ਉਥੇ ਜਾ ਕੇ ਗੁਰੂ ਜੀ ਨੇ ਡੇਰਾ ਲਾ ਲਿਆ, ਜਿੱਥੇ ਵੱਡਾ ਭਲਾ ਸਥਾਨ ਵੇਖਿਆ॥੨੭॥

ਅੰਨ ਆਦਿ ਸਭਿ ਮੋਲ ਮੰਗਾਏ। ਸਿੱਧ ਰਸੋਈ ਕਰਿ ਤ੍ਰਿਪਤਾਏ।
ਤ੍ਰਿਣ ਦਾਨਾ ਹਯ ਦੀਨਿ ਨਿਹਾਰੀ। ਸੁਪਤਿ ਜਥਾ ਸੁਖ ਨਿਸਾ ਗੁਜ਼ਾਰੀ॥ ੨੮॥

ਅਨਾਜ ਆਦਿ ਸਭ ਮੁੱਲ ਮੰਗਵਾਏ, ਰਸੋਈ ਤਿਆਰ ਕਰਕੇ ਖਾ ਪੀ ਕੇ ਤ੍ਰਿਪਤ ਹੋ ਗਏ। ਘੋੜਿਆਂ ਨੂੰ ਘਾਹ ਦਾਣੇ ਅਤੇ ਨਿਹਾਰੀ ਦਿੱਤੀ ਤੇ ਸੌਂ ਕੇ ਸੁਖ ਨਾਲ ਰਾਤ ਗੁਜ਼ਾਰੀ॥੨੮॥

ਉਠੇ ਪ੍ਰਭਾਤੀ ਕੀਨਿ ਸ਼ਨਾਨੇ। 'ਕਰਹੁ ਕੂਚ' ਗੁਰ ਬਾਕ ਬਖਾਨੇ।
ਜ਼ੀਨ ਤੁਰੰਗਨ ਪਰ ਤਬਿ ਡਾਲੇ। ਹੁਇ ਅਰੂਢ ਆਗੇ ਮਗ ਚਾਲੇ॥ ੨੯॥

ਸਵੇਰੇ ਉੱਠ ਕੇ ਇਸ਼ਨਾਨ ਕੀਤਾ, ਫਿਰ ਗੁਰੂ ਜੀ ਨੇ ਬਚਨ ਕੀਤਾ, "ਕੂਚ ਕਰੋ।" ਘੋੜਿਆਂ ਉੱਤੇ ਫਿਰ ਕਾਠੀਆਂ ਪਾਈਆਂ ਤੇ ਸਵਾਰ ਹੋ ਕੇ ਅੱਗੇ ਮਾਰਗ 'ਤੇ ਚਲ ਪਏ॥੨੯॥

ਨਰਦਕ ਦੇਸ਼ ਬਿਖੇ ਗਮਨੰਤੇ। ਮਜਲ ਅਲਪ ਕਰਿ ਪੁਨ ਉਤਰੰਤੇ।
ਜੀਂਦ ਪਰੇ ਇਕ ਹੈ ਗੁਰ ਥਾਨਾ। ਤਹਾਂ ਕਰਨਿ ਡੇਰਾ ਹਮ ਜਾਨਾ॥ ੩੦॥

ਬਾਂਗਰ ਦੇਸ਼ ਵਿਖੇ ਜਾ ਰਹੇ ਸਨ, ਥੋੜੀ ਮੰਜ਼ਲ ਕਰਕੇ ਫਿਰ ਉਤਾਰਾ ਕਰ ਲੈਂਦੇ ਸਨ। ਜੀਂਦ ਤੋਂ ਪਰ੍ਹੇ ਇਕ ਗੁਰੂ ਜੀ ਦਾ ਸਥਾਨ ਹੈ। ਕਵੀ ਜੀ ਦੱਸਦੇ ਹਨ ਕਿ ਉਥੇ ਗੁਰੂ ਜੀ ਨੇ ਡੇਰਾ ਕੀਤਾ ਸੀ, ਅਸੀਂ ਖੋਜ ਕੀਤੀ ਹੈ॥੩੦॥

ਆਗੈ ਥਾਉਂ ਬਿਦਤ ਨਹਿਂ ਕੋਈ। ਸਿੱਖੀ ਅਲਪ ਹੁਤੀ ਤਿਤ ਜੋਈ।
ਯਾਂ ਤੇ ਨਹਿਂ ਕਿਨ ਥਾਨ ਬਨਾਯੋ। ਸਿੰਘਨ ਬਿਖੇ ਨਹੀਂ ਬਿਦਤਾਯੋ॥ ੩੧॥

ਅੱਗੇ ਕੋਈ ਵੀ ਥਾਂ ਪ੍ਰਗਟ ਰੂਪ ਵਿਚ ਮਸ਼ਹੂਰ ਨਹੀਂ ਹੈ, ਉਸ ਸਥਾਨ ਤੇ ਥੋੜੀ ਵੀ ਸਿੱਖੀ ਨਹੀਂ ਸੀ। ਇਸ ਕਰਕੇ ਏਥੇ ਕਿਸੇ ਨੇ ਸਥਾਨ ਨਹੀਂ ਬਣਾਇਆ ਹੈ ਤੇ ਸਿੰਘਾਂ ਵਿਚ ਵੀ ਨਹੀਂ ਪ੍ਰਗਟ ਹੋਇਆ ਹੈ॥੩੧॥

ਨਗਰ ਆਗਰੇ ਮਾਰਗ ਜੌਨ। ਕਰਿਕੈ ਸੇਧ ਚਲੇ ਗੁਰ ਤੌਨ।
ਪੰਥ ਬਿਖੈ ਨਹਿਂ ਕੀਨਿ ਮੁਕਾਮੂ। ਉਤਰੇ ਨਹੀਂ ਕਿਸੀ ਨਰ ਧਾਮੂ॥ ੩੨॥

ਜਿਹੜਾ ਆਗਰੇ ਨਗਰ ਵਲ ਰਾਹ ਜਾਂਦਾ ਸੀ, ਗੁਰੂ ਜੀ ਉਸ ਨਗਰ ਦੀ ਸੇਧ ਧਾਰ ਕੇ ਚਲ ਪਏ। ਰਾਹ ਵਿਚ ਕਿਤੇ ਵੀ ਮੁਕਾਮ ਨਾ ਕੀਤਾ ਤੇ ਕਿਸੇ ਵੀ ਮਨੁੱਖ ਦੇ ਘਰ ਨਾ ਉੱਤਰੇ॥੩੨॥

ਦਿਨ ਪ੍ਰਤਿ ਗਮਨੇ ਜਾਇਂ ਅਗਾਰੀ। ਉਤਰੈਂ ਜਾਮਨ ਦੇਹਿਂ ਗੁਜ਼ਾਰੀ।
ਕੋ ਸਿਖ ਸੰਤ ਮਿਲੈ ਸੁਖ ਪਾਇ। ਸਤਿਗੁਰੁ ਕੇ ਪਗ ਸੀਸ ਨਿਵਾਇ॥ ੩੩॥

ਪ੍ਰਤਿ ਦਿਨ ਅੱਗੇ ਚਲੇ ਜਾ ਰਹੇ ਸਨ, ਰਾਤ ਨੂੰ ਕਿਸੇ ਥਾਂ ਉਤਾਰਾ ਕਰਕੇ ਗੁਜ਼ਾਰ ਲੈਂਦੇ ਸਨ। ਕੋਈ ਸਿੱਖ ਸੰਤ ਮਿਲ ਕੇ ਸੁਖ ਪਾਉਂਦਾ ਸੀ ਤੇ ਸਤਿਗੁਰੂ ਜੀ ਦੇ ਚਰਨ ਕੰਵਲਾਂ 'ਤੇ ਸੀਸ ਨਿਵਾਉਂਦਾ ਸੀ॥੩੩॥

ਉਦਾਸੀਨ ਹੁਇ ਸਭਿ ਤੇ ਚਾਲੇ। ਜਰ ਨੀਵੀਂ ਤੁਰਕਾਨ ਬਿਸਾਲੇ।
ਤਿਨਹੁਂ ਉਖਾਰਨਿ ਉੱਦਮ ਧਾਰਾ। ਸਿਰ ਪਰ ਦੇ ਕਰਿ ਦੋਸ਼ ਉਦਾਰਾ॥ ੩੪॥

ਸਭ 'ਤੇ ਉਦਾਸੀਨ ਹੋਏ ਚਲੇ ਜਾ ਰਹੇ ਸਨ, ਤੁਰਕਾਂ ਦੀ ਜੜ੍ਹ ਬੜੀ ਨੀਵੀਂ ਹੈ, ਉਸ ਜੜ੍ਹ ਨੂੰ ਉਖਾੜਨ ਦਾ ਉੱਦਮ ਧਾਰਨ ਕੀਤਾ ਹੈ, ਆਪਣੇ ਸਿਰ ਉੱਪਰ ਵੱਡਾ ਦੋਸ਼ ਲੈ ਲਿਆ ਹੈ॥੩੪॥

ਕੇਤਿਕ ਦਿਨ ਲਗਿ ਗਮਨੇ ਗਏ। ਅਲਪ ਮਜਲ ਕਰਿ ਨਿਸ ਉਤਰਏ।
ਭੋਜਨ ਤ੍ਰਿਣ ਦਾਨਾ ਰੁ ਨਿਹਾਰੀ। ਮੋਲ ਮੰਗਾਵਹਿਂ ਕਰਹਿਂ ਅਹਾਰੀ॥ ੩੫॥

ਕਈ ਦਿਨ ਚਲਦੇ ਗਏ, ਛੋਟੀ ਮੰਜ਼ਲ ਤੈਅ ਕਰਕੇ ਰਾਤ ਨੂੰ ਉਤਾਰਾ ਕਰ ਲੈਂਦੇ ਸਨ ਤੇ ਭੋਜਨ ਛੱਕਦੇ ਸਨ ਤੇ ਘੋੜਿਆਂ ਨੂੰ ਘਾਹ, ਦਾਣੇ ਅਤੇ ਨਿਹਾਰੀ ਚਾਰਦੇ ਸਨ। ਭੋਜਨ ਮੁੱਲ ਮੰਗਵਾ ਕੇ ਛਕਦੇ ਸਨ॥੩੫॥

ਇਸੀ ਰੀਤਿ ਸਭਿ ਪੰਥ ਪਯਾਨੇ। ਨਗਰ ਆਗਰਾ ਤਬਿ ਨਿਯਰਾਨੇ।
ਤੁਰਕਨਿ ਕੀ ਸੋ ਭੀ ਰਜਧਾਨੀ। ਬਾਸਹਿ ਚਿਰੰਕਾਲ ਤਿਸ ਥਾਨੀ॥ ੩੬॥

ਇਸ ਹੀ ਰੀਤ ਨਾਲ ਸਾਰਾ ਮਾਰਗ ਚਲਦੇ ਗਏ, ਤਦ ਆਗਰਾ ਨਗਰ ਨੇੜੇ ਆ ਗਿਆ। ਉਹਵੀ ਤੁਰਕਾਂ ਦੀ ਰਾਜਧਾਨੀ ਸੀ, ਉਸ ਸਥਾਨ 'ਤੇ ਤੁਰਕ ਬਹੁਤ ਦੇਰ ਤਕ ਰਹੇ ਸਨ॥੩੬॥

ਨਿਕਟਿ ਨਿਕਟਿ ਉਪਬਨ ਲਗਵਾਏ। ਖਰੇ ਸਫਲ ਤਰੁਵਰ ਸਮੁਦਾਏ।
ਤੁਰਸ਼ ਮਧੁਰ ਮੇਵੇ ਜਿਨ ਮਹੀਆ। ਰਖਵਾਰੇ ਬੈਠੇ ਜਹਿਂ ਕਹੀਆ॥ ੩੭॥

ਨੇੜੇ-ਨੇੜੇ ਬਾਗ ਲਗਵਾਏ ਸਨ, ਬਹੁਤ ਫੁਲਦਾਰ ਬ੍ਰਿਛ ਖੜੇ ਸਨ। ਜਿਨ੍ਹਾਂ ਨੂੰ ਖੱਟੇ, ਮਿੱਠੇ ਫਲ ਲੱਗੇ ਹੋਏ ਸਨ ਤੇ, ਉਨ੍ਹਾਂ ਫਲਾਂ ਦੀ ਰਾਖੀ ਲਈ ਜਿੱਥੇ ਕਿੱਥੇ ਰਾਖੇ ਬੈਠੇ ਹੋਏ ਸਨ॥੩੭॥

ਕੇਤਿਕ ਦੀਰਘ ਬ੍ਰਿੱਛ ਉਤੰਗ। ਤਿਨ ਪਰ ਬੋਲੈਂ ਅਨਿਕ ਬਿਹੰਗ।
ਸਭਿ ਤੇ ਸੁੰਦਰ ਹੁਤੋ ਬਿਸਾਲ। ਬਾਗ਼ ਬਿਲੋਕਯੋ ਗੁਰੂ ਕ੍ਰਿਪਾਲ॥ ੩੮॥

ਕਈ ਬਹੁਤ ਭਾਰੀ ਉੱਚੇ ਬ੍ਰਿਛ ਸਨ, ਉਨ੍ਹਾਂ ਉੱਤੇ ਬੈਠੇ ਅਨੇਕਾਂ ਪੰਛੀ ਬੋਲ ਰਹੇ ਸਨ। ਸਭ ਨਾਲੋਂ ਵਿਸ਼ਾਲ ਸੁੰਦਰ ਇਕ ਬਾਗ ਨੂੰ ਕ੍ਰਿਪਾਲੂ ਗੁਰੂ ਜੀ ਨੇ ਵੇਖਿਆ॥੩੮॥

ਬੀਚ ਰੌਸ ਜਿਹ ਬਨੀ ਘਨੀ ਹੈ। ਬਨੀ ਬ੍ਰਿਛਨ ਕੀ ਫਲਨ ਸਨੀ ਹੈਂ।
ਬੈਠਨਿ ਹੇਤ ਸਥੰਡਲ ਮਹਾਂ। ਚਾਰ ਕੋਰ ਜੁਤਿ ਸਿਰਜੇ ਤਹਾਂ॥ ੩੯॥

ਵਿਚ ਬਗੀਚੇ ਦੀ ਵਡੀ ਪਟੜੀ ਬਣੀ ਹੈ ਤੇ ਫਲਾਂ ਦੀ ਬਗੀਚੀ ਫਲਾਂ ਦੇ ਸਹਿਤ ਹੈ। ਬੈਠਣ ਵਾਸਤੇ ਥੜ੍ਹੇ ਬਣੇ ਹਨ ਜਿਹੜੇ ਚਾਰ ਕੋਨਿਆਂ ਵਾਲੇ ਬਣਾਏ ਹਨ॥੩੯॥

ਮੰਦਰ ਬਨਯੋ ਬ੍ਰਿੰਦ ਦਰਵਾਜੇ। ਸੁੰਦਰ ਦੇਤਿ ਅਨੰਦ ਬਿਰਾਜੇ।
ਤਹਾਂ ਜਾਇ ਉਤਰੇ ਗੁਰ ਪੂਰੇ। ਕਰੈਂ ਬਿਲੋਕਨਿ ਉਪਬਨ ਰੂਰੇ॥ ੪੦॥

ਵਿਚ ਇਕ ਮਕਾਨ ਬਣਿਆ ਹੈ, ਜਿਸ ਨੂੰ ਕਈ ਦਰਵਾਜ਼ੇ ਲੱਗੇ ਹਨ, ਜਿੱਥੇ ਬਰਾਜਦਿਆਂ ਹੀ ਸੁੰਦਰ ਅਨੰਦ ਮਿਲਦਾ ਹੈ। ਉੱਥੇ ਜਾ ਕੇ ਪੂਰਨ ਗੁਰੂ ਜੀ ਉੱਤਰ ਗਏ ਤੇ ਸੁੰਦਰ ਬਾਗ ਨੂੰ ਵੇਖਣ ਲੱਗ ਗਏ॥੪੦॥

*ਬਾਰ੍ਹਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥*

❖❖❖

# ਅਧਿਆਇ ਛੱਤੀਵਾਂ

## ਆਜੜੀ ਮਿਠਾਈ ਲੈਣ ਗਿਆ ਫੜਿਆ ਗਿਆ

ਦੋਹਰਾ-ਉਪਬਨ ਬਿਖੈ ਪ੍ਰਵੇਸ਼ ਭੇ ਪਿਖਿ ਰਮਨੀਕ ਸਥਾਨ।
ਉਤਰੇ ਕਰਿ ਕੇ ਹਯ ਖਰੇ ਬੰਧਨ ਕਰਿ ਦਿਢ ਪਾਨ॥ ੧॥

ਰਮਣੀਕ ਸਥਾਨ ਵੇਖ ਕੇ ਗੁਰੂ ਜੀ ਬਾਗ ਵਿਚ ਪ੍ਰਵੇਸ਼ ਕਰ ਗਏ। ਘੋੜਿਆਂ ਨੂੰ ਖੜਿਆਂ ਕਰਕੇ ਉੱਤਰ ਗਏ ਤੇ ਬਾਗ ਵਿਚ ਘੋੜਿਆਂ ਨੂੰ ਚੰਗੀ ਤਰ੍ਹਾਂ ਘੁੱਟ ਕੇ ਬੰਨ੍ਹ ਦਿੱਤਾ॥੧॥

ਚੌਪਈ- ਨਿਜ ਨਿਜ ਅਸੁ ਢਿਗ ਸਿਖ ਤਬਿ ਬੈਸੇ। ਚਿਤਵਤਿ ਗੁਰੂ ਕਰਹਿਂ ਅਬਿ ਕੈਸੇ।
ਦੇਖਹਿਂ ਬਾਗ ਪ੍ਰਭੂ ਬਹੁ ਭਾਂਤੇ। ਇਤ ਕੋ ਆਵਤਿ ਉਤ ਕੋ ਜਾਤੇ॥ ੨॥

ਤਦ ਆਪਣੇ-ਆਪਣੇ ਘੋੜੇ ਪਾਸ ਸਿੱਖ ਬੈਠ ਗਏ, ਸੋਚਦੇ ਸਨ, "ਗੁਰੂ ਜੀ ਹੁਣ ਕੀ ਕਰਨਗੇ।" ਗੁਰੂ ਜੀ ਬਾਗ ਨੂੰ ਬਹੁਤ ਪ੍ਰਕਾਰ ਵੇਖ ਰਹੇ ਸਨ, ਏਧਰ ਆਉਂਦੇ ਸਨ ਤੇ ਓਧਰ ਨੂੰ ਜਾਂਦੇ ਸਨ॥੨॥

ਬਹੁਰ ਸਥੰਡਲ ਪਰ ਚਢਿ ਫਿਰੈਂ। ਆਵਨਿ ਜਾਨਿ ਬਾਰਿ ਬਹੁ ਕਰੈਂ।
ਬਾਗ਼ ਪੌਰ ਕੀ ਦਿਸ਼ਾ ਬਿਲੋਕਹਿਂ। ਅਪਰ ਦਿਸ਼ਨਿ ਤੇ ਦ੍ਰਿਸ਼ਟੀ ਰੋਕਹਿਂ॥੩॥

ਫਿਰ ਥੜ੍ਹੇ ਉੱਤੇ ਚੜ੍ਹ ਕੇ ਫਿਰਦੇ ਸਨ ਤੇ ਬਹੁਤ ਵਾਰ ਆਉਂਦੇ ਜਾਂਦੇ ਸਨ। ਬਾਗ ਦੇ ਦਰਵਾਜ਼ੇ ਵੇਖਦੇ ਸਨ ਤੇ ਦੂਸਰੇ ਪਾਸਿਆਂ ਤੋਂ ਨਜ਼ਰ ਨੂੰ ਰੋਕ ਲੈਂਦੇ ਸਨ॥੩॥

ਫਿਰਹਿਂ ਕਦਮ ਪੋਸ਼ੀ ਕਹੁ ਕਰਤੇ। ਉਪਬਨ ਦਰ ਕੋ ਬਹੁਤ ਨਿਹਰਿਤੇ।
ਤਿਸ ਛਿਨ ਏਕ ਅਯਾਲੀ ਆਯੋ। ਅਜਾ ਬ੍ਰਿੰਦ ਕੋ ਫਿਰਤਿ ਚਰਾਯੋ॥੪॥

ਕਦਮ ਅੱਗੇ ਨੂੰ ਧਰਦੇ ਫਿਰ ਰਹੇ ਸਨ ਭਾਵ ਟਹਿਲ ਰਹੇ ਸਨ ਤੇ ਬਾਗ ਦੇ ਦਰਵਾਜ਼ੇ ਵਲ ਬਹੁਤ ਵੇਖ ਰਹੇ ਸਨ। ਉਸ ਸਮੇਂ ਇਕ ਆਜੜੀ ਆਇਆ, ਉਹ ਬਹੁਤ ਬਕਰੀਆਂ ਨੂੰ ਚਾਰਦਾ ਫਿਰਦਾ ਸੀ॥੪॥

ਗਮਨਤਿ ਦੇਖਿ ਹਕਾਰਯੋ ਤਾਂਹੀ। ਸੁਨਿ ਗੁਹਾਰ ਚਲਿ ਆਯੋ ਪਾਹੀ।
ਦਰਸ਼ਨ ਕਰਿ ਪਗ ਬੰਦਨ ਠਾਨੀ। ਤਬਿ ਗੁਰਦੇਵ ਕਹੀ ਮੁਖ ਬਾਨੀ॥੫॥

ਜਾਂਦਾ ਵੇਖ ਕੇ ਉਸ ਨੂੰ ਬੁਲਾਇਆ ਤੇ ਆਵਾਜ਼ ਸੁਣ ਕੇ ਆਜੜੀ ਚਲ ਕੇ ਪਾਸ ਆ ਗਿਆ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ। ਤਦ ਗੁਰੂ ਜੀ ਨੇ ਉਸ ਨੂੰ ਮੁਖ ਤੋਂ ਕਿਹਾ॥੫॥

'ਹਮਰੋ ਕਾਮ ਏਕ ਕਰਿ ਆਉ। ਨਿਜ ਮਿਹਨਤ ਲੇ ਕਰਿ ਪੁਨ ਜਾਉ।
ਅਜਾ ਬ੍ਰਿੰਦ ਹਮ ਰਹਹਿਂ ਬਿਲੋਕਤਿ। ਰਾਖਹਿਂਗੇ ਚਹੁੰ ਦਿਸ਼ਿ ਤੇ ਰੋਕਤਿ' ॥੬॥

"ਸਾਡਾ ਇਕ ਕੰਮ ਕਰ ਆਵੇਂ, ਫਿਰ ਆਪਣਾ ਮਿਹਨਤਾਨਾ ਲੈ ਕੇ ਚਲੇ ਜਾਵੇਂ। ਤੁਹਾਡੀਆਂ ਸਾਰੀਆਂ ਭੇਡਾਂ ਨੂੰ ਅਸੀਂ ਵੇਖਦੇ ਰਹਾਂਗੇ ਤੇ ਚਾਰੇ ਪਾਸਿਆਂ ਤੋਂ ਰੋਕ ਕੇ ਰੱਖਾਂਗੇ" ॥੬॥

ਸੁਨਤਿ ਅਯਾਲੀ ਲਬੁ ਨੇ ਪ੍ਰੇਰਯੋ। ਅਰੁ ਬਡ ਪੁਰਖ ਸੁ ਦਰਸ਼ਨ ਹੇਰਯੋ।
ਕਹਤਿ ਭਯੋ 'ਦੀਜਹਿ ਫੁਰਮਾਇ। ਕਾਰਜ ਕਰਿਹੌਂ ਜਥਾ ਰਜਾਇ' ॥੭॥

ਇਹ ਸੁਣ ਕੇ ਆਜੜੀ ਲੋਭ ਨਾਲ ਪ੍ਰੇਰਿਆ ਗਿਆ ਅਤੇ ਇਕ ਵੱਡੇ ਮਹਾਂਪੁਰਸ਼ ਦੇ ਉਸ ਦਰਸ਼ਨ ਕੀਤੇ। ਕਹਿਣ ਲੱਗਾ, "ਫੁਰਮਾ ਦੇਵੋ, ਜਿਵੇਂ ਆਪ ਜੀ ਦੀ ਮਰਜ਼ੀ ਹੈ ਤਿਵੇਂ ਹੀ ਆਪ ਜੀ ਦਾ ਕਾਰਜ ਕਰਾਂਗਾ" ॥੭॥

ਮਾਨੀ ਬਾਤ ਸੁ ਕਰਜੋ ਨਿਹਾਰਨਿ। ਹੁਤੀ ਛਾਪ ਕਰ ਕਰੀ ਨਿਕਾਰਨ।
ਜਿਸ ਮਹਿਂ ਬਹੁਤ ਮੋਲ ਕੋ ਹੀਰਾ। ਉੱਜਲ ਅਸ਼ਟ ਕੋਰ ਕਰਿ ਚੀਰਾ॥ ੮॥

ਜਦ ਗੁਰੂ ਜੀ ਨੇ ਵੇਖਿਆ ਕਿ ਆਜੜੀ ਕਹਿਣਾ ਮੰਨ ਗਿਆ ਹੈ ਤਾਂ ਉਨ੍ਹਾਂ ਆਪਣੇ ਹੱਥ ਵਿਚ ਪਾਈ ਛਾਪ ਨੂੰ ਉਤਾਰਿਆ, ਜਿਸ ਵਿਚ ਬਹੁਤ ਕੀਮਤੀ ਹੀਰਾ ਜੜਿਆ ਹੋਇਆ ਸੀ, ਬਹੁਤ ਉੱਜਲ ਹੀਰਾ ਅੱਠ ਕੋਨਿਆਂ ਵਿਚ ਚੀਰਿਆ ਹੋਇਆ ਸੀ॥੮॥

ਦਈ ਅਯਾਲੀ ਕੇ ਤਬਿ ਕਰ ਮੈਂ। ਕਹਜੋ ਬਹੁਰ 'ਲੇ ਜਾਹੁ ਨਗਰ ਮੈਂ।
ਦੋਇ ਰਜਤਪਣ ਕੋ ਪਕਵਾਨ। ਹੋਇ ਸਨਿਗਧ ਅਧਿਕ ਮਿਸ਼ਟਾਨ॥ ੯॥

ਉਸ ਛਾਪ ਨੂੰ ਆਜੜੀ ਦੇ ਹੱਥ ਵਿਚ ਦਿੱਤਾ ਤੇ ਫਿਰ ਕਿਹਾ, "ਇਸ ਨੂੰ ਲੈ ਕੇ ਨਗਰ ਵਿਚ ਜਾਵੋ, ਦੋ ਅਸ਼ਰਫੀਆਂ ਦਾ ਪਕਵਾਨ ਜਿਹੜਾ ਬੜਾ ਕੋਮਲ ਚਿਕਨਾਈ ਵਾਲਾ ਅਤੇ ਬਹੁਤ ਮਿੱਠਾ ਹੋਵੇ, ਲਿਆਵੋ॥੯॥

ਗਹਿਣੇ ਧਰਹੁ ਛਾਪ ਕੋ ਜਾਵਹੁ। ਜੋ ਅਬਿ ਹੀ ਪੁਰਿ ਤੇ ਲੈਆਵਹੁ'।
ਸੁਨਤਿ ਅਯਾਲੀ ਨੇ ਤਬਿ ਕਹਜੋ। 'ਮੋ ਪਰ ਚੀਰ ਸੁ ਜੀਰਣ ਰਹਜੋ॥ ੧੦॥

ਜਾ ਕੇ ਪਹਿਲਾਂ ਛਾਪ ਨੂੰ ਗਹਿਣੇ ਧਰੋ ਤੇ ਛੇਤੀ ਹੀ ਨਗਰ ਤੋਂ ਮਿਠਿਆਈ ਲੈ ਆਵੋ।" ਇਹ ਸੁਣ ਕੇ ਆਜੜੀ ਨੇ ਫਿਰ ਕਿਹਾ, "ਮੈਂ ਜਿਹੜੇ ਕੱਪੜੇ ਪਹਿਣੇ ਹੋਏ ਹਨ, ਉਹ ਬਹੁਤ ਪੁਰਾਣੇ ਅਤੇ ਪਾਟੇ ਹੋਏ ਹਨ॥੧੦॥

ਕਿਸ ਮਹਿਂ ਆਨੌਂ ਪਾਇ ਮਿਠਾਈ। ਆਛੀ ਰਹੈ ਲੇਹੁ ਤੁਮ ਖਾਈ'।
ਤਬਿ ਗੁਰੁ ਅਪਨੇ ਊਪਰ ਕੇਰਾ। ਹੁਤੋ ਦੁਸ਼ਾਲਾ ਮੋਲ ਬਡੇਰਾ॥ ੧੧॥

ਮੈਂ ਕਿਸ ਚੀਜ਼ ਵਿਚ ਮਿਠਾਈ ਪਾ ਕੇ ਲਿਆਵਾਂਗਾ, ਜਿਹੜੀ ਚੰਗੀ ਵੀ ਰਹੇ 'ਤੇ ਤੁਸੀਂ ਲੈ ਕੇ ਖਾ ਵੀ ਲਵੋ।" ਤਦ ਗੁਰੂ ਜੀ ਨੇ ਆਪਣੇ ਉੱਪਰ ਜਿਹੜਾ ਬੜਾ ਕੀਮਤੀ ਦੁਸ਼ਾਲਾ ਲਿਆ ਹੋਇਆ ਸੀ॥੧੧॥

ਲਿਯੋ ਉਤਾਰਿ ਦਿਯੋ ਕਰ ਤਾਂਹੀ। ਕਹਜੋ 'ਪਾਇ ਆਨਹੁ ਇਸ ਮਾਂਹੀ।
ਬਿਲਮ ਨ ਕੀਜਹਿ ਗਮਨਹੁ ਪੁਰਿ ਮੈਂ। ਜਾਇ ਖਰੀਦ ਨ ਸੰਕਹੁ ਉਰ ਮੈਂ' ॥੧੨॥

ਉਸ ਨੂੰ ਉਤਾਰ ਕੇ ਉਸ ਆਜੜੀ ਦੇ ਹੱਥ ਵਿਚ ਦੇ ਦਿੱਤਾ ਤੇ ਕਿਹਾ, "ਇਸ ਦੁਸ਼ਾਲੇ ਵਿਚ ਪਾ ਕੇ ਲੈ ਆਵੋ, ਦੇਰ ਨਾ ਕਰੋ ਤੇ ਹੁਣ ਨਗਰ ਵਿਚ ਜਾਵੋ, ਜਾ ਕੇ ਮਿਠਿਆਈ ਖਰੀਦੋ, ਦਿਲ ਵਿਚ ਕੋਈ ਸ਼ੰਕਾ ਨਾ ਕਰੋ" ॥੧੨॥

ਪਟੀ ਕਾਮਰੀ ਬਿਖੈ ਛਪਾਇ। ਚਲਜੋ ਅਯਾਲੀ ਪੁਰਿ ਦਿਸ਼ਿ ਧਾਇ।
ਮਤੀਦਾਸ ਥਿਰ ਦੂਰ ਦਿਵਾਨ। ਦੇਖਿ ਕ੍ਰਿਯਾ ਕਿਯ ਕ੍ਰਿਪਾਨਿਧਾਨ॥ ੧੩॥

ਉਸ ਦੁਸ਼ਾਲੇ ਨੂੰ ਆਜੜੀ ਨੇ ਆਪਣੀ ਪਾਟੀ ਕੰਬਲੀ ਵਿਚ ਛੁਪਾ ਲਿਆ ਤੇ ਉਹ ਨਗਰ ਵਾਲੇ ਪਾਸੇ ਚਲ ਪਿਆ। ਦੀਵਾਨ ਮਤੀਦਾਸ ਦੂਰ ਖੜਾ ਸੀ, ਉਸ ਗੁਰੂ ਜੀ ਦੀ ਅਜਿਹੀ ਕੀਤੀ ਕ੍ਰਿਆ ਨੂੰ ਵੇਖਿਆ॥੧੩॥

ਆਇ ਸਮੀਪ ਬੂਝਿਬੋ ਕੀਨਿ। 'ਕਹਾਂ ਰੰਕ ਕੇ ਕਰ ਤੁਮ ਦੀਨ?।
ਕਹਾਂ ਪਠਜੋ, ਕਜਾ ਲਜਾਵਨਿ ਕਰੈ? ਗਮਨਜੋਂ ਨਗਰ ਛਿਪ੍ਰਤਾ ਧਰੈ' ॥੧੪॥

ਗੁਰੂ ਜੀ ਦੇ ਪਾਸ ਆ ਕੇ ਪੁੱਛਣ ਲੱਗਾ, "ਇਸ ਗਰੀਬ ਦੇ ਹੱਥ ਵਿਚ ਤੁਸੀਂ ਕੀ ਦਿੱਤਾ ਹੈ? ਕਿੱਥੇ ਭੇਜਿਆ ਹੈ, ਇਹ ਕੀ ਲਿਆਵੇਗਾ? ਜਿਹੜਾ ਬੜੀ ਕਾਹਲੀ-ਕਾਹਲੀ ਨਗਰ ਵਲ ਚਲੇ ਗਿਆ ਹੈ" ॥੧੪॥

Sri Satguru Jagjit Singh Ji eLlibrary NamdhariElibrary@gmail.com

ਸੁਨਿ ਸਤਿਗੁਰ ਤਿਹ ਸਕਲ ਬਤਾਈ। 'ਹਮ ਕੋ ਛੁਧਾ ਲਗੀ ਅਧਿਕਾਈ।
ਕੁਛ ਪਕਵਾਨ ਮੰਗਾਵਨ ਠਾਨਾ। ਤੁਮ ਭੀ ਛੁਧਤਿ ਕੀਜਿਯਹਿ ਖਾਨਾ ॥੧੫॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਨੂੰ ਸਾਰੀ ਗੱਲ ਦੱਸੀ, "ਸਾਨੂੰ ਬਹੁਤ ਭੁੱਖ ਲੱਗੀ ਹੋਈ ਹੈ, ਕੁਝ ਪਕਵਾਨ ਮੰਗਵਾ ਰਹੇ ਹਾਂ। ਤੁਸੀਂ ਵੀ ਭੁੱਖੇ ਹੋ, ਖਾ ਲੈਣਾ"॥੧੫॥

ਮਤੀਦਾਸ ਬੋਲਯੋ ਕਰ ਜੋਰਿ। 'ਮੁਝ ਢਿਗ ਹੁਤੇ ਰਜਤਪਣ ਔਰ।
ਸੋ ਪਠਿ ਦੇਤਿ ਛਾਪ ਕਯੋਂ ਦਈ। ਜਿਸ ਮਹਿਂ ਬੱਜ੍ਰ ਮੋਲ ਬਹੁ ਮਈ॥ ੧੬॥

ਮਤੀਦਾਸ ਫਿਰ ਹੱਥ ਜੋੜ ਕੇ ਬੋਲਿਆ, "ਮੇਰੇ ਪਾਸ ਹੋਰ ਸੋਨੇ ਦੇ ਸਿੱਕੇ ਪਏ ਹਨ, ਉਹ ਭੇਜ ਦਿੰਦੇ, ਛਾਪ ਕਿਉਂ ਦਿੱਤੀ ਹੈ ? ਜਿਸ ਵਿਚ ਬਹੁਤ ਕੀਮਤੀ ਹੀਰਾ ਜੜਿਆ ਹੋਇਆ ਹੈ॥੧੬॥

ਬਹੁਰ ਦੁਸ਼ਾਲਾ ਬਿਗਰਹਿ ਰੰਗ। ਰਹੈ ਨ ਅਸ ਜੋ ਪਹਿਰਹੁ ਅੰਗ।
ਅਪਰ ਬਸਤ੍ਰ ਲੇ ਕਰਿ ਸਿਖ ਜਾਤੇ। ਆਨਤਿ ਛਿੱਪ੍ਰ ਜਥਾ ਰੁਚਿ ਖਾਤੇ' ॥੧੭॥

ਫਿਰ ਦੁਸ਼ਾਲੇ ਦਾ ਰੰਗ ਵਿਗੜ ਜਾਵੇਗਾ, ਉਹ ਐਸਾ ਨਹੀਂ ਰਹੇਗਾ ਜਿਸ ਨੂੰ ਫਿਰ ਆਪਣੇ ਸਰੀਰ ਤੇ ਪਹਿਣ ਸਕੋਗੇ। ਹੋਰ ਕੱਪੜੇ ਲੈ ਕੇ ਸਿੱਖ ਆਪ ਜਾਂਦੇ, ਝਟ ਹੀ ਲੈ ਆਉਂਦੇ ਤੇ ਸਾਰੇ ਰੁਚੀ ਅਨੁਸਾਰ ਖਾਂਦੇ" ॥੧੭॥

ਸੁਨਿ ਗੁਰ ਕਹਯੋ 'ਬਿਲਮ ਇਮ ਲਾਗਤਿ। ਪੁਰਿ ਗਜਾਤਾ ਭੇਜਯੋ, ਗਾ ਭਾਗਤਿ।
ਖੁਰਜੀ ਖੋਲਿ ਰਜਤਪਣ ਲੇਤਿ। ਸਿਖ ਸੁਚੇਤ ਕਰਿ ਤਿਸ ਕੋ ਦੇਤਿ॥ ੧੮॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਇਸ ਤਰ੍ਹਾਂ ਸਗੋਂ ਦੇਰ ਲੱਗਦੀ। ਨਗਰ ਨੂੰ ਜਾਣਨ ਵਾਲਾ ਭੇਜਿਆ ਹੈ ਤੇ ਉਹ ਭੱਜਾ ਗਿਆ ਹੈ। ਖੁਰਜੀ ਖੋਲ੍ਹ ਕੇ ਚਾਂਦੀ ਦੇ ਰੁਪਏ ਲੈਂਦਾ ਤਾਂ ਸਿੱਖ ਨੂੰ ਸਾਵਧਾਨ ਕਰਦੇ ਭਾਵ ਸ਼ਹਿਰ ਦੇ ਪਤੇ ਦੱਸਦੇ॥੧੮॥

ਗਰੀ ਬਜਾਰ ਨਹੀਂ ਜਿਨ ਹੇਰਾ। ਆਵਤਿ ਜਾਤੇ ਲਾਗਤਿ ਦੇਰਾ'।
ਬਾਕ ਅਪੂਰਬ ਗੁਰ ਕੇ ਸੁਨਿਕੈ। ਤੂਸ਼ਨਿ ਠਾਨਿ ਰਹਯੋ ਮਨ ਗੁਨਿ ਕੈ॥ ੧੯॥

ਗਲੀ ਬਜ਼ਾਰ ਜਿਸ ਨੇ ਵੇਖਿਆ ਨਹੀਂ, ਉਸ ਨੂੰ ਆਉਂਦਿਆਂ ਜਾਂਦਿਆਂ ਬੜੀ ਦੇਰ ਲੱਗਦੀ।" ਗੁਰੂ ਜੀ ਦੇ ਅਨੋਖੇ ਅਤੇ ਅਦਭੁਤ ਬਚਨ ਸੁਣਕੇ ਤੇ ਮਨ ਵਿਚ ਸਮਝ ਕੇ ਮਤੀਦਾਸ ਨੇ ਚੁੱਪ ਧਾਰਨ ਕਰ ਲਈ ਅਤੇ ਸੋਚਣ ਲੱਗਾ॥੧੯॥

ਇਨਹੁਂ ਕਹੀ ਨਹਿਂ ਕਬਿਹੂ ਐਸੇ। ਕਹਾਂ ਛੁਧਾ ਅਰੁ ਬੋਲਹਿਂ ਕੈਸੇ।
ਕੋ ਜਾਨਹਿਂ ਕਜਾ ਰਚਨਾ ਰਚੀ! ਦਈ ਛਾਪ ਹੀਰਾ ਬਿਚ ਖਚੀ॥ ੨੦॥

ਇਨ੍ਹਾਂ ਤਾਂ ਕਦੀ ਵੀ ਐਸੀ ਗੱਲ ਨਹੀਂ ਕਹੀ ਹੈ, ਕਿੱਥੇ ਭੁੱਖ ਅਤੇ ਕਿਸ ਤਰ੍ਹਾਂ ਬੋਲੇ ਹਨ। ਕੌਣ ਜਾਣਦਾ ਹੈ ਕੀ ਰਚਨਾ ਰਚੀ ਹੈ ! ਅਜਿਹੀ ਛਾਪ ਦਿੱਤੀ ਹੈ ਜਿਸ ਵਿਚ ਅਮੋਲਕ ਹੀਰਾ ਜੜਿਆ ਹੈ॥੨੦॥

ਬਿਸਮਤ ਸਿੱਖਨਿ ਸੰਗ ਸੁਨਾਇ। ਸਤਿਗੁਰੁ ਫੇਰਯੋ ਅਪਰ ਸੁਭਾਇ'।
ਬੰਧਿ ਤੁਰੰਗ ਤਰੋਵਰ ਸਾਥ। ਬੈਠੇ ਆਇ ਸਕਲ ਢਿਗ ਨਾਥ॥ ੨੧॥

ਹੈਰਾਨ ਹੋ ਕੇ ਸਾਰੇ ਸਿੱਖਾਂ ਨੂੰ ਸੁਣਾਇਆ, "ਸਤਿਗੁਰੂ ਜੀ ਨੇ ਆਪਣਾ ਸੁਭਾਅ ਬਦਲ ਲਿਆ ਹੈ।" ਦਰੱਖਤਾਂ ਨਾਲ ਆਪਣੇ ਘੋੜੇ ਬੰਨ੍ਹ ਕੇ, ਸਾਰੇ ਆ ਕੇ ਗੁਰੂ ਜੀ ਦੇ ਪਾਸ ਬੈਠ ਗਏ॥੨੧॥

ਸ਼੍ਰੀ ਮੁਖ ਤੇ ਐਸੇ ਫੁਰਮਾਇ। 'ਰਹੀਅਹਿ ਪਿਖਤਿ ਅਜਾ ਸਮੁਦਾਇ।
ਚਲੀ ਨ ਜਾਇਂ ਗਰੀਬ ਅਯਾਲੀ। ਆਵਤਿ ਲਗਿ ਸਭਿ ਰਖਹੁ ਸੰਭਾਲੀ' ॥੨੨॥

ਸ੍ਰੀ ਗੁਰੂ ਜੀ ਨੇ ਮੁਖ ਤੋਂ ਇਸ ਤਰ੍ਹਾਂ ਫੁਰਮਾਇਆ, "ਸਾਰੇ ਬਕਰੀਆਂ ਦੇ ਇੱਜੜ ਨੂੰ ਵੇਖਦੇ ਰਹੋ, ਇਹ ਕਿਤੇ ਚਲੀਆਂ ਨਾ ਜਾਣ, ਆਜੜੀ ਵਿਚਾਰਾ ਬਹੁਤ ਗ਼ਰੀਬ ਹੈ, ਉਸ ਦੇ ਆਉਂਦਿਆਂ ਤਕ ਇਨ੍ਹਾਂ ਦੀ ਸੰਭਾਲ ਰੱਖੋ" ॥੨੨॥

ਤਬਿ ਸਿੱਖਜਨਿ ਮਾਨਜੋ ਕਰ ਜੋਰਿ। ਦੇਖਤਿ ਰਹੇ ਅਜਾ ਕੀ ਓਰ।
ਅਬਹਿ ਅਯਾਲੀ ਕੋ ਜੁ ਬ੍ਰਿਤਾਂਤ। ਸੁਨੀਅਹਿ ਗਨ ਸ੍ਰੋਤਾ ਅਵਿਦਾਤ ॥੨੩॥

ਤਦ ਸਿੱਖਾਂ ਹੱਥ ਜੋੜ ਕੇ ਗੁਰੂ ਜੀ ਦਾ ਹੁਕਮ ਮੰਨ ਲਿਆ ਤੇ ਉਹ ਬਕਰੀਆਂ ਵਲ ਵੇਖਦੇ ਰਹੇ। ਹੁਣ ਆਜੜੀ ਨਾਲ ਜੋ ਵਾਪਰੀ ਉਸ ਦਾ ਵੀ ਬ੍ਰਿਤਾਂਤ ਹੇ ਸ੍ਰੋਤਾ ਗਨ! ਪ੍ਰਗਟ ਰੂਪ ਵਿਚ ਸੁਣੋ ॥੨੩॥

ਲੇ ਕਰਿ ਛਾਪ ਦੁਸ਼ਾਲਾ ਗਯੋ। ਬਡੇ ਬਜ਼ਾਰ ਪ੍ਰਵੇਸ਼ਤਿ ਭਯੋ।
ਦੇਖੀ ਜਾਇ ਹਾਟ ਹਲਵਾਈ। ਜਹਿਂ ਨਾਨਾ ਬਿਧਿ ਬ੍ਰਿੰਦ ਮਿਠਾਈ ॥੨੪॥

ਆਜੜੀ ਛਾਪ ਤੇ ਦੁਸ਼ਾਲਾ ਲੈ ਕੇ ਗਿਆ ਤੇ ਵੱਡੇ ਬਜ਼ਾਰ ਵਿਚ ਦਾਖਲ ਹੋ ਗਿਆ। ਉਥੇ ਜਾ ਕੇ ਇਕ ਹਲਵਾਈ ਦੀ ਦੁਕਾਨ ਵੇਖੀ, ਜਿੱਥੇ ਕਈ ਪ੍ਰਕਾਰ ਦੀ ਬਹੁਤ ਮਿਠਾਈ ਸੀ ॥੨੪॥

ਖਰੋ ਹੋਇ ਕਰਿ ਹਾਥ ਉਭਾਰਾ। ਦੇਤਿ ਮੁੰਦਰੀ ਬਚਨ ਉਚਾਰਾ।
'ਇਹ ਰਾਖਹੁ ਗਹਿਣਾ ਢਿਗ ਲੈਹੋਂ। ਦੋਇ ਰਜਤਪਣ ਸੌਦਾ ਦੈ ਹੌਂ ॥੨੫॥

ਖੜੇ ਹੋ ਕੇ ਉਸ ਹੱਥ ਉੱਪਰ ਚੁਕਿਆ ਤੇ ਮੁੰਦਰੀ ਦੇ ਕੇ ਬਚਨ ਉਚਾਰਨ ਕੀਤਾ, "ਇਹ ਆਪਣੇ ਪਾਸ ਗਹਿਣੇ ਰੱਖ ਲਵੋ ਤੇ ਦੋ ਰੁਪਏ ਦਾ ਸੌਦਾ ਦੇ ਦੇਵੋ" ॥੨੫॥

ਜਬਹਿ ਬਾਨੀਅਹਿ ਕਰ ਮਹਿਂ ਲੀਨਿ। ਬਹੁ ਮੋਲਾ ਪਿਖਿ ਹੀਰਾ ਚੀਨਿ।
ਮਨ ਬਿਸਮਾਨਜੋ ਬੂਝਨਿ ਠਾਨਜੋਂ। 'ਇਹ ਤੈਂ ਕਹਹੁ ਕਹਾਂ ਤੇ ਆਨਜੋਂ ॥੨੬॥

ਜਦ ਬਾਣੀਏ ਨੇ ਛਾਪ ਆਪਣੇ ਹੱਥ ਵਿਚ ਲਈ ਤੇ ਬਹੁਤ ਕੀਮਤੀ ਹੀਰੇ ਨੂੰ ਵੇਖ ਕੇ ਪਛਾਣਿਆ। ਤਾਂ ਮਨ ਵਿਚ ਬਹੁਤ ਹੈਰਾਨ ਹੋਇਆ ਤੇ ਪੁੱਛਣ ਲੱਗਾ, "ਇਹ ਦੱਸ ਤੂੰ ਇਸ ਛਾਪ ਨੂੰ ਕਿਥੋਂ ਲੈ ਕੇ ਆਇਆ ਹੈਂ ॥੨੬॥

ਕਿਸ ਉਮਰਾਵ ਹਾਥ ਕੀ ਅਹੈ। ਤੋਹਿ ਉਚਿਤ ਨਹਿਂ, ਕਿਮ ਤੂੰ ਕਹੈਂ।
ਤਸਕਰ ਕਰਿ ਚੋਰੀ ਕਹੁ ਲਜਾਯਹੁ। ਕੈ ਬੰਚਕ ਹਤਿ ਕਰਿ ਕਿਸ ਆਯਹੁ ॥੨੭॥

ਕਿਸ ਉਮਰਾਵ ਦੇ ਹੱਥ ਦੀ ਇਹ ਛਾਪ ਹੈ, ਤੇਰੇ ਵਾਸਤੇ ਉਚਿਤ ਨਹੀਂ ਹੈ ਕਿਵੇਂ ਤੂੰ ਕਹਿੰਦਾ ਹੈਂ ਕਿ ਇਸ ਨੂੰ ਗਹਿਣੇ ਰੱਖ ਲਵੋ। ਤੂੰ ਚੋਰ ਹੈਂ ਤੇ ਇਹ ਛਾਪ ਚੋਰੀ ਕਰਕੇ ਲਿਆਇਆ ਹੈਂ ਜਾਂ ਤੂੰ ਠੱਗ ਹੈਂ ਕਿਸੇ ਨੂੰ ਮਾਰ ਕੇ ਆਇਆ ਹੈਂ ॥੨੭॥

ਕਹਹੁ ਸਾਚ ਨਤੁ ਦੇਉਂ ਗਹਾਇ। ਇਹ ਸੌਦਾ ਮੋਕਹੁ ਦੁਖਦਾਇ'।
ਡਰਤਿ ਅਯਾਲੀ ਸਕਲ ਸੁਨਾਯੋ। 'ਇਕ ਉਮਰਾਵ ਬਾਗ਼ ਮਹਿਂ ਆਯੋ ॥੨੮॥

ਸੱਚ ਦੱਸ ਦੇਵੇ ਨਹੀਂ ਤਾਂ ਫੜਾ ਦੇਵਾਂਗਾ, ਇਹ ਸੌਦਾ ਮੇਰੇ ਵਾਸਤੇ ਦੁਖਦਾਈ ਹੈ।" ਡਰਦੇ ਹੋਏ ਆਜੜੀ ਨੇ ਸਾਰੀ ਗੱਲ ਸੁਣਾਈ, "ਇਕ ਉਮਰਾਵ ਬਾਗ਼ ਵਿਚ ਆਇਆ ਹੈ ॥੨੮॥

ਦੇ ਮੋਕਹੁ ਹਿਤ ਪਠਜੋ ਮਿਠਾਈ। ਨਹਿਂ ਚੋਰੀ ਕਰਿ ਮੈਂ ਇਹ ਪਾਈ।
ਦੇਹਿ ਰਜਤਪਣ ਤਬਿ ਇਹ ਲੈਹੈ। ਛੁਧਿਤ ਛਿੱਪ੍ਰ, ਇੱਛਤ ਸੋ ਖੈ ਹੈ ॥੨੯॥

ਉਸ ਨੇ ਮੈਨੂੰ ਦੇ ਕੇ ਮਿਠਾਈ ਲੈਣ ਵਾਸਤੇ ਭੇਜਿਆ ਹੈ, ਮੈਂ ਚੋਰੀ ਕਰਕੇ ਇਹ ਨਹੀਂ ਪਾਈ ਹੈ। ਰੁਪਏ ਦੇ ਕੇ ਫਿਰ ਉਹ ਲੈ ਲੈਣਗੇ, ਬਹੁਤ ਭੁੱਖੇ ਹਨ, ਛੇਤੀ ਮਿਠਾਈ ਖਾਣ ਦੀ ਇੱਛਾ ਹੈ" ॥੨੯॥

ਧੀਰਜ ਬਾਕ ਸੁਨੇ ਹਲਵਾਈ। ਗਹੀ ਤਰਾਜੂ ਤੁਲਨਿ ਮਿਠਾਈ।
ਜਬਹਿ ਤੋਲ ਕਰਿ ਪਾਵਨ ਲਾਗਾ। ਪੱਲਾ ਕਰਯੋ ਦੁਸ਼ਾਲੇ ਆਗਾ॥ ੩੦॥

ਹਲਵਾਈ ਨੇ ਧੀਰਜ ਵਾਲੇ ਬਚਨ ਸੁਣੇ, ਤਰਾਜ਼ੂ ਫੜੀ ਤੇ ਮਿਠਾਈ ਤੋਲੀ। ਜਦ ਮਿਠਾਈ ਤੋਲ ਕੇ ਪਾਉਣ ਲੱਗਾ ਤਾਂ ਆਜੜੀ ਨੇ ਦੁਸ਼ਾਲੇ ਦਾ ਪੱਲਾ ਅੱਗੇ ਕੀਤਾ॥੩੦॥

ਪਿਖਤਿ ਅਚੰਭੈ ਹੁਇ ਹਲਵਾਈ। 'ਇਹ ਮੂਰਖ ਕਜਾ ਕਰਹਿ ਬੁਰਾਈ।'
ਬਸਤ੍ਰ ਹਜ਼ਾਰ ਰਜਤਪਣ ਕੇਰਾ। ਹਿਤ ਪਕਵਾਨ ਬਿਗਾਰ ਬਡੇਰਾ॥ ੩੧॥

ਦੁਸ਼ਾਲੇ ਨੂੰ ਵੇਖ ਕੇ ਹਲਵਾਈ ਬਹੁਤ ਹੈਰਾਨ ਹੋਇਆ ਅਤੇ ਸੋਚਣ ਲੱਗਾ, "ਇਹ ਮੂਰਖ ਕਿਸ ਪ੍ਰਕਾਰ ਦੀ ਬੁਰੀ ਗੱਲ ਕਰ ਰਿਹਾ ਹੈ। ਇਹ ਦੁਸ਼ਾਲਾ ਇਕ ਹਜ਼ਾਰ ਰੁਪਏ ਦਾ ਹੈ, ਪਕਵਾਨ ਪਾ ਕੇ ਇਹ ਬਹੁਤ ਖਰਾਬ ਹੋ ਜਾਵੇਗਾ॥੩੧॥

ਸਹੀ ਚੋਰ ਇਹ ਜਾਨਯੋਂ ਜਾਇ। ਕੋ ਮਾਲਿਕ ਅਸ ਬਸਤ੍ਰ ਗਵਾਇ।
ਬਡ ਮੂਰਖ ਕੀਮਤਿ ਨਹਿਂ ਜਾਨਹਿਂ। ਲਜਾਇ ਚੁਰਾਇ ਬਿਗਾਰਨਿ ਠਾਨਹਿਂ' ॥੩੨॥

ਇਹ ਅਸਲ ਵਿਚ ਚੋਰ ਜਾਣਿਆ ਜਾਂਦਾ ਹੈ, ਕਿਹੜਾ ਮਾਲਕ ਐਸਾ ਦੁਸ਼ਾਲਾ ਗਵਾਉਂਦਾ ਹੈ। ਇਹ ਵੱਡਾ ਮੂਰਖ ਹੈ ਕੀਮਤ ਨਹੀਂ ਜਾਣਦਾ ਹੈ, ਇਹ ਚੋਰੀ ਕਰਕੇ ਲਿਆਇਆ ਹੈ ਤੇ ਇਸ ਨੂੰ ਹੁਣ ਖਰਾਬ ਕਰਨਾ ਚਾਹੁੰਦਾ ਹੈ" ॥੩੨॥

ਉਠਯੋ ਹਾਟ ਪਰ ਤੇ ਹਲਵਾਈ। ਗਹੀ ਭੁਜਾ ਦ੍ਰਿੜ ਭਾਜ ਨ ਜਾਈ।
ਜਹਿਂ ਚਬੂਤਰਾ ਬਡ ਕੁਤਵਾਲੀ। ਤਹਿਂ ਲੇ ਗਮਨਯੋ ਤ੍ਰਸਿਤ ਬਿਸਾਲੀ॥ ੩੩॥

ਹਲਵਾਈ ਆਪਣੀ ਦੁਕਾਨ ਤੋਂ ਉੱਠਿਆ ਤੇ ਆਜੜੀ ਦੀ ਬਾਂਹ ਮਜ਼ਬੂਤੀ ਨਾਲ ਫੜ ਲਈ ਤਾਂਕਿ ਉਹ ਭੱਜ ਨਾ ਜਾਵੇ। ਜਿਥੇ ਵੱਡੀ ਕੁਤਵਾਲੀ ਦਾ ਚਬੂਤਰਾ ਸੀ, ਬਹੁਤ ਡਰਦਾ ਹੋਇਆ ਉਥੇ ਲੈ ਕੇ ਚਲੇ ਗਿਆ॥੩੩॥

ਬ੍ਰਿੰਦ ਨਰਨਿ ਮੈਂ ਥਿਰ ਕੁਤਵਾਲ। ਪਕਰਹਿ ਚੋਰ ਯਾਰ ਜਹਿਂ ਜਾਲ।
ਤਿਹ ਠਾਂ ਠਾਂਢੇ ਹੋਇ ਪੁਕਾਰਾ। 'ਸੁਨਿ ਅਦਾਲਤੀ ਕਾਜ ! ਹਮਾਰਾ॥ ੩੪॥

ਕੁਤਵਾਲ ਬਹੁਤ ਮਨੁੱਖਾਂ ਦੇ ਵਿਚ ਖੜਾ ਸੀ, ਜਿਹੜਾ ਬਹੁਤ ਚੋਰਾਂ ਅਤੇ ਯਾਰਾਂ ਨੂੰ ਫੜਦਾ ਸੀ। ਉਸ ਥਾਂ ਖੜੇ ਹੀ ਹਲਵਾਈ ਨੇ ਪੁਕਾਰ ਕੀਤੀ, "ਸਾਡਾ ਅਦਾਲਤੀ ਕੰਮ ਸੁਣੋ॥੩੪॥

ਇਹ ਬੰਚਕ ਕੈ ਤਸਕਰ ਕੋਈ। ਵਸਤੁ ਅਜਾਇਬ ਹੈਂ ਢਿਗ ਦੋਈ।
ਗਹਿਣੇ ਧਰਨਿ ਹੇਤੁ ਇਹ ਲਜਾਯੋ।ਅਸਮੰਜਸ ਪਿਖਿ ਮੈਂ ਲਖਿ ਪਾਯੋ॥ ੩੫॥

ਇਹ ਲੜਕਾ ਠੱਗ ਜਾਂ ਕੋਈ ਚੋਰ ਹੈ, ਇਸ ਦੇ ਪਾਸ ਦੋ ਅਜੀਬ ਵਸਤਾਂ ਹਨ। ਗਹਿਣੇ ਧਰਨ ਵਾਸਤੇ ਇਹ ਲਿਆਇਆ ਹੈ, ਅਯੋਗ ਵੇਖ ਕੇ ਮੈਂ ਇਹ ਸਮਝਿਆ ਹੈ॥੩੫॥

ਮਮ ਸਿਰ ਦੋਸ਼ ਨ ਆਵੈ ਕੋਈ। ਤੁਮ ਹਦੂਰ ਕੀਨਿ ਮੈਂ ਸੋਈ।
ਕਰਿ ਲਿਹੁ ਨਿਰਨੈ ਹੁਇ ਜਿਸ ਭਾਂਤੀ। ਤਸਕਰ, ਬਾਟਪਾਰ ਕਿਹ ਘਾਤੀ' ॥੩੬॥

ਮੇਰੇ ਸਿਰ ਕੋਈ ਦੋਸ਼ ਨਾ ਆਵੇ, ਇਸ ਕਰਕੇ ਤੁਹਾਡੇ ਸਾਹਮਣੇ ਮੈਂ ਇਸ ਨੂੰ ਪੇਸ਼ ਕੀਤਾ ਹੈ। ਇਸ ਦਾ ਨਿਰਣਾ ਕਰ ਲਵੋ ਜਿਸ ਪ੍ਰਕਾਰ ਵੀ ਹੋਵੇ, ਇਹ ਚੋਰ ਹੈ, ਧਾੜਵੀ ਹੈ ਕਿ ਕਾਤਲ ਹੈ" ॥੩੬॥

ਇਮ ਕਹਿ ਦੋਨੋਂ ਛਾਪ ਦੁਸ਼ਾਲਾ। ਧਰਿ ਦੀਨੇ ਸਭਿ ਮਹਿਂ ਤਿਸ ਕਾਲਾ।
ਪਿਖਿ ਕੁਤਵਾਲ ਬਿਸਾਲੀ ਮੋਲ। ਤਾੜਯੋ ਕਹਿ ਕਰਿ ਕ੍ਰੂਰ ਜਿ ਬੋਲ॥ ੩੭॥

ਇਹ ਕਹਿ ਕੇ ਛਾਪ ਅਤੇ ਦੁਸ਼ਾਲਾ ਦੋਵੇਂ ਉਸ ਸਮੇਂ ਸਾਰਿਆਂ ਦੇ ਵਿਚ ਧਰ ਦਿੱਤੇ। ਕੁਤਵਾਲ ਨੇ ਬਹੁਤ ਕੀਮਤੀ ਵਸਤਾਂ ਵੇਖ ਕੇ ਬਹੁਤ ਭਿਆਨਕ ਬਚਨ ਬੋਲ ਕੇ ਆਜੜੀ ਨੂੰ ਤਾੜਿਆ ॥੩੭॥

'ਕਹਹੁ ਸਾਚ ਨਤੁ ਦੇ ਹੌਂ ਫਾਂਸੀ। ਕਹਿਂ ਤੇ ਆਨੇ ਘਾਤ ਬਿਸਾਸੀ।
ਸਕਲ ਖੋਜ ਕੋ ਦੇਹੁ ਬਤਾਇ। ਨਾਂਹਿ ਤ ਪ੍ਰਾਨ ਤੁਰਤ ਤੁਵ ਜਾਇਂ' ॥ ੩੮ ॥

"ਸੱਚ ਕਹਿ ਦੇ ਨਹੀਂ ਤਾਂ ਫਾਂਸੀ 'ਤੇ ਲਟਕਾ ਦੇਵਾਂਗਾ, ਹੇ ਵਿਸ਼ਵਾਸਘਾਤ ਕਰਨ ਵਾਲੇ ਕਿਸ ਨੂੰ ਮਾਰ ਕੇ ਇਹ ਵਸਤਾਂ ਲਿਆਂਦੀਆਂ ਹਨ। ਸਾਰੀ ਗੱਲ ਨੂੰ ਦੱਸ ਦੇਹ, ਨਹੀਂ ਤਾਂ ਤੇਰੇ ਤੁਰਤ ਪ੍ਰਾਣ ਜਾਂਦੇ ਰਹਿਣਗੇ" ॥੩੮॥

ਸਭਿ ਨਰ ਤਿਸਕੇ ਮੁਖ ਕੌ ਹੇਰਤਿ। ਸੁਨਿਬੇ ਹੇਤੁ ਕਹਨਿ ਕੌ ਪ੍ਰੇਰਤਿ।
ਤ੍ਰਸਤਿ ਬਿਸਾਲ ਅਜਾਲੀ ਬੋਲ੍ਯੋ। 'ਚੋਰ ਨਹੀਂ ਮੈਂ ਕਿਸ ਘਰ ਫੋਲ੍ਯੋ ॥ ੩੯ ॥

ਸਾਰੇ ਮਨੁੱਖ ਉਸ ਦੇ ਚਿਹਰੇ ਵਲ ਵੇਖ ਰਹੇ ਸਨ, ਸੁਣਨ ਵਾਸਤੇ ਕਹਿਣ ਵਾਸਤੇ ਪ੍ਰੇਰਦੇ ਸਨ। ਬਹੁਤ ਡਰਿਆ ਹੋਇਆ ਆਜੜੀ ਬੋਲਿਆ, 'ਮੈਂ ਚੋਰ ਹੋ ਕੇ ਕਿਸੇ ਦੇ ਘਰ ਚੋਰੀ ਨਹੀਂ ਕੀਤੀ ॥੩੯॥

ਨਹਿਂ ਬਟਵਾਰ ਨ ਬੰਚਕ ਕੋਈ। ਸੁਨਿਯਹਿ ਬ੍ਰਿਥਾ ਜਥਾ ਇਹ ਹੋਈ।
ਅਜਾ ਚਰਾਵਤਿ ਵਹਿਰ ਫਿਰੰਤਾ। ਆਯੋ ਉਪਬਨ ਨਿਕਟਿ ਤਿਖੰਤਾ ॥ ੪੦ ॥

ਨਾ ਮੈਂ ਧਾੜਵੀ ਹਾਂ ਅਤੇ ਨਾ ਹੀ ਠੱਗ ਹਾਂ, ਮੇਰੀ ਵਿਥਿਆ ਸੁਣੋ ਜਿਵੇਂ ਮੇਰੇ ਨਾਲ ਹੋਈ ਹੈ। ਮੈਂ ਬਕਰੀਆਂ ਚਾਰਦਾ ਬਾਹਰ ਫਿਰ ਰਿਹਾ ਹਾਂ, ਪਿਆਸ ਲੱਗਣ ਕਾਰਨ ਮੈਂ ਬਾਗ ਦੇ ਨੇੜੇ ਆਇਆ ਸੀ ॥੪੦॥

ਤਹਿਂ ਉਮਰਾਵ ਮਹਾਨ ਸਮਾਨਾ। ਉਤਰ੍ਯੋ ਆਨਿ ਤੁਰਤ ਹੀ ਜਾਨਾ।
ਆਵਤਿ ਮੋ ਕਹੁ ਨਿਕਟਿ ਬੁਲਾਯੋ। ਦੀਨਿ ਮੁੰਦਰੀ ਹਾਥ, ਅਲਾਯੋ ॥ ੪੧ ॥

ਉਥੇ ਜਾ ਕੇ ਮੈਂ ਵੇਖਿਆ ਕਿ ਇਕ ਮਹਾਨ ਉਮਰਾਵ ਨੇ ਤੁਰਤ ਹੀ ਉਥੇ ਉਤਾਰਾ ਕੀਤਾ ਹੈ, ਉਸ ਨੇ ਆ ਕੇ ਮੈਨੂੰ ਆਪਣੇ ਪਾਸ ਬੁਲਾਇਆ ਤੇ ਮੇਰੇ ਹੱਥ ਵਿਚ ਮੁੰਦਰੀ ਦੇ ਕੇ ਕਿਹਾ ॥੪੧॥

ਇਸ ਕੋ ਧਰਿ ਲੇ ਆਉ ਮਿਠਾਈ। ਬੀਚ ਦੁਸ਼ਾਲੇ ਲੇਹੁ ਪਵਾਈ।
ਆਨਿ ਉਤਾਇਲ ਮੈਂ ਇਸ ਦੀਨੀ। ਲਖਿ ਕਰਿ ਤਸਕਰ ਭੁਜ ਗਹਿ ਲੀਨੀ ॥੪੨॥

ਇਸ ਮੁੰਦਰੀ ਨੂੰ ਗਹਿਣੇ ਧਰ ਕੇ ਮਿਠਾਈ ਲਿਆਵੇਂ ਤੇ ਇਸ ਦੁਸ਼ਾਲੇ ਵਿਚ ਪਵਾ ਲਿਆਵੇਂ। ਮੈਂ ਬੜੀ ਕਾਹਲੀ ਨਾਲ ਚਲ ਕੇ ਇਨ੍ਹਾਂ ਨੂੰ ਦਿੱਤੀ ਤੇ ਇਨ੍ਹਾਂ ਚੋਰ ਸਮਝ ਕੇ ਮੇਰੀ ਬਾਂਹ ਫੜ ਲਈ ॥੪੨॥

ਬਰਜਿ ਬਰਜਿ ਮੈਂ ਇਹ ਸਮੁਝਾਯੋ। ਨਾਹਕ ਜਬਰੀ ਤੇ ਗਹਿ ਲ੍ਯਾਯੋ।
ਉਪਬਨ ਬਿਖੈ ਖਸ਼ਟ ਅਸਵਾਰ। ਜਾਨਹੁੰ ਤਸਕਰ ਕੈ ਬਟਪਾਰ ॥ ੪੩ ॥

ਮੈਂ ਵਰਜ-ਵਰਜ ਕੇ ਇਨ੍ਹਾਂ ਨੂੰ ਸਮਝਾਇਆ, ਫਜ਼ੂਲ ਵਿਚ ਮੈਨੂੰ ਜਬਰੀ ਫੜ ਕੇ ਲੈ ਆਏ ਹਨ। ਬਾਗ ਵਿਚ ਛੇ ਸਵਾਰ ਉੱਤਰੇ ਹਨ, ਉਨ੍ਹਾਂ ਨੂੰ ਚੋਰ ਜਾਂ ਧਾੜਵੀ ਜਾਣੋ ॥੪੩॥

ਕੈ ਕਿਸ ਥਲ ਕੌ ਬਡ ਸਰਦਾਰ। ਸਾਧੁ ਅਸਾਧੁ ਲੇਹੁ ਨਿਰਧਾਰ।
ਕਹੌਂ ਨ ਕੂਰ, ਹੇਰਿ ਤਿਨ ਲੀਜਹਿ। ਬੂਝਹੁ ਚਲਿ ਕਰਿ ਨਿਰਨੈ ਕੀਜਹਿ ॥੪੪॥

ਜਾਂ ਕਿਸੇ ਸਥਾਨ ਦੇ ਵੱਡੇ ਸਰਦਾਰ ਹਨ, ਸਾਧ ਚੋਰ ਤੁਸੀਂ ਨਿਰਣਾ ਕਰ ਲਵੋ। ਮੈਂ ਝੂਠ ਨਹੀਂ ਕਹਿੰਦਾ ਹਾਂ, ਉਨ੍ਹਾਂ ਨੂੰ ਵੇਖ ਲਵੋ, ਚਲ ਕੇ ਪੁੱਛੋ ਤੇ ਨਿਰਣੇ ਕਰ ਲਵੋ ॥੪੪॥

Sri Satguru Jagjit Singh Ji eLlibrary NamdhariElibrary@gmail.com

ਮੋ ਮਹਿਂ ਦੋਸ਼ ਹੋਇ ਜੇ ਕੋਈ। ਚਹਹੁ ਸਾਸਨਾ ਦੀਜਹਿ ਸੋਈ।
ਇਮ ਸੁਨਿ ਸਭਿ ਹੀ ਲਖ੍ਯੋ ਅਯਾਲੀ। ਨਿਰਨੇ ਕਰਿਬੇ ਚਹ੍ਯੋ ਬਿਸਾਲੀ ॥੪੫ ॥

ਜੇ ਮੇਰੇ ਵਿਚ ਕੋਈ ਦੋਸ਼ ਹੋਵੇ, ਜਿਹੜੀ ਵੀ ਸਜ਼ਾ ਦੇਣੀ ਚਾਹੋ ਉਹੋ ਹੀ ਦੇਵੋ।" ਇਸ ਤਰ੍ਹਾਂ ਸੁਣ ਕੇ ਸਾਰਿਆਂ ਨੇ ਉਸ ਨੂੰ ਆਜੜੀ ਸਮਝਿਆ ਤੇ ਯੋਗ ਨਿਰਣਾ ਕਰਨਾ ਚਾਹਿਆ ॥੪੫ ॥

*ਬਾਰ੍ਹਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ ॥੩੬ ॥*

## ਅਧਿਆਇ ਸੈਂਤੀਵਾਂ

### ਆਪਣੇ ਆਪ ਨੂੰ ਹਵਾਲੇ ਕੀਤਾ

ਦੋਹਰਾ- ਸੁਨਿ ਅਦਾਲਤੀ ਸਭਿਨਿ ਮਹਿਂ ਸਾਚ ਲਖਨਿ ਕੇ ਹੇਤੁ।
ਜੁਗਲ ਸਿਪਾਹੀ ਸੋਂ ਕਹ੍ਯੋ 'ਗਮਨਹੁਂ ਸੰਗ ਸੁਚੇਤ ॥ ੧ ॥

ਕੁਤਵਾਲ ਨੇ ਸਾਰਿਆਂ ਦੇ ਵਿਚ ਸੁਣ ਕੇ ਸੱਚ ਸਮਝਣ ਦੇ ਵਾਸਤੇ ਦੋ ਸਿਪਾਹੀਆਂ ਨੂੰ ਕਿਹਾ, "ਇਸ ਦੇ ਨਾਲ ਸੁਚੇਤ ਹੋ ਕੇ ਜਾਵੋ ॥੧ ॥

ਚੌਪਈ- ਉਪਬਨ ਬਿਖੈ ਜਾਹੁ ਇਸ ਸੰਗ। ਪਿਖਹੁ ਤਹਾਂ ਅਸਵਾਰਨਿ ਢੰਗ।
ਨਾਉਂ ਗਾਉਂ ਬੂਝਹੁ ਸਭਿ ਭਾਂਤੀ। ਆਵਨਿ ਜਾਨਿ ਕਹਾਂ ਕੋਂ, ਜਾਤੀ ? ॥੨ ॥

ਬਾਗ ਦੇ ਵਿਚ ਇਸ ਦੇ ਨਾਲ ਜਾਵੋ ਤੇ ਉਥੇ ਜਾ ਕੇ ਘੋੜ-ਸਵਾਰਾਂ ਦਾ ਰੰਗ ਢੰਗ ਵੇਖੋ। ਉਨ੍ਹਾਂ ਦਾ ਨਾਮ ਗ੍ਰਾਮ ਸਭ ਪ੍ਰਕਾਰ ਪੁੱਛੋ, ਕਿਥੋਂ ਆਏ ਹਨ ਤੇ ਕਿੱਥੇ ਜਾ ਰਹੇ ਹਨ ਤੇ ਉਨ੍ਹਾਂ ਦੀ ਕਿਹੜੀ ਜਾਤ ਹੈ ? ॥੨ ॥

ਕਿਸ ਥਲ ਕੇ ਹੁਇ ਹੈਂ ਸਰਦਾਰ ?। ਨਾਂਹਿ ਤ ਲਖੇ ਪਰਹਿਂ ਬਟਪਾਰ।
ਮਾਲ ਖਸੋਟਨਿ ਕਿਸ ਕੋ ਆਏ। ਬੈਠਿ ਵਹਿਰ ਜਿਨ ਅਸਨ ਮੰਗਾਏ ॥੩ ॥

ਕਿਸ ਸਥਾਨ ਦੇ ਉਹ ਸਰਦਾਰ ਹਨ ? ਨਹੀਂ ਤਾਂ ਮੈਨੂੰ ਉਹ ਧਾੜਵੀ ਜਾਪਦੇ ਹਨ। ਕਿਸੇ ਦਾ ਮਾਲ ਖੋਹਣ ਵਾਸਤੇ ਆਏ ਹਨ, ਬਾਹਰ ਬੈਠ ਕੇ ਜਿਨ੍ਹਾਂ ਪਕਵਾਨ ਮੰਗਵਾਏ ਹਨ ॥੩ ॥

ਜਿਮ ਭਾਜਹਿਂ ਨਹਿਂ, ਸੋ ਗਤਿ ਕੀਜੈ। ਭੇਦ ਮਧੁਰ ਬਾਕਨਿ ਤੇ ਲੀਜੈ।
ਇਕ ਤਹਿਂ ਰਹਹੁ ਸ਼ੀਘ੍ਰ ਇਕ ਆਵੈ। ਜਥਾ ਹੋਇ ਤਿਮ ਆਨਿ ਸੁਨਾਵੈ ॥੪ ॥

ਜਿਵੇਂ ਭੱਜਣ ਨਾ, ਉਹ ਗਤੀ ਕਰੋ, ਉਨ੍ਹਾਂ ਦਾ ਭੇਦ ਮਿੱਠੇ ਬਚਨ ਬੋਲ ਕੇ ਲਵੋ, ਇਕ ਉਥੇ ਰਹੋ, ਇਕ ਸ਼ੀਘਰ ਏਧਰ ਆਵੇ ਜਿਵੇਂ ਵੀ ਹੋਵੇ, ਉਸ ਤਰ੍ਹਾਂ ਆ ਕੇ ਸੁਣਾ ਦੇਵੇ" ॥੪ ॥

ਕਰ੍ਯੋ ਅਗਾਰੀ ਤਬਹਿ ਅਯਾਲੀ। ਚਲੇ ਸਿਪਾਹੀ ਸਾਥ ਉਤਾਲੀ।
ਖੜਗ ਸਿਪਰ ਜਿਨ ਧਾਰਨਿ ਕੀਨਿ। ਉਪਬਨ ਕੋ ਗਮਨ ਸੰਗ ਲੀਨ ॥੫ ॥

ਉਨ੍ਹਾਂ ਨੇ ਫਿਰ ਆਜੜੀ ਨੂੰ ਅੱਗੇ ਲਾਇਆ ਤੇ ਸਿਪਾਹੀ ਬੜੇ ਉਤਾਵਲੇ ਹੋ ਕੇ ਨਾਲ ਨਾਲ ਚਲ ਪਏ। ਤਲਵਾਰਾਂ ਅਤੇ ਢਾਲਾਂ ਉਨ੍ਹਾਂ ਨੇ ਧਾਰਨ ਕੀਤੀਆਂ ਹੋਈਆਂ ਸਨ। ਬਾਗ ਵੱਲ ਆਪਣੇ ਨਾਲ ਲੈ ਕੇ ਚਲੇ ਗਏ ॥੫ ॥

ਆਵਤਿ ਦੇਖਿ ਦੂਰ ਤੇ ਜਬੈ। ਮਤੀਦਾਸ ਇਮ ਬੋਲ੍ਯੋ ਤਬੈ।
'ਪਠ੍ਯੋ ਆਪ ਕੋ ਆਵਤਿ ਸੋਈ। ਆਨ੍ਯੋ ਅਸਨ ਭਿ ਨਾਂਹਿਨ ਜੋਈ' ॥ ੬ ॥

ਜਦ ਦੂਰੋਂ ਹੀ ਆਉਂਦੇ ਵੇਖੇ, ਤਦ ਮਤੀਦਾਸ ਇਸ ਤਰ੍ਹਾਂ ਬੋਲਿਆ "ਜਿਹੜਾ ਤੁਸੀਂ ਭੇਜਿਆ ਸੀ ਉਹ ਆ ਰਿਹਾ ਹੈ, ਉਸਨੇ ਭੋਜਨ ਵੀ ਨਹੀਂ ਲਿਆਂਦਾ ਹੈ" ॥੬॥

ਸਭਿਨਿ ਸੁਨਾਵਤਿ ਸਤਿਗੁਰ ਕਹ੍ਯੋ। 'ਆਵਤਿ ਉਹੀ ਠੀਕ ਤੁਮ ਲਹ੍ਯੋ।
ਤਊ ਜਾਨੀ ਅਹਿ ਬਨ੍ਯੋ ਕੁਸੂਤ। ਆਨੇ ਸੰਗ ਦੋਇ ਜਮਦੂਤ ॥ ੭ ॥

ਸਾਰਿਆਂ ਨੂੰ ਸੁਣਾ ਕੇ ਸਤਿਗੁਰੂ ਜੀ ਨੇ ਕਿਹਾ, "ਉਹੀ ਆ ਰਿਹਾ ਹੈ ਠੀਕ ਤੁਸੀਂ ਪਹਿਚਾਣਿਆ ਹੈ। ਫਿਰ ਵੀ ਇਹ ਜਾਣਿਆ ਜਾਂਦਾ ਹੈ ਕਿ ਇਹ ਕਸੂਤੀ ਗੱਲ ਬਣ ਗਈ ਹੈ, ਉਨ੍ਹਾਂ ਦੇ ਨਾਲ ਦੋ ਜਮਦੂਤ ਵੀ ਆ ਰਹੇ ਹਨ॥੭॥

ਨਹਿਂ ਸੌਦਾ ਆਨ੍ਯੋਂ ਇਮ ਲਖੀਯਤਿ। ਅੱਗ੍ਰ ਜੁਗਨਿ ਕੇ ਛੂਛੋ ਪਿਖੀਯਤਿ'।
ਸੁਨਿ ਕੈ ਮਤੀਦਾਸ ਤੇ ਆਦਿ। ਗੁਰੁ ਚਰਿੱਤ੍ਰ ਤੇ ਭੇ ਬਿਸਮਾਦਿ ॥ ੮ ॥

ਉਹ ਸੌਦਾ ਨਹੀਂ ਲਿਆਇਆ ਹੈ, ਇੰਞ ਪਤਾ ਲੱਗਦਾ ਹੈ, ਦੋਵਾਂ ਸਿਪਾਹੀਆਂ ਦੇ ਅੱਗੇ ਇਹ ਖਾਲੀ ਆਉਂਦਾ ਦਿੱਸਦਾ ਹੈ।" ਮਤੀਦਾਸ ਤੋਂ ਇਸ ਤਰ੍ਹਾਂ ਸੁਣ ਕੇ ਸਾਰੇ ਗੁਰੂ ਜੀ ਦੇ ਚਰਿੱਤਰ ਤੇ ਬਹੁਤ ਹੈਰਾਨ ਹੋਏ॥੮॥

'ਪਾਨ ਅਯਾਲੀ ਕੇ ਪਕਵਾਨ। ਅਨਵਾਵਨਿ ਕਰਿ ਚਾਹਤਿ ਖਾਨ।
ਜੇ ਨਿਤ ਸੁਚਿ ਸੌਂ ਕਰਤਿ ਅਹਾਰ। ਅਬਿ ਬਿਲੋਕਿ ਕਜਾ ਕੀਨਿ ਉਚਾਰ ॥ ੯ ॥

"ਆਜੜੀ ਦੇ ਹੱਥੀ ਪਕਵਾਨ ਮੰਗਵਾ ਕੇ ਖਾਣਾ ਚਾਹੁੰਦੇ ਹਨ। ਜਿਹੜੇ ਸਦਾ ਹੀ ਇਸ਼ਨਾਨ ਕਰਕੇ ਸੁੱਚਮ ਧਾਰ ਕੇ ਭੋਜਨ ਛੱਕਦੇ ਹਨ। ਹੁਣ ਵੇਖ ਕੇ ਕੀ ਉਚਾਰਨ ਕੀਤਾ ਹੈ॥੯॥

ਦੋ ਜਮਦੂਤ ਆਵਤੇ ਸਾਥ। ਕਹਾਂ ਰਚੀ ਗਤਿ ਇਸ ਬਿਧਿ ਨਾਥ'।
ਕਰਹਿਂ ਬਿਚਾਰਨਿ ਕੋ ਬਹੁ ਬਾਰੀ। ਨਹਿਂ ਬੋਲੇ, ਪ੍ਰਣ ਗੁਰੁ ਅਨੁਸਾਰੀ ॥ ੧੦ ॥

ਦੋ ਜਮਦੂਤ ਨਾਲ ਆ ਰਹੇ ਹਨ, ਕੈਸੀ ਇਸ ਵਿਧੀ ਨਾਲ ਗੁਰੂ ਜੀ ਨੇ ਗਤੀ ਰਚੀ ਹੈ।" ਬਹੁਤ ਵਾਰ ਵਿਚਾਰ ਕਰਦੇ ਸਨ ਪਰ ਉਹ ਬੋਲਦੇ ਨਹੀਂ ਸਨ ਕਿਉਂਕਿ ਉਨ੍ਹਾਂ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਰਹਿਣ ਦਾ ਪ੍ਰਣ ਕੀਤਾ ਸੀ॥੧੦॥

ਬ੍ਰਿਧ ਕੇ ਬੰਸ ਸਾਧੁ ਗੁਰਦਿੱਤਾ। ਹੋਨਹਾਰ ਪਰ ਮਨ ਦ੍ਰਿੜ ਕਿੱਤਾ।
'ਜੋ ਗੁਰ ਕਰਹਿਂ ਭਲੀ ਸਭਿ ਹੋਇ। ਕੋਟਿ ਜਤਨ ਤੇ ਮਿਟਹਿ ਨ ਸੋਇ' ॥੧੧॥

ਬਾਬਾ ਬੁੱਢਾ ਜੀ ਦੀ ਅੰਸ਼ ਵਿਚ ਸਾਧੂ ਬਾਬਾ ਗੁਰਦਿੱਤਾ ਜੀ ਸਨ ਜਿਨ੍ਹਾਂ ਹੋਣਹਾਰ ਉੱਤੇ ਮਨ ਦ੍ਰਿੜ ਕੀਤਾ ਹੋਇਆ ਸੀ। ਉਨ੍ਹਾਂ ਨੇ ਸੋਚਿਆ, "ਜੋ ਗੁਰੂ ਜੀ ਕਰਨ, ਸਭ ਭਲਾ ਹੁੰਦਾ ਹੈ, ਉਹ ਕ੍ਰੋੜਾਂ ਯਤਨਾਂ ਨਾਲ ਮਿਟ ਨਹੀਂ ਸਕਦਾ ਹੈ" ॥੧੧॥

ਇਮੀ ਲਖਿ ਕੈ ਤੂਸ਼ਨਿ ਹੁਇ ਰਹ੍ਯੋ। ਭਲੀ ਕਿ ਬੁਰੀ ਨਹੀਂ ਬਚ ਕਹ੍ਯੋ।
ਇਤਨੇ ਮਹਿਂ ਪਹੁੰਚੇ ਚਲਿ ਤੀਨੋਂ। ਉਪਬਨ ਬਿਖੇ ਪ੍ਰਵੇਸ਼ਨਿ ਕੀਨੋ ॥ ੧੨ ॥

ਇਸ ਤਰ੍ਹਾਂ ਸਮਝ ਕੇ ਬਾਬਾ ਗੁਰਦਿੱਤਾ ਜੀ ਚੁੱਪ ਹੋਇਆ ਰਿਹਾ। ਭਲਾ ਹੈ ਕਿ ਬੁਰਾ ਹੈ, ਕੋਈ ਵੀ ਬਚਨ ਨਹੀਂ ਕਿਹਾ ਹੈ। ਏਨੇ ਵਿਚ ਚਲ ਕੇ ਤਿੰਨੇ ਆ ਪਹੁੰਚੇ ਤੇ ਬਾਗ ਦੇ ਵਿਚ ਉਨ੍ਹਾਂ ਪ੍ਰਵੇਸ਼ ਕੀਤਾ॥੧੨॥

ਖਰੇ ਹਜ਼ੂਰ ਗੁਰੂ ਕੇ ਹੋਇ। ਬੂਝੇ 'ਕਿਤ ਤੇ ਹਹੁ ਤੁਮ ਕੋਇ?।
ਕਹਾਂ ਨਾਮ ਕਿਸ ਗ੍ਰਾਮ ਬਸੰਤੇ?। ਕਿਤ ਤੇ ਆਇ ਕਹਾਂ ਗਮਨੰਤੇ' ॥ ੧੩ ॥

ਗੁਰੂ ਜੀ ਦੀ ਹਜ਼ੂਰੀ ਵਿਚ ਆ ਖੜੇ ਹੋਏ, ਪੁੱਛਿਆ, "ਤੁਸੀਂ ਕਿੱਥੋਂ ਦੇ ਰਹਿਣ ਵਾਲੇ ਹੋ ਤੁਹਾਡਾ ਕੀ ਨਾਮ ਹੈ ? ਕਿਸ ਗ੍ਰਾਮ ਵਿਚ ਵੱਸਦੇ ਹੋ ? ਕਿੱਥੋਂ ਆਏ ਹੋ ਤੇ ਕਿੱਥੇ ਜਾ ਰਹੇ ਹੋ ?" ॥੧੩॥

ਸੁਨਿ ਬੋਲੇ ਸਤਿਗੁਰੂ ਸੁਖਧਾਮੂ। 'ਤੇਗ ਬਹਾਦੁਰ ਹੈ ਹਮ ਨਾਮੂ।
ਸ੍ਰੀ ਨਾਨਕ ਕੀ ਕਰੁਨਾ ਅਹੈ। ਯਾਂਤੇ ਗੁਰੂ ਜਗਤ ਮੈਂ ਕਹੈਂ॥ ੧੪॥

ਇਹ ਸੁਣ ਕੇ ਸੁਖਾਂ ਦੇ ਘਰ ਸਤਿਗੁਰੂ ਜੀ ਬੋਲੇ, "ਮੇਰਾ ਨਾਮ ਤੇਗ ਬਹਾਦਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਹੈ, ਇਸ ਕਰਕੇ ਜਗਤ ਵਿਚ ਸਾਨੂੰ ਗੁਰੂ ਜੀ ਕਹਿੰਦੇ ਹਨ॥੧੪॥

ਬਿਚਰਹਿਂ ਜਿਤ ਕਿਤ ਸਹਿਜ ਸੁਭਾਇ। ਥਿਰ ਹੁਇ ਬਸਹਿਂ ਨਹੀਂ ਇਕ ਥਾਇਂ'।
ਇਮ ਸੁਨਿ ਕੈ ਗੁਰ ਤੇ ਤਿਸ ਠੌਰਾ। ਗਮਨਯੋ ਏਕ ਸਿਪਾਹੀ ਦੌਰਾ॥ ੧੫॥

ਜਿੱਥੇ ਕਿੱਥੇ ਸਹਿਜ ਸੁਭਾਅ ਫਿਰਦੇ ਹਾਂ, ਇਕ ਥਾਂ ਸਥਿਰ ਹੋ ਕੇ ਨਹੀਂ ਵੱਸਦੇ ਹਾਂ।" ਉਸ ਸਥਾਨ 'ਤੇ ਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ, ਇਕ ਸਿਪਾਹੀ ਦੌੜ ਕੇ ਚਲੇ ਗਿਆ॥੧੫॥

ਸੰਗ ਅਯਾਲੀ ਕੇ ਇਕ ਖਰਯੋ। ਪ੍ਰਭੁ ਨੇ ਤਬਹਿ ਬੂਝਿਬੋ ਕਰਯੋ।
'ਛਾਪ ਦੁਸ਼ਾਲਾ ਕਹਾਂ ਮਿਠਾਈ। ਨਹਿਂ ਆਨਯੋ ਕਛੁ ਨਿਕਟਿ ਇਥਾਈ' ॥੧੬॥

ਇਕ ਸਿਪਾਹੀ ਆਜੜੀ ਦੇ ਨਾਲ ਖੜਾ ਰਿਹਾ, ਗੁਰੂ ਜੀ ਨੇ ਫਿਰ ਪੁੱਛਿਆ, "ਛਾਪ ਦੁਸ਼ਾਲਾ ਤੇ ਮਿਠਾਈ ਕਿੱਥੇ ਹੈ, ਆਪਣੇ ਨਾਲ ਏਥੇ ਕੁਝ ਵੀ ਨਹੀਂ ਲਿਆਇਆ ਹੈਂ" ॥੧੬॥

ਸੁਨਿ ਕਰ ਜੋਰਿ ਕਹਯੋ ਤਿਸ ਕਾਲਾ। 'ਗਹਯੋ ਬਾਨੀਏ ਦੇਖਿ ਦੁਸ਼ਾਲਾ।
ਚਲਿ ਚਬੂਤਰੇ ਮਹਿਂ ਪਹੁੰਚਾਯੋ। ਛੀਨ ਮੋਹਿ ਤੇ ਤਹਾਂ ਰਖਾਯੋ॥ ੧੭॥

ਆਜੜੀ ਨੇ ਇਹ ਸੁਣ ਕੇ ਹੱਥ ਜੋੜ ਕੇ ਕਿਹਾ, "ਬਾਣੀਏ ਨੇ ਦੁਸ਼ਾਲਾ ਵੇਖ ਕੇ ਮੈਨੂੰ ਫੜ ਲਿਆ ਮੈਨੂੰ ਕੁਤਵਾਲੀ ਦੇ ਚਬੂਤਰੇ ਵਿਚ ਪਹੁੰਚਾ ਦਿੱਤਾ, ਮੇਰੇ ਪਾਸੋਂ ਉਹ ਵਸਤਾਂ ਖੋਹ ਕੇ ਉਥੇ ਰਖਵਾ ਦਿੱਤੀਆਂ॥੧੭॥

ਹੀਰਾ ਹੇਰਿ ਮੁੰਦਰੀ ਮਾਂਹੀ। ਧਰਿ ਅਦਾਲਤੀ ਅਪਨੇ ਪਾਹੀ।
ਨਿਰਨੇ ਕਰਨਿ ਹੇਤੁ ਪਠਿ ਦੋਇ। ਇਕ ਤੋ ਗਯੋ ਬੂਝ ਕਰਿ ਸੋਇ॥ ੧੮॥

ਮੁੰਦਰੀ ਵਿਚ ਹੀਰਾ ਵੇਖ ਕੇ, ਕੁਤਵਾਲ ਨੇ ਆਪਣੇ ਪਾਸ ਰੱਖ ਲਈ। ਨਿਰਣਾ ਕਰਨ ਵਾਸਤੇ ਇਨ੍ਹਾਂ ਦੋਹਾਂ ਸਿਪਾਹੀਆਂ ਨੂੰ ਭੇਜਿਆ, ਇਕ ਤਾਂ ਪੁੱਛ ਕੇ ਚਲੇ ਗਿਆ ਹੈ॥੧੮॥

ਇਮ ਮੋਕਉ ਮੁਸ਼ਕਲ ਬਨਿ ਗਈ। ਅਬਿ ਗਮਨੋਂ ਸਭਿ ਹੀ ਕਹਿ ਦਈ'।
ਜਾਇ ਅਯਾਲੀ ਅਜਾ ਸਮ੍ਹਾਰੀ। ਗਯੋ ਸਿਪਾਹੀ ਸਕਲ ਉਚਾਰੀ॥ ੧੯॥

ਇਸ ਤਰ੍ਹਾਂ ਮੈਨੂੰ ਮੁਸ਼ਕਲ ਬਣ ਗਈ ਹੈ, ਹੁਣ ਜਾਂਦਾ ਹਾਂ, ਸਾਰੀ ਗੱਲ ਕਹਿ ਦਿੱਤੀ ਹੈ।" ਆਜੜੀ ਨੇ ਜਾ ਕੇ ਬਕਰੀਆਂ ਸੰਭਾਲੀਆਂ। ਜਿਹੜਾ ਸਿਪਾਹੀ ਕੁਤਵਾਲ ਪਾਸ ਗਿਆ ਸੀ, ਉਸ ਸਾਰੀ ਗੱਲ ਉਚਾਰਨ ਕੀਤੀ॥੧੯॥

'ਸੋਢੀ ਸ੍ਰੀ ਗੁਰ ਤੇਗਬਹਾਦਰ। ਮਾਨਤਿ ਸਭਿ ਹਿੰਦੂ ਜਿਹ ਸਾਦਰ।
ਛਾਪ ਦੁਸ਼ਾਲਾ ਹੈ ਤਿਨ ਕੇਰਾ। ਖਟ ਅਸਵਾਰ ਸੰਗ ਤਿਹ ਹੇਰਾ' ॥ ੨੦॥

"ਸੋਢੀ ਸ੍ਰੀ ਗੁਰੂ ਤੇਗ ਬਹਾਦਰ, ਜਿਸ ਨੂੰ ਸਾਰੇ ਹਿੰਦੂ ਬੜੇ ਆਦਰ ਨਾਲ ਮੰਨਦੇ ਹਨ, ਛਾਪ ਦੁਸ਼ਾਲਾ ਉਨ੍ਹਾਂ ਦਾ ਹੈ, ਘੋੜ-ਸਵਾਰਾਂ ਸਹਿਤ ਉਨ੍ਹਾਂ ਛੇਆਂ ਨੂੰ ਵੇਖਿਆ ਹੈ" ॥੨੦॥

ਸੁਨਿ ਅਦਾਲਤੀ ਉਰ ਹਰਖਾਨਾ। ਔਚਕ ਭਲੋ ਆਪਨੋ ਜਾਨਾ।
ਜਿਸ ਕੇ ਹਿਤ ਖੋਜਤਿ ਬਹੁ ਦੇਸ਼। ਗਹਿਨ ਸ਼ਾਹੁ ਨਿਤ ਚਹੈ ਵਿਸ਼ੇਸ਼॥ ੨੧॥

ਇਹ ਸੁਣ ਕੇ ਕੁਤਵਾਲ ਦਿਲ ਵਿਚ ਬਹੁਤ ਪ੍ਰਸੰਨ ਹੋਇਆ, ਅਚਾਨਕ ਆਪਣਾ ਭਲਾ ਜਾਣਿਆ। ਜਿਸ ਵਾਸਤੇ ਬਹੁਤ ਦੇਸ਼ਾਂ ਨੂੰ ਖੋਜ ਰਹੇ ਹਨ। ਬਾਦਸ਼ਾਹ ਜਿਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਫੜਨਾ ਚਾਹੁੰਦਾ ਹੈ॥੨੧॥

**ਆਇ ਅਚਾਨਕ ਹੀ ਅਬਿ ਗਯੋ। ਖੋਜੈ ਕਹੂੰ ਨ ਪ੍ਰਾਪਤਿ ਭਯੋ।**
**ਗਹਿ ਕਰਿ ਸੁਧਿ ਕੋ ਦੇਹਿਂ ਪਠਾਈ। ਸ਼ਾਹੁ ਪ੍ਰਸੰਨ ਹੋਹਿ ਅਧਿਕਾਈ॥੨੨॥**

ਉਹ ਹੁਣ ਅਚਾਨਕ ਹੀ ਏਥੇ ਆ ਗਏ ਹਨ, ਕਿਸੇ ਖੋਜ ਤੋਂ ਬਗੈਰ ਹੀ ਪ੍ਰਾਪਤ ਹੋ ਗਏ ਹਨ। ਫੜ ਕੇ ਖਬਰ ਭੇਜ ਦੇਵਾਂਗਾ, ਬਾਦਸ਼ਾਹ ਬਹੁਤ ਪ੍ਰਸੰਨ ਹੋਵੇਗਾ॥੨੨॥

**ਇਮ ਠਹਿਰਾਇ ਬਿਚਾਰਤਿ ਔਰੇ। ਮਮ ਢਿਗ ਅਹੈਂ ਸਿਪਾਹੀ ਥੋਰੇ।**
**ਕਿਲੇ ਦਾਰ ਕੇ ਪਹੁੰਚਯੋ ਪਾਸ। ਸਰਬ ਬਾਰਤਾ ਕਰੀ ਪ੍ਰਕਾਸ਼॥ ੨੩॥**

ਇਸ ਤਰ੍ਹਾਂ ਠਹਿਰਾ ਕੇ ਹੋਰ ਸੋਚਣ ਲੱਗਾ, "ਮੇਰੇ ਪਾਸ ਸਿਪਾਹੀ ਬਹੁਤ ਥੋੜੇ ਹਨ।" ਕਿਲ੍ਹੇਦਾਰ ਦੇ ਪਾਸ ਪਹੁੰਚਿਆ ਤੇ ਸਾਰੀ ਵਾਰਤਾ ਉਸ ਨੂੰ ਸੁਣਾਈ॥੨੩॥

**'ਤੁਝ ਮੁਝ ਪਰ ਪ੍ਰਸੰਨ ਹ੍ਵੈ ਸ਼ਾਹੂ। ਔਚਕ ਆਇ ਗਯੋ ਗੁਰ ਪਾਹੂ।**
**ਜਿਸ ਹਿਤ ਕਈ ਬਾਰ ਪਰਵਾਨੇ।ਆਏ ਹੁਤੇ ਪਠੇ ਤਬਿ ਜਾਨੇ॥ ੨੪॥**

"ਤੇਰੇ ਮੇਰੇ ਉੱਤੇ ਬਾਦਸ਼ਾਹ ਬਹੁਤ ਪ੍ਰਸੰਨ ਹੋਵੇਗਾ, ਅਚਾਨਕ ਗੁਰੂ ਜੀ ਪਾਸ ਆ ਗਏ ਹਨ। ਜਿਨ੍ਹਾਂ ਵਾਸਤੇ ਕਈ ਵਾਰ ਪਰਵਾਨੇ ਆਏ ਹਨ, ਜਿਨ੍ਹਾਂ ਪਰਵਾਨਿਆਂ ਦੇ ਪਹੁੰਚਣ ਕਰਕੇ ਤਦ ਅਸੀਂ ਜਾਣਿਆ ਸੀ॥੨੪॥

**ਇਸੀ ਰੀਤਿ ਸਭਿ ਦੇਸ਼ਨਿ ਮਾਂਹੀ। ਸ਼ਾਹੁ ਤਗੀਦ, ਪਾਇ ਕਿਤ ਨਾਂਹੀ।**
**ਪੂਰਬ ਉੱਤਰ ਪਸ਼ਚਮ ਦੱਛਣ। ਖੋਜਤਿ ਰਹੇ ਨ ਲਹਯੋ ਬਿਚੱਛਣ॥ ੨੫॥**

ਇਸ ਰੀਤੀ ਨਾਲ ਸਾਰੇ ਦੇਸ਼ ਵਿਚ ਬਾਦਸ਼ਾਹ ਨੇ ਤਗੀਦ ਕੀਤੀ ਹੈ, ਪਰ ਕਿਸੇ ਥਾਂ ਵੀ ਨਹੀਂ ਪਾਏ ਹਨ। ਪੂਰਬ, ਉੱਤਰ, ਪੱਛਮ, ਦੱਖਣ, ਖੋਜਦੇ ਰਹੇ ਹਨ, ਪਰ ਇਸ ਵਿਲੱਖਣ ਹਸਤੀ ਨੂੰ ਕਿਤੇ ਨਹੀਂ ਪਾਇਆ ਹੈ॥੨੫॥

**ਸੋ ਤੁਮ ਫਤੇ ਲੇਹੁ ਇਸ ਕਾਲਾ। ਗਹਿ ਲੀਜਹਿ ਗੁਰ ਕੋ ਦਰਹਾਲਾ।**
**ਸੁਖ ਸੋਂ ਰਾਖਹੁ ਦੁਰਗ ਮਝਾਰੇ। ਸੁਧਿ ਪਠਿ ਦੇਹੁ ਸ਼ਾਹੁ ਕੇ ਦ੍ਵਾਰੇ' ॥ ੨੬॥**

ਉਹ ਤੁਸੀਂ ਇਸ ਸਮੇਂ ਫਤਹਿ ਹਾਸਲ ਕਰ ਲਵੋ, ਇਸ ਸਮੇਂ ਗੁਰੂ ਜੀ ਨੂੰ ਫੜ ਲਵੋ। ਸੁਖ ਨਾਲ ਕਿਲ੍ਹੇ ਦੇ ਵਿਚ ਰੱਖੋ ਤੇ ਬਾਦਸ਼ਾਹ ਦੇ ਦਵਾਰੇ ਖਬਰ ਭੇਜ ਦੇਵੋ" ॥੨੬॥

**ਕਹਿ ਸੁਨਿ ਕਰਿ ਦੋਨਹੁੰ ਹਰਖਾਏ। ਬ੍ਰਿੰਦ ਸਿਪਾਹੀ ਕਰਿ ਇਕ ਥਾਏਂ।**
**ਚਲਯੋ ਦੁਰਗਪਤਿ ਅਰੁ ਕੁਤਵਾਲ। ਬੋਲਤਿ ਮੋਦਤਿ ਕਰਤਿ ਉਤਾਲ॥੨੭॥**

ਕਹਿ ਸੁਣ ਕੇ ਦੋਵੇਂ ਬਹੁਤ ਪ੍ਰਸੰਨ ਹੋਏ, ਬਹੁਤ ਸਿਪਾਹੀਆਂ ਨੂੰ ਇਕ ਥਾਂ ਇਕੱਠਾ ਕੀਤਾ। ਕਿਲ੍ਹੇਦਾਰ ਅਤੇ ਕੁਤਵਾਲ ਬਹੁਤ ਉਤਾਵਲੇ ਹੋ ਕੇ ਪ੍ਰਸੰਨਤਾ ਨਾਲ ਬੋਲਦੇ ਸਨ॥੨੭॥

**ਜੋ ਉਪਬਨ ਕੀ ਹੈ ਦਿਸ਼ਿ ਚਾਰ। ਪਠੇ ਚਾਰ ਸੈ ਤਹਿਂ ਅਸਵਾਰ।**
**'ਬਨਿ ਸੁਚੇਤ ਹੂਜਹਿ ਸਭਿ ਠਾਢੇ। ਹੋਹਿ ਨ ਅਸ ਭਾਜੈ ਬਨਿ ਗਾਢੇ॥ ੨੮॥**

ਜੋ ਬਾਗ ਦੇ ਚਾਰ ਪਾਸੇ ਹਨ, ਉਧਰ ਚਾਰ ਸੌ ਘੋੜ ਸਵਾਰ ਭੇਜ ਦਿੱਤੇ ਤੇ ਕਿਹਾ, "ਸੁਚੇਤ ਬਣ ਕੇ ਸਭ ਖੜੇ ਹੋ ਜਾਵੋ, ਐਸਾ ਨਾ ਹੋਵੇ ਕਿ ਉਹ ਸ਼ਕਤੀ ਧਾਰ ਕੇ ਭੱਜ ਜਾਣ॥੨੮॥

ਵਹਿਰ ਬਾਗ਼ ਤੇ ਥਿਰ ਸਭਿ ਰਹੀਯਹਿ। ਨਿਕਸਿ ਨ ਭਾਜਹਿ ਦਿਢ ਹ੍ਵੈ ਲਹੀਯਹਿ।
ਆਪ ਪ੍ਰਵੇਸ਼ੇ ਅੰਤਰ ਜਾਇ। ਲਿਏ ਸੰਗ ਮਾਨਵ ਸਮੁਦਾਇ॥ ੨੯॥

ਬਾਗ ਦੇ ਬਾਹਰ ਸਾਰੇ ਖੜੇ ਰਹੋ, ਬਾਹਰ ਨਿਕਲ ਕੇ ਨਾ ਭੱਜ ਜਾਣ, ਦ੍ਰਿੜ੍ਹ ਹੋ ਕੇ ਫੜੋ।" ਆਪ ਦੋਵੇਂ ਬਾਗ ਦੇ ਅੰਦਰ ਪ੍ਰਵੇਸ਼ ਕਰ ਗਏ ਤੇ ਬਹੁਤ ਮਨੁੱਖ ਆਪਣੇ ਨਾਲ ਲਏ॥੨੯॥

ਸਤਿਗੁਰ ਬੈਠੇ ਜਾਇ ਨਿਹਾਰੇ। ਦੋਨਹੁੰ ਠਾਢੇ ਭਏ ਅਗਾਰੇ।
ਬੂਝਨਿ ਲਗੇ 'ਗੁਰੂ ਤੁਮ ਅਹੋ? ਨਾਮ ਸਮੇਤ ਹਮਹਿਂ ਸਭਿ ਕਹੋ॥ ੩੦॥

ਜਾ ਕੇ ਸਤਿਗੁਰੂ ਜੀ ਬੈਠੇ ਵੇਖੇ, ਦੋਵੇਂ ਅੱਗੇ ਜਾ ਕੇ ਖੜੇ ਹੋ ਗਏ। ਪੁੱਛਣ ਲੱਗੇ, "ਗੁਰੂ ਜੀ ਤੁਸੀਂ ਹੀ ਹੋ ? ਨਾਮ ਸਮੇਤ ਸਾਨੂੰ ਸਭ ਦੱਸੋ॥੩੦॥

ਹਿੰਦੂ ਜਨ ਕੇ ਪੂਜ ਕਹਾਵਹੁ? ਅਪਨੋ ਬਰਨ ਸਥਾਨ ਬਤਾਵਹੁ'।
ਸੁਨਿ ਤੁਰਕਨਿ ਤੇ ਪ੍ਰਭੁ ਜੀ ਕਹੈਂ। 'ਜਗਤ ਗੁਰੂ ਸ੍ਰੀ ਨਾਨਕ ਅਹੈਂ॥ ੩੧॥

ਹਿੰਦੂ ਲੋਕਾਂ ਦੇ ਤੁਸੀਂ ਪੂਜਨੀਕ ਕਹਾਉਂਦੇ ਹੋ, ਆਪਣਾ ਵਰਨ ਅਤੇ ਸਥਾਨ ਦੱਸੋ।" ਤੁਰਕਾਂ ਪਾਸੋਂ ਇਸ ਤਰ੍ਹਾਂ ਸੁਣਕੇ ਗੁਰੂ ਜੀ ਨੇ ਕਿਹਾ, "ਜਿਹੜੇ ਜਗਤ ਗੁਰੂ ਨਾਨਕ ਜੀ ਹਨ॥੩੧॥

ਹਮ ਤਿਨ ਕੇ ਦਾਸਨ ਕੇ ਦਾਸੇ। ਮੱਦ੍ਰ ਦੇਸ਼ ਮਹਿਂ ਬਾਸ ਅਵਾਸੇ।
ਤੇਗ ਬਹਾਦਰ ਨਾਮ ਹਮਾਰਾ। ਕੁਲ ਸੋਢੀ ਜਗ ਮਹਿਂ ਉਜਿਆਰਾ'॥ ੩੨॥

ਅਸੀਂ ਉਨ੍ਹਾਂ ਦੇ ਦਾਸਾਂ ਦੇ ਦਾਸ ਹਾਂ, ਪੰਜਾਬ ਵਿਚ ਸਾਡਾ ਵਾਸਾ ਹੈ ਤੇ ਤੇਗ ਬਹਾਦਰ ਸਾਡਾ ਨਾਮ ਹੈ, ਸਾਡੀ ਸੋਢੀ ਕੁਲ ਜਗਤ ਦੇ ਵਿਚ ਪ੍ਰਕਾਸ਼ਵਾਨ ਹੈ"॥੩੨॥

ਸੁਨਤਿ ਦੁਰਗਪਤਿ ਅਰੁ ਕੁਤਵਾਲੁ।ਲਖ੍ਯੋ ਭੇਦ ਬੋਲੇ ਤਤਕਾਲੁ।
'ਹੁਕਮ ਹਮਹੁਂ ਪਰ ਹਜ਼ਰਤ ਕੇਰਾ। ਪਰਵਾਨਾ ਭੇਜ੍ਯੋ ਬਹੁ ਬੇਰਾ॥ ੩੩॥

ਇਹ ਸੁਣ ਕੇ ਕਿਲ੍ਹੇਦਾਰ ਅਤੇ ਕੁਤਵਾਲ ਭੇਦ ਸਮਝ ਗਏ ਅਤੇ ਤੁਰਤ ਬੋਲੇ, "ਸਾਨੂੰ ਬਾਦਸ਼ਾਹ ਦਾ ਹੁਕਮ ਹੈ, ਉਸ ਨੇ ਬਹੁਤ ਵਾਰ ਪਰਵਾਨੇ ਭੇਜੇ ਹਨ॥੩੩॥

ਇਕ ਹਮ ਪਰ ਹੀ ਨਹੀਂ ਪਠਾਯੋ। ਦੇਸ਼ ਬਿਦੇਸ਼ਨਿ ਸਭਿਨਿ ਜਨਾਯੋ।
ਸ੍ਰੀ ਗੁਰੁ ਤੇਗ ਬਹਾਦਰ ਜੋਊ। ਜਿਸ ਕੋ ਜਿਸ ਥਲ ਪ੍ਰਾਪਤਿ ਹੋਊ॥ ੩੪॥

ਇਕ ਸਾਡੇ ਪਾਸ ਹੀ ਨਹੀਂ ਭੇਜਿਆ ਹੈ, ਦੇਸ਼ਾਂ ਵਿਦੇਸ਼ਾਂ ਵਿਚ ਸਾਰੇ ਪ੍ਰਗਟ ਕੀਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਜਿਹੜੇ ਹਨ, ਜਿਸ ਨੂੰ ਜਿਸ ਥਾਂ ਵੀ ਪ੍ਰਾਪਤ ਹੋਣ॥੩੪॥

ਰਖਹੁ ਟਿਕਾਇ ਖ਼ਬਰ ਪਹੁੰਚਾਵਹੁ। ਖੋਜਹੁ ਗ੍ਰਾਮ ਨਗਰ ਜਿਹ ਪਾਵਹੁ।
ਅਬਿ ਆਗਵਨ ਅਚਾਨਕ ਭਯੋ। ਹਜ਼ਰਤ ਕੋ ਕਾਰਜ ਹੁਇ ਗਯੋ॥ ੩੫॥

ਉਨ੍ਹਾਂ ਨੂੰ ਆਪਣੇ ਪਾਸ ਟਿਕਾਅ ਕੇ ਰੱਖੋ ਤੇ ਸਾਨੂੰ ਖ਼ਬਰ ਪਹੁੰਚਾਵੋ। ਪਿੰਡਾਂ ਨਗਰਾਂ ਵਿਚ ਉਨ੍ਹਾਂ ਦੀ ਖੋਜ ਕਰੋ, ਜਿੱਥੇ ਵੀ ਪਾਵੋ। ਹੁਣ ਤੁਹਾਡਾ ਅਚਾਨਕ ਆਉਣਾ ਹੋਇਆ ਹੈ, ਬਾਦਸ਼ਾਹ ਦਾ ਕਾਰਜ ਹੋ ਗਿਆ ਹੈ॥੩੫॥

ਮਿਹਰਵਾਨਗੀ ਹਮ ਪਰ ਧਾਰਹੁ। ਦੁਰਗ ਬਿਖੈ ਡੇਰਾ ਚਲਿ ਡਾਰਹੁ।
ਤੁਰਨ ਸੁਧਿ ਲਿਖਿ ਪਠਹਿਂ ਤੁਮਾਰੀ। ਸੁਨਹਿ ਸ਼ਾਹੁ,ਜਿਮ ਕਰਹਿ ਉਚਾਰੀ॥੩੬॥

ਸਾਡੇ ਉਤੇ ਮਿਹਰਬਾਨੀ ਧਾਰਨ ਕਰੋ, ਕਿਲ੍ਹੇ ਵਿਚ ਜਾ ਕੇ ਡੇਰਾ ਲਾ ਲਵੋ। ਤੁਰਤ ਤੁਹਾਡੀ ਖ਼ਬਰ ਭੇਜ ਦੇਵਾਂਗੇ, ਬਾਦਸ਼ਾਹ ਸੁਣੇਗਾ ਤੇ ਫਿਰ ਜਿਵੇਂ ਉਹ ਉਚਾਰਨ ਕਰੇਗਾ ॥੩੬॥

ਹੁਇ ਹੈ ਤਥਾ, ਕਿ ਨਿਕਟਿ ਬੁਲਾਵੈ। ਕੈ ਲਿਖਿ ਕਰਿ ਤੁਮ ਕੋ ਛੁਟਕਾਵੈ।
'ਕਯੋਂ ਤੁਮ ਗਹਹੁ ?' ਆਦਿ ਇਸ ਬਾਤ। ਜੇ ਹਮ ਕਹੁ ਬੂਝਹੁ ਬਿਰਤਾਂਤ.॥੩੭॥

ਉਸ ਤਰ੍ਹਾਂ ਹੀ ਹੋਵੇਗਾ ਜਾਂ ਤੁਹਾਨੂੰ ਪਾਸ ਬੁਲਾਉਣਗੇ ਜਾਂ ਲਿਖ ਕੇ ਤੁਹਾਨੂੰ ਛੁਡਵਾ ਦੇਣਗੇ। ਇਸ ਤਰ੍ਹਾਂ ਦੀਆਂ ਗੱਲਾਂ ਕਿ, "ਤੁਸੀਂ ਮੈਨੂੰ ਕਿਉਂ ਫੜਦੇ ਹੋ ?" ਜੇ ਸਾਡੇ ਪਾਸੋਂ ਐਸਾ ਬ੍ਰਿਤਾਂਤ ਪੁੱਛੋ ॥੩੭॥

ਹਮ ਤੇ ਉੱਤਰ ਲਹਹੁ ਨ ਕੋਈ। ਜਾਨਹਿਂ ਹਜ਼ਰਤ, ਕਰਹਿ ਸੁ ਹੋਈ।
ਕਹਨਿ ਸੁਨਨਿ ਕੀ ਚਾਹਿ ਨ ਰਾਖਹੁ। ਚਲਿਬੇ ਦੁਰਗ ਬਿਖੈ ਅਭਿਲਾਖਹੁ ॥੩੮॥

ਤਾਂ ਸਾਡੇ ਪਾਸੋਂ ਕੋਈ ਉੱਤਰ ਨਹੀਂ ਪਾਵੋਗੇ। ਬਾਦਸ਼ਾਹ ਜਾਣਦਾ ਹੈ, ਉਹ ਜੋ ਕੁਝ ਕਰਦਾ ਹੈ, ਉਹੀ ਹੁੰਦਾ ਹੈ। ਕਹਿਣ ਸੁਣਨ ਦੀ ਚਾਹਤ ਨਾ ਰੱਖੋ, ਕਿਲ੍ਹੇ ਵਿਚ ਚਲਣ ਦੀ ਅਭਿਲਾਸ਼ਾ ਪ੍ਰਗਟ ਕਰੋ ॥੩੮॥

ਸ੍ਰੀ ਗੁਰ ਬੀਰ ਧੀਰ ਗੰਭੀਰ। ਚਢਿਬੇ ਤੁਰੰਗ ਮੰਗਾਯਹੁ ਤੀਰ।
ਭਏ ਅਰੂਢਿ ਬਾਗ ਤੇ ਚਾਲੇ। ਪੰਚਹੁਂ ਸਿੱਖ ਭਏ ਚਢਿ ਨਾਲੇ॥ ੩੯॥

ਸ੍ਰੀ ਗੁਰੂ ਜੀ ਵੱਡੇ ਸੂਰਬੀਰ ਅਤੇ ਗੰਭੀਰ ਧੀਰਜਵਾਨ ਹਨ, ਘੋੜੇ 'ਤੇ ਸਵਾਰ ਹੋਣ ਵਾਸਤੇ, ਉਸ ਨੂੰ ਆਪਣੇ ਪਾਸ ਮੰਗਵਾਇਆ। ਘੋੜੇ 'ਤੇ ਸਵਾਰ ਹੋ ਕੇ ਬਾਗ ਤੋਂ ਚਲ ਪਏ, ਪੰਜੇ ਸਿੱਖ ਘੋੜ-ਸਵਾਰ ਹੋ ਕੇ ਨਾਲ ਚਲ ਪਏ ॥੩੯॥

ਸੰਗ ਦੁਰਗਪਤਿ ਅਰ ਕੁਤਵਾਲ। ਪੀਛੇ ਚਢੇ ਜਾਹਿਂ ਗੁਰ ਨਾਲ।
ਹੈਂ ਅਸਵਾਰ ਚਾਰ ਸੈ ਜੋਈ। ਚਾਰੋਂ ਦਿਸ਼ਿ ਹ੍ਵੈ ਗਮਨੇ ਸੋਈ॥ ੪੦॥

ਉਨ੍ਹਾਂ ਦੇ ਨਾਲ ਕਿਲ੍ਹੇਦਾਰ ਅਤੇ ਕੁਤਵਾਲ ਸਨ, ਉਹ ਪਿੱਛੇ-ਪਿੱਛੇ ਗੁਰੂ ਜੀ ਦੇ ਨਾਲ ਘੋੜ-ਸਵਾਰ ਹੋ ਕੇ ਜਾ ਰਹੇ ਸਨ ਜਿਹੜੇ ਚਾਰ ਸੈ ਘੋੜ-ਸਵਾਰ ਸਨ, ਚਾਰੇ ਪਾਸੇ ਹੋ ਕੇ ਉਹ ਵੀ ਜਾ ਰਹੇ ਸਨ ॥੪੦॥

ਸਨੇ ਸਨੇ ਚਲਿ ਪੰਥ ਮਝਾਰੀ। ਜਾਇ ਪ੍ਰਵੇਸ਼ੇ ਦੁਰਗ ਮਝਾਰੀ।
ਸੁੰਦਰ ਸਦਨ ਦੀਨਿ ਹਿਤ ਡੇਰੇ। ਉਤਰਿ ਪਰੇ ਸਤਿਗੁਰੁ ਤਿਸ ਬੇਰੇ॥ ੪੧॥

ਹੌਲੀ-ਹੌਲੀ ਰਾਹ ਵਿਚ ਚਲ ਰਹੇ ਸਨ ਤੇ ਕਿਲ੍ਹੇ ਵਿਚ ਜਾ ਪ੍ਰਵੇਸ਼ ਕੀਤਾ। ਕਿਲ੍ਹੇਦਾਰ ਨੇ ਰਹਿਣ ਵਾਸਤੇ ਉਨ੍ਹਾਂ ਨੂੰ ਸੁੰਦਰ ਘਰ ਦਿੱਤਾ, ਉਸ ਸਮੇਂ ਸਤਿਗੁਰੂ ਜੀ ਘੋੜੇ ਤੋਂ ਉੱਤਰ ਪਏ ॥੪੧॥

ਖਾਨ ਪਾਨ ਹਿਤ ਤ੍ਰਿਣ ਅਰੁ ਦਾਨਾ। ਲੀਨਿ ਮੰਗਾਇ ਖਰਚ ਜਸ ਜਾਨਾ।
ਪਾਕ ਸਿੱਧ ਕਰਿ, ਅਚਯੋ ਅਹਾਰਾ। ਸੁਪਤ ਜਥਾ ਸੁਖ ਰਾਤਿ ਮਝਾਰਾ॥ ੪੨॥

ਖਾਣ ਪੀਣ ਵਾਸਤੇ ਘਾਹ ਅਤੇ ਦਾਣੇ ਮੰਗਵਾ ਲਏ, ਜਿਵੇਂ ਖ਼ਰਚ ਜਾਣਿਆ। ਪਵਿੱਤਰ ਰਸੋਈ ਤਿਆਰ ਕਰਕੇ ਭੋਜਨ ਛਕਿਆ ਤੇ ਰਾਤ ਨੂੰ ਸੁਖ ਨਾਲ ਸੌਂ ਗਏ ॥੪੨॥

*ਬਾਰ੍ਹਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ ॥੩੭॥*

❖❖❖

# ਅਧਿਆਇ ਅਠੱਤੀਵਾਂ

## ਦਿੱਲੀ ਆਉਣਾ

ਦੋਹਰਾ- ਤੇਗ ਬਹਾਦਰ ਸਤਿਗੁਰੂ ਦੁਰਗ ਥਿਰੇ ਇਸ ਰੀਤਿ।
ਤੁਰਕ ਹਰਖ ਉਰ ਮਹਿਂ ਅਧਿਕ ਜਾਨਿ ਦੀਨ ਕੀ ਜੀਤ॥ ੧॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਕਿਲ੍ਹੇ ਵਿਚ ਬੈਠ ਗਏ। ਤੁਰਕ ਦਿਲ ਵਿਚ ਬਹੁਤ ਪ੍ਰਸੰਨ ਹੋਏ, ਉਨ੍ਹਾਂ ਆਪਣੇ ਦੀਨ ਤੁਰਕ ਮਜ਼ਬ ਦੀ ਜਿੱਤ ਜਾਣੀ॥੧॥

ਚੌਪਈ- ਹੋਨਹਾਰ ਮੂਰਖ ਨਹਿਂ ਜਾਨਹਿਂ। ਅਪਨੀ ਜਰਾਂ ਲਗੀ ਕੋ ਹਾਨਹਿਂ।
ਸੰਗ ਦੁਰਗਪਤਿ ਕੇ ਕੁਤਵਾਲ। ਮਿਲਿ ਮਸਲਤ ਕੀਨਸਿ ਤਿਸ ਕਾਲ॥੨॥

ਕੀ ਹੋਣਾ ਹੈ ਮੂਰਖ ਇਹ ਨਹੀਂ ਜਾਣਦੇ ਸਨ, ਆਪਣੀ ਲੱਗੀ ਹੋਈ ਜੜ੍ਹ ਨੂੰ ਪੁੱਟ ਰਹੇ ਸਨ। ਕੁਤਵਾਲ ਨੇ ਕਿਲ੍ਹੇਦਾਰ ਨਾਲ ਮਿਲ ਕੇ ਉਸ ਸਮੇਂ ਸਲਾਹ ਕੀਤੀ॥੨॥

ਲਿਖੀ ਬਨਾਇ ਸ਼ੀਘ੍ਰ ਤਬਿ ਅਰਜ਼ੀ। 'ਹਜ਼ਰਤ ਪਾਇ ਆਪ ਕੀ ਮਰਜ਼ੀ।
ਹਿੰਦੁਨਿ ਗੁਰ ਸ੍ਰੀ ਤੇਗਬਹਾਦਰ। ਰਾਖਜੋ ਰੋਕਿ ਦੁਰਗ ਮਹਿਂ ਸਾਦਰ॥੩॥

ਫਿਰ ਛੇਤੀ ਹੀ ਬਣਾ ਕੇ ਅਰਜ਼ੀ ਲਿਖੀ, "ਬਾਦਸ਼ਾਹ ਸਲਾਮਤ ਆਪ ਜੀ ਦੀ ਮਰਜ਼ੀ ਚਾਹੁੰਦੇ ਹਾਂ। ਹਿੰਦੂਆਂ ਦੇ ਗੁਰੂ ਸ੍ਰੀ ਤੇਗ ਬਹਾਦਰ ਜੀ ਨੂੰ ਆਪਣੇ ਕਿਲ੍ਹੇ ਵਿਚ ਬੜੇ ਆਦਰ ਨਾਲ ਰੋਕ ਰਖਿਆ ਹੈ॥੩॥

ਉਤਰੇ ਹੁਤੇ ਬਾਗ ਮਹਿਂ ਆਇ। ਹਮ ਤੂਰਨ ਗਮਨੇ ਸੁਧਿ ਪਾਇ।
ਪੰਚ ਸਊਰ ਸਾਥ ਜਿਨ ਔਰ। ਆਨੇ ਸਾਥ ਜਾਇ ਤਿਸ ਠੌਰ॥ ੪॥

ਏਥੇ ਬਾਗ ਵਿਚ ਆ ਕੇ ਉੱਤਰੇ ਸਨ, ਅਸੀਂ ਖ਼ਬਰ ਮਿਲਣ ਤੇ ਤੁਰਤ ਗਏ, ਪੰਜ ਘੋੜ-ਸਵਾਰ ਜਿਨ੍ਹਾਂ ਨਾਲ ਹੋਰ ਹਨ, ਉਸ ਥਾਂ ਤੇ ਪਹੁੰਚ ਕੇ ਅਸੀਂ ਉਨ੍ਹਾਂ ਨੂੰ ਆਪਣੇ ਨਾਲ ਲੈ ਆਏ ਹਾਂ॥੪॥

ਅਬਿ ਰਾਵਰ ਕੀ ਮਰਜ਼ੀ ਜੈਸੇ। ਲਿਖਿ ਪਰਵਾਨਾ ਪਠੀਅਹਿ ਤੈਸੇ'।
ਇਮ ਕਾਗਦ ਪਰ ਲਿਖਜੋ ਬਨਾਈ। ਕਹਜੋ ਸਊਰ ਸੰਗ ਸਮੁਝਾਈ॥੫॥

ਹੁਣ ਆਪ ਜੀ ਦੀ ਜਿਵੇਂ ਮਰਜ਼ੀ ਹੈ, ਉਸ ਤਰ੍ਹਾਂ ਹੀ ਪਰਵਾਨਾ ਲਿਖ ਕੇ ਭੇਜ ਦੇਵੋ। ਇਸ ਤਰ੍ਹਾਂ ਬਣਾ ਕੇ ਕਾਗਜ਼ ਉੱਤੇ ਲਿਖਿਆ ਤੇ ਘੋੜ-ਸਵਾਰ ਨੂੰ ਸਮਝਾ ਕੇ ਕਿਹਾ॥੫॥

'ਨਹਿਂ ਬਿਲਮਹੁ ਬਿਸਰਾਮਹੁ ਥੋਰਾ। ਦੌਰਜੋ ਜਾਹੁ ਸ਼ਾਹਿ ਕੀ ਓਰਾ।
ਪਹੁੰਚਹੁ ਜਾਇ ਦੇਹੁ ਤਬਿ ਅਰਜ਼ੀ। ਪਢਿ ਕਰਿ ਲਿਖਹਿ ਬਹੁਰ ਨਿਜ ਮਰਜ਼ੀ॥੬॥

"ਦੇਰ ਨਾ ਕਰੋ, ਬਹੁਤ ਥੋੜਾ ਆਰਾਮ ਕਰੋ ਤੇ ਬਾਦਸ਼ਾਹ ਵਾਲੇ ਪਾਸੇ ਦੌੜੇ ਜਾਵੋ, ਉਥੇ ਪਹੁੰਚ ਕੇ ਫਿਰ ਸਾਡੀ ਅਰਜ਼ੀ ਦੇਵੋ, ਉਹ ਚਿੱਠੀ ਪੜ੍ਹ ਕੇ ਫਿਰ ਆਪਣੀ ਮਰਜ਼ੀ ਅਨੁਸਾਰ ਲਿਖਣਗੇ॥੬॥

ਸਭਿ ਸੁਧਿ ਦੇਇ, ਆਉ ਤਤਕਾਲਾ। ਲੇ ਇਨਾਮ ਕੋ ਦਰਬ ਬਿਸਾਲਾ'।
ਸੁਨਿ ਸਊਰ ਹਯ ਦੀਨਿ ਨਿਹਾਰੀ। ਜ਼ੀਨ ਪਾਇ ਕੀਨਸਿ ਅਸਵਾਰੀ॥੭॥

ਫਿਰ ਤੁਰਤ ਆ ਕੇ ਸਾਰੀ ਖ਼ਬਰ ਦੇਵੋ ਤੇ ਇਨਾਮ ਦਾ ਵਿਸ਼ਾਲ ਧਨ ਪ੍ਰਾਪਤ ਕਰੋ।" ਇਹ ਸੁਣ ਕੇ ਘੋੜ-ਸਵਾਰ ਨੇ ਘੋੜੇ ਨੂੰ ਨਿਹਾਰੀ ਖਵਾਈ ਤੇ ਘੋੜੇ 'ਤੇ ਕਾਠੀ ਪਾ ਕੇ ਸਵਾਰ ਹੋ ਗਿਆ॥੭॥

**ਦਿੱਲੀ ਕੇ ਮਗ ਕੋ ਤਬਿ ਚਾਲਾ। ਬਿਲਮ ਬਿਹੀਨਾ ਸ਼ੀਘ੍ਰ ਬਿਸਾਲਾ।**
**ਨਿਸ ਬਾਸੁਰ ਮਹਿਂ ਪੰਥ ਪਯਾਨਹਿ। ਅਧਿਕ ਥਕਹਿ ਬਿਸਰਾਮ ਸੁ ਠਾਨਹਿ॥੮॥**

ਦਿੱਲੀ ਦੇ ਰਾਹ ਵਲ ਫਿਰ ਚਲ ਪਿਆ, ਕਿਸੇ ਦੇਰ ਤੋਂ ਬਗੈਰ ਬਹੁਤ ਕਾਹਲੀ-ਕਾਹਲੀ ਜਾ ਰਿਹਾ ਸੀ। ਰਾਤ ਦਿਨ ਰਾਹੇ ਰਾਹ ਚਲਿਆ ਜਾ ਰਿਹਾ ਸੀ, ਜਦ ਬਹੁਤ ਥਕ ਜਾਂਦਾ ਸੀ ਤਾਂ ਵਿਸ਼ਰਾਮ ਕਰਦਾ ਸੀ॥੮॥

**ਦਿਨ ਦੋ ਇਕ ਮੈਂ ਪਹੁੰਚਯੋ ਆਈ। ਅਰਜ਼ੀ ਸ਼ਾਹੁ ਸਮੀਪ ਪਠਾਈ।**
**ਨਵੀਸਿੰਦ ਨੇ ਖੋਲਿ ਸੁਨਾਈ। 'ਹਿੰਦੁਨਿ ਗੁਰੂ ਲੀਨਿ ਅਟਕਾਈ'॥ ੯॥**

ਇਕ ਦੋ ਦਿਨਾਂ ਵਿਚ ਦਿੱਲੀ ਆ ਪਹੁੰਚਿਆ ਤੇ ਅਰਜ਼ੀ ਬਾਦਸ਼ਾਹ ਦੇ ਪਾਸ ਭੇਜ ਦਿੱਤੀ, ਮੁਨਸ਼ੀ ਨੇ ਚਿੱਠੀ ਖੋਲ੍ਹ ਕੇ ਸੁਣਾਈ, "ਹਿੰਦੂਆਂ ਦੇ ਗੁਰੂ ਨੂੰ ਅਸੀਂ ਰੋਕ ਲਿਆ ਹੈ"॥੯॥

**ਸੁਨਿ ਹਰਖਯੋ ਮੂਰਖ ਚਵਗੱਤਾ। ਅਵਨੀ ਰਾਜ ਤੇਜ ਮਦਮੱਤਾ।**
**ਕਹਿ ਤੂਰਨ ਉਮਰਾਵ ਚਢਾਯੋ। ਲਸ਼ਕਰ ਸੰਗ ਸਮੂਹ ਪਠਾਯੋ॥ ੧੦॥**

ਚਵਗੱਤਾ ਮੂਰਖ ਸੁਣ ਕੇ ਬਹੁਤ ਪ੍ਰਸੰਨ ਹੋਇਆ, ਪ੍ਰਿਥਵੀ ਦੇ ਰਾਜ ਦੇ ਤੇਜ ਦੇ ਅਹੰਕਾਰ ਵਿਚ ਮਸਤਿਆ ਹੋਇਆ ਸੀ। ਤੁਰਤ ਕਹਿ ਕੇ ਇਕ ਉਮਰਾਵ ਨੂੰ ਚੜ੍ਹਾਇਆ, ਬਹੁਤ ਲਸ਼ਕਰ ਉਸ ਦੇ ਨਾਲ ਭੇਜਿਆ॥੧੦॥

**ਸਭਿ ਹਜ਼ਾਰ ਦ੍ਵਾਦਸ ਅਸਵਾਰ। ਚਲੇ ਆਗਰੇ ਪੰਥ ਮਝਾਰ।**
**ਨਰ ਪਠਿ ਪੁਨ ਕੀਨਸਿ ਤਕਰਾਈ। 'ਸਭਿ ਬਿਧਿ ਕਰਿ ਰਾਖਹੁ ਚੁਕਸਾਈ॥੧੧॥**

ਸਾਰੇ ਬਾਰ੍ਹਾਂ ਹਜ਼ਾਰ ਘੋੜ-ਅਸਵਾਰ ਸਨ, ਉਹ ਸਾਰੇ ਆਗਰੇ ਦੇ ਰਾਹ ਵਲ ਚਲ ਪਏ। ਮਨੁੱਖਾਂ ਨੂੰ ਭੇਜ ਕੇ ਫਿਰ ਤਕੜਾਈ ਕੀਤੀ, "ਸਭ ਵਿਧੀਆਂ ਕਰਕੇ ਚੌਕਸੀ ਰੱਖੋ"॥੧੧॥

*ਨੋਟ :- ਏਨੀ ਫ਼ੌਜ ਗੁਰੂ ਜੀ ਨੂੰ ਲੈਣ ਵਾਸਤੇ ਕਿਉਂ ਭੇਜੀ ? ਇਸ ਦਾ ਕਾਰਨ ਕਵੀ ਜੀ ਆਪ ਦੱਸਦੇ ਹਨ। ਇਕ ਤਾਂ ਉਹ ਕਰਾਮਾਤੀ ਹਨ, ਦੂਸਰੇ ਹਿੰਦੂ ਰਾਜੇ ਤੇ ਹੋਰ ਸ਼ਰਧਾਲੂ ਮਰਨ ਮਾਰਨ ਕਰਕੇ ਉਨ੍ਹਾਂ ਨੂੰ ਛੁਡਵਾ ਸਕਦੇ ਸਨ।*

**ਅਚਮਤਵੰਤਿ ਕਿਤਿਕ ਕਹਿਂ ਜਗ ਮਹਿਂ। ਛਲਬਲ ਕਰਿ ਛੁਟਿ ਜਾਹਿਂ ਨ ਮਗ ਮਹਿਂ।**
**ਘਨੇ ਸਿਪਾਹੀ ਜਾਗਤਿ ਰਖੀਅਹਿ। ਨਿਸ ਬਾਸੁਰ ਦ੍ਰਿਗ ਦ੍ਰਿਗ ਤੇ ਲਖੀਅਹਿ॥੧੨॥**

ਜਗਤ ਵਿਚ ਕਈ ਲੋਕ ਉਨ੍ਹਾਂ ਨੂੰ ਕਰਾਮਾਤੀ ਕਹਿੰਦੇ ਹਨ, ਉਹ ਛਲ ਵਲ ਕਰਕੇ ਕਿਤੇ ਰਾਹ ਵਿਚ ਹੀ ਆਪਣੇ ਆਪ ਨੂੰ ਨਾ ਛੁਡਵਾ ਲੈਣ। ਬਹੁਤ ਸਿਪਾਹੀਆਂ ਨੂੰ ਜਾਗਦੇ ਰੱਖੋ, ਰਾਤ ਦਿਨ ਅੱਖਾਂ ਹੇਠਾਂ ਰੱਖੋ॥੧੨॥

**ਕੋ ਰਾਜਾ ਰਜਪੂਤ ਨ ਆਵੈ। ਲਰੈ ਅਚਾਨਕ ਗੁਰੂ ਛੁਟਾਵੈ।**
**ਤਜੋਂ ਹਿੰਦੂ ਕੇਤਿਕ ਖਗ ਧਾਰੀ। ਕਰਹਿਂ ਮੁਚਾਵਨਿ ਮਰਹਿਂ ਕਿ ਮਾਰੀ॥੧੩॥**

ਕੋਈ ਰਾਜਪੂਤ ਰਾਜਾ ਨਾ ਆਵੇ, ਉਹ ਅਚਾਨਕ ਲੜ ਕੇ ਗੁਰੂ ਜੀ ਨੂੰ ਨਾ ਛੁੜਵਾ ਲਵੇ। ਇਸ ਤਰ੍ਹਾਂ ਕਈ ਹਿੰਦੂ ਤਲਵਾਰ ਧਾਰੀ ਹਨ, ਉਹ ਵੀ ਲੜਾਈ ਮਚਾ ਕੇ ਆਪ ਮਰਨ ਕਿ ਮਾਰ ਕੇ ਗੁਰੂ ਜੀ ਛੁੜਵਾ ਕੇ ਨਾ ਲੈ ਜਾਣ॥੧੩॥

**ਇਨ ਬਾਤਨਿ ਤੇ ਹੁਇ ਸਵਧਾਨ। ਆਨਹੁਂ ਸ਼ੀਘ੍ਰ ਗੁਰੂ ਇਸ ਥਾਨ।**
**ਚਿਰੰਕਾਲ ਕੇ ਖੋਜਤਿ ਰਹੇ। ਔਚਕ ਭੇ ਪ੍ਰਾਪਤ ਅਬਿ ਗਹੇ॥ ੧੪॥**

ਇਨ੍ਹਾਂ ਗੱਲਾਂ ਤੋਂ ਸਾਵਧਾਨ ਰਹੋ, ਗੁਰੂ ਜੀ ਨੂੰ ਛੇਤੀ ਹੀ ਇਸ ਥਾਂ ਲਿਆਵੋ। ਬਹੁਤ ਦੇਰ ਦੇ ਲੱਭਦੇ ਰਹੇ ਹਾਂ। ਅਚਾਨਕ ਹੀ ਹੁਣ ਪ੍ਰਾਪਤ ਹੋਏ ਹਨ ਤੇ ਫੜੇ ਗਏ ਹਨ॥੧੪॥

ਸਭਿ ਮਹਿਂ ਬਜਹਿ ਦੀਨ ਕੋ ਡੰਕਾ। ਰਾਵ ਰੰਕ ਨਰ ਧਰਹਿਂ ਅਤੰਕਾ।
ਸਿੱਧ ਮਨੋਰਥ ਅਬਿ ਹੁਇ ਮੇਰਾ। ਟੂਟਹਿ ਸਭਿ ਹਿੰਦੁਨਿ ਕੋ ਜ਼ੋਰਾ॥ ੧੫॥

ਸਭ ਵਿਚ ਹੁਣ ਦੀਨ ਦਾ ਡੰਕਾ ਵਜੇਗਾ, ਰਾਜੇ ਰੰਕ ਸਾਰੇ ਮਨੁੱਖ ਡਰ ਧਾਰਨਗੇ। ਹੁਣ ਮੇਰਾ ਮਨੋਰਥ ਸਿੱਧ ਹੋਵੇਗਾ। ਸਭ ਹਿੰਦੂਆਂ ਦਾ ਜ਼ੋਰ ਟੁੱਟ ਜਾਵੇਗਾ॥੧੫॥

ਸ਼ਰਾ ਬਿਖੈਂ ਗੁਰ ਜਬਿ ਹੂੰ ਆਇ। ਦਿਜ ਆਦਿਕ ਆਪੇ ਬਨਿ ਜਾਇਂ।
ਪ੍ਰਥਮ ਪ੍ਰਸੰਗ, ਪਿਤਾ ਇਨ ਭਯੋ। ਮੋਰ ਪਿਤਾਮੇਂ ਹੂਤਨਿ ਕਿਯੋ॥ ੧੬॥

ਜਦ ਗੁਰੂ ਜੀ ਸ਼ਰ੍ਹਾ ਵਿਚ ਆ ਜਾਣਗੇ, ਬ੍ਰਾਹਮਣ ਆਦਿ ਆਪੇ ਤੁਰਕ ਬਣ ਜਾਣਗੇ। ਪਹਿਲਾਂ ਦਾ ਪ੍ਰਸੰਗ ਹੈ ਕਿ ਇਨ੍ਹਾਂ ਦੇ ਪਿਤਾ ਜੀ ਸ੍ਰੀ ਹਰਿਗੋਬਿੰਦ ਜੀ ਹੋਏ ਹਨ, ਉਨ੍ਹਾਂ ਨੂੰ ਮੇਰੇ ਦਾਦੇ ਜਹਾਂਗੀਰ ਨੇ ਬੁਲਾਇਆ ਸੀ॥੧੬॥

ਤਬਿ ਰਾਜੇ ਰਜਪੂਤ ਬਵੰਜਾ। ਕਰੇ ਛੁਟਾਵਨਿ ਤਿਨ ਭਯ ਭੰਜਾ।
ਸੋ ਸਿਮਰਹਿਂ ਜੇ ਗੁਰ ਉਪਕਾਰਾ। ਕਰਹਿਂ ਬਟੋਰਨਿ ਲਸ਼ਕਰ ਭਾਰਾ॥ ੧੭॥

ਤਦ ਬਵੰਜਾ ਰਾਜਪੂਤ ਰਾਜੇ ਸਨ, ਉਨ੍ਹਾਂ ਨੂੰ ਸ੍ਰੀ ਹਰਿਗੋਬਿੰਦ ਜੀ ਨੇ ਛੁਡਵਾ ਕੇ ਭੈ-ਰਹਿਤ ਕੀਤਾ ਸੀ। ਉਹ ਜੇ ਗੁਰੂ ਜੀ ਦਾ ਉਪਕਾਰ ਯਾਦ ਕਰਨਗੇ ਤਾਂ ਉਹ ਭਾਰੀ ਲਸ਼ਕਰ ਇਕੱਠਾ ਕਰਨਗੇ॥੧੭॥

ਆਨਿ ਲਰਹਿਂ ਨਹਿਂ ਲੇਹਿਂ ਛੁਟਾਇ। ਯਾਂਤੇ ਜਾਇ ਸੈਨ ਸਮੁਦਾਇ।
ਅਪਰ ਤਯਾਰ ਦਿੱਲੀ ਬਨਿ ਰਹੈ। ਚਢਹਿ ਤੁਰਤੁ ਜੋ ਸੁਧਿ ਅਸ ਲਹੈ॥੧੮॥

ਉਹ ਆ ਕੇ ਲੜ ਕੇ ਕਿਤੇ ਛੁਡਵਾ ਨਾ ਲੈਣ, ਇਸ ਕਰਕੇ ਸਾਰੀ ਸੈਨਾ ਜਾਵੇ, ਦੂਸਰੇ ਦਿੱਲੀ ਵਿਚ ਤਿਆਰ ਹੋ ਕੇ ਰਹਿਣ ਉਹ ਤੁਰਤ ਚੜ੍ਹਾਈ ਕਰ ਦੇਣ ਜੇ ਐਸੀ ਖਬਰ ਪ੍ਰਾਪਤ ਕਰਨ"॥੧੮॥

ਇੱਤਯਾਦਿਕ ਗਿਨਤੀ ਕਰਿ ਬ੍ਰਿੰਦ। ਸਾਵਧਾਨਤਾ ਰਚੀ ਬਿਲੰਦ।
ਲਸ਼ਕਰ ਚਢਿ ਦਿੱਲੀ ਤੇ ਗਯੋ। ਚਲਹਿ ਅਧਿਕ ਹੀ ਸ਼੍ਰਮ ਬਹੁ ਕਿਯੋ॥ ੧੯॥

ਇਸ ਤਰ੍ਹਾਂ ਬਹੁਤ ਗਿਣਤੀਆਂ ਕਰਕੇ ਵੱਡੀ ਸਾਵਧਾਨਤਾ ਵਰਤੀ। ਦਿੱਲੀ ਤੋਂ ਲਸ਼ਕਰ ਚੜ੍ਹ ਕੇ ਚਲੇ ਗਿਆ ਤੇ ਉਸ ਬਹੁਤ ਹੀ ਕਸ਼ਟ ਝਲਿਆ ਅਤੇ ਮਿਹਨਤ ਕੀਤੀ॥੧੯॥

ਮਗ ਉਲੰਘਿ ਸਗਰੋ ਜਬਿ ਗਏ। ਨਗਰ ਆਗਰੇ ਪ੍ਰਾਪਤਿ ਭਏ।
ਸੁਨਤਿ ਦੁਰਗਪਤਿ ਅਰੁ ਕੁਤਵਾਲ। ਮਿਲਿਬੇ ਹਿਤ ਨਿਕਸੇ ਤਤਕਾਲ॥੨੦॥

ਜਦ ਸਾਰਾ ਪੈਂਡਾ ਲੰਘ ਕੇ ਆ ਗਏ ਤਾਂ ਆਗਰੇ ਨਗਰ ਵਿਚ ਪਹੁੰਚ ਗਏ। ਇਹ ਸੁਣ ਕੇ ਕਿਲ੍ਹੇਦਾਰ ਤੇ ਕੁਤਵਾਲ ਮਿਲਣ ਵਾਸਤੇ ਤੁਰਤ ਬਾਹਰ ਨਿਕਲੇ॥੨੦॥

ਭਾਂਤਿ ਭਾਂਤਿ ਕੀ ਦੇ ਉਪਹਾਰ। ਮਿਲੇ ਸਲਾਮਾਲੇਕ ਉਚਾਰਿ।
ਖਾਨ ਪਾਨ ਤ੍ਰਿਣ ਦਾਨੇ ਕੇਰੀ। ਲਸ਼ਕਰ ਕੀ ਸੁਧਿ ਲੀਨਿ ਘਨੇਰੀ॥ ੨੧॥

ਕਈ ਪ੍ਰਕਾਰ ਦੇ ਉਨ੍ਹਾਂ ਉਪਹਾਰ ਦਿੱਤੇ ਤੇ ਸਲਾਮਾਲੇਕਮ ਕਹਿ ਕੇ ਮਿਲੇ। ਖਾਣ ਪੀਣ, ਘਾਹ ਅਤੇ ਦਾਣੇ ਦੇ ਕੇ ਫੌਜ ਦੀ ਚੰਗੀ ਖਾਤਰਦਾਰੀ ਕੀਤੀ॥੨੧॥

ਸਭਿ ਮਿਲਿ ਗੁਰੂ ਪਾਸ ਚਲਿ ਆਏ। ਨਿਕਟਿ ਬੈਠਿ ਕਰਿ ਭੇਵ ਬਤਾਏ।
'ਹਜ਼ਰਤ ਅਧਿਕ ਤਲਾਸ਼ੀ ਠਾਨਹਿ। ਬਹੁ ਦਿਨ ਤੇ ਬਹੁ ਨਗਰ ਬਖਾਨਹਿ॥੨੨॥

ਸਾਰੇ ਮਿਲ ਕੇ ਗੁਰੂ ਜੀ ਪਾਸ ਚਲ ਕੇ ਆ ਗਏ ਤੇ ਨੇੜੇ ਬੈਠ ਕੇ ਭੇਦ ਦੱਸੇ "ਬਾਦਸ਼ਾਹ ਬਹੁਤ ਤਲਾਸ਼ੀ ਕਰਵਾ ਰਿਹਾ ਸੀ, ਬਹੁਤ ਦਿਨਾਂ ਤੋਂ ਬਹੁਤ ਨਗਰਾਂ ਨੂੰ ਕਿਹਾ ਹੈ॥੨੨॥

**ਦੇਸ਼ ਬਿਦੇਸ਼ਨਿ ਮੈਂ ਬਹੁ ਫਿਰੇ। ਨਹਿਂ ਪ੍ਰਾਪਤਿ ਭੇ ਨਹਿਂ ਕਿਤ ਥਿਰੇ।**
**ਸਭਿ ਜਹਾਨ ਕੋ ਮਾਲਿਕ ਆਜ। ਭਯੋ ਅਧਿਕ ਤੇ ਅਧਿਕ ਸਮਾਜ॥੨੩॥**

ਸੈਨਕ ਦੇਸ਼ਾਂ ਬਿਦੇਸ਼ਾਂ ਵਿਚ ਬਹੁਤ ਫਿਰੇ ਹਨ, ਨਾ ਕਿਤੇ ਲੱਭੇ ਹਨ ਅਤੇ ਨਾ ਹੀ ਕਿਤੇ ਠਹਿਰੇ ਹਨ। ਬਾਦਸ਼ਾਹ ਅੱਜ ਸਭ ਜਹਾਨ ਦਾ ਮਾਲਕ ਹੈ, ਉਸ ਦੇ ਪਾਸ ਵੱਧ ਤੋਂ ਵੱਧ ਸਮਾਜ ਅਤੇ ਸਾਜ਼ੋ-ਸਾਮਾਨ ਹੈ॥੨੩॥

**ਕਯੋਂ ਨ ਬਨਹੁ ਤਿਸ ਕੇ ਅਨੁਸਾਰੀ। ਸੁਧਰਿ ਜਾਇ ਸਭਿ ਬਾਤ ਤਿਹਾਰੀ'।**
**ਸੁਨਿ ਸਤਿਗੁਰ ਪ੍ਰਸੰਨ ਮੁਖ ਕਹਯੋ। 'ਕੋ ਬਿਗਾਰ ਹਮਰੋ ਪਿਖਿ ਗਹਯੋ॥੨੪॥**

ਉਸ ਦੇ ਅਨੁਸਾਰੀ ਕਿਉਂ ਨਾ ਬਣੋਂਗੇ ਤੁਹਾਡੀ ਸਾਰੀ ਗੱਲ ਹੀ ਸੁਧਰ ਜਾਵੇਗੀ।" ਇਹ ਸੁਣ ਕੇ ਸਤਿਗੁਰੂ ਜੀ ਨੇ ਮੁਖ ਤੋਂ ਪ੍ਰਸੰਨ ਹੋ ਕੇ ਕਿਹਾ, "ਸਾਡਾ ਕਿਹੜਾ ਵਿਗਾੜ ਵੇਖ ਕੇ ਸਾਨੂੰ ਫੜਿਆ ਹੈ?॥੨੪॥

**ਇਕ ਖ਼ੁਦਾਇ ਕੋ ਸਕਲ ਜਹਾਨ। ਸਿਰਜਹਿ, ਪੋਖਹਿ, ਹਰਹਿ ਨਿਦਾਨ।**
**ਰੰਕ ਰਾਵ ਸਭਿ ਜਗ ਮਹਿਂ ਰਹਿਈਂ। ਦੰਡਹਿ ਸ਼ਾਹੁ ਖੋਟ ਕਿਸ ਲਹਿਈ॥੨੫॥**

ਇਕ ਖੁਦਾ ਦਾ ਸਾਰਾ ਜਹਾਨ ਹੈ, ਉਹ ਹੀ ਬਣਾਉਂਦਾ ਹੈ, ਪਾਲਦਾ ਹੈ ਅਤੇ ਅੰਤ ਨੂੰ ਮਾਰਦਾ ਹੈ। ਰੰਕ ਰਾਜੇ ਸਾਰੇ ਜਗ ਵਿਚ ਰਹਿੰਦੇ ਹਨ। ਜੇ ਕਿਸੇ ਦਾ ਖੋਟ ਵੇਖਦਾ ਹੈ ਤਾਂ ਬਾਦਸ਼ਾਹ ਦੰਡ ਦਿੰਦਾ ਹੈ॥੨੫॥

**ਹਮ ਸੋਂ ਕਾਜ ਸ਼ਾਹੁ ਕੋ ਕਹਾਂ। ਰਾਜ ਨ ਵਿਰਸੇਦਾਰ ਨ ਲਹਾ।**
**ਦਰਵੇਸ਼ਨਿ ਕੀ ਰੀਤਿ ਹਮਾਰੀ। ਯਾਂਤੇ ਹਮ ਸ਼ੰਕਾ ਨਹਿਂ ਧਾਰੀ'॥੨੬॥**

ਸਾਡੇ ਨਾਲ ਬਾਦਸ਼ਾਹ ਨੂੰ ਕੀ ਕੰਮ ਹੈ, ਨਾ ਸਾਡਾ ਰਾਜ ਹੈ ਨਾ ਅਸੀਂ ਉਸ ਦੇ ਰਾਜ ਦੇ ਹਿੱਸੇਦਾਰ ਹਾਂ। ਦਰਵੇਸ਼ਾਂ ਵਾਲੀ ਸਾਡੀ ਰੀਤੀ ਹੈ, ਇਸ ਕਰਕੇ ਅਸੀਂ ਕੋਈ ਸ਼ੰਕਾ ਨਹੀਂ ਧਾਰਨ ਕੀਤਾ ਹੈ"॥੨੬॥

**ਪੁਨ ਉਮਰਾਵ ਕਹੰਤਿ 'ਹਮ ਆਏ। ਚਲਹੁ ਸਮੀਪੀ ਸ਼ਾਹੁ ਬੁਲਾਏ।**
**ਕਹਨਿ ਹੋਇ ਜੋ ਕੁਛ, ਤਹਿਂ ਕਹੋ। ਅਨੁਸਾਰੀ ਹੁਇ ਸਭਿ ਸੁਖ ਲਹੋ'॥੨੭॥**

ਫਿਰ ਉਮਰਾਵ ਨੇ ਕਿਹਾ, "ਅਸੀਂ ਆਏ ਹਾਂ, ਬਾਦਸ਼ਾਹ ਦੇ ਪਾਸ ਚਲੋ, ਉਨ੍ਹਾਂ ਤੁਹਾਨੂੰ ਬੁਲਾਇਆ ਹੈ। ਜੋ ਕੁਝ ਤੁਸੀਂ ਕਹਿਣਾ ਹੈ, ਬਾਦਸ਼ਾਹ ਨੂੰ ਕਹੋ, ਉਨ੍ਹਾਂ ਦੀ ਆਗਿਆ ਅਨੁਸਾਰ ਹੋ ਕੇ ਸੁਖ ਪਾਵੋ"॥੨੭॥

**ਇਮ ਕਹਿ ਜਾਮਨਿ ਸੁਪਤ ਬਿਤਾਈ। ਭਈ ਪ੍ਰਾਤਿ ਤਯਾਰੀ ਕਰਿਵਾਈ।**
**ਡਾਰਿ ਤੁਰੰਗਨਿ ਜ਼ੀਨ ਬਿਸ਼ਾਲੇ। ਚਢੇ ਗੁਰੂ ਭਾ ਲਸ਼ਕਰ ਨਾਲੇ॥੨੮॥**

ਇਸ ਤਰ੍ਹਾਂ ਕਹਿ ਰਾਤ ਸੌਂ ਕੇ ਬਤੀਤ ਕੀਤੀ, ਸਵੇਰ ਹੋਈ ਤਾਂ ਸਾਰੀ ਤਿਆਰੀ ਕਰਵਾਈ। ਘੋੜਿਆਂ 'ਤੇ ਵਿਸ਼ਾਲ ਕਾਠੀਆਂ ਪਾ ਕੇ ਗੁਰੂ ਜੀ ਲਸ਼ਕਰ ਦੇ ਨਾਲ ਘੋੜੇ 'ਤੇ ਚੜ੍ਹ ਗਏ॥੨੮॥

**ਨਿਕਟਿ ਨਿਕਟਿ ਉਮਰਾਵ ਚਲੰਤਾ। ਚਹੁਂ ਦਿਸ਼ਿ ਮਹਿਂ ਦਲ ਬਡ ਗਮਨੰਤਾ।**
**ਤੁਪਕਨ ਕੇ ਧੁਖਾਇ ਕਰਿ ਤੋੜੇ। ਤਯਾਰੀ ਠਾਨਿ ਕਲਾ ਪਰ ਜੋੜੇ॥੨੯॥**

ਉਨ੍ਹਾਂ ਦੇ ਨੇੜੇ-ਨੇੜੇ ਉਮਰਾਵ ਚਲ ਰਹੇ ਸਨ, ਚਾਰੇ ਪਾਸੇ ਵੱਡੀ ਸੈਨਾ ਚਲ ਰਹੀ ਸੀ। ਬੰਦੂਕਾਂ ਦੇ ਤੋੜੇ ਧੁਖਾ ਕੇ ਤਿਆਰੀ ਕਰਵਾ ਕੇ ਕਲਾ ਉੱਤੇ ਜੋੜ ਲਏ॥੨੯॥

ਸਾਵਧਾਨਤਾ ਕਰਤਿ ਘਨੇਰੇ। ਪੰਥ ਪਯਾਨਹਿਂ ਪ੍ਰਭੁ ਕੋ ਘੇਰੇ।
ਦੀਰਘ ਮਜਲ ਕਰਤਿ ਚਲਿ ਆਏ। ਨਿਸ ਬਿਸਰਾਮਹਿਂ ਦਿਨਹਿਂ ਸਿਧਾਏ॥੩੦॥

ਬਹੁਤ ਸਾਵਧਾਨਤਾ ਕੀਤੀ, ਗੁਰੂ ਜੀ ਨੂੰ ਘੇਰ ਕੇ ਰਾਹੇ ਰਾਹ ਚਲ ਪਏ। ਚਲਦੇ ਹੋਏ ਵੱਡੀ ਮੰਜ਼ਲ ਤੈਅ ਕਰਦੇ ਸਨ, ਰਾਤ ਨੂੰ ਵਿਸ਼ਰਾਮ ਕਰਦੇ ਸਨ ਤੇ ਦਿਨੇ ਚਲਦੇ ਸਨ॥੩੦॥

ਪੰਚਹੁਂ ਸਿੱਖ ਸੰਗ ਗੁਰ ਚਾਲੇ। ਸਭਿ ਬਿਧਿ ਸੇਵਾ ਕਰਹਿਂ ਬਿਸਾਲੇ।
ਸਿਧ ਰਸੋਈ ਕਰਿ ਤ੍ਰਿਪਤਾਵੈਂ। ਜਾਮ ਨਿਸਾ ਤੇ ਨ੍ਹਾਨ ਕਰਾਵੈਂ॥ ੩੧॥

ਪੰਜੇ ਸਿੱਖ ਗੁਰੂ ਜੀ ਦੇ ਨਾਲ ਚਲ ਰਹੇ ਸਨ, ਉਹ ਸਭ ਵਿਧੀਆਂ ਨਾਲ ਗੁਰੂ ਜੀ ਦੀ ਸੇਵਾ ਕਰਦੇ ਸਨ। ਆਪ ਰਸੋਈ ਤਿਆਰ ਕਰਕੇ ਤ੍ਰਿਪਤ ਹੁੰਦੇ ਸਨ ਤੇ ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰਵਾਉਂਦੇ ਸਨ॥੩੧॥

ਥੋਰਨਿ ਦਿਨ ਮਹਿਂ ਪਹੁੰਚੇ ਆਈ। ਪ੍ਰਥਮ ਸ਼ਾਹੁ ਢਿਗ ਸੁਧਿ ਪਹੁੰਚਾਈ।
'ਹਿੰਦੁਨਿ ਗੁਰ ਸ੍ਰੀ ਤੇਗਬਹਾਦਰ। ਆਨਜੋ ਸਹਤਿ ਸੁਚੇਤੀ ਸਾਦਰ॥ ੩੨॥

ਥੋੜੇ ਦਿਨਾਂ ਵਿਚ ਦਿੱਲੀ ਆ ਪਹੁੰਚੇ। ਪਹਿਲਾਂ ਬਾਦਸ਼ਾਹ ਪਾਸ ਖ਼ਬਰ ਪਹੁੰਚਾਈ, "ਹਿੰਦੂਆਂ ਦੇ ਗੁਰੂ ਜੀ ਸ੍ਰੀ ਤੇਗ ਬਹਾਦਰ ਜੀ ਨੂੰ ਬੜੀ ਸਾਵਧਾਨੀ ਅਤੇ ਆਦਰ ਸਹਿਤ ਲਿਆਏ ਹਾਂ॥੩੨॥

ਜਥਾ ਹੁਕਮ ਅਬਿ ਰਾਵਰ ਕੇਰਾ। ਤਥਾ ਕਰਹਿਂ ਕਰਿਵਾਵਹਿਂ ਡੇਰਾ'।
ਸੁਨਿ ਅਵਰੰਗ ਆਨੰਦ ਉਰ ਪੀਨੇ। ਸਭਾ ਮੁਲਾਨੇ ਬੂਝਨਿ ਕੀਨੇ॥ ੩੩॥

ਜਿਵੇਂ ਵੀ ਹੁਣ ਆਪ ਜੀ ਦਾ ਹੁਕਮ ਹੋਵੇ, ਉਸ ਤਰ੍ਹਾਂ ਹੀ ਡੇਰਾ ਕਰੀਏ ਤੇ ਕਰਵਾਈਏ।" ਇਹ ਸੁਣ ਨੌਰੰਗੇ ਦਾ ਹਿਰਦਾ ਆਨੰਦ ਨਾਲ ਭਿੱਜ ਗਿਆ ਤੇ ਸਾਰੇ ਮੁਲਾਣਿਆਂ ਨੂੰ ਪੁੱਛਿਆ॥੩੩॥

'ਕਿਮ ਪਰਖਹਿਂ ਅਜ਼ਮਤ ਕੁਛ ਇਨਕੀ। ਦਿਹੁ ਬਤਾਇ ਚਾਤੁਰਤਾ ਮਨ ਕੀ'।
ਸੁਨਿ ਦੁਰਮਤਿ ਚਿਤ ਕਹਤਿ ਮੁਲਾਨੇ। 'ਇਕ ਉਪਾਵ ਹਮ ਕਰਹਿਂ ਬਖਾਨੇ॥੩੪॥

"ਇਨ੍ਹਾਂ ਦੀ ਕਰਾਮਾਤ ਕਿਵੇਂ ਪਰਖੀਏ, ਜਿਸ ਤਰ੍ਹਾਂ ਇਹ ਆਪਣੇ ਮਨ ਦੀ ਚਾਤੁਰਤਾ ਦੱਸ ਦੇਣ।" ਇਹ ਸੁਣ ਕੇ ਮਾੜੀ ਮੱਤ ਵਾਲੇ ਮੁਲਾਣੇ ਕਹਿਣ ਲੱਗੇ, "ਇਕ ਉਪਾਵ ਅਸੀਂ ਬਿਆਨ ਕਰਦੇ ਹਾਂ॥੩੪॥

ਪੁਰਿ ਮਹਿਂ ਏਕ ਹਵੇਲੀ ਅਹੈ। ਸੂਨੀ ਪਰੀ ਨਹੀਂ ਕੋ ਰਹੈ।
ਨਹਿਂ ਬਸਿਬੇ ਕੋ ਕਾਰਨ ਜਾਨੋ। ਰਹੈ ਤਹਾਂ ਕੋ ਪ੍ਰੇਤ ਕਿ ਦਾਨੋ॥ ੩੫॥

ਨਗਰ ਵਿਚ ਇਕ ਹਵੇਲੀ ਹੈ, ਸੁੰਞੀ ਪਈ ਹੈ, ਉਥੇ ਕੋਈ ਵੀ ਰਹਿੰਦਾ ਨਹੀਂ ਹੈ, ਨਾ ਵੱਸਣ ਦਾ ਕਾਰਨ ਜਾਣੋ, ਉਥੇ ਕੋਈ ਪ੍ਰੇਤ ਜਾਂ ਦੈਂਤ ਰਹਿੰਦਾ ਹੈ॥੩੫॥

ਜੋ ਤਿਸ ਮਹਿਂ ਨਿਸ ਬਾਸ ਕਰੰਤਾ। ਬਡੇ ਤ੍ਰਾਸ ਕੋ ਪਾਇ ਮਰੰਤਾ।
ਲਗੇ ਰਜਤਪਣ ਕਈ ਹਜ਼ਾਰ। ਤਜੀ ਸਭਿਨਿ ਸੋ ਡਰ ਉਰ ਧਾਰਿ॥ ੩੬॥

ਜਿਹੜਾ ਵੀ ਉਸ ਵਿਚ ਰਾਤ ਵਾਸ ਕਰਦਾ ਹੈ, ਵੱਡਾ ਡਰ ਪਾ ਕੇ ਮਰ ਜਾਂਦਾ ਹੈ। ਉਸ ਹਵੇਲੀ ਬਣਾਉਣ ਉੱਤੇ ਹਜ਼ਾਰਾਂ ਮੋਹਰਾਂ ਲੱਗੀਆਂ ਹਨ। ਸਾਰਿਆਂ ਨੇ ਹਿਰਦੇ ਵਿਚ ਡਰ ਧਾਰ ਕੇ ਛੱਡ ਦਿੱਤੀ ਹੈ॥੩੬॥

ਨਹਿਂ ਪ੍ਰਵੇਸ਼ ਦਿਨ ਮਹਿਂ ਭੀ ਕਰੈਂ। ਮਾਰ ਨ ਦੇਹਿ ਦੇਵ ਤੇ ਡਰੈਂ।
ਪ੍ਰਥਮ ਉਤਾਰਹੁ ਗੁਰ ਤਿਸ ਮਾਂਹੀ। ਕਹੇ ਜਿ ਤਹਾਂ ਪ੍ਰਵੇਸ਼ਹਿਂ ਨਾਂਹੀ॥ ੩੭॥

ਦਿਨ ਸਮੇਂ ਵੀ ਉਥੇ ਕੋਈ ਪ੍ਰਵੇਸ਼ ਨਹੀਂ ਕਰਦਾ ਹੈ, ਕਿਤੇ ਦੈਂਤ ਮਾਰ ਨਾ ਦੇਵੇ ਸਾਰੇ ਡਰਦੇ ਹਨ। ਪਹਿਲਾਂ ਗੁਰੂ ਜੀ ਦਾ ਉਸ ਹਵੇਲੀ ਵਿਚ ਉਤਾਰਾ ਕਰਵਾਵੋ ਜੋ ਕਹਿਣ ਤੇ ਉਥੇ ਪ੍ਰਵੇਸ਼ ਨਾ ਕਰਨ॥੩੭॥

ਤੌ ਤੁਮ ਸ਼ਰ੍ਹਾ ਲੇਹੁ ਮਨਵਾਇ। ਹੁਇ ਅਨੁਸਾਰੀ ਸਹਿਜ ਸੁਭਾਇ।
ਜੇ ਨਹਿਂ ਮਾਨਹਿ ਕਹਯੋ ਤੁਮਾਰੋ। ਨਿਸ ਬਸਾਇ ਤਿਸ ਘਰ ਮੈਂ ਮਾਰੋ ॥੩੮॥

ਤਾਂ ਤੁਸੀਂ ਸ਼ਰ੍ਹਾ ਮੰਨਵਾ ਲਵੋ ਤੇ ਉਹ ਸਹਿਜ ਸੁਭਾਅ ਹੀ ਤੁਹਾਡੀ ਆਗਿਆ ਅਨੁਸਾਰ ਹੋ ਜਾਣਗੇ। ਜੇ ਤੁਹਾਡਾ ਕਿਹਾ ਨਾ ਮੰਨਿਆਂ ਤਾਂ ਰਾਤ ਨੂੰ ਉਸ ਘਰ ਵਿਚ ਵਸਾ ਕੇ ਮਾਰ ਦੇਵੋ" ॥੩੮॥

ਸੁਨਿ ਅਵਿਰੰਗ ਜਾਨਿ ਚਤੁਰਾਈ। ਸੰਗ ਮੁਲਾਨੇ 'ਸਾਧ' ਅਲਾਈ।
'ਆਛੀ ਕਹੀ ਪਰਖਿਬੋ ਹੋਇ। ਜੇ ਕਿਛੁ ਅਜ਼ਮਤ, ਲਖੀਯਹਿ ਸੋਇ॥ ੩੯॥

ਇਹ ਸੁਣ ਨੌਰੰਗਾ ਚਤੁਰਾਈ ਜਾਣ ਗਿਆ ਤੇ ਮੁਲਾਣੇ ਨੂੰ 'ਸ਼ਾਬਾਸ਼' ਕਹੀ, "ਚੰਗੀ ਗੱਲ ਕਹੀ ਹੈ, ਇਸ ਤਰ੍ਹਾਂ ਪਰਖ ਹੋ ਜਾਵੇਗੀ, ਜੇ ਕੁਝ ਕਰਾਮਾਤ ਹੋਵੇਗੀ ਤਾਂ ਉਹ ਵੇਖ ਲਵਾਂਗੇ॥੩੯॥

ਸ਼ਰਾ ਬੀਚ ਜੇ ਅਸ ਨਰ ਆਵਹਿ। ਦੀਨ, ਹਮਾਰੋ ਅਤਿ ਬਿਰਧਾਵਹਿ'।
ਅਸ ਮਸਲਤ ਕਰਿ ਸਭਾ ਮਝਾਰਾ। ਇਕ ਨਰ ਸੋਂ ਤਬਿ ਹੁਕਮ ਉਚਾਰਾ ॥੪੦॥

ਸ਼ਰ੍ਹਾ ਵਿਚ ਜੇ ਐਸਾ ਕਰਾਮਾਤੀ ਮਨੁੱਖ ਆਵੇ ਤਾਂ ਉਹ ਸਾਡੇ ਦੀਨ ਨੂੰ ਬਹੁਤ ਵਧਾਵੇਗਾ।" ਇਸ ਤਰ੍ਹਾਂ ਸਭਾ ਵਿਚ ਸਲਾਹ ਕਰਕੇ ਇਕ ਮਨੁੱਖ ਨੂੰ ਫਿਰ ਹੁਕਮ ਕੀਤਾ॥੪੦॥

'ਤਿਸ ਉਮਰਾਵ ਸੰਗ ਕਹਿ ਜਾਇ। ਜੋ ਗੁਰ ਹੈ ਹਿੰਦੁਨਿ ਸਮੁਦਾਇ।
ਪ੍ਰੇਤ ਭਯਾਨਕ ਜਿਸ ਮਹਿਂ ਰਹੈ। ਨਹਿੰਨ ਪ੍ਰਵੇਸ਼ਹਿ, ਡਰ ਸਭਿ ਲਹੈਂ ॥ ੪੧॥

"ਉਸ ਉਮਰਾਵ ਨੂੰ ਜਾ ਕੇ ਕਹੋ, ਜਿਹੜੇ ਸਾਰੇ ਹਿੰਦੂਆਂ ਦੇ ਗੁਰੂ ਜੀ ਹਨ। ਜਿਸ ਹਵੇਲੀ ਵਿਚ ਭਿਆਨਕ ਭੂਤ ਪ੍ਰੇਤ ਰਹਿੰਦੇ ਹਨ, ਉਸ ਵਿਚ ਕੋਈ ਪ੍ਰਵੇਸ਼ ਨਹੀਂ ਕਰਦਾ ਸਾਰੇ ਡਰਦੇ ਹਨ॥੪੧॥

ਤਿਸ ਮਹਿਂ ਨਿਸ ਬਿਸਰਾਮ ਕਰਾਵਹੁ। ਏਕਲ ਕੌ ਅੰਤਰ ਪ੍ਰਵਿਸ਼ਾਵਹੁ।
ਸੰਗੀ ਤਿਸ ਕੇ ਵਹਿਰ ਉਤਾਰਹੁ। ਚਹੁੰ ਦਿਸ਼ਿ ਮਹਿਂ ਨਰ ਗਨ ਖਿਰ ਧਾਰਹੁ ॥੪੨॥

ਉਸ ਵਿਚ ਗੁਰੂ ਜੀ ਨੂੰ ਰਾਤ ਨੂੰ ਵਿਸ਼ਰਾਮ ਕਰਵਾਵੋ, ਇਕੱਲੇ ਨੂੰ ਅੰਦਰ ਪ੍ਰਵੇਸ਼ ਕਰਾਵੋ। ਉਸ ਦੇ ਸਾਥੀਆਂ ਨੂੰ ਬਾਹਰ ਉਤਰਾਵੋ, ਚਾਰੇ ਪਾਸੇ ਬਹੁਤ ਮਨੁੱਖਾਂ ਨੂੰ ਪਹਿਰੇ ਵਜੋਂ ਖੜੇ ਕਰ ਦੇਵੋ॥੪੨॥

'ਜਾਗਤ ਰਹੋ, ਕਰਹੁ ਤਕਰਾਈ। ਹੋਇ ਨ ਅਸ ਜੇ ਨਿਕਸਿ ਸਿਧਾਈਂ'।
ਸੁਨਤਿ ਗਯੋ ਤਿਨ ਜਾਇ ਸੁਨਾਯੋ। 'ਹਜ਼ਰਤ ਏਵ ਹੁਕਮ ਫੁਰਮਾਯੋ' ॥ ੪੩॥

'ਜਾਗਦੇ ਰਹੋ, ਤਕੜਾਈ ਕਰੋ, ਐਸਾ ਨਾ ਹੋਵੇ ਕਿ ਨਿਕਲ ਕੇ ਹੀ ਚਲੇ ਜਾਣ।" ਉਹ ਮਨੁੱਖ ਸੁਣ ਕੇ ਗਿਆ ਤੇ ਉਸ ਉਮਰਾਵ ਨੂੰ ਸੁਣਾਇਆ, "ਬਾਦਸ਼ਾਹ ਨੇ ਇਸ ਤਰ੍ਹਾਂ ਹੁਕਮ ਫੁਰਮਾਇਆ ਹੈ" ॥੪੩॥

ਸੋ ਉਮਰਾਵ ਗੁਰੂ ਸੰਗ ਲੀਨੇ। ਗਯੋ ਸਦਨ ਤਿਸ ਬੂਝਨਿ ਕੀਨੇ।
ਲੋਕ ਸੈਂਕਰੇ ਦੇਖਨਿ ਆਏ। ਤਰਜਿ ਤਰਜਿ ਕਰਿ ਸਰਬ ਹਟਾਏ॥ ੪੪॥

ਉਸ ਉਮਰਾਵ ਨੇ ਗੁਰੂ ਜੀ ਨੂੰ ਆਪਣੇ ਨਾਲ ਲਿਆ, ਪੁੱਛ ਕੇ ਉਸ ਘਰ ਵਿਚ ਗਿਆ। ਸੈਂਕੜੇ ਲੋਕ ਵੇਖਣ ਆਏ, ਵਰਜ-ਵਰਜ ਕੇ ਸਾਰੇ ਦੂਰ ਹਟਾ ਦਿੱਤੇ॥੪੪॥

*ਬਾਰ੍ਹਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥*

Sri Satguru Jagjit Singh Ji eLlibrary NamdhariElibrary@gmail.com

# ਅਧਿਆਇ ਉਣਤਾਲੀਵਾਂ

## ਸਾਹਿਬਜ਼ਾਦੇ ਜੀ ਨੇ ਘੜੇ ਭੰਨਣੇ, ਮਿੱਠਾ ਖੂਹ ਖਾਰਾ ਹੋਇਆ

ਦੋਹਰਾ- ਦਿੱਲੀ ਮਹਿਂ ਪ੍ਰਵਿਸ਼ੇ ਗੁਰੂ ਗਏ ਹਵੇਲੀ ਮਾਹਿ।
ਉਤਰੇ ਭਯੋ ਬ੍ਰਿਤੰਤ ਜਿਮ, ਕਹੌਂ ਕਥਾ ਪੁਨ ਤਾਂਹਿ॥ ੧॥

ਗੁਰੂ ਜੀ ਦਿੱਲੀ ਵਿਚ ਪ੍ਰਵੇਸ਼ ਕਰ ਗਏ ਤੇ ਉਸ ਹਵੇਲੀ ਵਿਚ ਚਲੇ ਗਏ। ਉਥੇ ਉਤਾਰਾ ਕਰਕੇ ਜਿਵੇਂ ਬ੍ਰਿਤਾਂਤ ਹੋਇਆ, ਉਹ ਕਥਾ ਮੈਂ ਫਿਰ ਕਹਾਂਗਾ॥੧॥

ਚੌਪਈ- ਸਰਬ ਪ੍ਰਸੰਗ ਸੁਨਾਵੌਂ ਫੇਰ। ਜਿਮ ਤੁਰਕੇਸ਼ੁਰ ਅਰੁ ਗੁਰ ਕੇਰ।
ਅਬਿ ਪਟਨੇ ਕੀ ਕਥਾ ਬਖਾਨੌਂ। ਅਵਸਰ ਇਹਾਂ ਕਹਨਿ ਕੋ ਜਾਨੌਂ॥੨॥

ਸਾਰਾ ਪ੍ਰਸੰਗ ਫਿਰ ਸੁਣਾਵਾਂਗਾ, ਜਿਵੇਂ ਬਾਦਸ਼ਾਹ ਅਤੇ ਗੁਰੂ ਜੀ ਦਾ ਹੋਇਆ। ਹੁਣ ਪਟਨੇ ਦੀ ਕਥਾ ਵਰਣਨ ਕਰਦਾ ਹਾਂ, ਇਹ ਪ੍ਰਸੰਗ ਏਥੇ ਕਹਿਣ ਦਾ ਯੋਗ ਸਮਾਂ ਜਾਣਦਾ ਹਾਂ॥੨॥

ਜਬਿ ਤੇ ਸਤਿਗੁਰ ਸੁਤ ਤਜਿ ਆਏ। ਤਿਨ ਪੀਛੇ ਜਿਮ ਖੇਲ ਮਚਾਏ।
ਨਿਤ ਸ਼ਸਤ੍ਰਨਿ ਸੌਂ ਪ੍ਰੇਮ ਕਰੰਤੇ। ਜਿਸ ਕਿਸ ਤੇ ਮੰਗਵਾਇ ਰਖੰਤੇ॥੩॥

ਜਦ ਦੇ ਸਤਿਗੁਰੂ ਜੀ ਪੁੱਤਰ ਨੂੰ ਛੱਡ ਕੇ ਆਏ ਹਨ, ਉਨ੍ਹਾਂ ਤੋਂ ਪਿਛੋਂ ਜਿਹੜੇ ਸਾਹਿਬਜ਼ਾਦੇ ਨੇ ਖੇਲ ਮਚਾਏ ਹਨ, ਉਹ ਬਿਆਨ ਕਰਦਾ ਹਾਂ। ਸਦਾ ਸ਼ਸਤਰਾਂ ਨਾਲ ਪ੍ਰੇਮ ਕਰਦੇ ਹਨ, ਜਿਸ ਕਿਸ ਪਾਸੋਂ ਸ਼ਸਤਰ ਮੰਗਵਾ ਕੇ ਰੱਖਦੇ ਹਨ॥੩॥

ਏਕ ਮੰਚ ਪਰ ਰਾਖਿ ਟਿਕਾਏ। ਤਿਨ ਢਿਗ ਨਿਤ ਪ੍ਰਤਿ ਧੂਪ ਧੁਖਾਏ।
ਪੁਸ਼ਪ ਅਨੇਕ ਬਰਨ ਅਨਵਾਵੈਂ। ਕਬਹੂੰ ਗੁੰਦਿ ਮਾਲ ਅਰਪਾਵੈਂ॥੪॥

ਇਕ ਮੰਜੇ ਤੇ ਰੱਖ ਕੇ ਟਿਕਾਅ ਦਿੰਦੇ ਹਨ, ਉਨ੍ਹਾਂ ਦੇ ਪਾਸ ਸਦਾ ਪ੍ਰੀਤ ਨਾਲ ਧੂਪ ਧੁਖਾਉਂਦੇ ਹਨ। ਅਨੇਕ ਰੰਗਾਂ ਦੇ ਫੁੱਲ ਮੰਗਵਾਉਂਦੇ ਹਨ, ਕਦੀ ਹਾਰ ਬਣਾ ਕੇ ਸ਼ਸਤਰਾਂ ਨੂੰ ਅਰਪਣ ਕਰਦੇ ਹਨ॥੪॥

ਕਬਹੂੰ ਅੰਜੁਲ ਭਰਹਿਂ ਚਢਾਵੈਂ। ਬੰਦਨ ਠਾਨਹਿਂ ਸੀਸ ਨਿਵਾਵੈਂ।
ਫਿਰਹਿਂ ਪ੍ਰਦਛਨਾ ਚਹੁੰਦਿਸ਼ਿ ਤੀਨ। ਚੰਦਨ ਚਰਚਹਿਂ ਪ੍ਰੇਮ ਸੁ ਪੀਨ॥੫॥

ਕਦੀ ਬੁੱਕ ਭਰ ਕੇ ਚੜ੍ਹਾ ਦਿੰਦੇ ਹਨ, ਬੰਦਨਾ ਕਰਦੇ ਹਨ ਅਤੇ ਸੀਸ ਨਿਵਾਉਂਦੇ ਹਨ। ਚਾਰੇ ਪਾਸੇ ਫਿਰ ਕੇ ਤਿੰਨ ਪਰਿਕਰਮਾ ਕਰਦੇ ਹਨ। ਬੜੇ ਪ੍ਰੇਮ ਨਾਲ ਚੰਦਨ ਦਾ ਛਿੜਕਾਅ ਕਰਦੇ ਹਨ॥੫॥

ਢਿਗ ਸ਼ਾਹੁਨਿ ਕੇ ਸਿਸ ਜਬਿ ਆਵੈਂ। ਕਹਿ ਮਹਿਮਾ ਕੋ ਬਹੁਤ ਸੁਨਾਵੈਂ।
'ਇਹ ਆਛੇ ਛੋਟੇ ਹਮ ਲਾਇਕ। ਕਰਹਿਂ ਪ੍ਰਹਾਰਨ ਰਿਪੁ ਗਨ ਘਾਇਕ'॥੬॥

ਜਦ ਸ਼ਾਹਾਂ ਦੇ ਪੁੱਤਰ ਪਾਸ ਆਉਂਦੇ ਹਨ ਤਾਂ ਉਨ੍ਹਾਂ ਨੂੰ ਬਹੁਤ ਮਹਿਮਾ ਕਹਿ ਕੇ ਸੁਣਾਉਂਦੇ ਹਨ, "ਇਹ ਛੋਟੇ ਹਥਿਆਰ ਚੰਗੇ ਹਨ, ਸਾਡੇ ਲਾਇਕ ਹਨ। ਵਾਰ ਕਰਕੇ ਕਈ ਵੈਰੀਆਂ ਨੂੰ ਘਾਇਲ ਕਰ ਸਕਦੇ ਹਾਂ"॥੬॥

ਕਰਹਿਂ ਬਿਲੋਕਨ ਮਾਤੁ ਰੁ ਦਾਦੀ। 'ਕਜਾ ਲੀਲਾ ਧਾਰਹਿਂ ਅਹਿਲਾਦੀ।
ਰਚਹਿਂ ਪਿਤਾਮਾ ਸਮ ਕ੍ਰਿਤ ਏਈ। ਬਡੇ ਹੋਇ ਕਰਿ ਠਾਨਹਿਂ ਸੋਈ'॥੭॥

ਮਾਤਾ ਜੀ ਅਤੇ ਦਾਦੀ ਜੀ ਵੇਖਦੇ ਹਨ, "ਕੈਸੀ ਅਨੰਦਦਾਇਕ ਲੀਲ੍ਹਾ ਧਾਰਨ ਕਰਦੇ ਹਨ, ਇਹ ਆਪਣੇ ਦਾਦਾ ਜੀ ਵਾਂਗ ਕ੍ਰਿਤ ਰਚਦੇ ਹਨ, ਵੱਡੇ ਹੋ ਕੇ ਇਹੀ ਕਾਰਜ ਧਾਰਨ ਕਰਨਗੇ" ॥੭॥

ਕਰ ਗੁਲੇਲ ਕੌ ਧਾਰੰਤਿ ਘਨੇ। ਤਾਕਹਿਂ ਦੂਰ ਨਿਸ਼ਾਨੋ ਹਨੇ।
ਗੁਰ ਘਰ ਮਹਿਂ ਇਕ ਕੂਪ ਛੁਟੇਰਾ। ਜਿਸ ਕੋ ਬਾਰੀ ਮਧੁਰ ਬਡੇਰਾ॥ ੮॥

ਹੱਥ ਵਿਚ ਗੁਲੇਲ ਨੂੰ ਬਹੁਤ ਧਾਰਨ ਕਰਦੇ ਹਨ, ਦੂਰ ਤਕ ਕੇ ਨਿਸ਼ਾਨਾ ਮਾਰਦੇ ਹਨ। ਗੁਰੂ ਜੀ ਦੇ ਘਰ ਵਿਚ ਇਕ ਛੋਟਾ ਖੂਹ ਹੈ, ਜਿਸ ਦਾ ਪਾਣੀ ਬਹੁਤ ਮਿੱਠਾ ਹੈ॥੮॥

ਨਿਕਟਿ ਨਿਕਟਿ ਜੇ ਸਦਨ ਬਸੰਤੇ। ਤਹਾਂ ਆਨਿ ਕਰਿ ਨੀਰ ਭਰੰਤੇ।
ਘਟ ਭਰਿ ਕਰਿ ਲੇ ਜਾਹਿਂ ਸੁ ਨੀਤਾ। ਕਰਹਿਂ ਪਾਨ ਕੋ ਹਰਖਤਿ ਚੀਤਾ॥ ੯॥

ਨੇੜੇ-ਨੇੜੇ ਜਿਹੜੇ ਘਰ ਵੱਸਦੇ ਹਨ, ਉਹ ਉਥੇ ਆ ਕੇ ਪਾਣੀ ਭਰਦੇ ਸਨ। ਉਹ ਸਦਾ ਪਾਣੀ ਦੇ ਘੜੇ ਭਰ ਕੇ ਲੈ ਜਾਂਦੇ ਸਨ ਤੇ ਉਸ ਪਾਣੀ ਨੂੰ ਚਿੱਤ ਵਿਚ ਬਹੁਤ ਖੁਸ਼ ਹੋ ਕੇ ਪੀਂਦੇ ਸਨ॥੯॥

ਕਈ ਬਾਰ ਦੁਰ ਦੁਰ ਕਰਿ ਮਾਰਹਿਂ। ਘਟ ਕੌ ਫੋਰਿ ਤੁਰਤ ਗੁਰ ਡਾਰਹਿਂ।
ਇਤਿ ਉਤ ਦੇਖਤਿ ਦੁਖ ਕੌ ਪਾਇ। 'ਕਿਨਹੁਂ ਅਚਾਨਕ ਕੁੰਭ ਨਸਾਇ ?' ॥੧੦॥

ਬਾਲਾ ਗੁਰੂ ਜੀ ਕਈ ਵਾਰ ਉਨ੍ਹਾਂ ਦੇ ਘੜਿਆਂ ਨੂੰ ਲੁੱਕ-ਲੁੱਕ ਕੇ ਗੁਲੇਲੇ ਮਾਰਦੇ ਸਨ, ਗੁਰੂ ਜੀ ਝੱਟ ਘੜੇ ਨੂੰ ਭੰਨ ਦਿੰਦੇ ਸਨ। ਇਸਤਰੀਆਂ ਜਿਹੜੀਆਂ ਪਾਣੀ ਲੈਣ ਆਉਂਦੀਆਂ ਸਨ, ਬੜਾ ਦੁਖ ਪਾ ਕੇ ਏਧਰ ਓਧਰ ਵੇਖਦੀਆਂ ਸਨ। ਕਹਿੰਦੀਆਂ ਸਨ, "ਕਿਸੇ ਨੇ ਅਚਾਨਕ ਮੇਰਾ ਘੜਾ ਭੰਨ ਦਿੱਤਾ ਹੈ" ॥੧੦॥

ਬਰਜਤਿ ਗੁਜਰੀ ਮਾਤ ਘਨੇਰਾ। ਇਤ ਉਤ ਧਾਇ ਜਾਇਂ ਬਹੁ ਬੇਰਾ।
ਏਕ ਦਿਵਸ ਇਕ ਤੁਰਕਨਿ ਆਈ। ਬਾਰੀ ਭਰਿਬੇ ਕਹੁ ਉਤਲਾਈ॥ ੧੧॥

ਮਾਤਾ ਗੁਜਰੀ ਜੀ ਬਹੁਤ ਵਰਜਦੇ ਸਨ, ਬਹੁਤ ਵਾਰ ਏਧਰ ਓਧਰ ਭੱਜ ਜਾਂਦੇ ਸਨ। ਇਕ ਦਿਨ ਇਕ ਤੁਰਕਾਣੀ ਆਈ, ਉਹ ਪਾਣੀ ਭਰਨ ਵਾਸਤੇ ਬੜੀ ਉਤਾਵਲੀ ਸੀ॥੧੧॥

ਧਰਿ ਸਿਰ ਪਰ ਜਬ ਘਰ ਕੋ ਚਾਲੀ। ਤਬਿ ਗੁਰ ਹਾਥ ਗੁਲੇਲ ਸੰਭਾਲੀ।
ਤਾਕਿ ਹਤਜੋ ਕਰ ਹਾਲਤਿ ਭਯੋ। ਘਟ ਬਚ ਗਯੋ, ਭਾਲ ਮਹਿਂ ਹਯੋ॥ ੧੨॥

ਜਦ ਉਹ ਘੜਾ ਸਿਰ 'ਤੇ ਧਰ ਕੇ ਆਪਣੇ ਘਰ ਨੂੰ ਚਲੀ ਤਾਂ ਗੁਰੂ ਜੀ ਨੇ ਆਪਣੀ ਗੁਲੇਲ ਹੱਥ ਵਿਚ ਸੰਭਾਲ ਲਈ। ਉਸ ਇਸਤਰੀ ਦੀ ਮਰਨ ਵਾਲੀ ਹਾਲਤ ਹੋ ਗਈ। ਉਸ ਦਾ ਘੜਾ ਤਾਂ ਬਚ ਗਿਆ ਗੁਲੇਲਾ ਮੱਥੇ ਦੇ ਵਿਚ ਲੱਗਾ॥੧੨॥

ਛੁਟਜੋ ਰਕਤ ਦੁਖ ਪਾਇ ਘਨੇਰਾ। ਊਚੇ ਬੋਲ ਕਹੈ ਤਿਸ ਬੇਰਾ।
'ਹਾਇ ਹਾਇ' ਕਰਤੀ ਚਲਿ ਆਈ। ਜਹਿਂ ਥਿਰ ਗੁਜਰੀ ਅਰੁ ਬਡ ਮਾਈ॥੧੩॥

ਖੂਨ ਵਹਿ ਤੁਰਿਆ ਤੇ ਉਸ ਬਹੁਤ ਦੁਖ ਪਾਇਆ, ਉਸ ਸਮੇਂ ਉਸ ਬਹੁਤ ਉੱਚੇ ਬੋਲ ਕਹੇ ਤੇ 'ਹਾਇ ਹਾਇ' ਕਰਦੀ ਚਲ ਕੇ ਉਥੇ ਆ ਗਈ, ਜਿੱਥੇ ਮਾਤਾ ਗੁਜਰੀ ਜੀ ਅਤੇ ਵੱਡੇ ਮਾਤਾ ਜੀ ਬੈਠੇ ਸਨ॥੧੩॥

'ਊਚ ਅਟਾਰੀ ਤੇ ਮੁਹਿ ਮਾਰਜੋ। ਲਗਜੋ ਭਾਲ ਮੈਂ ਸ਼੍ਰੋਣ ਨਿਕਾਰਜੋ।
ਜਾਉਂ ਪੁਕਾਰੂ ਮੈਂ ਦੁਖ ਪਾਯੋ। ਤੁਵ ਸੁਤ ਅਤਿ ਉਤਪਾਤ ਉਠਾਯੋ॥ ੧੪॥

ਉੱਚੀ ਅਟਾਰੀ ਤੋਂ ਮੈਨੂੰ ਮਾਰਿਆ ਹੈ, ਮੇਰੇ ਮੱਥੇ ਵਿਚ ਗੁਲੇਲਾ ਲੱਗਾ ਹੈ ਖੂਨ ਨਿਕਲ ਆਇਆ ਹੈ, ਮੈਂ ਜਾ ਕੇ ਪੁਕਾਰ ਕਰਾਂਗੀ, ਮੈਂ ਦੁਖ ਪਾਇਆ ਹੈ। ਤੁਹਾਡੇ ਪੁੱਤਰ ਨੇ ਵੱਡਾ ਉਪੱਦਰ ਉਠਾਇਆ ਹੈ॥੧੪॥

ਲੋਕਨਿ ਕੇ ਘਟ ਭਗਨਿ ਕਰੰਤੇ। ਧਰੰਤਿ ਛਿਮਾ, ਲਖਿ ਨਿਕਟਿ ਬਸੰਤੇ।
ਕਹਹੁ ਕਹਾਂ ਲਗਿ ਕਰਹਿਂ ਸਮਾਈ। ਨਹਿਂ ਤੂੰ ਬਰਜੰਤਿ ਦੇਖਤਿ ਮਾਈ! ॥੧੫॥

ਲੋਕਾਂ ਦੇ ਘੜੇ ਭੰਨ ਦਿੰਦੇ ਹਨ, ਲੋਕ ਖਿਮਾ ਧਾਰਨ ਕਰਦੇ ਹਨ ਇਹ ਸਮਝਦੇ ਹਨ ਕਿ ਸਾਡੇ ਗੁਆਂਢੀ ਹਨ। ਦੱਸੋ ਕਿੱਥੋਂ ਤਕ ਸਮਾਈ ਕਰੀਏ, ਹੇ ਮਾਤਾ ਜੀ! ਤੁਸੀਂ ਵੇਖ ਕੇ ਵੀ ਵਰਜਦੇ ਨਹੀਂ ਹੋ॥੧੫॥

ਤੁਰਕੇਸੁਰ ਕੇ ਆਇਂ ਸਿਪਾਹੀ। ਬਾਧ ਘਾਟ ਬੋਲਹਿਂ ਤੁਮ ਪਾਹੀਂ।
ਸੁਨਿ ਮਾਤਾ ਉਰ ਕ੍ਰੋਧ ਬਿਸਾਲਾ। ਲੇ ਕਰਿ ਛਰੀ ਉਠੀ ਤਤਕਾਲਾ॥੧੬॥

ਤੁਰਕਾਂ ਦੇ ਸਿਪਾਹੀ ਆਉਣਗੇ ਤੇ ਤੁਹਾਡੇ ਪਾਸ ਵੱਧ ਘੱਟ ਬੋਲਣਗੇ।" ਇਹ ਸੁਣ ਕੇ ਮਾਤਾ ਜੀ ਦੇ ਦਿਲ ਵਿਚ ਬਹੁਤ ਕ੍ਰੋਧ ਆਇਆ, ਉਹ ਤੁਰਤ ਸੋਟੀ ਲੈ ਕੇ ਉੱਠੀ॥੧੬॥

ਊਚੇ ਬੋਲਤਿ ਤਾੜਨ ਹੇਤੁ। ਤੂਰਨ ਊਪਰ ਗਈ ਨਿਕੇਤ।
ਜਾਨੀ ਸ੍ਰੀ ਗੋਬਿੰਦ ਸਿੰਘ 'ਮਾਤਾ। ਤਾੜਨ ਕਾਰਨ ਮਨ ਰਿਸ ਰਾਤਾ॥੧੭॥

ਤਾੜਨਾ ਕਰਨ ਵਾਸਤੇ ਬਹੁਤ ਉੱਚੀ-ਉੱਚੀ ਬੋਲਦੇ ਸਨ, ਤੁਰਤ ਘਰ ਦੇ ਉੱਪਰ ਚੜ੍ਹ ਗਏ। ਜਦ ਸ੍ਰੀ ਗੋਬਿੰਦ ਸਿੰਘ ਨੇ ਜਾਣਿਆ "ਮਾਤਾ ਜੀ ਨੇ ਤਾੜਨਾ ਕਰਨ ਵਾਸਤੇ ਮਨ ਵਿਚ ਬੜਾ ਗੁੱਸਾ ਧਾਰਨ ਕੀਤਾ ਹੈ" ॥੧੭॥

ਦੌਰਿ ਪ੍ਰਵੇਸ਼ੇ ਬੀਚ ਅਟਾਰੀ। ਤੁਰਤ ਭੇਰਿ ਦ੍ਰਿਢ ਕੀਨਿ ਕਿਵਾਰੀ।
ਸ਼੍ਰਿੰਖਲ ਕੋ ਲਗਾਇ ਤਤਕਾਲਾ। ਬੈਠਿ ਰਹੇ ਨਿਸ਼ਚਿੰਤ ਕ੍ਰਿਪਾਲਾ॥੧੮॥

ਤਾਂ ਉਹ ਦੌੜ ਕੇ ਅਟਾਰੀ ਦੇ ਅੰਦਰ ਪ੍ਰਵੇਸ਼ ਕਰ ਗਏ ਤੇ ਤੁਰਤ ਦਰਵਾਜ਼ੇ ਚੰਗੀ ਤਰ੍ਹਾਂ ਬੰਦ ਕਰ ਲਏ ਤੇ ਝਟ ਕੁੰਡਾ ਮਾਰ ਦਿੱਤਾ ਤੇ ਫਿਰ ਕ੍ਰਿਪਾਲੂ ਗੁਰੂ ਜੀ ਨਿਸ਼ਚਿੰਤ ਹੋ ਕੇ ਬੈਠੇ ਰਹੇ॥੧੮॥

ਸ੍ਰੀ ਗੁਜਰੀ ਦਰ ਦੇਖਿ ਕਿਵਾਰਾ। ਦੇਤਿ ਧਕੇਲਾ ਨਹਿੰਨ ਉਘਾਰਾ।
ਖਰੀ ਹੋਇ ਕਹਿ ਕ੍ਰੂਰ ਬਡੇਰੇ। 'ਨਿਤ ਹੇਰਤਿ ਮੈਂ ਅਵਗੁਨ ਤੇਰੇ॥੧੯॥

ਮਾਤਾ ਗੁਜਰੀ ਜੀ ਨੇ ਦਰਵਾਜ਼ੇ ਦੇ ਬੂਹੇ ਬੰਦ ਵੇਖੇ ਤਾਂ ਉਨ੍ਹਾਂ ਧੱਕਾ ਮਾਰਿਆ ਪਰ ਦਰਵਾਜ਼ਾ ਨਾ ਖੁੱਲ੍ਹਿਆ। ਉਨ੍ਹਾਂ ਨੇ ਫਿਰ ਉਥੇ ਖੜੇ ਹੋ ਕੇ ਬੜੇ ਸਖਤ ਬੋਲ ਬੋਲੇ, "ਮੈਂ ਸਦਾ ਤੇਰੇ ਔਗੁਣ ਵੇਖਦੀ ਰਹਿੰਦੀ ਹਾਂ॥੧੯॥

ਤੁਰਕ ਰਾਜ ਮਹਿਂ ਕਰਿ ਉਤਪਾਤਾ। ਤ੍ਰਿਯ ਕੇ ਕੀਨਿ ਗੁਲੇਲੋ ਘਾਤਾ।
ਸ਼੍ਰੋਣਤ ਬਹਜੋ ਜਾਤਿ ਬਿਲਲਾਵੈ। ਅਬਹਿ ਪੁਕਾਰੂ ਸੋ ਚਲਿ ਜਾਵੈ॥੨੦॥

ਤੁਰਕ ਰਾਜ ਵਿਚ ਤੂੰ ਉਪੱਦਰ ਕਰਦਾ ਹੈਂ, ਇਸਤਰੀ ਨੂੰ ਗੁਲੇਲਾ ਮਾਰ ਕੇ ਘਾਇਲ ਕਰ ਦਿੱਤਾ ਹੈ, ਖੂਨ ਵੱਗਦਾ ਸੀ ਤੇ ਕੁਰਲਾਉਂਦੀ ਜਾਂਦੀ ਸੀ, ਹੁਣੇ ਉਹ ਪੁਕਾਰ ਕਰਨ ਚਲੀ ਜਾਵੇਗੀ॥੨੦॥

ਕਯਾ ਹਮ ਕਹਹਿਂ ਜਤਨ ਕਯਾ ਕਰੈਂ। ਰਾਜ ਤੁਰਕ ਤੇ ਦੀਰਘ ਡਰੈਂ।
ਸੁਨਿ ਬੋਲੇ ਅੰਤਰ ਤਿਸ ਕਾਲਾ। 'ਮੈਂ ਨ ਜਾਨਿ ਮਾਰਜੋ ਬਿਚ ਭਾਲਾ॥੨੧॥

ਕੀ ਅਸੀਂ ਕਹੀਏ, ਕੀ ਯਤਨ ਕਰੀਏ, ਤੁਰਕਾਂ ਦਾ ਰਾਜ ਹੈ ਇਸ ਕਰਕੇ ਬਹੁਤ ਡਰਦੇ ਹਾਂ।" ਇਹ ਸੁਣ ਕੇ ਗੁਰੂ ਜੀ ਅੰਦਰੋਂ ਬੋਲੇ, "ਮੈਂ ਜਾਣ ਬੁਝ ਕੇ ਗੁਲੇਲਾ ਮੱਥੇ ਵਿਚ ਨਹੀਂ ਮਾਰਿਆ ਹੈ॥੨੧॥

ਤਾਕਿ ਨਿਸ਼ਾਨੋ ਦੀਨਿ ਚਲਾਈ। ਸੋ ਚਲਿ ਤਬਹਿ ਅੱਗ੍ਰ ਕਜੋਂ ਆਈ।
ਕਹਾਂ ਦੋਸ਼ ਮੇਰੋ ਇਸ ਮਾਂਹੀ। ਕਯਾ ਹਮ ਤੁਰਕਨਿ ਤੇ ਡਰਪਾਂਹੀਂ॥੨੨॥

ਨਿਸ਼ਾਨਾ ਤਕ ਕੇ ਗੁਲੇਲ ਚਲਾਈ ਸੀ, ਉਹ ਚਲ ਕੇ ਫਿਰ ਅੱਗੇ ਕਿਉਂ ਆਈ। ਇਸ ਵਿਚ ਮੇਰਾ ਕੀ ਦੋਸ਼ ਹੈ ? ਕੀ ਅਸੀਂ ਤੁਰਕਾਂ ਤੋਂ ਡਰਦੇ ਹਾਂ ?" ॥੨੨॥

ਸੁਨਿ ਗੁਜਰੀ ਕਹਿ 'ਮੈਂ ਮਨ ਜਾਨੀ। ਨਹਿਂ ਤੂ ਬਸਿਬੇ ਦੇ ਇਸ ਥਾਨੀ।
ਥਿਰ ਨ ਰਹਹੁ ਇਕ ਛਿਨ ਭੀ ਬੈਠਿ। ਸ਼ਾਹੁਨਿ ਬਾਲਿਕ ਬ੍ਰਿੰਦ ਇਕੈਠਿ ॥੨੩॥

ਇਹ ਸੁਣ ਕੇ ਮਾਤਾ ਗੁਜਰੀ ਜੀ ਨੇ ਕਿਹਾ, "ਮੈਂ ਮਨ ਵਿਚ ਜਾਣ ਗਈ ਹਾਂ, ਤੂੰ ਇਸ ਥਾਂ ਸਾਨੂੰ ਰਹਿਣ ਨਹੀਂ ਦੇਵੇਂਗਾ। ਇਕ ਛਿਣ ਵੀ ਬੈਠ ਕੇ ਸਥਿਰ ਨਹੀਂ ਰਹਿੰਦਾ ਹੈਂ, ਸ਼ਾਹਾਂ ਦੇ ਬਹੁਤ ਬਾਲਕਾਂ ਨੂੰ ਇਕੱਠਾ ਕਰ ਲੈਂਦਾ ਹੈਂ ॥੨੩॥

ਕਰਤਿ ਰਹਹੁ ਉਤਪਾਤ ਬਡੇਰੇ। ਬਰਜਯੋ ਰਹੈਂ ਨਹੀਂ ਇਕ ਬੇਰੇ'।
ਇਮ ਬੋਲਤਿ ਉਤਰੀ ਤਰ ਆਈ। ਕ੍ਰੋਧ ਭਰੀ ਇਮ ਗਿਰਾ ਅਲਾਈ ॥੨੪॥

ਤੇ ਬਹੁਤ ਉਪੱਦਰ ਕਰਦਾ ਰਹਿੰਦਾ ਹੈਂ ਤੇ ਇਕ ਵਾਰ ਵੀ ਵਰਜਿਆ ਨਹੀਂ ਰਹਿੰਦਾ ਹੈਂ।" ਇਸ ਤਰ੍ਹਾਂ ਬੋਲਦੀ ਥੱਲੇ ਉੱਤਰ ਆਈ। ਕ੍ਰੋਧ ਭਰੀ ਫਿਰ ਇਸ ਤਰ੍ਹਾਂ ਬੋਲੀ ॥੨੪॥

'ਸ੍ਰੀ ਨਾਨਕ ਪਰਮੇਸੁਰ ਰੂਪ। ਤੋ ਖਾਰਾ ਅਬਿ ਹੋਵਹਿ ਕੂਪ।
ਨਹਿਂ ਕੋ ਆਵਹਿ ਭਰਿਬੇ ਪਾਨੀ। ਇਹ ਬਿਨਤੀ ਮਮ ਲੀਜਹਿ ਮਾਨੀ' ॥੨੫॥

"ਹੇ ਸ੍ਰੀ ਨਾਨਕ ਪਰਮੇਸ਼ਰ ਰੂਪ, ਇਸ ਖੂਹ ਦਾ ਪਾਣੀ ਹੁਣ ਖਾਰਾ ਹੋ ਜਾਵੇ ਕੋਈ ਵੀ ਹੁਣ ਪਾਣੀ ਭਰਨ ਨਾ ਆਵੇ, ਇਹ ਮੇਰੀ ਬੇਨਤੀ ਮੰਨ ਲਵੋ" ॥੨੫॥

ਇਮ ਕਹਿ ਤੁਰਕਨਿ ਨਿਕਟਿ ਹਕਾਰੀ। ਦੀਨਿ ਦਿਲਾਸਾ ਮ੍ਰਿਦੁਲ ਉਚਾਰੀ।
ਪੰਚ ਰਜਤਪਨ ਦਏ ਸੁ ਤਾਂਹੀ। ਪਹਿਰਨਿ ਕੋ ਪਟ ਦੇ ਕਰਿ ਪ੍ਰਾਹੀ ॥੨੬॥

ਇਸ ਤਰ੍ਹਾਂ ਕਹਿ ਕੇ ਤੁਰਕਾਣੀ ਨੂੰ ਆਪਣੇ ਪਾਸ ਬੁਲਾਇਆ, ਦਿਲਾਸਾ ਦੇ ਕੇ ਬੜੇ ਮਿੱਠੇ ਬਚਨ ਉਚਾਰਨ ਕੀਤੇ। ਉਸ ਨੂੰ ਪੰਜ ਮੋਹਰਾਂ ਦਿੱਤੀਆਂ ਤੇ ਪਹਿਣਨ ਵਾਸਤੇ ਰੇਸ਼ਮ ਦੇ ਕੱਪੜੇ ਦੇ ਕੇ ਕਿਹਾ ॥੨੬॥

'ਸਾਹਿਬਜ਼ਾਦਾ ਅਹੈ ਅਯਾਨੋ। ਹਤਤਿ ਹੁਤੋ ਕਿਹ ਤਾਕ ਨਿਸ਼ਾਨੋ।
ਔਚਕ ਤੂੰ ਚਲਿ ਆਇ ਅਗਾਰੀ। ਲਗਯੋ ਗੁਲੇਲਾ ਭਾਲ ਮਝਾਰੀ ॥੨੭॥

"ਸਾਹਿਬਜ਼ਾਦਾ ਹਾਲੇ ਨਿਆਣਾ ਹੈ, ਕਿਸੇ ਹੋਰ ਥਾਂ ਨਿਸ਼ਾਨਾ ਮਾਰ ਰਿਹਾ ਸੀ, ਅਚਾਨਕ ਤੂੰ ਚਲ ਕੇ ਅੱਗੇ ਆ ਗਈ ਤੇ ਗੁਲੇਲਾ ਤੁਹਾਡੇ ਮੱਥੇ ਵਿਚ ਲੱਗਾ ॥੨੭॥

ਅਬਿ ਤੂੰ ਛਿਮਾ ਕਰਹੁ ਨਹਿਂ ਜਾਹੋ। ਘ੍ਰਿਤ ਮਿਸਟਾਨ ਖਾਹੁ ਘਰ ਮਾਂਹੋ।
ਅਪਰ ਖ਼ਬਰ ਤੇਰੀ ਹਮ ਲਹੈਂ। ਜਬਿ ਲੌ ਘਾਵ ਭਾਲ ਮੈਂ ਰਹੈ' ॥੨੮॥

ਹੁਣ ਤੂੰ ਖਿਮਾ ਕਰ ਤੇ ਨਾ ਜਾ ਤੇ ਘਰ ਵਿਚ ਬੈਠ ਕੇ ਖੰਡ ਘਿਉ ਖਾ। ਹੋਰ ਤੇਰੀ ਅਸੀਂ ਹਰ ਤਰ੍ਹਾਂ ਖ਼ਬਰ ਸਾਰ ਲਵਾਂਗੇ ਜਦ ਤਕ ਤੇਰੇ ਮੱਥੇ ਵਿਚ ਜ਼ਖਮ ਦਾ ਨਿਸ਼ਾਨ ਹੈ" ॥੨੮॥

ਦੇਖਿ ਲੋਭ ਕੋ ਤੂਸ਼ਨਿ ਠਾਨੀ। ਗਮਨੀ ਅਪਨੇ ਘਰ ਤੁਰਕਾਨੀ।
ਤਬਿ ਤੇ ਭਯੋ ਕੂਪ ਸੋ ਖਾਰਾ। ਪੁਰਿ ਪਟਣਾ ਜਾਨਤਿ ਹੈ ਸਾਰਾ ॥੨੯॥

ਲੋਭ ਵੇਖ ਤੁਰਕਾਣੀ ਨੇ ਚੁੱਪ ਧਾਰਨ ਕਰ ਲਈ ਤੇ ਆਪਣੇ ਘਰ ਨੂੰ ਚਲੇ ਗਈ। ਉਸ ਦਿਨ ਤੋਂ ਖੂਹ ਦਾ ਮਿੱਠਾ ਪਾਣੀ ਖਾਰਾ ਹੋ ਗਿਆ, ਇਹ ਸਾਰਾ ਪਟਨਾ ਸ਼ਹਿਰ ਜਾਣਦਾ ਹੈ ॥੨੯॥

ਚਾਰ ਘਟੀ ਲਗਿ ਅੰਤਰਿ ਥਿਰੇ। ਦ੍ਵਾਰ ਕਿਵਾਰ ਉਘਾਰਨਿ ਕਰੇ।
ਤਹਿਂ ਹੀ ਬੈਠਿ ਰਹੇ ਸੁਖ ਸਾਗਰ। ਤੂਸ਼ਨਿ ਠਾਨਿ ਇਕਾਕੀ ਨਾਗਰ ॥ ੩੦ ॥

ਗੁਰੂ ਜੀ ਚਾਰ ਘੜੀਆਂ ਤਕ ਅੰਦਰ ਬੈਠੇ ਰਹੇ, ਫਿਰ ਦਰਵਾਜ਼ੇ ਦੇ ਤਖਤੇ ਖੋਲ੍ਹੇ। ਉਥੇ ਹੀ ਸੁਖਾਂ ਦੇ ਸਾਗਰ ਬੈਠੇ ਰਹੇ। ਗੁਰੂ ਜੀ ਨੇ ਇਕਾਂਤ ਵਿਚ ਚੁੱਪ ਧਾਰ ਛੱਡੀ ॥੩੦॥

ਸਾਸ ਨਿਕਟਿ ਗੁਜਰੀ ਪਛੁਤਾਵਤਿ। ਸਕਲ ਬਾਰਤਾ ਆਦਿ ਬਤਾਵਤਿ।
ਮੋ ਪ੍ਰਤਿ ਸੁਤ ਕੀ ਕਹਤਿ ਬਡਾਈ। ਇਨ ਪ੍ਰਤਿਕੂਲ ਨ ਕਰਿ ਬਿਧਿ ਕਾਈ ॥ ੩੧ ॥

ਸੱਸ ਦੇ ਪਾਸ ਮਾਤਾ ਗੁਜਰੀ ਜੀ ਪਛੁਤਾ ਰਹੀ ਸੀ, ਸਾਰੀ ਵਾਰਤਾ ਉਸ ਨੂੰ ਦੱਸੀ। ਮੇਰੇ ਪਤੀ ਜੀ ਮੇਰੇ ਪਾਸ ਪੁੱਤਰ ਦੀ ਬੜੀ ਵਡਿਆਈ ਕਰਦੇ ਸੀ, ਕਹਿੰਦੇ ਸੀ ਕਿ ਕਦੀ ਇਨ੍ਹਾਂ ਦੇ ਵਿਰੁੱਧ ਕਿਸੇ ਤਰ੍ਹਾਂ ਕੁਝ ਨਾ ਕਰਨਾ ॥੩੧॥

ਆਜ ਕ੍ਰੋਧ ਤੇ ਕਹਿ ਦੁਰਬਾਨੀ। ਪਿਖੀ ਚੋਟ ਲਾਗੀ ਤੁਰਕਾਨੀ।
ਕਰੌਂ ਕਹਾਂ ਮੈਂ ਲਖਿ ਉਤਪਾਤਾ। ਘਟ ਪਰ ਕਰਤਿ ਗੁਲੇਲਨਿ ਘਾਤਾ ॥ ੩੨ ॥

ਅੱਜ ਕ੍ਰੋਧ ਕਰਕੇ ਦੁਰਬਚਨ ਕਹਿ ਬੈਠੀ ਹਾਂ, ਜਦ ਮੈਂ ਤੁਰਕਾਣੀ ਦੇ ਸੱਟ ਲੱਗੀ ਵੇਖੀ, ਮੈਂ ਏਡਾ ਉਪੱਦਰ ਵੇਖ ਕੇ ਕੀ ਕਰਾਂ, ਇਸਤਰੀਆਂ ਦੇ ਘੜਿਆਂ 'ਤੇ ਗੁਲੇਲੇ ਮਾਰਦਾ ਹੈ' ॥੩੨॥

ਸੁਨਤਿ ਨਾਨਕੀ ਤਿਹ ਸਮੁਝਾਵੈ। 'ਜੋਧਾ ਬਨਹਿ ਬੈਸ ਤਰੁਨਾਵੈ।
ਨਹਿਂ ਬੋਲਹੁ ਦੁਰ ਬੈਨ ਕਦਾਈ। ਬਾਲ ਆਰਬਲ ਮਹਿ ਚਪਲਾਈ ॥ ੩੩ ॥

ਇਹ ਸੁਣ ਕੇ ਮਾਤਾ ਨਾਨਕੀ ਜੀ ਨੇ ਉਸ ਨੂੰ ਸਮਝਾਇਆ, "ਉਮਰ ਜਵਾਨ ਹੋਣ 'ਤੇ ਵੱਡਾ ਯੋਧਾ ਬਣੇਗਾ, ਕਦੀ ਵੀ ਦੁਰਬਚਨ ਨਾ ਬੋਲੋ, ਬਾਲ ਅਵਸਥਾ ਵਿਚ ਚੰਚਲਤਾ ਹੁੰਦੀ ਹੈ ॥੩੩॥

ਮੈਂ ਅਬਿ ਜੈਹੌਂ ਆਨੌਂ ਪਾਸ। ਦੇਊਂ ਦਿਲਾਸਾ ਮ੍ਰਿਦੁਲ ਪ੍ਰਕਾਸ਼ਿ'।
ਇਮ ਕਹਿ ਬ੍ਰਿਧਾ ਮਹਾਂ, ਉਠਿ ਕਰਿਕੈ। ਸਨੇ ਸਨੇ ਮੰਦਿਰ ਪਰ ਚਰਿਕੈ ॥ ੩੪ ॥

ਮੈਂ ਹੁਣ ਜਾਂਦੀ ਹਾਂ ਤੇ ਉਸ ਨੂੰ ਆਪਣੇ ਪਾਸ ਲਿਆਉਂਦੀ ਹਾਂ, ਮਿੱਠੀਆਂ ਗੱਲਾਂ ਕਰਕੇ ਉਸ ਨੂੰ ਦਿਲਾਸਾ ਦਿੰਦੀ ਹਾਂ' ਇਸ ਤਰ੍ਹਾਂ ਕਹਿ ਕੇ ਬ੍ਰਿਧ ਨਾਨਕੀ ਜੀ ਉੱਠ ਕੇ ਹੌਲੀ-ਹੌਲੀ ਕੋਠੇ ਤੇ ਚੜ੍ਹ ਗਏ ॥੩੪॥

ਪੌਤ੍ਰਾ ਦੇਖਿ ਪ੍ਰੇਮ ਬਹੁ ਧਾਰਾ। ਗਹੀ ਬਾਹੁ ਨਿਜ ਅੰਕ ਬਿਠਾਰਾ।
ਮੁਖ ਪਰ ਕਰ ਫੇਰਤਿ ਦ੍ਰਿਗ ਹੇਰਤਿ। 'ਚਲਹੁ ਤਰੇ ਕੌ' ਕਹਿ ਕਹਿ ਪ੍ਰੇਰਤਿ ॥ ੩੫ ॥

ਪੋਤਰੇ ਨੂੰ ਵੇਖ ਕੇ ਬਹੁਤ ਪ੍ਰੇਮ ਧਾਰਨ ਕੀਤਾ ਤਾਂ ਬਾਂਹ ਤੋਂ ਫੜ ਕੇ ਆਪਣੀ ਗੋਦ ਵਿਚ ਬਿਠਾ ਲਿਆ। ਮੁਖੜੇ ਤੇ ਹੱਥ ਫੇਰ ਕੇ ਅੱਖਾਂ ਨਾਲ ਵੇਖਿਆ ਤੇ ਕਿਹਾ, "ਪੁੱਤਰ ਥੱਲੇ ਚਲੋ" ਕਹਿ ਕਹਿ ਕੇ ਪ੍ਰੇਰਿਆ ॥੩੫॥

ਚਹਤਿ ਉਠਾਯੋ ਅੰਕ ਮਝਾਰੀ। ਨਹਿਂਨ ਉਠਾਯੋ ਜਾਇ, ਸੁ ਭਾਰੀ।
ਇਕ ਤੌ ਬ੍ਰਿਧ ਸਰੀਰ ਬਹੁ ਭਯੋ। ਦੁਤੀਏ ਭਾਰ ਗੁਰੂ ਬਹੁ ਕਯੋ ॥ ੩੬ ॥

ਪੋਤਰੇ ਨੂੰ ਕੁੱਛੜ ਚੁਕਣਾ ਚਾਹੁੰਦੀ ਸੀ, ਪਰ ਚੁਕਿਆ ਨਹੀਂ ਸੀ ਜਾਂਦਾ, ਜ਼ਿਆਦਾ ਭਾਰਾ ਸੀ। ਇਕ ਤਾਂ ਸਰੀਰ ਬਹੁਤ ਬ੍ਰਿਧ ਹੋ ਗਿਆ ਸੀ ਦੂਸਰਾ ਗੁਰੂ ਜੀ ਦਾ ਬਹੁਤ ਭਾਰ ਹੋ ਗਿਆ ਸੀ ॥੩੬॥

ਮ੍ਰਿਦੁਲ ਭਨਤਿ ਗਹਿ ਭੁਜਾ ਖਰੇ ਕਰਿ। ਸਨੇ ਸਨੇ ਲੇ ਆਵਤਿ ਭੀ ਤਰ।
ਮਧੁਰ ਬਾਕ ਪੁਨ ਗੁਜਰੀ ਕਹੇ। 'ਤੁਰਕ ਰਾਜ ਤੈਂ ਕਜੋਂ ਨਹਿਂ ਲਹੈਂ ?' ॥ ੩੭ ॥

ਮਿੱਠੇ ਤੇ ਕੋਮਲ ਬਚਨ ਬੋਲ ਕੇ ਬਾਂਹ ਤੋਂ ਫੜ ਕੇ ਖੜਾ ਕੀਤਾ ਤੇ ਹੌਲੀ-ਹੌਲੀ ਗੁਰੂ ਜੀ ਨੂੰ ਹੇਠਾਂ ਲੈ ਆਈ। ਫਿਰ ਮਾਤਾ ਗੁਜਰੀ ਜੀ ਨੇ ਬੜੇ ਮਿੱਠੇ ਬਚਨ ਕਹੇ, "ਤੁਰਕਾਂ ਦੇ ਰਾਜ ਨੂੰ ਤੂੰ ਕਿਉਂ ਨਹੀਂ ਸਮਝਦਾ ਹੈਂ ?" ॥੩੭॥

ਅਪਨੇ ਅੰਕ ਬਿਖੇ ਬੈਠਾਇ। ਕਰੇ ਪ੍ਰਸੰਨ ਭਲੇ ਪਰਚਾਇ।
ਇਤਨੇ ਮਹਿਂ ਭਾ ਤਯਾਰ ਅਹਾਰ। ਸੂਪਕਾਰ ਆਨਯੋ ਧਰਿ ਥਾਰ॥ ੩੮॥

ਆਪਣੀ ਗੋਦੀ ਵਿਚ ਬਿਠਾਇਆ ਤੇ ਪ੍ਰਸੰਨ ਕਰਕੇ ਭਲੀ ਪ੍ਰਕਾਰ ਪਰਚਾਇਆ। ਏਨੇ ਵਿਚ ਭੋਜਨ ਤਿਆਰ ਹੋ ਗਿਆ ਤੇ ਰਸੋਈਆ ਥਾਲ ਧਰ ਕੇ ਲੈ ਆਇਆ॥੩੮॥

ਕਹਤਿ ਬਚਨ ਗੁਰ ਦਿਸ਼ਿ ਕੇ ਭਏ। 'ਕੇਤਿਕ ਕਾਲ ਬਿਤਯੋ ਚਲਿ ਗਏ।
ਨਹਿਂ ਸੁਧਿ ਕੀਨਿ ਪਠਾਵਨਿ ਕੋਈ। ਆਨੰਦਪੁਰਿ ਪਹੁੰਚੇ ਨਹਿਂ ਸੋਈ॥ ੩੯॥

ਉਸ ਨੇ ਗੁਰੂ ਤੇਗ ਬਹਾਦਰ ਜੀ ਬਾਰੇ ਬਚਨ ਕਹੇ, "ਕਾਫੀ ਸਮਾਂ ਬੀਤ ਗਿਆ ਹੈ ਜਦ ਦੇ ਏਥੋਂ ਗਏ ਹਨ, ਸਾਨੂੰ ਕੋਈ ਵੀ ਖਬਰ ਨਹੀਂ ਭੇਜੀ ਹੈ। ਅਨੰਦਪੁਰ ਪਹੁੰਚੇ ਹਨ ਕਿ ਨਹੀਂ॥੩੯॥

ਕਿਸੀ ਥਾਨ ਸੰਗਤਿ ਅਟਕਾਏ। ਭਾਉ ਬਿਲੋਕਿ ਥਿਰੇ ਲਖਿ ਪਾਏ'।
ਇੱਤਯਾਦਿਕ ਕਹਿ ਕਰਿ ਹਰਖਾਏ। ਭੋਜਨ ਕੋ ਕਰਾਇ ਤ੍ਰਿਪਤਾਏ॥ ੪੦॥

ਜਾਂ ਕਿਸ ਸਥਾਨ ਤੇ ਸੰਗਤ ਨੇ ਅਟਕਾਅ ਲਿਆ ਹੈ, ਭਾਉ ਪ੍ਰੇਮ ਵੇਖ ਕੇ ਟਿੱਕ ਗਏ ਹਨ।" ਇਸ ਤਰ੍ਹਾਂ ਗੱਲਾਂ ਕਰਕੇ ਪ੍ਰਸੰਨ ਹੋ ਗਏ, ਭੋਜਨ ਛਕਾ ਕੇ ਸਾਰਿਆਂ ਨੂੰ ਤ੍ਰਿਪਤ ਕੀਤਾ॥੪੦॥

ਸੁਨਿ ਕੈ ਕਹਤਿ 'ਨ ਹਮ ਇਤ ਰਹੈਂ। ਅਪਨੇ ਦੇਸ਼ ਪਯਾਨੋ ਚਹੈਂ।
ਪਿਤਾ ਸਮੀਪ ਥਿਰੈਂਗੇ ਜਾਇ। ਪਿਖਿ ਪੰਜਾਬ ਅਨੰਦਪੁਰ ਥਾਇ'॥ ੪੧॥

ਬਾਲਾ ਗੁਰੂ ਜੀ ਨੇ ਸੁਣ ਕੇ ਕਿਹਾ, "ਅਸੀਂ ਏਥੇ ਨਹੀਂ ਰਹਾਂਗੇ, ਆਪਣੇ ਦੇਸ਼ ਚਲਣਾ ਚਾਹੁੰਦੇ ਹਾਂ, ਪਿਤਾ ਜੀ ਪਾਸ ਜਾ ਕੇ ਰਹਾਂਗੇ, ਆਪਣੇ ਪੰਜਾਬ ਦੇ ਅਨੰਦਪੁਰ ਸਥਾਨ ਨੂੰ ਵੇਖਾਂਗੇ" ॥੪੧॥

ਸੁਨਿਕੈ ਮਾਤਾ ਗੁਜਰੀ ਬੈਨ। ਚਹਤਿ ਰਿਦੈ ਕਿਮ ਗਮਨੈ ਹੈਂ ਨ।
'ਹੇ ਸੁਤ ! ਦੇਸ਼ ਭਲੋ ਇਹ ਮਾਨਹੁ। ਅਨਿਕ ਰੀਤਿ ਕੇ ਸੁਖ ਪਹਿਚਾਨਹੁ॥੪੨॥

ਇਹ ਸੁਣਕੇ ਮਾਤਾ ਗੁਜਰੀ ਜਿਹੜੇ ਦਿਲ ਵਿਚ ਚਾਹੁੰਦੇ ਹਨ ਕਿ ਏਥੋਂ ਕਿਸੇ ਤਰ੍ਹਾਂ ਵੀ ਨਾ ਜਾਣਾ ਹੋਵੇ, ਬਚਨ ਕੀਤਾ, "ਹੇ ਪੁੱਤਰ! ਇਸ ਦੇਸ਼ ਨੂੰ ਭਲਾ ਮੰਨੋ, ਏਥੇ ਅਨੇਕਾਂ ਰੀਤੀਆਂ ਦੇ ਸੁਖ ਪਹਿਚਾਣੋ॥੪੨॥

ਜਬਹਿ ਪਿਤਾ ਤੁਮਰੇ ਪੁਰਿ ਜੈ ਹੈਂ। ਦੇਸ਼ ਨਰਨਿ ਕੋ ਉਰ ਪਰਖੈ ਹੈਂ।
ਲਖਹਿਂ ਬੁਲਾਵਨਿ ਕੋ ਜਬਿ ਸਮੈਂ। ਭੇਜਹਿਂ ਲਿਖੀ ਪੱਤ੍ਰਿਕਾ ਹਮੈਂ॥ ੪੩॥

ਜਦ ਤੁਹਾਡੇ ਪਿਤਾ ਜੀ ਨਗਰ ਵਿਚ ਜਾਣਗੇ ਤਾਂ ਦੇਸ਼ ਦੇ ਮਨੁੱਖਾਂ ਨੂੰ ਆਪਣੇ ਹਿਰਦੇ ਵਿਚ ਪਰਖ ਲੈਣਗੇ, ਜਦ ਬੁਲਾਉਣ ਦਾ ਯੋਗ ਸਮਾਂ ਸਮਝਣਗੇ ਤਾਂ ਸਾਨੂੰ ਚਿੱਠੀ ਲਿਖ ਕੇ ਭੇਜਣਗੇ॥੪੩॥

ਇਹਾਂ ਮਸੰਦ ਸਿੱਖ ਸਭਿ ਦਾਸ। ਚਹਿਤਿ ਵਸਤੁ ਕੋ ਭੇਜਹਿਂ ਪਾਸ।
ਸਭਿ ਸੁਖ ਸੋਂ ਬਸਿ ਸਮੈਂ ਬਿਤਾਵੈਂ। ਤੁਵ ਪਿਤ ਮਰਜ਼ੀ ਬਿਨ ਕਿਮ ਜਾਵੈਂ॥੪੪॥

ਏਥੇ ਮਸੰਦ ਸਿੱਖ ਸਭ ਦਾਸ ਹਨ, ਜਿਹੜੀ ਵਸਤੂ ਵੀ ਚਾਹੁੰਦੇ ਹਾਂ ਉਹ ਸਾਡੇ ਪਾਸ ਭੇਜਦੇ ਹਨ। ਸਾਰੇ ਸੁਖ ਨਾਲ ਵੱਸ ਕੇ ਸਮਾਂ ਬਤੀਤ ਕਰੀਏ, ਤੇਰੇ ਪਿਤਾ ਜੀ ਦੀ ਮਰਜ਼ੀ ਬਗੈਰ ਕਿਵੇਂ ਜਾ ਸਕਾਂਗੇ" ॥੪੪॥

Sri Satguru Jagjit Singh Ji eLlibrary NamdhariElibrary@gmail.com

ਸੁਨਤਿ ਬਖਾਨਹਿਂ 'ਪਿਤਾ ਗਏ ਜਬਿ। ਹਮ ਕੋ ਆਗਜਾ ਕਰਤਿ ਭਏ ਤਬਿ।
ਤਿਨਕੀ ਮਰਜ਼ੀ ਪਾਇ ਚਲੰਤੇ। ਇਹਾਂ ਨ ਠਹਿਰਹਿਂ ਇਹੀ ਮਤੰਤੇ' ॥ ੪੫ ॥

ਇਹ ਸੁਣ ਕੇ ਬਾਲਾ ਗੁਰੂ ਜੀ ਨੇ ਕਿਹਾ, "ਜਦ ਪਿਤਾ ਜੀ ਗਏ ਸਨ ਤਦ ਉਨ੍ਹਾਂ ਸਾਨੂੰ ਅਜਿਹੀ ਆਗਿਆ ਕੀਤੀ ਸੀ। ਉਨ੍ਹਾਂ ਦੀ ਮਰਜ਼ੀ ਪਾ ਕੇ ਚਲਾਂਗੇ, ਏਥੇ ਨਹੀਂ ਠਹਿਰਾਂਗੇ, ਇਹੀ ਸਲਾਹ ਹੈ" ॥੪੫॥

ਇਸਿ ਬਿਧਿ ਕਹੈਂ ਨਿਤਾਪ੍ਰਤਿ ਬਾਤੀ। ਚਾਹੰਤਿ ਚਿਤ ਮਹਿਂ ਪੰਥ ਪ੍ਰਜਾਤੀ।
ਸਿਖ ਮਸੰਦ ਗਨ ਆਇਂ ਹਮੇਸ਼। ਠਹਿਰਾਵਨਿ ਹਿਤ ਕਹੈਂ ਵਿਸ਼ੇਸ਼ ॥ ੪੬ ॥

ਬਾਲਾ ਗੁਰੂ ਜੀ ਇਸ ਵਿਧੀ ਨਾਲ ਹੀ ਸਦਾ ਗੱਲਾਂ ਕਰਦੇ ਸਨ, ਉਹ ਆਪਣੇ ਚਿੱਤ ਵਿਚ ਮਾਰਗ ਵਿਖੇ ਚਲਣਾ ਚਾਹੁੰਦੇ ਸਨ। ਬਹੁਤ ਸਿੱਖ ਤੇ ਮਸੰਦ ਹਮੇਸ਼ਾਂ ਆਉਂਦੇ ਸਨ, ਉਹ ਵਿਸ਼ੇਸ਼ ਤੌਰ ਠਹਿਰਾਉਣ ਵਾਸਤੇ ਕਹਿੰਦੇ ਸਨ ॥੪੬॥

ਤਊ ਆਪਨੋ ਹਠ ਕਰਿ ਗਾਢੋ। ਚਲਨਿ ਪੰਜਾਬ ਚਾਉ ਚਿਤ ਬਾਢੋ।
ਮਾਤਾ ਗੁਜਰੀ ਕੇ ਸੰਗ ਕਹੈਂ। 'ਹਮ ਤੌ ਇਸ ਪੁਰਿ ਨਾਂਹਿਨ ਰਹੈਂ' ॥ ੪੭ ॥

ਫਿਰ ਵੀ ਬਾਲਾ ਗੁਰੂ ਜੀ ਨੇ ਆਪਣਾ ਦ੍ਰਿੜ੍ਹ ਹਠ ਧਾਰਨ ਕੀਤਾ ਸੀ। ਉਹ ਸਦਾ ਚਿੱਤ ਵਿਚ ਪੰਜਾਬ ਜਾਣਾ ਬਹੁਤ ਚਾਹੁੰਦੇ ਸਨ। ਮਾਤਾ ਗੁਜਰੀ ਜੀ ਨੂੰ ਕਹਿੰਦੇ ਰਹਿੰਦੇ ਸਨ, "ਅਸੀਂ ਇਸ ਨਗਰ ਵਿਚ ਨਹੀਂ ਰਹਾਂਗੇ" ॥੪੭॥

*ਬਾਰ੍ਹਵੀਂ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ ॥੩੯॥*

## ਅਧਿਆਇ ਚਾਲੀਵਾਂ

### ਪੰਜਾਬ ਜਾਣ ਦੀ ਸਿੱਕ, ਪਾਲਕੀ

*ਦੋਹਰਾ-* ਜੋ ਮਸੰਦ ਸਿਖ ਬਯ ਬਡੇ ਪ੍ਰਥਮ ਗੁਰਨ ਕੀ ਰੀਤਿ।
ਸੋ ਚਾਹਤਿ ਮਨ ਭਾਵਤੀ ਕਰਹਿਂ ਮੇਲ ਧਰਿ ਪ੍ਰੀਤ ॥ ੧ ॥

ਜਿਹੜੇ ਸਿੱਖ ਮਸੰਦ ਵੱਡੀ ਉਮਰ ਦੇ ਹਨ, ਉਹ ਗੁਰੂ ਜੀ ਦੀ ਪਹਿਲੀ ਰੀਤੀ ਦੇ ਜਾਣੂ ਸਨ, ਉਹ ਹੁਣ ਚਾਹੁੰਦੇ ਸਨ ਕਿ ਅਸੀਂ ਮਨ-ਭਾਉਂਦੀਆਂ ਕਰੀਏ ਤੇ ਫਿਰ ਵੀ ਗੁਰੂ ਜੀ ਸਾਨੂੰ ਵੱਡੀ ਪ੍ਰੀਤ ਨਾਲ ਮਿਲਣ ॥੧॥

*ਚੌਪਈ-* ਨਿਤ ਪ੍ਰਤਿ ਗੁਰ ਕੇ ਦਰਸ਼ਨ ਆਵੈਂ। ਧਰਹਿਂ ਕਾਮਨਾ ਬਾਂਛਤਿ ਪਾਵੈਂ।
'ਇਹ ਸਤਿਗੁਰ ਨਵਤਨ ਮਗ ਚਾਹੇ। ਜਗਤਿ ਰੀਤਿ ਮਹਿਂ ਨਹਿੰਨ ਉਮਾਹੇ' ॥੨ ॥

ਨਿਤਾਪ੍ਰਤੀ ਉਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੇ ਹਨ, ਜੋ ਕਾਮਨਾ ਧਾਰਨ ਕਰਦੇ ਸਨ, ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਕਹਿੰਦੇ ਸਨ, "ਇਹ ਸਤਿਗੁਰੂ ਜੀ ਨਵਾਂ ਪੰਥ ਚਲਾਉਣਾ ਚਾਹੁੰਦੇ ਹਨ, ਜਗਤ ਦੀ ਰੀਤੀ ਵਿਚ ਇਨ੍ਹਾਂ ਦਾ ਕੋਈ ਉਤਸ਼ਾਹ ਨਹੀਂ ਹੈ" ॥੨॥

ਸੰਗਤਿ ਪਟਣੇ ਬਸਹਿ ਮਹਾਨੀ। ਸਭਿਹਿਨਿ ਕੇ ਮਨ ਕੀ ਗੁਰ ਜਾਨੀ।
'ਇਹ ਪੂਰਬ ਨਰ ਸਹਿਜ ਸੁਭਾਊ। ਖਿਨਕ ਭਾਉ ਧਰਿ ਖਿਨਕ ਅਭਾਊ ॥੩ ॥

ਪਟਨੇ ਵਿਚ ਮਹਾਨ ਸੰਗਤ ਵਸਦੀ ਸੀ, ਗੁਰੂ ਜੀ ਸਾਰਿਆਂ ਦੇ ਮਨਾਂ ਦੀ ਜਾਣਦੇ ਸਨ। ਕਹਿੰਦੇ ਸਨ, "ਇਹ ਪੂਰਬ ਦੇ ਲੋਕ ਕੁਦਰਤੀ ਸੁਭਾਵ ਵਾਲੇ ਹਨ, ਖਿਣ ਵਿਚ ਪ੍ਰੇਮ ਧਾਰਨ ਕਰ ਲੈਂਦੇ ਹਨ ਤੇ ਖਿਣ ਵਿਚ ਨਫਰਤ ਧਾਰਨ ਕਰ ਲੈਂਦੇ ਹਨ॥੩॥

ਦ੍ਰਿੜ੍ਹ ਨਿਹਚਾ ਨਹਿਂ ਧਾਰਨ ਕਰੈਂ। ਹੋਹਿ ਕਾਮਨਾ ਸ਼ਰਧਾ ਧਰੈਂ।
ਮੱਦ੍ਰ ਦੇਸ਼ ਕੋ ਚਿਤਵਤਿ ਰਹੈਂ। ਅਪਨੋ ਥਾਨ ਰਿਦੇ ਮਹਿਂ ਲਹੈਂ॥ ੪॥

ਇਹ ਕਦੇ ਵੀ ਕਿਸੇ ਉੱਤੇ ਦ੍ਰਿੜ੍ਹ ਨਿਸ਼ਚਾ ਨਹੀਂ ਧਾਰਨ ਕਰਦੇ ਹਨ ਜਦ ਕੋਈ ਕਾਮਨਾ ਹੁੰਦੀ ਹੈ ਤਾਂ ਸ਼ਰਧਾ ਧਾਰਨ ਕਰ ਲੈਂਦੇ ਹਨ ਜਦ ਕੋਈ ਕਾਮਨਾ ਨਹੀਂ ਹੁੰਦੀ ਬੇਪ੍ਰਵਾਹ ਹੋ ਜਾਂਦੇ ਹਨ। ਇਸ ਕਰਕੇ ਅਸੀਂ ਪੰਜਾਬ ਦੇਸ਼ ਬਾਰੇ ਚਿਤਵਦੇ ਰਹਿੰਦੇ ਹਾਂ, ਆਪਣੇ ਸਥਾਨ ਨੂੰ ਹਿਰਦੇ ਵਿਚ ਵਸਾ ਰੱਖਦੇ ਹਾਂ॥੪॥

ਬਡੇ ਹਮਾਰੇ ਬਾਸਤਿ ਨੀਤ। ਸਭਿ ਨਰ ਜਾਨਤਿ ਗੁਰ ਕੀ ਰੀਤਿ।
ਤਨ ਮਨ ਧਨੁ ਅਰਪਨਿ ਸਭਿ ਕਰੈਂ। ਇਕ ਸਮ ਸਦਾ ਪ੍ਰੇਮ ਕੋ ਧਰੈਂ॥ ੫॥

ਵੱਡੇ ਸਾਡੇ ਸਦਾ ਉਥੇ ਵੱਸਦੇ ਰਹੇ ਹਨ, ਉਥੇ ਸਾਰੇ ਮਨੁੱਖ ਗੁਰੂ ਜੀ ਦੀ ਰੀਤ ਨੂੰ ਜਾਣਦੇ ਹਨ। ਤਨ ਮਨ ਧਨ ਸਾਰੇ ਅਰਪਣ ਕਰਦੇ ਹਨ। ਇਕ ਸਮਾਨ ਹੀ ਸਦਾ ਪ੍ਰੇਮ ਧਾਰਨ ਕਰਦੇ ਹਨ॥੫॥

ਜੁੱਧ ਪਿਤਾਮੇ ਹਮਰੇ ਕੀਨਸਿ। ਰਹੇ ਸੰਗ ਲਰਿ ਪ੍ਰਾਨ ਸੁ ਦੀਨਸਿ'।
ਇਕ ਦਿਨ ਪਿਤ ਮਾਤਾ ਕੇ ਸਾਥ। ਕਰਜੋ ਬਾਕ ਸ੍ਰੀ ਸਤਿਗੁਰ ਨਾਥ॥ ੬॥

ਸਾਡੇ ਦਾਦਾ ਜੀ ਨੇ ਕਈ ਯੁੱਧ ਕੀਤੇ ਹਨ, ਜਿਹੜੇ ਉਨ੍ਹਾਂ ਨਾਲ ਮਨੁੱਖ ਰਹੇ ਹਨ, ਉਨ੍ਹਾਂ ਨੇ ਆਪਣੇ ਪ੍ਰਾਣ ਵੀ ਵਾਰੇ ਹਨ।" ਇਕ ਦਿਨ ਸ੍ਰੀ ਸਤਿਗੁਰੂ ਜੀ ਨੇ ਆਪਣੀ ਦਾਦੀ ਜੀ ਨੂੰ ਕਿਹਾ॥੬॥

'ਮੁਝ ਕੋ ਮੱਦ੍ਰ ਦੇਸ਼ ਹੀ ਭਾਵੈ। ਤਹਾਂ ਚਲਨਿ ਕੋ ਚਿਤ ਲਲਚਾਵੈ।
ਪ੍ਰਥਮ ਦੇਸ਼ ਹੈ ਵਹੀ ਹਮਾਰੋ। ਥਾਨ ਬਡਿਨਿ ਕੇ ਤਹਿਂ ਨਿਰਧਾਰੋ॥ ੭॥

'ਮੈਨੂੰ ਪੰਜਾਬ ਦੇਸ਼ ਹੀ ਚੰਗਾ ਲੱਗਦਾ ਹੈ, ਉਥੇ ਜਾਣ ਨੂੰ ਮੇਰਾ ਚਿੱਤ ਲਲਚਾਉਂਦਾ ਹੈ। ਸਾਡਾ ਪਹਿਲਾ ਦੇਸ਼ ਉਹੀ ਹੈ, ਉਹ ਸਾਡੇ ਵਡਿਆਂ ਦਾ ਥਾਂ ਸਮਝੋ॥੭॥

ਅਨਿਕ ਬਿਲਾਸ ਕਰਤਿ ਤਹਿਂ ਰਹੇ। ਹਮ ਸਿੱਖਜਨਿ ਤੇ ਸੁਨ ਕਰਿ ਚਹੇ।
ਤਹਾਂ ਹਮਾਰੀ ਵਿਰਸੇ ਦਾਰੀ। ਤਹਿਂ ਕੇ ਨਰ ਸਿੱਖੀ ਅਧਿਕਾਰੀ॥ ੮॥

ਸਾਡੇ ਵਡੇਰੇ ਉਥੇ ਅਨੇਕਾਂ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਰਹੇ, ਅਸੀਂ ਸਿੱਖਾਂ ਪਾਸੋਂ ਸੁਣ ਕੇ ਪੰਜਾਬ ਨੂੰ ਹੀ ਚਾਹੁੰਦੇ ਹਾਂ। ਉਥੇ ਸਾਡੀ ਮਾਲਕੀ ਹੈ, ਉਥੋਂ ਦੇ ਮਨੁੱਖ ਅਸਲ ਸਿੱਖੀ ਦੇ ਅਧਿਕਾਰੀ ਹਨ॥੮॥

ਨਹਿਂ ਇਤ ਦੇਸ਼ ਲਗਹਿ ਚਿਤ ਮੇਰੋ। ਗਮਨ ਕਰਨਿ ਹੀ ਅਹੈ ਅਛੇਰੋ'।
ਸੁਨਿ ਸਤਿਗੁਰ ਦਾਦੀ ਇਮ ਬੈਨ। ਭਰੇ ਨੀਰ ਸੌਂ ਦੀਰਘ ਨੈਨ॥ ੯॥

ਮੇਰਾ ਇਸ ਦੇਸ਼ ਵਿਚ ਚਿੱਤ ਨਹੀਂ ਲੱਗਦਾ ਹੈ, ਇਥੋਂ ਚਲੇ ਜਾਣਾ ਹੀ ਚੰਗਾ ਹੈ।" ਸਤਿਗੁਰੂ ਜੀ ਦੀ ਦਾਦੀ ਨੇ ਇਸ ਤਰ੍ਹਾਂ ਬਚਨ ਸੁਣ ਕੇ ਆਪਣੇ ਨੈਣਾਂ ਵਿਚ ਬਹੁਤ ਹੰਝੂ ਭਰ ਲਏ॥੯॥

ਬਹੁ ਬਿਰਧਾ ਸੋ ਸਮੈਂ ਬਿਚਾਰੇ। ਜਿਸ ਮਹਿਂ ਭੇ ਸੰਗ੍ਰਾਮ ਅਖਾਰੇ।
ਸਿਮਰਿ ਸਿਮਰਿ ਪਾਛਲ ਗਤਿ ਸੋਈ। ਕੰਪਤਿ ਗਾਤ ਧੀਰ ਉਰ ਖੋਈ॥ ੧੦॥

ਬਹੁਤ ਬਿਰਧ ਹੋਈ, ਉਨ੍ਹਾਂ ਸਮਿਆਂ ਬਾਰੇ ਵਿਚਾਰ ਕਰਦੀ ਸੀ ਜਿਸ ਸਮੇਂ ਬਹੁਤ ਵੱਡੇ ਯੁੱਧ ਦੇ ਅਖਾੜੇ ਲੱਗੇ ਸਨ, ਪਿਛਲੀ ਗਤੀ ਯਾਦ ਕਰ ਕਰ ਕੇ ਸਰੀਰ ਕੰਬਣ ਲੱਗ ਗਿਆ ਤੇ ਹਿਰਦੇ ਦਾ ਧੀਰਜ ਗਵਾ ਬੈਠੀ॥੧੦॥

ਪੌਤ੍ਰ ਸਾਥ ਬਿਰਤੰਤ ਬਖਾਨਾ। 'ਭਯੋ ਖੇਦ ਤਿਸ ਦੇਸ਼ ਮਹਾਨਾ।
ਜਬਿ ਸੋ ਸਮੇ ਮੋਹਿ ਚਿਤ ਆਵੈ। ਤਬਿ ਮਮ ਮਨ ਕੋ ਸੁਖ ਨਹਿਂ ਭਾਵੈ ॥੧੧॥

ਆਪਣੇ ਪੋਤਰੇ ਨੂੰ ਫਿਰ ਕਹਿਣ ਲੱਗੇ, "ਉਸ ਦੇਸ਼ ਵਿਚ ਬੜਾ ਦੁਖ ਪਾਇਆ ਹੈ, ਜਦ ਉਹ ਸਮਾਂ ਮੇਰੇ ਚਿੱਤ ਵਿਚ ਯਾਦ ਆਉਂਦਾ ਹੈ, ਤਦ ਮੇਰੇ ਚਿੱਤ ਨੂੰ ਸੁਖ ਚੰਗਾ ਨਹੀਂ ਲੱਗਦਾ ਹੈ॥੧੧॥

ਜਬਿ ਤੇ ਹੋਇਸਿ ਜਨਮ ਤੁਮਾਰਾ।ਸਭਿ ਸੁਖ ਸੌਂ ਸੁਭ ਸਮੈਂ ਗੁਜ਼ਾਰਾ।
ਸਭਿ ਪੂਰਬ ਕੀ ਸੰਗਤਿ ਸੇਵਤਿ। ਮਨ ਬਾਂਛਤਿ ਤਿਨ ਕੋ ਤੁਮ ਦੇਵਤਿ ॥੧੨॥

ਜਦ ਤੋਂ ਤੁਹਾਡਾ ਜਨਮ ਹੋਇਆ ਹੈ, ਉਸ ਦਿਨ ਤੋਂ ਅਸੀਂ ਸੁਖ ਨਾਲ ਸ਼ੁਭ ਸਮਾਂ ਗੁਜ਼ਾਰਿਆ ਹੈ। ਪੂਰਬ ਦੀ ਸਾਰੀ ਸੰਗਤ ਸੇਵਾ ਕਰਦੀ ਹੈ ਤੇ ਉਨ੍ਹਾਂ ਨੂੰ ਮੂੰਹ ਮੰਗੀਆਂ ਤੁਸੀਂ ਮੁਰਾਦਾਂ ਦਿੰਦੇ ਹੋ॥੧੨॥

ਸਭਿ ਮਸੰਦ ਅਪਨੇ ਅਨੁਸਾਰੀ। ਸੇਵਤਿ ਭੇਜਤਿ ਕਾਰ ਤੁਮਾਰੀ।
ਨਹੀਂ ਗਮਨ ਕੀ ਬੁੱਧੀ ਕਰੀਅਹਿ। ਸੁਖ ਸਮੇਤ ਪੁਰਿ ਬਾਸ ਬਿਚਰੀਅਹਿ ॥੧੩॥

ਸਾਰੇ ਮਸੰਦ ਸਾਡੀ ਆਗਿਆ ਅਨੁਸਾਰ ਹਨ, ਤੁਹਾਡੀ ਸੇਵਾ ਕਰਦੇ ਹਨ ਅਤੇ ਕਾਰ ਭੇਟ ਭੇਜਦੇ ਹਨ। ਜਾਣ ਦੀ ਸਲਾਹ ਨਾ ਕਰੋ, ਸੁਖ ਸਹਿਤ ਇਸ ਨਗਰ ਵਿਚ ਵਾਸਾ ਕਰਨ ਬਾਰੇ ਵਿਚਾਰ ਕਰੋ" ॥੧੩॥

ਪਿਤਾ ਮਾਤ ਤੇ ਸੁਨਿ ਪੁਨ ਕਹਜੋ। 'ਸਭਿ ਸੁਖ ਬਾਸ ਇਹਾਂ ਤੁਮ ਲਹਜੋ।
ਸੰਗਤਿ ਕੋ ਬਿਗਾਰ ਇਸ ਥਾਨ। ਨਹਿਂ ਸੁਧਰਹਿ, ਹਮ ਲੀਨਸਿ ਜਾਨ ॥੧੪॥

ਆਪਣੀ ਦਾਦੀ ਜੀ ਪਾਸੋਂ ਸੁਣ ਕੇ ਸਤਿਗੁਰੂ ਜੀ ਨੇ ਫਿਰ ਕਿਹਾ, "ਏਥੇ ਵੱਸ ਕੇ ਸਭ ਸੁਖ ਤੁਸੀਂ ਲਿਆ ਹੈ। ਇਸ ਥਾਂ ਸੰਗਤ ਵਿਗੜੀ ਹੋਈ ਹੈ, ਇਹ ਸੁਧਰੇਗੀ ਨਹੀਂ, ਇਹ ਅਸੀਂ ਜਾਣ ਲਿਆ ਹੈ॥੧੪॥

ਵਿਰਲੇ ਲਖੀਯਤਿ ਹੈਂ ਸਿਖ ਪ੍ਰੇਮੀ। ਨਾਂਹਿਤ ਸਕਲ ਸੰਗਤਾਂ ਨੇਮੀ।
ਫਸੇ ਜਗਤ ਕੀ ਰੀਤਿ ਮਝਾਰੀ। ਨਾਮਧਰੀਕੀ ਕੇ ਅਧਿਕਾਰੀ॥ ੧੫॥

ਬਹੁਤ ਵਿਰਲੇ ਸਿੱਖ ਸਾਡੇ ਪ੍ਰੇਮੀ ਲੱਗਦੇ ਹਨ, ਨਹੀਂ ਤਾਂ ਸਭ ਸੰਗਤਾਂ ਕੇਵਲ ਨੇਮੀ ਹੀ ਹਨ। ਉਂਞ ਵੀ ਇਹ ਜਗਤ ਰੀਤੀ ਵਿਚ ਫੱਸੇ ਹੋਏ ਹਨ। ਇਕ ਕੇਵਲ ਨਾਮ ਮਾਤਰ ਸਿੱਖੀ ਦੇ ਅਧਿਕਾਰੀ ਹਨ॥੧੫॥

ਪ੍ਰੇਮੀ ਨੇਮੀ ਸਭਿ ਮਮ ਸ਼ਰਨਾ। ਹਮ ਨੇ ਇਨ ਉਧਾਰ ਜਗ ਕਰਨਾ।
ਬਿਧਿ ਨਿਖੇਧ ਮੈਂ ਇਹ ਸਿਖ ਰਹੈਂ। ਮੁਝ ਕੋ ਇਹ ਬਾਲਿਕ ਹੀ ਲਹੈਂ ॥੧੬॥

ਪ੍ਰੇਮੀ ਨੇਮੀ ਸਭ ਮੇਰੀ ਸ਼ਰਨ ਵਿਚ ਹਨ, ਅਸੀਂ ਇਨ੍ਹਾਂ ਦਾ ਜਗ ਵਿਚ ਉਧਾਰ ਕਰਨਾ ਹੈ। ਸ਼ਾਸਤਰਾਂ ਵਿਚ ਦੱਸੇ ਕਰਨ ਯੋਗ ਅਤੇ ਨਾ ਕਰਨਯੋਗ ਕਰਮਾਂ ਦੇ ਭੈ ਭਰਮ ਵਿਚ ਇਹ ਨਾਮ ਧਰੀਕ ਸਿੱਖ ਰਹਿੰਦੇ ਹਨ ਭਾਵ ਇਹ ਸਿੱਖ ਕਰਮ ਕਾਂਡ ਤੋਂ ਉੱਚੇ ਉੱਠ ਕੇ ਭਗਤੀ ਵਿਚ ਨਹੀਂ ਆਉਂਦੇ, ਮੈਨੂੰ ਇਹ ਬਾਲਕ ਹੀ ਸਮਝਦੇ ਹਨ॥੧੬॥

ਜਨਮ ਭੂਮਕਾ ਹੈ ਇਹ ਮੇਰੀ। ਯਾਂਤੇ ਸ਼ਰਧਾ ਹੈ ਨ ਘਨੇਰੀ।
ਇਨ ਕੇ ਮਨ ਕੀ ਮੈਂ ਸਭਿ ਜਾਨੀ। ਨਹਿਂ ਮਹਿਮਾ ਮਿਤ ਮੋਰ ਪਛਾਨੀ ॥੧੭॥

ਇਹ ਮੇਰੀ ਜਨਮ ਭੂਮੀ ਹੈ, ਇਸ ਕਰਕੇ ਇਨ੍ਹਾਂ ਦੀ ਮੇਰੇ ਵਿਚ ਵੱਡੀ ਸ਼ਰਧਾ ਨਹੀਂ ਹੈ। ਇਨ੍ਹਾਂ ਲੋਕਾਂ ਦੇ ਮਨ ਦੀ ਮੈਂ ਸਭ ਜਾਣ ਲਈ ਹੈ। ਇਨ੍ਹਾਂ ਨੇ ਮੇਰੀ ਮਹਿਮਾ ਦੀ ਮਰਯਾਦਾ ਨਹੀਂ ਜਾਣੀ ਹੈ॥੧੭॥

ਮੱਦ੍ਰ ਦੇਸ਼ ਗਮਨਹਿਂ ਹਮ ਜਬੈ। ਬਹੁ ਗੁਨ ਹੋਹਿਂ ਸਭਿਨਿ ਕੋ ਤਬੈ।
ਇਹ ਸੰਗਤਿ ਨਿਤ ਦਰਸ਼ਨ ਚਾਹੈ। ਬਧਹਿ ਪ੍ਰੇਮ ਕਬਿ ਮਿਲਹਿ ਉਮਾਹੈ ॥੧੮॥

ਅਸੀਂ ਪੰਜਾਬ ਦੇਸ਼ ਵਿਚ ਜਦ ਜਾਵਾਂਗੇ, ਤਦ ਇਹ ਸੰਗਤ ਬਹੁਤ ਗੁਣਵਾਨ ਹੋ ਜਾਵੇਗੀ। ਇਹ ਸੰਗਤ ਫਿਰ ਨਿੱਤ ਸਾਡੇ ਦਰਸ਼ਨ ਚਾਹੇਗੀ, ਬਹੁਤ ਪ੍ਰੇਮ ਵਧੇਗਾ ਤਦ ਮਿਲਣ ਵਾਸਤੇ ਉਤਸ਼ਾਹ ਪੈਦਾ ਹੋਵੇਗਾ॥੧੮॥

ਇਸ ਬਿਧਿ ਤੇ ਇਨ ਕੋ ਹੁਇ ਆਛੇ। ਦੂਰ ਰਹੇ ਤੇ ਦਰਸ਼ਨ ਬਾਂਛੇ।
ਅਪਰ ਸੁਨਹੁ ਤਿਸ ਦੇਸ਼ ਮਝਾਰਾ। ਕਰਨੇ ਬਹੁਰ ਕਾਰ ਬਿਵਹਾਰਾ॥ ੧੯॥

ਇਹ ਵਿਧੀ ਇਨ੍ਹਾਂ ਵਾਸਤੇ ਅੱਛੀ ਹੋਵੇਗੀ, ਦੂਰ ਰਹਾਂਗੇ ਤਾਂ ਇਨ੍ਹਾਂ ਵਿਚ ਦਰਸ਼ਨਾਂ ਦੀ ਇੱਛਾ ਪੈਦਾ ਹੋਵੇਗੀ। ਹੋਰ ਸੁਣੋ, ਉਸ ਦੇਸ਼ ਵਿਚ ਅਸੀਂ ਬਹੁਤ ਕਾਰ ਵਿਹਾਰ ਕਰਨੇ ਹਨ"॥੧੯॥

ਸੁਨਿ ਆਸ਼ੇ ਨਿਜ ਪੌਤ੍ਰਹਿ ਉਰ ਕੋ। ਗਿਰਾ ਬਖਾਨੀ ਪੁਨ ਸ਼੍ਰੀ ਗੁਰ ਕੋ।
'ਇਹਾਂ ਮਸੰਦ ਸੰਗਤਾਂ ਸਾਰੀ। ਤੁਮ ਕੌ ਲਖਹਿਂ ਗੁਰੂ ਅਵਤਾਰੀ॥ ੨੦॥

ਆਪਣੇ ਪੋਤਰੇ ਦੇ ਦਿਲ ਦੇ ਆਸ਼ੇ ਸੁਣ ਕੇ, ਦਾਦੀ ਜੀ ਨੇ ਫਿਰ ਬਚਨ ਕੀਤੇ, "ਇਥੇ ਮਸੰਦ ਤੇ ਸਾਰੀ ਸੰਗਤ ਤੁਹਾਨੂੰ ਗੁਰੂ ਅਵਤਾਰ ਸਮਝਦੀ ਹੈ॥੨੦॥

ਜਿਮ ਨਵ ਗੁਰ ਕੋ ਜਾਨਤਿ ਅਹੈਂ। ਤਿਮ ਨਿਸ਼ਚੈ ਤੁਮਰੇ ਮਹਿਂ ਲਹੈਂ।
ਕਿਮ ਇਨ ਬਿਖੈ ਅਰੋਪਹੁ ਦੋਸ਼ੇ ? ਸਿਖ ਸੰਗਤਿ ਸਭਿ ਤੋਹਿ ਭਰੋਸੇ॥ ੨੧॥

ਜਿਵੇਂ ਨੌਵੇਂ ਗੁਰੂ ਜੀ ਨੂੰ ਜਾਣਦੇ ਹਨ, ਉਸ ਤਰ੍ਹਾਂ ਹੀ ਤੁਹਾਡੇ ਵਿਚ ਨਿਸ਼ਚਾ ਧਾਰਨ ਕਰਦੇ ਹਨ। ਇਨ੍ਹਾਂ ਉੱਤੇ ਦੋਸ਼ ਕਿਵੇਂ ਅਰੋਪਦੇ ਹੋ ? ਸਾਰੀ ਸਿੱਖ ਸੰਗਤ ਤੁਹਾਡੇ ਭਰੋਸੇ ਹੈ॥੨੧॥

ਕਰਹਿਂ ਭਾਉ ਸਭਿ ਵਸਤੂ ਆਨੈਂ। ਕਾਰਨ ਕਰਨ ਆਪ ਕੋ ਜਾਨੈਂ।
ਨਾਂਹਿ ਤ ਇਨਹੁਂ ਪ੍ਰਤੱਗਜਾ ਲੀਜਹਿ। ਸਭਿ ਪਰ ਅਪਨੋ ਹੁਕਮ ਭਨੀਜਹਿ॥੨੨॥

ਪ੍ਰੇਮ ਕਰਦੇ ਹਨ ਤੇ ਸਭ ਵਸਤਾਂ ਲਿਆਉਂਦੇ ਹਨ, ਕਰਨ ਕਾਰਨ ਤੁਹਾਨੂੰ ਜਾਣਦੇ ਹਨ, ਨਹੀਂ ਤਾਂ ਇਨ੍ਹਾਂ ਦੀ ਪ੍ਰਤੀਗਿਆ ਲਵੋ, ਸਾਰਿਆਂ ਨੂੰ ਆਪਣਾ ਹੁਕਮ ਸੁਣਾਓ॥੨੨॥

ਹੁਇ ਅਨੁਸਾਰਿ ਕਰਹਿਂ ਸੋ ਕਾਰ। ਤੌ ਜਾਨਹੁ ਇਨ ਸੁਧ ਬਿਵਹਾਰ।
ਫੇਰੈਂ ਹੁਕਮ, ਤਫਾਵਤ ਕਰੈਂ। ਕਿਧੌਂ ਕਪਟ ਕੋ ਉਰ ਮਹਿਂ ਧਰੈਂ॥ ੨੩॥

ਆਪ ਜੀ ਦੀ ਆਗਿਆ ਅਨੁਸਾਰ ਹੋ ਕੇ ਕਾਰਜ ਕਰਨਗੇ ਤਦ ਤੁਸੀਂ ਇਨ੍ਹਾਂ ਦਾ ਸ਼ੁਧ ਵਿਹਾਰ ਜਾਣੋਗੇ। ਜੇ ਤੁਹਾਡਾ ਹੁਕਮ ਮੋੜਨਗੇ ਤੇ ਫਰਕ ਰੱਖਣਗੇ ਜਾਂ ਕਪਟ ਨੂੰ ਹਿਰਦੇ ਵਿਚ ਧਾਰਨ ਕਰਨਗੇ॥੨੩॥

ਮੁਖ ਪਰ ਕਿਮ, ਪਾਛੇ ਕਿਮ ਹੋਇ। ਇਸ ਪ੍ਰਕਾਰ ਕੋ ਦੇਖਹੁ ਕੋਇ।
ਤੌ ਪੂਰਬ ਕੀ ਸੰਗਤ ਦੋਸ਼। ਕਹੀਐ ਆਪ ਧਾਰਿ ਕੁਛ ਰੋਸ'॥ ੨੪॥

ਮੂੰਹ 'ਤੇ ਕਿਸ ਤਰ੍ਹਾਂ ਦੇ ਤੇ ਪਿਛੋਂ ਕਿਸ ਤਰ੍ਹਾਂ ਦੇ ਹੁੰਦੇ ਹਨ, ਇਸ ਪ੍ਰਕਾਰ ਪਰਖ ਕੇ ਵੇਖੋ। ਤਦ ਪੂਰਬ ਦੀ ਸੰਗਤ ਨੂੰ ਕੁਝ ਰੋਸ ਧਾਰ ਕੇ ਆਪ ਦੋਸ਼ੀ ਕਹੋ"॥੨੪॥

ਸੁਨਿ ਸ਼੍ਰੀ ਸਤਿਗੁਰ ਜੀ ਮੁਸਕਾਨੇ। ਚਹਤਿ ਦਿਖਾਯਹੁ ਜਿਮ ਛਲ ਠਾਨੇ।
ਨਿਕਟਿ ਲਿਖਾਰੀ ਤਬਹਿ ਹਕਾਰਾ। ਸੁਨਤਿ ਸਭਿਨਿ ਕੇ ਗੁਰੂ ਉਚਾਰਾ॥੨੫॥

ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ, ਉਹ ਵਿਖਾਉਣਾ ਚਾਹੁੰਦੇ ਸਨ, ਜਿਵੇਂ ਪੂਰਬ ਦੀ ਸੰਗਤ ਨੇ ਛਲ ਧਾਰਨ ਕੀਤਾ ਸੀ। ਆਪਣੇ ਪਾਸ ਫਿਰ ਮੁਨਸ਼ੀ ਨੂੰ ਬੁਲਾਇਆ, ਸਾਰਿਆਂ ਦੇ ਸੁਣਦੇ ਗੁਰੂ ਜੀ ਨੇ ਉਚਾਰਨ ਕੀਤਾ॥੨੫॥

Sri Satguru Jagjit Singh Ji eLlibrary NamdhariElibrary@gmail.com

'ਲਿਖਹੁ ਹੁਕਮ ਨਾਮਾ ਪਠਿ ਪਾਸ। ਬਡਾ ਮਸੰਦ ਬੁਲਾਕੀ ਦਾਸ।
ਢਾਕੇ ਕੀ ਸੰਗਤਿ ਗਨ ਸਾਰੀ। ਸਭਿ ਤੇ ਲੇਤਿ ਦਰਬ ਕੌ ਭਾਰੀ॥ ੨੬॥

ਬੁਲਾਕੀ ਦਾਸ ਢਾਕੇ ਦਾ ਇਕ ਵੱਡਾ ਮਸੰਦ ਹੈ, ਉਸ ਨੂੰ ਇਕ ਹੁਕਮਨਾਮਾ ਲਿਖ ਕੇ ਭੇਜੋ। ਉਹ ਢਾਕੇ ਦੀ ਸਾਰੀ ਸੰਗਤ ਪਾਸੋਂ ਭਾਰੀ ਧਨ ਲੈਂਦਾ ਹੈ॥੨੬॥

ਏਕ ਮੁਹਾਫਾ ਸੁਠ ਬਨਿਵਾਵਹੁ। ਚਿੱਤ੍ਰਿਤ ਰਚਿ ਗਜਦੰਤ ਲਗਾਵਹੁ।
ਹੇਮ ਸਾਤ ਸੈ ਤੋਲਾ ਤੋਲ। ਲਗਹਿ ਸਕਲ ਜੋ ਹੁਇ ਬਡ ਮੋਲ' ॥ ੨੭॥

ਉਸਨੂੰ ਕਹੋ ਕਿ ਇਕ ਸੁੰਦਰ ਪਾਲਕੀ ਬਣਾਵੇ, ਚਿੱਤਰਕਾਰੀ ਕਰਕੇ ਹਾਥੀ ਦੰਦ ਲਗਾਵੇ। ਸੋਨਾ ਸੱਤ ਸੌ ਤੋਲਾ ਤੋਲੋ, ਉਹ ਸਾਰਾ ਸੋਨਾ ਪਾਲਕੀ ਨੂੰ ਲੱਗੇ ਤੇ ਪਾਲਕੀ ਬਹੁਮੁੱਲੀ ਹੋ ਜਾਵੇ॥੨੭॥

ਸੁਨਿ ਸਤਿਗੁਰ ਤੇ ਲਿਖਯੋ ਲਿਖਾਰੀ। ਕਰਿ ਇਕੱਤ੍ਰ ਸਿਖ ਲੇ ਕਰ ਧਾਰੀ।
ਬੰਦਨ ਕਰਿ ਢਾਕੇ ਕੋ ਗਯੋ। ਗੁਰ ਕੌ ਹੁਕਮ ਮਸੰਦਹਿ ਦਯੋ॥ ੨੮॥

ਮੁਨਸ਼ੀ ਨੇ ਸਤਿਗੁਰੂ ਪਾਸੋਂ ਸੁਣ ਕੇ ਉਸ ਤਰ੍ਹਾਂ ਹੀ ਲਿਖਿਆ। ਚਿੱਠੀ ਇਕੱਠੀ ਕਰਕੇ ਇਕ ਸਿੱਖ ਨੇ ਆਪਣੇ ਹੱਥ ਵਿਚ ਧਾਰਨ ਕਰ ਲਈ ਤੇ ਬੰਦਨਾ ਕਰਕੇ ਉਹ ਢਾਕੇ ਨੂੰ ਚਲਾ ਗਿਆ ਤੇ ਗੁਰੂ ਜੀ ਦਾ ਹੁਕਮ ਮਸੰਦ ਨੂੰ ਦਿੱਤਾ॥੨੮॥

ਲੇ ਤਿਸ ਨੇ ਤਤਕਾਲ ਹਕਾਰੇ। ਦਿਯੋ ਦਰਬ 'ਸੁਠ ਕਰਹੁ' ਉਚਾਰੇ।
ਬਹੁਤੇ ਕਾਰੀਗਰ ਲਗਵਾਏ। ਕੰਚਨ ਕਾਂਟਾ ਕੜੀ ਘੜਾਏ॥ ੨੯॥

ਚਿੱਠੀ ਲੈ ਕੇ ਉਸ ਤੁਰਤ ਕਾਰੀਗਰ ਬੁਲਾ ਲਏ ਤੇ ਉਨ੍ਹਾਂ ਨੂੰ ਹੁਕਮ ਕੀਤਾ ਕਿ ਇਕ ਸੁੰਦਰ ਪਾਲਕੀ ਤਿਆਰ ਕਰੋ। ਬਹੁਤ ਕਾਰੀਗਰ ਕੰਮ ਤੇ ਲਵਾਏ ਤੇ ਸੋਨੇ ਦੇ ਕੁੰਡੇ ਅਤੇ ਕੜੀਆਂ ਘੜਵਾਈਆਂ॥੨੯॥

ਥੋਰਨਿ ਦਿਨ ਮਹਿਂ ਭਯੋ ਤਯਾਰਾ। ਸਰਬ ਰੀਤਿ ਤੇ ਨੀਕ ਸੁਧਾਰਾ।
ਢਾਕੇ ਤੇ ਤਿਨ ਦੀਨਿ ਪਠਾਈ। ਪੁਰਿ ਪਟਣੇ ਮਹਿਂ ਪਹੁੰਚਯੋ ਆਈ॥ ੩੦॥

ਥੋੜੇ ਦਿਨਾਂ ਵਿਚ ਪਾਲਕੀ ਤਿਆਰ ਹੋ ਗਈ, ਸਭ ਰੀਤੀਆਂ ਨਾਲ ਸੁਧਾਰ ਕੇ ਬਣਾਈ। ਢਾਕੇ ਤੋਂ ਉਸ ਭੇਜ ਦਿੱਤੀ ਤੇ ਉਹ ਪਾਲਕੀ ਪਟਨੇ ਸ਼ਹਿਰ ਵਿਚ ਆ ਪਹੁੰਚੀ॥੩੦॥

ਸ੍ਰੀ ਗੁਰ ਗੋਬਿੰਦ ਸਿੰਘ ਅਗਾਰੀ। ਧਰ ਕਰਿ ਤਿਸ ਕੀ ਬਿਨੈ ਉਚਾਰੀ।
ਤਿਨ ਕੇ ਸੁਨਤਿ ਭਨਯੋ 'ਭਾ ਸੁੰਦਰ। ਪਠਿ ਦੀਜਹਿ ਮਾਤਾ ਢਿਗ ਅੰਦਰ' ॥੩੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੱਗੇ ਧਰ ਕੇ ਉਸ ਬੇਨਤੀ ਉਚਾਰਨ ਕੀਤੀ। ਉਨ੍ਹਾਂ ਪਾਸੋਂ ਸੁਣ ਕੇ ਗੁਰੂ ਜੀ ਬੋਲੇ, "ਸੁੰਦਰ ਹੈ, ਅੰਦਰ ਮਾਤਾ ਜੀ ਪਾਸ ਭੇਜ ਦੇਵੋ" ॥੩੧॥

ਕਪਟ ਜੁ ਕਰਯੋ ਮਸੰਦ ਧਨ ਰਾਖਨਿ। ਜਾਨਯੋ ਸਤਿਗੁਰ ਕਿਯੋ ਨ ਭਾਖਨਿ।
ਪਿਖਿ ਮਾਤਾ ਦੋਨਹੁਂ ਹਰਿਖਾਈ। ਭਨੀ ਮਸੰਦਨਿ ਕੀ ਭਲਿਆਈ॥ ੩੨॥

ਮਸੰਦ ਨੇ ਧਨ ਰੱਖਣ ਦਾ ਜੋ ਕਪਟ ਕੀਤਾ ਸੀ ਉਸ ਨੂੰ ਸਤਿਗੁਰੂ ਜੀ ਜਾਣ ਗਏ, ਪਰ ਉਨ੍ਹਾਂ ਨੇ ਮੁਖ ਤੋਂ ਨਾ ਉਚਾਰਨ ਕੀਤਾ। ਪਾਲਕੀ ਨੂੰ ਵੇਖ ਕੇ ਦੋਵੇਂ ਮਾਤਾਵਾਂ ਬਹੁਤ ਪ੍ਰਸੰਨ ਹੋਈਆਂ ਤੇ ਮਸੰਦ ਦੀ ਭਲਿਆਈ ਬਾਰੇ ਕਿਹਾ॥੩੨॥

'ਬਡ ਗੁਰ ਸਿੱਖ ਬੁਲਾਕੀ ਦਾਸ। ਤੁਰਤ ਤਯਾਰ ਕਰਿ ਭੇਜਯੋ ਪਾਸ।
ਅਤਿ ਸੁੰਦਰ ਕਹਿਕੈ ਬਨਿਵਾਯਹੁ। ਕੰਚਨ ਜਿਸ ਮਹਿਂ ਬਹੁਤ ਲਗਾਯਹੁ॥ ੩੩॥

"ਬੁਲਾਕੀ ਦਾਸ ਗੁਰੂ ਜੀ ਦਾ ਵੱਡਾ ਸਿੱਖ ਹੈ, ਉਸ ਨੇ ਤੁਰਤ ਪਾਲਕੀ ਤਿਆਰ ਕਰਕੇ ਪਾਸ ਭੇਜ ਦਿੱਤੀ ਹੈ। ਅਤੀ ਸੁੰਦਰ ਕਹਿ ਕੇ ਬਣਵਾਈ ਹੈ, ਜਿਸ ਵਿਚ ਬਹੁਤ ਸੋਨਾ ਲਗਵਾਇਆ ਹੈ॥੩੩॥

ਅਬਿ ਲਗਿ ਅਪਰ ਨ ਹਮ ਨੇ ਹੇਰਾ। ਰਚ੍ਯੋ ਰੁਚਿਰ ਇਹ ਮੋਲ ਬਡੇਰਾ।
ਮਾਤ ਨਾਨਕੀ ਨੇ ਸਮੁਝਾਏ। 'ਦੇਖਹੁ ਸੁਤ ! ਸਿੱਖੀ ਇਸ ਭਾਏ॥ ੩੪॥

ਹੁਣ ਤਕ ਅਸੀਂ ਹੋਰ ਅਜਿਹੀ ਪਾਲਕੀ ਨਹੀਂ ਵੇਖੀ ਹੈ, ਬਹੁਤ ਸੁੰਦਰ ਵਡਮੁੱਲੀ ਪਾਲਕੀ ਤਿਆਰ ਕੀਤੀ ਹੈ।" ਮਾਤਾ ਨਾਨਕੀ ਜੀ ਨੇ ਸਮਝਾਇਆ, "ਵੇਖੋ ਪੁੱਤਰ ! ਤੁਹਾਡੀ ਸਿੱਖਾਂ ਦੀ ਸਿੱਖੀ ਇਸ ਪ੍ਰਕਾਰ ਹੈ॥੩੪॥

ਮਾਨਹਿਂ ਸਗਰੇ ਹੁਕਮ ਤੁਮਾਰੋ। ਕਹਹੁ ਜਥਾ ਭੇਜਹਿਂ ਕਰਿ ਤਯਾਰੋ।
ਸੇਵ ਬਿਖੈ ਸਭਿ ਕੇ ਮਨ ਰਾਤੇ। ਪੂਰਨ ਗੁਰੂ ਆਪ ਕੋ ਜਾਤੇ॥ ੩੫॥

ਸਾਰੇ ਤੁਹਾਡਾ ਹੁਕਮ ਮੰਨਦੇ ਹਨ, ਜਿਵੇਂ ਤੁਸੀਂ ਕਹਿੰਦੇ ਹੋ, ਉਸ ਤਰ੍ਹਾਂ ਹੀ ਤਿਆਰ ਕਰਕੇ ਭੇਜਦੇ ਹਨ। ਸੇਵਾ ਵਿਚ ਸਭ ਦੇ ਮਨ ਰੰਗੇ ਹੋਏ ਹਨ, ਉਹ ਆਪ ਜੀ ਨੂੰ ਪੂਰਨ ਗੁਰੂ ਜੀ ਜਾਣਦੇ ਹਨ॥੩੫॥

ਸਿਖ ਸੰਗਤਿ ਅਸ ਬ੍ਰਿੰਦ ਮਸੰਦ। ਤੁਮਰੇ ਪ੍ਰੇਮੀ ਰਿਦੇ ਬਿਲੰਦ।
ਮੱਦ੍ਰ ਦੇਸ਼ ਤੇ ਹਮ ਜਬਿ ਆਏ। ਸੰਕਟ ਬਿਨਾਂ ਸਰਬ ਸੁਖ ਪਾਏ॥ ੩੬॥

ਸਾਰੀ ਸਿੱਖ ਸੰਗਤ ਅਤੇ ਬਹੁਤ ਮਸੰਦ ਐਸੇ ਹਨ, ਉਹ ਸਾਰੇ ਹਿਰਦੇ ਵਿਚ ਤੁਹਾਡੇ ਵੱਡੇ ਪ੍ਰੇਮੀ ਹਨ। ਅਸੀਂ ਜਦ ਦੇ ਪੰਜਾਬ ਦੇਸ਼ ਤੋਂ ਆਏ ਹਾਂ, ਸੰਕਟ ਬਗੈਰ ਬਹੁਤ ਸੁਖ ਪਾਏ ਹਨ॥੩੬॥

ਤਹਾਂ ਉਪੱਦ੍ਰਵ ਅਨਗਨ ਹੇਰੇ। ਤੁਰਕਨ ਸੋਂ ਰਣ ਮਚੇ ਘਨੇਰੇ।
ਸ੍ਰੀ ਅੰਮ੍ਰਿਤਸਰ ਬਡ ਸੰਗ੍ਰਾਮਾ। ਸੈਨ ਘਨੀ ਤੇ ਤਜਿ ਕਰਿ ਧਾਮਾ॥ ੩੭॥

ਉਥੇ ਅਣਗਿਣਤ ਉਪੱਦਰ ਵੇਖੇ ਸਨ, ਤੁਰਕਾਂ ਨਾਲ ਬਹੁਤ ਯੁੱਧ ਹੋਏ ਸਨ। ਸ੍ਰੀ ਅੰਮ੍ਰਿਤਸਰ ਵਿਚ ਯੁੱਧ ਹੋਇਆ, ਵੱਡੀ ਸੈਨਾ ਵੇਖ ਕੇ ਘਰ ਛੱਡ ਦਿੱਤੇ॥੩੭॥

ਬੀਬੀ ਬੀਰੋ ਬਯਾਹ ਤਿਸ ਕਾਲਾ। ਕਰਯੋ ਹੁਤੋ ਪਕਵਾਨ ਬਿਸਾਲਾ।
ਤਿਸ ਤੇ ਆਦਿ ਸਮੱਗ੍ਰੀ ਜੇਤੀ। ਭਏ ਜੁੱਧ ਤੇ ਲੁਟ ਗਈ ਤੇਤੀ॥ ੩੮॥

ਉਸ ਸਮੇਂ ਬੀਬੀ ਵੀਰੋ ਦਾ ਵਿਆਹ ਸੀ, ਬਹੁਤ ਪਕਵਾਨ ਤਿਆਰ ਕੀਤਾ ਸੀ, ਉਸ ਤੋਂ ਉਪਰੰਤ ਹੋਰ ਵੀ ਜਿੰਨੀ ਸਮੱਗਰੀ ਸੀ, ਉਹ ਯੁੱਧ ਹੋਣ ਕਰਕੇ ਸਾਰੀ ਲੁੱਟੀ ਗਈ॥੩੮॥

ਹਮ ਤੁਰਕਨਿ ਤੇ ਭੈ ਬਡ ਧਾਰੇ। ਨੀਠ ਨੀਠ ਨਿਕਸੇ ਨਿਜ ਦ੍ਵਾਰੇ।
ਤਿਸਤੇ ਆਦਿ ਬਿਘਨ ਸਮੁਦਾਏ। ਭਏ ਦੇਸ਼ ਤਿਸ ਕਿਤਿਕ ਗਿਨਾਏ॥ ੩੯॥

ਅਸੀਂ ਤੁਰਕਾਂ ਪਾਸੋਂ ਵੱਡਾ ਭੈ ਧਾਰਨ ਕੀਤਾ, ਮਸਾਂ-ਮਸਾਂ ਘਰ ਦੇ ਦਵਾਰ ਵਿਚੋਂ ਨਿਕਲੇ। ਇਸ ਤੋਂ ਉਪਰੰਤ ਉਸ ਦੇਸ਼ ਵਿਚ ਹੋਰ ਬਹੁਤ ਵਿਘਨ ਪਏ, ਉਨ੍ਹਾਂ ਵਿਚੋਂ ਕਿੰਨੇ ਵਿਘਨ ਗਿਣਾਈਏ॥੩੯॥

ਤੁਮਰੋ ਜਨਮ ਦੇਸ਼ ਇਸ ਭਯੋ। ਹੇ ਸੁਤ ! ਹਮ ਤਬਿ ਕੋ ਸੁਖ ਲਯੋ।
ਆਦਿ ਬੁਲਾਕੀ ਦਾਸ ਮਸੰਦ। ਅਪਰ ਸਿੱਖ ਸੰਗਤਿ ਜੋ ਬ੍ਰਿੰਦ॥ ੪੦॥

ਜਦ ਦਾ ਤੁਹਾਡਾ ਜਨਮ ਇਸ ਦੇਸ਼ ਵਿਚ ਹੋਇਆ ਹੈ, ਹੇ ਪੁੱਤਰ ! ਅਸੀਂ ਤਦ ਦਾ ਸੁਖ ਪਾਇਆ ਹੈ। ਬੁਲਾਕੀ ਦਾਸ ਮਸੰਦ ਆਦਿ ਤੇ ਹੋਰ ਜਿਹੜੀ ਸਮੂਹ ਸਿੱਖ ਸੰਗਤ ਹੈ॥੪੦॥

ਨਿਸ਼ਚਾ ਕਰਹਿਂ ਸੁ ਬੀਚ ਤੁਮਾਰੇ। ਰਿਦੇ ਕਪਟ ਕੋ ਨਰ ਨਹਿਂ ਧਾਰੇ।
ਰਹਿਬੋ ਇਸੀ ਦੇਸ਼ ਕੋ ਕੀਜੈ। ਮੱਦ੍ਰ ਦੇਸ਼ ਕੋ ਨਾਮ ਨ ਲੀਜੈ॥ ੪੧॥

ਉਹ ਸਾਰੇ ਤੁਹਾਡੇ ਉੱਤੇ ਨਿਸ਼ਚਾ ਕਰਦੇ ਹਨ, ਇਹ ਮਨੁੱਖ ਹਿਰਦੇ ਵਿਚ ਕਪਟ ਧਾਰਨ ਨਹੀਂ ਕਰਦੇ ਹਨ। ਇਸ ਕਰਕੇ ਐਸੇ ਦੇਸ਼ ਵਿਚ ਰਹੋ ਤੇ ਪੰਜਾਬ ਦੇਸ਼ ਦਾ ਨਾਮ ਨਾ ਲਵੋ॥੪੧॥

**ਤਹਾਂ ਸ਼ਰੀਕ ਮਹਾਂ ਦੁਖਦਾਈ। ਪਿਖਿ ਨਹਿਂ ਸਕਹਿਂ, ਸੁ ਬਿਘਨ ਉਠਾਈ।**
**ਅਨਿਕ ਬਿਧਿਨਿ ਕੇ ਦੁਖ ਤਿਸ ਦੇਸ਼। ਹੇ ਸੁਤ ! ਹਮ ਪਰ ਬਿਤੇ ਅਸ਼ੇਸ਼ ॥੪੨॥**

ਉਥੇ ਸਾਡੇ ਸ਼ਰੀਕ ਮਹਾਨ ਦੁਖਦਾਇਕ ਹਨ, ਉਹ ਵੇਖ ਕੇ ਬਰਦਾਸ਼ਤ ਨਹੀਂ ਕਰ ਸਕਦੇ, ਇਸ ਕਰਕੇ ਵਿਘਨ ਪਾਉਂਦੇ ਹਨ। ਅਨੇਕਾਂ ਵਿਧੀਆਂ ਨਾਲ ਉਸ ਦੇਸ਼ ਵਿਚ ਦੁਖ ਹਨ। ਹੇ ਪੁੱਤਰ ! ਸਾਡੇ ਉੱਤੇ ਸਾਰੀਆਂ ਬੀਤ ਚੁਕੀਆਂ ਹਨ॥੪੨॥

**ਸੋ ਮੇਰੇ ਜਬਿ ਹੀ ਚਿਤ ਆਵੈਂ। ਧੀਰ ਨ ਉਪਜਤਿ ਅਜਹੁੰ ਡਰਾਵੈ।**
**ਨਰ ਪੂਰਬ ਮਹਿਂ ਸ਼ਰਧਾ ਧਾਰੀ। ਇਹਾਂ ਬਸਹੁ ਨਿਤ ਪ੍ਰਤਿ ਸੁਖ ਭਾਰੀ' ॥੪੩॥**

ਉਹ ਘਟਨਾਵਾਂ ਜਦ ਵੀ ਮੇਰੇ ਚਿੱਤ ਵਿਚ ਯਾਦ ਆਉਂਦੀਆਂ ਹਨ ਤਾਂ ਧੀਰਜ ਪੈਦਾ ਨਹੀਂ ਹੁੰਦਾ ਹੈ ਤੇ ਅਜੇ ਵੀ ਡਰ ਆਉਂਦਾ ਹੈ। ਪੂਰਬ ਦੇ ਮਨੁੱਖਾਂ ਨੇ ਸ਼ਰਧਾ ਧਾਰਨ ਕੀਤੀ ਹੈ, ਸਦਾ ਏਥੇ ਵੱਸੋ ਤੇ ਭਾਰੀ ਸੁਖ ਪਾਵੋ" ॥੪੩॥

*ਬਾਰ੍ਹਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥*

## *ਅਧਿਆਇ ਇਕਤਾਲੀਵਾਂ*

*ਪੰਜਾਬ ਨੂੰ ਤਿਆਰੀ, ਜਗਤੇ ਸੇਠ ਨੂੰ ਵਰ*

**ਦੋਹਰਾ- ਪਿਤ ਕੀ ਮਾਤਾ ਕੇ ਬਚਨ ਸੁਨਿ ਸ੍ਰੀ ਗੋਬਿੰਦ ਸਿੰਘ।**
**ਤੁਰਕਨਿ ਮ੍ਰਿਗ ਸਮੁਦਾਇ ਕੋ ਚਹਤਿ ਹਨਯੋਂ ਜਿਮ ਸਿੰਘ॥ ੧॥**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ ਜੀ ਦੀ ਮਾਤਾ ਜੀ ਭਾਵ ਆਪਣੀ ਦਾਦੀ ਜੀ ਦੇ ਬਚਨ ਸੁਣ ਕੇ ਤੁਰਕ ਰੂਪੀ ਹਿਰਨਾਂ ਨੂੰ ਸ਼ੇਰ ਵਾਂਗ ਮਾਰਨਾ ਚਾਹੁੰਦੇ ਸਨ॥੧॥

**ਚੌਪਈ- ਸਿੱਖ ਮਸੰਦਨਿ ਕੀ ਬਡਿਆਈ। ਜਬਿ ਮਾਤਾ ਨੇ ਇਸ ਬਿਧਿ ਗਾਈ।**
**ਲਖਿ ਕੈ ਸਭਿ ਸ਼ਰਧਾਲੁ ਵਿਸ਼ੇਸ਼। ਚਹਤਿ ਰਹਜੋ ਪੂਰਬ ਹੀ ਦੇਸ਼॥੨॥**

ਪੂਰਬ ਦੇ ਸਿੱਖ ਮਸੰਦਾਂ ਦੀ ਵਡਿਆਈ ਜਦ ਮਾਤਾ ਜੀ ਨੇ ਇਸ ਵਿਧੀ ਨਾਲ ਸੁਣਾਈ ਤੇ ਸਾਰਿਆਂ ਨੂੰ ਵਿਸ਼ੇਸ਼ ਸ਼ਰਧਾਲੂ ਸਮਝ ਕੇ ਪੂਰਬ ਦੇਸ਼ ਵਿਚ ਰਹਿਣਾ ਚਾਹੁੰਦੇ ਹਨ॥੨॥

**ਇਸ ਨਿਸ਼ਚੈ ਕੇ ਟਾਰਨ ਕਾਰਨ। ਮੱਦ੍ਰ ਦੇਸ਼ ਹਿਤ ਕਰਨਿ ਪਧਾਰਨਿ।**
**ਲੀਲਾ ਰਚੀ ਤਬਹਿ ਗੁਰ ਸ੍ਵਾਮੀ। ਸਭਿ ਘਟ ਘਟ ਕੇ ਅੰਤਰ ਜਾਮੀ॥੩॥**

ਮਾਤਾ ਜੀ ਦੇ ਇਸ ਨਿਸ਼ਚੇ ਨੂੰ ਟਾਲਣ ਤੇ ਪੰਜਾਬ ਦੇਸ਼ ਨੂੰ ਜਾਣ ਵਾਸਤੇ ਗੁਰੂ ਸਵਾਮੀ ਜੀ ਨੇ ਫਿਰ ਆਪਣੀ ਹੀ ਲੀਲ੍ਹਾ ਰਚੀ, ਜਿਹੜੇ ਅੰਤਰਜਾਮੀ ਸਭ ਦੇ ਦਿਲਾਂ ਦੀਆਂ ਜਾਣਦੇ ਹਨ॥੩॥

ਵਹਿਰ ਮੁਹਾਫਾ ਸੋ ਨਿਕਸਾਯੋ। ਸੰਗਤਿ ਨਿਕਟਿ ਹੁਕਮ ਫੁਰਮਾਯਹੁ।
'ਈਂਧਨ ਭਾਰ ਸਕੇਲਨਿ ਕਰੋ। ਆਨਿ ਆਨਿ ਕਰਿ ਇਸ ਥਲ ਧਰੋ' ॥ ੪ ॥

ਪਾਲਕੀ ਨੂੰ ਉਨ੍ਹਾਂ ਨੇ ਬਾਹਰ ਕਢਵਾਇਆ ਤੇ ਸੰਗਤ ਨੂੰ ਹੁਕਮ ਕੀਤਾ "ਬਾਲਣ ਦੀ ਪੰਡ ਇਕੱਠੀ ਕਰੋ ਤੇ ਲਿਆ ਕੇ ਇਸ ਥਾਂ ਧਰਦੇ ਜਾਵੋ" ॥੪॥

ਸਮਧਾ ਜਬਿ ਦੇਖੀ ਸਮੁਦਾਯਾ। ਬੀਚ ਮੁਹਾਫਾ ਤਬਹਿ ਟਿਕਾਯਾ।
ਦਿਯੋ ਹੁਕਮ ਪਾਵਕ ਮੰਗਵਾਏ। ਤਤਛਿਨ ਦਈ ਤਾਂਹਿ ਲਗਵਾਏ॥ ੫ ॥

ਜਦ ਸਾਰਾ ਬਾਲਣ ਇਕੱਠਾ ਹੋ ਗਿਆ ਤਾਂ ਉਸ ਬਾਲਣ ਦੇ ਢੇਰ ਉੱਤੇ ਪਾਲਕੀ ਨੂੰ ਟਿਕਾ ਦਿੱਤਾ। ਹੁਕਮ ਦੇ ਕੇ ਫਿਰ ਅੱਗ ਮੰਗਵਾਈ ਤੇ ਤੁਰਤ ਅੱਗ ਬਾਲਣ ਨੂੰ ਲਵਾ ਦਿੱਤੀ॥੫॥

ਜਰਨਿ ਲਗ੍ਯੋ ਸਭਿ ਨਰ ਬਿਸਮਾਏ। 'ਲਾਇ ਦਰਬ ਬਹੁ ਇਹੁ ਬਨਵਾਏ।
ਮਾਤਨਿ ਕਹਿ ਮੰਗਵਾਵਨਿ ਠਾਨਾ। ਕਬਹੁੰ ਅਰੂਢਿ ਨ ਕੀਨਿ ਪਯਾਨਾ ॥ ੬ ॥

ਜਦ ਪਾਲਕੀ ਸੜਨ ਲੱਗੀ ਤਾਂ ਸਾਰੇ ਮਨੁੱਖ ਬਹੁਤ ਹੈਰਾਨ ਹੋਏ। ਆਪਸ ਵਿਚ ਕਹਿਣ ਲੱਗੇ, "ਬਹੁਤ ਧਨ ਲਾ ਕੇ ਇਹ ਬਣਵਾਈ ਸੀ ਤੇ ਦੋਵਾਂ ਮਾਤਾਵਾਂ ਨੇ ਕਹਿ ਕੇ ਮੰਗਵਾਈ ਸੀ, ਕਦੀ ਵੀ ਇਸ ਉੱਤੇ ਹਾਲੇ ਚੜ੍ਹ ਕੇ ਵੀ ਨਹੀਂ ਗਈਆਂ ਹਨ॥੬॥

ਨਹਿਂ ਕੋ ਦਿਨ ਇਸ ਕੋ ਸੁਖ ਲਯੋ। ਆਵਤਿ ਹੀ ਜਰਾਇ ਕਰਿ ਦਯੋ'।
ਜਾਇ ਨਾਨਕੀ ਨਿਕਟਿ ਬਤਾਵਾ। 'ਸੋ ਪਾਵਕ ਕੇ ਬੀਚ ਜਰਾਵਾ' ॥ ੭ ॥

ਕੁਝ ਦਿਨ ਇਸ ਪਾਲਕੀ ਦਾ ਸੁਖ ਵੀ ਨਹੀਂ ਲਿਆ ਹੈ, ਆਉਂਦੀ ਹੀ ਸਾੜ ਦਿੱਤੀ ਹੈ।" ਉਨ੍ਹਾਂ ਮਾਤਾ ਨਾਨਕੀ ਜੀ ਨੂੰ ਜਾ ਕੇ ਦੱਸਿਆ, "ਉਸ ਪਾਲਕੀ ਨੂੰ ਅੱਗ ਵਿਚ ਸਾੜ ਦਿੱਤਾ ਹੈ" ॥੭॥

ਸੁਨਿ ਕਰਿ ਦਾਸਨਿ ਸਾਥ ਬਖਾਨਾ। 'ਮਹਾਂ ਪੁਰਖ ਇਹੁ ਗੁਰੂ ਮਹਾਨਾ।
ਹੁਕਮ ਨ ਫੇਰਜੋ ਜਾਇ ਤਿਨੋ ਕਾ। ਨਿਕਸਤਿ ਮੁਖ ਤੇ ਫੁਰਹਿ ਜਿਨੋਕਾ ॥ ੮ ॥

ਮਾਤਾ ਜੀ ਨੇ ਸੁਣ ਕੇ ਸੇਵਕਾਂ ਨੂੰ ਕਿਹਾ, "ਇਹ ਮਹਾਂ ਪੁਰਖ, ਮਹਾਨ ਗੁਰੂ ਜੀ ਹਨ। ਉਨ੍ਹਾਂ ਦਾ ਹੁਕਮ ਨਹੀਂ ਮੋੜਿਆ ਜਾ ਸਕਦਾ, ਜਿਨ੍ਹਾਂ ਦੇ ਮੁਖ ਤੋਂ ਗੱਲ ਨਿਕਲਦੀ ਹੀ ਪੂਰੀ ਹੋ ਜਾਂਦੀ ਹੈ" ॥੮॥

ਲਗੀ ਆਗ ਸਗਰੋ ਜਰਿ ਗਯੋ। ਸੀਤਲ ਭਸਮ ਜਬਹਿ ਤਿਸ ਭਯੋ।
ਜਿਤੋ ਹੇਮ ਤਿਸ ਤੇ ਨਿਕਸਾਯਹੁ। ਕਹਿ ਸਤਿਗੁਰ ਨੇ ਸਰਬ ਚੁਨਾਯਹੁ॥ ੯ ॥

ਅੱਗ ਲੱਗਣ ਨਾਲ ਸਾਰੀ ਪਾਲਕੀ ਸੜ ਗਈ, ਜਦ ਉਸ ਦੀ ਭਸਮ ਠੰਡੀ ਹੋ ਗਈ, ਤਾਂ ਜਿੰਨਾ ਵੀ ਸੋਨਾ ਉਸ ਪਾਲਕੀ ਵਿਚੋਂ ਨਿਕਲਿਆ, ਸਤਿਗੁਰੂ ਜੀ ਨੇ ਕਹਿ ਕੇ ਸਾਰਾ ਚੁਣਵਾਇਆ॥੯॥

ਨੀਕੇ ਜਲ ਮੈਂ ਕੀਨਿ ਪਖਾਰਨਿ। ਨਿਕਟਿ ਅਨਾਯਹੁ ਕਰਜੋ ਨਿਹਾਰਨ।
ਦਾਸਨ ਕੇ ਕਰ ਮਹਿਂ ਉਚਵਾਏ। ਅੰਤਰ ਮਾਤਾ ਤੀਰ ਸਿਧਾਏ॥ ੧੦ ॥

ਫਿਰ ਚੰਗੇ ਜਲ ਨਾਲ ਸੋਨੇ ਨੂੰ ਧੋਤਾ ਤੇ ਪਾਸ ਮੰਗਵਾ ਕੇ ਵੇਖਿਆ ਤੇ ਸੇਵਕਾਂ ਦੇ ਹੱਥਾਂ ਤੇ ਉਠਵਾਇਆ ਤੇ ਅੰਦਰ ਮਾਤਾ ਜੀ ਦੇ ਪਾਸ ਚਲੇ ਗਏ॥੧੦॥

ਧਰਜੋ ਸੁ ਜਾਇ ਨਾਨਕੀ ਪਾਸ। 'ਬਡੋ ਮਸੰਦ ਬੁਲਾਕੀ ਦਾਸ।
ਤਿਸ ਕੀ ਇਹ ਕਰਤੂਤ ਨਿਹਾਰਹੁ। ਜਿਸ ਤਰੀਫ ਕੋ ਆਪ ਉਚਾਰਹੁ॥ ੧੧ ॥

ਉਹ ਸੋਨਾ ਜਾ ਕੇ ਮਾਤਾ ਨਾਨਕੀ ਜੀ ਦੇ ਪਾਸ ਰੱਖ ਦਿੱਤਾ ਤੇ ਕਿਹਾ, "ਵੱਡਾ ਮਸੰਦ ਬੁਲਾਕੀ ਦਾਸ ਹੈ, ਉਸ ਦੀ ਇਹ ਕਰਤੂਤ ਵੇਖੋ, ਜਿਸ ਦੀ ਤੁਸੀਂ ਸਿਫਤ ਉਚਾਰਨ ਕੀਤੀ ਹੈ॥੧੧॥

'ਬਡ ਸ਼ਰਧਾਲੂ ਪੂਰਬ ਦੇਸ਼'। ਦੇਖਹੁ ਤਿਨਕੇ ਕਪਟ ਵਿਸ਼ੇਸ਼।
ਦਸਮ ਅੰਸ ਕੰਚਨ ਇਸ ਮਾਂਹੀ। ਤਾਂਬਾ ਅਪਰ ਘਰਾਯਹੁ ਤਾਂਹੀ॥ ੧੨॥

"ਉਹ ਪੂਰਬ ਦੇਸ਼ ਦਾ ਵੱਡਾ ਸ਼ਰਧਾਲੂ ਹੈ।" ਉਸ ਦਾ ਵਿਸ਼ੇਸ਼ ਕਪਟ ਵੇਖ ਲਵੋ, ਇਸ ਵਿਚ ਦਸਵਾਂ ਹਿੱਸਾ ਸੋਨਾ ਹੈ, ਹੋਰ ਸਾਰਾ ਤਾਂਬਾ ਘੜਾਇਆ ਹੈ॥੧੨॥

ਗੁਰੂ ਘਰ ਤਿਸ ਮੁਜਰੈ ਸਭਿ ਦੇਤਿ। ਸਕਲ ਮੋਲ ਹਾਟਿਕ ਕੋ ਲੇਤਿ।
ਰਾਖਤਿ ਘਰ ਸਤਿਗੁਰ ਕੀ ਕਾਰ। ਭਾਖਤਿ 'ਕਰਜੋ ਮੁਹਾਫਾ ਤਜਾਰ'॥੧੩॥

ਗੁਰੂ ਘਰ ਉਸ ਨੂੰ ਸਾਰੀਆਂ ਕੁਟੌਤੀਆਂ ਦਿੰਦਾ ਹੈ, ਸੋਨੇ ਦਾ ਸਾਰਾ ਮੁੱਲ ਲੈਂਦਾ ਹੈ। ਆਪਣੇ ਘਰ ਵਿਚ ਸਤਿਗੁਰੂ ਜੀ ਦੀ ਕਾਰ ਭੇਟ ਰੱਖਦਾ ਹੈ। ਕਹਿੰਦਾ ਹੈ, "ਪਾਲਕੀ ਤਿਆਰ ਕੀਤੀ ਹੈ"॥੧੩॥

ਐਸੇ ਨਰ ਹੈਂ ਪੂਰਬ ਦੇਸ਼ੇ। ਬੁਧਿ ਹੋਰੀ, ਕੂਰੇ ਇਨ ਬੇਸ।
ਬਡਜੋਂ ਬਡਜੋਂ ਕੀ ਜੇ ਅਸ ਮਤਿ ਹੈ। ਤੌ ਛੋਟਜੋਂ ਕੀ ਕਹਾਂ ਸੁ ਗਤਿ ਹੈ'॥੧੪॥

ਪੂਰਬ ਦੇਸ਼ ਵਿਚ ਐਸੇ ਮਨੁੱਖ ਰਹਿੰਦੇ ਹਨ, ਇਨ੍ਹਾਂ ਦੀ ਬੁੱਧੀ ਹੋਲੀ ਹੈ ਤੇ ਝੂਠੇ ਇਨ੍ਹਾਂ ਦੇ ਭੇਸ ਹਨ। ਜੇ ਵਡਿਆਂ ਵਡਿਆਂ ਦੀ ਐਸੀ ਮੱਤ ਹੈ ਤਾਂ ਛੋਟਿਆਂ ਦੀ ਕੀ ਹਾਲਤ ਹੋਵੇਗੀ'॥੧੪॥

ਦੇਖਿ ਮਾਤ ਤੂਸ਼ਨਿ ਹੁਇ ਰਹੀ। ਪੌਤ੍ਰ ਪਾਸ ਕੁਛ ਜਾਇ ਨ ਕਹੀ।
'ਸਭਿ ਘਟ ਕੋ ਮਾਲਿਕ ਗੁਰ ਰੂਰਾ। ਬੋਲੇ ਉਤਰਜੋ ਜਾਇ ਨ ਪੂਰਾ'॥੧੫॥

ਇਹ ਵੇਖ ਕੇ ਮਾਤਾ ਜੀ ਚੁੱਪ ਰਹੀ, ਪੋਤਰੇ ਪਾਸ ਕੁਝ ਕਿਹਾ ਨਹੀਂ ਸੀ ਜਾਂਦਾ। ਸਮਝਦੀ ਸੀ, "ਸੁੰਦਰ ਗੁਰੂ ਜੀ ਸਭ ਦਿਲਾਂ ਦੇ ਮਾਲਕ ਹਨ, ਇਨ੍ਹਾਂ ਨਾਲ ਬੋਲ ਕੇ ਪੂਰਾ ਨਹੀਂ ਉੱਤਰਿਆ ਜਾ ਸਕਦਾ"॥੧੫॥

ਸ੍ਰੀ ਗੁਜਰੀ ਦਿਸ਼ਿ ਸਾਸੁ ਨਿਹਾਰਾ। ਪੁੱਤ੍ਰ ਸਾਥ ਸ਼ੁਭ ਬਾਕ ਉਚਾਰਾ।
'ਪਿਤਾ ਤੁਮਾਰੋ ਇਤ ਚਲਿ ਆਯੋ। ਬਹੁ ਤੀਰਥ ਕੋ ਹਮਹਿਂ ਕਰਾਯੋ॥ ੧੬॥

ਮਾਤਾ ਗੁਜਰੀ ਜੀ ਨੇ ਆਪਣੀ ਸੱਸ ਵਲ ਵੇਖਿਆ ਤੇ ਫਿਰ ਪੁੱਤਰ ਨਾਲ ਸ਼ੁਭ ਬਚਨ ਉਚਾਰਨ ਕੀਤਾ, "ਤੁਹਾਡੇ ਪਿਤਾ ਜੀ ਏਧਰ ਚਲ ਕੇ ਆਏ ਸਨ, ਬਹੁਤ ਤੀਰਥਾਂ ਦੀ ਸਾਨੂੰ ਸੈਰ ਕਰਵਾਈ॥੧੬॥

ਪੁਨ ਹਮ ਕੋ ਇਸ ਪੁਰਿ ਮਹਿਂ ਤਯਾਗੇ। ਆਪ ਗਏ ਚਲਿ ਪੂਰਬ ਆਗੇ।
ਜਬਿ ਕੇ ਇਹ ਥਲ ਕੀਨਸਿ ਬਾਸ। ਕਰਤਿ ਸੇਵ ਕੋ ਸੰਗਤਿ ਰਾਸ॥ ੧੭॥

ਫਿਰ ਸਾਨੂੰ ਇਸ ਨਗਰ ਵਿਚ ਛੱਡ ਗਏ ਤੇ ਆਪ ਚਲ ਕੇ ਪੂਰਬ ਵਲ ਅੱਗੇ ਚਲੇ ਗਏ। ਜਦ ਦਾ ਇਸ ਥਾਂ ਵਾਸਾ ਕੀਤਾ ਹੈ, ਬਹੁਤ ਸੰਗਤ ਸਾਡੀ ਸੇਵਾ ਕਰਦੀ ਹੈ॥੧੭॥

ਅਬਿ ਪੰਜਾਬ ਗਏ ਪਿਤ ਤੁਮਰੇ। ਲਿਖ ਪਾਤੀ ਭੇਜਹਿਂ ਢਿਗ ਹਮਰੇ।
ਜਿਸ ਪ੍ਰਕਾਰ ਕੀ ਸੁਧਿ ਪਹੁੰਚਾਵੈਂ। ਹਮ ਕੋ ਕਰਨੀ ਤਿਮ ਬਨਿ ਆਵੈ॥ ੧੮॥

ਹੁਣ ਤੁਹਾਡੇ ਪਿਤਾ ਜੀ ਪੰਜਾਬ ਗਏ ਹਨ, ਉਹ ਚਿੱਠੀ ਲਿਖ ਕੇ ਸਾਡੇ ਪਾਸ ਭੇਜਣਗੇ। ਜਿਸ ਪ੍ਰਕਾਰ ਦੀ ਖਬਰ ਪਹੁੰਚਾਉਣਗੇ, ਸਾਨੂੰ ਉਸ ਤਰ੍ਹਾਂ ਹੀ ਕਰਨੀ ਬਣਦੀ ਹੈ॥੧੮॥

ਯਾਂਤੇ ਰੁਚਹਿ ਬਾਸ ਸੁਖ ਪਾਏ। ਬਸਤੇ ਸੰਮਤ ਕਿਤਿਕ ਬਿਤਾਏ।
ਬਹੁ ਲੋਕਨਿ ਮਿਲਿ ਪ੍ਰੀਤ ਉਪਾਈ। ਸਗਲੀ ਵਸਤੁ ਆਨਿ ਅਰਪਾਈ॥੧੯॥

ਇਸ ਲਈ ਸਾਨੂੰ ਇਹੋ ਚੰਗਾ ਲੱਗਦਾ ਹੈ ਕਿ ਇਥੇ ਵੱਸ ਕੇ ਸੁਖ ਪਾਈਏ। ਏਥੇ ਵੱਸਦਿਆਂ ਕਈ ਸਾਲ ਬਿਤਾ ਦਿੱਤੇ ਹਨ, ਬਹੁਤ ਲੋਕਾਂ ਨੇ ਮਿਲ ਕੇ ਪ੍ਰੀਤ ਉਪਜਾਈ ਹੈ, ਉਹ ਸਾਰੀਆਂ ਵਸਤਾਂ ਲਿਆ ਕੇ ਅਰਪਣ ਕਰਦੇ ਹਨ॥੧੯॥

ਪ੍ਰਥਮ ਜਨਮ ਧੀਰ, ਅਲਪ ਸਰੀਰ। ਸਭਿ ਸੁਧ ਲਗੇ ਸੰਭਾਰਨਿ ਧੀਰ।
ਆਗੈ ਮਰਜ਼ੀ ਜਥਾ ਤੁਮਾਰੀ। ਤਜੌਂ ਬਰਤਹਿਂ ਗੇ ਹੁਇ ਅਨੁਸਾਰੀ'॥੨੦॥

ਪਹਿਲਾਂ ਆਪ ਨੇ ਏਥੇ ਜਨਮ ਧਾਰਿਆ ਹੈ, ਤੁਹਾਡਾ ਸਰੀਰ ਹਾਲੇ ਛੋਟਾ ਹੈ। ਧੀਰਜ ਨਾਲ ਸਰੀਰ ਸੰਭਾਲ ਕੇ ਸਾਰੀ ਸੋਝੀ ਆ ਜਾਵੇਗੀ, ਅੱਗੇ ਆਪ ਜੀ ਦੀ ਜਿਵੇਂ ਮਰਜ਼ੀ ਹੈ, ਅਸੀਂ ਤੁਹਾਡੀ ਆਗਿਆ ਅਨੁਸਾਰ ਹੋ ਕੇ ਵਰਤਾਂਗੇ"॥੨੦॥

ਸੁਨਤਿ ਮਾਤ ਤੇ ਗੁਰੂ ਉਚਾਰੀ। 'ਮੱਦ੍ਰ ਦੇਸ਼ ਸਿੱਖੀ ਹੈ ਭਾਰੀ।
ਸਕਲ ਗੁਰਨਿ ਤਹਿਂ ਬਾਸਾ ਕੀਨੇ। ਅਪਨੇ ਪੁਰਿ ਤੀਰਥ ਰਚਿ ਦੀਨੇ॥੨੧॥

ਮਾਤਾ ਜੀ ਪਾਸੋਂ ਸੁਣ ਕੇ ਗੁਰੂ ਜੀ ਨੇ ਉਚਾਰਨ ਕੀਤਾ, "ਪੰਜਾਬ ਦੇਸ਼ ਵਿਚ ਭਾਰੀ ਸਿੱਖ ਹਨ, ਸਾਰੇ ਗੁਰੂ ਸਾਹਿਬਾਨ ਨੇ ਉਥੇ ਵਾਸਾ ਕੀਤਾ ਹੈ, ਆਪਣੇ-ਆਪਣੇ ਨਗਰਾਂ ਵਿਚ ਉਨ੍ਹਾਂ ਤੀਰਥ ਬਣਾ ਦਿੱਤੇ ਹਨ॥੨੧॥

ਤਿਸੀ ਦੇਸ਼ ਤੇ ਸੈਨ ਬਨਾਈ। ਦਿੱਲੀਪਤਿ ਸੋਂ ਕੀਨਿ ਲਰਾਈ।
ਕੇਤਿਕ ਸਿੱਖ ਭਾਉ ਧਰਿ ਰਹੇ। ਕਿਨਹੁ ਨੌਕਰੀ ਗੁਰ ਘਰ ਲਹੇ॥੨੨॥

ਉਸੇ ਦੇਸ਼ ਤੋਂ ਉਨ੍ਹਾਂ ਸੈਨਾ ਬਣਾਈ ਸੀ ਤੇ ਦਿੱਲੀ ਦੇ ਬਾਦਸ਼ਾਹ ਨਾਲ ਲੜਾਈ ਕੀਤੀ। ਕਿੰਨੇ ਸਿੱਖ ਪ੍ਰੇਮ ਧਾਰ ਕੇ ਨਾਲ ਰਹੇ, ਕਈਆਂ ਨੇ ਗੁਰੂ ਘਰ ਵਿਚ ਨੌਕਰੀ ਪਾਈ॥੨੨॥

ਬਨਹਿਂ ਨ ਸੋ ਇਸ ਦੇਸ਼ ਮਝਾਰੀ। ਊਪਰ ਬੇਸ਼ ਦਿਖਾਵਹਿਂ ਧਾਰੀ।
ਜਬਿ ਗੁਰ ਕੋ ਕਿਮ ਕਾਰਜ ਬਨੈ। ਸਿੱਖੀ ਤਜਾਗਹਿਂ ਸ਼ਰਧਾ ਹਨੈਂ॥੨੩॥

ਉਹ ਕੁਝ ਇਸ ਦੇਸ਼ ਵਿਚ ਨਹੀਂ ਬਣ ਸਕਦਾ, ਬਾਹਰਲਾ ਭੇਸ ਧਾਰ ਕੇ ਦਿਖਾਵਾ ਕਰਦੇ ਹਨ। ਜਦ ਗੁਰੂ ਜੀ ਨੂੰ ਕੋਈ ਕਾਰਜ ਆ ਬਣੇਗਾ ਤਾਂ ਸਿੱਖੀ ਤਿਆਗ ਕੇ ਸ਼ਰਧਾ ਦੂਰ ਕਰ ਦੇਣਗੇ॥੨੩॥

ਇੱਤਜਾਦਿਕ ਕਾਰਨ ਹੈਂ ਬ੍ਰਿੰਦ। ਬਨਹਿ ਗਮਨ ਤਿਸ਼ ਦੇਸ਼ ਬਿਲੰਦ'।
ਸੁਧਿ ਪਟਣੇ ਪੁਰਿ ਮਹਿਂ ਬਿਸਤਰੀ। 'ਚਾਹਤਿ ਸਤਿਗੁਰ ਤਜਾਰੀ ਕਰੀ॥੨੪॥

ਇਸ ਤਰ੍ਹਾਂ ਦੇ ਬਹੁਤ ਕਾਰਨ ਹਨ, ਉਸ ਦੇਸ਼ ਵਿਚ ਹੀ ਜਾਣਾ ਬਣਦਾ ਹੈ।" ਇਹ ਖ਼ਬਰ ਪਟਨੇ ਦੇਸ਼ ਵਿਚ ਫੈਲ ਗਈ, "ਸਤਿਗੁਰੂ ਜੀ ਪੰਜਾਬ ਦੇਸ਼ ਨੂੰ ਜਾਣ ਵਾਸਤੇ ਤਿਆਰੀ ਕਰਨਾ ਚਾਹੁੰਦੇ ਹਨ॥੨੪॥

ਮੱਦ੍ਰ ਦੇਸ਼ ਕੋ ਚਹਤਿ ਸਿਧਾਵਨਿ। ਜਿਤ ਗਮਨੈਂ ਤਿਤ ਕਰਿ ਹੈਂ ਪਾਵਨ'।
ਸਗਰੀ ਸੰਗਤਿ ਸੁਨਿ ਕਰਿ ਆਈ। ਲਜਾਇ ਉਪਾਇਨ ਕੋ ਅਰਪਾਈ॥੨੫॥

ਪੰਜਾਬ ਦੇਸ਼ ਨੂੰ ਜਾਣਾ ਚਾਹੁੰਦੇ ਹਨ, ਜਿੱਥੇ ਵੀ ਜਾਣਗੇ, ਉਸ ਥਾਂ ਨੂੰ ਪਵਿੱਤਰ ਕਰ ਦੇਣਗੇ।" ਇਹ ਸੁਣ ਕੇ ਸਾਰੀ ਸੰਗਤ ਆਈ, ਤੇ ਉਪਹਾਰ ਲਿਆ ਕੇ ਉਨ੍ਹਾਂ ਅਰਪਣ ਕੀਤੇ॥੨੫॥

ਜਹਿਂ ਕਹਿਂ ਕੇ ਬਹੁ ਆਇ ਮਸੰਦ। ਅਰਪਹਿਂ ਆਨਜੋ ਦਰਬ ਬਿਲੰਦ।
ਸ੍ਰੀ ਸਤਿਗੁਰ ਕੋ ਸਭਿ ਸਮੁਝਾਵੈਂ। ਅਪਨੀ ਅਪਨੀ ਸੀਖ ਬਤਾਵੈਂ॥੨੬॥

ਜਿੱਥੋਂ ਕਿੱਥੋਂ ਦੇ ਬਹੁਤ ਮਸੰਦ ਆਏ, ਉਨ੍ਹਾਂ ਆ ਕੇ ਬਹੁਤ ਧਨ ਅਰਪਣ ਕੀਤਾ। ਸ੍ਰੀ ਸਤਿਗੁਰੂ ਜੀ ਨੂੰ ਸਾਰੇ ਸਮਝਾਉਂਦੇ ਸਨ ਤੇ ਆਪਣੀ-ਆਪਣੀ ਸਿੱਖਿਆ ਦਿੰਦੇ ਸਨ॥੨੬॥

'ਗੁਰ ਜੀ! ਇਹਾਂ ਬਾਸ ਸੁਖ ਕੇਰਾ। ਸੰਗਤਿ ਬ੍ਰਿੰਦ ਮਿਲਾਪ ਬਡੇਰਾ।
ਕਿਸੂ ਵਸਤੁ ਕੀ ਕਮੀ ਨ ਕੋਈ। ਹਮ ਅਨੁਕੂਲੀ ਸਭਿ ਨਿਤ ਹੋਈ॥ ੨੭॥

ਕਹਿੰਦੇ ਸਨ, "ਗੁਰੂ ਜੀ! ਏਥੇ ਵੱਸ ਕੇ ਸੁਖ ਦੇਵੋ, ਬਹੁਤ ਸੰਗਤ ਨਾਲ ਆਪ ਜੀ ਦਾ ਵੱਡਾ ਮਿਲਾਪ ਹੈ। ਕਿਸੇ ਵਸਤੂ ਦੀ ਕੋਈ ਘਾਟ ਨਹੀਂ ਹੈ, ਅਸੀਂ ਸਦਾ ਹੀ ਆਪ ਜੀ ਦੀ ਆਗਿਆ ਅਨੁਸਾਰ ਹਾਂ॥੨੭॥

ਹੁਕਮ ਆਪ ਕੋ ਹੋਵਹਿ ਜੈਸਾ। ਹਮ ਕਰਿ ਸਕਿ ਹੈਂ ਤਤਛਿਨ ਤੈਸਾ।
ਕਰਹੁ ਉਚਾਰਨਿ ਜਿਮੁ ਹੁਇ ਮਰਜ਼ੀ। ਸਦਾ ਗੁਜ਼ਾਰਤਿ ਹੈਂ ਇਮ ਅਰਜ਼ੀ' ॥੨੮॥

ਆਪ ਜੀ ਦਾ ਜੈਸਾ ਹੁਕਮ ਹੁੰਦਾ ਹੈ, ਅਸੀਂ ਤੁਰਤ ਉਸ ਤਰ੍ਹਾਂ ਕਰ ਸਕਦੇ ਹਾਂ। ਜਿਵੇਂ ਤੁਹਾਡੀ ਮਰਜ਼ੀ ਹੋਵੇ, ਉਚਾਰਨ ਕਰੋ, ਅਸੀਂ ਸਦਾ ਹੀ ਇਸ ਤਰ੍ਹਾਂ ਬੇਨਤੀ ਕਰਦੇ ਹਾਂ" ॥੨੮॥

ਸੁਨਿ ਸਤਿਗੁਰ ਬੋਲੇ ਬਚ ਪਾਵਨ। 'ਹਮ ਨੇ ਮੱਦ੍ਰ ਦੇਸ਼ ਕੋ ਜਾਵਨਿ।
ਬਹੁ ਕਾਰਜ ਤਿਹਠਾਂ ਬਸਿ ਕਰਨੇ। ਬਿਦਤਿ ਅਬਿਦਤ ਕਹਾਂ ਕੋ ਬਰਨੇ' ॥੨੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਪਵਿੱਤਰ ਬਚਨ ਕਹੇ, "ਅਸੀਂ ਪੰਜਾਬ ਦੇਸ਼ ਨੂੰ ਜਾਣਾ ਹੈ, ਉਥੇ ਵੱਸ ਕੇ ਬਹੁਤ ਕੰਮ ਕਰਨੇ ਹਨ। ਕਈ ਪ੍ਰਗਟ ਹਨ ਕਈ ਗੁਪਤ ਹਨ ਕਿੱਥੋਂ ਤਕ ਵਰਣਨ ਕਰੀਏ" ॥੨੯॥

'ਨਿਸ਼ਚੈ ਇਨ ਕੋ ਰਿਦਾ ਗਮਨ ਮੈਂ'। ਸਿੱਖ ਮਸੰਦਨ ਜਾਨੀ ਮਨ ਮੈਂ।
ਤੂਸ਼ਨਿ ਹੋਏ ਕਛੁ ਨ ਬਖਾਨੀ। ਗਮਨੇ ਸਦਨ ਬੰਦਨਾਂ ਠਾਨੀ॥ ੩੦॥

"ਜਾਣ ਵਾਸਤੇ ਇਨ੍ਹਾਂ ਆਪਣੇ ਹਿਰਦੇ ਵਿਚ ਨਿਸ਼ਚਾ ਧਾਰਨ ਕੀਤਾ ਹੈ।" ਸਿੱਖਾਂ ਅਤੇ ਮਸੰਦਾਂ ਨੇ ਇਸ ਤਰ੍ਹਾਂ ਮਨ ਵਿਚ ਜਾਣ ਲਈ ਤਾਂ ਚੁੱਪ ਹੋ ਗਏ, ਕੁਝ ਨਾ ਬੋਲੇ ਤੇ ਬੰਦਨਾਂ ਕਰਕੇ ਆਪਣੇ ਘਰਾਂ ਨੂੰ ਚਲੇ ਗਏ॥੩੦॥

ਜਗਤ ਸੇਠ ਪਟਨੇ ਪੁਰਿ ਬਾਸੀ। ਗੁਰ ਕੋ ਸੇਵਕ ਬਹੁ ਧਨ ਪਾਸੀ।
ਗਮਨ ਗੁਰੂ ਕੋ ਨਿਸ਼ਚੈ ਭਯੋ। ਜਬਿ ਐਸੇ ਸ਼੍ਰੌਨਨਿ ਸੁਨਿ ਲਯੋ॥ ੩੧॥

ਜਗਤਾ ਸੇਠ ਪਟਨੇ ਨਗਰ ਦਾ ਵਾਸੀ ਸੀ, ਉਹ ਗੁਰੂ ਜੀ ਦਾ ਸੇਵਕ ਸੀ ਤੇ ਬਹੁਤ ਧਨਵਾਨ ਸੀ। ਜਦ ਉਸ ਨੂੰ ਇਹ ਨਿਸ਼ਚਾ ਹੋ ਗਿਆ ਕਿ ਗੁਰੂ ਜੀ ਜ਼ਰੂਰ ਚਲੇ ਜਾਣਗੇ, ਜਦ ਇਸ ਤਰ੍ਹਾਂ ਉਸ ਆਪਣੇ ਕੰਨਾਂ ਨਾਲ ਸੁਣ ਲਿਆ॥੩੧॥

ਲੇ ਮਿਸ਼ਟਾਨ ਰੁਚਿਰ ਪਕਵਾਨ। ਭਰੇ ਥਾਰ ਬਹੁ ਧਰਿ ਧਰਿ ਪਾਨ।
ਸ਼੍ਰੀ ਸਤਿਗੁਰ ਕੇ ਢਿਗ ਚਲਿ ਆਯਹੁ। ਹਾਥ ਜੋਰਿ ਕਰਿ ਸੀਸ ਨਿਵਾਯਹੁ॥ ੩੨॥

ਤਾਂ ਉਹ ਮਿਠਿਆਈ ਅਤੇ ਸੁੰਦਰ ਪਕਵਾਨਾਂ ਦੇ ਥਾਲ ਭਰ-ਭਰ ਆਪਣੇ ਹੱਥਾਂ 'ਤੇ ਧਰ ਧਰ ਸ੍ਰੀ ਸਤਿਗੁਰੂ ਜੀ ਦੇ ਪਾਸ ਚਲ ਕੇ ਆਇਆ ਤੇ ਹੱਥ ਜੋੜ ਕੇ ਉਸ ਸਿਰ ਨਿਵਾਇਆ॥੩੨॥

ਦੋਨਹੁੰ ਮਾਤਨਿ ਕੋ ਕਰਿ ਨਮੋ। ਹਾਥ ਬੰਦਿ ਬੋਲਯੋ ਤਿਹ ਸਮੋਂ।
"ਸ਼੍ਰੀ ਪ੍ਰਭੁ! ਜਗਤ ਜੇਤਨੀ ਮਾਯਾ। ਸਭਿ ਤੁਮਰੀ ਬਖਸ਼ੀ ਕਰਿ ਦਾਯਾ॥ ੩੩॥

ਦੋਵਾਂ ਮਾਤਾਵਾਂ ਜੀ ਨੂੰ ਨਮਸਕਾਰ ਕਰਕੇ, ਹੱਥ ਜੋੜ ਕੇ ਉਸ ਸਮੇਂ ਬੋਲਿਆ, "ਹੇ ਸ੍ਰੀ ਪ੍ਰਭੂ! ਜਗਤੇ ਪਾਸ ਜਿੰਨੀ ਵੀ ਮਾਇਆ ਹੈ, ਸਭ ਤੁਹਾਡੀ ਦਇਆ ਨਾਲ ਹੀ ਬਖਸ਼ੀ ਹੋਈ ਹੈ॥੩੩॥

ਦਈ ਆਪ ਕੀ ਬਰਤਹਿਂ ਸਾਰੇ। ਜਾਨਤਿ ਇਸ ਬਿਧਿ ਕੋ ਸਿਖ ਭਾਰੇ।
ਮੈਂ ਹੌਂ ਦਾਸ ਆਪ ਕੋ ਜੋਈ। ਬਖਸ਼ਜੋ ਮੋਹਿ ਦਰਬ ਬਹੁ ਸੋਈ॥ ੩੪॥

ਆਪ ਜੀ ਦੀ ਦਿੱਤੀ ਹੋਈ ਸਾਰੇ ਵਰਤਦੇ ਹਨ, ਇਸ ਵਿਧੀ ਨੂੰ ਸਾਰੇ ਸਿੱਖ ਜਾਣਦੇ ਹਨ। ਮੈਂ ਜਿਹੜਾ ਆਪ ਜੀ ਦਾ ਦਾਸ ਹਾਂ, ਮੈਨੂੰ ਤੁਸੀਂ ਬਹੁਤ ਧਨ ਬਖਸ਼ਿਆ ਹੈ॥੩੪॥

ਸਭਿ ਪੁਰਿ ਮਹਿਂ ਕੋਠੀ ਬਹੁ ਮੇਰੀ। ਸਭਿ ਪ੍ਰਕਾਰ ਤਹਿਂ ਸੌਜ ਘਨੇਰੀ।
ਜਿਸ ਜਿਸ ਮਗ ਕੋ ਰਾਵਰ ਜਾਵਹੁ। ਜਹਿਂ ਜਹਿਂ ਨਿਸ ਮਹਿਂ ਡੇਰੇ ਪਾਵਹੁ॥੩੫॥

ਸਾਰੇ ਨਗਰਾਂ ਵਿਚ ਮੇਰੀਆਂ ਬਹੁਤ ਕੋਠੀਆਂ ਹਨ, ਸਭ ਪ੍ਰਕਾਰ ਉਥੇ ਬਹੁਤ ਸਾਜ਼ੋ-ਸਾਮਾਨ ਹੈ। ਜਿਸ-ਜਿਸ ਰਾਹ ਵੀ ਆਪ ਜਾਵੋ, ਜਿੱਥੇ-ਜਿੱਥੇ ਵੀ ਜਾ ਕੇ ਡੇਰੇ ਲਾਵੋ॥ ੩੫॥

ਤਹਿਂ ਤੇ ਖਰਚ ਲੇਹੁ ਮਨ ਭਾਯਾ। ਰਹਹੁ ਜਿਤਿਕ ਦਿਨ ਤਹਿਂ ਹਰਖਾਯਾ।
ਖਾਨ ਪਾਨ ਸ਼ੁਭ ਬਸਤ੍ਰ ਜਿ ਚਹੀਅਹਿਂ। ਮਮ ਕੋਠੀ ਸਿਖ ਕੋ ਪਠਿ ਕਹੀਅਹਿ॥੩੬॥

ਉਨ੍ਹਾਂ ਸਥਾਨਾਂ ਤੋਂ ਜਾ ਕੇ ਮਨ-ਭਾਉਂਦਾ ਖਰਚਾ ਲਵੋ ਤੇ ਕਈ ਦਿਨ ਤਕ ਪ੍ਰਸੰਨ ਹੋ ਕੇ ਰਹੋ, ਖਾਣ ਪੀਣ ਅਤੇ ਸ਼ੁਭ ਵਸਤਰ ਜੋ ਚਾਹੋ ਤਾਂ ਮੇਰੀ ਕੋਠੀ ਵਿਚ ਕਿਸੇ ਸਿੱਖ ਨੂੰ ਭੇਜ ਕੇ ਕਹੋ॥ ੩੬॥

ਮਮ ਗੁਮਾਸ਼ਤੇ ਮਗ ਮਹਿਂ ਜੋਈ। ਮੈਂ ਲਿਖਿ ਦੇਹੁਂ ਮਾਨਿ ਹੈਂ ਸੋਈ।
ਜਿਤਿਕ ਸੇਵ ਮੋਤੇ ਹੁਇ ਜਾਈ। ਮੈਂ ਨਿਸ਼ਚੈ ਜਾਨੌਂ ਸਫਲਾਈ'॥ ੩੭॥

ਮੇਰੇ ਨੌਕਰ ਜਿਹੜੇ ਰਾਹ ਵਿਚ ਰਹਿੰਦੇ ਹਨ, ਮੈਂ ਉਨ੍ਹਾਂ ਨੂੰ ਲਿਖ ਦੇਵਾਂਗਾ ਤੇ ਉਹ ਉਸ ਤਰ੍ਹਾਂ ਹੀ ਮੰਨ ਲੈਣਗੇ। ਜਿੰਨੀ ਸੇਵਾ ਮੈਥੋਂ ਹੋ ਸਕੇ, ਮੈਂ ਨਿਸ਼ਚੇ ਰੂਪ ਵਿਚ ਸਫਲ ਸਮਝਾਂਗਾ"॥ ੩੭॥

ਜਗਤ ਸੇਠ ਕੀ ਸੁਨਿ ਕਰਿ ਬਾਨੀ। ਗੁਰ ਪ੍ਰਸੰਨਤਾ ਕੀਨਿ ਮਹਾਂਨੀ।
'ਜੋ ਤੁਮ ਭਾਉ ਹਮਾਰੋ ਕਰਜੋ। ਸੇਵਾ ਬਿਖੈ ਪ੍ਰੇਮ ਕੋ ਧਰਜੋ॥ ੩੮॥

ਜਗਤ ਸੇਠ ਦੀ ਗੱਲ ਸੁਣ ਕੇ, ਗੁਰੂ ਜੀ ਨੇ ਮਹਾਨ ਖ਼ੁਸ਼ੀ ਕੀਤੀ, "ਜੋ ਤੂੰ ਸਾਨੂੰ ਪ੍ਰੇਮ ਕੀਤਾ ਹੈ ਅਤੇ ਸੇਵਾ ਵਿਚ ਪ੍ਰੇਮ ਧਾਰਨ ਕੀਤਾ ਹੈ॥੩੮॥

ਤਿਸ ਕੋ ਫਲ ਹੋਵਹਿ ਤੁਝ ਭਾਰੋ। ਲਛਮੀ ਬਹੁ ਘਰ ਥਿਰਹਿ ਉਦਾਰੋ।
ਤਿਸ ਤੇ ਤੋਟਾ ਕਿਤਹੁਂ ਨ ਪਾਵੈਂ। ਲਾਭ ਲੇਤਿ ਹੀ ਬੈਸ ਬਿਤਾਵੈਂ॥ ੩੯॥

ਉਸ ਦਾ ਤੈਨੂੰ ਭਾਰੀ ਫਲ ਪ੍ਰਾਪਤ ਹੋਵੇਗਾ ਤੇ ਘਰ ਵਿਚ ਬਹੁਤ ਮਾਇਆ ਸਥਿਰ ਰਹੇਗੀ। ਇਸ ਤੋਂ ਤੂੰ ਕਦੇ ਵੀ ਤੋਟ ਨਹੀਂ ਪਾਵੇਂਗਾ, ਲਾਭ ਲੈਂਦਾ ਹੀ ਉਮਰ ਬਤੀਤ ਕਰੇਂਗਾ॥੩੯॥

ਹਮ ਕੋਠੀ ਤੇ ਲੈਹਿਂ ਕਿ ਨਾਂਹੀ। ਕਹਿਬੇ ਤੇ ਫਲ ਭਾ ਤੁਵ ਪਾਹੀ।
ਹਮ ਸੁਨਿ ਕੈ, ਕਿਯ ਭਾਵ ਬਿਸਾਲਾ। ਤੁਝ ਕੋ ਫਲ ਪ੍ਰਾਪਤਿ ਇਸ ਕਾਲਾ॥੪੦॥

ਅਸੀਂ ਕੋਠੀ ਤੋਂ ਕੁਝ ਲਈਏ ਕਿ ਨਹੀਂ, ਤੂੰ ਕੇਵਲ ਕਹਿਣ ਉੱਤੇ ਹੀ ਏਨਾ ਫਲ ਪਾ ਲਵੇਂਗਾ। ਸਾਡਾ ਫੁਰਨਾ ਸੁਣਕੇ ਤੂੰ ਬੜਾ ਪ੍ਰੇਮ ਕੀਤਾ ਹੈ, ਉਸ ਦਾ ਤੈਨੂੰ ਇਸ ਸਮੇਂ ਹੀ ਫਲ ਪ੍ਰਾਪਤ ਹੋਵੇਗਾ"॥੪੦॥

ਜਗਤ ਸੇਠ ਸੁਨਿ ਕੈ ਗੁਰ ਬਾਨੀ। ਭਯੋ ਅਨੰਦ ਨ ਜਾਇ ਬਖਾਨੀ।
'ਗੁਰ ਪ੍ਰਸੰਨਤਾ ਮੋ ਪਰ ਹੋਈ'। ਲਿਖੀ ਪੌਤ੍ਰਕਾ ਪੁਰਿ ਪੁਰਿ ਸੋਈ॥ ੪੧॥

ਜਗਤਾ ਸੇਠ ਗੁਰੂ ਜੀ ਦੇ ਬਚਨ ਸੁਣ ਕੇ ਐਸਾ ਅਨੰਦਿਤ ਹੋ ਗਿਆ ਕਿ ਉਸਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਕਹਿਣ ਲੱਗਾ, "ਗੁਰੂ ਜੀ ਦੀ ਮੇਰੇ 'ਤੇ ਪ੍ਰਸੰਨਤਾ ਹੋਈ ਹੈ।" ਉਸ ਨੇ ਸਾਰੇ ਨਗਰਾਂ ਨੂੰ ਚਿੱਠੀਆਂ ਲਿਖ ਦਿੱਤੀਆਂ ॥੪੧॥

ਨਿਜ ਥਲ ਬਿਖੈ ਪੁਚਾਵਨਿ ਕਰੇ। 'ਜਬਿ ਦੇਖਹੁ ਗੁਰ ਨਿਜ ਪੁਰਿ ਬਰੇ।
ਸਾਦਰ ਸਰਬ ਰੀਤਿ ਕੀ ਸੇਵਾ। ਕਰਹੁ ਪ੍ਰਸੰਨ ਤਹਾਂ ਗੁਰਦੇਵਾ' ॥ ੪੨ ॥

ਚਿੱਠੀਆਂ ਆਪਣੇ-ਆਪਣੇ ਥਾਵਾਂ 'ਤੇ ਪਹੁੰਚਾ ਦਿੱਤੀਆਂ, "ਜਦ ਇਹ ਵੇਖੋ ਕਿ ਗੁਰੂ ਜੀ ਤੁਹਾਡੇ ਨਗਰ ਵਿਚ ਦਾਖਲ ਹੋ ਗਏ ਹਨ ਤਾਂ ਆਦਰ ਨਾਲ ਸਰਬ ਰੀਤੀਆਂ ਨਾਲ ਸੇਵਾ ਕਰੋ ਤੇ ਉਥੇ ਗੁਰਦੇਵ ਜੀ ਨੂੰ ਪ੍ਰਸੰਨ ਕਰੋ" ॥੪੨॥

ਕਹਿ ਮਾਤਾ ਕੋ ਸਭਿ ਸਮੁਝਾਈ। ਪੁਨ ਪਗ ਪਰਿ ਨਿਜ ਗ੍ਰੀਵ ਨਿਵਾਈ।
ਲੇ ਕਰਿ ਬਰ ਗੁਰ ਤੇ ਮਨ ਭਾਯਾ। ਕਰਿ ਬੰਦਨ ਕੋ ਉਰ ਹਰਖਾਯਾ ॥ ੪੩ ॥

ਮਾਤਾ ਜੀ ਨੂੰ ਕਹਿ ਕੇ ਸਾਰੀ ਗੱਲ ਸਮਝਾ ਦਿੱਤੀ, ਫਿਰ ਉਨ੍ਹਾਂ ਦੇ ਚਰਨਾਂ 'ਤੇ ਆਪਣਾ ਸਿਰ ਨਿਵਾਇਆ। ਗੁਰੂ ਜੀ ਤੋਂ ਮਨ-ਭਾਉਂਦਾ ਵਰ ਲੈ ਕੇ, ਬੰਦਨਾ ਕਰਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ ॥੪੩॥

ਭੁਗਤਿ ਮੁਕਤਿ ਕੇ ਬਰ ਕੋ ਪਾਇ। ਅਪਨੀ ਆਪਨ ਪਹੁੰਚਯੋ ਜਾਇ।
ਸਭਿ ਸੰਗਤਿ ਮੈਂ ਜਸੁ ਬਿਸਤਰਾ। 'ਧੰਨ ਧੰਨਾ' ਤਿਸ ਕੋ ਸਭਿ ਕਰਾ ॥ ੪੪ ॥

ਭੁਗਤੀ ਮੁਕਤੀ ਦਾ ਵਰ ਪਾ ਕੇ, ਜਗਤਾ ਸੇਠ ਆਪਣੀ ਹੱਟੀ ਤੇ ਜਾ ਪਹੁੰਚਿਆ। ਸਾਰੀ ਸੰਗਤ ਵਿਚ ਜੱਸ ਫੈਲ ਗਿਆ, ਉਸ ਨੂੰ ਸਾਰਿਆਂ ਨੇ 'ਧੰਨ ਧੰਨ' ਕਿਹਾ ॥੪੪॥

*ਬਾਰ੍ਹਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ ॥੪੧॥*

## *ਅਧਿਆਇ ਬਤਾਲੀਵਾਂ*

### *ਪਟਨੇ ਤੋਂ ਵਿਦਾਇਗੀ*

*ਦੋਹਰਾ-* ਨਿਤਪ੍ਰਤਿ ਗੁਰ ਤਯਾਰੀ ਕਰਤਿ ਭਏ ਚਲਨਿ ਕਹੁ ਤਯਾਰ।
ਇਤਨੇ ਮਹਿਂ ਆਵਤਿ ਭਯੋ ਪਠਯੋ ਜੁ ਗੁਰੂ ਉਦਾਰ ॥ ੧ ॥

ਨਿਤਾਪ੍ਰਤੀ ਗੁਰੂ ਜੀ ਤਿਆਰੀ ਕਰਦੇ ਸਨ ਤੇ ਫਿਰ ਚਲਣ ਵਾਸਤੇ ਤਿਆਰ ਹੋ ਗਏ। ਏਨੇ ਵਿਚ ਉਹ ਸਿੱਖ ਵੀ ਪਹੁੰਚ ਗਿਆ ਜਿਸ ਨੂੰ ਵੱਡੇ ਗੁਰੂ ਸਾਹਿਬ ਨੌਵੀਂ ਪਾਤਸ਼ਾਹੀ ਨੇ ਭੇਜਿਆ ਸੀ ॥੧॥

*ਚੌਪਈ-* ਪਹੁੰਚਯੋ ਸਿੱਖ ਆਨਿ ਤਿਹ ਸਮੈਂ। ਜੁਗ ਮਾਤਨਿ ਬੰਦਤਿ ਸਿਰ ਨਮੈ।
ਬਿਚਰਤਿ ਆਪ ਦੇਖਿ ਚਲਿ ਆਏ। ਨਰ ਪੰਜਾਬੀ ਲਖਿ ਹਰਿਖਾਏ ॥੨॥

ਉਸ ਸਮੇਂ ਸਿੱਖ ਆ ਪਹੁੰਚਿਆ ਤੇ ਦੋਹਾਂ ਮਾਤਾਵਾਂ ਨੂੰ ਸਿਰ ਨਿਵਾ ਕੇ ਮੱਥਾ ਟੇਕਿਆ। ਖੇਡਦੇ-ਖੇਡਦੇ ਆਪ ਗੁਰੂ ਗੋਬਿੰਦ ਸਿੰਘ ਵੀ ਉਸ ਪੁਰਸ਼ ਨੂੰ ਵੇਖਕੇ ਚਲ ਕੇ ਆ ਗਏ, ਪੰਜਾਬੀ ਮਨੁੱਖ ਵੇਖ ਕੇ ਬਹੁਤ ਪ੍ਰਸੰਨ ਹੋਏ ॥੨॥

ਸਿਖ ਪਦ ਬੰਦਤਿ ਜੁਗ ਕਰ ਬੰਦਿ। ਗੁਰ ਕੋ ਸਭਿ ਬਿਧਿ ਕਹਯੋ ਅਨੰਦ।
ਹਾਥ ਬਿਖੈ ਤੇ ਦੀਨਸਿ ਪਾਤੀ। ਦੇਖਿ ਤੀਨ ਹੂੰ ਸੀਤਲ ਛਾਤੀ ॥ ੩ ॥

ਸਿੱਖ ਨੇ ਦੋਵੇਂ ਹੱਥ ਜੋੜ ਕੇ ਚਰਨਾਂ 'ਤੇ ਬੰਦਨਾ ਕੀਤੀ ਤੇ ਉਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ ਸਭ ਤਰ੍ਹਾਂ ਦੀ ਆਨੰਦ ਕੁਸ਼ਲ ਕਹੀ। ਆਪਣੇ ਹੱਥ ਵਿਚੋਂ ਉਸ ਇਕ ਚਿੱਠੀ ਦਿੱਤੀ। ਵੇਖ ਕੇ ਤਿੰਨਾਂ ਭਾਵ ਦੋਵੇਂ ਮਾਤਾ ਜੀ ਤੇ ਸਾਹਿਬਜ਼ਾਦੇ ਦੀ ਛਾਤੀ ਵਿਚ ਠੰਡ ਪੈ ਗਈ ਭਾਵ ਉਨ੍ਹਾਂ ਨੂੰ ਸੁਖ ਪ੍ਰਾਪਤ ਹੋਇਆ ॥੩॥

ਤਤਛਿਨ ਖੋਲਿ ਪਢਾਵਨਿ ਕੀਨਿ। ਲਿਖੀ ਕੁਸ਼ਲ ਸਭਿ ਗੁਰੂ ਪ੍ਰਬੀਨ।
'ਸੰਗਤਿ ਸਹਤ ਮਸੰਦਨ ਸਾਰੇ। ਹਮ ਦਿਸ਼ਿ ਤੇ ਦਿਹੁ ਖੁਸ਼ੀ ਉਚਾਰੇ॥ ੪॥

ਤੁਰਤ ਚਿੱਠੀ ਖੋਲ੍ਹ ਕੇ ਪੜ੍ਹਾਈ, ਚਤੁਰ ਗੁਰੂ ਜੀ ਨੇ ਸਭ ਪ੍ਰਕਾਰ ਅਨੰਦ ਕੁਸ਼ਲ ਲਿਖਿਆ ਸੀ, "ਸੰਗਤ ਸਹਿਤ ਸਾਰੇ ਮਸੰਦ ਸਾਡੇ ਵਲੋਂ ਖੁਸ਼ੀ ਉਚਾਰਨ ਕਰੋ ॥੪॥

ਸਭਿਹਿਨਿ ਕਹੁ ਬਹੁ ਕਹਹੁ ਦਿਲਾਸਾ। ਨਿਜ ਦਿਸ਼ਿ ਤੇ ਪੂਰਹੁ ਤਿਨ ਆਸਾ।
ਸਿਖ ਸੰਗਤਿ ਕੋ ਉਰ ਹਰਿਖਾਇ। ਤਯਾਰ ਹੋਇ ਲਿਹੁ ਨਰ ਸਮੁਦਾਇ॥ ੫॥

ਸਾਰਿਆਂ ਨੂੰ ਬਹੁਤ ਦਿਲਾਸਾ ਦੇਵੋ ਤੇ ਆਪਣੇ ਵਲੋਂ ਉਨ੍ਹਾਂ ਦੀ ਆਸ ਪੂਰੀ ਕਰੋ। ਸਿੱਖ ਸੰਗਤ ਦੇ ਹਿਰਦੇ ਖੁਸ਼ ਕਰਕੇ ਤਿਆਰ ਹੋ ਕੇ ਸਾਰੇ ਮਨੁੱਖਾਂ ਨੂੰ ਆਪਣੇ ਨਾਲ ਲੈ ਲਵੋ॥੫॥

ਚਲਿ ਪੰਜਾਬ ਦੇਸ਼ ਕੋ ਆਵਹੁ। ਗਮਨਹੁਂ ਸੁਖ ਸੋਂ ਨਹਿਂ ਉਤਲਾਵਹੁ।
ਮਗ ਮਹਿਂ ਪੁਰਿ ਤਿਨ ਮਹਿਂ ਬਹੁ ਸੰਗਤ। ਸਿਮਰਹਿਂ ਸਤਿਗੁਰ ਕਰਿ ਕਰਿ ਪੰਗਤਿ ॥੬॥

ਪੰਜਾਬ ਦੇਸ਼ ਵਲ ਚਲ ਕੇ ਆ ਜਾਵੋ, ਆਰਾਮ ਨਾਲ ਚਲੋ ਬਹੁਤ ਵਿਆਕੁਲ ਨਾ ਹੋਵੋ। ਰਾਹ ਵਿਚ ਜਿਹੜੇ ਨਗਰ ਹਨ, ਉਥੇ ਬਹੁਤ ਸੰਗਤ ਹੈ, ਉਹ ਪੰਗਤਾਂ ਬਣਾ-ਬਣਾ ਸਤਿਗੁਰੂ ਜੀ ਦਾ ਸਿਮਰਨ ਕਰਦੇ ਹਨ॥੬॥

ਤਿਨ ਸਭਿਹਿਨਿ ਕਹੁ ਦਰਸ਼ਨ ਦੇਤੇ। ਪੂਰਹੁ ਮਨੋਰਥ ਸਿਖ ਚਹਿਂ ਜੇਤੇ।
ਸਨੇ ਸਨੇ ਮਗ ਉਲੰਘਨ ਕਰੀਅਹਿ। ਆਨਿ ਅਨੰਦਪੁਰਿ ਨਗਰ ਨਿਹਰੀਅਹਿ ॥੭॥

ਉਨ੍ਹਾਂ ਸਾਰਿਆਂ ਨੂੰ ਦਰਸ਼ਨ ਦੇ ਕੇ ਉਨ੍ਹਾਂ ਦੇ ਮਨੋਰਥ ਪੂਰੇ ਕਰੋ, ਜਿੰਨੇ ਵੀ ਮਨੋਰਥ ਪੂਰੇ ਕਰਨ ਵਾਸਤੇ ਸਿੱਖ ਚਾਹਿਣ। ਹੌਲੀ-ਹੌਲੀ ਪੈਂਡਾ ਕਰਦੇ ਆਵੋ ਤੇ ਆ ਕੇ ਅਨੰਦਪੁਰ ਨਗਰ ਵੇਖੋ॥੭॥

ਬਸਹੁ ਜਥਾ ਸੁਖ ਇਤਿ ਚਿਰਕਾਲ। ਗਮਨਹੁ ਮਗ ਸਭਿ ਬਿਧਿ ਸੰਭਾਲਾ।
ਸੁਨਿ ਮਨ ਹਰਖੇ ਕਹਤਿ ਉਤਾਲੇ। 'ਭਲੀ ਭਈ ਪਿਤ ਮਰਜ਼ੀ ਚਾਲੇ॥ ੮॥

ਏਥੇ ਸੁਖ ਨਾਲ ਦੇਰ ਤਕ ਵੱਸੋ, ਤੇ ਸਭ ਵਿਧੀਆਂ ਨਾਲ ਸੰਭਾਲ ਕੇ ਰਾਹ ਵਿਚ ਚਲੋ।" ਇਹ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਦਾ ਮਨ ਬਹੁਤ ਪ੍ਰਸੰਨ ਹੋਇਆ ਤੇ ਉਹ ਉਤਾਵਲੇ ਹੋ ਕੇ ਕਹਿਣ ਲੱਗੇ, "ਚੰਗਾ ਹੋਇਆ ਹੈ, ਪਿਤਾ ਜੀ ਦੀ ਮਰਜ਼ੀ ਨਾਲ ਚਲੇ ਹਾਂ॥੮॥

ਰਿਦੈ ਹਮਰੇ ਕੀ ਸਭਿ ਜਾਨਿ। ਲਿਖੀ ਪੱਤ੍ਰਿਕਾ ਗੁਰ ਭਗਵਾਨ'।
ਪੁਨ ਸਿਖ ਤੇ ਸਭਿ ਬੂਝੀ ਗਾਥ। 'ਕਹਾਂ ਛੋਰਿ ਆਯੋ ਗੁਰ ਨਾਥ ?॥ ੯॥

ਉਨ੍ਹਾਂ ਨੇ ਸਾਡੇ ਹਿਰਦੇ ਦੀ ਸਾਰੀ ਗੱਲ ਜਾਣ ਲਈ ਹੈ ਤੇ ਗੁਰੂ ਭਗਵਾਨ ਜੀ ਨੇ ਚਿੱਠੀ ਲਿਖੀ ਹੈ।" ਫਿਰ ਸਿੱਖ ਪਾਸੋਂ ਸਾਰਾ ਬ੍ਰਿਤਾਂਤ ਪੁੱਛਿਆ, "ਤੁਸੀਂ ਗੁਰੂ ਜੀ ਨੂੰ ਕਿੱਥੇ ਛੱਡ ਕੇ ਆਏ ਹੋ ?॥੯॥

ਕਹਾਂ ਬਿਲਾਸ ਕਰਤਿ ਮਨ ਭਾਦੇ ?। ਸੰਗਤਿ ਰਹਹਿ ਕਿਤਿਕ ਢਿਗ ਆਏ ?।
ਕਿਸ ਬਿਧਿ ਕੋ ਅਨੰਦਪੁਰਿ ਹੇਰਾ ? ਕਿਤਿਕ ਦੂਰ ਦਰਿਆਉ ਬਡੇਰਾ ? ॥੧੦॥

ਕਿੱਥੇ ਉਹ ਮਨ-ਭਾਉਂਦਾ ਅਨੰਦ ਬਿਲਾਸ ਕਰ ਰਹੇ ਹਨ, ਕਿੰਨੀ ਕੁ ਸੰਗਤ ਉਨ੍ਹਾਂ ਦੇ ਪਾਸ ਆ ਕੇ ਰਹਿੰਦੀ ਹੈ ? ਕਿਸ ਵਿਧੀ ਨਾਲ ਅਨੰਦਪੁਰ ਨੂੰ ਵੇਖਿਆ ਹੈ ? ਕਿੰਨੀ ਦੂਰ ਵੱਡਾ ਦਰਿਆ ਹੈ ?॥੧੦॥

ਕਿਤਿਕ ਨਿਕਟਿ ਦੂਸਰ ਦਿਸ਼ਿ ਗਿਰ ਹੈਂ ? ਕਿਸ ਪ੍ਰਕਾਰ ਕੀ ਹੇਰੀ ਧਰ ਹੈ ?'
ਸੁਨਤਿ ਸਿੱਖ ਨੇ ਸਕਲ ਬਤਾਈ। 'ਆਵਹਿ ਨਿਤ ਸੰਗਤ ਸਮੁਦਾਈ॥ ੧੧॥

ਕਿੰਨੀ ਕੁ ਦੂਰ ਦੂਸਰੀ ਤਰਫ ਪਹਾੜ ਹਨ ? ਕਿਸ ਪ੍ਰਕਾਰ ਦੀ ਉਹ ਧਰਤੀ ਵੇਖੀ ਹੈ ?" ਇਹ ਸੁਣ ਕੇ ਸਿੱਖ ਨੇ ਸਾਰੀ ਗੱਲ ਦੱਸੀ, "ਸਦਾ ਬਹੁਤ ਸੰਗਤ ਆਉਂਦੀ ਹੈ॥੧੧॥

ਸਤੁੱਦ੍ਰਵ ਸਲਿਤਾ ਨਿਕਟਿ ਪ੍ਰਵਾਹੂ। ਬਿਮਲ ਅਗਾਧ ਚਲਹਿ ਜਲ ਮਾਂਹੂ।
ਨਿਕਟਿ ਨਿਕਟਿ ਪਰਬਤ ਗਨ ਖਰੇ। ਬਾਸ ਚੰਡਿਕਾ ਊਪਰ ਕਰੇ॥ ੧੨॥

ਸਤਲੁਜ ਦਰਿਆ ਦਾ ਪ੍ਰਵਾਹ ਬਹੁਤ ਨੇੜੇ ਹੈ, ਉਸ ਵਿਚ ਅਗਾਧ ਨਿਰਮਲ ਜਲ ਚਲਦਾ ਹੈ। ਨੇੜੇ-ਨੇੜੇ ਬਹੁਤ ਪਹਾੜ ਖੜੇ ਹਨ ਤੇ ਉਪਰ ਨੈਣਾ ਦੇਵੀ ਨਾਮਕ ਟਿੱਲਾ ਹੈ॥੧੨॥

ਅਵਨੀ ਤਲ ਸੁੰਦਰ ਸਬਜ਼ਾਈ। ਖਰੇ ਤਰੋਵਰ ਜਹਿਂ ਸਮੁਦਾਈ।
ਗੁਰ ਅਨੰਦ ਪੁਰਿ ਬਿਖੈ ਸੁਹਾਏ। ਸਿਖ ਮਸੰਦ ਢਿਗ ਰਹਿਂ ਸਮੁਦਾਏ॥ ੧੩॥

ਧਰਤੀ ਦੇ ਤਲ 'ਤੇ ਸੁੰਦਰ ਹਰਿਆਵਲ ਹੈ, ਜਿੱਥੇ ਬਹੁਤ ਦਰੱਖਤ ਖੜੇ ਹਨ। ਗੁਰੂ ਜੀ ਅਨੰਦਪੁਰ ਵਿਚ ਸ਼ੋਭ ਰਹੇ ਹਨ, ਬਹੁਤ ਸਿੱਖ ਅਤੇ ਮਸੰਦ ਉਨ੍ਹਾਂ ਦੇ ਪਾਸ ਰਹਿੰਦੇ ਹਨ॥੧੩॥

ਜਹਿਂ ਸਤਿਗੁਰ ਕੇ ਚਰਨ ਸਿਧਾਰੈਂ। ਸੰਗਤਿ ਬ੍ਰਿੰਦ ਆਨਿ ਪਰਵਾਰੈ।
ਆਵਤਿ ਜਾਤਿ ਹਜ਼ਾਰਹੁਂ ਨੀਤ। ਲੇਤਿ ਕਾਮਨਾ ਕਰਹਿਂ ਜੁ ਚੀਤ॥ ੧੪॥

ਜਿੱਥੇ ਵੀ ਸਤਿਗੁਰੂ ਜੀ ਚਲ ਕੇ ਜਾਂਦੇ ਹਨ, ਉਥੇ ਹੀ ਬਹੁਤ ਸੰਗਤ ਆ ਘੇਰਾ ਪਾਉਂਦੀ ਹੈ। ਸਦਾ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆਉਂਦੀ ਹੈ, ਜੋ ਵੀ ਚਿੱਤ ਵਿਚ ਧਾਰਨ ਕਰਦੇ ਹਨ, ਉਹੀ ਕਾਮਨਾਵਾਂ ਪਾ ਲੈਂਦੇ ਹਨ॥੧੪॥

ਜਸ ਬਹੁ ਫੈਲਿ ਰਹਜੋ ਸਭਿ ਦੇਸ਼। ਆਵਹਿਂ ਲੈ ਲੈ ਦਰਬ ਵਿਸ਼ੇਸ਼।
ਕਰਹਿਂ ਉਧਾਰਨਿ ਸ਼ਰਧਾਵਾਨ। ਇਸ ਬਿਲਾਸ ਮਹਿਂ ਗੁਰ ਭਗਵਾਨ' ॥ ੧੫॥

ਸਾਰੇ ਦੇਸ਼ ਵਿਚ ਬੜਾ ਜੱਸ ਫੈਲ ਰਿਹਾ ਹੈ, ਸਿੱਖ ਸੰਗਤ ਵਿਸ਼ੇਸ਼ ਧਨ ਲੈ ਲੈ ਕੇ ਆ ਰਹੀ ਹੈ। ਗੁਰੂ ਜੀ ਸ਼ਰਧਾਵਾਨਾਂ ਦਾ ਉਧਾਰ ਕਰਦੇ ਹਨ, ਗੁਰੂ ਭਗਵਾਨ ਇਸ ਤਰ੍ਹਾਂ ਅਨੰਦ ਬਿਲਾਸ ਕਰਦੇ ਹਨ" ॥੧੫॥

ਸੁਨਿ ਪ੍ਰਸੰਨ ਸਿਖ ਪਰ ਤਬਿ ਭਏ। ਭੁਗਤਿ ਮੁਕਤਿ ਕੌ ਬਰ ਸ਼ੁਭ ਦਏ।
ਜੁਗ ਮਾਤਨਿ ਤਯਾਰੀ ਕਰਿਵਾਈ। ਵਾਹਨ ਸਾਜ਼ ਦਾਸ ਸਮੁਦਾਈ॥ ੧੬॥

ਇਹ ਸੁਣ ਤਦ ਸਿੱਖ 'ਤੇ ਬਹੁਤ ਪ੍ਰਸੰਨ ਹੋਏ ਤੇ ਉਸ ਨੂੰ ਭੁਗਤੀ ਮੁਕਤੀ ਦੇ ਸ਼ੁਭ ਵਰ ਦਿੱਤੇ। ਦੋਵਾਂ ਮਾਤਾ ਜੀ ਨੇ ਤਿਆਰੀ ਕਰਵਾਈ ਤੇ ਸਾਰੇ ਸੇਵਕਾਂ ਨੇ ਵਾਹਣਾਂ ਨੂੰ ਤਿਆਰ ਕੀਤਾ॥੧੬॥

ਸਜੰਦਨ ਡੋਰੇ ਪਾਇ ਉਛਾਰ। ਜ਼ਰੀਦਾਰ ਜਗਮਗਤਿ ਉਦਾਰ।
ਤੁੰਗ ਕਕੁਦ ਬਲਿ ਦੀਰਘ ਬੈਲ। ਚਲਹਿਂ ਤੁਰੰਗ ਮਨਿੰਦੈ ਗੈਲ॥ ੧੭॥

ਰੱਥਾਂ ਅਤੇ ਡੋਲਿਆਂ ਉੱਤੇ ਉਛਾੜ ਪਾਏ, ਜਿਹੜੇ ਜ਼ਰੀਦਾਰ ਬਹੁਤ ਜਗਮਗਾ ਰਹੇ ਸਨ। ਉੱਚੀਆਂ ਬੰਨ੍ਹਾਂ ਵਾਲੇ ਤੇ ਬਲਵਾਨ ਵੱਡੇ-ਵੱਡੇ ਬਲਦ ਸਨ, ਉਹ ਰਾਹ ਦੇ ਵਿਚ ਘੋੜਿਆਂ ਵਾਂਗ ਚਲਦੇ ਸਨ॥੧੭॥

ਕੰਚਨ ਪੋਰੀ ਸ਼ਿੰਗਨਿ ਪਾਏ। ਭੂਖਨ ਟਲਕਾ ਆਦਿ ਸੁਹਾਏ।
ਸਿਵਕਾਦਿਕ ਜਟਤੀ ਨਗ ਕਰੇ। ਮੁਕਰ ਚੁਕੋਨ ਗੋਲ ਸ਼ਰ ਜਰੇ॥ ੧੮॥

ਬਲ੍ਹਦਾਂ ਦੇ ਸਿੰਗਾਂ 'ਤੇ ਸੋਨੇ ਦੀਆਂ ਨਲਕੀਆਂ ਪਾਈਆਂ ਸਨ ਤੇ ਗਹਿਣੇ ਅਤੇ ਟੱਲੀਆਂ ਬਹੁਤ ਸ਼ੋਭ ਰਹੀਆਂ ਸਨ। ਪਾਲਕੀਆਂ ਆਦਿ ਨੂੰ ਨਗ ਲੱਗੇ ਹੋਏ ਸਨ। ਚੁਕੋਨੇ ਤੇ ਗੋਲ ਸ਼ੀਸ਼ੇ ਬੜੀ ਸੋਹਣੀ ਤਰ੍ਹਾਂ ਮੜ੍ਹੇ ਹੋਏ ਸਨ॥੧੮॥

ਝਾਲਰ ਜ਼ਰੀ ਗੁੰਫ ਲਰਕਾਏ। ਮੁਕਤਾ ਲਰੀ ਬ੍ਰਿੰਦ ਛਬਿ ਛਾਏ।
ਉਚਿਤ ਸਮਿੱਗ੍ਰੀ ਸਾਥ ਉਠਾਵਨਿ। ਸਭਿ ਕੇ ਕੀਨੇ ਭਾਰ ਬੰਧਾਵਨਿ॥ ੧੯॥

ਜ਼ਰੀ ਦੀਆਂ ਝਾਲਰਾਂ ਦੇ ਗੁੱਛੇ ਲਟਕਾਏ ਹੋਏ ਸਨ ਤੇ ਮੋਤੀਆਂ ਦੀਆਂ ਲੜੀਆਂ ਦੀ ਬਹੁਤ ਛਵੀ ਛਾਈ ਹੋਈ ਸੀ। ਉਚਿਤ ਸਮੱਗਰੀ ਦੇ ਨਾਲ ਉਨ੍ਹਾਂ ਨੂੰ ਚੁੱਕਣਾ ਸੀ, ਸਾਰਿਆਂ ਦੇ ਭਾਰ ਬੰਨ੍ਹਵਾ ਦਿੱਤੇ॥੧੯॥

ਸੁਨਿ ਤਯਾਰੀ ਕੋ ਸੰਗਤਿ ਆਈ। ਮਸਤਕ ਟੇਕਹਿਂ 'ਦਿਹੁ ਵਥੁ ਕਾਈ।
ਅੰਗ ਸੰਗ ਜੋ ਲਾਗੀ ਗੁਰ ਕੇ। ਜਿਸ ਤੇ ਲਹੈਂ ਮਨੋਰਥ ਉਰ ਕੇ॥ ੨੦॥

ਗੁਰੂ ਜੀ ਦੀ ਤਿਆਰੀ ਨੂੰ ਸੁਣ ਕੇ ਸੰਗਤ ਆਈ ਤੇ ਮੱਥਾ ਟੇਕ ਕੇ ਕਹਿਣ ਲੱਗੀ, "ਸਾਨੂੰ ਪੂਜਣ ਵਾਸਤੇ ਕੋਈ ਨਿਜੀ ਵਸਤੂ ਦੇਵੋ ਜਿਹੜੀ ਗੁਰੂ ਜੀ ਦੇ ਅੰਗ-ਸੰਗ ਨੂੰ ਛੂਹੀ ਹੋਵੇ, ਜਿਸ ਤੋਂ ਅਸੀਂ ਆਪਣੇ ਹਿਰਦੇ ਦਾ ਮਨੋਰਥ ਪੂਰਾ ਕਰ ਲਈਏ॥੨੦॥

ਤੁਮ ਸਮ ਪੂਜਹਿਂ ਦਰਸ਼ਨ ਕਰੈਂ। ਰਿਦੈ ਭਾਵਨਾ ਸੰਗਤਿ ਧਰੈ'।
ਸੁਨਿ ਸ੍ਰੀ ਤੇਗ ਬਹਾਦਰ ਨੰਦਨ। ਦਿਯੋ ਪੰਘੂਰਾ ਸਿੱਖਨਿ ਬੰਦਨ॥ ੨੧॥

ਤੁਹਾਡੇ ਵਾਂਗ ਪੂਜ ਕੇ ਦਰਸ਼ਨ ਕਰੀਏ, ਜਦ ਵੀ ਸੰਗਤ ਆਪਣੇ ਹਿਰਦੇ ਦੀ ਭਾਵਨਾ ਧਾਰਨ ਕਰੇ।" ਇਹ ਸੁਣ ਕੇ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਨੇ ਆਪਣਾ ਪੰਘੂੜਾ ਸਿੱਖਾਂ ਦੇ ਨਮਸਕਾਰ ਕਰਨ ਲਈ ਦੇ ਦਿੱਤਾ॥੨੧॥

'ਬਾਲਿਕ ਬਯ ਹਮ ਇਸ ਪਰ ਰਹੇ। ਸ਼ਰਧਾ ਧਰਹੁ ਕਾਮਨਾ ਲਹੇ'।
ਸਹਿਤ ਮਸੰਦਨ ਆਇਸੁ ਮਾਨੀ। ਰਖਯੋ ਪੰਘੂਰਾ ਜਨਮ ਸਥਾਨੀ॥ ੨੨॥

"ਬਾਲਾ ਉਮਰ ਵਿਚ ਅਸੀਂ ਇਸ ਵਿਚ ਰਹੇ ਹਾਂ, ਸ਼ਰਧਾ ਧਾਰ ਕੇ ਕਾਮਨਾ ਪ੍ਰਾਪਤ ਕਰੋ।" ਮਸੰਦਾਂ ਸਹਿਤ ਸਾਰਿਆਂ ਨੇ ਆਗਿਆ ਮੰਨੀ ਤੇ ਪੰਘੂੜੇ ਨੂੰ ਜਨਮ ਸਥਾਨ ਵਾਲੀ ਥਾਂ 'ਤੇ ਰੱਖ ਦਿੱਤਾ॥੨੨॥

ਅਜ ਲੌ ਅਹੈ ਸੁਨਯੋ ਹਮ ਕਾਨ। ਅਭਿਖੇਕੀਤ ਸਿਖ ਗੁਰੂ ਸਮਾਨ।
ਜਨਮ ਥਾਨ ਜੋ ਦਰਸ਼ਨ ਕਰਿ ਹੈ। ਜਨਮ ਜਨਮ ਕੇ ਕਲਮਲ ਹਰਿ ਹੈ॥੨੩॥

ਅੱਜ ਤਕ ਇਹੀ ਅਸੀਂ ਕੰਨਾਂ ਨਾਲ ਸੁਣਿਆ ਹੈ ਕਿ ਸਿੱਖ ਇਸ ਪੰਘੂੜੇ ਦੀ ਗੁਰੂ ਸਮਾਨ ਪੂਜਾ ਕਰਦੇ ਹਨ। ਜਨਮ ਸਥਾਨ ਦੇ ਜੋ ਦਰਸ਼ਨ ਕਰਦਾ ਹੈ, ਉਸਦੇ ਜਨਮਾਂ-ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ॥੨੩॥

'ਸ੍ਰੀ ਗੁਰ ਤੇਗਬਹਾਦਰ ਜਹਾਂ। ਚਲਨਿ ਸਮੈ ਉਤਰੇ ਸੁਖ ਲਹਾ।
ਤਹਾ ਪ੍ਰਥਮ ਡੇਰਾ ਠਹਿਰਾਯਹੁ'। ਸਭਿ ਸੰਗਤਿ ਕੌ ਭਾਖਿ ਸੁਨਾਯਹੁ॥ ੨੪॥

ਸਾਰੀ ਸੰਗਤ ਨੂੰ ਕਹਿ ਕੇ ਸੁਣਾਇਆ, "ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪੰਜਾਬ ਦੇਸ਼ ਨੂੰ ਜਾਣ ਲਗਿਆਂ ਜਿੱਥੇ ਉਤਾਰਾ ਕਰਕੇ ਸੁਖ ਪ੍ਰਾਪਤ ਕੀਤਾ ਸੀ, ਪਹਿਲਾ ਡੇਰਾ ਉਥੇ ਲਾਵੋ"॥੨੪॥

ਜੇਤਿਕ ਸ਼ਸਤ੍ਰ ਸੰਚਿ ਨਿਜ ਕਰੇ। ਸੋ ਸੰਦੂਖ ਮਹਿਂ ਸਾਦਰ ਧਰੇ।
ਦਾਸਨ ਕੇ ਸਿਰ ਪਰ ਧਰਿਵਾਇ। ਕਹਿ ਕਰਿ ਪੂਰਬ ਦਿਏ ਪੁਚਾਇ॥ ੨੫॥

ਜਿੰਨੇ ਵੀ ਸ਼ਸਤਰ ਸਨ ਸਾਰੇ ਇਕੱਠੇ ਕਰ ਲਏ, ਉਨ੍ਹਾਂ ਨੂੰ ਬੜੇ ਆਦਰ ਨਾਲ ਸੰਦੂਕ ਵਿਚ ਧਰ ਦਿੱਤਾ ਤੇ ਸੰਦੂਕ ਨੂੰ ਸੇਵਕਾਂ ਦੇ ਸਿਰ ਤੇ ਧਰ ਦਿੱਤਾ ਤੇ ਕਹਿ ਕੇ ਪਹਿਲਾਂ ਹੀ ਪਹੁੰਚਾ ਦਿੱਤੇ॥੨੫॥

ਅਪਰ ਸਮਿੱਗ੍ਰੀ ਚਲਿ ਚਲਿ ਤਹਾਂ। ਆਨਿ ਪਹੂੰਚੇ ਡੇਰੇ ਜਹਾਂ।
ਬਾਲਿਕ ਖੇਲਤਿ ਸੋ ਸਭਿ ਆਏ। ਹਾਥ ਜੋਰਿ ਬੰਦਹਿ ਸਮੁਦਾਏ॥ ੨੬॥

ਹੋਰ ਸਾਮੱਗਰੀ ਲੈ ਲੈ ਕੇ ਉਥੇ ਆ ਪਹੁੰਚੇ ਜਿੱਥੇ ਡੇਰਾ ਸੀ। ਜੋ ਬਾਲਕ ਗੁਰੂ ਜੀ ਦੇ ਨਾਲ ਖੇਡਦੇ ਸਨ, ਉਹ ਸਭ ਆ ਗਏ ਉਨ੍ਹਾਂ ਸਾਰਿਆਂ ਨੇ ਹੱਥ ਜੋੜ ਕੇ ਬੰਦਨਾ ਕੀਤੀ॥੨੬॥

ਸਜਾਨੇ ਭਨਹਿਂ ਤਿਨਹੁਂ ਮਹਿਂ ਐਸੇ। 'ਕਰੀ ਸਭਿਨਿ ਸੋਂ ਗੋਬਿੰਦ ਜੈਸੇ।
ਜਬਿ ਸੁਧਿ ਭਈ ਤਜਾਗ ਕਰਿ ਗਏ। ਬਿੰਦ੍ਰਾਬਨ ਬਾਸੀ ਦੁਖ ਲਏ॥ ੨੭॥

ਉਨ੍ਹਾਂ ਵਿਚ ਜੋ ਸਿਆਣੇ ਸਨ, ਉਹ ਇਸ ਤਰ੍ਹਾਂ ਕਹਿੰਦੇ ਸਨ, "ਜਿਸ ਤਰ੍ਹਾਂ ਸਾਰਿਆਂ ਨਾਲ ਕ੍ਰਿਸ਼ਨ ਜੀ ਨੇ ਕੀਤੀ ਸੀ, ਜਦ ਵੱਡੇ ਹੋਏ ਤਾਂ ਛੱਡ ਕੇ ਚਲੇ ਗਏ ਤਾਂ ਬਿੰਦ੍ਰਾਬਨ ਦੇ ਵਾਸੀਆਂ ਨੇ ਬਹੁਤ ਦੁਖ ਪਾਇਆ ਸੀ॥੨੭॥

ਮਥੁਰਾ ਜਾਇ ਬਸੇ ਤਤਕਾਲਾ। ਬਾਲ ਸਖਾ ਸਭਿ ਭਏ ਬਿਹਾਲਾ।
ਤਿਨਹੁਂ ਮਨਿੰਦ ਨਾਮ ਇਨ ਕੇਰਾ। ਕ੍ਰਿਆ ਬਿਖੈ ਭੀ ਸਮ ਹੀ ਹੇਰਾ॥ ੨੮॥

ਤੁਰਤ ਮਥਰਾ ਜਾ ਕੇ ਵਾਸਾ ਕਰ ਲਿਆ, ਬਾਲਕ ਮਿੱਤਰ ਬਹੁਤ ਵਿਆਕੁਲ ਹੋ ਗਏ, ਉਨ੍ਹਾਂ ਵਾਂਗ ਹੀ ਇਨ੍ਹਾਂ ਦਾ ਨਾਮ ਹੈ, ਤੇ ਉਨ੍ਹਾਂ ਵਾਂਗ ਹੀ ਇਨ੍ਹਾਂ ਕੀਤਾ ਹੈ। ਹੋਰ ਕ੍ਰਿਆਵਾਂ ਵਿਚ ਵੀ ਅਸੀਂ ਉਨ੍ਹਾਂ ਦੇ ਸਮਾਨ ਹੀ ਵੇਖਿਆ ਹੈ॥੨੮॥

ਪ੍ਰੇਮ ਦਾਨ ਸੋਂ ਬੰਧਨ ਧਰੇ। ਬਿਛੁਰਤਿ ਬਹੁਰ ਤਜਾਗ ਕਹੁ ਕਰੇ।
ਦੋਨਹੁਂ ਜਨੁ ਇਕ ਪਾਟੀ ਪਢੇ। ਮਿਲ ਸਭਿ ਕੇ ਮਨ ਲੇਵਤਿ ਕਢੇ॥ ੨੯॥

ਪ੍ਰੇਮ ਦਾਨ ਨਾਲ ਬੰਨ੍ਹ ਕੇ ਫਿਰ ਛੱਡ ਕੇ ਵਿੱਛੜ ਜਾਂਦੇ ਹਨ। ਦੋਵੇਂ ਸਾਹਿਬਜ਼ਾਦਾ ਜੀ ਅਤੇ ਕ੍ਰਿਸ਼ਨ ਜੀ ਮਾਨੋ ਇਕੋ ਪੱਟੀ ਪੜ੍ਹੇ ਹਨ, ਪਹਿਲਾਂ ਮਿਲ ਕੇ ਸਾਰਿਆਂ ਦੇ ਮਨ ਕੱਢ ਲੈਂਦੇ ਹਨ॥੨੯॥

ਸੋਈ ਆਨਿ ਲੀਨਿ ਅਵਤਾਰ। ਨਿਸ਼ਚੇ ਜਾਨੇ ਪਰਹਿਂ ਬਿਹਾਰ।
ਬ੍ਰਿਹੁ ਕੋ ਸੰਕਟ ਜਿਮ ਘਨਸ਼ਯਾਮੂ। ਤਿਮ ਪਟਣੇ ਮਹਿਂ ਸਿੱਖਜਨਿ ਧਾਮੂ॥ ੩੦॥

ਕ੍ਰਿਸ਼ਨ ਜੀ ਨੇ ਹੀ ਆ ਅਵਤਾਰ ਲਿਆ ਹੈ, ਬਿਹਾਰ ਨਗਰ ਦੇ ਸਾਰੇ ਲੋਕ ਨਿਸ਼ਚਾ ਕਰਕੇ ਜਾਣਦੇ ਹਨ।" ਜਿਵੇਂ ਘਨਸ਼ਾਮ ਨੇ ਬ੍ਰਿਹਾ ਦਾ ਸੰਕਟ ਦਿੱਤਾ ਸੀ ਉਸ ਤਰ੍ਹਾਂ ਹੀ ਪਟਨੇ ਦੇ ਸਿੱਖਾਂ ਦੇ ਪੂਜਨੀਕ ਗੁਰੂ ਜੀ ਨੇ ਬ੍ਰਿਹਾ ਦਾ ਦੁਖ ਦਿੱਤਾ॥੩੦॥

ਸ਼ਾਹੁਨਿ ਕੇ ਸੁਤ ਕੇਤਿਕ ਕਹੈਂ। 'ਹਮ ਤੌ ਇਨ ਕੇ ਸੰਗ ਹੀ ਰਹੈਂ।
ਜਬਿ ਇਸ ਦੇਸ਼ ਆਇ ਹੈਂ ਫੇਰੇ। ਨਿਜ ਸਨਬੰਧਨਿ ਕੋ ਪੁਨ ਹੇਰੇਂ'॥ ੩੧॥

ਕਈ ਸ਼ਾਹਾਂ ਦੇ ਪੁੱਤਰ ਕਹਿੰਦੇ ਸਨ, "ਅਸੀਂ ਤਾਂ ਇਨ੍ਹਾਂ ਦੇ ਨਾਲ ਹੀ ਰਹਾਂਗੇ, ਜਦ ਇਸ ਦੇਸ਼ ਵਿਚ ਆਉਣਗੇ, ਆਪਣੇ ਸੰਬੰਧੀਆਂ ਨੂੰ ਫਿਰ ਆ ਵੇਖਾਂਗੇ"॥੩੧॥

ਤਿਨ ਕੇ ਮਾਤ ਪਿਤਾ ਸਮੁਝਾਵੈਂ। 'ਹੇ ਸੁਤ ! ਅਬਿ ਇਹ ਫੇਰ ਨ ਆਵੈਂ।
ਹਮਰੇ ਬਡੇ ਭਾਗ ਜੇ ਹੋਤਿ। ਇਹਾਂ ਬਸਤਿ ਪਿਖਿ ਅਨੰਦ ਉਦੋਤਿ'॥ ੩੨॥

ਉਨ੍ਹਾਂ ਬਾਲਕਾਂ ਦੇ ਮਾਤਾ ਪਿਤਾ ਸਮਝਾਉਂਦੇ ਸਨ, "ਹੇ ਪੁੱਤਰ ! ਹੁਣ ਇਹ ਦੁਬਾਰਾ ਨਹੀਂ ਆਉਣਗੇ, ਜੇ ਸਾਡੇ ਭਾਗ ਹੁੰਦੇ ਤਾਂ ਇਹ ਏਥੇ ਵੱਸਦੇ ਤਾਂ ਇਨ੍ਹਾਂ ਨੂੰ ਵੇਖ ਕੇ ਅਨੰਦ ਪਾਉਂਦੇ"॥੩੨॥

ਕੇਤਿਕ ਨਿਜ ਪੁੱਤ੍ਰਨਿ ਗਹਿ ਰਾਖਹਿਂ। ਜੇ ਗੁਰ ਸੰਗ ਗਮਨ ਅਭਿਲਾਖਹਿਂ।
ਟਿਕਹਿਂ ਨਹੀਂ, ਰੋਦਨ ਕੋ ਕਰਿ ਹੀਂ। ਬਾਰਿ ਬਾਰਿ ਸਮੁਝਾਇ ਸੁਧਰਿਹੀਂ॥ ੩੩॥

ਕਈਆਂ ਨੇ ਆਪਣੇ ਪੁੱਤਰਾਂ ਨੂੰ ਫੜ ਕੇ ਰਖਿਆ, ਜਿਹੜੇ ਗੁਰੂ ਜੀ ਦੇ ਨਾਲ ਜਾਣਾ ਚਾਹੁੰਦੇ ਸਨ, ਉਹ ਟਿਕਦੇ ਨਹੀਂ ਸਨ, ਰੋਂਦੇ ਸਨ, ਉਨ੍ਹਾਂ ਨੂੰ ਬਾਰ-ਬਾਰ ਸਮਝਾ ਕੇ ਮਨਾਉਂਦੇ ਸਨ॥੩੩॥

ਨਿਜ ਪਰੋਸ ਮਹਿਂ ਬਿਰਧਾ ਜੋਈ। ਜਿਸਹਿ ਖਿਡਾਵਹਿਂ ਸੋ ਦੁਖ ਪੋਈ।
ਬਹੁਤ ਬਿਨੈ ਕੋ ਕਰਤਿ ਬਖਾਨ। 'ਹੇ ਗੋਬਿੰਦ! ਮਮ ਪ੍ਰੇਮ ਮਹਾਨ॥ ੩੪॥

ਗੁਰੂ ਜੀ ਦੇ ਗੁਆਂਢ ਵਿਚ ਜਿਹੜੀ ਬਜ਼ੁਰਗ ਇਸਤਰੀ ਰਹਿੰਦੀ ਸੀ, ਜਿਸ ਨੂੰ ਗੁਰੂ ਜੀ ਖਿਡਾਉਂਦੇ ਸਨ ਤੇ ਉਹ ਵਿਚਾਰੀ ਦੁਖ ਨਾਲ ਪ੍ਰੋਤੀ ਗਈ ਸੀ। ਉਹ ਬਹੁਤ ਬੇਨਤੀਆਂ ਕਰਦੀ ਸੀ, "ਹੇ ਗੋਬਿੰਦ! ਮੇਰਾ ਬਹੁਤ ਪਿਆਰ ਹੈ॥੩੪॥

ਨਹਿਂ ਮਨ ਥਿਰਹਿ ਬਹੁਤ ਅਕੁਲਾਊਂ। ਬਾਰਿ ਬਾਰਿ ਕਹਿ ਕਿਸਹਿਂ ਬੁਲਾਊਂ।
ਇੱਤ੍ਯਾਦਿਕ ਬਹੁ ਪ੍ਰੇਮ ਕਰੰਤੀ। ਬਲਿਹਾਰੀ ਹੁਇ ਕਸ਼ਟ ਲਹੰਤੀ॥ ੩੫॥

ਮੇਰਾ ਮਨ ਨਹੀਂ ਟਿਕਦਾ ਹੈ, ਬਹੁਤ ਵਿਆਕੁਲ ਹੋ ਗਈ ਹਾਂ, ਬਾਰ-ਬਾਰ ਕਹਿ ਕੇ ਕਿਸ ਨੂੰ ਬੁਲਾਵਾਂਗੀ।" ਇਸ ਤਰ੍ਹਾਂ ਬਹੁਤ ਪ੍ਰੇਮ ਕਰਦੀ ਸੀ ਤੇ ਬਲਿਹਾਰੀ ਹੋ ਕੇ ਬਹੁਤ ਕਸ਼ਟ ਝੱਲਦੀ ਸੀ॥੩੫॥

ਦੇਖਿ ਪ੍ਰੇਮ ਕੋ ਅਧਿਕ ਕ੍ਰਿਪਾਲਾ। ਕਹਯੋ ਬਾਕ 'ਹੁਇ ਸ਼੍ਰੇਯ ਬਿਸਾਲਾ।
ਜਨਮ ਜਨਮ ਕੇ ਪਾਪ ਗਵੈ ਹੈਂ। ਜਗ ਮਹਿਂ ਫੇਰ ਨ ਫੇਰਾ ਪੈ ਹੈਂ'॥ ੩੬॥

ਕ੍ਰਿਪਾਲੂ ਗੁਰੂ ਜੀ ਨੇ ਉਸ ਦਾ ਬਹੁਤ ਪ੍ਰੇਮ ਵੇਖ ਕੇ ਬਚਨ ਕੀਤੇ, "ਤੁਹਾਡਾ ਮਹਾਂ ਕਲਿਆਣ ਹੋਵੇਗਾ। ਜਨਮਾਂ-ਜਨਮਾਂ ਦੇ ਤੁਹਾਡੇ ਪਾਪ ਨਾਸ਼ ਹੋ ਗਏ ਹਨ, ਇਸ ਜਗਤ ਵਿਚ ਦੁਬਾਰਾ ਫੇਰਾ ਨਹੀਂ ਪਵੇਗਾ"॥੩੬॥

ਤਿਸਕੀ ਬਯ ਜੇਤਿਕ ਲਖਿ ਸ਼ੇਸ਼੍ਹ। ਦੀਨਸਿ ਘਰ ਤੇ ਦਰਬ ਵਿਸ਼ੇਸ਼੍ਹ।
ਉਰ ਹਰਖਾਇ ਆਸ਼ਿਖਾ ਦੇਤਿ। ਲੋਕ ਪ੍ਰਲੋਕ ਭਲੇ ਸੁਖ ਲੇਤਿ॥ ੩੭॥

ਉਸ ਦੀ ਜਿੰਨੀ ਉਮਰ ਬਾਕੀ ਰਹਿੰਦੀ ਸੀ, ਉਸ ਨੂੰ ਸਮਝ ਕੇ ਗੁਰੂ ਜੀ ਨੇ ਉਸ ਨੂੰ ਓਨਾ ਧਨ ਆਪਣੇ ਘਰ ਤੋਂ ਦੇ ਦਿੱਤਾ। ਉਸ ਨੇ ਦਿਲ ਵਿਚ ਪ੍ਰਸੰਨ ਹੋ ਕੇ ਅਸੀਸ ਦਿੱਤੀ, ਉਸ ਨੇ ਲੋਕ ਪਰਲੋਕ ਵਿਚ ਭਲੀ ਪ੍ਰਕਾਰ ਸੁਖ ਪ੍ਰਾਪਤ ਕੀਤਾ॥੩੭॥

ਅਪਰ ਨਿਕਟਿ ਜੇ ਪ੍ਰੇਮੀ ਮਹਾਂ। ਘਰ ਕੋ ਦਿਯ ਸਮਾਜ ਤਿਨ ਤਹਾਂ।
ਵਧਯੋ ਬ੍ਰਿਹਾ ਕੋ ਸੰਕਟ ਭਾਰੀ। ਮਿਲਿ ਸਮੂਹ ਆਏ ਨਰ ਨਾਰੀ॥ ੩੮॥

ਹੋਰ ਜਿਹੜੇ ਪ੍ਰੇਮੀ ਪਾਸ ਰਹਿੰਦੇ ਸਨ, ਉਨ੍ਹਾਂ ਨੂੰ ਆਪਣੇ ਘਰ ਦਾ ਬਹੁਤ ਸਾਮਾਨ ਦਿੱਤਾ। ਵਿਛੋੜੇ ਦਾ ਵੱਡਾ ਭਾਰੀ ਸੰਕਟ ਵਧਿਆ ਤੇ ਸਭ ਇਸਤਰੀ ਪੁਰਸ਼ ਮਿਲ ਕੇ ਆਏ॥੩੮॥

ਬਨ ਮਹਿਂ ਰਾਮਚੰਦ ਜਿਮ ਜਾਤੇ। ਲੋਕ ਅਜੁੱਧਜਾ ਕੇ ਜਿਸ ਭਾਂਤੇ।
ਕਿਸ ਕਿਸ ਕੀ ਬਿਰਥਾ ਅਬਿ ਲਿਖੀਅਹਿ। ਮਹਾਂ ਪ੍ਰੇਮ ਤੇ ਦੁਖ ਬਹੁ ਲਖੀਅਹਿ॥੩੯॥

ਰਾਮ ਚੰਦਰ ਜੀ ਜਿਵੇਂ ਵਣਵਾਸ ਵਾਸਤੇ ਜੰਗਲਾਂ ਨੂੰ ਚਲੇ ਸਨ ਤੇ ਅਯੁਧਿਆ ਦੇ ਲੋਕ ਜਿਸ ਪ੍ਰਕਾਰ ਦੁਖੀ ਹੋਏ ਸਨ, ਉਸ ਤਰ੍ਹਾਂ ਦਾ ਹੀ ਨਜ਼ਾਰਾ ਬਣਿਆ ਸੀ। ਏਥੇ ਹੁਣ ਕਿਸ ਕਿਸ ਦੀ ਵਿਥਿਆ ਲਿਖੀਏ, ਮਹਾਨ ਪ੍ਰੇਮ ਨਾਲ ਬਹੁਤ ਦੁਖ ਪਾਇਆ ਸੀ, ਇਸ ਤਰ੍ਹਾਂ ਸਮਝ ਲਵੋ॥੩੯॥

ਸੰਗਤਿ ਬਡੀ ਕਹਾਵਹਿ ਜਹਾਂ। ਚਢਿ ਕਰਿ ਗਮਨੇ ਸਤਿਗੁਰ ਤਹਾਂ।
ਸੰਗ ਹਜ਼ਾਰੋਂ ਹੈਂ ਨਰ ਨਾਰੀ। ਬ੍ਰਿਹੁ ਤੇ ਪ੍ਰਾਪਤਿ ਸੰਕਟ ਭਾਰੀ॥ ੪੦॥

ਜਿਸ ਸਥਾਨ ਨੂੰ ਵੱਡੀ ਸੰਗਤ ਕਹਿੰਦੇ ਸਨ, ਗੁਰੂ ਜੀ ਸਵਾਰ ਹੋ ਕੇ ਉਥੇ ਪਹੁੰਚ ਗਏ। ਉਨ੍ਹਾਂ ਦੇ ਨਾਲ ਹਜ਼ਾਰਾਂ ਇਸਤਰੀ ਪੁਰਸ਼ ਸਨ, ਵਿਛੋੜੇ ਕਰਕੇ ਉਹ ਭਾਰੀ ਦੁਖ ਪਾ ਰਹੇ ਸਨ॥੪੦॥

ਚਢੀ ਨਾਨਕੀ ਸਜੰਦਨ ਮਾਂਹੀ। ਗੁਜਰੀ ਡੋਰੇ ਚਢਿ ਚਲਿ ਤਾਂਹੀ।
ਬੀਚ ਪਾਲਕੀ ਆਪ ਸੁਹਾਏ। ਦੇਤਿ ਚਲੇ ਦਰਸ਼ਨ ਸਮੁਦਾਏ॥ ੪੧॥

ਮਾਤਾ ਨਾਨਕੀ ਜੀ ਰੱਥ 'ਤੇ ਚੜ੍ਹ ਗਈ ਤੇ ਮਾਤਾ ਗੁਜਰੀ ਜੀ ਡੋਲੇ ਵਿਚ ਚੜ੍ਹ ਕੇ ਚਲ ਪਈ। ਗੁਰੂ ਜੀ ਆਪ ਪਾਲਕੀ ਵਿਚ ਸ਼ਸ਼ੋਭਿਤ ਹੋ ਗਏ ਤੇ ਪਾਲਕੀ ਤੋਂ ਪਰਦਾ ਹਟਾ ਕੇ ਦਰਸ਼ਨ ਦਿੰਦੇ ਜਾਂਦੇ ਸਨ॥੪੧॥

ਕੇਤਿਕ ਅਸਵਾਰੀ ਪਰ ਆਵਤਿ। ਦਰਸਹਿਂ ਏਕ ਰਾਤਿ ਸੁਖ ਪਾਵਤਿ।
ਗਮਨਹਿਂ ਸੰਗ ਜੁ ਪਗ ਪਗ ਮਾਂਹਿ। ਅਨਿਕ ਤੀਰਥਨਿ ਕੇ ਫਲ ਪਾਹਿਂ॥੪੨॥

ਕਈ ਘੋੜਿਆਂ ਤੇ ਸਵਾਰ ਹੋ ਕੇ ਆ ਰਹੇ ਸਨ, ਇਕ ਰਾਤ ਦਰਸ਼ਨ ਕਰਕੇ ਉਹ ਸੁਖ ਪਾਉਣਗੇ। ਜਿਹੜੇ ਨਾਲ ਪੈਦਲ ਜਾ ਰਹੇ ਸਨ, ਉਹ ਅਨੇਕਾਂ ਤੀਰਥਾਂ ਵਿਚ ਇਸ਼ਨਾਨ ਕਰਨ ਦਾ ਫ਼ਲ ਪਾ ਰਹੇ ਸਨ॥੪੨॥

ਦੁਰਲਭ ਦਰਸ਼ਨ ਕਰਿ ਹੈਂ ਨੀਕੇ। ਜੋ ਗੁਰ ਪੁਰਹਿਂ ਮਨੋਰਥ ਹੀਕੇ।
ਪਰਜੋ ਬਿਹੀਰ ਗੁਰੂ ਕੇ ਪਾਛੈ। ਕੇਤਿਕ ਆਇ ਕਾਮਨਾ ਬਾਂਛੈ॥ ੪੩॥

ਦੁਰਲੱਭ ਸ਼ੁਭ ਦਰਸ਼ਨ ਕਰ ਰਹੇ ਸਨ ਤੇ ਗੁਰੂ ਜੀ ਉਨ੍ਹਾਂ ਦੇ ਦਿਲਾਂ ਦੇ ਮਨੋਰਥ ਪੂਰੇ ਕਰ ਰਹੇ ਸਨ। ਇਕ ਵੱਡੀ ਭੀੜ ਗੁਰੂ ਜੀ ਦੇ ਪਿੱਛੇ ਲੱਗ ਗਈ ਤੇ ਕਈ ਆ ਕੇ ਮੂੰਹ ਮੰਗੀਆਂ ਮੁਰਾਦਾਂ ਮੰਗਦੇ ਸਨ॥੪੩॥

ਮ੍ਰਿਦੁ ਬਾਕਨਿ ਸੋਂ ਦੇ ਦੇ ਧੀਰ। ਮਾਰਗ ਚਲੇ ਗੁਰੂ ਨਰ ਭੀਰ।
ਸੰਗਤਿ ਬਡੀ ਆਇ ਕਿਯ ਡੇਰਾ। ਉਤਰ ਪਰੇ ਸਗਰੇ ਤਿਸ ਬੇਰਾ॥ ੪੪॥

ਗੁਰੂ ਜੀ ਮਿੱਠੇ ਬਚਨ ਬੋਲ ਬੋਲ ਕੇ ਧੀਰਜ ਦਿੰਦੇ ਸਨ ਤੇ ਮਨੁੱਖਾਂ ਦੀ ਵੱਡੀ ਭੀੜ ਰਾਹੇ-ਰਾਹ ਚਲ ਰਹੀ ਸੀ। ਫਿਰ ਵੱਡੀ ਸੰਗਤ ਵਿਖੇ ਪਹੁੰਚ ਕੇ ਡੇਰਾ ਕੀਤਾ, ਉਸ ਸਮੇਂ ਸਾਰੇ ਆਪਣੇ-ਆਪਣੇ ਵਾਹਣਾਂ ਤੋਂ ਥੱਲੇ ਉੱਤਰ ਪਏ॥੪੪॥

*ਬਾਰ੍ਹਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥*

## ਅਧਿਆਇ ਤਰਤਾਲ਼ੀਵਾਂ

### ਕਾਂਸ਼ੀ ਪੁੱਜੇ

ਦੋਹਰਾ- ਸੰਝ ਭਈ ਜਬਿ ਲੌ ਤਹਾਂ ਆਵਤਿ ਗਨ ਨਰ ਨਾਰਿ।
ਧਨੀ ਗ਼ਰੀਬ ਸੁ ਪ੍ਰੇਮ ਮਨ ਮਿਲੇ ਭਾਉ ਕੋ ਧਾਰਿ॥ ੧॥

ਜਦ ਸ਼ਾਮ ਹੋ ਗਈ ਤਾਂ ਤਦ ਤਕ ਉਥੇ ਬਹੁਤ ਇਸਤਰੀ ਪੁਰਸ਼ ਆ ਗਏ। ਅਮੀਰ ਗ਼ਰੀਬ ਸਾਰੇ ਹੀ ਮਨ ਵਿਚ ਬਹੁਤ ਪ੍ਰੇਮ ਧਾਰਨ ਕਰਕੇ ਮਿਲੇ॥੧॥

ਚੌਪਈ- ਤਹਿਂ ਕੀ ਸੰਗਤਿ ਸੇਵਾ ਠਾਨੀ। ਅਚਵਨਿ ਹੇਤੁ ਸਮਿੱਗ੍ਰੀ ਆਨੀ।
ਚਾਵਰ, ਚੂਨ, ਦਾਰ, ਘ੍ਰਿਤ ਘਨੇ। ਆਨਤਿ ਧਰੇ ਚਾਵ ਚੌਗੁਨੇ॥ ੨॥

ਉਥੋਂ ਦੀ ਸੰਗਤ ਨੇ ਸੇਵਾ ਧਾਰਨ ਕੀਤੀ ਤੇ ਖਾਣ ਪੀਣ ਵਾਸਤੇ ਸਮੱਗਰੀ ਲਿਆਂਦੀ। ਚਾਵਲ, ਆਟਾ, ਦਾਲ ਅਤੇ ਘਿਉ ਚੌਗੁਣੇ ਪ੍ਰੇਮ ਨਾਲ ਲਿਆ ਕੇ ਧਰਦੇ ਸਨ॥੨॥

ਸਤਿਗੁਰ ਉਤਰੇ ਮਾਤਨਿ ਸਾਥ। ਆਇ ਕਦਾਚਿਤ ਪੁਨ ਕਬਿ ਨਾਥ।
ਬਡੇ ਧਨੀ ਸਿਖ ਚਲਿ ਕਰਿ ਆਏ। ਚਹਯੋ ਸਭਿਨਿ ਕੋ ਦੈਂ ਤ੍ਰਿਪਤਾਏ॥ ੩॥

ਸੰਗਤ ਵਿਚਾਰਦੀ ਹੈ, "ਸਤਿਗੁਰੂ ਜੀ ਵੀ ਆਪਣੀਆਂ ਮਾਤਾਵਾਂ ਨਾਲ ਉੱਤਰ ਪਏ ਹਨ, ਅੱਜ ਸਤਿਗੁਰੂ ਜੀ ਏਥੇ ਆਏ ਹਨ, ਫਿਰ ਨਾਥ ਜੀ ਕਦੋਂ ਆਉਣਗੇ? ਵੱਡੇ-ਵੱਡੇ ਧਨੀ ਸਿੱਖ ਰਲ ਕੇ ਆਏ ਹਨ, ਜੋ ਕੁਝ ਕਿਸੇ ਨੂੰ ਚਾਹੀਦਾ ਹੈ ਸਾਰਿਆਂ ਨੂੰ ਦੇ ਕੇ ਤ੍ਰਿਪਤ ਕਰ ਦੇਈਏ॥੩॥

ਸੁਜਸੁ ਨਗਰ ਮਹਿਂ ਵਧਹਿ ਹਮਾਰੇ'। ਇੱਤਜਾਦਿਕ ਗੁਣ ਬਹੁਤ ਬਿਚਾਰੇ।
ਸੇਵਾ ਸਰਬ ਦਰਬ ਤੇ ਆਦਿ। ਅਰਪਿ ਬਿਲੋਕੇ ਗੁਰ ਅਹਿਲਾਦ॥ ੪॥

ਸਾਡੇ ਨਗਰ ਵਿਚ ਸ੍ਰੇਸ਼ਟ ਜੱਸ ਵਧੇਗਾ।" ਇਸ ਤਰ੍ਹਾਂ ਬਹੁਤ ਗੁਣ ਵਿਚਾਰਦੇ ਸਨ। ਧਨ ਆਦਿ ਦੀ ਸੇਵਾ ਅਰਪਣ ਕਰਕੇ ਗੁਰੂ ਜੀ ਦੇ ਦਰਸ਼ਨ ਕਰਕੇ ਅਨੰਦ ਪਾਉਂਦੇ ਸਨ॥੪॥

ਅਨਿਕ ਪ੍ਰਕਾਰਨ ਕੇ ਉਪਹਾਰੇ। ਲਗੇ ਗੁਰੂ ਕੇ ਅੱਗ੍ਰ ਅੰਬਾਰੇ।
ਆਇ ਤਿਹਾਵਲ ਅਰੁ ਪਕਵਾਨ। ਬੰਟਹਿਂ ਦੇਂ ਸਭਿ ਸਿੱਖਨਿ ਪਾਨ॥ ੫॥

ਅਨੇਕ ਪ੍ਰਕਾਰਾਂ ਦੇ ਉਪਹਾਰ ਅਰਪਣ ਕਰਦੇ ਸਨ ਤੇ ਗੁਰੂ ਜੀ ਦੇ ਅੱਗੇ ਭੇਟਾਵਾਂ ਦੇ ਅੰਬਾਰ ਲੱਗ ਗਏ। ਕੜਾਹ ਪ੍ਰਸ਼ਾਦਿ ਤੇ ਹੋਰ ਪਕਵਾਨ ਆਉਂਦੇ ਸਨ, ਸਭ ਸਿੱਖਾਂ ਦੇ ਪਾਸ ਵੰਡ ਦਿੰਦੇ ਸਨ॥੫॥

ਭੀਰ ਅਧਿਕ ਕੁਛ ਵਾਰ ਨ ਪਾਰਾ। ਬਹੁ ਕੋਸਨਿ ਲੌ ਨਗਰ ਉਦਾਰਾ।
ਸਿੱਖ ਹਜ਼ਾਰਨਿ ਕੇ ਘਰ ਤਹਾਂ। ਸੁਨਿ ਗੁਰ ਗਮਨ ਆਇ ਜਹਿਂ ਕਹਾਂ॥ ੬॥

ਵੱਡੀ ਭੀੜ ਸੀ, ਕੋਈ ਪਾਰਾਵਾਰ ਨਹੀਂ ਸੀ ਪਾਇਆ ਜਾਂਦਾ, ਬਹੁਤ ਕੋਹਾਂ ਤਕ ਵੱਡਾ ਨਗਰ ਫੈਲਿਆ ਹੋਇਆ ਸੀ। ਹਜ਼ਾਰਾਂ ਸਿੱਖਾਂ ਦੇ ਉਥੇ ਘਰ ਸਨ, ਗੁਰੂ ਜੀ ਬਾਰੇ ਸੁਣ ਕੇ ਜਿੱਥੋਂ ਕਿੱਥੋਂ ਚਲ ਕੇ ਆਏ॥੬॥

ਬਿਨੈ ਬਖਾਨਹਿਂ ਅਨਿਕ ਪ੍ਰਕਾਰ। 'ਪ੍ਰਭੁ ਜੀ! ਹਮ ਕੋ ਚਲੇ ਵਿਸਾਰ।
ਪੁਰਹਿਂ ਮਨੋਰਥ ਕਰਿ ਅਰਦਾਸ। ਅਬਿ ਹਮ ਜਾਇਂ ਕੌਨ ਕੇ ਪਾਸ॥ ੭॥

ਅਨੇਕ ਪ੍ਰਕਾਰ ਬੇਨਤੀਆਂ ਕਰਦੇ ਸਨ, 'ਹੇ ਪ੍ਰਭੂ ਜੀ! ਸਾਨੂੰ ਵਿਸਾਰ ਕੇ ਚਲੇ ਚਲੇ ਹੋ। ਅਸੀਂ ਅਰਦਾਸ ਕਰਕੇ ਮਨੋਰਥ ਪੂਰੇ ਕਰਦੇ ਸੀ, ਅਸੀਂ ਹੁਣ ਕਿਸ ਦੇ ਪਾਸ ਜਾਈਏ॥੭॥

ਸ੍ਵਾਮੀ ਨਿਕਟਿ, ਚਹਿਤਿ ਲੇਂ ਜਾਚਾ। ਹੋਹਿ ਦੂਰ ਕਹਾ ਕਰਹਿਂ ਉਬਾਚਾ।
ਸਤਿਗੁਰ ਕਹਯੋ 'ਜਨਮ ਇਸਥਾਨ। ਕਰਹੁ ਬੇਨਤੀ ਤਹਾਂ ਬਖਾਨਿ॥ ੮॥

ਸਵਾਮੀ ਜੀ ਪਾਸ ਸਨ ਤਾਂ ਜੋ ਚਾਹੁੰਦੇ ਸੀ ਮੰਗ ਲੈਂਦੇ ਸੀ। ਹੁਣ ਦੂਰ ਚਲੇ ਜਾਵੋਗੇ ਤਾਂ ਕੀ ਕਹਿ ਸਕਾਂਗੇ। ਸਤਿਗੁਰੂ ਜੀ ਨੇ ਕਿਹਾ, "ਜਿੱਥੇ ਸਾਡਾ ਜਨਮ ਅਸਥਾਨ ਹੈ ਉਥੇ ਜਾ ਕੇ ਬੇਨਤੀ ਕਰੋ॥੮॥

ਸਰਬ ਕਾਮਨਾ ਮਨ ਕੀ ਪੂਰਾ। ਕਰਯੋ ਸਥਾਪਨ ਅਪਨਿ ਪੰਘੂਰਾ।
ਬੈਠੋ ਜਹਿਂ ਹਮਰੋ ਧਰਿ ਧਯਾਨ। ਕਰਹੁ ਬੇਨਤੀ ਜੋਰਹੁ ਪਾਨ॥ ੯॥

ਤੁਹਾਡੇ ਮਨ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੋਣਗੀਆਂ, ਉਥੇ ਅਸੀਂ ਆਪਣਾ ਪੰਘੂੜਾ ਸਥਾਪਤ ਕੀਤਾ ਹੈ। ਉਥੇ ਸਾਡਾ ਧਿਆਨ ਧਾਰ ਕੇ ਬੈਠੋ ਅਤੇ ਹੱਥ ਜੋੜ ਕੇ ਬੇਨਤੀ ਕਰੋ॥੯॥

ਗੁਰ ਸਭਿ ਥਾਨ, ਬਹਿਰ ਕਹਾ ਭੌਨ। ਮੁਖ ਤੇ ਕਹੈਂ ਕਿ ਧਰਿ ਕਰਿ ਮੌਨ।
ਸਤਿਗੁਰ ਜਾਨਹਿਂ ਸਭਿ ਕੇ ਮਨ ਕੀ। ਕਯੋਂ ਨ ਪੁਰਹਿੰਗੇ ਆਸਾ ਜਨ ਕੀ॥੧੦॥

ਗੁਰੂ ਜੀ ਸਭ ਥਾਂ ਹਨ, ਕੀ ਬਾਹਰ ਤੇ ਕੀ ਘਰ ਵਿਚ, ਭਾਵੇਂ ਮੂੰਹ ਨਾਲ ਕਹੋ ਤੇ ਭਾਵੇਂ ਚੁੱਪ ਰਹੋ। ਸਤਿਗੁਰੂ ਜੀ ਸਭ ਦੇ ਦਿਲਾਂ ਦੀਆਂ ਜਾਣਦੇ ਹਨ, ਉਹ ਸਭ ਸੇਵਕਾਂ ਦੀ ਆਸ ਕਿਉਂ ਨਹੀਂ ਪੂਰੀ ਕਰਨਗੇ" ॥੧੦॥

**ਸਹਿਤ ਮਸੰਦਨਿ ਸੰਗਤਿ ਸੁਨਿਕੈ। ਬਿਸਮਾਨੇ ਪੂਰਨ ਗੁਰ ਗੁਨਿਕੈ।**
**ਲਘੁ ਬਯ ਮਹਿਂ ਬਹੁ ਸੁਮਤਿ ਬਤਾਵੈਂ। ਨਿਜ ਸਿੱਖਜਨਿ ਕੀ ਸ਼੍ਰੇਯ ਜਨਾਵੈਂ ॥੧੧॥**

ਮਸੰਦਾਂ ਸਹਿਤ ਸੰਗਤ ਸੁਣ ਕੇ, ਪੂਰਨ ਗੁਰੂ ਜੀ ਸਮਝ ਕੇ ਬਹੁਤ ਹੈਰਾਨ ਹੋਈ। ਛੋਟੀ ਉਮਰ ਵਿਚ ਹੀ ਸ੍ਰੇਸ਼ਟ ਬੁੱਧੀ ਵਾਲੀਆਂ ਗੱਲਾਂ ਦੱਸਦੇ ਹਨ ਤੇ ਆਪਣੇ ਸਿੱਖਾਂ ਦਾ ਕਲਿਆਣ ਕਰਦੇ ਹਨ॥੧੧॥

**ਕਯੋਂ ਨ ਕਹੈਂ, ਕਯਾ ਅਚਰਜ ਮਾਨੋ। ਸਤਿਗੁਰ ਕੇ ਨੰਦਨ ਪਹਿਚਾਨੋ।**
**'ਧੰਨ ਧੰਨ' ਕਰ ਜੋਰਿ ਬਖਾਨੈਂ। ਬ੍ਰਿਹੁ ਤੇ ਤਊ ਮਹਾਂ ਦੁਖ ਜਾਨੈਂ॥ ੧੨॥**

ਕਿਉਂ ਨਾ ਕਹਿਣਗੇ, ਕਿਉਂ ਅਸਚਰਜ ਮੰਨਦੇ ਹੋ, ਸਤਿਗੁਰੂ ਜੀ ਦਾ ਪੁੱਤਰ ਪਹਿਚਾਣੋ। ਹੱਥ ਜੋੜ ਕੇ 'ਧੰਨ ਧੰਨ' ਕਹਿੰਦੇ ਸਨ, ਫਿਰ ਵੀ ਵਿਛੋੜੇ ਕਰਕੇ ਮਹਾਂ ਦੁਖ ਜਾਣਦੇ ਸਨ॥੧੨॥

**ਅਨਿਕ ਪ੍ਰਕਾਰਨ ਕਰੇ ਅਹਾਰਾ।ਆਨਯੋ ਗੁਰ ਕੇ ਢਿਗ ਭਰਿ ਥਾਰਾ।**
**ਤੁਰਸ਼ ਮਧੁਰ ਚਰਪਰਾ ਬਨਾਇ। ਮੇਵਾ ਬ੍ਰਿੰਦ ਗਿਰੀ ਗਨ ਪਾਇ॥ ੧੩॥**

ਅਨੇਕ ਪ੍ਰਕਾਰ ਦੇ ਭੋਜਨ ਕਰਦੇ ਸਨ। ਗੁਰੂ ਜੀ ਪਾਸ ਵੀ ਇਕ ਥਾਲ ਭਰ ਕੇ ਲਿਆਂਦਾ, ਖੱਟਾ, ਮਿੱਠਾ ਅਤੇ ਕਰਾਰਾ ਭੋਜਨ ਤਿਆਰ ਕੀਤਾ ਸੀ, ਜਿਸ ਵਿਚ ਬਹੁਤ ਗਿਰੀਆਂ ਮੇਵੇ ਪਾਏ ਸਨ॥੧੩॥

**ਬਹੁ ਬਿਧਿ ਕੇ ਚਾਵਰ ਕਰਿਵਾਏ। ਪਤਰੇ, ਬਡ ਖੁਸ਼ਬੋਇ ਉਠਾਏ।**
**ਮਧੁਰ, ਸਲਵਣ ਘ੍ਰਿਤ ਭੁੰਜਵਾਏ। ਸੂਪਕਾਰ ਮਤਿ ਚਤੁਰ ਬਨਾਏ॥ ੧੪॥**

ਬਹੁਤ ਵਿਧੀਆਂ ਦੇ ਚਾਵਲ ਤਿਆਰ ਕਰਵਾਏ ਸਨ, ਜਿਹੜੇ ਪਤਲੇ, ਲੰਮੇ ਅਤੇ ਬਹੁਤ ਖੁਸ਼ਬੂਦਾਰ ਸਨ। ਮਿੱਠੇ, ਲੂਣ ਵਾਲੇ ਘਿਉ ਵਿਚ ਭੁੰਜਵਾਏ ਸਨ ਤੇ ਸ੍ਰੇਸ਼ਟ ਬੁਧੀਵਾਨ ਲਾਂਗਰੀਆਂ ਨੇ ਤਿਆਰ ਕੀਤੇ ਸਨ॥੧੪॥

**ਆਨਿ ਮੁਰੱਬੇ ਜੇ ਫਲ ਨਾਨਾ। ਅਨਿਕ ਅਚਾਰਨ ਲਯਾਵਨਿ ਠਾਨਾ।**
**ਕਹਿਂ ਲੌ ਗਿਨੌਂ ਅਨੇਕ ਪ੍ਰਕਾਰਾ। ਤ੍ਰਿਪਤਾਏ ਸਭਿ ਦੀਨਿ ਅਹਾਰਾ॥ ੧੫॥**

ਕਈ ਫਲਾਂ ਦੇ ਮੁਰੱਬੇ ਲਿਆਏ ਤੇ ਕਈ ਪ੍ਰਕਾਰ ਦੇ ਅਚਾਰ ਲਿਆਂਦੇ। ਅਨੇਕ ਪ੍ਰਕਾਰ ਦੇ ਤਿਆਰ ਕੀਤੇ ਸਨ, ਉਨ੍ਹਾਂ ਦੀ ਕਿਥੋਂ ਤਕ ਗਿਣਤੀ ਕਰਾਂ। ਸਭ ਨੂੰ ਭੋਜਨ ਛਕਾ ਕੇ ਤ੍ਰਿਪਤ ਕੀਤਾ॥੧੫॥

**ਜਿਤਨੀ ਸੰਗ ਸੰਗਤਾਂ ਆਈ। ਇਕ ਸਮ ਸਭਿਨਿ ਦੇਗ ਬਰਤਾਈ।**
**ਗੁਰੂ ਹੁਕਮ ਤੇ ਅਚਵਯੋ ਸਾਰੇ। ਦਿਯੋ ਨ ਕਰਿਬੇ ਕਿਸੈ ਅਹਾਰੇ॥ ੧੬॥**

ਜਿੰਨੀ ਵੀ ਗੁਰੂ ਜੀ ਦੇ ਨਾਲ ਸੰਗਤ ਆਈ ਸੀ, ਸਾਰਿਆਂ ਨੂੰ ਇਕ ਸਮਾਨ ਭੋਜਨ ਵਰਤਾਇਆ। ਗੁਰੂ ਜੀ ਦੇ ਹੁਕਮ ਨਾਲ ਸਾਰਿਆਂ ਨੇ ਭੋਜਨ ਛੱਕਿਆ, ਕਿਸੇ ਨੂੰ ਵੀ ਆਪਣਾ ਭੋਜਨ ਤਿਆਰ ਨਾ ਕਰਨ ਦਿੱਤਾ॥੧੬॥

**ਉਤਸਵ ਭਯੋ ਮਿਲਯੋ ਬਡ ਮੇਲਾ। ਚਹਿਂ ਦਰਸ਼ਨ ਤੇ ਜਨਮ ਸੁਹੇਲਾ।**
**ਜਾਮ ਨਿਸਾ ਲੌ ਦੇਖਤਿ ਰਹੇ। ਬਹੁਰ ਨੀਂਦ ਸੁਖ ਕੋ ਉਰ ਲਹੇ॥ ੧੭॥**

ਵੱਡਾ ਉਤਸਵ ਹੋਇਆ ਤੇ ਮਿਲ ਕੇ ਵੱਡਾ ਮੇਲਾ ਲੱਗਾ, ਸਾਰੇ ਦਰਸ਼ਨ ਕਰਕੇ ਜਨਮ ਸਫਲਾ ਕਰਨਾ ਚਾਹੁੰਦੇ ਸਨ। ਪਹਿਰ ਰਾਤ ਤਕ ਗੁਰੂ ਜੀ ਉਤਸਵ ਵੇਖਦੇ ਰਹੇ, ਫਿਰ ਸੌਂ ਕੇ ਹਿਰਦੇ ਵਿਚ ਸੁਖ ਪ੍ਰਾਪਤ ਕੀਤਾ॥੧੭॥

ਨਿਜ ਨਿਜ ਥਾਨ ਜਥਾ ਸੁਖ ਸੋਏ। ਗੁਰ ਗੁਨ ਉਰ ਧਰਿ ਕਰਿ ਸਭਿ ਕੋਏ।
ਜਾਮ ਨਿਸਾ ਤੇ ਆਸਾਵਾਰ। ਗਾਇਂ ਰਬਾਬੀ ਪ੍ਰੇਮ ਉਦਾਰ॥ ੧੮॥

ਸਾਰੀ ਸੰਗਤ ਆਪਣੇ-ਆਪਣੇ ਸਥਾਨਾਂ ਤੇ ਸੁਖ ਨਾਲ ਸੌਂ ਗਈ। ਸਾਰਿਆਂ ਨੇ ਗੁਰੂ ਜੀ ਦੇ ਗੁਣਾਂ ਨੂੰ ਹਿਰਦੇ ਵਿਚ ਧਾਰਨ ਕੀਤਾ ਸੀ। ਪਹਿਰ ਰਾਤ ਰਹਿਣ 'ਤੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ, ਰਬਾਬੀ ਵੱਡੇ ਪ੍ਰੇਮ ਨਾਲ ਕੀਰਤਨ ਦਾ ਗਾਇਨ ਕਰ ਰਹੇ ਸਨ॥੧੮॥

ਸੌਚ ਸ਼ਨਾਨ ਕਰੇ ਉਠਿ ਕਰਿ ਕੇ। ਸਿਮਰਹਿਂ ਸੱਤਿਨਾਮ ਗੁਰ ਹਰਿ ਕੇ।
ਗੁਰ ਜਾਗੇ, ਕਰਿ ਸੌਚ ਸ਼ਨਾਨਾ। ਪੋਸ਼ਿਸ਼ ਪਹਿਰੀ ਚਾਰੁ ਮਹਾਨਾ॥ ੧੯॥

ਉੱਠ ਕੇ ਸੌਚ ਇਸ਼ਨਾਨ ਕਰਦੇ ਸਨ ਤੇ ਗੁਰੂ ਹਰੀ ਜੀ ਦੇ ਸੱਚੇ ਨਾਮ ਦਾ ਸਿਮਰਨ ਕਰਦੇ ਸਨ। ਗੁਰੂ ਜੀ ਨੇ ਵੀ ਜਾਗ ਕੇ ਸੌਚ ਇਸ਼ਨਾਨ ਕੀਤਾ ਤੇ ਅਤੀ ਸੁੰਦਰ ਪੋਸ਼ਾਕਾ ਪਹਿਣ ਲਿਆ॥੧੯॥

ਬਡੀ ਪ੍ਰਾਤਿ ਤੇ ਆਵਨਿ ਲਾਗੇ। ਧਰਹਿਂ ਉਪਾਇਨ ਮਨ ਅਨੁਰਾਗੇ।
ਚਹੁੰਦਿਸ਼ਿ ਮਹਿਂ ਕਹਿ ਦਿਏ ਬਿਠਾਇ। ਨਿਜ ਨਿਜ ਦਿਸ਼ਿ ਗੁਰ ਮੁਖ ਦਿਖਰਾਇ॥੨੦॥

ਵੱਡੀ ਸਵੇਰ ਤੋਂ ਹੀ ਸ਼ਹਿਰ ਦੇ ਲੋਕ ਆਉਣ ਲੱਗ ਗਏ, ਗੁਰੂ ਜੀ ਦੇ ਅੱਗੇ ਉਪਹਾਰ ਧਰ ਕੇ ਮਨ ਵਿਚ ਪ੍ਰੇਮ ਧਾਰਨ ਕਰਦੇ ਸਨ। ਚਾਰੇ ਪਾਸੇ ਕਹਿ ਕੇ ਬੈਠਾ ਦਿੱਤੇ, ਸਾਰੇ ਆਪਣੇ-ਆਪਣੇ ਪਾਸੇ ਗੁਰੂ ਜੀ ਦਾ ਮੁਖੜਾ ਵੇਖ ਰਹੇ ਸਨ॥੨੦॥

ਧੀਰਜ ਦਈ ਸਭਿਨਿ ਕੋ ਤਬੈ। 'ਆਨਿ ਅਨੰਦ ਪੁਰਿ ਹੇਰਹੁ ਕਬੈ।
ਜਨਮ ਭੂਮਿ ਪਟਣੇ ਮਹਿਂ ਮੇਰੀ। ਮਹਿੰਮਾ ਮਹਾਂ ਬਿਲੋਕਨਿ ਕੇਰੀ॥ ੨੧॥

ਤਦ ਗੁਰੂ ਜੀ ਨੇ ਸਭ ਨੂੰ ਧੀਰਜ ਦਿੱਤਾ, "ਕਦੀ ਅਨੰਦਪੁਰ ਵਿਚ ਆ ਕੇ ਦਰਸ਼ਨ ਕਰੋ। ਪਟਨੇ ਵਿਚ ਮੇਰੀ ਜਨਮ ਭੂਮੀ ਹੈ, ਏਥੋਂ ਦੀ ਮੈਂ ਮਹਾਨ ਮਹਿਮਾ ਵੇਖੀ ਹੈ॥੨੧॥

ਦਰਸਹੁ ਨਿਤ ਹੀ ਨੇਮ ਨਿਬਾਹੋ। ਸ਼ਰਧਾ ਸਹਿਤ ਕਾਮਨਾ ਪਾਹੋ।
ਹੁਇ ਬਿਸਾਲ ਪ੍ਰੇਮੀ ਸਿਖ ਜੋਇ। ਆਨਿ ਅਨੰਦਪੁਰਿ ਦਰਸੈ ਸੋਇ'॥ ੨੨॥

ਨੇਮ ਦਾ ਨਿਰਬਾਹ ਕਰਕੇ ਨਿਤ ਦਰਸ਼ਨ ਕਰੋ ਤੇ ਸ਼ਰਧਾ ਸਹਿਤ ਕਾਮਨਾ ਪਾਵੋ। ਜਿਹੜਾ ਵਿਸ਼ਾਲ ਪ੍ਰੇਮੀ ਸਿੱਖ ਹੋਵੇਗਾ, ਉਹ ਅਨੰਦਪੁਰ ਵਿਚ ਆ ਕੇ ਦਰਸ਼ਨ ਕਰ ਲਵੇਗਾ"॥੨੨॥

ਇੱਤਜਾਦਿਕ ਕਹਿ ਦੈ ਦੈ ਧੀਰ। ਚਹੁੰਦਿਸ਼ਿ ਮਹਿਂ ਸੰਗਤਿ ਕੀ ਭੀਰ।
ਚਢੇ ਪਾਲਕੀ ਮਹਿਂ ਤਤਕਾਲ। 'ਗਮਨਹੁ' ਸਭਿ ਸੋਂ ਕਹਯੋ ਕ੍ਰਿਪਾਲੁ॥ ੨੩॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੇ ਸਭ ਨੂੰ ਧੀਰਜ ਦਿੱਤਾ, ਚਾਰੇ ਪਾਸੇ ਸੰਗਤ ਦੀ ਭੀੜ ਇਕੱਠੀ ਹੋਈ ਸੀ। ਫਿਰ ਗੁਰੂ ਜੀ ਤੁਰਤ ਪਾਲਕੀ ਵਿਚ ਸਵਾਰ ਹੋ ਗਏ। ਗੁਰੂ ਜੀ ਨੇ ਫਿਰ ਸਾਰਿਆਂ ਨੂੰ ਕਿਹਾ 'ਚਲੋ'॥੨੩॥

ਪਰੇ ਪੰਥ ਸਜੰਦਨ ਅਰੁ ਡੋਰੇ। ਏਕ ਚਲੇ ਆਵਤਿ ਗੁਰ ਓਰੇ।
ਇਕ ਕਰਿ ਕਰਿ ਬੰਦਨ ਮੁਰਿ ਪਰੇ। ਜਸੁ ਉਚਰਤਿ ਚਿਤਵਤਿ ਘਰ ਬਰੇ॥੨੪॥

ਰੱਥ ਅਤੇ ਡੋਲੇ ਰਾਹੇ-ਰਾਹ ਚਲ ਪਏ, ਕਈ ਸਿੱਖ ਗੁਰੂ ਜੀ ਵਲ ਚਲੇ ਆਉਂਦੇ ਸਨ, ਕਈ ਬੰਦਨਾ ਕਰ-ਕਰ ਵਾਪਸ ਮੁੜ ਪਏ ਸਨ। ਗੁਰੂ ਜੀ ਦਾ ਜੱਸ ਉਚਾਰਨ ਕਰਦੇ ਅਤੇ ਗੁਰੂ ਜੀ ਬਾਰੇ ਸੋਚਦੇ ਆਪਣੇ ਘਰਾਂ ਵਿਚ ਦਾਖਲ ਹੋ ਜਾਂਦੇ॥੨੪॥

ਏਕ ਦੂਰ ਲੌ ਗੁਰ ਸੰਗ ਆਏ। ਕਹਿ ਬਹੁ ਬਾਰੀ ਸਿੱਖ ਹਟਾਏ।
ਚਰਨ ਸਪਰਸਹਿਂ ਆਂਸੂ ਗੇਰਹਿਂ। ਇਕ ਥਿਰ ਰਹੇ, ਇਕ ਹਟਿ ਹੇਰਹਿਂ॥ ੨੫॥

ਕਈ ਬਹੁਤ ਦੂਰ ਤਕ ਗੁਰੂ ਜੀ ਦੇ ਨਾਲ ਆਏ। ਬਹੁਤ ਵਾਰ ਕਹਿ ਕੇ ਸਿੱਖਾਂ ਨੇ ਉਨ੍ਹਾਂ ਨੂੰ ਮੋੜਿਆ। ਉਹ ਗੁਰ ਚਰਨਾਂ ਨੂੰ ਛੂੰਹਦੇ ਹੰਝੂ ਕੇਰਦੇ ਸਨ। ਕਈ ਖੜੇ ਰਹੇ, ਕਈ ਪਿੱਛੇ ਹੱਟ ਕੇ ਵੇਖਦੇ ਸਨ॥੨੫॥

**ਜੋ ਜਿਸ ਜੋਗ ਸੁ ਜਾਨਿ ਸੁਜਾਨਾ। ਸਿਰੋਪਾਉ ਦੈਬੋ ਤਿਸ ਥਾਨਾ।**
**ਸਾਦਰ ਸਗਰੇ ਕਰੇ ਬਿਸਰਜਨ। ਲਖਿ ਸੁਭਾਵ ਉਰ ਹਰਖਤਿ ਗਨ ਜਨ॥੨੬॥**

ਜੋ ਜਿਸ ਯੋਗ ਸੀ, ਸੁਜਾਨ ਗੁਰੂ ਜੀ ਨੇ ਉਸ ਨੂੰ ਜਾਣ ਲਿਆ, ਉਸ ਥਾਂ ਹੀ ਉਸ ਨੂੰ ਸਿਰੋਪਾ ਭੇਟ ਕਰ ਦਿੱਤਾ। ਬੜੇ ਆਦਰ ਨਾਲ ਸਾਰਿਆਂ ਨੂੰ ਵਿਦਾ ਕੀਤਾ। ਗੁਰੂ ਜੀ ਦਾ ਸੁਭਾਵ ਵੇਖ ਸਾਰੇ ਲੋਕ ਦਿਲ ਵਿਚ ਬਹੁਤ ਪ੍ਰਸੰਨ ਹੁੰਦੇ ਸਨ॥੨੬॥

**ਕਰਤਿ ਪ੍ਰਸ਼ੰਸਾ ਸਦਨ ਸਿਧਾਰੇ। ਗੁਰ ਬਿਹੁ ਤੇ ਦੁਖ ਧੀਰਜ ਟਾਰੇ।**
**ਇਮ ਪਟਨੇ ਪੁਰਿ ਸੰਗਤਿ ਬਰੀ। ਘਰ ਘਰ ਸਭਿਨਿ ਬਾਰਤਾ ਕਰੀ॥੨੭॥**

ਆਪਣੇ ਘਰਾਂ ਵਲ ਜਾਂਦੇ ਗੁਰੂ ਜੀ ਦੀ ਪ੍ਰਸੰਸਾ ਕਰਦੇ ਸਨ, ਗੁਰੂ ਜੀ ਦੇ ਵਿਛੋੜੇ ਕਾਰਨ ਧੀਰਜ ਦੂਰ ਹੋ ਗਿਆ ਸੀ ਤੇ ਦੁਖ ਪ੍ਰਾਪਤ ਹੋਇਆ ਸੀ। ਇਸ ਤਰ੍ਹਾਂ ਪਟਨੇ ਨਗਰ ਵਿਚ ਸੰਗਤ ਦਾਖਲ ਹੋਈ, ਆਪਣੇ-ਆਪਣੇ ਘਰਾਂ ਵਿਚ ਸਾਰਿਆਂ ਨੇ ਗੁਰੂ ਜੀ ਬਾਰੇ ਗੱਲਬਾਤ ਕੀਤੀ॥੨੭॥

**ਸਿਵਕਾ ਪਰ ਗੁਰ ਕੀਨਿ ਪਯਾਨਾ। ਨਰਨਿ ਉਠਾਇ ਸਮੱਗ੍ਰੀ ਨਾਨਾ।**
**ਮਾਤ ਨਾਨਕੀ ਸਜੰਦਨ ਬਿਖੈ। ਪੌਤ੍ਰੇ ਕਹੁ ਪ੍ਰਤਾਪ ਬਡ ਪਿਖੈ॥ ੨੮॥**

ਪਾਲਕੀ ਵਿਚ ਚੜ੍ਹ ਕੇ ਗੁਰੂ ਜੀ ਚਲੇ ਗਏ, ਬਾਕੀ ਮਨੁੱਖਾਂ ਨੇ ਬਹੁਤ ਸਮੱਗਰੀ ਚੁੱਕੀ ਹੋਈ ਸੀ। ਮਾਤਾ ਨਾਨਕੀ ਜੀ ਰੱਥ ਵਿਚ ਬੈਠੀ ਆਪਣੇ ਪੋਤਰੇ ਦਾ ਵੱਡਾ ਪ੍ਰਤਾਪ ਵੇਖ ਰਹੀ ਸੀ॥੨੮॥

**ਸ਼੍ਰੀ ਗੁਜਰੀ ਚਾਲੀ ਚਢਿ ਡੋਰੇ। ਗਮਨੇ ਮੁਖ ਕਰਿ ਪਸ਼ਚਮ ਓਰੇ।**
**ਦੋਇ ਜਾਮ ਲੌ ਕੀਨਿ ਪਯਾਨੂ। ਡੇਰਾ ਕਰਜੋ ਢਰਜੋ ਜਬਿ ਭਾਨੂ॥ ੨੯॥**

ਮਾਤਾ ਗੁਜਰੀ ਜੀ ਡੋਲੇ ਵਿਚ ਚੜ੍ਹ ਕੇ ਜਾ ਰਹੇ ਸਨ, ਪੱਛਮ ਵਾਲੇ ਪਾਸੇ ਮੂੰਹ ਕਰਕੇ ਉਹ ਚਲੇ ਜਾ ਰਹੇ ਸਨ। ਦੁਪਹਿਰ ਤਕ ਉਹ ਚਲਦੇ ਗਏ, ਜਦ ਸੂਰਜ ਢਲ ਗਿਆ ਤਾਂ ਰਾਹ ਵਿਚ ਆਪਣਾ ਡੇਰਾ ਕਰ ਲਿਆ॥੨੯॥

**ਖਾਨ ਪਾਨ ਸਗਰੋ ਕਰਿਵਾਏ। ਪਸ਼ੂਅਨਿ ਤ੍ਰਿਣ ਦਾਨਾ ਗਨ ਪਾਏ।**
**ਨਿਕਟਿ ਜਿ ਸਿਖ ਸੁਨਿ ਕਰਿ ਸਭਿ ਆਏ। ਅਰਪ ਅਕੋਰਨਿ ਦਰਸ਼ਨ ਪਾਏ॥੩੦॥**

ਖਾਣ ਪੀਣ ਸਾਰਾ ਕਰਵਾਇਆ, ਪਸ਼ੂਆਂ ਨੂੰ ਘਾਹ ਅਤੇ ਦਾਣੇ ਪਾਏ। ਜਿਹੜੇ ਨੇੜੇ ਸਿੱਖ ਸਨ, ਉਹ ਸਾਰੇ ਸੁਣ ਕੇ ਆਏ ਤੇ ਉਨ੍ਹਾਂ ਉਪਹਾਰ ਅਰਪਣ ਕਰਕੇ ਦਰਸ਼ਨ ਪਾਏ॥੩੦॥

**ਇਸੀ ਰੀਤਿ ਗੁਰ ਮਾਰਗ ਚਾਲੇ। ਨਿਸ ਬਿਸਰਾਮ ਕਰਹਿਂ ਸੁਖ ਨਾਲੇ।**
**ਦਿਨ ਮਹਿਂ ਗਮਨਹਿਂ ਮਗ ਜੁਗ ਜਾਮ। ਨਿਸ ਸਿਖ ਧਾਮ ਨਗਰ ਕੈ ਗ੍ਰਾਮ॥੩੧॥**

ਏਸੇ ਰੀਤੀ ਨਾਲ ਮਾਰਗ ਵਿਚ ਗੁਰੂ ਜੀ ਚਲਦੇ ਗਏ ਤੇ ਰਾਤ ਨੂੰ ਸੁਖ ਨਾਲ ਵਿਸ਼ਰਾਮ ਕਰਦੇ ਸਨ। ਦਿਨ ਦੇ ਸਮੇਂ ਦੋ ਪਹਿਰ ਰਸਤਾ ਚਲਦੇ ਸਨ। ਰਾਤ ਨੂੰ ਕਿਸੇ ਨਗਰ ਜਾਂ ਪਿੰਡ ਵਿਚ ਕਿਸੇ ਸਿੱਖ ਦੇ ਘਰ ਠਹਿਰ ਜਾਂਦੇ ਸਨ॥੩੧॥

**ਤਹਿਂ ਤੇ ਸੁਨਤਿ ਮਿਲੈਂ ਮੁਦ ਪਾਏ। ਲਖਹਿਂ ਭਾਗ ਬਡ, ਪ੍ਰਭੁ ਢਿਗ ਆਏ।**
**ਜਥਾ ਸ਼ਕਤਿ ਸਭਿ ਸੇਵਾ ਕਰੈਂ। ਕਰ ਜੋਰਹਿਂ ਪਦ ਪਰ ਸਿਰ ਧਰੈਂ॥ ੩੨॥**

ਉਨ੍ਹਾਂ ਪਾਸੋਂ ਸੁਣ ਕੇ ਸਿੱਖ ਬਹੁਤ ਪ੍ਰਸੰਨ ਹੋ ਕੇ ਆ ਕੇ ਮਿਲਦੇ ਸਨ। ਆਪਣੇ ਵੱਡੇ ਭਾਗ ਸਮਝਦੇ ਸਨ ਕਿ ਪ੍ਰਭੂ ਜੀ ਉਨ੍ਹਾਂ ਦੇ ਘਰ ਵਿਚ ਆਏ ਸਨ। ਯਥਾ-ਸ਼ਕਤੀ ਸਾਰੇ ਸੇਵਾ ਕਰਦੇ ਸਨ, ਹੱਥ ਜੋੜਦੇ ਸਨ ਤੇ ਚਰਨ ਕੰਵਲਾਂ 'ਤੇ ਸਿਰ ਧਰਦੇ ਸਨ॥੩੨॥

ਦਿਨਪ੍ਰਤਿ ਕਰਹਿਂ ਕੂਚ ਮਗ ਚਾਲੈਂ। ਉਲੰਘਤਿ ਆਏ ਪੰਥ ਬਿਸਾਲੈ।
ਸਿਵ ਕੀ ਪੁਰੀ ਮੁਕਤਿ ਦਾ ਪਾਵਨ। ਜਹਿਂ ਬਿੱਦ੍ਯਾ ਬਡ ਪਢਨਿ ਪਢਾਵਨਿ ॥੩੩॥

ਰੋਜ਼ ਕੂਚ ਕਰਦੇ ਸਨ ਤੇ ਰਾਹੇ-ਰਾਹ ਚਲਦੇ ਸਨ, ਇਸ ਤਰ੍ਹਾਂ ਉਹ ਬਹੁਤ ਲੰਮਾ ਪੈਂਡਾ ਲੰਘ ਕੇ ਆ ਗਏ। ਸ਼ਿਵਜੀ ਦੀ ਨਗਰੀ ਕਾਂਸ਼ੀ ਜਿੱਥੇ ਪਵਿੱਤਰ ਮੁਕਤੀ ਮਿਲਦੀ ਹੈ, ਜਿੱਥੇ ਉਚੇਰੀ ਵਿਦਿਆ ਪੜ੍ਹਨ ਅਤੇ ਪੜ੍ਹਾਉਣ ਦੇ ਕੇਂਦਰ ਹਨ॥੩੩॥

ਕੇਤਿਕ ਦਿਨ ਮਹਿਂ ਸੋ ਨਿਯਰਾਈ। ਜੁਗ ਮਾਤਨਿ ਸੋਂ ਕਹਤਿ ਸਨਾਈ।
'ਕੇਤਿਕ ਸਮੈ ਬਸੈਂ ਇਸ ਨਗਰੀ। ਮਹਿ ਮੰਡਲ ਮਹਿਂ ਮਹਾਂ ਉਜਗਰੀ ॥ ੩੪ ॥

ਕਈਆਂ ਦਿਨਾਂ ਬਾਅਦ ਉਹ ਨਗਰੀ ਨੇੜੇ ਆ ਗਈ ਤਾਂ ਗੁਰੂ ਜੀ ਦੋਵਾਂ ਮਾਤਾਵਾਂ ਨੂੰ ਕਹਿਣ ਲੱਗੇ, "ਕੁਝ ਸਮਾਂ ਇਸ ਨਗਰੀ ਵਿਚ ਰਹਿੰਦੇ ਹਾਂ। ਇਹ ਭੂਮੰਡਲ ਵਿਚ ਮਹਾਨ ਉਜਾਗਰ ਹੈ॥੩੪॥

ਗਨ ਗੁਨਵੰਤੇ ਦਿਜ ਤੇ ਆਦਿ। ਮਾਨਵ ਰਹੈਂ ਧਰੈਂ ਅਹਿਲਾਦ'।
ਸੁਨਤਿ ਨਾਨਕੀ ਪੌਤ੍ਰ ਬਾਨੀ। ਹਰਖਤਿ ਹ੍ਵੈ ਕਰਿ ਨਿਕਟਿ ਬਖਾਨੀ॥ ੩੫ ॥

ਬਹੁਤ ਗੁਣਵਾਣ ਬ੍ਰਾਹਮਣ ਤੇ ਹੋਰ ਮਨੁੱਖ ਬੜਾ ਅਨੰਦ ਧਾਰ ਕੇ ਰਹਿੰਦੇ ਹਨ। ਮਾਤਾ ਨਾਨਕੀ ਆਪਣੇ ਪੋਤਰੇ ਦੇ ਬਚਨ ਸੁਣ ਕੇ, ਪ੍ਰਸੰਨ ਹੋ ਕੇ ਨੇੜੇ ਆ ਕੇ ਬੋਲੀ॥੩੫॥

'ਪਿਤਾ ਤੁਮਾਰੇ ਗਮਨਤਿ ਆਏ। ਹਮ ਸਭਿ ਸੰਗ ਤਬੈ ਦਰਸਾਏ।
ਪ੍ਰੀਤਵਾਨ ਸੰਗਤਿ ਬਹੁ ਆਈ। ਕਰਯੋ ਕੀਰਤਨ ਉਰ ਹਰਖਾਈ॥ ੩੬ ॥

"ਤੁਹਾਡੇ ਪਿਤਾ ਜੀ ਏਧਰ ਚਲਦੇ ਆਏ ਸਨ, ਅਸੀਂ ਸਾਰਿਆਂ ਦੇ ਨਾਲ ਇਸ ਸਥਾਨ ਦੇ ਦਰਸ਼ਨ ਕੀਤੇ ਸਨ। ਏਥੇ ਬਹੁਤ ਪ੍ਰੀਤੀ ਵਾਲੀ ਸੰਗਤ ਆਈ ਸੀ ਤੇ ਉਨ੍ਹਾਂ ਨੇ ਦਿਲ ਵਿਚ ਪ੍ਰਸੰਨ ਹੋ ਕੇ ਕੀਰਤਨ ਕੀਤਾ ਸੀ॥੩੬॥

ਹਾਥ ਜੋਰਿ ਰਾਖੇ ਦਿਨ ਕੇਤੇ। ਦਿਨ ਪ੍ਰਤਿ ਦਰਸਤਿ ਬਹੁ ਸੁਖ ਲੇਤੇ।
ਅਬਿ ਤੁਮ ਕੋ ਮਿਲਿ ਹੈਂ ਸਭਿ ਆਏ। ਰਹਹੁ ਆਪ ਜੈਸੇ ਮਨ ਭਾਏ' ॥ ੩੭ ॥

ਸੰਗਤ ਨੇ ਹੱਥ ਜੋੜ ਕੇ ਕਈ ਦਿਨ ਰਖਿਆ ਸੀ, ਪ੍ਰਤੀ ਦਿਨ ਦਰਸ਼ਨ ਕਰਕੇ ਬਹੁਤ ਸੁਖ ਪ੍ਰਾਪਤ ਕਰਦੇ ਸਨ। ਹੁਣ ਸਾਰੇ ਤੁਹਾਨੂੰ ਆ ਕੇ ਮਿਲਣਗੇ, ਜਿਵੇਂ ਤੁਹਾਡਾ ਮਨ ਭਾਉਂਦਾ ਹੈ ਓਨਾ ਸਮਾਂ ਆਪ ਏਥੇ ਰਹੋ" ॥੩੭॥

ਇਮ ਬੋਲਤਿ ਬਿਗਸਤਿ ਬਹੁ ਭਾਂਤੀ। ਦਾਸਨਿ ਸਾਥ ਕਰਤਿ ਪੁਨ ਬਾਤੀ।
ਕਾਸ਼ੀ ਵਹਿਰ ਆਇ ਕਰਿ ਖਰੇ। ਸਕਲ ਵਹੀਰ ਮਿਲਾਵਨਿ ਕਰੇ॥ ੩੮ ॥

ਇਸ ਤਰ੍ਹਾਂ ਬੋਲ ਕੇ ਮਾਤਾ ਜੀ ਬਹੁਤ ਪ੍ਰਸੰਨ ਹੋਏ, ਫਿਰ ਆਪਣੇ ਸੇਵਕਾਂ ਨਾਲ ਗੱਲਾਂ ਕਰਨ ਲੱਗ ਗਏ। ਕਾਂਸ਼ੀ ਨਗਰ ਦੇ ਬਾਹਰ ਆ ਕੇ ਖੜੇ ਹੋ ਗਏ ਤੇ ਸਾਰੀ ਵਹੀਰ ਨੂੰ ਨਾਲ ਮਿਲਾ ਲਿਆ॥੩੮॥

ਸੰਗਤਿ ਬਿਖੈ ਜਾਇ ਸੁਧਿ ਹੋਈ। ਉਰ ਧਰਿ ਹਰਖ ਤਯਾਰ ਸਭਿ ਕੋਈ।
ਆਗੇ ਆਦਰ ਕੇ ਹਿਤ ਲੇਨਿ। ਸਭਿ ਗਮਨੇ ਸ਼ਰਧਾ ਮਨਭੇਨ॥ ੩੯ ॥

ਜਦ ਨਗਰ ਦੀ ਸੰਗਤ ਨੂੰ ਇਸ ਬਾਰੇ ਖਬਰ ਮਿਲੀ, ਤਾਂ ਸਾਰੇ ਹਿਰਦੇ ਵਿਚ ਪ੍ਰਸੰਨਤਾ ਧਾਰ ਕੇ ਮਿਲਣ ਵਾਸਤੇ ਤਿਆਰ ਹੋ ਗਏ। ਅਗੋਂ ਜਾ ਕੇ ਆਦਰ ਨਾਲ ਲੈਣ ਵਾਸਤੇ ਸਾਰੇ ਚਲ ਪਏ, ਉਨ੍ਹਾਂ ਦੇ ਮਨ ਸ਼ਰਧਾ ਵਿਚ ਭਿੱਜੇ ਹੋਏ ਸਨ॥੩੯॥

ਮੇਵਨਿ ਕੀ ਡਾਲੀ ਗਨ ਲੀਨਿ। ਪੁਰਿ ਤੇ ਵਹਿਰ ਨਿਕਸਿਬੋ ਕੀਨਿ।
ਗੁਰ ਕੇ ਸਨਮੁਖ ਸਭਿ ਚਲਿ ਆਏ। ਗਾਵਤਿ ਸ਼ਬਦ ਪ੍ਰੇਮ ਉਮਹਾਏ॥ ੪੦ ॥

Sri Satguru Jagjit Singh Ji eLlibrary NamdhariElibrary@gmail.com

ਉਨ੍ਹਾਂ ਨੇ ਮੇਵਿਆਂ ਦੀਆਂ ਬਹੁਤ ਡਾਲੀਆਂ ਲਈਆਂ ਤੇ ਨਗਰ ਤੋਂ ਬਾਹਰ ਨਿਕਲ ਪਏ। ਸਾਰੇ ਚਲ ਕੇ ਗੁਰੂ ਜੀ ਦੇ ਸਾਹਮਣੇ ਆ ਗਏ। ਬੜੇ ਪ੍ਰੇਮ ਨਾਲ ਭਿੱਜੇ ਹੋਏ ਸ਼ਬਦਾਂ ਦਾ ਗਾਇਨ ਕਰ ਰਹੇ ਸਨ॥੪੦॥

ਖਰੇ ਦੂਰ ਜਿਤ ਦਿਸ਼ਿ ਜਬਿ ਦੇਖੈਂ। ਭਯੋ ਸਭਿਨਿ ਆਨੰਦ ਬਿਸ਼ੇਖੇ।
ਗੰਗਾ ਜਲ ਤਰਿਕੈ ਪਰਿ ਪਾਰ। ਗਏ ਗੁਰੂ ਆਗਵਨ ਬਿਚਾਰਿ॥ ੪੧॥

ਦੂਰ ਖੜੇ ਜਿਸ ਪਾਸੇ ਵੀ ਜਦ ਵੇਖਦੇ ਸਨ ਤਾਂ ਸਾਰੇ ਵਿਸ਼ੇਸ਼ ਆਨੰਦ ਪ੍ਰਾਪਤ ਕਰਦੇ ਸਨ। ਗੰਗਾ ਨਦੀ ਦਾ ਜਲ ਤਰ ਕੇ ਪਾਰ ਹੋ ਗਏ, ਗੁਰੂ ਜੀ ਨੂੰ ਅੱਗੋਂ ਜਾ ਕੇ ਲੈਣ ਦਾ ਵਿਚਾਰ ਬਣਾ ਕੇ ਚਲੇ ਗਏ॥੪੧॥

ਬੰਦਨ ਕਰਿ ਡੇਰਾ ਕਰਿਵਾਏ। ਆਗੈ ਮਿਲੇ ਅਪਰ ਸਮੁਦਾਏ।
ਖਰੇ ਨਿਕਟਿ ਨੰਮ੍ਰੀ ਸਿਰ ਹੋਏ। ਹਾਥ ਜੋਰਿ ਕਰਿ ਦਰਸ਼ਨ ਜੋਏ॥ ੪੨॥

ਬੰਦਨਾ ਕਰ ਕੇ ਡੇਰਾ ਕਰਵਾਇਆ ਤੇ ਹੋਰ ਸਾਰੇ ਅੱਗੇ ਆ ਕੇ ਮਿਲੇ। ਸਾਰੇ ਸਿਰ ਨਿਵਾ ਕੇ ਪਾਸ ਖੜੇ ਹੋ ਗਏ ਤੇ ਹੱਥ ਜੋੜ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੪੨॥

*ਬਾਰ੍ਹਵੀਂ ਰਾਸ ਦਾ ਤਰਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥੪੩॥*

## *ਅਧਿਆਇ ਚੁਤਾਲ੍ਹੀਵਾਂ*

### *ਕਾਂਸ਼ੀ ਵਿਚ ਨਿਵਾਸ*

ਦੋਹਰਾ- ਮਿਲੇ ਕੀਨਿ ਸਭਿ ਬੰਦਨਾ ਸਿਖ ਕਰਿ ਕੈ ਉਰ ਭਾਉ।
ਗਨ ਮੇਵੇ ਅਰਪਨ ਕਰੇ ਆਨੰਦ ਰਿਦ ਨ ਸਮਾਉ॥ ੧॥

ਸਾਰੇ ਸਿੱਖ ਹਿਰਦੇ ਵਿਚ ਪ੍ਰੇਮ ਧਾਰ ਕੇ ਬੰਦਨਾ ਕਰਕੇ ਗੁਰੂ ਜੀ ਨੂੰ ਮਿਲੇ, ਉਨ੍ਹਾਂ ਨੇ ਬਹੁਤ ਮੇਵੇ ਅਰਪਣ ਕੀਤੇ, ਗੁਰੂ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਹਿਰਦਿਆਂ ਵਿਚ ਆਨੰਦ ਸਮਾਉਂਦਾ ਨਹੀਂ ਸੀ॥੧॥

ਚੌਪਈ- ਸਭਿਨਿ ਸੰਗ ਹੁਇ ਲਜਾਵਨਿ ਠਾਨੇ। ਡੇਰਾ ਕਰਿਵਾਯਹੁ ਸੁਭ ਥਾਨੇ।
ਸੁੰਦਰ ਇਕ ਪ੍ਰਯੰਕ ਲੇ ਆਏ। ਉੱਜਲ ਆਸਤਰਨ ਕੋ ਛਾਏ॥ ੨॥

ਸਾਰੇ ਸਿੱਖ ਗੁਰੂ ਜੀ ਨੂੰ ਨਾਲ ਹੋ ਕੇ ਲੈ ਆਏ ਤੇ ਸ਼ੁਭ ਸਥਾਨ ਤੇ ਉਨ੍ਹਾਂ ਦਾ ਡੇਰਾ ਕਰਵਾਇਆ। ਸੁੰਦਰ ਇਕ ਪਲੰਘ ਲੈ ਆਏ ਤੇ ਉਸ ਉੱਤੇ ਬੜੇ ਉੱਜਲ ਬਸਤਰ ਵਿਛਾ ਦਿੱਤੇ॥੨॥

ਸ੍ਰੀ ਗੁਰ ਤੇਗਬਹਾਦਰ ਨੰਦਨ। ਬੈਠਾਰੇ ਕਰਿ ਸਿੱਖਨਿ ਬੰਦਨ।
ਸਕਲ ਪੁਰੀ ਮਹਿਂ ਸੁਧਿ ਹੁਇ ਆਈ। ਦਰਸ਼ਨ ਹਿਤ ਸੰਗਤਿ ਉਮਡਾਈ॥੩॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਨੂੰ ਸਿੱਖਾਂ ਨੇ ਬੰਦਨਾ ਕਰਕੇ ਬਿਠਾ ਦਿੱਤਾ। ਸਾਰੀ ਨਗਰੀ ਵਿਚ ਖ਼ਬਰ ਫੈਲ ਗਈ ਤੇ ਦਰਸ਼ਨਾਂ ਵਾਸਤੇ ਸੰਗਤ ਉਮੱਡ ਆਈ॥੩॥

ਆਪਸ ਬਿਖੈ ਭਨੈਂ ਨਰ ਨਾਰੀ। 'ਆਯੋ ਪ੍ਰਥਮ ਗੁਰੂ ਇਕ ਬਾਰੀ।
ਜਿਹ ਸ੍ਰੀ ਤੇਗਬਹਾਦਰ ਨਾਮੂ। ਤਿਨ ਕੇ ਇਹ ਨੰਦਨ ਅਭਿਰਾਮੂ॥ ੪॥

ਇਸਤਰੀ ਪੁਰਸ਼ ਆਪਸ ਵਿਚ ਕਹਿੰਦੇ ਸਨ, "ਪਹਿਲਾਂ ਵੀ ਗੁਰੂ ਜੀ ਇਕ ਵਾਰ ਏਥੇ ਆਏ ਸਨ। ਜਿਨ੍ਹਾਂ ਦਾ ਨਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਹੈ, ਇਹ ਉਨ੍ਹਾਂ ਦੇ ਸੁੰਦਰ ਪੁੱਤਰ ਹਨ॥੪॥

ਜਿਨ ਕੋ ਦਰਸ਼ਨ ਪੁਰਵਹਿ ਸ੍ਵਾਰਥ। ਲੇ ਸ਼ਰਧਾਲੂ ਕਾਰ ਪਦਾਰਥ।
ਘਰ ਮਹਿਂ ਚਲਿ ਕਰਿ ਨਵਨਿਧਿ ਆਈ। ਹੋਹਿ ਕੁਭਾਗੀ ਲੇਨਿ ਨ ਜਾਈ ॥੫॥

ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਸਾਰੇ ਸਵਾਰਥ ਪੂਰੇ ਹੋ ਜਾਂਦੇ ਹਨ, ਸ਼ਰਧਾਲੂ ਕਾਰ ਭੇਟ ਲਵੇ, ਸਾਡੇ ਘਰ ਵਿਚ ਅੱਜ ਚਲ ਕੇ ਨੌਂ ਨਿਧੀਆਂ ਆ ਗਈਆਂ ਹਨ, ਉਹ ਮਾੜੇ ਭਾਗਾਂ ਵਾਲਾ ਹੋਵੇਗਾ ਜਿਹੜਾ ਨੌਂ ਨਿਧੀਆਂ ਲੈਣ ਨਹੀਂ ਜਾਵੇਗਾ"॥੫॥

ਇਮ ਕਹਿ ਲੇ ਲੇ ਕਰਿ ਉਪਹਾਰ। ਮਿਲਿ ਕਰਿ ਚਲੇ ਬ੍ਰਿੰਦ ਨਰ ਨਾਰਿ।
ਆਨਿ ਹਜ਼ਾਰਹੁਂ ਦਰਸ਼ਨ ਕਰੈਂ। ਭਾਂਤਿ ਭਾਂਤਿ ਕੀ ਭੇਟਨਿ ਧਰੈਂ॥ ੬॥

ਇਸ ਤਰ੍ਹਾਂ ਕਹਿ ਕੇ ਹੱਥ ਵਿਚ ਉਪਹਾਰ ਲੈ ਕੇ, ਬਹੁਤ ਇਸਤਰੀ-ਪੁਰਸ਼ ਮਿਲ ਕੇ ਚਲ ਪਏ। ਹਜ਼ਾਰਾਂ ਦੀ ਗਿਣਤੀ ਵਿਚ ਆ ਕੇ ਦਰਸ਼ਨ ਕਰਦੇ ਸਨ, ਭਾਂਤ-ਭਾਂਤ ਦੀਆਂ ਉਹ ਭੇਟਾਵਾਂ ਧਰਦੇ ਸਨ॥੬॥

ਮੂਰਤਿ ਅਲਪ ਸਲੋਨੀ ਦੇਖਿ। ਸ਼ੁਭ ਗੁਨ ਮਹਿਂ ਸਭਿਹੂੰਨਿ ਵਿਸ਼ੇਸ਼।
ਕਰਹਿਂ ਸਰਾਹਨਿ ਆਪਸ ਮਾਂਹੀ। 'ਇਹ ਗੁਰ ਜੋਧਾ ਬਨਹਿਂ ਮਹਾਂ ਹੀ॥ ੭॥

ਛੋਟੀ ਤੇ ਸੁੰਦਰ ਸੂਰਤ ਵੇਖਦੇ ਸਨ, ਜਿਹੜੀ ਸਾਰੇ ਸ਼ੁਭ ਗੁਣਾਂ ਨਾਲ ਵਿਸ਼ੇਸ਼ ਤੌਰ ਤੇ ਭਰਪੂਰ ਸੀ। ਆਪਸ ਵਿਚ ਸ਼ਲਾਘਾ ਕਰਦੇ ਸਨ, "ਗੁਰੂ ਜੀ ਮਹਾਨ ਯੋਧਾ ਬਣਨਗੇ॥੭॥

ਮਹਾਂ ਪ੍ਰਤਾਪਵੰਤ ਮੁਖ ਦਿਪੈ। ਕਯੋਂ ਨ ਸ਼੍ਰੇਯ ਹੁਇ ਜੋ ਇਨ ਜਪੈ।
ਇਕ ਆਵਤਿ ਇਕ ਜਾਤਿ ਸਦਨ ਕੋ। ਇਕ ਦੇਖਤਿ ਹੈਂ ਗੁਰੂ ਬਦਨ ਕੋ॥ ੮॥

ਇਨ੍ਹਾਂ ਦਾ ਮਹਾਨ ਪ੍ਰਤਾਪ ਵਾਲਾ ਮੁਖੜਾ ਚਮਕਦਾ ਹੈ, ਜਿਹੜਾ ਇਨ੍ਹਾਂ ਦਾ ਜਾਪ ਕਰੇਗਾ ਉਹ ਮੁਕਤੀ ਕਿਉਂ ਨਾ ਪ੍ਰਾਪਤ ਕਰੇਗਾ।" ਇਕ ਆਉਂਦਾ ਸੀ, ਇਕ ਘਰ ਨੂੰ ਜਾਂਦਾ ਸੀ, ਕਈ ਗੁਰੂ ਜੀ ਦੇ ਮੁਖੜੇ ਨੂੰ ਵੇਖ ਰਹੇ ਸਨ॥੮॥

ਸੰਧ੍ਯਾ ਲੌ ਮੇਲਾ ਬਡ ਹੋਵਾ। ਪਾਵਨ ਗੁਰ ਸਰੂਪ ਕਹੁ ਜੋਵਾ।
ਦੇਗ ਹੇਤੁ ਸਾਮਿੱਗ੍ਰੀ ਆਨੀ। ਚਾਵਰ ਚੂਨ ਘ੍ਰਿਤ ਮਿਸ਼ਟਾਨੀ॥ ੯॥

ਸ਼ਾਮ ਤਕ ਬਹੁਤ ਵੱਡਾ ਮੇਲਾ ਲੱਗਾ ਰਿਹਾ, ਗੁਰੂ ਜੀ ਦੇ ਪਵਿੱਤਰ ਸਰੂਪ ਨੂੰ ਵੇਖਦੇ ਸਨ। ਲੰਗਰ ਵਾਸਤੇ ਸਮੱਗਰੀ ਲਿਆਏ। ਚਾਵਲ, ਆਟਾ, ਘਿਉ ਅਤੇ ਮਿੱਠਾ ਲਿਆਏ ਸਨ॥੯॥

ਜੇਤਿਕ ਖਰਚ ਖਾਨ ਹਿਤ ਜਾਨਾ। ਸ਼ੁਭ ਵਸਤੁਨ ਕੋ ਗਨ ਤਹਿਂ ਆਨਾ।
ਬਿਬਿਧਿ ਬਿਧਨਿ ਕੇ ਬਨੇ ਅਹਾਰਾ। ਪਾਇਸ ਮਹਿਂ ਮੇਵਾ ਗਨ ਡਾਰਾ॥ ੧੦॥

ਜਿੰਨਾ ਖਰਚਾ ਲੰਗਰ ਵਾਸਤੇ ਜਾਣਿਆ, ਬਹੁਤ ਸ਼ੁਭ ਵਸਤਾਂ ਉਥੇ ਲੈ ਕੇ ਆਏ। ਭਿੰਨ-ਭਿੰਨ ਵਿਧੀਆਂ ਦੇ ਭੋਜਨ ਤਿਆਰ ਹੋਏ, ਉਨ੍ਹਾਂ ਭੋਜਨਾਂ ਵਿਚ ਬਹੁਤ ਮੇਵੇ ਪਾਏ ਗਏ ਸਨ॥੧੦॥

ਮਨ ਭਾਵਤਿ ਕਰਿ ਥਾਰ ਭਰਯੋ ਹੈ। ਸਤਿਗੁਰ ਅਚਵਨ ਤਬਹਿ ਕਰਯੋ ਹੈ।
ਮਾਤਨ ਆਦਿ ਮਨੁਜ ਸਮੁਦਾਏ। ਖਾਨ ਪਾਨ ਕਰਿ ਸਭਿ ਤ੍ਰਿਪਤਾਏ॥ ੧੧॥

ਮਨ-ਭਾਉਂਦਾ ਭੋਜਨ ਤਿਆਰ ਕਰਕੇ ਇਕ ਥਾਲ ਭਰ ਲਿਆ ਤੇ ਸਤਿਗੁਰੂ ਜੀ ਨੇ ਤਦ ਭੋਜਨ ਛਕ ਲਿਆ। ਦੋਵੇਂ ਮਾਤਾ ਜੀ ਅਤੇ ਹੋਰ ਸਾਰੇ ਮਨੁੱਖਾਂ ਨੂੰ ਖਵਾ ਪਿਆ ਕੇ ਤ੍ਰਿਪਤ ਕੀਤਾ॥੧੧॥

ਸੁਪਤਿ ਜਥਾ ਸੁਖ ਨਿਸਾ ਬਿਤਾਈ। ਜਾਗੇ ਜਬਿ ਪ੍ਰਭਾਤਿ ਹੁਇ ਆਈ।
ਸੌਚ ਸ਼ਨਾਨ ਠਾਨਿ ਗੁਰ ਬੈਸੇ। ਦਰਸ਼ਨ ਹਿਤ ਪੁਨ ਆਵਹਿਂ ਤੈਸੇ॥ ੧੨॥

ਸੁਖ ਨਾਲ ਸੌਂ ਕੇ ਰਾਤ ਬਤੀਤ ਕੀਤੀ ਤੇ ਜਦ ਪ੍ਰਭਾਤ ਹੋ ਗਈ ਤਾਂ ਗੁਰੂ ਜੀ ਜਾਗ ਪਏ। ਗੁਰੂ ਜੀ ਸੌਚ ਇਸ਼ਨਾਨ ਕਰਕੇ ਬੈਠ ਗਏ, ਫਿਰ ਦਰਸ਼ਨਾਂ ਵਾਸਤੇ ਸੰਗਤ ਆਉਂਦੀ ਸੀ॥੧੨॥

ਦਿਜ ਸਮੂਹ ਸੁਨਿ ਕਰਿ ਤਬਿ ਆਏ। ਦੇਖਤਿ ਨਮੋ ਕਰਹਿਂ ਸਿਰ ਨਜਾਏ।
ਬੈਠੇ ਸਭਿ ਸਮੀਪ ਹਰਖਾਏ। ਕਹੈਂ 'ਪ੍ਰਥਮ ਤੁਮਰੇ ਪਿਤ ਆਏ॥ ੧੩॥

ਸਾਰੇ ਬ੍ਰਾਹਮਣ ਸੁਣ ਕੇ ਤਦ ਆਏ, ਦਰਸ਼ਨ ਕਰਕੇ ਸਿਰ ਨਿਵਾ ਕੇ ਨਮਸਕਾਰ ਕਰਦੇ ਸਨ। ਸਾਰੇ ਪ੍ਰਸੰਨ ਹੋ ਕੇ ਪਾਸ ਬੈਠ ਗਏ। ਕਹਿੰਦੇ ਸਨ, "ਪਹਿਲਾਂ ਤੁਹਾਡੇ ਪਿਤਾ ਜੀ ਆਏ ਸਨ॥੧੩॥

ਕਰੇ ਪਰੋਹਤ ਤੀਰਥ ਕੇਰੇ। ਦਿਯੋ ਦਾਨ ਹਮ ਕੌ ਬਹੁਤੇਰੇ।
ਕਰਤਿ ਪ੍ਰਤੀਖਨ ਰਹੈਂ ਸਦਾਈ। ਗੁਰੂ ਬੰਸ ਆਵਹਿ, ਧਨ ਪਾਈਂ॥ ੧੪॥

ਇਸ ਤੀਰਥ 'ਤੇ ਉਨ੍ਹਾਂ ਸਾਨੂੰ ਆਪਣੇ ਪਰੋਹਤ ਬਣਾਇਆ ਤੇ ਸਾਨੂੰ ਬਹੁਤ ਦਾਨ ਦਿੱਤਾ। ਅਸੀਂ ਸਦਾ ਹੀ ਉਡੀਕ ਕਰਦੇ ਰਹਿੰਦੇ ਹਾਂ, ਗੁਰੂ ਜੀ ਦੀ ਵੰਸ਼ ਆਵੇ ਤੇ ਅਸੀਂ ਧਨ ਪਾਈਏ॥੧੪॥

ਜਿਸਤੇ ਤ੍ਰਿਪਤ ਹੋਇ ਹਮ ਰਹੈਂ। ਅਪਰਨ ਤੇ ਨਹਿਂ ਜਾਚਾ ਲਹੈਂ।
ਜਗਤ ਸ਼ਿਰੋਮਣਿ ਪੂਜ ਸਭਿਨਿ ਕੇ। ਸਮਸਰ ਮਹੂੰ ਨ ਜਾਨਿਯ ਜਿਨਕੇ॥੧੫॥

ਜਿਸ ਕਰਕੇ ਅਸੀਂ ਤ੍ਰਿਪਤ ਹੁੰਦੇ ਰਹੀਏ, ਫਿਰ ਹੋਰਨਾਂ ਤੋਂ ਨਾ ਮੰਗੀਏ, ਉਹ ਜਗਤ ਦੇ ਸ਼ਿਰੋਮਣੀ ਸਭ ਦੇ ਪੂਜਣਯੋਗ ਹਨ, ਜਿਨ੍ਹਾਂ ਦੇ ਬਰਾਬਰ ਹੋਰ ਕਿਸੇ ਨੂੰ ਨਹੀਂ ਜਾਣਦੇ ਹਾਂ॥੧੫॥

ਯਾਂ ਤੇ ਹਮ ਭੀ ਧੰਨ ਕਹਾਵੈਂ। ਦਰਸ਼ਨ ਕਰਹਿਂ ਦਰਬ ਕੌ ਪਾਵੈਂ।
ਸੁਨਿ ਬ੍ਰਿਤਾਂਤ ਕੋ ਤਬਿ ਮੁਸਕਾਏ। 'ਕਹਾਂ ਜਾਚਤੇ? ਦੇਹੁ ਬਤਾਏ॥ ੧੬॥

ਇਸ ਕਰਕੇ ਅਸੀਂ ਵੀ ਧੰਨ ਕਹਾਉਂਦੇ ਹਾਂ, ਦਰਸ਼ਨ ਕਰਕੇ ਧਨ ਪਾਉਂਦੇ ਹਾਂ।" ਸਤਿਗੁਰੂ ਜੀ ਉਨ੍ਹਾਂ ਦਾ ਬ੍ਰਿਤਾਂਤ ਸੁਣ ਕੇ ਮੁਸਕਰਾਏ, "ਕੀ ਮੰਗਦੇ ਹੋ, ਦੱਸ ਦੇਵੋ॥੧੬॥

ਜੋ ਤੁਮ ਲੈਬੋ ਹੋਇ ਸੁ ਕਹੀਅਹਿ। ਨਹਿਂ ਪਰਵਾਹ ਗੁਰੂ ਘਰ ਲਹੀਅਹਿ।
ਸ਼ਿਵ ਕੀ ਪੁਰੀ ਸੁ ਬਾਸ ਤੁਮਾਰਾ। ਸ਼ਾਸਤ੍ਰਨ ਕੀ ਵਿੱਦਯਾ ਸੁ ਉਦਾਰਾ॥੧੭॥

ਜੋ ਤੁਸੀਂ ਲੈਂਦੇ ਰਹੇ ਹੋ, ਉਹ ਕਹੋ, ਗੁਰੂ ਘਰ ਵਿਚ ਕਿਸੇ ਗੱਲ ਦੀ ਪ੍ਰਵਾਹ ਨਾ ਸਮਝੋ। ਸ਼ਿਵਜੀ ਦੀ ਨਗਰੀ ਵਿਚ ਤੁਹਾਡਾ ਵਾਸਾ ਹੈ, ਤੁਸੀਂ ਸ਼ਾਸਤਰਾਂ ਦੀ ਬੜੀ ਉੱਚੀ ਵਿਦਿਆ ਪੜ੍ਹੀ ਹੈ"॥੧੭॥

ਸੁਨਿ ਦਿਜਿ ਵਿੱਦਯਾਵਾਨ ਬਖਾਨੈਂ। 'ਹਮਹਿ ਦੇਹੁ ਸਰਬੰਸ ਮਹਾਨੈ।
ਦੈਵਜੋਗ ਆਗਮਨਿ ਤੁਮਾਰਾ। ਯਾਂ ਤੇ ਜਾਚਹਿਂ ਦਾਨ ਉਦਾਰਾ॥ ੧੮॥

ਇਹ ਸੁਣ ਕੇ ਵਿਦਵਾਨ ਬ੍ਰਾਹਮਣ ਬੋਲੇ, "ਸਾਨੂੰ ਸਾਰਾ ਧਨ ਦੌਲਤ ਦਾਨ ਦੇਵੋ। ਕੁਦਰਤੀ ਹੀ ਤੁਹਾਡਾ ਦੇਸ਼ੇ ਆਉਣਾ ਹੋਇਆ ਹੈ, ਇਸ ਕਰਕੇ ਅਸੀਂ ਖੁਲ੍ਹਾ ਦਾਨ ਮੰਗਦੇ ਹਾਂ"॥੧੮॥

ਤਬਿ ਸਤਿਗੁਰ ਬਾਨੀ ਤਿਮ ਮਾਨੀ। ਦੇ ਸਰਬੰਸ ਜੁ ਵਸਤੁ ਮਹਾਨੀ।
ਸੁਨਤਿ ਮੋਦ ਬਿੱਪ੍ਰਨਿ ਕੇ ਹੋਵਾ। ਮਹਾਂ ਉਦਾਰ ਪ੍ਰਭੂ ਕਹੁ ਜੋਵਾ॥ ੧੯॥

ਤਦ ਸਤਿਗੁਰੂ ਜੀ ਨੇ ਉਨ੍ਹਾਂ ਦੀ ਗੱਲ ਮੰਨ ਲਈ ਤੇ ਸਾਰਾ ਧਨ ਦੌਲਤ ਅਤੇ ਹੋਰ ਜਿਹੜੀਆਂ ਮਹਾਨ ਵਸਤਾਂ ਸਨ, ਉਨ੍ਹਾਂ ਨੂੰ ਦਾਨ ਵਿਚ ਦੇ ਦਿੱਤੀਆਂ, ਇਹ ਸੁਣਕੇ ਬ੍ਰਾਹਮਣ ਬਹੁਤ ਪ੍ਰਸੰਨ ਹੋਏ, ਬੜਾ ਖੁਲ੍ਹ-ਦਿਲਾ ਗੁਰੂ ਜੀ ਨੂੰ ਵੇਖਿਆ॥੧੯॥

*ਨੋਟ : ਸਰਬੰਸ ਦਾਨ ਦਾ ਭਾਵ ਹੈ ਘਰ ਦਾ ਸਾਰਾ ਧਨ ਦੌਲਤ, ਘਰ ਦੀਆਂ ਸਾਰੀਆਂ ਵਸਤਾਂ ਦਾਨ ਕਰ ਦੇਣੀਆਂ। ਪੁਰਾਣੇ ਬ੍ਰਾਹਮਣ ਕਈ ਵਾਰ ਰਾਜਿਆਂ ਮਹਾਰਾਜਿਆਂ ਪਾਸੋਂ ਸਰਬੰਸ ਦਾਨ ਕਰਵਾ ਲੈਂਦੇ ਸਨ।*

'ਜੈਸੇ ਉੱਜਲ ਬੰਸ ਉਦਾਰਾ। ਤੈਸੋ ਸੁਠ ਸਰੂਪ ਅਵਿਤਾਰਾ।
ਜਿਮ ਸਰੂਪ ਤਿਮ ਮਤਿ ਹੈ ਊਚੇ। ਜੈਸੀ ਮਤਿ ਤਿਮ ਗੁਨ ਬਹੁ ਸੂਚੇ॥ ੨੦॥

"ਜਿਵੇਂ ਤੁਹਾਡਾ ਉੱਤਮ ਵੰਸ ਬੜਾ ਉੱਜਲ ਹੈ, ਉਸ ਤਰ੍ਹਾਂ ਹੀ ਤੁਸੀਂ ਸੁੰਦਰ ਸਰੂਪ ਲੈ ਕੇ ਅਵਤਾਰ ਧਾਰਨ ਕੀਤਾ ਹੈ। ਜਿਵੇਂ ਤੁਹਾਡਾ ਸੁੰਦਰ ਸਰੂਪ ਹੈ, ਉਸ ਤਰ੍ਹਾਂ ਹੀ ਤੁਹਾਡੀ ਬੁੱਧੀ ਬਹੁਤ ਉੱਚੀ ਹੈ, ਜਿਵੇਂ ਉੱਚੀ ਬੁੱਧੀ ਹੈ, ਉਸ ਤਰ੍ਹਾਂ ਹੀ ਤੁਹਾਡੇ ਗੁਣ ਬਹੁਤ ਸੁੱਚੇ ਹਨ॥੨੦॥

ਆਦਿ ਉਦਾਰ ਸੂਰਤਾ ਲਹੈਂ। ਬਾਲਿਕ ਬਯ ਮਹਿਂ ਇਸ ਬਿਧਿ ਅਹੈਂ।
ਤਬਿ ਸ਼੍ਰੀ ਸਤਿਗੁਰ ਗੰਗਾ ਤੀਰ। ਗਮਨੇ ਸੰਗ ਦਿਜਨ ਕੀ ਭੀਰ॥ ੨੧॥

ਉਦਾਰਤਾ, ਸੂਰਮਤਾ ਆਦਿ ਗੁਣ ਵੇਖਦੇ ਹਾਂ, ਬਾਲਕ ਉਮਰ ਵਿਚ ਹੀ ਇਸ ਤਰ੍ਹਾਂ ਵਿਚਰਦੇ ਹੋ।" ਤਦ ਸਤਿਗੁਰੂ ਜੀ ਗੰਗਾ ਨਦੀ ਦੇ ਕਿਨਾਰੇ ਬ੍ਰਾਹਮਣਾਂ ਦੀ ਇਕ ਵੱਡੀ ਭੀੜ ਨੂੰ ਲੈ ਕੇ ਗਏ॥੨੧॥

ਕਰਿ ਸ਼ਨਾਨ ਕੋ ਬੰਸਵਤੰਸ। ਦੀਨਿਸਿ ਦਾਨ ਤਬਹਿ ਸਰਬੰਸ।
ਬਿੱਪ੍ਰਨ ਬਹੁ ਅਨੰਦ ਕੋ ਪਾਇ। ਲੇ ਸਭਿ ਵਸਤੁ ਦਰਬ ਸਮੁਦਾਇ॥ ੨੨॥

ਆਪਣੀ ਵੰਸ਼ ਦੇ ਸ਼ਿਰੋਮਣੀ ਗੁਰੂ ਜੀ ਨੇ ਇਸ਼ਨਾਨ ਕੀਤਾ ਤੇ ਫਿਰ ਸਾਰਾ ਧਨ ਦੌਲਤ ਅਤੇ ਵਸਤਾਂ ਬ੍ਰਾਹਮਣਾਂ ਨੂੰ ਦਾਨ ਕਰ ਦਿੱਤੀਆਂ। ਬ੍ਰਾਹਮਣਾਂ ਨੇ ਬਹੁਤ ਅਨੰਦ ਪਾਇਆ, ਉਨ੍ਹਾਂ ਨੇ ਸਾਰਾ ਧਨ ਅਤੇ ਸਾਰੀਆਂ ਵਸਤਾਂ ਲੈ ਲਈਆਂ॥੨੨॥

ਉਸਤਤਿ ਕਰੀ ਅਨੇਕ ਪ੍ਰਕਾਰਾ। ਲੇ ਕਰਿ ਗਮਨੇ ਕਈ ਹਜ਼ਾਰਾ।
ਸਗਰੀ ਪੁਰੀ ਰੁੱਦ੍ਰ ਕੀ ਬੀਚ। ਕੀਰਤਿ ਕਰਤਿ ਊਚ ਅਰੁ ਨੀਚ॥ ੨੩॥

ਅਨੇਕ ਪ੍ਰਕਾਰ ਉਨ੍ਹਾਂ ਗੁਰੂ ਜੀ ਦੀ ਉਸਤਤਿ ਕੀਤੀ ਤੇ ਕਈ ਹਜ਼ਾਰਾਂ ਦਾ ਧਨ ਲੈ ਕੇ ਚਲੇ ਗਏ। ਸ਼ਿਵਜੀ ਦੀ ਸਾਰੀ ਨਗਰੀ ਵਿਚ ਅਮੀਰ ਗਰੀਬ, ਉੱਚੇ ਨੀਵੇਂ ਸਾਰੇ ਸ਼ਲਾਘਾ ਕਰਦੇ ਸਨ॥੨੩॥

ਜਬਿ ਗੁਰ ਸਭਿ ਕਿਛ ਦੀਨੋ ਦਾਨ। ਸੰਗਤਿ ਗਨ ਮਸੰਦ ਸੁਨਿ ਕਾਨ।
ਵਸਤੁ ਬਟੋਰਨਿ ਕੀਨਿ ਘਨੇਰੀ। ਘਨੇ ਬਸਤ੍ਰ ਆਨੇ ਤਿਸ ਬੇਰੀ॥ ੨੪॥

ਜਦ ਗੁਰੂ ਜੀ ਨੇ ਸਭ ਕੁਝ ਦਾਨ ਦੇ ਦਿੱਤਾ, ਬਹੁਤ ਸੰਗਤਾਂ ਅਤੇ ਮਸੰਦਾਂ ਨੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਨ੍ਹਾਂ ਨੇ ਬਹੁਤ ਵਸਤਾਂ ਇਕੱਠੀਆਂ ਕੀਤੀਆਂ ਤੇ ਉਸ ਸਮੇਂ ਬਹੁਤ ਵਸਤਰ ਲੈ ਕੇ ਆਏ॥੨੪॥

ਦਰਜ਼ੀ ਲਜਾਹਿ ਸਿਵਾਵਨਿ ਕਰੇ। ਬਾਹਨ ਮੋਲ ਆਨਿਬੋ ਕਰੇ।
ਦਿਨ ਕੇਤਿਕ ਇਮ ਬੀਤੇ ਜਬੈ। ਨਿਕਟਿ ਨਿਕਟਿ ਸੁਧਿ ਪਸਰੀ ਤਬੈ॥ ੨੫॥

ਦਰਜ਼ੀ ਮੰਗਵਾ ਕੇ ਸਾਰੇ ਕੱਪੜੇ ਸਿਵਾ ਲਏ ਤੇ ਸਾਰਿਆਂ ਵਾਹਣਾਂ ਦਾ ਮੁਲ ਆ ਕੇ ਕੀਤਾ। ਜਦ ਇਸ ਤਰ੍ਹਾਂ ਕਈ ਦਿਨ ਬੀਤੇ ਤਾਂ ਨੇੜੇ-ਨੇੜੇ ਸਾਰੇ ਖਬਰ ਫੈਲ ਗਈ॥੨੫॥

ਜੌਨਪੁਰੇ ਕੀ ਸੰਗਤਿ ਆਈ। ਗੁਰ ਕੀ ਕਾਰ ਦਰਬ ਗਨ ਲਜਾਈ।
ਜੋ ਪ੍ਰੇਮੀ ਗੁਰਬਖਸ਼ ਮਸੰਦ। ਸਭਿ ਮਹਿਂ ਮੁਖਿ ਧਰਿ ਆਇ ਅਨੰਦ॥ ੨੬॥

ਜੌਨਪੁਰ ਦੀ ਸੰਗਤ ਆਈ, ਗੁਰੂ ਜੀ ਦੀ ਕਾਰ ਭੇਟ ਲਈ ਬਹੁਤ ਧਨ ਲਿਆਈ, ਜਿਹੜਾ ਪ੍ਰੇਮੀ ਗੁਰਬਖਸ਼ ਮਸੰਦ ਸੀ ਉਹ ਸਾਰਿਆਂ ਦਾ ਮੁਖੀ ਬਣ ਕੇ ਬੜੇ ਅਨੰਦ ਨਾਲ ਆਇਆ॥੨੬॥

**ਗਾਵਤਿ ਸ਼ਬਦ ਹਜ਼ੂਰ ਪਹੂਚੇ। ਸੁਨਹਿਂ ਅਨੇਕ ਰਾਗ ਹੁਇ ਊਚੇ।**
**ਕਰਿ ਦਰਸ਼ਨ ਕੋ ਅਰਪਿ ਅਕੋਰ। ਬੰਦਤਿ ਹੈਂ ਪਗ ਜੁਗ ਕਰ ਜੋਰਿ॥ ੨੭॥**

ਉਹ ਸ਼ਬਦ ਗਾਉਂਦੇ ਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚੇ। ਬੜੀ ਉੱਚੀ ਅਵਾਜ਼ ਵਿਚ ਅਨੇਕਾਂ ਰਾਗ ਸੁਣਾਈ ਦੇ ਰਹੇ ਸਨ। ਦਰਸ਼ਨ ਕਰਨ ਵਾਸਤੇ ਉਨ੍ਹਾਂ ਉਪਹਾਰ ਅਰਪਣ ਕੀਤੇ ਤੇ ਦੋਵੇਂ ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ॥੨੭॥

**ਕਰੀ ਕਾਮਨਾ ਜਾਚਹਿਂ ਜੋਇ। ਪੂਰਤਿ ਭਏ ਪ੍ਰਭੂ ਤਬਿ ਸੋਇ।**
**ਤੀਨ ਦਿਵਸ ਗੁਰ ਕੇ ਢਿਗ ਰਹੇ। ਜਥਾ ਜੋਗ ਸਿਰੁਪਾਉ ਸੁ ਲਹੇ॥ ੨੮॥**

ਕਾਮਨਾ ਕਰਕੇ ਜੋ ਵੀ ਮੰਗਦੇ ਸਨ, ਪ੍ਰਭੂ ਜੀ ਓਹੋ ਕਾਮਨਾ ਪੂਰੀ ਕਰ ਦਿੰਦੇ ਸਨ। ਤਿੰਨ ਦਿਨ ਗੁਰੂ ਜੀ ਦੇ ਪਾਸ ਰਹੇ, ਯਥਾ-ਯੋਗ ਉਨ੍ਹਾਂ ਨੇ ਸਿਰੋਪੇ ਪ੍ਰਾਪਤ ਕੀਤੇ॥੨੮॥

**'ਬਾਲ ਆਰਬਲ ਸੁੰਦਰ ਸੂਰਤਿ। ਰਚੀ ਬਿਧਾਤੇ ਸਭਿ ਗੁਨ ਪੂਰਤਿ'।**
**ਇੱਤਜਾਦਿਕ ਬਹੁ ਕਰਤਿ ਪ੍ਰਸ਼ੰਸ਼ਾ। 'ਹੁਇ ਹੈਂ ਸੋਢਿਬੰਸ ਅਵਿਤੰਸ਼ਾ' ॥ ੨੯॥**

ਕਹਿੰਦੇ ਸਨ, "ਬਾਲ ਉਮਰ ਹੈ, ਸੁੰਦਰ ਸੂਰਤ ਵਿਧਾਤੇ ਨੇ ਰਚੀ ਹੈ ਤੇ ਸਭ ਗੁਣਾਂ ਵਿਚ ਪੂਰਨ ਹਨ। ਇਸ ਤਰ੍ਹਾਂ ਬਹੁਤ ਪ੍ਰਸੰਸਾ ਕਰਦੇ ਸਨ, "ਸੋਢੀ ਵੰਸ ਦੇ ਸ਼ਿਰੋਮਣੀ ਨੇ ਅਵਤਾਰ ਧਾਰਨ ਕੀਤਾ ਹੈ" ॥੨੯॥

**ਭਯੋ ਦਰਬ ਗੁਰ ਨਿਕਟਿ ਘਨੇਰਾ। ਸਕਲ ਸਾਜ ਬਨਵਾਯਹੁ ਫੇਰਾ।**
**ਬਹੁਰ ਚਲਨਿ ਕੀ ਕੀਨਸਿ ਤਯਾਰੀ। ਦੇ ਸਿਰੁਪਾਉ ਸੰਗਤਾਂ ਸਾਰੀ॥ ੩੦॥**

ਗੁਰੂ ਜੀ ਪਾਸ ਬਹੁਤ ਧਨ ਇਕੱਠਾ ਹੋ ਗਿਆ। ਸਾਰਾ ਸਾਜ਼ੋ-ਸਾਮਾਨ ਫਿਰ ਬਣਵਾ ਲਿਆ। ਫਿਰ ਚਲਣ ਦੀ ਤਿਆਰੀ ਕੀਤੀ ਤੇ ਸਾਰੀ ਸੰਗਤ ਨੂੰ ਸਿਰੋਪੇ ਦਿੱਤੇ॥੩੦॥

**ਸੁਨਿ ਸੁਨਿ ਜਸੁ ਕੌ ਨਰ ਸਮੁਦਾਏ। ਕਹਹਿਂ 'ਕਰਹੁ ਸਿਖ, ਸ਼ਰਨੀ ਆਏ'।**
**ਦੇਖਿ ਭਾਉ ਤਿਨ ਕੇ ਮਨ ਕੇਰਾ। ਪਗ ਪਾਹੁਲ ਦੀਨਸਿ ਤਿਸ ਬੇਰਾ॥ ੩੧॥**

ਜੱਸ ਸੁਣ-ਸੁਣ ਕੇ ਸਾਰੇ ਮਨੁੱਖ ਕਹਿੰਦੇ ਸਨ, "ਸਾਨੂੰ ਆਪਣੇ ਸਿੱਖ ਬਣਾਵੋ, ਅਸੀਂ ਤੁਹਾਡੀ ਸ਼ਰਨ ਆਏ ਹਾਂ।" ਉਨ੍ਹਾਂ ਦੇ ਮਨ ਦਾ ਪ੍ਰੇਮ ਵੇਖ ਕੇ, ਉਸ ਸਮੇਂ ਉਨ੍ਹਾਂ ਨੂੰ ਚਰਨ ਪਾਹੁਲ ਦਿੱਤੀ॥੩੧॥

**ਜਿਨ ਜਿਨ ਪੀਯਸਿ ਭਏ ਨਿਹਾਲ। ਗੁਰ ਪ੍ਰਭਾਉ ਕੋ ਲਖਯੋ ਬਿਸਾਲ।**
**ਮਿਲਿ ਸੰਗਤਿ ਸਭਿ ਅਰਜ਼ ਉਚਾਰੀ। 'ਚਲਹੁ ਪ੍ਰਭੂ ! ਅਬਿ ਪੁਰੀ ਮਝਾਰੀ' ॥ ੩੨॥**

ਜਿਨ੍ਹਾਂ ਜਿਨ੍ਹਾਂ ਚਰਨ ਪਾਹੁਲ ਪੀਤੀ, ਉਹ ਨਿਹਾਲ ਹੋ ਗਏ, ਉਨ੍ਹਾਂ ਗੁਰੂ ਜੀ ਦੇ ਪ੍ਰਭਾਵ ਨੂੰ ਸਮਝ ਲਿਆ। ਸਾਰੀ ਸੰਗਤ ਨੇ ਮਿਲ ਕੇ ਬੇਨਤੀ ਉਚਾਰਨ ਕੀਤੀ, "ਹੇ ਪ੍ਰਭੂ ਜੀ ! ਹੁਣ ਸਾਡੀ ਨਗਰੀ ਵਿਚ ਚਲੋ" ॥੩੨॥

**ਸਿਵਕਾ ਆਦਿ ਨਯੋ ਸਭਿ ਸਾਜ। ਊਪਰ ਚਢਿ ਚਾਲੇ ਮਹਾਰਾਜ।**
**ਭੀਰ ਹਜ਼ਾਰਹੁਂ ਨਰ ਕੀ ਸੰਗ। ਗਮਨੇ ਗੁਰੂ ਨਿਹਾਰਤਿ ਸੰਗ॥ ੩੩॥**

ਪਾਲਕੀ ਆਦਿ ਸਭ ਨਵੇਂ ਸਾਜ਼ ਸਨ, ਗੁਰੂ ਜੀ ਉਸ ਉੱਪਰ ਚੜ੍ਹ ਕੇ ਚਲ ਪਏ। ਹਜ਼ਾਰਾਂ ਮਨੁੱਖਾਂ ਦੀ ਭੀੜ ਨਾਲ ਸੀ ਉਹ ਸਾਰੇ ਗੁਰੂ ਜੀ ਨੂੰ ਨਾਲ ਵੇਖਦੇ ਹੋਏ ਚਲੇ ਜਾ ਰਹੇ ਸਨ॥੩੩॥

ਸੁਰਸਰਿ ਤੀਰ ਤਰੀ ਅਨੁਵਾਈ। ਉਤਰਨਿ ਪਾਰ ਅਰੂਢਿ ਗੁਸਾਈਂ।
ਕੇਵਟ ਨਵਕਾ ਪਾਰ ਲੰਘਾਏ। ਦਰਬ ਦੀਨਿ ਬਹੁ, ਸੇ ਹਰਖਾਏ॥ ੩੪॥

ਗੰਗਾ ਨਦੀ ਦੇ ਕਿਨਾਰੇ ਜਾ ਕੇ ਬੇੜੀਆਂ ਮੰਗਵਾਈਆਂ, ਪਾਰ ਉਤਰਨ ਵਾਸਤੇ ਗੁਰੂ ਜੀ ਬੇੜੀ ਵਿਚ ਸਵਾਰ ਹੋ ਗਏ। ਮਲਾਹ ਨੇ ਬੇੜੀ ਪਾਰ ਲੰਘਾ ਦਿੱਤੀ, ਤਦ ਉਸ ਨੂੰ ਭਾੜੇ ਵਜੋਂ ਬਹੁਤ ਧਨ ਦੇ ਕੇ ਪ੍ਰਸੰਨ ਹੋਏ। ੩੪॥

ਜਿਸ ਜਿਸ ਗਰੀਅਨਿ ਜਾਹਿਂ ਅਗਾਰੀ। ਚਢੀ ਅਟਾਰਨਿ ਦਰਸਹਿਂ ਨਾਰੀ।
ਜਿਮ ਘਨ ਮੈਂ ਤੜਿਤਾ ਚਮਕਾਵੈ। ਬਿਸਦ ਸਦਨ ਮਹਿਂ ਤਥਾ ਸੁਹਾਵੈਂ॥੩੫॥

ਅੱਗੇ ਜਿਸ-ਜਿਸ ਗਲੀ ਵਿਚ ਜਾਂਦੇ ਸਨ, ਇਸਤਰੀਆਂ ਕੋਠਿਆਂ ਦੀਆਂ ਛੱਤਾਂ ਅਤੇ ਅਟਾਰੀਆਂ 'ਤੇ ਚੜ੍ਹ ਕੇ ਦਰਸ਼ਨ ਕਰਦੀਆਂ ਸਨ। ਜਿਵੇਂ ਬੱਦਲਾਂ ਵਿਚ ਬਿਜਲੀ ਚਮਕਦੀ ਹੈ, ਉੱਜਲ ਘਰਾਂ ਵਿਚ ਉਸ ਤਰ੍ਹਾਂ ਇਸਤਰੀਆਂ ਸ਼ੋਭ ਰਹੀਆਂ ਸਨ॥੩੫॥

ਅਧਿਕ ਭੀਰ ਪੁਰਿ ਗਰੀਅਨਿ ਬੀਚ। ਬੰਦਤਿ ਦੂਰ ਊਚ ਅਰੁ ਨੀਚ।
ਨਿਕਟਿ ਹੋਨਿ ਕੀ ਸ਼ਕਤਿ ਨ ਪਾਵੈਂ। ਨੀਠ ਨੀਠ ਗੁਰ ਅੱਗ੍ਰ ਸਿਧਾਵੈਂ॥ ੩੬॥

ਨਗਰ ਦੀਆਂ ਗਲੀਆਂ ਵਿਚ ਬਹੁਤ ਭੀੜ ਸੀ, ਉੱਚ ਨੀਚ ਦੂਰ ਤੋਂ ਹੀ ਬੰਦਨਾ ਕਰਦੇ ਸਨ, ਉਹ ਨੇੜੇ ਹੋਣ ਦੀ ਸ਼ਕਤੀ ਨਹੀਂ ਸੀ ਪਾਉਂਦੇ, ਮਸਾਂ-ਮਸਾਂ ਗੁਰੂ ਜੀ ਅੱਗੇ ਜਾਂਦੇ ਸਨ॥੩੬॥

ਮਹਾਂ ਕੁਲਾਹਲ ਪੁਰਿ ਮਹਿਂ ਹੋਵਾ। ਚਢਿ ਕੋਠਨਿ ਨਰ ਨਾਰਿਨ ਜੋਵਾ।
ਪੁਸ਼ਪਨਿ ਬਰਖਾ ਕਹੁ ਬਹੁ ਡਾਰੈਂ। ਮੰਦ ਮੰਦ ਗਮਨੰਤਿ ਨਿਹਾਰੈਂ॥ ੩੭॥

ਨਗਰ ਦੇ ਵਿਚ ਮਹਾਨ ਰੌਲਾ ਮੱਚ ਗਿਆ, ਕੋਠਿਆਂ 'ਤੇ ਚੜ੍ਹ ਕੇ ਇਸਤਰੀਆਂ ਵੇਖਦੀਆਂ ਸਨ, ਫੁੱਲਾਂ ਦੀ ਬਹੁਤ ਵਰਖਾ ਕਰਦੀਆਂ ਸਨ, ਹੌਲੀ-ਹੌਲੀ ਚਲਦਿਆਂ ਨੂੰ ਵੇਖਦੀਆਂ ਸਨ॥੩੭॥

ਕਹੈਂ ਕਿ 'ਮਹਾਂਰਾਜ ਸਮ ਲੱਛਨ। ਬੈਸ ਤਰੁਨ ਹੁਇਂ ਬਡੇ ਬਿਚੱਛਨ।
ਕ੍ਰਿਪਾ ਦ੍ਰਿਸ਼ਟਿ ਦੇਖਤਿ ਸਭਿ ਓਰ। ਜਿਤ ਕਿਤ ਖਰੇ ਸਰਬ ਕਰ ਜੋਰਿ॥੩੮॥

ਕਹਿੰਦੀਆਂ ਸਨ, "ਮਹਾਰਾਜਿਆਂ ਵਾਲੇ ਲੱਛਣ ਹਨ, ਜਵਾਨ ਹੋ ਕੇ ਵੱਡੇ ਚਤੁਰ ਹੋਣਗੇ। ਗੁਰੂ ਜੀ ਸਭ ਵਲ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਦੇ ਸਨ, ਜਿੱਥੇ-ਕਿੱਥੇ ਸਭ ਹੱਥ ਜੋੜ ਕੇ ਖੜੇ ਸਨ॥੩੮॥

ਕਿਤਿਕ ਥਾਉਂ ਨਹਿਂ ਪ੍ਰਾਪਤਿ ਹੋਇ। ਜਹਿਂ ਥਿਰਤਾ ਕਰਿ ਦਰਸ਼ਨ ਜੋਇਂ।
ਤਿਸ ਛਿਨ ਜਿਨ ਜਿਨ ਸਤਿਗੁਰ ਹੇਰਾ। ਭਯੋ ਸਭਿਨਿ ਆਨੰਦ ਘਨੇਰਾ॥੩੯॥

ਕਈਆਂ ਨੂੰ ਖੜੇ ਹੋਣ ਵਾਸਤੇ ਥਾਂ ਨਹੀਂ ਸੀ ਲਭਦਾ, ਜਿੱਥੇ ਖੜੇ ਹੋ ਕੇ ਉਹ ਦਰਸ਼ਨ ਕਰ ਸਕਣ। ਉਸ ਸਮੇਂ ਜਿਸ ਜਿਸ ਨੇ ਸਤਿਗੁਰੂ ਜੀ ਨੂੰ ਵੇਖਿਆ, ਸਾਰਿਆਂ ਨੇ ਬਹੁਤ ਆਨੰਦ ਮਾਣਿਆ॥੩੯॥

ਜਿਸ ਨਹਿਂ ਪਿਖੇ ਰਹਯੋ ਪਛੁਤਾਵਤਿ। 'ਭਾਗ ਮੰਦ, ਹਮ ਲਹੇ ਨ ਆਵਤਿ'।
ਜਾਤਿ ਬਜ਼ਾਰ ਬਿਖੈ ਸੁ ਨਿਹਾਰੈਂ। ਥਿਰੇ ਦੂਰ ਹੀ ਬੰਦਨ ਧਾਰੈਂ॥ ੪੦॥

ਜਿਸ ਨੇ ਦਰਸ਼ਨ ਨਾ ਕੀਤੇ, ਉਹ ਪਛਤਾਉਂਦਾ ਰਹਿ ਗਿਆ, "ਸਾਡੇ ਮਾੜੇ ਭਾਗ ਹਨ, ਅਸੀਂ ਆਉਂਦੇ ਵੇਖੇ ਨਹੀਂ ਹਨ।" ਬਜ਼ਾਰ ਵਿਚ ਜਾਂਦਿਆਂ ਨੂੰ ਵੇਖਦੇ ਸਨ, ਦੂਰ ਖੜੇ ਹੋ ਕੇ ਹੀ ਬੰਦਨਾ ਕਰਦੇ ਸਨ॥੪੦॥

ਤੁੰਗ ਅਟਾ ਘਨ ਘਟਾ ਮਿਲੰਤੀ। ਧੁਜ ਧਾਮਨ ਪਰ ਗਨ ਫਹਿਰੰਤੀ।
ਮਨੋ ਪੰਖ ਕੋ ਲਾਇ ਚਹੰਤੀ। ਉਡਹਿਂ ਗਗਨ ਕਹੁ ਇਮ ਦ੍ਰਿਸ਼ਟੰਤੀ॥ ੪੧॥

ਮਕਾਨਾਂ ਦੀਆਂ ਉੱਚੀਆਂ ਅਟਾਰੀਆਂ ਬੱਦਲਾਂ ਦੀਆਂ ਘਟਾਵਾਂ ਨਾਲ ਛੂੰਹਦੀਆਂ ਸਨ। ਘਰਾਂ ਉੱਪਰ ਬਹੁਤ ਝੰਡੀਆਂ ਫੜਫੜਾ ਰਹੀਆਂ ਸਨ, ਮਾਨੋ ਅਟਾਰੀਆਂ ਖੰਭ ਲਵਾਉਣਾ ਚਾਹੁੰਦੀਆਂ ਸਨ। ਇਹ ਅਕਾਸ਼ ਵਲ ਉੱਡ ਜਾਣਗੀਆਂ, ਇਸ ਤਰ੍ਹਾਂ ਨਜ਼ਰ ਆਉਂਦੀਆਂ ਸਨ॥੪੧॥

ਚਿੱਤ੍ਰਤਿ ਭੀਤ ਬਿਹੰਗ ਅਰੁ ਬਾਗ। ਅਧਿਕ ਸ਼ਿਵਾਲੇ ਪੂਜਨ ਲਾਗ।
ਬਨਕ ਧਨਦ ਸਮ ਬੈਠੇ ਬਿੰਦ। ਕਰਤਿ ਬਨਜ ਕੋ ਸੁਖੀ ਬਿਲੰਦ॥ ੪੨॥

ਦੀਵਾਰਾਂ ਉਤੇ ਪੰਛੀ ਅਤੇ ਬਾਗ ਬਗੀਚੇ ਚਿਤ੍ਰੇ ਹੋਏ ਸਨ, ਸ਼ਿਵਮੰਦਰਾਂ ਵਿਚ ਬਹੁਤ ਲੋਕ ਪੂਜਾ ਕਰਨ ਲੱਗੇ ਹੋਏ ਸਨ। ਬਹੁਤ ਬਾਣੀਏ ਕੁਬੇਰ ਵਾਂਗ ਬੈਠੇ ਹੋਏ ਸਨ, ਉਹ ਵਣਜ ਵਪਾਰ ਕਰਦੇ ਸਨ, ਇਸ ਲਈ ਬਹੁਤ ਸੁਖੀ ਸਨ॥੪੨॥

ਪਿਖਿ ਆਵਤਿ ਗੁਰ ਹ੍ਵੈ ਸਭਿ ਠਾਂਢੇ। ਹਾਥਨਿ ਜੋਰਿ ਨਮਹਿਂ ਮੁਦ ਬਾਢੇ।
ਸਭਿ ਦਿਸ਼ਿ ਦੇਖਤਿ ਸਤਿਗੁਰ ਚਲੇ। ਸਭਿ ਭਾਖਤਿ 'ਹਮ ਦਿਸ਼ਿ ਮੁਖ ਭਲੇ' ॥੪੩॥

ਜਦ ਗੁਰੂ ਜੀ ਆਪਣੇ ਵਲ ਆਉਂਦੇ ਵੇਖੇ ਤਾਂ ਸਭ ਖੜੇ ਹੋ ਗਏ, ਹੱਥ ਜੋੜ ਕੇ ਨਮਸਕਾਰ ਕਰਕੇ ਬਹੁਤ ਪ੍ਰਸੰਨ ਹੁੰਦੇ ਸਨ। ਸਭ ਪਾਸੇ ਵੇਖਦੇ ਸਤਿਗੁਰੂ ਜੀ ਜਾ ਰਹੇ ਸਨ, ਸਾਰੇ ਕਹਿੰਦੇ ਸਨ, "ਭਲੇ ਮੁਖੜੇ ਨੂੰ ਸਾਡੀ ਵਲ ਕਰੋ" ॥੪੩॥

ਕਹੌਂ ਕਹਾਂ ਲੌ ਪੁਰਿ ਕੀ ਕਥਾ। ਉਤਸਵ ਭਯੋ ਕੁਲਾਹਲ ਜਥਾ।
ਘਰ ਘਰ ਦਰ ਦਰ ਗੁਰ ਕੀ ਕੀਰਤਿ। ਕਾਂਸ਼ੀ ਬਿਖੈ ਮਹਾਂ ਬਿਸਤੀਰਤਿ॥ ੪੪॥

ਮੈਂ ਕਿਥੋਂ ਤਕ ਨਗਰ ਦੀ ਕਥਾ ਕਰਾਂ, ਵੱਡਾ ਉਤਸਵ ਹੋਇਆ ਤੇ ਬਹੁਤ ਰੌਲਾ ਮਚਿਆ ਹੋਇਆ ਸੀ। ਘਰ-ਘਰ ਦਰਵਾਜ਼ੇ-ਦਰਵਾਜ਼ੇ 'ਤੇ ਗੁਰੂ ਜੀ ਦੀ ਕੀਰਤੀ ਹੋ ਰਹੀ ਸੀ, ਕਾਂਸ਼ੀ ਨਗਰ ਵਿਚ ਇਹ ਬਹੁਤ ਫੈਲ ਗਈ ਸੀ॥੪੪॥

ਅੰਤਰ ਪੁਰੀ ਉਤਾਰਨਿ ਕਰੇ। ਖਾਨ ਪਾਨ ਸੁਪਤੇ ਸੁਖ ਧਰੇ।
ਭਈ ਪ੍ਰਾਤਿ ਤਯਾਰੀ ਕਰਿਵਾਈ। ਸਾਜੇ ਵਾਹਿਨ ਰੁਚਿਰ ਸੁਹਾਈ॥ ੪੫॥

ਨਗਰੀ ਦੇ ਅੰਦਰ ਉਤਾਰਾ ਕੀਤਾ, ਖਾ ਪੀ ਕੇ ਸੁਖ ਧਾਰ ਕੇ ਸੌਂ ਗਏ। ਸਵੇਰ ਹੋਈ ਤਾਂ ਫਿਰ ਤਿਆਰੀ ਕਰਵਾਈ, ਵਾਹਣ ਸਜਾ ਕੇ ਸੁੰਦਰ ਸ਼ੋਭਾ ਪਾਈ॥੪੫॥

*ਬਾਰ੍ਹਵੀਂ ਰਾਸ ਦਾ ਚੁਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥੪੪॥*

## *ਅਧਿਆਇ ਪੰਜਤਾਲੀਵਾਂ*

*ਅਯੁਧਿਆ ਹੋ ਕੇ ਲਖਨੌਰ ਪੁੱਜੇ*

ਦੋਹਰਾ- ਸਗਰੀ ਨਿਸ ਮਹਿਂ ਸਿਖ ਮਿਲੈਂ ਸ਼ਬਦ ਅਨਿਕ ਬਿਧਿ ਗਾਇਂ।
ਤਾਲ ਮ੍ਰਿਦੰਗ ਰਬਾਬ ਤੇ ਸਤਿਗੁਰ ਭਲੇ ਰਿਝਾਇਂ॥ ੧॥

ਸਾਰੀ ਰਾਤ ਸਿੱਖ ਮਿਲ ਕੇ ਅਨੇਕ ਵਿਧੀਆਂ ਨਾਲ ਸ਼ਬਦਾਂ ਦਾ ਗਾਇਨ ਕਰਦੇ ਸਨ, ਰਬਾਬ ਅਤੇ ਮ੍ਰਿਦੰਗ ਦੇ ਤਾਲ ਉੱਤੇ ਸਤਿਗੁਰੂ ਜੀ ਭਲੀ ਪ੍ਰਕਾਰ ਰੀਝ ਜਾਂਦੇ ਸਨ॥੧॥

ਚੌਪਈ-ਪ੍ਰਾਤਿ ਭਈ ਗੁਰ ਕੀਨਿ ਸ਼ਨਾਨੇ। ਸਿੱਖਜਨਿ ਚਰਨ ਪਖਾਰਨਿ ਠਾਨੇ।
ਚਰਨੋਦਕ ਲੈ ਨਿਜ ਨਿਜ ਧਾਮੂ। ਪਾਨ ਕਰਜੋ ਲੇ ਸ੍ਰੀ ਪ੍ਰਭੁ ਨਾਮੂ ॥੨॥

ਸਵੇਰ ਹੋਣ ਤੇ ਗੁਰੂ ਜੀ ਨੇ ਇਸ਼ਨਾਨ ਕੀਤਾ, ਸਿੱਖਾਂ ਨੇ ਉਨ੍ਹਾਂ ਦੇ ਚਰਨਾਂ ਨੂੰ ਧੋਤਾ ਤੇ ਚਰਨ ਪਾਹੁਲ ਲੈ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ ਤੇ ਪ੍ਰਭੂ ਦਾ ਨਾਮ ਲੈ ਕੇ ਚਰਨ ਪਾਹੁਲ ਨੂੰ ਪੀ ਲਿਆ ॥੨॥

ਸਭਿ ਥਲ ਮਹਿਂ ਛਿਰਕਾਵਨਿ ਕਰਜੋ। ਸਹਤ ਕੁਟੰਬ ਸਿੱਖ ਗਨ ਤਰਜੋ।
ਵਾਹਿਨ ਹੋਇ ਤਯਾਰ ਢਿਗ ਆਏ। ਦਾਸਨਿ ਗਨ ਕੋ ਬਹੁ ਹਰਖਾਏ ॥੩॥

ਘਰ ਦੇ ਸਾਰੇ ਥਾਵਾਂ ਤੇ ਉਸ ਦਾ ਛਿੜਕਾ ਕੀਤਾ ਤੇ ਕੁਟੰਬ ਸਹਿਤ ਬਹੁਤ ਸਿੱਖ ਤਰ ਗਏ। ਵਾਹਣ ਤਿਆਰ ਹੋ ਕੇ ਪਾਸ ਆ ਗਏ। ਸਾਰੇ ਸੇਵਕਾਂ ਨੂੰ ਬਹੁਤ ਪ੍ਰਸੰਨ ਕੀਤਾ ॥੩॥

ਦੈ ਧੀਰਜ ਸਭਿਹਿਨਿ ਇਕਸਾਰ। ਸਤਿਗੁਰ ਹੋਤਿ ਭਏ ਅਸਵਾਰ।
ਨਿਕਸੇ ਕਾਂਸ਼ੀ ਪੁਰਿ ਕੋ ਛੋਰਾ। ਗਮਨੇ ਕਰਿ ਮੁਖ ਪਸ਼ਚਮਿ ਓਰਾ ॥੪॥

ਸਾਰਿਆਂ ਨੂੰ ਇਕਸਾਰ ਧੀਰਜ ਦੇ ਕੇ, ਗੁਰੂ ਜੀ ਪਾਲਕੀ ਵਿਚ ਸਵਾਰ ਹੋ ਗਏ। ਕਾਂਸ਼ੀ ਨਗਰ ਨੂੰ ਛੱਡ ਕੇ ਬਾਹਰ ਆ ਗਏ ਤੇ ਪੱਛਮ ਵਾਲੇ ਪਾਸੇ ਮੂੰਹ ਕਰਕੇ ਚਲ ਪਏ ॥੪॥

ਆਦਰ ਹੇਤੁ ਪੁਚਾਵਨਿ ਆਏ। ਖਰੇ ਕਰੇ ਕਹਿ ਗੁਰ ਸਮੁਦਾਏ।
ਸਭਿ ਕੋ ਹਟਕਿ ਅਗਾਰੀ ਚਾਲੇ। ਸਜੰਦਨ ਮਾਤਨਿ ਆਵਤਿ ਨਾਲੇ ॥੫॥

ਨਗਰ ਨਿਵਾਸੀ ਆਦਰ ਸਹਿਤ ਤੋਰਨ ਆਏ, ਸਾਰਿਆਂ ਨੂੰ ਕਹਿ ਕੇ ਗੁਰੂ ਜੀ ਨੇ ਖੜੇ ਕੀਤਾ ਤੇ ਸਾਰਿਆਂ ਨੂੰ ਵਰਜ ਕੇ ਅੱਗੇ ਚਲ ਪਏ, ਰੱਥਾਂ ਵਿਚ ਮਾਤਾਵਾਂ ਨਾਲ-ਨਾਲ ਹੀ ਆ ਰਹੀਆਂ ਸਨ ॥੫॥

ਅਪਰ ਬਿਹੀਰ ਸਕਲ ਚਲਿ ਆਵਾ। ਨਵੋਂ ਸਮਾਜ ਸਮੂਹ ਬਨਾਵਾ।
ਇਸੀ ਰੀਤਿ ਮਾਰਗ ਮਹਿਂ ਚਲੇ। ਕਰਤਿ ਅਨੇਕ ਬਿਲਾਸਨਿ ਭਲੇ ॥੬॥

ਹੋਰ ਸਾਰੀ ਵਹੀਰ ਚਲ ਕੇ ਆ ਗਈ, ਸਾਰਾ ਨਵਾਂ ਸਾਮਾਨ ਬਣਾਇਆ ਸੀ। ਉਸੇ ਰੀਤੀ ਨਾਲ ਮਾਰਗ ਵਿਚ ਚਲੇ, ਅਨੇਕ ਪ੍ਰਕਾਰ ਦੇ ਭਲੀ ਪ੍ਰਕਾਰ ਅਨੰਦ ਵਿਲਾਸ ਕਰ ਰਹੇ ਸਨ ॥੬॥

ਡੇਰਾ ਟਿਕਹਿ ਭਾਨੁ ਕੇ ਢਰੇ। ਗੁਰ ਆਗਵਨ ਜਿ ਸੁਨਿਬੋ ਕਰੇਂ।
ਜਨੁ ਸਿੱਖਜਨਿ ਕੋ ਨਵਨਿਧਿ ਪਾਵੈ। ਆਨੰਦ ਧਾਰਿ ਧਾਇ ਢਿਗ ਆਵੈਂ ॥੭॥

ਸੂਰਜ ਦੇ ਢੱਲ ਜਾਣ ਨਾਲ ਡੇਰਾ ਲਾ ਕੇ ਟਿੱਕ ਗਏ। ਜਿਨ੍ਹਾਂ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ, ਮਾਨੋ ਸਿੱਖਾਂ ਨੇ ਨੌਂ ਨਿਧੀਆਂ ਪਾ ਲਈਆਂ, ਉਹ ਆਨੰਦ ਧਾਰ-ਧਾਰ ਕੇ ਪਾਸ ਆਉਂਦੇ ਸਨ ॥੭॥

ਔਚਕ ਗੁਰ ਦਰਸ਼ਨ ਹਮ ਪਾਵਤਿ। ਜਿਨ ਹਿਤ ਕੋਸ ਹਜ਼ਾਰ ਸਿਧਾਵਤਿ।
ਮਰੁ ਥਲ ਮਹਿਂ ਜਿਮ ਪਾਵਤਿ ਮੇਵਾ। ਤਿਮ ਇਤ ਦੇਸ਼ ਦਰਸ ਗੁਰਦੇਵਾ ॥੮॥

ਕਹਿੰਦੇ ਸਨ, "ਅਚਾਨਕ ਅਸੀਂ ਗੁਰੂ ਜੀ ਦੇ ਦਰਸ਼ਨ ਪਾ ਲਏ ਹਨ, ਜਿਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਹਜ਼ਾਰਾਂ ਕੋਹ ਜਾਣਾ ਪੈਂਦਾ ਹੈ। ਮਾਰੂਥਲ ਵਿਚ ਜਿਵੇਂ ਕੋਈ ਫਲ ਪਾ ਲਵੇ, ਉਸ ਤਰ੍ਹਾਂ ਇਸ ਦੇਸ਼ ਵਿਚ ਗੁਰੂ ਜੀ ਦੇ ਦਰਸ਼ਨ ਹਨ" ॥੮॥

ਲੈ ਲੈ ਅਨਿਕ ਅਕੋਰਨਿ ਮਿਲੈਂ। ਇਕ ਦੁਇ ਮਜਲ ਕਿਤਿਕ ਸੰਗ ਚਲੈਂ।
ਬਿਬਿਧਿ ਬਿਧਿਨਿ ਕੀ ਸੇਵਾ ਠਾਨਹਿਂ। ਅੰਨ ਦੁਗਧ ਦਧਿ ਘ੍ਰਿਤ ਕੋ ਆਨਹਿਂ ॥੯॥

ਅਨੇਕਾਂ ਉਪਹਾਰ ਲੈ ਲੈ ਕੇ ਮਿਲਦੇ ਸਨ, ਕਈ ਇਕ ਦੋ ਮੰਜ਼ਲਾਂ ਗੁਰੂ ਜੀ ਦੇ ਨਾਲ ਹੀ ਚਲਦੇ ਸਨ। ਬਹੁਤ ਵਿਧੀਆਂ ਦੀ ਸੇਵਾ ਕਰਦੇ ਸਨ ਤੇ ਅਨਾਜ, ਦੁੱਧ, ਦਹੀਂ ਅਤੇ ਘਿਓ ਲਿਆਉਂਦੇ ਸਨ ॥੯॥

**ਇਮ ਹੀ ਸਗਰੇ ਮਾਰਗ ਆਏ। ਪੂਰਹਿਂ ਕਾਮਨਾ ਜਨ ਸਮੁਦਾਏ।**
**ਰਾਮਚੰਦ ਕੀ ਨਗਰੀ ਔਧ। ਬਸੇ ਜਹਾਂ ਬਹੁ ਬੀਤੀ ਔਧ॥ ੧੦॥**

ਇਸ ਤਰ੍ਹਾਂ ਹੀ ਸਾਰਾ ਮਾਰਗ ਚਲ ਕੇ ਆਏ, ਸਾਰੇ ਲੋਕ ਆਪਣੀਆਂ ਕਾਮਨਾਵਾਂ ਪੂਰੀਆਂ ਕਰਦੇ ਸਨ। ਰਾਜੇ ਰਾਮ ਚੰਦਰ ਦੀ ਨਗਰੀ ਅਯੁੱਧਿਆ ਹੈ, ਜਿੱਥੇ ਵੱਸਦਿਆਂ ਉਨ੍ਹਾਂ ਦੀ ਬਹੁਤ ਉਮਰ ਬੀਤੀ ਸੀ ॥੧੦॥

**ਪਾਵਨਤਾ ਕੀ ਔਧ ਮਨੋ ਹੈ। ਨਰ ਨਾਰਨਿ ਕੋ ਬਾਸ ਘਨੋ ਹੈ।**
**ਤਿਸ ਪੁਰਿ ਮੈਂ ਸਤਿਗੁਰੂ ਪ੍ਰਵੇਸ਼ੇ। ਸੁਧਿ ਕੋ ਸੁਨਿ ਸੁਨਿ ਸਿੱਖ ਅਸ਼ੇਸ਼ੇ॥ ੧੧॥**

ਮਾਨੋ ਇਹ ਪਵਿੱਤਰਤਾ ਦੀ ਓੜਕ ਹੈ, ਇਸਤਰੀ-ਪੁਰਸ਼ ਏਥੇ ਵੱਡੀ ਗਿਣਤੀ ਵਿਚ ਵੱਸਦੇ ਹਨ। ਉਸ ਅਯੁੱਧਿਆ ਨਗਰੀ ਵਿਚ ਸਤਿਗੁਰੂ ਜੀ ਨੇ ਪ੍ਰਵੇਸ਼ ਕੀਤਾ। ਗੁਰੂ ਜੀ ਬਾਰੇ ਖ਼ਬਰ ਸੁਣ-ਸੁਣ ਕੇ ਸਾਰੇ ਸਿੱਖ ਆਏ ॥੧੧॥

**ਧਾਇ ਧਾਇ ਸਭਿ ਆਨਿ ਮਿਲੇ ਹੈਂ। ਕਰਿ ਬੰਦਨ ਦੇ ਭੇਟ ਭਲੇ ਹੈਂ।**
**ਜੇ ਅਨਜਾਨ ਸੁ ਬੂਝਹਿਂ ਆਪੀ। 'ਇਹ ਕੋ ਬਾਲਿਕ ਰੂਪ ਪ੍ਰਤਾਪੀ ? ॥ ੧੨॥**

ਭੱਜ-ਭੱਜ ਕੇ ਸਾਰੇ ਸਿੱਖ ਆ ਮਿਲੇ ਤੇ ਬੰਦਨਾ ਕਰਕੇ ਭੇਟਾ ਭਲੀ ਪ੍ਰਕਾਰ ਅਰਪਣ ਕਰਦੇ ਸਨ। ਜਿਹੜੇ ਅਨਜਾਣ ਸਨ, ਉਹ ਆਪ ਪੁੱਛਦੇ ਸਨ, "ਇਹ ਪ੍ਰਤਾਪੀ ਰੂਪ ਵਾਲਾ ਬਾਲਕ ਕੌਣ ਹੈ ? ॥੧੨॥

**ਸੁੰਦਰ ਮੂਰਤਿ ਦਿਪਹਿ ਉਦਾਰਾ। ਲਖੀਅਤਿ ਕਿਸੂ ਦੇਵ ਅਵਤਾਰਾ।**
**ਜਿਸ ਤੇ ਨਰ ਗਨ ਠਾਨਿ ਅਦਾਇਬ। ਬੰਦਹਿਂ ਚਰਨ ਕਮਲ ਜਨ ਸਾਹਿਬ' ॥੧੩॥**

ਸੁੰਦਰ ਸੂਰਤ ਉੱਤਮ ਰੂਪ ਵਿਚ ਚਮਕਦੀ ਹੈ, ਜਾਪਦਾ ਹੈ ਕਿਸੇ ਦੇਵਤੇ ਦਾ ਅਵਤਾਰ ਹੈ, ਜਿਸ ਨੂੰ ਸਾਰੇ ਮਨੁੱਖ ਬੜਾ ਆਦਰ ਧਾਰ ਕੇ ਇਕ ਸਵਾਮੀ ਵਾਂਗ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਹਨ" ॥੧੩॥

**ਜੋ ਸਿਖ ਜਾਨਹਿਂ ਤਿਨਹਿਂ ਸੁਨਾਵਹਿਂ। 'ਇਹ ਸਤਿਗੁਰ ਕੇ ਪੁੱਤ੍ਰ ਸੁਹਾਵਹਿਂ।**
**ਸ੍ਰੀ ਗੁਰ ਰਾਮਦਾਸ ਕੀ ਬੰਸ। ਇਹ ਬਿਧਿ ਤੇ ਸੁੰਦਰ ਅਵਿਤੰਸ਼॥ ੧੪॥**

ਜਿਹੜੇ ਸਿੱਖ ਜਾਣਦੇ ਸੀ, ਉਹ ਸੁਣਾਉਂਦੇ ਸਨ, "ਇਹ ਸਤਿਗੁਰੂ ਜੀ ਦੇ ਪੁੱਤਰ ਸ਼ੋਭ ਰਹੇ ਹਨ। ਇਹ ਸ੍ਰੀ ਗੁਰੂ ਰਾਮਦਾਸ ਜੀ ਦੀ ਵੰਸ਼ ਹਨ, ਇਸ ਵਿਧੀ ਨਾਲ ਆਪਣੇ ਵੰਸ਼ ਦੇ ਸੁੰਦਰ ਮੁਕਟ ਹਨ ॥੧੪॥

**ਹਰਿਗੁਵਿੰਦ ਸ੍ਰੀ ਅਰਜਨ ਨੰਦਨ। ਜਿਨਹੁਂ ਤੁਰਕ ਗਨ ਕੀਨਿ ਨਿਕੰਦਨ।**
**ਤਿਨ ਕੇ ਸੁਤ ਸ੍ਰੀ ਤੇਗਬਹਾਦਰ। ਜਿਨਿ ਪਗ ਪੂਜਹਿ ਬਹੁ ਜਗ ਸਾਦਰ ॥੧੫॥**

ਸ੍ਰੀ ਹਰਿਗੋਬਿੰਦ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਸਨ, ਜਿਨ੍ਹਾਂ ਨੇ ਬਹੁਤ ਤੁਰਕਾਂ ਦਾ ਨਾਸ ਕੀਤਾ ਸੀ। ਉਨ੍ਹਾਂ ਦੇ ਪੁੱਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਹੋਏ ਹਨ, ਜਿਨ੍ਹਾਂ ਦੀ ਸਾਰਾ ਜਗਤ ਬੜੇ ਆਦਰ ਨਾਲ ਚਰਨ-ਕੰਵਲਾਂ ਦੀ ਪੂਜਾ ਕਰਦਾ ਹੈ ॥੧੫॥

**ਸੋ ਪੂਰਬ ਕੀ ਦਿਸ਼ਿ ਚਲਿ ਆਏ। ਤਿਨ ਕੇ ਸੁਤ ਸ੍ਰੀ ਗੁਜਰੀ ਜਾਏ।**
**ਅਬਿ ਨਿਜ ਦੇਸ਼ ਪੰਜਾਬ ਸਿਧਾਰੈਂ। ਸੁਨਿ ਸੁਨਿ ਨਰ ਗਨਿ ਆਨੰਦ ਧਾਰੈਂ ॥੧੬॥**

ਉਹ ਪੂਰਬ ਵਾਲੇ ਪਾਸੇ ਚਲ ਕੇ ਆਏ ਸਨ, ਇਹ ਗੁਜਰੀ ਦੇ ਜਾਏ ਉਨ੍ਹਾਂ ਦੇ ਪੁੱਤਰ ਹਨ, ਹੁਣ ਆਪਣੇ ਦੇਸ਼ ਪੰਜਾਬ ਜਾ ਰਹੇ ਹਨ।" ਸੁਣ-ਸੁਣ ਕੇ ਬਹੁਤ ਮਨੁੱਖ ਆਨੰਦ ਧਾਰਨ ਕਰਦੇ ਸਨ ॥੧੬॥

ਕੋ ਕਰ ਜੋਰਤਿ ਸੀਸ ਨਿਵਾਵਹਿਂ। ਕੋ ਧਰਿ ਚੌਂਪ ਅਕੋਰ ਚਢਾਵਹਿਂ।
ਕ੍ਰਿਪਾ ਦ੍ਰਿਸ਼ਟਿ ਕੋ ਦੇਖਤਿ ਭਲੇ। ਪੁਰਿ ਬਜ਼ਾਰ ਗਰੀਅਨਿ ਮਹਿਂ ਚਲੇ॥੧੭॥

ਕੋਈ ਹੱਥ ਜੋੜ ਕੇ ਸਿਰ ਨਿਵਾਉਂਦਾ ਸੀ, ਕੋਈ ਬੜਾ ਉਤਸ਼ਾਹ ਧਾਰ ਕੇ ਉਪਹਾਰ ਚੜ੍ਹਾਉਂਦਾ ਸੀ। ਗੁਰੂ ਜੀ ਦ੍ਰਿਸ਼ਟੀ ਪਾ ਕੇ ਸਭ ਨੂੰ ਵੇਖਦੇ ਸਨ ਤੇ ਨਗਰ ਦੇ ਬਜ਼ਾਰਾਂ ਅਤੇ ਗਲੀਆਂ ਵਿਚ ਚਲੇ ਜਾ ਰਹੇ ਸਨ॥੧੭॥

ਵਹਿਰ ਕਰਜੋ ਡੇਰਾ ਸ਼ੁਭ ਥਾਨ। ਉਤਰਿ ਪਰੇ ਸਤਿਗੁਰ ਭਗਵਾਨ।
ਰੁਚਿਰ ਪ੍ਰਯੰਕ ਪੀਠ ਪਰ ਬੈਠੇ। ਤਹਿਂ ਕੇ ਸਿਖ ਗਨ ਹੋਇ ਇਕੈਠੇ॥੧੮॥

ਨਗਰ ਦੇ ਬਾਹਰ ਸ਼ੁਭ ਸਥਾਨ ਵੇਖ ਕੇ ਡੇਰਾ ਕਰ ਲਿਆ ਤੇ ਸਤਿਗੁਰੂ ਭਗਵਾਨ ਜੀ ਉਥੇ ਉੱਤਰ ਪਏ ਤੇ ਸੁੰਦਰ ਪਲੰਘ ਦੀ ਪਿੱਠ ਉੱਤੇ ਬੈਠ ਗਏ। ਉਥੋਂ ਦੇ ਬਹੁਤ ਸਿੱਖ ਇਕੱਠੇ ਹੋ ਕੇ ਆਏ॥੧੮॥

ਸਭਿ ਸੇਵਾ ਹਿਤ ਚਲਿ ਕਰਿ ਆਏ। ਚਾਵਰ ਚੂਨ ਘ੍ਰਿਤਾਦਿਕ ਲਜਾਏ।
ਤ੍ਰਿਣ ਦਾਨਾ ਕਰਿ ਬਹੁਤ ਬਟੋਰਾ। ਬੰਦੇ ਚਰਨ ਕਮਲ ਕਰ ਜੋਰਾ॥੧੯॥

ਸਾਰੇ ਸਿੱਖ ਸੇਵਾ ਵਾਸਤੇ ਚਲ ਕੇ ਆਏ ਤੇ ਚਾਵਲ, ਆਟਾ ਅਤੇ ਘਿਉ ਲੈ ਕੇ ਆਏ। ਘਾਹ ਦਾਣੇ ਬਹੁਤ ਇਕੱਠੇ ਕੀਤੇ ਤੇ ਹੱਥ ਜੋੜ ਕੇ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੧੯॥

ਕੁਸ਼ਲ ਪ੍ਰਸ਼ਨ ਸੰਗਤਿ ਪ੍ਰਤਿ ਕੀਨਾ। ਸੁਨਿ 'ਅਨੰਦ' ਸਭਿਹਿਨਿ ਕਹਿ ਦੀਨਾ।
ਬੈਠੇ ਕਿਤਿਕ ਕਾਲ ਗੁਰ ਤੀਰ। ਭਈ ਆਨਿ ਕਰਿ ਦੀਰਘ ਭੀਰ॥੨੦॥

ਸੰਗਤ ਪਾਸੋਂ ਸੁਖ-ਸਾਂਦ ਪੁੱਛੀ, ਇਹ ਸੁਣ ਕੇ ਸਾਰਿਆਂ ਨੇ "ਅਨੰਦ ਨਾਲ ਹਾਂ" ਕਹਿ ਦਿੱਤਾ। ਉਹ ਕਾਫੀ ਸਮਾਂ ਗੁਰੂ ਜੀ ਪਾਸ ਬੈਠੇ ਤੇ ਫਿਰ ਬਹੁਤ ਭੀੜ ਇਕੱਠੀ ਹੋ ਗਈ॥੨੦॥

ਹਰਖਤਿ ਸਭਿ ਦਰਸ਼ਨ ਕਹੁ ਕਰੈਂ। ਜਥਾ ਸ਼ਕਤਿ ਭੇਟਨਿ ਕੋ ਧਰੈਂ।
ਇਤਨੇ ਮਹਿਂ ਬੰਦਰ ਗਨ ਆਏ। ਤਿਨ ਕੋ ਦੇਖਿ ਪ੍ਰਭੁ ਬਿਕਸਾਏ॥੨੧॥

ਪ੍ਰਸੰਨ ਹੋ ਕੇ ਸਾਰੇ ਦਰਸ਼ਨ ਕਰ ਰਹੇ ਸਨ ਤੇ ਯਥਾ-ਸ਼ਕਤੀ ਭੇਟਾਵਾਂ ਅਰਪਣ ਕਰ ਰਹੇ ਸਨ। ਏਨੇ ਵਿਚ ਬਹੁਤ ਬਾਂਦਰ ਆਏ, ਉਨ੍ਹਾਂ ਨੂੰ ਵੇਖ ਕੇ ਪ੍ਰਭੂ ਜੀ ਮੁਸਕਰਾਏ॥੨੧॥

ਨਿਕਟਿ ਹੇਰਿਬੇ ਹੇਤੁ ਤਮਾਸ਼ਾ। ਚਨੇ ਗਿਰਾਵਤਿ ਭੇ ਤਿਨ ਪਾਸਾ।
ਖੈਬੇ ਹੇਤੁ ਧਾਇ ਮਿਲਿ ਗਏ। ਕੋ ਆਪਸ ਮਹਿਂ ਲਰਤੇ ਭਏ॥੨੨॥

ਨੇੜੇ ਕਰਕੇ ਉਨ੍ਹਾਂ ਦਾ ਤਮਾਸ਼ਾ ਵੇਖਣ ਵਾਸਤੇ ਗੁਰੂ ਜੀ ਨੇ ਉਨ੍ਹਾਂ ਵਲ ਕੁਝ ਚਨੇ ਸੁੱਟੇ। ਉਹ ਖਾਣ ਵਾਸਤੇ ਭੱਜ ਕੇ ਮਿਲ ਪਏ। ਕਈ ਆਪਸ ਵਿਚ ਲੜਦੇ ਸਨ॥੨੨॥

ਤਬਿ ਸਤਿਗੁਰ ਗੁੜ ਕੋ ਮੰਗਵਾਇ। ਪਿਖਿਨਿ ਲਰਾਈ ਦਿਯੋ ਧਰਾਇ।
ਤਬਿ ਕਪਿ ਕੂਦਿ ਪਰੇ ਬਲਵੰਤੇ। ਇਕ ਕਾਟਤਿ ਇਕ ਭਾਜ ਚਲੰਤੇ॥੨੩॥

ਤਦ ਸਤਿਗੁਰੂ ਜੀ ਨੇ ਗੁੜ ਮੰਗਵਾਇਆ ਤੇ ਲੜਾਈ ਵੇਖਣ ਵਾਸਤੇ ਗੁੜ ਉਥੇ ਧਰ ਦਿੱਤਾ। ਤਦ ਬਲਵਾਨ ਬਾਂਦਰ ਛਾਲਾਂ ਮਾਰ ਕੇ ਪੈ ਗਏ, ਇਕ ਕੱਟਦਾ ਸੀ, ਇਕ ਭੱਜ ਜਾਂਦਾ ਸੀ॥੨੩॥

ਇਕ ਚੀਂਕਤ ਬਡ ਸ਼ਬਦ ਉਠਾਵੈਂ। ਇਕ ਲਰ ਪਰੇ, ਛੀਨਿ ਇਕ ਖਾਵੈਂ।
ਦੰਦ ਨਖਨ ਕੇ ਕਰਹਿਂ ਪ੍ਰਹਾਰਾ। ਨਿਕਸਜੋ ਸ਼੍ਰੋਣਿਤ ਕਿਸ ਤਨ ਫਾਰਾ॥੨੪॥

Sri Satguru Jagjit Singh Ji eLlibrary NamdhariElibrary@gmail.com

ਇਕ ਚੀਕ ਕੇ ਬੜੀ ਉੱਚੀ ਅਵਾਜ਼ ਚੁੱਕਦਾ ਸੀ, ਇਕ ਲੜ ਪੈਂਦਾ ਸੀ ਤੇ ਖੋਹ ਕੇ ਖਾਂਦਾ ਸੀ। ਦੰਦਾਂ ਤੇ ਨੌਂਹਾਂ ਦਾ ਵਾਰ ਕਰਦੇ ਸਨ, ਕਿਸੇ ਦਾ ਸਰੀਰ ਪਾਟ ਜਾਣ ਨਾਲ ਖ਼ੂਨ ਵੱਗ ਰਿਹਾ ਸੀ॥੨੪॥

ਬਦਨ ਨਿਤੰਬ ਲਾਲ ਜਿਨ ਰੰਗ। ਕ੍ਰੁੱਧਤਿ ਆਪਸ ਮਹਿਂ ਕਰਿ ਜੰਗ।
ਦੇਖਿ ਦੇਖਿ ਸ਼੍ਰੀ ਗੁਰ ਬਿਕਸਾਵੈਂ। ਮਾਤੁਲ ਸੰਗ ਕਹੈਂ ਦਿਖਰਾਵੈਂ॥ ੨੫॥

ਮੂੰਹ ਅਤੇ ਚਿੱਤੜ ਜਿਨ੍ਹਾਂ ਦੇ ਲਾਲ ਸਨ, ਬੜਾ ਕ੍ਰੋਧ ਕਰਕੇ ਆਪਸ ਵਿਚ ਜੰਗ ਕਰਦੇ ਸਨ। ਵੇਖ-ਵੇਖ ਕੇ ਗੁਰੂ ਜੀ ਹੱਸ ਰਹੇ ਸਨ। ਆਪਣੇ ਮਾਮਾ ਜੀ ਨੂੰ ਕਹਿੰਦੇ ਸਨ ਤੇ ਉਹ ਵਿਖਾਉਂਦੇ ਸਨ॥੨੫॥

ਦ੍ਵੈ ਘਟਕਾ ਲਗਿ ਪਰਚੇ ਰਹੇ। ਇਤ ਉਤ ਬਿਚਰਤਿ ਪੁਨ ਥਿਰ ਬਹੇ।
ਜਥਾ ਜੋਗ ਸੰਗਤਿ ਕੇ ਸਾਥ। ਕ੍ਰਿਪਾ ਕਰਤਿ ਬੋਲੇ ਗੁਰਨਾਥ॥ ੨੬॥

ਦੋ ਘੜੀਆਂ ਤਕ ਬਾਂਦਰਾਂ ਨੂੰ ਵੇਖਦੇ ਗੁਰੂ ਜੀ ਪਰਚੇ ਰਹੇ, ਇਧਰ ਓਧਰ ਫਿਰਦੇ ਫਿਰ ਬੈਠ ਗਏ। ਯਥਾ-ਯੋਗ ਕਿਰਪਾ ਕਰਦੇ ਗੁਰੂ ਜੀ ਸੰਗਤ ਨਾਲ ਬੋਲਦੇ ਰਹੇ॥੨੬॥

ਸੰਧਯਾ ਭਈ ਸੁ ਭੋਜਨ ਭਯੋ। ਸੂਪਕਾਰ ਭਰਿ ਥਾਰਹਿ ਲਯੋ।
ਆਨਿ ਅਚਾਵਨ ਕਰਿ ਤ੍ਰਿਪਤਾਏ। ਭਈ ਜਾਮਨੀ ਗੁਰ ਸੁਪਤਾਏ॥ ੨੭॥

ਸ਼ਾਮ ਹੋ ਗਈ ਭੋਜਨ ਤਿਆਰ ਹੋ ਗਿਆ, ਰਸੋਈਆ ਭੋਜਨ ਦਾ ਥਾਲ ਭਰ ਕੇ ਲੈ ਆਇਆ। ਭੋਜਨ ਖਵਾ ਕੇ ਗੁਰੂ ਜੀ ਤ੍ਰਿਪਤ ਕੀਤੇ ਤੇ ਰਾਤ ਪੈਣ ਤੇ ਉਹ ਸੌਂ ਗਏ॥੨੭॥

ਪਹਿਰੂਦਾਰ ਖਰੇ ਹੁਇ ਰਹੇ। ਸਗਰੀ ਵਸਤੁ ਸੁਚੇਤੀ ਲਹੇ।
ਪੁਨਹਿਂ ਪ੍ਰਾਤਿ ਕੋ ਜਾਗਿ ਸ਼ਨਾਨੇ। ਕਰਿ ਤਯਾਰੀ ਮਾਰਗ ਪ੍ਰਸਥਾਨੇ॥ ੨੮॥

ਪਹਿਰੇਦਾਰ ਖੜੇ ਰਹੇ, ਸਾਰੀਆਂ ਵਸਤਾਂ ਨੂੰ ਉਹ ਸੁਚੇਤ ਹੋ ਕੇ ਵੇਖ ਰਹੇ ਸਨ। ਫਿਰ ਸਵੇਰ ਨੂੰ ਗੁਰੂ ਜੀ ਨੇ ਜਾਗ ਕੇ ਇਸ਼ਨਾਨ ਕੀਤਾ ਤੇ ਤਿਆਰੀ ਕਰਕੇ ਮਾਰਗ 'ਤੇ ਚਲ ਪਏ॥੨੮॥

ਗ੍ਰਾਮ ਨਗਰ ਮਗ ਕੋ ਉਲਘੰਤੇ। ਸਨੇ ਸਨੇ ਸੁਖ ਸਹਿਤ ਚਲੰਤੇ।
ਹਰੀਦ੍ਵਾਰ ਸ਼੍ਰੀ ਗੰਗਾ ਜਹਾਂ। ਚਲਿ ਕਰਿ ਆਇ ਪਹੂੰਚੇ ਤਹਾਂ॥ ੨੯॥

ਪਿੰਡ, ਨਗਰ ਅਤੇ ਰਸਤੇ ਨੂੰ ਲੰਘਦੇ, ਹੌਲੀ-ਹੌਲੀ ਸੁਖ ਨਾਲ ਜਾ ਰਹੇ ਸਨ। ਗੰਗਾ ਨਦੀ ਦੇ ਕਿਨਾਰੇ ਜਿੱਥੇ ਹਰਦੁਆਰ ਵਾਲਾ ਸਥਾਨ ਹੈ, ਚਲ ਕੇ ਆ ਕੇ ਉਥੇ ਪਹੁੰਚ ਗਏ॥੨੯॥

ਮਯਾਪੁਰੀ ਕੋ ਮਹਾਂ ਮਹਾਤਮ। ਦਰਸ਼ਨ ਪਰਸਨ ਤੇ ਸੁਧ ਆਤਮ।
ਉਤਰਯੋ ਸਿਵਰ ਗੁਰੂ ਕੋ ਆਇ। ਸੁਨਿ ਕਰਿ ਸਿਖ ਜੇ ਉਰ ਹਰਖਾਇ॥ ੩੦॥

ਮਯਾਪੁਰੀ ਦਾ ਮਹਾਨ ਮਹਾਤਮ ਹੈ, ਦਰਸ਼ਨ ਪਰਸਨ ਨਾਲ ਆਤਮਾ ਸ਼ੁੱਧ ਹੁੰਦੀ ਹੈ। ਉਥੇ ਆ ਕੇ ਗੁਰੂ ਜੀ ਨੇ ਡੇਰਾ ਕਰ ਲਿਆ। ਜਦ ਉਥੇ ਦੇ ਸਿੱਖਾਂ ਨੇ ਸੁਣਿਆ ਤੇ ਉਹ ਦਿਲ ਵਿਚ ਬਹੁਤ ਪ੍ਰਸੰਨ ਹੋਏ॥੩੦॥

*ਨੋਟ : ਮਯਾਪੁਰੀ ਇਕ ਪੁਰਾਣੀ ਨਗਰੀ ਹੈ, ਜਿਸ ਦੇ ਖੰਡਰਾਤ ਹਰਦਵਾਰ ਤੋਂ ਥੱਲੇ ਨੂੰ ਕਨਖਲ ਦੇ ਰਸਤੇ ਵਿਚ ਆਉਂਦੇ ਹਨ ਤੇ ਲੋਕ ਇਸ ਨੂੰ ਮਯਾਪੁਰੀ ਕਹਿੰਦੇ ਹਨ।*

ਦਰਸ਼ਨ ਦੇਖਿ ਦੇਖਿ ਸੁਖ ਪਾਯੋ। ਜਥਾ ਸ਼ਕਤਿ ਕਰਿ ਦਰਬ ਚਢਾਯੋ।
ਅਪਰ ਸੇਵ ਕੋ ਕਰੀ ਸੰਭਾਰਨਿ। ਅਪਰ ਲੋਕ ਬਹੁ ਕਰਤਿ ਨਿਹਾਰਨਿ॥ ੩੧॥

ਸਿੱਖਾਂ ਨੇ ਦਰਸ਼ਨ ਕਰ-ਕਰ ਕੇ ਸੁਖ ਪਾਇਆ, ਯਥਾ-ਯੋਗ ਸ਼ਕਤੀ ਅਨੁਸਾਰ ਧਨ ਚੜ੍ਹਾਇਆ। ਹੋਰ ਸੇਵਾ ਵੀ ਉਨ੍ਹਾਂ ਨੇ ਸੰਭਾਲੀ, ਹੋਰ ਲੋਕ ਬਹੁਤ ਵੇਖਦੇ ਸਨ॥੩੧॥

ਨਿਸਾ ਕੀਨਿ ਬਿਸਰਾਮ ਗੁਸਾਈਂ। ਪ੍ਰਾਤਿ ਉਠੇ ਕਰਿ ਸੌਚਿ ਸਬਾਈ।
ਸੁਰਸਰਿ ਪਾਵਨ ਜਲ ਮਹਿਂ ਮੱਜੇ। ਜਿਸ ਪਰਸੇ ਸਭਿ ਕੇ ਅਘ ਭੱਜੈਂ॥ ੩੨॥

ਗੁਰੂ ਜੀ ਨੇ ਉਥੇ ਰਾਤ ਵਿਸ਼ਰਾਮ ਕੀਤਾ, ਸਵੇਰੇ ਉੱਠ ਕੇ ਸਭ ਪ੍ਰਕਾਰ ਸੌਚ ਕੀਤਾ ਤੇ ਫਿਰ ਗੰਗਾ ਨਦੀ ਦੇ ਪਵਿੱਤਰ ਜਲ ਵਿਚ ਇਸ਼ਨਾਨ ਕੀਤਾ, ਜਿਸ ਨਦੀ ਦੇ ਜਲ ਦੀ ਛੂਹ ਨਾਲ ਸਭ ਪਾਪ ਦੂਰ ਹੋ ਜਾਂਦੇ ਹਨ॥੩੨॥

ਕਹਿ ਮਹਿਮਾ ਤਬਿ ਲੌ ਦਿਜ ਆਏ। ਜਾਚਤਿ ਭਏ ਦਰਬ ਸਮੁਦਾਏ।
ਨਿਕਸਿ ਗੁਰੂ ਜਬਿ ਬਾਹਰਿ ਬੈਸੇ। ਦੀਨਸਿ ਧਨ ਲੇ ਆਨੰਦ ਜੈਸੇ॥ ੩੩॥

ਮਹਿਮਾ ਕਹਿ ਕੇ ਤਦ ਤਕ ਬ੍ਰਾਹਮਣ ਆ ਗਏ, ਸਾਰੇ ਧਨ ਮੰਗਦੇ ਸਨ। ਜਲ ਵਿਚੋਂ ਨਿਕਲ ਕੇ ਜਦ ਗੁਰੂ ਜੀ ਬਾਹਰ ਬੈਠ ਗਏ ਤਾਂ ਉਨ੍ਹਾਂ ਨੇ ਧਨ ਦਿੱਤਾ ਤੇ ਬ੍ਰਾਹਮਣਾਂ ਨੇ ਬੜੇ ਆਨੰਦ ਨਾਲ ਧਨ ਪ੍ਰਾਪਤ ਕੀਤਾ॥੩੩॥

ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਕਰਜੋ ਕੂਚ ਪੁਨ ਪੰਥ ਸਿਧਾਏ।
ਦੋਇ ਮਜਲ ਕਰਿ ਪਹੁੰਚੇ ਤਹਾਂ। ਸੂਰਜਸੁਤਾ ਪ੍ਰਵਾਹਤਿ ਜਹਾਂ॥ ੩੪॥

ਇਸ ਪ੍ਰਕਾਰ ਕਈ ਦਿਨ ਬਤੀਤ ਕੀਤੇ, ਫਿਰ ਕੂਚ ਕਰਕੇ ਮਾਰਗ ਤੇ ਚਲ ਪਏ। ਦੋ ਮੰਜ਼ਲਾਂ ਕਰਕੇ ਉਥੇ ਪਹੁੰਚ ਗਏ ਜਿੱਥੇ ਸੂਰਜ ਦੀ ਪੁੱਤਰੀ ਜਮਨਾ ਨਦੀ ਦਾ ਪ੍ਰਵਾਹ ਚਲਦਾ ਹੈ॥੩੪॥

ਕਰਿ ਸ਼ਨਾਨ ਤਰਨੀ ਚਢਿ ਚਾਲੇ। ਸ਼ਜਾਮਲ ਜਲ ਅਵਿਲੋਕਿ ਬਿਸਾਲੇ।
ਜਬਿ ਉਰਾਰ ਉਤਰੇ ਗੁਰ ਆਇ। ਸੰਗੀ ਪਹੁੰਚੇ ਤਬਿ ਸਮੁਦਾਇ॥ ੩੫॥

ਇਸ਼ਨਾਨ ਕਰਕੇ ਬੇੜੀ ਵਿਚ ਚੜ੍ਹ ਕੇ ਚਲ ਪਏ, ਤੇ ਕਾਲੇ ਰੰਗ ਦੇ ਜਲ ਨੂੰ ਉਨ੍ਹਾਂ ਚੰਗੀ ਤਰ੍ਹਾਂ ਵੇਖਿਆ। ਜਦ ਗੁਰੂ ਜੀ ਉੱਤਰ ਕੇ ਉਰਲੇ ਪਾਸੇ ਆਏ ਤਦ ਸਾਰੇ ਸੰਗੀ ਸਾਥੀ ਉਥੇ ਪਹੁੰਚ ਗਏ॥੩੫॥

ਹੁਇ ਅਸਵਾਰ ਚਲਨਿ ਜਬਿ ਲਾਗੇ। ਪੰਥ ਬਹੀਰ ਪਯਾਨੋ ਆਗੇ।
ਤਬਹਿ ਪਿਤਾ ਕੇ ਆਇ ਸੰਦੇਸੇ। ਭੇਜੇ ਜਬਿ ਦਿੱਲੀਸੁ ਪ੍ਰਵੇਸ਼ੇ॥ ੩੬॥

ਪਾਲਕੀ ਤੇ ਸਵਾਰ ਹੋ ਕੇ ਜਦ ਚਲਣ ਲੱਗੇ ਤਾਂ ਵਹੀਰ ਅੱਗੇ ਰਾਹ ਵਿਚ ਚਲੇ ਗਈ। ਤਦ ਪਿਤਾ ਜੀ ਦੇ ਸੁਨੇਹੇ ਆਏ, ਉਹ ਉਨ੍ਹਾਂ ਨੇ ਉਸ ਸਮੇਂ ਭੇਜੇ ਸਨ ਜਦ ਉਹ ਦਿੱਲੀ ਵਿਚ ਪ੍ਰਵੇਸ਼ ਕੀਤੇ ਸਨ॥੩੬॥

'ਤੁਮ ਕੋ ਆਵਤਿ ਲਗੀ ਅਵਾਰੀ। ਰਹੇ ਪ੍ਰਤੀਖਤ ਕਿਤਿਕ ਅਗਾਰੀ।
ਹਮ ਅਬਿ ਤੁਰਕੇਸ਼ੁਰ ਸਿਰ ਹੋਇ। ਤਜਹਿਂ ਸ਼ਰੀਰ ਲਖਹਿ ਸਭਿ ਕੋਇ॥ ੩੭॥

ਪਿਤਾ ਜੀ ਨੇ ਲਿਖਿਆ ਸੀ, "ਤੁਹਾਨੂੰ ਆਉਣ ਵਿਚ ਦੇਰੀ ਲੱਗ ਗਈ ਹੈ, ਅਸੀਂ ਬਹੁਤ ਅੱਗੇ ਆ ਕੇ ਉਡੀਕ ਕਰਦੇ ਰਹੇ ਹਾਂ। ਅਸੀਂ ਤੁਰਕ ਬਾਦਸ਼ਾਹ ਦੇ ਸਿਰ ਹੋਏ ਹਾਂ, ਆਪਣਾ ਸਰੀਰ ਛੱਡ ਦੇਵਾਂਗੇ, ਹਰ ਕੋਈ ਵੇਖੇਗਾ॥੩੭॥

ਨਹੀਂ ਅਨੰਦਪੁਰਿ ਕਰਹੁ ਪਯਾਨਾ। ਏਕ ਗ੍ਰਾਮ ਲਖਨੌਰ ਸਥਾਨਾ।
ਤਹਿਂ ਮਸੰਦ ਜੇਠਾ ਇਕ ਬਾਸਹਿ। ਤਿਸ ਅਵਾਸ ਮਹਿਂ ਕਰਹੁ ਨਿਵਾਸਹਿ॥੩੮॥

ਹੁਣ ਅਨੰਦਪੁਰ ਨਾ ਜਾਵੋ, ਲਖਨੌਰ ਨਾਮ ਦੇ ਪਿੰਡ ਦਾ ਇਕ ਸਥਾਨ ਹੈ। ਉਥੇ ਜੇਠਾ ਨਾਮ ਦਾ ਇਕ ਮਸੰਦ ਵੱਸਦਾ ਹੈ, ਉਸ ਦੇ ਘਰ ਵਿਚ ਨਿਵਾਸ ਕਰੋ॥੩੮॥

ਪੁਨ ਸੁਧਿ ਪਠਹਿਂ ਤੁਮਾਰੇ ਪਾਸ। ਤਬਿ ਅਨੰਦ ਪੁਰਿ ਕਰਹੁ ਨਿਵਾਸ।
ਤਾਵਤਿ ਬਸਹੁ ਗ੍ਰਾਮ ਤਿਸ ਮਾਂਹੀ। ਆਗੇ ਗਮਨ ਕਰਹੁ ਕਿਮ ਨਾਂਹੀ॥ ੩੯॥

ਫਿਰ ਤੁਹਾਡੇ ਪਾਸ ਖਬਰ ਭੇਜਾਂਗੇ ਤਦ ਅਨੰਦਪੁਰ ਜਾ ਕੇ ਨਿਵਾਸ ਕਰੋ। ਤਦ ਤਕ ਉਸ ਪਿੰਡ ਵਿਚ ਵਾਸਾ ਕਰੋ, ਅੱਗੇ ਕਿਸੇ ਤਰ੍ਹਾਂ ਵੀ ਨਾ ਜਾਵੋ" ॥੩੯॥

ਸੁਨਤਿ ਨਾਨਕੀ ਮਨ ਬਿਸਮਾਈ। ਗੁਜਰੀ ਦ੍ਰਿਗ ਆਂਸੂ ਢਰਿ ਆਈ।
ਸੰਕਟ ਬਡੋ ਪਾਇ ਭਰਿ ਸ੍ਵਾਸਾ। ਬਿਨਸਜੋ ਤੂਰਨ ਹੁਤੋ ਹੁਲਾਸਾ॥ ੪੦॥

ਇਹ ਸੁਣ ਕੇ ਮਾਤਾ ਨਾਨਕੀ ਜੀ ਬਹੁਤ ਹੈਰਾਨ ਹੋਈ ਤੇ ਮਾਤਾ ਗੁਜਰੀ ਜੀ ਦੇ ਅੱਖਾਂ ਵਿਚ ਹੰਝੂ ਭਰ ਆਏ। ਲੰਮਾ ਸਾਹ ਲੈ ਕੇ ਬਹੁਤ ਦੁਖ ਪਾਇਆ, ਜਿਹੜੀ ਖੁਸ਼ੀ ਮਨ ਵਿਚ ਆਈ ਸੀ, ਉਹ ਤੁਰਤ ਦੂਰ ਹੋ ਗਈ॥੪੦॥

ਪੁਨ ਬੂਝਜੋ ਸਿਖ 'ਕਿਮ ਇਹ ਹੋਵਾ ? ਕਿਸ ਬਿਧਿ ਮਹਿਂ ਸਤਿਗੁਰ ਕੋ ਜੋਵਾ ?
ਸਰਬ ਬ੍ਰਿਤਾਂਤ ਸੁਨਾਵਹੁ ਹਮੈ। ਦਰਸ਼ਨਿ ਕਰਿ ਤਜਾਗੇ ਕਿਹ ਸਮੈ ?' ॥੪੧॥

ਫਿਰ ਸਿੱਖ ਨੂੰ ਪੁਛਿਆ, "ਇਹ ਕਿਸ ਤਰ੍ਹਾਂ ਹੋਇਆ ਹੈ ? ਕਿਸ ਵਿਧੀ ਵਿਚ ਸਤਿਗੁਰੂ ਜੀ ਨੂੰ ਵੇਖਿਆ ਹੈ ? ਸਾਨੂੰ ਸਾਰਾ ਬ੍ਰਿਤਾਂਤ ਸੁਣਾਵੋ, ਦਰਸ਼ਨ ਕਰਕੇ ਕਿਸ ਸਮੇਂ ਤਿਆਗੇ ਸਨ ?" ॥੪੧॥

ਜੁਗ ਮਾਤਾ ਸੁਤ ਢਿਗ ਹੁਇ ਤੀਨੋ। ਸਿਖ ਨੇ ਛੋਰਿ ਪ੍ਰਸੰਗ ਕਹਿ ਦੀਨੋ।
ਜਿਮ ਕਸ਼ਮੀਰ ਬਿੱਪ੍ਰ ਗਨ ਆਏ। ਅਹਿਦੀ ਜਿਮ ਤੁਰਕੇਸ਼ ਪਠਾਏ॥ ੪੨॥

ਦੋਵੇਂ ਮਾਤਾਵਾਂ ਅਤੇ ਪੁੱਤਰ ਤਿੰਨੇ ਪਾਸ ਹੋ ਗਏ, ਸਿੱਖ ਨੇ ਸਾਰਾ ਪ੍ਰਸੰਗ ਖੋਲ੍ਹ ਕੇ ਸੁਣਾ ਦਿੱਤਾ। ਜਿਵੇਂ ਕਸ਼ਮੀਰ ਦੇ ਬਹੁਤ ਬ੍ਰਾਹਮਣ ਆਏ ਸਨ, ਜਿਵੇਂ ਤੁਰਕ ਬਾਦਸ਼ਾਹ ਨੇ ਅਹਿਦੀਏ ਭੇਜੇ ਸਨ॥੪੨॥

'ਸੈਫਾਬਾਦ ਚੁਮਾਸਾ ਬਾਸੇ। ਖੋਜਤਿ ਫੌਜ ਫਿਰੀ ਚਹੁੰ ਪਾਸੇ।
ਆਪ ਆਗਰੇ ਕੋ ਪੁਨ ਗਏ। ਤੁਰਕਨਿ ਕੇ ਬਸਿ ਤਿਹ ਠਾਂ ਭਏ॥ ੪੩॥

ਜਿਵੇਂ ਗਰਮੀ ਅਤੇ ਬਾਰਸ਼ ਦੇ ਸਮੇਂ ਸੈਫਾਬਾਦ ਵਿਚ ਰਹੇ ਸਨ ਤੇ ਫੌਜ ਉਨ੍ਹਾਂ ਨੂੰ ਲਭਦੀ ਚਾਰ-ਚੁਫੇਰੇ ਫਿਰੀ ਸੀ। ਫਿਰ ਆਪ ਜੀ ਆਗਰੇ ਨੂੰ ਚਲੇ ਗਏ, ਉਥੇ ਜਾ ਕੇ ਤੁਰਕਾਂ ਦੇ ਵੱਸ ਵਿਚ ਪੈ ਗਏ॥੪੩॥

ਦਿੱਲੀ ਤੇ ਬਡ ਚਮੂੰ ਚਢਾਈ। ਅਧਿਕ ਸੁਚੇਤੀ ਕਰਿ ਲੇ ਆਈ।
ਮੁਖ ਪ੍ਰਸੰਨ ਮੁਝ ਸੰਗ ਬਖਾਨਾ। ਮਗ ਮਹਿਂ ਮਿਲਹੁ ਜਾਇ ਕਿਸ ਥਾਨਾ॥੪੪॥

ਬਾਦਸ਼ਾਹ ਨੇ ਦਿੱਲੀ ਤੋਂ ਬਹੁਤ ਵੱਡੀ ਫੌਜ ਚੜ੍ਹਾਈ ਤੇ ਉਹ ਫੌਜ ਬਹੁਤ ਸਾਵਧਾਨੀ ਨਾਲ ਗੁਰੂ ਜੀ ਨੂੰ ਦਿੱਲੀ ਲਿਆਈ। ਮੁਖ ਤੋਂ ਬਹੁਤ ਪ੍ਰਸੰਨ ਹੋ ਕੇ ਮੈਨੂੰ ਕਿਹਾ, ਉਨ੍ਹਾਂ ਨੂੰ ਰਾਹ ਵਿਚ ਕਿਸੇ ਥਾਂ ਜਾ ਮਿਲੋ॥੪੪॥

ਨਹੀਂ ਪੱਤ੍ਰਿਕਾ ਲਿਖਿਬੇ ਭਈ। ਬਾਕਨਿ ਸਾਥ ਖਬਰ ਪਠਿ ਦਈ'।
ਸਾਸੂ ਨੁਖਾ ਚਿੰਤ ਬਸਿ ਭਾਰੀ। 'ਹੇ ਪ੍ਰਭੁ ! ਕਹਾਂ ਕਰੀ ਗਤਿ ਨਜਾਰੀ' ॥੪੫॥

ਉਨ੍ਹਾਂ ਨੇ ਚਿੱਠੀ ਨਹੀਂ ਲਿਖੀ ਹੈ, ਜ਼ਬਾਨੀ ਹੀ ਖਬਰ ਭੇਜ ਦਿੱਤੀ ਹੈ।" ਨੂੰਹ ਸੱਸ ਬਹੁਤ ਚਿੰਤਾ ਦੇ ਵੱਸ ਵਿਚ ਹੋ ਗਈਆਂ। ਕਹਿਣ ਲੱਗੀਆਂ, "ਹੇ ਪ੍ਰਭੂ ! ਇਹ ਕੀ ਵੱਖਰੀ ਗਤੀ ਕੀਤੀ ਹੈ" ॥੪੫॥

ਠਟਕ ਰਹੀ ਨਹਿਂ ਚਲਿਬੋ ਚਾਹਾ। ਮਨ ਬੂਡਜੋ ਬਡ ਕਸ਼ਟ ਪ੍ਰਵਾਹਾ।
ਪੁਨ ਸਿਖ ਕਹਿ ਬਹੁ ਬਿਧਿ ਸਮੁਝਾਈ। 'ਇਮ ਤੁਮ ਕੋ ਅਬਿ ਨਹਿਂ ਬਨਿਆਈ॥੪੬॥

ਝਿਜਕ ਕੇ ਰਹਿ ਗਈਆਂ ਤੇ ਅੱਗੇ ਚਲਣ ਦੀ ਚਾਹਤ ਖਤਮ ਹੋ ਗਈ ਤੇ ਮਨ ਵਿਚ ਵੱਡੇ ਕਸ਼ਟ ਦੇ ਪ੍ਰਵਾਹ ਵਿਚ ਡੁੱਬ ਗਈਆਂ। ਫਿਰ ਸਿੱਖ ਨੇ ਬਹੁਤ ਪ੍ਰਕਾਰ ਕਹਿ ਕੇ ਸਮਝਾਇਆ, "ਤੁਹਾਡੇ ਵਾਸਤੇ ਇਸ ਤਰ੍ਹਾਂ ਕਰਨਾ, ਹੁਣ ਬਣਦਾ ਨਹੀਂ ਹੈ॥੪੬॥

ਗੁਰੂ ਆਪ ਹੀ ਕਾਰਨ ਕੀਨਿ। ਤੁਮ ਕੋ ਹੁਕਮ ਜਥਾ ਬਿਧਿ ਦੀਨ।
ਕਰਹੁ ਉਤਾਇਲ ਬਿਲਮ ਨ ਲਾਵਹੁ। ਪਹੁੰਚਹੁ ਤਿਸੀ ਗ੍ਰਾਮ ਥਿਰਤਾਵਹੁ॥੪੭॥

ਗੁਰੂ ਜੀ ਨੇ ਆਪ ਹੀ ਸਾਰਾ ਕਾਰਨ ਕੀਤਾ ਹੈ, ਤੁਹਾਨੂੰ ਜਿਵੇਂ ਵੀ ਹੁਕਮ ਦਿੱਤਾ ਹੈ, ਉਸ ਤਰ੍ਹਾਂ ਹੀ ਕਰੋ ਦੇਰ ਨਾ ਲਾਵੋ ਤੇ ਉਸ ਪਿੰਡ ਵਿਚ ਜਾ ਕੇ ਠਹਿਰ ਜਾਵੋ॥੪੭॥

ਸਾਹਿਬਜ਼ਾਦੇ ਕੋ ਪ੍ਰਿਤਪਾਰਹੁ। ਗੁਰ ਸਰੂਪ ਨਿਤ ਇਨਹਿਂ ਨਿਹਾਰਹੁ।
ਬਹੁਤ ਬਾਰਿ ਤਾਗੀਦ ਬਖਾਨੀ। ਕਰਹਿਂ ਨ ਚਿੰਤਾ ਸ਼ੋਕ ਮਹਾਨੀ॥ ੪੮॥

ਸਾਹਿਬਜ਼ਾਦੇ ਦੀ ਪਾਲਨਾ ਕਰੋ, ਇਨ੍ਹਾਂ ਨੂੰ ਸਦਾ ਹੀ ਗੁਰੂ ਸਰੂਪ ਵੇਖੋ। ਗੁਰੂ ਜੀ ਨੇ ਬਹੁਤ ਵਾਰ ਇਹ ਤਾਗੀਦ ਕੀਤੀ ਹੈ। ਕਿਸੇ ਪ੍ਰਕਾਰ ਦੀ ਚਿੰਤਾ ਅਤੇ ਮਹਾਨ ਸ਼ੋਕ ਨਾ ਮਨਾਓ॥੪੮॥

ਸੋ ਸਿਖ ਲੈਕੇ ਸੰਗ ਪਯਾਨੇ। ਪੰਥ ਉਲੰਘਿ ਪਹੁੰਚਿ ਤਿਸ ਥਾਨੇ।
ਮਸੰਦ ਘਰ ਉਤਰੇ ਜਾਈ। ਆਨੰਦ ਪੁਰਿ ਸਭਿ ਵਸਤੁ ਪਠਾਈ॥ ੪੯॥

ਉਹ ਸਿੱਖ ਆਪਣੇ ਨਾਲ ਲੈ ਕੇ ਚਲ ਪਿਆ, ਸਾਰਾ ਰਾਹ ਲੰਘ ਕੇ ਉਸ ਅਸਥਾਨ ਵਿਖੇ ਪਹੁੰਚ ਗਏ ਤੇ ਜੇਠੇ ਨਾਮ ਦੇ ਮਸੰਦ ਦੇ ਘਰ ਜਾ ਉਤਾਰਾ ਕੀਤਾ ਤੇ ਬਾਕੀ ਸਭ ਵਸਤਾਂ ਅਨੰਦਪੁਰ ਭੇਜ ਦਿੱਤੀਆਂ॥੪੯॥

ਵਾਹਨ ਆਦਿ ਸਕਲ ਲੇ ਨਾਲ। ਗਮਨਜੋ ਗੁਰ ਮਾਤੁਲ ਜੁ ਕ੍ਰਿਪਾਲ।
ਸਾਸੁ ਨੁਖਾ ਦੌਨਹੁਂ ਤਬਿ ਰਹੀ। ਸੁਤ ਜੁਤਿ, ਜਿਮ ਜਾਨਹਿ ਕੋ ਨਹੀਂ॥੫੦॥

ਵਾਹਣ ਆਦਿ ਸਾਰੇ ਨਾਲ ਲੈ ਕੇ ਗੁਰੂ ਜੀ ਦੇ ਮਾਮਾ ਜੀ ਕ੍ਰਿਪਾਲ ਚੰਦ ਚਲੇ ਗਏ। ਨੂੰਹ ਸੱਸ ਦੋਵੇਂ ਉਥੇ ਪੁੱਤਰ ਸਹਿਤ ਰਹੀਆਂ, ਜਿਵੇਂ ਉਨ੍ਹਾਂ ਨੂੰ ਕੋਈ ਜਾਣ ਨਾ ਸਕੇ॥੫੦॥

ਪਗ ਬੰਦਨ ਜੇਠਾ ਕਰਿ ਪ੍ਰੀਤਿ। ਸੇਵਤਿ ਸਰਬ ਰੀਤਿ ਘਰ ਨੀਤ।
ਨਹਿਂ ਕੋ ਜਾਨਿ ਸਕਜੋ ਇਤ ਦੇਸ਼। ਮਿਲਿ ਬਾਲਨਿ ਮਹਿਂ ਖਿਲਤਿ ਹਮੇਸ਼॥੫੧॥

ਜੇਠਾ ਮਸੰਦ ਚਰਨ ਕੰਵਲਾਂ ਤੇ ਬੰਦਨਾ ਕਰਕੇ ਸਦਾ ਘਰ ਵਿਚ ਸਭ ਰੀਤੀਆਂ ਨਾਲ ਪ੍ਰੀਤ ਕਰਕੇ ਸੇਵਾ ਕਰਦਾ ਸੀ। ਇਹ ਕੋਈ ਨਾ ਜਾਣ ਸਕਿਆ ਕਿ ਇਸ ਦੇਸ਼ ਵਿਚ ਆਏ ਹਨ, ਗੁਰੂ ਜੀ ਹਮੇਸ਼ਾ ਬਾਲਕਾਂ ਨਾਲ ਮਿਲ ਕੇ ਖੇਡਦੇ ਸਨ॥੫੧॥

ਦਿਨ ਪ੍ਰਤਿ ਵਧਹਿ ਸਰੀਰ ਬਿਸਾਲਹਿ। ਸ਼ੱਤ੍ਰੁਨ ਘਨੇ ਘਰਨਿ ਜੋ ਘਾਲਹਿਂ।
ਔਰ ਕਥਾ ਬਸਿਬੇ ਲਖਨੌਰ। ਕਹੌਂ ਫੇਰ ਜਹਿਂ ਅਵਸਰ ਠੌਰ॥ ੫੨॥

ਦਿਨ ਪ੍ਰਤਿ ਗੁਰੂ ਜੀ ਦਾ ਵਿਸ਼ਾਲ ਸਰੀਰ ਵੱਧ ਰਿਹਾ ਸੀ, ਜਿਹੜੇ ਗੁਰੂ ਜੀ ਵੈਰੀਆਂ ਦੇ ਬਹੁਤ ਘਰਾਂ ਨੂੰ ਨਾਸ਼ ਕਰਨਗੇ। ਬਾਲਾ ਗੁਰੂ ਜੀ ਦੇ ਲਖਨੌਰ ਵਿਚ ਵਸਣ ਦੀ ਕਥਾ, ਫਿਰ ਕਹਾਂਗਾ ਜਿੱਥੇ ਮੌਕੇ ਦਾ ਅਵਸਰ ਹੋਵੇਗਾ॥੫੨॥

ਅਬਿ ਦਿੱਲੀ ਮਹਿਂ ਗੁਰ ਕੀ ਕਥਾ। ਸੁਨਹੁਂ ਗੁਰੂ ਸਿਖ ਬਰਨੌਂ ਜਥਾ।
ਸੈਨ ਸਮੇਤ ਜਬਹਿ ਚਲਿ ਆਏ। ਦੇਖਨਿ ਹੇਤੁ ਬ੍ਰਿੰਦ ਉਮਡਾਏ॥ ੫੩॥

ਹੁਣ ਦਿੱਲੀ ਵਿਚ ਗੁਰੂ ਤੇਗ ਬਹਾਦਰ ਜੀ ਬਾਰੇ ਕਥਾ ਕਹਿੰਦਾ ਹਾਂ। ਹੇ ਗੁਰੂ ਜੀ ਦੇ ਸਿੱਖੋ! ਉਸ ਤਰ੍ਹਾਂ ਸੁਣੋ ਜਿਵੇਂ ਮੈਂ ਵਰਣਨ ਕਰਦਾ ਹਾਂ। ਜਦ ਸੈਨਾ ਸਮੇਤ ਚਲ ਕੇ ਦਿੱਲੀ ਆ ਗਏ ਤਾਂ ਉਨ੍ਹਾਂ ਦੇ ਦਰਸ਼ਨਾਂ ਵਾਸਤੇ ਬਹੁਤ ਲੋਕ ਉੱਮਡ ਕੇ ਆਏ॥੫੩॥

*ਬਾਰ੍ਹਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥*

❖❖❖

# ਅਧਿਆਇ ਛਤਾਲੀਵਾਂ

## ਦਿੱਲੀ ਵਿਖੇ ਹਵੇਲੀ ਵਿਚ ਡੇਰਾ

ਦੋਹਰਾ- ਦਿੱਲੀ ਮਹਿਂ ਤਿਸ ਘਰ ਬਿਖੇ ਰਹੈ ਦੇਵ ਜਿਸ ਮਾਂਹਿ।
ਜੋ ਹਠ ਕਰਿ ਨਰ ਤਹਿਂ ਬਸਹਿ ਮਾਰਤਿ ਕੈ ਤਰਸਾਹਿ॥ ੧॥

ਫਿਰ ਗੁਰੂ ਜੀ ਦਿੱਲੀ ਵਿਚ ਉਸ ਘਰ ਵਿਚ ਰਹੇ, ਜਿਸ ਘਰ ਵਿਚ ਦੈਂਤ ਰਹਿੰਦਾ ਸੀ, ਜਿਹੜਾ ਵੀ ਮਨੁੱਖ ਹਠ ਕਰਕੇ ਉਸ ਘਰ ਵਿਚ ਰਹਿੰਦਾ ਸੀ, ਉਸ ਨੂੰ ਦੈਂਤ ਡਰਾ ਕੇ ਮਾਰ ਦਿੰਦਾ ਸੀ॥੧॥

ਚੌਪਈ- ਸਗਰੇ ਨਗਰ ਬਿਖੈ ਇਹ ਰੌਰਾ। 'ਨਹਿਂ ਪ੍ਰਵੇਸ਼ ਹੁਇ ਕੋ ਨਰ ਪੌਰਾ।
ਤ੍ਰਾਸਤਿ ਸਕਲ ਰਹੈਂ ਨਰ ਬਾਹਰ। ਦਿਨ ਮਹਿਂ ਭੀ ਨ ਨਿਕਟਿ ਹੁਇਂ ਜ਼ਾਹਰ' ॥੨॥

ਸਾਰੇ ਨਗਰ ਵਿਚ ਇਹ ਰੌਲਾ ਪਿਆ ਸੀ, ਲੋਕ ਕਹਿੰਦੇ ਸਨ, "ਕੋਈ ਵੀ ਮਨੁੱਖ ਉਸ ਹਵੇਲੀ ਦੇ ਦਰਵਾਜ਼ੇ ਵਿਚ ਦਾਖਲ ਨਹੀਂ ਹੁੰਦਾ, ਸਾਰੇ ਮਨੁੱਖ ਡਰਦੇ ਬਾਹਰ ਰਹਿੰਦੇ ਹਨ, ਦਿਨ ਸਮੇਂ ਵੀ ਪ੍ਰਗਟ ਰੂਪ ਵਿਚ ਨੇੜੇ ਨਹੀਂ ਸੀ ਜਾਂਦੇ" ॥੨॥

ਬੀਚ ਜਾਮਨੀ ਬਸਿ ਹੈ ਕੌਨ। ਐਸੋ ਹੁਤੋ ਭਯਾਨਕ ਭੌਨ।
ਤਰਕੇਸ਼ੁਰ ਕੀ ਆਇਸੁ ਕਰੇ। ਤਿਸ ਸਥਾਨ ਸ੍ਰੀ ਗੁਰੂ ਉਤਰੇ॥ ੩॥

ਰਾਤ ਨੂੰ ਉਥੇ ਕੌਣ ਠਹਿਰ ਸਕਦਾ ਸੀ, ਉਹ ਐਸਾ ਭਿਆਨਕ ਘਰ ਸੀ। ਤੁਰਕ ਬਾਦਸ਼ਾਹ ਦੀ ਆਗਿਆ ਨਾਲ, ਗੁਰੂ ਜੀ ਨੇ ਉਸ ਸਥਾਨ ਵਿਖੇ ਉਤਾਰਾ ਕੀਤਾ॥੩॥

ਚਹੁੰ ਦਿਸ਼ਿ ਚੌਕੀਦਾਰ ਬਿਠਾਏ। ਸੰਗ ਜਿ ਦਾਸ ਵਹਿਰ ਉਤਰਾਏ।
'ਸਭਿ ਹਿੰਦੁਨਿ ਕੋ ਪੀਰ ਕਹਾਵੈ। ਅਬਿ ਮਾਰਸਿ ਇਸ ਛੁਟ ਨਹਿਂ ਜਾਵੈ ॥੪॥

ਉਨ੍ਹਾਂ ਦੇ ਚਾਰੇ ਪਾਸੇ ਚੌਕੀਦਾਰ ਬਿਠਾਏ ਸਨ। ਜਿਹੜੇ ਸੇਵਕ ਗੁਰੂ ਜੀ ਦੇ ਨਾਲ ਸਨ, ਉਨ੍ਹਾਂ ਦਾ ਬਾਹਰ ਉਤਾਰਾ ਕਰਵਾ ਦਿੱਤਾ। ਮੁਲਾਣੇ ਕਹਿੰਦੇ ਸਨ, "ਸਭ ਹਿੰਦੂਆਂ ਦੇ ਪੀਰ ਕਹਾਉਂਦੇ ਹਨ, ਹੁਣ ਇਨ੍ਹਾਂ ਨੂੰ ਦੈਂਤ ਮਾਰ ਦੇਵੇਗਾ, ਇਹ ਬਚ ਕੇ ਨਹੀਂ ਨਿਕਲ ਸਕਦੇ॥੪॥

ਕੈ ਧਰਿ ਤ੍ਰਾਸ ਦੀਨ ਮਹਿਂ ਆਵੈ। ਤੁਰਕ ਸਕਲ ਮਾਨੁਖ ਹੁਇ ਜਾਵੈਂ।
ਬਿਨਾ ਜਤਨ ਤੇ ਇਹ ਬਿਧਿ ਹੋਈ। ਕੈ ਮਰਿ ਜਾਹਿ ਡਰਹਿ ਸਭਿ ਕੋਈ' ॥੫॥

ਜਾਂ ਡਰ ਕੇ ਇਹ ਮੁਸਲਿਮ ਦੀਨ ਵਿਚ ਆ ਜਾਣਗੇ, ਫਿਰ ਸਾਰੇ ਮਨੁੱਖ ਤੁਰਕ ਹੋ ਜਾਣਗੇ। ਕਿਸੇ ਯਤਨ ਤੋਂ ਬਗੈਰ ਹੀ ਇਹ ਵਿਧੀ ਹੋ ਗਈ ਹੈ। ਜੇ ਮਰ ਜਾਣਗੇ ਤਦ ਸਭ ਲੋਕ ਬਹੁਤ ਡਰ ਜਾਣਗੇ" ॥੫॥

ਨੌਰੰਗ ਸਾਥ ਕਹੈ ਉਮਰਾਵ। 'ਰਾਵਰ ਨੇ ਕਿਯ ਭਲੋ ਉਪਾਵ।
ਬਿਨ ਮਾਰੇ ਹਿੰਦੂ ਮਰਿ ਜੈ ਹੈ। ਨਾਂਹਿ ਤ ਡਰ ਕਰਿ ਤੁਰਕ ਬਨੈ ਹੈ॥੬॥

ਨੌਰੰਗਾ ਆਪਣੇ ਉਮਰਾਵ ਨੂੰ ਕਹਿੰਦਾ ਸੀ, "ਆਪ ਨੇ ਭਲਾ ਉਪਾਵ ਕੀਤਾ ਹੈ, ਮਾਰਨ ਤੋਂ ਬਗੈਰ ਹੀ ਹਿੰਦੂ ਮਰ ਜਾਣਗੇ, ਨਹੀਂ ਤਾਂ ਡਰ ਕੇ ਤੁਰਕ ਬਣ ਜਾਣਗੇ॥੬॥

ਜਬਿ ਇਹ ਦੀਨ ਬਿਖੈ ਹੁਇ ਜਾਇ। ਸਭਿ ਕੀ ਅਟਕ ਚੁਕਹਿ ਇਕ ਭਾਇ।
ਇਹ ਹਿੰਦੁਨਿ ਕੋ ਗੁਰੂ ਕਹਾਵੈ। ਇਮ ਪੀਛੈ ਸਭਿ ਕੇ ਮਨ ਭਾਵੈ' ॥ ੭ ॥

ਜਦ ਇਹ ਦੀਨ ਵਿਚ ਆ ਜਾਣਗੇ ਤਦ ਸਾਰਿਆਂ ਦਾ ਅੜਿਕਾ ਇਕੋ ਵਾਰ ਖਤਮ ਹੋ ਜਾਵੇਗਾ। ਇਹ ਹਿੰਦੂਆਂ ਦੇ ਗੁਰੂ ਕਹਾਉਂਦੇ ਹਨ, ਇਨ੍ਹਾਂ ਦੇ ਪਿੱਛੇ ਲਗਣ ਨੂੰ ਸਾਰਿਆਂ ਦਾ ਮਨ ਚਾਹੇਗਾ ਭਾਵ ਸਾਰੇ ਚਾਹ ਕੇ ਤੁਰਕ ਬਣ ਜਾਣਗੇ' ॥੭॥

ਮੂਰਖ ਮਿਲਹਿਂ ਪਰਸਪਰ ਕਹੈਂ। ਗੁਰ ਕਜਾ ਕਰਹਿਂ, ਦੁਸ਼ਟ ਨਹਿਂ ਲਹੈਂ।
ਅਪਨੀ ਦਈ ਵਸਤੂ ਕੋ ਲੇਹਿਂ। ਕਰਿ ਕੈ ਕੂਰੇ ਤੁਰਕ ਅਛੇਹ ॥ ੮ ॥

ਮੂਰਖ ਆਪਸ ਵਿਚ ਮਿਲ ਕੇ ਕਹਿੰਦੇ ਸਨ। ਸ੍ਰੀ ਗੁਰੂ ਜੀ ਕੀ ਕਰ ਰਹੇ ਹਨ, ਦੁਸ਼ਟ ਉਮਰਾਵ ਇਹ ਜਾਣਦੇ ਨਹੀਂ ਸਨ ਕਿ ਗੁਰੂ ਜੀ ਆਪਣੀ ਦਿੱਤੀ ਵਸਤੂ ਭਾਵ ਪਾਤਸ਼ਾਹੀ ਵਾਪਸ ਲੈ ਰਹੇ ਹਨ ਤੇ ਤੁਰਕਾਂ ਦਾ ਪੂਰੀ ਤਰ੍ਹਾਂ ਨਾਸ਼ ਕਰ ਦੇਣਗੇ ॥੮॥

ਚੌਕੀਦਾਰ ਖਰੇ ਚਹੁਂ ਪਾਸੇ। ਅੰਤਰ ਤਿਸ ਘਰ ਕੇ ਗੁਰ ਬਾਸੇ।
ਮਿਟਯੋ ਪ੍ਰਕਾਸ਼ ਤਿਮਰ ਜਬਿ ਛਾਯੋ। ਦੇਹਿ ਭਯਾਨਕ ਪ੍ਰੇਤ ਸੁ ਆਯੋ ॥ ੯ ॥

ਚਾਰੇ ਪਾਸੇ ਚੌਕੀਦਾਰ ਖੜੇ ਸਨ। ਗੁਰੂ ਜੀ ਉਸ ਘਰ ਦੇ ਅੰਦਰ ਰਹਿਣ ਲੱਗੇ। ਜਦ ਹਨ੍ਹੇਰਾ ਛਾ ਗਿਆ ਤਾਂ ਪ੍ਰਕਾਸ਼ ਖਤਮ ਹੋ ਗਿਆ ਤਾਂ ਭਿਆਨਕ ਸਰੀਰ ਵਾਲਾ ਪ੍ਰੇਤ ਆਇਆ ॥੯॥

ਹਾਥ ਜੋਰਿ ਪਦ ਬੰਦਨ ਠਾਨੀ। ਭਯੋ ਦੀਨ ਮੁਖ ਬਿਨੈ ਬਖਾਨ।
'ਪ੍ਰਭੁ ਜੀ! ਬਾਸ ਤੁਮਾਰੋ ਭਯੋ। ਧੰਨ ਅਹੋ ਮੈਂ ਦਰਸ਼ਨ ਦਯੋ ॥ ੧੦ ॥

ਹੱਥ ਜੋੜ ਕੇ ਉਸ ਚਰਨ ਕੰਵਲਾਂ 'ਤੇ ਬੰਦਨਾ ਕੀਤੀ ਤੇ ਦੀਨ ਹੋ ਕੇ ਮੁਖ ਤੋਂ ਬੇਨਤੀ ਕੀਤੀ, "ਪ੍ਰਭੂ ਜੀ! ਤੁਹਾਡਾ ਏਥੇ ਵਾਸਾ ਹੋਇਆ ਮੈਂ ਧੰਨ ਹੋ ਗਿਆ ਹਾਂ ਕਿ ਤੁਸੀਂ ਮੈਨੂੰ ਦਰਸ਼ਨ ਦਿੱਤੇ ਹਨ ॥੧੦॥

ਕਰਹੁ ਮੋਹਿ ਪਰ ਹੁਕਮ ਬਡੇਰਾ। ਜਾਨਹੁ ਆਪ ਮੋਹਿ ਕਹੁ ਚੇਰਾ।
ਜਲ ਸਪਰਸ਼ਿਬੇ ਸ਼ਕਤੀ ਨਾਂਹੀ। ਜੇ ਅਹਾਰ ਲਜਾਵਹੁਂ ਤੁਮ ਪਾਹੀ ॥ ੧੧ ॥

ਮੈਨੂੰ ਹੁਣ ਕੋਈ ਵੱਡਾ ਹੁਕਮ ਸੁਣਾਓ, ਮੈਨੂੰ ਆਪਣਾ ਸੇਵਕ ਜਾਣੋ ਮੇਰੇ ਵਿਚ ਜਲ ਨੂੰ ਛੂਹਣ ਦੀ ਸ਼ਕਤੀ ਨਹੀਂ ਹੈ। ਜੋ ਜਾ ਕੇ ਤੁਹਾਡੇ ਪਾਸ ਭੋਜਨ ਲਿਆਵਾਂ ॥੧੧॥

ਮੋਹਿ ਹਾਥ ਕੋ ਅਚਹੁ ਕਿ ਨਹਿਂ ਲਿਹੁ। ਅਪਰ ਸੇਵ ਮੈਂ ਕਰਹੁਂ ਜੁ ਕਹਿ ਦਿਹੁ।
ਇਹਾਂ ਜਿ ਦੋਖੀ ਦੁਸ਼ਟ ਤੁਮਾਰੇ। ਕਹੋ ਜਿਸਹਿ ਦੇਵਹੁਂ ਤਿਸ ਮਾਰੇ ॥ ੧੨ ॥

ਤਾਂ ਮੇਰੇ ਹੱਥ ਦਾ ਭੋਜਨ ਖਾਉਗੇ ਕਿ ਨਹੀਂ ਲਵੋਗੇ, ਹੋਰ ਮੈਂ ਹਰ ਪ੍ਰਕਾਰ ਸੇਵਾ ਕਰਾਂਗਾ, ਜਿਵੇਂ ਵੀ ਕਹਿ ਦੇਵੋਗੇ। ਏਥੇ ਜਿਹੜੇ ਦੁਸ਼ਟ ਤੁਹਾਡੇ ਦੋਖੀ ਹਨ, ਜਿਸ ਬਾਰੇ ਵੀ ਕਹੋ, ਮੈਂ ਉਸ ਨੂੰ ਮਾਰ ਦੇਵਾਂਗਾ ॥੧੨॥

ਗਹੌਂ ਨਗਰ ਤੇ ਦੂਰ ਬਗਾਵਹੁਂ। ਕੋਇ ਨ ਜਾਨੈ ਤਹਾਂ ਪੁਚਾਵਹੁਂ।
ਪੁੱਤ੍ਰ ਆਦਿ ਤਿਨਕੇ ਕਰਿ ਨਾਸ਼। ਕਰੌਂ ਉਪਾਰਨਿ ਜਰੈਂ ਅਵਾਸ ॥ ੧੩ ॥

ਫੜ ਕੇ ਨਗਰ ਤੋਂ ਦੂਰ ਭਜਾ ਦੇਵਾਂਗਾ, ਕੋਈ ਨਹੀਂ ਜਾਣ ਸਕੇਗਾ ਜਿੱਥੇ ਪਹੁੰਚਾ ਦੇਵਾਂਗਾ। ਉਨ੍ਹਾਂ ਦੇ ਪੁੱਤਰਾਂ ਆਦਿ ਨੂੰ ਖਤਮ ਕਰਕੇ, ਉਨ੍ਹਾਂ ਦੇ ਘਰਾਂ ਦੀਆਂ ਜੜ੍ਹਾਂ ਪੁੱਟ ਦੇਵਾਂਗਾ ॥੧੩॥

ਰਾਵਰ ਕੀ ਆਇਸੁ ਅਨੁਸਾਰੀ। ਮੈਂ ਕਰਿ ਸਕੌਂ ਸਕਲ ਹੀ ਕਾਰੀ'।
ਸ੍ਰੀ ਗੁਰ ਤੇਗਬਹਾਦਰ ਕਹਜੋ। 'ਹਮ ਨੇ ਦ੍ਵੈਸ਼ੀ ਕੋ ਨਹਿਂ ਲਹਜੋ ॥ ੧੪ ॥

ਮੈਂ ਆਪ ਜੀ ਦੀ ਆਗਿਆ ਅਨੁਸਾਰ ਹਾਂ, ਇਹ ਮੈਂ ਸਾਰਾ ਕਾਰਜ ਕਰ ਸਕਦਾ ਹਾਂ।" ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਅਸੀਂ ਕਿਸੇ ਨੂੰ ਵੀ ਆਪਣਾ ਦੋਖੀ ਨਹੀਂ ਜਾਣਿਆ ਹੈ" ॥੧੪॥

**ਨਹਿਂ ਕਿਸਹੂੰ ਸੰਘਾਰਨਿ ਬਨੈ। ਸਰਬ ਜੀਵ ਨਿਜ ਭਾਗਨਿ ਸਨੈ।**
**ਦੈਵ ਦੇਤਿ ਦੁਖ ਸੁਖ ਸਭਿ ਕਾਹੂ। ਇਹ ਨਹਿਂ ਦੋਸ਼ ਅਪਰ ਕਿਸ ਮਾਂਹੂ ॥੧੫॥**

ਕਿਸੇ ਨੂੰ ਮਾਰਨਾ ਵੀ ਨਹੀਂ ਬਣਦਾ ਹੈ, ਸਾਰੇ ਜੀਵ ਆਪਣੇ ਭਾਗਾਂ ਸਹਿਤ ਹਨ ਭਾਵ ਸਭ ਨੇ ਆਪੋ ਆਪਣੇ ਭਾਗ ਲੈਣੇ ਹਨ। ਪਰਮਾਤਮਾ ਸਭ ਕਿਸੇ ਨੂੰ ਦੁਖ-ਸੁਖ ਦਿੰਦਾ ਹੈ। ਇਹ ਦੁਖ-ਸੁਖ ਦੇਣ ਦਾ ਦੋਸ਼ ਹੋਰ ਕਿਸੇ ਵਿਚ ਨਹੀਂ ਹੈ ਭਾਵ ਆਪਣੇ ਕਰਮ ਪਰਮਾਤਮਾ ਦੀ ਰਜ਼ਾ ਵਿਚ ਮਿਲਦੇ ਹਨ॥੧੫॥

**ਪੰਡਿਤ, ਮੂਢ, ਰਾਵ, ਅਰੁ ਰੰਕਾ। ਸਭਿ ਕੇ ਸੀਸ ਕਾਲ ਕੋ ਡੰਕਾ।**
**ਕਰਮ ਸੁਭਾਸੁਭ ਜੇ ਕਰਿਯੰਤ। ਗਮਨਹਿਂ ਸੰਗ ਹੋਤਿ ਜਬਿ ਅੰਤ॥ ੧੬॥**

ਗਿਆਨੀ, ਮੂਰਖ, ਰਾਜਾ ਅਤੇ ਪਰਜਾ ਸਾਰਿਆਂ ਦੇ ਸਿਰਾਂ ਉੱਤੇ ਕਾਲ ਦਾ ਡੰਕਾ ਵੱਜ ਰਿਹਾ ਹੈ। ਜਿਹੜੇ ਸ਼ੁਭ ਅਸ਼ੁਭ ਕਰਮ ਕਰਦੇ ਹਨ, ਜਦ ਬੰਦੇ ਦਾ ਅੰਤ ਹੁੰਦਾ ਹੈ ਤਾਂ ਉਹ ਨਾਲ ਹੀ ਚਲੇ ਜਾਂਦੇ ਹਨ॥੧੬॥

**ਕਾਰਨ ਕਰਨ ਏਕ ਕਰਤਾਰਾ। ਤਿਸ ਆਗੇ ਕਹਾ ਜੀਵ ਬਿਚਾਰਾ।**
**ਮਾਰਹਿ ਰਾਖਹਿ ਸਭਿ ਕੋ ਸੋਇ। ਯਾਂ ਤੇ ਰਹੀਐ ਤੂਸ਼ਨਿ ਹੋਇ॥ ੧੭॥**

ਕਰਨ ਕਾਰਨ ਕੇਵਲ ਇਕ ਕਰਤਾਰ ਹੈ, ਉਸ ਦੇ ਅੱਗੇ ਜੀਵ ਵਿਚਾਰਾ ਕੀ ਹੈ। ਉਹ ਹੀ ਸਭ ਨੂੰ ਮਾਰਦਾ ਅਤੇ ਰੱਖਦਾ ਹੈ। ਇਸ ਕਰਕੇ ਚੁੱਪ ਧਾਰ ਕੇ ਹੀ ਰਹਿਣਾ ਚਾਹੀਦਾ ਹੈ" ॥੧੭॥

**ਸੁਨਿ ਕੈ ਪ੍ਰੇਤ ਬਿਚਾਰਤਿ ਭਯੋ। "ਸ੍ਰੀ ਗੁਰ ਬਾਸੋ ਮਮ ਢਿਗ ਥਿਯੋ।**
**ਸੇਵਾ ਕਰਹੁਂ ਇਨਹੁਂ ਕੀ ਕੋਈ। ਮੋਹਿ ਕ੍ਰਿਤਾਰਥਤਾ ਤਬਿ ਹੋਈ" ॥ ੧੮॥**

ਇਹ ਸੁਣ ਕੇ ਪ੍ਰੇਤ ਵਿਚਾਰਨ ਲੱਗਾ, "ਸ੍ਰੀ ਗੁਰੂ ਜੀ ਦਾ ਵਾਸਾ ਮੇਰੇ ਪਾਸ ਹੋਇਆ ਹੈ, ਇਨ੍ਹਾਂ ਦੀ ਕੋਈ ਸੇਵਾ ਕਰਦਾ ਹਾਂ, ਮੇਰੇ ਜੀਵਨ ਦਾ ਫਿਰ ਕਲਿਆਣ ਹੋਵੇਗਾ" ॥੧੮॥

**ਅੰਤਰ ਧਜਾਨ ਭਯੋ ਤਤਕਾਲਾ। ਗਮਨਜੋ ਜਹਾਂ ਬਜਾਰ ਬਿਸਾਲਾ।**
**ਖੋਜਤਿ ਫਿਰਤਿ ਬਿਚਾਰਤਿ ਸੋਇ। ਤਿਨ ਕੇ ਹਿਤ ਲੇਵੌਂ ਵਥੁ ਕੋਇ॥ ੧੯॥**

ਤੁਰਤ ਪ੍ਰੇਤ ਅੰਤਰ-ਧਿਆਨ ਹੋ ਗਿਆ, ਉਥੇ ਪਹੁੰਚ ਗਿਆ ਜਿੱਥੇ ਵਿਸ਼ਾਲ ਬਜ਼ਾਰ ਸੀ, ਲੱਭਦਾ ਫਿਰਦਾ ਵਿਚਾਰ ਕਰ ਰਿਹਾ ਸੀ, "ਉਨ੍ਹਾਂ ਵਾਸਤੇ ਕੋਈ ਪਦਾਰਥ ਲੈਂਦਾ ਹਾਂ॥੧੯॥

**ਜੋ ਮੁਝ ਕਰ ਤੇ ਭੱਛਨ ਕਰਹਿਂ। ਜਿਸ ਮਹਿਂ ਦੂਸ਼ਨ ਕੋ ਨਹਿਂ ਧਰਹਿਂ।**
**ਪਾਕਜੋ ਅੰਨ ਅਨੇਕ ਪ੍ਰਕਾਰਾ। ਮਮ ਕਰ ਤੇ ਨਹਿਂ ਕਰਹਿਂ ਅਹਾਰਾ॥ ੨੦॥**

ਜਿਹੜਾ ਪਦਾਰਥ ਉਹ ਮੇਰੇ ਹੱਥ ਤੋਂ ਖਾ ਲੈਣ, ਜਿਸ ਵਿਚ ਉਹ ਕਿਸੇ ਪ੍ਰਕਾਰ ਦਾ ਦੂਸ਼ਨ ਧਾਰਨ ਨਾ ਕਰਨ। ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕਰਕੇ ਰੱਖੇ ਹਨ ਪਰ ਮੇਰੇ ਹੱਥੋਂ ਉਹ ਅਜਿਹੇ ਭੋਜਨ ਨਹੀਂ ਛਕਣਗੇ॥੨੦॥

**ਨਾਂਹਿ ਤ ਬਨੀ ਪਰੀ ਜੁ ਮਿਠਾਈ। ਬਿਬਿਧਿ ਭਾਂਤਿ ਹਾਟਨ ਹਲਵਾਈ।**
**ਲੇ ਪਹੁੰਚਾਵਤਿ ਅਚਹਿਂ ਸੁਖਾਰੇ। ਨਿਜ ਪ੍ਰਸੰਨਤਾ ਮੋ ਪਰ ਧਾਰੇਂ॥ ੨੧॥**

ਨਹੀਂ ਤਾਂ ਜਿਹੜੀ ਮਿਠਾਈ ਬਣੀ ਪਈ ਹੈ, ਉਹ ਹਲਵਾਈਆਂ ਦੀਆਂ ਦੁਕਾਨਾਂ ਉੱਤੇ ਬਹੁਤ ਪ੍ਰਕਾਰ ਦੀ ਪਈ ਹੈ। ਮੈਂ ਲੈ ਕੇ ਉਨ੍ਹਾਂ ਪਾਸ ਪਹੁੰਚਾ ਦੇਵਾਂਗਾ ਤਾਂ ਆਸਾਨੀ ਨਾਲ ਛੱਕ ਲੈਣਗੇ ਤੇ ਆਪਣੀ ਪ੍ਰਸੰਨਤਾ ਮੇਰੇ ਉੱਤੇ ਧਾਰਨਗੇ॥੨੧॥

Sri Satguru Jagjit Singh Ji eLlibrary NamdhariElibrary@gmail.com

ਅਪਰ ਵਸਤੁ ਕਹਾ ਲੇਵੌਂ ਐਸੇ। ਅਚਵਹਿਂ ਗੁਰੂ ਚਹੈਂ ਚਿਤ ਜੈਸੇ'।
ਸਕਲ ਬਜਾਰ ਖੋਜਿਬੋ ਕਰਯੋ। ਏਕ ਦੂਕਾਨ ਆਨਿ ਕੈ ਖਿਰਯੋ॥ ੨੨ ॥

ਹੋਰ ਵਸਤੂ ਕਿਹੜੀ ਲਵਾਂ ਜਿਸਨੂੰ ਗੁਰੂ ਜੀ ਚਿੱਤ ਵਿਚ ਚਾਹ ਕੇ ਛੱਕ ਲੈਣ।" ਸਾਰੇ ਬਜ਼ਾਰ ਵਿਚ ਉਹ ਲਭਦਾ ਰਿਹਾ, ਇਕ ਦੁਕਾਨ ਤੇ ਆ ਕੇ ਖੜਾ ਹੋ ਗਿਆ॥੨੨॥

ਮੇਵਾ ਹੁਤੋ ਵਲਾਯਤ ਕੇਰਾ। ਭਾਂਤਿ ਭਾਂਤਿ ਮਾਧੁਰ ਫਲ ਹੇਰਾ।
ਸੇਵ ਸੰਧੂਰੀ ਅਰੁ ਜ਼ਰਦਾਲੂ। ਨਸ਼ਪਾਤੀ ਪਿਸਤਾ ਰਸ ਆਲੂ॥ ੨੩ ॥

ਉਸ ਦੁਕਾਨ ਉੱਤੇ ਵਲਾਇਤ ਦੇ ਮੇਵੇ ਸਨ, ਭਿੰਨ-ਭਿੰਨ ਪ੍ਰਕਾਰ ਦੇ ਮਿੱਠੇ ਫਲਾਂ ਨੂੰ ਵੇਖਿਆ। ਸੰਧੂਰੀ ਅਤੇ ਸੁਨਹਿਰੀ ਸੇਬ, ਨਾਸ਼ਪਾਤੀਆਂ, ਪਿਸਤੇ, ਰਸਦਾਰ ਆਲੂਚੇ ਪਏ ਸਨ॥੨੩॥

ਸੰਗਤਰੇ, ਦਾਰਮ ਸੁਭ ਦਾਨੇ। ਨਾਨਾ ਭਾਂਤਿਨਿ ਕੇ ਰਸ ਸਾਨੇ।
ਤਿਨਹੁਂ ਦੇਖਿ ਕੈ ਪ੍ਰੇਤ ਬਿਚਾਰਾ। ਇਨ ਲੇ ਚਲੌਂ ਜੁ ਕਰਹਿਂ ਅਹਾਰਾ॥ ੨੪ ॥

ਸੰਗਤਰੇ, ਅਨਾਰ ਜਿਹੜੇ ਸ਼ੁਭ ਦਾਣਿਆਂ ਨਾਲ ਭਰੇ ਸਨ ਤੇ ਕਈ ਪ੍ਰਕਾਰ ਦੇ ਫਲ ਰਸਾਂ ਸਹਿਤ ਸਨ। ਉਨ੍ਹਾਂ ਨੂੰ ਵੇਖ ਕੇ ਪ੍ਰੇਤ ਨੇ ਵਿਚਾਰ ਕੀਤੀ, "ਇਨ੍ਹਾਂ ਨੂੰ ਲੈ ਚਲਦਾ ਹਾਂ ਤਾਂਕਿ ਉਹ ਛੱਕ ਲੈਣ॥੨੪॥

ਮੋਰ ਹਾਥ ਤੇ ਦੂਸ਼ਤਿ ਹੋਇਂ ਨ। ਇਸ ਤੇ ਬਿਨਾ ਅਪਰ ਬਿਧਿ ਕੋਇ ਨਾ।
ਉਚਿਤ ਅਹਾਰ ਪ੍ਰਮਾਨ ਉਚਾਵਾ। ਨਾਨਾ ਬਿਧਿ ਕੋ ਜੋ ਮਨ ਭਾਵਾ॥ ੨੫ ॥

ਇਹ ਫਲ ਮੇਰੇ ਹੱਥ ਤੋਂ ਭਿੱਟੇ ਨਹੀਂ ਜਾਣਗੇ, ਇਸ ਤੋਂ ਬਗੈਰ ਹੋਰ ਕੋਈ ਵਿਧੀ ਨਹੀਂ ਹੈ।" ਗੁਰੂ ਜੀ ਵਾਸਤੇ ਉਚਿਤ ਅਹਾਰ ਸਮਝ ਕੇ ਅੰਦਾਜ਼ੇ ਦੇ ਫਲ ਜਿਹੜੇ ਕਈ ਪ੍ਰਕਾਰ ਦੇ ਸਨ, ਮਨ ਨੂੰ ਜਿਹੜੇ ਚੰਗੇ ਲੱਗੇ, ਚੁੱਕ ਲਏ॥੨੫॥

ਪੁਨ ਪੌਨੇ ਗਹਿ ਲੇ ਕਰਿ ਹਾਥ। ਆਵਤਿ ਭਯੋ ਬੇਗ ਬਡ ਸਾਥ।
ਸ੍ਰੀ ਗੁਰ ਕੇ ਧਰਿ ਦੀਨਿ ਅਗਾਰੀ। ਭਯੋ ਦੀਨ ਬਹੁ ਬਿਨੈ ਉਚਾਰੀ॥ ੨੬ ॥

ਫਿਰ ਗੰਨੇ ਹੱਥ ਵਿਚ ਲੈ ਲਏ, ਤੇ ਬੜੀ ਕਾਹਲੀ ਨਾਲ ਗੁਰੂ ਜੀ ਵਲ ਆ ਗਿਆ ਤੇ ਗੁਰੂ ਜੀ ਦੇ ਅੱਗੇ ਸਾਰੇ ਮੇਵੇ ਧਰ ਦਿੱਤੇ ਤੇ ਬਹੁਤ ਦੀਨ ਬਣ ਕੇ ਬੇਨਤੀ ਕੀਤੀ॥੨੬॥

'ਅੰਗੀਕਾਰ ਕਰਹੁ ਇਹ ਮੇਵਾ। ਬਨੌਂ ਕ੍ਰਿਤਾਰਥ ਮੈਂ ਕਰਿ ਸੇਵਾ।
ਭਾਗ ਜਗੇ ਪੂਰਬ ਅਬਿ ਮੇਰੇ। ਇਹਾਂ ਇਕਾਕੀ ਤੁਮ ਕੋ ਹੇਰੇ॥ ੨੭ ॥

"ਇਹ ਮੇਵੇ ਅੰਗੀਕਾਰ ਕਰੋ, ਮੈਂ ਸੇਵਾ ਕਰਕੇ ਕਲਿਆਣ ਦਾ ਪਾਤਰ ਬਣ ਜਾਵਾਂ। ਹੁਣ ਮੇਰੇ ਪਿਛਲੇ ਭਾਗ ਜਾਗੇ ਹਨ, ਏਥੇ ਤੁਹਾਨੂੰ ਇਕੱਲਿਆਂ ਨੂੰ ਵੇਖਿਆ ਹੈ॥੨੭॥

ਪੁਨ ਤੁਮ ਭਏ ਪਰਾਹੁਨ ਚਾਰੀ। ਬਸਤਿ ਹੁਤੋ ਮੈਂ ਇਹਾਂ ਅਗਾਰੀ।
ਆਵਨਿ ਆਜ ਆਪ ਕੋ ਭਯੋ। ਮੈਂ ਬਡਭਾਗ ਜਾਨਿ ਨਿਜ ਲਯੋ॥ ੨੮ ॥

ਫਿਰ ਤੁਸੀਂ ਮੇਰੇ ਮਹਿਮਾਨ ਹੋ, ਪਰਾਹੁਣਾਚਾਰੀ ਕਰਨਾ ਮੇਰਾ ਫਰਜ਼ ਹੈ, ਕਿਉਂਕਿ ਪਹਿਲਾਂ ਮੈਂ ਹੀ ਇਸ ਘਰ ਵਿਚ ਵੱਸਦਾ ਆ ਰਿਹਾ ਹਾਂ। ਤੁਹਾਡਾ ਅੱਜ ਆਉਣਾ ਹੋਇਆ ਹੈ, ਮੈਂ ਆਪਣੇ ਵੱਡੇ ਭਾਗ ਜਾਣ ਕੇ ਸੇਵਾ ਵਿਚ ਲੱਗਾ ਹਾਂ" ॥੨੮॥

ਇਮ ਬਿਨਤੀ ਸੁਨਿ ਕੈ ਤਿਸ ਕੇਰੀ। ਕ੍ਰਿਪਾਦ੍ਰਿਸ਼ਟਿ ਸ੍ਰੀ ਸਤਿਗੁਰੁ ਹੇਰੀ।
ਦੀਨ ਜਾਨਿ ਅੰਗੀ ਕ੍ਰਿਤ ਕੀਨਸਿ। ਮੇਵਾ ਅਚਨ ਹੇਤੁ ਕਰ ਲੀਨਸਿ॥ ੨੯ ॥

Sri Satguru Jagjit Singh Ji eLlibrary NamdhariElibrary@gmail.com

ਇਸ ਪ੍ਰਕਾਰ ਪ੍ਰੇਤ ਦੀ ਬੇਨਤੀ ਸੁਣ ਕੇ, ਸ੍ਰੀ ਸਤਿਗੁਰੂ ਜੀ ਨੇ ਉਸ ਨੂੰ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ ਤੇ ਦੀਨ ਜਾਣ ਕੇ ਉਸ ਦੇ ਫਲਾਂ ਨੂੰ ਅੰਗੀਕਾਰ ਕਰ ਲਿਆ। ਮੇਵੇ ਖਾਣ ਵਾਸਤੇ ਆਪਣੇ ਹੱਥ ਵਿਚ ਫੜੇ॥੨੯॥

ਰੁਚਜੋ ਜਿਤਿਕ ਸੋ ਕੀਨਿ ਅਹਾਰਾ। ਪਰਜੋ ਰਹਜੋ ਜੋ ਤਹਾਂ ਬਿਥਾਰਾ।
ਪੁਨ ਪੌਨੇ ਕੋ ਚੂਪਨਿ ਲਾਗੇ। ਛੀਲਕ ਡਾਰਤਿ ਹੈਂ ਕੁਛ ਆਗੇ॥ ੩੦॥

ਖਾਣ ਦੀ ਜਿੰਨੀ ਰੁਚੀ ਸੀ, ਉਨੇ ਮੇਵੇ ਛੱਕ ਲਏ, ਜਿਹੜਾ ਖਿਲਰਿਆ ਪਿਆ ਸੀ, ਉਹ ਉਥੇ ਹੀ ਪਿਆ ਰਿਹਾ। ਫਿਰ ਪੋਨੇ (ਗੰਨੇ) ਨੂੰ ਚੂਸਣ ਲੱਗੇ, ਕੁਝ ਛਿਲਾਂ ਆਪਣੇ ਅੱਗੇ ਸੁਟਦੇ ਸਨ॥੩੦॥

ਵਹਿਰ ਹਵੇਲੀ ਤੇ ਕੁਛ ਡਾਰਹਿਂ। ਸਮੁਖ ਪ੍ਰੇਤ ਗੁਰ ਦਰਸ਼ ਨਿਹਾਰਹਿ।
ਅਧਿਕ ਪ੍ਰਸੰਨ ਹੋਤਿ ਮਨ ਮਾਂਹੂ। ਚਿਤਵਤਿ ਰਿਦੈ 'ਦੋਖ ਅਬਿ ਦਾਹੂ' ॥ ੩੧॥

ਕੁਝ ਛਿਲਾਂ ਹਵੇਲੀ ਤੋਂ ਬਾਹਰ ਸੁੱਟ ਦਿੰਦੇ ਸਨ, ਸਾਹਮਣੇ ਪ੍ਰੇਤ ਗੁਰੂ ਜੀ ਦੇ ਦਰਸ਼ਨ ਕਰ ਰਿਹਾ ਸੀ ਤੇ ਮਨ ਵਿਚ ਬਹੁਤ ਪ੍ਰਸੰਨ ਹੋ ਰਿਹਾ ਸੀ। ਹਿਰਦੇ ਵਿਚ ਸੋਚ ਰਿਹਾ ਸੀ, "ਮੇਰੇ ਪਾਪਾਂ ਦਾ ਹੁਣ ਨਾਸ਼ ਹੋ ਜਾਵੇਗਾ" ॥੩੧॥

ਸ੍ਰੀ ਗੁਰ ਤੇਗ ਬਹਾਦਰ ਫੇਰ। ਬੋਲੇ ਕ੍ਰਿਪਾ ਦ੍ਰਿਸ਼ਟਿ ਕੋ ਹੇਰਿ।
'ਕੋ ਕੁਕਰਮ ਤੈਂ ਤਬਹਿ ਕਮਾਵਾ ?। ਜਿਸ ਤੇ ਪ੍ਰੇਤ ਜੂਨਿ ਤਨ ਪਾਵਾ' ॥ ੩੨॥

ਸ੍ਰੀ ਗੁਰੂ ਤੇਗ ਬਹਾਦਰ ਜੀ ਫਿਰ ਉਸ ਨੂੰ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖ ਕੇ ਬੋਲੇ, "ਕੋਈ ਤੂੰ ਵੱਡਾ ਕੁਕਰਮ ਕੀਤਾ ਹੈ, ਜਿਸ ਕਰਕੇ ਇਹ ਪ੍ਰੇਤ ਜੂਨ ਵਾਲਾ ਸਰੀਰ ਪਾਇਆ ਹੈ" ॥੩੨॥

ਸੁਨਿ ਕਰਿ ਹਾਥ ਬੰਦਿ ਤਬਿ ਕਹਜੋ। 'ਇਸ ਕੁਕਰਮ ਤੇ ਅਸ ਤਨ ਲਹਜੋ।
ਪਰਜੋ ਸ਼ਰੀਕਨ ਮਹਿਂ ਬਡ ਝਗਰਾ। ਵਿਰਸਾ ਮੋਰ ਹਟਾਵਤਿ ਸਗਰਾ॥ ੩੩॥

ਇਹ ਸੁਣ ਕੇ ਪ੍ਰੇਤ ਨੇ ਹੱਥ ਜੋੜ ਕੇ ਕਿਹਾ, "ਜਿਸ ਕੁਕਰਮ ਤੋਂ ਐਸਾ ਤਨ ਪਾਇਆ ਹੈ, ਉਹ ਇਸ ਤਰ੍ਹਾਂ ਹੈ। ਸ਼ਰੀਕਾਂ ਨਾਲ ਮੇਰਾ ਵੱਡਾ ਝਗੜਾ ਹੋ ਗਿਆ, ਉਨ੍ਹਾਂ ਨੇ ਮੇਰੀ ਸਾਰੀ ਜੱਦੀ ਜਾਇਦਾਦ 'ਤੇ ਕਬਜ਼ਾ ਕਰ ਲਿਆ॥੩੩॥

ਤਬਿ ਮੈਂ ਕਰਿ ਕੈ ਕੂਰੋ ਧਰਮ। ਸੁਭਿ ਕੇ ਮਨ ਉਪਜਾਯੋ ਭਰਮ।
ਝਗੜਾ ਲਿਯੋ ਜੀਤ ਮੈਂ ਸਾਰੋ। ਲਗੈ ਪਾਪ ਨਹਿਂ, ਰਿਦੈ ਬਿਚਾਰੋਂ॥ ੩੪॥

ਫਿਰ ਮੈਂ ਝੂਠਾ ਧਰਮ ਕਰਕੇ, ਸਾਰਿਆਂ ਦੇ ਮਨ ਵਿਚ ਭਰਮ ਪ੍ਰਗਟ ਕਰ ਦਿੱਤਾ। ਝਗੜਾ ਤਾਂ ਮੈਂ ਸਾਰਾ ਜਿੱਤ ਗਿਆ, ਇਸ ਦਾ ਮੈਨੂੰ ਕੋਈ ਵੀ ਪਾਪ ਨਹੀਂ ਲਗੇਗਾ ਇਹ ਮੈਂ ਹਿਰਦੇ ਵਿਚ ਵਿਚਾਰਦਾ ਸੀ॥੩੪॥

ਤਿਸੀ ਦੋਸ਼ ਤੇ ਅਸ ਮੈਂ ਭਯੋ। ਜਿਸ ਜੂਨੀ ਮੈਂ ਬਹੁ ਦੁਖ ਥਯੋ।
ਆਪ ਕਰਹੁ ਕਰੁਨਾ ਜੇ ਮੋਹਿ। ਦੇਹੁ ਛੁਡਾਇ ਮਹਾਂ ਸੁਖ ਹੋਹਿ' ॥ ੩੫॥

ਉਸੇ ਦੋਸ਼ ਕਰਕੇ ਮੈਂ ਐਸਾ ਹੋ ਗਿਆ ਹਾਂ, ਜਿਸ ਜੂਨ ਵਿਚ ਮੈਂ ਬਹੁਤ ਦੁਖ ਪਾਇਆ ਹੈ। ਜੇ ਆਪ ਜੀ ਮੇਰੇ 'ਤੇ ਕਿਰਪਾ ਕਰੋ, ਮੇਰਾ ਇਸ ਜੂਨ ਤੋਂ ਛੁਟਕਾਰਾ ਕਰਵਾ ਦੇਵੋਗੇ ਤਾਂ ਬਹੁਤ ਸੁਖ ਹੋਵੇਗਾ" ॥੩੫॥

ਸੁਨਿ ਸ੍ਰੀ ਮੁਖ ਤੇ ਬਾਕ ਬਖਾਨੇ। 'ਪਰੇ ਚੁਪਾਕ ਚੂਪ ਹਿਤ ਠਾਨੇ।
ਸੇਵ ਕਰੀ ਤਾਂ ਕੋ ਫਲ ਲੀਜੈ। ਘੋਰ ਜੂਨ ਤੇ ਛੁਟਿਬੋ ਕੀਜੈ' ॥ ੩੬॥

ਇਹ ਸੁਣ ਕੇ ਗੁਰੂ ਜੀ ਨੇ ਮੁਖ ਤੋਂ ਬਚਨ ਕੀਤਾ, "ਇਹ ਜਿਹੜੀਆਂ ਛਿਲਾਂ ਮੈਂ ਚੂਪ ਕੇ ਸੁਟੀਆਂ ਹਨ, ਇਨ੍ਹਾਂ ਨੂੰ ਪ੍ਰੇਮ ਨਾਲ ਚੂਪ ਲਵੋ। ਜਿਹੜੀ ਤੂੰ ਸੇਵਾ ਕੀਤੀ ਹੈ, ਉਸ ਦਾ ਫਲ ਲਵੋ ਤੇ ਘੋਰ ਪ੍ਰੇਤ ਦੀ ਜੂਨ ਤੋਂ ਛੁਟਕਾਰਾ ਪਾਵੋ" ॥੩੬॥

ਸੁਨਤਿ ਚੁਪਾਕ ਚੂਪ ਤਿਨ ਲੀਨੇ। ਨਾਨਾ ਬਿਧਿਨਿ ਸ੍ਵਾਦ ਰਸ ਕੀਨੇ।
ਤਤਛਿਨ ਤਜਿ ਕੈ ਸਕਲ ਬਿਖਾਦ। ਉੱਤਮ ਗਤਿ ਪ੍ਰਾਪਤਿ ਅਹਿਲਾਦ॥੩੭॥

ਇਹ ਸੁਣ ਕੇ ਪ੍ਰੇਤ ਨੇ ਛਿਲਾਂ ਚੂਪ ਲਈਆਂ ਤੇ ਕਈ ਪ੍ਰਕਾਰ ਦੇ ਸਵਾਦੀ ਰਸ ਪ੍ਰਾਪਤ ਕੀਤੇ ਤੇ ਤੁਰਤ ਸਾਰੇ ਝਗੜੇ ਛੱਡ ਕੇ ਉੱਤਮ ਅਨੰਦਦਾਇਕ ਮੁਕਤੀ ਪ੍ਰਾਪਤ ਕੀਤੀ॥੩੭॥

ਬਹੁਰ ਸਤਿਗੁਰੂ ਸੁਖ ਕੌ ਪਾਇ। ਸੈਨ ਕਰੀ ਜੁਗ ਨੈਨ ਮਿਲਾਇ।
ਹਿੰਦੁਨਿ ਧਰਮ ਰਾਖਿਬੇ ਕਾਰਨ। ਭਏ ਪ੍ਰਿਤ੍ਰ ਕਰਨਿ ਕ੍ਰਿਤ ਦਾਰੁਨ॥੩੮॥

ਫਿਰ ਸਤਿਗੁਰੂ ਜੀ ਨੇ ਸੁਖ ਪਾਇਆ ਤੇ ਨੈਣ ਬੰਦ ਕਰਕੇ ਸੌਂ ਗਏ। ਹਿੰਦੂ ਧਰਮ ਨੂੰ ਰਖਣ ਕਾਰਨ ਆਪਣੇ ਉੱਤੇ ਭਿਆਨਕ ਕ੍ਰਿਆ ਨੂੰ ਵਰਤਾਉਣ ਲੱਗੇ ਹਨ॥੩੮॥

ਅਪਨੋ ਨਾਮ ਸਾਚ ਦਿਖਰਾਵਨਿ। ਕਰਿ ਬਹਾਦਰੀ ਧਰਮ ਬਚਾਵਨਿ।
ਜਿਸ ਪ੍ਰਕਾਰ ਕਰਿ ਸਕਹਿ ਨ ਕੋਈ। ਕਰਿਬੇ ਕਹੁ ਸੰਮ੍ਰਥ ਇਕ ਸੋਈ॥੩੯॥

ਆਪਣੇ ਨਾਮ ਨੂੰ ਸੱਚਾ ਵਿਖਾਉਣ ਵਾਸਤੇ, ਧਰਮ ਬਚਾਉਣ ਵਾਸਤੇ ਐਸੀ ਬਹਾਦਰੀ ਕੀਤੀ, ਜਿਸ ਪ੍ਰਕਾਰ ਇਸ ਦੁਨੀਆਂ ਉੱਤੇ ਕੋਈ ਵੀ ਨਹੀਂ ਕਰ ਸਕਦਾ ਹੈ, ਕੇਵਲ ਗੁਰੂ ਜੀ ਆਪ ਹੀ ਅਜਿਹੀ ਸੂਰਮਤਾਈ ਕਰ ਸਕਦੇ ਹਨ॥੩੯॥

*ਬਾਰ੍ਹਵੀਂ ਰਾਸ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥*

## ਅਧਿਆਇ ਸੰਤਾਲੀਵਾਂ

### *ਸਿੱਖ ਦਾ ਅਜ਼ਮਤ ਦਿਖਾਉਣਾ*

ਦੋਹਰਾ- ਸ਼੍ਰੀ ਗੁਰੂ ਘਰ ਤੇ ਵਹਿਰ ਕੋ ਦਿਏ ਚੁਪਾਕ ਬਗਾਇ।
ਪਰੇ ਜਾਇ ਕਰਿ ਤਹਿੰ ਕਛੂ ਸਿੱਖ ਹੁਤੇ ਜਿਸ ਥਾਇਂ॥੧॥

ਗੁਰੂ ਜੀ ਨੇ ਪੌਨੇ ਦੀਆਂ ਚੂਪੀਆਂ ਹੋਈਆਂ ਕੁਝ ਛਿਲਾਂ ਹਵੇਲੀ ਤੋਂ ਬਾਹਰ ਸੁੱਟ ਦਿੱਤੀਆਂ ਸਨ, ਉਹ ਛਿਲਾਂ ਉਥੇ ਜਾ ਕੇ ਡਿੱਗੀਆਂ, ਜਿਸ ਥਾਂ ਕੁਝ ਸਿੱਖ ਮੌਜੂਦ ਸਨ॥੧॥

ਚੌਪਈ- ਇਕ ਸਿਖ ਨੇ ਲੈ ਕਰਿ ਮੁਖ ਪਾਯੋ। ਚੂਪਤਿ ਭਯੋ ਸ੍ਵਾਦ ਰਸ ਆਯੋ।
ਗੁਰੂ ਉਚਿਸ਼ਟ ਕੋ ਕਰਯੋ ਅਹਾਰਾ। ਸ਼ਕਤਿ ਸਹਿਤ ਭਾ ਤਤਛਿਨ ਭਾਰਾ॥੨॥

ਇਕ ਸਿੱਖ ਨੇ ਉਹ ਛਿਲ ਲੈ ਕੇ ਆਪਣੇ ਮੂੰਹ ਵਿਚ ਪਾ ਲਈ ਜਦ ਉਹ ਉਸ ਨੂੰ ਚੂਪਣ ਲੱਗਾ ਤਾ ਬੜਾ ਸਵਾਦੀ ਰਸ ਆਇਆ। ਗੁਰੂ ਜੀ ਦੇ ਸੀਤ ਪ੍ਰਸ਼ਾਦ ਦਾ ਉਸ ਜਦ ਆਹਾਰ ਕੀਤਾ ਤਾਂ ਤੁਰਤ ਹੀ ਭਾਰੀ ਸ਼ਕਤੀ ਸਹਿਤ ਹੋ ਗਿਆ॥੨॥

ਕਰਿ ਅਹੰਕਾਰ ਅਧਿਕ ਉਰ ਫੂਲਾ। ਜਾਨਤਿ ਭਯੋ 'ਨ ਕੋ ਮਮ ਤੂਲਾ'।
ਇਸੀ ਪ੍ਰਕਾਰ ਭਈ ਭੁਨਸਾਰ। ਸੂਰਜ ਉਦਯੋ ਮਿਟਯੋ ਅੰਧਕਾਰ॥੩॥

ਹਿਰਦੇ ਵਿਚ ਬਹੁਤ ਅਹੰਕਾਰ ਕਰਕੇ ਫੁੱਲ ਗਿਆ, ਆਪਣੇ ਆਪ ਨੂੰ ਇਹ ਸਮਝਣ ਲੱਗਾ, "ਮੇਰੇ ਬਰਾਬਰ ਕੋਈ ਹੋਰ ਨਹੀਂ ਹੈ" ਇਸ ਪ੍ਰਕਾਰ ਹੀ ਸਵੇਰ ਹੋ ਗਈ, ਸੂਰਜ ਚੜ੍ਹਿਆ ਤੇ ਹਨੇਰਾ ਦੂਰ ਹੋਇਆ॥੩॥

ਤਬਿ ਤੁਰਕੇਸ਼ੁਰ ਕੇ ਨਰ ਆਏ। ਸ਼ਾਂਤਿ ਰੂਪ ਸਤਿਗੁਰੂ ਜਿਸ ਥਾਏਂ।
ਨਹੀਂ ਪ੍ਰੇਤ ਨੇ ਕਛੂ ਬਿਗਾਰਾ। ਨਹੀਂ ਤ੍ਰਸੇ, ਬੈਠੇ ਸੁਖ ਭਾਰਾ॥ ੪॥

ਤਦ ਤੁਰਕ ਬਾਦਸ਼ਾਹ ਦੇ ਬੰਦੇ ਆਏ ਤੇ ਉਥੇ ਪਹੁੰਚ ਗਏ ਜਿੱਥੇ ਸ਼ਾਂਤ ਸਰੂਪ ਸਤਿਗੁਰੂ ਜੀ ਬੈਠੇ ਸਨ। ਪ੍ਰੇਤ ਨੇ ਕੁਝ ਵਿਗਾੜਿਆ ਨਹੀਂ ਸੀ, ਡਰੇ ਨਹੀਂ ਸਨ, ਭਾਰੀ ਸੁਖ ਪਾ ਕੇ ਬੈਠੇ ਸਨ॥੪॥

ਇਮ ਸੁਨਿ ਗੁਰੂ ਹਕਾਰਨਿ ਕਰੇ। ਤੁਰਕੇਸ਼ੁਰ ਨੇ ਉਰ ਹਠ ਧਰੇ।
ਨਿਕਸੇ ਭਵਨ ਬਿਖੇ ਤੇ ਜਬੈ। ਮਿਲੇ ਸਿੱਖ ਸੰਗੀ ਜੇ ਤਬੈ॥ ੫॥

ਇਸ ਤਰ੍ਹਾਂ ਸੁਣ ਕੇ ਬਾਦਸ਼ਾਹ ਨੇ ਗੁਰੂ ਜੀ ਨੂੰ ਬੁਲਾਇਆ, ਤੁਰਕ ਬਾਦਸ਼ਾਹ ਨੇ ਹਿਰਦੇ ਵਿਚ ਹਠ ਧਾਰਨ ਕੀਤਾ ਹੋਇਆ ਸੀ। ਜਦ ਉਸ ਭਵਨ ਵਿਚੋਂ ਬਾਹਰ ਨਿਕਲੇ ਤਾਂ ਸਾਰੇ ਸਿੱਖ ਸੰਗੀ ਤਦ ਉਨ੍ਹਾਂ ਨੂੰ ਮਿਲੇ॥੫॥

ਬੰਦਨ ਕੀਨਿ ਚਰਨ ਸਿਰ ਧਰਿ ਕੈ। ਬੋਲਜੋ ਦ੍ਵੈ ਕਰਿ ਜੋਰਨਿ ਕਰਿਕੈ।
'ਸ੍ਰੀ ਸਤਿਗੁਰ ਕਜੋਂ ਸੰਕਟ ਸਹੀਅਹਿ। ਮੋ ਕਹੁ ਨੈਨ ਸੈਨ ਸੋਂ ਕਹੀਅਹਿ॥੬॥

ਸ਼ਕਤੀ ਪ੍ਰਾਪਤ ਸਿੱਖ ਨੇ ਗੁਰੂ ਜੀ ਦੇ ਚਰਨਾਂ ਉੱਤੇ ਸਿਰ ਧਰ ਕੇ ਬੰਦਨਾ ਕੀਤੀ ਤੇ ਦੋਵੇਂ ਹੱਥ ਜੋੜ ਕੇ ਬੋਲਿਆ, "ਹੇ ਸਤਿਗੁਰੂ ਜੀ! ਕਿਉਂ ਦੁਖ ਸਹੀਏ, ਮੈਨੂੰ ਆਪਣੇ ਨੈਣਾਂ ਦੇ ਇਸ਼ਾਰੇ ਨਾਲ ਕਹਿ ਦੇਵੋ॥੬॥

ਮੈਂ ਸਮਰਥ ਹੌਂ ਸਗਰੀ ਭਾਂਤਿ। ਚਹੌਂ ਸੁ ਕਰੌਂ ਪਿਖਹੁ ਸੱਖਜਾਤ।
ਸੈ ਹਜ਼ਾਰ ਲਾਖਨ ਕਜਾ ਗਨੌਂ। ਤੁਰਕ ਤੁਰਕ ਪਤਿ ਜੁਤਿ ਸਭਿ ਹਨੌਂ॥੭॥

ਮੈਂ ਸਭ ਪ੍ਰਕਾਰ ਸਮਰੱਥ ਹਾਂ, ਜੋ ਚਾਹਾਂ ਕਰ ਸਕਦਾ ਹਾਂ, ਤੁਸੀਂ ਪ੍ਰਤੱਖ ਵੇਖ ਲਵੋ। ਸੌ ਹਜ਼ਾਰ ਲੱਖਾਂ ਨੂੰ ਕੀ ਗਿਣਦਾ ਹਾਂ, ਸਾਰੇ ਤੁਰਕ ਤੇ ਤੁਰਕ ਬਾਦਸ਼ਾਹ ਸਹਿਤ ਸਭ ਨੂੰ ਮਾਰ ਦੇਵਾਂਗਾ॥੭॥

ਬਾਕੀ ਸੰਤਤਿ ਰਹੈ ਨ ਜੈਸੇ। ਮੈਂ ਕਰਿ ਕਰਮ ਦਿਖਾਵੌਂ ਐਸੇ।
ਇਹ ਮਹਿਂ ਜੇ ਬਿਲੰਬ ਕਛੁ ਲਹੋ। ਅਪਰ ਕਰੌਂ ਜੇ ਆਇਸੁ ਕਹੋ॥ ੮॥

ਬਾਕੀ ਇਸ ਦੀ ਸੰਤਾਨ ਰਹੇਗੀ ਨਹੀਂ, ਮੈਂ ਐਸਾ ਕਰਮ ਕਰਕੇ ਵਿਖਾਵਾਂਗਾ। ਇਸ ਵਿਚ ਜੇ ਕੁਝ ਦੇਰੀ ਵੇਖੋ, ਹੋਰ ਕਾਰਜ ਕਰਾਂਗਾ ਆਪ ਆਗਿਆ ਕਹੋ॥੮॥

ਦਿੱਲੀ ਅਰੁ ਲਵਪੁਰਿ ਬਡ ਥਾਨਾ। ਜਿਨ ਮਹਿਂ ਤੁਰਕਨਿ ਜ਼ੋਰ ਮਹਾਨਾ।
ਇਸਤ੍ਰੀ ਆਦਿ ਸੁਤਾ ਸੁਤ ਸਾਰੇ। ਬਸਹਿਂ ਮਲੇਛ ਸਹਿਤ ਪਰਵਾਰੇ॥ ੯॥

ਦਿੱਲੀ ਅਤੇ ਲਾਹੌਰ ਦੋ ਵੱਡੇ ਸਥਾਨ ਹਨ, ਜਿਨ੍ਹਾਂ ਵਿਚ ਤੁਰਕਾਂ ਦਾ ਮਹਾਨ ਜ਼ੋਰ ਹੈ। ਇਸਤਰੀ ਆਦਿ ਪੁੱਤਰ ਪੁੱਤਰੀਆਂ ਸਹਿਤ ਸਾਰੇ ਮਲੇਛ ਇਨ੍ਹਾਂ ਨਗਰਾਂ ਵਿਚ ਪਰਵਾਰਾਂ ਸਹਿਤ ਵੱਸਦੇ ਹਨ॥੯॥

ਦੋਨਹੁਂ ਨਗਰਨ ਕੀ ਛਿਤ ਜੇਤੀ। ਅਪਨੇ ਹਾਥ ਉਠਾਵੌਂ ਤੇਤੀ।
ਬਡੇ ਬੇਗ ਸੋਂ ਇਨ ਟਕਰਾਇ। ਭਗਨ ਕਰੌਂ ਮੰਦਿਰ ਸਮੁਦਾਇ॥ ੧੦॥

ਦੋਵਾਂ ਨਗਰਾਂ ਦੀ ਜਿੰਨੀ ਧਰਤੀ ਹੈ, ਓਨੀ ਹੀ ਆਪਣੇ ਹੱਥਾਂ ਤੇ ਚੁੱਕ ਲਵਾਂਗਾ। ਵੱਡੇ ਜ਼ੋਰ ਨਾਲ ਇਨ੍ਹਾਂ ਨਗਰਾਂ ਨੂੰ ਟਕਰਾਵਾਂਗਾ ਤੇ ਸਾਰੇ ਘਰਾਂ ਨੂੰ ਤੋੜ ਦੇਵਾਂਗਾ॥੧੦॥

ਪੁਨ ਔਂਧੇ ਕਰਿ ਦੇਵੌਂ ਗੇਰ। ਜਿਸ ਤੇ ਦੁਸ਼ਟ ਨ ਉਕਸਹਿਂ ਫੇਰ।
ਇੱਤਜਾਦਿਕ ਹੈ ਸ਼ਕਤਿ ਬਿਸਾਲਾ। ਬਾਕ ਆਪ ਕੀਜਹਿ ਇਸ ਕਾਲਾ॥੧੧॥

ਫਿਰ ਮੂਧੇ ਕਰਕੇ ਡੇਗ ਦੇਵਾਂਗਾ, ਜਿਸ ਕਰਕੇ ਦੁਸ਼ਟ ਫਿਰ ਨਾ ਕੁਸਕ ਸਕਣ। ਇਸ ਤਰ੍ਹਾਂ ਮੇਰੇ ਵਿਚ ਵਿਸ਼ਾਲ ਸ਼ਕਤੀ ਹੈ, ਇਸ ਸਮੇਂ ਆਪਣਾ ਬਚਨ ਕਰੋ॥੧੧॥

ਰਾਵਰ ਕੇਰ ਅਨਾਦਰ ਕਰਿਈਂ। ਤੁਰਕ ਮੰਦਮਤਿ ਕੁਛ ਨ ਬਿਚਰਿਈਂ।
ਚੌਕੀਦਾਰ ਖਰੇ ਚਹੁੰ ਪਾਸੇ। ਕੈਦ ਕਰਯੋ ਚਾਹਤਿ ਦੁਖਰਾਸੇ॥ ੧੨॥

ਆਪ ਜੀ ਦਾ ਅਨਾਦਰ ਕਰਦੇ ਹਨ, ਮਾੜੀ ਮੱਤ ਵਾਲੇ ਤੁਰਕ ਕੁਝ ਵੀ ਵਿਚਾਰਦੇ ਨਹੀਂ ਹਨ, ਚੌਕੀਦਾਰ ਚਾਰੇ ਪਾਸੇ ਖੜੇ ਹਨ, ਕੈਦ ਕਰਕੇ ਬਹੁਤ ਦੁਖ ਦੇਣਾ ਚਾਹੁੰਦੇ ਹਨ॥੧੨॥

ਇਨ ਤੇ ਕਯੋਂ ਸਹੀਏ ਅਪਮਾਨ। ਐਸੀ ਕਰਹੁਂ ਪਰਹਿਂ ਪਗ ਆਨਿ।
ਇਮ ਸਿਖ ਤੇ ਸੁਨਿ ਕਰਿ ਮੁਸਕਾਏ। ਗਹੀ ਬਾਹੁੰ ਗੁਰ ਹਾਥ ਦਬਾਏ॥ ੧੩॥

ਇਨ੍ਹਾਂ ਪਾਸੋਂ ਕਿਉਂ ਅਪਮਾਨ ਸਹੀਏ, ਐਸੀ ਕਰਾਂਗਾ ਕਿ ਤੁਹਾਡੇ ਪੈਰੀਂ ਆ ਪੈਣਗੇ।" ਗੁਰੂ ਜੀ ਸਿੱਖ ਪਾਸੋਂ ਇਸ ਤਰ੍ਹਾਂ ਸੁਣ ਕੇ ਮੁਸਕਰਾ ਪਏ, ਉਸ ਦੀ ਬਾਂਹ ਫੜ ਕੇ ਗੁਰੂ ਜੀ ਨੇ ਹੱਥ ਨਾਲ ਦਬਾਈ॥੧੩॥

ਐਂਚਨਿ ਕੀਨਿ ਸ਼ਕਤਿ ਜੋ ਭਈ। ਛੂਛੀ ਦੇਹਿ ਤਥਾ ਹੁਇ ਗਈ।
ਜਥਾ ਊਖ ਤੇ ਰਸ ਨਿਕਸਾਵੈ। ਖੋਰ ਰਹੇ, ਬਿਨ ਸਾਰ ਗਿਰਾਵੈ॥ ੧੪॥

ਜਿਹੜੀ ਉਸ ਵਿਚ ਸ਼ਕਤੀ ਆਈ ਸੀ, ਸਾਰੀ ਖਿੱਚ ਲਈ ਤੇ ਉਸ ਦਾ ਸਰੀਰ ਸ਼ਕਤੀਹੀਣ ਹੋ ਗਿਆ। ਜਿਵੇਂ ਗੰਨੇ ਦਾ ਰਸ ਖਿੱਚ ਲੈਂਦੇ ਹਨ, ਪੱਛੀ (ਭੂਰਾ) ਰਹਿ ਜਾਂਦੀ ਹੈ, ਰਸ ਬਗੈਰ ਹੋਣ ਤੇ ਸੁੱਟ ਦਿੰਦੇ ਹਨ॥੧੪॥

ਭਯੋ ਅਸਾਰ ਲਖਯੋ ਮਨ ਮਾਂਹੀ। ਪ੍ਰਥਮ ਸ਼ਕਤਿ ਉਰ ਪੱਯਤਿ ਨਾਂਹੀ।
ਪਸ਼ਚਾਤਾਪ ਕਰਤਿ ਦੁਖ ਪਾਵੈ। 'ਇਹ ਕਯਾ ਭਯੋ' ਰਿਦੈ ਮੁਰਝਾਵੈ॥ ੧੫॥

ਜਦ ਮਨ ਵਿਚ ਇਹ ਸਮਝਿਆ ਕਿ ਸਾਰ ਰਹਿਤ ਹੋ ਗਿਆ ਹਾਂ, ਪਹਿਲੀ ਸ਼ਕਤੀ ਹਿਰਦੇ ਵਿਚ ਪੈਂਦੀ ਨਹੀਂ ਹੈ ਤਾਂ ਹਿਰਦੇ ਵਿਚ ਕੁਮਲਾ ਕੇ ਸੋਚਿਆ, "ਇਹ ਕੀ ਹੋ ਗਿਆ ਹੈ" ॥੧੫॥

ਸਤਿਗੁਰ ਕਹਯੋ 'ਕਰਹੁ ਜਿਮ ਹੋਵੈ। ਟਕਰਾਵਹੁ ਪੁਰਿ ਜੇ ਬਡ ਦੋਵੈਂ'।
ਇਮ ਸੁਨਿ ਕੈ ਬੋਲਯੋ ਕਰ ਜੋਰਿ। ਭਯੋ ਦੀਨਿ ਦਿਖਿ ਤਿਨ ਮੁਖ ਓਰ॥ ੧੬॥

ਸਤਿਗੁਰੂ ਜੀ ਨੇ ਕਿਹਾ, "ਜਿਵੇਂ ਵੀ ਤੁਹਾਥੋਂ ਹੁੰਦਾ ਹੈ ਕਰੋ, ਇਨ੍ਹਾਂ ਦੋਵਾਂ ਵੱਡੇ ਨਗਰਾਂ ਨੂੰ ਟਕਰਾ ਦੇਵੋ।" ਇਸ ਤਰ੍ਹਾਂ ਸੁਣ ਕੇ ਹੱਥ ਜੋੜ ਕੇ ਬੋਲਿਆ ਤੇ ਗੁਰੂ ਜੀ ਦੇ ਮੁਖ ਵਲ ਵੇਖ ਕੇ ਦੀਨ ਹੋ ਗਿਆ॥੧੬॥

'ਕਰਨ ਹਰਨ ਜਗ ਕੇ ਤੁਮ ਬਰਤਾ। ਚਹੇ ਕਰਹੁ ਸਭਿਹਿਨਿ ਕੇ ਕਰਤਾ।
ਲਖੀ ਨ ਮਹਿੰਮਾ ਅਧਿਕ ਪ੍ਰਤਾਪਾ। ਕਰਯੋ ਜਨਾਵਨਿ ਕੋ ਮੈਂ ਆਪਾ॥੧੭॥

"ਬਣਾਉਣ ਢਾਹੁਣ ਵਾਲੇ ਤੁਸੀਂ ਜਗਤ ਦੇ ਮਾਲਕ ਹੋ, ਜੋ ਚਾਹੇ ਕਰਦੇ ਹੋ, ਤੁਸੀਂ ਸਾਰਿਆਂ ਦੇ ਕਰਤਾ ਹੋ। ਤੁਹਾਡੀ ਮਹਿਮਾ ਤੇ ਵੱਡਾ ਪ੍ਰਤਾਪ ਨਹੀਂ ਸਮਝਿਆ ਹਾਂ ਤੇ ਮੈਂ ਆਪਣੇ ਆਪੇ ਨੂੰ ਜਣਾਇਆ ਹੈ॥੧੭॥

ਕਰੌਂ ਸਹਾਇ ਗੁਰੂ ਕੀ ਅਬੈ। ਹਤੌਂ ਤੁਰਕ ਜੋ ਦੋਖੀ ਸਬੈ।
ਐਸੀ ਕਰਹੁਂ ਇਨਹੁਂ ਕੇ ਸੰਗ। ਜਰ ਸਮੇਤ ਤਰੁ ਸਗਰੇ ਭੰਗ॥ ੧੮॥

ਕਿ ਗੁਰੂ ਜੀ ਦੀ ਹੁਣ ਮੈਂ ਸਹਾਇਤਾ ਕਰਾਂਗਾ, ਸਾਰੇ ਦੋਖੀ ਤੁਰਕਾਂ ਨੂੰ ਮਾਰ ਦੇਵਾਂਗਾ। ਇਨ੍ਹਾਂ ਦੇ ਨਾਲ ਐਸੀ ਕਰਾਂਗਾ, ਜੜ੍ਹ ਸਮੇਤ ਸਾਰੇ ਤੁਰਕ ਰੂਪੀ ਬ੍ਰਿਛ ਨੂੰ ਪੁੱਟ ਦੇਵਾਂਗਾ॥੧੮॥

ਭਈ ਸ਼ਕਤਿ ਜਬਿ ਮੋ ਮਹਿਂ ਭਾਰੀ। ਸਰਬ ਜਥਾਰਥ ਗਿਰਾ ਉਚਾਰੀ।
ਰਾਵਰ ਨੇ ਬਾਹੂ ਮਮ ਗਹੀ। ਭਯੋ ਰੰਕ ਨ ਸ਼ਕਤਿ ਕਛੁ ਰਹੀ॥ ੧੯॥

ਜਦ ਮੇਰੇ ਵਿਚ ਭਾਰੀ ਸ਼ਕਤੀ ਆ ਗਈ ਸੀ ਤਾਂ ਮੈਂ ਯਥਾਰਥ ਬਚਨ ਉਚਾਰਨ ਕੀਤੇ ਸਨ। ਆਪ ਜੀ ਨੇ ਹੁਣ ਮੇਰੀ ਬਾਂਹ ਨੂੰ ਨਪਿਆ ਹੈ ਜਿਸ ਨਾਲ ਮੈਂ ਆਮ ਵਿਅਕਤੀ ਹੋ ਗਿਆ ਹਾਂ ਤੇ ਸਾਰੀ ਸ਼ਕਤੀ ਜਾਂਦੀ ਰਹੀ ਹੈ॥੧੯॥

ਅਖਿਲ ਬਿਨਾਸ੍ਯੋ ਜੋ ਮਮ ਦਾਪ। ਜਿਮ ਬਾਂਛਤਿ ਤਿਮ ਬਰਤਹੁ ਆਪ।
ਧੀਰਜ ਸਹਤ ਗੰਭੀਰ ਉਦਾਰਾ। ਕਵਨ ਲਖੈ ਭਿੱਪ੍ਰਾਯ ਤੁਮਾਰਾ॥ ੨੦॥

ਜਿਹੜੇ ਮੇਰੇ ਵਿਚ ਹੰਕਾਰ ਆਇਆ ਸੀ, ਉਹ ਸਾਰਾ ਨਾਸ਼ ਹੋ ਗਿਆ ਹੈ, ਜਿਵੇਂ ਚਾਹੁੰਦੇ ਹੋ, ਉਸ ਤਰ੍ਹਾਂ ਹੀ ਆਪ ਵਰਤਾਰਾ ਕਰਦੇ ਹੋ। ਤੁਸੀਂ ਧੀਰਜ ਸਹਿਤ ਮਹਾਨ ਗੰਭੀਰ ਹੋ ਤੁਹਾਡੇ ਪ੍ਰਯੋਜਨ ਨੂੰ ਕੌਣ ਜਾਣ ਸਕਦਾ ਹੈ॥੨੦॥

ਰਚਹੁ ਭਵਿੱਖਜਤ ਕਜਾ ਸੁ ਬ੍ਰਿਤਾਂਤ। ਨਹਿਂ ਕੋ ਜਾਨਿ ਸਕਹਿ ਅਸ ਭਾਂਤਿ।
ਸ਼੍ਰੀ ਗੁਰ ਤੇਗ ਬਹਾਦਰ ਸੁਨਿਕੈ। ਕੀਨਿ ਜਨਾਵਨਿ ਤਿਸ ਕੋ ਭਨਿਕੈ॥ ੨੧॥

ਭਵਿੱਖ ਵਿਚ ਕੀ ਹੋਣਾ ਹੈ, ਐਸਾ ਬ੍ਰਿਤਾਂਤ ਰਚਦੇ ਹੋ, ਕੋਈ ਵੀ ਇਸ ਪ੍ਰਕਾਰ ਜਾਣ ਨਹੀਂ ਸਕਦਾ ਹੈ।" ਸ੍ਰੀ ਗੁਰੂ ਤੇਗ ਬਹਾਦਰ ਜੀ ਇਹ ਸੁਣਕੇ, ਉਸ ਨੂੰ ਕਹਿ ਕੇ ਸਾਰੀ ਗੱਲ ਤੋਂ ਜਾਣੂ ਕੀਤਾ॥੨੧॥

'ਸ਼ਰਧਾ ਧਾਰਿ ਸੰਗ ਤੈਂ ਆਯੋ। ਸਿੱਖੀ ਧਰਮ ਭਲੇ ਨਿਬਹਾਯੋ।
ਪੁਨ ਤੁਰਕਨ ਕੋ ਹੇਰਿ ਕੁਫੇਰ। ਮਨ ਮਹਿਂ ਗਿਨਤੀ ਗਿਨਤਿ ਬਡੇਰ॥ ੨੨॥

"ਸ਼ਰਧਾ ਧਾਰ ਕੇ ਤੂੰ ਨਾਲ ਆਇਆ ਸੀ ਤੇ ਸਿੱਖੀ ਧਰਮ ਨੂੰ ਭਲੀ ਪ੍ਰਕਾਰ ਨਿਬਾਹਿਆ ਹੈ। ਫਿਰ ਤੁਰਕਾਂ ਦੀ ਕੁਟਲ ਰੀਤੀ ਨੂੰ ਵੇਖ ਕੇ ਮਨ ਵਿਚ ਵੱਡੀਆਂ ਗਿਣਤੀਆਂ ਗਿਣਦਾ ਸੀ॥੨੨॥

ਸ਼ੰਕਾ ਕਰੀ ਹਮਾਰੇ ਮਾਹਿ। 'ਇਹ ਸੰਮ੍ਰਥ ਹੈਂ ਕੈਧੌਂ ਨਾਂਹਿ'।
ਯਾਂ ਤੇ ਛੀਲਕ ਤੁਵ ਦਿਸ਼ਿ ਗੇਰੇ। ਤੈਂ ਕਬਿ ਆਗੇ ਊਖ ਨ ਹੇਰੇ॥ ੨੩॥

ਸਾਡੇ ਵਿਚ ਤੂੰ ਸ਼ੰਕਾ ਕੀਤੀ, "ਇਹ ਸਮਰੱਥ ਹਨ ਜਾਂ ਨਹੀਂ।" ਇਸ ਕਰਕੇ ਅਸੀਂ ਗੰਨੇ ਦੇ ਜੂਠੇ ਛਿਲਕੇ ਤੇਰੇ ਵਲ ਸੁੱਟੇ ਸਨ। ਕੀ ਤੂੰ ਪਹਿਲਾਂ ਗੰਨੇ ਨਹੀਂ ਸੀ ਵੇਖੇ॥੨੩॥

ਸ੍ਵਾਦ ਦੇਖਿਬੇ ਹਿਤ ਇਛ ਧਾਰੀ। ਮੁਖ ਮੈਂ ਪਾਇ ਉਚਿਸ਼ਟ ਹਮਾਰੀ।
ਤਬਿ ਸ਼ਕਤੀ ਤੁਝ ਮਹਿਂ ਹੁਇ ਆਈ। ਚਹਤਿ ਜੁ ਹੁਤੋ ਅਬਹਿ ਦਿਖਰਾਈ॥ ੨੪॥

ਤੂੰ ਗੰਨੇ ਦਾ ਸਵਾਦ ਵੇਖਣ ਵਾਸਤੇ ਇੱਛਾ ਧਾਰਨ ਕੀਤੀ ਤੇ ਮੂੰਹ ਵਿਚ ਸਾਡੀ ਜੂਠੀ ਛਿਲ ਨੂੰ ਪਾਇਆ। ਤਦ ਤੁਹਾਡੇ ਵਿਚ ਸ਼ਕਤੀ ਆ ਗਈ, ਜਿਸ ਸ਼ਕਤੀ ਨੂੰ ਤੂੰ ਹੁਣ ਵਿਖਾਉਣਾ ਚਾਹੁੰਦਾ ਸੀ॥੨੪॥

ਜਿਸ ਸਮੁੰਦ੍ਰ ਤੇ ਜਲ ਕਨ ਪਾਵੈ। ਪੁਨ ਤਿਸ ਆਗੇ ਗਰਬ ਜਨਾਵੈ।
ਅਪਨਿ ਆਪ ਕੋ ਕਰਹਿ ਬਖਾਨੈ। ਜਿਸ ਤੇ ਲੀਨਸਿ ਤਿਸ ਨਹਿਂ ਜਾਨੈ॥ ੨੫॥

ਜਿਸ ਸਮੁੰਦਰ ਵਿਚੋਂ ਕੁਝ ਜਲ ਆਵੇ, ਫਿਰ ਉਹ ਜਲ ਸਮੁੰਦਰ ਦੇ ਅੱਗੇ ਹੀ ਆਪਣਾ ਹੰਕਾਰ ਜਣਾਵੇ ਤੇ ਆਪਣੇ ਆਪੇ ਨੂੰ ਕਹਿ ਕੇ ਬਿਆਨ ਕਰੇ, ਜਿਸ ਤੋਂ ਸ਼ਕਤੀ ਲਈ ਹੈ, ਉਸ ਨੂੰ ਨਾ ਜਾਣੇ॥੨੫॥

ਜਿਨ ਸੇਵਾ ਕਰਿ ਭੀ ਤੁਝ ਮਾਂਹੀ। ਸੋ ਕਜਾ ਇਮ ਕਰਿ ਸਕਿ ਹੈਂ ਨਾਂਹੀ।
ਇਸ ਪ੍ਰਕਾਰ ਕੀ ਸੁਧਿ ਨਹਿਂ ਜਾਨੀ। 'ਮੈਂ ਕਰਿ ਦੈਹੌਂ' ਕਰਤਿ ਬਖਾਨੀ॥ ੨੬॥

ਜਿੰਨੀ ਸੇਵਾ ਕਰਕੇ ਤੇਰੇ ਵਿਚ ਸ਼ਕਤੀ ਆਈ ਹੈ, ਉਹ ਸ਼ਕਤੀ ਕੀ ਇਸ ਤਰ੍ਹਾਂ ਨਹੀਂ ਕਰ ਸਕਦੀ ਹੈ। ਇਸ ਪ੍ਰਕਾਰ ਦੀ ਸੋਝੀ ਨਹੀਂ ਜਾਣੀ ਹੈ, "ਮੈਂ ਕਰ ਦੇਵਾਂਗਾ" ਕਿਹਾ ਹੈ॥੨੬॥

ਸਤਿਗੁਰ ਕਰਹਿ ਕ੍ਰਿਤ ਕੋ ਜੈਸੇ। ਸਿੱਖਜ ਨ ਤਰਕਹਿ ਤਿਸ ਕਹੁ ਕੈਸੇ।
ਹੁਇ ਪ੍ਰਸੰਨ ਬਰਤਹਿ ਅਨੁਸਾਰੀ। ਸੋ ਸਿਖ ਸੁਖਦ ਮੋਖ ਅਧਿਕਾਰੀ॥ ੨੭॥

ਸਤਿਗੁਰੂ ਜੀ ਜਿਵੇਂ ਕ੍ਰਿਤ ਕਰਦੇ ਹਨ, ਸਿੱਖ ਉਸ ਦਾ ਕਿਸੇ ਤਰ੍ਹਾਂ ਵੀ ਤਰਕ ਨਾ ਕਰੇ। ਪ੍ਰਸੰਨ ਹੋ ਕੇ ਗੁਰੂ ਆਗਿਆ ਅਨੁਸਾਰ ਰਹੇ, ਉਹ ਸਿੱਖ ਆਸਾਨੀ ਨਾਲ ਮੁਕਤੀ ਦਾ ਅਧਿਕਾਰੀ ਹੋ ਜਾਂਦਾ ਹੈ॥੨੭॥

ਗੁਰ ਸਰਬੱਗਜ ਜਾਨਿ ਸਭਿ ਕਰੈ। ਸਿਖ ਅਲਪੱਗਜ ਗਰਬ ਕਤਾ ਧਰੈ।
ਯਾਂਤੇ ਸਿਮਰਹੁ ਸ੍ਰੀ ਕਰਤਾਰਾ। ਸੋ ਸਭਿ ਜੀਵਨ ਕੋ ਅਧਾਰਾ" ॥ ੨੮॥

ਆਪਣੇ ਗੁਰੂ ਜੀ ਨੂੰ ਸਰਬ ਸਮਰੱਥ ਜਾਣ ਕੇ ਸਭ ਕਾਰਜ ਕਰੇ, ਥੋੜ੍ਹੀ ਬੁੱਧੀ ਵਾਲਾ ਸਿੱਖ ਹੰਕਾਰ ਕਿਉਂ ਧਾਰਨ ਕਰੇ। ਇਸ ਕਰਕੇ ਸ੍ਰੀ ਕਰਤਾਰ ਦਾ ਸਿਮਰਨ ਕਰੋ, ਉਹ ਹੀ ਸਭ ਜੀਵਨ ਦਾ ਆਧਾਰ ਹੈ" ॥੨੮॥

ਸੁਨਤਿ ਸਿੱਖਜ ਨੇ ਬੰਦਨ ਠਾਨੀ। 'ਤੁਮਰੀ ਗਤਿ ਤੁਮ ਹੀ ਪ੍ਰਭੁ ਜਾਨੀ।
ਤੁਰਕ ਅਵੱਗਜਾ ਕਰਹਿਂ ਤੁਮਾਰੀ। ਸੋ ਹਮ ਤੇ ਨਹਿਂ ਜਾਤਿ ਸਹਾਰੀ॥ ੨੯॥

ਇਹ ਸੁਣ ਕੇ ਸਿੱਖ ਨੇ ਬੰਦਨਾ ਕੀਤੀ, "ਹੇ ਪ੍ਰਭੂ ਜੀ! ਤੁਹਾਡੀ ਗਤੀ ਤੁਸੀਂ ਹੀ ਜਾਣਦੇ ਹੋ। ਤੁਰਕ ਤੁਹਾਡੀ ਅਵੱਗਿਆ ਕਰਦੇ ਹਨ, ਉਹ ਸਾਡੇ ਪਾਸੋਂ ਸਹਾਰੀ ਨਹੀਂ ਜਾਂਦੀ॥੨੯॥

ਯਾਂਤੇ ਤੁਮਰੇ ਨਿਕਟਿ ਬਖਾਨੀ। ਛਿਮਹੁ ਪ੍ਰਭੂ! ਹਮ ਬੁਧਿ ਅਨਜਾਨੀ।
ਬਹੁਰ ਨ ਕਰਿ ਹੈਂ ਕਬਹਿ ਉਚਾਰੀ। ਜਿਮ ਭਾਵਹਿ ਕੀਜਹਿ ਤਿਮ ਕਾਰੀ' ॥੩੦॥

ਇਸ ਕਰਕੇ ਤੁਹਾਡੇ ਪਾਸ ਕਿਹਾ ਹੈ। ਹੇ ਪ੍ਰਭੂ ਜੀ! ਮੁਆਫ ਕਰੋ ਸਾਡੀ ਅਣਜਾਣ ਬੁੱਧੀ ਹੈ, ਫਿਰ ਕਦੀ ਉਚਾਰਨ ਨਹੀਂ ਕਰਾਂਗੇ, ਜਿਵੇਂ ਤੁਸੀਂ ਚਾਹੁੰਦੇ ਹੋ, ਉਸ ਤਰ੍ਹਾਂ ਹੀ ਕਾਰਜ ਕਰਾਂਗੇ" ॥੩੦॥

ਇਸ ਪ੍ਰਕਾਰ ਸਿਖ ਕੋ ਸਮੁਝਾਇ। ਗਮਨੇ ਗੁਰੂ ਗਜਾਨ ਗਤਿ ਦਾਇ।
ਕੇਤਿਕ ਚੌਕੀਦਾਰ ਸਿਪਾਹੀ। ਚਲੇ ਸੰਗ ਗਹਿ ਆਯੁਧ ਪਾਹੀ॥ ੩੧॥

ਗੁਰੂ ਜੀ ਨੇ ਇਸ ਪ੍ਰਕਾਰ ਸਿੱਖ ਨੂੰ ਸਮਝਾਇਆ ਤੇ ਗਿਆਨ ਅਤੇ ਗਤੀ ਦੇਣ ਵਾਲੇ ਗੁਰੂ ਜੀ ਫਿਰ ਚਲੇ ਗਏ। ਕਈ ਚੌਂਕੀਦਾਰ ਸਿਪਾਹੀ, ਹਥਿਆਰ ਲੈ ਕੇ ਨਾਲ ਚਲ ਪਏ॥੩੧॥

ਹਿਤ ਤਕਰਾਈ ਕੇ ਚਹੁੰ ਓਰ। ਜਾਤਿ ਸਾਥ ਦਿਖਰਾਵਤਿ ਜੋਰ।
ਸਨੇ ਸਨੇ ਗਮਨਤਿ ਮਗ ਜਾਤ। ਕੁਛਕ ਸਿੱਖ ਜਿਨਕੇ ਪਸ਼ਚਾਤ॥ ੩੨॥

ਤਕੜਾਈ ਰੱਖਣ ਵਾਸਤੇ ਉਹ ਗੁਰੂ ਜੀ ਦੇ ਚਾਰੇ ਪਾਸੇ ਹੋ ਕੇ ਨਾਲ-ਨਾਲ ਜਾ ਰਹੇ ਸਨ ਅਤੇ ਆਪਣਾ ਜ਼ੋਰ ਵਿਖਾ ਰਹੇ ਸਨ। ਹੌਲੀ-ਹੌਲੀ ਰਾਹ ਵਿਚ ਚਲਦੇ ਜਾ ਰਹੇ ਸਨ, ਕੁਝ ਕੁ ਸਿੱਖ ਜਿਨ੍ਹਾਂ ਦੇ ਪਿੱਛੇ ਸਨ॥੩੨॥

ਸ੍ਰੀ ਸਤਿਗੁਰ ਤਬਿ ਜਾਇ ਪਹੂਚੇ। ਦੁਰਗ ਤੁਰਕ ਪਤਿ ਕੇ ਜਿਤ ਊਚੇ।
ਪੁਨਹਿ ਪੌਰ ਮੈਂ ਭਏ ਪ੍ਰਵੇਸ਼। ਖਰੇ ਸੁਭਟ ਗਹਿ ਸ਼ਸਤ੍ਰ ਅਸ਼ੇਸ਼॥ ੩੩॥

ਸ੍ਰੀ ਸਤਿਗੁਰੂ ਤਦ ਉਥੇ ਜਾ ਪਹੁੰਚੇ, ਜਿੱਥੇ ਤੁਰਕ ਬਾਦਸ਼ਾਹ ਦੇ ਕਿਲ੍ਹੇ ਦੇ ਉੱਚੇ ਦਰਵਾਜ਼ੇ ਸਨ। ਫਿਰ ਦਰਵਾਜ਼ੇ ਦੇ ਅੰਦਰ ਪ੍ਰਵੇਸ਼ ਕਰ ਗਏ, ਉਥੇ ਸਾਰੇ ਸੂਰਮੇ ਸ਼ਸਤਰ ਫੜ ਕੇ ਖੜੇ ਸਨ॥੩੩॥

ਪੌਰ ਮਨੋਹਰ ਪਾਹਨ ਕੇਰਾ। ਸ਼ਿਲਪਨਿ ਚਿੱਤ੍ਰ ਬਿਸਾਲ ਉਕੇਰਾ।
ਬਹੁਤ ਦੇਸ਼ ਕੇ ਨਰ ਜਹਿਂ ਖਰੇ। ਨਿਜ ਨਿਜ ਗ਼ਰਜ਼ ਅਰਜ਼ ਕੋ ਕਰੇ॥ ੩੪॥

ਪੱਥਰ ਦਾ ਮਨੋਹਰ ਦਰਵਾਜ਼ਾ ਬਣਿਆ ਸੀ, ਜਿਸ ਉਤੇ ਚਿੱਤਰਕਾਰਾਂ ਨੇ ਵਿਸ਼ਾਲ ਚਿੱਤਰ ਉਕਰੇ ਹੋਏ ਸਨ। ਬਹੁਤ ਦੇਸ਼ਾਂ ਦੇ ਜਿੱਥੇ ਮਨੁੱਖ ਖੜੇ ਸਨ ਤੇ ਆਪਣੀ-ਆਪਣੀ ਲੋੜ ਵਾਸਤੇ ਕਰ ਰਹੇ ਸਨ॥੩੪॥

ਤਹਿਂ ਤੇ ਉਲੰਘਤਿ ਅੰਤਰ ਗਏ। ਜਹਾਂ ਕਚਹਿਰੀ ਦੁਸ਼ਟਨਿ ਕਿਏ।
ਸੰਗ ਸਿੱਖਜ ਅਰੁ ਚੌਕੀਦਾਰ। ਦੇਖਤਿ ਬਡੇ ਬਡੇ ਸਰਦਾਰ॥ ੩੫॥

ਉਸ ਥਾਂ ਤੋਂ ਲੰਘ ਕੇ ਅੰਦਰ ਚਲੇ ਗਏ, ਜਿੱਥੇ ਦੁਸ਼ਟਾਂ ਦੀ ਕਚਹਿਰੀ ਲੱਗੀ ਹੋਈ ਸੀ। ਗੁਰੂ ਜੀ ਦੇ ਨਾਲ ਸਿੱਖ ਅਤੇ ਚੌਂਕੀਦਾਰ ਸਨ ਤੇ ਵੱਡੇ-ਵੱਡੇ ਸਰਦਾਰ ਵੇਖ ਰਹੇ ਸਨ॥੩੫॥

ਹਿੰਦੂ ਤੁਰਕ ਅਨੇਕ ਨਿਹਾਰੈਂ। ਅਤਿ ਅਵਗੁਨ ਕੋ ਕੁਛ ਨ ਬਿਚਾਰੈਂ।
ਸ੍ਰੀ ਗੁਰੁ ਜਬਹਿ ਕਚਹਿਰੀ ਬਰੇ। ਚੌਕੀ ਤਹਾਂ ਬਿਛਾਵਨਿ ਕਰੇ॥ ੩੬॥

ਅਨੇਕਾਂ ਹਿੰਦੂ ਅਤੇ ਤੁਰਕ ਵੇਖ ਰਹੇ ਸਨ, ਅਤੀ ਔਗੁਣ ਬਾਰੇ ਕੁਝ ਨਹੀਂ ਵਿਚਾਰਦੇ ਸਨ। ਸ੍ਰੀ ਗੁਰੂ ਜੀ ਜਦ ਕਚਹਿਰੀ ਵਿਚ ਦਾਖਲ ਹੋਏ ਤਾਂ ਉਥੇ ਚੌਂਕੀ ਵਿਛਾ ਦਿੱਤੀ॥੩੬॥

ਸੁਜਨਿ ਡਸਾਵਨਿ ਉੱਜਲ ਜਹਾਂ। ਬੈਠੇ ਸ੍ਰੀ ਸਤਿਗੁਰ ਜੀ ਤਹਾਂ।
ਅਖਿਲ ਕਚਹਿਰੀ ਪੂਰਨ ਭਈ। ਮੁਕਤਾ ਹੀਰਨ ਤੇ ਦੁਤਿ ਨਈ॥ ੩੭॥

ਜਿਸ ਚੌਂਕੀ ਉਤੇ ਸੂਈ ਨਾਲ ਕਢਿਆ ਹੋਇਆ ਉੱਜਲ ਕੱਪੜਾ ਵਿਛਿਆ ਹੋਇਆ ਸੀ, ਉਸ ਚੌਂਕੀ ਉਤੇ ਸਤਿਗੁਰੂ ਜੀ ਬੈਠ ਗਏ। ਸਾਰੀ ਕਚਹਿਰੀ ਭਰੀ ਹੋਈ ਸੀ, ਹੀਰਿਆਂ ਮੋਤੀਆਂ ਦੀ ਸੁੰਦਰ ਚਮਕ ਦਮਕ ਸੀ॥੩੭॥

*ਬਾਰ੍ਹਵੀਂ ਰਾਸ ਦਾ ਸੰਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥੪੭॥*

## *ਅਧਿਆਇ ਅਠਤਾਲ੍ਹੀਵਾਂ*

### *ਨੁਰੰਗੇ ਨਾਲ ਪ੍ਰਸ਼ਨੋਤਰ, ਮਿਰਚਾਂ ਦਾ ਦ੍ਰਿਸ਼ਟਾਂਤ*

ਦੋਹਰਾ- ਸ੍ਰੀ ਗੁਰ ਹਰਿਗੋਵਿੰਦ ਕੇ ਨੰਦਨ ਬੰਦਨ ਜੋਗ।
ਸ਼ਾਂਤਿ ਮਤੀ ਬੈਠੇ ਪ੍ਰਭੁ ਦੇਖਤਿ ਭੇ ਸਭਿ ਲੋਗ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪੁੱਤਰ ਬੰਦਨਾ ਯੋਗ ਹਨ ਸ਼ਾਂਤੀ ਮੱਤ ਵਾਲੇ ਪ੍ਰਭੂ ਜੀ ਬੈਠੇ ਹਨ, ਸਾਰੇ ਲੋਕ ਵੇਖ ਰਹੇ ਹਨ॥੧॥

ਚੌਪਈ- ਤੁਰਕੇਸ਼ੁਰ ਹੰਕਾਰ ਬਿਸਾਲਾ। ਦੁਸ਼ਟ ਨੁਰੰਗਾ ਮਹਿਤ ਕੁਚਾਲਾ।
ਦੀਨ ਬਧਾਵਨਿ ਚਾਹਤਿ ਮੰਦ। ਹਿੰਦੂ ਜਗ ਮਹਿਂ ਰਹਹਿ ਨ ਪੰਦ॥੨॥

ਤੁਰਕ ਬਾਦਸ਼ਾਹ ਵਿਚ ਵੱਡਾ ਹੰਕਾਰ ਸੀ, ਦੁਸ਼ਟ ਨੌਰੰਗਾ ਬਹੁਤ ਭੈੜੇ ਚਾਲਿਆਂ ਵਾਲਾ ਸੀ। ਮਾੜੀ ਮੱਤ ਵਾਲਾ ਆਪਣਾ ਦੀਨ ਵਧਾਉਣਾ ਚਾਹੁੰਦਾ ਹੈ ਤੇ ਹਿੰਦੂ ਮਾਰਗ ਨੂੰ ਜਗ ਵਿਚੋਂ ਖਤਮ ਕਰਨਾ ਚਾਹੁੰਦਾ ਹੈ॥੨॥

ਪਰਮੇਸੁਰ ਸੋਂ ਬੰਧਹਿ ਦਾਵਾ। ਮਹਾਂ ਮੂਢ ਮਤਿ ਤੇ ਗਰਬਾਵਾ।
ਨਿਸ਼ਕੰਟਕ ਜਿਸ ਰਾਜ ਮਹਾਨਾ। ਸ਼ੱਤ੍ਰੂ ਕਹੂੰ ਸੁਨਿਯ ਨਹਿੰ ਕਾਨਾ॥ ੩॥

ਪਰਮੇਸ਼ਰ ਨਾਲ ਮੁਕਾਬਲਾ ਕਰਦਾ ਹੈ, ਮਹਾਂ ਮੂਰਖ ਦੀ ਬੁੱਧੀ ਹੰਕਾਰ ਨਾਲ ਭਰੀ ਹੈ। ਜਿਸ ਦੇ ਰਾਜ ਵਿਚ ਕੋਈ ਆਕੀ ਨਹੀਂ ਹੈ, ਉਸ ਨੇ ਕਿਸੇ ਵੈਰੀ ਬਾਰੇ ਕੰਨਾਂ ਨਾਲ ਸੁਣਿਆ ਨਹੀਂ ਹੈ॥੩॥

ਚਾਰਹੁੰ ਦਿਸ਼ਾ ਚਮੂੰ ਜਿਸ ਫਿਰਿਈ। ਸਕਲ ਦੇਸ਼ ਸਦ ਹੀ ਅਨੁਸਰਈ।
ਮਾਰਹਿ, ਬੰਧਹਿ, ਲੇਵਹਿ ਛੀਨ। ਸਰਬ ਨਰੇਸ਼ ਬਸੀ ਨਿਜ ਕੀਨਿ॥ ੪॥

ਚਾਰੇ ਪਾਸੇ ਜਿਸ ਦੀ ਫੌਜ ਫਿਰਦੀ ਹੈ, ਸਾਰਾ ਦੇਸ਼ ਸਦਾ ਹੀ ਆਗਿਆ ਅਨੁਸਾਰ ਰਹਿੰਦਾ ਹੈ, ਮਾਰਦਾ ਹੈ, ਬੰਨ੍ਹਦਾ ਹੈ ਅਤੇ ਧਨ ਦੌਲਤ ਖੋਹ ਲੈਂਦਾ ਹੈ, ਸਾਰੇ ਰਾਜਿਆਂ ਨੂੰ ਆਪਣੇ ਵੱਸ ਕੀਤਾ ਹੈ॥੪॥

ਜਿਮ ਰਾਵਨ ਤ੍ਰੈ ਲੋਕਨਿ ਰਾਜਾ। ਤਿਮ ਇਸ ਛਿਨ ਪਰ ਸਹਿਤ ਸਮਾਜਾ।
ਚਾਰਹੁੰ ਓਰ ਖਰੇ ਕਰ ਜੋਰੇ। ਜੇ ਨ੍ਰਿਪ ਬਡੇ ਸਭਿਨਿ ਸਿਰ ਮੌਰੇ॥ ੫॥

ਜਿਵੇਂ ਰਾਵਨ ਤਿੰਨਾਂ ਲੋਕਾਂ ਦਾ ਰਾਜਾ ਸੀ, ਤਿਵੇਂ ਇਸ ਸਮੇਂ ਇਹ ਉਤਨੇ ਸਾਜ਼ੋ-ਸਾਮਾਨ ਸਹਿਤ ਹੈ। ਚਾਰੇ ਪਾਸੇ ਮਨੁੱਖ ਹੱਥ ਜੋੜ ਕੇ ਖਲੋਤੇ ਰਹਿੰਦੇ ਹਨ, ਜਿਹੜੇ ਵੱਡੇ-ਵੱਡੇ ਰਾਜੇ ਹਨ, ਸਭ ਦਾ ਸ਼ਿਰੋਮਣੀ ਹੈ॥੫॥

ਸ੍ਰੀ ਸਤਿਗੁਰ ਬੋਲੇ ਤਿਹ ਸਾਥ। 'ਕਜਾ ਹਮ ਸੋਂ ਕਹਿ ਦਿੱਲੀ ਨਾਥ?
ਕੌਨ ਕਾਜ ਹਮਰੇ ਬਸਿ ਜੋਵਾ? ਜੋ ਤੁਮ ਤੇ ਨਹਿੰ ਪੂਰਨ ਹੋਵਾ'॥ ੬॥

ਸ੍ਰੀ ਸਤਿਗੁਰੂ ਉਸ ਨੂੰ ਕਹਿਣ ਲੱਗੇ, "ਦਿੱਲੀ ਦੇ ਬਾਦਸ਼ਾਹ ਸਾਨੂੰ ਕੀ ਕਹਿੰਦੇ ਹਨ? ਕਿਹੜਾ ਕਾਰਜ ਹੈ, ਜਿਹੜਾ ਸਾਡੇ ਵੱਸ ਵਿਚ ਹੈ? ਜਿਹੜਾ ਤੁਹਾਥੋਂ ਪੂਰਾ ਨਹੀਂ ਹੋਇਆ ਹੈ"॥੬॥

ਸੁਨਤਿ ਦੁਰਾਤਮ ਮੂਰਖ ਮਾਨੀ। ਮਹਾਂ ਪਾਪ ਕਰਤਾ ਧ੍ਰਮ ਹਾਨੀ।
ਅਸ ਨਰੰਗ ਬੋਲਜੋ 'ਮਮ ਕਾਜ। ਹੈ ਜੋ ਕਹਹੁੰ ਸੁਨਹੁ ਤੁਮ ਆਜ॥ ੭॥

ਖੋਟੇ ਕਰਮ ਕਰਨ ਵਾਲਾ, ਮੂਰਖ, ਅਭਿਮਾਨੀ ਅਤੇ ਧਰਮ ਨਾਸ਼ ਕਰਨ ਵਰਗਾ ਮਹਾਂ ਪਾਪ ਕਰਨ ਵਾਲਾ ਨੌਰੰਗਾ ਸੁਣ ਕੇ ਬੋਲਿਆ, "ਜਿਹੜਾ ਮੇਰਾ ਕੰਮ ਹੈ, ਉਹ ਮੈਂ ਕਹਿੰਦਾ ਹਾਂ, ਉਸ ਬਾਰੇ ਅੱਜ ਤੁਸੀਂ ਸੁਣੋ"॥੭॥

ਸਭਿ ਜਗ ਮੁਸਲਮਾਨ ਕਰਿ ਦੇਨਾ। ਏਕ ਮਈ ਸਭਿ ਕੋ ਪਿਖਿ ਲੇਨਾ।
ਹਿੰਦੂ ਰਹੈ ਨ ਭੂ ਮਹਿੰ ਕੋਊ। ਇਹ ਨਿਸ਼ਚਾ ਹਮਰੇ ਦ੍ਰਿਢ ਹੋਊ॥ ੮॥

ਸਾਰਾ ਜਗ ਮੁਸਲਮਾਨ ਕਰ ਦੇਣਾ ਹੈ, ਸਭ ਨੂੰ ਇਕਸਾਰ ਵੇਖਣਾ ਹੈ। ਧਰਤੀ ਉਤੇ ਕੋਈ ਹਿੰਦੂ ਨਹੀਂ ਰਹੇਗਾ, ਇਹ ਨਿਸ਼ਚਾ ਅਸੀਂ ਦ੍ਰਿੜ੍ਹ ਕੀਤਾ ਹੋਇਆ ਹੈ॥੮॥

ਕਾਚੋ ਹਿੰਦੁਨ ਕੋ ਮਤਿ ਕੂੜਾ। ਬਕਹਿੰ ਤੁਫਾਨ ਮਿਲਹਿੰ ਗਨ ਮੂੜਾ।
ਇਨਹਿੰ ਚਲਾਵੋਂ ਰਾਹ ਖ਼ੁਦਾਇ। ਦੋਜ਼ਕ ਗਿਰਤੇ ਲੇਹੁੰ ਬਚਾਇ॥ ੯॥

ਹਿੰਦੂਆਂ ਦਾ ਧਰਮ ਕੱਚਾ ਅਤੇ ਝੂਠਾ ਹੈ, ਸਾਰੇ ਮੂਰਖ ਮਿਲ ਕੇ ਝੂਠ ਬੋਲਦੇ ਹਨ। ਇਨ੍ਹਾਂ ਨੂੰ ਖ਼ੁਦਾ ਦੇ ਰਾਹ ਤੇ ਚਲਾਵਾਂਗਾ। ਇਨ੍ਹਾਂ ਨੂੰ ਨਰਕਾਂ ਵਿਚ ਡਿਗਦਿਆਂ ਨੂੰ ਬਚਾ ਲਵਾਂਗਾ॥੯॥

ਹੋਹਿੰ ਦੀਨ ਮਹਿੰ ਕਲਮਾ ਕਹੈਂ। ਚਲਹਿੰ ਸ਼ਰਾ ਮਹਿੰ ਨੇਕੀ ਲਹੈਂ।
ਰੋਜ਼ੇ ਈਦ ਨਵਾਜ ਕੁਰਾਨ। ਇਨ ਕੋ ਧਾਰਹਿੰ ਸਾਥ ਇਮਾਨ॥ ੧੦॥

ਦੀਨ ਵਿਚ ਹੋ ਕੇ ਕਲਮਾ ਪੜ੍ਹਨਗੇ, ਸ਼ਰ੍ਹਾ ਵਿਚ ਚਲ ਕੇ ਨੇਕੀ ਪ੍ਰਾਪਤ ਕਰਨਗੇ। ਰੋਜ਼ੇ, ਈਦ, ਨਿਮਾਜ਼ ਅਤੇ ਕੁਰਾਨ ਨੂੰ ਈਮਾਨ ਦੇ ਨਾਲ ਧਾਰਨਗੇ॥੧੦॥

ਮੁਸਲਮਾਨ ਹੁਇਂ ਕਹੇ ਜੁ ਮੇਰੇ। ਤਿਸੈ ਪਦਾਰਥ ਦੇਊਂ ਘਨੇਰੇ।
ਨਾਂਹਿ ਤ ਧਨ ਲੈਕੈ ਹੁਇ ਜਾਇਂ। ਕੈ ਨਿਜ ਝਗਰੋ ਲੇਹਿਂ ਜਿਤਾਇ॥ ੧੧॥

ਜਿਹੜੇ ਮੇਰੇ ਕਹਿਣ 'ਤੇ ਮੁਸਲਮਾਨ ਹੋਣਗੇ, ਉਨ੍ਹਾਂ ਨੂੰ ਬਹੁਤ ਪਦਾਰਥ ਦੇਵਾਂਗਾ। ਨਹੀਂ ਤਾਂ ਧਨ ਲੈ ਕੇ ਮੁਸਲਮਾਨ ਹੋ ਜਾਣ ਜਾਂ ਆਪਣੇ ਝਗੜੇ ਜਿਤਾ ਲੈਣ॥੧੧॥

ਜ਼ਿਮੀਂ ਇਨਾਮ ਦੇਤਿ ਹੌਂ ਤਾਂਹੀ। ਧਾਰੈਂ ਸ਼ਰਾ ਖੁਸ਼ੀ ਕੇ ਮਾਂਹੀ।
ਕਿਧੌਂ ਤੁਰਕ ਕੀ ਤਨਿਯਾ ਹੋਇ। ਸੁੰਦਰ ਦੇਖਤਿ ਜਾਚੈ ਕੋਇ॥ ੧੨॥

ਉਨ੍ਹਾਂ ਨੂੰ ਮੈਂ ਜ਼ਮੀਨ ਇਨਾਮ ਵਿਚ ਦਿੰਦਾ ਹਾਂ, ਜਿਹੜੇ ਖੁਸ਼ੀ ਨਾਲ ਸ਼ਰ੍ਹਾ ਧਾਰਨ ਕਰ ਲੈਣਗੇ। ਜਾਂ ਕਿਸੇ ਤੁਰਕ ਦੀ ਕੋਈ ਪੁੱਤਰੀ ਹੋਵੇ, ਸੁੰਦਰ ਵੇਖ ਕੇ ਕੋਈ ਮੰਗਣਾ ਚਾਹੇ॥੧੨॥

ਨਿਜ ਦੁਹਿਤਾ ਤਕ ਅਰਪੌਂ ਤਾਂਹੀ। ਆਇ ਜੁ ਹਿੰਦੁ ਸ਼ਰਾ ਕੇ ਮਾਂਹੀ।
ਸੁਤਾ ਦਰਬ ਆਦਿਕ ਸਭਿ ਦੇ ਕੈ। ਜਜੌਂ ਕਜੌਂ ਕਰਿ ਇਹ ਜੀਵ ਰਿਝੈ ਕੈ॥੧੩॥

ਆਪਣੀ ਪੁੱਤਰੀ ਤਕ ਉਸ ਨੂੰ ਅਰਪਣ ਕਰਾਂਗਾ, ਜਿਹੜਾ ਵੀ ਕੋਈ ਹਿੰਦੂ ਸ਼ਰ੍ਹਾ ਵਿਚ ਆਵੇ। ਪੁੱਤਰੀ ਧਨ ਆਦਿ ਸਭ ਦੇ ਕੇ ਜਿਵੇਂ ਕਿਵੇਂ ਕਰਕੇ ਇਸ ਦਿਲ ਨੂੰ ਪ੍ਰਸੰਨ ਕਰਾਂਗਾ॥੧੩॥

ਲਜਾਇ ਦੀਨ ਮਹਿਂ ਸ਼ਰਾ ਮਝਾਰ। ਇਹ ਜਾਨਹੁਂ ਬਡ ਪਰਉਪਕਾਰ।
ਹਮਰੇ ਮਤਿ ਮਹਾਂ ਸਬਾਬ। ਸਿਫਤੀ ਕਰਹਿ ਖ਼ੁਦਾਇ ਅਦਾਬ॥ ੧੪॥

ਹਿੰਦੂਆਂ ਨੂੰ ਦੀਨ ਅਤੇ ਸ਼ਰ੍ਹਾ ਵਿਚ ਲਿਆਵਾਂਗਾ, ਇਸ ਨੂੰ ਵੱਡਾ ਉਪਕਾਰ ਜਾਣਦਾ ਹਾਂ। ਸਾਡੇ ਮਜ਼ਬ ਵਿਚ ਇਹ ਮਹਾਂ ਸਵਾਬ ਹੈ, ਚੰਗੇ ਨਿਯਮ ਹਨ, ਜਿਸ ਦੀ ਖ਼ੁਦਾ ਸਿਫਤ ਕਰਦਾ ਹੈ॥੧੪॥

ਅਸਲੀ ਕਾਜ ਅਹੇ ਇਹ ਮੇਰੋ। ਕਰਹਿ ਜੁ ਫੇਰ ਨ ਮਾਨਹਿ ਹੇਰੋਂ।
ਤਿਸਕੇ ਸਾਥ ਸ਼ੱਤ੍ਰੁਤਾ ਨੀਤ। ਕਰਿ ਹੌਂ ਮੈਂ ਸਭਿ ਰੀਤਿ ਅਨੀਤ॥ ੧੫॥

ਅਸਲ ਵਿਚ ਇਹੋ ਮੇਰਾ ਕਾਰਜ ਹੈ। ਜੋ ਮੇਰੇ ਹੁਕਮ ਨੂੰ ਮੋੜਦਾ ਹੈ ਤੇ ਮੰਨਦਾ ਨਹੀਂ, ਮੈਂ ਉਸ ਨੂੰ ਦੁਸ਼ਮਣ ਸਮਝਦਾ ਹਾਂ। ਉਸ ਦੇ ਨਾਲ ਮੈਂ ਸਦਾ ਵੈਰ ਕਰਦਾ ਹਾਂ ਤੇ ਸਾਰੀਆਂ ਰੀਤੀਆਂ ਨਾਲ ਫਿਰ ਮੈਂ ਭੈੜੀ ਨੀਤ ਧਾਰਨ ਕਰਦਾ ਹਾਂ॥੧੫॥

ਜੋ ਸੁਭ ਹੋਇ ਮਾਨਿ ਹੈ ਕਹਜੋ। ਦੀਨ ਬਿਖੈ ਆਵਹਿ ਚਿਤ ਚਹਜੋ।
ਸੋ ਹਮ ਭ੍ਰਾਤਾ ਕੇਰ ਸਮਾਨ। ਸਰਬ ਰੀਤਿ ਲੈ ਸੁਖਨ ਮਹਾਨ॥ ੧੬॥

ਜਿਹੜਾ ਸੁਭ ਹੋ ਕੇ ਮੇਰਾ ਕਿਹਾ ਮੰਨਦਾ ਹੈ, ਸਾਡੇ ਦੀਨ ਵਿਚ ਆਉਣ ਵਾਸਤੇ ਚਿੱਤ ਵਿਚ ਚਾਹੁੰਦਾ ਹੈ। ਉਹ ਸਾਡੇ ਭਰਾ ਦੇ ਸਮਾਨ ਹੈ, ਸਭ ਰੀਤੀਆਂ ਨਾਲ ਮਹਾਨ ਸੁਖ ਪ੍ਰਾਪਤ ਕਰਦਾ ਹੈ"॥੧੬॥

ਸੁਨਿ ਸ੍ਰੀ ਤੇਗਬਹਾਦਰ ਭਾਖਾ। 'ਜਿਮ ਖ਼ੁਦਾਇ ਕੀ ਹੁਇ ਅਭਿਲਾਖਾ।
ਤਿਮ ਮਾਨੀ ਚਹੀਅਹਿ ਹਮ ਤੁਮ ਕੋ। ਜਿਸ ਪਰਮੇਸੁਰ ਕੇ ਨਹਿਂ ਸਮ ਕੋ॥੧੭॥

ਇਹ ਸੁਣ ਕੇ ਸ੍ਰੀ ਤੇਗ ਬਹਾਦਰ ਜੀ ਨੇ ਕਿਹਾ, "ਜਿਵੇਂ ਖ਼ੁਦਾ ਦੀ ਅਭਿਲਾਸ਼ਾ ਹੁੰਦੀ ਹੈ, ਸਾਨੂੰ ਤੁਹਾਨੂੰ ਉਸ ਤਰ੍ਹਾਂ ਮੰਨਣਾ ਚਾਹੀਦਾ ਹੈ, ਜਿਸ ਖ਼ੁਦਾ ਦੇ ਬਰਾਬਰ ਹੋਰ ਕੋਈ ਨਹੀਂ ਹੈ॥੧੭॥

ਜੇ ਪ੍ਰਭੁ ਚਹੈ ਤ ਹਿੰਦੂ ਨ ਜਨਮੈ। ਤੁਰਕ ਜਨਮਹੀ ਹੈਂ ਨਿਸ ਦਿਨ ਮੈਂ।
ਦੋਨਹੁਂ ਉਤਪਤਿ ਹੋਵਤਿ ਜਹਿਂ ਕਹਿਂ। ਲਖਹੁ ਕਿ ਰਖਹਿ, ਦੁਹਨ ਕੋ ਜਗ ਮਹਿਂ ॥੧੮॥

ਜੇ ਪ੍ਰਭੂ ਚਾਹੇ ਤਾਂ ਹਿੰਦੂ ਜਨਮ ਹੀ ਨਾ ਲਵੇ, ਦਿਨ ਰਾਤ ਤੁਰਕ ਹੀ ਜਨਮ ਲੈਂਦੇ ਰਹਿਣ। ਪਰ ਜਿੱਥੇ ਕਿੱਥੇ ਦੋਵੇਂ ਪੈਦਾ ਹੁੰਦੇ ਹਨ। ਇਹ ਜਾਣ ਲਵੋ ਪਰਮਾਤਮਾ ਇਸ ਜਗ ਵਿਚ ਦੋਵਾਂ ਨੂੰ ਰੱਖਦਾ ਹੈ॥੧੮॥

ਜੇ ਤੁਮ ਕਹੋ ਜਾਨੀਯਹਿ ਕੈਸੇ। ਤਿਸ ਪਰ ਸੁਨਹੁ ਕਰਹੁ ਬਿਧਿ ਐਸੇ।
ਲੇਹੁ ਪੰਚ ਮਨ ਮਿਰਚੈਂ ਕਾਰੀ। ਢੇਰ ਕਰਹੁ ਇਕ ਥਾਨ ਸੁਧਾਰੀ ॥ ੧੯ ॥

ਜੇ ਤੁਸੀਂ ਕਹੋ ਕਿ ਇਸ ਗੱਲ ਨੂੰ ਕਿਵੇਂ ਜਾਣੀਏ, ਉਸ ਬਾਰੇ ਸੁਣੋ, ਇਸ ਵਿਧੀ ਅਨੁਸਾਰ ਕਰੋ। ਪੰਜ ਮਣ ਕਾਲੀਆਂ ਮਿਰਚਾਂ ਲਵੋ। ਉਨ੍ਹਾਂ ਨੂੰ ਸੁਧਾਰ ਕੇ ਇਕ ਥਾਂ ਢੇਰੀ ਲਾ ਦੇਵੋ॥੧੯॥

ਗਨ ਈਂਧਨ ਤਿਸ ਕੇ ਚਹੁਂ ਓਰ। ਨੀਕੇ ਅਗਨਿ ਪ੍ਰਕਾਸ਼ਹੁ ਜੋਰ।
ਅਸ਼ਟ ਜਾਮ ਲੌ ਦਾਹਤਿ ਰਹੀਏ। ਪੁਨ ਉੱਤਰ ਹਮ ਦੇਹਿਂ ਸੁ ਲਹੀਦੇ ॥੨੦॥

ਉਨ੍ਹਾਂ ਦੇ ਚਾਰੇ ਪਾਸੇ ਬਹੁਤ ਬਾਲਣ ਰੱਖ ਦੇਵੋ ਤੇ ਲੱਕੜਾਂ ਨੂੰ ਜੋੜ ਕੇ ਅਗਨੀ ਜਲਾਓ। ਅੱਠ ਪਹਿਰ ਤਕ ਸਾੜਦੇ ਰਹੋ, ਫਿਰ ਅਸੀਂ ਉੱਤਰ ਦੇਵਾਂਗੇ, ਉਸ ਨੂੰ ਸੁਣ ਲੈਣਾ" ॥੨੦॥

ਇਮ ਨੁਰੰਗ ਨੇ ਮਾਨੀ ਬਾਤ। ਗੁਰ ਬਾਹਰ ਆਏ ਬੱਖਜਾਤ।
ਚੌਕੀਦਾਰ ਸਾਥ ਹੀ ਭਏ। ਕਾਰਾਗ੍ਰਿਹ ਮਹਿਂ ਲੇ ਕਰਿ ਗਏ॥ ੨੧॥

ਇਸ ਤਰ੍ਹਾਂ ਨੌਰੰਗੇ ਨੇ ਗੱਲ ਮੰਨ ਲਈ, ਗੁਰੂ ਜੀ ਬਾਹਰ ਆ ਗਏ ਚੌਕੀਦਾਰ ਉਨ੍ਹਾਂ ਦੇ ਨਾਲ ਹੀ ਸਨ, ਉਹ ਉਨ੍ਹਾਂ ਨੂੰ ਜੇਲ੍ਹ ਵਿਚ ਲੈ ਗਏ॥੨੧॥

ਰਹਤਿ ਭਏ ਸਤਿਗੁਰ ਸੁਖ ਸੰਗੇ। ਨਿਜ ਨੌਕਰ ਸੋਂ ਕਹਜੈ ਨੁਰੰਗੇ।
'ਮਿਰਚ ਪੰਚ ਮਣ ਲਜਾਵਹੁ ਆਛੇ। ਚਹੁਂਦਿਸ਼ਿ ਅਗਨਿ ਦਾਹੁ ਕਰਿ ਪਾਛੇ ॥੨੨॥

ਸਤਿਗੁਰੂ ਜੀ ਉਥੇ ਸੁਖ ਨਾਲ ਰਹਿ ਪਏ, ਆਪਣੇ ਨੌਕਰ ਨੂੰ ਨੌਰੰਗੇ ਕਿਹਾ। ਪੰਜ ਮਣ ਚੰਗੀਆਂ ਕਾਲੀਆਂ ਮਿਰਚਾਂ ਲਿਆਵੋ, ਉਨ੍ਹਾਂ ਦੇ ਚਾਰੇ ਪਾਸੇ ਅੱਗ ਬਾਲੋ॥੨੨॥

ਅਸ਼ਟ ਜਾਮ ਲੌ ਕਰਿਕੈ ਦਾਹੁ। ਆਛੀ ਬਿਧਿ ਜਿਮ ਹੋਇ ਸੁਆਹੁ।
ਸੁਨਿ ਕੈ ਤਥਾ ਕਰਤਿ ਬਿਧਿ ਭਯੋ। ਇਕ ਨਿਸ ਦਿਨ ਪਾਵਕ ਦਿਪਤਯੋ ॥੨੩॥

ਅੱਠ ਪਹਿਰ ਤਕ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਾੜੋ ਜਿਵੇਂ ਉਹ ਸੁਆਹ ਬਣ ਜਾਣ।" ਇਹ ਸੁਣ ਕੇ ਉਸੇ ਵਿਧੀ ਅਨੁਸਾਰ ਹੀ ਕੀਤਾ ਗਿਆ, ਇਕ ਦਿਨ-ਰਾਤ ਅੱਗ ਬਲਦੀ ਰਹੀ॥੨੩॥

ਸੀਤਲ ਸੁਆਹ ਭਈ ਜਬਿ ਤਿਨੈ। ਜਾਇ ਨੁਰੰਗੇ ਸੋਂ ਸੁਧਿ ਭਨੇ।
ਸੁਨੀ ਤੁਰਕਪਤਿ ਨੇ ਜਬਿ ਬਾਨੀ। ਕਰੇ ਹਕਾਰਨਿ ਗੁਰ ਗੁਨਖਾਨੀ॥ ੨੪ ॥

ਜਦ ਉਸਦੀ ਸੁਆਹ ਚੰਗੀ ਤਰ੍ਹਾਂ ਠੰਡੀ ਹੋ ਗਈ ਤਾਂ ਨੌਰੰਗੇ ਨੂੰ ਜਾ ਕੇ ਖਬਰ ਦਿੱਤੀ। ਜਦ ਤੁਰਕ ਬਾਦਸ਼ਾਹ ਨੇ ਇਹ ਗੱਲ ਸੁਣੀ ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਬੁਲਾ ਲਿਆ॥੨੪॥

ਢਿਗ ਬਿਠਾਇ ਕੈ ਸਕਲ ਜਨਾਈ। 'ਹਮ ਕੀਨਸਿ ਤੁਮ ਜਥਾ ਬਤਾਈ।
ਉੱਤਰ ਮੋਹਿ ਦੀਜੀਏ ਸੋਇ। ਜਿਸ ਤੇ ਇਕ ਮਯ ਸਭਿ ਜਗ ਹੋਇ॥ ੨੫ ॥

ਪਾਸ ਬੈਠਾ ਕੇ ਸਾਰੀ ਗੱਲ ਸੁਣਾਈ, "ਅਸੀਂ ਉਸ ਤਰ੍ਹਾਂ ਹੀ ਕੀਤਾ ਹੈ ਜਿਵੇਂ ਤੁਸੀਂ ਦੱਸਿਆ ਹੈ, ਮੈਨੂੰ ਹੁਣ ਉਹ ਉੱਤਰ ਦੇਵੋ, ਜਿਸ ਕਰਕੇ ਸਾਰਾ ਜਗ ਇਕ ਸਮਾਨ ਹੋ ਜਾਵੇ॥੨੫॥

**ਜਬਿ ਨਿਜ ਕਰਿ ਹੋ ਅੰਗੀਕਾਰਾ। ਹੈ ਜੁ ਮਨੋਰਥ ਮਹਾਂ ਤੁਮਾਰਾ।**
**ਪੂਰਨ ਕਰੌਂ ਅਖਿਲ ਮੈਂ ਫੇਰ। ਦੀਨ ਬਿਖੈ ਆਏ ਕਹੁ ਹੇਰਿ॥ ੨੬॥**

ਤੁਸੀਂ ਆਪ ਜੇ ਅੰਗੀਕਾਰ ਕਰੋਗੇ ਤਾਂ ਤੁਹਾਡਾ ਜਿਹੜਾ ਮਹਾਨ ਮਨੋਰਥ ਹੈ ਉਹ ਮੈਂ ਸਾਰਾ ਫਿਰ ਪੂਰਾ ਕਰਾਂਗਾ, ਤੁਹਾਨੂੰ ਵੇਖ ਕੇ ਫਿਰ ਸਾਰੇ ਦੀਨ ਵਿਚ ਆ ਜਾਣਗੇ"॥੨੬॥

**ਸਤਿਗੁਰ ਕਹਜੋ 'ਜੁ ਮਿਰਚਨ ਸੁਆਹ। ਲਾਇ ਨਰਨ ਸਗਰੀ ਮਸਲਾਹ।**
**ਲੇਹੁ ਚਾਰਨੀ ਸੋਂ ਤਿਸ ਛਾਨੂ। ਜੋ ਉਬਰਹਿਂ ਸੋ ਉੱਤਰ ਜਾਨੂ॥ ੨੭॥**

ਸਤਿਗੁਰੂ ਜੀ ਨੇ ਕਿਹਾ, "ਜੋ ਮਿਰਚਾਂ ਦੀ ਸੁਆਹ ਹੈ, ਉਸ ਨੂੰ ਮਨੁੱਖ ਲਾ ਕੇ ਸਾਰੀ ਮਲਵਾਓ। ਫਿਰ ਛਾਣਨੀ ਲੈ ਕੇ ਸਾਰੀ ਛਾਣ ਲਵੋ, ਜਿਹੜੇ ਦਾਣੇ ਬਚਣ, ਉਹ ਮੇਰਾ ਉੱਤਰ ਜਾਣੋ"॥੨੭॥

**ਨੌਰੰਗ ਨੇ ਸੁਨਿ ਮਨੁਜ ਪਠਾਏ। ਕਾਜ਼ੀ ਮੁੱਲਾਂ ਲੀਨਿ ਬੁਲਾਏ।**
**ਸਤਿਗੁਰ ਪਾਸ ਬਿਠਾਵਨਿ ਕਰੇ। 'ਸਮਝਹੁ ਤੁਮ ਇਹ ਕਹਾਂ ਉਚਰੇ'॥ ੨੮॥**

ਨੌਰੰਗੇ ਨੇ ਇਹ ਸੁਣ ਕੇ ਮਨੁੱਖ ਭੇਜੇ ਤੇ ਸਾਰੇ ਕਾਜ਼ੀ ਮੁੱਲਾਂ ਬੁਲਾ ਲਏ। ਉਨ੍ਹਾਂ ਨੂੰ ਸਤਿਗੁਰੂ ਜੀ ਦੇ ਪਾਸ ਬਿਠਾ ਦਿੱਤਾ, "ਜੋ ਇਹ ਕਹਿੰਦੇ ਹਨ, ਉਸ ਨੂੰ ਸਮਝੋ"॥੨੮॥

**ਸਗਰੀ ਭਸਮ ਨਿਕਟਿ ਮੰਗਵਾਈ। ਬਹੁ ਨਰ ਤੇ ਕਰ ਸੋਂ ਮਸਲਾਈ।**
**ਛਾਨਤਿ ਭਏ ਚਾਰਨੀ ਧਾਰੇ। ਮਸਲਿ ਮਸਲਿ ਛਿੱਦ੍ਰਨ ਤਰ ਡਾਰੇ॥ ੨੯॥**

ਸਾਰੀ ਸਵਾਹ ਪਾਸ ਮੰਗਵਾਈ, ਬਹੁਤ ਮਨੁੱਖਾਂ ਨੂੰ ਕਹਿ ਕੇ ਹੱਥਾਂ ਨਾਲ ਮਲਵਾਇਆ। ਫਿਰ ਛਾਣਨੀਆਂ ਫੜ ਕੇ ਛਾਣਨ ਲੱਗੇ, ਮਲ-ਮਲ ਕੇ ਛਾਣਨੀਆਂ ਦੇ ਵਿਚ ਪਾਉਂਦੇ ਸਨ॥੨੯॥

**ਸਗਰੀ ਭਸਮ ਛਾਨਿਬੋ ਕੀਨਿ। ਸਾਬਤ ਮਿਰਚੈਂ ਨਿਕਸੀ ਤੀਨ।**
**ਹਾਥਨ ਸਾਥ ਸੁ ਮਸਲਿ ਘਨੇਰੀ। ਭਈ ਨ ਭਗਨਿ ਸਭਿਨਿ ਸੋ ਹੇਰੀ॥ ੩੦॥**

ਸਾਰੀ ਭਸਮ ਛਾਣ ਲਈ, ਉਸ ਵਿਚੋਂ ਤਿੰਨ ਸਾਬਤ ਮਿਰਚਾਂ ਨਿਕਲੀਆਂ। ਉਨ੍ਹਾਂ ਮਿਰਚਾਂ ਨੂੰ ਹੱਥਾਂ ਨਾਲ ਬਹੁਤ ਮਸਲਿਆ ਪਰ ਉਹ ਟੁਟੀਆਂ ਨਹੀਂ ਸਾਰਿਆਂ ਨੇ ਵੇਖਿਆ॥੩੦॥

**ਸਰਬ ਭਸਮ ਤੇ ਉਬਰੀ ਸੋਇ। ਜਯੋਂ ਕੀ ਤਯੋਂ ਦੇਖਤਿ ਸਭਿ ਕੋਈ।**
**ਜਿਨ ਕੇ ਆਂਚ ਛੁਈ ਨਹਿਂ ਨੇਰੇ। ਪਿਖਿ ਪਿਖਿ ਬਿਸਮਹਿਂ ਲੋਕ ਬਡੇਰੇ॥ ੩੧॥**

ਸਾਰੀ ਭਸਮ ਵਿਚੋਂ ਉਹ ਤਿੰਨ ਮਿਰਚਾਂ ਸਾਬਤ ਰਹੀਆਂ, ਜਿਵੇਂ ਦੀਆਂ ਤਿਵੇਂ ਹਰ ਕੋਈ ਵੇਖਦਾ ਸੀ। ਜਿਨ੍ਹਾਂ ਦੇ ਅੱਗ ਨੇੜੇ ਵੀ ਨਹੀਂ ਗਈ ਸੀ, ਵੇਖ-ਵੇਖ ਕੇ ਲੋਕ ਬਹੁਤ ਹੈਰਾਨ ਹੋ ਰਹੇ ਸਨ॥੩੧॥

**ਧਰੀ ਨੁਰੰਗੇ ਤਬਿ ਨਿਜ ਹਾਥ। ਬੋਲਜੋ ਬਾਕ ਗੁਰਨਿ ਕੇ ਸਾਥ।**
**'ਕਯਾ ਉੱਤ੍ਰ ਇਸ ਬਿਖੇ ਤੁਮਾਰੇ? ਜਯੋਂ ਹਮ ਪੂਛਜੋ ਬਿਦਤ ਉਚਾਰੇ॥ ੩੨॥**

ਫਿਰ ਨੌਰੰਗੇ ਨੇ ਉਨ੍ਹਾਂ ਨੂੰ ਆਪਣੇ ਹੱਥ ਉੱਤੇ ਧਰਿਆ ਤੇ ਗੁਰੂ ਜੀ ਨੂੰ ਉਹ ਕਹਿਣ ਲੱਗਾ, "ਇਸ ਵਿਚ ਤੁਹਾਡਾ ਕੀ ਉੱਤਰ ਹੈ? ਜਿਵੇਂ ਅਸੀਂ ਪ੍ਰਗਟ ਰੂਪ ਵਿਚ ਉਚਾਰਨ ਕਰਕੇ ਪੁੱਛਿਆ ਹੈ॥੩੨॥

ਇਨ ਮਹਿਂ ਕਜਾ ਅਜ਼ਮਤ ਦਿਖਰਾਈ। ਮਿਰਚ ਰਾਸ ਤੇ ਤੀਨ ਬਚਾਈ।
ਕਜਾ ਹਮ ਜਾਨਹਿਂ ਦੇਹੁ ਬਤਾਇ। ਮਾਨਜੋਂ ਦੀਨ ਕਿ ਨਹਿਂ ਮਨ ਲਜਾਇ' ॥੩੩॥

ਇਨ੍ਹਾਂ ਵਿਚ ਕਿਹੜੀ ਕਰਾਮਾਤ ਵਿਖਾਈ ਦਿੰਦੀ ਹੈ, ਮਿਰਚਾਂ ਦੇ ਵੱਡੇ ਢੇਰ ਵਿਚੋਂ ਤਿੰਨ ਬਚਾਈਆਂ ਹਨ। ਅਸੀਂ ਕੀ ਜਾਣੀਏ ਇਹ ਦੱਸ ਦੇਵੋ, ਸਾਡਾ ਦੀਨ ਮੰਨਿਆ ਹੈ ਕਿ ਮਨ ਵਿਚ ਨਹੀਂ ਲਿਆਏ ਹੋ' ॥੩੩॥

ਸੁਨਿ ਸ਼੍ਰੀ ਤੇਗ ਬਹਾਦਰ ਕਹਜੋ। 'ਅਜਹੁਂ ਨਹੀਂ ਉੱਤਰ ਤੁਮ ਲਹਜੋ?
ਜਿਮ ਖ਼ੁਦਾਇ ਕੀ ਮਰਜ਼ੀ ਅਹੈ। ਉੱਤਰ ਤਥਾ ਮਿਰਚ ਇਹ ਕਹੈਂ ॥ ੩੪॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਹਾਲੇ ਤਕ ਤੁਸੀਂ ਉੱਤਰ ਨਹੀਂ ਪਾਇਆ ਹੈ? ਜਿਵੇਂ ਖ਼ੁਦਾ ਦੀ ਮਰਜ਼ੀ ਹੈ, ਉਸ ਤਰ੍ਹਾਂ ਦਾ ਉੱਤਰ ਇਹ ਮਿਰਚਾਂ ਕਹਿ ਰਹੀਆਂ ਹਨ॥੩੪॥

ਇਕ ਕਰਿ ਦੇਊਂ ਚਾਹਿ ਇਹ ਤੇਰੀ। ਨਹਿਂ ਖੁਦਾਇ ਕੀ, ਹਮ ਨੇ ਹੇਰੀ।
ਪੂਰਬ ਹਿੰਦੂ ਤੁਰਕ ਜਗ ਦੋਇ। ਅਬਿ ਤੇ ਤੀਨ ਜਾਨੀਏ ਹੋਇਂ॥ ੩੫॥

ਸਾਰੇ ਧਰਮਾਂ ਨੂੰ ਇਕ ਧਰਮ ਕਰ ਦੇਵਾਂ, ਇਹ ਤੇਰੀ ਚਾਹਤ ਹੈ, 'ਅਸੀਂ ਖ਼ੁਦਾ ਦੀ ਮਰਜ਼ੀ ਨਹੀਂ ਵੇਖੀ ਹੈ। ਪਹਿਲਾਂ ਜਗਤ ਵਿਚ ਹਿੰਦੂ ਤੁਰਕ ਦੋਵੇਂ ਜਾਤਾਂ ਸਨ, ਹੁਣ ਇਹ ਤਿੰਨ ਹੋ ਗਈਆਂ ਸਮਝੋ॥੩੫॥

ਤੋਹਿ ਮਨੋਰਥ ਛੂਛਾ ਪਰੈ। ਜਤਨ ਅਨੇਕਨਿ ਤੇ ਨਹਿਂ ਸਰੈ।
ਹਮ ਤੁਮ ਜੀਵ ਕਹਾਂ ਤਿਸ ਆਗੇ। ਅਪਨੀ ਸ਼ਕਤਿ ਦਿਖਾਵਨਿ ਲਾਗੇ॥੩੬॥

ਤੁਹਾਡਾ ਮਨੋਰਥ ਖਾਲੀ ਰਹੇਗਾ, ਅਨੇਕਾਂ ਯਤਨਾਂ ਦੇ ਨਾਲ ਵੀ ਨਹੀਂ ਪੂਰਾ ਹੋਵੇਗਾ। ਅਸੀਂ ਤੁਸੀਂ ਜੀਵ ਉਸ ਖ਼ੁਦਾ ਦੇ ਅੱਗੇ ਕੀ ਹਾਂ, ਆਪਣੀ ਸ਼ਕਤੀ ਵਿਖਾਉਣ ਲੱਗੇ ਹਾਂ॥੩੬॥

ਸਕਲ ਖ਼ਲਕ ਖ਼ਾਲਿਕ ਕੀ ਗਾਈਏ। ਇਸ ਮਹਿਂ ਆਪਾ ਨਹੀਂ ਜਨਾਈਏ।
ਅਪਨਿ ਧਰਮ ਸਭਿਹਿਨਿ ਕੌ ਪਜਾਰੋ। ਸੁਖ ਕਾਂਖੀ ਨਹਿਂ ਤਜਹਿ ਦੁਖਾਰੋ॥੩੭॥

ਸਾਰੀ ਖ਼ਲਕਤ ਖ਼ਾਲਿਕ ਦੀ ਕਹਿਣੀ ਚਾਹੀਦੀ ਹੈ ਤੇ ਇਸ ਵਿਚ ਆਪਾ ਨਾ ਜਣਾਈਏ। ਆਪਣਾ ਧਰਮ ਸਾਰਿਆਂ ਨੂੰ ਪਿਆਰਾ ਹੈ। ਸੁਖ ਦੀ ਇੱਛਾ ਵਾਲੇ ਦੁਖੀ ਹੋ ਕੇ ਵੀ ਆਪਣਾ ਧਰਮ ਨਹੀਂ ਛੱਡਦੇ ਹਨ॥੩੭॥

ਨਿਜ ਨਿਜ ਧਰਮ ਰਾਖਹੀ ਜੋਇ। ਉੱਤਮ ਗਤਿ ਸੋ ਪ੍ਰਾਪਤਿ ਹੋਇ।
ਪਰੰਪਰਾ ਕੀ ਰੀਤਿ ਮਹਾਨੀ। ਕੌਨ ਸਕਹਿ ਇਸ ਕੋ ਕਰਿ ਹਾਨੀ॥ ੩੮॥

ਜਿਹੜੇ ਆਪਣਾ-ਆਪਣਾ ਧਰਮ ਰੱਖਣਗੇ, ਉਹ ਉੱਤਮ ਗਤੀ ਪ੍ਰਾਪਤ ਕਰਨਗੇ। ਪਰੰਪਰਾ ਦੀ ਮਹਾਨ ਰੀਤੀ ਹੈ, ਇਸ ਨੂੰ ਕੌਣ ਨਾਸ਼ ਕਰ ਸਕਦਾ ਹੈ॥੩੮॥

ਇਸ ਭੂਤਲ ਪਰ ਭਏ ਘਨੇਰੇ। ਤੇਜਵੰਤ ਸਮਰੱਥ ਬਡੇਰੇ।
ਗਰਬਤ ਗਮਨਤਿ ਜੋ ਬਿਪਰੀਤ। ਮੂਲ ਸਮੇਤ ਜਾਤਿ ਸੋ ਬੀਤ॥ ੩੯॥

ਇਸ ਧਰਤੀ 'ਤੇ ਬਹੁਤ ਵੱਡੇ-ਵੱਡੇ ਲੋਕ ਹੋਏ ਹਨ, ਜਿਹੜੇ ਮਹਾਨ ਪ੍ਰਤਾਪ ਵਾਲੇ ਅਤੇ ਵੱਡੇ ਸਮਰੱਥ ਸਨ। ਹੰਕਾਰ ਕਰਕੇ ਜੋ ਉਲਟ ਰੀਤੀ ਕਰਦੇ ਹਨ, ਉਹ ਮੂਲ ਸਮੇਤ ਇਸ ਦੁਨੀਆਂ ਤੋਂ ਪੁੱਟੇ ਜਾਂਦੇ ਹਨ॥੩੯॥

ਜਿਸ ਪ੍ਰਭੁ ਨੇ ਇਹ ਜੀਵ ਉਪਾਏ। ਰੱਛਕ ਹੁਇ ਸੋ ਬਨਹਿ ਸਹਾਏ।
ਅਪਰ ਬਿਖੈ ਕਜਾ ਸ਼ਕਤੀ ਅਹੈ। ਕਰਮ ਕੁਕਰਮ ਕਰਨਿ ਕੋ ਚਹੈ॥ ੪੦॥

ਜਿਸ ਪ੍ਰਭੂ ਨੇ ਇਹ ਜੀਵ ਪੈਦਾ ਕੀਤੇ ਹਨ, ਉਹ ਹੀ ਇਨ੍ਹਾਂ ਦੀ ਰੱਖਿਆ ਕਰਕੇ ਸਹਾਇਕ ਬਣਦਾ ਹੈ। ਹੋਰ ਕਿਸੇ ਵਿਚ ਕੀ ਸ਼ਕਤੀ ਹੈ ਜਿਹੜਾ ਕੁਕਰਮ ਦਾ ਕਾਰਜ ਕਰਨਾ ਚਾਹੁੰਦਾ ਹੋਵੇ॥੪੦॥

ਯਾਂਤੇ ਮਿਰਚਨ ਕੋ ਦ੍ਰਿਸ਼ਟਾਂਤ। ਪ੍ਰਭੁ ਮਰਜ਼ੀ ਦੇਖਨਿ ਸੱਖਯਾਤ।
ਹੋਇ ਨ ਏਕੋ, ਦੋਇ ਨ ਰਹੈ। ਬਨਹਿਂ ਤੀਨ, ਪੁਨ ਥਿਰਤਾ ਲਹੈਂ॥ ੪੧॥

ਇਸ ਕਰਕੇ ਮਿਰਚਾਂ ਦਾ ਦ੍ਰਿਸ਼ਟਾਂਤ ਦਿੱਤਾ ਹੈ, ਪ੍ਰਭੂ ਦੀ ਮਰਜ਼ੀ ਪ੍ਰਗਟ ਰੂਪ ਵਿਚ ਵੇਖੀ ਹੈ। ਧਰਮ ਇਕ ਨਹੀਂ ਹੋਵੇਗਾ, ਦੋ ਵੀ ਨਹੀਂ ਰਹਿਣਗੇ, ਤਿੰਨ ਬਣਨਗੇ ਫਿਰ ਸਥਿਰਤਾ ਪਾਉਣਗੇ॥੪੧॥

ਇਹ ਖ਼ੁਦਾਇ ਕੀ ਲਖਹੁ ਰਜ਼ਾਇ। ਜਿਸ ਕੋ ਕੋਇ ਨ ਸਕਹਿ ਮਿਟਾਇ।
ਚਲਿਬੋ ਸ੍ਰੀ ਪ੍ਰਭੁ ਕੇ ਅਨੁਸਾਰੀ। ਧਰਮ ਰੀਤਿ ਇਹ ਲਖਹੁ ਹਮਾਰੀ'॥ ੪੨॥

ਇਹ ਖ਼ੁਦਾ ਦੀ ਰਜ਼ਾ ਸਮਝੋ, ਜਿਸ ਨੂੰ ਕੋਈ ਵੀ ਮਿਟਾ ਨਹੀਂ ਸਕਦਾ ਹੈ। ਪ੍ਰਭੂ ਦੀ ਆਗਿਆ ਅਨੁਸਾਰ ਚਲਣਾ ਚਾਹੀਦਾ ਹੈ, ਸਾਡੀ ਇਸ ਧਰਮ ਰੀਤੀ ਨੂੰ ਸਮਝੋ'॥੪੨॥

*ਬਾਰ੍ਹਵੀਂ ਰਾਸ ਦਾ ਅਠਤਾਲ੍ਹੀਵਾਂ ਅਧਿਆਇ ਸਮਾਪਤ ਹੋਇਆ॥੪੮॥*

## *ਅਧਿਆਇ ਉਨੰਜਵਾਂ*

*ਕੈਦ ਵਿਚੋਂ ਸਿੱਖਾਂ ਦੇ ਘਰ ਪ੍ਰਸ਼ਾਦ ਛਕਣਾ*

ਦੋਹਰਾ- ਕਾਰਾਗ੍ਰਿਹ ਮਹਿਂ ਸਤਿਗੁਰੂ ਪਠਿ ਦੀਨੇ ਤੁਰਕੇਸ਼।
ਰਿਦੇ ਬਿਚਾਰ ਉਚਾਰਤੋ ਬੈਠੀ ਸਭਾ ਅਸ਼ੇਸ਼॥ ੧॥

ਤੁਰਕ ਬਾਦਸ਼ਾਹ ਨੇ ਸਤਿਗੁਰੂ ਜੀ ਨੂੰ ਕੈਦਖਾਨੇ ਵਿਚ ਭੇਜ ਦਿੱਤਾ। ਸਾਰੀ ਸਭਾ ਵਿਚ ਬੈਠਾ ਨੌਰੰਗਾ ਆਪਣੇ ਹਿਰਦੇ ਦੇ ਵਿਚਾਰ ਉਚਾਰਨ ਕਰ ਰਿਹਾ ਸੀ॥੧॥

*ਚੌਪਈ*-'ਇਹ ਹਿੰਦੁਨਿ ਕੋ ਗੁਰੂ ਕਹਾਵੈ। ਅਜ਼ਮਤ ਇਸ ਮਹਿਂ ਦ੍ਰਿਸ਼ਟਿ ਸੁ ਆਵੈ।
ਅਗਨਿ ਬ੍ਰਿੰਦ ਮਹਿਂ ਮਿਰਚੇ ਤੀਨ। ਜਲਨਿ ਨ ਦਈ ਦਿਖਾਵਨਿ ਕੀਨਿ॥੨॥

"ਇਹ ਹਿੰਦੂਆਂ ਦੇ ਗੁਰੂ ਕਹਾਉਂਦੇ ਹਨ, ਕਰਾਮਾਤ ਇਨ੍ਹਾਂ ਵਿਚ ਪ੍ਰਗਟ ਰੂਪ ਵਿਚ ਦਿਖਾਈ ਦੇ ਰਹੀ ਹੈ। ਏਨੇ ਵੱਡੇ ਅੱਗ ਦੇ ਭਾਂਬੜ ਵਿਚ ਤਿੰਨ ਮਿਰਚਾਂ ਸੜਨ ਨਹੀਂ ਦਿੱਤੀਆਂ, ਸਾਨੂੰ ਵਿਖਾ ਦਿੱਤੀਆਂ ਹਨ॥੨॥

ਅਪਰ ਪੰਚ ਮਨ ਸਗਰੀ ਜਰੀ। ਬਿਨਾ ਤੀਨ ਤੇ ਇਕ ਨ ਉਬਰੀ।
ਕਰਾਮਾਤ ਇਹ ਨਹੀਂ ਦਿਖਾਵੈ। ਪਠਿ ਕਲਮਾ ਨ ਸ਼ਰਾ ਮਹਿਂ ਆਵੈ॥੩॥

ਹੋਰ ਪੰਜ ਮਣ ਮਿਰਚਾਂ ਸਾਰੀਆਂ ਸੜ ਗਈਆਂ ਹਨ, ਤਿੰਨ ਮਿਰਚਾਂ ਤੋਂ ਬਗੈਰ ਹੋਰ ਇਕ ਵੀ ਨਹੀਂ ਬਚੀ ਹੈ। ਇਹ ਕਰਾਮਾਤ ਨਹੀਂ ਵਿਖਾਉਣਗੇ ਤੇ ਨਾ ਹੀ ਕਲਮਾ ਪੜ੍ਹ ਕੇ ਸ਼ਰ੍ਹਾ ਵਿਚ ਆਉਣਗੇ॥੩॥

ਅਪਨੇ ਹਠ ਕੋ ਦ੍ਰਿਢ ਕਰਿ ਪਾਲੈ। ਕਹੇ ਹਮਾਰੇ ਪਰ ਨਹਿਂ ਚਾਲੈ।
ਭਯੋ ਕੈਦ ਦੁਖ ਲਹੈ ਘਨੇਰਾ। ਤਊ ਨ ਮਾਨਤਿ ਹੈ ਇਕ ਬੇਰਾ॥ ੪॥

ਆਪਣੇ ਹਠ ਨੂੰ ਦ੍ਰਿੜ੍ਹ ਰਹਿ ਕੇ ਪਾਲਣਗੇ ਤੇ ਸਾਡੇ ਕਹਿਣ ਉੱਤੇ ਵੀ ਨਹੀਂ ਚਲਣਗੇ। ਕੈਦ ਵਿਚ ਪਏ ਬਹੁਤ ਦੁਖ ਪਾਉਣਗੇ, ਫਿਰ ਵੀ ਇਕ ਵਾਰ ਨਹੀਂ ਮੰਨਣਗੇ" ॥੪॥

ਸੁਨਿ ਕਰਿ ਸ਼ਰਾ ਫਾਸ ਕੇ ਬੰਧੇ। ਨੌਰੰਗ ਸੰਗ ਭਨਹਿਂ ਮਤਿ ਅੰਧੇ।
'ਰਾਖਹੁ ਕੈਦ ਤਾੜਨਾ ਲਹੇ। ਸਰਬ ਪ੍ਰਕਾਰ ਕਠਨ ਹੁਇ ਰਹੇ॥ ੫॥

ਇਹ ਸੁਣ ਸ਼ਰ੍ਹਾ ਦੇ ਰੱਸੇ ਨਾਲ ਬੰਨ੍ਹੇ ਹੋਏ ਅੰਨ੍ਹੀ ਮੱਤ ਵਾਲੇ ਮੌਲਵੀ, ਕਾਜ਼ੀ ਅਤੇ ਉਮਰਾਵ ਨੌਰੰਗੇ ਨੂੰ ਕਹਿਣ ਲੱਗੇ, "ਕੈਦ ਵਿਚ ਰੱਖੋ ਸਬਕ ਸਿੱਖਣ, ਸਭ ਪ੍ਰਕਾਰ ਦੁਖੀ ਹੋ ਕੇ ਰਹਿਣ॥੫॥

ਮਿਲਿਬੇ ਦੇਹੁ ਨ ਕਿਸ ਕੇ ਸੰਗ। ਪਾਵਹਿ ਕਸ਼ਟ ਬੰਧ ਲਿਹੁ ਅੰਗ।
ਬਹੁ ਦਿਨ ਮਹਿਂ ਅਕੁਲਾਇ ਬਿਸਾਲੇ। ਕਹੇ ਤੁਮਾਰੇ ਮਹਿਂ ਤਬਿ ਚਾਲੈ' ॥ ੬ ॥

ਇਨ੍ਹਾਂ ਨੂੰ ਕਿਸੇ ਦੇ ਨਾਲ ਮਿਲਣ ਨਾ ਦੇਵੋ, ਇਨ੍ਹਾਂ ਦੇ ਅੰਗਾਂ ਨੂੰ ਬੰਨ੍ਹ ਲਵੋ ਤਾਂਕਿ ਕਸ਼ਟ ਪਾਉਣ। ਬਹੁਤ ਦਿਨਾਂ ਵਿਚ ਵਿਆਕੁਲ ਹੋ ਜਾਣਗੇ ਫਿਰ ਤੁਹਾਡੇ ਕਹੇ ਵਿਚ ਚਲਣਗੇ" ॥੬॥

ਇਮ ਸ੍ਰੀ ਤੇਗ ਬਹਾਦਰ ਗਏ। ਕਾਰਾਗ੍ਰਿਹ ਮਹਿਂ ਬੈਠਤਿ ਭਏ।
ਦਿੱਲੀ ਨਗਰ ਬਸਹਿਂ ਸਿਖ ਗੁਰ ਕੇ। ਧਾਰਹਿਂ ਪ੍ਰੇਮ ਭਾਉ ਦ੍ਰਿਢ ਉਰ ਕੇ ॥੭॥

ਇਸ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਚਲੇ ਗਏ ਤੇ ਕੈਦਖਾਨੇ ਵਿਚ ਜਾ ਕੇ ਬੈਠ ਗਏ। ਦਿੱਲੀ ਨਗਰ ਵਿਚ ਗੁਰੂ ਜੀ ਦੇ ਬਹੁਤ ਸਿੱਖ ਵੱਸਦੇ ਸਨ, ਉਹ ਹਿਰਦੇ ਵਿਚ ਬੜਾ ਪ੍ਰੇਮ ਭਾਉ ਧਾਰਨ ਕਰਦੇ ਸਨ॥੭॥

ਇਕ ਸਿੱਖ ਨੇ ਗੁਰ ਹੇਤੁ ਅਹਾਰਾ। ਕਰਨਿ ਹੁਤੋ, ਤਿਨ ਰਿਦੇ ਬਿਚਾਰਾ।
ਅਬਿ ਤੌ ਪੁਰਿ ਮਹਿਂ ਸਤਿਗੁਰ ਰਹੈਂ। ਜੋ ਸਿੱਖਜਨਿ ਕੇ ਸ੍ਵਾਮੀ ਅਹੈਂ॥ ੮॥

ਇਕ ਸਿੱਖ ਨੇ ਗੁਰੂ ਜੀ ਨੂੰ ਭੋਜਨ ਛਕਾਉਣ ਵਾਸਤੇ ਆਪਣੇ ਹਿਰਦੇ ਵਿਚ ਵਿਚਾਰ ਬਣਾਇਆ। ਹੁਣ ਤਾਂ ਨਗਰ ਵਿਚ ਸਤਿਗੁਰੂ ਜੀ ਰਹਿੰਦੇ ਹਨ, ਜਿਹੜੇ ਸਿੱਖਾਂ ਦੇ ਸਵਾਮੀ ਹਨ॥੮॥

ਤਿਨ ਕੋ ਅਪਨੇ ਸਦਨ ਬੁਲਾਇ। ਅਸਨ ਅਚਾਵੌਂ ਰੁਚਿਰ ਬਨਾਇ।
ਅਹੈਂ ਕੈਦ ਮਹਿਂ, ਜੋ ਨਹਿਂ ਆਵਹਿਂ। ਲੈ ਕਰਿ ਜਾਉਂ, ਤਿਸੀ ਥਲ ਖਾਵਹਿਂ ॥੯॥

ਉਨ੍ਹਾਂ ਨੂੰ ਆਪਣੇ ਘਰ ਬੁਲਾ ਕੇ, ਸਵਾਦੀ ਭੋਜਨ ਤਿਆਰ ਕਰਕੇ ਛਕਾਈਏ। ਹੁਣ ਕੈਦਖਾਨੇ ਵਿਚ ਹਨ, ਜੇ ਨਾ ਆਉਣ ਤਾਂ ਭੋਜਨ ਉਥੇ ਲੈ ਜਾਵਾਂਗਾ, ਉਸ ਥਾਂ ਹੀ ਖਾ ਲੈਣਗੇ॥੯॥

ਸਭਿ ਤੇ ਅਧਿਕ ਭਾਗ ਵਡਿਆਈ। ਹੋਹਿ ਮੋਹਿ ਕਹੁ ਜੇ ਬਨ ਜਾਈ।
ਮਮ ਘਰ ਚਰਨ ਪਾਇਂ ਨਹਿਂ ਜੇਈ। ਤਹਾਂ ਗਏ ਤੇ ਅਚਹਿਂ ਨ ਤੇਈ॥ ੧੦॥

ਜੇ ਇਹ ਗੱਲ ਬਣ ਜਾਵੇ ਤਾਂ ਸਭ ਤੋਂ ਵੱਡੇ ਭਾਗ ਤੇ ਵਡਿਆਈ ਮੇਰੀ ਹੋਵੇਗੀ, ਜੇ ਮੇਰੇ ਘਰ ਵਿਚ ਗੁਰੂ ਜੀ ਚਰਨ ਨਾ ਪਾਉਣਗੇ, ਤੇ ਭੋਜਨ ਉਥੇ ਖੜਨ ਨਾਲ ਨਹੀਂ ਖਾਣਗੇ॥੧੦॥

ਮੰਦ ਭਾਗ ਅਪਨੋ ਤਬਿ ਜਾਨੋਂ। ਗੁਰ ਪ੍ਰਸੰਨ ਨਹਿਂ ਹੈ ਇਮ ਮਾਨੋਂ।
ਇੱਤਯਾਦਿਕ ਗਨ ਤਰਕ ਬਿਚਾਰਤਿ। ਗਯੋ ਕੈਦ ਥਲ ਹੁਇ ਪ੍ਰੇਮਾਰਤੁ ॥੧੧॥

ਤਦ ਮੈਂ ਆਪਣੇ ਮਾੜੇ ਭਾਗ ਜਾਣਾਂਗਾ, ਇਸ ਤਰ੍ਹਾਂ ਸਮਝਾਂਗਾ ਕਿ ਗੁਰੂ ਜੀ ਮੇਰੇ ਤੇ ਪ੍ਰਸੰਨ ਨਹੀਂ ਹਨ। ਇਸ ਤਰ੍ਹਾਂ ਬਹੁਤ ਤਰਕਾਂ 'ਤੇ ਵਿਚਾਰ ਕੀਤੀ ਤੇ ਪ੍ਰੇਮ ਨਾਲ ਆਤਰ ਹੋ ਕੇ ਕੈਦਖਾਨੇ ਵਾਲੇ ਸਥਾਨ ਤੇ ਪਹੁੰਚ ਗਿਆ॥੧੧॥

Sri Satguru Jagjit Singh Ji eLlibrary NamdhariElibrary@gmail.com

ਬੂਝਿ ਸਿਪਾਹਿਨਿ ਗਾ ਗੁਰੁ ਪਾਸ। ਖਰੋ ਭਯੋ ਢਿਗ ਕਹਿ ਅਰਦਾਸ।
ਨਮੋ ਠਾਨਿ ਕਰਿ ਜੋਰੇ ਹਾਥ। ਪੁਲਤ ਬਿਲੋਚਨ ਜਲ ਕੇ ਸਾਥ॥ ੧੨॥

ਸਿਪਾਹੀਆਂ ਨੂੰ ਪੁੱਛ ਕੇ ਗੁਰੂ ਜੀ ਦੇ ਪਾਸ ਗਿਆ ਤੇ ਨਜ਼ਦੀਕ ਖੜੇ ਹੋ ਕੇ ਬੇਨਤੀ ਕਹੀ। ਹੱਥ ਜੋੜ ਕੇ ਨਮਸਕਾਰ ਕੀਤੀ। ਦੋਵੇਂ ਅੱਖਾਂ ਜਲ ਨਾਲ ਭਰੀਆਂ ਹੋਈਆਂ ਸਨ॥੧੨॥

'ਸੁਨਹੁ ਨਾਥ! ਅਭਿਲਾਖਾ ਮੋਰੀ। ਬਹੁ ਦਿਵਸਨ ਕੀ ਰਿਦੇ ਬਡੇਰੀ।
ਸ੍ਰੀ ਗੁਰੁ ਸਦਨ ਚਰਨ ਕੋ ਪਾਵਹਿੰ। ਮੋਰ ਹਾਥ ਤੇ ਭੋਜਨ ਖਾਵਹਿੰ॥ ੧੩॥

ਕਹਿਣ ਲੱਗਾ, "ਹੇ ਗੁਰੂ ਜੀ! ਮੇਰੀ ਬੇਨਤੀ ਸੁਣੋ, ਬਹੁਤ ਦਿਨਾਂ ਦੀ ਮੇਰੇ ਹਿਰਦੇ ਵਿਚ ਇਕ ਵੱਡੀ ਅਭਿਲਾਸ਼ਾ ਹੈ। ਸ੍ਰੀ ਗੁਰੂ ਜੀ ਮੇਰੇ ਘਰ ਵਿਚ ਆਪਣੇ ਚਰਨ ਪਾਉਣ ਤੇ ਮੇਰੇ ਹੱਥ ਤੋਂ ਭੋਜਨ ਖਾਣ॥੧੩॥

ਅਸਮੰਜਸ ਜਾਨਹਿੰ ਬਿਧਿ ਜੋਊ। ਨਿਸ਼ਚਾ ਹੋਤਿ ਮੋਹਿ ਕਹੁ ਤੋਊ।
ਪ੍ਰੇਮ ਅਧੀਨ ਪ੍ਰਭੂ ਹੈਂ ਮੇਰੇ। ਅਨਕਰਨੋ ਭੀ ਕਰਹਿੰ ਸੁ ਪ੍ਰੇਰੇ।॥ ੧੪॥

ਜਿਹੜੀ ਗੱਲ ਗੁਰੂ ਜੀ ਦੀ ਕੈਦਖਾਨੇ ਵਿਚੋਂ ਮੇਰੇ ਘਰ ਆਉਣ ਦੀ ਹੈ, ਕਠਨ ਤੇ ਅਣਹੋਣੀ ਜਾਪਦੀ ਹੈ, ਫਿਰ ਵੀ ਮੈਨੂੰ ਪੂਰਨ ਨਿਸ਼ਚਾ ਹੈ ਮੇਰੇ ਪ੍ਰਭੂ ਜੀ ਪ੍ਰੇਮ ਅਧੀਨ ਹਨ। ਪ੍ਰੇਮ ਦੇ ਪ੍ਰੇਰੇ ਹੋਏ ਉਹ ਅਸੰਭਵ ਨੂੰ ਸੰਭਵ ਬਣਾ ਦਿੰਦੇ ਹਨ॥੧੪॥

ਪੂਰਹੁ ਇੱਛਾ ਨਾਥ! ਹਮਾਰੀ। ਅਚਹੁ ਅਸਨ ਕਹੁ ਚਲਿ ਇਕ ਬਾਰੀ।
ਨਾਂਹਿ ਤ ਕਹਹੁ ਇਹਾਂ ਲੈ ਆਵੌਂ। ਬੈਠਿ ਸਮੀਪ ਅਹਾਰ ਅਚਾਵੌਂ॥ ੧੫॥

ਹੇ ਮਾਲਕ ਗੁਰੂ ਜੀ! ਸਾਡੀ ਇੱਛਾ ਪੂਰੀ ਕਰੋ, ਇਕ ਵਾਰ ਚਲ ਕੇ ਭੋਜਨ ਛੱਕੋ। ਨਹੀਂ ਤਾਂ ਜੇ ਕਹੋ, ਏਥੇ ਲੈ ਆਵਾਂਗਾ ਪਾਸ ਬੈਠ ਕੇ ਭੋਜਨ ਛਕਾਵਾਂਗਾ"॥੧੫॥

ਸੁਨਿ ਸਿਖ ਬਿਨਤੀ, ਪ੍ਰਭੁ ਅਲਾਵਹਿੰ। 'ਕਰਿ ਤਿਆਰ ਹਮ ਭੋਜਨ ਖਾਵਹਿੰ।
ਤੋਹਿ ਸਦਨ ਮਹਿੰ ਆਵਹਿੰ ਬੈਸੇ। ਇੱਛਾ ਪੂਰਹਿੰ ਤਵ ਉਰ ਜੈਸੇ॥ ੧੬॥

ਸਿੱਖ ਦੀ ਬੇਨਤੀ ਸੁਣ ਕੇ ਪ੍ਰਭੂ ਜੀ ਨੇ ਕਿਹਾ, "ਤੂੰ ਭੋਜਨ ਤਿਆਰ ਕਰ, ਅਸੀਂ ਛਕਾਂਗੇ। ਤੇਰੇ ਘਰ ਵਿਚ ਆ ਕੇ ਬੈਠਾਂਗੇ ਤੇਰੇ ਹਿਰਦੇ ਦੀ ਜਿਵੇਂ ਇੱਛਾ ਹੈ, ਇਸ ਨੂੰ ਪੂਰੀ ਕਰਾਂਗੇ॥੧੬॥

ਦੋਹਰਾ- ਹੈ ਪ੍ਰਭਾਤਿ ਜਬਿ ਆਗਲੀ ਦਿਵਸ ਆਇ ਹੈ ਜਾਮ।
ਅਚਵਹਿੰ ਭੋਜਨ ਪਹੁਚਿ ਕੈ ਬੈਠਿ ਤਿਹਾਰੇ ਧਾਮ'॥ ੧੭॥

ਸਵੇਰ ਹੋ ਕੇ ਜਦ ਅਗਲੇ ਦਿਨ ਇਕ ਪਹਿਰ ਦਿਨ ਬੀਤ ਜਾਵੇ ਤਾਂ ਤੁਹਾਡੇ ਘਰ ਵਿਚ ਬੈਠ ਕੇ ਭੋਜਨ ਛਕਾਂਗੇ"॥੧੭॥

ਚੌਪਈ- ਸੁਨਿ ਸਤਿਗੁਰ ਬਚ ਬਿਨ ਸੰਦੇਹ। ਹਰਖ ਭਯੋ ਸਿਖ ਬਿਸਮਯ ਲੇਹਿ।
'ਅਹੈਂ ਕੈਦ ਮਹਿੰ, ਚੌਕੀ ਪਾਸ। ਤਊ ਆਇ ਹੈਂ ਮੋਰ ਅਵਾਸ'॥੧੮॥

ਸਤਿਗੁਰੂ ਜੀ ਦੇ ਬਚਨ ਸੁਣਕੇ ਸਿੱਖ ਸ਼ੰਕਾ ਰਹਿਤ ਹੋ ਕੇ ਪ੍ਰਸੰਨ ਹੋਇਆ ਪਰ ਮਨ ਵਿਚ ਕੁਝ ਹੈਰਾਨ ਵੀ ਹੋਇਆ, ਸੋਚਣ ਲੱਗਾ, "ਗੁਰੂ ਜੀ ਕੈਦ ਵਿਚ ਹਨ, ਪਹਿਰੇਦਾਰ ਪਾਸ ਖੜੇ ਹਨ, ਫਿਰ ਵੀ ਉਹ ਮੇਰੇ ਘਰ ਵਿਚ ਆਉਣਗੇ"॥੧੮॥

ਬੰਦਨ ਕਰਿ ਉਤਲਾਵਤਿ ਗਯੋ। ਰੁਚਿਰ ਅਹਾਰ ਕਰਨਿ ਉਦਤਯੋ।
ਕਰਜੋ ਤਿਹਾਵਲ ਬਹੁ ਸੁਚ ਧਾਰੀ। ਪੁਨ ਪਾਇਸੁ ਕਰਵਾਇਸਿ ਤਜਾਰੀ॥੧੯॥

ਬੰਦਨਾ ਕਰਕੇ ਬੜੀ ਕਾਹਲੀ-ਕਾਹਲੀ ਚਲੇ ਗਿਆ, ਸਵਾਦੀ ਭੋਜਨ ਤਿਆਰ ਕਰਨ ਵਾਸਤੇ ਤਿਆਰ ਹੋ ਗਿਆ। ਬਹੁਤ ਸੁੱਚਮ ਧਾਰ ਕੇ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਫਿਰ ਖੀਰ ਤਿਆਰ ਕਰਵਾਈ॥੧੯॥

**ਓਦਨ, ਪਹਿਤ, ਸ੍ਵਾਦ ਦਧਿ ਬਰੇ। ਕਰੇ ਪਾਤਰੇ ਮੰਡੇ ਖਰੇ।**
**ਅਧਿਕ ਸਲਵਣ ਸ ਤੁਰਸ਼ ਬਨਾਏ। ਇੱਤਜਾਦਿਕ ਬਹੁ ਮਧੁਰ ਕਰਾਏ॥੨੦॥**

ਚਾਵਲ, ਦਾਲ ਤੇ ਸਵਾਦੀ ਦਹੀਂ ਵੜੇ ਤੇ ਪਤਲੇ ਪਰਸ਼ਾਦੇ ਤਿਆਰ ਕਰਵਾਏ। ਬਹੁਤ ਲੂਣ ਵਾਲੇ ਤੇ ਖੱਟੇ ਭੋਜਨ ਤਿਆਰ ਕਰਵਾਏ। ਇਸ ਤਰ੍ਹਾਂ ਬਹੁਤ ਮਿੱਠੇ ਪਦਾਰਥ ਤਿਆਰ ਕਰਵਾਏ॥੨੦॥

**ਇਮ ਕਰਤਜੋਂ ਭੋਜਨ ਅਭਿਰਾਮ। ਬਾਸੁਰ ਹੋਤਿ ਭਯੋ ਜਬਿ ਜਾਮ।**
**ਸਦਨ ਸਿੱਖਜ ਕੇ ਪ੍ਰਗਟੇ ਆਇ। ਕਹਜੋ 'ਛੁਧਾ ਹਮ ਕੋ ਅਧਿਕਾਇ॥੨੧॥**

ਇਸ ਤਰ੍ਹਾਂ ਮਨੋਹਰ ਭੋਜਨ ਤਿਆਰ ਕੀਤਾ ਤੇ ਜਦ ਇਕ ਪਹਿਰ ਦਿਨ ਬੀਤ ਗਿਆ ਤਾਂ ਗੁਰੂ ਜੀ ਸਿੱਖ ਦੇ ਘਰ ਆ ਪ੍ਰਗਟ ਹੋਏ ਤੇ ਕਿਹਾ, "ਸਾਨੂੰ ਬਹੁਤ ਭੁੱਖ ਲੱਗੀ ਹੈ॥੨੧॥

**ਜੋ ਅਹਾਰ ਤੈਂ ਤਜਾਰ ਕਰਾਇ। ਸੋ ਅਬਿ ਲਜਾਵਹੁ ਦੇਹੁ ਅਚਾਇ।**
**ਦੇਰਿ ਨ ਕਰਹੁ ਨੀਰ ਕੋ ਆਨਹੁ। ਬੈਠਹਿਂ ਹਮ ਕਿਸ ਥਾਨ ਬਖਾਨਹੁ ?॥੨੨॥**

ਜੋ ਭੋਜਨ ਤੂੰ ਤਿਆਰ ਕਰਵਾਏ ਹਨ, ਉਹ ਹੁਣ ਲਿਆ ਕੇ ਛਕਾ ਦੇਵੇਂ। ਦੇਰ ਨਾ ਕਰੇ ਪਾਣੀ ਲਿਆਵੇ, ਕਿਸ ਥਾਂ ਅਸੀਂ ਬੈਠੀਏ ਇਹ ਦੱਸੋ ?॥੨੨॥

**ਦੇਖਿ ਪ੍ਰੇਮ ਅਰੁ ਭਾਉ ਬਡੇਰੇ। ਭੋ ਸਿਖ ਚਲਿ ਆਏ ਘਰ ਤੇਰੇ'।**
**ਦੇਖਤਿ ਸਿੱਖਜ ਬਿਲੰਦ ਅਨੰਦਜੋ। ਹਾਥ ਜੋਰਿ ਪਗ ਪੰਕਜ ਬੰਦਜੋ॥੨੩॥**

ਤੇਰਾ ਵੱਡਾ ਪ੍ਰੇਮ ਭਾਉ ਵੇਖ ਕੇ, ਹੇ ਸਿੱਖ! ਚਲ ਕੇ ਤੇਰੇ ਘਰ ਆਏ ਹਾਂ। ਵੇਖ ਕੇ ਸਿੱਖ ਬਹੁਤ ਪ੍ਰਸੰਨ ਹੋਇਆ। ਹੱਥ ਜੋੜ ਕੇ ਉਸ ਚਰਨ ਕੰਵਲਾਂ 'ਤੇ ਮੱਥਾ ਟੇਕਿਆ॥੨੩॥

**ਸੁੰਦਰ ਚੌਂਕੀ ਦਈ ਬਿਛਾਇ। ਨਏ ਬਸਤ੍ਰ ਉੱਜਲ ਤੇ ਛਾਇ।**
**'ਕ੍ਰਿਪਾ ਨਿਧਾਨ! ਬੈਠੀਏ ਆਪ। ਸਿਖ ਕੇ ਪਾਪ ਸੰਤਾਪਹਿਂ ਖਾਪ॥੨੪॥**

ਇਕ ਸੁੰਦਰ ਚੌਂਕੀ ਉੱਤੇ ਨਵੇਂ ਅਤੇ ਉੱਜਲ ਕੱਪੜੇ ਵਿਛਾ ਦਿੱਤੇ ਤੇ ਕਿਹਾ, "ਹੇ ਕ੍ਰਿਪਾ ਨਿਧਾਨ! ਆਪ ਜੀ ਏਥੇ ਬੈਠੋ, ਸਿੱਖ ਦੇ ਪਾਪ ਸੰਤਾਪ ਦੂਰ ਕਰੋ॥੨੪॥

**ਦਾਸ ਪ੍ਰੇਮ ਕੇ ਬਸਿ ਮਹਿਂ ਰਹੋ। ਨਿਤ ਪਰਲੋਕ ਸਹਾਇਕ ਅਹੋ।**
**ਬਹੁਤ ਦਿਵਸ ਕੀ ਇੱਛਾ ਮੇਰੇ। 'ਕਬਿ ਪੂਰਹਿਂ ਗੁਰ ਆਵਹਿਂ ਡੇਰੇ'॥੨੫॥**

ਆਪਣੇ ਸੇਵਕਾਂ ਦੇ ਪ੍ਰੇਮ ਦੇ ਵੱਸ ਵਿਚ ਰਹਿੰਦੇ ਹੋ, ਸਦਾ ਪਰਲੋਕ ਵਿਚ ਸਹਾਇਤਾ ਕਰਦੇ ਹੋ। ਬਹੁਤ ਦਿਨਾਂ ਦੀ ਮੇਰੀ ਇੱਛਾ ਹੈ, ਕਦ ਗੁਰੂ ਜੀ ਮੇਰੇ ਘਰ ਵਿਚ ਆ ਕੇ ਮੇਰੀ ਇੱਛਾ ਪੂਰੀ ਕਰਨਗੇ॥੨੫॥

**ਮਮ ਚਿਤ ਕੀ ਲਖਿ ਅੰਤਰ ਜਾਮੀ ! ਕਰਜੋ ਕ੍ਰਿਤਾਰਥ, ਸਤਿਗੁਰੁ ਸ੍ਵਾਮੀ !'।**
**ਇੱਤਜਾਦਿਕ ਕਰਿ ਭਾਉ ਘਨੇਰਾ। ਕੀਨਿ ਪ੍ਰਸਾਦਿ ਤਜਾਰ ਤਿਸ ਬੇਰਾ॥੨੬॥**

ਅੰਤਰਜਾਮੀ ਗੁਰੂ ਜੀ ਨੇ ਮੇਰੇ ਚਿੱਤ ਦੀ ਗੱਲ ਜਾਣ ਲਈ ਹੈ ਤੇ ਸਤਿਗੁਰੂ ਸਵਾਮੀ ਜੀ ਨੇ ਮੇਰੇ ਤੇ ਕਿਰਪਾ ਕੀਤੀ ਹੈ।" ਇਸ ਤਰ੍ਹਾਂ ਬਹੁਤ ਪ੍ਰੇਮ ਕਰਕੇ, ਉਸ ਸਮੇਂ ਪ੍ਰਸ਼ਾਦਿ ਤਿਆਰ ਕੀਤਾ॥੨੬॥

Sri Satguru Jagjit Singh Ji eLlibrary NamdhariElibrary@gmail.com

ਦਰਸ਼ਨ ਹੇਤੁ ਅਪਰ ਸਿਖ ਆਏ। ਕਰ ਜੋਰਹਿਂ ਅਰੁ ਸੀਸ ਨਿਵਾਏ।
ਬਿਨੈ ਉਚਾਰਹਿਂ ਚਰਨ ਸਪਰਸੈਂ। ਪ੍ਰੇਮੀ ਆਇ ਸੁਨਤਿ ਹੀ ਦਰਸੈਂ ॥੨੭॥

ਫਿਰ ਦਰਸ਼ਨ ਕਰਨ ਵਾਸਤੇ ਹੋਰ ਬਹੁਤ ਸਿੱਖ ਆਏ, ਹੱਥ ਜੋੜ ਕੇ ਉਹ ਸਿਰ ਨਿਵਾਉਂਦੇ ਸਨ। ਬੇਨਤੀ ਕਰਕੇ ਚਰਨਾਂ ਨੂੰ ਛੂੰਹਦੇ ਸਨ। ਪ੍ਰੇਮੀ ਸਿੱਖ ਸੁਣਦਿਆਂ ਹੀ ਆ ਕੇ ਦਰਸ਼ਨ ਕਰਦੇ ਸਨ॥੨੭॥

ਤਬਿ ਸਿੱਖ ਨੇ ਜਲ ਕਰ ਮਹਿਂ ਧਾਰੇ। ਹਿਤ ਕਰਿ ਗੁਰੁ ਕੇ ਚਰਨ ਪਖਾਰੇ।
ਬਸਤ੍ਰ ਸਾਥ ਪੌਛਨਿ ਕਰਿ ਨੀਕੇ। ਪੁਨਹਿ ਪਲੋਸਤਿ ਆਸ੍ਰੈ ਜੀਕੇ॥ ੨੮॥

ਤਦ ਸਿੱਖ ਨੇ ਜਲ ਆਪਣੇ ਹੱਥਾਂ ਵਿਚ ਧਾਰਨ ਕੀਤਾ ਤੇ ਪ੍ਰੇਮ ਕਰਕੇ ਗੁਰੂ ਜੀ ਦੇ ਚਰਨ ਧੋਤੇ ਤੇ ਕੱਪੜੇ ਨਾਲ ਚੰਗੀ ਤਰ੍ਹਾਂ ਸਾਫ ਕੀਤੇ ਤੇ ਫਿਰ ਆਪਣੇ ਹਿਰਦੇ ਦੇ ਆਸਰੇ ਚਰਨਾਂ ਨੂੰ ਪਲੋਸਦੇ ਸਨ॥੨੮॥

ਜਿਨ ਚਰਨਨ ਕੀ ਸੇਵਾ ਕਾਰਨ। ਸੁਰ ਸਿਹਾਹਿਂ ਕਿਮ ਕਰਿ ਹੈਂ ਧਾਰਨ।
ਸੋ ਸਿਖ ਬਡਭਾਗੀ ਨੇ ਗਹਿ ਕਰਿ। ਨੇਤ੍ਰਨਿ ਸਾਥ ਸਪਰਸ਼ਤਿ ਧਰਿ ਧਰਿ॥੨੯॥

ਜਿਨ੍ਹਾਂ ਚਰਨਾਂ ਦੀ ਸੇਵਾ ਕਰਨ ਵਾਸਤੇ ਦੇਵਤੇ ਤਰਸਦੇ ਹਨ ਕਿ ਕਿਵੇਂ ਧਾਰਨ ਕਰੀਏ। ਉਸ ਵੱਡੇ ਭਾਗਾਂ ਵਾਲੇ ਸਿੱਖ ਨੇ ਚਰਨ ਫੜ ਕੇ ਉਸ ਉੱਤੇ ਆਪਣੇ ਨੇਤਰ ਧਰ-ਧਰ ਕੇ ਸਪਰਸ਼ ਕੀਤੇ॥੨੯॥

ਸਰਬ ਪ੍ਰਸ਼ਾਦਿ ਪਰੋਸਨਿ ਕਰਿਓ। ਗੁਰ ਆਗੇ ਬਡਿ ਥਾਰ ਸੁ ਧਰਿਓ।
ਰੁਚਿ ਸੋਂ ਲੇ ਕਰਿ ਸ੍ਵਾਦ ਅਹਾਰਾ। ਅਚਜੋ ਬਿਲੋਕਤਿ ਭਾਉ ਉਦਾਰਾ।
ਤਿਸ ਸਿਖ ਕੋ ਸ਼ਰਧਾਲੂ ਦੇਖਿ। ਤਹਿਂ ਘਰ ਆਏ ਜਲਧਿ ਬਿਬੇਕ॥ ੩੦॥

ਸਾਰਾ ਪ੍ਰਸ਼ਾਦਿ ਗੁਰੂ ਜੀ ਅੱਗੇ ਪਰੋਸ ਦਿੱਤਾ, ਵੱਡਾ ਥਾਲ ਭਰ ਕੇ ਗੁਰੂ ਜੀ ਅੱਗੇ ਧਰ ਦਿੱਤਾ। ਗੁਰੂ ਜੀ ਨੇ ਸਿੱਖ ਦਾ ਵੱਡਾ ਪ੍ਰੇਮ ਵੇਖ ਕੇ ਬੜੀ ਰੁਚੀ ਨਾਲ ਸਵਾਦੀ ਭੋਜਨ ਲੈ ਕੇ ਛਕਿਆ। ਉਸ ਸਿੱਖ ਨੂੰ ਵੱਡਾ ਸ਼ਰਧਾਲੂ ਵੇਖ ਕੇ ਗਿਆਨ ਦੇ ਸਾਗਰ ਭਾਵ ਗੁਰੂ ਜੀ ਉਸ ਦੇ ਘਰ ਆਏ ਸਨ॥੩੦॥

ਤਹਿਂ ਪਰੋਸ ਮਹਿਂ ਇਕ ਸਿਖ ਰਹੈ। ਕਰਨਿ ਅਹਾਰ ਗੁਰੂ ਹਿਤ ਚਹੈ।
ਹਾਥ ਜੋਰਿ ਕਰਿ ਗੁਰੂ ਅਗਾਰੀ। ਬਿਨੈ ਸਹਿਤ ਨਿਜ ਚਾਹਿ ਉਚਾਰੀ॥ ੩੧॥

ਉਥੇ ਗੁਆਂਢ ਵਿਚ ਇਕ ਹੋਰ ਸਿੱਖ ਰਹਿੰਦਾ ਸੀ, ਉਹ ਵੀ ਗੁਰੂ ਜੀ ਨੂੰ ਭੋਜਨ ਛਕਾਉਣਾ ਚਾਹੁੰਦਾ ਸੀ। ਉਸ ਨੇ ਹੱਥ ਜੋੜ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ ਤੇ ਆਪਣੀ ਚਾਹਤ ਦਾ ਉਚਾਰਨ ਕੀਤਾ॥੩੧॥

'ਸ੍ਰੀ ਗੁਰੁ ਜੀ ਮੇਰੀ ਅਰਦਾਸ। ਆਵਹੁ ਭੋਰ ਹਮਾਰ ਅਵਾਸ।
ਕ੍ਰਿਪਾ ਕਰਹੁ ਨਿਜ ਦਾਸ ਜਨੀਜੈ। ਭੋਜਨ ਭਾਉ ਸਮੇਤ ਅਚੀਜੈ॥ ੩੨॥

"ਹੇ ਗੁਰੂ ਜੀ ਮੇਰੀ ਬੇਨਤੀ ਹੈ, ਸਵੇਰੇ ਸਾਡੇ ਘਰ ਵਿਚ ਆਵੋ। ਕਿਰਪਾ ਕਰੋ, ਮੈਨੂੰ ਆਪਣਾ ਦਾਸ ਜਾਣੋ ਤੇ ਭੋਜਨ ਪ੍ਰੇਮ ਸਹਿਤ ਛਕੋ॥੩੨॥

ਪਾਵਨ ਪਾਵਨ ਕਰਿ ਘਰ ਪਾਵਨ। ਮੈਂ ਨਿਹਾਲ ਹੌਂ ਤੁਮਰੇ ਆਵਨਿ'।
ਅਧਿਕ ਦੀਨਤਾ ਪਿਖਿ ਸਿਖ ਕੇਰੀ। ਨੇਤ੍ਰ ਕ੍ਰਿਪਾਲ ਕਹ੍ਯੋ ਤਿਸ ਬੇਰੀ॥ ੩੩॥

ਆਪਣੇ ਪਵਿੱਤਰ ਚਰਨ ਮੇਰੇ ਘਰ ਵਿਚ ਪਾਵੋ, ਤੁਹਾਡੇ ਆਉਣ ਨਾਲ ਮੈਂ ਨਿਹਾਲ ਹੋ ਜਾਵਾਂਗਾ।" ਸਿੱਖ ਦੀ ਵੱਡੀ ਦੀਨਤਾ ਵੇਖ ਕੇ ਤਾਂ ਗੁਰੂ ਜੀ ਨੇ ਕ੍ਰਿਪਾਲੂ ਨੇਤਰ ਕਰਕੇ ਉਸ ਸਮੇਂ ਕਿਹਾ॥੩੩॥

'ਸੁੱਧ ਭਾਵਨਾ ਜੋ ਉਰ ਤੋਹੀ। ਸੋ ਸਤਿਗੁਰ ਤੇ ਪੂਰਨ ਹੋਹੀ'।
ਅਸ ਕਹਿ ਸਿੱਖਨਿ ਦੇ ਸੰਤੋਸ਼ਾ। ਜਿਸ ਤੇ ਦਿੜ੍ਹ ਉਰ ਬਧਹਿ ਭਰੋਸਾ ॥ ੩੪ ॥

"ਤੇਰੇ ਹਿਰਦੇ ਦੀ ਜਿਹੜੀ ਸ਼ੁੱਧ ਭਾਵਨਾ ਹੈ, ਉਹ ਸਤਿਗੁਰੂ ਤੋਂ ਪੂਰਨ ਹੋ ਗਈ ਹੈ।" ਇਸ ਤਰ੍ਹਾਂ ਕਹਿ ਕੇ ਸਿੱਖ ਨੂੰ ਸੰਤੋਖ ਬਖਸ਼ਿਆ, ਜਿਸ ਨਾਲ ਹਿਰਦੇ ਵਿਚ ਦ੍ਰਿੜ੍ਹ ਭਰੋਸਾ ਵਧਿਆ ॥ ੩੪ ॥

ਮੰਦ ਮੰਦ ਸਤਿਗੁਰ ਪੁਨ ਚਲੇ। ਜਿਨ ਦਰਸ਼ਨ ਤੇ ਦੁਖ ਦਲ ਮਲੇ।
ਮਿਲਹਿ ਸਿੱਖ ਕੋ, ਬੰਦਨ ਠਾਨਹਿਂ। ਪੁਨ ਆਪਸ ਮਹਿਂ ਮਿਲਹਿਂ ਬਖਾਨਹਿਂ ॥ ੩੫ ॥

ਹੌਲੀ-ਹੌਲੀ ਸਤਿਗੁਰੂ ਜੀ ਫਿਰ ਚਲ ਪਏ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ। ਕਈ ਸਿੱਖ ਮਿਲ ਕੇ ਬੰਦਨਾ ਕਰਦੇ ਸਨ, ਫਿਰ ਆਪਸ ਵਿਚ ਮਿਲ ਕੇ ਕਹਿੰਦੇ ਸਨ ॥ ੩੫ ॥

'ਸ੍ਰੀ ਪ੍ਰਭੁ ਸਰਬ ਭਾਂਤਿ ਸਮਰੱਥ। ਚਹਹਿਂ ਸੁ ਕਰਹਿਂ ਧਰੈਂ ਸਿਰ ਹੱਥ।
ਸਕਲ ਜਗਤ ਸਿਰਜਨ ਅਰੁ ਪਾਲਨ। ਕਰਹਿਂ ਛਿਨਕ ਮਹਿਂ ਸਭਿ ਕੋ ਘਾਲਨ ॥ ੩੬ ॥

"ਸ੍ਰੀ ਗੁਰੂ ਜੀ ਸਰਬ ਪ੍ਰਕਾਰ ਸਮਰੱਥ ਹਨ, ਜੋ ਚਾਹੁਣ ਸੋ ਕਰ ਸਕਦੇ ਹਨ, ਜਿਸ ਦੇ ਵੀ ਸਿਰ 'ਤੇ ਹੱਥ ਰੱਖਣ। ਸਾਰੇ ਜਗਤ ਦੀ ਸਿਰਜਨਾ ਕਰਨ ਵਾਲੇ ਅਤੇ ਪਾਲਣ ਵਾਲੇ ਹਨ ਤੇ ਇਕ ਛਿਨ ਵਿਚ ਸਾਰਿਆਂ ਨੂੰ ਮਾਰ ਸਕਦੇ ਹਨ ॥ ੩੬ ॥

ਸ਼ਕਤਿ ਮਹਤ ਤੇ ਮਹਤ ਧਰੰਤਿ ਹੈਂ। ਦਾਸ ਹਜ਼ਾਰਨਿ ਕਾਜ ਕਰੰਤਿ ਹੈਂ।
ਅਬਿ ਤੁਰਕੇਸ਼ੁਰ ਕੈਦ ਪਰੇ ਹੈਂ। ਕੋ ਜਾਨੈ ਕਿਮ ਛਿਮਾ ਧਰੇ ਹੈਂ ॥ ੩੭ ॥

ਵੱਡੀ ਤੋਂ ਵੱਡੀ ਸ਼ਕਤੀ ਧਾਰਨ ਕੀਤੀ ਹੈ, ਹਜ਼ਾਰਾਂ ਦਾਸਾਂ ਦੇ ਕਾਰਜ ਸਵਾਰਦੇ ਹਨ। ਹੁਣ ਤੁਰਕ ਬਾਦਸ਼ਾਹ ਦੀ ਕੈਦ ਵਿਚ ਪਏ ਹਨ, ਕੌਣ ਜਾਣਦਾ ਕਿਵੇਂ ਖਿਮਾ ਧਾਰਨ ਕੀਤੀ ਹੈ ॥ ੩੭ ॥

ਨਾਂਹਿ ਤ ਸੁਤ ਬਨਿਤਾ ਸਭਿ ਸਾਜ। ਅਰੁ ਤੁਰਕਨ ਕੋ ਜਹਿਂ ਲਗਿ ਰਾਜ।
ਏਕ ਬੋਲ ਤੇ ਦੇਹਿਂ ਬਿਨਾਸ। ਜਥਾ ਬੱਜ੍ਰ ਗਿਰ ਜੁਤਿ ਤਰੁ ਘਾਸ ॥ ੩੮ ॥

ਨਹੀਂ ਤਾਂ ਪੁੱਤਰ ਇਸਤਰੀਆਂ ਅਤੇ ਸਾਰਾ ਸਾਜ਼ੋ-ਸਾਮਾਨ ਤੇ ਤੁਰਕਾਂ ਦਾ ਜਿੱਥੋਂ ਤਕ ਰਾਜ ਹੈ, ਇਕ ਬੋਲ ਨਾਲ ਨਾਸ਼ ਕਰ ਸਕਦੇ ਹਨ। ਜਿਵੇਂ ਬੱਜਰ ਘਾਹ ਤੇ ਬ੍ਰਿਛਾਂ ਸਮੇਤ ਪਹਾੜ ਨੂੰ ਨਾਸ਼ ਕਰ ਦਿੰਦਾ ਹੈ ॥ ੩੮ ॥

ਮਹਾਂ ਤਾਣ ਜੁਤਿ ਭਏ ਨਿਤਾਣੇ। ਕਾਰਨ ਕੌਨ, ਸਕਹਿਂ ਨਹਿਂ ਜਾਣੇ।
ਸਭਿ ਛਿਤ ਮਹਿਂ ਸਿਮਰੇ ਜਹਿਂ ਕਹਾਂ। ਪਹੁੰਚਹਿਂ ਹੋਇ ਸਹਾਇਕ ਮਹਾਂ ॥ ੩੯ ॥

ਮਹਾਨ ਸ਼ਕਤੀ ਸਹਿਤ ਹੋ ਕੇ ਨਿਤਾਣੇ ਬਣੇ ਹਨ, ਇਸ ਦਾ ਕੀ ਕਾਰਨ ਹੈ, ਜਾਣਿਆ ਨਹੀਂ ਜਾ ਸਕਦਾ। ਸਾਰੀ ਧਰਤੀ 'ਤੇ ਜਿੱਥੇ ਵੀ ਕੋਈ ਯਾਦ ਕਰਦਾ ਹੈ, ਉਥੇ ਪਹੁੰਚ ਕੇ ਮਹਾਨ ਸਹਾਇਕ ਬਣਦੇ ਹਨ ॥ ੩੯ ॥

ਇਹ ਗਤਿ ਸੁਨੀ ਪਿਖੀ ਸਭਿ ਜਾਇ। ਕੈਦ ਪਰਨਿ ਗਤਿ ਲਖੀ ਨ ਜਾਇ।
ਸਭਿ ਘਟ ਘਟ ਕੀ ਜਾਣਨਹਾਰੇ। ਛਿਨ ਮਹਿਂ ਲਾਖਹੁਂ ਕੋਸ ਪਧਾਰੇ ॥ ੪੦ ॥

ਇਹ ਗਤੀ ਸਾਰੇ ਸੁਣੀ ਵੇਖੀ ਜਾਂਦੀ ਹੈ, ਕੈਦ ਵਿਚ ਪੈਣ ਦੀ ਗਤੀ ਸਮਝੀ ਨਹੀਂ ਜਾਂਦੀ ਹੈ। ਸਭ ਦੇ ਦਿਲਾਂ ਦੀਆਂ ਜਾਣਨ ਵਾਲੇ ਹਨ, ਛਿਨ ਵਿਚ ਲੱਖਾਂ ਕੋਹ ਦੂਰ ਚਲੇ ਜਾਂਦੇ ਹਨ ॥ ੪੦ ॥

ਇੱਤਜਾਦਿਕ ਅਜ਼ਮਤ ਕੋ ਧਾਰੇ। ਛਪੀ ਨਹੀਂ ਬਿਦਤੀ ਜਗ ਸਾਰੇ।
ਤਊ ਕਸ਼ਟ ਕੋ ਸਹੈਂ ਸਰੀਰ। ਜਾਨੀ ਜਾਇ ਨ ਕਜੋਂ ਧਰਿ ਧੀਰ' ॥ ੪੧ ॥

ਇਸ ਤਰ੍ਹਾਂ ਕਰਾਮਾਤ ਧਾਰਨ ਕੀਤੀ ਹੈ, ਇਹ ਛੁਪੀ ਹੋਈ ਨਹੀਂ, ਸਾਰੇ ਜਗਤ ਵਿਚ ਪ੍ਰਗਟ ਹੈ। ਫਿਰ ਵੀ ਆਪਣੇ ਸਰੀਰ ਉੱਤੇ ਕਸ਼ਟ ਨੂੰ ਬਰਦਾਸ਼ਤ ਕਰ ਰਹੇ ਹਨ। ਇਹ ਜਾਣਿਆਂ ਨਹੀਂ ਜਾਂਦਾ, ਕਿਉਂ ਧੀਰਜ ਧਾਰਨ ਕੀਤਾ ਹੋਇਆ ਹੈ" ॥੪੧॥

ਮਿਲਹਿਂ ਪਰਸਪਰ ਸਿਖ ਇਮ ਕਹੈਂ। ਪੂਰਨ ਗੁਰੂ ਭੇਦ ਕਿਮ ਲਹੈਂ।
ਪੁਨ ਸਤਿਗੁਰੁ ਕਾਰਾਗ੍ਰਿਹ ਆਏ। ਪੂਰਬ ਸਮ ਬੈਠੇ ਤਿਸ ਥਾਏਂ॥ ੪੨॥

ਸਿੱਖ ਆਪਸ ਵਿਚ ਮਿਲ ਕੇ ਇਸ ਤਰ੍ਹਾਂ ਕਹਿੰਦੇ ਸਨ, ਪੂਰਨ ਗੁਰੂ ਜੀ ਦਾ ਭੇਦ ਕਿਵੇਂ ਪਾਇਆ ਜਾ ਸਕਦਾ ਹੈ। ਫਿਰ ਸਤਿਗੁਰੂ ਜੀ ਕੈਦਖਾਨੇ ਵਿਚ ਆ ਗਏ ਤੇ ਪਹਿਲਾਂ ਵਾਂਗ ਹੀ ਉਸ ਥਾਂ ਬੈਠ ਗਏ॥੪੨॥

*ਬਾਰ੍ਹਵੀਂ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥੪੯॥*

## ਅਧਿਆਇ ਪੰਜਾਹਵਾਂ

### ਇਕ ਮੁਲਾਣੇ ਵਲੋਂ ਸ਼ਿਕਾਇਤ

*ਦੋਹਰਾ-* ਸਿਖ ਕੇ ਘਰਿ ਭੋਜਨ ਅਚਜੋ ਨਿਕਸੇ ਜਬਿ ਤਿਸ ਦ੍ਵਾਰ।
ਪਿਖੇ ਮੁਲਾਨੇ. ਤਬਿ ਤਹਾਂ ਜਰ ਬਰ ਹੁਇ ਗੋ ਛਾਰ॥ ੧॥

ਸਿੱਖ ਦੇ ਘਰ ਭੋਜਨ ਛੱਕ ਕੇ ਜਦ ਗੁਰੂ ਜੀ ਬਾਹਰ ਦਰਵਾਜ਼ੇ 'ਤੇ ਨਿਕਲੇ ਤਾਂ ਇਕ ਮੁਲਾਣੇ ਨੇ ਗੁਰੂ ਜੀ ਨੂੰ ਵੇਖ ਲਿਆ, ਉਹ ਉਸੇ ਵੇਲੇ ਸੜ ਬਲ ਕੇ ਸਵਾਹ ਹੋ ਗਿਆ॥੧॥

*ਚੌਪਈ-* ਨਰ ਸੰਗੀ ਥੇ, ਤਿਨ ਪੁਛਵਾਯੋ। 'ਇਨ ਕੇ ਘਰ ਕੈਸੇ ਕਰਿ ਆਯੋ ?'।
ਕਿਨ ਹੂੰ ਤਹਾਂ ਸੁ ਕੀਨਿ ਬਤਾਵਨਿ। 'ਇਸ ਕੇ ਘਰ ਭੋਜਨ ਕਿਯ ਖਾਵਨ॥੨॥

ਜਿਹੜੇ ਮੁਲਾਣੇ ਦੇ ਨਾਲ ਸਾਥੀ ਸਨ, ਉਨ੍ਹਾਂ ਤੋਂ ਪੁਛਵਾਇਆ, "ਇਨ੍ਹਾਂ ਦੇ ਘਰ ਵਿਚ ਕੈਸੇ ਆਏ ਹਨ ?" ਉਥੇ ਕਿਸੇ ਨੇ ਦੱਸਿਆ, 'ਇਸ ਸਿੱਖ ਦੇ ਘਰ ਭੋਜਨ ਛਕਿਆ ਹੈ॥੨॥

ਅਪਨੋ ਸਿੱਖ ਜਾਨ ਕਰਿ ਭਾਊ। ਅਚਜੋ ਅਹਾਰ ਰਿਦੇ ਹਰਖਾਊ'।
ਮਤਸਰ ਅਗਨ ਮੁਲਾਨੇ ਮਨ ਮਹਿਂ। ਜਰਬਰ ਭਯੋ ਭਸਮਿ ਤਿਸ ਛਿਨ ਮਹਿਂ॥੩॥

ਆਪਣਾ ਸਿੱਖ ਜਾਣ ਕੇ ਪ੍ਰੇਮ ਧਾਰਨ ਕੀਤਾ ਹੈ ਤੇ ਹਿਰਦੇ ਵਿਚ ਪ੍ਰਸੰਨ ਹੋ ਕੇ ਭੋਜਨ ਛਕਿਆ ਹੈ। ਮੁਲਾਣੇ ਦੇ ਮਨ ਵਿਚ ਅਹੰਕਾਰ ਦੀ ਅੱਗ ਬਲ ਉਠੀ, ਉਸ ਛਿਨ ਹੀ ਉਹ ਸੜ ਬਲ ਕੇ ਸੁਆਹ ਹੋ ਗਿਆ॥੩॥

ਜਬਿ ਲਗਿ ਤੁਰਕ ਬਨਹਿਂ ਇਹ ਨਾਂਹੀ। ਨਹਿਂ ਮਾਨਹਿਂ ਹਿੰਦੂ ਮਨ ਮਾਂਹੀ।
ਹਿੰਦੁਵਾਨ ਕੋ ਮੂਲ ਇਹੀ ਹੈ। ਅਬਿ ਨਿਸ਼ਚੈ ਭੀ ਬਾਤ ਸਹੀ ਹੈ॥ ੪॥

ਉਹ ਸੋਚਣ ਲੱਗਾ ਕਿ ਜਦ ਤਕ ਇਹ ਤੁਰਕ ਨਹੀਂ ਬਣਦੇ ਤਦ ਤਕ ਹਿੰਦੂ ਆਪਣੇ ਮਨ ਵਿਚ ਨਹੀਂ ਮੰਨਣਗੇ। ਹਿੰਦੂਆਂ ਦੀ ਜੜ੍ਹ ਹੀ ਇਹੋ ਹੈ, ਹੁਣ ਨਿਸ਼ਚਾ ਹੋਇਆ ਕਿ ਬਾਦਸ਼ਾਹ ਦੀ ਇਹ ਗੱਲ ਵੀ ਠੀਕ ਹੈ॥੪॥

ਦੁਸ਼ਟ, ਗਿਨਤਿ ਇਮ ਰਿਦੈ ਮਝਾਰ। ਪਹੁੰਚਯੋ ਨੌਰੰਗ ਕੇ ਦਰਬਾਰ।
'ਜੋ ਸ੍ਰੀ ਤੇਗ ਬਹਾਦਰ ਗਹਯੋ। ਤੁਮ ਜੋ ਕਰਨਿ ਮਨੋਰਥ ਚਹਯੋ॥ ੫॥

ਦੁਸ਼ਟ ਮੁਲਾਣਾ ਹਿਰਦੇ ਵਿਚ ਇਸ ਤਰ੍ਹਾਂ ਗਿਣਤੀਆਂ ਕਰਦਾ ਨੌਰੰਗੇ ਦੇ ਦਰਬਾਰ ਵਿਚ ਪਹੁੰਚ ਗਿਆ ਤੇ ਕਹਿਣ ਲੱਗਾ, "ਜਿਹੜਾ ਸ੍ਰੀ ਗੁਰੂ ਤੇਗ ਬਹਾਦਰ ਨੂੰ ਫੜਿਆ ਹੈ, ਤੁਸੀਂ ਜਿਹੜਾ ਮਨੋਰਥ ਪੂਰਾ ਕਰਨਾ ਚਾਹੁੰਦੇ ਹੋ॥੫॥

**ਤਿਸ ਕੋ ਮੂਲ ਜਾਨੀਏਂ ਆਛੇ। ਬਨੇ ਤੁਰਕ ਇਸ, ਸਭਿ ਹੁਇਂ ਪਾਛੇ।**
**ਲਾਖਹੁਂ ਨਰ ਤਿਸ ਕੇ ਅਨੁਸਾਰਿ। ਪੂਜਹਿਂ ਆਇਸੁ ਮਾਨਿ ਉਦਾਰ॥ ੬॥**

ਉਸ ਦਾ ਇਨ੍ਹਾਂ ਨੂੰ ਚੰਗੀ ਤਰ੍ਹਾਂ ਮੂਲ ਜਾਣੋ, ਇਨ੍ਹਾਂ ਦੇ ਤੁਰਕ ਬਣ ਜਾਣ ਨਾਲ ਸਾਰੇ ਹਿੰਦੂ ਤੁਰਕ ਬਣ ਜਾਣਗੇ। ਲੱਖਾਂ ਮਨੁੱਖ ਇਨ੍ਹਾਂ ਦੀ ਆਗਿਆ ਅਨੁਸਾਰ ਹਨ, ਇਨ੍ਹਾਂ ਦੀ ਆਗਿਆ ਮੰਨ ਕੇ, ਇਨ੍ਹਾਂ ਦੀ ਪੂਜਾ ਕਰਦੇ ਹਨ॥੬॥

**ਅਬਿ ਤਿਸ ਕੀ ਕੀਜਹਿ ਤਕਰਾਈ। ਵਹਿਰ ਕੈਦ ਤੇ ਹ੍ਵੈ ਨ ਕਦਾਈ।**
**ਅਬਿ ਸਿੱਖਜਨਿ ਕੇ ਘਰ ਚਲਿ ਜਾਇ। ਕਰਿ ਆਦਰ ਸੋ ਅਸਨ ਅਚਾਇਂ॥ ੭॥**

ਹੁਣ ਇਨ੍ਹਾਂ ਉੱਤੇ ਤਕੜਾਈ ਕਰੋ ਤਾਂਕਿ ਕੈਦ ਵਿਚੋਂ ਇਹ ਕਦੀ ਵੀ ਬਾਹਰ ਨਾ ਜਾਣ। ਹੁਣ ਸਿੱਖਾਂ ਦੇ ਘਰ ਚਲ ਕੇ ਜਾਂਦੇ ਹਨ ਉਹ ਬੜਾ ਆਦਰ ਕਰਕੇ ਇਨ੍ਹਾਂ ਨੂੰ ਭੋਜਨ ਛਕਾਉਂਦੇ ਹਨ॥੭॥

**ਲੋਕ ਵਹਿਰ ਕੇ ਮਿਲਤਿ ਜਿ ਰਹੈਂ। ਕੈਦ ਬਖੇ ਤੌਂ ਕਿਮ ਦੁਖ ਲਹੈ।**
**ਮਿਲਹਿ ਨ ਨਰ ਬਾਹਿਰ ਕੋ ਜਾਇ। ਸੋ ਨਹਿਂ ਨਿਕਸਹਿ ਰਹਿ ਇਕ ਥਾਇਂ॥੮॥**

ਜੇ ਬਾਹਰ ਦੇ ਲੋਕ ਇਨ੍ਹਾਂ ਨੂੰ ਮਿਲਦੇ ਰਹਿਣਗੇ ਤਾਂ ਕੈਦ ਵਿਚ ਇਹ ਕਿਵੇਂ ਦੁਖ ਪਾਉਣਗੇ। ਇਹ ਬਾਹਰ ਜਾ ਕੇ ਮਨੁੱਖਾਂ ਨੂੰ ਨਾ ਮਿਲਣ, ਇਹ ਬਾਹਰ ਨਾ ਨਿਕਲਣ ਤੇ ਇਕ ਥਾਂ ਤੇ ਸਥਿਤ ਰਹਿਣ॥੮॥

**ਕਾਰਾਗ੍ਰਿਹ ਮਹਿਂ ਤਬਿ ਦੁਖ ਭਾਇ। ਮਿਲਹਿ ਨ ਕੋ, ਬੈਠਹਿ ਮੁਰਝਾਇ।**
**ਸਭਿ ਦਿਸ਼ਿ ਤੇ ਨਿਰਾਸ ਜਬਿ ਹੋਇ। ਕਹਜੋ ਤੁਮਾਰੋ ਮਾਨਹਿ ਸੋਇ'॥ ੯॥**

ਜੇਲ੍ਹ ਵਿਚ ਤਦ ਦੁਖ ਪਾਉਣਗੇ, ਕਿਸੇ ਨੂੰ ਨਾ ਮਿਲਣ ਕਰਕੇ ਮੁਰਝਾਇ ਹੋਏ ਬੈਠੇ ਰਹਿਣਗੇ। ਜਦ ਸਾਰਿਆਂ ਪਾਸਿਆਂ ਤੋਂ ਨਿਰਾਸ਼ ਹੋ ਜਾਣਗੇ, ਫਿਰ ਉਹ ਤੁਹਾਡਾ ਕਿਹਾ ਮੰਨਣਗੇ"॥੯॥

**ਸੁਨਿ ਨੁਰੰਗ ਮਨ ਰਿਸਜੋ ਘਨੇਰਾ। 'ਕਿਸਕੇ ਹੁਕਮ ਕਰਹਿ ਪੁਰਿ ਫੇਰਾ।**
**ਜਮਾਦਾਰ ਕੋ ਲੇਹੁ ਬੁਲਾਇ। ਤਿਸਕੋ ਗੁਨਹਾ ਦੇਹੁ ਸਜ਼ਾਇ॥ ੧੦॥**

ਇਹ ਸੁਣ ਕੇ ਨੌਰੰਗਾ ਮਨ ਵਿਚ ਬਹੁਤ ਗੁੱਸੇ ਨਾਲ ਭਰ ਗਿਆ, "ਕਿਸ ਦੇ ਹੁਕਮ ਨਾਲ ਸ਼ਹਿਰ ਵਿਚ ਫਿਰਦੇ ਹਨ। ਜੇਲ੍ਹ ਦੇ ਦਰੋਗੇ ਨੂੰ ਤੁਰਤ ਬੁਲਾ ਲਵੋ, ਉਸ ਦਾ ਗੁਨਾਹ ਹੈ, ਉਸ ਨੂੰ ਸਜ਼ਾ ਦੇਵੋ॥੧੦॥

**ਪੁਰਿ ਮਹਿਂ ਫਿਰਹਿ, ਹੁਕਮ ਨਹਿਂ ਮੇਰੋ। ਸੋ ਕੈਸੇ ਬਿਚਰਜੋ ਨਰ ਹੇਰੋ?'।**
**ਚਲਿ ਆਯੋ ਤਿਸ ਪੂਛਨਿ ਕੀਨਸਿ। 'ਤੈਂ ਕਜੋ ਵਹਿਰ ਨਿਕਸਿਬੇ ਦੀਨਸਿ?॥੧੧॥**

ਨਗਰ ਵਿਚ ਫਿਰਨ ਦਾ ਮੇਰਾ ਹੁਕਮ ਨਹੀਂ ਹੈ, ਉਹ ਕਿਵੇਂ ਸ਼ਹਿਰ ਵਿਚ ਫਿਰਦੇ ਰਹੇ ਹਨ ਕਿ ਮਨੁੱਖਾਂ ਨੇ ਵੇਖੇ ਹਨ?" ਦਰੋਗਾ ਜਦ ਚਲ ਕੇ ਆ ਗਿਆ ਤਾਂ ਉਸ ਨੂੰ ਪੁਛਿਆ, "ਤੂੰ ਕਿਉਂ ਗੁਰੂ ਜੀ ਨੂੰ ਬਾਹਰ ਨਿਕਲਣ ਦਿੱਤਾ ਹੈ?॥੧੧॥

**ਹੁਕਮ ਦਿਯੋ ਤੁਝ, ਕਰਿ ਤਕਰਾਈ। ਕੋਠਨ ਅੰਦਰ ਰਾਖਿ ਟਿਕਾਈ।**
**ਵਾਯੂ ਲਗਨਿ ਨ ਦੇਹੁ ਵਹਿਰ ਕੇ। ਕਠਨ ਸਥਾਨ ਰਾਖਿ ਦ੍ਰਿਢ ਕਰਿਕੇ'॥੧੨॥**

ਤੈਨੂੰ ਹੁਕਮ ਕੀਤਾ ਸੀ ਕਿ ਤਕੜਾਈ ਰੱਖੋ, ਕੋਠੜੀ ਦੇ ਅੰਦਰ ਟਿਕਾਈ ਰੱਖੋ। ਬਾਹਰ ਦੀ ਉਨ੍ਹਾਂ ਨੂੰ ਹਵਾ ਨਾ ਲਗਣ ਦੇਵੋ ਤੇ ਦ੍ਰਿੜ੍ਹ ਕਰਕੇ ਔਖੇ ਸਥਾਨ ਵਿਚ ਰੱਖੋ"॥੧੨॥

ਜਮਾਦਾਰ ਨੇ ਸੁਨਤਿ ਬਖਾਨਾ। 'ਬੈਠੇ ਰਹਹਿਂ ਏਕ ਹੀ ਥਾਨਾ।
ਨਹਿਂ ਅੰਤਰ ਤੇ ਵਹਿਰ ਨਿਕਾਸੋਂ। ਜਾਨਿ ਕਹਾਂ ਪੁਰਿ ਕੇਰ ਅਵਾਸੋਂ ॥ ੧੩ ॥

ਇਹ ਸੁਣ ਕੇ ਜਮਾਂਦਾਰ ਨੇ ਕਿਹਾ, "ਉਹ ਤਾਂ ਇਕ ਹੀ ਥਾਂ ਬੈਠੇ ਰਹਿੰਦੇ ਹਨ, ਮੈਂ ਉਨ੍ਹਾਂ ਨੂੰ ਕਦੀ ਵੀ ਅੰਦਰ ਤੋਂ ਬਾਹਰ ਨਹੀਂ ਕੱਢਦਾ। ਉਹ ਸ਼ਹਿਰ ਦੇ ਘਰੀਂ ਕਿਵੇਂ ਜਾ ਸਕਦੇ ਹਨ॥੧੩॥

ਕਟ ਕੋ ਕਸਿ ਕੈ ਏਕ ਸਿਪਾਹੀ। ਗਾਢੋ ਠਾਂਢੋ ਰਹਿ ਤਿਨ ਪਾਹੀ।
ਆਠੋਂ ਜਾਮ ਖਰੋ ਇਕ ਰਹੈ। ਟਰਹਿਂ ਨ ਥਲ ਤੇ ਦ੍ਰਿਸ਼ਟਿ ਸੁ ਲਹੈ' ॥ ੧੪ ॥

ਕਮਰਕੱਸਾ ਕੱਸ ਕੇ ਇਕ ਸਿਪਾਹੀ, ਉਨ੍ਹਾਂ ਦੇ ਪਾਸ ਸਦਾ ਖੜਾ ਰਹਿੰਦਾ ਹੈ। ਅੱਠੇ ਪਹਿਰ ਉਨ੍ਹਾਂ ਪਾਸ ਖੜਾ ਰਹਿੰਦਾ ਹੈ, ਉਸ ਥਾਂ ਤੋਂ ਹਿਲਦਾ ਨਹੀਂ ਹੈ, ਸਦਾ ਆਪਣੀ ਦ੍ਰਿਸ਼ਟੀ ਥੱਲੇ ਰੱਖਦਾ ਹੈ" ॥੧੪॥

ਸੁਨਤਿ ਮੁਲਾਨੇ ਕੀਨਿ ਉਚਾਰਾ। 'ਮੈਂ ਸਿਖ ਕੇ ਘਰ ਆਪ ਨਿਹਾਰਾ।
ਇਹ ਮੁਕਰਹਿ ਸਭਹਿਨਿ ਕੇ ਮਾਂਹੀ। ਪੁਨ ਪਿਖਿ ਕਹੌਂ ਸ਼ਾਹੁ ਕੇ ਪਾਹੀ ॥ ੧੫ ॥

ਇਹ ਸੁਣ ਕੇ ਮੁਲਾਣੇ ਨੇ ਉਚਾਰਨ ਕੀਤਾ, "ਇਕ ਸਿੱਖ ਦੇ ਘਰ ਉਨ੍ਹਾਂ ਨੂੰ ਮੈਂ ਆਪ ਵੇਖਿਆ ਹੈ, ਇਹ ਸਾਰਿਆਂ ਦੇ ਵਿਚ ਮੁਕਰਦਾ ਹੈ, ਦੁਬਾਰਾ ਵੇਖ ਕੇ ਬਾਦਸ਼ਾਹ ਦੇ ਪਾਸ ਕਹਾਂਗਾ॥੧੫॥

ਅਬ ਤੌ ਕਹੀ ਨ ਮਾਨਹਿ ਮੇਰੀ। ਸਾਚੀ ਲਖਹੁ ਬਿਲੋਚਨ ਹੇਰੀ'।
ਇਤਨ ਪ੍ਰਸੰਗ ਹੋਇ ਹਟਿ ਰਹਜੋ। ਉਪਾਲੰਭ ਤਿਸ ਕੋ ਬਹੁ ਕਹਜੋ ॥ ੧੬ ॥

ਹੁਣ ਤਾਂ ਮੇਰਾ ਕਿਹਾ ਮੰਨੇਗਾ ਨਹੀਂ, ਮੈਂ ਅੱਖਾਂ ਨਾਲ ਵੇਖ ਕੇ ਸੱਚੀ ਗੱਲ ਕਹਾਂਗਾ।" ਏਨਾ ਪ੍ਰਸੰਗ ਹੋਣ ਤੇ ਉਹ ਵਾਪਸ ਚਲਾ ਗਿਆ, ਦਰੋਗੇ ਨੂੰ ਉਸ ਬਹੁਤ ਉਲਾਂਭੇ ਦਿੱਤੇ॥੧੬॥

ਜਮਾਦਾਰ ਸੁਨਿ ਕੈ ਚਲਿ ਆਇਵ। ਹਿਤ ਤਕਰਾਈ ਸਭਿਨਿ ਸੁਨਾਇਵ।
'ਕੋਇ ਨ ਗੁਰ ਢਿਗ ਜਾਨੇ ਦੇਹੁ। ਗਮਨਹਿਂ ਪਾਸ, ਹਟਾਇ ਸੁ ਲੇਹੁ' ॥ ੧੭ ॥

ਦਰੋਗਾ ਇਹ ਸੁਣ ਕੇ ਚਲ ਕੇ ਆ ਗਿਆ ਤੇ ਤਕੜਾਈ ਰੱਖਣ ਵਾਸਤੇ ਸਭ ਨੂੰ ਸੁਣਾ ਦਿੱਤਾ, "ਕਿਸੇ ਵਿਅਕਤੀ ਨੂੰ ਵੀ ਗੁਰੂ ਜੀ ਦੇ ਪਾਸ ਨਾ ਜਾਣ ਦੇਵੋ, ਜਿਹੜਾ ਵੀ ਪਾਸ ਜਾਵੇ ਉਸ ਨੂੰ ਹਟਾ ਦੇਵੋ" ॥੧੭॥

ਕਰੀ ਗੁਰੂ ਢਿਗ ਬਹੁ ਤਕਰਾਈ। ਸੋ ਦਿਨ ਬੀਤਜੋ ਨਿਸਾ ਬਿਤਾਈ।
ਭਈ ਭੋਰ ਸਿਖਿ ਕੀਨਿ ਪ੍ਰਸ਼ਾਦਿ। ਗੁਰ, ਘਰ ਆਇ ਧਰਹਿਂ ਅਹਿਲਾਦ ॥੧੮ ॥

ਗੁਰੂ ਜੀ ਦੇ ਪਾਸ ਬਹੁਤ ਤਕੜਾਈ ਕਰ ਦਿੱਤੀ, ਉਹ ਦਿਨ ਬੀਤਿਆ ਤੇ ਰਾਤ ਬਤੀਤ ਕੀਤੀ। ਸਵੇਰ ਹੋਈ ਤਾਂ ਸਿੱਖ ਨੇ ਪ੍ਰਸ਼ਾਦਿ ਤਿਆਰ ਕੀਤਾ। ਗੁਰੂ ਜੀ ਘਰ ਆਉਣ ਤਾਂ ਅਨੰਦ ਧਾਰਨ ਕਰੀਏ॥੧੮॥

ਭਾਂਤਿ ਭਾਂਤਿ ਕੇ ਭੋਜਨ ਕਰੇ। ਕ੍ਰਿਪਾ ਨਿਧਾਨ ਧਜਾਨ ਕਰਿ ਸਿਮਰੇ।
ਏਕ ਜਾਮ ਜਬਿ ਦਿਨ ਚਢਿ ਆਵਾ। ਸਤਿਗੁਰ ਪਹੁੰਚੇ ਦਰਸ ਦਿਖਾਵਾ ॥੧੯ ॥

ਭਾਂਤ-ਭਾਂਤ ਦੇ ਭੋਜਨ ਤਿਆਰ ਕੀਤੇ, ਫਿਰ ਕਿਰਪਾ-ਨਿਧਾਨ ਗੁਰੂ ਜੀ ਨੂੰ ਧਿਆਨ ਧਾਰ ਕੇ ਯਾਦ ਕੀਤਾ। ਇਕ ਪਹਿਰ ਜਦ ਦਿਨ ਚੜ੍ਹ ਆਇਆ ਤਾਂ ਸਤਿਗੁਰੂ ਜੀ ਨੇ ਪਹੁੰਚ ਕੇ ਦਰਸ਼ਨ ਦਿੱਤੇ॥੧੯॥

ਪ੍ਰਵਿਸ਼ਨਿ ਲਗੇ ਸਿੱਖਜ ਘਰ ਜਬਿਹੂੰ। ਪਿਖੇ ਮੁਲਾਨੇ ਕੇ ਨਰ ਤਬਿਹੂੰ।
ਪੁਰਿ ਕੀ ਗਰੀ ਗਰੀ ਕੇ ਮਾਂਹਿ। ਫਿਰਤਿ ਨਿਹਾਰਤਿ ਜਿਤ ਕਿਤ ਜਾਹਿਂ ॥੨੦ ॥

ਜਦ ਸਿੱਖ ਦੇ ਘਰ ਪ੍ਰਵੇਸ਼ ਕਰਨ ਲੱਗੇ, ਮੁਲਾਣੇ ਦੇ ਆਦਮੀ ਨੇ ਉਸੇ ਵੇਲੇ ਉਨ੍ਹਾਂ ਨੂੰ ਵੇਖ ਲਿਆ। ਸ਼ਹਿਰ ਦੀ ਗਲੀ ਗਲੀ ਦੇ ਵਿਚ ਜਿੱਥੇ ਕਿੱਥੇ ਵੇਖਦਾ ਫਿਰਦਾ ਸੀ॥੨੦॥

ਨਰ ਪਿਖਿ ਗਮਨਜੋਂ ਨਿਕਟਿ ਮੁਲਾਨੇ। 'ਮੈਂ ਹੇਰੇ ਸਿਖ ਘਰ ਪ੍ਰਵਿਸ਼ਾਨੇ'।
ਸੁਨਿ ਨੌਰੰਗ ਢਿਗ ਪਹੁੰਚਜੋ ਧਾਈ। 'ਨਰ ਪਠਿ ਆਪ ਲੇਹੁ ਦਿਖਰਾਈ॥੨੧॥

ਉਹ ਮਨੁੱਖ ਵੇਖ ਕੇ ਮੁਲਾਣੇ ਦੇ ਪਾਸ ਚਲੇ ਗਿਆ ਤੇ ਕਹਿਣ ਲੱਗਾ, "ਮੈਂ ਗੁਰੂ ਜੀ ਨੂੰ ਸਿੱਖ ਦੇ ਘਰ ਵਿਚ ਦਾਖਲ ਹੁੰਦਿਆਂ ਨੂੰ ਵੇਖਿਆ ਹੈ।" ਇਹ ਸੁਣ ਕੇ ਮੁਲਾਣਾ ਨੌਰੰਗੇ ਦੇ ਪਾਸ ਭੱਜ ਕੇ ਪਹੁੰਚ ਗਿਆ, "ਕਿਸੇ ਮਨੁੱਖ ਨੂੰ ਭੇਜ ਕੇ ਆਪ ਵੇਖ ਲਵੋ॥੨੧॥

ਕਰਨਿ ਅਹਾਰ ਗਏ ਸਿਖ ਘਰ ਮਹਿਂ। ਸਾਚ ਕੈ ਝੂਠ ਲੇਹੁ ਲਖਿ ਉਰ ਮਹਿਂ।
ਸ਼ਾਹਿ ਤਬਹਿ ਭੇਜੇ ਨਰ ਦੌਰੇ। ਜਿਸ ਅਵਾਸ ਕੇ ਪ੍ਰਵਿਸ਼ੇ ਪੌਰੇ॥ ੨੨॥

ਉਹ ਸਿੱਖ ਦੇ ਘਰ ਭੋਜਨ ਕਰਨ ਗਏ ਹਨ, ਸੱਚ ਕਿ ਝੂਠ, ਇਸ ਨੂੰ ਹਿਰਦੇ ਵਿਚ ਸਮਝ ਲਵੋ।" ਬਾਦਸ਼ਾਹ ਨੇ ਫਿਰ ਕੁਝ ਮਨੁੱਖਾਂ ਨੂੰ ਭਜਾਇਆ, ਜਿਸ ਘਰ ਦੇ ਦਰਵਾਜ਼ੇ ਵਿਚ ਪ੍ਰਵੇਸ਼ ਹੋਏ ਸਨ॥੨੨॥

ਕਰੇ ਬਿਲੋਕਨਿ ਬੈਠਿ ਬਿਰਾਜੇ। ਮੁਖ ਪ੍ਰਸੰਨ ਪਿਖਿ ਕਲਮਲ ਭਾਜੇ।
ਪਿਖਤਿ ਸ਼ਾਹਿ ਕੋ ਜਾਇ ਸੁਨਾਯੋ। ਤਤਛਿਨ ਜਮਾਦਾਰ ਬੁਲਿਵਾਯੋ॥੨੩॥

ਜਦ ਉਨ੍ਹਾਂ ਮਨੁੱਖਾਂ ਜਾ ਕੇ ਵੇਖਿਆ ਤਾਂ ਉਥੇ ਬੈਠ ਕੇ ਬਿਰਾਜ ਰਹੇ ਸਨ, ਮੁਖੜਾ ਬਹੁਤ ਪ੍ਰਸੰਨ ਸੀ, ਜਿਸ ਨੂੰ ਵੇਖ ਕੇ ਪਾਪ ਦੂਰ ਹੁੰਦੇ ਸਨ। ਵੇਖ ਕੇ ਬਾਦਸ਼ਾਹ ਨੂੰ ਜਾ ਕੇ ਸੁਣਾਇਆ। ਫਿਰ ਬਾਦਸ਼ਾਹ ਨੇ ਤੁਰਤ ਦਰੋਗੇ ਨੂੰ ਬੁਲਾਇਆ॥੨੩॥

'ਪੇਖਹੁ ਮੂੜ! ਕੂੜ ਕਹਿਂ ਕਾਲੀ। ਸਿਖ ਘਰ ਗਮਨਜੋ ਕਰਤਿ ਕੁਸਾਲੀ।
ਤੁਮਨੇ ਕਹਜੋ ਨ ਮਾਨਜੋ ਮੇਰਾ। ਦੇਊਂ ਦੰਡ ਲਜੋ ਦਰਬ ਬਡੇਰਾ॥ ੨੪॥

ਬਾਦਸ਼ਾਹ ਨੇ ਕਿਹਾ, "ਵੇਖੋ ਮੂਰਖ ਕੱਲ੍ਹ ਝੂਠ ਬੋਲਦਾ ਸੀ। ਬੜੀਆਂ ਖੁਸ਼ੀਆਂ ਕਰਦੇ ਉਹ ਸਿੱਖ ਦੇ ਘਰ ਪਹੁੰਚੇ ਹਨ। ਤੂੰ ਮੇਰਾ ਕਿਹਾ ਨਹੀਂ ਮੰਨਿਆ ਹੈ, ਤੈਨੂੰ ਸਜ਼ਾ ਦੇਵਾਂਗਾ, ਤੂੰ ਬਹੁਤ ਧਨ ਉਨ੍ਹਾਂ ਪਾਸੋਂ ਲਿਆ ਹੈ॥੨੪॥

ਕਾਰਾਗ੍ਰਿਹ ਤੇ ਤਿਸ ਨਿਕਸਾਇ। ਪੁਰਿ ਮਹਿਂ ਫਿਰਹਿ ਅਸਨ ਕਿਤ ਖਾਇ।
ਦਿਨ ਪ੍ਰਤਿ ਇਸੀ ਰੀਤਿ ਚਲਿ ਜਾਤੇ। ਸਿੱਖਜਨਿ ਕੇ ਘਰ ਭੋਜਨ ਖਾਤੇ॥੨੫॥

ਕੈਦਖਾਨੇ ਵਿਚੋਂ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ ਹੈ, ਨਗਰ ਵਿਚ ਆਰਾਮ ਨਾਲ ਤੁਰੇ ਫਿਰਦੇ ਹਨ ਤੇ ਕਿਸੇ ਦੇ ਘਰ ਭੋਜਨ ਖਾਂਦੇ ਹਨ। ਰੋਜ਼ ਇਸ ਰੀਤੀ ਨਾਲ ਚਲੇ ਜਾਂਦੇ ਹਨ ਤੇ ਸਿੱਖਾਂ ਦੇ ਘਰ ਭੋਜਨ ਖਾਂਦੇ ਹਨ॥੨੫॥

ਕੌਨ ਬਾਤ ਤੇ ਇਮ ਤੈਂ ਕੀਨਸਿ? ਕਿਧੌਂ ਦਰਬ ਰਿਸ਼ਵਤ ਤੇ ਲੀਨਸਿ'।
ਡਰਜੋ ਸ਼ਾਹੁ ਤੇ ਦ੍ਵੈ ਕਰ ਜੋਰੇ। ਕਹਜੋ ਕਿ 'ਮੈਂ ਆਇਵ ਤਿਸ ਠੌਰੇ॥ ੨੬॥

ਕਿਹੜੀ ਗੱਲ ਤੋਂ ਤੂੰ ਇਸ ਤਰ੍ਹਾਂ ਕੀਤਾ ਹੈ? ਜਾਂ ਧਨ ਰਿਸ਼ਵਤ ਦੇ ਤੌਰ ਤੇ ਲਿਆ ਹੈ।" ਜਮਾਂਦਾਰ, ਬਾਦਸ਼ਾਹ ਪਾਸੋਂ ਡਰ ਗਿਆ ਤੇ ਦੋਵੇਂ ਹੱਥ ਜੋੜ ਕੇ ਬੋਲਿਆ, "ਮੈਂ ਉਸ ਥਾਂ ਤੋਂ ਆਇਆ ਹਾਂ॥੨੬॥

ਕੋਸ਼ਠ ਕੇ ਅੰਤਰ ਅਬਿ ਛੋਰੇ। ਕਰੇ ਕਪਾਟ ਅਸੰਜਤਿ ਪੌਰੇ।
ਤਾਰੇ ਮਾਰਿ ਰਖਜੋ ਦਰ ਤਾਂਹੀ। ਹ੍ਵੈ ਸਨੱਧ ਦਿਢ ਖਰੋ ਸਿਪਾਹੀ॥ ੨੭॥

ਕੋਠੜੀ ਦੇ ਵਿਚ ਉਨ੍ਹਾਂ ਨੂੰ ਹੁਣੇ ਛੱਡ ਕੇ ਆਇਆ ਹਾਂ ਤੇ ਕੋਠੜੀ ਦੇ ਦਰਵਾਜ਼ੇ ਬਹੁਤ ਸਖਤੀ ਨਾਲ ਬੰਦ ਕੀਤੇ ਹਨ ਤੇ ਦਰਵਾਜ਼ੇ ਨੂੰ ਤਾਲੇ ਮਾਰ ਰੱਖੇ ਹਨ। ਹਥਿਆਰਬੰਦ ਸਿਪਾਹੀ ਦ੍ਰਿੜ੍ਹ ਹੋ ਕੇ ਪਾਸ ਖੜਾ ਹੈ॥੨੭॥

ਜੇ ਮਮ ਕਹ੍ਯੋ ਝੂਠ ਉਰ ਲਜਾਵੈਂ। ਤੌ ਨਰ ਅਪਨੋ ਪਠਿ, ਦਿਖਰਾਵੈਂ।
ਸੁਨਤਿ ਸ਼ਾਹੁ ਬਿਸਮ੍ਯੋ ਮਨ ਮਹਾਂ। ਸ਼ੀਘ੍ਰ ਪਠਾਯੋ ਨਰ ਇਕ ਤਹਾਂ॥੨੮॥

ਜੇ ਮੇਰੇ ਕਹੇ ਨੂੰ ਦਿਲ ਵਿਚ ਝੂਠ ਮੰਨਦੇ ਹੋ ਤਾਂ ਆਪਣਾ ਮਨੁੱਖ ਭੇਜੋ ਮੈਂ ਵਿਖਾ ਦਿੰਦਾ ਹਾਂ।" ਇਹ ਸੁਣ ਕੇ ਬਾਦਸ਼ਾਹ ਮਨ ਵਿਚ ਬਹੁਤ ਹੈਰਾਨ ਹੋਇਆ, ਤੁਰਤ ਇਕ ਮਨੁੱਖ ਕੁਤਵਾਲੀ ਵਲ ਭੇਜਿਆ॥੨੮॥

ਖੋਲਿ ਕਪਾਟ ਨਿਹਾਰਨਿ ਕਰੇ। ਬੈਠੇ ਸਤਿਗੁਰ ਆਨੰਦ ਭਰੇ।
ਪਿਖਿ ਕਰਿ ਗਮਨ੍ਯੋ ਸ਼ਾਹੁ ਸੁਨਾਯੋ। 'ਕੋਸ਼ਠ ਅੰਦਰ ਮੈਂ ਦਿਖਿ ਆਯੋ'॥੨੯॥

ਉਸ ਮਨੁੱਖ ਨੇ ਦਰਵਾਜ਼ਾ ਖੋਲ੍ਹ ਕੇ ਵੇਖਿਆ, ਸਤਿਗੁਰੂ ਜੀ ਉਥੇ ਅਨੰਦ ਧਾਰ ਕੇ ਬੈਠੇ ਸਨ। ਵੇਖ ਕੇ ਉਸ ਨੇ ਬਾਦਸ਼ਾਹ ਪਾਸ ਜਾ ਕੇ ਸੁਣਾਇਆ, "ਕੋਠੜੀ ਦੇ ਅੰਦਰ ਮੈਂ ਵੇਖ ਆਇਆ ਹਾਂ"॥੨੯॥

ਬਹੁਰ ਪਠਾਯੋ ਸਿਖ ਕੇ ਘਰ ਮਹਿਂ। ਬੈਠੇ ਪਿਖੇ, ਪਰ ਹੁਇ ਦਰ ਮੈਂ।
ਮੂਰਤਿ ਏਕ ਪਿਖੀ ਦ੍ਵੈ ਥਾਨ। ਸੁਨਤਿ ਸ਼ਾਹੁ ਜੁਤਿ ਭਏ ਹਿਰਾਨ॥੩੦॥

ਫਿਰ ਉਸ ਮਨੁੱਖ ਨੂੰ ਸਿੱਖ ਦੇ ਘਰ ਭੇਜਿਆ, ਉਸ ਨੇ ਦਰਵਾਜ਼ੇ ਵਿਚ ਖੜੇ ਹੋ ਕੇ ਵੇਖਿਆ ਤਾਂ ਗੁਰੂ ਜੀ ਬੈਠੇ ਹੋਏ ਵੇਖੇ। ਇਕੋ ਸੂਰਤ ਦੋ ਸਥਾਨਾਂ ਤੇ ਵੇਖੀ, ਇਹ ਸੁਣ ਕੇ ਬਾਦਸ਼ਾਹ ਸਹਿਤ ਸਾਰੇ ਬਹੁਤ ਹੈਰਾਨ ਹੋਏ॥੩੦॥

ਰਿਦੇ ਬਿਚਾਰਹਿਂ 'ਲਖ੍ਯੋ ਨ ਜਾਏ'। ਦ੍ਵੈ ਸਥਾਨ ਪੁਨ ਪਿਖਿਨਿ ਪਠਾਏ।
ਦ੍ਵੈ ਮੂਰਤਿ ਦ੍ਵੈ ਥਾਨ ਨਿਹਾਰੀ। ਇਕ ਸਿਖ ਗ੍ਰਿਹ, ਇਕ ਕੈਦ ਮਝਾਰੀ॥੩੧॥

ਹਿਰਦੇ ਵਿਚ ਵਿਚਾਰਦੇ ਸਨ, "ਕੁਝ ਸਮਝ ਨਹੀਂ ਆਉਂਦੀ।" ਦੋਵਾਂ ਸਥਾਨਾਂ 'ਤੇ ਫਿਰ ਵੇਖਣ ਵਾਸਤੇ ਉਸ ਮਨੁੱਖ ਨੂੰ ਭੇਜਿਆ ਦੋਵੇਂ ਮੂਰਤੀਆਂ ਦੋਵੇਂ ਥਾਂ ਵੇਖੀਆਂ। ਇਕ ਮੂਰਤ ਸਿੱਖ ਦੇ ਘਰ ਤੇ ਇਕ ਮੂਰਤ ਕੁਤਵਾਲੀ ਵਿਚ ਸੀ॥੩੧॥

'ਅਜ਼ਮਤਵੰਤ' ਕਹਤਿ ਹੈਂ ਕੋਈ। ਕੇਤਿਕ ਕੋ ਨਿਸ਼ਚਾ ਸ਼ੁਭ ਹੋਈ।
ਨੌਰੰਗ ਅਤਿ ਖੁਨਸ੍ਯੋ ਮਨ ਮਾਂਹੀ। 'ਇਹ ਕਜ਼ਾ ਰੀਤਿ ਕਰਤਿ ਦਿਖਰਾਹੀ॥੩੨॥

ਕਈ ਕਰਾਮਾਤੀ ਕਹਿ ਰਹੇ ਸਨ ਤੇ ਕਈਆਂ ਨੂੰ ਸ਼ੁਭ ਨਿਸ਼ਚਾ ਹੋ ਗਿਆ ਸੀ। ਨੌਰੰਗਾ ਮਨ ਵਿਚ ਬਹੁਤ ਦੁਖੀ ਹੋਇਆ, "ਇਹ ਕਿਹੜੀ ਰੀਤੀ ਕਰ ਕੇ ਵਿਖਾ ਰਹੇ ਹਨ॥੩੨॥

ਅਸ ਨ ਹੋਇ ਛਲ ਬਲ ਕਰਿ ਜਾਇ। ਕਾਰਾਗ੍ਰਿਹ ਤੇ ਨਿਕਸਿ ਸਿਧਾਇ।
ਗਹ੍ਯੋ ਮਰੂ ਕਰਿ ਜਤਨ ਬਨਾਏ। ਹਾਥਨਿ ਆਯਹੁ ਕਾਲ ਬਿਤਾਏ॥੩੩॥

ਐਸਾ ਨਾ ਹੋਵੇ ਕਿ ਮੇਰੇ ਨਾਲ ਛਲ ਵਲ ਕਰ ਜਾਣ ਤੇ ਕੈਦਖਾਨੇ ਵਿਚੋਂ ਨਿਕਲ ਕੇ ਚਲੇ ਜਾਣ, ਮਸਾਂ-ਮਸਾਂ ਬਹੁਤ ਯਤਨ ਕਰਕੇ ਫੜਿਆ ਹੈ, ਬਹੁਤ ਸਮਾਂ ਬੀਤਣ ਦੇ ਬਾਅਦ ਹੱਥ ਵਿਚ ਆਏ ਹਨ॥੩੩॥

ਅਬਿ ਮਨਾਇ ਕੈ ਮੈਂ ਮਨ ਭਾਈ। ਕਰੌਂ ਸ਼ਰਾ ਮੀਤ, ਤੁਰਕ ਬਨਾਈ।
ਇਹ ਜਬਿ ਕਲਮੇ ਕੋ ਪਠਿ ਲੇਹਿ। ਬਹੁਰ ਅਪਰ ਹਿੰਦੂ ਰਹਿਂ ਜੇਹਿ॥੩੪॥

ਹੁਣ ਮੈਂ ਮਨਾ ਕੇ ਮਨ-ਭਾਉਂਦੀ ਗੱਲ ਕਰਾਂਗਾ, ਸ਼ਰ੍ਹਾ ਦੀ ਮੱਤ ਵਿਚ ਲਿਆ ਕੇ ਤੁਰਕ ਬਣਾਵਾਂਗਾ। ਇਹ ਜਦ ਕਲਮੇ ਨੂੰ ਪੜ੍ਹ ਲੈਣਗੇ ਫਿਰ ਜਿਹੜੇ ਹੋਰ ਹਿੰਦੂ ਰਹਿ ਜਾਣਗੇ॥੩੪॥

ਅਨਾਯਾਸ ਸਭਿ ਹੂੰ ਬਨਿ ਜਾਇਂ। ਗੁਰੂ ਭਯੋ, ਸਿਖ ਕਿਮ ਠਹਿਰਾਇਂ।
ਯਾਂਤੇ ਇਹ ਸੰਗ ਜਤਨ ਕਰੀਜੈ। ਦੀਨ ਬਿਖੇ ਜਿਮ ਕਿਮ ਲੇ ਲੀਜੈ॥੩੫॥

ਉਹ ਸਾਰੇ ਬਿਨਾਂ ਯਤਨ ਤੋਂ ਤੁਰਕ ਬਣ ਜਾਣਗੇ, ਜਦ ਸਿੱਖਾਂ ਦਾ ਗੁਰੂ ਹੀ ਮੁਸਲਮਾਨ ਹੋ ਗਿਆ ਤਾਂ ਉਹ ਫਿਰ ਕਿਵੇਂ ਰੁਕਣਗੇ। ਇਸ ਕਰਕੇ ਇਨ੍ਹਾਂ ਨੂੰ ਤੁਰਕ ਬਣਾਉਣ ਦਾ ਯਤਨ ਕਰੀਏ, ਜਿਵੇਂ ਕਿਵੇਂ ਦੀਨ ਵਿਚ ਲੈ ਆਈਏ॥੩੫॥

**ਜਮਾਦਾਰ ਕਾਰਾਗ੍ਰਿਹ ਕੇਰਾ। ਤਿਹ ਤਾੜਯੋ ਕਹਿ ਤ੍ਰਾਸ ਘਨੇਰਾ।**
**'ਦਿਖੀਅਹੁ ਚਲਯੋ ਜਾਇ ਨਹਿਂ ਕਯੋਂ ਹੂੰ। ਅਬਿ ਸਿੱਖਨਿ ਗ੍ਰਿਹ ਗਮਨਯੋਂ ਜਯੋਂ ਹੂੰ॥੩੬॥**

ਜਿਹੜਾ ਕੈਦਖਾਨੇ ਦਾ ਜਮਾਂਦਾਰ ਸੀ, ਉਸ ਨੂੰ ਤਾੜਨਾ ਕਰਕੇ ਬਹੁਤ ਡਰਾਇਆ। "ਵੇਖਦਾ ਰਹੀਂ ਕਿਸੇ ਤਰ੍ਹਾਂ ਚਲੇ ਨਾ ਜਾਣ, ਜਿਵੇਂ ਹੁਣ ਸਿੱਖਾਂ ਦੇ ਘਰ ਚਲੇ ਗਏ ਹਨ॥੩੬॥

**ਰਾਤਿ ਦਿਵਸ ਦ੍ਰਿਢ ਹੋਇ ਸਿਪਾਹੀ। ਸ਼ਸਤ੍ਰ ਸਹਿਤ ਠਾਂਢੇ ਰਹਿ ਪਾਹੀ।**
**ਆਂਖਨਿ ਆਗੇ ਦੇਖਤਿ ਰਹੀਅਹਿ। ਤ੍ਰਾਸ ਮੋਹਿ ਦਿਸ਼ਿ ਤੇ ਤਿਸ ਕਹੀਅਹਿ॥੩੭॥**

ਰਾਤ ਦਿਨ ਸਿਪਾਹੀਆਂ ਨੂੰ ਦ੍ਰਿੜ੍ਹ ਕਰਕੇ ਰੱਖੋ, ਸ਼ਸਤਰਾਂ ਸਹਿਤ ਉਨ੍ਹਾਂ ਪਾਸ ਖੜੇ ਰਹਿਣ। ਆਪਣੀਆਂ ਅੱਖਾਂ ਅੱਗੇ ਵੇਖਦੇ ਰਹਿਣ, ਉਨ੍ਹਾਂ ਸਿਪਾਹੀਆਂ ਨੂੰ ਮੇਰੇ ਵਲੋਂ ਡਰ ਪਾਉ॥੩੭॥

**ਕਹਯੋ ਜਿ ਮਾਨ ਲੇਹਿ ਕਿਸ ਰੀਤਿ। ਤਾੜਨ ਕਰੇ ਤ੍ਰਾਸ ਹੁਇ ਚੀਤ।**
**ਤੌ ਮਮ ਢਿਗ ਤਬਿ ਆਇ ਕਹੀਜੈ। ਰਹਹੁ ਸੁਚੇਤ ਬਿਸਾਸ ਨ ਕੀਜੈ॥੩੮॥**

ਜੇ ਕਿਸੇ ਰੀਤੀ ਨਾਲ ਕਿਹਾ ਮੰਨ ਲੈਣ, ਜੇ ਉਹ ਤਾੜਨਾ ਕਰਨ ਤੇ ਤੈਨੂੰ ਕਿਸੇ ਪ੍ਰਕਾਰ ਡਰ ਅਨੁਭਵ ਹੋਵੇ ਤਾਂ ਮੇਰੇ ਪਾਸ ਆ ਕੇ ਕਹੋ, ਸੁਚੇਤ ਰਹੋ, ਉਨ੍ਹਾਂ 'ਤੇ ਵਿਸ਼ਵਾਸ ਨਾ ਕਰੋ॥੩੮॥

**ਜੇ ਕਰਿ ਜਾਂਹਿ ਨਿਕਸਿ ਕਰਿ ਕੈਸੇ। ਹੋਇ ਤਾੜਨਾ ਤੁਝ ਪਰ ਤੈਸੇ।**
**ਸੰਕਟ ਘਨੇ ਪਾਇ ਜਿਮ ਸੋਈ। ਕਰਹੁ ਸੁ ਰੀਤਿ ਜਿ ਸੂਧਾ ਹੋਈ'॥੩੯॥**

ਜੇ ਕਿਸੇ ਤਰ੍ਹਾਂ ਨਿਕਲ ਕੇ ਚਲੇ ਗਏ ਤਾਂ ਤੇਰੇ ਉੱਤੇ ਵੀ ਵੈਸੀ ਤਾੜਨਾ ਹੋਵੇਗੀ। ਜਿਵੇਂ ਉਹ ਬਹੁਤ ਦੁਖ ਪਾਉਣ, ਐਸੀ ਰੀਤੀ ਕਰੋ ਤਾਂਕਿ ਸਿੱਧੇ ਹੋ ਜਾਣ"॥੩੯॥

**ਇਮ ਤਾੜਨ ਕਰਿ ਪਠਯੋ ਸਿਪਾਹੀ। 'ਸਾਵਧਾਨ ਠਾਂਢੇ ਰਹੁ ਪਾਹੀ।**
**ਕਰਾਮਾਤ ਕਰਿ ਜੇ ਕਰਿ ਗਯੋ। ਤੌ ਨਹਿਂ ਦੋਸ਼ ਤਨਕ ਹਮ ਭਯੋ॥੪੦॥**

ਇਸ ਤਰ੍ਹਾਂ ਤਾੜਨਾ ਕਰਕੇ ਦਰੋਗੇ ਨੇ ਸਿਪਾਹੀ ਨੂੰ ਭੇਜਿਆ, "ਸਾਵਧਾਨ ਹੋ ਕੇ ਪਾਸ ਖੜੇ ਰਹੋ, ਜੇ ਕੋਈ ਕਰਾਮਾਤ ਕਰਕੇ ਚਲਾ ਗਿਆ ਤਾਂ ਇਸ ਵਿਚ ਮੇਰਾ ਕੋਈ ਦੋਸ਼ ਨਹੀਂ ਹੋਵੇਗਾ॥੪੦॥

**ਇਸ ਬਿਧਿ ਬਿਨ, ਅਸ ਕੋ ਚਲਿ ਜਾਯੋ। ਕੌਣ ਦੋਥਣੀ ਨੇ ਕਿਮ ਜਾਯੋ'।**
**ਇਮ ਬਿਚਾਰ ਕੀਨਸਿ ਤਕਰਾਈ। ਕਾਰਾਗ੍ਰਿਹ ਮਹਿਂ ਗੁਰ ਸੁਖਦਾਈ॥੪੧॥**

ਇਸ ਵਿਧੀ ਬਗੈਰ, ਐਸਾ ਕੌਣ ਹੈ ਜਿਹੜਾ ਚਲਾ ਜਾਵੇ, ਕਿਸੇ ਇਸਤਰੀ ਨੇ ਐਸਾ ਕਿਵੇਂ ਜੰਮਿਆ ਹੈ।" ਇਸ ਤਰ੍ਹਾਂ ਵਿਚਾਰ ਕੇ ਤਕੜਾਈ ਕੀਤੀ, ਜੇਲ੍ਹ ਵਿਚ ਸੁਖਦਾਈ ਗੁਰੂ ਜੀ ਬੈਠੇ ਹਨ॥੪੧॥

*ਬਾਰ੍ਹਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥*

❖❖❖

# ਅਧਿਆਇ ਇਕਵੰਜਵਾਂ

## ਦੇਗਚੇ ਵਿਚੋਂ ਸੂਰ

ਦੋਹਰਾ-ਬੀਤੇ ਕੇਤਿਕ ਦਿਵਸ ਜਬਿ ਕਾਰਾਗ੍ਰਿਹ ਕੇ ਮਾਂਹਿ।
ਸਰਬ ਰੀਤਿ ਤੇ ਕਠਨਤਾ ਕਰਹਿ ਤੁਰਕ ਬਦਰਾਹਿ॥ ੧॥

ਜਦ ਕੈਦਖਾਨੇ ਵਿਚ ਬਹੁਤ ਦਿਨ ਬੀਤ ਗਏ, ਭੈੜੀ ਮੱਤ ਵਾਲੇ ਤੁਰਕ ਸਭ ਰੀਤੀਆਂ ਨਾਲ ਗੁਰੂ ਜੀ ਨੂੰ ਬਹੁਤ ਦੁਖੀ ਕਰਦੇ ਸਨ॥੧॥

ਚੌਪਈ- ਪੁਨਿਹਿੰ ਮੁਲਾਨੇ ਕਾਜੀ ਔਰ। ਮਿਲਿ ਮਸਲਤ ਕੀਨਸਿ ਇਕ ਠੌਰ।
'ਹਿੰਦੁਨਿ ਗੁਰੂ ਗਹਯੋ ਦ੍ਰਿਢ ਸ਼ਾਹੂ। ਕਰਯੋ ਕੈਦ ਬਹੁ ਸੰਕਟ ਮਾਂਹੂ॥੨॥

ਫਿਰ ਸਾਰੇ ਮੁਲਾਣਿਆਂ, ਕਾਜ਼ੀਆਂ ਨੇ ਇਕ ਥਾਂ ਮਿਲ ਕੇ ਸਲਾਹ ਕੀਤੀ। ਹਿੰਦੂਆਂ ਦੇ ਗੁਰੂ ਜੀ ਨੂੰ ਬਾਦਸ਼ਾਹ ਨੇ ਬੜੀ ਦ੍ਰਿੜ੍ਹਤਾ ਨਾਲ ਫੜਿਆ ਹੈ, ਕੈਦ ਕਰਕੇ ਬਹੁਤ ਦੁਖੀ ਕਰ ਰਹੇ ਹਨ॥੨॥

ਕਿਤਨੇ ਦਿਵਸ ਸੁ ਬੀਤ ਗਏ ਹੈਂ। ਤਾੜਨ ਅਨਿਕ ਪ੍ਰਕਾਰ ਕਿਏ ਹੈਂ।
ਰੰਚਕ ਹਠ ਨਹਿੰ ਤਜਾਗਨਿ ਕੀਨਸਿ। ਬਧਯੋ ਪ੍ਰਥਮ ਤੇ ਦ੍ਰਿਢਤਾ ਲੀਨਸਿ॥੩॥

ਕਈ ਦਿਨ ਬੀਤ ਗਏ ਹਨ ਤੇ ਅਨੇਕ ਪ੍ਰਕਾਰ ਗੁਰੂ ਜੀ ਨੂੰ ਕਸ਼ਟ ਦਿੱਤੇ ਹਨ, ਪਰ ਉਨ੍ਹਾਂ ਨੇ ਰਾਈ ਭਰ ਵੀ ਆਪਣਾ ਹਠ ਨਹੀਂ ਛੱਡਿਆ ਹੈ। ਹਠ ਪਹਿਲਾਂ ਨਾਲੋਂ ਵੀ ਵਧਿਆ ਹੈ ਤੇ ਦ੍ਰਿੜ੍ਹਤਾ ਪਾ ਲਈ ਹੈ॥੩॥

ਅਨਿਕ ਉਪਾਇ ਕਿਏ ਬਹੁ ਰੋਕਾ। ਇਕ ਸਮ ਮੁਖ ਤਿਨ ਕੋ ਅਵਲੋਕਾ।
ਨਹੀਂ ਤ੍ਰਾਸ ਤੇ ਦੇਖਯੋ ਦੀਨ। ਬਦਨ ਪ੍ਰਕਾਸ਼ ਪ੍ਰਸੰਨਤਾ ਲੀਨਿ॥ ੪॥

ਅਨੇਕਾਂ ਉਪਾਅ ਕਰਕੇ ਬਹੁਤ ਰੋਕਿਆ ਹੈ, ਪਰ ਸਦਾ ਹੀ ਇਕ ਸਮਾਨ ਉਨ੍ਹਾਂ ਦੇ ਮੁਖ ਨੂੰ ਵੇਖਿਆ ਹੈ। ਡਰ ਮੰਨ ਕੇ ਕਦੀ ਵੀ ਦੀਨ ਹੋ ਕੇ ਨਹੀਂ ਵੇਖਿਆ ਹੈ, ਚਿਹਰੇ ਤੇ ਪ੍ਰਕਾਸ਼ ਹੈ ਤੇ ਹਰ ਵੇਲੇ ਪ੍ਰਸੰਨ ਚਿੱਤ ਰਹਿੰਦੇ ਹਨ॥੪॥

ਨਹੀਂ ਸ਼ਰ੍ਹਾ ਮਹਿੰ ਆਵਨਿ ਮਾਨਹਿ। ਕਹਯੋ ਸ਼ਾਹ ਕੋ ਰਿਦੈ ਨ ਆਨਹਿੰ।
ਅਪਨਿ ਆਪ ਕੋ ਲਖਹਿ ਬਡੇਰਾ। ਕਰਹਿ ਤਰਕ ਤੁਰਕਨ ਮਤ ਜੇਰਾ॥੫॥

ਸ਼ਰ੍ਹਾ ਵਿਚ ਆਉਣਾ ਨਹੀਂ ਮੰਨਦੇ ਹਨ, ਬਾਦਸ਼ਾਹ ਨੂੰ ਕਿਹਾ ਹੈ ਕਿ ਸਾਡਾ ਦਿਲ ਨਹੀਂ ਮੰਨਦਾ ਹੈ। ਆਪਣੇ ਆਪ ਨੂੰ ਵੱਡਾ ਸਮਝਦੇ ਹਨ। ਤੁਰਕਾਂ ਦੇ ਮੱਤ ਨੂੰ ਨੀਵਾਂ ਦੱਸ ਕੇ ਤਰਕਾਂ ਕਰਦੇ ਹਨ॥੫॥

ਅਬਿ ਚਲਿ ਪਾਤਸ਼ਾਹੁ ਸਮੁਝਾਵਹੁ। ਅਪਨੋ ਖਾਨਾ ਤਿਸੇ ਖੁਵਾਵਹੁ'।
ਅਸ ਮਸਲਤ ਕਰਿ ਗਮਨੇ ਸੋਇ। ਕੁਚਲ ਸ਼ਰਾ ਕੇ ਬੰਦੇ ਜੋਇ॥ ੬॥

ਹੁਣ ਬਾਦਸ਼ਾਹ ਨੂੰ ਚਲ ਕੇ ਸਮਝਾਵੋ ਕਿ ਆਪਣਾ ਖਾਣਾ ਉਨ੍ਹਾਂ ਨੂੰ ਖਵਾਉਣ।" ਇਸ ਤਰ੍ਹਾਂ ਸਲਾਹ ਕਰਕੇ ਕਾਜ਼ੀ ਮੁਲਾਣੇ ਜਿਹੜੇ ਕੁਚਾਲੀ ਸ਼ਰ੍ਹਾ ਨਾਲ ਬੰਨ੍ਹੇ ਹੋਏ ਸਨ, ਬਾਦਸ਼ਾਹ ਵਲ ਚਲ ਪਏ॥੬॥

ਸਾਥ ਅਦਾਇਬ ਕੁਰਨਸ਼ ਕਰਿਕੈ। ਬਾਰਿ ਬਾਰਿ ਤਸਲੀਮ ਸੁ ਧਰਿ ਕੈ।
ਪਹੁਚਿ ਸ਼ਾਹੁ ਢਿਗ ਬੁਧਿ ਸਮੁਝਾਈ। 'ਬਨਿਹ ਤੁਰਕ ਇਕ ਅਪਰ ਉਪਾਈ॥੭॥

ਬਾਦਸ਼ਾਹ ਪਾਸ ਜਾ ਕੇ ਬੜੇ ਅਦਬ ਨਾਲ ਸਲਾਮ ਕਰਕੇ ਤੇ ਬਾਰ-ਬਾਰ ਤਸਲੀਮ ਧਾਰਨ ਕਰਕੇ ਬਾਦਸ਼ਾਹ ਪਾਸ ਪਹੁੰਚ ਕੇ ਉਸ ਨੂੰ ਸਮਝਾਇਆ, "ਇਕ ਹੋਰ ਉਪਾਅ ਕਰਨ ਨਾਲ ਉਹ ਤੁਰਕ ਬਣ ਸਕਦੇ ਹਨ॥੭॥

ਬਹੁ ਦਿਨ ਬਿਨਾ ਅਹਾਰ ਬਿਤਾਏ। ਅਧਿਕ ਛੁਧਾਤੁਰ ਭਾ ਦੁਖ ਪਾਏ।
ਕੁੱਠਜੋ ਮਾਸ ਆਪ ਮੰਗਵਾਵਉ। ਡਾਰਿ ਮਸਾਲੇ ਲਵਨ ਰਿਝਾਵਉ॥ ੮॥

ਬਹੁਤ ਦਿਨ ਉਨ੍ਹਾਂ ਨੇ ਭੋਜਨ ਤੋਂ ਬਗੈਰ ਬਤੀਤ ਕੀਤੇ ਹਨ, ਭੁੱਖ ਨਾਲ ਆਤੁਰ ਹੋ ਕੇ ਬਹੁਤ ਦੁਖ ਪਾਇਆ ਹੈ। ਆਪ ਹਲਾਲ ਦਾ ਮਾਸ ਮੰਗਵਾਓ ਤੇ ਲੂਣ ਮਸਾਲੇ ਪਾ ਕੇ ਇਸ ਨੂੰ ਪਕਵਾਓ॥੮॥

ਕਰਿ ਕੈ ਤਯਾਰ ਦੇਗਚੇ ਮਾਂਹੀ। ਪਾਸ ਲਿਜਾਇ ਖੁਲਾਵਹੁ ਤਾਂਹੀ।
ਜਬ ਖਾਨਾ ਤੁਮਰੋ ਲੇ ਖਾਇ। ਤਬਿਹੂੰ ਤੁਰਕ ਆਪ ਬਨਿ ਜਾਇ॥ ੯॥

ਦੇਗਚੇ ਵਿਚ ਤਿਆਰ ਕਰਕੇ ਉਨ੍ਹਾਂ ਦੇ ਪਾਸ ਲੈ ਜਾਵੋ ਤੇ ਉਨ੍ਹਾਂ ਨੂੰ ਭੋਜਨ ਖਵਾਓ। ਜਦ ਤੁਹਾਡਾ ਖਾਣਾ ਖਾ ਲੈਣਗੇ ਤਾਂ ਆਪਣੇ ਆਪ ਤੁਰਕ ਬਣ ਜਾਣਗੇ॥੯॥

ਬਹੁਤ ਪ੍ਰਬੋਧਹਿਂ ਨਰ ਸਮੁਦਾਇ। ਲਾਲਚ ਸਭਿ ਤੇ ਅਧਿਕ ਦਿਖਾਇ।
ਸਭਿਹਿਨਿ ਕੇ ਤੁਮ ਪੀਰ ਬਨਹੁਗੇ। ਤਿਮ ਕਰਿਹੈਂ ਜਿਮ ਆਪ ਭਨਹੁਗੇ॥੧੦॥

ਹੋਰ ਸਾਰੇ ਆਦਮੀ ਵੀ ਗੁਰੂ ਜੀ ਨੂੰ ਬਹੁਤ ਸਮਝਾਉਣ, ਸਭ ਤੋਂ ਵੱਧ ਲਾਲਚ ਵਿਖਾਉਣ ਕਿ ਤੁਸੀਂ ਸਾਰਿਆਂ ਦੇ ਪੀਰ ਬਣੋਗੇ, ਅਸੀਂ ਉਸ ਤਰ੍ਹਾਂ ਹੀ ਕਰਾਂਗੇ ਜਿਵੇਂ ਆਪ ਕਹੋਗੇ॥੧੦॥

ਇੱਤਯਾਦਿਕ ਕਹਿ ਅਨਿਕ ਪ੍ਰਕਾਰੇ। ਦ੍ਵੈ ਤ੍ਰੈ ਚਲਿ ਉਮਰਾਵ ਤੁਮਾਰੇ।
ਸਮੁਝਾਵਹੁ ਦੇ ਬਹੁ ਬਡਿਆਈ। ਸਾਮ ਦਾਮ ਕੇ ਰਚਹਿਂ ਉਪਾਈ॥ ੧੧॥

ਇਸ ਤਰ੍ਹਾਂ ਅਨੇਕ ਪ੍ਰਕਾਰ ਕਹਿ ਕੇ, ਦੋ ਤਿੰਨ ਤੁਹਾਡੇ ਉਮਰਾਵ ਚਲ ਕੇ ਜਾਣ ਤੇ ਬਹੁਤ ਵਡਿਆਈ ਦੇ ਕੇ ਸਮਝਾਉਣ ਤੇ ਮਿੱਤ੍ਰਤਾ ਅਤੇ ਲਾਲਚ ਦਾ ਉਪਾਅ ਕਰਨ॥੧੧॥

ਜਿਮ ਕਿਮ ਕਰਹੁ ਉਚਾਵਚ ਬਾਤ।ਆਨਹੁ ਸ਼ਰਾ ਬੀਚ ਬੱਖਯਾਤ।
ਇਮ ਸੁਨਿ ਮਸਲਤ ਮਾਨੀ ਸ਼ਾਹੂ। ਮਹਾਂ ਦੁਸ਼ਟ ਚਾਲਿਸ ਬਦਰਾਹੂ॥ ੧੨॥

ਉੱਚੀਆਂ ਨੀਵੀਆਂ ਗੱਲਾਂ ਕਹਿ ਕੇ ਜਿਵੇਂ ਕਿਵੇਂ ਕਰਕੇ, ਉਸ ਨੂੰ ਪ੍ਰਗਟ ਰੂਪ ਵਿਚ ਸ਼ਰ੍ਹਾ ਵਿਚ ਲਿਆਵੋ।" ਇਸ ਤਰ੍ਹਾਂ ਸੁਣ ਕੇ ਬਾਦਸ਼ਾਹ ਨੇ ਸਲਾਹ ਮੰਨ ਲਈ। ਮਹਾਂ ਦੁਸ਼ਟ ਭੈੜੀ ਮੱਤ ਵਾਲਾ ਵੱਡਾ ਨੀਚ ਹੈ॥੧੨॥

ਅਪਨਿ ਖਾਨ ਕੋ ਖਾਨਾ ਤਯਾਰ। ਕਰਿਵਾਇਸ ਮਤਿਮੰਦ ਗਵਾਰ।
ਦ੍ਵੈ ਉਮਰਾਵ ਲੀਏ ਨਿਜ ਸਾਥ। ਗਮਨੇ ਖਾਨਾ ਧਰਿ ਕਰਿ ਹਾਥ॥ ੧੩॥

ਆਪਣੇ ਖਾਣ ਵਾਸਤੇ ਮਾੜੀ ਮੱਤ ਵਾਲੇ ਮੂਰਖ ਗਵਾਰ ਨੇ ਖਾਣਾ ਤਿਆਰ ਕਰਵਾਇਆ। ਦੋ ਉਮਰਾਵ ਨੂੰ ਆਪਣੇ ਨਾਲ ਲਿਆ ਤੇ ਉਹ ਆਪਣੇ ਹੱਥ ਵਿਚ ਖਾਣਾ ਫੜ ਕੇ ਚਲ ਪਏ॥੧੩॥

ਕਾਰਾਗ੍ਰਿਹ ਮਹਿਂ ਚਲਿ ਕਰਿ ਗਏ। ਮਾਨੁਖ ਦਸਕ ਸੰਗ ਮੈਂ ਥਿਏ।
ਜਹਿਂ ਬੈਠੇ ਤੁਰਕਨ ਜਰ ਨਾਸਕ। ਰੱਛਕ ਹਿੰਦੁਨਿ ਕੇਰ ਪ੍ਰਕਾਸ਼ਕ॥ ੧੪॥

ਜੇਲ੍ਹ ਵਿਚ ਚਲ ਕੇ ਗਏ, ਦੱਸ ਦੇ ਕਰੀਬ ਮਨੁੱਖ ਨਾਲ ਲਏ ਸਨ। ਜਿੱਥੇ ਤੁਰਕਾਂ ਦੀ ਜੜ੍ਹ ਨਾਸ਼ ਕਰਨ ਵਾਲੇ ਸ੍ਰੀ ਗੁਰੂ ਜੀ ਬੈਠੇ ਸਨ॥੧੪॥

ਇਸੀ ਹੇਤੁ ਤਨ ਧਰ ਪਰ ਛੋਰਨਿ। ਤੁਰਕਨ ਕੇ ਸਿਰ ਠੀਕਰ ਫੋਰਨਿ।
ਰਾਜ ਤੇਜ ਅਤਿਸ਼ੈ ਬਡ ਜੋਈ। ਜਿਨ ਕੈ ਸਮ ਜਗ ਮਹਿਂ ਨਹਿਂ ਕੋਈ॥੧੫॥

ਜਿਨ੍ਹਾਂ ਹਿੰਦੂਆਂ ਦੀ ਰੱਖਿਆ ਲਈ ਇਸ ਧਰਤੀ 'ਤੇ ਸਰੀਰ ਛੱਡ ਦਿੱਤਾ ਤੇ ਤੁਰਕਾਂ ਦੇ ਸਿਰ ਉੱਤੇ ਆਪਣਾ ਸਰੀਰ ਰੂਪੀ ਠੀਕਰ ਭੰਨ ਦਿੱਤਾ। ਜਿਹੜਾ ਰਾਜ ਤੇਜ ਬਹੁਤ ਵੱਡਾ ਸੀ, ਜਿਨ੍ਹਾਂ ਦੇ ਬਰਾਬਰ ਜਗ ਵਿਚ ਹੋਰ ਕੋਈ ਨਹੀਂ ਸੀ॥੧੫॥

ਤਿਨ ਕਹੁ ਭਲੀ ਭਾਂਤਿ ਕਰਿ ਕੂਰੇ। ਚਹਤਿ ਬਿਨਾਸਜੋ ਸਤਿਗੁਰ ਪੂਰੇ।
ਕੋਸ਼ਠ ਅੰਤਰਿ ਬੈਠੇ ਜਹਾਂ। ਦੇਖਤਿ ਭਏ ਜਾਇ ਕਰਿ ਤਹਾਂ॥ ੧੬॥

ਉਨ੍ਹਾਂ ਨੂੰ ਭਲੀ ਪ੍ਰਕਾਰ ਝੂਠੇ ਕਰਕੇ, ਪੂਰਨ ਸਤਿਗੁਰੂ ਜੀ ਉਨ੍ਹਾਂ ਦਾ ਨਾਸ਼ ਕਰਨਾ ਚਾਹੁੰਦੇ ਸਨ। ਕੋਠੜੀ ਅੰਦਰ ਜਿੱਥੇ ਬੈਠੇ ਸਨ, ਸਾਰਿਆਂ ਨੇ ਓਥੇ ਜਾ ਕੇ ਵੇਖਿਆ॥੧੬॥

ਪ੍ਰਥਮੇ ਨਿਜ ਪਖ ਕੋ ਸਮੁਝਾਏ। ਉਮਰਾਵਨ ਦੋਨਹੁਂ ਬਚ ਗਾਏ।
'ਕਜੋਂ ਤੁਮ ਸੰਕਟ ਇਤੋ ਸਹਾਰੋ। ਕਹਜੋ ਸ਼ਾਹੁ ਕੋ ਸਿਰ ਪਰ ਧਾਰੋ॥ ੧੭॥

ਪਹਿਲਾਂ ਆਪਣੇ ਪੱਖ ਨੂੰ ਸਮਝਾਇਆ, ਦੋਵਾਂ ਉਮਰਾਵਾਂ ਨੇ ਬਹੁਤ ਬਕਵਾਸ ਕੀਤੀ, "ਤੁਸੀਂ ਏਨਾ ਸੰਕਟ ਕਿਉਂ ਸਹਾਰਦੇ ਹੋ। ਬਾਦਸ਼ਾਹ ਦਾ ਕਿਹਾ ਸਿਰ ਉੱਤੇ ਧਾਰਨ ਕਰੋ॥੧੭॥

ਤੁਮ ਕੋ ਕਰਿ ਹੈ ਪੀਰਨ ਪੀਰ। ਅਰਪਹਿ ਮੁਹਿਰੈਂ, ਮੁਕਤਾ, ਹੀਰ।
ਸਭਿ ਸਲਾਮ ਕਰਿ ਮਾਨਹਿਂ ਆਨ। ਪਾਤਸ਼ਾਹਿ ਇਮ ਕੀਨਿ ਬਖਾਨ॥ ੧੮॥

ਤੁਹਾਨੂੰ ਪੀਰਾਂ ਦੇ ਪੀਰ ਬਣਾ ਦੇਣਗੇ ਤੇ ਮੁਹਰਾਂ, ਮੋਤੀ ਅਤੇ ਹੀਰੇ ਅਰਪਣ ਕਰਨਗੇ। ਸਾਰੇ ਸਲਾਮ ਕਰਕੇ ਤੁਹਾਡੀ ਆਨ ਮੰਨਣਗੇ। ਬਾਦਸ਼ਾਹ ਨੇ ਇਸ ਤਰ੍ਹਾਂ ਕਿਹਾ ਹੈ॥੧੮॥

ਜੌ ਤੁਮ ਚਹਹੁ ਨਿਕਾਹ ਕਰਾਯੋ। ਲੇਹੁ ਸ਼ਾਹੁ ਦੁਹਿਤਾ ਮਨ ਭਾਯੋ।
ਇਸਤੇ ਪਰੇ ਅਪਰ ਬਡਿਆਈ। ਰਹੀ ਨ ਪਾਛੇ ਦੇਂ ਜੁ ਬਤਾਈ॥ ੧੯॥

ਜੇ ਤੁਸੀਂ ਚਾਹੁੰਦੇ ਹੋ ਤਾਂ ਨਿਕਾਹ ਕਰਾਵੋ, ਮਨ-ਭਾਉਂਦੀ ਬਾਦਸ਼ਾਹ ਦੀ ਪੁੱਤਰੀ ਲੈ ਲਵੋ। ਇਸ ਤੋਂ ਵੱਡੀ ਹੋਰ ਕਿਹੜੀ ਵਡਿਆਈ ਹੈ, ਕੁਝ ਵੀ ਫਿਰ ਪਿੱਛੇ ਨਹੀਂ ਰਹਿੰਦਾ ਹੈ, ਜਿਹੜੀ ਅਸੀਂ ਦੱਸ ਦੇਈਏ॥੧੯॥

ਪਠਜੋ ਦੇਗਚਾ ਪਾਸ ਤੁਮਾਰੇ। ਖਾਵਹੁ, ਕਲਮਾ ਮੁਖਹੁਂ ਉਚਾਰੇ।
ਨਾਂਹਿਤ ਬਾਦੀ ਸ਼ਾਹੁ ਸੁਭਾਇ। ਚਹੈ ਸੁ ਕਰਹਿ ਨ ਫੇਰਜੋ ਜਾਇ॥ ੨੦॥

ਉਨ੍ਹਾਂ ਤੁਹਾਡੇ ਪਾਸ ਦੇਗਚਾ ਭੇਜਿਆ ਹੈ, ਉਸ ਖਾਣੇ ਨੂੰ ਖਾਵੋ ਤੇ ਮੁਖ ਤੋਂ ਕਲਮੇ ਦਾ ਉਚਾਰਨ ਕਰੋ। ਨਹੀਂ ਤਾਂ ਬਾਦਸ਼ਾਹ ਦਾ ਸੁਭਾਅ ਬੜਾ ਝਗੜਾਲੂ ਹੈ, ਫਿਰ ਉਹ ਜੋ ਚਾਹੇ ਕਰਦਾ ਹੈ ਮੋੜਿਆ ਨਹੀਂ ਜਾ ਸਕਦਾ॥੨੦॥

ਕੇਤਿਕ ਪ੍ਰਾਨ ਹਾਨਿ ਕਰਿ ਦੀਨੇ। ਨਿਜ ਹਠ ਕੋ ਪੂਰਨ ਕਰਿ ਲੀਨੇ।
ਯਾਂਤੇ ਅਬਿ ਸਮਝਹੁ ਮਨ ਮਾਂਹੀ। ਤੁਵ ਸਹਾਇਤਾ ਕਬਿ ਕਿਤ ਨਾਂਹੀ॥ ੨੧॥

ਕਈਆਂ ਲੋਕਾਂ ਦੇ ਪ੍ਰਾਣ ਉਨ੍ਹਾਂ ਦੂਰ ਕਰ ਦਿੱਤੇ ਹਨ, ਆਪਣੇ ਹਠ ਨੂੰ ਉਹ ਪੂਰਾ ਕਰ ਲੈਂਦੇ ਹਨ। ਇਸ ਕਰਕੇ ਹੁਣ ਮਨ ਵਿਚ ਸਮਝੋ, ਤੁਹਾਡੀ ਸਹਾਇਤਾ ਕਿਸੇ ਦੇਸ਼ ਵਿਚ ਵੀ ਕਿਸੇ ਨਹੀਂ ਕਰ ਸਕਣੀ॥੨੧॥

ਜਿਸ ਕੀ ਫਿਰੈ ਸਕਲ ਜਗ ਦੋਹੀ। ਅਸ ਨਹਿਂ ਬਲੀ ਜੁ ਸਨਮੁਖ ਹੋਹੀ।
ਕਿਸ ਉਪਾਇ ਤੇ ਛੂਟਨ ਕਰਿ ਹੌ। ਨਾਹਕ ਪਰੇ ਮਹਾਂ ਦੁਖ ਭਰਿ ਹੌਂ॥ ੨੨॥

ਜਿਸ ਦੀ ਸਾਰੇ ਜਗ ਵਿਚ ਦੋਹੀ ਫਿਰਦੀ ਹੈ, ਐਸਾ ਕੋਈ ਬਲੀ ਨਹੀਂ ਜਿਹੜਾ ਉਨ੍ਹਾਂ ਦੇ ਸਾਹਮਣੇ ਹੋਵੇ। ਕਿਹੜਾ ਉਪਾਅ ਕਰਕੇ ਛੁਟਕਾਰਾ ਪਾ ਲਵੋਗੇ। ਫਜ਼ੂਲ ਵਿਚ ਵੱਡਾ ਦੁਖ ਪਾਉਗੇ ॥੨੨॥

ਲੇਹੁ ਦੇਗਚਾ ਖਾਵਹੁ ਖਾਨਾ। ਪੁਨ ਛੁਟਿ ਐਸ਼ ਕਰਹੁ ਬਿਧਿ ਨਾਨਾ।
ਮਾਨਹੁ ਬਾਤ, ਕਹੇ ਹਮ ਆਛੇ। ਨਾਂਹਿ ਤ ਪਛੁਤਾਵਹੁਗੇ ਪਾਛੈ' ॥ ੨੩ ॥

ਦੇਗਚਾ ਲੈ ਕੇ ਖਾਣਾ ਖਾਵੋ, ਫਿਰ ਛੁਟਕਾਰਾ ਪਾ ਕੇ ਅਨੇਕਾਂ ਵਿਧੀਆਂ ਨਾਲ ਐਸ਼ ਲਵੋ। ਸਾਡੀ ਗੱਲ ਮੰਨੋ, ਅਸੀਂ ਚੰਗੀ ਗੱਲ ਆਖੀ ਹੈ, ਨਹੀਂ ਤਾਂ ਬਾਅਦ ਵਿਚ ਪਛੁਤਾਵੋਗੇ" ॥੨੩॥

ਸੁਨਿ ਮਤਿਮੰਦਨ ਕੇ ਇਮ ਬੈਨ। ਕਹ੍ਯੋ ਦੇਗਚੇ ਦਿਸ਼ਿ ਕਰਿ ਨੈਨ।
'ਕਜਾ ਇਸ ਮਹਿਂ ਤੁਮ ਕੀਨਿ ਪਕਾਵਨ ? ਕਹਾਂ ਸਿੱਧ ਹੁਇ ਇਸ ਕੇ ਖਾਵਨਿ ? ॥੨੪॥

ਮਾੜੀ ਮੱਤ ਵਾਲਿਆਂ ਦੇ ਇਸ ਤਰ੍ਹਾਂ ਦੇ ਬੋਲ ਸੁਣ ਕੇ, ਗੁਰੂ ਜੀ ਨੇ ਦੇਗਚੇ ਵਲ ਵੇਖ ਕੇ ਕਿਹਾ, "ਇਸ ਵਿਚ ਤੁਸੀਂ ਕੀ ਪਕਵਾਨ ਪਕਾ ਕੇ ਲਿਆਏ ਹੋ, ਇਸ ਦਾ ਖਾਣਾ ਕਿਵੇਂ ਸਿੱਧ ਹੋਵੇ ? ॥੨੪॥

ਕਜਾ ਨਿਸ਼ਚੇ ਕਰਿ ਹਮਹਿਂ ਖੁਵਾਵਤਿ। ਕੌਨ ਕਾਜ ਤੁਮਰੋ ਬਨਿ ਆਵਤਿ।
ਧਰਮ ਭ੍ਰਿਸ਼ਟ ਅਪਰਨ ਕਰਿ ਦੇਨਾ। ਇਸ ਹਠ ਕਰਿ ਤੁਮ ਬਹੁ ਦੁਖ ਲੇਨਾ ॥੨੫॥

ਕੀ ਨਿਸ਼ਚੇ ਕਰਕੇ ਸਾਨੂੰ ਖਵਾਉਂਦੇ ਹੋ, ਇਸ ਨਾਲ ਤੁਹਾਡਾ ਕਿਹੜਾ ਕਾਰਜ ਬਣ ਜਾਵੇਗਾ। ਤੁਸੀਂ ਹੋਰਨਾਂ ਦਾ ਧਰਮ ਭ੍ਰਿਸ਼ਟ ਕਰਨਾ ਚਾਹੁੰਦੇ ਹੋ, ਇਸ ਹਠ ਕਰਕੇ ਤੁਸੀਂ ਬਹੁਤ ਦੁਖ ਪਾਵੋਗੇ॥੨੫॥

ਪਰਵਦਗਾਰ ਬਿਸਾਰ੍ਯੋ ਮਨ ਤੇ। ਖੋਟੇ ਕਾਜ ਕਰਤਿ ਹੋ ਤਨ ਤੇ।
ਢਾਂਪਨ ਦਿਹੁ ਉਤਾਰਿ ਇਸ ਕੇਰਾ। ਅਪਨਿ ਭਾਵਨਾ ਫਲ ਲਿਹੁ ਹੇਰਾ ॥੨੬॥

ਆਪਣੇ ਪਰਵਰਦਗਾਰ ਨੂੰ ਮਨ ਤੋਂ ਵਿਸਾਰਿਆ ਹੈ ਤੇ ਸਰੀਰ ਨਾਲ ਬੜੇ ਖੋਟੇ ਕਰਮ ਕਰਦੇ ਹੋ। ਇਸ ਦੇਗਚੇ ਦਾ ਢੱਕਣ ਲਾਹ ਦੇਵੋ ਤੇ ਆਪਣੀ ਭਾਵਨਾ ਦਾ ਫਲ ਲੈ ਕੇ ਵੇਖੋ" ॥੨੬॥

ਖਾਨੇ ਕੋ ਸਮੀਪ ਜੋ ਖਰ੍ਯੋ। ਤਿਸ ਨੇ ਢਾਂਪਨ ਸੁਨਤਿ ਉਤਰ੍ਯੋ।
ਜਬਹਿ ਦੇਗਚਾ ਤੁਰਕ ਉਘਾਰਾ। ਤਿਸ ਮਹਿਂ ਅਚਰਜ ਭਯੋ ਨਿਹਾਰਾ ॥੨੭॥

ਖਾਣੇ ਦੇ ਜਿਹੜਾ ਪਾਸ ਖੜਾ ਸੀ, ਉਸ ਨੇ ਸੁਣਦਿਆਂ ਸਾਰ ਦੇਗਚੇ ਦਾ ਢੱਕਣ ਲਾਹ ਦਿੱਤਾ। ਤੁਰਕ ਨੇ ਜਦ ਦੇਗਚੇ ਦਾ ਮੂੰਹ ਖੋਲ੍ਹਿਆ, ਤਾਂ ਉਸ ਵਿਚ ਉਸ ਨੇ ਅਸਚਰਜ ਚੀਜ਼ ਵੇਖੀ॥੨੭॥

ਲਘੁ ਲਘੁ ਸੂਕਰ ਨਿਕਸੇ ਘਨੇ। ਘੁਰ ਘੁਰ ਸ਼ਬਦ ਅਧਿਕ ਹੀ ਭਨੇ।
ਕੋ ਮੇਂਡਕ ਸਮ ਨਿਕਸਹਿਂ ਬਾਹਿਰ। ਫਾਂਧਿ ਦੇਗਚੇ ਦੌਰਤਿ ਜ਼ਾਹਿਰ॥ ੨੮ ॥

ਉਸ ਵਿਚੋਂ ਛੋਟੇ-ਛੋਟੇ ਬਹੁਤ ਸੂਰ ਨਿਕਲੇ, ਉਹ ਸਾਰੇ ਘੁਰ-ਘੁਰ ਦੀ ਬਹੁਤ ਆਵਾਜ਼ ਕਰਦੇ ਸਨ। ਕੋਈ ਡੱਡੂ ਵਾਂਗ ਛਾਲ ਮਾਰ ਕੇ ਬਾਹਰ ਨਿਕਲ ਆਉਂਦਾ ਸੀ ਤੇ ਦੇਗਚੇ ਵਿਚੋਂ ਛਾਲ ਮਾਰ ਕੇ ਪ੍ਰਗਟ ਰੂਪ ਵਿਚ ਭੱਜਦੇ ਸਨ॥੨੮॥

ਕੋ ਤਿਸ ਤੇ ਦੀਰਘ ਨਿਕਸੰਤੇ। ਮੂਖਕ ਸਮਸਰ ਫਿਰਤਿ ਬੁਲੰਤੇ।
ਕੋ ਤਿਸ ਤੇ ਭੀ ਬਡੇ ਦਿਸੰਤੇ। ਜਿਮ ਮੰਜਾਰ ਬਚਾ ਚਪਲੰਤੇ॥ ੨੯ ॥

ਕਈ ਉਸ ਨਾਲੋਂ ਵੀ ਵੱਡੇ ਨਿਕਲਦੇ ਸਨ, ਚੂਹੇ ਜਿੱਡੇ ਫਿਰਦੇ ਬੋਲਦੇ ਸਨ। ਕਈ ਉਸ ਤੋਂ ਵੀ ਵੱਡੇ ਦਿੱਸਦੇ ਸਨ, ਜਿਵੇਂ ਉਹ ਬਿੱਲੀ ਦੇ ਬੱਚਿਆਂ ਵਾਂਗ ਚੰਚਲ ਹੋ ਰਹੇ ਸਨ॥੨੯॥

ਕੇਤਿਕ ਸਮ ਮੰਜਾਰ ਭਏ ਹੈਂ। ਨਿਕਸਿ ਨਿਕਸਿ ਗਨ ਵਹਿਰ ਗਏ ਹੈਂ।
ਕਾਰੇ, ਕਬਰੇ ਬਿਸਦ ਬਿਸਾਲੇ। ਇੰਗਟ ਮੁਖ ਜਿਨ, ਇਤ ਉਤ ਚਾਲੇ॥ ੩੦॥

ਕਈ ਬਿੱਲੀ ਵਰਗੇ ਫਿਰ ਰਹੇ ਸਨ, ਸਾਰੇ ਨਿਕਲ-ਨਿਕਲ ਕੇ ਬਾਹਰ ਚਲੇ ਗਏ। ਕਾਲੇ, ਡੱਬ-ਖੜੱਬੇ ਅਤੇ ਵਿਸ਼ਾਲ ਸਫੇਦ ਰੰਗ ਦੇ ਸਨ। ਉਨ੍ਹਾਂ ਦੇ ਮੂੰਹ ਹਿਲਦੇ ਸਨ, ਜਿਹੜੇ ਏਧਰ ਓਧਰ ਫਿਰ ਰਹੇ ਸਨ॥੩੦॥

ਲਘੁ ਲਾਂਗੁਲ ਕੋ ਬਹੁਤ ਡੁਲਾਵੈਂ। ਕਾਨ ਸਕੋਚੈਂ ਤਹਾਂ ਭ੍ਰਮਾਵੈਂ।
ਭਏ ਭੂਰ ਭੈ ਭੀਤ ਸੁ ਭਾਜੇ। ਨਿਕਸਿ ਨਿਕਸਿ ਗਮਨੇ ਦਰਵਾਜੇ॥ ੩੧॥

ਛੋਟੀ ਜੇਹੀ ਪੂਛ ਨੂੰ ਬਹੁਤ ਹਿਲਾਉਂਦੇ ਸਨ, ਕੰਨਾਂ ਨੂੰ ਸੰਗੋੜਦੇ ਸਨ ਤੇ ਉਸ ਥਾਂ ਹੀ ਤੁਰੇ ਫਿਰਦੇ ਸਨ। ਉਹ ਸੂਰਾਂ ਦੇ ਬੱਚੇ ਬਹੁਤ ਡਰ ਕੇ ਭੱਜ ਪਏ ਤੇ ਨਿਕਲ-ਨਿਕਲ ਕੇ ਦਰਵਾਜ਼ੇ ਵਲ ਚਲੇ ਗਏ॥੩੧॥

ਤੁਰਕਨ ਕੇ ਪੈਰਨ ਵਿਚ ਦੌਰੈਂ। ਪ੍ਰਵਿਸ਼ੇ ਜਾਇ ਬਸਨ ਨਿਸ ਠੌਰੈਂ।
ਜਹਾਂ ਬਨਹਿ ਖਾਨਾ ਤਿਨ ਕੇਰਾ। ਧਾਇ ਧਾਇ ਤਹਿਂ ਕਰਤੇ ਫੇਰਾ॥ ੩੨॥

ਤੁਰਕਾਂ ਦੇ ਪੈਰਾਂ ਵਿਚ ਦੌੜਦੇ ਸਨ, ਰਾਤ ਨੂੰ ਰਹਿਣ ਵਾਲੀਆਂ ਮਹਿਫੂਜ਼ ਥਾਵਾਂ ਵਲ ਦੌੜੇ ਜਾਂਦੇ ਸਨ। ਜਿੱਥੇ ਉਨ੍ਹਾਂ ਦਾ ਖਾਣਾ ਮਿਲਦਾ ਸੀ, ਭੱਜ-ਭੱਜ ਕੇ ਓਧਰ ਫਿਰਦੇ ਸਨ॥੩੨॥

ਤਿਨ ਕੇ ਬਾਸਨ ਕੋ ਮੁਖ ਲਾਇ। ਦੌਰ ਦੌਰ ਕਰਿ ਦਿਏ ਰੁੜ੍ਹਾਇ।
ਜਲ ਕੋ ਜਾਇ ਸਪਰਸ਼ਹਿਂ ਅੰਗ। ਛੁਵੇ ਤਿਨਹੁਂ ਕੇ ਬਸਤ੍ਰਨਿ ਸੰਗ॥ ੩੩॥

ਉਨ੍ਹਾਂ ਦੇ ਬਰਤਨਾਂ ਨੂੰ ਮੂੰਹ ਲਾਉਂਦੇ ਸਨ, ਦੌੜ-ਦੌੜ ਕੇ ਉਨ੍ਹਾਂ ਬਰਤਨਾਂ ਨੂੰ ਰੇੜ੍ਹਦੇ ਸਨ। ਜਲ ਦੇ ਨਾਲ ਆਪਣੇ ਅੰਗਾਂ ਨੂੰ ਛੂੰਹਦੇ ਸਨ ਤੇ ਫਿਰ ਉਨ੍ਹਾਂ ਮਨੁੱਖਾਂ ਦੇ ਕੱਪੜਿਆਂ ਨਾਲ ਛੂੰਹਦੇ ਸਨ॥੩੩॥

ਸ਼ਸਤ੍ਰਨਿ ਸਾਥ ਸਪਰਸ਼ਹਿਂ ਦੇਹੀ। ਘੁਰ ਘੁਰ ਕਰਤਿ ਫਿਰਤਿ ਜਹਿਂ ਕੇਹੀ।
ਕਾਰਾਗ੍ਰਿਹ ਮਹਿਂ ਸਭਿ ਇਸਥਾਨ। ਦੌਰਹਿਂ ਫਿਰਹਿਂ ਸ ਤ੍ਰਾਸ ਮਹਾਨ॥ ੩੪॥

ਸਿਪਾਹੀਆਂ ਦੇ ਸ਼ਸਤਰਾਂ ਨਾਲ ਆਪਣੇ ਸਰੀਰਾਂ ਨੂੰ ਛੂੰਹਦੇ ਸਨ, ਜਿੱਥੇ ਕਿੱਥੇ ਘੁਰ-ਘੁਰ ਕਰਦੇ ਭੱਜੇ ਫਿਰਦੇ ਸਨ। ਬਹੁਤ ਡਰੇ ਹੋਏ ਕੈਦਖਾਨੇ ਵਿਚ ਸਭ ਥਾਈਂ ਦੌੜੇ ਫਿਰਦੇ ਸਨ॥੩੪॥

ਕਾਚੋ ਪਾਕੋ ਅੰਨ ਜਿਤੇਕ। ਤਿਸ ਮੁਖ ਲਾਵਹਿਂ ਖਾਹਿਂ ਜਿਤੇਕ।
ਕੋ ਕਾਰਾਗ੍ਰਿਹ ਤਜੇ ਪਲਾਈ। ਬੀਚ ਬਜਾਰ ਫਿਰਹਿਂ ਉਤਲਾਈ॥ ੩੫॥

ਕੱਚਾ ਪੱਕਾ ਅਨਾਜ ਜਿੱਥੇ ਵੀ ਸੀ, ਉਸ ਨੂੰ ਮੂੰਹ ਲਾ ਕੇ ਜਿੰਨਾ ਵੀ ਹੁੰਦਾ ਸੀ ਖਾ ਜਾਂਦੇ ਸਨ। ਕਈ ਕੁਤਵਾਲੀ ਨੂੰ ਛੱਡ ਕੇ ਭੱਜ ਗਏ ਤੇ ਕਾਹਲੀ-ਕਾਹਲੀ ਬਜ਼ਾਰ ਵਿਚ ਫਿਰਦੇ ਸਨ॥੩੫॥

'ਤੌਬਾ ਤੌਬਾ' ਤੁਰਕ ਕਰੰਤੇ। 'ਕਜਾ ਹੋਯਹੁ' ਕੁਛ ਨਾਂਹਿ ਜਨੰਤੇ।
'ਭਏ ਨਪਾਕ ਸਕਲ ਹੀ ਰੀਤੀ। ਕਹਾਂ ਇਮਾਨ ਰਹਯੋ? ਗਾ ਬੀਤੀ॥ ੩੬॥

ਤੁਰਕ ਤੋਬਾ-ਤੋਬਾ ਕਰਦੇ ਸਨ, "ਕੀ ਹੋਇਆ" ਕੁਝ ਨਹੀਂ ਜਾਣਦੇ ਸਨ। ਕਹਿੰਦੇ ਸਨ, "ਅਸੀਂ ਸਾਰੀਆਂ ਰੀਤੀਆਂ ਨਾਲ ਨਾਪਾਕ ਹੋ ਗਏ ਹਾਂ, ਸਾਡਾ ਇਮਾਨ ਕਿੱਥੇ ਰਿਹਾ ਹੈ? ਨਾਸ਼ ਹੋ ਗਿਆ ਹੈ॥੩੬॥

ਭੋਜਨ ਬਾਸਨ ਬਸਨ ਹਮਾਰੇ। ਬਦ ਛੁਹਿ ਗਏ ਫਿਰਤਿ ਹੀ ਸਾਰੇ।
ਮਾਰਹੁ ਮਾਰਹੁ ਦੇਹੁ ਨਿਕਾਸਹਿਂ'। ਚਹੁਂ ਦਿਸ਼ਿ ਤੁਰਕਨਿ ਸ਼ਬਦ ਪ੍ਰਕਾਸ਼ਹਿਂ॥੩੭॥

ਸਾਡਾ ਭੋਜਨ, ਬਰਤਨ ਅਤੇ ਕੱਪੜੇ ਸੂਰਾਂ ਨੂੰ ਛੂਹ ਗਏ ਹਨ, ਸਾਰੇ ਏਧਰ ਫਿਰ ਰਹੇ ਹਨ, ਮਾਰੋ ਮਾਰੋ, ਇਨ੍ਹਾਂ ਨੂੰ ਬਾਹਰ ਭਜਾ ਦੇਵੋ।" ਚਾਰੇ ਪਾਸੇ ਤੁਰਕ ਉੱਚੀ ਉੱਚੀ ਬੋਲ ਰਹੇ ਸਨ॥੩੭॥

ਦੌਰ ਦੌਰ ਤਿਨ ਸੰਗ ਬਿਦਾਰੈਂ। ਕੋ ਭਜ ਜਾਇ ਕਿਤਿਕ ਕੋ ਮਾਰੈਂ।
ਕਾਰਾਗ੍ਰਿਹ ਮਹਿਂ ਰੌਰ ਮਚਯੋ ਹੈ। ਕੋ ਜਨੁ ਭੜਥੂ ਪਾਹਿ ਨਚਯੋ ਹੈ॥ ੩੮॥

ਭੱਜ-ਭੱਜ ਕੇ ਉਨ੍ਹਾਂ ਦੇ ਨਾਲ ਜਾਂਦੇ ਸਨ, ਕੋਈ ਭੱਜ ਜਾਂਦਾ ਸੀ ਤੇ ਕਈਆਂ ਨੂੰ ਮਾਰ ਦਿੰਦੇ ਸਨ। ਕੁਤਵਾਲੀ ਵਿਚ ਵੱਡਾ ਰੌਲਾ ਮੱਚ ਗਿਆ ਮਾਨੋ ਕੋਈ ਮਨੁੱਖ ਭੜਥੂ ਪਾ ਕੇ ਨੱਚਿਆ ਹੋਵੇ॥੩੮॥

ਗਹਿ ਭਾਲੇ ਸ਼ਮਸ਼ੇਰਹਿਂ ਹਾਥ। ਭਾਜੇ ਫਿਰਹਿਂ ਸੂਕਰਨਿ ਸਾਥ।
ਅਪਦਾ ਜਨੁ ਤੁਰਕਨ ਪਰ ਆਈ। ਪੂਛੈ ਤੇ ਕਛੁ ਕਹਯੋ ਨ ਜਾਈ॥ ੩੯॥

ਹੱਥ ਵਿਚ ਭਾਲੇ ਅਤੇ ਤਲਵਾਰਾਂ ਫੜ ਕੇ ਸੂਰਾਂ ਦੇ ਨਾਲ ਭੱਜੇ ਫਿਰਦੇ ਸਨ, ਮਾਨੋ ਅਚਾਨਕ ਬਿਪਤਾ ਆ ਪਈ ਸੀ, ਪੁੱਛਣ ਉੱਤੇ ਕੁਝ ਕਿਹਾ ਨਹੀਂ ਸੀ ਜਾਂਦਾ॥੩੯॥

ਕਾਰਾਗ੍ਰਿਹ ਮਹਿਂ ਪਕਰੈ ਜੋਇ। ਹਹਿਰੇ ਤੁਰਕ, ਹਿੰਦੂ ਸੁਖਿ ਹੋਇ।
ਸਭਿਹਿਨਿ ਕੀ ਮਤਿ ਬਿਸਮੈ ਭਈ। ਕਯਾ ਇਹੁ ਗਤਿ, ਜਾਨੀ ਨਹਿਂ ਗਈ॥੪੦॥

ਜੇਲ੍ਹ ਵਿਚ ਜਿਹੜੇ ਫੜੇ ਗਏ, ਉਨ੍ਹਾਂ ਨੂੰ ਵੇਖ ਕੇ ਤੁਰਕ ਡਰ ਗਏ ਤੇ ਹਿੰਦੂਆਂ ਨੇ ਸੁਖ ਅਨੁਭਵ ਕੀਤਾ। ਸਾਰਿਆਂ ਦੀ ਬੁੱਧੀ ਹੈਰਾਨ ਰਹਿ ਗਈ, ਇਹ ਕੀ ਗਤੀ ਹੋਈ ਹੈ ਜਾਣੀ ਨਹੀਂ ਜਾਂਦੀ॥੪੦॥

ਚਹੁੰਦਿਸ਼ਿ ਮਹਿਂ ਹੁਇ ਕੈ ਤੁਰਕਾਨਾ। ਕਿਤਿਕ ਘੇਰ ਮਾਰੇ ਤਿਸ ਥਾਨਾ।
ਕਿਤਿਕ ਪਲਾਏ ਪੁਰਿ ਤੇ ਨਿਕਸੇ। ਹੇਰਿ ਹੇਰਿ ਹਿੰਦੂ ਜਨ ਬਿਗਸੇ॥ ੪੧॥

ਤੁਰਕਾਂ ਨੇ ਚਾਰੇ ਪਾਸਿਆਂ ਤੋਂ ਘੇਰ ਕੇ ਕਈ ਸੂਰ ਉਸ ਥਾਂ ਹੀ ਮਾਰ ਦਿੱਤੇ। ਕਈ ਭਜਾਏ ਹੋਏ ਨਗਰ ਵਿਚ ਜਾ ਨਿਕਲੇ, ਜਿਨ੍ਹਾਂ ਨੂੰ ਵੇਖ-ਵੇਖ ਕੇ ਹਿੰਦੂ ਬਹੁਤ ਪ੍ਰਸੰਨ ਹੋਏ॥੪੧॥

ਕਾਰਾਗ੍ਰਿਹ ਕੇ ਜਿਤਿਕ ਸਿਪਾਹੀ। ਤਨ ਕੇ ਬਸਤ੍ਰ ਉਤਾਰੇ ਤਾਂਹੀ।
ਜਲ ਮਹਿਂ ਗ਼ੁਸਲ ਕਰਯੋ ਮਿਲਿ ਸਭਿ ਹੂੰ। ਅਪਰ ਸੁਥਲ ਸੁਧਰਾਏ ਤਬਿਹੂੰ॥੪੨॥

ਕੈਦਖਾਨੇ ਦੇ ਜਿੰਨੇ ਸਿਪਾਹੀ ਸਨ, ਉਨ੍ਹਾਂ ਨੇ ਆਪਣੇ ਸਰੀਰ ਦੇ ਕੱਪੜੇ ਲਾਹ ਦਿੱਤੇ ਤੇ ਸਾਰਿਆਂ ਨੇ ਮਿਲ ਕੇ ਪਾਣੀ ਨਾਲ ਇਸ਼ਨਾਨ ਕੀਤਾ ਤੇ ਤਦ ਹੋਰ ਥਾਵਾਂ ਦੀ ਚੰਗੀ ਤਰ੍ਹਾਂ ਸਫਾਈ ਕੀਤੀ॥੪੨॥

ਉਚਿਤ ਰਾਖਿਬੇ ਸੋ ਰਖਿ ਲਈ। ਨਾਂਹਿ ਤ ਵਸਤੁ ਅਪਰ ਕੋ ਦਈ।
ਮਹਾਂ ਦੁਖੀ ਹੋਏ ਮਤਿਮੰਦ। 'ਹਮਰੋ ਭਯੋ ਇਮਾਨ ਨਿਕੰਦ'॥ ੪੩॥

ਜਿਹੜੀ ਉਚਿਤ ਰੱਖਣ ਵਾਲੀ ਵਸਤੂ ਸੀ ਉਹ ਰੱਖ ਲਈ, ਨਹੀਂ ਤਾਂ ਉਹ ਵਸਤਾਂ ਕਿਸੇ ਹੋਰ ਨੂੰ ਦੇ ਦਿੱਤੀਆਂ। ਮਾੜੀ ਮੱਤ ਵਾਲੇ ਬਹੁਤ ਦੁਖੀ ਹੋਏ ਕਹਿੰਦੇ ਸਨ, "ਸਾਡਾ ਈਮਾਨ ਨਾਸ਼ ਹੋ ਗਿਆ ਹੈ"॥੪੩॥

*ਬਾਰ੍ਹਵੀਂ ਰਾਸ ਦਾ ਇਕਵੰਜਵਾਂ ਅਧਿਆਇ ਸਮਾਪਤ ਹੋਇਆ॥੫੧॥*

❖❖❖

# ਅਧਿਆਇ ਬਵੰਜਵਾਂ

## ਬਾਦਸ਼ਾਹ ਦਾ ਸਖਤੀ ਦਾ ਪ੍ਰਣ

ਦੋਹਰਾ- ਪੌਰ ਪੌਰ ਪਰ ਠੌਰ ਪੁਰਿ ਕਰਹਿਂ ਪਰਸਪਰ ਬਾਤ।
'ਗਹਜੋ ਗੁਰੂ ਹਿੰਦਵਾਨ ਕੋ ਅਜ਼ਮਤ ਜੁਤਿ ਬੱਖਜਾਤ॥ ੧॥

ਸ਼ਹਿਰ ਦੇ ਦਰਵਾਜ਼ੇ-ਦਰਵਾਜ਼ੇ ਅਤੇ ਥਾਂ-ਥਾਂ ਲੋਕ ਆਪਸ ਵਿਚ ਗੱਲਾਂ ਕਰਦੇ ਸਨ। ਪ੍ਰਗਟ ਰੂਪ ਵਿਚ ਕਰਾਮਾਤ ਸਹਿਤ ਹਿੰਦੂਆਂ ਦੇ ਗੁਰੂ ਜੀ ਨੂੰ ਫੜਿਆ ਹੈ॥੧॥

ਚੌਪਈ- ਤਪਤ ਦੇਗਚੇ ਆਗ ਪਕਾਏ। ਤਿਸ ਮਹਿਂ ਸੂਕਰ ਗਨ ਨਿਕਸਾਏ।
ਲਘੁ ਲਘੁ ਘੁਰ ਘੁਰ ਬੋਲਤਿ ਫਿਰੈਂ। ਤੁਰਕਨਿ ਅੰਗ ਸਪਰਸ਼ਨ ਕਰੈਂ॥੨॥

ਦੇਗਚੇ ਨੂੰ ਅੱਗ ਉੱਤੇ ਰੱਖ ਕੇ ਉਸ ਵਿਚ ਖਾਣਾ ਪਕਾਇਆ, ਉਸ ਵਿਚੋਂ ਬਹੁਤ ਸੂਰ ਕੱਢ ਦਿੱਤੇ। ਛੋਟੇ-ਛੋਟੇ ਘੁਰ-ਘੁਰ ਕਰਦੇ ਭੱਜੇ ਫਿਰਦੇ ਸਨ ਤੇ ਤੁਰਕਾਂ ਦੇ ਸਰੀਰਾਂ ਨੂੰ ਉਹ ਛੂੰਹਦੇ ਸਨ॥੨॥

ਹਤੇ ਕਿਤਿਕ ਸ਼੍ਰੋਣਤ ਤਿਨ ਬਹਜੋ। ਦੌਰਤਿ ਮਾਰਤਿ ਤਿਨ ਲਗ ਰਹਜੋ।
ਛੀਟੈਂ ਪਰੀ ਤਿਨਹੁਂ ਪਰ ਸਾਰੇ। ਹੁਇ ਘਾਇਲ ਬਹੁ ਥਾਨ ਬਿਗਾਰੇ॥੩॥

ਕਈਆਂ ਨੂੰ ਜਦ ਮਾਰ ਦਿੱਤਾ ਤਾਂ ਉਨ੍ਹਾਂ ਦਾ ਖੂਨ ਵਹਿਆ, ਜਿਹੜੇ ਭੱਜ ਕੇ ਮਾਰ ਰਹੇ ਸੀ, ਉਨ੍ਹਾਂ ਨੂੰ ਖੂਨ ਲੱਗ ਗਿਆ, ਉਨ੍ਹਾਂ ਦੇ ਸਾਰੇ ਸਰੀਰ ਉੱਤੇ ਖੂਨ ਦੇ ਛਿੱਟੇ ਪੈ ਗਏ, ਜਿਹੜੇ ਜ਼ਖਮੀ ਹੋ ਗਏ ਉਨ੍ਹਾਂ ਨੇ ਬਹੁਤ ਥਾਂ ਵਿਗਾੜਿਆ ਹੈ॥੩॥

ਜਿਤ ਕਿਤ ਕਾਰਾਗ੍ਰਿਹ ਕੇ ਮਾਂਹਿ। ਦੀਸਤਿ ਫਿਰਤੇ ਇਤ ਉਤ ਜਾਹਿਂ।
ਗਯੋ ਇਮਾਨ ਤਿਨਹੁਂ ਕੋ ਜਨੀਅਤਿ। ਰੁਧਿਰ ਸਪਰਸ਼ਯੋ ਸਭਿ ਕੋ ਸੁਨੀਅਤਿ॥੪॥

ਜਿੱਥੇ ਕਿੱਥੇ ਕੈਦਖਾਨੇ ਵਿਚ ਫਿਰਦੇ ਏਧਰ ਓਧਰ ਜਾਂਦੇ ਦਿਖਾਈ ਦਿੰਦੇ ਸਨ। ਉਨ੍ਹਾਂ ਤੁਰਕਾਂ ਦਾ ਈਮਾਨ ਚਲੇ ਗਿਆ ਜਾਣਿਆ ਜਾਂਦਾ ਹੈ। ਸੂਰਾਂ ਦਾ ਖੂਨ ਸਭ ਨੂੰ ਲੱਗਾ ਸੁਣਿਆ ਜਾਂਦਾ ਹੈ॥੪॥

ਹਿੰਦੁਨਿ ਕੇ ਗੁਰ ਸ਼ਕਤਿ ਦਿਖਾਈ। ਭਏ ਮੂੜ ਕੁਛੁ ਲਖੀ ਨ ਜਾਈ'।
ਸੁਨਿ ਸੁਨਿ ਕਰਿ ਹਿੰਦੂ ਬਿਸਮਾਏ। ਨੌਰੰਗ ਕੋ ਨਿੰਦਤਿ ਸਮੁਦਾਏ॥੫॥

ਹਿੰਦੂਆਂ ਦੇ ਗੁਰੂ ਜੀ ਨੇ ਆਪਣੀ ਸ਼ਕਤੀ ਵਿਖਾਈ, ਸਾਰੇ ਤੁਰਕ ਮੂਰਖ ਬਣ ਗਏ ਹਨ, ਕੁਝ ਸਮਝ ਨਹੀਂ ਹੈ ਆਉਂਦੀ।" ਸੁਣ-ਸੁਣ ਕੇ ਹਿੰਦੂ ਬਹੁਤ ਹੈਰਾਨ ਹੋਏ, ਸਾਰੇ ਨੌਰੰਗੇ ਦੀ ਨਿੰਦਿਆ ਕਰਦੇ ਸਨ॥੫॥

ਡਰਹਿਂ ਦੁਸ਼ਟ ਤੇ ਦੁਰ ਦੁਰ ਕਹੈਂ। 'ਮੰਦ ਮਤੀ ਮਹਿਮਾ ਨਹਿਂ ਲਹੈ।
ਮਹਾਂ ਜੁਲਮ ਕਰਤਾ ਬਡ ਪਾਪੀ। ਸਾਧੂ ਜਨ ਕਹੁ ਬਹੁ ਸੰਤਾਪੀ॥੬॥

ਦੁਸ਼ਟ ਤੋਂ ਡਰਦੇ ਲੁਕ-ਲੁਕ ਕੇ ਕਹਿੰਦੇ ਸਨ, "ਮਾੜੀ ਮੱਤ ਵਾਲਾ ਮਹਿਮਾ ਨਹੀਂ ਸਮਝਦਾ ਹੈ। ਵੱਡਾ ਪਾਪੀ ਮਹਾਂ ਜ਼ੁਲਮ ਕਰਦਾ ਹੈ ਤੇ ਸਾਧੂ ਪੁਰਸ਼ਾਂ ਨੂੰ ਬਹੁਤ ਸੰਤਾਪ ਦਿੰਦਾ ਹੈ॥੬॥

ਇਹ ਤੁਰਕਨਿ ਕੋ ਤੇਜ ਬਿਨਾਸ਼ੈ। ਕਰਨਿ ਕਠਨ ਹਠ ਅਸ ਉਰ ਆਸ਼ੈ'।
ਇਸ ਪ੍ਰਕਾਰ ਪੁਰਿ ਰੌਰਾ ਪਰਜੋ। ਘਰ ਘਰ ਦਰ ਦਰ ਸੁਨਿਬੋ ਕਰਜੋ॥੭॥

ਇਨ੍ਹਾਂ ਤੁਰਕਾਂ ਦਾ ਤੇਜ ਖਤਮ ਹੋ ਜਾਵੇਗਾ, ਕਠਨ ਹਠ ਕਰਨਾ ਐਸਾ ਉਸ ਦੇ ਦਿਲ ਦਾ ਆਸ਼ਾ ਹੈ, ਭਾਵ ਉਹ ਮੂਰਖ ਬਹੁਤ ਹਠੀ ਹੈ। ਇਸ ਪ੍ਰਕਾਰ ਸ਼ਹਿਰ ਵਿਚ ਬਹੁਤ ਰੌਲਾ ਪਿਆ, ਘਰ-ਘਰ ਦਰਵਾਜ਼ੇ-ਦਰਵਾਜ਼ੇ ਤੇ ਇਹ ਰੌਲਾ ਸੁਣਿਆ ਜਾਂਦਾ ਸੀ॥੭॥

ਤਿਨ ਉਮਰਾਵਨ ਕੀਨਿ ਸ਼ਨਾਨੇ। ਬਸਤ੍ਰ ਅਪਰ ਹੀ ਪਹਿਰਨਿ ਠਾਨੇ।
ਪਛੁਤਾਵਤਿ ਬਿਸਮਾਵਤਿ ਰਿਦੇ। ਸ਼ਾਹੁ ਸਮੀਪ ਗਏ ਸੋ ਤਦੇ॥ ੮॥

ਉਨ੍ਹਾਂ ਉਮਰਾਵਾਂ ਨੇ ਇਸ਼ਨਾਨ ਕੀਤਾ ਤੇ ਹੋਰ ਕੱਪੜੇ ਪਹਿਨ ਲਏ। ਹਿਰਦੇ ਵਿਚ ਹੈਰਾਨ ਹੋ ਕੇ ਬਹੁਤ ਪਛੁਤਾਉਂਦੇ ਸਨ, ਉਹ ਤਦ ਬਾਦਸ਼ਾਹ ਦੇ ਪਾਸ ਗਏ॥੮॥

ਤਸਲੀਮਾਤ ਕਰੀ ਹੁਇ ਖਰੇ। ਸਰਬ ਬ੍ਰਿਤਾਂਤ ਸੁਨਾਵਨਿ ਕਰੇ।
'ਪਠੇ ਤੁਮਾਰੇ ਲੇ ਕਰਿ ਗਏ। ਕਹਜੋ ਆਪ ਕੋ ਕਹਿਤੇ ਭਏ॥ ੯॥

ਸਲਾਮ ਕਰਕੇ ਖੜੇ ਹੋ ਗਏ ਤੇ ਸਾਰਾ ਬ੍ਰਿਤਾਂਤ ਸੁਣਾਉਣ ਲੱਗੇ, "ਤੁਹਾਡੇ ਭੇਜੇ ਹੋਏ ਖਾਣਾ ਲੈ ਕੇ ਗਏ ਸੀ, ਆਪ ਦਾ ਕਿਹਾ ਹੋਇਆ ਸਭ ਕਹਿ ਕੇ ਸੁਣਾਇਆ॥੯॥

ਕਿੰਚਤ ਨਹੀਂ ਤ੍ਰਾਸ ਕਰਿ ਮਾਨੀ। ਅਧਿਕ ਢੀਠਤਾ ਮਨ ਮਹਿੰ ਠਾਨੀ।
ਕਹੈ 'ਜਿ ਤੁਮ ਕਿਸ ਧਰਮ ਛੁਟਾਵਹੁ। ਇਸ ਕੋ ਫਲ ਬਡ ਸੰਕਟ ਪਾਵਹੁ' ॥੧੦॥

ਰਤਾ ਭਰ ਵੀ ਡਰ ਨਹੀਂ ਮੰਨਿਆ ਹੈ ਤੇ ਮਨ ਵਿਚ ਹੋਰ ਨਿਡਰਤਾ ਧਾਰਨ ਕਰ ਲਈ। ਉਨ੍ਹਾਂ ਨੇ ਕਿਹਾ, "ਜੇ ਤੁਸੀਂ ਕਿਸੇ ਦਾ ਧਰਮ ਛੁਡਾਵੋਗੇ ਤਾਂ ਇਸ ਦਾ ਫਲ ਬਹੁਤ ਦੁਖ ਪਾਵੋਗੇ" ॥੧੦॥

ਜਬਿ ਗਾਢੇ ਹੁਇ ਹਮ ਨੇ ਭਨੋ। ਤਬਿ ਅਚਰਜ ਕੀਨਸਿ ਤੁਮ ਸੁਨੋ।
ਦੇਨਿ ਲਗੇ ਸੋ ਖਾਨ ਅਹਾਰਾ। ਤਿਸ ਬਾਸਨ ਕੋ ਬਦਨ ਉਘਾਰਾ॥ ੧੧॥

ਜਦ ਕਰੜੇ ਹੋ ਕੇ ਅਸੀਂ ਕਿਹਾ, ਤਦ ਅਸਚਰਜ ਕਾਰਜ ਕੀਤਾ, ਉਸ ਬਾਰੇ ਵੀ ਤੁਸੀਂ ਸੁਣੋ। ਜਦ ਖਾਣ ਵਾਸਤੇ ਭੋਜਨ ਦੇਣ ਲੱਗੇ ਤੇ ਉਸ ਦੇਗਚੇ ਦਾ ਢੱਕਣ ਲਾਹਿਆ॥੧੧॥

ਬਦ ਬਹੁ ਨਿਕਸੇ ਗਨੇ ਨ ਜਾਇ। ਇਤ ਉਤ ਫਿਰਤਿ ਕੈਦੀਅਨਿ ਮਾਂਹਿ।
ਸਕਲ ਮਕਾਨ ਜੁ ਬੈਠਨ ਕੇਰ। ਕਰੇ ਨਪਾਕ ਫਿਰੇ ਫਿਰ ਫੇਰਿ॥ ੧੨॥

ਬੁਰੇ ਭਾਵ ਸੂਰ ਬਹੁਤ ਨਿਕਲੇ, ਗਿਣੇ ਨਹੀਂ ਸਨ ਜਾਂਦੇ ਤੇ ਉਹ ਕੈਦੀਆਂ ਵਿਚ ਏਧਰ ਓਧਰ ਭੱਜੇ ਫਿਰਦੇ ਸਨ। ਸਾਰੇ ਮਕਾਨ ਵਿਚ ਜੋ ਬੈਠਣ ਵਾਲੇ ਸਥਾਨ ਸਨ ਉਹ ਸਾਰੇ ਉਨ੍ਹਾਂ ਸੂਰਾਂ ਨੇ ਫਿਰ-ਫਿਰ ਕੇ ਨਾਪਾਕ ਕਰ ਦਿੱਤੇ॥੧੨॥

ਹੇਰਿ ਹੇਰਿ ਹਮ ਅਚਰਜ ਹੋਏ। ਲਘੁ ਲਘੁ ਗਨ ਨਿਕਸੇ ਸਭਿ ਜੋਏ।
ਦੌਰਿ ਦੌਰਿ ਕਹਿ ਕਰਿ ਮਰਿਵਾਏ। ਕਿਤਿਕ ਨਗਰ ਤੇ ਵਹਿਰ ਪਲਾਏ॥੧੩॥

ਵੇਖ-ਵੇਖ ਕੇ ਅਸੀਂ ਬਹੁਤ ਹੈਰਾਨ ਹੋਏ, ਜਦ ਛੋਟੇ-ਛੋਟੇ ਅਣਗਿਣਤ ਸੂਰ ਦੇਗਚੇ ਵਿਚੋਂ ਬਾਹਰ ਨਿਕਲੇ, ਕਹਿ ਕੇ ਸਿਪਾਹੀਆਂ ਨੂੰ ਭੱਜਾ-ਭੱਜਾ ਕੇ ਮਰਵਾਏ, ਕਈ ਨਗਰ ਤੋਂ ਬਾਹਰ ਭੱਜ ਗਏ॥੧੩॥

ਬਿਸਮੇ ਲੋਕ ਹਜ਼ਾਰੋਂ ਆਵਤਿ। ਭਈ ਭੀਰ ਹੇਰਨਿ ਹਿਤ ਧਾਵਤਿ।
ਠੌਰ ਠੌਰ ਦੌਰੈਂ ਬਡ ਰੌਰ। ਖਰੇ ਕੈਦ ਖਾਨੇ ਕੇ ਪੌਰ॥ ੧੪॥

ਹੈਰਾਨ ਹੋ ਕੇ ਹਜ਼ਾਰਾਂ ਲੋਕ ਆ ਗਏ, ਉਨ੍ਹਾਂ ਸੂਰਾਂ ਨੂੰ ਵੇਖਣ ਵਾਸਤੇ ਵੱਡੀ ਭੀੜ ਲੱਗ ਗਈ, ਥਾਂ-ਥਾਂ ਭੱਜੇ ਫਿਰਦੇ ਸਨ ਤਾਂ ਬਹੁਤ ਰੌਲਾ ਮਚਿਆ, ਸਾਰੇ ਕੁਤਵਾਲੀ ਦੇ ਦਰਵਾਜ਼ੇ ਤੇ ਖੜੇ ਸਨ॥੧੪॥

ਅਲਪ ਦੇਗਚਾ ਹੁਤੋ ਪਕਾਯੋ। ਗਨ ਸੂਕਰ ਕੋ ਇਹ ਨਿਕਸਾਯੋ।
ਸਭਿਹਿਨਿ ਕੇ ਮਨ ਭਈ ਗਿਲਾਨ। ਪਛੁਤਾਵਤਿ ਲਖਿ ਹਾਨਿ ਇਮਾਨ ॥੧੫॥

ਛੋਟੇ ਦੇਗਚੇ ਵਿਚ ਖਾਣਾ ਪਕਾਇਆ ਸੀ, ਪਰ ਉਸ ਵਿਚੋਂ ਉਨ੍ਹਾਂ ਨੇ ਅਨੇਕਾਂ ਸੂਰ ਕੱਢ ਦਿੱਤੇ। ਸਾਰਿਆਂ ਦੇ ਮਨ ਵਿਚ ਨਫ਼ਰਤ ਪੈਦਾ ਹੋਈ ਹੈ, ਈਮਾਨ ਦਾ ਨਾਸ਼ ਹੋਣ ਕਰਕੇ ਸਾਰੇ ਪਛੁਤਾਉਂਦੇ ਹਨ ॥੧੫॥

ਡਰ ਹਰਿ ਕਰਿ ਉਰ ਅਸ ਕਿਯ ਕਰਨੀ। ਜਿਸ ਪ੍ਰਕਾਰ ਤੁਮ ਸੋਂ ਹਮ ਬਰਨੀ।
ਪੁਨਹਿ ਦੇਗਚਾ ਹੋਯਹੁ ਛੂਛਾ। ਬਿਸਮੇ ਲੋਕ ਨ ਕੋ ਕਿਹ ਪੂਛਾ ॥ ੧੬॥

ਆਪ ਦਾ ਡਰ ਹਿਰਦੇ ਵਿਚੋਂ ਕੱਢ ਕੇ ਗੁਰੂ ਜੀ ਨੇ ਐਸਾ ਕਾਰਜ ਕੀਤਾ ਹੈ ਜਿਸ ਪ੍ਰਕਾਰ ਅਸੀਂ ਤੁਹਾਨੂੰ ਕਹਿ ਕੇ ਸੁਣਾਇਆ ਹੈ। ਫਿਰ ਦੇਗਚਾ ਖਾਲੀ ਹੋ ਗਿਆ। ਸਾਰੇ ਲੋਕ ਹੈਰਾਨ ਰਹਿ ਗਏ, ਕਿਸੇ ਨੇ ਕਿਸੇ ਨੂੰ ਨਹੀਂ ਪੁੱਛਿਆ ॥੧੬॥

ਸਭਿਨਿ ਸ਼ਨਾਨ ਸੁ ਬਸਤ੍ਰ ਪਖਾਰੇ। ਰੰਕਨ ਕੋ ਦਿਯ ਕਿਤਿਕ ਉਤਾਰੇ।
ਤਊ ਗਿਲਾਨ ਰਿਦੇ ਮਹਿਂ ਰਾਖਤਿ। 'ਯਾ ਖ਼ੁਦਾਇ' ਬਿਸਮਤ ਮੁਖ ਭਾਖਤਿ ॥੧੭॥

ਸਾਰਿਆਂ ਨੇ ਇਸ਼ਨਾਨ ਕਰਕੇ ਕੱਪੜੇ ਧੋਤੇ ਹਨ, ਕਈਆਂ ਨੇ ਕੱਪੜੇ ਉਤਾਰ ਕੇ ਗ਼ਰੀਬਾਂ ਨੂੰ ਦੇ ਦਿੱਤੇ ਹਨ। ਫਿਰ ਵੀ ਹਿਰਦੇ ਵਿਚ ਨਫ਼ਰਤ ਕਾਇਮ ਰਹੀ ਹੈ ਤੇ ਹੈਰਾਨ ਹੋ ਕੇ ਮੁਖ ਤੋਂ ਕਹਿੰਦੇ ਹਨ 'ਯਾ ਖ਼ੁਦਾ' ॥੧੭॥

ਸੁਨਿ ਨੌਰੰਗ ਬਾਦੀ ਮਤਿ ਮੂਢਾ। ਦੀਨਿ ਸ਼ਰਾ ਹਠ ਕਠਨ ਅਰੂਢਾ।
ਫਰਕੇ ਓਠ ਲਾਲ ਕਰਿ ਨੈਨ। ਰਿਸ ਕਰਿ ਗਰਬਤਿ ਬੋਲਤਿ ਬੈਨ ॥ ੧੮॥

ਮੂਰਖ ਮੱਤ ਵਾਲੇ ਝਗੜਾਲੂ ਨੌਰੰਗੇ ਨੇ ਸੁਣਿਆ, ਜਿਹੜਾ ਦੀਨ ਦੀ ਸ਼ਰ੍ਹਾ ਦੇ ਕਠਨ ਹਠ ਉੱਤੇ ਸਵਾਰ ਹੋਇਆ ਸੀ। ਉਸਦੇ ਹੋਂਠ ਫਰਕੇ ਤੇ ਅੱਖਾਂ ਲਾਲ ਹੋ ਗਈਆਂ, ਗੁੱਸੇ ਵਿਚ ਆ ਕੇ ਹੰਕਾਰ ਵਾਲੇ ਬੋਲ ਬੋਲੇ ॥੧੮॥

'ਤਿਸ ਕੌ ਹਮਨੇ ਪੂਰਬ ਕਹਯੋ। 'ਕਰਾਮਾਤ ਦਿਹੁ ਜਿਮ ਚਿਤ ਚਹਯੋ'।
ਨਟਤਿ ਰਹਯੋ ਨਹਿਂ ਕਛੁ ਦਿਖਾਈ। 'ਮੁਝ ਮੈਂ ਅਜ਼ਮਤ ਅਹੈ ਨ ਕਾਈ' ॥੧੯॥

"ਉਨ੍ਹਾਂ ਨੂੰ ਅਸੀਂ ਪਹਿਲਾਂ ਵੀ ਕਿਹਾ ਹੈ, "ਜਿਵੇਂ ਚਿੱਤ ਵਿਚ ਚਾਹੁੰਦੇ ਹੋ ਕਰਾਮਾਤ ਵਖਾਓ", ਪਰ ਟਾਲਦੇ ਰਹੇ, ਕੁਝ ਵੀ ਨਹੀਂ ਵਿਖਾਇਆ ਹੈ। ਕਹਿੰਦੇ ਸਨ, "ਮੇਰੇ ਵਿਚ ਕੋਈ ਕਰਾਮਾਤ ਨਹੀਂ ਹੈ" ॥੧੯॥

ਬਹੁਤ ਬਾਰਿ ਮੈਂ ਕਹਯੋ ਤਿਸੀ ਕੋ। ਅਜ਼ਮਤ ਦਿਹੁ, ਖਲਾਸ ਕਰਿ ਜੀ ਕੋ।
ਅਬਿ ਜੇ ਖਾਨਾ ਲਗੇ ਖ਼ੁਵਾਵਨਿ। ਕਯੋਂ ਇਹ ਕਰੀ ਆਪ ਦਿਖਰਾਵਨਿ ॥੨੦॥

ਮੈਂ ਬਹੁਤ ਵਾਰ ਉਨ੍ਹਾਂ ਨੂੰ ਕਿਹਾ ਹੈ, ਕਰਾਮਾਤ ਵਖਾਓ ਤੇ ਆਪਣੇ ਜੀਅ ਨੂੰ ਛੁਡਾ ਲਵੋ। ਹੁਣ ਜੇ ਖਾਣਾ ਖਵਾਉਣ ਲੱਗੇ ਹਾਂ, ਇਹ ਹੁਣ ਆਪਣੇ ਆਪ ਕਿਉਂ ਕਰਾਮਾਤ ਵਿਖਾਈ ਹੈ ॥੨੦॥

ਕਹੈਂ ਝੂਠ, ਹੈ ਅਜਮਤ ਧਾਰੀ। ਬਹੁ ਅਨਬਨ ਕਯਾ ਕਰਹਿਂ ਬਿਚਾਰੀ।
ਤਊਂ ਜਾਇ ਬੂਝਹੁ ਤਿਸ ਪਾਹੀ। ਸਾਚ ਪੁਰਖ ਤੂ ਪਈਯਤਿ ਨਾਂਹੀ ॥ ੨੧॥

ਸਾਡੇ ਵਿਚ ਕਰਾਮਾਤ ਨਹੀਂ ਇਹ ਗੱਲ ਠੀਕ ਨਹੀਂ, ਝੂਠ ਕਹਿੰਦੇ ਹਨ, ਪਰ ਕਰਾਮਾਤ ਧਾਰਨ ਕੀਤੀ ਹੈ। ਬਹੁਤ ਉਲਟ ਫੇਰ ਹੈ, ਕੀ ਵਿਚਾਰ ਕਰੀਏ, ਫਿਰ ਵੀ ਉਸ ਦੇ ਪਾਸ ਜਾ ਕੇ ਪੁੱਛੋ, ਤੁਸੀਂ ਸੱਚੇ ਪੁਰਸ਼ ਨਹੀਂ ਲੱਗਦੇ ਹੋ ॥੨੧॥

ਤੈਂ ਬਖਾਨ ਕੀਨਸਿ ਹਮ ਪਾਹੂ। 'ਅਜਮਤ ਮੈਂ ਨ ਦਿਖਾਵੌਂ ਕਾਹੂ'।
ਅਬਿ ਕਯੋਂ ਕਰਾਮਾਤ ਦਿਖਰਾਈ ? ਬੋਲਸਿ ਕੂਰ, ਨ ਸਾਚੋ ਗਾਈ ॥ ੨੨॥

ਤੁਸੀਂ ਸਾਡੇ ਪਾਸ ਕਿਹਾ ਹੈ, "ਮੈਂ ਕਦੀ ਵੀ ਕਰਾਮਾਤ ਨਹੀਂ ਵਿਖਾਵਾਂਗਾ।" ਹੁਣ ਕਰਾਮਾਤ ਕਿਉਂ ਵਿਖਾਈ ਹੈ ? ਝੂਠ ਬੋਲਿਆ ਹੈ, ਸੱਚੀ ਗੱਲ ਨਹੀਂ ਕਹੀ ਹੈ॥੨੨॥

**ਗਮਨਹੁ ਨਿਕਟਿ ਪੁਛਿਬੋ ਕਰੀਅਹਿ। ਹਮ ਦਿਸ਼ਿ ਤੇ ਬਹੁ ਤ੍ਰਾਸ ਉਚਰੀਅਹਿ।**
**ਕਹਤਿ ਹੁਤੋ ਅਜ਼ਮਤ ਨਹਿਂ ਮੇਰੇ। ਇਹ ਕਜਾ ਕੀਨਸਿ ਬਹੁਤਨਿ ਹੇਰੇ॥੨੩॥**

ਜਾਉ, ਉਨ੍ਹਾਂ ਦੇ ਪਾਸ ਜਾ ਕੇ ਪੁੱਛੋ ਤੇ ਸਾਡੇ ਵਲੋਂ ਵੱਡਾ ਡਰਾਵਾ ਉਚਾਰਨ ਕਰੋ। ਕਹਿੰਦੇ ਸਨ ਮੇਰੇ ਪਾਸ ਕਰਾਮਾਤ ਨਹੀਂ ਹੈ, ਇਹ ਫਿਰ ਕੀ ਕੀਤਾ ਹੈ ? ਬਹੁਤ ਲੋਕਾਂ ਨੇ ਵੇਖਿਆ ਹੈ॥੨੩॥

**ਹਟਿ ਕਰਿ ਉੱਤਰ ਮੁਝ ਢਿਗ ਲਜਾਵਹੁ। ਕਜਾ ਕਹਿ ਹੈ ਸੋ ਸਕਲ ਸੁਨਾਵਹੁ'।**
**ਇਮ ਸੁਨਿ ਕੈ ਦੋਨੋ ਉਮਰਾਵ। ਗਮਨੇ ਪੁਨ ਕੈਦਿਨਿ ਕੀ ਥਾਵ॥ ੨੪॥**

ਵਾਪਸ ਆ ਕੇ ਉੱਤਰ ਨੂੰ ਮੇਰੇ ਪਾਸ ਲਿਆਓ, ਕੀ ਕਹਿੰਦੇ ਹਨ, ਉਹ ਸਾਰੀ ਗੱਲ ਸੁਣਾਓ।" ਇਹ ਸੁਣ ਕੇ ਦੋਵੇਂ ਉਮਰਾਵ ਫਿਰ ਕੈਦੀਆਂ ਵਾਲੇ ਸਥਾਨ 'ਤੇ ਪਹੁੰਚ ਗਏ॥੨੪॥

**ਬੈਠੇ ਬੂਝਨਿ ਸਤਿਗੁਰ ਕਰੇ। 'ਸਾਥ ਤਿਹਾਰੇ ਸ਼ਾਹੁ ਉਚਰੇ।**
**ਮੈਂ ਜਬਿ ਕਰਾਮਾਤ ਕੋ ਕਹਯੋ। ਹੇਤੁ ਬਿਲੋਕਨਿ ਚਿਤ ਮਹਿਂ ਚਹਯੋ॥ ੨੫॥**

ਸਤਿਗੁਰੂ ਜੀ ਦੇ ਪਾਸ ਬੈਠ ਕੇ ਪੁੱਛਣ ਲੱਗੇ, "ਬਾਦਸ਼ਾਹ ਨੇ ਤੁਹਾਡੇ ਨਾਲ ਉਚਾਰਨ ਕੀਤਾ ਸੀ, ਮੈਂ ਜਦ ਤੁਹਾਡੀ ਕਰਾਮਾਤ ਚਿੱਤ ਵਿਚ ਵੇਖਣੀ ਚਾਹੁੰਦਾ ਸੀ ਤਾਂ ਮੈਂ ਤੁਹਾਨੂੰ ਕਰਾਮਾਤ ਵਿਖਾਉਣ ਵਾਸਤੇ ਕਿਹਾ ਸੀ॥੨੫॥

**ਨਟਤਿ ਭਯੋ ਤਬਿ ਮੋਹਿ ਅਗਾਰੀ। ਨਹਿਂ ਅਜ਼ਮਤ ਮੋ ਮਹਿਂ ਲਘੁ ਭਾਰੀ।**
**ਕਯੋਂ ਨ ਸ਼ਾਹੁ ਕੋ ਤਬਿ ਦਿਖਰਾਈ। ਜਿਸ ਤੇ ਪਾਵਤਿ ਅਧਿਕ ਬਡਾਈ॥੨੬॥**

ਤਾਂ ਤੁਸੀਂ ਮੇਰੇ ਅੱਗੇ ਕਰਾਮਾਤ ਨਹੀਂ ਵਿਖਾਈ ਸੀ ਤੇ ਕਿਹਾ ਸੀ ਮੇਰੇ ਵਿਚ ਛੋਟੀ ਨਾ ਭਾਰੀ ਕੋਈ ਕਰਾਮਾਤ ਨਹੀਂ ਹੈ, ਉਸ ਸਮੇਂ ਕਰਾਮਾਤ ਬਾਦਸ਼ਾਹ ਨੂੰ ਕਿਉਂ ਨਾ ਵਿਖਾਈ, ਜਿਸ ਕਾਰਨ ਤੁਸੀਂ ਬਹੁਤ ਵਡਿਆਈ ਪ੍ਰਾਪਤ ਕਰਦੇ॥੨੬॥

**ਪੁਨ ਕਾਰਾਗ੍ਰਿਹ ਮੈਂ ਰੁਕਿ ਕਰਿ ਕੈ। ਅਨਿਕ ਰੀਤਿ ਕੇ ਸੰਕਟ ਭਰਿਕੈ।**
**ਹਮ ਕਹੁ ਅਬਿ ਦਿਖਰਾਵਨਿ ਕਰੀ। ਤਿਸ ਤੇ ਸ਼ਾਹੁ ਰਿਦੇ ਰਿਸ ਭਰੀ॥੨੭॥**

ਫਿਰ ਕੈਦਖਾਨੇ ਵਿਚ ਕੈਦ ਹੋ ਕੇ, ਅਨੇਕ ਰੀਤੀਆਂ ਦੇ ਦੁਖ ਪਾ ਕੇ ਸਾਨੂੰ ਹੁਣ ਕਰਾਮਾਤ ਵਿਖਾ ਦਿੱਤੀ ਹੈ, ਇਸ ਕਰਕੇ ਬਾਦਸ਼ਾਹ ਦੇ ਹਿਰਦੇ ਵਿਚ ਬਹੁਤ ਰੋਸ ਭਰ ਗਿਆ ਹੈ॥੨੭॥

**ਕਰਾਮਾਤ ਕੋ ਰਾਖਤਿ ਅਹੋ। ਮੁਖ ਤੇ ਬਹੁਰ ਝੂਠ ਕੋ ਕਹੋ।**
**ਤੁਮਰੇ ਅਨਬਨ ਹੇਰਿ ਮਹਾਨੇ। ਉੱਤਰ ਬੂਝਯੋ ਸ਼ਾਹੁ ਸਜਾਨੇ॥ ੨੮॥**

ਜਦ ਕਰਾਮਾਤ ਰੱਖਦੇ ਹੋ, ਮੁਖ ਤੋਂ ਫਿਰ ਝੂਠ ਕਿਉਂ ਬੋਲਿਆ ਹੈ। ਤੁਹਾਡੀ ਮਹਾਨ ਉਲਟੀ ਰੀਤੀ ਵੇਖ ਕੇ, ਚਤੁਰ ਬਾਦਸ਼ਾਹ ਨੇ ਉੱਤਰ ਪੁੱਛਿਆ ਹੈ॥੨੮॥

**ਆਪ ਅਬਹਿ ਉੱਤਰ ਦਿਹੁ ਜੈਸੇ। ਜਾਇ ਸੁਨਾਵਹਿਂ ਤਿਸ ਕੋ ਤੈਸੇ।**
**ਰਿਸ ਕਰਿ ਰਹਯੋ ਸ਼ਾਹੁ ਮਨ ਮਾਂਹੀ। ਪਠਯੋ ਹਮੈਂ, ਆਏ ਚਲਿ ਪਾਹੀ'॥ ੨੯॥**

ਹੁਣ ਤੁਸੀਂ ਇਸ ਗੱਲ ਦਾ ਉੱਤਰ ਦੇਵੋ ਤੇ ਉਸ ਤਰ੍ਹਾਂ ਹੀ ਜਾ ਕੇ ਬਾਦਸ਼ਾਹ ਨੂੰ ਸੁਣਾਈਏ। ਬਾਦਸ਼ਾਹ ਨੇ ਆਪਣੇ ਮਨ ਵਿਚ ਬਹੁਤ ਗੁੱਸਾ ਕੀਤਾ ਹੈ, ਸਾਨੂੰ ਭੇਜਿਆ ਹੈ, ਇਸ ਕਰਕੇ ਚਲ ਕੇ ਤੁਹਾਡੇ ਪਾਸ ਆਏ ਹਾਂ"॥੨੯॥

ਸੁਨਿ ਸ੍ਰੀ ਤੇਗ ਬਹਾਦਰ ਰਾਇ। ਉਮਰਾਵਨ ਕੋ ਕਹਜੋ ਬੁਝਾਇ।
'ਇਸ ਕੋ ਤੁਮ ਅਜ਼ਮਤ ਨਹਿਂ ਜਾਨੋ। ਮਨ ਕੇ ਖੋਟ ਬਿਚਾਰ ਪਛਾਨੋ॥ ੩੦॥

ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਮਰਾਵ ਦੀ ਗੱਲ ਦਾ ਉੱਤਰ ਦਿੱਤਾ, "ਇਸ ਨੂੰ ਤੁਸੀਂ ਕਰਾਮਾਤ ਨਾ ਜਾਣੋ, ਆਪਣੇ ਮਨ ਦੇ ਖੋਟੇ ਵਿਚਾਰ ਪਛਾਣੋ॥੩੦॥

ਕਰਹਿ ਭਾਵਨਾ ਜੈਸੇ ਕੋਇ। ਤਿਸ ਕੋ ਤਸ ਫਲ ਪ੍ਰਾਪਤਿ ਹੋਇ।
ਸ੍ਰੀ ਖ਼ੁਦਾਇ ਦਰਗਾਹ ਮਝਾਰ। ਏਵ ਨਜਾਵ ਹੈ ਸਦਾ ਉਦਾਰ॥ ੩੧॥

ਜਿਸ ਤਰ੍ਹਾਂ ਕੋਈ ਭਾਵਨਾ ਕਰਦਾ ਹੈ, ਉਸ ਨੂੰ ਵੈਸਾ ਹੀ ਫਲ ਪ੍ਰਾਪਤ ਹੁੰਦਾ ਹੈ। ਖ਼ੁਦਾ ਦੀ ਦਰਗਾਹ ਵਿਚ ਇਸ ਤਰ੍ਹਾਂ ਸਦਾ ਮਹਾਨ ਨਿਆਂ ਹੁੰਦਾ ਹੈ॥੩੧॥

ਧਰਮ ਭ੍ਰਿਸ਼ਟ ਹਮਰੇ ਕਹੁ ਚਹਜੋ। ਤਿਸ ਕੋ ਫਲ ਤੁਮ ਤੈਸੋ ਲਹਜੋ।
ਹਿੰਦੂ ਜਨਮ ਹਮਾਰੋ ਜਾਨਿ। ਕੁੱਠਜੋ ਪਠਜੋ ਮਾਸ ਹਿਤ ਖਾਨ॥ ੩੨॥

ਸਾਡੇ ਧਰਮ ਨੂੰ ਭ੍ਰਿਸ਼ਟ ਕਰਨਾ ਚਾਹੁੰਦੇ ਸੀ, ਉਸ ਦਾ ਫਲ ਤੁਸੀਂ ਉਸ ਤਰ੍ਹਾਂ ਹੀ ਪ੍ਰਾਪਤ ਕਰ ਲਿਆ ਹੈ। ਸਾਡਾ ਹਿੰਦੂ ਘਰ ਦਾ ਜਨਮ ਜਾਣ ਕੇ, ਹਲਾਲ ਦਾ ਮਾਸ ਸਾਡੇ ਖਾਣ ਵਾਸਤੇ ਭੇਜ ਦਿੱਤਾ॥੩੨॥

ਤੁਮਰੇ ਹੁਤੀ ਸ਼ੂਕਰਨਿ ਆਨ। ਛੁਵਹੁ ਨ ਜਿਸ ਕੋ, ਕਹਾਂ ਸੁ ਖਾਨ।
ਤਿਸ ਆਮਿਖ ਤੇ ਸੋ ਬਨਿ ਗਏ। ਲਘੁ ਤਨ ਅਨਿਕ ਉਪਜਤੇ ਭਏ॥ ੩੩॥

ਤੁਹਾਨੂੰ ਸੂਰ ਦੀ ਕਸਮ ਹੈ, ਉਸ ਨੂੰ ਛੂੰਹਦੇ ਵੀ ਨਹੀਂ ਹੋ ਖਾਣਾ ਤਾਂ ਕਿਤੇ ਰਿਹਾ, ਉਸ ਮਾਸ ਤੋਂ ਫਿਰ ਸੂਰ ਬਣ ਗਏ, ਛੋਟੇ ਸਰੀਰ ਵਾਲੇ ਅਨੇਕਾਂ ਹੀ ਸੂਰ ਪੈਦਾ ਹੋ ਗਏ॥੩੩॥

ਚਹਿਤ ਹੁਤੇ ਪਰ ਧਰਮ ਬਿਗਾਰਾ। ਯਾਂਤੇ ਤੁਮ ਇਮਾਨ ਕਹੁ ਹਾਰਾ।
ਇਹ ਉੱਤਰ ਦੀਜਹਿ ਤਿਸ ਜਾਇ। ਤਾਕਹਿ ਪਰ, ਸੁ ਪਰਹਿ ਗਰ ਆਇ॥੩੪॥

ਤੁਸੀਂ ਦੂਸਰੇ ਦਾ ਧਰਮ ਵਿਗਾੜਨਾ ਚਾਹੁੰਦੇ ਸੀ, ਇਸ ਕਰਕੇ ਤੁਸੀਂ ਆਪਣੇ ਈਮਾਨ ਨੂੰ ਗਵਾਇਆ ਹੈ। ਬਾਦਸ਼ਾਹ ਨੂੰ ਜਾ ਕੇ ਇਹ ਉੱਤਰ ਦੇਵੋ। ਜਿਹੜਾ ਪਰਾਏ ਦਾ ਬੁਰਾ ਤਕਦਾ ਹੈ, ਉਹ ਬੁਰਾਈ ਫਿਰ ਉਸ ਦੇ ਆਪਣੇ ਹੀ ਗਲ ਆ ਪੈਂਦੀ ਹੈ॥੩੪॥

ਕਰਾਮਾਤ ਹਮਰੇ ਮਹਿਂ ਨਾਂਹੀ। ਕਰਹਿਂ ਦਿਖਾਵਨਿ ਤੌ ਕਿਮ ਕਾਹੀ'।
ਇਮ ਸੁਨਿ ਦੋਨ ਗਏ ਉਮਰਾਵ। ਪਹੁੰਚੇ ਹੁਤੋ ਸ਼ਾਹ ਜਿਸ ਥਾਵ॥ ੩੫॥

ਸਾਡੇ ਵਿਚ ਕੋਈ ਕਰਾਮਾਤ ਨਹੀਂ ਹੈ, ਫਿਰ ਕਿਵੇਂ ਕਿਸੇ ਨੂੰ ਵਿਖਾਈਏ।" ਇਸ ਤਰ੍ਹਾਂ ਸੁਣ ਕੇ ਦੋਵੇਂ ਉਮਰਾਵ ਚਲੇ ਗਏ ਤੇ ਉਥੇ ਪਹੁੰਚ ਗਏ ਜਿੱਥੇ ਬਾਦਸ਼ਾਹ ਬੈਠਾ ਸੀ॥੩੫॥

ਕਹਿਵਤਿ ਗੁਰ ਕੀ ਸਕਲ ਸੁਨਾਈ। 'ਹਮ ਮਹਿਂ ਕਰਾਮਾਤ ਨਹਿਂ ਰਾਈ।
ਭਯੋ ਭਾਵਨਾ ਕਹੁ ਫਲ ਏਹੀ। ਬਨੇ ਮਾਸ ਤੇ ਸ਼ੂਕਰ ਜੇਹੀ॥ ੩੬॥

ਗੁਰੂ ਜੀ ਦੀ ਕਹੀ ਹੋਈ ਗੱਲ ਸਾਰੀ ਬਾਦਸ਼ਾਹ ਨੂੰ ਸੁਣਾਈ, "ਸਾਡੇ ਵਿਚ ਕੋਈ ਕਰਾਮਾਤ ਨਹੀਂ ਹੈ, ਤੁਹਾਡੀ ਭਾਵਨਾ ਦਾ ਇਹ ਤੁਹਾਨੂੰ ਫਲ ਮਿਲਿਆ ਹੈ, ਜਿਹੜੇ ਮਾਸ ਤੋਂ ਸੂਰ ਬਣ ਗਏ ਹਨ॥੩੬॥

ਹਮ ਨੇ ਅਜ਼ਮਤ ਨਹਿਂ ਦਿਖਰਾਈ। ਤੁਮਹੀ ਬਾਤ ਕੁਫੇਰ ਬਨਾਈ'।
ਸੁਨਿ ਕਰਿ ਸ਼ਾਹੁ ਰੋਸ਼ ਕਹੁ ਧਾਰਾ। ਸਭਿਹਿਨਿ ਮਹਿਂ ਅਸ ਬਾਕ ਉਚਾਰਾ॥੩੭॥

ਅਸੀਂ ਕਰਾਮਾਤ ਨਹੀਂ ਵਿਖਾਈ ਹੈ, ਤੁਸੀਂ ਹੀ ਝੂਠੀ ਗੱਲ ਬਣਾਈ ਸੀ।" ਇਹ ਸੁਣ ਕੇ ਬਾਦਸ਼ਾਹ ਨੇ ਬਹੁਤ ਗੁੱਸਾ ਧਾਰਨ ਕੀਤਾ, ਸਾਰਿਆਂ ਨੂੰ ਇਹ ਸੁਣਾ ਕੇ ਕਿਹਾ॥੩੭॥

'ਕੈ ਇਸ ਕਹੁ ਮੈਂ ਤੁਰਕ ਬਨਾਊਂ। ਸ਼ਰਾ ਆਪਨੀ ਬਿਖੈ ਚਲਾਊਂ।
ਕੈ ਇਸਤੇ ਅਜ਼ਮਤ ਪਤੀਆਊਂ। ਜਿਮ ਮੁਖ ਤੇ ਮੈਂ ਕਹੌਂ ਕਰਾਊਂ॥ ੩੮॥

ਜਾਂ ਇਸ ਨੂੰ ਮੈਂ ਤੁਰਕ ਬਣਾਵਾਂਗਾ ਤੇ ਆਪਣੀ ਸ਼ਰ੍ਹਾ ਵਿਚ ਚਲਾਵਾਂਗਾ ਜਾਂ ਇਸ ਪਾਸੋਂ ਕਰਾਮਾਤ ਵੇਖਾਂਗਾ, ਜਿਵੇਂ ਮੈਂ ਮੁਖ ਤੋਂ ਕਹਾਂਗਾ ਉਸ ਤਰ੍ਹਾਂ ਕਰਵਾਵਾਂਗਾ॥੩੮॥

ਦ੍ਵੈ ਮਹਿਂ ਏਕ ਕਰਹਿ ਜਬ ਆਛੇ। ਬੰਦਖਲਾਸ ਕਰੌਂ ਤਬ ਪਾਛੇ।
ਜੇ ਕਰਿ ਤੁਰਕ ਹੋਨਿ ਨਹਿਂ ਮਾਨਹਿ। ਅਜ਼ਮਤ ਕੇਰ ਛਪਾਵਨਿ ਠਾਨਹਿ॥੩੯॥

ਦੋਵਾਂ ਵਿਚੋਂ ਇਕ ਜਦ ਚੰਗੀ ਤਰ੍ਹਾਂ ਕਰੇਗਾ, ਬਾਅਦ ਵਿਚ ਫੇਰ ਇਸ ਨੂੰ ਮੈਂ ਛੱਡਾਂਗਾ। ਜੇ ਇਹ ਤੁਰਕ ਹੋਣਾ ਨਾ ਮੰਨੇ ਤੇ ਕਰਾਮਾਤ ਨੂੰ ਛੁਪਾਉਣਾ ਚਾਹੇ॥੩੯॥

ਸਿਰਰ ਆਪਨੇ ਕਹੁ ਨਿਰਬਾਹੈ। ਤੌ ਅਪਨੋ ਨਹਿਂ ਜੀਵਨ ਚਾਹੈ।
ਮੈਂ ਦੇਵੌਂ ਇਸਕੋ ਮਰਿਵਾਇ। ਨਿਜ ਲਾਇਕ ਕੀ ਪਾਇ ਸਜਾਇ॥ ੪੦॥

ਤਾਂ ਇਹ ਆਪ ਜਿਸ ਸਜ਼ਾ ਦੇ ਲਾਇਕ ਹੋਣਗੇ, ਪਾ ਲੈਣਗੇ, ਤਦ ਫਿਰ ਆਪਣਾ ਜੀਵਨ ਨਾ ਚਾਹੁੰਣ। ਮੈਂ ਇਨ੍ਹਾਂ ਨੂੰ ਮਰਵਾ ਦੇਵਾਂਗਾ ਤੇ ਫਿਰ ਆਪਣੇ ਯੋਗ ਸਜ਼ਾ ਪਾ ਲੈਣ॥੪੦॥

ਤੌ ਜਗ ਮਹਿਂ ਜਾਨਹਿਂ ਡਰ ਮੇਰੋ। ਫੇਰ ਮਨੋਰਥ ਪੂਰਨ ਹੇਰੌਂ।
ਇਮ ਕਹਿ ਤੂਸਨ ਭਾ ਤੁਰਕੇਸ਼। ਮਹਾਂ ਮੰਦ ਚਹਤਿ ਕਲੇਸ਼॥ ੪੧॥

ਤਦ ਜਗ ਵਿਚ ਮੇਰਾ ਡਰ ਜਾਣਨਗੇ, ਫਿਰ ਆਪਣਾ ਮਨੋਰਥ ਪੂਰਾ ਹੋਇਆ ਵੇਖਾਂਗਾ।" ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਚੁੱਪ ਹੋ ਗਿਆ। ਮਹਾਨ ਮਾੜੀ ਬੁਧੀ ਵਾਲਾ ਕਲੇਸ਼ ਚਾਹੁੰਦਾ ਸੀ॥੪੧॥

*ਬਾਰ੍ਹਵੀਂ ਰਾਸ ਦਾ ਬਵੰਜਵਾਂ ਅਧਿਆਇ ਸਮਾਪਤ ਹੋਇਆ॥੫੨॥*

# ਅਧਿਆਇ ਤਰਵੰਜਵਾਂ

*ਜਮਨਾ ਨਦੀ ਵਿਚ ਇਸ਼ਨਾਨ ਦੀ ਬਾਦਸ਼ਾਹ ਨੂੰ ਖ਼ਬਰ*

*ਦੋਹਰਾ-* ਇੱਤਜਾਦਿਕ ਤਰਕਤਿ ਮਹਾਂ ਤੁਰਕੇਸ਼ੁਰ ਮਤਿਮੰਦ।
ਨਾਸ਼ ਕਰਜੋ ਚਹਿ ਰਾਜ ਕੌ ਹਤੀਸ ਪ੍ਰਤਾਪ ਬਿਲੰਦ॥ ੧॥

ਮਹਾਂ ਮਾੜੀ ਮੱਤ ਵਾਲਾ ਬਾਦਸ਼ਾਹ ਇਸ ਤਰ੍ਹਾਂ ਹੁਜਤਾਂ ਕਰਦਾ ਸੀ, ਆਪਣੇ ਉੱਚੇ ਪ੍ਰਤਾਪ ਨੂੰ ਖਤਮ ਕਰਕੇ ਉਹ ਆਪਣੇ ਰਾਜ ਦਾ ਨਾਸ਼ ਕਰਨਾ ਚਾਹੁੰਦਾ ਸੀ॥੧॥

*ਚੌਪਈ-* ਇਸ ਪ੍ਰਕਾਰ ਗੁਰ ਕੈਦ ਮਝਾਰਾ। ਕਰਹਿਂ ਬਿਲਾਸ ਅਨੇਕ ਪ੍ਰਕਾਰਾ।
ਹੋਵਹਿ ਦਿਨਪ੍ਰਤਿ ਬਹੁ ਤਕਰਾਈ। ਸਾਯੁਧ ਖਰੇ ਰਹਹਿ ਦਰ ਥਾਂਈ॥੨॥

ਇਸ ਪ੍ਰਕਾਰ ਗੁਰੂ ਜੀ ਕੈਦ ਵਿਚ ਅਨੇਕਾਂ ਪ੍ਰਕਾਰ ਦੇ ਵਿਲਾਸ ਕਰਦੇ ਸਨ। ਦਿਨ ਪ੍ਰਤੀ ਬਹੁਤ ਸਖਤੀ ਹੁੰਦੀ ਜਾਂਦੀ ਸੀ, ਸ਼ਸਤਰਧਾਰੀ ਸਿਪਾਹੀ ਹਰ ਵੇਲੇ ਦਰਵਾਜ਼ੇ ਵਿਚ ਖੜ੍ਹਾ ਰਹਿੰਦਾ ਸੀ॥੨॥

ਰਾਤ ਦਿਵਸ ਮਹਿਂ ਏਕ ਸਮਾਨਾ। ਦ੍ਰਿਢ ਹੁਇ ਰਾਖੈ ਦੇਖਹਿ ਥਾਨਾ।
ਜਾਮ ਜਾਮਨੀ ਜਬਿਹੂੰ ਰਹੈ। ਤਬਿ ਸਤਿਗੁਰ ਮੱਜਨ ਕੋ ਚਹੈਂ॥ ੩॥

ਰਾਤ ਦਿਨ ਇਕ ਸਮਾਨ ਪਹਿਰਾ ਲੱਗਾ ਰਹਿੰਦਾ ਸੀ, ਬੜੀ ਦ੍ਰਿੜ੍ਹਤਾ ਨਾਲ ਨਿਗਰਾਨੀ ਰੱਖਦੇ ਸਨ ਤੇ ਗੁਰੂ ਜੀ ਦੇ ਬੈਠਣ ਵਾਲੇ ਸਥਾਨ ਨੂੰ ਵੇਖਦੇ ਰਹਿੰਦੇ ਸਨ। ਜਦ ਪਹਿਰ ਰਾਤ ਬਾਕੀ ਰਹਿ ਜਾਂਦੀ ਸੀ ਤਦ ਗੁਰੂ ਜੀ ਇਸ਼ਨਾਨ ਕਰਨਾ ਚਾਹੁੰਦੇ ਸਨ॥੩॥

ਉਠਿ ਪ੍ਰਯੰਕ ਪਰ ਤੇ ਤਤਕਾਲ। ਤਜਿ ਬੰਧਨ ਸਭਿ ਤਹਾਂ ਕ੍ਰਿਪਾਲ।
ਤਾਰੋ ਖੁਲ, ਕਪਾਟ ਛੁਟ ਜਾਂਹਿਂ। ਤਬ ਕਾਰਾਗ੍ਰਿਹ ਤੇ ਨਿਕਸਾਹਿਂ॥ ੪॥

ਤਦ ਤੁਰਤ ਪਲੰਘ ਤੋਂ ਉੱਠ ਪੈਂਦੇ ਸਨ ਤੇ ਕ੍ਰਿਪਾਲੂ ਗੁਰੂ ਜੀ ਸਭ ਬੰਧਨਾਂ ਨੂੰ ਛੱਡ ਦਿੰਦੇ ਸਨ। ਤਾਲੇ ਅਤੇ ਦਰਵਾਜ਼ੇ ਖੁਲ੍ਹ ਜਾਂਦੇ ਸਨ। ਤਦ ਕੈਦਖਾਨੇ ਵਿਚੋਂ ਬਾਹਰ ਨਿਕਲ ਜਾਂਦੇ ਸਨ॥੪॥

ਥਿਰਜੋ ਰਹੈ ਤਹਿਂ ਪਿਖਹਿ ਸਿਪਾਹੀ। ਜਿਸ ਕੀ ਦ੍ਰਿਸ਼ਟਿ ਪਰਹਿ ਕੁਛ ਨਾਂਹੀ।
ਮੰਦ ਮੰਦ ਜਮਨਾ ਦਿਸਿ ਜਾਤੇ। ਤਟ ਪਰ ਖਰੇ ਹੋਇ ਪੁਨ ਨਾਤੇ॥ ੫॥

ਸਿਪਾਹੀ ਉਨ੍ਹਾਂ ਨੂੰ ਉਥੇ ਬੈਠੇ ਹੀ ਵੇਖਦਾ ਸੀ, ਜਿਸ ਨੂੰ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਹੌਲੀ-ਹੌਲੀ ਜਮਨਾ ਵਾਲੇ ਪਾਸੇ ਜਾਂਦੇ ਸਨ, ਕਿਨਾਰੇ ਤੇ ਖੜ੍ਹੇ ਹੋ ਕੇ ਫਿਰ ਇਸ਼ਨਾਨ ਕਰਦੇ ਸਨ॥੫॥

ਮੰਦ ਮੰਦ ਨਿਸ ਮਹਿਂ ਚਲਿ ਆਵੈਂ। ਤਿਸੀ ਰੀਤਿ ਬੰਧਨ ਪਰ ਜਾਵੈਂ।
ਥਿਰ ਪ੍ਰਯੰਕ ਪਰ ਤੈਸੋ ਹੋਇ। ਜਥਾ ਪ੍ਰਥਮ ਹੀ ਕੀਨੇ ਸੋਇ॥ ੬॥

ਹੌਲੀ-ਹੌਲੀ ਰਾਤ ਹੀ ਚਲ ਕੇ ਆ ਜਾਂਦੇ ਸਨ ਤੇ ਪਹਿਲਾਂ ਵਾਂਗ ਹੀ ਬੰਧਨ ਵਿਚ ਪੈ ਜਾਂਦੇ ਸਨ। ਉਸ ਤਰ੍ਹਾਂ ਹੀ ਫਿਰ ਪਲੰਘ 'ਤੇ ਬੈਠ ਜਾਂਦੇ ਸਨ, ਜਿਵੇਂ ਪਹਿਲਾਂ ਬੈਠੇ ਹੁੰਦੇ ਸਨ॥੬॥

ਜਬ ਕੇ ਕੈਦ ਬਿਖੈ ਗੁਰ ਆਏ। ਇਸ ਬਿਧਿ ਮੱਜਨ ਕਰਿ ਮਨ ਭਾਏ।
ਏਕ ਦਿਵਸ ਸ੍ਰੀ ਗੁਰੂ ਪਯਾਨੇ। ਪਾਵਨ ਜਮਨਾ ਹੇਤੁ ਸ਼ਨਾਨੇ॥ ੭॥

ਜਦ ਦੇ ਗੁਰੂ ਜੀ ਕੈਦ ਵਿਚ ਆਏ ਹਨ, ਇਸ ਪ੍ਰਕਾਰ ਮਨ-ਭਾਉਂਦਾ ਇਸ਼ਨਾਨ ਕਰਦੇ ਹਨ। ਇਕ ਦਿਨ ਸ੍ਰੀ ਗੁਰੂ ਜੀ ਪਵਿੱਤਰ ਜਮਨਾ ਵਿਚ ਇਸ਼ਨਾਨ ਕਰਨ ਗਏ ਹੋਏ ਸਨ॥੭॥

ਦੀਰਘ ਮਹਿਜਿਦ ਬਿਖੈ ਮੁਲਾਨਾ। ਸੋ ਉਠ ਕਰਿ ਤਿਤ ਕੀਨਿ ਪਯਾਨਾ।
ਜਹਾਂ ਸ਼ਨਾਨ ਕਰਤਿ ਗੁਨਖਾਨੀ। ਪਠਤਿ ਬਦਨ ਜਪੁ ਆਦਿਕ ਬਾਨੀ॥ ੮॥

ਵੱਡੀ ਮਸਜਦ ਵਿਚ ਇਕ ਮੁਲਾਣਾ ਰਹਿੰਦਾ ਸੀ, ਉਹ ਉੱਠ ਕੇ ਜਮਨਾ ਨਦੀ ਵਲ ਚਲਾ ਗਿਆ ਜਿੱਥੇ ਗੁਰੂ ਜੀ ਇਸ਼ਨਾਨ ਕਰ ਰਹੇ ਸਨ। ਮੁਖ ਨਾਲ ਉਹ ਜਪੁਜੀ ਸਾਹਿਬ ਆਦਿ ਬਾਣੀ ਪੜ੍ਹ ਰਹੇ ਸਨ॥੮॥

ਨਿਕਟ ਹੋਇ ਤਿਨ ਗੁਰੂ ਪਛਾਨੇ। ਬਿਸਮਜੋ ਕਿਮ ਪਗ ਬੰਧਨ ਹਾਨੇ।
ਅਸ ਨਹਿਂ ਹੋਇ ਚਲੇ ਇਹ ਜਾਵੈਂ। ਬਹੁਰ ਸ਼ਾਹੁ ਕੇ ਹਾਥ ਨ ਆਵੈਂ॥ ੯॥

ਪਾਸ ਹੋ ਕੇ ਉਸ ਗੁਰੂ ਜੀ ਨੂੰ ਪਹਿਚਾਣ ਲਿਆ, ਹੈਰਾਨ ਹੋਇਆ ਕਿ ਇਨ੍ਹਾਂ ਦੇ ਚਰਨਾਂ ਦੇ ਬੰਧਨ ਕਿਵੇਂ ਖੁਲ੍ਹ ਗਏ ਹਨ। ਐਸਾ ਨਾ ਹੋਵੇ ਕਿ ਇਹ ਚਲੇ ਜਾਣ ਤੇ ਫਿਰ ਬਾਦਸ਼ਾਹ ਦੇ ਹੱਥ ਨਾ ਆਉਣ॥੯॥

ਗੁਰ ਹਿੰਦੁਨ ਕੋ ਸ਼ਰ੍ਹਾ ਮਨਾਵੈ। ਜਿਸ ਤੇ ਦੀਨ ਤੁਰਕ ਬਿਰਧਾਵੈ।
ਜੇ ਅਬ ਰੌਰਾ ਪਾਇ ਸੁਨਾਊਂ। ਨਰਨ ਹਕਾਰਿ ਇਸੇ ਗਹਿਵਾਊਂ॥ ੧੦॥

ਹਿੰਦੂਆਂ ਦੇ ਗੁਰੂ ਨੂੰ ਸ਼ਰ੍ਹਾ ਮਨਾਉਣੀ ਹੈ, ਜਿਸ ਨਾਲ ਤੁਰਕਾਂ ਦੇ ਦੀਨ ਨੂੰ ਵਧਾਉਣਾ ਹੈ। ਜੇ ਹੁਣ ਰੌਲਾ ਪਾ ਕੇ ਸੁਣਾਵਾਂ, ਮਨੁੱਖਾਂ ਨੂੰ ਬੁਲਾ ਕੇ ਇਨ੍ਹਾਂ ਨੂੰ ਫੜਾਵਾਂ॥੧੦॥

ਸਨੈ ਸਨੈ ਕੈ ਸੰਗਿ ਸਿਧਾਰੋਂ। ਕਹਾਂ ਜਾਇਂ ਸਭਿ ਗਤੀ ਨਿਹਾਰੋਂ।
ਵਹਿਰ ਨਿਕਸਿ ਪੁਰਿ ਤੇ ਜਬ ਜਾਇਂ। ਨਰਨ ਬੁਲਾਇ ਤਬੈ ਗਹਿਵਾਇ॥੧੧॥

ਹੌਲੀ-ਹੌਲੀ ਇਨ੍ਹਾਂ ਦੇ ਨਾਲ ਹੀ ਜਾਂਦਾ ਹਾਂ, ਕਿੱਥੇ ਜਾਂਦੇ ਹਨ ਸਾਰੀ ਗਤੀ ਵੇਖਦਾ ਹਾਂ। ਨਗਰ ਤੋਂ ਬਾਹਰ ਨਿਕਲ ਕੇ ਜਦ ਜਾਣਗੇ ਤਾਂ ਮਨੁੱਖਾਂ ਨੂੰ ਬੁਲਾ ਕੇ ਫੜਾ ਦੇਵਾਂਗਾ॥੧੧॥

ਇਮ ਬਿਚਾਰ ਰਖਿ ਦ੍ਰਿਸ਼ਟਿ ਮਝਾਰੀ। ਮੰਦ ਮੰਦ ਹ੍ਵੈ ਚਲਯੋ ਪਿਛਾਰੀ।
ਕਰਿ ਸ਼ਨਾਨ ਸਤਿਗੁਰ ਪੁਨ ਆਏ। ਕਾਰਾਗ੍ਰਿਹਿ ਮਹਿਂ ਜਬ ਪ੍ਰਵਿਸ਼ਾਏ॥ ੧੨॥

ਇਸ ਤਰ੍ਹਾਂ ਵਿਚਾਰ ਕੇ ਗੁਰੂ ਜੀ ਨੂੰ ਦ੍ਰਿਸ਼ਟੀ ਵਿਚ ਰਖਿਆ ਤੇ ਹੌਲੀ-ਹੌਲੀ ਪਿੱਛੇ-ਪਿੱਛੇ ਚਲ ਪਿਆ। ਸਤਿਗੁਰੂ ਜੀ ਫਿਰ ਇਸ਼ਨਾਨ ਕਰਕੇ ਆ ਗਏ। ਜਦ ਕੈਦਖਾਨੇ ਵਿਚ ਪ੍ਰਵੇਸ਼ ਕਰ ਗਏ॥੧੨॥

ਦੇਖਤਿ ਹਟਯੋ ਮੁਲਾਨਾ ਤਹਾਂ। ਰਿਦੇ ਬਿਚਾਰ ਭਈ 'ਗਤਿ ਕਹਾਂ'।
ਚੌਕੀਦਾਰ ਮਿਲੇ ਇਨ ਸੰਗ। ਮੋਚ ਦੇਤਿ ਬੰਧਨ ਸਰਬੰਗ॥ ੧੩॥

ਤਦ ਮੁਲਾਣਾ ਉਨ੍ਹਾਂ ਨੂੰ ਵੇਖਕੇ ਪਿੱਛੇ ਹਟ ਗਿਆ, ਹਿਰਦੇ ਵਿਚ ਵਿਚਾਰਦਾ ਸੀ, "ਕੀ ਗਤੀ ਹੈ।" ਜਾਪਦਾ ਹੈ ਚੌਂਕੀਦਾਰ ਇਨ੍ਹਾਂ ਦੇ ਨਾਲ ਮਿਲੇ ਹੋਏ ਹਨ, ਉਹ ਇਨ੍ਹਾਂ ਦੇ ਅੰਗਾਂ ਦੇ ਸਾਰੇ ਬੰਧਨ ਖੋਲ੍ਹ ਦਿੰਦੇ ਹਨ॥੧੩॥

ਬਹੁਰ ਜਾਇ ਬੰਧਨ ਕੋ ਧਾਰਹਿਂ। ਮੱਜਨ ਕਰਹਿਂ ਸੁਨਹਿਂ ਨਿਰਵਾਰਹਿਂ।
ਦਰਬ ਦਿਯੋ ਹੁਇਗੋ ਸਮੁਦਾਇ। ਜਿਸਤੇ ਨਿਸ ਮਹਿਂ ਇਤ ਉਤ ਜਾਇਂ॥੧੪॥

ਫਿਰ ਜਦ ਅੰਦਰ ਚਲੇ ਜਾਂਦੇ ਹਨ ਤਾਂ ਬੰਧਨ ਪਾ ਦਿੰਦੇ ਹਨ। ਇਸ਼ਨਾਨ ਕਰਨਾ ਸੁਣ ਕੇ ਚੌਂਕੀਦਾਰ ਬੰਧਨ ਲਾਹ ਦਿੰਦੇ ਹਨ। ਉਨ੍ਹਾਂ ਨੂੰ ਬਹੁਤ ਧਨ ਦਿੱਤਾ ਹੋਵੇਗਾ, ਜਿਸ ਕਰਕੇ ਰਾਤ ਨੂੰ ਏਧਰ ਓਧਰ ਜਾਂਦੇ ਹਨ॥੧੪॥

ਨਹਿਂ ਆਛੀ ਇਹ ਜਾਨੀ ਪਰੈ। ਚਲਜੈ ਜਾਇਗੋ ਤੌ ਦੁਖ ਧਰੈਂ।
ਭੋਰ ਹੋਤਿ ਮੈਂ ਸ਼ਾਹੁ ਸੁਨਾਊਂ। ਕਰਿ ਤਾਗੀਦ ਸੁਚਿਤ ਕਰਿਵਾਊਂ॥ ੧੫॥

ਇਹ ਗੱਲ ਚੰਗੀ ਨਹੀਂ ਜਾਣ ਪੈਂਦੀ, ਚਲੇ ਜਾਣਗੇ ਤਾਂ ਦੁਖ ਧਾਰਨ ਕਰਾਂਗੇ। ਸਵੇਰ ਹੁੰਦਿਆਂ ਹੀ ਮੈਂ ਬਾਦਸ਼ਾਹ ਨੂੰ ਦੱਸਾਂਗਾ, ਤਾਕੀਦ ਕਰਕੇ ਸੁਚੇਤ ਕਰਵਾਵਾਂਗਾ"॥੧੫॥

ਇਮ ਚਿਤਵਤਿ ਚਿਤ ਬਿਖੇ ਮੁਲਾਨਾ। ਬੈਠੇ ਮਹਿਜਿਦ ਭਈ ਬਿਹਾਨਾ।
ਪਹਿਰ ਬਸਤ੍ਰ ਕੋ ਦੁਸ਼ਟ ਬਡੇਰਾ। ਗਮਨਯੋਂ ਸ਼ਾਹੁ ਨਿਕਟ ਤਿਸ ਬੇਰਾ॥੧੬॥

ਮੁਲਾਣਾ ਇਸ ਤਰ੍ਹਾਂ ਆਪਣੇ ਮਨ ਵਿਚ ਸੋਚਦਾ ਸੀ, ਮਸਜਦ ਵਿਚ ਬੈਠਿਆਂ ਹੀ ਸਵੇਰ ਹੋ ਗਈ। ਵੱਡੇ ਦੁਸ਼ਟ ਨੇ ਚੰਗੇ ਕੱਪੜੇ ਪਹਿਣ ਲਏ ਤੇ ਉਸ ਸਮੇਂ ਬਾਦਸ਼ਾਹ ਦੇ ਪਾਸ ਚਲੇ ਗਿਆ॥੧੬॥

ਨਿਸ ਕੀ ਗਾਥਾ ਬੈਠਿ ਸੁਨਾਈ। 'ਗੁਰ ਹਿੰਦੁਨ ਜੋ ਕੈਦ ਕਰਾਈ।
ਸੋ ਮੈਂ ਫਿਰਤਿ ਰਾਤ ਕੋ ਹੇਰਾ। ਏਕ ਜਾਮ ਹੋਤੀ ਤਿਸ ਬੇਰਾ॥ ੧੭॥

ਬਾਦਸ਼ਾਹ ਨੂੰ ਰਾਤ ਵਾਲੀ ਸਾਰੀ ਗਾਥਾ ਸੁਣਾਈ, "ਹਿੰਦੂਆਂ ਦੇ ਗੁਰੂ ਜੀ ਜਿਹੜੇ ਕੈਦ ਕੀਤੇ ਹਨ, ਉਨ੍ਹਾਂ ਨੂੰ ਮੈਂ ਰਾਤ ਨੂੰ ਫਿਰਦਿਆਂ ਵੇਖਿਆ ਹੈ, ਉਸ ਸਮੇਂ ਇਕ ਪਹਿਰ ਰਾਤ ਰਹਿੰਦੀ ਸੀ॥੧੭॥

ਬੰਧਨ ਅੰਗ ਬਿਖੇ ਤਿਸ ਨਾਂਹੀ। ਕਰਤਿ! ਗ਼ੁਸਲ ਜਮਨਾ ਜਲ ਮਾਂਹੀ।
ਮੈਂ ਦੇਖਤਿ ਗਮਨਜੋਂ ਤਿਸ ਪਾਛੇ। ਕਰਿ ਮੱਜਨ ਮਨ ਭਾਵਤਿ ਆਛੇ॥ ੧੮॥

ਉਸ ਸਮੇਂ ਉਨ੍ਹਾਂ ਦੇ ਸਰੀਰ ਉੱਤੇ ਕੋਈ ਬੰਧਨ ਨਹੀਂ ਸੀ, ਉਹ ਜਮਨਾ ਨਦੀ ਦੇ ਜਲ ਵਿਚ ਇਸ਼ਨਾਨ ਕਰ ਰਹੇ ਸਨ। ਮੈਂ ਵੇਖ ਕੇ ਉਨ੍ਹਾਂ ਦੇ ਪਿੱਛੇ-ਪਿੱਛੇ ਚਲ ਪਿਆ, ਉਨ੍ਹਾਂ ਮਨ-ਭਾਉਂਦਾ ਚੰਗੀ ਤਰ੍ਹਾਂ ਇਸ਼ਨਾਨ ਕੀਤਾ॥੧੮॥

ਕਾਰਾਗ੍ਰਿਹਿ ਪੁਨ ਜਾਇ ਪ੍ਰਵੇਸ਼ਾ। ਮੈਂ ਹਟਿ ਆਇ ਬਿਲੋਕਿ ਅਸ਼ੇਸ਼ਾ।
ਚੌਕੀਦਾਰਨਿ ਕੋ ਧਨ ਦੀਨਿ। ਜਿਨਹੁਂ ਸੁਚੇਤੀ ਨਾਹਿ ਨ ਕੀਨਿ॥ ੧੯॥

ਫਿਰ ਜਾ ਕੇ ਕੈਦਖਾਨੇ ਵਿਚ ਪ੍ਰਵੇਸ਼ ਕਰ ਗਏ, ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਵੇਖ ਕੇ ਵਾਪਸ ਆ ਗਿਆ। ਇਨ੍ਹਾਂ ਨੇ ਚੌਂਕੀਦਾਰਾਂ ਨੂੰ ਧਨ ਦਿੱਤਾ ਹੈ, ਜਿਹੜੇ ਏਨੀਂ ਸਾਵਧਾਨੀ ਨਹੀਂ ਵਰਤਦੇ ਹਨ॥੧੯॥

ਨਿਕਸ ਜਾਇਗੋ ਇਕ ਦਿਨ ਮਾਂਹੀ। ਇਸ ਬਿਧਿ ਰਾਖੀ ਕਰਹਿਂ ਜਿ ਨਾਂਹੀ।
ਬਿਨ ਸੰਕਟ ਦੀਨੇ ਗੁਰ ਹਿੰਦੂ। ਨਹਿਂ ਧਾਰਹਿਗੋ ਸ਼ਰਾ ਬਿਲੰਦੂ॥ ੨੦॥

ਇਕ ਦਿਨ ਇਹ ਨਿਕਲ ਜਾਣਗੇ, ਇਸ ਵਿਧੀ ਨਾਲ ਜੇ ਰਾਖੀ ਨਹੀਂ ਕਰਾਂਗੇ। ਜੇ ਹਿੰਦੂਆਂ ਦੇ ਗੁਰੂ ਨੂੰ ਦੁਖ ਨਹੀਂ ਦੇਵਾਂਗੇ ਤਾਂ ਇਹ ਮਹਾਨ ਸ਼ਰ੍ਹਾ ਨੂੰ ਧਾਰਨ ਨਹੀਂ ਕਰਨਗੇ॥੨੦॥

ਅਤਿਸ਼ੈ ਦੁਖੀ ਹੋਇ ਬਿਨ ਬਸ ਤੇ। ਤੌ ਇਹ ਪਰਹਿ ਸ਼ਰਾ ਕੇ ਰਸਤੇ।
ਸੁਨਿ ਨੁਰੰਗ ਬਿਸਮਜੋ ਮਤਿ ਮੰਦ। ਚੌਕੀਦਾਰ ਬੁਲਾਏ ਬ੍ਰਿੰਦ॥ ੨੧॥

ਜ਼ਿਆਦਾ ਦੁਖੀ ਰਹਿ ਕੇ ਤਦ ਹੀ ਇਹ ਸ਼ਰ੍ਹਾ ਦੇ ਰਸਤੇ ਪੈਣਗੇ।" ਇਹ ਸੁਣ ਕੇ ਨੌਰੰਗਾ ਮਾੜੀ ਬੁਧੀ ਵਾਲਾ ਬਹੁਤ ਹੈਰਾਨ ਹੋਇਆ ਤੇ ਤੁਰਤ ਸਾਰੇ ਚੌਂਕੀਦਾਰਾਂ ਨੂੰ ਬੁਲਾਇਆ॥੨੧॥

ਕਹਤਿ ਭਯੋ 'ਕਹਾ ਕਹੈ ਮੁਲਾਨਾ? ਕਜੋਂ ਨ ਰਹਤਿ ਹ੍ਵੈ ਕੈ ਸਵਧਾਨਾ।
ਬੰਧਨ ਤਜਿ ਸ਼ਨਾਨ ਹਿਤ ਜਾਵਤਿ। ਮਿਲੇ ਤਾਂਹਿ ਸੋਂ, ਕਜੋਂ ਨ ਹਟਾਵਤਿ' ॥੨੨॥

ਉਨ੍ਹਾਂ ਨੂੰ ਕਹਿਣ ਲੱਗਾ, "ਇਹ ਮੁਲਾਣਾ ਕੀ ਕਹਿੰਦਾ ਹੈ? ਤੁਸੀਂ ਸਾਵਧਾਨ ਹੋ ਕੇ ਕਿਉਂ ਨਹੀਂ ਰਹਿੰਦੇ ਹੋ। ਗੁਰੂ ਜੀ ਬੰਧਨ ਛੱਡ ਇਸ਼ਨਾਨ ਕਰਨ ਜਾਂਦੇ ਹਨ, ਮੁਲਾਣੇ ਨੂੰ ਉਥੇ ਮਿਲੇ ਹਨ, ਤੁਸੀਂ ਕਿਉਂ ਨਹੀਂ ਰੋਕਦੇ ਹੋ" ॥੨੨॥

ਤਬ ਕਰ ਜੋਰਿ ਸਿਪਾਹੀ ਕਹੈ। 'ਭਿਰੇ ਕਿਵਾਰ ਸੁ ਤਾਰੋ ਰਹੈ।
ਸਾਯੁਧ ਠਾਂਢੇ ਦ੍ਵਾਰ ਅਗਾਰੀ। ਤਕਰਾਈ ਨਿਸ ਦਿਨ ਕਰਿ ਭਾਰੀ॥ ੨੩॥

ਤਦ ਹੱਥ ਜੋੜ ਕੇ ਸਿਪਾਹੀਆਂ ਨੇ ਕਿਹਾ, "ਦਰਵਾਜੇ ਵੱਜੇ ਰਹਿੰਦੇ ਹਨ ਤੇ ਦਰਵਾਜ਼ਿਆਂ ਨੂੰ ਲੱਗਾ ਤਾਲਾ ਬੰਦ ਰਹਿੰਦਾ ਹੈ। ਸ਼ਸਤਰਧਾਰੀ ਸਿਪਾਹੀ ਦਰਵਾਜ਼ੇ ਦੇ ਅੱਗੇ ਖੜਾ ਰਹਿੰਦਾ ਹੈ। ਦਿਨ ਰਾਤ ਭਾਰੀ ਤਕੜਾਈ ਕੀਤੀ ਜਾਂਦੀ ਹੈ॥੨੩॥

ਬਿਨ ਨਿੰਦ੍ਰਾ ਤੇ ਦੇਖਤਿ ਭਲੇ। ਏਕ ਹਟਹਿ ਦੂਸਰ ਕਰਿ ਖਲੇ।
ਜੇ ਅਜ਼ਮਤਿ ਕਰਿ ਗੁਰੁ ਚਲਿ ਜਾਵੈ। ਕਰਿ ਸ਼ਨਾਨ ਕਾਰਾਗ੍ਰਿਹਿ ਆਵੈ॥ ੨੪॥

ਨੀਂਦ ਤੋਂ ਬਗੈਰ ਭਲੀ ਪ੍ਰਕਾਰ ਵੇਖਦੇ ਹਨ, ਇਕ ਹੱਟਦਾ ਹੈ ਤਾਂ ਦੂਸਰਾ ਸਿਪਾਹੀ ਖਲੋ ਜਾਂਦਾ ਹੈ। ਜੇ ਕਰਾਮਾਤ ਕਰਕੇ ਗੁਰੂ ਜੀ ਚਲੇ ਜਾਣ ਤੇ ਇਸ਼ਨਾਨ ਕਰਕੇ ਫਿਰ ਕੈਦਖਾਨੇ ਵਿਚ ਆ ਜਾਣ॥੨੪॥

ਕਹਾਂ ਦੋਸ਼ ਤੌ ਹਮਰੇ ਮਾਂਹੀ। ਨੇਤ੍ਰਨ ਤੇ ਨ ਬਿਲੋਕਜੋ ਜਾਹੀ।
ਪ੍ਰਥਮ ਆਪ ਨੇ ਨਿਰਨੇ ਕੀਨਿ। ਘਰਿ ਸਿੱਖਜਨਿ ਕੇ ਭੋਜਨ ਲੀਨਿ' ॥ ੨੫॥

ਤਾਂ ਸਾਡਾ ਇਸ ਵਿਚ ਕੀ ਦੋਸ਼ ਹੈ, ਅੱਖਾਂ ਨਾਲ ਤਾਂ ਉਹ ਵੇਖੇ ਨਹੀਂ ਜਾ ਸਕਦੇ। ਪਹਿਲਾਂ ਵੀ ਆਪ ਜੀ ਨੇ ਨਿਰਣਾ ਕੀਤਾ ਹੈ, ਸਿੱਖਾਂ ਦੇ ਘਰਾਂ ਵਿਚ ਭੋਜਨ ਖਾਣ ਜਾਂਦੇ ਹਨ" ॥੨੫॥

**ਸੁਨਿ ਮੁੱਲਾਂ ਕਹਿ 'ਅਜ਼ਮਤ ਕਹਾਂ। ਲੋਕਨ ਠਗਹਿ ਸਿਹਰ ਕਰਿ ਮਹਾਂ।**
**ਬਿਰਮਾਵਤਿ ਕੁਛ ਕਰਿ ਦਿਖਰਾਵੈ। ਦਰਬ ਆਦਿ ਸਿਖ ਬ੍ਰਿੰਦ ਚਢਾਵੈਂ ॥੨੬॥**

ਇਹ ਸੁਣ ਕੇ ਮੁੱਲਾਂ ਕਹਿਣ ਲੱਗਾ, "ਕਰਾਮਾਤ ਕਿੱਥੇ ਹੈ, ਮਹਾਨ ਜਾਦੂ ਕਰਕੇ ਠੱਗਦੇ ਹਨ, ਕੁਝ ਜਾਦੂ ਵਿਖਾ ਕੇ ਆਪਣੇ ਸਿੱਖਾਂ ਨੂੰ ਭਰਮਾ ਲੈਂਦੇ ਹਨ, ਫਿਰ ਸਿੱਖ ਬਹੁਤ ਧਨ ਆਦਿ ਲਿਆ ਕੇ ਚੜ੍ਹਾਉਂਦੇ ਹਨ॥੨੬॥

**ਪਾਵਹਿ ਜਬਹਿ ਸਜ਼ਾਇ ਕਠੋਰ। ਹੁਇ ਨਿਰਾਸ ਕੁਛ ਚਲਹਿ ਨ ਜ਼ੋਰ।**
**ਸ਼ਰਾ ਮਾਨਿ ਲੇ ਹੈ ਤਤਕਾਲਾ। ਬਧਹਿ ਦੀਨ ਜਗ ਤਬਹਿ ਸੁਖਾਲਾ ॥ ੨੭॥**

ਜਦ ਕਠੋਰ ਸਜ਼ਾ ਪਾਉਣਗੇ ਤਾਂ ਨਿਰਾਸ਼ ਹੋ ਜਾਣਗੇ ਕੁਝ ਜ਼ੋਰ ਨਹੀਂ ਚਲੇਗਾ। ਫਿਰ ਤੁਰਤ ਸ਼ਰ੍ਹਾ ਮੰਨ ਲੈਣਗੇ, ਤਦ ਜਗਤ ਵਿਚ ਆਸਾਨੀ ਨਾਲ ਹੀ ਦੀਨ ਵਧੇਗਾ॥੨੭॥

**ਬਿਨਾ ਤ੍ਰਾਸ ਤੇ ਮਾਨਹਿ ਨਾਂਹੀ। ਸਾਹਸ ਅਧਿਕ ਧਰਜੋ ਉਰ ਮਾਂਹੀ'।**
**ਮਿਹਰਵਾਨਗੀ ਆਪ ਕਰੰਤੇ। ਬਡ ਮਰਾਤਬਾ ਦੇਨ ਕਹੰਤੇ॥ ੨੮॥**

ਡਰ ਤੋਂ ਬਗੈਰ ਇਹ ਮੰਨਣਗੇ ਨਹੀਂ, ਇਨ੍ਹਾਂ ਦਿਲ ਵਿਚ ਬਹੁਤ ਹੌਸਲਾ ਧਾਰਨ ਕੀਤਾ ਹੈ।" ਆਪ ਉਨ੍ਹਾਂ 'ਤੇ ਮਿਹਰਬਾਨੀ ਕਰਦੇ ਹੋ। ਵੱਡਾ ਮਹਾਤਬਾ ਦੇਣ ਨੂੰ ਕਹਿੰਦੇ ਹਨ॥੨੮॥

**ਕੇਤਿਕ ਦਿਨ ਰਾਖਹੁ ਤਕਰਾਈ। ਛਲ ਬਲ ਕਰੇ ਨਿਕਸ ਨਹਿਂ ਜਾਈ'।**
**ਸੁਨਿ ਕੈ ਸ਼ਾਹੁ ਕਹਜੋ ਤਿਨ ਸਾਥ। 'ਠਾਂਢੇ ਰਹਹੁ ਸ਼ਸਤ੍ਰ ਗਹਿ ਹਾਥ॥ ੨੯॥**

ਕੁਝ ਦਿਨ ਤਕੜਾਈ ਰੱਖੋ, ਕਿਤੇ ਛਲ ਵਲ ਕਰਕੇ ਨਿਕਲ ਨਾ ਜਾਣ।" ਇਹ ਸੁਣ ਕੇ ਬਾਦਸ਼ਾਹ ਨੇ ਉਨ੍ਹਾਂ ਨੂੰ ਕਿਹਾ, "ਸ਼ਸਤਰ ਹੱਥ ਵਿਚ ਫੜ ਕੇ ਖੜੇ ਰਹੋ॥੨੯॥

**ਦੇਖਤਿ ਰਹੋ ਨ ਆਲਸ ਕਰੀਅਹਿ। ਕੋ ਢਿਗ ਜਾਇ ਨ, ਸਕਲ ਨਿਵਰੀਅਹਿ।**
**ਖਾਨ ਪਾਨ ਨਹਿਂ ਪਹੁਂਚਨਿ ਦੀਜੈ। ਅਬ ਕੇ ਤ੍ਰਾਸ ਅਧਿਕ ਤਹਿਂ ਕੀਜੈ' ॥੩੦॥**

ਵੇਖਦੇ ਰਹੋ ਤੇ ਆਲਸ ਨਾ ਕਰੋ, ਕੋਈ ਵੀ ਉਨ੍ਹਾਂ ਦੇ ਪਾਸ ਨਾ ਜਾਵੇ, ਸਾਰਿਆਂ ਨੂੰ ਹਟਾ ਦੇਵੋ। ਖਾਣ ਪੀਣ ਪਹੁੰਚਣ ਨਾ ਦੇਵੋ, ਹੁਣ ਪਹਿਲਾਂ ਨਾਲੋਂ ਉਨ੍ਹਾਂ ਨੂੰ ਜ਼ਿਆਦਾ ਡਰ ਉਪਜਾਵੋ" ॥੩੦॥

**ਇਮ ਤੁਰਕੇਸੁਰ ਮੂਰਖ ਮਹਾਂ। ਅਪਨੇ ਚਾਕਰਾਨ ਸਨ ਕਹਾ।**
**ਸੁਨਿ ਕਰਿ ਡਰ ਧਰਿ ਉਰ ਮਹਿਂ ਭਾਰੀ। ਕਰਿ ਸਲਾਮ ਕੋ ਸ਼ਾਹੁ ਅਗਾਰੀ॥੩੧॥**

ਇਸ ਤਰ੍ਹਾਂ ਮਹਾਂ ਮੂਰਖ ਬਾਦਸ਼ਾਹ ਨੇ ਆਪਣੇ ਨੌਕਰਾਂ ਨੂੰ ਕਿਹਾ। ਇਹ ਸੁਣ ਕੇ ਨੌਕਰਾਂ ਨੇ ਮਨ ਵਿਚ ਭਾਰੀ ਡਰ ਮੰਨ ਕੇ, ਬਾਦਸ਼ਾਹ ਦੇ ਅੱਗੇ ਹੋ ਕੇ ਸਲਾਮ ਕੀਤਾ॥੩੧॥

**ਸ੍ਰੀ ਗੁਰ ਕੇ ਢਿਗ ਚਲਿ ਕਰਿ ਆਏ। ਬੈਠੇ ਜਹਾਂ ਅਨੰਦ ਉਪਾਏ।**
**ਇਕ ਰਸ ਹਰਖ ਸੋਗ ਬਿਨ ਸਦਾ। ਬ੍ਰਹਮ ਸਮਾਧਿ ਲਗੀ ਜਦ ਕਦਾ॥ ੩੨॥**

ਤੇ ਸ੍ਰੀ ਗੁਰੂ ਜੀ ਦੇ ਪਾਸ ਚਲ ਕੇ ਆਏ, ਜਿੱਥੇ ਗੁਰੂ ਜੀ ਅਨੰਦ ਸਹਿਤ ਬੈਠੇ ਸਨ। ਉਹ ਖੁਸ਼ੀ ਗ਼ਮੀ ਤੋਂ ਬਗੈਰ ਇਕ ਰਸ ਰਹਿੰਦੇ ਸਨ। ਜਦ ਕਦੀ ਵੀ ਬ੍ਰਹਮ ਸਮਾਧੀ ਲੱਗੀ ਰਹਿੰਦੀ ਸੀ॥੩੨॥

**ਜਮਾਦਾਰ ਦੋਨਹੁ ਕਰ ਜੋਰਿ। ਬਾਰਿ ਬਾਰਿ ਬਰ ਚਰਨ ਨਿਹੋਰਿ।**
**ਬਿਨੈ ਕੀਨਿ ਨਿਜ ਤ੍ਰਾਸ ਬਤਾਯੋ। 'ਹਮ ਕੌ ਅਬਹਿ ਸ਼ਾਹੁ ਬੁਲਵਾਯੋ॥ ੩੩॥**

ਦਰੋਗੇ ਨੇ ਆਪਣੇ ਦੋਵੇਂ ਹੱਥ ਜੋੜੇ ਤੇ ਬਾਰ-ਬਾਰ ਸ੍ਰੇਸ਼ਟ ਗੁਰੂ ਜੀ ਦੇ ਚਰਨਾਂ ਨੂੰ ਵੇਖਿਆ ਤੇ ਫਿਰ ਬੇਨਤੀ ਕਰਕੇ ਉਨ੍ਹਾਂ ਨੂੰ ਆਪਣੇ ਡਰ ਬਾਰੇ ਦੱਸਿਆ "ਸਾਨੂੰ ਹੁਣੇ ਹੀ ਬਾਦਸ਼ਾਹ ਨੇ ਬੁਲਾਇਆ ਸੀ॥੩੩॥

ਕਹੇ ਸੁ ਜਮਨਾ ਜਲ ਮਹਿਂ ਜਾਇ। ਜਾਮ ਜਾਮਨੀ ਰਹੇ ਅਨਾਇ।
ਸੰਗ ਨਹੀ ਨਰ, ਏਕਲ ਫਿਰੈਂ। ਯਾਤੇ ਹਮ ਕੋ ਤਾੜਨ ਕਰੈ॥ ੩੪॥

ਕਹਿੰਦਾ ਸੀ ਸ੍ਰੇਸ਼ਟ ਜਮਨਾ ਦੇ ਜਲ ਵਿਚ ਇਸ਼ਨਾਨ ਕਰਨ ਜਾਂਦੇ ਹਨ, ਜਦ ਇਕ ਪਹਿਰ ਰਾਤ ਰਹਿ ਜਾਂਦੀ ਹੈ। ਕੋਈ ਮਨੁੱਖ ਨਾਲ ਨਹੀਂ ਜਾਂਦਾ ਹੈ, ਇਕੱਲੇ ਹੀ ਫਿਰਦੇ ਹਨ, ਇਸ ਕਰਕੇ ਸਾਨੂੰ ਤਾੜਨਾ ਕੀਤੀ ਹੈ॥੩੪॥

ਹਮ ਤੇ ਦੀਨ ਆਪ ਕੇ ਆਗੇ। ਤੁਰਕੇਸੁਰ ਕੇ ਚਾਕਰ ਲਾਗੇ।
ਰੋਕੇ ਰੁਕਹੁ ਨ ਕਿਸ ਤੇ ਆਪ। ਸਾਚੈ ਕਰਹੁ ਕਹਹੁ ਬਰ ਸ੍ਰਾਪ॥ ੩੫॥

ਅਸੀਂ ਤਾਂ ਆਪ ਜੀ ਦੇ ਅੱਗੇ ਗ਼ਰੀਬ ਆਦਮੀ ਹਾਂ, ਬਾਦਸ਼ਾਹ ਦੀ ਨੌਕਰੀ ਕਰਦੇ ਹਾਂ। ਆਪ ਜੀ ਕਿਸੇ ਪਾਸੋਂ ਵੀ ਰੋਕਣ ਨਾਲ ਰੁੱਕ ਨਹੀਂ ਸਕਦੇ ਹੋ ਤੇ ਜਿਹੜੇ ਵੀ ਵਰ ਸਰਾਪ ਕਹਿੰਦੇ ਹੋ ਸੱਚਾ ਹੁੰਦਾ ਹੈ॥੩੫॥

ਹਮ ਪਰ ਕ੍ਰਿਪਾ ਕਰਹੁ ਨਿਤ ਐਸੇ। ਤੁਰਕੇਸੁਰ ਤੇ ਤ੍ਰਾਸ ਨ ਜੈਸੇ'।
ਤਬ ਸਤਿਗੁਰ ਧੀਰਜ ਧਰਵਾਈ।'ਨਹੀਂ ਤ੍ਰਾਸ ਕੀਜੈ ਚਿਤ ਰਾਈ॥ ੩੬॥

ਸਾਡੇ 'ਤੇ ਸਦਾ ਐਸੀ ਕਿਰਪਾ ਕਰੋ ਜਿਸ ਨਾਲ ਸਾਨੂੰ ਬਾਦਸ਼ਾਹ ਦਾ ਡਰ ਨਾ ਰਹੇ।" ਤਦ ਸਤਿਗੁਰੂ ਜੀ ਨੇ ਧੀਰਜ ਧਰਵਾਇਆ ਤੇ ਕਿਹਾ, "ਚਿੱਤ ਵਿਚ ਰਾਈ ਭਰ ਵੀ ਡਰ ਨਾ ਰੱਖੋ॥੩੬॥

ਪ੍ਰੇਮੀ ਜਾਨਿ ਤੋਹਿ ਕੋ ਕਹਜੋ। ਕਾਰਾਗ੍ਰਹਿ ਆਪੇ ਹਮ ਲਹਜੋ।
ਨਾਹਿਂ ਤ ਚਲੇ ਜਾਤਿ ਕਿਸ ਦੇਸ। ਖੋਜੇ ਪਾਵਤਿ ਨਹੀ ਅਸੇਸ॥ ੩੭॥

ਪ੍ਰੇਮੀ ਜਾਣ ਕੇ ਤੁਹਾਨੂੰ ਕਿਹਾ ਹੈ, ਜੇਲ੍ਹ ਵਿਚ ਅਸੀਂ ਆਪਣੀ ਮਰਜ਼ੀ ਨਾਲ ਆਏ ਹਾਂ, ਨਹੀਂ ਤਾਂ ਕਿਸੇ ਹੋਰ ਦੇਸ਼ ਵਿਚ ਚਲੇ ਜਾਂਦੇ ਤੇ ਸਾਰੇ ਖੋਜਣ ਨਾਲ ਲੱਭ ਨਾ ਸਕਦੇ॥੩੭॥

ਅਪਨ ਚਾਕਰੀ ਮਹਿਂ ਸਵਧਾਨ। ਰਹੁ ਠਾਂਢੇ ਹੁਇ ਆਯੁਧ ਪਾਨ।
ਜਾਨੋ ਹੁਤੇ, ਨ ਬੰਧੇ ਜਾਤਿ। ਇਮ ਬਿਚਾਰ ਨਹਿਂ ਕੀਜੇ ਭ੍ਰਾਂਤਿ॥ ੩੮॥

ਤੁਸੀਂ ਆਪਣੀ ਨੌਕਰੀ ਵਿਚ ਸਾਵਧਾਨ ਰਹੋ ਤੇ ਸ਼ਸਤਰ ਧਾਰ ਕੇ ਖੜੇ ਰਹੋ। ਜੇ ਅਸੀਂ ਜਾਣਾ ਹੁੰਦਾ ਤਾਂ ਕੈਦ ਵਿਚ ਬੰਨ੍ਹੇ ਨਾ ਜਾਂਦੇ, ਇਸ ਤਰ੍ਹਾਂ ਵਿਚਾਰ ਕੇ ਡਰੋ ਨਹੀਂ॥੩੮॥

ਭੇਤ ਹਮਾਰੋ ਕਹਹੁ ਨ ਕਾਹੂੰ। ਰਹੋ ਸੁਚੇਤ ਬੈਠ ਕਰਿ ਪਾਹੂੰ'।
ਇਮ ਸੁਨਿ ਜਮਾਦਾਰ ਹਰਖਾਯੋ। ਗੁਰ ਦਿਸ਼ਿ ਤੇ ਸਭਿ ਤ੍ਰਾਸ ਗਵਾਯੋ॥ ੩੯॥

ਸਾਡਾ ਭੇਦ ਕਿਸੇ ਪਾਸ ਨਾ ਕਹੋ ਤੇ ਮੇਰੇ ਪਾਸ ਬੈਠ ਕੇ ਸੁਚੇਤ ਰਹੋ।" ਇਸ ਤਰ੍ਹਾਂ ਸੁਣ ਕੇ ਦਰੋਗਾ ਬਹੁਤ ਪ੍ਰਸੰਨ ਹੋਇਆ ਤੇ ਗੁਰੂ ਜੀ ਵਾਲੇ ਪਾਸੇ ਤੋਂ ਸਾਰਾ ਡਰ ਗਵਾ ਲਿਆ॥੩੯॥

ਕੋਸ਼ਠ ਅੰਤਰ ਰਹਹਿਂ ਉਦਾਰ। ਕਰਹਿਂ ਅਸੰਜਤਿ ਵਹਿਰ ਕਿਵਾਰ।
ਤਾਰਾ ਮਾਰਿ ਕਰਹਿਂ ਤਕਸਾਈ। ਖਰੋ ਸਿਪਾਹੀ ਰਹੈ ਸਦਾਈ॥ ੪੦॥

ਗੁਰੂ ਜੀ ਕੋਠੜੀ ਦੇ ਅੰਦਰ ਰਹਿੰਦੇ ਸਨ, ਬਾਹਰ ਦਰਵਾਜ਼ੇ ਬੰਦ ਕਰ ਲੈਂਦੇ ਸਨ। ਤਾਲਾ ਮਾਰ ਕੇ ਤਕੜਾਈ ਕਰਦੇ ਸਨ ਤੇ ਸਦਾ ਇਕ ਸਿਪਾਹੀ ਬਾਹਰ ਖੜ੍ਹਾ ਰਹਿੰਦਾ ਸੀ॥੪੦॥

*ਬਾਰ੍ਹਵੀਂ ਰਾਸ ਦਾ ਤਰਵੰਞਵਾਂ ਅਧਿਆਇ ਸਮਾਪਤ ਹੋਇਆ॥੫੩॥*

# ਅਧਿਆਇ ਚਰਵੰਞਵਾਂ

### ਭਾਈ ਮਤੀ ਦਾਸ ਦਾ ਚੀਰਿਆ ਜਾਣਾ

ਦੋਹਰਾ- ਸਿਖ ਕੋਟਨ ਕੀ ਕੈਦ ਕੋ ਇਕ ਬਚ ਕਰੇ ਖਲਾਸ।
ਸੋ ਤੁਰਕੇਸ਼ਰ ਕੈਦ ਮਹਿਂ! ਪਰਖਹੁ ਗੁਰੂ ਬਿਲਾਸ॥ ੧॥

ਜਿਨ੍ਹਾਂ ਦਾ ਇਕ ਬਚਨ ਕਰੋੜਾਂ ਸਿੱਖਾਂ ਨੂੰ ਕੈਦ ਵਿਚੋਂ ਛੁਡਾ ਦੇਵੇ, ਉਹ ਗੁਰੂ ਜੀ ਤੁਰਕ ਬਾਦਸ਼ਾਹ ਦੀ ਕੈਦ ਵਿਚ ਪਏ ਹਨ, ਉਸ ਗੁਰੂ ਜੀ ਦਾ ਕੈਦ ਵਿਚ ਆਉਣਾ ਇਹ ਗੁਰਾਂ ਦਾ ਕੌਤਕ ਪਛਾਣੋ॥੧॥

ਚੌਪਈ- ਮੂਢ ਨੁਰੰਗੇ ਇਕ ਦਿਨ ਮਾਂਹੀ। ਗੁਰ ਬ੍ਰਿਤੰਤ ਚਿਤਵਯੋ, ਮਤਿ ਨਾਂਹੀ।
'ਆਇ ਸ਼ਰਾ ਮਹਿਂ ਅਬਹਿ ਸੁਖਾਲਾ। ਅਜ਼ਮਤ ਕਿਧੋਂ ਦਿਖਾਇ ਬਿਸਾਲਾ ॥੨॥

ਜਿਸ ਮੂਰਖ ਨੌਰੰਗੇ ਨੂੰ ਅਕਲ ਨਹੀਂ ਉਸ ਨੇ ਇਕ ਦਿਨ ਗੁਰੂ ਜੀ ਦਾ ਬ੍ਰਿਤਾਂਤ ਚਿਤਵਿਆ, "ਹੁਣ ਆਸਾਨੀ ਨਾਲ ਹੀ ਸ਼ਰ੍ਹਾ ਵਿਚ ਆ ਜਾਣਗੇ, ਜਾਂ ਵੱਡੀ ਕਰਾਮਾਤ ਕਰਕੇ ਵਿਖਾਉਣਗੇ" ॥੨॥

ਇਕ ਮੁੱਲਾਂ ਕਹੁ ਨਿਕਟ ਹਕਾਰਾ। ਨਿਜ ਆਸ਼ੈ ਤਿਸ ਪਾਸ ਉਚਾਰਾ।
'ਹਿੰਦੁਨਿ ਕੋ ਗੁਰ ਕੈਦ ਮਝਾਰੀ। ਸਮਝਾਵਹੁ ਇਮ ਕਰਹੁ ਉਚਾਰੀ॥੩॥

ਇਕ ਮੁਲਾਣੇ ਨੂੰ ਆਪਣੇ ਪਾਸ ਬੁਲਾਇਆ ਤੇ ਆਪਣੇ ਆਸ਼ੇ ਨੂੰ ਉਸ ਦੇ ਪਾਸ ਉਚਾਰਨ ਕੀਤਾ। "ਹਿੰਦੂਆਂ ਦਾ ਗੁਰੂ ਮੇਰੀ ਕੈਦ ਵਿਚ ਹੈ, ਉਸ ਨੂੰ ਇਸ ਤਰ੍ਹਾਂ ਉਚਾਰਨ ਕਰਕੇ ਸਮਝਾਵੋ॥੩॥

ਕਰਾਮਾਤ ਅਪਨੀ ਦਿਖਰਾਵਉ। ਨਾਂਹਿ ਤ ਸ਼ਰਾ ਬਿਖੈ ਤੁਮ ਆਵਉ'।
ਸੁਨਤ ਸ਼ਾਹਿ ਤੇ ਆਸ਼ੈ ਉਰਕਾ। ਨਹੀਂ ਮਹਾਤਮ ਜਾਨਹਿ ਗੁਰਕਾ॥੪॥

ਆਪਣੀ ਕਰਾਮਾਤ ਵਿਖਾਓ, ਨਹੀਂ ਤਾਂ ਮੁਸਲਿਮ ਸ਼ਰ੍ਹਾ ਵਿਚ ਆ ਜਾਵੋ।" ਮੁਲਾਣੇ ਨੇ ਬਾਦਸ਼ਾਹ ਦੇ ਦਿਲ ਦਾ ਆਸ਼ਾ ਸੁਣਿਆ, ਉਹ ਗੁਰੂ ਜੀ ਦੇ ਮਹਾਤਮ ਨੂੰ ਨਹੀਂ ਸੀ ਜਾਣਦਾ॥੪॥

ਜਿਸ ਥਲ ਹੁਤੇ ਸੁ ਆਇ ਮੁਲਾਨਾ। ਕਹਯੋ ਸ਼ਾਹੁ ਕੋ ਸਕਲ ਬਖਾਨਾ।
'ਹਜ਼ਰਤ ਨੇ ਭੇਜਯੋ ਤੁਮ ਤੀਰ। ਭਨਯੋ ਜਿ ਅਹੋ ਹਿੰਦ ਕੇ ਪੀਰ॥੫॥

ਜਿਸ ਥਾਂ ਗੁਰੂ ਜੀ ਕੈਦ ਵਿਚ ਬੰਦ ਸਨ, ਉਸ ਥਾਂ ਮੁਲਾਣਾ ਆਇਆ ਤੇ ਬਾਦਸ਼ਾਹ ਦੀ ਕਹੀ ਹੋਈ ਗੱਲ, ਉਸ ਸਾਰੀ ਕਹੀ। "ਬਾਦਸ਼ਾਹ ਨੇ ਤੁਹਾਡੇ ਪਾਸ ਭੇਜਿਆ ਹੈ ਤੇ ਕਿਹਾ ਹੈ ਜੋ ਆਪ ਹਿੰਦੂਆਂ ਦੇ ਗੁਰੂ ਹੋ॥੫॥

ਲਾਖਹੁਂ ਸਿਖ ਕਹਾਇਂ ਤੁਮਾਰੇ। ਸਭਿ ਮਾਨਹਿਂ ਕਰਿ ਭਾਉ ਉਦਾਰੇ।
ਧਨ ਆਦਿਕ ਵਸਤੂ ਅਰਪੰਤੇ। ਬੈਠਹੁ ਤੁਮ ਬਨ ਗੁਰੂ ਮਹੰਤੇ॥ ੬॥

ਲੱਖਾਂ ਤੁਹਾਡੇ ਸਿੱਖ ਕਹਾਉਂਦੇ ਹਨ, ਸਾਰੇ ਬਹੁਤ ਪ੍ਰੇਮ ਕਰਕੇ ਤੁਹਾਨੂੰ ਮੰਨਦੇ ਹਨ। ਧਨ ਆਦਿ ਵਸਤਾਂ ਅਰਪਣ ਕਰਦੇ ਹਨ ਤੇ ਤੁਸੀਂ ਗੁਰੂ ਮਹੰਤ ਬਣ ਕੇ ਬੈਠ ਜਾਂਦੇ ਹੋ॥੬॥

ਅਜ਼ਮਤ ਧਰਿ ਕਰਿ ਗੁਰੂ ਕਹਾਵਹੁ। ਸੋ ਹਜ਼ਰਤ ਕੋ ਤੁਮ ਦਿਖਰਾਵਹੁ।
ਜਿਮ ਭਾਖਹਿ ਤਿਮ ਕੀਜਹਿ ਆਪੂ। ਲਖਹਿ ਤੁਹਾਰੋ ਬਡ ਪਰਤਾਪੂ॥੭॥

ਕਰਾਮਾਤ ਧਾਰਨ ਕਰਕੇ ਗੁਰੂ ਜੀ ਅਖਵਾਉਂਦੇ ਹੋ, ਉਹ ਕਰਾਮਾਤ ਤੁਸੀਂ ਬਾਦਸ਼ਾਹ ਨੂੰ ਵਿਖਾਓ। ਜਿਵੇਂ ਉਹ ਕਹੇ ਉਸ ਤਰ੍ਹਾਂ ਆਪ ਕਰੋ ਤਾਂਕਿ ਉਹ ਤੁਹਾਡੇ ਵੱਡੇ ਪ੍ਰਤਾਪ ਨੂੰ ਸਮਝ ਲਵੇ॥੭॥

ਤਬ ਸ੍ਰੀ ਗੁਰ ਨਾਨਕ ਕੇ ਰੂਪ। ਤੁਮ ਕੌ ਜਾਨਹਿ ਵਲੀ ਅਨੂਪ।
ਮਾਨਹਿ ਸ਼ਾਹੁ ਦਰਬ ਕੋ ਦੈ ਹੈ। ਸਭਿ ਤੇ ਬਡ ਸਨਮਾਨ ਬਧੈ ਹੈ॥ ੮॥

ਤਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ, ਤੁਹਾਨੂੰ ਫਿਰ ਅਨੂਪਮ ਵਲੀ ਜਾਣਨਗੇ। ਬਾਦਸ਼ਾਹ ਮੰਨੇਗਾ ਤੇ ਤੁਹਾਨੂੰ ਬਹੁਤ ਧਨ ਦੇਵੇਗਾ। ਸਭ ਤੋਂ ਵੱਡਾ ਤੁਹਾਡਾ ਸਨਮਾਨ ਵਧੇਗਾ॥੮॥

ਰਾਮਰਾਇ ਜਿਮ ਰਸ ਹੈ ਰਾਖਾ। ਕਰਤਿ ਸੁ ਰਹਤੋ ਸ਼ਾਹੁ ਜਿਮ ਭਾਖਾ।
ਪਾਤਿਸ਼ਾਹਿ ਸੋਂ ਤਿਸ ਬਨਿ ਆਈ। ਸਰਬ ਰੀਤ ਕੀ ਲਹੀ ਬਡਾਈ॥ ੯॥

ਸ੍ਰੀ ਰਾਮਰਾਇ ਨੇ ਜਿਵੇਂ ਰਸ ਰੱਖਿਆ ਹੈ, ਉਹ ਉਸ ਤਰ੍ਹਾਂ ਕਰਦਾ ਰਿਹਾ ਹੈ, ਜਿਵੇਂ ਬਾਦਸ਼ਾਹ ਕਹਿੰਦਾ ਸੀ। ਬਾਦਸ਼ਾਹ ਨਾਲ ਉਸਦੀ ਬਹੁਤ ਬਣੀ ਹੋਈ ਸੀ, ਉਸ ਨੇ ਸਭ ਰੀਤੀਆਂ ਨਾਲ ਬਹੁਤ ਵਡਿਆਈ ਲਈ॥੯॥

ਤਥਾ ਤੁਮਾਰੋ ਆਦਰ ਹੋਇ। ਮਾਨਹਿ ਸ਼ਾਹੁ ਨਿਮਹਿ ਸਭਿ ਕੋਇ।
ਜੇ ਅਚਮਤ ਕਹੁ ਧਾਰਤਿ ਨਾਂਹੀ। ਆਵਹੁ ਆਪ ਸ਼ਰਾ ਕੇ ਮਾਂਹੀ॥ ੧੦॥

ਉਸ ਤਰ੍ਹਾਂ ਤੁਹਾਡਾ ਆਦਰ ਹੋਵੇਗਾ, ਜਦ ਬਾਦਸ਼ਾਹ ਤੁਹਾਨੂੰ ਮੰਨੇਗਾ ਤਾਂ ਸਾਰੇ ਤੁਹਾਡੇ ਅੱਗੇ ਝੁਕਣਗੇ। ਜੇ ਤੁਸੀਂ ਕਰਾਮਾਤ ਧਾਰਨ ਨਹੀਂ ਕਰਦੇ ਹੋ ਤਾਂ ਫਿਰ ਆਪ ਸ਼ਰ੍ਹਾ ਵਿਚ ਆ ਜਾਵੋ॥੧੦॥

ਦਰਬ ਗ੍ਰਾਮ ਤੇ ਆਦਿ ਪਦਾਰਥ। ਕਹਿ ਕਰਿ ਪੂਰਵਹੁ ਅਪਨੋ ਸ੍ਵਾਰਥ।
ਸਭਿਨਿ ਸਿੰਗ ਹੋਵਹੁ ਇਕ ਰੰਗ। ਦੇ ਮਰਾਤਬਾ ਤੁਮਹਿ ਉਤੰਗ॥ ੧੧॥

ਧਨ, ਪਿੰਡ ਤੇ ਹੋਰ ਪਦਾਰਥ ਕਹਿ ਕੇ ਆਪਣਾ ਸਵਾਰਥ ਪੂਰਾ ਕਰੋ ਤੇ ਸਾਰਿਆਂ ਨਾਲ ਇਕ ਰੰਗ ਹੋ ਕੇ ਮਿਲ ਜਾਓ। ਬਾਦਸ਼ਾਹ ਫਿਰ ਤੁਹਾਨੂੰ ਬਹੁਤ ਉੱਚੀ ਪਦਵੀ ਦੇਵੇਗਾ॥੧੧॥

ਦੋਨਹੁਂ ਮੈਂ ਇਕ ਲੀਜਹਿ ਮਾਨ। ਮੁਸ਼ਕਲ਼ ਸਕਲੀ ਬਨਹਿ ਅਸਾਨ।
ਮਾਲਿਕ ਮੁਲਖਨ ਬਲੀ ਬਿਲੰਦ। ਕਹੈ ਸੁ ਮਾਨਹੁ ਰਹਹੁ ਅਨੰਦ' ॥ ੧੨॥

ਦੋਵਾਂ ਵਿਚੋਂ ਇਕ ਨੂੰ ਮੰਨ ਲਵੋ ਤਾਂ ਤੁਹਾਡੀ ਸਾਰੀ ਮੁਸ਼ਕਲ ਆਸਾਨ ਹੋ ਜਾਵੇਗੀ। ਬਾਦਸ਼ਾਹ ਬਹੁਤ ਮੁਲਕਾਂ ਦਾ ਮਾਲਕ ਤੇ ਮਹਾਨ ਬਲਵਾਨ ਹੈ, ਉਨ੍ਹਾਂ ਦੇ ਕਹੇ ਨੂੰ ਮੰਨੋ ਤੇ ਅਨੰਦ ਨਾਲ ਰਹੋ" ॥੧੨॥

ਸੁਨਤਿ ਮੁਲਾਨੇ ਤੇ ਬਚ ਅਸੇ। ਸ੍ਰੀ ਗੁਰ ਤੇਗ ਬਹਾਦਰ ਹਸੇ।
'ਤੁਮਹਿ ਸਲਤਨਤ ਦਈ ਖ਼ੁਦਾਇ। ਖ਼ਲਕ ਅਦਲ ਹਿਤ ਤਖਤ ਬਿਠਾਇ॥੧੩॥

ਮੁਲਾਣੇ ਪਾਸੋਂ ਅਜਿਹੇ ਬਚਨ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਹੱਸ ਪਏ, "ਤੁਹਾਨੂੰ ਖੁਦਾ ਨੇ ਬਾਦਸ਼ਾਹੀ ਦਿੱਤੀ ਹੈ, ਪਰਜਾ ਨੂੰ ਇਨਸਾਫ ਦੇਣ ਵਾਸਤੇ ਤੁਹਾਨੂੰ ਤਖ਼ਤ ਤੇ ਬੈਠਾਇਆ ਹੈ॥੧੩॥

ਜੌ ਤੁਮ ਕਰਿ ਹਹੁ ਖਲਕਤ ਅਦਲ। ਪਾਵਹੁਗੇ ਖ਼ੁਦਾਇ ਤੇ ਫਜ਼ਲ।
ਹੋਇ ਬਿਅਦਲੀ ਤੌ ਪਛੁਤਾਵਹੁ। ਸਰਬ ਰਾਜ ਐਸ਼੍ਵਰਜ ਗਵਾਵਹੁ' ॥ ੧੪॥

ਜੇ ਤੁਸੀਂ ਪਰਜਾ ਦਾ ਇਨਸਾਫ ਕਰੋਗੇ ਤਾਂ ਇਸ ਦੇ ਇਵਜ਼ ਵਿਚ ਖ਼ੁਦਾ ਪਾਸੋਂ ਮਿਹਰ ਪਾਵੋਗੇ। ਪਰ ਜੇ ਬੇਇਨਸਾਫੀ ਕਰੋਗੇ ਤਾਂ ਪਛੁਤਾਵੋਗੇ ਤੇ ਸਭ ਰਾਜ ਅਤੇ ਧਨ ਦੌਲਤ ਗਵਾ ਲਵੋਗੇ" ॥੧੪॥

'ਕਰਾਮਾਤ ਕੋ ਨਾਮ ਕਹਿਰ ਹੈ। ਕਰਹਿਂ ਨ ਸੰਤ, ਸਮਾਨ ਸਿਹਰ ਹੈ।
ਕਰਿ ਅਜ਼ਮਤ ਦਿਖਰਾਇਂ ਉਦਾਰਾ। ਗੁਨਹਗਾਰ ਦਰਗਾਹ ਮਝਾਰਾ॥ ੧੫॥

"ਕਰਾਮਾਤ ਕਹਿਰ ਦਾ ਨਾਮ ਹੈ, ਸੰਤ ਲੋਕ ਨਹੀਂ ਕਰਦੇ ਹਨ, ਜਾਦੂ ਦੇ ਬਰਾਬਰ ਜਾਣਦੇ ਹਨ। ਜਿਹੜੀ ਵੱਡੀ ਕਰਾਮਾਤ ਕਰਕੇ ਵਿਖਾਉਂਦੇ ਹਨ; ਉਹ ਅਗਲੀ ਦਰਗਾਹ ਵਿਚ ਵੱਡੇ ਗੁਨਾਹਗਾਰ ਪਾਏ ਜਾਂਦੇ ਹਨ॥੧੫॥

ਨਿਜ ਨਿਜ ਧਰਮ ਸਭਿਨਿ ਕਹੁ ਪਜਾਰੇ। ਜੋ ਜਿਸ ਧਾਰਤਿ ਸੋ ਤਿਸ ਤਾਰੇ।
ਹਮ ਤੌ ਦੋਨਹੁਂ ਬਾਤ ਨ ਮਾਨਹਿਂ। ਕਰਹਿ ਸ਼ਾਹੁ ਜੈਸੇ ਮਨ ਜਾਨਹਿਂ॥ ੧੬॥

ਆਪਣਾ-ਆਪਣਾ ਧਰਮ ਸਭ ਨੂੰ ਪਿਆਰਾ ਹੈ, ਜਿਹੜਾ ਵੀ ਕੋਈ ਧਰਮ ਧਾਰਨ ਕਰਦਾ ਹੈ, ਉਹੀ ਧਰਮ ਉਸ ਨੂੰ ਤਾਰਦਾ ਹੈ। ਅਸੀਂ ਤਾਂ ਇਹ ਦੋਵੇਂ ਗੱਲਾਂ ਨਹੀਂ ਮੰਨਾਂਗੇ, ਬਾਦਸ਼ਾਹ ਜਿਵੇਂ ਮਨ ਵਿਚ ਠੀਕ ਜਾਣਦਾ ਹੈ, ਉਸ ਤਰ੍ਹਾਂ ਹੀ ਕਰ ਲਵੇ"॥੧੬॥

ਨਿੰਮ੍ਰ ਭੂਤ ਜਬ ਕੀਨਿ ਬਖਾਨ। ਮਤੀਦਾਸ ਨਿਜ ਗੁਰੂ ਦਿਵਾਨ।
ਚਿਰੰਕਾਲ ਕੋ ਗੁਰ ਢਿਗ ਰਹੈ। ਸੁਨਿ ਅਸ ਬਾਕ ਨ ਮਨ ਮਹਿਂ ਸਹੈ॥ ੧੭॥

ਜਦ ਗੁਰੂ ਜੀ ਨੇ ਬੜੀ ਨਿੰਮਰਤਾ ਨਾਲ ਗੱਲ ਕੀਤੀ ਤਾਂ ਮਤੀਦਾਸ ਗੁਰੂ ਜੀ ਦੇ ਨਿਜੀ ਦਿਵਾਨ, ਜਿਹੜਾ ਕਾਫੀ ਲੰਬੇ ਸਮੇਂ ਤੋਂ ਗੁਰੂ ਜੀ ਨਾਲ ਰਹਿ ਰਿਹਾ ਸੀ, ਉਸ ਨੇ ਅਜਿਹੀ ਨਿੰਮਰਤਾ ਵਾਲੀ ਗੱਲ ਸੁਣ ਕੇ ਮਨ ਵਿਚ ਬਰਦਾਸ਼ਤ ਨਾ ਕੀਤੀ॥੧੭॥

ਤਪ ਕੋ ਬਲ ਗੁਰ ਸੇਵਾ ਠਾਨੀ। ਨਹੀਂ ਸਮਾਵਹਿ ਸ਼ਕਤਿ ਮਹਾਨੀ।
ਸ੍ਰੀ ਸਤਿਗੁਰੂ ਅਰੁ ਮੁੱਲਾਂ ਸੁਨਤਿ। ਮਤੀਦਾਸ ਰਿਸ ਕੋ ਧਰਿ ਭਨਤਿ॥ ੧੮॥

ਗੁਰੂ ਜੀ ਦੀ ਸੇਵਾ ਕਰਨ ਦੇ ਤਪ ਨਾਲ ਉਸ ਵਿਚ ਬੜੀ ਸ਼ਕਤੀ ਆ ਗਈ ਸੀ, ਉਹ ਮਹਾਨ ਸ਼ਕਤੀ ਉਸ ਵਿਚ ਸਮਾਉਂਦੀ ਨਹੀਂ ਸੀ। ਸ੍ਰੀ ਸਤਿਗੁਰੂ ਅਤੇ ਮੁਲਾਣੇ ਦੇ ਸੁਣਦਿਆਂ, ਭਾਈ ਮਤੀਦਾਸ ਬਹੁਤ ਗੁੱਸਾ ਧਾਰ ਕੇ ਬੋਲਿਆ॥੧੮॥

'ਨਿਰਬਲ ਸਮ ਬੋਲਹੁ ਤੁਮ ਕੈਸੇ। ਨਹੀਂ ਭਾਵਤੇ ਮੁਝ ਬਚ ਐਸੇ।
ਸਭਿ ਗੁਰੂਅਨ ਕੀ ਜੋਤਿ ਉਦਾਰਾ। ਕਰਤਿ ਪ੍ਰਕਾਸ਼ਨ ਆਪ ਮਝਾਰਾ॥ ੧੯॥

"ਹੇ ਗੁਰੂ ਜੀ! ਤੁਸੀਂ ਇਕ ਸ਼ਕਤੀਹੀਣ ਵਾਂਗ ਕਿਵੇਂ ਬੋਲਦੇ ਹੋ, ਮੈਨੂੰ ਅਜਿਹੇ ਬਚਨ ਚੰਗੇ ਨਹੀਂ ਲੱਗਦੇ। ਸਾਰੇ ਗੁਰੂ ਸਾਹਿਬਾਨ ਦੀ ਉੱਤਮ ਜੋਤ ਆਪ ਵਿਚ ਪ੍ਰਕਾਸ਼ ਕਰ ਰਹੀ ਹੈ॥੧੯॥

ਤੁਰਕਨ ਕੀ ਨਿਸ਼ਠੁਰਤਾ ਖੋਟੀ। ਅਪਨਿ ਸ਼ਕਤਿ ਤੇ ਕਰਹੁ ਨ ਹੋਟੀ।
ਪਰੇ ਕੈਦ ਮਹਿਂ ਕਸ਼ਟ ਸਹਾਰਹੁ। ਅਪਨੋ ਪ੍ਰਾਕ੍ਰਮ ਨਹੀਂ ਸੰਭਾਰਹੁ॥ ੨੦॥

ਤੁਰਕਾਂ ਦੀ ਕਠੋਰਤਾਈ ਖੋਟੀ ਹੈ, ਆਪਣੀ ਸ਼ਕਤੀ ਨੂੰ ਹਟਾਓ ਨਹੀਂ। ਕੈਦ ਵਿਚ ਪਏ ਹੋਏ ਕਸ਼ਟ ਸਹਾਰਦੇ ਹੋ ਤੇ ਆਪਣੀ ਸ਼ਕਤੀ ਨੂੰ ਨਹੀਂ ਸੰਭਾਲਦੇ ਹੋ॥੨੦॥

ਆਠਹੁਂ ਗੁਰ ਕੋ ਸੁਜਸੁ ਬਡੇਰਾ। ਲਘੁ ਕਜੋਂ ਕਰਤਿ ਆਪ ਇਸ ਬੇਰਾ।
ਅਪਰ ਨਰਨ ਸਮ ਹ੍ਵੈ ਤੁਮ ਬੈਸੇ। ਲਖਹਿਂ ਅਬਲ ਅਪਜਸ ਜਗ ਤੈਸੇ॥ ੨੧॥

ਅੱਠਾਂ ਗੁਰੂ ਸਾਹਿਬਾਨ ਦਾ ਵੱਡਾ ਸ੍ਰੇਸ਼ਟ ਜੱਸ ਹੈ, ਇਸ ਸਮੇਂ ਆਪ ਨੇ ਇਸ ਨੂੰ ਛੋਟਾ ਕਿਉਂ ਕਰ ਦਿੱਤਾ ਹੈ। ਤੁਸੀਂ ਹੋਰ ਮਨੁੱਖਾਂ ਵਾਂਗ ਬਣ ਕੇ ਬੈਠ ਗਏ ਹੋ। ਨਿਰਬਲ ਸਮਝਣਗੇ ਤੇ ਜਗ ਵਿਚ ਵੈਸੀ ਬਦਨਾਮੀ ਹੋਵੇਗੀ॥੨੧॥

ਤੁਰਕੇਸ਼ੁਰ ਸੰਤਨ ਕੋ ਦੋਖੀ। ਇਸ ਕੋ ਮਿਲਜੋ ਨ ਕੋ ਜਨ ਰੋਖੀ।
ਜੇ ਅਬ ਰਾਵਰਿ ਆਗਜਾ ਪਾਵੌਂ। ਐਸੀ ਕਰਾਮਾਤ ਦਿਖਰਾਵੌਂ॥ ੨੨॥

ਬਾਦਸ਼ਾਹ ਸੰਤਾਂ ਦਾ ਦੋਖੀ ਹੈ, ਇਸ ਨੂੰ ਕੋਈ ਮੂੰਹ ਭੰਨਣ ਵਾਲਾ ਵਿਅਕਤੀ ਨਹੀਂ ਮਿਲਿਆ ਹੈ। ਜੇ ਹੁਣ ਆਪ ਜੀ ਦੀ ਆਗਿਆ ਪਾਵਾਂ ਤਾਂ ਐਸੀ ਕਰਾਮਾਤ ਵਿਖਾਵਾਂਗਾ॥੨੨॥

ਜਿਤਿਕ ਮੁਹੰਮਦ ਉੱਮਤ ਸਾਰੀ। ਸਭਿ ਕੇ ਸਿਰ ਫੂਟਹਿਂ ਇਕ ਬਾਰੀ।
ਮਾਂਗਹਿਂ ਕਹਿਰ, ਕਹਿਰ ਦਿਖਰਾਊਂ। ਨਾਸ਼ ਕਰੌਂ ਇਨ ਸਫਾ ਉਠਾਊਂ॥੨੩॥

ਜਿੰਨੇ ਵੀ ਮੁਹੰਮਦ ਦੇ ਪੈਰੋਕਾਰ ਹਨ ਸਾਰਿਆਂ ਦੇ ਇਕੋ ਵਾਰ ਸਿਰ ਭੰਨ ਦੇਵਾਂਗਾ। ਇਹ ਕਹਿਰ ਮੰਗਦੇ ਹਨ, ਕਹਿਰ ਵਿਖਾਵਾਂਗਾ ਇਨ੍ਹਾਂ ਨੂੰ ਨਾਸ਼ ਕਰਕੇ, ਇਨ੍ਹਾਂ ਦੀਆਂ ਸਫ਼ਾਂ ਹੀ ਚੁੱਕ ਦੇਵਾਂਗਾ॥੨੩॥

ਰਾਊ ਰੰਕ ਹੁਇ ਦੁਸ਼ਟ ਨ ਫੇਰਾ। ਚਿਤਵਹਿ ਬੁਰਾ ਨ ਸੰਤਨ ਕੇਰਾ।
ਜੇ ਸਭਿ ਕੀ ਆਗਯਾ ਦਿਹੁ ਨਾਂਹੀ। ਬਿੰਦ ਜਮਨ ਰਾਖਨਿ ਚਿਤ ਚਾਹੀ॥੨੪॥

ਰਾਜਾ-ਪਰਜਾ ਫਿਰ ਦੁਸ਼ਟ ਨਹੀਂ ਹੋਣਗੇ ਤੇ ਉਹ ਫਿਰ ਸੰਤਾਂ ਦਾ ਬੁਰਾ ਨਹੀਂ ਸੋਚਣਗੇ। ਜੇ ਸਾਰਿਆਂ ਨੂੰ ਮਾਰਨ ਦੀ ਆਗਿਆ ਨਹੀਂ ਦਿੰਦੇ ਹੋ, ਚਿੱਤ ਵਿਚ ਸਾਰੇ ਤੁਰਕਾਂ ਨੂੰ ਰੱਖਣਾ ਚਾਹੁੰਦੇ ਹੋ॥੨੪॥

ਪੁਰਖਾਧਮ ਸੰਤਨ ਦੁਖਦਾਈ। ਰਾਜ ਸਹਿਤ ਇਸ ਦਯੋਂ ਬਿਨਸਾਈ'।
ਮਤੀ ਦਾਸ ਕੀ ਸੁਨਿ ਅਸ ਬਾਨੀ। ਰਿਦੈ ਬਿਚਾਰ ਕੀਨਿ ਗੁਨਖਾਨੀ॥੨੫॥

ਤਾਂ ਨੀਚ ਪੁਰਖ ਜਿਹੜੇ ਸੰਤਾਂ ਨੂੰ ਦੁਖ ਦਿੰਦੇ ਹਨ, ਰਾਜ ਸਹਿਤ ਉਨ੍ਹਾਂ ਦਾ ਨਾਸ਼ ਕਰ ਦੇਵਾਂ।" ਮਤੀਦਾਸ ਦੀ ਅਜਿਹੀ ਗੱਲ ਸੁਣ ਕੇ, ਗੁਰੂ ਜੀ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ॥੨੫॥

'ਸ਼ਕਤਿ ਧਰਹਿ ਉਰ ਜਰੀ ਨ ਜਾਇ। ਹਮਰੋ ਆਸ਼ੈ ਨਹੀਂ ਲਖਾਇ।
ਬ੍ਰਹਮ ਗਯਾਨ ਮਹਿਂ ਅਬ ਲਗਿ ਕਾਚਾ। ਲਖਯੋ ਨ ਸਭਿ ਜਗ ਏਕੋ ਸਾਚਾ॥੨੬॥

ਇਸ ਨੇ ਜਿਹੜੀ ਹਿਰਦੇ ਵਿਚ ਸ਼ਕਤੀ ਧਾਰਨ ਕੀਤੀ ਹੈ, ਉਹ ਇਸ ਪਾਸੋਂ ਜਰੀ ਨਹੀਂ ਜਾਂਦੀ ਹੈ, ਇਹ ਸਾਡੇ ਆਸ਼ੇ ਨੂੰ ਨਹੀਂ ਸਮਝਦਾ ਹੈ। ਬ੍ਰਹਮ ਗਿਆਨ ਵਿਚ ਇਹ ਹੁਣ ਤਕ ਕੱਚਾ ਹੈ, ਇਹ ਹਾਲੇ ਤਕ ਸਮਝਿਆ ਨਹੀਂ ਕਿ ਸਾਰੇ ਜਗਤ ਦਾ ਇਕੋ ਅਕਾਲ ਪੁਰਖ ਸੱਚਾ ਮਾਲਕ ਹੈ॥੨੬॥

ਕੋ ਮਾਰਤਿ ਮਰਤਾ ਹੈ ਕੌਨ। ਬ੍ਰਹਮ ਰੂਪ ਅਦ੍ਵੈ ਸਭਿ ਭੌਨ।
ਬਿਨ ਇਮ ਜਾਨੇ ਚਾਹਤਿ ਕਰਯੋ। ਸੇਵਾ ਤਪ ਤੇਜਹਿਂ ਬਡ ਧਰਯੋ॥੨੭॥

ਕਿਸ ਨੂੰ ਮਾਰੀਏ, ਕੌਣ ਮਰਦਾ ਹੈ, ਸਾਰੇ ਦਿਲਾਂ ਵਿਚ ਇਕੋ ਬ੍ਰਹਮ ਵਿਆਪਕ ਹੈ। ਇਸ ਤਰ੍ਹਾਂ ਜਾਣਨ ਤੋਂ ਬਗੈਰ ਕਰਨਾ ਚਾਹੁੰਦਾ ਹੈ, ਸੇਵਾ ਦਾ ਤਪ ਕਰਕੇ ਵੱਡਾ ਤੇਜ ਧਾਰਨ ਕੀਤਾ ਹੈ॥੨੭॥

ਬ੍ਰਹਮ ਗਯਾਨ ਬਿਨ ਉਰ ਹੰਕਾਰੋ। ਮਿਟੈ ਨ ਕੀਨੇ ਜਤਨ ਹਜ਼ਾਰੋਂ।
'ਅਹਂ' ਚੋਰ ਭਗਤੀ ਧਨ ਲੂਟੇ। ਬ੍ਰਹਮ ਗਯਾਨ ਕੇ ਬਲ ਕਰਿ ਛੂਟੇ॥੨੮॥

ਬ੍ਰਹਮ ਗਿਆਨ ਤੋਂ ਬਗੈਰ ਹਿਰਦੇ ਦਾ ਹੰਕਾਰ, ਹਜ਼ਾਰਾਂ ਯਤਨ ਕਰਨ ਨਾਲ ਵੀ ਮਿੱਟਦਾ ਨਹੀਂ ਹੈ। ਹੰਕਾਰ ਰੂਪ ਚੋਰ ਭਗਤੀ ਦਾ ਧਨ ਲੁੱਟ ਲੈਂਦਾ ਹੈ। ਹੰਕਾਰ ਰੂਪੀ ਚੋਰ ਤੋਂ ਬ੍ਰਹਮ ਗਿਆਨ ਦੇ ਬਲ ਨਾਲ ਛੁਟਕਾਰਾ ਹੁੰਦਾ ਹੈ॥੨੮॥

ਅਸ ਨਹਿਂ ਹੋਇ ਕ੍ਰੋਧ ਕੋ ਧਾਰਿ। ਕਰਿ ਅਜ਼ਮਤ ਗਨ ਦੇਹਿ ਸੰਘਾਰ।
ਇਸ ਤੇ ਸ਼ਕਤਿ ਨਿਕਾਸੀ ਚਹੀਅਹਿ। ਫੇਰ ਨ ਬੋਲਹਿ, ਚਿੰਤ ਨ ਲਹੀਅਹਿ'॥੨੯॥

ਜੇ ਐਸਾ ਨਾ ਹੋਏ ਤਾਂ ਕ੍ਰੋਧ ਨੂੰ ਧਾਰਨ ਕਰਦਾ ਹੈ ਤੇ ਕਰਾਮਾਤ ਕਰਕੇ ਬਹੁਤ ਲੋਕਾਂ ਨੂੰ ਮਾਰ ਦਿੰਦਾ ਹੈ। ਇਸ ਵਿਚੋਂ ਹੁਣ ਸ਼ਕਤੀ ਕੱਢ ਲੈਣੀ ਚਾਹੀਦੀ ਹੈ। ਫਿਰ ਨਹੀਂ ਬੋਲੇਗਾ ਤੇ ਸਾਨੂੰ ਚਿੰਤਾ ਨਹੀਂ ਰਹੇਗੀ'॥੨੯॥

ਇਮ ਸਤਿਗੁਰ ਨੇ ਰਿਦੇ ਬਿਚਾਰਾ। ਮਤੀ ਦਾਸ ਕੋ ਪਾਸ ਹਕਾਰਾ।
'ਤੂੰ ਮਮ ਮਿੱਤ੍ਰ ਸਹਾਇਕ ਭਾਰੀ। ਜਿਸ ਪ੍ਰਕਾਰ ਅਬ ਗਿਰਾ ਉਚਾਰੀ॥ ੩੦॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ ਤੇ ਮਤੀਦਾਸ ਨੂੰ ਪਾਸ ਬੁਲਾਇਆ ਤੇ ਕਿਹਾ, "ਤੂੰ ਮੇਰਾ ਭਾਰੀ ਮਿੱਤਰ ਅਤੇ ਸਹਾਇਕ ਹੈਂ। ਜਿਸ ਪ੍ਰਕਾਰ ਤੂੰ ਹੁਣ ਗੱਲ ਕੀਤੀ ਹੈ॥੩੦॥

ਸੋ ਕਰਿ ਸਕਹਿਂ, ਕੂਰ ਇਹ ਨਾਂਹੀ। ਸਰਬ ਸੰਘਾਰਹਿਂ ਇਕ ਛਿਨ ਮਾਂਹੀ।
ਐਸੇ ਸਮੈਂ ਬਾਕ ਅਸ ਕਹ੍ਯੋ। ਭਾ ਪ੍ਰਸੰਨ ਮੈਂ ਹਿਤ ਨਿਜ ਲਹ੍ਯੋ॥ ੩੧॥

ਉਹ ਤੂੰ ਕਰ ਸਕਦਾ ਹੈਂ, ਇਸ ਵਿਚ ਕੋਈ ਝੂਠ ਨਹੀਂ ਹੈ, ਸਾਰਿਆਂ ਨੂੰ ਇਕ ਖਿਣ ਵਿਚ ਮਾਰ ਸਕਦਾ ਹੈਂ, ਐਸੇ ਸਮੇਂ ਤੂੰ ਇਸ ਤਰ੍ਹਾਂ ਬਚਨ ਕਿਹਾ ਹੈ। ਮੈਂ ਪ੍ਰਸੰਨ ਹੋਇਆ ਹਾਂ ਤੂੰ ਨਿਜੀ ਹਿੱਤ ਵੇਖਿਆ ਹੈ॥੩੧॥

ਅਬ ਇਹ ਇੱਛਾ ਸੀਖ ਹਮਾਰੀ। ਨਮੋ ਕਰਹੁ ਕਰਤਾਰ ਅਗਾਰੀ'।
ਮਤੀਦਾਸ ਸੁਨਿ ਕੈ ਇਮ ਕਰਨਨ। ਕਰੀ ਬੰਦਨਾ ਸਤਿਗੁਰ ਚਰਨਨ॥ ੩੨॥

ਹੁਣ ਸਾਡੀ ਇੱਛਾ ਸੁਣੋ ਤੇ ਕਰਤਾਰ ਅੱਗੇ ਨਮਸਕਾਰ ਕਰੋ।" ਮਤੀਦਾਸ ਨੇ ਸੁਣ ਕੇ ਇਸ ਤਰ੍ਹਾਂ ਕੀਤਾ ਤੇ ਸਤਿਗੁਰੂ ਜੀ ਦੇ ਚਰਨਾਂ 'ਤੇ ਬੰਦਨਾ ਕੀਤੀ॥੩੨॥

ਤਤਛਿਨ ਸ਼ਕਤੀ ਐਂਚਨ ਕੀਨਿ। ਪਾਇ ਜਾਰ ਜ੍ਯੋਂ ਜਲ ਤੇ ਮੀਨ।
ਬਿਕਸਤਿ ਮੁਖ ਤੇ ਸਤਿਗੁਰੁ ਕਹ੍ਯੋ। 'ਅਬ ਤੁਮ ਕਰਹੁ ਜਥਾ ਚਿਤ ਚਹ੍ਯੋ' ॥੩੩॥

ਗੁਰੂ ਜੀ ਨੇ ਤੁਰਤ ਸਾਰੀ ਸ਼ਕਤੀ ਖਿੱਚ ਲਈ, ਜਿਵੇਂ ਜਾਲ ਪਾ ਕੇ ਜਲ ਵਿਚੋਂ ਮੱਛੀ ਖਿੱਚ ਲਈਦੀ ਹੈ। ਫਿਰ ਸਤਿਗੁਰੂ ਜੀ ਨੇ ਮੁਖ ਤੋਂ ਹੱਸ ਕੇ ਕਿਹਾ, "ਹੁਣ ਤੁਸੀਂ ਉਸ ਤਰ੍ਹਾਂ ਕਰੋ ਜਿਵੇਂ ਤੁਹਾਡਾ ਚਿੱਤ ਚਾਹੁੰਦਾ ਹੈ"॥੩੩॥

ਮਤੀਦਾਸ ਤਬ ਰਹ੍ਯੋ ਬਿਚਾਰਿ। ਸ਼ਕਤਿ ਨ ਦੇਖੀ ਅਪਨਿ ਮਝਾਰ।
ਤਪ ਸੇਵਾ ਤੇ ਸੰਚਨ ਕੀਨਿ। ਅਬ ਸਤਿਗੁਰੁ ਨੇ ਐਂਚ ਸੁ ਲੀਨਿ॥ ੩੪॥

ਮਤੀਦਾਸ ਤਦ ਵਿਚਾਰ ਕਰਦਾ ਰਿਹਾ, ਮੈਂ ਆਪਣੇ ਵਿਚ ਸ਼ਕਤੀ ਨਹੀਂ ਵੇਖੀ ਹੈ। ਸੇਵਾ ਦੇ ਤਪ ਨਾਲ ਇਕੱਠੀ ਕੀਤੀ ਸੀ, ਹੁਣ ਉਹ ਸਾਰੀ ਸਤਿਗੁਰੂ ਜੀ ਨੇ ਖਿੱਚ ਲਈ ਹੈ॥੩੪॥

ਹਾਥ ਜੋਰਿ ਕੀਨਸਿ ਅਰਦਾਸ। 'ਅਬ ਤੋ ਰਹ੍ਯੋ ਨ ਕੁਛ ਮੁਝ ਪਾਸ।
ਆਪ ਚਹਹੁ ਤੁਮ ਤੈਸੇ ਕਰੋ। ਭਰੇ ਸਖਨ ਕਰਿ ਸਖਨੇ ਭਰੋ॥ ੩੫॥

ਮਤੀਦਾਸ ਨੇ ਫਿਰ ਹੱਥ ਜੋੜ ਕੇ ਬੇਨਤੀ ਕੀਤੀ, "ਹੁਣ ਤਾਂ ਮੇਰੇ ਪਾਸ ਕੁਝ ਨਹੀਂ ਰਿਹਾ ਹੈ। ਜਿਵੇਂ ਆਪ ਚਾਹੁੰਦੇ ਹੋ ਉਸ ਤਰ੍ਹਾਂ ਕਰੋ, ਭਰੇ ਸਖਣੇ ਕਰਕੇ, ਸਖਣੇ ਭਰ ਦੇਵੋ॥੩੫॥

ਬਿਨ ਮਰਜ਼ੀ ਸਤਿਗੁਰ ਕੀ ਕਹ੍ਯੋ। ਹਰੀ ਸ਼ਕਤਿ, ਮੈਂ ਇਹ ਫਲ ਲਹ੍ਯੋ।
ਛਿਮਾ ਕਰਹੁ ਬਖਸ਼ਹੁ ਪ੍ਰਭੁ ਮੋਹੀ। ਕਰਹੁ ਕ੍ਰਿਪਾ ਸ਼ਰਨਾਗਤ ਤੋਹੀ॥ ੩੬॥

ਸਤਿਗੁਰੂ ਦੀ ਮਰਜ਼ੀ ਤੋਂ ਬਗੈਰ ਮੈਂ ਕਿਹਾ ਹੈ, ਉਨ੍ਹਾਂ ਸ਼ਕਤੀ ਖਿੱਚ ਲਈ ਹੈ, ਮੈਂ ਉਸ ਦਾ ਇਹ ਫਲ ਪਾਇਆ ਹੈ। ਹੇ ਪ੍ਰਭੂ ਜੀ! ਮੈਨੂੰ ਖਿਮਾਂ ਕਰੋ ਤੇ ਬਖਸ਼ ਦੇਵੋ, ਮੇਰੇ ਤੇ ਕ੍ਰਿਪਾ ਕਰੋ, ਮੈਂ ਤੁਹਾਡੀ ਸ਼ਰਨ ਵਿਚ ਹਾਂ॥੩੬॥

ਤੁਮਰੋ ਚਰਿਤ ਨਹੀਂ ਮੈਂ ਜਾਨ੍ਯੋਂ। ਪਿਖ੍ਯੋ ਅਨਾਦਰ ਸੰਕਟ ਮਾਨ੍ਯੋ।
ਹੇਰਿ ਲੋਕ ਅਪਜਸੁ ਕੋ ਕਰੈਂ। ਸ਼ਕਤਿ ਹੀਨ ਜਾਨਤਿ ਸਿਖ ਫਿਰੈਂ॥ ੩੭॥

Sri Satguru Jagjit Singh Ji eLlibrary NamdhariElibrary@gmail.com

ਮੈਂ ਤੁਹਾਡੇ ਚਰਿਤਰ ਨੂੰ ਨਹੀਂ ਜਾਣਿਆ ਹੈ, ਆਪ ਜੀ ਦਾ ਅਨਾਦਰ ਵੇਖ ਕੇ ਦੁਖ ਮੰਨਿਆ ਸੀ। ਪਰ ਲੋਕ ਸਾਨੂੰ ਵੇਖ ਕੇ ਨਿੰਦਿਆ ਕਰਨਗੇ ਤੇ ਇਹ ਸਮਝਣਗੇ ਕਿ ਸ਼ਕਤੀਹੀਣ ਸਿੱਖ ਫਿਰਦੇ ਹਨ॥੩੭॥

ਇਹ ਗਤਿ ਮੋਤੇ ਜਰੀ ਨ ਜਾਇ। ਕਜਾ ਤੁਰਕੇਸ਼ੁਰ ਦੇਊਂ ਖਪਾਇ।
ਸ੍ਰੀ ਮੁਖ ਬਿਕਸੇ ਬਾਕ ਬਖਾਨਾ। ਮਤੀਦਾਸ ਮੋਹਿ ਪ੍ਰਿਯ ਮਹਾਨਾ॥ ੩੮॥

ਇਹ ਗਤੀ ਮੇਰੇ ਪਾਸੋਂ ਜਰੀ ਨਹੀਂ ਜਾਂਦੀ, ਤੁਰਕ ਬਾਦਸ਼ਾਹ ਮੇਰੇ ਅੱਗੇ ਕੀ ਹੈ, ਝੱਟ ਖਪਾ ਦੇਵਾਂਗਾ।" ਸ੍ਰੀ ਗੁਰੂ ਜੀ ਇਹ ਸੁਣ ਕੇ ਮੁਸਕਰਾਏ ਤੇ ਉਨ੍ਹਾਂ ਬਚਨ ਕੀਤਾ, "ਹੇ ਮਤੀਦਾਸ! ਤੂੰ ਮੇਰਾ ਬਹੁਤ ਪਿਆਰਾ ਸਿੱਖ ਹੈਂ॥੩੮॥

ਤਊ ਸੁਨਹੁਂ ਇਹ ਗੁਹਜ ਕਹਾਨੀ। ਮੋ ਬਿਨ ਦੂਸਰ ਕੋ ਨਹਿਂ ਜਾਨੀ।
ਮੁਸ਼ਟ ਭਾਂਗ ਸ੍ਰੀ ਬਾਬੇ ਲੀਨਿ। ਰਾਜ ਹਿੰਦ ਬਾਬਰ ਕੋ ਦੀਨਿ॥ ੩੯॥

ਫਿਰ ਵੀ ਇਹ ਗੁਪਤ ਕਹਾਣੀ ਸੁਣੋ, ਮੇਰੇ ਬਗੈਰ ਦੂਸਰਾ ਕੋਈ ਨਹੀਂ ਜਾਣਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਮੁੱਠ ਭੰਗ ਦੀ ਲਈ ਤੇ ਹਿੰਦ ਦੇ ਰਾਜ ਸਹਿਤ ਬਾਬਰ ਨੂੰ ਦੇ ਦਿੱਤੀ॥੩੯॥

*ਨੋਟ :–ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਅਜਿਹਾ ਕੋਈ ਪ੍ਰਸੰਗ ਨਹੀਂ ਆਇਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਇਕ ਮੁੱਠੀ ਭੰਗ ਦੀ ਦਿੱਤੀ ਹੋਵੇ। ਗੁਰੂ ਤੇਗ ਬਹਾਦਰ ਦਾ ਸੀਸ ਦੇਣਾ ਜ਼ਾਲਮ ਰਾਜ ਦੀਆਂ ਜੜ੍ਹਾਂ ਕੱਟਣ ਸਮਾਨ ਸੀ, ਇਹ ਅਸਲ ਸਿਧਾਂਤ ਹੈ ਤੇ ਅੰਤ ਵਿਚ ਫਲ ਵੀ ਇਹੋ ਹੋਇਆ। ਜ਼ਾਲਮ ਹਕੂਮਤ ਖਤਮ ਹੋ ਗਈ ਤੇ ਸਿੱਖਾਂ ਦਾ ਆਪਣਾ ਰਾਜ ਕਾਇਮ ਹੋ ਗਿਆ॥੩੯॥*

ਸ੍ਰੀ ਗੁਰ ਦਯੋ ਦਾਨ ਨਹਿਂ ਫਿਰੈ। ਯਾਂਤੇ ਹਮ ਸਿਰ ਦੇਬੋ ਕਰੈਂ।
ਸਿਰ ਦੈ ਕਰਿ ਇਨ ਕੋ ਕਰਿ ਝੂਠੇ। ਦਈ ਵਸਤੁ ਫਿਰ ਲੇਹਿਂ ਸੁ ਮੂਠੇ॥ ੪੦॥

ਸ੍ਰੀ ਨਾਨਕ ਦੇਵ ਜੀ ਨੇ ਦਾਨ ਦਿੱਤਾ ਹੈ, ਉਹ ਮੋੜਿਆ ਨਹੀਂ ਜਾ ਸਕਦਾ। ਇਸ ਕਰਕੇ ਅਸੀਂ ਹੁਣ ਸਿਰ ਦੇਵਾਂਗੇ ਤੇ ਸਿਰ ਦੇ ਕੇ ਇਨ੍ਹਾਂ ਨੂੰ ਝੂਠੇ ਕਰਾਂਗੇ ਤੇ ਦਿੱਤੀ ਹੋਈ ਵਸਤੂ ਫਿਰ ਆਪਣੀ ਮੁੱਠੀ ਵਿਚ ਮੋੜ ਲਵਾਂਗੇ॥੪੦॥

ਜੇ ਹਮ ਸਿਰ ਕੋ ਦੇਹਿਂ ਨ ਇਹਾਂ। ਰਹੈ ਰਾਜ ਤੁਰਕਨਿ ਘਰ ਮਹਾਂ।
ਬਡ ਅਪਰਾਧ ਕਮਾਵਹਿਂ ਜਬੈ। ਇਨ ਕੀ ਜਰਾ ਉਖੇਰਹਿਂ ਤਬੈ॥ ੪੧॥

ਜੇ ਅਸੀਂ ਹੁਣ ਏਥੇ ਸਿਰ ਨਹੀਂ ਦੇਵਾਂਗੇ ਤਾਂ ਸਾਡੇ ਦੇਸ਼ ਵਿਚ ਤੁਰਕਾਂ ਦਾ ਮਹਾਨ ਰਾਜ ਰਹੇਗਾ। ਤਦ ਅਸੀਂ ਬਹੁਤ ਵੱਡਾ ਅਪਰਾਧ ਕਮਾਵਾਂਗੇ, ਸਿਰ ਦੇਣ ਤੋਂ ਬਾਅਦ ਅਸੀਂ ਇਨ੍ਹਾਂ ਦੀਆਂ ਜੜ੍ਹਾਂ ਪੁੱਟ ਦੇਵਾਂਗੇ॥੪੧॥

ਹੈ ਕਿ ਨਹੀਂ ਇਹ ਆਛੀ ਬਾਤ। ਕ੍ਰੋਧ ਕਰਹਿਂ ਉਰ ਤੂੰ ਪਛੁਤਾਤ।
ਇਮ ਸਮਝਹੁ ਰਹੁ ਰਿਦੇ ਅਨੰਦ। ਨਹਿਂ ਕੋਪਹੁ ਨਹਿਂ ਝੁਰਹੁ ਬਿਲੰਦ॥ ੪੨॥

ਇਹ ਚੰਗੀ ਗੱਲ ਹੈ ਕਿ ਨਹੀਂ, ਕ੍ਰੋਧ ਕਰਕੇ ਤੂੰ ਹਿਰਦੇ ਵਿਚ ਪਛੁਤਾ ਰਿਹਾ ਹੈਂ। ਇਸ ਤਰ੍ਹਾਂ ਸਮਝੋ ਹਿਰਦੇ ਵਿਚ ਅਨੰਦ ਸਹਿਤ ਰਹੋ, ਨਾ ਗੁੱਸਾ ਕਰੋ ਅਤੇ ਨਾ ਹੀ ਜ਼ਿਆਦਾ ਪਛੁਤਾਵਾ ਅਤੇ ਫ਼ਿਕਰ ਕਰੋ"॥੪੨॥

ਸੁਨਿ ਸਭਿ ਭੇਦ ਚਰਨ ਪਰ ਪਰਜੋ। ਮਤੀਦਾਸ ਉਰ ਆਨੰਦ ਭਰਜੋ।
ਸਭਿ ਬਿਧਿ ਸੁਨੀ ਮੁਲਾਨੇ ਹੇਰੀ। ਅਵਿਰੰਗ ਨਿਕਟ ਗਯੋ ਤਿਸ ਬੇਰੀ॥ ੪੩॥

ਮਤੀਦਾਸ ਨੇ ਵੱਡਾ ਭੇਦ ਸੁਣ ਕੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਉਸਦਾ ਹਿਰਦਾ ਆਨੰਦ ਨਾਲ ਭਰ ਗਿਆ। ਸਭ ਵਿਧੀਆਂ ਨਾਲ ਮੁਲਾਣੇ ਨੇ ਇਹ ਗੱਲਬਾਤ ਸੁਣੀ ਅਤੇ ਵੇਖੀ ਤੇ ਉਸ ਸਮੇਂ ਨੌਰੰਗੇ ਦੇ ਪਾਸ ਚਲੇ ਗਿਆ॥੪੩॥

ਭਾਖਜੋ ਸਰਬ ਬ੍ਰਿਤਾਂਤ ਸ਼ਿਤਾਬ। ਮਤੀਦਾਸ ਕੋ ਸੁਾਲ ਜਬਾਬ।
ਤਨ ਮਨ ਤੇ ਜਰ ਗਯੋ ਵਿਸ਼ੇਸ਼। ਕ੍ਰੋਧ ਭਰੇ ਬੋਲਜੋ ਤੁਰਕੇਸ਼॥ ੪੪॥

ਤੁਰਤ ਨੌਰੰਗੇ ਨੂੰ ਸਾਰਾ ਬ੍ਰਿਤਾਂਤ ਸੁਣਾਇਆ ਅਤੇ ਮਤੀਦਾਸ ਦੇ ਸਵਾਲ ਜਵਾਬ ਬਾਰੇ ਵੀ ਦੱਸਿਆ। ਨੌਰੰਗਾ ਇਹ ਸੁਣ ਕੇ ਤਨ ਮਨ ਤੋਂ ਵਿਸ਼ੇਸ਼ ਤੌਰ ਤੇ ਸੜ ਗਿਆ, ਫਿਰ ਬੜਾ ਕ੍ਰੋਧ ਭਰ ਕੇ ਬੋਲਿਆ॥੪੪॥

ਮਤੀਦਾਸ ਕੋ ਕੀਨਿ ਬੁਲਾਵਨਿ। ਦੁਇ ਤਖਤੇ ਮਹਿਂ ਕਰਜੋ ਬੰਧਾਵਨਿ।
ਹੁਕਮ ਜਲਾਦਨਿ ਤਬਹਿ ਉਚਾਰਾ। ਲੈ ਆਰਾ ਸਿਰ ਪਰ ਤਿਸ ਧਾਰਾ॥੪੫॥

ਮਤੀਦਾਸ ਨੂੰ ਬੁਲਾ ਲਿਆ ਤੇ ਦੋ ਤਖਤਿਆਂ ਵਿਚ ਬੰਨ੍ਹ ਦਿੱਤਾ। ਫਿਰ ਜਲਾਦ ਨੂੰ ਹੁਕਮ ਸੁਣਾਇਆ ਤੇ ਉਸ ਨੇ ਆਰਾ ਲੈ ਕੇ ਮਤੀਦਾਸ ਦੇ ਸਿਰ 'ਤੇ ਧਰ ਦਿੱਤਾ॥੪੫॥

ਅਰਧੋ ਅਰਧ ਚਿਰਾਇ ਸੁ ਡਾਰਾ। ਪਰਜੋ ਪ੍ਰਿਥੀ ਪਰ ਹ੍ਵੈ ਦੋ ਫਾਰਾ।
ਦੋਨਹੁਂ ਤਨ ਤੇ ਜਪੁਜੀ ਪਢੈ। ਹੇਰਤਿ ਸਭਿ ਕੇ ਅਚਰਜ ਬਢੈ॥੪੬॥

ਮਤੀਦਾਸ ਅੱਧੋ-ਅੱਧ ਚੀਰ ਦਿੱਤਾ ਤੇ ਉਹ ਦੋ ਫਾੜ ਹੋ ਕੇ ਧਰਤੀ ਤੇ ਡਿੱਗ ਪਿਆ। ਉਹ ਦੋਵਾਂ ਸਰੀਰਾਂ ਨਾਲ ਜਪੁਜੀ ਸਾਹਿਬ ਪੜ੍ਹ ਰਿਹਾ ਸੀ, ਸਾਰੇ ਵੇਖ ਕੇ ਬਹੁਤ ਹੈਰਾਨ ਹੋ ਰਹੇ ਸਨ॥੪੬॥

'ਹੋਇ ਦੁਖੰਡ ਨ ਜੀਵਤਿ ਕੋਈ। ਇਹ ਤੋ ਪਠਤਿ ਜਿਯਤਿ ਜਿਮ ਹੋਈ'।
ਭੋਗ ਪਾਇ ਕਰਿ ਦੋਨਹੁਂ ਤਨਤੇ। ਗੁਰਪੁਰਿ ਪਹੁੰਚਜੋ ਪ੍ਰੇਮੀ ਮਨ ਤੇ॥੪੭॥

ਕਹਿੰਦੇ ਸਨ, "ਦੋ ਖੰਡ ਹੋ ਕੇ ਕੋਈ ਜੀਉਂਦਾ ਨਹੀਂ ਰਹਿੰਦਾ, ਇਹ ਤਾਂ ਇੰਝ ਪਾਠ ਕਰਦਾ ਹੈ, ਜਿਵੇਂ ਕੋਈ ਜੀਉਂਦਾ ਹੁੰਦਾ ਹੈ।" ਫਿਰ ਦੋਵਾਂ ਸਰੀਰਾਂ ਨੇ ਜਪੁਜੀ ਸਾਹਿਬ ਦਾ ਭੋਗ ਪਾਇਆ ਤੇ ਗੁਰੂ ਜੀ ਦਾ ਪ੍ਰੇਮੀ ਗੁਰਪੁਰੀ ਵਿਚ ਪਹੁੰਚ ਗਿਆ॥੪੭॥

ਉੱਤਮ ਗਤਿ ਕੋ ਪ੍ਰਾਪਤਿ ਹੋਵਾ। ਗੁਰੁ ਚਰਿੱਤ੍ਰ ਕੋ ਅਚਰਜ ਜੋਵਾ।
ਮਹਾਂ ਗੰਭੀਰ ਧੀਰ ਸਮ ਧਰਨੀ। ਲਖਿ ਨ ਸਕਹਿ ਕੋ ਸੱਤਿਗੁਰ ਕਰਨੀ॥੪੮॥

ਮਤੀਦਾਸ ਨੇ ਉੱਤਮ ਗਤੀ ਪ੍ਰਾਪਤ ਕੀਤੀ, ਜਿਸ ਗੁਰੂ ਜੀ ਦੇ ਅਸਚਰਜ ਚਰਿਤਰ ਨੂੰ ਜਾਣਿਆ। ਗੁਰੂ ਜੀ ਮਹਾਂ ਗੰਭੀਰ ਅਤੇ ਧਰਤੀ ਵਾਂਗ ਧੀਰਜਵਾਨ ਹਨ। ਕੋਈ ਵੀ ਸਤਿਗੁਰੂ ਜੀ ਦੀ ਕਰਨੀ ਨੂੰ ਸਮਝ ਨਹੀਂ ਸਕਦਾ॥੪੮॥

*ਬਾਰ੍ਹਵੀਂ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥੫੪॥*

## ਅਧਿਆਇ ਪਚਵੰਝਵਾਂ

### *ਬਾਕੀ ਕੁਝ ਸਿੱਖਾਂ ਨੂੰ ਗੁਰੂ ਜੀ ਨੇ ਰਿਹਾਈ ਦਿੱਤੀ*

ਦੋਹਰਾ- ਮਤੀਦਾਸ ਪ੍ਰਭੁ ਪੁਰਿ ਗਯੋ ਕੰਪ ਉਠੇ ਸਿੱਖ ਔਰ।
ਧਰਿ ਕਰਿ ਤ੍ਰਾਸ ਬਿਸਾਲ ਕੋ ਪਿਖਿ ਕਾਰਾਗ੍ਰਹਿ ਠੌਰ॥ ੧॥

ਜਦ ਮਤੀਦਾਸ ਪ੍ਰਭੂ ਪੁਰੀ ਵਿਚ ਚਲਾ ਗਿਆ ਤਾਂ ਹੋਰ ਸਿੱਖ ਕੰਬ ਉਠੇ। ਬਹੁਤ ਵੱਡਾ ਡਰ ਧਾਰਨ ਕਰਕੇ, ਉਹ ਕੈਦਖਾਨੇ ਵਾਲੇ ਸਥਾਨ ਨੂੰ ਵੇਖਣ ਲੱਗੇ॥੧॥

ਚੌਪਈ- ਨਿਸਾ ਪਰੀ ਬਡ ਭਯੋ ਅੰਧੇਰਾ। ਹਾਥ ਜੋਰਿ ਬੋਲੇ ਤਿਸ ਬੇਰਾ।
'ਸੁਨਹੁ ਗੁਰੂ ਜੀ! ਹਤੇ ਕੁਥਾਂਇ। ਤੁਰਕੇਸ਼ੁਰ ਹਠ ਅਧਿਕ ਬਧਾਇ॥੨॥

ਰਾਤ ਪਈ ਤਾਂ ਬਹੁਤ ਵੱਡਾ ਹਨ੍ਹੇਰਾ ਛਾ ਗਿਆ। ਉਸ ਸਮੇਂ ਹੱਥ ਜੋੜ ਕੇ ਬੋਲੇ, "ਹੇ ਗੁਰੂ ਜੀ! ਸੁਣੋ, ਕੁਥਾਂ ਮਾਰੇ ਜਾਵਾਂਗੇ, ਬਾਦਸ਼ਾਹ ਨੇ ਬਹੁਤ ਹਠ ਵਧਾਇਆ ਹੈ॥੨॥

ਅਬਹਿ ਨ ਛੋਰਹਿ ਹਮ ਕੌ ਜੀਵਤਿ। ਦਿਨ ਪ੍ਰਤਿ ਕਸ਼ਟ ਦੇਨਿ ਪਰ ਥੀਵਤਿ।
ਬੰਧਨ ਪਾਇਨ ਮਹਿਂ ਪਰਵਾਏ। ਪਹਿਰੂ ਕਰਿ ਸੁਚੇਤ ਠਹਿਰਾਏ॥ ੩॥

ਹੁਣ ਇਹ ਸਾਨੂੰ ਜੀਊਂਦਾ ਨਹੀਂ ਛੱਡੇਗਾ, ਪ੍ਰਤੀ ਦਿਨ ਇਹ ਕਸ਼ਟ ਦੇਣ 'ਤੇ ਤੁਲਿਆ ਹੋਇਆ ਹੈ। ਪੈਰਾਂ ਵਿਚ ਜ਼ੰਜੀਰਾਂ ਪਾਈਆਂ ਹਨ ਤੇ ਪਹਿਰੇਦਾਰ ਸਾਵਧਾਨ ਕਰਕੇ ਖੜੇ ਕੀਤੇ ਹਨ॥੩॥

ਨਿਸ ਦਿਨ ਮਹਿਦ ਹੋਹਿ ਤਕਰਾਈ। ਨਹਿਂ ਕੈਸੇ ਅਬ ਨਿਕਸਨ ਪਾਈ'।
ਸੁਨਿ ਗੁਰ ਕਹਯੋ 'ਚਹਹੁ ਜੇ ਜਾਨਾ। ਤੌ ਅਬ ਨਿਸ ਮਹਿਂ ਕਰਹੁ ਪਯਾਨਾ॥੪॥

ਦਿਨ ਰਾਤ ਬਹੁਤ ਤਕੜਾਈ ਹੁੰਦੀ ਹੈ, ਹੁਣ ਕਿਸੇ ਤਰ੍ਹਾਂ ਵੀ ਨਿਕਲ ਨਹੀਂ ਸਕਦੇ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜੇ ਤੁਸੀਂ ਜਾਣਾ ਚਾਹੁੰਦੇ ਹੋ ਤਾਂ ਅੱਜ ਰਾਤ ਹੀ ਚਲੇ ਜਾਵੋ॥੪॥

ਕੈਦ ਤੁਰਕ ਕੀ ਤਜਿ ਨਿਕਸੀਜੈ। ਚਲੇ ਜਾਹੁ ਨਿਜ ਘਰ ਸੁਖ ਲੀਜੈ'।
ਸੁਨਿ ਸਿੱਖਜਨ ਜਿਨ ਮਨ ਡਰ ਹੌਲੇ। ਬੋਲੇ ਤਬ ਸ਼ਰਧਾ ਤੇ ਡੋਲੇ॥ ੫॥

ਤੁਰਕ ਦੀ ਕੈਦ ਛੱਡ ਕੇ ਨਿਕਲ ਜਾਵੋ ਤੇ ਆਪਣੇ ਘਰ ਜਾ ਕੇ ਸੁਖ ਲਵੋ।" ਜਦ ਉਨ੍ਹਾਂ ਸਿੱਖਾਂ ਨੇ ਸੁਣਿਆ ਜਿਨ੍ਹਾਂ ਦੇ ਮਨ ਡਰ ਨਾਲ ਹੌਲੇ ਹੋ ਗਏ ਸਨ ਤਾਂ ਉਹ ਸ਼ਰਧਾ ਤੋਂ ਡੋਲ ਕੇ ਬੋਲੇ॥੫॥

'ਬੰਧਨ ਪਰੇ ਅੰਗ ਮਹਿਂ ਭਾਰੇ। ਪਹਿਰੂ ਖਰੇ ਸ਼ਸਤ੍ਰ ਕਰ ਧਾਰੇ।
ਅਹੈਂ ਅਸੰਜੁਤਿ ਪੌਰ ਕਿਵਾਰੇ। ਡਾਰਿ ਸ੍ਰਿੰਖਲਾ ਤਾਰੇ ਮਾਰੇ॥ ੬॥

ਸਾਰੇ ਸਰੀਰ ਨੂੰ ਬਹੁਤ ਭਾਰੀ ਬੰਧਨ ਪਏ ਹਨ ਤੇ ਪਹਿਰੇਦਾਰ ਸ਼ਸਤਰ ਧਾਰਨ ਕਰਕੇ ਖੜੇ ਹਨ ਤੇ ਦਰਵਾਜ਼ੇ ਦੇ ਬੂਹੇ ਚੰਗੀ ਤਰ੍ਹਾਂ ਭੀੜ ਕੇ ਬੰਦ ਕੀਤੇ ਹਨ ਤੇ ਸੰਗਲ ਪਾ ਕੇ ਤਾਲੇ ਮਾਰੇ ਹਨ॥੬॥

ਕਿਮ ਅਬ ਨਿਕਸਨਿ ਬਨਹਿ ਹਮਾਰੋ। ਮਰਬੋ ਹੁਇ ਹੈ ਰਿਦੇ ਬਿਚਾਰੋ'।
ਸੁਨਿ ਸ੍ਰੀ ਤੇਗ ਬਹਾਦਰ ਭਾਖਾ। 'ਕਹਹੁ ਜਥਾ ਪੁਰਿਅਹਿ ਅਭਿਲਾਖਾ॥ ੭॥

ਸਾਡਾ ਹੁਣ ਕਿਵੇਂ ਨਿਕਲਣਾ ਹੋ ਸਕਦਾ ਹੈ, ਅਸੀਂ ਹੁਣ ਹਿਰਦੇ ਵਿਚ ਵਿਚਾਰ ਲਿਆ ਕਿ ਸਾਡਾ ਏਥੇ ਮਰਨਾ ਹੋਵੇਗਾ।" ਇਹ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਉਸ ਤਰ੍ਹਾਂ ਕਹੋ ਜਿਵੇਂ ਤੁਹਾਡੀ ਅਭਿਲਾਸ਼ਾ ਪੂਰੀ ਕਰੀਏ॥੭॥

ਬੰਧਨ ਪਾਇਨ ਤੇ ਛੁਟ ਜੈ ਹੈਂ। ਸਗਰੇ ਪੌਰ ਕਿਵਾਰ ਖੁਲੈ ਹੈਂ।
ਚੌਕੀਦਾਰ ਨ ਦੇਖਹਿ ਕੋਈ। ਚਲੇ ਜਾਹੁ ਜਿਸ ਇੱਛਾ ਹੋਈ'॥ ੮॥

ਤੁਹਾਡੇ ਪੈਰਾਂ ਦੀਆਂ ਜ਼ੰਜੀਰਾਂ ਖੁਲ੍ਹ ਜਾਣਗੀਆਂ, ਦਰਵਾਜ਼ੇ ਦੇ ਸਾਰੇ ਬੂਹੇ ਖੁਲ੍ਹ ਜਾਣਗੇ। ਕੋਈ ਵੀ ਚੌਕੀਦਾਰ ਤੁਹਾਨੂੰ ਵੇਖ ਨਹੀਂ ਸਕੇਗਾ, ਜਿਸ ਦੀ ਵੀ ਇੱਛਾ ਹੋਵੇ ਚਲੇ ਜਾਵੋ"॥੮॥

ਗੁਰੂ ਬਦਨ ਤੇ ਨਿਕਸੇ ਬੈਨ। ਪਿਖਯੋ ਤਿਨਹੁਂ ਪਗ ਬੰਧਨ ਹੈ ਨ।
ਤਾਰੇ ਛੁਟ ਕਰਿ ਖੁਲੇ ਕਿਵਾਰਾ। ਪਰਯੋ ਪਾਹਰੂ ਨੀਂਦ ਮਝਾਰਾ॥ ੯॥

ਜਦ ਗੁਰੂ ਜੀ ਦੇ ਮੁਖ ਤੋਂ ਇਹ ਬਚਨ ਨਿਕਲੇ ਤਾਂ ਉਨ੍ਹਾਂ ਨੇ ਵੇਖਿਆ ਕਿ ਉਨ੍ਹਾਂ ਦੇ ਪੈਰਾਂ ਨਾਲ ਜ਼ੰਜੀਰਾਂ ਨਹੀਂ ਸਨ। ਤਾਲੇ ਖੁੱਲ੍ਹ ਕੇ ਬੂਹੇ ਖੁਲ੍ਹ ਗਏ ਤੇ ਪਹਿਰੇਦਾਰ ਨੀਂਦ ਨਾਲ ਸੌਂ ਗਏ॥੯॥

ਉਮਗੇ ਨਿਕਸਨਿ ਕੋ ਸਿਖ ਤੀਨ। ਗੁਰ ਪਗ ਪਰ ਤਬ ਬੰਦਨ ਕੀਨਿ।
'ਪਹੁੰਚਹਿਂ ਰਾਵਰਿ ਕੇ ਸੁਤ ਪਾਸ। ਕਹਾਂ ਸੰਦੇਸਾ ਕਰਹਿਂ ਪ੍ਰਕਾਸ਼॥ ੧੦॥

ਤਿੰਨ ਸਿੱਖ ਨਿਕਲਣ ਵਾਸਤੇ ਉਤਾਵਲੇ ਹੋਏ, ਉਨ੍ਹਾਂ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਤੇ ਕਿਹਾ, "ਆਪ ਜੀ ਦੇ ਪੁੱਤਰ ਪਾਸ ਪਹੁੰਚਾਂਗੇ, ਉਨ੍ਹਾਂ ਨੂੰ ਜਾ ਕੇ ਕੀ ਸੰਦੇਸ਼ਾ ਦੇਈਏ॥੧੦॥

ਸਰਬ ਕਲਾ ਸਮਰਥ ਗੁਨ ਖਾਨੀ। ਕਹਾਂ ਰਚਹੁ ਕੋ ਸਕਹਿ ਨ ਜਾਨੀ।
ਅਪਨੀ ਗਤਿ ਤੁਮ ਜਾਨਹੁੰ ਆਪੇ। ਹਰਖ ਨ ਸ਼ੋਕ ਰੰਚ ਭਰ ਬਜਾਪੇ॥ ੧੧॥

ਸਰਬ ਕਲਾ ਸਮਰੱਥ, ਗੁਣਾਂ ਦੀ ਖਾਣ, ਕਿਸ ਤਰ੍ਹਾਂ ਰਚਨਾ ਕਰਦੇ ਹੋ, ਕੋਈ ਜਾਣ ਨਹੀਂ ਸਕਦਾ। ਆਪਣੀ ਗਤੀ ਤੁਸੀਂ ਆਪ ਹੀ ਜਾਣਦੇ ਹੋ, ਖੁਸ਼ੀ ਗ਼ਮੀ ਤੁਹਾਡੇ 'ਤੇ ਰੰਚ ਮਾਤਰ ਅਸਰ ਨਹੀਂ ਕਰਦੀ॥੧੧॥

ਹਮ ਪਰ ਕ੍ਰਿਪਾ ਧਾਰਿ ਮੁਚਵਾਏ। ਕਿਮ ਤੁਮਰੇ ਘਰ ਭਾਖਹਿਂ ਜਾਏ'।
ਸ੍ਰੀ ਗੁਰ ਤੇਗ ਬਹਾਦਰ ਬੋਲੇ। 'ਭਾਖੋ ਰਾਖਹੁ ਧੀਰ ਅਡੋਲੇ॥ ੧੨॥

ਸਾਡੇ 'ਤੇ ਕ੍ਰਿਪਾ ਧਾਰਨ ਕਰੋ, ਅਸੀਂ ਝੂਠਾ ਕਰਮ ਕਰ ਰਹੇ ਹਾਂ, ਤੁਹਾਡੇ ਘਰ ਜਾ ਕੇ ਅਸੀਂ ਕੀ ਕਹੀਏ।" ਸ੍ਰੀ ਗੁਰੂ ਤੇਗ ਬਹਾਦਰ ਜੀ ਬੋਲੇ, "ਇਹ ਕਹੋ ਕਿ ਅਡੋਲ ਰਹਿ ਕੇ ਧੀਰਜ ਰੱਖੋ॥੧੨॥

ਇਮ ਹੀ ਕਾਰਜ ਹੈ ਹਮ ਕਰਨਾ। ਅੰਤ ਸਮਾ ਸਬ ਹੀ ਪਰ ਬਰਨਾ।
ਚਿੰਤਾ ਸ਼ੋਕ ਨ ਕੀਜਹਿ ਕੋਈ। ਕੂਰਾ ਕਰਹਿਂ ਤੁਰਕ ਪਤਿ ਜੋਈ॥ ੧੩॥

ਅਸੀਂ ਇਸ ਤਰ੍ਹਾਂ ਹੀ ਕਾਰਜ ਕਰਨਾ ਹੈ, ਅੰਤ ਸਮਾਂ ਸਾਰਿਆਂ 'ਤੇ ਆਉਣਾ ਹੈ। ਕੋਈ ਵੀ ਚਿੰਤਾ ਅਤੇ ਦੁਖ ਨਾ ਮੰਨਾਵੇ। ਜਿਹੜਾ ਤੁਰਕ ਬਾਦਸ਼ਾਹ ਹੈ, ਉਸ ਨੂੰ ਅਸੀਂ ਝੂਠਾ ਕਰ ਰਹੇ ਹਾਂ॥੧੩॥

ਸਭਿ ਜਗ ਕੌ ਦੁਖ ਦਾਯਕ ਪਾਪੀ। ਬਿਨਸਹਿ, ਵਧਹਿ ਨ ਤੇਜ ਕਦਾਪੀ।
ਪੂਰਬ ਜਨਮ ਕਰੇ ਤਪ ਭਾਰੇ। ਕਰਹਿਂ ਦਗਧ ਈਂਧਨ ਸਮ ਸਾਰੇ॥ ੧੪॥

ਇਹ ਪਾਪੀ ਸਾਰੇ ਜਗ ਵਾਸਤੇ ਦੁਖਦਾਇਕ ਹੈ, ਇਹ ਹੁਣ ਖਤਮ ਹੋ ਜਾਵੇਗਾ ਤੇ ਫਿਰ ਕਦੀ ਵੀ ਇਸ ਦਾ ਤੇਜ ਵਧੇਗਾ ਨਹੀਂ। ਪਿਛਲੇ ਜਨਮ ਵਿਚ ਜਿਹੜੇ ਇਸ ਤਪ ਕੀਤੇ ਹਨ ਉਹ ਸਾਰੇ ਹੁਣ ਬਾਲਣ ਵਾਂਗ ਸਾੜ ਦੇਵਾਂਗੇ॥੧੪॥

ਸਾਹਿਬਜ਼ਾਦਾ ਅਬ ਲਖਨੌਰ। ਵਧਜੋ ਸਰੀਰ ਭਯੋ ਬਲ ਠੌਰ।
ਅਪਨੋ ਪੁਰਿ ਸੰਭਾਰਹੁ ਜਾਈ। ਨ੍ਰਿਭੈ ਬਸਹੁ ਤਹਿਂ ਚਿੰਤ ਨ ਕਾਈ॥ ੧੫॥

ਸਾਹਿਬਜ਼ਾਦਾ ਹੁਣ ਲਖਨੌਰ ਵਿਚ ਹੈ, ਹੁਣ ਉਸ ਦਾ ਸਰੀਰ ਵੱਧ ਗਿਆ ਹੈ ਤੇ ਬਲਵਾਨ ਹੋ ਗਿਆ ਹੈ। ਓਥੇ ਜਾ ਕੇ ਆਪਣੇ ਨਗਰ ਦੀ ਸੰਭਾਲ ਕਰੋ, ਉਥੇ ਜਾ ਕੇ ਨਿਰਭੈ ਹੋ ਕੇ ਵੱਸੋ, ਕਿਸੇ ਪ੍ਰਕਾਰ ਦੀ ਚਿੰਤਾ ਨਹੀਂ ਹੈ॥੧੫॥

ਸ਼ੁਭ ਅਨੰਦ ਪੁਰ ਅਧਿਕ ਬਸਾਵਹੁ। ਅਬ ਨ ਰਹਹੁ ਇਹਠਾਂ, ਚਲਿ ਜਾਵਹੁ।
ਇਹ ਸੰਦੇਸਾ ਭਨਹੁ ਹਮਾਰੋ। ਚਿੰਤਾ ਸ਼ੋਕ ਨ ਕਛੁ ਉਰਧਾਰੋ॥ ੧੬॥

ਸ਼ੁਭ ਅਨੰਦਪੁਰ ਨੂੰ ਚੰਗੀ ਤਰ੍ਹਾਂ ਵਸਾਵੋ। ਹੁਣ ਇਸ ਅਸਥਾਨ ਤੇ ਨਾ ਰਹੋ, ਅਨੰਦਪੁਰ ਚਲੇ ਜਾਵੋ। ਇਹ ਸਾਡਾ ਸੰਦੇਸ਼ਾ ਦੱਸੋ। ਚਿੰਤਾ ਸ਼ੋਕ ਕੁਝ ਵੀ ਹਿਰਦੇ ਵਿਚ ਧਾਰਨ ਨਾ ਕਰੋ॥੧੬॥

ਅੰਤ ਸਮਾ ਹਮਰੇ ਤਨ ਕੇਰਾ। ਕੇਤਿਕ ਦਿਵਸ ਪਹੂੰਚਯੋ ਨੇਰਾ।
ਆਨ ਥਾਨ ਭੀ ਤਜਿਬੋ ਤਨ ਕੋ। ਇਸ ਥਲ ਕਰਿ ਕੂਰਾ ਤੁਰਕਨ ਕੋ॥੧੭॥

ਸਾਡੇ ਸਰੀਰ ਦਾ ਅੰਤ ਸਮਾਂ ਕੁਝ ਹੀ ਦਿਨਾਂ ਵਿਚ ਨੇੜੇ ਆ ਗਿਆ ਹੈ। ਹੋਰ ਕਿਸੇ ਸਥਾਨ 'ਤੇ ਵੀ ਸਰੀਰ ਨੂੰ ਛੱਡਣਾ ਸੀ। ਇਸ ਸਥਾਨ ਵਿਖੇ ਸਰੀਰ ਛੱਡ ਕੇ ਤੁਰਕਾਂ ਨੂੰ ਝੂਠਾ ਕਰਾਂਗੇ॥੧੭॥

ਇਹ ਕਾਰਨ ਲਖਿ ਰਹਹੁ ਨਿਚਿੰਤ। ਕਸ਼ਟ ਨ ਧਾਰਹੁ ਰਿਦੈ ਕਦੰਤ।
ਨਿਕਸਹੁ ਅਬ ਤੁਮ ਲਖਹਿ ਨ ਕੋਈ'। ਸੁਨਤਿ ਸਿੱਖਜ ਤ੍ਰੈ ਗਮਨੇ ਸੋਈ॥੧੮॥

ਇਹ ਕਾਰਨ ਸਮਝ ਕੇ ਨਿਸ਼ਚਿੰਤ ਰਹੋ, ਹਿਰਦੇ ਵਿਚ ਕਦੀ ਵੀ ਦੁਖ ਨਾ ਧਾਰਨ ਕਰੋ। ਹੁਣ ਤੁਸੀਂ ਬਾਹਰ ਨਿਕਲ ਜਾਵੋ ਤਾਂਕਿ ਕੋਈ ਵੀ ਨਾ ਵੇਖੇ।'' ਇਹ ਸੁਣ ਕੇ ਤਿੰਨੇ ਸਿੱਖ ਨਿਕਲ ਕੇ ਚਲੇ ਗਏ॥੧੮॥

ਕਿਨਹੂੰ ਨ ਹੇਰੇ ਵਹਿਰ ਪਯਾਨੇ। ਹਰਖਤਿ ਹ੍ਵੈ ਕਰ ਛਿੱਪ੍ਰ ਸਿਧਾਨੇ।
ਨਿਕਸ ਗਏ ਤਾਰੇ ਪੁਨ ਭਿਰੇ। ਪ੍ਰਥਮ ਸਮਾਨ ਸਕਲ ਕੁਛ ਕਰੇ॥ ੧੯॥

ਬਾਹਰ ਜਾਂਦਿਆਂ ਨੂੰ ਕਿਸੇ ਨਾ ਵੇਖਿਆ, ਪ੍ਰਸੰਨ ਹੋ ਕੇ ਤੁਰਤ ਚਲੇ ਗਏ। ਜਦ ਉਹ ਬਾਹਰ ਚਲੇ ਗਏ ਤਾਂ ਤਾਲੇ ਫਿਰ ਲੱਗ ਗਏ, ਪਹਿਲਾਂ ਵਾਂਗ ਹੀ ਸਾਰੇ ਦਰਵਾਜ਼ੇ ਬੰਦ ਹੋ ਗਏ॥੧੯॥

ਜਨੁ ਮ੍ਰਿਤੁ ਕੇ ਮੁਖ ਤੇ ਨਿਕਸਾਏ। ਪੰਥ ਪਯਾਨਤਿ ਤੂਰਨ ਧਾਏ।
ਪਹੁੰਚੇ ਆਨਿ ਜਬਹਿ ਲਖਨੌਰ। ਦੇਖਤਿ ਗੁਰੁ ਕੁਟੰਬ ਤਿਸ ਠੌਰ॥ ੨੦॥

ਜਿਵੇਂ ਮੌਤ ਦੇ ਮੂੰਹ ਵਿਚੋਂ ਨਿਕਲੇ ਹੋਣ, ਰਾਹੋ-ਰਾਹ ਪੈਣ ਵਾਸਤੇ ਤੁਰਤ ਦੌੜ ਪਏ। ਜਦ ਲਖਨੌਰ ਆ ਕੇ ਪਹੁੰਚ ਗਏ ਤਾਂ ਉਥੇ ਉਨ੍ਹਾਂ ਗੁਰੂ-ਪਰਿਵਾਰ ਨੂੰ ਵੇਖਿਆ॥੨੦॥

ਤੀਨਹੁ ਬੰਦਨ ਕਰਿ ਢਿਗ ਬੈਸੇ। ਭਨਜੋਂ ਗੁਰੁ ਜਿਮ ਭਾਖਜੋ ਤੈਸੇ।
ਮਾਤ ਨਾਨਕੀ ਦੁਖ ਬਹੁ ਪਾਇ। ਬਾਰਿ ਬਾਰਿ ਬੂਝਹਿ ਪਛੁਤਾਇ॥ ੨੧॥

ਤਿੰਨੇ ਬੰਦਨਾ ਕਰਕੇ ਗੁਰੂ-ਪਰਿਵਾਰ ਪਾਸ ਬੈਠ ਗਏ ਤੇ ਉਸ ਤਰ੍ਹਾਂ ਕਿਹਾ ਜਿਵੇਂ ਗੁਰੂ ਜੀ ਨੇ ਕਿਹਾ ਸੀ। ਮਾਤਾ ਨਾਨਕੀ ਜੀ ਨੇ ਬਹੁਤ ਦੁਖ ਪਾਇਆ, ਬਾਰ-ਬਾਰ ਪੁੱਛ ਕੇ ਪਛਤਾਉਂਦੀ ਸੀ॥੨੧॥

'ਤੁਮ ਸਮ ਕਜੋਂ ਨਹਿੰ ਨਿਕਸਤ ਆਏ। ਤੁਰਕ ਕੈਦ ਮਹਿੰ ਕਜੋਂ ਦੁਖ ਪਾਏ'।
ਸੁਨਿ ਤੀਨਹੁ ਸਿੱਖਜਨਿ ਸਮੁਝਾਈ। 'ਕਹੈਂ ਕਿ ਅੰਤ ਸਮਾ ਨਿਯਰਾਈ॥੨੨॥

"ਤੁਹਾਡੇ ਵਾਂਗ ਗੁਰੂ ਜੀ ਕਿਉਂ ਨਿਕਲ ਕੇ ਨਹੀਂ ਆਏ ਹਨ, ਤੁਰਕ ਦੀ ਕੈਦ ਵਿਚ ਕਿਉਂ ਦੁਖ ਪਾਉਂਦੇ ਹਨ।" ਇਹ ਸੁਣ ਕੇ ਤਿੰਨਾਂ ਸਿੱਖਾਂ ਨੇ ਸਮਝਾਇਆ, "ਕਹਿੰਦੇ ਸਨ ਕਿ ਅੰਤ ਸਮਾਂ ਨੇੜੇ ਆ ਗਿਆ ਹੈ॥੨੨॥

ਇਹਾਂ ਤਜਾਗ ਤਨ ਕੂਰੋ ਕਰੈਂ। ਰਾਜ ਤੇਜ ਤੁਰਕਨ ਕੋ ਹਰੈਂ।
ਤੁਮ ਆਨੰਦਪੁਰਿ ਜਾਨੇ ਕਹਜੋ। ਨਿਜ ਪੁਰਿ ਬਸਹੁ, ਇਹੀ ਗੁਰ ਚਹਜੋ' ॥੨੩॥

ਏਥੇ ਤਨ ਛੱਡ ਕੇ ਤੁਰਕਾਂ ਨੂੰ ਝੂਠਾ ਕਰਾਂਗੇ ਤੇ ਉਨ੍ਹਾਂ ਦੇ ਰਾਜ ਅਤੇ ਤੇਜ ਨੂੰ ਖੋਹ ਲਵਾਂਗੇ। ਤੁਹਾਨੂੰ ਉਨ੍ਹਾਂ ਨੇ ਅਨੰਦਪੁਰ ਜਾਣ ਵਾਸਤੇ ਕਿਹਾ ਹੈ। ਆਪਣੇ ਨਗਰ ਵਿਚ ਵੱਸੋ, ਇਹੋ ਗੁਰੂ ਜੀ ਚਾਹੁੰਦੇ ਹਨ"॥੨੩॥

ਸਾਸੁ ਨੁਖਾ ਦੋਨਹੂੰ ਦੁਖ ਪਾਵੈਂ। ਕਹਾਂ ਕਰੀ ਗਤਿ ਸਤਿਗੁਰ ਧਜਾਵੈਂ।
ਬਾਲ ਸਰੂਪ ਕਹਜੋ ਗੁਰ ਪੂਰੇ। 'ਹੈ ਅਨੰਦ ਪੁਰਿ ਕੇਤਿਕ ਦੂਰੇ ?॥ ੨੪॥

ਨੂੰਹ-ਸੱਸ ਦੋਵੇਂ ਹੀ ਦੁਖ ਪਾ ਰਹੀਆਂ ਸਨ। ਸਤਿਗੁਰੂ ਜੀ ਨੂੰ ਯਾਦ ਕਰਦੀਆਂ ਸਨ ਤੇ ਕਹਿੰਦੀਆਂ ਸਨ, "ਇਹ ਕੀ ਗਤੀ ਕੀਤੀ ਹੈ।" ਬਾਲ ਸਰੂਪ ਪੂਰਨ ਗੁਰੂ ਜੀ ਨੇ ਕਿਹਾ, "ਅਨੰਦਪੁਰ ਸਾਹਿਬ ਏਥੋਂ ਕਿੰਨੀ ਦੂਰ ਹੈ ? ॥੨੪॥

ਤਹਿਂ ਰਮਣੀਕ ਥਾਨ ਕੈ ਨਾਂਹੀ। ਸਤਿਗੁਰ ਪੁਰਿ ਬਸਾਇ ਜਿਸ ਮਾਂਹੀ।
ਪਹੁੰਚਨਿ ਬਸਬੇ ਆਇਸੁ ਦੀਨਿ। ਤੌ ਹਮ ਜਾਇਂ ਤਹਾਂ ਹਿਤ ਕੀਨੈ ॥੨੫॥

ਉਥੇ ਰਮਣੀਕ ਸਥਾਨ ਹੈ ਕਿ ਨਹੀਂ, ਜਿੱਥੇ ਸਤਿਗੁਰੂ ਜੀ ਨੇ ਨਗਰ ਵਸਾਇਆ ਹੈ। ਜਿੱਥੇ ਪਹੁੰਚਣ ਅਤੇ ਵੱਸਣ ਦੀ ਆਗਿਆ ਦਿੱਤੀ ਹੈ। ਓਥੇ ਅਸੀਂ ਬੜੇ ਪ੍ਰੇਮ ਨਾਲ ਜਾਵਾਂਗੇ" ॥੨੫॥

ਦੋਨਹੁ ਮਾਤਨ ਸੌਂ ਕਹਿਂ ਬੈਨ। 'ਮਾਨਹੁ ਬਾਕ ਚਿੰਤ ਕੋ ਹੈ ਨ।
ਇਹਾਂ ਕਹਾਂ ਲਗਿ ਦੂਰ ਹਮ ਰਹੈਂ। ਪਿਤ ਕੋ ਪਲਟਾ ਲੈਬੇ ਚਹੈਂ॥ ੨੬॥

ਦੋਹਾਂ ਮਾਤਾਵਾਂ (ਭਾਵ ਦਾਦੀ ਜੀ ਅਤੇ ਮਾਤਾ ਜੀ) ਨੂੰ ਫਿਰ ਉਨ੍ਹਾਂ ਬਚਨ ਕਹੇ, "ਮੇਰੀ ਗੱਲ ਮੰਨੋ, ਚਿੰਤਾ ਵਾਲੀ ਕੋਈ ਗੱਲ ਨਹੀਂ ਹੈ, ਏਥੇ ਅਸੀਂ ਕਦ ਤਕ ਲੁਕ ਕੇ ਰਹਾਂਗੇ, ਅਸੀਂ ਆਪਣੇ ਪਿਤਾ ਜੀ ਦਾ ਬਦਲਾ ਲੈਣਾ ਚਾਹੁੰਦੇ ਹਾਂ॥੨੬॥

ਕਰੌਂ ਤੁਰਕ ਕੀ ਜਰਾਂ ਉਖਾਰਨਿ। ਮਾਰਨ ਕਰੌਂ ਜੰਗ ਰਚਿ ਦਾਰੁਨ।
ਅਬ ਲਖਨੌਰ ਬਿਖੈ ਨਹਿਂ ਬਸਨਾ। ਉਚਰਜੋ ਪਿਤਾ ਆਪ ਜੋ ਰਸਨਾ ॥੨੭॥

ਮੈਂ ਤੁਰਕਾਂ ਦੀਆਂ ਜੜ੍ਹਾਂ ਹੀ ਪੁੱਟ ਦੇਵਾਂਗਾ, ਭਿਆਨਕ ਜੰਗ ਦੀ ਰਚਨਾ ਕਰਕੇ ਵੈਰੀ ਨੂੰ ਮਾਰਾਂਗਾ। ਹੁਣ ਅਸੀਂ ਲਖਨੌਰ ਵਿਚ ਨਹੀਂ ਰਹਿਣਾ ਹੈ, ਜਿਵੇਂ ਪਿਤਾ ਜੀ ਨੇ ਆਪਣੇ ਮੁਖਾਰਬਿੰਦ ਤੋਂ ਕਿਹਾ ਹੈ" ॥੨੭॥

ਸੁਨਿ ਦ੍ਵੈ ਮਾਤਨ ਡਰ ਕੋ ਪਾਵੈਂ। ਬਹੁ ਬਿਧਿ ਕਹਿ ਸੁਤ ਕੋ ਸਮੁਝਾਵੈਂ।
ਇਸ ਬਿਧਿ ਕਹਹੁ ਨ ਕਿਸੈ ਸੁਨਾਵਹੁ। ਗਹਹਿਂ ਨ ਆਇ,ਥਿਰਹੁ ਇਸ ਥਾਵਹੁ ॥੨੮॥

ਇਹ ਸੁਣ ਕੇ ਦੋਵਾਂ ਮਾਤਾਂ ਨੇ ਡਰ ਉਪਜਾਇਆ, ਬਹੁਤ ਵਿਧੀਆਂ ਨਾਲ ਕਹਿ ਕੇ ਪੁੱਤਰ ਨੂੰ ਸਮਝਾਇਆ। ਇਸ ਵਿਧੀ ਨਾ ਕਹੋ ਤੇ ਨਾ ਕਿਸੇ ਨੂੰ ਸੁਣਾਵੋ, ਤੁਰਕ ਆ ਕੇ ਫੜ ਨਾ ਲੈਣ, ਇਸ ਕਰਕੇ ਇਸ ਥਾਂ ਹੀ ਠਹਿਰਾਂਗੇ॥੨੮॥

ਨਹਿਂ ਕੋ ਜਾਨਹਿਂ ਬਾਸ ਕਰੰਤੇ। ਬਸਹੁ ਇਕਾਕੀ ਥਲ ਸੁਖਵੰਤੇ'।
ਸੁਨਿ ਗੁਰ ਮਾਤਨ ਕੋ ਤਬ ਕਹੈ। 'ਪਿਤ ਬਚ ਪਰ ਹਮ ਨਿਸ਼ਚਾ ਅਹੈ ॥੨੯॥

ਕੋਈ ਇਹ ਨਹੀਂ ਜਾਣੇਗਾ ਕਿ ਕਿੱਥੇ ਵੱਸਦੇ ਹਾਂ, ਇਸ ਸੁਖੀ ਸਥਾਨ ਤੇ ਇਕੱਲੇ ਹੀ ਵੱਸੋ"। ਗੁਰੂ ਜੀ ਨੇ ਮਾਤਾਵਾਂ ਪਾਸੋਂ ਸੁਣ ਕੇ ਕਿਹਾ, "ਸਾਨੂੰ ਆਪਣੇ ਪਿਤਾ ਜੀ ਦੇ ਬਚਨਾਂ 'ਤੇ ਨਿਸ਼ਚਾ ਹੈ॥੨੯॥

ਕਹੈਂ ਸੁ ਹੋਇ ਭਵਿੱਖਤ ਮਾਂਹੀ। ਅਟਲ ਬਾਕ ਸੋ ਡੋਲਹਿ ਨਾਂਹੀ।
ਕਜੋਂ ਬਿਖਾਦ ਮਹਿਂ ਚਿੰਤਾ ਕਰੋ। ਹੁਇ ਕੱਲਜਾਨ ਰਿਦੈ ਨਹਿਂ ਡਰੋ ॥ ੩੦॥

ਜੋ ਉਹ ਕਹਿੰਦੇ ਹਨ, ਉਹ ਭਵਿੱਖ ਵਿਚ ਹੁੰਦਾ ਹੈ, ਉਨ੍ਹਾਂ ਦੇ ਅਟੱਲ ਬਚਨ ਹਨ, ਇਸ ਕਰਕੇ ਡੋਲੋ ਨਹੀਂ। ਕਿਉਂ ਦਿਲ ਛੋਟੇ ਕਰਕੇ ਚਿੰਤਾ ਕਰਦੇ ਹੋ। ਸੁਖ ਹੋਵੇਗਾ ਹਿਰਦੇ ਵਿਚ ਨਾ ਡਰੋ॥੩੦॥

ਸਕਲ ਕਲਾ ਸਮਰੱਥ ਉਦਾਰੇ। ਚਹੈਂ ਜੁ ਕਰੈਂ ਸੁ ਪਿਤਾ ਹਮਾਰੇ।
ਆਪਹਿ ਜਾਇ ਕੈਦ ਮਹਿਂ ਪਰੇ। ਆਪਹਿ ਤਨ ਤਜਿਬੇ ਉਰ ਧਰੇ ॥ ੩੧॥

ਸਤਿਗੁਰੂ ਜੀ ਮਹਾਨ ਸਰਬਕਲਾ ਸਮਰੱਥ ਹਨ, ਸਾਡੇ ਪਿਤਾ ਜੀ ਜੋ ਚਾਹੁਣ ਕਰ ਸਕਦੇ ਹਨ। ਆਪੇ ਜਾ ਕੇ ਕੈਦ ਵਿਚ ਪਏ ਹਨ, ਆਪ ਹੀ ਸਰੀਰ ਛੱਡਣਾ ਹਿਰਦੇ ਵਿਚ ਧਾਰਿਆ ਹੈ॥੩੧॥

ਸਭਿਕੇ ਅਹੈਂ ਸਹਾਇਕ ਸੋਇ। ਤਿਨ ਹਿਤ ਜਤਨ ਕਰਹਿ ਕਜਾ ਕੋਇ।
ਭੰਜਹਿਂ ਰਚਹਿਂ ਜਗਤ ਕਹੁ ਸਾਰੇ। ਤਿਨ ਆਗੈ ਕਜਾ ਤੁਰਕ ਬਿਚਾਰੇ ॥ ੩੨॥

ਉਹ ਸਾਰਿਆਂ ਦੇ ਸਹਾਇਕ ਹਨ, ਉਨ੍ਹਾਂ ਵਾਸਤੇ ਕੀ ਕੋਈ ਯਤਨ ਕਰ ਸਕਦਾ ਹੈ। ਉਹ ਸਾਰੇ ਜਗਤ ਨੂੰ ਮਾਰਨ ਵਾਲੇ ਅਤੇ ਪੈਦਾ ਕਰਨ ਵਾਲੇ ਹਨ। ਉਨ੍ਹਾਂ ਦੇ ਅੱਗੇ ਤੁਰਕ ਵਿਚਾਰੇ ਕੀ ਹਨ॥੩੨॥

ਏਕ ਬਾਕ ਤੇ ਨਾਸ਼ ਕਰੰਤੇ। ਪੀਰ ਅਮੀਰ ਨਹੀਂ ਉਬਰੰਤੇ।
ਤਿਨ ਹਿਤ ਚਿੰਤਾ ਕਰਹਿ ਉਪਾਇ। ਅਹੈ ਬਾਦ ਸੋ ਨਿਸ਼ਫਲ ਜਾਇ' ॥੩੩॥

ਇਕ ਵਾਕ ਨਾਲ ਸਭ ਨੂੰ ਨਾਸ਼ ਕਰ ਸਕਦੇ ਹਨ, ਮੀਰ ਪੀਰ ਉਨ੍ਹਾਂ ਅੱਗੇ ਨਹੀਂ ਉਥਰ ਸਕਦੇ। ਉਨ੍ਹਾਂ ਵਾਸਤੇ ਚਿੰਤਾ ਕਰਨਾ ਜਾਂ ਕੋਈ ਉਪਾਅ ਕਰਨਾ ਫਜ਼ੂਲ ਹੈ ਜੋ ਨਿਸਫਲ ਜਾਵੇਗਾ" ॥੩੩॥

ਇੱਤਯਾਦਿਕ ਬਹੁ ਕਹਿ ਸਮੁਝਾਈ। ਸੁਤ ਤੇ ਸੁਨਿ ਕੁਛ ਧੀਰਜ ਪਾਈ।
ਪਠੇ ਅਨੰਦਪੁਰ ਕੋ ਨਰ ਫੇਰ। ਵਾਹਿਨ ਹਿਤ ਮੰਗਵਾਵਨਿ ਕੇਰ॥ ੩੪॥

ਇਸ ਤਰ੍ਹਾਂ ਬਹੁਤ ਕਹਿ ਕੇ ਸਮਝਾਇਆ। ਮਾਤਾਵਾਂ ਨੇ ਸੁਣ ਕੇ ਕੁਝ ਧੀਰਜ ਪਾਇਆ। ਫਿਰ ਅਨੰਦਪੁਰ ਨੂੰ ਕੁਝ ਮਨੁੱਖ ਭੇਜੇ, ਕੁਝ ਵਾਹਣ ਮੰਗਵਾਉਣੇ ਚਾਹੁੰਦੇ ਸਨ॥੩੪॥

ਸ੍ਰੀ ਗੁਜਰੀ ਕਹਿ ਤਿਹ ਸਮਝਾਯੋ। 'ਮਮ ਭ੍ਰਾਤਾ ਸੰਗ ਦੇਹੁ ਅਲਾਯੋ।
ਏਕ ਤੁਰੰਗ ਮੋਲ ਬਡ ਕੇਰਾ। ਲੇ ਆਵਹੁ ਸ਼ਿੰਗਾਰਿ ਬਡੇਰਾ॥ ੩੫॥

ਮਾਤਾ ਗੁਜਰੀ ਜੀ ਨੇ ਉਨ੍ਹਾਂ ਮਨੁੱਖਾਂ ਨੂੰ ਕਹਿ ਕੇ ਸਮਝਾਇਆ, "ਮੇਰੇ ਭਾਈ ਸਾਹਿਬ ਨੂੰ ਕਹਿ ਦੇਣਾ, ਇਕ ਕੀਮਤੀ ਵੱਡਾ ਘੋੜਾ ਚੰਗੀ ਤਰ੍ਹਾਂ ਸ਼ਿੰਗਾਰ ਕੇ ਲੈ ਕੇ ਆਉਣ॥੩੫॥

ਬ੍ਰਿਖਭਨ ਜੋਰਹੁ ਸਜੰਦਨ ਆਨਹੁ। ਨਰ ਬ੍ਰਿੰਦਨ ਲੇ ਕਰਿ ਪ੍ਰਸਥਾਨਹੁ।
ਜਥਾ ਗੁਰਨ ਕੀ ਦਸ਼ਾ, ਸੁਨਾਵਹੁ। ਸੁਨਿ ਚਲਿ ਪਰਹੁ ਨਹੀਂ ਬਿਲਮਾਵਹੁ' ॥੩੬॥

ਬਲਦਾਂ ਨੂੰ ਜੋੜ ਕੇ ਰੱਥ ਲਿਆਵੋ ਤੇ ਹੋਰ ਮਨੁੱਖਾਂ ਨੂੰ ਨਾਲ ਲੈ ਕੇ ਆਵੋ। ਜਿਵੇਂ ਗੁਰੂ ਜੀ ਬਾਰੇ ਹਾਲਾਤ ਸੁਣੇ ਹਨ, ਉਹ ਸਾਰੇ ਸੁਣਾਓ, ਸੁਣ ਕੇ ਛੇਤੀ ਚਲ ਪਵੋ, ਦੇਰ ਨਾ ਲਾਵੋ" ॥੩੬॥

ਇੱਤਯਾਦਿਕ ਦੇ ਅਪਰ ਸੰਦੇਸੇ। ਰਿਦੇ ਬਿਸੂਰਤ ਕਸ਼ਟ ਬਿਸ਼ੇਸ਼ੇ।
ਸਤਿਗੁਰ ਕੀ ਦਿਸ਼ਿ ਚਿਤਵਤਿ ਘਨੀ। 'ਕਹਾਂ ਕਰੀ ਹੇ ਪ੍ਰਭੁ ਜਗ ਧਨੀ!' ॥੩੭॥

ਇਸ ਤਰ੍ਹਾਂ ਦੇ ਕਈ ਹੋਰ ਸੁਨੇਹੇ ਦਿੱਤੇ। ਹਿਰਦੇ ਵਿਚ ਝੂਰਦੇ ਸਨ ਤੇ ਬਹੁਤ ਦੁਖ ਅਨੁਭਵ ਕਰ ਰਹੇ ਸਨ। ਸਤਿਗੁਰੂ ਜੀ ਬਾਰੇ ਬਹੁਤ ਸੋਚ ਰਹੇ ਸਨ, "ਹੇ ਪ੍ਰਭੂ ਜਗਤ ਦੇ ਧਨੀ! ਇਹ ਤੁਸੀਂ ਕੀ ਕੌਤਕ ਰਚਿਆ ਹੈ!" ॥੩੭॥

ਸਾਸ ਨਿਕਟ ਦ੍ਰਿਗ ਤੇ ਜਲ ਛੋਰਤਿ। ਹੋਨਹਾਰ ਨਾਹਿਨ ਕੋ ਮੋਰਤਿ।
ਬ੍ਰਿਧਾ ਅਧਿਕ ਸੁਤ ਸੁਨਤਿ ਪ੍ਰਸੰਗ। ਸੰਕਟ ਦੀਰਘ ਬਯਾਪਤਿ ਅੰਗ॥ ੩੮॥

ਆਪਣੇ ਸੱਸ ਜੀ ਦੇ ਪਾਸ ਅੱਖਾਂ ਵਿਚ ਪਾਣੀ ਵਗਾਉਂਦੇ ਸਨ, ਹੋਣੀ ਨੂੰ ਕੋਈ ਮੋੜ ਨਹੀਂ ਸਕਦਾ। ਬਜ਼ੁਰਗ ਮਾਤਾ ਜੀ ਆਪਣੇ ਪੁੱਤਰ ਦੇ ਜਦ ਪ੍ਰਸੰਗ ਸੁਣਦੇ ਸਨ ਤਾਂ ਸਰੀਰ ਵਿਚ ਦੁਖ ਵਿਆਪਕ ਹੁੰਦਾ ਸੀ॥੩੮॥

ਢਿਗ ਮਸੰਦ ਜੇਠਾ ਸਮਝਾਵੈ। 'ਸਤਿਗੁਰੁ ਕਰਹਿਂ ਜਥਾ ਉਰ ਭਾਵੈ।
ਤਊ ਅੰਤ ਤਨ ਕੋ ਨਿਜ ਜਾਨਿ। ਤੁਰਕ ਤੇਜ ਕੋ ਚਾਹਤਿ ਹਾਨ॥ ੩੯॥

ਪਾਸ ਬੈਠਾ ਜੇਠਾ ਮਸੰਦ ਸਮਝਾਊਂਦਾ ਸੀ, "ਸਤਿਗੁਰੂ ਜੀ ਉਸ ਤਰ੍ਹਾਂ ਹੀ ਕਰਦੇ ਹਨ, ਜਿਵੇਂ ਉਨ੍ਹਾਂ ਦੇ ਦਿਲ ਨੂੰ ਭਾਉਂਦਾ ਹੈ। ਫਿਰ ਵੀ ਆਪਣੇ ਸਰੀਰ ਦਾ ਅੰਤ ਜਾਣਕੇ ਤੁਰਕਾਂ ਦੇ ਤੇਜ ਨੂੰ ਖਤਮ ਕਰਨਾ ਚਾਹੁੰਦੇ ਹਨ॥੩੯॥

ਤੁਮ ਕਹੁ ਹੋਤਿ ਸਨੇਹ ਘਨੇਰੇ। ਗੁਰ ਕੇ ਹਰਖ ਸ਼ੋਕ ਨਹਿਂ ਨੇਰੇ।
ਤਊ ਤਿਨਹੁ ਕੇ ਨਿਤ ਅਨੁਸਾਰੀ। ਰਹਿਬੋ ਆਛੀ ਰਿਦੈ ਬਿਚਾਰੀ॥ ੪੦॥

ਤੁਹਾਡੇ ਦਿਲ ਵਿਚ ਵੱਡਾ ਮੋਹ ਹੈ, ਪਰ ਦੁਖ-ਸੁਖ ਗੁਰੂ ਜੀ ਦੇ ਨੇੜੇ ਵੀ ਨਹੀਂ ਜਾਂਦੇ ਹਨ। ਫਿਰ ਵੀ ਸਦਾ ਉਨ੍ਹਾਂ ਦੀ ਆਗਿਆ ਅਨੁਸਾਰ ਰਹਿੰਦੇ ਹੋ, ਇਹ ਚੰਗੀ ਗੱਲ ਹਿਰਦੇ ਵਿਚ ਵਿਚਾਰੀ ਹੈ॥੪੦॥

ਤਿਨ ਸਥਾਨ ਅਬ ਸਾਹਿਬਜ਼ਾਦਾ। ਪ੍ਰਿਤਪਾਰਹੁ ਸਭਿ ਦੇ ਅਹਿਲਾਦਾ।
ਜਥਾ ਕਹੈਂ ਕਰੀਯਹਿ ਤਿਮ ਬਾਤੀ। ਦੇਖਤਿ ਰਹੀਅਹਿ ਸੀਤਲ ਛਾਤੀ' ॥੪੧॥

ਉਨ੍ਹਾਂ ਦੇ ਸਥਾਨ ਤੇ ਹੁਣ ਸਾਹਿਬਜ਼ਾਦਾ ਹੈ, ਸਭ ਪ੍ਰਕਾਰ ਦੇ ਅਨੰਦ ਦੇ ਕੇ ਉਨ੍ਹਾਂ ਦੀ ਪ੍ਰਿਤਪਾਲਨਾ ਕਰੋ। ਜਿਵੇਂ ਵੀ ਗੁਰੂ ਜੀ ਕਹਿੰਦੇ ਹਨ, ਉਸ ਤਰ੍ਹਾਂ ਹੀ ਸਭ ਕੁਝ ਕਰੋ ਤੇ ਠੰਡੀ ਛਾਤੀ ਕਰਕੇ ਵੇਖਦੇ ਰਹੋ ਜਿਵੇਂ ਹੁੰਦਾ ਹੈ' ॥੪੧॥

ਕਬ ਕਬ ਜੇਠਾ ਕਹਿ ਪਰਚਾਵੈ। ਸਕਲ ਬਿਧਿਨਿ ਕੀ ਸੇਵ ਕਮਾਵੈ।
ਅਪਰ ਕਥਾ ਲਖਨੌਰ ਜੁ ਕੀਨਿ। ਬਰਨਨ ਕਰੌਂ ਪ੍ਰੇਮ ਰਸ ਭੀਨ॥ ੪੨॥

ਕਦੀ-ਕਦੀ ਜੇਠਾ ਕਹਿ ਕੇ ਮਨ-ਪਰਚਾਉਂਦਾ ਸੀ ਤੇ ਸਭ ਪ੍ਰਕਾਰ ਦੀ ਸੇਵਾ ਕਮਾਉਂਦਾ ਸੀ। ਹੋਰ ਕਥਾ ਜਿਹੜੀ ਲਖਨੌਰ ਰਹਿ ਕੇ ਵਾਪਰੀ ਉਹ ਮੈਂ ਪ੍ਰੇਮ ਦੇ ਰਸ ਵਿਚ ਭਿੱਜ ਕੇ ਵਰਣਨ ਕਰਦਾ ਹਾਂ॥੪੨॥

*ਬਾਰ੍ਹਵੀਂ ਰਾਸ ਦਾ ਪਚਵੰਜਵਾਂ ਅਧਿਆਇ ਸਮਾਪਤ ਹੋਇਆ॥੫੫॥*

## *ਅਧਿਆਇ ਛਪੰਜਵਾਂ*

### *ਲਖਨੌਰ ਨਿਵਾਸ, ਭੀਖਣ ਸ਼ਾਹ ਦਾ ਮਿਲਣਾ*

*ਦੋਹਰਾ-* ਪ੍ਰਥਮ ਬਸੇ ਜੁਗ ਮਾਤ ਜੁਤਿ ਗੁਰੂ ਇਕਾਕੀ ਹੋਇ।
ਸੇਵਕ ਇਕ ਭੀ ਸੰਗ ਨਹਿਂ ਤਨ ਤੀਨਹੁ ਤਹਿਂ ਜੋਇ॥ ੧॥

ਪਹਿਲਾਂ ਦੋ ਮਾਤਾਵਾਂ ਸਹਿਤ ਗੁਰੂ ਜੀ ਇਕੱਲੇ ਲਖਨੌਰ ਵਿਚ ਰਹੇ। ਇਕ ਵੀ ਸੇਵਕ ਨਾਲ ਨਹੀਂ ਸੀ, ਦੋ ਮਾਤਾ ਜੀ ਤੇ ਇਕ ਗੁਰੂ ਜੀ, ਤਿੰਨੇ ਹੀ ਰਹੇ॥੧॥

*ਚੌਪਈ-* ਜੋ ਕੁਛ ਹੋਇ ਚਾਹਿ ਚਿਤ ਸੇਵਾ। ਜੇਠਾ ਕਰਹਿ ਜਾਨਿ ਗੁਰਦੇਵਾ।
ਇਕ ਦਿਜ ਭੋਜਨ ਆਨਿ ਬਨਾਵੈ। ਦੋਇ ਸਮੈ ਕਰਿ ਸ੍ਵਾਦ ਅਚਾਵੈ॥੨॥

ਜੋ ਕੁਝ ਵੀ ਚਿੱਤ ਵਿਚ ਸੇਵਾ ਦੀ ਚਾਹਤ ਹੁੰਦੀ ਸੀ, ਉਹ ਮਸੰਦ ਜੇਠਾ ਗੁਰਦੇਵ ਜਾਣ ਕੇ ਕਰਦਾ ਸੀ। ਇਕ ਬ੍ਰਾਹਮਣ ਆ ਕੇ ਭੋਜਨ ਤਿਆਰ ਕਰਦਾ ਸੀ, ਦੋਵੇਂ ਸਮੇਂ ਸਵਾਦੀ ਭੋਜਨ ਤਿਆਰ ਕਰਕੇ ਛਕਾਉਂਦਾ ਸੀ॥੨॥

ਦਿਨ ਮਹਿਂ ਤਹਿਂ ਗਨ ਬਾਲਿਕ ਮੇਲ। ਵਹਿਰ ਗ੍ਰਾਮ ਢਿਗ ਖੇਲਤਿ ਖੇਲ।
ਕਿੰਦੁਕ ਡੰਡਾ ਗਹਿ ਜੁਗ ਹਾਥ। ਫੈਂਕਹਿ ਦੂਰ ਮਾਰ ਕਰਿ ਨਾਥ॥ ੩॥

ਦਿਨ ਸਮੇਂ ਗੁਰੂ ਜੀ ਦਾ ਬਾਣੀਆਂ ਦੇ ਬਾਲਕਾਂ ਨਾਲ ਮੇਲ ਹੁੰਦਾ ਸੀ, ਬਾਹਰ ਪਿੰਡ ਦੇ ਪਾਸ ਖੇਡਾਂ ਖੇਡਦੇ ਸਨ। ਖੁੰਡੀ ਦੋਵਾਂ ਹੱਥਾਂ ਵਿਚ ਫੜ ਕੇ ਗੁਰੂ ਜੀ ਖਿੱਦੋ ਨੂੰ ਮਾਰ ਕੇ ਬਹੁਤ ਦੂਰ ਭੇਜ ਦਿੰਦੇ ਸਨ॥੩॥

ਬਾਲਿਕ ਧਾਇ ਗਹੈਂ ਤਹਿਂ ਗੇਰਹਿਂ। ਪੁਨ ਡੰਡਾ ਹਤਿ ਕਿੰਦੁਕ ਪ੍ਰੇਰਹਿਂ।
ਕਬਹੁੰ ਬ੍ਰਿਛਨ ਪਰ ਚਢਿ ਚਢਿ ਕੂਦਹਿਂ। ਹਾਰਹਿ ਬਾਲ ਤਾਂਹਿ ਦ੍ਰਿਗ ਮੂੰਦਹਿਂ ॥੪॥

ਬਾਲਕ ਭੱਜ ਕੇ ਫੜਦੇ ਸਨ, ਜਿੱਥੇ ਵੀ ਗੁਰੂ ਜੀ ਡੇਗਦੇ ਸਨ, ਗੁਰੂ ਜੀ ਫਿਰ ਖੂੰਡੀ ਮਾਰ ਕੇ ਖਿੱਦੋ ਨੂੰ ਭਜਾ ਦਿੰਦੇ ਸਨ। ਕਦੀ ਬ੍ਰਿਛਾਂ ਉੱਤੇ ਚੜ੍ਹ-ਚੜ੍ਹ ਛਾਲਾਂ ਮਾਰਦੇ ਸਨ। ਜਿਹੜਾ ਬਾਲਕ ਹਾਰ ਜਾਂਦਾ ਸੀ, ਉਸ ਦੀਆਂ ਅੱਖਾਂ ਤੇ ਪੱਟੀ ਬੰਨ੍ਹ ਦਿੰਦੇ ਸਨ॥੪॥

ਕਬਹੂੰ ਭਾਗ ਚਲਹਿਂ ਕਿਹ ਆਗੇ। ਅਧਿਕ ਭ੍ਰਮਾਵਹਿਂ ਹਾਥ ਨ ਲਾਗੇ।
ਕਬ ਦੁਇ ਦਿਸ਼ਿ ਬਾਲਿਕ ਸਭਿ ਹੋਇਂ। ਖੇਲਹਿਂ ਪਰੇ ਬੰਧ ਕਰਿ ਦੋਇ॥੫॥

ਕਦੀ ਕਿਸੇ ਦੇ ਅੱਗੇ ਹੋ ਕੇ ਭੱਜ ਜਾਂਦੇ ਸਨ, ਬਹੁਤ ਭਰਮਾਉਂਦੇ ਸਨ ਤੇ ਕਿਸੇ ਦੇ ਹੱਥ ਨਹੀਂ ਸੀ ਆਉਂਦੇ। ਕਦੀ ਦੋਵੀਂ ਪਾਸੀਂ ਸਾਰੇ ਬਾਲਕ ਹੋ ਜਾਂਦੇ ਸਨ ਤੇ ਦੋ ਕਤਾਰਾਂ ਬੰਨ੍ਹ ਕੇ ਖੇਡਦੇ ਸਨ॥੫॥

ਜੀਤ ਹਾਰ ਕੀ ਖੇਲ ਮਚਾਵਹਿਂ। ਧਾਵਹਿਂ ਏਕ ਓਜ ਕੋ ਲਾਵਹਿਂ।
ਇਕ ਐਂਚਹਿਂ ਇਕ ਛੂਟ ਕਰਿ ਜਾਵੈਂ। ਇਕ ਲਰ ਕਰਿ ਨਿਜ ਸਦਨ ਸਿਧਾਵੈਂ॥੬॥

ਜਿੱਤ ਹਾਰ ਦੀ ਖੇਡ ਮਚਾਉਂਦੇ ਸਨ। ਕਈ ਬਹੁਤ ਜ਼ੋਰ ਨਾਲ ਭੱਜਦੇ ਸਨ। ਕਈ ਖਿੱਚਦੇ ਸਨ, ਕਈ ਛੁਡਵਾ ਕੇ ਭੱਜ ਜਾਂਦੇ ਸਨ। ਕਈ ਲੜ ਕੇ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ॥੬॥

ਇਕ ਕੋ ਇਕ ਖਿਝਾਇ ਕਰਿ ਰੋਕਹਿਂ। ਇਮ ਖੇਲਤਿ ਜੇ ਲੋਕ ਬਿਲੋਕਹਿਂ
'ਕਿਸ ਛੱਤ੍ਰੀ ਕੋ ਬਾਲਿਕ ਅਹੈ। ਕਿਤਕ ਦਿਨਨ ਤੇ ਇਸ ਥਲ ਰਹੈਂ'॥੭॥

ਇਕ ਨੂੰ ਇਕ ਖਿਝਾ ਕੇ ਰੋਕਦਾ ਸੀ, ਇਸ ਤਰ੍ਹਾਂ ਖੇਡਦਿਆਂ ਨੂੰ ਜਿਹੜੇ ਲੋਕ ਗੁਰੂ ਜੀ ਨੂੰ ਵੇਖਦੇ ਸਨ। ਉਹ ਕਹਿੰਦੇ ਸਨ, "ਕਿਸੇ ਖੱਤਰੀ ਦਾ ਇਹ ਬਾਲਕ ਹੈ, ਕਈਆਂ ਦਿਨਾਂ ਤੋਂ ਇਸ ਸਥਾਨ 'ਤੇ ਰਹਿ ਰਿਹਾ ਹੈ"॥੭॥

ਪਰਚੈਂ ਬਾਲਿਕ ਬਿੰਦ ਮਝਾਰਾ। ਮਾਤ ਹਕਾਰਹਿ ਬਾਰੰਬਾਰਾ।
ਨਿਕਟ ਬਿਠਾਇ ਅਚਾਇ ਅਹਾਰੇ। 'ਘਰ ਮਹਿਂ ਬਿਰਹੁ, ਨ ਫਿਰਿ ਦਿਨ ਸਾਰੇ'॥੮॥

ਬਹੁਤ ਬਾਲਕ ਗੁਰੂ ਜੀ ਨਾਲ ਖੇਡ ਕੇ ਪ੍ਰਸੰਨ ਹੁੰਦੇ ਸਨ, ਮਾਤਾ ਜੀ ਉਨ੍ਹਾਂ ਨੂੰ ਬਾਰ-ਬਾਰ ਬੁਲਾਉਂਦੇ ਸਨ ਤੇ ਪਾਸ ਬਿਠਾ ਕੇ ਭੋਜਨ ਛਕਾਉਂਦੇ ਸਨ ਤੇ ਸਮਝਾਉਂਦੇ ਸਨ, "ਘਰ ਵਿਚ ਬੈਠੋ, ਸਾਰਾ ਦਿਨ ਫਿਰਦੇ ਨਾ ਰਿਹਾ ਕਰੋ"॥੮॥

ਬਰਜੇ ਰਹੈਂ ਨ, ਜਾਇਂ ਵਹਿਰ ਕੋ। ਬਾਲ ਬੁਲਾਵਹਿਂ ਖੇਲ ਠਹਿਰਕੋ।
ਪ੍ਰੇਮ ਧਰਹਿਂ ਸਗਰੇ ਚਲਿ ਆਵਹਿਂ। ਕ੍ਰੀੜਾ ਅਨਿਕ ਪ੍ਰਕਾਰ ਮਚਾਵਹਿਂ॥੯॥

ਪਰ ਗੁਰੂ ਜੀ ਵਰਜਣ ਨਾਲ ਰਹਿੰਦੇ ਨਹੀਂ ਸਨ, ਉਹ ਬਾਹਰ ਚਲੇ ਜਾਂਦੇ ਸਨ ਤੇ ਖੇਡਣ ਵਾਲੀ ਥਾਂ 'ਤੇ ਬਾਲਕਾਂ ਨੂੰ ਬੁਲਾਉਂਦੇ ਸਨ। ਪ੍ਰੇਮ ਧਾਰ ਕੇ ਸਾਰੇ ਬਾਲਕ ਚਲ ਕੇ ਆਉਂਦੇ ਸਨ, ਗੁਰੂ ਜੀ ਅਨੇਕ ਪ੍ਰਕਾਰ ਦੀ ਕ੍ਰੀੜਾ ਮਚਾਉਂਦੇ ਸਨ॥੯॥

ਸ਼ਾਹਿ ਭੀਖ ਜੋ ਪਟਣੇ ਗਯੋ। ਤੀਨ ਮਾਸ ਕੇ ਦਰਸਤਿ ਭਯੋ।
ਨਿਕਟ ਗ੍ਰਾਮ ਤਿਸ ਬਸਬੇ ਕੇਰਾ। ਜਹਾਂ ਪ੍ਰਿਥੋਦਕ ਤੀਰਥ ਹੇਰਾ॥੧੦॥

ਸਾਈਂ ਭੀਖਣ ਸ਼ਾਹ ਜਿਹੜੇ ਪਟਨੇ ਵਿਖੇ ਗਏ ਸਨ ਤੇ ਉਨ੍ਹਾਂ ਤਿੰਨਾਂ ਮਹੀਨਿਆਂ ਦੀ ਆਯੂ ਦੇ ਗੁਰੂ ਜੀ ਦੇ ਦਰਸ਼ਨ ਕੀਤੇ ਸਨ। ਉਸ ਦੀ ਰਿਹਾਇਸ਼ ਦਾ ਪਿੰਡ ਓਥੋਂ ਨੇੜੇ ਹੀ ਸੀ। ਜਿੱਥੇ ਪ੍ਰਿਥੂਦਕ ਨਾਮੀਂ ਤੀਰਥ ਹੈ, ਜਿਸ ਨੂੰ ਹੁਣ ਪਹੋਆ ਕਹਿੰਦੇ ਹਨ ਤੇ ਇਹ ਤੀਰਥ ਸਰਸਵਤੀ ਦਰਿਆ ਦੇ ਕਿਨਾਰੇ 'ਤੇ ਸਥਿਤ ਹੈ॥੧੦॥

ਤਹਿਂ ਤੇ ਤੀਨ ਕੋਸ ਤਿਸ ਜਾਨਹਿਂ। ਗ੍ਰਾਮ ਸਿਆਨਾ ਨਾਮ ਬਖਾਨਹਿਂ।
ਕਬ ਤਹਿਂ ਰਹੈ ਕਬਹਿ ਕੁਹਰਾਮ। ਸਿਮਰਤਿ ਨਿਤ ਖ਼ੁਦਾਇ ਕੋ ਨਾਮ ॥੧੧॥

ਉਸ ਸਥਾਨ ਤੋਂ ਤਿੰਨ ਕੋਹਾਂ ਤੇ ਭੀਖਣ ਸ਼ਾਹ ਦਾ ਸਿਆਣਾ ਨਾਮੀਂ ਪਿੰਡ ਜਾਣਿਆ ਜਾਂਦਾ ਹੈ। ਸਾਂਈਂ ਜੀ ਕਦੀ ਉਸ ਪਿੰਡ ਵਿਚ ਰਹਿੰਦੇ ਸਨ ਤੇ ਕਦੀ ਕੁਹਰਾਮ ਚਲੇ ਜਾਂਦੇ ਸਨ ਤੇ ਸਦਾ ਖ਼ੁਦਾ ਦੇ ਨਾਮ ਦਾ ਸਿਮਰਨ ਕਰਦੇ ਰਹਿੰਦੇ ਸਨ ॥੧੧॥

ਠਸਕਾ ਨਾਮ ਗ਼੍ਰਾਮ ਇਕ ਚੀਨੋ। ਕਿਸ ਤੁਰਕੇਸ਼ੁਰ ਨੇ ਤਿਸ ਦੀਨੋ।
ਚਾਹਤਿ ਚਿਤ ਬਖਸ਼ਾਵਨਿ ਕਾਜ। ਜਬਹਿ ਭਵਿੱਖਜਤ ਸਿੰਘਨ ਰਾਜ ॥੧੨॥

ਇਕ ਠਸਕਾ ਨਾਮ ਦਾ ਪਿੰਡ ਜਾਣਿਆ ਜਾਂਦਾ ਹੈ, ਕਿਸੇ ਤੁਰਕ ਬਾਦਸ਼ਾਹ ਨੇ ਉਨ੍ਹਾਂ ਨੂੰ ਦਿੱਤਾ ਸੀ। ਉਸ ਪਿੰਡ ਨੂੰ ਗੁਰੂ ਜੀ ਪਾਸੋਂ ਬਖਸ਼ਾਉਣਾ ਚਾਹੁੰਦੇ ਸਨ। ਜਦ ਭਵਿੱਖ ਵਿਚ ਸਿੰਘਾਂ ਦਾ ਰਾਜ ਆਵੇਗਾ ॥੧੨॥

ਨਹਿਂ ਛੀਨਹਿਂ ਸੋ ਦੇਗ ਜੁ ਮੋਰੀ। ਇਹੀ ਕਾਮਨਾ ਨਿਤ ਪ੍ਰਤਿ ਲੋਰੀ।
ਨਿਜ ਅਜ਼ਮਤ ਕਰਿ ਉਰ ਮਹਿਂ ਜਾਨੇ। ਦੇਗ਼ ਤੇਗ਼ ਕੇ ਧਨੀ ਮਹਾਨੇ ॥੧੩॥

ਉਹ ਇਸ ਪਿੰਡ ਨੂੰ ਖੋਹ ਨਾ ਲੈਣ, ਕਿਉਂਕਿ ਇਸ ਪਿੰਡ ਦੇ ਆਸਰੇ ਮੇਰਾ ਲੰਗਰ ਚਲਦਾ ਹੈ, ਇਹੀ ਕਾਮਨਾ ਸਦਾ ਚਾਹੁੰਦੇ ਸਨ। ਆਪਣੇ ਵਿਚ ਕਰਾਮਾਤ ਹੋਣ ਕਰਕੇ ਦਿਲ ਵਿਚ ਭਵਿੱਖ ਬਾਰੇ ਸਭ ਕੁਝ ਜਾਣਦਾ ਸੀ ਕਿ ਜਿਹੜੇ ਦੇਗ ਤੇਗ਼ ਦੇ ਮਹਾਨ ਧਨੀ ਹੋਣਗੇ ॥੧੩॥

ਮਮ ਸਮੀਪ ਆਏ ਲਖਨੌਰ। ਏਕ ਪੀਰ ਲੈ ਸੰਗੀ ਔਰ।
ਕਹੂੰ ਜਾਨਿ ਕੌ ਲੀਨਿ ਬਹਾਨਾ। ਪਹੁੰਚਜੋ ਆਹਿ ਗੁਰੂ ਜਿਸ ਥਾਨਾ ॥੧੪॥

ਉਹ ਮੇਰੇ ਨੇੜੇ ਹੀ ਲਖਨੌਰ ਵਿਚ ਆਏ ਹਨ। ਆਪਣੇ ਨਾਲ ਇਕ ਹੋਰ ਪੀਰ ਨੂੰ ਲੈ ਕੇ ਤੇ ਕਿਤੇ ਜਾਣ ਦਾ ਬਹਾਨਾ ਲਾ ਕੇ, ਉਥੇ ਆ ਪਹੁੰਚਿਆ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਖੇਡ ਰਹੇ ਸਨ ॥੧੫॥

ਕਿੰਦੁਕ ਕੋ ਡੰਡਾ ਹਤਿ ਪ੍ਰੇਰਹਿਂ। ਬਾਲਿਕ ਤੇ ਨ ਬੁਚਹਿ ਪੁਨ ਗੇਰਹਿਂ।
ਹੁਇ ਸਮੀਪ ਗਹਿ ਕਦਮ ਪਦਮ ਕੋ। ਸਿਜਦਾ ਕੁਨਦ ਅਨੰਦ ਸਦਮ ਕੋ ॥੧੫॥

ਗੁਰੂ ਜੀ ਖਿਦੋ ਨੂੰ ਖੂੰਡੀ ਮਾਰ ਕੇ ਭਜਾ ਦਿੰਦੇ ਸਨ, ਗੇਂਦ ਦੂਸਰੇ ਬਾਲਕਾਂ ਪਾਸੋਂ ਬੁੱਚੀ ਨਹੀਂ ਸੀ ਜਾਂਦੀ, ਡਿੱਗ ਪੈਂਦੀ ਸੀ। ਪੀਰ ਭੀਖਣ ਸ਼ਾਹ ਨੇ ਉਨ੍ਹਾਂ ਦੇ ਨੇੜੇ ਹੋ ਕੇ ਅਨੰਦ ਦੇ ਘਰ ਗੁਰੂ ਜੀ ਨੂੰ ਸਿਜਦਾ ਕੀਤਾ ॥੧੫॥

ਪੁਨ ਕਰ ਜੋਰਤਿ ਖਰੋ ਅਗਾਰੀ। ਕਰਿ ਤਰੀਫ ਬਹੁ ਅਰਜ਼ ਗੁਜ਼ਾਰੀ।
'ਧੰਨਭਾਗ ਮੈਂ ਹੋਇਸਿ ਆਜੂ। ਦਰਸੇ ਆਨਿ ਗ਼ਰੀਬ ਨਿਵਾਜੂ' ॥੧੬॥

ਫਿਰ ਹੱਥ ਜੋੜ ਕੇ ਅੱਗੇ ਖਲੋ ਗਏ ਤੇ ਫਿਰ ਸਿਫਤਾਂ ਕਰਕੇ ਬੇਨਤੀ ਕੀਤੀ, "ਮੈਂ ਅੱਜ ਵੱਡੇ ਭਾਗਾਂ ਵਾਲਾ ਹੋ ਗਿਆ ਹਾਂ, ਜਦ ਮੈਂ ਆ ਕੇ ਗ਼ਰੀਬ ਨਿਵਾਜ਼ ਗੁਰੂ ਜੀ ਦੇ ਦਰਸ਼ਨ ਕੀਤੇ ਹਨ" ॥੧੬॥

ਪਿਖਿ ਬਾਲਿਕ ਇਕਠੇ ਹੁਇ ਆਏ। ਨਿਜ ਸੰਗਨ ਜੁਤਿ ਭੇ ਸਮੁਦਾਏ।
ਸ਼ਾਹੁ ਭੀਖ ਕੁਛ ਕਹਿਬੋ ਚਾਹੀ। ਇਤ ਉਤ ਦੇਖੇ ਕਰਿ ਬਹੁਪਾਹੀ ॥੧੭॥

ਇਹ ਵੇਖ ਕੇ ਸਾਰੇ ਬਾਲਕ ਆ ਕੇ, ਸਾਰੇ ਸਾਥੀਆਂ ਸਹਿਤ ਇਕ ਥਾਂ ਇਕੱਠੇ ਹੋ ਗਏ। ਪੀਰ ਭੀਖਣ ਸ਼ਾਹ ਕੁਝ ਕਹਿਣਾ ਚਾਹੁੰਦਾ ਸੀ, ਪਰ ਜਦ ਬਹੁਤ ਲੜਕੇ ਪਾਸ ਆਏ ਵੇਖੇ ॥੧੭॥

ਲਿਏ ਉਠਾਇ ਆਪਨੀ ਗੋਦ। ਨਜਾਰੇ ਭਯੋ ਬਿਲੰਦ ਪ੍ਰਮੋਦ।
ਸਭਿਹਿਨਿ ਕੋ ਕਹਿ 'ਠਾਢੇ ਰਹੀਅਹਿ। ਅਬਹਿ ਛਿਪ੍ਰ ਆਵਹਿਂ, ਥਿਰ ਰਹੀਅਹਿ' ॥੧੮॥

ਤਾਂ ਬਾਲਕ ਗੁਰੂ ਜੀ ਨੂੰ ਆਪਣੀ ਗੋਦੀ ਵਿਚ ਚੁੱਕ ਲਿਆ ਤੇ ਵੱਖ ਹੋ ਕੇ ਬਹੁਤ ਪ੍ਰਸੰਨ ਹੋਇਆ। ਸਾਰਿਆਂ ਨੂੰ ਕਿਹਾ, "ਖੜੇ ਰਹੋ, ਅਸੀਂ ਛੇਤੀ ਆਉਂਦੇ ਹਾਂ, ਏਥੇ ਹੀ ਟਿਕੇ ਰਹੋ" ॥੧੮॥

ਸਭਿ ਤੇ ਦੂਰ ਖਰੇ ਤਬ ਹੋਇ। ਪਟ ਸੋਂ ਰਜ ਝਾਰਤਿ ਪਗ ਦੋਇ।
ਬੂਝਨ ਲਗਯੋ ਸਕਲ ਹੀ ਗਾਥ। 'ਦੁਸ਼ਟ ਤੁਰਕਪਤਿ ਦਿੱਲੀ ਨਾਥ ॥ ੧੯ ॥

ਫਿਰ ਸਭ ਤੋਂ ਦੂਰ ਜਾ ਕੇ ਖਲੋ ਗਏ ਤੇ ਕੱਪੜੇ ਨਾਲ ਦੋਵਾਂ ਪੈਰਾਂ ਉੱਤੇ ਲੱਗੀ ਮਿੱਟੀ ਨੂੰ ਝਾੜਿਆ ਤੇ ਸਾਰੀ ਗਾਥਾ ਪੁੱਛਣ ਲੱਗਾ, "ਦਿੱਲੀ ਦਾ ਬਾਦਸ਼ਾਹ ਵੱਡਾ ਦੁਸ਼ਟ ਹੈ॥੧੯॥

ਆਪ ਗਏ ਚਲਿ ਪਿਤਾ ਤੁਮਾਰੇ। ਪਰੇ ਜਾਇ ਤਿਸ ਕੈਦ ਮਝਾਰੇ।
ਛੂਟਹਿਂ ਕਿ ਨਹੀਂ ਕਹਾਂ ਗਤਿ ਹੋਇ ? ਚਹਹੁ ਸੁ ਕਰਹੁ ਬਿਲਮ ਨਹਿਂ ਕੋਇ ॥੨੦॥

ਉਥੇ ਤੁਹਾਡੇ ਪਿਤਾ ਜੀ ਆਪ ਚਲ ਕੇ ਗਏ ਹਨ ਤੇ ਉਸ ਦੀ ਕੈਦ ਵਿਚ ਜਾ ਪਏ ਹਨ। ਉਨ੍ਹਾਂ ਦਾ ਛੁਟਕਾਰਾ ਹੋਵੇਗਾ ਕਿ ਨਹੀਂ; ਕੌਣ ਗਤੀ ਨੂੰ ਜਾਣਦਾ ਹੈ, ਜੋ ਚਾਹੋ ਸੋ ਕਰ ਸਕਦੇ ਹੋ, ਇਸ ਵਿਚ ਕੋਈ ਦੇਰ ਨਹੀਂ ਲੱਗਣੀ॥੨੦॥

ਇਹ ਰਾਵਰਿ ਕਜਾ ਖੇਲ ਪਸਾਰਾ ? ਜਾਨ ਸਕਹਿ ਨਹਿਂ ਜਿਹ ਜਗ ਸਾਰਾ"।
ਅਜ਼ਮਤ ਜੁਤਿ ਪ੍ਰੇਮੀ ਤਿਹ ਜਾਨਾ। ਮਰਮ ਬਾਤ ਕੋ ਸਕਲ ਬਖਾਨਾ॥ ੨੧ ॥

ਇਹ ਆਪ ਜੀ ਦਾ ਹੀ ਕੀਤਾ ਸਾਰਾ ਖੇਲ ਪਸਾਰਾ ਹੈ, ਜਿਸ ਨੂੰ ਸਾਰਾ ਜਗ ਜਾਣ ਨਹੀਂ ਸਕਦਾ ਹੈ।" ਗੁਰੂ ਜੀ ਨੇ ਭੀਖਣ ਸ਼ਾਹ ਨੂੰ ਕਰਾਮਾਤ ਸਹਿਤ ਪ੍ਰੇਮੀ ਜਾਣਿਆ, ਅਸਲ ਗੱਲ ਦੇ ਸਾਰੇ ਭੇਦ ਨੂੰ ਗੁਰੂ ਜੀ ਨੇ ਕਹਿ ਦਿੱਤਾ॥੨੧॥

'ਸ੍ਰੀ ਨਾਨਕ ਕੀ ਦਾਤ ਬਿਸਾਲਾ। ਬਾਬਰ ਲੀਨਿ ਸੁ ਪੂਰਬ ਕਾਲਾ।
ਅਬ ਇਹੁ ਗਰਬ ਰਹਯੋ ਮਤਿ ਮੂਢਾ। ਸ਼ਰ੍ਹਾ ਚਲਾਵਨਿ ਹਠਹਿ ਅਰੂਢਾ ॥੨੨॥

"ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਵੱਡੀ ਦਾਤ ਸਭ ਤੋਂ ਪਹਿਲਾਂ ਬਾਬਰ ਨੇ ਪ੍ਰਾਪਤ ਕੀਤੀ ਸੀ। ਇਹ ਮੂਰਖ ਮੱਤ ਵਾਲਾ ਹੁਣ ਹੰਕਾਰ ਕਰ ਰਿਹਾ ਹੈ, ਸ਼ਰ੍ਹਾ ਚਲਾਉਣ ਦਾ ਹਠ ਕਰ ਰਿਹਾ ਹੈ॥੨੨॥

ਹਿੰਦੂ ਤੁਰਕ ਦੋਨ ਹੀ ਮਾਰੇ। ਪਰੰਪਰਾ ਕੋ ਧਰਮ ਬਿਗਾਰੇ।
ਪਿਤਾ ਹਮਾਰੇ ਦੇ ਕਰਿ ਸੀਸ। ਜਰਾਂ ਉਖਾਰਹਿਂ ਖਲ ਅਵਿਨੀਸ਼॥ ੨੩ ॥

ਹਿੰਦੂ ਤੁਰਕ ਦੋਵੇਂ ਇਸ ਨੇ ਮਾਰੇ ਹਨ, ਪਰੰਪਰਾਵਾਦੀ ਚਲੇ ਆ ਰਹੇ ਧਰਮ ਨੂੰ ਵਿਗਾੜ ਰਿਹਾ ਹੈ। ਸਾਡੇ ਪਿਤਾ ਜੀ ਸਿਰ ਦੇ ਕੇ ਇਸ ਮੂਰਖ ਬਾਦਸ਼ਾਹ ਦੀਆਂ ਜੜ੍ਹਾਂ ਪੁੱਟ ਦੇਣਗੇ॥੨੩॥

ਨਵੋਂ ਪੰਥ ਹਮ ਸਾਜਨਿ ਕਰੈਂ। ਤੇਜ ਰਾਜ ਕੋ ਤਿਨ ਮਹੁ ਧਰੈਂ।
ਇਸ ਕਾਰਨ ਤੇ ਸਤਿਗੁਰ ਗਏ। ਤਨ ਕੋ ਅੰਤ ਜਾਨਿ ਨਿਜ ਲਏ' ॥ ੨੪ ॥

ਅਸੀਂ ਹੁਣ ਨਵੇਂ ਪੰਥ ਦੀ ਸਿਰਜਣਾ ਕਰਾਂਗੇ ਤੇ ਉਸ ਪੰਥ ਵਿਚ ਰਾਜ ਦੇ ਤੇਜ ਨੂੰ ਧਰ ਦੇਵਾਂਗੇ। ਇਸ ਕਾਰਨ ਕਰਕੇ ਸਤਿਗੁਰੂ ਜੀ ਗਏ ਹਨ, ਆਪਣੇ ਸਰੀਰ ਦਾ ਅੰਤ ਹੋਣਾ ਜਾਣ ਲਿਆ ਹੈ" ॥੨੪॥

ਸੁਨਿ ਕਰਿ ਸ਼ਾਹੁ ਭੀਖ ਕਰ ਜੋਰੇ। 'ਮੈਂ ਰਾਵਰਿ ਕੇ ਚਰਨ ਨਿਹੋਰੇ।
ਅਚਲ ਰਹੇ ਜਗ ਟੂਕਰਾ ਮੋਰਾ। ਜਬ ਹੁਇ ਗੁਰੂ ਪੰਥ ਕੋ ਜੋਰਾ॥ ੨੫ ॥

ਇਹ ਸੁਣ ਕੇ ਭੀਖਣ ਸ਼ਾਹ ਨੇ ਦੋਵੇਂ ਹੱਥ ਜੋੜੇ, "ਆਪ ਜੀ ਦੇ ਚਰਨਾਂ ਦੇ ਦਰਸ਼ਨ ਕੀਤੇ ਹਨ। ਜਦ ਗੁਰੂ ਪੰਥ ਦਾ ਜ਼ੋਰ ਹੋ ਜਾਵੇ ਤਾਂ ਮੇਰਾ ਧਰਤੀ ਦਾ ਟੁਕੜਾ ਮੇਰੇ ਪਾਸ ਟਿਕਿਆ ਰਹੇ॥੨੫॥

ਰਿਦੇ ਕਾਮਨਾ ਰਹੈ ਹਮੇਸ਼। ਪੂਰਵਹੁ ਕਰੁਨਾ ਕਰਹੁ ਵਿਸ਼ੇਸ਼'।
ਸੁਨਿ ਗੁਰ ਸ੍ਰੀ ਮੁਖ ਗਿਰਾ ਉਚਾਰੀ। 'ਚਿਰੰਕਾਲ ਰਹਿ ਦੇਗ ਤੁਮਾਰੀ ॥ ੨੬ ॥

ਇਹ ਮੇਰੇ ਹਿਰਦੇ ਵਿਚ ਸਦਾ ਕਾਮਨਾ ਰਹੀ ਹੈ, ਵਿਸ਼ੇਸ਼ ਕਿਰਪਾ ਕਰਕੇ ਇਹ ਮੇਰੀ ਕਾਮਨਾ ਪੂਰੀ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤਾ, "ਬਹੁਤ ਲੰਮੇਂ ਸਮੇਂ ਤਕ ਤੁਹਾਡਾ ਲੰਗਰ ਕਾਇਮ ਰਹੇਗਾ ॥੨੬॥

ਜੋ ਤੇਰੇ ਟੁਕਰੇ ਕੋ ਖੋਵਹਿ। ਖੋਯੋ ਜਾਇ, ਸੁ ਨਹਿਂ ਥਿਰ ਹੋਵਹਿ।
ਪੰਥ ਹਮਾਰੇ ਮਹਿਂ ਬਹੁ ਰਹੈਂ। ਅਪਨਿ ਮਨੋਰਥ ਪੂਰਨ ਲਹੈਂ ॥ ੨੭ ॥

ਜਿਹੜਾ ਵੀ ਤੇਰੀ ਧਰਤੀ ਦੇ ਟੁਕੜੇ ਨੂੰ ਖੋਹਵੇਗਾ, ਟੁਕੜਾ ਖੋਹਿਆ ਜਾਵੇ ਤਾਂ ਖੋਹਣ ਵਾਲਾ ਸਥਿਰ ਨਹੀਂ ਹੋਵੇਗਾ। ਸਾਡੇ ਪੰਥ ਵਿਚ ਬਹੁਤ ਰਹਿਣਗੇ ਆਪਣਾ ਮਨੋਰਥ ਪੂਰਨ ਪ੍ਰਾਪਤ ਕਰਨਗੇ" ॥੨੭॥

ਸ਼ਾਹੁ ਭੀਖ ਸੁਨਿ ਹਰਖਜੋ ਘਨੋ। ਜਾਚਜੋ ਜਿਮ, ਤਿਮ ਹੀ ਸਭਿ ਬਨੋ।
ਬਾਤਨ ਕਰਤਿ, ਅੰਗ ਤੇ ਧੂਰ। ਪੌਂਛਤਿ ਰਹਜੋ ਪ੍ਰੇਮ ਕਰਿ ਭੂਰ ॥ ੨੮ ॥

ਭੀਖਣ ਸ਼ਾਹ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ, ਜਿਵੇਂ ਮੰਗਿਆ ਸੀ, ਉਸ ਤਰ੍ਹਾਂ ਹੀ ਬਣ ਗਿਆ, ਗੱਲਾਂ ਕਰਦਾ ਬਹੁਤ ਪ੍ਰੇਮ ਨਾਲ ਗੁਰੂ ਜੀ ਦੇ ਅੰਗਾਂ ਤੋਂ ਧੂੜ ਪੂੰਝਦਾ ਰਿਹਾ ॥੨੮॥

ਇੱਤਜਾਦਿਕ ਕੁਛ ਆਨ ਬਖਾਨਤਿ। ਗੋਦ ਉਠਾਏ ਤਿਤ ਕੋ ਆਨਤਿ।
ਹਾਥਨ ਸਾਥ ਪਲੋਸਤਿ ਚਰਨੰ। ਜਨ ਕੇ ਹਰਨ ਜਨਮ ਅਰ ਮਰਨੰ ॥ ੨੯ ॥

ਇਸ ਤਰ੍ਹਾਂ ਕਈ ਹੋਰ ਗੱਲਾਂ ਕੀਤੀਆਂ ਤੇ ਫਿਰ ਗੁਰੂ ਜੀ ਨੂੰ ਕੁੱਛੜ ਚੁੱਕ ਕੇ ਵਾਪਸ ਲੈ ਆਇਆ। ਹੱਥਾਂ ਦੇ ਨਾਲ ਚਰਨਾਂ ਨੂੰ ਪਲੋਸਦਾ ਸੀ, ਜਿਹੜੇ ਚਰਨ ਸੇਵਕਾਂ ਦੇ ਜਨਮ ਮਰਨ ਨਾਸ਼ ਕਰਨ ਵਾਲੇ ਹਨ ॥੨੯॥

ਜਹਿਂ ਬਾਲਿਕ ਮਹਿਂ ਖੇਲਤਿ ਆਗੇ। ਤਿਹ ਥਾਂ ਗੋਦ ਉਤਾਰਿ ਸੁਭਾਗੇ।
ਕਦਮ ਪਦਮ ਕੋ ਸਿਜਦਾ ਕੀਨਿ। ਰਿਦੇ ਧਜਾਨ ਸੋਈ ਧਰਿ ਲੀਨਿ ॥ ੩੦ ॥

ਜਿੱਥੇ ਗੁਰੂ ਜੀ ਬਾਲਕਾਂ ਵਿਚ ਖੇਡਦੇ ਸਨ, ਉਸ ਥਾਂ ਹੀ ਭਾਗਾਂ ਵਾਲੇ ਭੀਖਣ ਸ਼ਾਹ ਨੇ ਗੁਰੂ ਜੀ ਨੂੰ ਕੁੱਛੜ ਵਿਚੋਂ ਉਤਾਰ ਦਿੱਤਾ। ਫਿਰ ਚਰਨ ਕੰਵਲਾਂ 'ਤੇ ਸਿਜਦਾ ਕੀਤਾ ਤੇ ਹਿਰਦੇ ਵਿਚ ਓਹੀ ਧਿਆਨ ਧਾਰਨ ਕਰ ਲਿਆ ॥੩੦॥

ਗਮਨਜੋਂ ਬਹੁਰ ਆਪਨੇ ਥਾਨ। ਮਨ ਹੀ ਮਨ ਆਨੰਦ ਮਹਾਨ।
ਮੀਰ ਦੀਨ ਜੋ ਪੀਰ ਬਿਸਾਲਾ। ਰਹਜੋ ਨਿਹਾਰਤਿ ਥਿਰ ਤਿਸ ਕਾਲਾ ॥ ੩੧ ॥

ਫਿਰ ਆਪਣੇ ਸਥਾਨ ਤੇ ਚਲਾ ਗਿਆ ਤੇ ਮਨ ਹੀ ਮਨ ਵਿਚ ਮਹਾਨ ਅਨੰਦਿਤ ਹੋ ਗਿਆ। ਮੀਰ ਦੀਨ ਜਿਹੜਾ ਇਕ ਵੱਡਾ ਪੀਰ ਸੀ, ਉਹ ਉਸ ਸਥਾਨ ਤੇ ਖਲੋਤਾ ਉਸ ਸਮੇਂ ਇਹ ਸਭ ਕੁਝ ਵੇਖਦਾ ਰਿਹਾ ॥੩੧॥

ਰਿਦੈ ਸੰਦੇਹ ਬਿਲੰਦ ਉਠਾਵਾ। ਕਹਾਂ ਪੀਰ ਮਤਿ ਤੇ ਬਵਰਾਵਾ।
ਅਸਮੰਜਸ ਅਸ ਜਿਸਨੇ ਕੀਨਿ। ਨਹੀਂ ਤੁਰਕ ਸਹਿ ਸਕਹਿਂ ਪ੍ਰਬੀਨ ॥ ੩੨ ॥

ਉਸ ਨੇ ਆਪਣੇ ਹਿਰਦੇ ਵਿਚ ਵੱਡਾ ਸੰਦੇਹ ਕੀਤਾ, ਕੀ ਪੀਰ ਦਾ ਦਿਮਾਗ਼ ਫਿਰ ਗਿਆ ਹੈ, ਜਿਸ ਨੇ ਇਸ ਤਰ੍ਹਾਂ ਦੀ ਉਲਟੀ ਗੱਲ ਕੀਤੀ ਹੈ। ਇਸ ਨੂੰ ਕੋਈ ਚਤੁਰ ਤੁਰਕ ਬਰਦਾਸ਼ਤ ਨਹੀਂ ਕਰ ਸਕਦਾ ਹੈ ॥੩੨॥

ਮਿਲਿ ਜਬ ਚਲਜੋ ਪੰਥ ਮਹਿਂ ਕਹਜੋ। 'ਸੁਨਹੁ ਪੀਰ ! ਤੁਮ ਕੋ ਬਡ ਲਹਜੋ।
ਸਿਜਦਾ ਕਰਤਿ ਸਰਬ ਤੁਰਕਾਨਾ। ਜਾਨਹਿਂ ਅਜ਼ਮਤਵਾਨ ਮਹਾਨਾ ॥ ੩੩ ॥

ਪੀਰ ਮੀਰ ਦੀਨ ਜਦ ਭੀਖਣ ਸ਼ਾਹ ਨਾਲ ਮਿਲ ਕੇ ਰਾਹ ਵਿਚ ਚਲਿਆ ਤਾਂ ਕਹਿਣ ਲੱਗਾ, "ਹੇ ਪੀਰ ਜੀ ! ਸੁਣੋ ! ਸਾਰੇ ਤੁਰਕ ਤੁਹਾਨੂੰ ਵੱਡਾ ਜਾਣਦੇ ਹਨ ਤੇ ਤੁਹਾਨੂੰ ਸਿਜਦਾ ਕਰਦੇ ਹਨ, ਤੁਹਾਨੂੰ ਬਹੁਤ ਵੱਡੀ ਕਰਾਮਾਤ ਵਾਲਾ ਸਮਝਦੇ ਹਨ॥੩੩॥

ਕਹਾਂ ਕਰਜੋ ਅਬ ਹਿੰਦੂ ਬਾਲਿਕ। ਹੇਰਤਿ ਚਰਨ ਪਰਜੋ ਤਤਕਾਲਿਕ।
ਤੁਰਕ ਜਨਮ ਤੁਮ ਬੈਸ ਬਡੇਰੀ। ਲਖੀ ਨ ਮਨਤਾ ਹੈ ਬਡ ਮੇਰੀ' ॥ ੩੪ ॥

ਇਹ ਕੀ ਕੀਤਾ ਹੈ, ਹੁਣ ਇਕ ਹਿੰਦੂ ਬਾਲਕ ਵੇਖਦਿਆਂ ਹੀ ਤੁਰਤ ਉਸ ਦੇ ਚਰਨਾਂ ਤੇ ਢਹਿ ਪਏ ਹੋ। ਤੁਰਕ ਪਰਿਵਾਰ ਵਿਚ ਤੁਹਾਡਾ ਜਨਮ ਹੋਇਆ ਹੈ ਤੇ ਉਮਰ ਵੀ ਤੁਹਾਡੀ ਵਡੇਰੀ ਹੈ, ਇਹ ਵੀ ਨਹੀਂ ਜਾਣਿਆ ਹੈ ਕਿ ਮੇਰੀ ਵੱਡੀ ਮਾਨਤਾ ਹੈ" ॥੩੪॥

ਸ਼ਾਹੁ ਭੀਖ ਸੁਨਿ ਉੱਤਰ ਦੀਨਾ। 'ਤੁਮਨੇ ਨਹੀਂ ਭੇਵ ਕੁਛ ਚੀਨਾ।
ਸ੍ਰੀ ਨਾਨਕ ਗਾਦੀ ਪਰ ਜੋਇ। ਹੁਇ ਖ਼ੁਦਾਇ ਕੀ ਦਰਗਹਿ ਸੋਇ॥ ੩੫ ॥

ਇਹ ਸੁਣ ਕੇ ਭੀਖਣ ਸ਼ਾਹ ਨੇ ਉੱਤਰ ਦਿੱਤਾ, "ਤੁਸੀਂ ਕੁਝ ਵੀ ਭੇਦ ਨਹੀਂ ਪਹਿਚਾਣਿਆ ਹੈ। ਜਿਹੜਾ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉੱਤੇ ਬੈਠਦਾ ਹੈ, ਉਹ ਖ਼ੁਦਾ ਦੀ ਦਰਗਾਹ ਹੀ ਹੋ ਜਾਂਦਾ ਹੈ॥੩੫॥

ਜਬ ਸਭਿ ਪੀਰ ਪਹੁੰਚਹਿਂ ਜਾਇ। ਥਿਰਹਿਂ ਪੌਰ ਆਗੇ ਸਮੁਦਾਇ।
ਤਬ ਇਹ ਊਚੇ ਥਲ ਚਲਿਆਵੈਂ। ਸਭਿਹਿਨਿ ਕੋ ਨਿਜ ਦਰਸ ਦਿਖਾਵੈਂ॥੩੬॥

ਜਦ ਸਾਰੇ ਪੀਰ ਖ਼ੁਦਾ ਦੀ ਦਰਗਾਹ ਵਿਚ ਜਾ ਕੇ ਪਹੁੰਚਦੇ ਹਨ ਤਾਂ ਸਾਰੇ ਖ਼ੁਦਾ ਦੀ ਦਰਗਾਹ ਦੇ ਦਰਵਾਜ਼ੇ ਵਿਚ ਬੈਠ ਜਾਂਦੇ ਹਨ। ਤਦ ਇਹ ਉੱਚੇ ਸਥਾਨ ਤੋਂ ਚਲ ਕੇ ਆਉਂਦੇ ਹਨ ਤੇ ਸਾਰਿਆਂ ਨੂੰ ਆਪਣੇ ਦਰਸ਼ਨ ਵਿਖਾਉਂਦੇ ਹਨ॥੩੬॥

ਜਿਸ ਨੇ ਜੋ ਕਹਿਬੋ ਤਬ ਹੋਇ। ਇਨ ਸੋਂ ਕਹੈ, ਪੂਰ ਹੈਂ ਸੋਇ।
ਨਹਿਂ ਖ਼ੁਦਾਇ ਕਿਨ ਦੇਖਜੋ ਕਹਾਂ। ਇਹੀ ਰੂਪ ਕੈ ਔਰੈ ਅਹਾ॥ ੩੭ ॥

ਜਿਸ ਨੇ ਜੋ ਵੀ ਜਦ ਕਹਿਣਾ ਹੋਵੇ, ਉਹ ਪੂਰਨ ਕਰਦੇ ਹਨ। ਨਹੀਂ ਖ਼ੁਦਾ ਨੂੰ ਕਿਸੇ ਨੇ ਦੇਖਿਆ ਕਿ ਕਿੱਥੇ ਹੈ। ਇਹ ਰੂਪ ਹੈ ਜਾਂ ਕੋਈ ਖ਼ੁਦਾ ਦਾ ਕੋਈ ਹੋਰ ਰੂਪ ਹੈ॥੩੭॥

ਅਬ ਨਿਜ ਤਨ ਜੋ ਧਾਰਨਿ ਕੀਨਿ। ਦਰਸੇ ਤਹਾਂ ਜਨਮ ਜਹਿ ਲੀਨਿ।
ਹਿੰਦੂ ਤੁਰਕ ਰਹੇ ਜਗ ਦੋਇ। ਪਰਖੇ ਤਹਾਂ ਪਹੁੰਚਿ ਮੈਂ ਸੋਇ॥ ੩੮ ॥

ਹੁਣ ਜਿਹੜਾ ਨਿਜ ਸਰੀਰ ਧਾਰਨ ਕੀਤਾ ਹੈ ਜਿਹੜੇ ਜਨਮ ਲੈਂਦੇ ਹਨ, ਉਹ ਉਥੇ ਜਾ ਕੇ ਦਰਸ਼ਨ ਕਰਦੇ ਹਨ। ਹਿੰਦੂ ਤੁਰਕ ਜਗ ਵਿਚ ਦੋਵੇਂ ਰਹਿੰਦੇ ਹਨ, ਓਥੇ ਪਹੁੰਚਣ ਤੇ ਹੀ ਉਹ ਪਰਖੇ ਜਾਂਦੇ ਹਨ॥੩੮॥

ਧਰੀ ਕਾਮਨਾ ਅਬ ਮੈਂ ਆਇ। ਕੀਨਿ ਜਾਚਨਾ ਲੀਨਿ ਸੁ ਪਾਇ।
ਤਰੁਨ ਹੋਇ ਤਨ ਰਨ ਕੋ ਕਰੈਂ। ਤੇਜ ਤੁਰਕ ਗਨ ਕੋ ਸਭਿ ਹਰੈਂ॥ ੩੯ ॥

ਹੁਣ ਮੈਂ ਕਾਮਨਾ ਧਾਰ ਕੇ ਚਲ ਕੇ ਆਇਆ ਸੀ, ਜੋ ਮੰਗ ਕੀਤੀ ਸੀ ਉਹ ਪਾ ਲਈ ਹੈ। ਜਵਾਨ ਹੋ ਕੇ ਵੱਡੇ ਜੰਗ ਕਰਨਗੇ ਤੇ ਤੁਰਕਾਂ ਦੇ ਸਾਰੇ ਤੇਜ ਨੂੰ ਦੂਰ ਕਰ ਦੇਣਗੇ॥੩੯॥

ਦਿੱਲੀ ਅਰੁ ਲਵਪੁਰੀ ਮਝਾਰ। ਸਭਿ ਕੀ ਲੈਹੈਂ ਪਾਗ ਉਤਾਰ।
ਰਹਨਿ ਦੇਹਿਂ ਨਹਿਂ ਪਤਿ ਕਿਸ ਕੇਰ। ਕਰਹਿਂ ਧੂਲ ਜੋ ਸੈਲ ਉਚੇਰ॥ ੪੦ ॥

ਦਿੱਲੀ ਅਤੇ ਲਾਹੌਰ ਵਿਚ ਸਭ ਦੀ ਸਰਦਾਰੀ ਖੋਹ ਲੈਣਗੇ ਕਿਸੇ ਦੀ ਪੱਤ ਨਹੀਂ ਰਹਿਣ ਦੇਣਗੇ। ਜਿਹੜੇ ਪਹਾੜ ਵਾਂਗ ਆਪਣੇ ਆਪ ਨੂੰ ਉੱਚੇ ਸਮਝਦੇ ਹਨ, ਉਨ੍ਹਾਂ ਨੂੰ ਧੂੜ ਬਣਾ ਦੇਣਗੇ॥੪੦॥

ਨਿਜ ਟੂਕਰਾ ਬਖਸ਼ਾਵਨਿ ਗਯੋ। ਕ੍ਰਿਪਾ ਕਰੀ ਮੁਹਿ ਕੋ ਬਰ ਦਯੋ।
ਮੀਰ ਦੀਨ ਕੋ ਸਰਬ ਬ੍ਰਿਤਾਂਤ। ਕੀਨਿ ਸੁਨਾਵਨਿ ਹਰਖਤਿ ਗਾਤ॥ ੪੧ ॥

ਆਪਣਾ ਲੰਗਰ ਮੈਂ ਬਖਸ਼ਾਉਣ ਗਿਆ ਸੀ, ਕਿਰਪਾ ਕਰਕੇ ਮੈਨੂੰ ਵਰ ਦਿੱਤਾ ਹੈ।" ਇਸ ਤਰ੍ਹਾਂ ਮੀਰ ਦੀਨ ਨੂੰ ਸਾਰਾ ਬ੍ਰਿਤਾਂਤ ਬੜੇ ਪ੍ਰਸੰਨ ਹੋ ਕੇ ਪੀਰ ਭੀਖਣ ਸ਼ਾਹ ਨੇ ਸੁਣਾਇਆ॥੪੧॥

ਕਵਿ ਸੰਤੋਖ ਸਿੰਘ ਕ੍ਰਤਿ ਉਚਾਰੇ। ਤਿਸ ਕੋ ਗ੍ਰਾਮ ਸੁ ਨਿਕਟ ਹਮਾਰੇ।
ਚਹੁੰ ਦਿਸ਼ਿ ਸਿੰਘਨ ਰਾਜ ਬਡੇਰਾ। ਠਸਕਾ ਗ੍ਰਾਮ ਬੀਚ ਹਮ ਹੇਰਾ॥ ੪੨ ॥

ਕਵੀ ਸੰਤੋਖ ਸਿੰਘ ਕਹਿ ਕੇ ਉਚਾਰਨ ਕਰਦੇ ਹਨ, ਭੀਖਣ ਸ਼ਾਹ ਦਾ ਪਿੰਡ ਸਾਡੇ ਨੇੜੇ ਹੀ ਹੈ। ਉਸ ਦੇ ਚਾਰੇ ਪਾਸੇ ਸਿੰਘਾਂ ਦਾ ਵੱਡਾ ਰਾਜ ਹੈ, ਠਸਕੇ ਪਿੰਡ ਨੂੰ ਅਸੀਂ ਸਿੰਘਾਂ ਦੇ ਰਾਜ ਵਿਚ ਆਇਆ ਵੇਖਿਆ ਹੈ॥੪੨॥

ਸ਼ਾਹੁ ਭੀਖ ਕੇ ਰਹੇ ਫਕੀਰ। ਦੇਤਿ ਦੇਗ ਜੋ ਆਵਹਿ ਤੀਰ।
ਸਿੰਘ ਭੂਪ ਨਹਿਂ ਛੀਨਯੋ ਕਾਹੂ। ਰਹਯੋ ਤਿਨਹੁਂ ਢਿਗ ਸਭਿ ਕੇ ਮਾਂਹੂ॥ ੪੩ ॥

ਭੀਖਣ ਸ਼ਾਹ ਦੇ ਉਥੇ ਫਕੀਰ ਰਹਿੰਦੇ ਹਨ, ਜਿਹੜਾ ਵੀ ਉਨ੍ਹਾਂ ਦੇ ਪਾਸ ਆਉਂਦਾ ਹੈ, ਉਸ ਨੂੰ ਲੰਗਰ ਛਕਾਉਂਦੇ ਹਨ। ਕਿਸੇ ਸਿੰਘ ਰਾਜੇ ਨੇ ਉਨ੍ਹਾਂ ਦਾ ਪਿੰਡ ਨਹੀਂ ਖੋਹਿਆ ਹੈ, ਉਹ ਪਿੰਡ ਸਾਰੇ ਰਾਜਿਆਂ ਦੇ ਰਾਜ ਵਿਚ, ਉਨ੍ਹਾਂ ਫਕੀਰਾਂ ਦੇ ਪਾਸ ਹੀ ਰਿਹਾ ਹੈ॥੪੩॥

ਸ੍ਰੀ ਗੁਰੁ ਗੋਬਿੰਦ ਸਿੰਘ ਕੇ ਬੈਨ। ਜਗ ਮਹਿਂ ਅਟਲ, ਮਿਟਹਿਂ, ਕਿਮ ਹੈਨ।
ਸਭਿ ਸੰਗਤਿ ਗੁਰੁ ਸਿਮਰਨ ਕਰੋ। ਬਿਘਨ ਦੁਹੂੰ ਲੋਕਨਿ ਕੇ ਹਰੋ॥ ੪੪ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਜਗ ਵਿਚ ਅਟਲ ਹਨ, ਉਹ ਕਿਸੇ ਤਰ੍ਹਾਂ ਵੀ ਮਿੱਟ ਨਹੀਂ ਸਕਦੇ ਹਨ। ਸਾਰੀ ਸੰਗਤ ਗੁਰੂ ਜੀ ਦਾ ਸਿਮਰਨ ਕਰੇ ਤੇ ਦੋਹਾਂ ਲੋਕਾਂ ਦੇ ਵਿਘਨਾਂ ਨੂੰ ਦੂਰ ਕਰੋ॥੪੪॥

*ਬਾਰ੍ਹਵੀਂ ਰਾਸ ਦਾ ਛਪਵੰਜਵਾਂ ਅਧਿਆਇ ਸਮਾਪਤ ਹੋਇਆ॥੫੬॥*

## *ਅਧਿਆਇ ਸਤਵੰਜਵਾਂ*

*ਲਖਨੌਰ ਮਿੱਠਾ ਖੂਹ ਲਵਾਇਆ, ਮਾਮਾ ਜੀ ਆਏ*

ਦੋਹਰਾ- ਅਪਰ ਬਾਰਤਾ ਕਛੁ ਕਹੌਂ ਜਿਮ ਬੀਤੀ ਲਖਨੌਰ।
ਬਲ ਸਰੀਰ ਬ੍ਰਿੱਧਤਿ ਗੁਰੂ ਜੋ ਸਭ ਜਗ ਸਿਰਮੌਰ॥ ੧ ॥

ਕੁਝ ਹੋਰ ਵਾਰਤਾ ਕਹਿੰਦਾ ਹਾਂ, ਜਿਵੇਂ ਲਖਨੌਰ ਵਿਚ ਬੀਤੀ। ਸ੍ਰੀ ਗੁਰੂ ਜੀ, ਜਿਹੜੇ ਸਾਰੇ ਜਗਤ ਦੇ ਸ਼ਿਰੋਮਣੀ ਹਨ ਦਾ ਸਰੀਰ ਵੱਧ ਕੇ ਬਲਵਾਨ ਹੋ ਗਿਆ॥੧॥

ਚੌਪਈ- ਗ੍ਰਾਮ ਨਨੇੜੀ ਨਿਕਟਿ ਅਹੈ ਜਿਹ। ਘੋਘਾ ਨਾਮ ਮਸੰਦ ਬਸੈ ਤਹਿਂ।
ਪ੍ਰਥਮ ਗੁਰੂ ਜਬ ਤੀਰਥ ਗਏ। ਤਬ ਸੋ ਮਿਲਯੋ ਹੁਤੋ ਢਿਗ ਅਏ॥ ੨ ॥

ਨਨੇੜੀ ਨਾਮ ਦਾ ਪਿੰਡ ਨੇੜੇ ਹੀ ਹੈ ਜਿੱਥੇ ਘੋਘਾ ਨਾਮ ਦਾ ਮਸੰਦ ਰਹਿੰਦਾ ਹੈ। ਪਹਿਲਾਂ ਜਦ ਗੁਰੂ ਤੇਗ ਬਹਾਦਰ ਜੀ ਤੀਰਥਾਂ ਨੂੰ ਗਏ ਸਨ ਤਾਂ ਉਹ ਗੁਰੂ ਜੀ ਦੇ ਪਾਸ ਆ ਕੇ ਉਨ੍ਹਾਂ ਨੂੰ ਮਿਲਿਆ ਸੀ॥੨॥

ਕਿਤਿਕ ਸਮੇਂ ਰਹਿ ਸੰਗ ਗੁਜ਼ਾਰਾ। ਦਰਬ ਲੋਭ ਬਹੁ ਰਿਦੇ ਮਝਾਰਾ।
ਮਾਤਾ ਗੁਜਰੀ ਕੀ ਇਕ ਦਾਸੀ। ਸੇਵਾ ਕਰਤਿ ਰਹਤਿ ਨਿਤ ਪਾਸੀ॥ ੩ ॥

ਕਾਫੀ ਸਮਾਂ ਪਾਸ ਰਹਿ ਕੇ ਗੁਜ਼ਾਰਿਆ ਸੀ, ਉਸ ਦੇ ਹਿਰਦੇ ਵਿਚ ਧਨ ਵਾਸਤੇ ਬਹੁਤ ਲੋਭ ਸੀ। ਮਾਤਾ ਗੁਜਰੀ ਜੀ ਦੀ ਇਕ ਦਾਸੀ ਸੀ, ਜਿਹੜੀ ਮਾਤਾ ਜੀ ਦੇ ਪਾਸ ਰਹਿ ਕੇ ਨਿਤ ਸੇਵਾ ਕਰਦੀ ਸੀ॥੩॥

ਤਿਹ ਬਿਰਮਾਇ ਮੂਢ ਲੇ ਗਯੋ। ਪੁਨ ਪਾਛੇ ਪਛੁਤਾਵਤਿ ਭਯੋ।
ਜਬ ਲਖਨੌਰ ਗੁਰੂ ਚਲਿ ਆਏ। ਸੁਨਿ ਕਰਿ ਚਹਿਤ ਲੇਉਂ ਬਖਸ਼ਾਏ॥ ੪ ॥

ਮੂਰਖ ਉਸ ਦਾਸੀ ਨੂੰ ਭਰਮਾ ਕੇ ਲੈ ਗਿਆ, ਫਿਰ ਬਾਅਦ ਵਿਚ ਪਛੁਤਾਉਂਦਾ ਸੀ। ਜਦ ਗੁਰੂ ਗੋਬਿੰਦ ਸਿੰਘ ਜੀ ਚਲ ਕੇ ਆਏ ਤਾਂ ਉਨ੍ਹਾਂ ਬਾਰੇ ਸੁਣ ਕੇ ਇਹ ਚਾਹੁੰਦਾ ਸੀ ਕਿ ਆਪਣੇ ਆਪ ਨੂੰ ਬਖਸ਼ਾ ਲਵਾਂ॥੪॥

ਖੇਲਤਿ ਹੁਤੇ ਬ੍ਰਿੰਦ ਮਿਲਿ ਬਾਲਿ। ਤਹਾਂ ਆਨਿ ਦਰਸੇ ਤਤਕਾਲ।
ਹਾਥ ਜੋਰਿ ਨਿਜ ਅਰਜ਼ ਗੁਜ਼ਾਰੀ। 'ਮੈਂ ਮਸੰਦ ਨਿਤ ਗੁਰੁ ਅਨੁਸਾਰੀ॥ ੫ ॥

ਗੁਰੂ ਜੀ ਬਹੁਤ ਬਾਲਕਾਂ ਨਾਲ ਮਿਲ ਕੇ ਖੇਡ ਰਹੇ ਸੀ, ਉਥੇ ਆ ਕੇ ਤੁਰਤ ਉਨ੍ਹਾਂ ਦੇ ਦਰਸ਼ਨ ਕਰ ਲਏ। ਹੱਥ ਜੋੜ ਕੇ ਬੇਨਤੀ ਕੀਤੀ, "ਮੈਂ ਤੁਹਾਡਾ ਮਸੰਦ ਹਾਂ ਤੇ ਸਦਾ ਗੁਰੂ ਜੀ ਦੀ ਆਗਿਆ ਅਨੁਸਾਰ ਰਹਿੰਦਾ ਹਾਂ॥੫॥

ਆਪ ਬਾਸ ਕੀਨਸਿ ਲਖਨੌਰ। ਨਹਿਂ ਰਹਿਬੇ ਕੀ ਨੀਕੀ ਠੌਰ।
ਅਲਪ ਸਥਾਨ ਅਜਰ ਮਹਿਂ ਜਿਨ ਕੇ। ਕੋਠੇ ਛਤ ਛੋਟੇ ਥਲ ਤਿਨ ਕੇ॥ ੬ ॥

ਆਪ ਜੀ ਨੇ ਲਖਨੌਰ ਵਿਚ ਵਾਸਾ ਕੀਤਾ ਹੈ, ਇਹ ਰਹਿਣ ਵਾਸਤੇ ਚੰਗਾ ਸਥਾਨ ਨਹੀਂ ਹੈ। ਜਿਨ੍ਹਾਂ ਘਰਾਂ ਦੇ ਵਿਹੜਿਆਂ ਵਿਚ ਥੋੜੀਆਂ ਥੋੜੀਆਂ ਥਾਵਾਂ ਹਨ ਤੇ ਕੋਠੇ ਅਤੇ ਛੱਤਾਂ ਦੇ ਸਥਾਨ ਬਹੁਤ ਛੋਟੇ ਹਨ॥੬॥

ਮਮ ਘਰ ਮਹਿਂ ਕਰੁਨਾ ਕਰਿ ਚਲੋ। ਸਮਾ ਬਿਤਾਵਹੁ ਬਸਿ ਥਲ ਭਲੋ'।
ਸੁਨਿ ਗੁਰ ਕਹਤਿ 'ਭਾਉ ਉਰ ਤੇਰੇ। ਚਲਿ ਹੈਂ ਪ੍ਰਥਮ ਲੇਹਿਂ ਜਬ ਹੇਰੇ॥ ੭ ॥

ਕਿਰਪਾ ਕਰਕੇ ਮੇਰੇ ਘਰ ਚਲੋ, ਚੰਗੇ ਸਥਾਨ ਵਿਚ ਰਹਿ ਕੇ ਆਪਣਾ ਸਮਾਂ ਬਤੀਤ ਕਰੋ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਇਕ ਵਾਰ ਪਹਿਲਾਂ ਤੇਰਾ ਪ੍ਰੇਮ ਪਰਖ ਲਵਾਂਗੇ ਫਿਰ ਬਾਅਦ ਵਿਚ ਚਲਾਂਗੇ॥੭॥

ਬਿਨ ਅਸਵਾਰੀ ਹ੍ਵੈ ਨ ਪਯਾਨਾ। ਪਹੁੰਚਹਿਂ ਜਬਹੂੰ ਆਇ ਕਿਕਾਨਾ'।
ਇਮ ਬਹੁ ਬਾਰਿ ਆਇ ਕਰਿ ਪਾਸ। ਹਿਤ ਲੇ ਚਲਨਿ ਕਰਹਿ ਅਰਦਾਸ॥ ੮ ॥

ਘੋੜੇ ਦੀ ਸਵਾਰੀ ਬਗੈਰ ਜਾਇਆ ਨਹੀਂ ਜਾ ਸਕਦਾ, ਜਦੋਂ ਅਨੰਦਪੁਰ ਤੋਂ ਘੋੜਾ ਆ ਜਾਵੇਗਾ ਤਦ ਪਹੁੰਚਾਂਗੇ।" ਇਸ ਤਰ੍ਹਾਂ ਬਹੁਤ ਵਾਰ ਗੁਰੂ ਜੀ ਦੇ ਪਾਸ ਆਉਂਦਾ ਸੀ, ਤੇ ਲੈ ਜਾਣ ਵਾਸਤੇ ਬੇਨਤੀ ਕਰਦਾ ਸੀ॥੮॥

ਸਤਿਗੁਰ ਨਿਜ ਮਾਤਨ ਸੋ ਕਹੈਂ। 'ਇਕ ਮਸੰਦ ਕਹਿ, ਮਮ ਘਰ ਰਹੈ।
ਥਾਨ ਕੁਸ਼ਾਦ ਸਦਨ ਹੈ ਸੁੰਦਰ। ਲਿੰਪਨ ਬਨੇ ਵਹਿਰ ਅਰੁ ਅੰਦਰ'॥ ੯ ॥

ਸਤਿਗੁਰੂ ਜੀ ਆਪਣੀਆਂ ਮਾਤਾਵਾਂ ਨੂੰ ਕਹਿੰਦੇ ਸਨ, "ਇਕ ਮਸੰਦ ਕਹਿੰਦਾ ਹੈ ਕਿ ਮੇਰੇ ਘਰ ਵਿਚ ਰਹੋ, ਖੁਲ੍ਹਾ ਥਾਂ ਹੈ ਤੇ ਘਰ ਬੜਾ ਸੁੰਦਰ ਹੈ, ਬਾਹਰ ਅੰਦਰ ਸਾਰਾ ਲਿੰਬ ਕੇ ਬਣਾਇਆ ਹੋਇਆ ਹੈ"॥੯॥

ਸ੍ਰੀ ਗੁਜਰੀ ਨਹਿਂ ਜਾਨਹਿਂ ਤਾਂਹੀ। ਸੁਤ ਸਨ ਭਨਤਿ 'ਚਲਨਿ ਅਬ ਨਾਂਹੀ'।
ਇਮ ਕੇਤਿਕ ਦਿਨ ਬੀਤੇ ਜਬੈ। ਜਲ ਮੀਠੋ ਲਖਨੌਰ ਨ ਸਬੈ॥ ੧੦॥

ਮਾਤਾ ਗੁਜਰੀ ਜੀ ਉਸ ਨੂੰ ਜਾਣਦੀ ਨਹੀਂ ਸੀ, ਉਹ ਪੁੱਤਰ ਨੂੰ ਕਹਿੰਦੀ ਸੀ, "ਹੁਣ ਨਹੀਂ ਚਲਣਾ ਹੈ।" ਇਸ ਤਰ੍ਹਾਂ ਕਈ ਦਿਨ ਜਦ ਬੀਤ ਗਏ। ਸਾਰੇ ਲਖਨੌਰ ਵਿਚ ਕਿਸੇ ਵੀ ਖੂਹ ਦਾ ਪਾਣੀ ਮਿੱਠਾ ਨਹੀਂ ਸੀ॥੧੦॥

ਪਾਨ ਕਰਤਿ ਗੁਰ ਕੇਤਿਕ ਬਾਰੀ। ਕਹੈਂ 'ਅਹੈ ਖਾਰੀ ਇਹ ਬਾਰੀ।
ਆਛੋ ਸ੍ਵਾਦ ਨ ਪੀਵਨਿ ਬਿਖੈ। ਮਧੁਰ ਇਹਾਂ ਕੋ ਕੂਪ ਨ ਪਿਖੈਂ'॥ ੧੧॥

ਗੁਰੂ ਜੀ ਕਈ ਵਾਰ ਪਾਣੀ ਪੀਂਦੇ ਕਹਿੰਦੇ ਸਨ, "ਏਥੇ ਖੂਹਾਂ ਦਾ ਪਾਣੀ ਖਾਰਾ ਹੈ। ਪਾਣੀ ਪੀ ਕੇ ਸਵਾਦ ਨਹੀਂ ਆਉਂਦਾ ਹੈ, ਏਥੇ ਕੋਈ ਮਿੱਠੇ ਪਾਣੀ ਵਾਲਾ ਖੂਹ ਨਹੀਂ ਵੇਖਦੇ ਹਾਂ"॥੧੧॥

ਸੁਨਿ ਗੁਜਰੀ ਚਿਤ ਚਿੰਤ ਉਪਾਵੈ। 'ਅਸ ਨਹਿਂ ਹੋਹਿ ਅਪਰ ਥਲ ਜਾਵੈਂ'।
ਜੇਠੇ ਸੰਗ ਬੂਝਨਾ ਠਾਨੀ। 'ਨੀਕੋ ਅਹੈ ਕਿ ਨਹਿਂ ਕਿਤ ਪਾਨੀ?॥ ੧੨॥

ਮਾਤਾ ਗੁਜਰੀ ਜੀ ਸੁਣ ਕੇ ਚਿੱਤ ਵਿਚ ਚਿੰਤਾ ਕਰਦੇ ਸਨ, "ਐਸਾ ਨਾ ਹੋਵੇ ਕਿ ਕਿਸੇ ਹੋਰ ਸਥਾਨ 'ਤੇ ਜਾਣਾ ਪਵੇ।" ਜੇਠੇ ਮਸੰਦ ਨੂੰ ਉਹ ਪੁੱਛਣ ਲੱਗੇ, "ਏਥੇ ਕਿਸੇ ਖੂਹ ਦਾ ਪਾਣੀ ਚੰਗਾ ਹੈ ਕਿ ਨਹੀਂ?॥੧੨॥

ਰੁਚਹਿ ਨਹੀਂ ਇਹ ਸਾਹਿਬਜ਼ਾਦੇ। ਸਭਿ ਕੋ ਲਗਹਿ ਨਹੀਂ ਕੁਛ ਸ੍ਵਾਦੇ'।
ਜੋਰਿ ਹਾਥ ਤਿਨ ਭਨਯੋ ਸੁਨਾਈ।'ਕ੍ਰਿਪਾ ਤੁਮਾਰੀ ਜੇ ਹੁਇ ਜਾਈ॥ ੧੩॥

ਇਹ ਪਾਣੀ ਸਾਹਿਬਜ਼ਾਦੇ ਨੂੰ ਚੰਗਾ ਨਹੀਂ ਲੱਗਦਾ ਹੈ, ਸਾਰਿਆਂ ਨੂੰ ਵੀ ਕੁਝ ਸਵਾਦ ਨਹੀਂ ਲੱਗਦਾ ਹੈ।" ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਜੇ ਤੁਹਾਡੀ ਕਿਰਪਾ ਹੋ ਜਾਵੇ॥੧੩॥

ਭਨੋ ਬਾਕ ਤੇ ਮੀਠੋ ਹੋਇ। ਪਾਨ ਕਰਹਿ ਸ੍ਵਾਦਲ ਸਭਿ ਕੋਇ।
ਕਿਸੀ ਕੂਪ ਕੋ ਮਧੁਰ ਨ ਅਹੈ। ਇਹ ਬਿਨਤੀ ਸਗਰੇ ਨਰ ਕਹੈਂ'॥ ੧੪॥

ਤਾਂ ਇਕ ਬਚਨ ਕਹਿਣ ਨਾਲ ਵੀ ਮਿੱਠਾ ਹੋ ਜਾਣਾ ਹੈ। ਫਿਰ ਸਵਾਦੀ ਜਲ ਨੂੰ ਸਾਰੇ ਪੀਣਗੇ। ਏਥੇ ਕਿਸੇ ਵੀ ਖੂਹ ਦਾ ਪਾਣੀ ਮਿੱਠਾ ਨਹੀਂ ਹੈ, ਇਹ ਬੇਨਤੀ ਸਾਰੇ ਹੀ ਮਨੁੱਖ ਕਰਦੇ ਹਨ"॥੧੪॥

ਸੁਨਿ ਗੁਜਰੀ ਨਹਿਂ ਜਾਨਯੋ ਪਾਨੀ। ਨੰਦਨ ਦਿਸ਼ਿ ਤੇ ਚਿੰਤ ਮਹਾਨੀ।
ਬਹੁਰ ਗ੍ਰਾਮ ਕੇ ਜੇ ਨਰ ਨਾਰੀ। ਸਭਿ ਪੀਵਤਿ ਖਾਰੀ ਅਸ ਬਾਰੀ॥ ੧੫॥

ਇਹ ਸੁਣ ਕੇ ਮਾਤਾ ਗੁਜਰੀ ਜੀ ਨੇ ਜਾਣਿਆ ਕਿ ਕਿਸੇ ਵੀ ਖੂਹ ਦਾ ਪਾਣੀ ਮਿੱਠਾ ਨਹੀਂ ਹੈ ਤਾਂ ਪੁੱਤਰ ਵਾਲੇ ਪਾਸੇ ਤੋਂ ਉਨ੍ਹਾਂ ਮਹਾਨ ਚਿੰਤਾ ਧਾਰਨ ਕੀਤੀ। ਫਿਰ ਪਿੰਡ ਦੇ ਜਿਹੜੇ ਇਸਤਰੀ ਪੁਰਸ਼ ਸਨ, ਸਾਰੇ ਅਜਿਹਾ ਖਾਰਾ ਪਾਣੀ ਪੀਂਦੇ ਸਨ॥੧੫॥

ਕਹਿ ਜੇਠੇ ਕੋ ਪੰਚ ਬੁਲਾਏ। ਮਿਲਿ ਮਾਨਵ ਪਹੁੰਚੇ ਸਮੁਦਾਏ।
ਉਠ ਮਾਤਾ ਘਰ ਵਹਿਰ ਸਿਧਾਰੀ। ਅਵਨੀ ਤਹਾਂ ਸਮੀਪ ਨਿਹਾਰੀ॥ ੧੬॥

ਮਾਤਾ ਜੀ ਨੇ ਫਿਰ ਜੇਠੇ ਨੂੰ ਕਹਿ ਕੇ ਪਿੰਡ ਦੇ ਪੰਚ ਬੁਲਾਏ, ਸਾਰੇ ਮਨੁੱਖ ਮਿਲ ਕੇ ਪਹੁੰਚ ਗਏ। ਮਾਤਾ ਜੀ ਉੱਠ ਕੇ ਘਰ ਤੋਂ ਬਾਹਰ ਗਏ, ਨੇੜੇ ਹੀ ਉਥੇ ਧਰਤੀ ਵੇਖੀ॥੧੬॥

ਕਰ ਕੀ ਸ਼ਾਰਤ ਕਰਤਿ ਬਤਾਈ। 'ਨਿਕਸਹਿ ਜਲ ਮੀਠੋ ਇਸ ਥਾਈਂ।
ਕਰਿ ਉਪਾਇ ਕੋ ਲੇਹੁ ਨਿਕਾਸੀ। ਨਰ ਨਾਰਿਨ ਪੀਵਹਿਂ ਸੁਖਰਾਸੀ'॥ ੧੭॥

ਹੱਥ ਦਾ ਇਸ਼ਾਰਾ ਕਰਕੇ ਮਾਤਾ ਜੀ ਨੇ ਇਕ ਸਥਾਨ ਦੱਸਿਆ, "ਇਸ ਥਾਂ ਮਿੱਠਾ ਪਾਣੀ ਨਿਕਲੇਗਾ, ਉਪਾਅ ਕਰਕੇ ਖੂਹ ਪੁੱਟ ਲਵੋ, ਇਸਤਰੀ ਪੁਰਸ਼ ਮਿਲ ਕੇ ਸੁਖ ਦੇਣ ਵਾਲਾ ਪਾਣੀ ਪੀਣਾ" ॥੧੭॥

ਸੁਨਤਿ ਪੰਚ ਕਰ ਜੋਰਿ ਬਖਾਨੀ। 'ਨਿਸ਼ਚੇ ਇਹਾਂ ਮਧੁਰ ਹੁਇ ਪਾਨੀ।
ਬਾਕ ਆਪਕੇ ਨਿਸ਼ਫਲ ਨਾਂਹੀ। ਸਗਰੋ ਗ੍ਰਾਮ ਪਾਨ ਸੁਖ ਪਾਹੀ॥ ੧੮॥

ਇਹ ਸੁਣ ਕੇ ਪੰਚ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਨਿਸ਼ਚੇ ਕੂਪ ਵਿਚ ਏਥੇ ਮਿੱਠਾ ਪਾਣੀ ਹੋਵੇਗਾ। ਆਪ ਜੀ ਦੇ ਬਚਨ ਨਿਸਫਲ ਨਹੀਂ ਜਾ ਸਕਦੇ। ਸਾਰਾ ਨਗਰ ਸੁਖ ਨਾਲ ਪਾਣੀ ਪੀਵੇਗਾ॥੧੮॥

ਤਊ ਲਗਾਵਨਿ ਕੀ ਸਮਰੱਥ। ਤਬਹਿ ਬਨਹਿ ਜਬ ਧਨ ਹੁਇ ਹੱਥ।
ਕਰਹਿਂ ਬਟੋਰਨ ਸਭਿ ਤੇ ਜਬੈ। ਸਨੈ ਸਨੈ ਹੁਇ ਸਕ ਹੈ ਤਬੈ॥ ੧੯॥

ਫਿਰ ਵੀ ਖੂਹ ਲਵਾਉਣ ਦੀ ਸਮਰੱਥਾ ਤਦ ਹੀ ਬਣਦੀ ਹੈ, ਜਦ ਧਨ ਹੱਥ ਵਿਚ ਹੋਵੇ। ਜਦ ਸਭ ਪਾਸੋਂ ਧਨ ਇਕੱਠਾ ਕਰ ਲਵਾਂਗੇ, ਤਦ ਤਕ ਹੌਲੀ-ਹੌਲੀ ਹੀ ਇਹ ਕਾਰਜ ਹੋ ਸਕੇਗਾ॥੧੯॥

ਥੋਰੇ ਸਦਨ ਸੁ ਧਨ ਤੇ ਹੀਨ। ਅਬਹਿ ਕਹਾਂ ਕਰਿ ਸਕਹਿਂ ਜਿ ਦੀਨ'।
ਸ਼੍ਰੀ ਗੁਜਰੀ ਸੁਨਿ ਕਰੁਨਾ ਛਾਈ। ਸਭਿਨਿ ਸਾਥ ਇਮ ਕਹਜੋ ਬੁਝਾਈ॥ ੨੦॥

ਥੋੜੇ ਘਰ ਜੋ ਧਨਹੀਣ ਹਨ, ਉਨ੍ਹਾਂ ਗਰੀਬਾਂ ਪਾਸੋਂ ਹੁਣ ਧਨ ਕਿਵੇਂ ਲੈ ਸਕਦੇ ਹਾਂ।" ਇਹ ਸੁਣ ਕੇ ਮਾਤਾ ਗੁਜਰੀ ਜੀ ਕਿਰਪਾ ਨਾਲ ਭਰ ਗਏ, ਸਾਰਿਆਂ ਨੂੰ ਕਹਿ ਕੇ ਇਸ ਤਰ੍ਹਾਂ ਸੁਣਾਇਆ॥੨੦॥

'ਲਗਜੋ ਕੂਪ ਆਗੇ ਕੋ ਇਹਾਂ। ਬੀਤਜੋ ਸਮਾ ਪਿਛਾਰੀ ਮਹਾਂ।
ਪੂਰਜੋ ਗਯੋ ਮ੍ਰਿੱਤਕਾ ਸਾਥ। ਇਕ ਮਿਹਨਤ ਕੀਜਹਿ ਨਿਜ ਹਾਥ॥ ੨੧॥

"ਪਹਿਲਾਂ ਵੀ ਇਸ ਥਾਂ ਇਕ ਖੂਹ ਲੱਗਾ ਸੀ, ਉਸ ਨੂੰ ਬਣਾਏ ਹੋਏ ਨੂੰ ਬਹੁਤ ਲੰਮਾ ਸਮਾਂ ਬੀਤ ਗਿਆ ਹੈ। ਉਹ ਮਿੱਟੀ ਨਾਲ ਪੂਰਿਆ ਗਿਆ ਸੀ। ਕੇਵਲ ਹੱਥਾਂ ਨਾਲ ਇਕ ਮਿਹਨਤ ਹੀ ਕਰਨੀ ਪੈਣੀ ਹੈ॥੨੧॥

ਗਾਹਕ ਬ੍ਰਿੰਦ ਆਜ ਲਗਿ ਜੱਯੈ। ਕਰਿ ਤੂਰਨਤਾ ਸਕਲ ਖਨੱਯੈ।
ਮਧੁਰ ਨੀਰ ਕੋ ਸੁਖ ਸਭਿ ਪਾਓ। ਮਮ ਨੰਦਨ ਕੋ ਪ੍ਰਥਮ ਪਿਆਓ॥ ੨੨॥

ਅੱਜ ਹੀ ਬਹੁਤ ਕਿਸਾਨ ਲੱਗ ਜਾਵੇ, ਤੁਰਤ ਸਾਰੇ ਖੂਹ ਨੂੰ ਪੁੱਟ ਲਵੋ। ਮਿੱਠਾ ਪਾਣੀ ਪੀ ਕੇ ਸਾਰੇ ਸੁਖ ਪਾਵੋ ਤੇ ਮੇਰੇ ਪੁੱਤਰ ਨੂੰ ਸਭ ਤੋਂ ਪਹਿਲਾਂ ਪਿਆਓ॥੨੨॥

ਤਜਾਰ ਤਿਹਾਵਲ ਕਰਿ ਅਬ ਲਜਾਓ। ਕਰਿ ਅਰਦਾਸ ਬ੍ਰਿੰਦ ਬਰਤਾਓ।
ਸ਼੍ਰੀ ਨਾਨਕ ਜੀ ਹੋਇਂ ਸਹਾਇ। ਸਿਮਰਹੁ ਨਾਮ ਬਿਘਨ ਗਨ ਜਾਇਂ' ॥੨੩॥

ਹੁਣ ਕੜਾਹ ਪ੍ਰਸ਼ਾਦਿ ਤਿਆਰ ਕਰਕੇ ਲਿਆਵੋ ਤੇ ਅਰਦਾਸ ਕਰਕੇ ਸਭ ਵਿਚ ਵਰਤਾ ਦੇਵੋ। ਸ੍ਰੀ ਗੁਰੂ ਨਾਨਕ ਦੇਵ ਜੀ ਸਹਾਇਤਾ ਕਰਨਗੇ, ਉਨ੍ਹਾਂ ਦਾ ਨਾਮ ਸਿਮਰਨ ਨਾਲ ਸਭ ਵਿਘਨ ਦੂਰ ਹੋ ਜਾਂਦੇ ਹਨ" ॥੨੩॥

ਸੁਨਿ ਸਭਿ ਕੇ ਚਿਤ ਚੌਂਪ ਬਡੇਰੀ। ਚਹਤਿ ਬਿਲੋਕਜੋ ਗਨ ਤਿਸ ਬੇਰੀ।
ਜਿਮ ਮਾਤਾ ਸੁਭ ਬਾਤ ਬਖਾਨੀ। ਮਿਲਿ ਪੰਚਨ ਨਰ ਗਨ ਤਿਮ ਠਾਨੀ॥੨੪॥

ਇਹ ਸੁਣ ਕੇ ਸਾਰਿਆਂ ਦੇ ਚਿੱਤ ਉਤਸ਼ਾਹ ਨਾਲ ਭਰ ਗਏ, ਸਾਰੇ ਉਸ ਸਮੇਂ ਵੇਖਣਾ ਚਾਹੁੰਦੇ ਸਨ। ਜਿਵੇਂ ਮਾਤਾ ਜੀ ਨੇ ਗੱਲ ਕਹੀ ਸੀ, ਪੰਚ ਅਤੇ ਮਨੁੱਖ ਮਿਲ ਕੇ ਉਸ ਤਰ੍ਹਾਂ ਕਰਨਾ ਚਾਹੁੰਦੇ ਸਨ॥੨੪॥

ਪੰਚਾਂਮ੍ਰਿਤ ਤਤਕਾਲ ਕਰਾਇ। ਭਨਿ ਅਰਦਾਸ ਦੀਨਿ ਬਰਤਾਇ।
ਨਾਮ ਸਿਮਰ ਸ਼੍ਰੀ ਨਾਨਕ ਕੇਰਾ। ਖਨਨ ਲਗੇ ਨਰ ਗਨ ਤਿਸ ਬੇਰਾ॥ ੨੫॥

ਕੜਾਹ ਪ੍ਰਸ਼ਾਦਿ ਤੁਰਤ ਤਿਆਰ ਕਰਵਾਇਆ ਤੇ ਅਰਦਾਸ ਕਰਕੇ ਸਭ ਵਿਚ ਵਰਤਾ ਦਿੱਤਾ, ਉਸ ਸਮੇਂ ਬਹੁਤ ਮਨੁੱਖ ਪੁਟਵਾਈ ਕਰਨ ਲੱਗੇ॥੨੫॥

ਮ੍ਰਿਤਕਾ ਕੇਤਿਕ ਜਬਹਿ ਨਿਕਾਰੀ। ਖਨਤਿ ਕੂਪ ਕੀ ਮਣਹਿ ਨਿਹਾਰੀ।
ਮੁਦਤ ਭਏ ਸਭਿ ਖੋਦਨ ਕਰੇ। ਕੋ ਨਿਕਾਸਿ ਮਾਟੀ ਕੋ ਧਰੇ॥ ੨੬॥

ਜਦ ਕਾਫੀ ਮਿੱਟੀ ਬਾਹਰ ਕੱਢ ਲਈ ਤੇ ਪੁਟਦਿਆਂ ਖੂਹ ਦੀ ਪੁਰਾਣੀ ਮਣ ਦਿਖਾਈ ਦਿੱਤੀ। ਸਾਰੇ ਬਹੁਤ ਪ੍ਰਸੰਨ ਹੋਏ ਤੇ ਸਾਰੇ ਪੁੱਟਣ ਲੱਗ ਗਏ। ਕੋਈ ਮਿੱਟੀ ਕੱਢ ਕੇ ਬਾਹਰ ਧਰਦਾ ਸੀ॥੨੬॥

ਸਕਲ ਗ੍ਰਾਮ ਕੇ ਨਰ ਮਿਲਿ ਗਏ। ਤੂਰਨ ਕਾਰ ਕਰਤਿ ਸੋ ਭਏ।
ਦਿਵਸ ਤੀਸਰੇ ਕੀਨਸਿ ਤਯਾਰੀ। ਨਿਕਸਯੋ ਮਧੁਰ ਤਬਹਿ ਬਰ ਬਾਰੀ॥੨੭॥

ਸਾਰੇ ਪਿੰਡ ਦੇ ਮਨੁੱਖ ਮਿਲ ਗਏ, ਤੁਰਤ ਸਾਰੇ ਕਾਰ ਕਰ ਰਹੇ ਸਨ। ਤੀਸਰੇ ਦਿਨ ਖੂਹ ਤਿਆਰ ਹੋ ਗਿਆ, ਫਿਰ ਖੂਹ ਵਿਚੋਂ ਸ੍ਰੇਸ਼ਟ ਮਿੱਠਾ ਪਾਣੀ ਨਿਕਲਿਆ॥੨੭॥

ਸਤਿਗੁਰ ਕੇ ਸਮੀਪ ਲੈ ਆਏ। ਪਾਨ ਕੀਨਿ ਆਛੇ ਹਰਖਾਏ।
ਬਹੁਰ ਅਖਿਲ ਨਰ ਪੀਯਸਿ ਪਾਨੀ। ਮਹਿੰਮਾ ਮਾਨੀ ਮਹਦ ਮਹਾਂਨੀ॥੨੮॥

ਪਾਣੀ ਕੱਢ ਕੇ ਫਿਰ ਸਤਿਗੁਰੂ ਜੀ ਦੇ ਪਾਸ ਲੈ ਆਏ, ਉਹ ਪਾਣੀ ਪੀ ਕੇ ਬਹੁਤ ਪ੍ਰਸੰਨ ਹੋਏ। ਫਿਰ ਸਾਰੇ ਮਨੁੱਖਾਂ ਨੇ ਪਾਣੀ ਪੀਤਾ ਤੇ ਸਤਿਗੁਰੂ ਜੀ ਦੀ ਮਹਾਨ ਵੱਡੀ ਮਹਿਮਾਂ ਮੰਨੀ॥੨੮॥

ਗੁਰੂ ਕੋ ਕੂਪ ਨਾਮ ਤਿਸ ਭਯੋ। ਅਬ ਲਗਿ ਅਹੈ ਜਲ ਥਿਯੋ।
ਮਾਤੁਲ ਕੀ ਪ੍ਰਤੀਖਨਾ ਧਰਿਤੇ। ਕਬ ਆਵਹਿਂ ਚਲਿ ਆਨੰਦ ਪੁਰਿ ਤੇ॥੨੯॥

'ਗੁਰੂ ਦਾ ਖੂਹ' ਉਸ ਦਾ ਨਾਮ ਪੈ ਗਿਆ, ਹੁਣ ਤਕ ਉਸ ਖੂਹ ਦਾ ਪਾਣੀ ਮਿੱਠਾ ਹੈ। ਗੁਰੂ ਜੀ ਆਪਣੇ ਮਾਮਾ ਜੀ ਦੀ ਉਡੀਕ ਕਰ ਰਹੇ ਸਨ, ਸੋਚਦੇ ਸਨ ਉਹ ਕਦੋਂ ਆਉਣ ਤਾਂ ਅਨੰਦਪੁਰ ਜਾਈਏ॥੨੯॥

ਹਯ ਆਦਿਕ ਸਾਮਿੱਗ੍ਰੀ ਲਯਾਵੈਂ। ਤਬ ਅਖੇਰ ਕੋ ਵਹਿਰ ਸਿਧਾਵੈਂ।
ਪਿਖਹਿਂ ਠੌਰ ਲਖਨੌਰ ਚੁਕੋਦ। ਚਢਹਿਂ ਕਿਕਾਨ ਕੁਦਾਇ ਸਮੋਦ॥ ੩੦॥

ਘੋੜੇ ਅਤੇ ਹੋਰ ਸਮੱਗਰੀ ਏਥੇ ਲੈ ਕੇ ਆਉਣ, ਤਦ ਸ਼ਿਕਾਰ ਖੇਡਣ ਬਾਹਰ ਜਾਇਆ ਕਰਾਂਗੇ। ਲਖਨੌਰ ਪਿੰਡ ਦੇ ਚਾਰੇ ਪਾਸੇ ਫਿਰ ਕੇ ਵੇਖਾਂਗੇ। ਘੋੜੇ ਉੱਤੇ ਚੜ੍ਹ ਕੇ ਉਸ ਨੂੰ ਕੁਦਾਵਾਂਗੇ॥੩੦॥

ਬੂਝਹਿਂ ਮਾਤਨ ਕੋ ਬਹੁ ਬਾਰੀ। 'ਕਬ ਆਵਹਿਂ ਮਾਤੁਲ ਹਿਤਕਾਰੀ?'।
ਸੁਨਿ ਦਿਨ ਗਿਨਹਿ ਜਨਨਿ ਪਰਚਾਵੈ। 'ਬਾਜ ਸਾਜ ਸਾਜਤਿ ਬਿਲਮਾਵੈ॥੩੧॥

ਆਪਣੀਆਂ ਮਾਤਾਵਾਂ ਨੂੰ ਬਹੁਤ ਵਾਰ ਪੁੱਛਦੇ ਸਨ, "ਸਾਡੇ ਹਿਤੂ ਮਾਮਾ ਜੀ ਕਦ ਆਉਣਗੇ?" ਇਹ ਸੁਣ ਕੇ ਮਾਤਾ ਜੀ ਦਿਨ ਗਿਣ ਕੇ ਗੁਰੂ ਜੀ ਨੂੰ ਪਰਚਾਉਂਦੀਆਂ ਸਨ, "ਘੋੜੇ ਤੇ ਹੋਰ ਸਾਜੋ-ਸਾਮਾਨ ਲੈ ਕੇ ਤੁਰਤ ਆ ਜਾਣਗੇ॥੩੧॥

ਹਿਤ ਤੁਮਰੇ ਸੁੰਦਰ ਕਰਿਵਾਇ। ਬਸਤ੍ਰ ਸ਼ਸਤ੍ਰ ਆਨਹਿਂ ਸਮੁਦਾਇ।
ਅਬ ਨਹਿਂ ਬਿਲਮ,ਆਜ ਕੈ ਕਾਲੀ। ਪਹੁੰਚਯੋ ਲਖਹੁ ਸੁ ਆਇ ਉਤਾਲੀ॥੩੨॥

ਤੁਹਾਡੇ ਵਾਸਤੇ ਬਹੁਤ ਸੁੰਦਰ ਵਸਤਰ, ਸ਼ਸਤਰ ਤਿਆਰ ਕਰਵਾ ਕੇ ਲਿਆਉਣਗੇ। ਹੁਣ ਕੋਈ ਦੇਰ ਨਹੀਂ ਹੈ ਅੱਜ ਜਾਂ ਕੱਲ੍ਹ ਪਹੁੰਚੇ ਸਮਝੋ, ਉਹ ਛੇਤੀ ਹੀ ਆ ਜਾਣਗੇ"॥੩੨॥

ਇਮ ਪ੍ਰਤੀਖਤੇ ਚਲਿ ਕਰਿ ਆਯੋ। ਵਸਤੁ ਸਕਲ ਗੁਰ ਕੇ ਹਿਤ ਲਜਾਯੋ।
ਉਤਰਿ ਤੁਰੰਗ ਤੇ ਬੰਦਨ ਠਾਨੀ। ਜੁਗ ਮਾਤਨ ਕੋ ਨਮੋ ਬਖਾਨੀ॥ ੩੩ ॥

ਇਸ ਤਰ੍ਹਾਂ ਇੰਤਜ਼ਾਰ ਕਰਦਿਆਂ, ਗੁਰੂ ਜੀ ਦੇ ਮਾਮਾ ਜੀ ਚਲ ਕੇ ਆ ਗਏ। ਉਹ ਗੁਰੂ ਜੀ ਵਾਸਤੇ ਸਭ ਵਸਤਾਂ ਲੈ ਕੇ ਆਏ। ਘੋੜੇ ਤੋਂ ਉੱਤਰ ਕੇ ਬੰਦਨਾ ਕੀਤੀ ਤੇ ਦੋਹਾਂ ਮਾਤਾਵਾਂ ਜੀ ਨੂੰ ਨਮਸਕਾਰ ਕੀਤੀ॥੩੩॥

ਮੁਦਤ ਗੁਰੂ ਮਾਤੁਲ ਕੋ ਮਿਲੇ। ਬੂਝਿ ਅਨੰਦ ਪੁਰਿ ਕੀ ਸੁਧਿ ਭਲੇ।
'ਪਿਤ ਕੋ ਹੁਕਮ ਭਯੋ ਤਹਿਂ ਜਾਨੇ। ਕਿਤਿਕ ਦਿਵਸ ਮਹੁਂ ਕਰਹਿਂ ਪਯਾਨੇ॥੩੪॥

ਬੜੇ ਪ੍ਰਸੰਨ ਹੋ ਕੇ ਗੁਰੂ ਜੀ ਆਪਣੇ ਮਾਮਾ ਜੀ ਨੂੰ ਮਿਲੇ ਤੇ ਅਨੰਦਪੁਰ ਦੀ ਭਲੀ ਪ੍ਰਕਾਰ ਖ਼ਬਰ ਪੁੱਛੀ, "ਸਾਡੇ ਪਿਤਾ ਜੀ ਦਾ ਉਥੇ ਜਾਣ ਦਾ ਹੁਕਮ ਹੋਇਆ ਹੈ, ਕੁਝ ਦਿਨਾਂ ਵਿਚ ਉਥੇ ਚਲੇ ਜਾਵਾਂਗੇ॥੩੪॥

ਇਸੀ ਹੇਤੁ ਬੁਲਵਾਇਸਿ ਤੋਹੀ। ਪਿਖਨ ਦੇਸ਼ ਅਭਿਲਾਖਾ ਮੋਹੀ'।
ਕਹ੍ਯੋ ਕ੍ਰਿਪਾਲ ਕ੍ਰਿਪਾਲਹਿ ਸੰਗ। 'ਬਰਤੇ ਬਡੇ ਗੁਰੂ ਕਿਸ ਰੰਗ॥ ੩੫॥

ਇਸੇ ਵਾਸਤੇ ਤੁਹਾਨੂੰ ਬੁਲਾਇਆ ਹੈ, ਉਸ ਦੇਸ਼ ਨੂੰ ਵੇਖਣ ਦੀ ਮੇਰੀ ਬਹੁਤ ਅਭਿਲਾਸ਼ਾ ਹੈ।" ਭਾਈ ਕ੍ਰਿਪਾਲ ਚੰਦ ਨੇ ਗੁਰੂ ਜੀ ਨੂੰ ਪੁੱਛਿਆ, "ਵੱਡੇ ਗੁਰੂ ਜੀ ਨੇ ਕਿਸ ਰੰਗ ਵਿਚ ਵਰਤਾਰਾ ਕੀਤਾ ਹੈ॥੩੫॥

ਹਮ ਸਭਿਹਿਨਿ ਕੌ ਤਜਿ ਕਰਿ ਗਏ। ਕੈਦ ਤੁਰਕ ਕੀ ਪ੍ਰਾਪਤਿ ਭਏ।
ਮਹਾਂ ਦੁਸ਼ਟ ਇਹ ਨੌਰੰਗ ਪਾਪੀ। ਪ੍ਰਭੁ ਸੰਤਨ ਕੋ ਕੁਟਿਲ ਪ੍ਰਤਾਪੀ॥ ੩੬॥

ਸਾਨੂੰ ਸਾਰਿਆਂ ਨੂੰ ਛੱਡ ਕੇ ਚਲੇ ਗਏ ਹਨ ਤੇ ਤੁਰਕ ਬਾਦਸ਼ਾਹ ਦੀ ਕੈਦ ਵਿਚ ਜਾ ਪਏ ਹਨ। ਇਹ ਨੌਰੰਗਾ ਪਾਪੀ ਮਹਾਂ ਦੁਸ਼ਟ ਹੈ। ਪ੍ਰਭੂ ਦੇ ਸੰਤਾਂ ਨੂੰ ਬਹੁਤ ਦੁਖ ਦੇਣ ਵਾਲਾ ਹੈ॥੩੬॥

ਹਮ ਕਿਸਹੂੰ ਕੋ ਭੇਦ ਨ ਦੀਨਾ। ਔਚਕ ਪੰਥ ਆਗਰੇ ਲੀਨਾ।
ਜੇ ਤੁਰਕੇਸ਼ੁਰ ਕਰਤਿ ਖੁਟਾਈ। ਜੰਗਲ ਦੇਸ਼ ਸਿੱਖ ਸਮੁਦਾਈ॥ ੩੭॥

ਸਾਨੂੰ ਕਿਸੇ ਨੂੰ ਆਪਣਾ ਭੇਦ ਨਹੀਂ ਦਿੱਤਾ ਹੈ, ਅਚਾਨਕ ਆਗਰੇ ਸ਼ਹਿਰ ਦਾ ਰਾਹ ਫੜ ਲਿਆ। ਜੇ ਤੁਰਕ ਬਾਦਸ਼ਾਹ ਖੋਟ ਕਰਦਾ ਸੀ ਤਾਂ ਮਾਲਵੇ ਦੇਸ਼ ਵਿਚ ਬਹੁਤ ਸਿੱਖ ਰਹਿੰਦੇ ਸਨ॥੩੭॥

ਜਹਾਂ ਨ ਬਸ ਦੁਸ਼ਟਨ ਕੋ ਕੋਈ। ਸੁਖ ਸੌਂ ਬਾਸ ਤਿਨਹੁਂ ਮਹੁਂ ਹੋਈ।
ਕਹਾਂ ਜਾਨ ਕਰਿ ਗੁਰੂ ਪ੍ਰਬੀਨ। ਬੰਧਨ ਬਿਖੈ ਜਾਇ ਤਨ ਦੀਨਿ'॥ ੩੮॥

ਜਿੱਥੇ ਦੁਸ਼ਟਾਂ ਦਾ ਕੁਝ ਵੀ ਵੱਸ ਨਹੀਂ ਸੀ ਚਲਦਾ, ਉਥੇ ਜਾ ਕੇ ਸੁਖ ਨਾਲ ਆਪਣਾ ਵਾਸਾ ਕਰਦੇ। ਚਤੁਰ ਗੁਰੂ ਜੀ ਨੇ ਕੀ ਜਾਣ ਕੇ ਆਪਣੇ ਸਰੀਰ ਨੂੰ ਕੈਦ ਵਿਚ ਪਾ ਲਿਆ ਹੈ"॥੩੮॥

ਸੁਨਿ ਸਚਿੰਤ ਬਚ ਸਾਹਿਬ ਬੋਲੇ। 'ਕਰਨ ਕਰਾਵਨ ਪ੍ਰਭੂ ਅਡੋਲੇ।
ਤਿਨ ਹਿਤ ਕਰਨਿ ਮਨੋਰਥ ਘਨੇ। ਹਮ ਤੁਮ ਕੋ ਇਹ ਨਾਂਹਿ ਨ ਬਨੇ॥ ੩੯॥

ਇਹ ਸੁਣ ਚਿੰਤਾ ਸਹਿਤ ਗੁਰੂ ਜੀ ਨੇ ਬਚਨ ਕੀਤੇ, "ਕਰਨ ਕਰਾਵਨ ਪ੍ਰਭੂ ਅਡੋਲ ਹਨ, ਉਨ੍ਹਾਂ ਵਾਸਤੇ ਵੱਡੇ ਮਨੋਰਥ ਧਾਰਨ ਕਰਨਾ, ਸਾਨੂੰ ਤੁਹਾਨੂੰ ਇਹ ਬਣਦਾ ਨਹੀਂ ਹੈ॥੩੯॥

ਹੋਨਹਾਰ ਕੋ ਕਰਹਿਂ ਬਨਾਇ। ਕਰਹਿਂ ਜੁ ਹੋਨਹਾਰ ਹੁਇ ਜਾਇ।
ਸਕਲ ਕਲਾ ਸਮਰਥ ਸੁਖ ਦਾਤੇ। ਭੂਤ ਭਵਿੱਖਤ ਕੇ ਸਭਿ ਗ੍ਯਾਤੇ॥੪੦॥

ਹੋਣੀ ਨੂੰ ਆਪ ਬਣਾਉਂਦੇ ਹਨ ਤੇ ਜੋ ਉਹ ਕਰਦੇ ਹਨ ਉਹ ਹੋਣਹਾਰ ਹੋ ਜਾਂਦੀ ਹੈ। ਸੁਖਾਂ ਦੇ ਦਾਤੇ ਸਰਬਕਲਾ ਸਮਰੱਥ ਹਨ। ਭੂਤ ਭਵਿੱਖਤ ਸਭ ਦੇ ਗਿਆਤਾ ਹਨ॥੪੦॥

ਤਿਨ ਕੋ ਕਹਜੋ ਮਾਨਬੋ ਭਲੇ। ਸੁਪ੍ਰਸੰਨ ਅਨੁਸਾਰੀ ਚਲੇ।
ਮਰਜੀ ਦੇਖਨਿ ਕੇ ਹਮ ਗਰਜੀ। ਨਿਜ ਕਾਰਜ ਕੀ ਕੀਜਹਿ ਅਰਜ਼ੀ॥ ੪੧॥

ਉਨ੍ਹਾਂ ਦਾ ਕਿਹਾ ਭਲੀ ਪ੍ਰਕਾਰ ਮੰਨਣਾ ਚੰਗਾ ਹੈ, ਪ੍ਰਸੰਨ ਹੋ ਕੇ ਉਨ੍ਹਾਂ ਦੀ ਆਗਿਆ ਅਨੁਸਾਰ ਚਲਣਾ ਚਾਹੀਦਾ ਹੈ। ਅਸੀਂ ਕੇਵਲ ਉਨ੍ਹਾਂ ਦੀ ਮਰਜ਼ੀ ਵੇਖਣ ਦੇ ਚਾਹਵਾਨ ਹਾਂ। ਆਪਣੇ ਕਾਰਜ ਵਾਸਤੇ ਬੇਨਤੀ ਕਰੋ॥੪੧॥

ਸਰਬ ਗ੍ਯਾਨ ਕੇ ਕਰਤਬ ਮਾਂਹੀ। ਸੁਮਤਿਵੰਤ ਤਰਕਤਿ ਕਥ ਨਾਂਹੀ।
ਇਮ ਸਮਝਹੁ ਚਿਤ ਚਿੰਤ ਬਿਸਾਰਹੁ। ਕਰਜੋ ਹੁਕਮ ਕੋ ਨਿਸ਼ਚੈ ਧਾਰਹੁ ॥੪੨॥

ਜਿਨ੍ਹਾਂ ਨੂੰ ਸਭ ਦਾ ਗਿਆਨ ਹੈ ਉਨ੍ਹਾਂ ਦੇ ਕਾਰਜ ਵਿਚ, ਬੁਧੀਮਾਨ ਨੂੰ ਹੁੱਜਤ ਨਹੀਂ ਕਰਨੀ ਚਾਹੀਦੀ। ਇਹ ਸਮਝ ਕੇ ਚਿੱਤ ਦੀ ਚਿੰਤਾ ਨੂੰ ਦੂਰ ਕਰੋ ਤੇ ਕੀਤੇ ਹੋਏ ਹੁਕਮ 'ਤੇ ਨਿਸ਼ਚਾ ਧਾਰਨ ਕਰੋ" ॥੪੨॥

ਜੁਗ ਮਾਤਨ ਕੇ ਸਹਿਤ ਕ੍ਰਿਪਾਲ। ਅਸ ਉਪਦੇਸ਼ੈਂ ਗੁਰੂ ਕ੍ਰਿਪਾਲ।
ਚਿਤ ਬਿਚਾਰ ਕਰਿ ਜਾਨੀ ਸਾਚੀ। ਸੁਮਤਿ ਸਹਿਤ ਸ਼ੁਭ ਗਿਰਾ ਉਬਾਚੀ॥੪੩॥

ਆਪਣੇ ਦੋਵੇਂ ਮਾਤਾ ਜੀ ਅਤੇ ਸ੍ਰੀ ਕ੍ਰਿਪਾਲ ਚੰਦ ਜੀ ਨੂੰ ਕ੍ਰਿਪਾਲੂ ਗੁਰੂ ਜੀ ਨੇ ਇਸ ਤਰ੍ਹਾਂ ਉਪਦੇਸ਼ ਦਿੱਤਾ। ਉਨ੍ਹਾਂ ਚਿੱਤ ਵਿਚ ਵਿਚਾਰ ਕੇ ਗੁਰੂ ਜੀ ਦੀ ਕਹੀ ਗੱਲ ਸੱਚੀ ਜਾਣੀ ਜਿਨ੍ਹਾਂ ਨੇ ਸ੍ਰੇਸ਼ਟ ਬੁਧੀ ਸਹਿਤ ਸ਼ੁਭ ਬਚਨ ਕਹੇ ਸਨ॥੪੩॥

ਖਾਨ ਪਾਨ ਕਰਿ ਸੁਖ ਸੋਂ ਸੋਏ। ਨਿਸਾ ਬਿਤੀ ਤਬ ਜਾਗਨਿ ਹੋਏ।
ਸੌਚ ਸ਼ਨਾਨ ਠਾਨਿ ਕਰਿ ਆਛੇ। ਹਯ ਅਰੂਢਬੇ ਸਤਿਗੁਰੁ ਬਾਛੇ॥ ੪੪॥

ਗੁਰੂ ਜੀ ਫਿਰ ਖਾ ਪੀ ਕੇ ਸੁਖ ਨਾਲ ਸੌਂ ਗਏ, ਰਾਤ ਬੀਤੀ ਤਾਂ ਫਿਰ ਜਾਗ ਪਏ। ਸੌਚ ਇਸ਼ਨਾਨ ਚੰਗੀ ਤਰ੍ਹਾਂ ਕਰਕੇ ਸਤਿਗੁਰੂ ਜੀ ਮਨਮਰਜ਼ੀ ਦੇ ਘੋੜੇ ਤੇ ਸਵਾਰ ਹੋ ਗਏ॥੪੪॥

*ਬਾਰ੍ਹਵੀਂ ਰਾਸ ਦਾ ਸਤਵੰਜਵਾਂ ਅਧਿਆਇ ਸਮਾਪਤ ਹੋਇਆ॥੫੭॥*

## *ਅਧਿਆਇ ਅਠਵੰਜਵਾਂ*

*ਘੋੜੇ ਦੀ ਸਵਾਰੀ, ਘੋਘਾ ਮਸੰਦ*

ਦੋਹਰਾ- ਜ਼ੀਨ ਜ਼ਰੀ ਜਰਿ ਕੀਨਿ ਤਬ ਬਰ ਬਾਜੀ ਪਰ ਡਾਰਿ।
ਸੁੰਦਰ ਸਾਜਜੋ ਸਾਜ ਸੋਂ ਚਪਲਤਿ ਬਲੀ ਉਦਾਰ॥ ੧॥

ਜ਼ਰੀ ਨਾਲ ਜੜੀ ਹੋਈ ਕਾਠੀ ਸੋਹਣੇ ਘੋੜੇ 'ਤੇ ਪਾ ਕੇ ਉਸ ਨੂੰ ਸਾਜ਼ਾਂ ਨਾਲ ਸਜਾਇਆ। ਘੋੜਾ ਬੜਾ ਚੰਚਲ ਅਤੇ ਵੱਡਾ ਬਲਵਾਨ ਸੀ॥੧॥

ਚੌਪਈ- ਗੁਰਨ ਮਨਾਇ ਗੁਰੂ ਕੇ ਨੰਦਨ। ਮਨ ਸਿਮਰੇ ਗਨ ਬਿਘਨ ਨਿਕੰਦਨ।
ਚਢੇ ਤੁਰੰਗ ਸੰਗ ਚਪਲਾਈ। ਪ੍ਰੇਰਨ ਕੀਨੋ ਬਾਗ ਉਠਾਈ॥ ੨ ॥

ਗੁਰੂ ਜੀ ਦੇ ਪੁੱਤਰ ਨੇ ਫਿਰ ਵਿਘਨ ਨਾਸ਼ ਕਰਤਾ ਸਾਰੇ ਗੁਰੂ ਸਾਹਿਬਾਨ ਨੂੰ ਮਨ ਵਿਚ ਯਾਦ ਕੀਤਾ ਤੇ ਫੁਰਤੀ ਨਾਲ ਚੰਚਲ ਘੋੜੇ ਤੇ ਸਵਾਰ ਹੋ ਗਏ ਤੇ ਵਾਗ ਉੱਪਰ ਚੁੱਕ ਕੇ ਘੋੜੇ ਨੂੰ ਅੱਗੇ ਚਲਣ ਵਾਸਤੇ ਪ੍ਰੇਰਿਆ॥੨॥

ਏਕ ਬਾਜ ਲੇ ਆਇ ਕ੍ਰਿਪਾਲ। ਕਹਿ ਕਰਿ ਤਾਂਹਿ ਮਿਲਾਯੋ ਨਾਲ।
ਮੀਰ ਸ਼ਿਕਾਰ ਭਯੋ ਤਬ ਆਗੇ। ਚਲੇ ਵਹਿਰ ਕੋ ਆਨੰਦ ਪਾਗੇ॥ ੩ ॥

ਮਾਮਾ ਕ੍ਰਿਪਾਲ ਚੰਦ ਜੀ ਵੀ ਇਕ ਬਾਜ ਲੈ ਕੇ ਆ ਗਏ, ਉਨ੍ਹਾਂ ਨੂੰ ਕਹਿ ਕੇ ਆਪਣੇ ਨਾਲ ਮਿਲਾ ਲਿਆ। ਮੀਰ ਸ਼ਿਕਾਰ ਫਿਰ ਅੱਗੇ ਲੱਗ ਗਿਆ ਤੇ ਬੜੇ ਅਨੰਦ ਨਾਲ ਭਰੇ ਬਾਹਰ ਵਲ ਚਲ ਪਏ॥੩॥

ਸਭਿ ਕੇ ਰਿਦੇ ਪ੍ਰਫੁੱਲਤ ਹੋਏ। ਗੁਰੂ ਪਿਤਾਮਾ ਕੇ ਸਮ ਜੋਏ।
ਚਢਤਿ ਅਨੂਠੀ ਸਜਜੋ ਤੁਰੰਗ। ਮਨਹੁੰ ਬੀਰ ਰਸ ਭਾ ਸਰਬੰਗ॥ ੪ ॥

ਸਭ ਦੇ ਹਿਰਦੇ ਖਿੜ ਉੱਠੇ, ਜਿਹੜੇ ਗੁਰੂ ਜੀ ਆਪਣੇ ਦਾਦਾ ਜੀ ਵਾਂਗ ਸਨ। ਸਜੇ ਹੋਏ ਘੋੜੇ 'ਤੇ ਆਪ ਜੀ ਦੀ ਅਨੂਪਮ ਚੜ੍ਹਤ ਹੈ, ਮਾਨੋ ਬੀਰ ਰਸ ਨੇ ਸਰੀਰ ਧਾਰਨ ਕਰ ਲਿਆ ਹੋਵੇ॥੪॥

ਬਦਨ ਪ੍ਰਫੁੱਲਤਿ ਕਮਲ ਮਨੋ ਹੈ। ਚਪਲ ਬਿਲੋਚਨ ਤੇਜ ਘਨੋ ਹੈ।
ਪੂਰਬ ਉੱਤਰ ਕੀ ਦਿਸ਼ਿ ਚਾਲੇ। ਕਰਤਿ ਅਖੇਰ ਮ੍ਰਿਗਨ ਕੋ ਭਾਲੇ॥ ੫ ॥

ਮੁਖੜਾ ਮਾਨੋ ਕੰਵਲ ਦਾ ਫੁੱਲ ਖਿੜਿਆ ਹੈ, ਚੰਚਲ ਨੈਣ ਬੜੇ ਤੇਜ ਵਾਲੇ ਹਨ। ਉੱਤਰ ਪੂਰਬ ਦੀ ਦਿਸ਼ਾ ਵਲ ਚਲ ਪਏ, ਸ਼ਿਕਾਰ ਖੇਡਦੇ ਹਿਰਨਾਂ ਨੂੰ ਲੱਭ ਰਹੇ ਸਨ॥੫॥

ਮਾਤੁਲ ਸੋਂ ਬਾਤਨ ਸ਼ੁਭ ਕਰਤੇ। ਬਿਚਰਤਿ ਵਹਿਰ ਉਜਾਰ ਨਿਹਰਿਤੇ।
ਮੰਦ ਮੰਦ ਕਰਿ ਤੁੰਦ ਪਲਾਵੈਂ। ਦਾਸ ਤੁਰੰਗਮ ਸੰਗ ਸਿਧਾਵੈਂ॥ ੬ ॥

ਆਪਣੇ ਮਾਮਾ ਜੀ ਨਾਲ ਸ਼ੁਭ ਗੱਲਾਂ ਕਰਦੇ ਸਨ, ਬਾਹਰ ਉਜਾੜ ਵਿਚ ਫਿਰਦੇ ਵੇਖ ਰਹੇ ਸਨ। ਹੌਲੀ-ਹੌਲੀ ਚਲਦੇ ਫਿਰ ਤੇਜ਼ ਭਜਾਉਂਦੇ ਸਨ, ਸੇਵਕ ਘੋੜਿਆਂ ਦੇ ਨਾਲ ਜਾ ਰਹੇ ਸਨ॥੬॥

ਇਤ ਉਤ ਬਿਹਰਤਿ ਭਏ ਅਨੰਦ। ਏਕ ਜਾਮ ਲੌ ਗੁਰੂ ਮੁਕੰਦ।
ਕੁਛ ਅਖੇਰ ਕਰਿ ਘਰ ਕੋ ਆਏ। ਜੁਗ ਮਾਤਨ ਮਗ ਦਿਸ਼ਿ ਦ੍ਰਿਗ ਲਾਏ॥ ੭ ॥

ਏਧਰ ਓਧਰ ਫਿਰਦੇ ਅਨੰਦ ਨਾਲ ਭਰ ਗਏ, ਮੁਕਤੀਦਾਤੇ ਗੁਰੂ ਜੀ ਇਕ ਪਹਿਰ ਵਿਚਰਦੇ ਰਹੇ। ਕੁਝ ਸ਼ਿਕਾਰ ਖੇਡ ਕੇ ਘਰ ਨੂੰ ਆ ਗਏ। ਦੋਵਾਂ ਮਾਤਾ ਜੀ ਨੇ ਰਾਹ ਵਲ ਨੈਣ ਲਾਏ ਸਨ॥੭॥

ਉਦਤ ਮੁਦਤ ਦਿਖਿ ਪੌਤ੍ਰ ਬਦਨ ਕੋ। ਖਰੀ ਪੌਰ ਪਰ ਤਜਾਗ ਸਦਨ ਕੋ।
ਉਤਰੇ ਨਮੋ ਕਰਤਿ ਘਰ ਬਰੇ। ਸੰਗ ਕ੍ਰਿਪਾਲ ਆਪਨੇ ਕਰੇ॥ ੮ ॥

ਆਪਣੇ ਪੋਤਰੇ ਦਾ ਮੁਖ ਵੇਖ ਕੇ ਵੱਡੀ ਮਾਤਾ ਜੀ ਨੂੰ ਚਾਅ ਚੜ੍ਹ ਗਿਆ। ਉਹ ਘਰ ਨੂੰ ਛੱਡ ਕੇ ਦਰਵਾਜ਼ੇ ਵਿਚ ਖੜ੍ਹੇ ਸਨ। ਘੋੜੇ ਤੋਂ ਉੱਤਰ ਕੇ ਨਮਸਕਾਰ ਕਰਕੇ ਘਰ ਦੇ ਅੰਦਰ ਦਾਖਲ ਹੋ ਗਏ, ਮਾਮਾ ਕ੍ਰਿਪਾਲ ਚੰਦ ਜੀ ਨੂੰ ਆਪਣੇ ਨਾਲ ਮਿਲਾ ਲਿਆ॥੮॥

ਇਸ ਬਿਧਿ ਕਿਤਿਕ ਦਿਵਸ ਬਿਤਾਏ। ਖੇਲਤਿ ਮੇਲਿ ਬਾਲ ਸਮੁਦਾਏ।
ਪੁਨ ਇਕ ਦਿਨ ਘੋਘਾ ਚਲਿ ਆਯਹੁ। ਲੇ ਚਲਿਬੇ ਹਿਤ ਬਾਕ ਅਲਾਯਹੁ ॥੯॥

ਇਸ ਵਿਧੀ ਨਾਲ ਉਥੇ ਕਈ ਦਿਨ ਬਤੀਤ ਕੀਤੇ, ਬਹੁਤ ਬਾਲਕ ਮਿਲ ਕੇ ਖੇਡਦੇ ਸਨ। ਫਿਰ ਇਕ ਦਿਨ ਘੋਘਾ ਮਸੰਦ ਚਲ ਕੇ ਆ ਗਿਆ। ਨਾਲ ਲੈ ਜਾਣ ਬਾਰੇ ਉਸ ਫਿਰ ਕਿਹਾ ॥੯॥

ਚਾਹਤਿ ਰਿਦੇ 'ਅਵੱਗਜਾ ਹੋਈ। ਸੇਵਾ ਕਰਿ ਬਖਸ਼ਾਵੌਂ ਸੋਈ'।
ਬਿਚਰਤਿ ਵਹਿਰ ਮਿਲਜੋ ਸਤਿਗੁਰ ਕੋ। ਬੰਦਤਿ ਭਨਜੋਂ ਮਨੋਰਥ ਉਰ ਕੋ ॥੧੦॥

ਹਿਰਦੇ ਵਿਚ ਚਾਹੁੰਦਾ ਸੀ, "ਅਵੱਗਿਆ ਹੋਈ ਹੈ, ਸੇਵਾ ਕਰਕੇ ਆਪਣੇ ਆਪ ਨੂੰ ਬਖਸ਼ਾ ਲਵਾਂ।" ਸਤਿਗੁਰੂ ਜੀ ਨੂੰ ਬਾਹਰ ਫਿਰਦਿਆਂ ਨੂੰ ਮਿਲਿਆ। ਬੰਦਨਾ ਕਰਕੇ ਆਪਣੇ ਹਿਰਦੇ ਦੇ ਮਨੋਰਥ ਨੂੰ ਦੁਹਰਾਇਆ ॥੧੦॥

'ਸੁੰਦਰ ਸਦਨ ਬਨੇ ਬਹੁ ਮੇਰੇ। ਬਸਹੁ ਆਪ ਲਿਹੁ ਪੂਰਬ ਹੇਰੇ।
ਪਾਵਨ ਕਰਹੁ ਕਾਮਨਾ ਮੋਹੀ। ਕਈ ਬਾਰ ਭਾਖਜੋ ਢਿਗ ਹੋਹੀ' ॥੧੧॥

"ਮੇਰਾ ਘਰ ਬਹੁਤ ਸੁੰਦਰ ਬਣਿਆ ਹੈ, ਉਥੇ ਆ ਕੇ ਆਪ ਜੀ ਰਹੋ, ਪਹਿਲਾਂ ਆ ਕੇ ਉਸ ਨੂੰ ਇਕ ਵਾਰ ਵੇਖ ਲਵੋ। ਮੇਰੀ ਕਾਮਨਾ ਪਵਿੱਤਰ ਕਰੋ, ਕਈ ਵਾਰ ਪਾਸ ਹੋ ਕੇ ਕਿਹਾ ਹੈ" ॥੧੧॥

ਸੁਨਿ ਕ੍ਰਿਪਾਲ ਸੋਂ ਕਰਜੋ ਪ੍ਰਕਾਸ਼। 'ਇਕ ਦਿਨ ਚਲੀਅਹਿ ਇਸੈ ਅਵਾਸ'।
'ਆਛੀ ਬਾਤ ਪ੍ਰਭਾਤਿ ਪਯਾਨਹੁਂ'। ਇਮ ਕਹਿ ਤਿਸ ਕਹੁ ਰਾਖਨ ਠਾਨਹੁਂ ॥੧੨॥

ਇਹ ਸੁਣ ਕੇ ਗੁਰੂ ਜੀ ਨੇ ਮਾਮਾ ਕ੍ਰਿਪਾਲ ਚੰਦ ਜੀ ਨਾਲ ਬਚਨ ਕੀਤੇ, "ਇਕ ਦਿਨ ਇਸ ਦੇ ਘਰ ਚਲੀਏ। ਮਾਮਾ ਜੀ ਨੇ ਅੱਗੋਂ ਕਿਹਾ, "ਚੰਗੀ ਗੱਲ ਹੈ ਸਵੇਰੇ ਚਲਾਂਗੇ"। ਇਸ ਤਰ੍ਹਾਂ ਕਹਿ ਕੇ ਮਸੰਦ ਦੀ ਗੱਲ ਰੱਖ ਲਈ ॥੧੨॥

ਕਰਿ ਮਸਲਤ ਨਿਸ ਮਹਿਂ ਬਿਸਰਾਮੇ। ਭੋਰ ਜ਼ੀਨ ਹਯ ਪਾਇ ਭਿਰਾਮੇ।
ਮਿਸ ਅਖੇਰ ਕੇ ਚਢੇ ਗੁਸਾਈਂ। ਸੰਗ ਕ੍ਰਿਪਾਲ ਦਾਸ ਸਮੁਦਾਈ ॥੧੩॥

ਇਸ ਤਰ੍ਹਾਂ ਸਲਾਹ ਕਰਕੇ ਰਾਤ ਨੂੰ ਵਿਸ਼ਰਾਮ ਕੀਤਾ, ਸਵੇਰ ਹੋਣ ਤੇ ਘੋੜੇ ਤੇ ਸੁੰਦਰ ਕਾਠੀ ਪਵਾਈ, ਸ਼ਿਕਾਰ ਖੇਡਣ ਵਾਸਤੇ ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ ਤੇ ਨਾਲ ਮਾਮਾ ਕ੍ਰਿਪਾਲ ਚੰਦ ਤੇ ਹੋਰ ਬਹੁਤ ਸੇਵਕ ਲੈ ਲਏ ॥੧੩॥

ਘੋਘੇ ਕੋ ਕਰਿ ਲੀਨ ਅਗਾਰੀ। ਪਹੁੰਚਿ ਨਨੇੜੀ ਗ੍ਰਾਮ ਮਝਾਰੀ।
ਹਯ ਪਰ ਚਢੇ ਖਰੇ ਤਹਿਂ ਥਿਏ। ਬੰਦਤਿ ਨਰ ਸਤਿਗੁਰੂ ਢਿਗ ਅਏ ॥੧੪॥

ਮਸੰਦ ਘੋਘੇ ਨੂੰ ਅੱਗੇ ਲਾ ਲਿਆ ਤੇ ਨਨੇੜੀ ਪਿੰਡ ਦੇ ਵਿਚ ਪਹੁੰਚ ਗਏ। ਘੋੜੇ ਉੱਤੇ ਚੜ੍ਹੇ ਹੀ ਉਥੇ ਖਲੋਤੇ ਸਨ ਤੇ ਕਈ ਮਨੁੱਖ ਬੰਦਨਾ ਕਰਨ ਵਾਸਤੇ ਗੁਰੂ ਜੀ ਦੇ ਪਾਸ ਆਏ ॥੧੪॥

ਇਕ ਨੇ ਹੋਇ ਸਮੀਪ ਬਤਾਈ। 'ਇਸ ਘੋਘੇ ਅਸ ਕੀਨਿ ਖੁਟਾਈ'।
ਸੁਨਤਿ ਰਿਸੇ ਤਤਛਿਨ ਹਟਿ ਆਏ। ਦਿਯੋ ਸ੍ਰਾਪ 'ਇਸ ਬੰਸ ਨਸਾਏ' ॥੧੫॥

ਇਕ ਮਨੁੱਖ ਨੇ ਗੁਰੂ ਜੀ ਦੇ ਨੇੜੇ ਹੋ ਕੇ ਗੱਲ ਦੱਸੀ, "ਇਸ ਘੋਘੇ ਨੇ ਇਸ ਤਰ੍ਹਾਂ ਖੋਟ ਕੀਤੀ ਹੈ।" ਇਹ ਸੁਣ ਕੇ ਗੁਰੂ ਜੀ ਗੁੱਸੇ ਵਿਚ ਆ ਗਏ ਤੇ ਤੁਰਤ ਵਾਪਸ ਮੁੜ ਆਏ ਤੇ ਸਰਾਪ ਦਿੱਤਾ, "ਇਸ ਦਾ ਵੰਸ਼ ਨਾਸ਼ ਹੋ ਜਾਵੇਗਾ" ॥੧੫॥

ਮਗ ਚਲਿ ਪਹੁੰਚੇ ਨਗਰ ਅੰਬਾਲੇ। ਤਿਸ ਤੇ ਦੱਖਨ ਦਿਸ਼ਿ ਕੋ ਚਾਲੇ।
ਜਬਹਿ ਬਰੋਬਰ ਪੁਰਿ ਕੀ ਆਏ। ਪਤਿਸ਼ਾਹੀ ਉਪਬਨ ਤਿਸ ਥਾਂਏ ॥੧੬॥

ਰਾਹ ਚਲ ਕੇ ਅੰਬਾਲੇ ਨਗਰ ਵਿਚ ਪਹੁੰਚ ਗਏ, ਉਸ ਤੋਂ ਫਿਰ ਦੱਖਣ ਵਾਲੇ ਪਾਸੇ ਚਲ ਪਏ। ਜਦ ਨਗਰੀ ਦੇ ਬਰਾਬਰ ਆਏ ਤਾਂ ਉਸ ਥਾਂ ਸ਼ਾਹੀ ਬਾਗ਼ ਸਨ॥੧੬॥

ਕਰਜੋ* ਬਿਲੋਕਨਿ ਤਰੁਵਰ ਨੀਕੇ। ਦੱਖਣ ਦਿਸ਼ਾ ਥਿਰੇ ਤਿਸ ਹੀਕੇ।
ਚਹੁਂ ਦਿਸ਼ਿ ਮਹਿਂ ਪਾਕੀ ਜਿਸ ਭੀਤ। ਠਾਂਢੇ ਤਹਾਂ ਬਾਜ ਕਰ ਲੀਤਿ॥੧੭॥

ਸੁੰਦਰ ਬ੍ਰਿਛਾਂ ਨੂੰ ਵੇਖਿਆ, ਉਸ ਬਾਗ਼ ਦੇ ਦਖਣ ਵਾਲੇ ਪਾਸੇ ਹੋ ਕੇ ਸਥਿਤ ਹੋ ਗਏ, ਜਿਸ ਦੇ ਚਾਰੇ ਪਾਸੇ ਪੱਕੀ ਦੀਵਾਰ ਸੀ। ਓਥੇ ਖੜੇ ਹੋ ਕੇ ਬਾਜ ਨੂੰ ਹੱਥ ਉੱਤੇ ਲਿਆ॥੧੭॥

ਤਾਮਾ ਤਿਸੇ ਖੁਲਾਵਨਿ ਕਰੇ। ਆਛੇ ਤ੍ਰਿਪਤਾਯਹੁ ਤਹਿਂ ਖਰੇ।
ਉਤਰੇ ਨਹੀਂ ਬਹੁਰ ਚਲਿ ਆਏ। ਸੰਧਜਾ ਭਈ ਭਾਨੁ ਅਸਤਾਏ॥ ੧੮॥

ਬਾਜ ਦਾ ਭੋਜਨ, ਬਾਜ ਨੂੰ ਖੁਵਾਇਆ, ਉਥੇ ਖੜੇ ਹੋ ਕੇ ਉਸ ਨੂੰ ਚੰਗੀ ਤਰ੍ਹਾਂ ਤ੍ਰਿਪਤ ਕੀਤਾ। ਘੋੜੇ ਤੋਂ ਉੱਤਰੇ ਨਹੀਂ ਫਿਰ ਚਲ ਕੇ ਆ ਗਏ, ਸ਼ਾਮ ਹੋ ਗਈ ਤਾਂ ਸੂਰਜ ਡੁੱਬ ਗਿਆ॥੧੮॥

ਤਬਹਿ ਆਨਿ ਪਹੁਚੇ ਲਖਨੌਰ। ਬਿਸਰਾਮੇ ਸੋਢੀ ਸਿਰਮੌਰ।
ਇਕ ਦਿਨ ਬਹੁਰ ਚਢੇ ਚਲਿ ਗਏ। ਮ੍ਰਿਗਨ ਪਲਾਇ ਦੂਰ ਥਿਰ ਥਿਏ ॥੧੯॥

ਫਿਰ ਲਖਨੌਰ ਪਿੰਡ ਵਿਚ ਆ ਪਹੁੰਚੇ, ਫਿਰ ਸੋਢੀ ਸ਼ਿਰੋਮਣੀ ਨੇ ਉਥੇ ਵਿਸ਼ਰਾਮ ਕੀਤਾ। ਇਕ ਦਿਨ ਫਿਰ ਚੜ੍ਹ ਕੇ ਉਥੇ ਗਏ। ਮਿਰਗਾਂ ਨੂੰ ਭਜਾਉਂਦੇ ਦੂਰ ਤਕ ਚਲੇ ਗਏ॥੧੯॥

ਗ੍ਰਾਮ ਭੁਸਥਲੇ ਕੋ ਬਡ ਥੇਹ। ਠਾਂਢੇ ਭਏ ਜਾਇ ਸੁਖ ਗ੍ਰੇਹ।
ਕਿਤਕ ਸਮਾ ਜਬ ਖਰੇ ਬਿਤਾਯੋ। ਲੂਖੀ ਤੇ ਇਕ ਰੰਘੜ ਆਯੋ॥ ੨੦॥

ਭੁਸਥਲੇ ਪਿੰਡ ਲਾਗੇ ਇਕ ਵੱਡਾ ਥੇਹ ਸੀ, ਸੁਖਾਂ ਦੇ ਘਰ ਭਾਵ ਗੁਰੂ ਜੀ ਉਥੇ ਜਾ ਕੇ ਖੜੇ ਹੋ ਗਏ। ਜਦ ਕਾਫੀ ਸਮਾਂ ਉਥੇ ਖੜਿਆਂ ਬਤੀਤ ਕੀਤਾ ਤਾਂ ਲੂਖੀ ਪਿੰਡ ਤੋਂ ਇਕ ਰੰਘੜ ਆਇਆ॥੨੦॥

ਬਿਚਰਤਿ ਹਿਤ ਸ਼ਿਕਾਰ ਕੇ ਜਾਈ। ਤਿਸ ਕੇ ਸੰਗਿ ਹੁਤੋ ਇਕ ਨਾਈ।
ਗੁਰੂ ਪਛਾਨ ਆਨਿ ਪਗ ਨਯੋ। ਤਬ ਰੰਘਰ ਨੇ ਬੂਝਨਿ ਕਿਯੋ॥ ੨੧॥

ਸ਼ਿਕਾਰ ਖੇਡਣ ਜਾਣ ਵਾਸਤੇ ਉਹ ਫਿਰ ਰਿਹਾ ਸੀ, ਉਸ ਦੇ ਨਾਲ ਇਕ ਨਾਈ ਸੀ। ਗੁਰੂ ਜੀ ਨੂੰ ਪਹਿਚਾਣ ਕੇ ਉਸ ਪੈਰਾਂ ਉੱਤੇ ਮੱਥਾ ਟੇਕਿਆ, ਤਦ ਰੰਘੜ ਨੇ ਉਸ ਨੂੰ ਪੁੱਛਿਆ॥੨੧॥

'ਕਿਸ ਕੋ ਬਾਲਿਕ ਸਹਿਤ ਪ੍ਰਤਾਪੂ?। ਰਾਜਨ ਕੇ ਸਮਾਨ ਬਡ ਦਾਪੂ'।
'ਗੁਰੂ ਹਮਾਰੋ' ਭਾਖਜੋ ਨਾਈ। 'ਜਿਨਕੋ ਸਭਿ ਜਗ ਪੂਜਹਿ ਆਈ'॥ ੨੨॥

"ਇਹ ਕਿਸ ਦਾ ਬਾਲਕ ਵੱਡੇ ਪ੍ਰਤਾਪ ਸਹਿਤ ਹੈ, ਰਾਜਿਆਂ ਵਾਂਗ ਇਸ ਦਾ ਵੱਡਾ ਤੇਜ ਹੈ।" ਉਸ ਨਾਈ ਨੇ ਕਿਹਾ, "ਇਹ ਸਾਡੇ ਗੁਰੂ ਜੀ ਹਨ, ਜਿਨ੍ਹਾਂ ਦੀ ਸਾਰਾ ਜਗਤ ਪੂਜਾ ਕਰਨ ਆਉਂਦਾ ਹੈ"॥੨੨॥

ਸੁਨਿ ਰੰਘਰ ਕੇ ਸਿਦਕ ਬਿਸਾਲਾ। ਬੰਦਨ ਹਿਤ ਆਯੋ ਤਤਕਾਲਾ।
ਤਰਕਸ਼ ਤੇ ਸਰ ਪੰਚ ਨਿਕਾਸੇ। ਧਰ ਕਰਿ ਕਰ ਮਹਿਂ ਹੋਯਸਿ ਪਾਸੇ॥ ੨੩॥

ਇਹ ਸੁਣ ਕੇ ਰੰਘੜ ਵਿਚ ਵੱਡਾ ਸਿਦਕ ਆ ਗਿਆ ਤੇ ਉਹ ਤੁਰਤ ਬੰਦਨਾ ਕਰਨ ਵਾਸਤੇ ਆਇਆ। ਆਪਣੇ ਭੱਥੇ ਵਿਚੋਂ ਪੰਜ ਤੀਰ ਕੱਢੇ ਤੇ ਹੱਥ ਵਿਚ ਫੜ ਕੇ ਗੁਰੂ ਜੀ ਦੇ ਨੇੜੇ ਹੋਇਆ॥੨੩॥

ਗੁਰੂ ਆਗੇ ਕਰਿ ਸੀਸ ਨਿਵਾਯਹੁ। 'ਬਸਤ ਰਹੋ' ਬਰ ਹੇਰਿ ਅਲਾਯਹੁ।
ਸੁ ਪ੍ਰਸੰਨ ਮੁਖ ਤੇ ਸੁਨਿ ਬੈਨ। ਰੰਘਰ ਭਨੇ ਸਮੁਖ ਕਰਿ ਨੈਨ॥ ੨੪॥

ਤੀਰ ਗੁਰੂ ਜੀ ਦੇ ਅੱਗੇ ਕਰਕੇ ਸਿਰ ਨਿਵਾਇਆ ਤੇ ਗੁਰੂ ਜੀ ਨੇ ਵੇਖ ਕੇ ਕਿਹਾ "ਵੱਸਦੇ ਰਹੋ।" ਇਹ ਬਚਨ ਗੁਰੂ ਜੀ ਦੇ ਮੁਖ ਤੋਂ ਸੁਣ ਕੇ ਪ੍ਰਸੰਨ ਹੋਇਆ ਤੇ ਗੁਰੂ ਜੀ ਦੇ ਸਾਹਮਣੇ ਨੈਣ ਕਰਕੇ ਬੋਲਿਆ॥੨੪॥

'ਖਰ ਸਰ ਨਿਰਮਲ ਲੇਹੁ ਉਪਾਇਨ। ਪੁਨਹਿਂ ਸਪ੍ਰਸੈਂ ਕਰ ਸੋਂ ਪਾਇਨ'।
ਪਿਖਿ ਸ਼ਰਧਾ ਗਹਿ ਲੀਨੇ ਹਾਥ। ਤਬ ਤਿਨ ਧਰਜੋ ਚਰਨ ਪਰ ਮਾਥ॥੨੫॥

ਤਿੱਖੇ ਤੀਰ ਇਹ ਮੇਰੇ ਵਲੋਂ ਨਿਰਮਲ ਉਪਹਾਰ ਲਵੋ, ਫਿਰ ਮੈਂ ਆਪਣੇ ਹੱਥਾਂ ਨਾਲ ਆਪ ਜੀ ਦੇ ਚਰਨਾਂ ਨੂੰ ਸਪਰਸ਼ ਕਰਾਂਗਾ।" ਗੁਰੂ ਜੀ ਨੇ ਸ਼ਰਧਾ ਵੇਖ ਕੇ ਤੀਰ ਹੱਥ ਵਿਚ ਫੜ ਲਏ, ਤਦ ਰੰਘੜ ਨੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਧਰ ਦਿੱਤਾ॥੨੫॥

ਪੁਨ ਹਰਖਤਿ ਹੁਇ ਸਦਨ ਸਿਧਾਰਾ। ਸਤਿਗੁਰ ਹਯ ਨਿਜ ਮਾਰਗ ਡਾਰਾ।
ਆਵਤਿ ਭੇ ਲਖਨੌਰ ਮਝਾਰਾ। ਨਿਸ ਬਿਸਰਾਮ ਕੀਨਿ ਸੁਖੁ ਧਾਰਾ॥ ੨੬॥

ਫਿਰ ਪ੍ਰਸੰਨ ਹੋ ਕੇ ਆਪਣੇ ਘਰ ਨੂੰ ਚਲਾ ਗਿਆ, ਸਤਿਗੁਰੂ ਜੀ ਨੇ ਘੋੜੇ ਨੂੰ ਆਪਣੇ ਮਾਰਗ ਵਲ ਹਿਕ ਲਿਆ। ਫਿਰ ਗੁਰੂ ਜੀ ਲਖਨੌਰ ਵਿਚ ਆ ਗਏ ਤੇ ਵਿਸ਼ਰਾਮ ਕਰਕੇ ਸੁਖ ਪਾਇਆ॥੨੬॥

ਇਸ ਪ੍ਰਕਾਰ ਤਹਿਂ ਸਮੈਂ ਬਿਤਾਯੋ। ਚਿਤਵਹਿਂ ਪਿਤ ਸੰਦੇਸ਼ ਪਠਾਯੋ।
ਜੁਗ ਮਾਤਨ ਢਿਗ ਬੈਠ ਬਖਾਨੀ। 'ਕਿਮ ਚਲਬੇ ਕੀ ਮਸਲਤ ਠਾਨੀ? ॥੨੭॥

ਇਸ ਪ੍ਰਕਾਰ ਉਥੇ ਸਮਾਂ ਬਤੀਤ ਕੀਤਾ, ਪਿਤਾ ਜੀ ਨੂੰ ਯਾਦ ਕਰਦੇ ਸਨ ਕਿ ਕੋਈ ਸੰਦੇਸ਼ਾ ਭੇਜਿਆ ਹੈ। ਫਿਰ ਦੋਵਾਂ ਮਾਤਾ ਜੀ ਪਾਸ ਬੈਠ ਕੇ ਕਿਹਾ, "ਚਲਣ ਦੀ ਹੁਣ ਕਿਵੇਂ ਸਲਾਹ ਬਣਾਈ ਹੈ ?॥੨੭॥

ਬਸਨ ਅਨੰਦ ਪੁਰਿ ਅਪਨਿ ਸਥਾਨਾ। ਹੁਕਮ ਗੁਰਨ ਕਹੁ ਚਹਿਯਹਿ ਮਾਨਾ।
ਤਯਾਰੀ ਕਰਹੁ ਪੰਥ ਪ੍ਰਸਥਾਨੈ। ਇਤ ਬਸਬੋ ਅਬ ਨੀਕ ਨ ਜਾਨੈ॥ ੨੮॥

ਅਸੀਂ ਅਨੰਦਪੁਰ ਵਿਚ ਰਹਿਣਾ ਹੈ, ਜਿਹੜਾ ਸਾਡਾ ਸਥਾਨ ਹੈ। ਵੱਡੇ ਗੁਰੂ ਜੀ ਦਾ ਹੁਕਮ ਮੰਨਣਾ ਚਾਹੀਦਾ ਹੈ। ਅਨੰਦਪੁਰ ਦੇ ਰਾਹ ਚਲਣ ਦੀ ਤਿਆਰੀ ਕਰੋ, ਇਥੇ ਰਹਿਣਾ ਹੁਣ ਠੀਕ ਨਾ ਜਾਣੋ॥੨੮॥

ਸਤਿਗੁਰ ਕ੍ਰਿਤ ਮਹਿਂ ਚਿੰਤ ਨ ਕਾਈ। ਸਭਿ ਬਿਧਿ ਮਹਿਂ ਸਮਰਥ ਸਭਿ ਥਾਂਈ।
ਤੁਰਕ ਨਿਕਟ ਜੇ ਚਹਤਿ ਨ ਜਾਨਾ। ਤੌ ਕਿਸ ਕੋ ਬਲ ਚਲਤਿ ਮਹਾਨਾ ? ॥੨੯॥

ਸਤਿਗੁਰ ਜੀ ਦੀ ਆਗਿਆ ਵਿਚ ਰਹਿ ਕੇ ਚਿੰਤਾ ਨਹੀਂ ਕਰਨੀ ਚਾਹੀਦੀ। ਉਹ ਸਭ ਵਿਧੀਆਂ ਨਾਲ ਸਭ ਪ੍ਰਕਾਰ ਸਮਰੱਥ ਹਨ। ਜੇ ਉਹ ਆਪ ਤੁਰਕ ਪਾਸ ਜਾਣਾ ਨਾ ਚਾਹੁੰਦੇ ਤਾਂ ਕਿਸ ਵੱਡੇ ਬਲੀ ਦਾ ਬਲ ਚਲਣਾ ਸੀ ?॥੨੯॥

ਦੇਸ਼ ਮਵਾਸੇ ਜੰਗਲ ਆਦਿ। ਤਿਹਠਾਂ ਹਮਰੇ ਸਿੱਖ ਆਬਾਦਿ।
ਇਸਤੇ ਆਦਿਕ ਅਨਿਕ ਉਪਾਇ। ਅਨੰਦ ਸਮੇਤ ਬਸਤ ਬਹੁ ਥਾਂਇ॥ ੩੦॥

ਮਾਲਵੇ ਆਦਿ ਆਕੀ ਦੇਸ਼ ਵਿਚ ਸਾਡੇ ਸਿੱਖ ਰਹਿੰਦੇ ਹਨ, ਇਸ ਤੋਂ ਉਪਰੰਤ ਹੋਰ ਵੀ ਅਨੇਕਾਂ ਉਪਾਅ ਸਨ, ਅਨੰਦ ਨਾਲ ਕਿਸੇ ਥਾਂ ਵੀ ਰਹਿ ਸਕਦੇ ਸਨ॥੩੦॥

ਸੁਨੇ ਬਿੱਪ੍ਰ ਕਸ਼ਮੀਰੀ ਆਏ। ਤਿਨ ਤੇ ਪਾਤੀ ਪਠਿ ਫੁਰਮਾਏ।
ਤੁਰਕੇਸੁਰ ਕੇ ਨਿਕਟ ਪਠਾਏ। ਪਹੁੰਚਿ ਮਿਲੇ ਸੁਬ੍ਰਿਤੰਤ ਸੁਨਾਏ॥ ੩੧॥

ਸੁਣਿਆ ਹੈ ਕਿ ਕਸ਼ਮੀਰੀ ਪੰਡਿਤ ਆਏ ਸਨ, ਉਨ੍ਹਾਂ ਪਾਸੋਂ ਚਿੱਠੀ ਪੜ੍ਹ ਕੇ ਫੁਰਮਾਇਆ ਤੇ ਬ੍ਰਾਹਮਣਾਂ ਨੂੰ ਤੁਰਕ ਬਾਦਸ਼ਾਹ ਦੇ ਪਾਸ ਭੇਜਿਆ। ਉਨ੍ਹਾਂ ਦਿੱਲੀ ਵਿਚ ਪਹੁੰਚ ਕੇ ਆਪਣਾ ਸਾਰਾ ਬ੍ਰਿਤਾਂਤ ਬਾਦਸ਼ਾਹ ਨੂੰ ਸੁਣਾਇਆ॥੩੧॥

ਤਬ ਤੇ ਅਵਰੰਗ ਲਗੋ ਹਕਾਰਨਿ। ਤੋਰਾ ਕਰਤਿ ਸ਼ਰਾ ਕੇ ਕਾਰਨ।
ਪ੍ਰਥਮਹਿ ਅਹਿਦੀ ਨਿਕਟ ਪਠਾਏ। ਤਿਨਹੁਂ ਸੰਗ ਨਹਿਂ ਗੁਰੂ ਸਿਧਾਏ॥ ੩੨॥

ਉਸ ਸਮੇਂ ਤੋਂ ਨੌਰੰਗਾ ਗੁਰੂ ਜੀ ਨੂੰ ਬੁਲਾ ਰਿਹਾ ਹੈ ਤੇ ਸ਼ਰ੍ਹਾ ਵਿਚ ਚਲਾਉਣ ਲਈ ਹੁਕਮ ਕਰਦਾ ਹੈ। ਪਹਿਲਾਂ ਅਹਿਦੀਏ ਪਾਸ ਭੇਜੇ ਸਨ। ਉਨ੍ਹਾਂ ਦੇ ਨਾਲ ਗੁਰੂ ਜੀ ਨਹੀਂ ਗਏ ਹਨ॥੩੨॥

ਸੈਫਾਬਾਦ ਫਿਰੇ ਜਬ ਆਇ। ਖੋਜਨ ਹਿਤ ਗਨ ਫੌਜ ਪਠਾਇ।
ਮਿਲਜੋ ਨ ਕੋਈ ਕਿਸ ਥਲ ਕਬੈ। ਹ੍ਵੈ ਕਰਿ ਤਜਾਗ ਆਪ ਗੇ ਤਬੈ॥ ੩੩॥

ਸੈਫਾਬਾਦ ਵਿਚ ਆ ਕੇ ਫਿਰ ਰਹਿ ਪਏ, ਨੌਰੰਗੇ ਨੇ ਫਿਰ ਲੱਭਣ ਵਾਸਤੇ ਬਹੁਤ ਫੌਜ ਭੇਜੀ। ਕਿਸੇ ਥਾਂ ਵੀ ਕਦੀ ਕੋਈ ਨਾ ਮਿਲਿਆ, ਫਿਰ ਗੁਰੂ ਜੀ ਉਸ ਸਥਾਨ ਨੂੰ ਛੱਡ ਕੇ ਆਪ ਗਏ॥੩੩॥

ਜਾਇ ਆਗਰੇ ਸੂਚਨ ਹੇਤੁ। ਪਠੀ ਮੁੱਦ੍ਰਕਾ ਹੀਰਾ ਸ੍ਵੇਤ।
ਗਯੋ ਅਯਾਲੀ ਦਯੋ ਦੁਸ਼ਾਲਾ। ਸੋ ਗਹਿ ਲੀਨਿ ਦੇਖਿ ਕੁਤਵਾਲਾ॥ ੩੪॥

ਫਿਰ ਆਗਰੇ ਜਾ ਕੇ ਸੂਚਨਾ ਦੇਣ ਵਾਸਤੇ, ਇਕ ਹੀਰੇ ਜੜੀ ਕੀਮਤੀ ਸਫੇਦ ਮੁੰਦਰੀ ਭੇਜੀ। ਆਜੜੀ ਨੂੰ ਦੁਸ਼ਾਲਾ ਦੇ ਕੇ ਭੇਜਿਆ, ਉਸ ਨੂੰ ਕੋਤਵਾਲ ਨੇ ਸ਼ੱਕ ਹੋਣ ਤੇ ਫੜ ਲਿਆ॥੩੪॥

ਸੰਗ ਸਿਪਾਹੀ ਲੇ ਕਰਿ ਗਯੋ। ਉਪਬਨ ਆਇ ਬਤਾਵਤਿ ਭਯੋ।
ਤਿਹ ਤੇ ਲੇ ਸੰਗ ਦੁਰਗ ਉਤਾਰੇ। ਇਮ ਸਤਿਗੁਰ ਤਿਸ ਥਾਨ ਸਿਧਾਰੇ॥ ੩੫॥

ਆਪਣੇ ਨਾਲ ਫਿਰ ਸਿਪਾਹੀ ਲੈ ਕੇ ਗਿਆ, ਬਾਗ ਵਿਚ ਆ ਕੇ ਆਜੜੀ ਨੇ ਗੁਰੂ ਜੀ ਬਾਰੇ ਦੱਸ ਦਿੱਤਾ। ਉਥੋਂ ਗੁਰੂ ਜੀ ਨੂੰ ਲੈ ਕੇ ਕਿਲ੍ਹੇ ਵਿਚ ਉਤਾਰਾ ਕਰਵਾ ਦਿੱਤਾ। ਇਸ ਤਰ੍ਹਾਂ ਸਤਿਗੁਰੂ ਜੀ ਉਥੇ ਗਏ॥੩੫॥

ਕਾਰਾਗ੍ਰਹ ਤੇ ਜੇ ਛੁਟਿ ਆਏ। ਸਭਿ ਇੱਤਜਾਦਿ ਪ੍ਰਸੰਗ ਸੁਨਾਏ।
ਕਾਰਨ ਕਰਨ ਆਪ ਹੀ ਕੀਨਾ। ਕੋ ਨ ਹਟਾਇ ਸਕਹਿ ਹਿਤ ਭੀਨਾ॥ ੩੬॥

ਕੈਦਖਾਨੇ ਵਿਚੋਂ ਜਿਹੜੇ ਸਿੱਖ ਨਿਕਲ ਕੇ ਆਏ ਹਨ, ਉਨ੍ਹਾਂ ਸਭ ਨੇ ਇਸ ਤਰ੍ਹਾਂ ਪ੍ਰਸੰਗ ਸੁਣਾਏ ਹਨ। ਜਾਣ ਦਾ ਕਾਰਨ ਆਪ ਹੀ ਬਣਾਇਆ ਹੈ, ਜਿਸ ਪਰਜਾ ਪਿਆਰ ਵਿਚ ਗੁਰੂ ਜੀ ਭਿੱਜੇ ਹਨ, ਉਸ ਤੋਂ ਉਨ੍ਹਾਂ ਨੂੰ ਕੋਈ ਵੀ ਨਹੀਂ ਹਟਾ ਸਕਦਾ॥੩੬॥

ਕਰਹੁ ਅਨੰਦ ਪੁਰਿ ਕੀ ਅਬ ਤਜਾਰੀ'। ਸੁਨਿ ਮਾਤਨ ਦ੍ਰਿਗ ਆਂਸੁਨ ਡਾਰੀ।
ਦੀਰਘ ਸ੍ਵਾਸ ਲੇਤਿ ਬਹੁ ਬਾਰੀ। 'ਕਰਤਾ ਪੁਰਖ ਕਹਾਂ ਕਰਿ ਕਾਰੀ॥ ੩੭॥

ਹੁਣ ਅਨੰਦਪੁਰ ਜਾਣ ਦੀ ਤਿਆਰੀ ਕਰੋ।" ਇਹ ਸੁਣ ਕੇ ਦੋਵਾਂ ਮਾਤਾ ਜੀ ਨੇ ਅੱਖਾਂ ਵਿਚ ਹੰਝੂ ਭਰ ਲਏ। ਬਹੁਤ ਵਾਰ ਲੰਮੇ-ਲੰਮੇ ਸਾਹ ਲੈਂਦੇ ਸਨ, "ਕਰਤਾ ਪੁਰਖ ਨੇ ਇਹ ਕੀ ਕਾਰਜ ਕੀਤਾ ਹੈ॥੩੭॥

ਬਿਨਾ ਮਿਲੇ ਬਿਨ ਭਨੇ ਪਯਾਨੇ। ਸੰਕਟ ਮਹਿਂ ਕਰਿ ਸਭਿ ਗ਼ਲਤਾਨੇ।
ਹਮ ਤੇ ਅਬ ਕੁਛ ਕਰਜੋ ਨ ਜਾਇ। ਸੋਚਤਿ ਚਿਤ ਨਿਸ ਦਜੋਸ ਬਿਤਾਇ॥ ੩੮॥

ਮਿਲਣ ਤੋਂ ਬਗੈਰ ਤੇ ਕਹਿਣ ਤੋਂ ਬਗੈਰ ਚਲੇ ਗਏ ਹਨ, ਸਾਰਿਆਂ ਨੂੰ ਦੁਖ ਵਿਚ ਗ਼ਲਤਾਨ ਕਰ ਗਏ ਹਨ। ਸਾਥੋਂ ਹੁਣ ਕੁਝ ਕੀਤਾ ਨਹੀਂ ਜਾਂਦਾ ਹੈ। ਚਿੱਤ ਵਿਚ ਸੋਚਦਿਆਂ ਦਿਨ ਰਾਤ ਬਤੀਤ ਕਰਦੇ ਹਾਂ॥੩੮॥

ਥਿਰੇ ਗ੍ਰਾਮ ਇਸ, ਲਖਹਿ ਨ ਕੋਈ। ਕੇਤਿਕ ਸਮੈਂ ਬਿਤੀਤਨ ਹੋਈ।
ਅਬ ਲੌਂ ਤੁਮ ਕੁਛ ਭਏ ਨ ਸਜਾਨੇ। ਹਮ ਕਜਾ ਕਹੈਂ ਕਰਹੁ ਜਿਮ ਜਾਨੇ ॥੩੯॥

ਇਸ ਪਿੰਡ ਵਿਚ ਠਹਿਰੇ ਹਾਂ ਤਾਂਕਿ ਕੋਈ ਜਾਣ ਨਾ ਸਕੇ, ਕਾਫ਼ੀ ਲੰਮਾ ਸਮਾਂ ਹੁਣ ਬੀਤ ਗਿਆ ਹੈ। ਹੁਣ ਤਕ ਤੁਸੀਂ ਕੁਝ ਸਿਆਣੇ ਨਹੀਂ ਬਣੇ ਹੋ, ਅਸੀਂ ਕੀ ਕਹਿਣਾ ਹੈ, ਜਿਵੇਂ ਚਾਹੁੰਦੇ ਹੋ ਉਸ ਤਰ੍ਹਾਂ ਕਰੋ ॥੩੯॥

ਕਿਸ ਬਿਧਿ ਹੋਤਿ ਨ ਮਨ ਉਤਸ਼ਾਹੂ। ਚਿੰਤਾਗਨਿ ਜਾਰਤਿ ਉਰ ਮਾਂਹੂ'।
ਸੁਨਿ ਬੋਲੇ ਮਾਤਨ ਕੈ ਬੈਨ। 'ਗੁਰ ਕਰੁਨਾ ਤੇ ਹਮ ਕੋ ਭੈ ਨ ॥੪੦॥

ਕਿਸੇ ਵਿਧੀ ਨਾਲ ਵੀ ਮਨ ਉਤਸ਼ਾਹਤ ਨਹੀਂ ਹੁੰਦਾ ਹੈ, ਮਹਾਨ ਚਿੰਤਾ ਹਿਰਦੇ ਨੂੰ ਸਾੜ ਰਹੀ ਹੈ।" ਮਾਤਾ ਜੀ ਦੇ ਬਚਨ ਸੁਣ ਕੇ ਗੁਰੂ ਜੀ ਬੋਲੇ, "ਗੁਰੂ ਜੀ ਦੀ ਕਿਰਪਾ ਕਰਕੇ ਸਾਨੂੰ ਕੋਈ ਡਰ ਨਹੀਂ ਹੈ ॥੪੦॥

ਮੋ ਤੇ ਛਪਜੋ ਜਾਇ ਕਿਤ ਨਾਂਹੀ। ਕਬ ਲੌ ਬੈਠ ਰਹੌਂ ਘਰ ਮਾਂਹੀ।
ਕਬ ਲੌ ਤਜਹਿਂ ਅਨੰਦ ਪੁਰਿ ਥਾਨਾ। ਇਹਾਂ ਬਸਨ ਮਹਿਂ ਕੋ ਗੁਨ ਜਾਨਾ ? ॥੪੧॥

ਮੇਰੇ ਪਾਸੋਂ ਕਿਤੇ ਛੁਪਿਆ ਨਹੀਂ ਜਾਂਦਾ ਹੈ, ਕਦ ਤਕ ਘਰ ਵਿਚ ਬੈਠਾ ਰਹਾਂਗਾ। ਕਦ ਤਕ ਅਨੰਦਪੁਰ ਵਾਲੇ ਸਥਾਨ ਨੂੰ ਛੱਡੀ ਰੱਖਾਂਗੇ। ਏਥੇ ਵੱਸਣ ਵਿਚ ਕਿਹੜਾ ਗੁਣ ਜਾਣਿਆ ਹੈ ? ॥੪੧॥

ਅਬ ਮੇਰੋ ਚਿਤ ਪਰਚਤਿ ਨਾਂਹੀ। ਬਹੁਰ ਚਲਨ ਪਿਤ ਆਇਸੁ ਮਾਂਹੀ।
ਮਾਤੁਲ ਸਭਿ ਸਮਾਜ ਲੇ ਆਯੋ। ਬੈਠਨਿ ਇਹਾਂ ਨਹੀਂ ਮਨ ਭਾਯੋ' ॥੪੨॥

ਹੁਣ ਮੇਰਾ ਏਥੇ ਜੀਅ ਨਹੀਂ ਲੱਗਦਾ ਹੈ, ਫਿਰ ਸਾਡਾ ਚਲਣਾ ਵੀ ਪਿਤਾ ਜੀ ਦੀ ਆਗਿਆ ਅਨੁਸਾਰ ਹੈ। ਮਾਮਾ ਜੀ ਸਾਰਾ ਸਾਮਾਨ ਲੈ ਆਏ ਹਨ, ਏਥੇ ਹੁਣ ਬੈਠਣਾ ਮਨ ਨੂੰ ਚੰਗਾ ਨਹੀਂ ਲੱਗਦਾ ਹੈ" ॥੪੨॥

ਇਮ ਕਰਿ ਮਸਲਤ ਹੁਕਮ ਬਖਾਨਾ। 'ਤਜਾਰੀ ਕਰਹੁ ਪ੍ਰਾਤਿ ਪ੍ਰਸਥਾਨਾ'।
ਦਾਸ ਬ੍ਰਿੰਦ ਕੋ ਕਹਿ ਇਮ ਦਯੋ। ਸਭਿ ਮਹਿਂ ਬਿਦਤ ਗਮਨ ਤਬ ਭਯੋ ॥੪੩॥

ਇਸ ਤਰ੍ਹਾਂ ਸਲਾਹ ਕਰਕੇ ਹੁਕਮ ਕੀਤਾ, "ਤਿਆਰੀ ਕਰੋ, ਸਵੇਰੇ ਚਲਣਾ ਹੈ। ਸਾਰੇ ਸੇਵਕਾਂ ਨੂੰ ਇਸ ਤਰ੍ਹਾਂ ਕਹਿ ਦਿੱਤਾ। ਅਨੰਦਪੁਰ ਨੂੰ ਜਾਣਾ ਫਿਰ ਸਾਰੇ ਪ੍ਰਗਟ ਹੋ ਗਿਆ ॥੪੩॥

ਜੋ ਜਿਸ ਚਹਿਯਤਿ ਸੋ ਤਿਸ ਲੀਨਿ। ਤਜਾਰੀ ਕੀ ਨਿਜ ਆਇਸੁ ਦੀਨਿ।
ਸਭਿ ਵਾਹਨ ਦਾਨਾ ਤ੍ਰਿਨ ਚਾਰਿ। ਮਰਦਤਿ ਅੰਗਨ ਸਰਬ ਸੁਧਾਰਿ ॥੪੪॥

ਜੋ-ਜੋ ਵਸਤੂ ਕਿਸੇ ਨੂੰ ਚਾਹੀਦੀ ਸੀ, ਉਹ-ਉਹ ਹੀ ਉਸ ਲੈ ਲਈ, ਫਿਰ ਤਿਆਰੀ ਕਰਨ ਦੀ ਆਪਣੀ ਆਗਿਆ ਦਿੱਤੀ। ਸਭ ਵਾਹਣਾਂ ਨੂੰ ਦਾਣੇ ਅਤੇ ਘਾਹ ਚਾਰ ਕੇ ਸਭ ਪ੍ਰਕਾਰ ਸੁਧਾਰ ਕੇ ਉਨ੍ਹਾਂ ਦੇ ਅੰਗਾਂ ਦੀ ਮਾਲਸ਼ ਕੀਤੀ ॥੪੪॥

*ਬਾਰ੍ਹਵੀਂ ਰਾਸ ਦਾ ਅਠਵੰਞਵਾਂ ਅਧਿਆਇ ਸਮਾਪਤ ਹੋਇਆ ॥੫੮॥*

❖❖❖

# ਅਧਿਆਇ ਉਣਾਹਠਵਾਂ

## ਲਖਨੌਰੋਂ ਕੀਰਤਿ ਪੁਰਿ ਆਉਣਾ

ਦੋਹਰਾ- ਤਿਸ ਨਿਸ ਮਹਿਂ ਬਿਸਰਾਮ ਕਰਿ ਦੁਖਿਤ ਮਾਤ ਲਖਿ ਦੋਇ।
ਕਹਿ ਧੀਰਜ ਕੇ ਬਾਕ ਪੁਨ ਫਿਰ ਕ੍ਰਿਪਾਲ ਥਿਰ ਹੋਇ॥ ੧॥

ਉਸ ਰਾਤ ਉਥੇ ਵਿਸ਼ਰਾਮ ਕਰਕੇ ਤੇ ਦੋਵਾਂ ਮਾਤਾ ਜੀ ਨੂੰ ਦੁਖੀ ਵੇਖ ਕੇ ਗੁਰੂ ਜੀ ਨੇ ਬਚਨ ਕਹਿ ਕੇ ਧੀਰਜ ਦਿੱਤਾ ਤੇ ਫਿਰ ਮਾਮਾ ਕਿਰਪਾਲ ਚੰਦ ਜੀ ਪਾਸ ਖੜੇ ਹੋ ਗਏ॥੧॥

ਚੌਪਈ-ਅਤਿ ਸਮਰੱਥ ਜੁਤਿ ਪਿਤਾ ਹਮਾਰੇ। ਚਹਹਿਂ,ਸੁ ਰਚਹਿਂ ਨ ਲਗਹਿ ਅਵਾਰੇ।
ਤੁਰਕੇਸ਼ੁਰ ਜੁਤਿ ਸਭਿ ਤੁਰਕਾਨਹਿਂ। ਏਕ ਬਾਕ ਤੇ ਤਤਛਿਨ ਹਾਨਹਿਂ॥੨॥

"ਅਤਿ ਸਮਰੱਥਾ ਸਹਿਤ ਸਾਡੇ ਪਿਤਾ ਜੀ ਹਨ, ਜੋ ਚਾਹੁਣ ਉਹ ਕਰ ਸਕਦੇ ਹਨ, ਇਸ ਵਿਚ ਕੋਈ ਚਿਰ ਨਹੀਂ ਲੱਗਦਾ ਹੈ। ਤੁਰਕ ਬਾਦਸ਼ਾਹ ਸਹਿਤ ਸਾਰੇ ਤੁਰਕਾਂ ਨੂੰ ਇਕ ਬਚਨ ਕਹਿ ਕੇ ਤੁਰਤ ਨਾਸ਼ ਕਰ ਸਕਦੇ ਹਨ॥੨॥

ਗੁਰ ਕੀ ਬਾਤ ਕਹਾਂ ਸੋ ਕਹੈਂ। ਤਿਨ ਕੇ ਦਾਸਨਦਾਸ ਜੁ ਅਹੈਂ।
ਸਭਿ ਸਲਤਨ ਕੋ ਕਰਹਿਂ ਬਿਨਾਸ਼। ਹੋਹਿ ਏਕ ਹੀ ਜਾਨਿ ਹੁਤਾਸ॥੩॥

ਗੁਰੂ ਜੀ ਦੀ ਗੱਲ ਕਿਥੋਂ ਤਕ ਕਹੀਏ, ਉਨ੍ਹਾਂ ਦੇ ਜੋ ਦਾਸਾਂ ਦੇ ਵੀ ਦਾਸ ਹਨ, ਉਹ ਸਾਰੇ ਮਲੇਛ ਰਾਜ ਨੂੰ ਖਤਮ ਕਰ ਸਕਦੇ ਹਨ। ਇਕ ਹੀ ਦਾਸ ਅੱਗ ਵਾਂਗ ਸਾਰਿਆਂ ਨੂੰ ਨਾਸ਼ ਕਰਨ ਵਾਲਾ ਸਮਝੋ॥੩॥

ਮਤੀਦਾਸ ਜਿਮ ਕਹਜੋ ਤਹਾਂਹੀ। ਸੋ ਭੀ ਬਾਤ ਸੁਨੀ ਕੈ ਨਾਂਹੀ।
ਸਿਖ ਕਾਰਾਗ੍ਰਿਹ ਤੇ ਜੋ ਆਏ। ਹੁਤੇ ਨਿਕਟ ਤਿਨ ਸਕਲ ਬਤਾਏ॥੪॥

ਮਤੀਦਾਸ ਨੇ ਜਿਵੇਂ ਗੁਰੂ ਜੀ ਪਾਸ ਕਿਹਾ ਸੀ, ਉਹ ਵੀ ਗੱਲ ਤੁਸੀਂ ਸੁਣੀ ਹੈ ਕਿ ਨਹੀਂ। ਕੈਦਖਾਨੇ ਵਿਚੋਂ ਜਿਹੜੇ ਸਿੱਖ ਆਏ ਹਨ ਉਹ ਉਸ ਵੇਲੇ ਗੁਰੂ ਜੀ ਦੇ ਪਾਸ ਸਨ, ਉਨ੍ਹਾਂ ਨੇ ਉਸ ਦੀ ਸਾਰੀ ਗੱਲ ਸੁਣੀ ਹੈ॥੪॥

ਬਰਜਜੋ ਗੁਰਨ,ਸ਼ਕਤਿ ਸਭਿ ਲੀਨਿ। ਤਿਸ ਕੋ ਤੁਰਕਨ ਪੁਨ ਹਨਿ ਦੀਨਿ।
ਤਨ ਕੋ ਅੰਤ ਆਪਨੋ ਜਾਨਾ। ਦੋਸ਼ ਦੇਨ ਹਿਤ ਕੀਨਿ ਬਹਾਨਾ॥੫॥

ਗੁਰੂ ਜੀ ਨੇ ਉਸ ਨੂੰ ਵਰਜਿਆ ਤੇ ਉਸਦੀ ਸਾਰੀ ਸ਼ਕਤੀ ਖੋਹ ਲਈ, ਉਸ ਨੂੰ ਫਿਰ ਤੁਰਕਾਂ ਨੇ ਮਾਰ ਦਿੱਤਾ। ਗੁਰੂ ਜੀ ਆਪਣੇ ਸਰੀਰ ਦੇ ਅੰਤ ਨੂੰ ਜਾਣ ਗਏ ਤੇ ਮੁਗਲਾਂ ਦੇ ਸਿਰ ਦੋਸ਼ ਮੜ੍ਹਨ ਵਾਸਤੇ ਬਹਾਨਾ ਕੀਤਾ ਹੈ॥੫॥

ਮਹਿਮਾ ਤਿਨ ਕੀ ਤੁਮ ਸਭਿ ਜਾਨਹੁਂ। ਕਜੋਂ ਸੰਕਟ ਚਿੰਤਾ ਜੁਤਿ ਠਾਨਹੁਂ।
ਪ੍ਰਾਤਿ ਹੋਤਿ ਸਿਖ ਤਹਾਂ ਪਠਾਵਹੁ। ਆਪ ਆਨੰਦ ਪੁਰਿ ਓਰ ਸਿਧਾਵਹੁ॥੬॥

ਉਨ੍ਹਾਂ ਦੀ ਸਭ ਪ੍ਰਕਾਰ ਦੀ ਮਹਿਮਾ ਤੁਸੀਂ ਜਾਣਦੇ ਹੋ, ਇਸ ਕਰਕੇ ਕਿਉਂ ਸੰਕਟ ਚਿੰਤਾ ਸਹਿਤ ਧਾਰਨ ਕਰਦੇ ਹੋ। ਸਵੇਰ ਹੁੰਦਿਆਂ ਹੀ ਇਕ ਸਿੱਖ ਨੂੰ ਦਿੱਲੀ ਭੇਜੋ ਤੇ ਆਪ ਅਨੰਦਪੁਰ ਵਲ ਚਲੇ ਜਾਵੋ॥੬॥

ਸੁਨਿ ਪਿਤ ਕੇ ਸਭਿ ਰੀਤਿ ਸੰਦੇਸੇ। ਆਨ ਸੁਨਾਵਹਿ ਭਾਖਹਿਂ ਜੈਸੇ।
ਸਗਰੋ ਉਰ ਆਸ਼ੈ ਤਿਨ ਕਹੈ। ਸਕਲ ਸ਼ਕਤਿ ਕੇ ਮਾਲਿਕ ਅਹੈਂ॥੭॥

ਪਿਤਾ ਜੀ ਦੇ ਸਭ ਰੀਤੀਆਂ ਨਾਲ ਸੰਦੇਸ਼ੇ ਸੁਣੇ, ਜਿਸ ਤਰ੍ਹਾਂ ਉਹ ਸਿੱਖ ਗੁਰੂ ਜੀ ਨੂੰ ਮਿਲ ਕੇ ਆ ਕੇ ਸੁਣਾਵੇ। ਗੁਰੂ ਜੀ ਦਿਲ ਦੇ ਸਾਰੇ ਆਸ਼ੇ ਕਹਿ ਦੇਣਗੇ, ਉਹ ਸਭ ਸ਼ਕਤੀਆਂ ਦੇ ਮਾਲਕ ਹਨ"॥੭॥

ਸੁਨਤਿ ਨਾਨਕੀ ਪੁਨਹਿਂ ਬਖਾਨੀ। 'ਪਠਹੁ ਦਾਸ ਇਹ ਨੀਕੇ ਜਾਨੀ।
ਸੁਧ ਲੇ ਕਰਿ ਤੂਰਨ ਚਲਿ ਆਵੈ। ਕਹਾਂ ਕਰਨਿ ਤਿਨ ਕੈ ਮਨ ਭਾਵੈ' ॥੮॥

ਇਹ ਸੁਣ ਕੇ ਮਾਤਾ ਨਾਨਕੀ ਜੀ ਨੇ ਫਿਰ ਕਿਹਾ, "ਸੇਵਕ ਨੂੰ ਭੇਜੋ ਇਹ ਗੱਲ ਚੰਗੀ ਜਾਣੀ ਹੈ। ਖਬਰ ਲੈ ਕੇ ਤੁਰਤ ਚਲ ਕੇ ਆ ਜਾਵੇ, ਉਨ੍ਹਾਂ ਦੇ ਮਨ ਨੂੰ ਕੀ ਕਰਨਾ ਚੰਗਾ ਲੱਗਦਾ ਹੈ"॥੮॥

ਅਸ ਮਸਲਤ ਕਰਿ ਨਿਸ ਬਿਸਰਾਮੇ। ਉਠੇ ਬਹੁਰ ਜਬ ਹੀ ਰਹਿ ਜਾਮੇ।
ਸੌਚ ਸ਼ਨਾਨ ਠਾਨਿ ਤਤਕਾਲਾ। ਕਰਵਾਇਸ ਤਯਾਰੀ ਸੁ ਕ੍ਰਿਪਾਲਾ॥ ੯॥

ਇਸ ਤਰ੍ਹਾਂ ਸਲਾਹ ਕਰਕੇ ਰਾਤ ਨੂੰ ਵਿਸ਼ਰਾਮ ਕੀਤਾ ਤੇ ਜਦ ਪਹਿਰ ਰਾਤ ਰਹਿ ਗਈ ਤਾਂ ਉੱਠ ਪਏ। ਤੁਰਤ ਸੌਚ ਇਸ਼ਨਾਨ ਕੀਤਾ ਤੇ ਫਿਰ ਕਿਰਪਾਲੂ ਗੁਰੂ ਜੀ ਨੇ ਤਿਆਰੀ ਕਰਵਾਈ॥੯॥

ਏਕ ਸਿੱਖ ਪਠਿ ਦਿੱਲੀ ਓਰ। 'ਹਮ ਦਿਸ਼ਿ ਤੇ ਬੰਦਹੁ ਕਰ ਜੋਰਿ।
ਕਹਿ ਕਰਿ ਪਾਤੀ ਕੋ ਲਿਖਵਾਇ। ਪਹੁੰਚਹੁ ਸ਼ੀਘ੍ਰ ਅਨੰਦ ਪੁਰਿ ਆਇ ॥੧੦॥

ਇਕ ਸਿੱਖ ਨੂੰ ਦਿੱਲੀ ਵਲ ਭੇਜਿਆ, "ਸਾਡੇ ਵਲੋਂ ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਬੰਧਨਾ ਕਰੋ। ਉਨ੍ਹਾਂ ਨੂੰ ਕਹਿ ਕੇ ਇਕ ਚਿੱਠੀ ਲਿਖਵਾਉ ਤੇ ਫਿਰ ਛੇਤੀ ਹੀ ਅਨੰਦਪੁਰ ਪਹੁੰਚ ਜਾਵੋ॥੧੦॥

ਮਾਤ ਕਸ਼ਟ ਪ੍ਰਾਪਤ ਸਭਿ ਕਹੀਅਹਿ। ਅਪਰ ਸੁਨਾਵਹੁ ਜਿਸ ਬਿਧਿ ਲਹੀਅਹਿ'।
ਸੁਨਿ ਸੰਦੇਸ਼ ਕੋ ਸਿਖ ਪ੍ਰਸਥਾਨਾ। ਮਾਰਗ ਦੂਰ ਕਰਤਿ ਨਿਤ ਪਯਾਨਾ॥੧੧॥

ਮਾਤਾ ਜੀ ਬਹੁਤ ਦੁਖ ਪਾ ਰਹੇ ਹਨ, ਇਹ ਸਭ ਕਹੋ ਤੇ ਹੋਰ ਸੁਣਾਵੋ ਜਿਸ ਵਿਧੀ ਨਾਲ ਵੇਖ ਕੇ ਚਲੇ ਹੋ।" ਗੁਰੂ ਜੀ ਦਾ ਸੰਦੇਸ਼ਾ ਸੁਣ ਕੇ ਸਿੱਖ ਚਲਾ ਗਿਆ, ਚਲਦਾ ਹੋਇਆ ਨਿਤ ਲੰਮਾ ਪੈਂਡਾ ਤਹਿ ਕਰਦਾ ਸੀ॥੧੧॥

ਇਤਿ ਕ੍ਰਿਪਾਲ ਜੁਤਿ ਗੁਰੂ ਕ੍ਰਿਪਾਲ। ਜਾਨਿ ਮਹੂਰਤ ਭਲੋ ਬਿਸਾਲ।
ਹੁਤੋ ਖੜਗ ਖਰ ਨਿਰਮਲ ਧਾਰਾ। ਕੁਛਕ ਅਲਪ ਲੇ ਨਿਜ ਕਰ ਧਾਰਾ॥੧੨॥

ਏਧਰ ਮਾਮਾ ਕ੍ਰਿਪਾਲ ਜੀ ਸਹਿਤ ਕ੍ਰਿਪਾਲੂ ਗੁਰੂ ਜੀ ਨੇ ਜਾਣ ਦਾ ਭਲਾ ਮਹੂਰਤ ਕੀਤਾ। ਗੁਰੂ ਜੀ ਨੇ ਇਕ ਤੇਜ਼-ਧਾਰ ਵਾਲੀ ਤਲਵਾਰ ਲਈ ਤੇ ਇਕ ਕੁਝ ਛੋਟੀ ਤਲਵਾਰ ਹੱਥ ਵਿਚ ਧਾਰਨ ਕਰ ਲਈ॥੧੨॥

ਨੌ ਸਤਿਗੁਰ ਕੌ ਸਿਮਰਨਿ ਕਰਿ ਕੈ। 'ਬਨਹੁ ਸਹਾਇ' ਧਯਾਨ ਉਰ ਧਰਿਕੈ।
'ਵਾਹਿਗੁਰੂ' ਕਹਿ ਗਰ ਮਹਿਂ ਪਾਵਾ। ਪਟ ਲਪੇਟਿ ਕਟ ਕਸੀ ਸੁਹਾਵਾ॥੧੩॥

ਨੌਂ ਗੁਰੂ ਸਾਹਿਬਾਨ ਦਾ ਸਿਮਰਨ ਕਰਕੇ "ਸਾਡੇ ਸਹਾਇਕ ਬਣੋ" ਹਿਰਦੇ ਵਿਚ ਧਿਆਨ ਧਾਰ ਕੇ ਤੇ "ਵਾਹਿਗੁਰੂ" ਕਹਿ ਕੇ ਤਲਵਾਰ ਨੂੰ ਗਲ ਵਿਚ ਪਾ ਲਿਆ ਤੇ ਰੇਸ਼ਮ ਦਾ ਕੱਪੜਾ ਲਪੇਟ ਕੇ ਕਮਰਕੱਸਾ ਕੱਸ ਲਿਆ॥੧੩॥

ਹੁਕਮ ਬਖਾਨਿ ਤੁਰੰਗ ਮੰਗਾਵਾ। ਜਿਸ ਪਰ ਜ਼ੀਨ ਮਹਾਂ ਛਬਿ ਛਾਵਾ।
ਉਠ ਕਰਿ ਆਪ ਪ੍ਰਕਰਮਾ ਕਰਿਕੈ। ਬੰਦਨ ਠਾਨਿ ਬਾਗ ਕਰ ਧਰਿਕੈ॥੧੪॥

ਹੁਕਮ ਕਰ ਕੇ ਘੋੜਾ ਮੰਗਵਾਇਆ ਜਿਸ ਉੱਤੇ ਮਹਾਨ ਛਵੀ ਵਾਲੀ ਸੁੰਦਰ ਕਾਠੀ ਪਈ ਸੀ। ਗੁਰੂ ਜੀ ਨੇ ਉੱਠ ਕੇ ਆਪ ਪਰਿਕਰਮਾ ਕਰਕੇ, ਬੰਦਨਾ ਕਰਕੇ ਘੋੜੇ ਦੀ ਵਾਗ ਨੂੰ ਹੱਥ ਵਿਚ ਫੜ ਲਿਆ॥੧੪॥

ਭਏ ਅਰੂਢ ਸੁ ਚਲਬੇ ਕਾਰਨ। ਕਰਜੋ ਸਮੀਪ ਕ੍ਰਿਪਾਲ ਹਕਾਰਨ।
ਅਪਰ ਦਾਸ ਲੇ ਸੰਗ ਸਮੁਦਾਏ। ਮਾਰਗ ਗਮਨ ਕਰੈਂ ਤਜਿ ਥਾਏ॥ ੧੫॥

ਤੇ ਚਲਣ ਵਾਸਤੇ ਘੋੜੇ 'ਤੇ ਸਵਾਰ ਹੋ ਗਏ ਤੇ ਮਾਮਾ ਕ੍ਰਿਪਾਲ ਚੰਦ ਜੀ ਨੂੰ ਪਾਸ ਬੁਲਾਇਆ। ਹੋਰ ਸਾਰੇ ਸੇਵਕਾਂ ਨੂੰ ਨਾਲ ਲੈ ਕੇ, ਉਹ ਥਾਂ ਛੱਡ ਕੇ ਰਾਹੇ-ਰਾਹ ਚਲ ਪਏ॥੧੫॥

ਕਿਤਕ ਤਜਾਗਿ ਨਰ ਮਾਤਾ ਪਾਸ।'ਆਨਿ ਸੰਭਾਰਹੁ ਵਸਤੂ ਰਾਸ।
ਸਜੰਦਨ ਸੰਗ ਚਲੇ ਸਭਿ ਆਵਹੁ। ਤਯਾਰੀ ਠਾਨਹੁ ਨਹਿਂ ਬਿਲਮਾਵਹੁ' ॥੧੬॥

ਕਈ ਮਨੁੱਖਾਂ ਨੂੰ ਮਾਤਾ ਜੀ ਪਾਸ ਛੱਡ ਦਿੱਤਾ ਤੇ ਉਨ੍ਹਾਂ ਨੂੰ ਕਿਹਾ, "ਸਾਰੀਆਂ ਵਸਤਾਂ ਆ ਕੇ ਸੰਭਾਲੋ। ਰੱਥਾਂ ਦੇ ਨਾਲ ਸਾਰੇ ਚਲੇ ਆਵੋ, ਛੇਤੀ ਤਿਆਰੀ ਕਰੋ ਤੇ ਦੇਰ ਨਾ ਲਾਵੋ"॥੧੬॥

ਇਮ ਕਹਿ ਚਲੇ ਅਨੰਦ ਪੁਰਿ ਓਰ। ਦੇਖਨ ਕੀ ਚਿਤ ਮਹਿਂ ਬਹੁ ਲੋਰ।
ਅਨਿਕ ਬਿਲਾਸਨ ਕਰਤੇ ਜਾਤਿ। ਕਹੂੰ ਅਖੇਰ ਖੇਲ ਬਹੁ ਭਾਂਤਿ॥ ੧੭॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਅਨੰਦਪੁਰ ਵਲ ਚਲ ਪਏ, ਅਨੰਦਪੁਰ ਨੂੰ ਵੇਖਣ ਦੀ ਚਿੱਤ ਵਿਚ ਬੜੀ ਖਾਹਿਸ਼ ਸੀ। ਅਨੇਕਾਂ ਪ੍ਰਕਾਰ ਦੇ ਬਿਲਾਸ ਕਰਦੇ ਜਾਂਦੇ ਸਨ, ਕਿਤੇ ਕਈ ਪ੍ਰਕਾਰ ਦੇ ਸ਼ਿਕਾਰ ਖੇਡਦੇ ਸਨ॥੧੭॥

ਕਿਸ ਥਲ ਤਰਲ ਤੁਰੰਗ ਕੁਦਾਵੈਂ। ਸਮ ਸਥਾਨ ਪਿਖ ਕਹੂੰ ਪਲਾਵੈਂ।
ਬੋਲਹਿਂ ਬਹੁ ਮਾਤੁਲ ਕੇ ਸਾਥ। ਕਹੂੰ ਬਾਜ ਕੋ ਛੋਰਹਿਂ ਨਾਥ॥ ੧੮॥

ਕਿਸੇ ਥਾਂ ਘੋੜਾ ਤਿੱਖਾ ਕਰਕੇ ਕੁਦਵਾਊਂਦੇ ਸਨ, ਬਰਾਬਰ ਸਥਾਨ ਵੇਖ ਕੇ ਕਿਤੇ ਘੋੜੇ ਨੂੰ ਭਜਾਊਂਦੇ ਸਨ। ਮਾਮਾ ਜੀ ਨਾਲ ਬਹੁਤ ਬੋਲਦੇ ਸਨ, ਕਿਤੇ ਗੁਰੂ ਜੀ ਬਾਜ ਨੂੰ ਛੱਡਦੇ ਸਨ॥੧੮॥

ਜੇਠਾ ਆਦਿ ਜਿ ਨਰ ਲਖਨੌਰ। ਕਰਿ ਬੰਦਨ ਹਟਿ ਗੇ ਨਿਜ ਠੌਰ।
ਮਾਤ ਨਾਨਕੀ ਗੁਜਰੀ ਦੋਇ। ਸਹਿਤ ਪ੍ਰੇਮ ਸੇਵਾ ਜਿਸ ਜੋਇ॥ ੧੯॥

ਜੇਠਾ ਆਦਿ ਜਿਹੜੇ ਲਖਨੌਰ ਦੇ ਮਨੁੱਖ ਸਨ, ਉਹ ਬੰਦਨਾ ਕਰਕੇ ਆਪਣੇ ਸਥਾਨਾਂ ਨੂੰ ਵਾਪਸ ਚਲੇ ਗਏ। ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਦੋਵਾਂ ਨੇ, ਜਿਨ੍ਹਾਂ ਦੀ ਉਸ ਨੇ ਪ੍ਰੇਮ ਸਹਿਤ ਸੇਵਾ ਕੀਤੀ ਸੀ, ਉਸ ਨੂੰ ਅਸ਼ੀਰਵਾਦ ਦਿੱਤੀ॥੧੯॥

'ਸੁਖ ਸੋਂ ਬਸਹੁ ਵਧਹਿ ਪਰਵਾਰ। ਦੂਧ ਪੂਤ ਹੁਇ ਸਦਨ ਮਝਾਰ'।
ਇੱਤਜਾਦਿਕ ਸਭਿ ਕੋ ਬਰ ਦੈ ਕੇ। ਸਜੰਦਨ ਪਰ ਆਰੂਢਨ ਹ੍ਵੈ ਕੈ॥ ੨੦॥

"ਸੁਖ ਨਾਲ ਵਸੋ, ਤੁਹਾਡਾ ਪਰਿਵਾਰ ਵਧੇ ਤੇ ਤੁਹਾਡੇ ਘਰ ਵਿਚ ਦੁੱਧ ਪੁੱਤ ਹੋਵੇ।" ਇਸ ਤਰ੍ਹਾਂ ਸਾਰਿਆਂ ਨੂੰ ਵਰ ਦੇ ਕੇ ਰੱਥਾਂ ਵਿਚ ਸਵਾਰ ਹੋ ਗਈਆਂ॥੨੦॥

ਨਰ ਨਾਰਿਨਿ ਗਨ ਨਮੋ ਕਰੰਤੇ। ਬਿਛਰਤ ਪ੍ਰੇਮ ਨੈਨ ਜਲਵੰਤੇ।
ਦੈ ਧੀਰਜ ਮ੍ਰਿਦੁ ਬਾਕ ਉਚਾਰੇ। ਰਥ ਪ੍ਰਸਥਾਨੀ ਪੰਥ ਮਝਾਰੇ॥ ੨੧॥

ਸਾਰੇ ਮਨੁੱਖ ਇਸਤਰੀਆਂ ਨਮਸਕਾਰ ਕਰਦੇ ਸਨ, ਵਿਛੜ ਕੇ ਪ੍ਰੇਮ ਕਰਕੇ ਨੈਣ ਜਲ ਨਾਲ ਭਰ ਗਏ। ਮਾਤਾ ਜੀ ਨੇ ਮਿੱਠੇ ਬਚਨ ਕਹਿ ਧੀਰਜ ਦਿੱਤਾ ਤੇ ਮਾਰਗ ਵਿਚ ਰੱਥ ਚਲ ਪਏ॥੨੧॥

ਅਪਰ ਵਸਤੁ ਸਭਿ ਦਾਸ ਸਭਾਰੀ। ਗਮਨੇ ਲੈ ਲੈ ਗੁਰੂ ਪਿਛਾਰੀ।
ਚਲੇ ਜਾਮ ਜੁਗ ਮਾਰਗ ਬਿਖੈ। ਭਾਨੁ ਢਰਜੋ ਜਬ ਲੋਚਨ ਪਿਖੈ॥ ੨੨॥

ਹੋਰ ਵਸਤਾਂ ਸਭ ਸੇਵਕਾਂ ਨੇ ਸੰਭਾਲ ਲਈਆਂ, ਉਹ ਵਸਤਾਂ ਲੈ-ਲੈ ਕੇ ਗੁਰੂ ਜੀ ਦੇ ਪਿੱਛੇ-ਪਿੱਛੇ ਚਲ ਪਏ। ਦੁਪਹਿਰ ਸਮੇਂ ਉਹ ਮਾਰਗ ਵਿਚ ਚਲੇ। ਜਦ ਅੱਖਾਂ ਨਾਲ ਵੇਖਿਆ ਕਿ ਸੂਰਜ ਢੱਲ ਗਿਆ ਹੈ॥੨੨॥

ਡੇਰਾ ਕਰਜੋ ਥਾਨ ਸੁਭ ਹੇਰਾ। ਖਾਨ ਪਾਨ ਅਨਵਾਇ ਘਨੇਰਾ।
ਸਭਿ ਬਹੀਰ ਆਯਹੁ ਤਿਹ ਮਿਲੇ। ਹੋਇ ਤ੍ਰਿਪਤ ਬਿਸਰਾਮੇ ਭਲੇ॥ ੨੩॥

ਸ਼ੁਭ ਸਥਾਨ ਵੇਖ ਡੇਰਾ ਕੀਤਾ, ਖਾਣ ਪੀਣ ਵਾਸਤੇ ਬਹੁਤ ਪਦਾਰਥ ਮੰਗਵਾਏ। ਫਿਰ ਸਾਰੀ ਵਹੀਰ ਆ ਕੇ ਗੁਰੂ ਜੀ ਨੂੰ ਮਿਲ ਪਈ। ਖਾ ਪੀ ਕੇ ਤ੍ਰਿਪਤ ਹੋ ਕੇ ਫਿਰ ਭਲੀ ਪ੍ਰਕਾਰ ਵਿਸ਼ਰਾਮ ਕੀਤਾ॥੨੩॥

ਸੁਪਤ ਜਥਾ ਸੁਖ ਨਿਸਾ ਬਿਤਾਈ। ਭਈ ਪ੍ਰਾਤਿ ਤਯਾਰੀ ਕਰਿਵਾਈ।
ਤਬ ਅਰੂਢ ਕਰਿ ਪੰਥ ਪਯਾਨੇ। ਕਰਤਿ ਅਖੇਰ ਜਾਤਿ ਮੁਦ ਮਾਨੇ॥ ੨੪॥

ਸੌਂ ਕੇ ਸੁਖ ਨਾਲ ਰਾਤ ਬਿਤਾਈ ਤੇ ਸਵੇਰ ਹੋਣ 'ਤੇ ਫਿਰ ਤਿਆਰੀ ਕਰਵਾਈ। ਤਦੂ ਸਵਾਰ ਹੋ ਕੇ ਰਾਹੇ-ਰਾਹ ਚਲ ਪਏ। ਸ਼ਿਕਾਰ ਖੇਡਦੇ ਖੁਸ਼ੀਆਂ ਮਨਾਉਂਦੇ ਜਾ ਰਹੇ ਸਨ॥੨੪॥

ਇਸ ਪ੍ਰਕਾਰ ਨਿਤ ਪ੍ਰਤਿ ਮਗ ਚਲੇ। ਅਨਿਕ ਬਿਲਾਸਤਿ ਬਿਲਸਤਿ ਭਲੇ।
ਗਮਨੇ ਜਾਹਿਂ ਸੰਗ ਸਮੁਦਾਏ। ਮਿਲਹਿਂ ਸਿੱਖ ਜਹਿਂ ਜਹਿਂ ਸੁਨ ਪਾਏ॥੨੫॥

ਇਸ ਪ੍ਰਕਾਰ ਨਿਤਾਪ੍ਰਤੀ ਮਾਰਗ ਵਿਚ ਚਲਦੇ ਸਨ ਤੇ ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਜਾਂਦੇ ਸਨ। ਸਾਰਿਆਂ ਸੇਵਕਾਂ ਦੇ ਨਾਲ ਚਲੇ ਜਾ ਰਹੇ ਸਨ, ਜਿੱਥੇ-ਜਿੱਥੇ ਸਿੱਖਾਂ ਨੂੰ ਪਤਾ ਲੱਗਦਾ ਸੀ ਉਹ ਆ ਕੇ ਮਿਲਦੇ ਸਨ॥੨੫॥

ਅਰਪਿ ਅਕੋਰਨ ਸੇਵਨ ਠਾਨਹਿਂ। ਖਾਨ ਪਾਨ ਤ੍ਰਿਣ ਦਾਨਾ ਆਨਹਿਂ।
ਨਮੋ ਚਰਨ ਕਰਿ ਪਿਖਹਿਂ ਸਰੂਪ। ਦਿਪਹਿ ਤੇਜ ਬਡ ਭੂਪਨ ਭੂਪ॥ ੨੬॥

ਉਪਹਾਰ ਅਰਪਣ ਕਰਕੇ ਸੇਵਾ ਕਰਦੇ ਸਨ, ਖਾਣ ਪੀਣ ਦਾ ਸਾਮਾਨ ਅਤੇ ਘਾਹ ਦਾਣੇ ਲਿਆਉਂਦੇ ਸਨ। ਚਰਨਾਂ ਉਤੇ ਨਮਸਕਾਰ ਕਰਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ। ਗੁਰੂ ਜੀ ਦਾ ਤੇਜ ਇੰਞ ਸ਼ੋਭ ਰਿਹਾ ਸੀ ਮਾਨੋ ਰਾਜਿਆਂ ਦੇ ਰਾਜੇ ਹੋਣ॥੨੬॥

ਗੁਰ ਮੂਰਤਿ ਕੀ ਸੂਰਤਿ ਰੂਰੀ। ਗੁਨ ਚਾਤੁਰਤਾਦਿਕ ਬਰ ਪੂਰੀ।
ਕਿਤਿਕ ਸਮੇਂ ਲਗਿ ਦੇਖਤਿ ਰਹੈਂ। ਉਠਜੋ ਨ ਜਾਇ ਉਠਨ ਉਰ ਚਹੈਂ॥੨੭॥

ਗੁਰੂ ਜੀ ਦੀ ਸੁੰਦਰ ਸੂਰਤ ਹੈ, ਗੁਣ, ਚਾਤੁਰਤਾ ਆਦਿ ਵਿਚ ਸ੍ਰੇਸ਼ਟ ਅਤੇ ਸੰਪੂਰਨ ਹਨ। ਕਾਫੀ ਸਮੇਂ ਤਕ ਵੇਖਦੇ ਰਹਿੰਦੇ ਸਨ, ਉਠਿਆ ਨਹੀਂ ਸੀ ਜਾਂਦਾ ਭਾਵੇਂ ਦਿਲ ਵਿਚ ਉੱਠਣਾ ਚਾਹੁੰਦੇ ਸਨ॥੨੭॥

ਨੀਠ ਨੀਠ ਕਰਿ ਸਦਨ ਸਿਧਾਰਹਿਂ। ਅਧਿਕ ਪ੍ਰਸੰਸਾ ਮਿਲਹਿਂ ਉਚਾਰਹਿਂ।
'ਜਗ ਗੁਰਤਾ ਬਰ ਉਚਿਤ ਬਡੇਰਾ। ਸੁਤ ਸ਼੍ਰੀ ਤੇਗਬਹਾਦਰ ਕੇਰਾ॥ ੨੮॥

ਮਸਾਂ-ਮਸਾਂ ਆਪਣੇ ਘਰਾਂ ਨੂੰ ਜਾਂਦੇ ਸਨ ਅਤੇ ਆਪਸ ਵਿਚ ਮਿਲ ਕੇ ਪ੍ਰਸੰਸਾ ਉਚਾਰਨ ਕਰਦੇ ਸਨ, "ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਜਗਤ ਦੀ ਸ੍ਰੇਸ਼ਟ ਗੁਰਤਾ ਵਾਸਤੇ ਉਚਿਤ ਅਤੇ ਯੋਗ ਹਨ॥੨੮॥

'ਜਿਨ ਮਹੁਂ ਲੱਛਨ ਜਥਾ ਪਿਤਾਮਾ। ਹਤੇ ਸ਼ੱਤ੍ਰੂ ਘਾਲਜੋ ਸੰਗ੍ਰਾਮਾ।
ਦਿੱਲੀ ਪਤਿ ਸਗਰੇ ਜਗ ਸ਼ਾਹੂ। ਪਾਇ ਪਰਾਜੈ ਭੈ ਉਰ ਮਾਂਹੂ॥ ੨੯॥

"ਜਿਨ੍ਹਾਂ ਵਿਚ ਆਪਣੇ ਦਾਦਾ ਜੀ ਵਰਗੇ ਲੱਛਣ ਹਨ, ਜਿਨ੍ਹਾਂ ਯੁੱਧ ਦੇ ਸੰਘਰਸ਼ ਰੱਚ ਕੇ ਵੈਰੀਆਂ ਨੂੰ ਮਾਰਿਆ ਸੀ। ਦਿੱਲੀ ਦਾ ਬਾਦਸ਼ਾਹ ਸਾਰੇ ਜਗਤ ਦਾ ਮਾਲਕ ਹੈ, ਉਸ ਦੇ ਮਨ ਵਿਚ ਹਾਰ ਜਾਣ ਦਾ ਭੈ ਉਤਪੰਨ ਹੋ ਗਿਆ ਸੀ॥੨੯॥

ਅਪਰਨ ਕੀ ਗਿਨਤੀ ਕੋ ਕਹੈ। ਬਡੇ ਬਹਾਦੁਰ ਸਭਿ ਨਰ ਲਹੈਂ।
ਤਿਨ ਸਮ ਕ੍ਰਾਂਤਿ ਇਨਹੁੰ ਕੀ ਹੇਰੀ। ਬਾਲ ਆਰਬਲ ਬਿਖੈ ਬਡੇਰੀ' ॥ ੩੦ ॥

ਹੋਰਨਾਂ ਦੀ ਗਿਣਤੀ ਕੀ ਕਰੀਏ, ਵੱਡਾ ਬਹਾਦਰ ਸਾਰੇ ਮਨੁੱਖ ਵੇਖਣਗੇ। ਗੁਰੂ ਹਰਿਗੋਬਿੰਦ ਵਾਂਗ ਕ੍ਰਾਂਤੀ ਇਨ੍ਹਾਂ ਵਿਚ ਵੇਖੀ ਹੈ, ਜਿਹੜੀ ਬਾਲ ਅਵਸਥਾ ਵਿਚ ਸਪੱਸ਼ਟ ਰੂਪ ਵਿਚ ਪ੍ਰਗਟ ਹੈ" ॥੩੦॥

ਇੱਤਜਾਦਿਕ ਮਗ ਕੇ ਪੁਰਿ ਗ੍ਰਾਮੂ। ਹੇਰਿ ਹੇਰਿ ਹਰਖਹਿਂ ਅਭਿਰਾਮੂ।
ਉਲੰਘਿ ਗਏ ਰੋਪਰ ਪੁਰਿ ਚਾਲਤਿ। ਸਨੇ ਸਨੇ ਮਜਲਾਲਪ ਡਾਲਤਿ॥ ੩੧ ॥

ਇਸ ਤਰ੍ਹਾਂ ਰਾਹ ਵਿਚਲੇ ਨਗਰ ਤੇ ਪਿੰਡ ਗੁਰੂ ਜੀ ਦਾ ਮਨੋਹਰ ਅਤੇ ਸੁੰਦਰ ਮੁਖੜਾ ਵੇਖ-ਵੇਖ ਪ੍ਰਸੰਨ ਹੋ ਰਹੇ ਸਨ। ਇਸ ਤਰ੍ਹਾਂ ਚਲਦੇ ਰੋਪੜ ਨਗਰ ਨੂੰ ਵੀ ਲੰਘ ਗਏ। ਹੌਲੀ-ਹੌਲੀ ਛੋਟੀਆਂ-ਛੋਟੀਆਂ ਮੰਜ਼ਲਾਂ ਕਰਦੇ ਹਨ॥੩੧॥

ਪ੍ਰਥਮ ਗਈ ਸੁਧ ਕੀਰਤ ਪੁਰਿ ਮੈਂ। ਸੁਨਤਿ ਪ੍ਰਮੋਦ ਨਾਰਿ ਨਰ ਉਰ ਮੈਂ।
ਸੂਰਜ ਮਲ ਕੇ ਪੌਤ੍ਰੇ ਦੋਇ। ਨਿਕਸੇ ਲੇਨਿ ਅਗਾਊ ਹੋਇ॥ ੩੨ ॥

ਪਹਿਲਾਂ ਗੁਰੂ ਜੀ ਦੇ ਆਉਣ ਦੀ ਖ਼ਬਰ ਕੀਰਤਪੁਰ ਵਿਚ ਪੁੱਜੀ। ਇਹ ਸੁਣ ਕੇ ਨਗਰ ਦੇ ਸਾਰੇ ਇਸਤਰੀ ਪੁਰਸ਼ ਦਿਲ ਵਿਚ ਬਹੁਤ ਪ੍ਰਸੰਨ ਹੋਏ। ਬਾਬਾ ਸੂਰਜ ਮਲ ਦੇ ਦੋਵੇਂ ਪੋਤਰੇ, ਗੁਰੂ ਜੀ ਨੂੰ ਅੱਗੇ ਹੋ ਕੇ ਲੈਣ ਵਾਸਤੇ ਬਾਹਰ ਨਿਕਲੇ॥੩੨॥

ਗ਼ਨੀ ਗ਼ਰੀਬ ਅਪਰ ਨਰ ਸਾਰੇ। ਨਿਕਸੇ ਸੰਗ ਜੁਗਮ ਪਰਵਾਰੇ।
ਵਹਿਰ ਦੂਰ ਆਏ ਹਿਤ ਆਦਰ। ਲਖਿ ਨੰਦਨ ਸ੍ਰੀ ਤੇਗ ਬਹਾਦਰ॥ ੩੩ ॥

ਅਮੀਰ ਗਰੀਬ ਹੋਰ ਸਾਰੇ ਮਨੁੱਖ, ਦੋਵਾਂ ਪਰਿਵਾਰਾਂ ਸਹਿਤ ਬਾਹਰ ਆਏ। ਆਦਰ ਵਾਸਤੇ ਬਾਹਰ ਦੂਰ ਆ ਗਏ, ਜਦ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਨੂੰ ਵੇਖਿਆ॥੩੩॥

ਬੰਦਨ ਕਰੀ ਸਰਬ ਹੀ ਮਿਲੇ। ਕੁਸ਼ਲ ਪ੍ਰਸ਼ਨ ਕਰਿ ਦੁਹਿ ਦਿਸ਼ਿ ਭਲੇ।
ਕਹਤਿ ਬਤਕ ਅੰਤਰ ਲੇ ਗਏ। ਡੇਰਾ ਕਰਨਿ ਉਤਾਰਨਿ ਭਏ॥ ੩੪ ॥

ਸਾਰਿਆਂ ਨੇ ਮਿਲ ਕੇ ਬੰਦਨਾ ਕੀਤੀ। ਦੋਵਾਂ ਪਾਸਿਆਂ ਨੇ ਇਕ ਦੂਸਰੇ ਦੀ ਸੁਖ-ਸਾਂਦ ਪੁੱਛੀ। ਕਹਿ ਕੇ ਡੱਠੇ ਪਲੰਘ ਵਲ ਅੰਦਰ ਲੈ ਗਏ ਤੇ ਰਾਤ ਡੇਰਾ ਕਰਨ ਵਾਸਤੇ ਉਤਾਰ ਲਏ॥੩੪॥

ਸੁੰਦਰ ਸਦਨ ਸਿਧਾਰ ਪ੍ਰਵੇਸ਼ੇ। ਡਸਜੋ ਪ੍ਰਯੰਕ ਪੀਠ ਬੈਸੇ।
ਸਤਿਗੁਰ ਬੂਝਨਿ ਲਗੇ ਤਦਾਈ। 'ਦੇਹੁ ਆਪਨੇ ਨਾਮ ਬਤਾਈ॥ ੩੫ ॥

ਸੁੰਦਰ ਘਰ ਦੇ ਅੰਦਰ ਪ੍ਰਵੇਸ਼ ਕਰ ਗਏ, ਪਲੰਘ ਡੱਠਾ ਸੀ, ਗੁਰੂ ਜੀ ਪਲੰਘ ਦੇ ਉੱਤੇ ਚੜ੍ਹ ਕੇ ਬੈਠ ਗਏ। ਤਦ ਸਤਿਗੁਰੂ ਜੀ ਬਾਬਾ ਸੂਰਜ ਮੱਲ ਦੇ ਪੋਤਰਿਆਂ ਨੂੰ ਪੁੱਛਣ ਲੱਗੇ, "ਸਾਨੂੰ ਆਪਣਾ ਨਾਮ ਦੱਸ ਦੇਵੋ॥੩੫॥

ਹਮ ਸਮ ਬਾਲ ਬੈਸ, ਮਿਲ ਖੇਲਹਿਂ। ਰਾਖਹਿਂ ਨਿਕਟਿ, ਮੇਲ ਨਿਜ ਮੇਲਹਿਂ'।
ਸੁਨਤਿ ਮੇਵੜੇ ਬਿਦਤ ਬਤਾਏ। 'ਸ੍ਰੀ ਸੂਰਜ ਮਲ ਤੁਮਰੇ ਤਾਏ॥ ੩੬ ॥

ਸਾਡੇ ਵਾਂਗ ਬਾਲ ਉਮਰ ਹੈ, ਮਿਲ ਕੇ ਖੇਡੀਏ, ਆਪਣੇ ਮੇਲੀ ਮਿਲਾ ਕੇ ਪਾਸ ਰੱਖਾਂਗੇ।" ਇਹ ਸੁਣ ਕੇ ਅਰਦਾਸੀਏ ਸਿੱਖ ਨੇ ਪ੍ਰਗਟ ਰੂਪ ਵਿਚ ਸਭ ਕੁਝ ਦੱਸ ਦਿੱਤਾ, "ਸ੍ਰੀ ਸੂਰਜ ਮਲ ਜੀ ਤੁਹਾਡੇ ਤਾਏ ਹਨ॥੩੬॥

ਤਿਨ ਕੇ ਦ੍ਵੈ ਪੌਤ੍ਰੇ ਸੁਭ ਦੇਹੀ। ਗਏ ਅਬਹਿ ਬੈਕੁੰਠ ਤਜਿ ਦੇਹੀ।
ਨਾਮ ਗੁਲਾਬ ਰਾਇ ਇਹ ਜੇਠੇ। ਸ਼ਜਾਮਦਾਸ ਲਘੁ ਜੋ ਢਿਗ ਬੈਠੇ॥ ੩੭ ॥

ਉਨ੍ਹਾਂ ਦੇ ਇਹ ਦੋਵੇਂ ਸ਼ੁਭ ਪੋਤਰੇ ਹਨ, ਉਹ ਥੋੜ੍ਹਾ ਚਿਰ ਪਹਿਲਾਂ ਹੀ ਸਰੀਰ ਛੱਡ ਕੇ ਬੈਕੁੰਠ ਗਏ ਹਨ। ਜਿਹੜਾ ਵੱਡਾ ਪੋਤਰਾ ਹੈ ਉਸ ਦਾ ਨਾਮ ਗੁਲਾਬ ਰਾਇ ਹੈ ਤੇ ਛੋਟਾ ਜਿਹੜਾ ਪਾਸ ਬੈਠਾ ਹੈ, ਉਸ ਦਾ ਨਾਮ ਸ਼ਿਆਮ ਦਾਸ ਹੈ॥੩੭॥

ਰਹੈ ਅਲੰਬ ਤੁਮਾਰੇ ਅਬੈ। ਏਕ ਗੁਰੂ ਕੀ ਸੰਤਤਿ ਸਬੈ।
ਇੱਤਜਾਦਿਕ ਬੋਲੇ ਬਹੁ ਬਾਤ। ਇਤਨੇ ਮਹਿਂ ਪਹੁਂਚੀ ਜੁਗ ਮਾਤ॥ ੩੮॥

ਹੁਣ ਇਹ ਤੁਹਾਡੇ ਆਸਰੇ ਰਹਿਣਗੇ, ਇਕ ਗੁਰੂ ਜੀ ਦੀ ਸਾਰੇ ਸੰਤਾਨ ਹਨ।" ਇਸ ਤਰ੍ਹਾਂ ਬਹੁਤ ਗੱਲਾਂ ਕੀਤੀਆਂ, ਏਨੇ ਵਿਚ ਦੋਵੇਂ ਮਾਤਾ ਜੀ ਵੀ ਪਹੁੰਚ ਗਏ॥੩੮॥

ਸੂਰਜ ਮਲ ਘਰਨੀ ਤਬਿ ਆਈ। ਸਾਦਰ ਸਜੰਦਨ ਤੇ ਉਤਰਾਈ।
ਗਰ ਸੌਂ ਮਿਲੀ ਜਿਠਾਨਿ ਦਿਰਾਨੀ। ਗੁਜਰੀ ਵਾਂ ਕੇ ਪਗ ਲਪਟਾਨੀ॥ ੩੯॥

ਸੂਰਜ ਮਲ ਦੀ ਪਤਨੀ ਫਿਰ ਆਈ ਤੇ ਉਨ੍ਹਾਂ ਆ ਕੇ ਦੋਹਾਂ ਮਾਤਾ ਜੀ ਨੂੰ ਰੱਥਾਂ ਵਿਚੋਂ ਉਤਰਵਾਇਆ ਤੇ ਜਿਠਾਨੀ ਦਿਰਾਨੀ ਗਲ ਨਾਲ ਲੱਗ ਕੇ ਮਿਲੀਆਂ। ਮਾਤਾ ਗੁਜਰੀ ਜੀ ਨੇ ਸੂਰਜ ਮਲ ਦੀ ਪਤਨੀ ਦੇ ਚਰਨਾਂ 'ਤੇ ਮੱਥਾ ਟੇਕਿਆ॥੩੯॥

ਘਰ ਅੰਤਰ ਲੇ ਜਾਇ ਬਿਠਾਈ। ਮਸਤਕ ਟੇਕਤਿ ਆਨੰਦ ਪਾਈ।
ਅਪਰ ਪ੍ਰਸੰਗ ਬਖਾਨੌਂ ਕਹਾਂ। ਸੇਵਾ ਕਰਤਿ ਭਏ ਸਭਿ ਮਹਾਂ॥ ੪੦॥

ਉਸ ਨੇ ਦੋਵਾਂ ਨੂੰ ਘਰ ਦੇ ਅੰਦਰ ਲੈ ਜਾ ਕੇ ਬੈਠਾਇਆ ਤੇ ਮੱਥਾ ਟੇਕ ਅਨੰਦ ਪਾਇਆ। ਹੋਰ ਪ੍ਰਸੰਗ ਕੀ ਬਿਆਨ ਕਰਾਂ, ਸਾਰੇ ਹੀ ਮਹਾਨ ਸੇਵਾ ਕਰ ਰਹੇ ਸਨ॥੪੦॥

ਅਧਿਕ ਸਨੇਹ ਵਧਾਵਨਿ ਕੀਨਿ। ਚਿਰ ਬਿਛਰੇ ਮਿਲਿ ਕੈ ਸੁਖ ਲੀਨਿ।
ਅਨਿਕ ਪ੍ਰਕਾਰ ਅਹਾਰ ਕਰਾਏ। ਪ੍ਰੇਮ ਸਹਿਤ ਕਹਿ ਕਰਿ ਅਚਵਾਏ॥ ੪੧॥

ਬਹੁਤ ਸਨੇਹ ਵਧਾਇਆ, ਚਿਰਾਂ ਦੇ ਵਿਛੜਿਆਂ ਨੇ ਮਿਲ ਕੇ ਬਹੁਤ ਸੁਖ ਪਾਇਆ। ਅਨੇਕ ਪ੍ਰਕਾਰ ਦੇ ਭੋਜਨ ਕਰਵਾਏ ਤੇ ਪ੍ਰੇਮ ਸਹਿਤ ਕਹਿ ਕੇ ਖਵਾਏ॥੪੧॥

ਜਥਾ ਜੋਗ ਮਿਲਿ ਸਭਿ ਪਰਵਾਰੂ। ਬਡ ਗੁਰ ਦਿਸ਼ਿ ਤੇ ਰਿਦੇ ਖਭਾਰੂ।
'ਗਏ ਆਪ ਤੁਰਕੇਸੁਰ ਪਾਸ। ਕਰਜੋ ਚਹੈਂ ਛਿਤ ਦੁਸ਼ਟ ਬਿਨਾਸ' ॥ ੪੨॥

ਯਥਾ-ਯੋਗ ਸਾਰਾ ਪਰਿਵਾਰ ਮਿਲਿਆ, ਪਰ ਵੱਡੇ ਗੁਰੂ ਜੀ ਤੇਗ ਬਹਾਦਰ ਵਲੋਂ ਸਾਰਿਆਂ ਦੇ ਹਿਰਦੇ ਵਿਚ ਦੁਖ ਪੈਦਾ ਹੋਇਆ, "ਆਪ ਜੀ ਤੁਰਕ ਬਾਦਸ਼ਾਹ ਪਾਸ ਗਏ ਹਨ, ਇਸ ਧਰਤੀ ਤੋਂ ਦੁਸ਼ਟਾਂ ਦੇ ਰਾਜ ਦਾ ਨਾਸ਼ ਕਰਨਾ ਚਾਹੁੰਦੇ ਹਨ" ॥੪੨॥

ਕਰੇ ਫਿਕਰ ਕੇ ਜ਼ਿਕਰ ਘਨੇਰੇ। ਸੁਪਤ ਜਥਾਸੁਖ ਨਿਸ ਬਡ ਹੇਰੇ।
ਜਾਗੇ ਜਬਿ ਪ੍ਰਭਾਤਿ ਹ੍ਵੈ ਆਈ। ਸੌਚ ਸ਼ਨਾਨ ਠਾਨਿ ਗੋਸਾਈਂ॥ ੪੩॥

ਬਾਰ-ਬਾਰ ਜ਼ਿਕਰ ਕਰਕੇ ਫਿਕਰ ਕਰਦੇ ਸਨ ਤੇ ਰਾਤ ਬਹੁਤ ਗਈ ਵੇਖ ਕੇ ਸੁਖ ਨਾਲ ਸੌਂ ਗਏ। ਜਦ ਸਵੇਰ ਹੋ ਗਈ ਤਾਂ ਜਾਗ ਪਏ। ਗੁਰੂ ਜੀ ਨੇ ਫਿਰ ਸੌਚ ਇਸ਼ਨਾਨ ਕੀਤਾ॥੪੩॥

ਚਹਜੋ ਚਢਨ ਜਬਿ ਸਭਿ ਮਿਲਿ ਆਏ। 'ਆਜ ਨ ਜਾਨ ਦੇਹਿਂ ਅਗਵਾਏ।
ਬਾਸ ਕਰਹੁ ਸ਼ੁਭ ਥਾਨ ਨਿਹਾਰਹੁ। ਅਪਨਿ ਬਡਿਨਿ ਕੀ ਪੁਰੀ ਬਿਚਾਰਹੁ॥੪੪॥

ਜਦ ਸਾਰਿਆਂ ਨੇ ਮਿਲ ਕੇ ਘੋੜਿਆਂ ਤੇ ਸਵਾਰ ਹੋਣਾ ਚਾਹਿਆ ਤਾਂ ਸੂਰਜ ਮਲ ਦੇ ਪਰਿਵਾਰ ਨੇ ਕਿਹਾ, "ਅੱਜ ਅੱਗੇ ਨਹੀਂ ਜਾਣ ਦੇਵਾਂਗੇ। ਏਥੇ ਵਾਸਾ ਕਰੋ ਅਤੇ ਸ਼ੁਭ ਸਥਾਨ ਵੇਖੋ। ਇਹ ਆਪਣੇ ਵੱਡਿਆਂ ਦੀ ਨਗਰੀ ਸਮਝੋ॥੪੪॥

ਸ੍ਰੀ ਹਰਿਰਾਇ ਬਾਗ਼ ਲਗਵਾਯਹੁ। ਨਾਨਾ ਰੀਤਿ ਸਾਥ ਸੁਧਰਾਯਹੁ।
ਕਰਹੁ ਬਿਲੋਕਨਿ ਆਨੰਦ ਦੇਹੈ। ਤਰੁਵਰੁ ਸਫਲ ਫੂਲ ਬਿਕਸੇ ਹੈਂ॥ ੪੫॥

ਸ੍ਰੀ ਗੁਰੂ ਹਰਿਰਾਇ ਜੀ ਨੇ ਏਥੇ ਬਾਗ ਲਗਵਾਇਆ ਹੈ, ਕਈ ਪ੍ਰਕਾਰ ਦੀਆਂ ਰੀਤੀਆਂ ਨਾਲ ਉਸ ਦਾ ਸੁਧਾਰ ਕੀਤਾ ਹੈ। ਉਸ ਬਾਗ ਨੂੰ ਵੇਖੋ, ਬੜਾ ਆਨੰਦ ਦੇਵੇਗਾ। ਫਲਦਾਰ ਬ੍ਰਿਛਾਂ ਦੇ ਫੁੱਲ ਖਿੜੇ ਹਨ॥੪੫॥

ਗੁਰੂ ਪਿਤਾਮਾ ਕੋ ਸ਼ੁਭ ਥਾਨ। ਦਰਸ਼ਨ ਕਰਹੁ ਬੰਦਨਾ ਠਾਨਿ।
ਸ੍ਰੀ ਗੁਰਦਿੱਤਾ ਤੁਮਰੋ ਤਾਯਾ। ਗਿਰ ਪਰ ਊਚੇ ਥਾਨ ਸੁਹਾਯਾ॥ ੪੬॥

ਇਹ ਸਾਡੇ ਦਾਦਾ ਗੁਰੂ ਜੀ ਦਾ ਸ਼ੁਭ ਸਥਾਨ ਹੈ, ਬੰਦਨਾ ਕਰਕੇ ਉਨ੍ਹਾਂ ਦੇ ਸਥਾਨ ਦੇ ਦਰਸ਼ਨ ਕਰੋ। ਸ੍ਰੀ ਗੁਰਦਿੱਤਾ ਜੀ ਤਾਇਆ ਜੀ ਸਨ, ਉਨ੍ਹਾਂ ਦਾ ਸਥਾਨ ਪਹਾੜ ਦੇ ਉੱਪਰ ਸ਼ੋਭ ਰਿਹਾ ਹੈ॥੪੬॥

ਸਭਿ ਥਲ ਹੈਂ ਅਵਲੋਕਨ ਜੋਗ। ਤੁਮਹਿਂ ਪਿਖਹਿਂ ਕੀਰਤ ਪੁਰਿ ਲੋਗ।
ਇੱਤਜਾਦਿਕ ਕਹਿ ਕਰਿ ਮ੍ਰਿਦੁ, ਸਾਦਰ। ਰਾਖੇ ਸੁਤ ਸ੍ਰੀ ਤੇਗ ਬਹਾਦਰ॥ ੪੭॥

ਇਹ ਸਭ ਸਥਾਨ ਵੇਖਣਯੋਗ ਹਨ ਤੇ ਏਥੇ ਕੀਰਤਪੁਰ ਦੇ ਸਾਰੇ ਲੋਕ ਤੁਹਾਡੇ ਦਰਸ਼ਨ ਕਰਨਗੇ। ਇਸ ਤਰ੍ਹਾਂ ਆਦਰ ਸਹਿਤ ਮਿੱਠੇ ਬਚਨ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੁੱਤਰ ਨੂੰ ਰੱਖ ਲਿਆ॥੪੭॥

*ਬਾਰ੍ਹਵੀਂ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥੫੯॥*

## ਅਧਿਆਇ ਸੱਠਵਾਂ

### ਕੀਰਤਪੁਰ ਬਾਗ਼ ਦੇ ਦਰਸ਼ਨ, ਅਨੰਦਪੁਰ ਨੂੰ ਕੂਚ

ਦੋਹਰਾ- ਕਰਿ ਮੁਕਾਮ ਨਿਜ ਸਤਿਗੁਰੂ ਪੰਚਾਂਮ੍ਰਿਤੁ ਕਰਿਵਾਇ।
ਚਲੇ ਬਿਲੋਕਨ ਬਾਗ਼ ਕੋ ਸਗਰੇ ਸੰਗ ਲਵਾਇ॥ ੧॥

ਸਤਿਗੁਰੂ ਜੀ ਨੇ ਕੀਰਤਪੁਰ ਮੁਕਾਮ ਕਰਕੇ ਕੜਾਹ ਪ੍ਰਸ਼ਾਦਿ ਕਰਵਾਇਆ ਤੇ ਸਾਰਿਆਂ ਨੂੰ ਨਾਲ ਲੈ ਕੇ ਬਾਗ ਵੇਖਣ ਚਲੇ ਗਏ॥੧॥

ਚੌਪਈ- ਭਏ ਪ੍ਰਵੇਸ਼ ਅਸ਼ੇਸ਼ ਨਿਹਾਰਾ। ਆਰੂ ਅਮਰੂਦ, ਅਨਾਰਾ।
ਖਰੇ ਰਸਾਲ ਬਿਸਾਲ ਉਚੇਰੇ। ਫਲੇ ਫਾਲਸੇ ਫਲ ਬਹੁਤੇਰੇ॥ ੨॥

ਬਾਗ ਵਿਚ ਪ੍ਰਵੇਸ਼ ਕਰਕੇ ਸਾਰਾ ਵੇਖਿਆ। ਆੜੂ, ਅਮਰੂਦ, ਅਨਾਰ ਆਦਿ ਦੇ ਉੱਚੇ-ਉੱਚੇ ਬ੍ਰਿਛ ਪੱਕੇ ਹੋਏ ਫਲਾਂ ਸਹਿਤ ਖੜੇ ਸਨ। ਫਾਲਸਿਆਂ ਦੇ ਬੂਟੇ ਵੀ ਫਲ ਨਾਲ ਬਹੁਤ ਫਲੇ ਸਨ॥੨॥

ਬਦਰੀ ਤਰੁ ਕਦਲੀਨ ਬਗੀਚੇ। ਬਾਰਿ ਬਾਰਿ ਬਾਰੀ ਬਰ ਸੀਂਚੇ।
ਰਾਇਬੇਲ, ਚੰਪਕ, ਚੰਬੇਲੀ। ਫੈਲੀ ਮਹਿਕਤਿ ਗੰਧਿ ਸੁਹੇਲੀ॥ ੩॥

ਬੇਰੀਆਂ ਦੇ ਪੇੜ, ਕੇਲਿਆਂ ਦੇ ਬਗੀਚੇ ਜਿਹੜੇ ਬਾਰ-ਬਾਰ ਸ੍ਰੇਸ਼ਟ ਪਾਣੀ ਨਾਲ ਸਿੰਜੇ ਸਨ। ਰਾਇਵੇਲ, ਚੰਪਾ, ਚੰਬੇਲੀ ਦੇ ਬੂਟੇ ਫੈਲੇ ਹੋਏ ਸਨ ਤੇ ਸੁਹਾਵਣੀ ਸੁਗੰਧ ਮਹਿਕ ਰਹੀ ਸੀ॥੩॥

ਖਿਰਜੋ ਕੇਵਰਾ, ਹਾਰ ਸ਼ਿੰਗਾਰ। ਸੇਵ ਮਾਲਤੀ, ਗਨ ਗੁਲਜ਼ਾਰ।
ਗੇਂਦਾ, ਕਲਗਾ, ਬ੍ਰਿੰਦ ਬਧੂਪ। ਖਿਰਨੀ, ਜਾਮਨ ਖਰੀ ਅਨੂਪ॥ ੪॥

ਕੇਵੜਾ ਤੇ ਹਾਰ ਸ਼ਿੰਗਾਰ ਦੇ ਪੌਦੇ ਜਿਸ ਦੇ ਸੁੱਕੇ ਫੁੱਲਾਂ ਵਿਚੋਂ ਬਸੰਤੀ ਰੰਗ ਨਿਕਲਦਾ ਹੈ, ਖਿੜੇ ਹੋਏ ਸਨ। ਮਾਲਤੀ ਦੇ ਫੁੱਲ ਵੀ ਬਹੁਤ ਖਿੜੇ ਹੋਏ ਸਨ। ਗੇਂਦਾ, ਕਲਗਾ ਤੇ ਗੁਲ ਦੁਪਹਿਰੀ ਦੇ ਫੁੱਲ ਵੀ ਸ਼ੋਭ ਰਹੇ ਸਨ ਤੇ ਖਿਰਨੀ, ਜਾਮਨ ਦੇ ਅਨੁਪਮ ਬ੍ਰਿਛ ਖੜੇ ਸਨ॥੪॥

ਨਿੰਬੂ, ਨੌਰੰਗੀ, ਅੰਗੂਰ। ਸੰਗਤਰੇ ਸੁੰਦਰ ਰਸ ਪੂਰ।
ਕਠਲ ਬਢਲ, ਬਟ, ਪੀਪਰ ਖਰੇ। ਪੰਕਤਿ ਕਰੀ ਸੁਹਾਵਤਿ ਖਰੇ॥ ੫॥

ਨਿੰਬੂ, ਨੌਰੰਗੀ, ਅੰਗੂਰ ਅਤੇ ਸੰਗਤਰੇ ਸੁੰਦਰ ਰਸ ਨਾਲ ਭਰੇ ਹੋਏ ਸਨ। ਕਟਹਰ, ਢੇਊ, ਬੋਹੜ ਅਤੇ ਪਿੱਪਲ ਦੇ ਰੁੱਖ ਕਤਾਰਾਂ ਵਿਚ ਖੜੇ ਬਹੁਤ ਸ਼ੋਭ ਰਹੇ ਸਨ॥੫॥

ਰਚੇ ਸਥੰਡਲ ਰੌਸ ਬਿਸਾਲਾ। ਨਿਰਮਲ ਨੀਰ ਸਭਿਨਿ ਮਹਿੰ ਚਾਲਾ।
ਬਿਚਰਤਿ ਸਤਿਗੁਰ ਨਰ ਸਮੁਦਾਏ। ਮਾਲੀ ਰਚਿ ਡਾਲੀ ਕੋ ਲਜਾਏ॥ ੬॥

ਥੜੇ ਅਤੇ ਬਾਗ ਦੀਆਂ ਸੜਕਾਂ ਬਣੀਆਂ ਸਨ ਤੇ ਸਾਰਿਆਂ ਵਿਚ ਨਿਰਮਲ ਜਲ ਚਲ ਰਿਹਾ ਸੀ। ਉਥੇ ਸਤਿਗੁਰੂ ਜੀ ਬਹੁਤ ਮਨੁੱਖਾਂ ਦੇ ਨਾਲ ਵਿਚਰ ਰਹੇ ਸਨ। ਮਾਲੀ ਫੁੱਲਾਂ ਦੀ ਡਾਲੀ ਬਣਾ ਕੇ ਲਿਆਇਆ॥੬॥

ਧਨ ਗਨ ਦੇ ਕਰਿ ਸਕਲ ਬਿਲੋਕਾ। ਛਾਯਾ ਸਘਨ ਤੇਜ ਰਵਿ ਰੋਕਾ।
ਕਰਜੋ ਸਰਾਹਨਿ ਇਤ ਉਤ ਹੇਰਿ। ਗਮਨੇ ਥਾਨ ਪਿਤਾਮੇ ਫੇਰ॥ ੭॥

ਗੁਰੂ ਜੀ ਨੇ ਉਸ ਨੂੰ ਧਨ ਦਿੱਤਾ ਤੇ ਸਾਰੇ ਬਾਗ ਨੂੰ ਵੇਖਿਆ। ਉੱਚੇ-ਉੱਚੇ ਬ੍ਰਿਛਾਂ ਨੇ ਧੁਪ ਨੂੰ ਰੋਕਿਆ ਹੋਇਆ ਸੀ। ਏਧਰ ਓਧਰ ਵੇਖ ਕੇ ਗੁਰੂ ਜੀ ਨੇ ਬਹੁਤ ਸ਼ਲਾਘਾ ਕੀਤੀ, ਫਿਰ ਆਪਣੇ ਦਾਦਾ ਜੀ ਦੇ ਸਥਾਨ ਤੇ ਗਏ॥੭॥

ਤਬਿ ਲੈ ਪੰਚਾਂਮ੍ਰਿਤ ਸਮੁਦਾਇ। ਆਨਜੋ ਲੋਕਨ ਸੀਸ ਉਠਾਇ।
ਦਰਸ਼ਨ ਦੇਖਿ ਥਾਨ ਕੋ ਨਿਮੇ। ਕਰਿ ਅਰਦਾਸ ਅਰਪ ਤਿਹ ਸਮੇ॥ ੮॥

ਤਦ ਤਕ ਸਾਰੇ ਲੋਕ ਆਪਣੇ ਸਿਰਾਂ ਉਤੇ ਚੁੱਕ ਕੇ ਕੜਾਹ ਪ੍ਰਸ਼ਾਦਿ ਲਿਆਏ। ਗੁਰੂ ਜੀ ਨੇ ਦਾਦਾ ਜੀ ਦੇ ਸਥਾਨ ਦੇ ਦਰਸ਼ਨ ਕਰਕੇ ਮੱਥਾ ਟੇਕਿਆ ਤੇ ਅਰਦਾਸ ਕਰਕੇ ਉਸ ਸਮੇਂ ਕੜਾਹ ਪ੍ਰਸ਼ਾਦਿ ਅਰਪਣ ਕੀਤਾ॥੮॥

ਬੰਟਜੋ ਸਕਲ ਨਰਨ ਕੇ ਮਾਂਹੀ। ਅਨੰਦ ਸਮੇਤ ਤ੍ਰਿਪਤ ਹੁਇ ਖਾਂਹੀ।
ਸਭਿ ਸਥਾਨ ਕੇ ਦਰਸ਼ਨ ਕਰੇ। ਬਹੁਰ ਗਮਨ ਕਰਿ ਗਿਰ ਸਿਰ ਚਰੇ॥ ੯॥

ਸਾਰੇ ਕੜਾਹ ਪ੍ਰਸ਼ਾਦਿ ਨੂੰ ਫਿਰ ਮਨੁੱਖਾਂ ਵਿਚ ਵੰਡ ਦਿੱਤਾ। ਸਾਰਿਆਂ ਨੇ ਆਨੰਦ ਸਹਿਤ ਤ੍ਰਿਪਤ ਹੋ ਕੇ ਖਾਧਾ। ਗੁਰੂ ਜੀ ਨੇ ਸਾਰੇ ਸਥਾਨਾਂ ਦੇ ਦਰਸ਼ਨ ਕੀਤੇ। ਫਿਰ ਚਲ ਕੇ ਪਹਾੜ ਦੇ ਸਿਰੇ ਤੇ ਚੜ੍ਹ ਗਏ॥੯॥

ਤਾਏ ਕੋ ਥਲ ਜਾਇ ਨਿਹਾਰਾ। ਕਰਿ ਬੰਦਨ ਥਿਰ ਹ੍ਵੈ ਤਿਸ ਬਾਰਾ।
ਦਿਨ ਬਹੁ ਚਢਜੋ ਸੁ ਪੁਰਿ ਮਹਿੰ ਆਏ। ਅਚਵਿ ਅਹਾਰ ਸ੍ਵਾਦ ਤ੍ਰਿਪਤਾਏ॥੧੦॥

ਜਾ ਕੇ ਆਪਣੇ ਤਾਇਆ ਜੀ ਬਾਬਾ ਗੁਰਦਿੱਤਾ ਜੀ ਦਾ ਸਥਾਨ ਵੇਖਿਆ, ਬੰਦਨਾ ਕਰਕੇ, ਉਸ ਥਾਂ ਖੜੇ ਹੋ ਗਏ। ਜਦ ਬਹੁਤ ਦਿਨ ਚੜ੍ਹ ਆਇਆ ਤਾਂ ਨਗਰ ਵਿਚ ਆ ਗਏ ਤੇ ਸਵਾਦੀ ਭੋਜਨ ਛੱਕ ਕੇ ਤ੍ਰਿਪਤ ਹੋ ਗਏ॥੧੦॥

ਅਪਰ ਸਥਲ ਪੁਰਿ ਮਹਿੰ ਸ਼ੁਭ ਜੇਈ। ਅਵਿਲੋਕੇ ਫਿਰ ਕਰਿ ਸਭਿਤੇਈ।
ਅਨਿਕ ਭਾਂਤਿ ਕੀ ਬਾਤਨਿ ਕਰਤੇ। ਸੰਗ ਗੁਰੂ ਦਿਖਰਾਵਤਿ ਫਿਰਤੇ॥ ੧੧॥

ਨਗਰ ਵਿਚ ਹੋਰ ਜਿਹੜੇ ਸ਼ੁਭ ਸਥਾਨ ਸਨ, ਗੁਰੂ ਜੀ ਨੇ ਫਿਰ ਕੇ ਉਹ ਸਾਰੇ ਸਥਾਨ ਵੇਖੇ। ਅਨੇਕ ਪ੍ਰਕਾਰ ਦੀਆਂ ਗੱਲਾਂ ਕਰਦੇ ਸਨ। ਗੁਰੂ ਜੀ ਨੂੰ ਨਾਲ ਲੈ ਕੇ ਵਿਖਾਉਂਦੇ ਫਿਰਦੇ ਸਨ॥੧੧॥

**ਸਭਿ ਦਿਨ ਚਾਵ ਸਮੇਤ ਬਿਤਾਯੋ। ਦਰਸ਼ਨ ਕਰਿ ਸਭਿ ਪੁਰਿ ਹਰਖਾਯੋ।**
**ਨਿਸ ਬਿਸਰਾਮ ਕਰਯੋ ਸਭਿ ਕਾਹੂੰ। ਭਯੋ ਅਨੰਦ ਪਿਖਿ ਘਰ ਘਰ ਮਾਹੂੰ॥੧੨॥**

ਸਾਰਾ ਦਿਨ ਬੜੀ ਪ੍ਰਸੰਨਤਾ ਨਾਲ ਬਤੀਤ ਕੀਤਾ। ਸਾਰਾ ਨਗਰ ਗੁਰੂ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ। ਸਾਰਿਆਂ ਨੇ ਰਾਤ ਨੂੰ ਵਿਸ਼ਰਾਮ ਕੀਤਾ, ਗੁਰੂ ਜੀ ਦੇ ਦਰਸ਼ਨ ਕਰਕੇ ਘਰ-ਘਰ ਵਿਚ ਆਨੰਦ ਛਾ ਗਿਆ॥੧੨॥

**ਭਈ ਭੋਰ ਪ੍ਰਭੁ ਸੌਚ ਸ਼ਨਾਨੇ। 'ਤਯਾਰੀ ਕੀਜਹਿ' ਬਾਕ ਬਖਾਨੇ।**
**ਤਤਛਿਨ ਚੀਨ ਡਾਰਿ ਹਯ ਲਯਾਯੋ। ਗਮਨ ਕਰਨਿ ਗੁਰੁ ਨਿਕਟ ਜਨਾਯੋ॥੧੩॥**

ਸਵੇਰ ਹੋਣ ਤੇ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ ਤੇ ਬਚਨ ਕੀਤਾ, "ਚਲਣ ਦੀ ਤਿਆਰੀ ਕਰੋ।" ਤੁਰਤ ਘੋੜੇ 'ਤੇ ਕਾਠੀ ਪਾ ਕੇ ਲੈ ਆਏ ਤੇ ਚਲਣ ਵਾਸਤੇ ਗੁਰੂ ਜੀ ਦੇ ਪਾਸ ਜਾ ਕੇ ਜਾਣੂ ਕੀਤਾ॥੧੩॥

**ਸੁਨਿ ਕਰਿ ਆਇ ਤੁਰੰਗਮ ਚਢੇ। ਨਿਜ ਪੁਰਿ ਪਿਖਨਿ ਅਨੰਦ ਮਨ ਬਢੇ।**
**ਚਢਿ ਕਰਿ ਮਾਤੁਲ ਸੰਗ ਕ੍ਰਿਪਾਲ। ਸੇਵਕ ਸਿੱਖ ਬ੍ਰਿੰਦ ਹੈ ਨਾਲ॥੧੪॥**

ਗੁਰੂ ਜੀ ਸੁਣ ਕੇ ਘੋੜੇ 'ਤੇ ਚੜ੍ਹ ਗਏ, ਆਪਣੇ ਨਗਰ ਨੂੰ ਦੇਖਣ ਵਾਸਤੇ ਮਨ ਵਿਚ ਆਨੰਦ ਵਧਿਆ। ਕ੍ਰਿਪਾਲੂ ਗੁਰੂ ਜੀ ਘੋੜੇ ਤੇ ਸਵਾਰ ਹੋ ਕੇ ਆਪਣੇ ਮਾਮਾ ਜੀ ਦੇ ਨਾਲ ਚਲ ਪਏ। ਹੋਰ ਸਾਰੇ ਸਿੱਖ ਸੇਵਕ ਵੀ ਨਾਲ ਸਨ॥੧੪॥

**ਮਾਤ ਨਾਨਕੀ ਗੁਜਰੀ ਦੋਇ। ਚਢਿ ਸਜੰਦਨ ਪਰ ਗਮਨੀ ਸੋਇ।**
**ਸੁਨਤਿ ਅਨੰਦਪੁਰਿ ਨਰਨਿ ਅਨੰਦ। ਮਿਲਿ ਇਕ ਥਲ ਹਿਤ ਪਿਖਨਿ ਮੁਕੰਦ॥੧੫॥**

ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ, ਰੱਥਾਂ ਵਿਚ ਚੜ੍ਹ ਕੇ ਨਾਲ ਚਲ ਪਏ। ਜਦ ਅਨੰਦਪੁਰ ਦੇ ਮਨੁੱਖਾਂ ਨੇ ਸੁਣਿਆ ਤਾਂ ਉਹ ਬਹੁਤ ਪ੍ਰਸੰਨ ਹੋਏ। ਉਹ ਇਕ ਥਾਂ ਮਿਲ ਕੇ ਗੁਰੂ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਸਨ॥੧੫॥

**ਅਨਿਕ ਅਕੋਰਨ ਅਰਪਨ ਕਾਰਨ। ਪੁਰਿ ਤੇ ਨਿਕਸੇ ਕੀਨਿ ਪਧਾਰਨ।**
**ਆਗੇ ਗਮਨੇ ਕੇਤਿਕ ਦੂਰ। ਖਰੇ ਪ੍ਰਤੀਖਤਿ ਆਇਂ ਹਦੂਰ॥੧੬॥**

ਅਨੇਕਾਂ ਉਪਹਾਰ ਅਰਪਣ ਕਰਨ ਵਾਸਤੇ, ਨਗਰ ਤੋਂ ਬਾਹਰ ਨਿਕਲ ਕੇ ਚਲ ਪਏ। ਅੱਗੇ ਕਾਫੀ ਦੂਰ ਤਕ ਗਏ ਤੇ ਖੜੇ ਹੋ ਕੇ ਉਡੀਕ ਕਰਨ ਲੱਗੇ ਕਿ ਹਜ਼ੂਰ ਗੁਰੂ ਜੀ ਪਾਸ ਆਉਣ॥੧੬॥

**ਬੈਠੇ ਉਠਿ ਉਠਿ ਦੇਖਨਿ ਕਰੇ। ਅਧਿਕ ਪ੍ਰੇਮ ਕੋ ਸਭਿ ਉਰਧਰੇ।**
**ਕੀਰਤਿਪੁਰ ਤੇ ਗੁਰੂ ਸਿਧਾਰੇ। ਪਹੁੰਚਿ ਸਤੁੱਦ੍ਰਵ ਕੇਰ ਕਿਨਾਰੇ॥੧੭॥**

ਬੈਠੇ ਉੱਠ-ਉੱਠ ਵੇਖਦੇ ਸਨ, ਸਾਰਿਆਂ ਨੇ ਹਿਰਦੇ ਵਿਚ ਬਹੁਤ ਪ੍ਰੇਮ ਧਾਰਨ ਕੀਤਾ ਸੀ। ਕੀਰਤਪੁਰ ਤੋਂ ਗੁਰੂ ਜੀ ਚਲ ਪਏ ਤੇ ਸਤਲੁਜ ਦਰਿਆ ਦੇ ਕਿਨਾਰੇ ਪਹੁੰਚ ਗਏ॥੧੭॥

**ਨਿਰਮਲ ਨੀਰ ਹੇਰਿ ਹਰਖਾਏ। ਸਿੰਧ ਗਾਮਨੀ ਸਦਾ ਬਹਾਏ।**
**ਆਵਤਿ ਦੇਖਿ ਦੂਰ ਅਸਵਾਰੀ। ਮੁਦਤਿ ਬ੍ਰਿੰਦ ਨਰ ਚਲੇ ਅਗਾਰੀ॥੧੮॥**

ਨਿਰਮਲ ਜਲ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਸਮੁੰਦਰ ਨੂੰ ਜਾਣ ਵਾਲੀ ਸਤਲੁਜ ਨਦੀ ਸਦਾ ਵਗਦੀ ਸੀ। ਦੂਰ ਤੋਂ ਹੀ ਗੁਰੂ ਜੀ ਦੀ ਸਵਾਰੀ ਆਉਂਦੀ ਵੇਖ ਕੇ, ਸਾਰੇ ਮਨੁੱਖ ਪ੍ਰਸੰਨ ਹੋ ਕੇ ਅੱਗੇ ਚਲ ਪਏ॥੧੮॥

ਅਧਿਕ ਉਮਾਹਿਤ ਪਹੁੰਚੇ ਆਈ। ਬਾਲ ਬੈਸ ਅਵਿਲੋਕ ਗੁਸਾਂਈ।
ਚਰਨ ਕਮਲ ਪਰ ਸੀਸ ਨਿਵਾਏ। ਬ੍ਰਿੰਦ ਅਕੋਰਨ ਕੋ ਅਰਪਾਏ॥ ੧੯॥

ਬਹੁਤ ਉਮਾਹ ਨਾਲ ਆ ਕੇ ਪਹੁੰਚ ਗਏ, ਤੇ ਬਾਲਕ ਉਮਰ ਦੇ ਮਾਲਕ ਦੇ ਦਰਸ਼ਨ ਕੀਤੇ। ਸਾਰਿਆਂ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸੀਸ ਨਿਵਾਏ ਤੇ ਬਹੁਤ ਉਪਹਾਰ ਅਰਪਣ ਕੀਤੇ॥੧੯॥

ਕੁਸ਼ਲ ਪ੍ਰਸ਼ਨ ਸਭਿ ਸੋਂ ਗੁਰ ਕਰੇ। 'ਕ੍ਰਿਪਾ ਆਪ ਕੀ ਹਮ ਸੁਖ ਧਰੇ'।
ਬਿੱਪ੍ਰ ਬਨਿਕ ਤੇ ਆਦਿਕ ਸਾਰੇ। ਮਿਲੇ ਅਨੰਦਤਿ ਰੂਪ ਨਿਹਾਰੇ॥ ੨੦॥

ਗੁਰੂ ਜੀ ਨੇ ਸਾਰਿਆਂ ਪਾਸੋਂ ਸੁਖ ਸੰਦ ਪੁੱਛੀ, "ਆਪ ਜੀ ਦੀ ਕਿਰਪਾ ਨਾਲ ਅਸੀਂ ਸੁਖ ਧਾਰਨ ਕੀਤਾ ਹੈ।" ਬ੍ਰਾਹਮਣ, ਬਾਣੀਏ ਆਦਿ ਸਾਰੇ ਗੁਰੂ ਜੀ ਦਾ ਰੂਪ ਵੇਖ ਕੇ ਅਨੰਦਿਤ ਹੋ ਗਏ॥੨੦॥

ਸਭਿ ਕੋ ਲੇ ਕਰਿ ਅਪਨੇ ਸਾਥ। ਸਨੇ ਸਨੇ ਗਮਨੇ ਮਗ ਨਾਥ।
ਬੂਝਤਿ ਸਕਲ ਬਾਰਤਾ ਜਾਤੇ। ਹਾਥ ਜੋਰਿ ਨਰ ਕਹਿਂ ਬਹੁ ਭਾਂਤੇ॥ ੨੧॥

ਸਾਰਿਆਂ ਨੂੰ ਆਪਣੇ ਨਾਲ ਲੈ ਕੇ, ਹੌਲੀ-ਹੌਲੀ ਗੁਰੂ ਜੀ ਮਾਰਗ ਵਿਚ ਚਲ ਪਏ। ਸਾਰੀ ਵਾਰਤਾ ਪੁੱਛਦੇ ਜਾਂਦੇ ਸਨ ਤੇ ਮਨੁੱਖ ਹੱਥ ਜੋੜ ਕੇ ਬਹੁਤ ਪ੍ਰਕਾਰ ਕਹਿ ਰਹੇ ਸਨ॥੨੧॥

ਇਕ ਦਿਸ਼ਿ ਦਿਖਤਿ ਗਿਰਨ ਕੀ ਧਾਰਾ। ਦਿਸ਼ਾ ਦੂਸਰੀ ਸਤੁੱਦ੍ਰਵ ਧਾਰਾ।
ਪਹੁਚੇ ਪੁਰਿ ਅਨੰਦ ਮਹਿਂ ਜਾਈ। ਗਿਰਜਾ ਕੋ ਗਿਰ ਦਯੋ ਦਿਖਾਈ॥ ੨੨॥

ਇਕ ਪਾਸੇ ਪਹਾੜ ਦੀ ਕਤਾਰ ਸੀ ਤੇ ਦੂਸਰੀ ਦਿਸ਼ਾ ਵਿਚ ਸਤਲੁਜ ਨਦੀ ਦਾ ਪ੍ਰਵਾਹ ਸੀ ਤੇ ਗੁਰੂ ਜੀ ਅਨੰਦਪੁਰ ਨਗਰੀ ਵਿਚ ਪਹੁੰਚ ਗਏ। ਨੈਣਾ ਦੇਵੀ ਦਾ ਪਹਾੜ ਵੀ ਦਿਖਾਈ ਦਿੱਤਾ॥੨੨॥

ਸ਼ਾਰਤ ਕਰ ਕੀ ਕਰੀ ਕ੍ਰਿਪਾਲ। 'ਇਹ ਨੈਨਾਦੇਵੀ ਜਨ ਪਾਲ।
ਸਭਿਤੇ ਊਚੋ ਸੈਲ ਬਿਸਾਲ। ਕਰਹਿ ਬਾਸ ਦਾਤੀ ਬਰ ਜਾਲ' ॥ ੨੩॥

ਮਾਮਾ ਕਿਰਪਾਲ ਚੰਦ ਜੀ ਨੇ ਗੁਰੂ ਜੀ ਨੂੰ ਇਸ਼ਾਰਾ ਕਰਕੇ ਕਿਹਾ, "ਇਹ ਨੈਣਾ ਦੇਵੀ ਦਾਸਾਂ ਨੂੰ ਪਾਲਣ ਵਾਲੀ ਹੈ। ਸਭ ਤੋਂ ਉੱਚੇ ਵਿਸ਼ਾਲ ਪਹਾੜ ਹਨ ਤੇ ਏਥੇ ਸਾਰੇ ਵਰਾਂ ਦੀ ਦਾਤੀ ਵੱਸਦੀ ਹੈ"॥੨੩॥

ਸੁਨਿ ਕ੍ਰਿਪਾਲ ਕੇ ਬਾਕ ਕ੍ਰਿਪਾਲਾ। ਦੇਖਤਿ ਨਮੋ ਕਰੀ ਤਤਕਾਲਾ।
ਚਹੁੰ ਦਿਸ਼ਿ ਆਨੰਦਪੁਰਿ ਕੀ ਅਵਨੀ। ਕੀਨਿ ਬਿਲੋਕਨ ਨੀਕੇ ਰਵਨੀ॥੨੪॥

ਗੁਰੂ ਜੀ ਨੇ ਮਾਮਾ ਕ੍ਰਿਪਾਲ ਚੰਦ ਦੇ ਬਚਨ ਸੁਣ ਕੇ ਨੈਣਾ ਦੇਵੀ ਪਹਾੜ ਵਲ ਵੇਖਿਆ ਤੇ ਤੁਰਤ ਨਮਸਕਾਰ ਕੀਤੀ। ਚਾਰੇ ਪਾਸੇ ਅਨੰਦਪੁਰ ਦੀ ਧਰਤੀ ਸੀ। ਗੁਰੂ ਜੀ ਨੇ ਚਾਰ ਚੁਫੇਰੇ ਚੰਗੀ ਤਰ੍ਹਾਂ ਵੇਖਿਆ॥੨੪॥

*ਨੋਟ : ਗੁਰੂ ਜੀ ਕਿਸੇ ਦੇਵੀ ਦੇਵਤੇ ਨੂੰ ਨਹੀਂ ਮੰਨਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਭੈਰੋਂ ਨਾਮੀ ਇਕ ਸਿੱਖ ਨੇ ਇਕ ਦੇਵੀ ਦਾ ਨੱਕ ਕਟਿਆ ਸੀ। ਇਹ ਦਬਿਸਤਾਨ ਮਜ਼ਾਹਬ ਵਿਚ ਲਿਖਿਆ ਹੈ ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਸਿੱਖ ਦਾ ਉੱਤਰ ਸੁਣ ਕੇ ਮੁਸਕਰਾ ਪਏ ਸਨ। ਏਥੇ ਜਿਹੜਾ ਦੱਸਿਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਦੂਰੋਂ ਦੇਵੀ ਨੂੰ ਨਮਸਕਾਰ ਕੀਤੀ, ਠੀਕ ਨਹੀਂ ਹੈ, ਇਹ ਬ੍ਰਾਹਮਣਾਂ ਦੇ ਪ੍ਰਭਾਵ ਅਧੀਨ ਕਵੀ ਜੀ ਨੇ ਲਿਖਿਆ ਹੈ।*

ਹਰਿਤ ਦੂਰਬਾ ਜਲ ਸਰਵਾਈ। ਤਰੁਵਰੁ ਖਰੇ ਹਰੇ ਸਮੁਦਾਈ।
ਚਾਰਹੁੰ ਕੋਦ ਪ੍ਰਮੋਦਹਿ ਦਾਇਕ। ਦੇਖਤਿ ਧਰਯੋ ਹਰਖ ਜਗ ਨਾਇਕ॥ ੨੫॥

ਜਲ ਦੀ ਸਿਲਾਬ ਕਰਕੇ ਚਾਰ ਚੁਫੇਰੇ ਹਰਾ ਘਾਹ ਸੀ ਤੇ ਬਹੁਤ ਹਰੇ ਦਰੱਖਤ ਖੜੇ ਸਨ। ਨਗਰ ਦੇ ਚਾਰੇ ਕੋਨੇ ਅਨੰਦਦਾਇਕ ਸਨ। ਜਗ-ਨਾਇਕ ਭਾਵ ਗੁਰੂ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ॥੨੫॥

ਨੋਟ : ਆਪਣੇ ਆਪ ਨੂੰ ਆਪ ਬੁਤ ਸ਼ਿਕਨ ਕਹਿਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਬੁੱਤਾਂ ਦੇ ਟਿਕਾਣਿਆਂ ਅੱਗੇ ਕਿਵੇਂ ਸਿਰ ਝੁਕਾ ਸਕਦੇ ਹਨ। ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਦੁਆਰੇ ਉੱਤੇ ਦੇਵੀ ਝਾੜੂ ਫੇਰਨ ਵਾਲੀ ਲਿਖੀ ਹੈ।

ਜਹਾਂ ਸਦਨ ਬਡ ਗੁਰੂ ਚਿਨਾਏ। ਉਤਰੇ ਤਬਹਿ ਥਿਰੇ ਤਿਸ ਥਾਏ।
ਮਾਤ ਨਾਨਕੀ ਗੁਜਰੀ ਆਈ। ਸਜੰਦਨ ਉਤਰਿ ਸਦਨ ਪ੍ਰਵਿਸ਼ਾਈ ॥ ੨੬ ॥

ਜਿੱਥੇ ਗੁਰੂ ਤੇਗ ਬਹਾਦਰ ਜੀ ਨੇ ਵੱਡੇ ਘਰ ਬਣਵਾਏ ਸਨ, ਘੋੜੇ ਤੋਂ ਉੱਤਰ ਕੇ ਉਸ ਥਾਂ ਬੈਠ ਗਏ। ਮਾਤਾ ਨਾਨਕੀ ਜੀ ਤੇ ਮਾਤਾ ਗੁਜਰੀ ਜੀ ਵੀ ਆ ਗਏ, ਉਹ ਰੱਥਾਂ ਵਿਚੋਂ ਉੱਤਰ ਕੇ ਘਰ ਵਿਚ ਪ੍ਰਵੇਸ਼ ਕਰ ਗਏ ॥੨੬॥

ਸਿਖ ਸੇਵਕ ਸਮਾਜ ਲੇ ਆਏ। ਅੰਤਰ ਧਰਿ ਸੰਭਾਰ ਸਮੁਦਾਏ।
ਚਾਵਰੁ ਚੂਨ ਸਿਤਾ ਘ੍ਰਿਤ ਲਜਾਏ।ਲਾਗੇ ਕਰਨਿ ਦੇਗ ਮਨ ਭਾਏ॥ ੨੭ ॥

ਸਿੱਖ ਸੇਵਕ ਸਾਰਾ ਸਾਮਾਨ ਲੈ ਆਏ ਤੇ ਅੰਦਰ ਧਰ ਕੇ ਸਾਰਾ ਸੰਭਾਲ ਕੇ ਰੱਖ ਦਿੱਤਾ। ਚਾਵਲ, ਆਟਾ, ਖੰਡ ਅਤੇ ਘਿਉ ਲਿਆਏ ਤੇ ਮਨ-ਭਾਉਂਦਾ ਲੰਗਰ ਤਿਆਰ ਕਰਨ ਲੱਗੇ ॥੨੭॥

ਪੰਚਾਂਮ੍ਰਿਤ ਘਨੋ ਕਰਿਵਾਇਸਿ। ਪਠਿ ਅਰਦਾਸ ਸਭਿਨਿ ਬਰਤਾਇਸਿ।
ਪੁਰਿ ਨਰ ਅਰੁ ਸੰਗੀ ਤ੍ਰਿਪਤਾਏ। 'ਧੰਨ ਧੰਨ ਸਤਿਗੁਰ' ਅਲਾਏ॥ ੨੮ ॥

ਕੜਾਹ ਪ੍ਰਸ਼ਾਦ ਬਹੁਤ ਤਿਆਰ ਕਰਵਾਇਆ ਤੇ ਅਰਦਾਸ ਪੜ੍ਹ ਕੇ ਸਾਰਿਆਂ ਨੂੰ ਵਰਤਾਇਆ। ਨਗਰ ਦੇ ਮਨੁੱਖ ਅਤੇ ਸੰਗੀ ਤ੍ਰਿਪਤ ਹੋ ਗਏ। "ਧੰਨ ਧੰਨ ਸਤਿਗੁਰੂ ਜੀ" ਸਾਰੇ ਬੋਲੇ ॥੨੮॥

ਖਾਨ ਪਾਨ ਸਭਿ ਕੀਨਿ ਅਹਾਰਾ। ਗੁਰੂ ਬਸੇ ਪੁਰਿ ਅਨੰਦ ਮਝਾਰਾ।
ਜਹਿਂ ਕਹਿਂ ਸੁਧਿ ਆਵਨ ਕੀ ਹੋਈ। ਸੁਨਿ ਸੁਨਿ ਚਲੇ ਆਇਂ ਸਭਿ ਕੋਈ ॥੨੯ ॥

ਖਾ ਪੀ ਕੇ ਸਭ ਨੇ ਭੋਜਨ ਛਕਿਆ ਤੇ ਗੁਰੂ ਜੀ ਅਨੰਦ ਨਾਲ ਰਹਿਣ ਲੱਗ ਗਏ। ਜਿੱਥੇ ਜਿੱਥੇ ਗੁਰੂ ਜੀ ਦੇ ਆਉਣ ਦੀ ਖਬਰ ਪੁੱਜੀ, ਸੁਣ-ਸੁਣ ਕੇ ਸਾਰੇ ਚਲੇ ਆ ਰਹੇ ਸਨ ॥੨੯॥

ਅਰਪਿ ਉਪਾਇਨ ਪਾਇਨ ਪਾਸ। ਕਰਹਿਂ ਅਨੇਕ ਖਰੇ ਅਰਦਾਸ।
ਦਿਨ ਪ੍ਰਤਿ ਹੋਤਿ ਭੀਰ ਅਧਿਕਾਈ। ਦਰਸਹਿਂ ਸਤਿਗੁਰ ਪਰ ਬਲ ਜਾਈ ॥੩੦ ॥

ਉਹ ਗੁਰੂ ਜੀ ਦੇ ਚਰਨਾਂ ਪਾਸ ਉਪਹਾਰ ਅਰਪਣ ਕਰਦੇ ਸਨ ਤੇ ਪਾਸ ਖੜੇ ਹੋ ਕੇ ਅਨੇਕਾਂ ਬੇਨਤੀਆਂ ਕਰਦੇ ਸਨ। ਪ੍ਰਤੀ ਦਿਨ ਭੀੜ ਵਧਦੀ ਜਾਂਦੀ ਸੀ ਤੇ ਦਰਸ਼ਨ ਕਰਕੇ ਸਤਿਗੁਰੂ ਜੀ ਤੋਂ ਬਲਿਹਾਰ ਜਾਂਦੇ ਸਨ ॥੩੦॥

ਸਹਿਤ ਮਸੰਦ ਸੰਗਤਾਂ ਆਵੈਂ। ਅਨਿਕ ਅਕੋਰਨ ਕੋ ਅਰਪਾਵੈਂ।
ਇਸ ਪ੍ਰਕਾਰ ਦਿਨ ਕਿਤਿਕ ਬਿਤਾਏ। ਬਸਤਿ ਅਨੰਦ ਪੁਰਿ ਅਨੰਦ ਉਪਾਏ ॥੩੧ ॥

ਮਸੰਦਾਂ ਸਹਿਤ ਸੰਗਤਾਂ ਆਉਂਦੀਆਂ ਸਨ ਤੇ ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਸਨ। ਇਸ ਪ੍ਰਕਾਰ ਕਈ ਦਿਨ ਬਤੀਤ ਕੀਤੇ। ਅਨੰਦਪੁਰ ਵਿਚ ਰਹਿ ਕੇ ਅਨੰਦ ਪ੍ਰਾਪਤ ਕਰ ਰਹੇ ਸਨ ॥੩੧॥

ਅਬਿ ਸੁਨਿਯਹਿ ਦਿੱਲੀ ਪੁਰਿ ਗਾਥਾ। ਰਚੀ ਗੁਰੂ ਜਿਮ ਤੁਰਕਨ ਸਾਥਾ।
ਮਤੀਦਾਸ ਮਰਿ ਗੁਰ ਪੁਰਿ ਗਯੋ। ਪੀਛੇ ਸਿੱਖਜਨਿ ਉਰ ਡਰ ਭਯੋ॥ ੩੨ ॥

ਹੁਣ ਦਿੱਲੀ ਨਗਰ ਦੀ ਗਾਥਾ ਸੁਣੋ ਜਿਵੇਂ ਗੁਰੂ ਤੇਗ ਬਹਾਦਰ ਜੀ ਨੇ ਤੁਰਕਾਂ ਨਾਲ ਕਹਾਣੀ ਦੀ ਰਚਨਾ ਕੀਤੀ ਸੀ। ਮਤੀਦਾਸ ਸ਼ਹੀਦ ਹੋ ਕੇ ਗੁਰਾਂ ਦੀ ਪੁਰੀ ਵਿਚ ਚਲਾ ਗਿਆ ਸੀ। ਉਸ ਤੋਂ ਬਾਅਦ ਸਿੱਖਾਂ ਦੇ ਹਿਰਦੇ ਬਹੁਤ ਡਰ ਗਏ ॥੩੨॥

ਨਿਸ ਮਹਿਂ ਨਿਕਸੇ ਭਈ ਪ੍ਰਭਾਤੀ। ਬ੍ਰਿੰਦ ਸਿਪਾਹੀ ਲਖੇ ਨ ਰਾਤੀ।
ਦਿਨਕਰ ਚਢੇ ਬਿਲੋਕੇ ਤਬੈ। ਕੈਦੀ ਤੀਨ ਨਿਕਸਿਗੇ ਕਬੈ॥ ੩੩॥

ਰਾਤ ਨੂੰ ਤਿੰਨ ਸਿੱਖ ਨਿਕਲ ਗਏ ਸਨ, ਫਿਰ ਪ੍ਰਭਾਤ ਹੋ ਗਈ, ਰਾਤ ਨੂੰ ਕੋਈ ਸਿਪਾਹੀ ਵੀ ਨਾ ਵੇਖ ਸਕਿਆ। ਜਦ ਸੂਰਜ ਚੜ੍ਹਿਆ ਤਾਂ ਵੇਖਿਆ ਕਿ ਤਿੰਨ ਕੈਦੀ ਕਿਸ ਸਮੇਂ ਨਿਕਲ ਗਏ ਹਨ॥੩੩॥

ਦ੍ਵਾਰ ਕਿਵਾਰ ਅਸੰਜਤਿ ਸਾਰੇ। ਹਮ ਖੋਲੀ ਸਾਂਕਰ ਲਗਿ ਤਾਰੇ।
ਬੇਰੀ ਉਤਰੀ ਪਰੀ ਨਿਹਾਰੀ। ਭਏ ਅਚੰਭੇ ਸਭਿ ਮਤਿ ਮਾਰੀ॥ ੩੪॥

ਦਰਵਾਜ਼ੇ ਅਤੇ ਬੂਹੇ ਸਾਰੇ ਬੰਦ ਹਨ, ਸੰਗਲਾਂ ਸਹਿਤ ਤਾਲੇ ਅਸੀਂ ਖੋਲ੍ਹੇ ਹਨ। ਉੱਤਰੀਆਂ ਹੋਈਆਂ ਬੇੜੀਆਂ ਅਸੀਂ ਵੇਖੀਆਂ ਹਨ, ਬਹੁਤ ਹੈਰਾਨ ਹੋਏ ਹਾਂ ਸਾਡੀ ਸਾਰੀ ਮੱਤ ਮਾਰੀ ਗਈ ਹੈ॥੩੪॥

ਦੇਖਹਿਂ ਖੋਜ ਪਰੈ ਨਹਿਂ ਚੀਨਾ। 'ਹੇ ਖ਼ੁਦਾਇ ! ਇਹ ਕਜਾ ਕ੍ਰਿਤ ਕੀਨਾ।
ਜਮਾਦਾਰ ਦੌਰਜੋ ਚਲਿ ਆਯੋ। ਇਤ ਉਤ ਦੇਖਤਿ ਬਹੁ ਡਰਪਾਯੋ॥ ੩੫॥

ਵੇਖਣ ਨਾਲ ਕਿਤੇ ਵੀ ਖੋਜ ਦਿਖਾਈ ਨਹੀਂ ਦਿੰਦਾ ਹੈ, "ਹੇ ਖੁਦਾ ! ਇਹ ਕੀ ਅਸਚਰਜ ਕਾਰਜ ਕੀਤਾ ਹੈ।" ਦਰੋਗਾ ਦੌੜਦਾ ਹੋਇਆ ਚਲ ਕੇ ਆਇਆ, ਏਧਰ ਓਧਰ ਵੇਖ ਕੇ ਬਹੁਤ ਡਰ ਗਿਆ॥੩੫॥

ਕਿਮ ਨਿਕਸੇ ? ਅਚਰਜ ਕੋ ਮਾਨੇ। ਤਬਿ ਸਤਿਗੁਰ ਕੋ ਬੂਝਨਿ ਠਾਨੇ।
'ਸਾਥੀ ਤੁਮਰੇ ਕਹਾਂ ਸਿਧਾਏ ? ਦਿਹੁ ਬਤਾਇ ਨਤੁ ਸ਼ਾਹੁ ਰਿਸਾਏ' ॥ ੩੬॥

ਕਿਵੇਂ ਨਿਕਲ ਗਏ, ਅਸਚਰਜ ਮੰਨਦਾ ਸੀ। ਤਦ ਫਿਰ ਸਤਿਗੁਰੂ ਜੀ ਨੂੰ ਪੁੱਛਿਆ, "ਤੁਹਾਡੇ ਸਾਥੀ ਕਿੱਥੇ ਚਲੇ ਗਏ ਹਨ ? ਸਾਨੂੰ ਦੱਸ ਦੇਵੋ ਨਹੀਂ ਤਾਂ ਬਾਦਸ਼ਾਹ ਗੁੱਸੇ ਵਿਚ ਆ ਜਾਵੇਗਾ"॥੩੬॥

ਸੁਨਿ ਭਾਖਜੋ 'ਲੇ ਗਯੋ ਖ਼ੁਦਾਇ। ਤੁਮ ਤੇ ਨਹੀਂ ਕਸ਼ਟ ਕੋ ਪਾਇ।
ਅਰੁ ਤਿਨ੍ਹ ਸੋਂ ਕਜਾ ਕਾਜ ਤੁਮਾਰੇ। ਕੀਨੋ ਪਕਰਨਿ ਸ਼ਾਹੁ ਹਮਾਰੇ॥ ੩੭॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਉਨ੍ਹਾਂ ਨੂੰ ਖ਼ੁਦਾ ਲੈ ਗਿਆ ਹੈ ਤੁਹਾਡੇ ਪਾਸੋਂ ਕੋਈ ਦੁਖ ਨਹੀਂ ਸੀ ਪਾਉਣਾ ਅਤੇ ਉਨ੍ਹਾਂ ਨਾਲ ਤੁਹਾਡਾ ਕੀ ਕੰਮ ਹੈ, ਬਾਦਸ਼ਾਹ ਨੇ ਕੇਵਲ ਸਾਨੂੰ ਫੜਿਆ ਹੈ॥੩੭॥

ਬੈਠੇ ਹਮ, ਚਾਹਹੁ ਤਿਮ ਕਰੋ। ਗਏ ਦਾਸ ਤੇ ਕਯੋਂ ਉਰ ਡਰੋ'।
ਸੁਨਿ ਕਰਿ ਅਵਰੰਗ ਕੋ ਸੁਧਿ ਦੀਨਿ। 'ਨਿਸ ਮਹਿਂ ਨਿਕਸਿ ਗਏ ਸਿਖ ਤੀਨ॥੩੮॥

ਅਸੀਂ ਬੈਠੇ ਹਾਂ ਜਿਵੇਂ ਚਾਹੇ ਕਰੋ, ਸੇਵਕਾਂ ਦੇ ਜਾਣ ਤੇ ਕਿਉਂ ਦਿਲ ਵਿਚ ਡਰਦੇ ਹੋ।" ਇਹ ਸੁਣ ਕੇ ਨੌਰੰਗੇ ਨੂੰ ਖ਼ਬਰ ਦਿੱਤੀ, "ਰਾਤ ਸਮੇਂ ਤਿੰਨ ਸਿੱਖ ਕੈਦ ਵਿਚੋਂ ਨਿਕਲ ਗਏ ਹਨ॥੩੮॥

ਰਹੇ ਕਿਵਾਰ ਭਿਰੇ ਤਿਮ ਤਾਰੇ। ਨਹੀਂ ਪਾਹਰੂ ਕਿਨਹਿਂ ਨਿਹਾਰੇ'।
ਇਮ ਸੁਨਿ ਕੋਪ ਨੁਰੰਗੇ ਕਰਜੋ। ਜਮਾਦਾਰ ਕੇ ਸੰਗ ਉਚਰਜੋ॥ ੩੯॥

ਤਾਲੇ ਅਤੇ ਦਰਵਾਜ਼ੇ ਬੰਦ ਹੀ ਰਹਿ ਗਏ ਹਨ, ਕਿਸੇ ਪਹਿਰੇਦਾਰ ਨੇ ਵੀ ਵੇਖੇ ਨਹੀਂ ਹਨ।" ਇਸ ਤਰ੍ਹਾਂ ਸੁਣ ਕੇ ਨੌਰੰਗੇ ਨੇ ਬੜਾ ਗੁੱਸਾ ਕੀਤਾ ਤੇ ਦਰੋਗੇ ਨੂੰ ਕਹਿਣ ਲੱਗਾ॥੩੯॥

'ਮਿਲਜੋ ਹੋਇ ਤਿਨ ਸੰਗ ਸਿਪਾਹੀ। ਧਨ ਹਿਤ ਲੋਭ ਕੀਨਿ ਮਨ ਮਾਂਹੀ।
ਤੁਮਹਿ ਜਲਾਦਨ ਤੇ ਮਰਵਾਊਂ। ਜੇਕਰਿ ਭੇਵ ਦੋਸ਼ ਕਹੁ ਪਾਊਂ॥ ੪੦॥

ਉਨ੍ਹਾਂ ਦੇ ਨਾਲ ਕੋਈ ਸਿਪਾਹੀ ਮਿਲਿਆ ਹੈ, ਧਨ ਵਾਸਤੇ ਉਸ ਮਨ ਵਿਚ ਲੋਭ ਕੀਤਾ ਹੈ। ਤੈਨੂੰ ਮੈਂ ਜਲਾਦਾਂ ਤੋਂ ਮਰਵਾਵਾਂਗਾ ਜੇ ਤੇਰੇ ਦੋਸ਼ ਦਾ ਭੇਦ ਪਾ ਲਵਾਂਗਾ" ॥੪੦॥

ਪਾਇ ਤ੍ਰਾਸ ਕੋ ਕਹਿ ਕਰ ਬੰਦਿ। 'ਖਤਾਵੰਦ ਲਖਿ ਕਰਹੁ ਨਿਕੰਦ।
ਸਹਿਤ ਕੁਟੰਬ ਦੀਜੀਅਹਿ ਫਾਂਸੀ। ਕਹਾਂ ਕਰਹਿਂ ਅਜ਼ਮਤੁ ਜਿਨ ਪਾਸੀ' ॥੪੧॥

ਜਮਾਂਦਾਰ ਬਹੁਤ ਡਰ ਕੇ ਹੱਥ ਜੋੜ ਕੇ ਕਹਿਣ ਲੱਗਾ, "ਦੋਸ਼ੀ ਸਮਝ ਕੇ ਨਾਸ਼ ਕਰ ਦੇਵੋ ਤੇ ਪਰਿਵਾਰ ਸਹਿਤ ਫਾਂਸੀ ਦੇ ਦੇਵੋ, ਪਰ ਉਥੇ ਕੀ ਕਰੀਏ ਜਿਨ੍ਹਾਂ ਪਾਸ ਕਰਾਮਾਤ ਹੈ" ॥੪੧॥

ਸੁਨਿ ਅਵਰੰਗ ਕੇ ਹੋਯਸਿ ਛੋਹ। ਕਹਯੋ 'ਲੇਹੁ ਦਿਢ ਪਿੰਜਰਾ ਲੋਹ।
ਤਿਸ ਮਹਿਂ ਹਿੰਦੁਨ ਗੁਰੂ ਬਿਠਾਵਹੁ। ਸ਼੍ਰਿੰਖਲ ਭੇਰਹੁ ਕੁਲਫ ਲਗਾਵਹੁ ॥੪੨॥

ਇਹ ਸੁਣ ਕੇ ਨੌਰੰਗਾ ਬਹੁਤ ਗੁੱਸੇ ਵਿਚ ਆ ਗਿਆ ਤੇ ਕਹਿਣ ਲੱਗਾ, "ਇਕ ਮਜ਼ਬੂਤ ਲੋਹੇ ਦਾ ਪਿੰਜਰਾ ਲਵੋ ਤੇ ਉਸ ਦੇ ਵਿਚ ਹਿੰਦੂਆਂ ਦੇ ਗੁਰੂ ਨੂੰ ਬਿਠਾਵੋ ਤੇ ਸੰਗਲ ਮਾਰ ਕੇ ਤਾਲੇ ਲਾ ਦੇਵੋ ॥੪੨॥

ਕਰਹੁ ਤੰਗ ਚੌਕਸ ਰਹਿਂ ਖਰੇ। ਆਠਹੁੰ ਜਾਮ ਦ੍ਰਿਸ਼ਟਿ ਮਹਿਂ ਕਰੇ।
ਅਸ ਨਹਿਂ ਹੋਹਿ ਨਿਕਸਿ ਕਰਿ ਜਾਹਿਂ। ਇਸ ਬਿਨ ਸ਼ਰਾ ਚਲਹਿ ਜਗ ਨਾਂਹਿ' ॥੪੩॥

ਚੌਕਸ ਖੜੇ ਰਹਿ ਕੇ ਉਸ ਨੂੰ ਤੰਗ ਕਰੋ ਤੇ ਅੱਠੋ ਪਹਿਰ ਆਪਣੀ ਦ੍ਰਿਸ਼ਟੀ ਵਿਚ ਰੱਖੋ। ਐਸਾ ਨਾ ਹੋਵੇ ਕਿ ਨਿਕਲ ਕੇ ਚਲੇ ਜਾਣ, ਇਸ ਤੋਂ ਬਗੈਰ ਜਗ ਵਿਚ ਸ਼ਰ੍ਹਾ ਨਹੀਂ ਚਲੇਗੀ" ॥੪੩॥

ਇਕ ਉਮਰਾਵ ਸੰਗ ਕਰਿ ਦਯੋ। ਗੁਰ ਢਿਗ ਆਇ ਕਹਤਿ ਸੋ ਭਯੋ।
'ਕਯੋਂ ਹਠ ਧਰਹੁ ਸ਼ਾਹੁ ਕੇ ਸਾਥ। ਜੋ ਬਡ ਹਠੀ ਜਗਤ ਸਭਿ ਨਾਥ ॥੪੪॥

ਇਕ ਉਮਰਾਵ ਨੂੰ ਉਸ ਦੇ ਨਾਲ ਭੇਜ ਦਿੱਤਾ, ਉਹ ਗੁਰੂ ਜੀ ਪਾਸ ਆ ਕੇ ਕਹਿਣ ਲੱਗਾ, "ਕਿਉਂ ਬਾਦਸ਼ਾਹ ਦੇ ਨਾਲ ਹਠ ਧਾਰਨ ਕਰਦੇ ਹੋ, ਜਿਹੜਾ ਵੱਡਾ ਹਠੀ ਸਾਰੇ ਜਗਤ ਦਾ ਮਾਲਕ ਹੈ ॥੪੪॥

ਮਾਨਹੁਂ ਸ਼ਰ੍ਹਾ ਦੇਹਿ ਬਡਿਆਈ। ਨਾਂਹਿ ਤ ਦੇਹਿ ਪਿੰਜਰੇ ਪਾਈ'।
ਸੁਨਿ ਗੁਰ ਕਹਯੋ 'ਧਰਮ ਜਿਸ ਜਿਸ ਕੋ। ਪਯਾਰੋ ਧਰਮ, ਨਿਬਾਹੇ ਤਿਸ ਕੋ ॥੪੫॥

ਸ਼ਰ੍ਹਾ ਨੂੰ ਮੰਨੋ, ਉਹ ਵਡਿਆਈ ਦੇਵੇਗਾ, ਨਹੀਂ ਤਾਂ ਤੁਹਾਨੂੰ ਪਿੰਜਰੇ ਵਿਚ ਪਾ ਦੇਵੇਗਾ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਜਿਸ-ਜਿਸ ਦਾ ਜਿਹੜਾ ਧਰਮ ਹੈ, ਉਹ ਧਰਮ ਉਸ ਨੂੰ ਪਿਆਰਾ ਹੈ, ਉਹ ਉਸ ਧਰਮ ਨੂੰ ਨਿਬਾਹੁੰਦਾ ਹੈ ॥੪੫॥

ਹਮ ਤੌ ਕਬਹੁਂ ਨ ਮਾਨਹਿਂ ਏਹੋ। ਜਥਾ ਕਰਹਿ ਤਿਮ ਕਰਿਬੇ ਦੇਹੋ।
ਤੁਰਕਨ ਤੇਜ ਅੰਤ ਅਬਿ ਆਯੋ। ਜਿਸ ਤੇ ਅਸ ਕਰਿ ਮਨੁ ਬਿਰਮਾਯੋ ॥੪੬॥

ਅਸੀਂ ਤਾਂ ਕਦੀ ਵੀ ਇਸ ਨੂੰ ਨਹੀਂ ਮੰਨਾਂਗੇ, ਜਿਵੇਂ ਵੀ ਉਹ ਕਰਦਾ ਹੈ, ਉਸ ਨੂੰ ਕਰਨ ਦੇਵੋ। ਤੁਰਕਾਂ ਦੇ ਤੇਜ ਦਾ ਹੁਣ ਅੰਤ ਆ ਗਿਆ ਹੈ, ਜਿਸ ਕਰਕੇ ਐਸਾ ਕਰਨ ਵਾਸਤੇ ਉਸ ਦੇ ਮਨ ਨੂੰ ਭਰਮਾਇਆ ਹੈ ॥੪੬॥

ਜਰਾਂ ਉਖਾਰਹਿਂ ਨੀਵ ਤੁਮਾਰੀ। ਗੇਰਹਿਂ ਸਾਗਰ ਖਾਰ ਮਝਾਰੀ।
ਬਹੁਰ ਨ ਰਾਜ ਰਹਹਿ ਜਗ ਮਾਂਹੀ। ਕਰਹਿਂ ਬਿਨਾਸ਼ਨ ਇਸ ਬਿਧਿ ਤਾਂਹੀ' ॥੪੭॥

ਤੁਹਾਡੀ ਨੀਂਹ ਦੀਆਂ ਜੜ੍ਹਾਂ ਪੁੱਟ ਕੇ ਖਾਰੇ ਸਾਗਰ ਵਿਚ ਸੁੱਟ ਦੇਵਾਂਗੇ। ਫਿਰ ਤੁਹਾਡਾ ਜਗ ਵਿਚ ਰਾਜ ਨਹੀਂ ਰਹੇਗਾ, ਐਸੀ ਵਿਧੀ ਨਾਲ ਉਸ ਦਾ ਨਾਸ਼ ਕਰਾਂਗੇ" ॥੪੭॥

ਸੁਨਿ ਕਰਿ ਤਬ ਪਿੰਜਰਾ ਮੰਗਵਾਇ। ਪਗ ਬੰਧਨ ਜੁਤਿ ਬੀਚ ਬਿਠਾਇ।
ਸ੍ਰਿੰਖਲ ਭੇਰੀ ਕੁਲਫ ਲਗਾਯੋ। ਇਕ ਰਸ ਸਤਿਗੁਰ ਬਦਨ ਸੁਹਾਯੋ ॥ ੪੮ ॥

ਇਹ ਸੁਣ ਕੇ ਫਿਰ ਪਿੰਜਰਾ ਮੰਗਵਾਇਆ, ਪੈਰਾਂ ਦੀਆਂ ਜੰਜੀਰਾਂ ਸਹਿਤ ਗੁਰੂ ਜੀ ਨੂੰ ਪਿੰਜਰੇ ਵਿਚ ਬਿਠਾ ਦਿੱਤਾ ਤੇ ਸੰਗਲ ਬੰਦ ਕਰਕੇ ਤਾਲਾ ਲਾ ਦਿੱਤਾ। ਸਤਿਗੁਰੂ ਜੀ ਦਾ ਚਿਹਰਾ ਇਕ ਰਸ ਸ਼ੋਭ ਰਿਹਾ ਸੀ ॥੪੮॥

*ਬਾਰ੍ਹਵੀਂ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ ॥੬੦॥*

## ਅਧਿਆਇ ਇਕਾਹਠਵਾਂ

### ਲੋਹੇ ਦੇ ਪਿੰਜਰੇ ਵਿਚ

ਦੋਹਰਾ- ਸਭਿ ਕੀ ਖ਼ਾਤਰ ਜਮਾ ਤਬਿ ਲੋਹ ਪਿੰਜਰੈ ਪਾਇ।
ਗੁਰਦਿੱਤਾ ਬੇਰੀ ਸਹਿਤ ਸੇਵਹਿ ਜਿਮ ਫੁਰਮਾਇਂ ॥ ੧ ॥

ਜਦ ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿਚ ਪਾ ਦਿੱਤਾ ਤਾਂ ਸਭ ਦੀ ਤਸੱਲੀ ਹੋ ਗਈ। ਬਾਬਾ ਗੁਰਦਿੱਤਾ ਬੇੜੀਆਂ ਸਹਿਤ ਗੁਰੂ ਜੀ ਦੀ ਸੇਵਾ ਕਰਦਾ ਸੀ, ਜਿਵੇਂ ਗੁਰੂ ਜੀ ਫੁਰਮਾਉਂਦੇ ਸਨ ॥੧॥

ਚੌਪਈ- ਕਰਤਿ ਭਏ ਅਤਿਸ਼ੈ ਤਕਰਾਈ। ਜਮਾਦਾਰ ਢਿਗ ਠਹਿਰਯੋ ਆਈ।
ਨਿਸ ਮਹਿਂ ਬਿਸਰਾਮਹਿਂ ਗੁਰ ਪਾਸੀ। ਨਰਨ ਜਗਾਵਹਿ ਨੀਂਦ ਬਿਨਾਸੀ ॥੨॥

ਬਹੁਤ ਸਖਤੀ ਕਰ ਰਹੇ ਸਨ ਤੇ ਦਰੋਗਾ ਵੀ ਪਾਸ ਆ ਕੇ ਰਹਿ ਪਿਆ। ਰਾਤ ਸਮੇਂ ਵੀ ਗੁਰੂ ਜੀ ਦੇ ਪਾਸ ਹੀ ਵਿਸ਼ਰਾਮ ਕਰਦਾ ਸੀ। ਉਹ ਸੁੱਤੇ ਹੋਏ ਮਨੁੱਖਾਂ ਨੂੰ ਜਗਾਉਂਦਾ ਸੀ ਤੇ ਉਸ ਦੀ ਆਪਣੀ ਨੀਂਦ ਜਾਂਦੀ ਰਹੀ ਸੀ ॥੨॥

ਦਿਨ ਪੰਚਕ ਮਹਿਂ ਸਿਖ ਸੋ ਗਯੋ। ਗੁਰਦਿੱਤੇ ਸੰਗ ਮੇਲਾ ਭਯੋ।
ਸਤਿਗੁਰ ਸੁਤ ਕੀ ਸੁਧਿ ਸਭਿ ਭਾਖੀ। 'ਮਿਲਿਬੇ ਕੋ ਅਬਿ ਮੈਂ ਅਭਿਲਾਖੀ ॥੩॥

ਪੰਜਾਂ ਦਿਨਾਂ ਬਾਅਦ ਗੁਰੂ ਗੋਬਿੰਦ ਸਿੰਘ ਦਾ ਭੇਜਿਆ ਸਿੱਖ ਉਥੇ ਪਹੁੰਚ ਗਿਆ ਤੇ ਉਹ ਆ ਕੇ ਭਾਈ ਗੁਰਦਿੱਤਾ ਜੀ ਨੂੰ ਮਿਲਿਆ। ਸਤਿਗੁਰੂ ਜੀ ਦੇ ਪੁੱਤਰ ਬਾਰੇ ਸਾਰੀ ਖ਼ਬਰ ਸੁਣਾਈ, "ਮੈਨੂੰ ਹੁਣ ਮਿਲਣ ਦੀ ਅਭਿਲਾਸ਼ਾ ਹੈ ॥੩॥

ਮਾਤ ਨਾਨਕੀ ਕਹੇ ਸੰਦੇਸੇ। ਸਗਲ ਕੁਟੰਬ ਸਚਿੰਤ ਵਿਸ਼ੇਸ਼ੇ।
ਸੋ ਸਭਿ ਚਾਹੌਂ ਗੁਰਨਿ ਸੁਨਾਈ। ਕਿਮ ਮਿਲਿਬੋ ਹੁਇ ਕਹੋ ਉਪਾਈ ॥੪॥

ਮਾਤਾ ਨਾਨਕੀ ਜੀ ਨੇ ਸੰਦੇਸ਼ ਕਹੇ ਹਨ, ਸਾਰਾ ਪਰਿਵਾਰ ਵਿਸ਼ੇਸ਼ ਤੌਰ ਤੇ ਵੱਡੀ ਚਿੰਤਾ ਸਹਿਤ ਹੈ। ਉਹ ਸਭ ਕੁਝ ਮੈਂ ਗੁਰੂ ਜੀ ਨੂੰ ਸੁਣਾਉਣਾ ਚਾਹੁੰਦਾ ਹਾਂ। ਕਿਵੇਂ ਮੇਲ ਹੋ ਸਕਦਾ ਹੈ ? ਕੋਈ ਉਪਾਅ ਦੱਸੋ ॥੪॥

ਗੁਰਦਿੱਤੇ ਸਿੱਖ ਸਾਥ ਬਖਾਨੀ। 'ਕਹੌਂ ਬਹੁਰ, ਗੁਰ ਮਰਜ਼ੀ ਜਾਨੀ'।
ਵਹਿਰ ਕਹੂੰ ਠਹਿਰਾਯਹੁ ਨੇਰੇ। ਸੰਗ ਸਿਪਾਹੀ ਤਿਸ ਕੋ ਹੇਰੇ ॥ ੫ ॥

ਭਾਈ ਗੁਰਦਿੱਤੇ ਜੀ ਨੇ ਫਿਰ ਸਿੱਖ ਨੂੰ ਕਿਹਾ, "ਬਾਅਦ ਵਿਚ ਕਹਾਂਗਾ ਪਹਿਲਾਂ ਗੁਰੂ ਜੀ ਦੀ ਮਰਜ਼ੀ ਜਾਣ ਲਵਾਂ।" ਬਾਹਰ ਕਿਤੇ ਨੇੜੇ ਹੀ ਸਿੱਖ ਨੂੰ ਠਹਿਰਾ ਦਿੱਤਾ। ਇਕ ਸਿਪਾਹੀ ਭਾਈ ਗੁਰਦਿੱਤੇ ਦੇ ਨਾਲ ਗੁਰੂ ਜੀ ਨੂੰ ਵੇਖਦਾ ਰਹਿੰਦਾ ਸੀ ॥੫॥

ਗੁਰ ਸੇਵਾ ਹਿਤ ਇਤ ਉਤ ਫਿਰੇ। ਪਗ ਬੰਧਨ ਯੁਤਿ ਸੋ ਸਭਿ ਕਰੇ।
ਗੁਰ ਸਮੀਪ ਤਬਿ ਅੰਤਰ ਗਯੋ। ਸਿਖ ਆਗਵਨ ਸੁਨਾਵਤਿ ਭਯੋ॥ ੬ ॥

ਭਾਈ ਗੁਰਦਿੱਤਾ ਗੁਰੂ ਜੀ ਦੀ ਸੇਵਾ ਵਾਸਤੇ ਏਧਰ ਓਧਰ ਵੇਖਦਾ ਰਹਿੰਦਾ ਹੈ, ਪੈਰਾਂ ਦੀਆਂ ਜ਼ੰਜੀਰਾਂ ਸਹਿਤ ਸਭ ਕੰਮ ਕਰਦਾ ਹੈ। ਭਾਈ ਗੁਰਦਿੱਤਾ ਫਿਰ ਗੁਰੂ ਜੀ ਦੇ ਪਾਸ ਗਿਆ, ਇਕ ਸਿੱਖ ਦੇ ਆਉਣ ਬਾਰੇ ਗੁਰੂ ਜੀ ਨੂੰ ਸੁਣਾਇਆ ॥੬॥

ਗੁਰੂ ਕਹਯੋ 'ਤਿਸ ਪ੍ਰਾਤਿ ਹਕਾਰਹਿਂ। ਸੁਨਹਿਂ ਸਕਲ ਸੁਧਿ, ਬਹੁਰ ਉਚਾਰਹਿਂ।
ਕਹਿ ਦਿਹੁ ਤਿਸ ਕੋ ਕਰਹੁ ਅਰਾਮੂ। ਹੁਇ ਨਿਸ਼ਚਿੰਤ ਜਪਹੁ ਸਤਿਨਾਮੂ' ॥੭॥

ਗੁਰੂ ਜੀ ਨੇ ਕਿਹਾ, "ਉਸ ਨੂੰ ਸਵੇਰੇ ਬੁਲਾਵੋ, ਉਸਦੀ ਸਾਰੀ ਖ਼ਬਰ ਸੁਣਾਂਗੇ ਤੇ ਫਿਰ ਆਪਣੀ ਗੱਲ ਉਚਾਰਨ ਕਰਾਂਗੇ। ਉਸ ਨੂੰ ਕਹਿ ਦੇਵੋ ਕਿ ਉਹ ਆਰਾਮ ਕਰੇ ਤੇ ਨਿਸਚਿੰਤ ਹੋ ਕੇ ਸਤਿਨਾਮ ਦਾ ਜਾਪ ਕਰੇ" ॥੭॥

ਕਿਤਿਕ ਸਮੈ ਮੈਂ ਬਾਹਿਰ ਆਯੋ। ਗੁਰ ਕੋ ਕਹਿਬੋ ਤਾਹਿ ਸੁਨਾਯੋ।
ਭਈ ਪ੍ਰਬਿਰਤ ਜਾਮਨੀ ਜਬੈ। ਖਰੇ ਸਿਪਾਹੀ ਜਾਗ੍ਰਤ ਤਬੈ॥ ੮ ॥

ਕੁਝ ਸਮੇਂ ਬਾਅਦ ਭਾਈ ਗੁਰਦਿੱਤਾ ਬਾਹਰ ਆਇਆ ਤੇ ਗੁਰੂ ਜੀ ਨੇ ਜੋ ਕਿਹਾ ਸੀ, ਉਸ ਸਿੱਖ ਨੂੰ ਸੁਣਾਇਆ। ਫਿਰ ਜਦ ਰਾਤ ਹੋ ਗਈ, ਖੜੇ ਸਿਪਾਹੀ ਉਸ ਸਮੇਂ ਜਾਗ ਰਹੇ ਸਨ ॥੮॥

ਜਮਾਂਦਾਰ ਦੇ ਤ੍ਰਾਸ ਜਗਾਵੈ। ਬੀਚ ਪਿੰਜਰੇ ਦ੍ਰਿਸ਼ਟਿ ਟਿਕਾਵੈ।
ਬੀਤ ਗਈ ਜਬਿ ਆਧੀ ਰਾਤਿ। ਭਏ ਲੋਪ, ਗੁਰ ਦਿਖਹਿ ਨ ਗਾਤ॥ ੯ ॥

ਜਮਾਂਦਾਰ ਉਨ੍ਹਾਂ ਨੂੰ ਡਰਾ ਕੇ ਜਗਾਉਂਦਾ ਸੀ ਤੇ ਉਹ ਪਿੰਜਰੇ ਦੇ ਵਲ ਨਜ਼ਰ ਲਾਈ ਰੱਖਦੇ ਸਨ। ਜਦ ਅੱਧੀ ਰਾਤ ਬੀਤ ਗਈ, ਗੁਰੂ ਜੀ ਅਲੋਪ ਹੋ ਗਏ। ਗੁਰੂ ਜੀ ਦਾ ਸਰੀਰ ਦਿਖਾਈ ਨਹੀਂ ਸੀ ਦਿੰਦਾ ॥੯॥

ਦੇਖਤਿ ਇਤ ਉਤ ਖਰੇ ਸਿਪਾਹੀ। ਬੋਲਯੋ ਤੁਰਤ 'ਗੁਰੂ ਅਬਿ ਨਾਂਹੀ।
ਲਗੇ ਕੁਲਫ ਸਾਂਕਰਿ ਤਿਮ ਲਹੈ। ਦ੍ਵਾਰਕਿਵਾਰ ਅਸੰਜਤ ਅਹੈਂ' ॥ ੧੦ ॥

ਸਿਪਾਹੀ ਏਧਰ ਓਧਰ ਵੇਖਦਾ ਖੜਾ ਸੀ ਤੇ ਤੁਰਤ ਉਹ ਬੋਲਿਆ, "ਗੁਰੂ ਜੀ ਹੁਣ ਨਹੀਂ ਹਨ, ਤਾਲੇ ਅਤੇ ਸੰਗਲ ਉਸ ਤਰ੍ਹਾਂ ਹੀ ਬੰਦ ਦਿੱਸਦੇ ਹਨ। ਦਰਵਾਜ਼ਾ ਪਹਿਲਾਂ ਵਾਂਗ ਹੀ ਬੰਦ ਹੈ" ॥੧੦॥

ਜਮਾਦਾਰ ਸੁਨਿ ਆਯੋ ਦੌਰਾ। ਲਗਯੋ ਬਿਲੋਕਨਿ ਸਗਰੀ ਠੌਰਾ।
ਮਗ ਨਿਕਸਨਿ ਕੋ ਕਹੂੰ ਨ ਪਾਯੋ। 'ਕਿਮ ਕਿਤ ਗਮਨੇ' ਮਨ ਬਿਸਮਾਯੋ ॥੧੧॥

ਇਹ ਸੁਣ ਕੇ ਦਰੋਗਾ ਭੱਜਾ ਆਇਆ ਤੇ ਸਭ ਥਾਂ ਵੇਖਣ ਲੱਗਾ ਪਰ ਬਾਹਰ ਨਿਕਲਣ ਦਾ ਕੋਈ ਵੀ ਰਾਹ ਨਾ ਪਾਇਆ, "ਕਿਵੇਂ ਕਿੱਥੇ ਚਲੇ ਗਏ ਹਨ", ਮਨ ਵਿਚ ਬੜਾ ਹੈਰਾਨ ਹੋਇਆ ॥੧੧॥

'ਸਨੇ ਸਨੇ ਬੋਲਹੁ ਬਚ ਹੌਰੇ। ਨਹਿਨ ਸੁਨਾਉ ਪਰਹਿ ਬਡ ਰੌਰੇ'।
ਘਰਦਰ ਸਗਰੇ ਹੇਰਨਿ ਕਰੇ। ਬਹੁਰ ਜਾਇ ਕੋਠਨ ਪਰ ਚਰੇ॥ ੧੨ ॥

ਸਿਪਾਹੀ ਨੂੰ ਉਹ ਕਹਿਣ ਲੱਗਾ, "ਧੀਰਜ ਨਾਲ ਹੌਲੀ-ਹੌਲੀ ਬਚਨ ਬੋਲੋ, ਉੱਚੀ ਨਾ ਸੁਣਾਓ ਫਿਰ ਵੱਡਾ ਰੌਲਾ ਪੈ ਜਾਵੇਗਾ।" ਜੇਲ੍ਹ ਦੇ ਸਾਰੇ ਦਰਵਾਜ਼ੇ ਵੇਖੇ, ਫਿਰ ਜਾ ਕੇ ਕੋਠਿਆਂ ਤੇ ਚੜ੍ਹ ਗਏ ॥੧੨॥

ਊਪਰ ਤਰੇ ਖੋਜ ਕਰਿ ਸਾਰੇ। ਹੇਰਿ ਹੇਰਿ ਹਹਿਰੇ ਹਿਯ ਹਾਰੇ।
ਬਿਸਮਤ ਭਏ ਨ ਚਲਹਿ ਉਪਾਈ। ਗੁਰਦਿੱਤੇ ਸੰਗ ਕਹੈਂ ਸੁਨਾਈ॥ ੧੩॥

ਹੇਠਾਂ ਉੱਪਰ ਸਾਰੇ ਖੋਜ ਕੀਤੀ, ਵੇਖ-ਵੇਖ ਕੇ ਬਹੁਤ ਡਰ ਗਏ ਤੇ ਦਿਲ ਕੰਬ ਗਏ। ਬਹੁਤ ਹੈਰਾਨ ਸਨ, ਕੋਈ ਵੀ ਉਪਾਅ ਨਹੀਂ ਸੀ ਚਲਦਾ। ਭਾਈ ਗੁਰਦਿੱਤੇ ਨੂੰ ਸੁਣਾ ਕੇ ਕਿਹਾ॥੧੩॥

'ਕਹਾਂ ਗਯੋ ਗੁਰ ਖੋਜ ਨ ਪਾਵੈਂ। ਦਿਹੁ ਬਤਾਇ ਨਤੁ ਮਾਰ ਕਰਾਵੈਂ'।
'ਮੈਂ ਕਯਾ ਜਾਨੋਂ ਦੂਰ ਟਿਕਾਯੋ। ਨਿਸ ਮਹਿਂ ਨਿਕਟਿ ਨ ਹੋਨੇ ਪਾਯੋ' ॥ ੧੪ ॥

"ਗੁਰੂ ਜੀ ਕਿੱਥੇ ਚਲੇ ਗਏ ਹਨ ਲੱਭ ਨਹੀਂ ਰਹੇ ਹਨ, ਕਿਤੇ ਵੀ ਮਿਲੇ ਨਹੀਂ ਸਾਨੂੰ ਦੱਸ ਦੇਵੋ ਨਹੀਂ ਤਾਂ ਮਾਰ ਪਵਾਵਾਂਗੇ।" "ਮੈਂ ਕੀ ਜਾਣ ਸਕਦਾ ਹਾਂ, ਮੈਨੂੰ ਤਾਂ ਦੂਰ ਖੜਾ ਕੀਤਾ ਸੀ, ਰਾਤ ਸਮੇਂ ਮੈਨੂੰ ਪਾਸ ਨਹੀਂ ਜਾਣ ਦਿੰਦੇ ਹੋ" ॥੧੪॥

ਜਮਾਦਾਰ ਜੁਤਿ ਸਕਲ ਸਿਪਾਹੀ। ਨਿਸ਼ਚੈ ਕਰਯੋ ਤਬਹਿ ਮਨ ਮਾਂਹੀ।
'ਕਾਮਲ ਕਰਾਮਾਤ ਕਰਿ ਗਏ। ਆਗੇ ਕਈ ਬਾਰ ਇਮ ਭਏ' ॥ ੧੫ ॥

ਜਮਾਂਦਾਰ ਸਹਿਤ ਫਿਰ ਸਾਰੇ ਸਿਪਾਹੀਆਂ ਨੇ ਆਪਣੇ ਮਨ ਵਿਚ ਨਿਸ਼ਚਾ ਕੀਤਾ, "ਕਾਮਲ ਕਰਾਮਾਤ ਕਰਕੇ ਪਹਿਲਾਂ ਵੀ ਕਈ ਵਾਰ ਇਸ ਤਰ੍ਹਾਂ ਚਲੇ ਗਏ ਹਨ" ॥੧੫॥

ਇਕ ਬੋਲਯੋ 'ਅਸ ਹੁਤੀ ਨ ਆਗੇ। ਥਿਰੇ ਪਿੰਜਰੇ ਅਬਿ ਦੁਖ ਲਾਗੇ।
ਨਹਿਂ ਐਹੈਂ ਕਿਤ ਨਿਕਸਿ ਸਿਧਾਰੈਂ। ਸਹੈਂ ਕਸ਼ਟ ਕਯੋਂ ਸਮਰਥ ਭਾਰੈਂ' ॥੧੬॥

ਇਕ ਬੋਲਿਆ, "ਪਹਿਲਾਂ ਇਸ ਤਰ੍ਹਾਂ ਨਹੀਂ ਸੀ ਹੁੰਦਾ, ਹੁਣ ਪਿੰਜਰੇ ਵਿਚ ਬੈਠ ਕੇ ਦੁਖ ਲੱਗਦਾ ਹੈ, ਐਸਾ ਨਾ ਹੋਵੇ ਨਿਕਲ ਕੇ ਕਿਤੇ ਚਲੇ ਜਾਣ, ਜਦ ਉਹ ਆਪ ਵੱਡੇ ਸਮਰੱਥ ਹਨ ਤਾਂ ਐਸੇ ਦੁਖ ਕਿਉਂ ਬਰਦਾਸ਼ਤ ਕਰਨਗੇ" ॥੧੬॥

ਜਮਾਦਾਰ ਕਹਿ 'ਇਕ ਰਸ ਰਹੇ। ਦੀਨ ਮਲੀਨ ਨ ਮੁਖ ਦੁਖ ਲਹੇ।
ਸੁਪ੍ਰਸੰਨ ਅਰਬਿੰਦ ਮਨਿੰਦ। ਦੀਨ ਬਾਕ ਨਹਿਂ, ਜਥਾ ਨਰਿੰਦ॥ ੧੭॥

ਦਰੋਗੇ ਨੇ ਕਿਹਾ, "ਉਹ ਇਕ ਰਸ ਰਹਿੰਦੇ ਹਨ, ਮਸਕੀਨਤਾ, ਉਦਾਸੀ ਅਤੇ ਦੁਖ ਉਨ੍ਹਾਂ ਦੇ ਚਿਹਰੇ ਉਤੇ ਕਦੀ ਵੀ ਨਹੀਂ ਵੇਖਦੇ ਹਾਂ। ਸਦਾ ਹੀ ਕੰਵਲ ਦੇ ਫੁੱਲ ਵਾਂਗ ਖਿੜੇ ਰਹਿੰਦੇ ਹਨ। ਕਦੀ ਵੀ ਦੀਨਤਾ ਵਾਲੇ ਬਚਨ ਨਹੀਂ ਬੋਲਦੇ ਹਨ, ਰਾਜੇ ਮਹਾਰਾਜਿਆਂ ਵਾਂਗ ਬੋਲਦੇ ਹਨ॥੧੭॥

ਸ਼ਾਹੁ ਕੂਰ ਹਮ ਕੋ ਗਹਿ ਲੇਹਿ। ਜਾਨਹਿਂ ਕਹਾਂ, ਸਜ਼ਾਇ ਜੁ ਦੇਹਿ।
ਮਿਲ ਸਭਿ ਕੈ, ਅਬਿ ਚਲਹਿਂ ਪਲਾਇ। ਬਸਹਿਂ ਕਹੂੰ ਲੇਂ ਜਾਨ ਬਚਾਇ ॥੧੮॥

ਦੁਸ਼ਟ ਬਾਦਸ਼ਾਹ ਸਾਨੂੰ ਫੜ ਲਵੇਗਾ, ਪਤਾ ਨਹੀਂ ਕੈਸੀ ਸਜ਼ਾ ਦੇ ਦੇਵੇਗਾ। ਜਾਂ ਹੁਣ ਸਾਰੇ ਮਿਲ ਕੇ ਭੱਜ ਜਾਈਏ, ਕਿਤੇ ਹੋਰ ਥਾਂ ਜਾ ਕੇ ਰਹੀਏ ਤੇ ਆਪਣੀ ਜਾਨ ਬਚਾ ਲਈਏ॥੧੮॥

ਕੈ ਹਿੰਦੁਨ ਗੁਰ ਤੇਗਬਹਾਦਰ। ਪ੍ਰਾਤਿ ਹੋਤਿ ਲਉ ਸਿਮਰਹੁ ਸਾਦਰ।
ਨਹੀਂ ਜੀਵਕਾ ਹਤਹਿਂ ਹਮਾਰੀ। ਬਿਦਤਹਿਂਗੇ ਇਸ ਥਾਨ ਮਝਾਰੀ' ॥ ੧੯ ॥

ਜਾਂ ਹਿੰਦੂਆਂ ਦੇ ਗੁਰੂ ਸ੍ਰੀ ਤੇਗ ਬਹਾਦਰ ਜੀ ਦਾ ਸਵੇਰ ਹੋਣ ਤਕ ਆਦਰ ਨਾਲ ਸਿਮਰਨ ਕਰੋ। ਉਹ ਸਾਡੀ ਰੋਜ਼ੀ ਨਾਸ਼ ਨਹੀਂ ਕਰਨਗੇ, ਇਸ ਥਾਂ ਹੀ ਫਿਰ ਆ ਕੇ ਪ੍ਰਗਟ ਹੋਣਗੇ" ॥੧੯॥

ਅਧਿਕ ਬਿਸੂਰਤ ਬਿਸਮਤਿ ਅਹੈਂ। 'ਬੂਝਹਿ ਸ਼ਾਹੁ, ਕਹਾਂ ਹਮ ਕਹੈਂ।
ਅਜ਼ਮਤ ਕਰਿ ਨਿਕਸੇ ਨਹਿਂ ਮਾਨਹਿਂ। ਇਨਹੁਂ ਨਿਕਾਸੇ ਹਮਹਿਂ ਬਖਾਨਹਿਂ ॥੨੦॥

ਬਹੁਤ ਦੁਖੀ ਹੋ ਕੇ ਹੈਰਾਨ ਹੋ ਰਹੇ ਸਨ, "ਜੇ ਬਾਦਸ਼ਾਹ ਪੁੱਛੇਗਾ ਤਾਂ ਅਸੀਂ ਕੀ ਕਹਾਂਗੇ। ਕਰਾਮਾਤ ਕਰ ਕੇ ਨਿਕਲ ਗਏ, ਬਾਦਸ਼ਾਹ ਇਹ ਨਹੀਂ ਮੰਨੇਗਾ, ਇਨ੍ਹਾਂ ਨੇ ਕੱਢ ਦਿੱਤੇ ਹਨ, ਸਾਨੂੰ ਕਹੇਗਾ" ॥੨੦॥

ਚਿੰਤਾਤੁਰ ਚਿਤਵਤਿ ਗੁਰ ਮੂਰਤਿ। ਕਬਿ ਲੇ ਨਾਮ ਮਿਲੇ ਗਨ ਝੂਰਤਿ।
ਥਿਰੇ ਸਮੀਪ ਪਿੰਜਰੇ ਸਾਰੇ। ਕਠਨ ਨੌਕਰੀ ਕਰਨਿ ਬਿਚਾਰੇ॥ ੨੧॥

ਚਿੰਤਾ ਨਾਲ ਆਤਰ ਹੋ ਕੇ ਗੁਰੂ ਜੀ ਦੀ ਸੂਰਤ ਨੂੰ ਯਾਦ ਕਰਦੇ ਸਨ, ਕਦੀ ਨਾਮ ਲੈਂਦੇ ਸਨ ਇਸ ਤਰ੍ਹਾਂ ਮਿਲ ਕੇ ਝੂਰਦੇ ਸਨ। ਸਾਰੇ ਪਿੰਜਰੇ ਦੇ ਪਾਸ ਖੜੇ ਸਨ, ਵਿਚਾਰਦੇ ਸਨ ਕਿ ਨੌਕਰੀ ਕਰਨੀ ਬਹੁਤ ਕਠਨ ਹੈ॥੨੧॥

ਇਮ ਹੇਰਤਿ ਅਰਣੋਦੈ ਹੋਵਾ। ਐਚਕ ਤਬਿ ਗੁਰ ਦਰਸ਼ਨ ਜੋਵਾ।
ਬੀਚ ਪਿੰਜਰੇ ਪ੍ਰਥਮ ਸਮਾਨ। ਸੁਖ ਸੋਂ ਬੈਠੇ ਕ੍ਰਿਪਾ ਨਿਧਾਨ॥ ੨੨॥

ਇਸ ਤਰ੍ਹਾਂ ਵੇਖਦਿਆਂ ਸੂਰਜ ਨਿਕਲਣ ਦਾ ਸਮਾਂ ਹੋ ਗਿਆ, ਅਚਾਨਕ ਤਦ ਗੁਰੂ ਜੀ ਦੇ ਦਰਸ਼ਨ ਹੋ ਗਏ। ਪਹਿਲਾਂ ਵਾਂਗ ਪਿੰਜਰੇ ਵਿਚ ਕਿਰਪਾ ਨਿਧਾਨ ਗੁਰੂ ਜੀ ਸੁਖ ਸਹਿਤ ਬੈਠੇ ਸਨ॥੨੨॥

ਸਮ ਸੂਰਜ ਕੇ ਹੇਰਨ ਕਰੇ। ਮੁਖ ਪੰਕਜ ਸਮਸਰ ਤਬਿ ਖਿਰੇ।
'ਧੰਨ ਧੰਨ' ਸਭਿਹੂੰਨਿ ਬਖਾਨੀ। ਹਾਥਨਿ ਬੰਦਿ ਬੰਦਨਾ ਠਾਨੀ॥ ੨੩॥

ਸੂਰਜ ਵਾਂਗ ਦਿਖਾਈ ਦੇ ਰਹੇ ਸਨ। ਕੰਵਲ ਦੇ ਫੁੱਲ ਵਾਂਗ ਮੁਖੜਾ ਖਿੜਿਆ ਹੋਇਆ ਸੀ। 'ਧੰਨ-ਧੰਨ' ਸਾਰਿਆਂ ਨੇ ਕਿਹਾ ਤੇ ਹੱਥ ਜੋੜ ਕੇ ਬੰਦਨਾ ਕੀਤੀ॥੨੩॥

ਹਰਖਤਿ ਨਿਜ ਨਿਜ ਸਦਨ ਸਿਧਾਰੇ। ਜਮਾਦਾਰ ਬਨਿ ਦੀਨ ਉਚਾਰੇ।
'ਮਹਿਮਾ ਮਹਿ ਮਹਿਂ ਮਹਾਂ ਮਹਾਨੀ। ਮੈਂ ਅਬਿ ਨਿਸ਼ਚੈ ਕਰਿ ਉਰ ਜਾਨੀ॥੨੪॥

ਪ੍ਰਸੰਨ ਹੋ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਜਮਾਂਦਾਰ ਨੇ ਦੀਨ ਬਣ ਕੇ ਉਚਾਰਨ ਕੀਤਾ। ਇਸ ਧਰਤ 'ਤੇ ਤੁਹਾਡੀ ਮਹਾਨ ਮਹਿਮਾ ਹੈ, ਮੈਂ ਹੁਣ ਨਿਸ਼ਚੇ ਕਰ ਕੇ ਹਿਰਦੇ ਵਿਚ ਜਾਣਿਆ ਹੈ॥੨੪॥

ਲੋਕ ਪ੍ਰਲੋਕ ਸੁਖਦ ਜਨ ਕੇਰੇ। ਜਾਗੇ ਬਡੇ ਭਾਗ ਅਬਿ ਮੇਰੇ।
ਕਰਹੁ ਮੁਰੀਦ, ਨਿਕਸਿ ਕਰਿ ਚਾਲੋ। ਸੇਵਾ ਕਰੌਂ ਰਹੌਂ ਮੈਂ ਨਾਲੋ॥ ੨੫॥

ਆਪਣੇ ਸੇਵਕਾਂ ਦੇ ਲੋਕ ਪਰਲੋਕ ਸੁਖੀ ਕਰਦੇ ਹੋ, ਹੁਣ ਮੇਰੇ ਵੱਡੇ ਭਾਗ ਜਾਗ ਪਏ ਹਨ। ਮੈਨੂੰ ਆਪਣਾ ਮੁਰੀਦ ਬਣਾਵੋ, ਨਿਕਲ ਕੇ ਬਾਹਰ ਚਲੋ ਮੈਂ ਆਪ ਜੀ ਦੀ ਸੇਵਾ ਕਰਾਂਗਾ ਤੇ ਸਦਾ ਹੀ ਨਾਲ ਰਹਾਂਗਾ॥੨੫॥

ਮਮ ਮਰਜ਼ੀ ਕੇ ਜਿਤਿਕ ਸਿਪਾਹੀ। ਚਲਹਿਂ ਸੰਗ ਨਿਤ ਰਹਿਂ ਤੁਮ ਪਾਹੀ।
ਕਜੋਂ ਸੰਕਟ ਬਿਚ ਕੈਦ ਸਹਾਰੋ। ਸ਼ਾਹੁ ਕੁਕਰਮੀ ਸਾਹਸ ਵਾਰੋ॥ ੨੬॥

ਮੇਰੀ ਮਰਜ਼ੀ ਦੇ ਜਿੰਨੇ ਵੀ ਸਿਪਾਹੀ ਹਨ, ਨਾਲ ਚਲਣਗੇ ਤੇ ਸਦਾ ਤੁਹਾਡੇ ਪਾਸ ਰਹਿਣਗੇ। ਤੁਸੀਂ ਸੰਕਟ ਵਿਚ ਪੈ ਕੇ ਕਿਉਂ ਕੈਦ ਸਹਾਰਦੇ ਹੋ। ਦੁਸ਼ਟ ਬਾਦਸ਼ਾਹ ਬੜੇ ਹਠ ਵਾਲਾ ਹੈ॥੨੬॥

ਜਗ ਤੇ ਕਰਹੁ ਉਧਾਰ ਹਮਾਰੋ। ਇਹ ਸਲਾਹ ਸ਼ੁਭ ਰਿਦੇ ਨ ਟਾਰੋ'।
ਜਮਾਦਾਰ ਤੇ ਸੁਨਿ ਬਹੁ ਬਿਕਸੇ। ਮੁਖ ਮੁਸਕਾਤ ਬਾਕ ਇਮ ਨਿਕਸੇ॥੨੭॥

ਜਗ ਤੇ ਸਾਡਾ ਉਧਾਰ ਕਰੋ, ਇਹ ਸ਼ੁਭ ਸਲਾਹ ਹਿਰਦੇ ਵਿਚੋਂ ਨਾ ਟਾਲੋ।" ਦਰੋਗੇ ਪਾਸੋਂ ਇਸ ਤਰ੍ਹਾਂ ਸੁਣ ਕੇ ਗੁਰੂ ਜੀ ਬਹੁਤ ਹੱਸੇ ਤੇ ਮੁਖ ਤੋਂ ਮੁਸਕਰਾ ਕੇ ਇਸ ਤਰ੍ਹਾਂ ਕਿਹਾ॥੨੭॥

Sri Satguru Jagjit Singh Ji eLlibrary NamdhariElibrary@gmail.com

'ਤੈਂ ਸ਼ਰਧਾ ਉਰ ਧਾਰਨਿ ਕਰੀ। ਸ਼ਾਹੁ ਕੁਮਤਿ ਕੀ ਦੁਰਮਤਿ ਹਰੀ।
ਇਸ ਕੋ ਫਲ ਸੁਖ ਪਾਇਂ ਘਨੇਰੋ। ਆਗੈ ਬਧਹਿ ਬੰਸ ਬਹੁਤੇਰੋ॥ ੨੮॥

ਤੂੰ ਹਿਰਦੇ ਵਿਚ ਸ਼ਰਧਾ ਧਾਰਨ ਕੀਤੀ ਹੈ। ਬਾਦਸ਼ਾਹ ਜਿਹੜਾ ਮਾੜੀ ਮੱਤ ਵਾਲਾ ਹੈ, ਉਸ ਦੀ ਦੁਰਮੱਤ ਤੂੰ ਆਪਣੇ ਵਿਚੋਂ ਦੂਰ ਕਰ ਦਿੱਤੀ ਹੈ। ਇਸ ਦੇ ਫਲ ਵਜੋਂ ਵੱਡਾ ਸੁਖ ਪ੍ਰਾਪਤ ਕਰੇਂਗਾ ਤੇ ਅੱਗੇ ਤੇਰਾ ਵੰਸ਼ ਬਹੁਤ ਵਧੇਗਾ॥੨੮॥

ਨਿਜ ਆਸ਼ੈ ਹਮ ਤੋਹਿ ਸੁਨਾਵੈਂ। ਤੁਰਕੇਸ਼ੁਰ ਸਿਰ ਦੋਸ਼ ਚਢਾਵੈਂ।
ਹਤਹਿਂ ਤੇਜ ਤੁਰਕਨਿ ਕੋ ਸਾਰਾ। ਜਥਾ ਨ ਠਹਿਰਹਿ ਪਾਵਕ ਪਾਰਾ॥ ੨੯॥

ਆਪਣੇ ਆਸ਼ੇ ਅਸੀਂ ਤੈਨੂੰ ਸੁਣਾਉਂਦੇ ਹਾਂ, ਬਾਦਸ਼ਾਹ ਦੇ ਸਿਰ ਦੋਸ਼ ਚੜ੍ਹਾਵਾਂਗੇ। ਤੁਰਕਾਂ ਦੇ ਸਾਰੇ ਤੇਜ ਨੂੰ ਖ਼ਤਮ ਕਰ ਦੇਵਾਂਗੇ ਜਿਵੇਂ ਅੱਗ ਉੱਤੇ ਪਾਰਾ ਨਹੀਂ ਠਹਿਰਦਾ ਹੈ॥੨੯॥

ਜੇ ਹਮ ਛੁਟਜੋ ਚਹਤਿ ਕਿਤ ਜਾਂਹਿ। ਤੌ ਕਿਮ ਪਰਤਿ ਕੈਦ ਕੇ ਮਾਂਹਿ।
ਸ੍ਰੀ ਨਾਨਕ ਕੋ ਬਰ ਇਨ ਭਯੋ। ਰਾਜ ਜਗਤ ਕੋ ਬਾਬਰ ਲਯੋ॥ ੩੦॥

ਜੇ ਅਸੀਂ ਕਿਧਰੇ ਜਾਣ ਵਾਸਤੇ ਛੁਟਕਾਰਾ ਚਾਹੁੰਦੇ ਤਾਂ ਫਿਰ ਆਪ ਆ ਕੇ ਕੈਦ ਵਿਚ ਕਿਉਂ ਪੈਂਦੇ। ਗੁਰੂ ਨਾਨਕ ਦੇਵ ਜੀ ਦਾ ਇਨ੍ਹਾਂ ਮੁਗਲਾਂ ਨੂੰ ਵਰ ਹੋਇਆ ਹੈ ਤੇ ਜਗਤ ਦਾ ਰਾਜ ਬਾਬਰ ਨੇ ਉਨ੍ਹਾਂ ਪਾਸੋਂ ਲਿਆ ਹੈ॥੩੦॥

ਅਟਲ ਬਾਕ ਹਮਰੇ ਗੁਰ ਕੇਰ। ਜਥਾ ਨ ਚਲਹਿ ਬਾਯੁ ਤੇ ਮੇਰੁ।
'ਰਾਜ ਪੁਸ਼ਤ ਲੌ' ਜਬਿ ਬਰ ਜਾਚਾ। ਕ੍ਰਿਪਾ ਨਿਧਾਨ ਤਬਹਿ ਇਉਂ ਬਾਚਾ॥੩੧॥

ਸਾਡੇ ਗੁਰੂ ਜੀ ਦੇ ਬਚਨ ਅਟੱਲ ਹਨ, ਜਿਵੇਂ ਹਵਾ ਨਾਲ ਸੁਮੇਰ ਪਰਬਤ ਨਹੀਂ ਹਿਲਦਾ ਹੈ। "ਮੇਰਾ ਪੁਸ਼ਤਾਂ ਤਕ ਰਾਜ ਰਹੇ" ਜਦ ਇਹ ਵਰ ਬਾਬਰ ਨੇ ਮੰਗਿਆ ਸੀ ਤਦ ਕਿਰਪਾ ਨਿਧਾਨ ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਬਚਨ ਕੀਤਾ ਸੀ॥੩੧॥

'ਤਵ ਕੁਲ ਮੈਂ ਜਬਿ ਹੁਇ ਅਨਜਾਇ। ਕਰਿ ਕੂਰੇ ਛੀਨਹਿਂ ਤਬਿ ਆਇ'।
ਅਬਿ ਇਨ ਕਸ਼ਟ ਜਗਤ ਕਉ ਦੀਨਾ। ਕਰਜੋ ਚਹੈ ਹਿੰਦੁਨਿ ਧ੍ਰਮ ਹੀਨਾ॥੩੨॥

"ਤੇਰੀ ਕੁਲ ਵਿਚ ਜਦ ਅਨਿਆਂ ਆ ਜਾਵੇਗਾ ਤਦ ਝੂਠਾ ਕਰਕੇ ਆ ਕੇ ਰਾਜ ਖੋਹ ਲਵਾਂਗੇ।" ਹੁਣ ਇਸ ਨੇ ਜਗਤ ਨੂੰ ਬਹੁਤ ਦੁਖੀ ਕੀਤਾ ਹੈ ਤੇ ਹਿੰਦੂਆਂ ਨੂੰ ਧਰਮ ਰਹਿਤ ਕਰਨਾ ਚਾਹੁੰਦਾ ਹੈ॥੩੨॥

ਸੰਤ ਅਨੇਕ ਮਤਨਿ ਕੇ ਜੋਇ। ਪ੍ਰਾਨ ਬਿਨਾਸ਼ੀ ਕੀਨੇ ਸੋਇ।
ਬ੍ਰਿੰਦ ਤੁਰਕ ਤਨ ਮਹਿਂ ਦਰਵੇਸ਼। ਮਾਰੇ ਇਨ ਦੈ ਕਸ਼ਟ ਵਿਸ਼ੇਸ਼॥ ੩੩॥

ਸੰਤ ਜਿਹੜੇ ਅਨੇਕਾਂ ਮੱਤਾਂ ਦੇ ਹਨ, ਉਨ੍ਹਾਂ ਦੇ ਇਸ ਪ੍ਰਾਣ ਨਾਸ਼ ਕਰ ਦਿੱਤੇ ਹਨ। ਬਹੁਤ ਤੁਰਕ ਜਿਹੜੇ ਉੱਚ-ਕੋਟੀ ਦੇ ਦਰਵੇਸ਼ ਸਨ, ਇਸ ਨੇ ਉਨ੍ਹਾਂ ਨੂੰ ਬਹੁਤ ਕਸ਼ਟ ਦੇ ਕੇ ਮਾਰ ਦਿੱਤਾ ਹੈ॥੩੩॥

ਸ੍ਰੀ ਨਾਨਕ ਕੇ ਬਰ ਕੋ ਜਾਨਿ। ਇਸ ਕੋ ਕਰਿ ਨ ਸਕਜੋ ਕੋ ਹਾਨਿ।
ਹਿੰਦੂ ਤੁਰਕ ਅਰਬਿੰਦ ਮਨਿੰਦ। ਬ੍ਰਿੰਦਨ ਦੁਖਦ ਜਥਾ ਨਿਸ ਇੰਦ॥ ੩੪॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਰ ਨੂੰ ਜਾਣੋ, ਇਸ ਨੂੰ ਕੋਈ ਵੀ ਨਾਸ਼ ਨਹੀਂ ਕਰ ਸਕਦਾ। ਹਿੰਦੂ ਤੁਰਕ ਕੰਵਲ ਦੇ ਫੁੱਲ ਵਾਂਗ ਹਨ ਜਿਹੜੇ ਸਾਰੇ ਰਾਤ ਦੇ ਚੰਦ ਨੂੰ ਵੇਖ ਕੇ ਦੁਖੀ ਹੁੰਦੇ ਹਨ॥੩੪॥

ਦੇ ਸਿਰ ਕੋ ਇਸ ਕਰਿ ਅਪਰਾਧੀ। ਹਤਹਿਂ ਸਕਲ ਜਗ ਕੀ ਜਿਮ ਬਜਾਧੀ।
ਸ਼ਰਧਾ ਭਾਵ ਸਹਿਤ ਤੁਵ ਜਾਨਾ। ਬਾਤ ਮਰਮ ਕੀ ਕੀਨਿ ਬਖਾਨਾ॥ ੩੫॥

ਆਪਣਾ ਸਿਰ ਦੇ ਕੇ ਇਸ ਨੂੰ ਅਪਰਾਧੀ ਬਣਾਵਾਂਗਾ ਤੇ ਸਾਰੇ ਜਗਤ ਦੇ ਰੋਗ ਵਰਗੇ ਨੌਰੰਗੇ ਨੂੰ ਮਾਰਾਂਗਾ। ਸ਼ਰਧਾ ਭਾਵਨਾ ਸਹਿਤ ਤੈਨੂੰ ਜਾਣਿਆ ਹੈ, ਇਸ ਕਰਕੇ ਅਸੀਂ ਭੇਦ ਦੀ ਗੱਲ ਤੈਨੂੰ ਦੱਸੀ ਹੈ॥੩੫॥

ਦੇਖਤਿ ਰਹਹੁ ਜਥਾ ਅਬਿ ਹੋਵੈ। ਰਾਜ ਤੁਰਕ ਘਰ ਤੇ ਸਭਿ ਖੋਵੈ।
ਸੁਨਿਕੈ ਜਮਾਦਾਰ ਗੁਰ ਬਾਨੀ। ਜਾਨਜੋਂ ਭੇਤ ਬੰਦਨਾ ਠਾਨੀ॥ ੩੬ ॥

ਵੇਖਦੇ ਰਹੋ ਜਿਵੇਂ ਹੁਣ ਹੁੰਦਾ ਹੈ, ਤੁਰਕ ਦੇ ਘਰੋਂ ਸਾਰਾ ਰਾਜ ਖੋਹ ਲਵਾਂਗੇ।" ਦਰੋਗਾ ਗੁਰੂ ਜੀ ਦੇ ਬਚਨ ਸੁਣਕੇ ਸਾਰੇ ਭੇਦ ਨੂੰ ਜਾਣ ਗਿਆ ਤੇ ਉਸ ਗੁਰੂ ਜੀ ਨੂੰ ਬੰਦਨਾ ਕੀਤੀ॥੩੬॥

'ਸਤਿਗੁਰ ਤੁਮ ਸਭਿ ਬਿਧਿ ਸਮਰੱਥ। ਛੁਟਨਿ ਛੁਟਾਵਨਿ ਜਗ ਕੋ ਹੱਥ।
ਕਹਾ ਕਹਿ ਸਕਹਿਂ ਸ਼ਕਤਿ ਤੇ ਹੀਨੇ। ਭੂਤ ਭਵਿੱਖਤ ਲਖਹੁ ਪ੍ਰਬੀਨੇ' ॥੩੭॥

ਕਹਿਣ ਲੱਗਾ, "ਹੇ ਸਤਿਗੁਰੂ ਜੀ ! ਤੁਸੀਂ ਸਭ ਵਿਧੀਆਂ ਨਾਲ ਸਮਰੱਥ ਹੋ। ਇਸ ਜਗ ਵਿਚ ਛੱਡਣਾ, ਛੁਡਾਉਣਾ ਸਭ ਆਪ ਜੀ ਦੇ ਹੱਥ ਵਿਚ ਹੈ। ਅਸੀਂ ਸ਼ਕਤੀਹੀਣ ਕੀ ਕਹਿ ਸਕਦੇ ਹਾਂ, ਤੁਸੀਂ ਭੂਤ ਭਵਿੱਖ ਜਾਣਨ ਵਿਚ ਨਿਪੁੰਨ ਹੋ" ॥੩੭॥

ਕਹਤਿ ਸੁਨਤਿ ਹੋਈ ਜਬਿ ਪ੍ਰਾਤੀ। ਮਿਟੀ ਸਕਲ ਕੀ ਧਰਕਤਿ ਛਾਤੀ।
ਸ੍ਰੀ ਗੁਰ ਤੇਗ ਬਹਾਦਰ ਕਹਜੋ। 'ਹਮਰੋ ਸਿਖ ਇਕ ਬਾਹਿਰ ਰਹਜੋ॥ ੩੮ ॥

ਕਹਿੰਦਿਆਂ ਸੁਣਦਿਆਂ ਜਦ ਸਵੇਰ ਹੋ ਗਈ ਤਾਂ ਸਾਰਿਆਂ ਦੀ ਡਰ ਰੂਪੀ ਛਾਤੀ ਦੀ ਧੜਕਣ ਖਤਮ ਹੋ ਗਈ। ਫਿਰ ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਸਾਡਾ ਇਕ ਸਿੱਖ ਬਾਹਰ ਰਹਿ ਗਿਆ ਹੈ॥੩੮॥

ਤਿਹ ਬੁਲਾਇ ਅਬਿ ਆਨਹੁ ਪਾਸਾ। ਹਮ ਦਿਸ਼ਿ ਰਖਿ ਨਿਚਿੰਤ ਭਰਵਾਸਾ।
ਸੁਨਿ ਕਰਿ ਜਮਾਦਾਰ ਧਰਿ ਭਾਊ। ਜਾਨਜੋਂ ਰਿਦੈ ਬਿਸਾਲ ਪ੍ਰਭਾਊ॥ ੩੯ ॥

ਉਸ ਨੂੰ ਬੁਲਾ ਕੇ ਹੁਣ ਸਾਡੇ ਪਾਸ ਲਿਆਵੋ, ਸਾਡੇ ਵਾਲੇ ਪਾਸੇ ਤੋਂ ਹੁਣ ਨਿਸ਼ਚਿੰਤ ਰਹਿ ਕੇ ਭਰਵਾਸਾ ਕਰੋ।" ਇਹ ਸੁਣ ਕੇ ਦਰੋਗੇ ਨੇ ਪ੍ਰੇਮ ਧਾਰਨ ਕੀਤਾ ਤੇ ਹਿਰਦੇ ਵਿਚ ਗੁਰੂ ਜੀ ਦਾ ਵਿਸ਼ਾਲ ਪ੍ਰਭਾਵ ਜਾਣਿਆ॥੩੯॥

ਆਪ ਜਾਇ ਕਾਰਾਗ੍ਰਿਹ ਬਾਹਿਰ। ਖੋਜਜੋ ਸਿਖ ਜਿਮ ਰਹੈ ਅਜਾਹਰ।
ਸੰਗ ਆਪਨੇ ਲੇ ਕਰਿ ਗਯੋ। ਗੁਰ ਕੇ ਨਿਕਟਿ ਪੁਚਾਵਤਿ ਭਯੋ॥ ੪੦ ॥

ਦਰੋਗਾ ਆਪ ਕੈਦਖਾਨੇ ਤੋਂ ਬਾਹਰ ਗਿਆ, ਉਸ ਸਿੱਖ ਨੂੰ ਲਭਿਆ ਜਿਹੜਾ ਲੁਕਿਆ ਹੋਇਆ ਸੀ। ਉਸ ਨੂੰ ਆਪਣੇ ਨਾਲ ਲੈ ਕੇ ਗਿਆ ਤੇ ਗੁਰੂ ਜੀ ਦੇ ਪਾਸ ਪਹੁੰਚਾ ਦਿੱਤਾ॥੪੦॥

ਸਾਵਧਾਨਤਾ ਪ੍ਰਥਮ ਜੁ ਕਰਿਹੀ। ਹਟਜੋ ਤਬਹਿ, ਭਰਵਾਸਾ ਧਰਿ ਹੀ।
ਮਹਾਂ ਸ਼ਕਤਿ ਜੁਤਿ ਆਪਹਿ ਆਏ। ਕੈਦ ਪਰਨਿ ਬਡ ਹੇਤੁ ਬਤਾਏ॥ ੪੧ ॥

ਪਹਿਲਾਂ ਜਿਹੜੀ ਸਾਵਧਾਨਤਾ ਵਰਤਦਾ ਸੀ, ਗੁਰੂ ਜੀ ਤੇ ਭਰਵਾਸਾ ਧਾਰਨ ਕਰਕੇ ਤਦ ਹਟ ਗਿਆ। ਸਮਝ ਗਿਆ ਕਿ ਗੁਰੂ ਜੀ ਮਹਾਨ ਸ਼ਕਤੀ ਸਹਿਤ ਆਪ ਹੀ ਏਥੇ ਆਏ ਹਨ। ਕੈਦ ਵਿਚ ਪੈਣ ਦਾ ਵੱਡਾ ਕਾਰਨ ਦੱਸਿਆ ਹੈ॥੪੧॥

ਕਹਾ ਕਰਿ ਸਕਹਿਂ ਤਿਨਹੁ ਰਖਵਾਰੀ। ਚਹੈਂ ਸੁ ਕਰੈਂ ਨ ਲਗੈ ਅਵਾਰੀ।
ਹਮ ਦੁਰਮਤਿ ਕਰਿ ਕਜੋਂ ਦੁਖ ਪਾਵੈਂ। ਜਿਨਹੁ ਅਵੱਗਜਕ ਦੋਜ਼ਕ ਜਾਵੈਂ॥੪੨॥

ਉਨ੍ਹਾਂ ਦੀ ਅਸੀਂ ਕੀ ਰਖਵਾਲੀ ਕਰ ਸਕਦੇ ਹਾਂ, ਜੋ ਚਾਹੁਣ ਕਿਸੇ ਦੇਰ ਬਗੈਰ ਕਰ ਸਕਦੇ ਹਨ। ਅਸੀਂ ਮਾੜੀ ਮੱਤ ਵਾਲੇ ਉਨ੍ਹਾਂ ਦੀ ਸਖਤ ਨਿਗਰਾਨੀ ਰੱਖ ਕੇ ਕਿਉਂ ਦੁਖ ਪਾਈਏ, ਜਿਨ੍ਹਾਂ ਦੀ ਅਵੱਗਿਆ ਕਰਨ ਵਾਲੇ ਨਰਕ ਵਿਚ ਪੈਂਦੇ ਹਨ॥੪੨॥

*ਬਾਰ੍ਹਵੀਂ ਰਾਸ ਦਾ ਇਕਾਹਠਵਾਂ ਅਧਿਆਇ ਸਮਾਪਤ ਹੋਇਆ॥੬੧॥*

# ਅਧਿਆਇ ਬਾਹਠਵਾਂ

*ਸਤਿਗੁਰੂ ਜੀ ਨੇ ਦਿੱਲੀ ਤੋਂ ਚਿੱਠੀ ਭੇਜੀ*

ਦੋਹਰਾ- ਲੋਹ ਪਿੰਜਰੇ ਮਹਿਂ ਗੁਰੂ ਨਮੋ ਕਰੀ ਸਿਖ ਦੇਖਿ।
ਮੁਚਯੋ ਬਿਲੋਚਨ ਜਲ ਤਬੈ ਸੰਕਟ ਰਿਦੈ ਬਿਸ਼ੇਖ॥ ੧॥

ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿਚ ਵੇਖ ਕੇ ਪੰਜਾਬ ਤੋਂ ਆਏ ਸਿੱਖ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ। ਉਸੇ ਵੇਲੇ ਉਸ ਦੀਆਂ ਅੱਖਾਂ ਵਿਚ ਜਲ ਵਹਿ ਤੁਰਿਆ ਤੇ ਦਿਲ ਵਿਚ ਬਹੁਤ ਦੁਖ ਅਨੁਭਵ ਕੀਤਾ॥੧॥

ਚੌਪਈ- ਹਾਥ ਜੋਰਿ ਸਾਭ ਅਰਜ਼ ਗੁਜ਼ਾਰੀ। 'ਆਇਸੁ ਮਾਨਿ ਕੁਟੰਬ ਤੁਮਾਰੀ।
ਤਜਿ ਲਖਨੌਰ ਅਨੰਦਪੁਰਿ ਗਏ। ਬ੍ਰਿਧ ਮਾਤਾ ਕੌ ਸੰਕਟ ਭਏ॥ ੨॥

ਹੱਥ ਜੋੜ ਕੇ ਬੇਨਤੀ ਕੀਤੀ, "ਆਪ ਜੀ ਦੀ ਆਗਿਆ ਮੰਨ ਕੇ ਤੁਹਾਡਾ ਪਰਿਵਾਰ ਲਖਨੌਰ ਛੱਡ ਕੇ ਅਨੰਦਪੁਰ ਚਲਾ ਗਿਆ ਹੈ। ਬ੍ਰਿਧ ਮਾਤਾ ਜੀ ਬਹੁਤ ਦੁਖ ਮਹਿਸੂਸ ਕਰਦੇ ਹਨ॥੨॥

ਬਾਰਿ ਬਾਰਿ ਲੇ ਸ੍ਵਾਸ ਬਡੇਰੇ। ਬੈਠਤਿ ਉਠਤਿ ਦ੍ਰਿਗਨ ਜਲ ਗੇਰੇ।
ਤਿਮ ਸ੍ਰੀ ਗੁਜਰੀ ਬਹੁ ਦੁਖ ਪਾਵੈ। ਤੁਮਰੀ ਦਿਸ਼ਿ ਨਿਤ ਪ੍ਰਤਿ ਚਿਤ ਲਾਵੈ॥੩॥

ਬਾਰ-ਬਾਰ ਲੰਮੇ-ਲੰਮੇ ਸਾਹ ਲੈਂਦੇ ਹਨ ਤੇ ਉੱਠਦੇ ਬੈਠਦੇ ਨੈਣਾਂ ਵਿਚੋਂ ਜਲ ਡੇਗਦੇ ਹਨ। ਉਸ ਤਰ੍ਹਾਂ ਹੀ ਮਾਤਾ ਗੁਜਰੀ ਜੀ ਵੀ ਬਹੁਤ ਦੁਖ ਪਾਉਂਦੇ ਹਨ। ਤੁਹਾਡੇ ਪਾਸੇ ਸਦਾ ਚਿੱਤ ਲਾਉਂਦੇ ਹਨ॥੩॥

ਕਹਾਂ ਹੋਇ ਹੈ, ਲਖੀ ਨ ਜਾਇ। ਨਿਸ ਦਿਨ ਚਿੰਤਾ ਕਰਤਿ ਬਿਤਾਇ।
ਸਾਹਿਬਜ਼ਾਦਾ ਦੇ ਅਹਿਲਾਦ। ਧੀਰ ਧਰਾਵਹਿਂ ਕਰਿ ਤੁਮ ਯਾਦ॥ ੪॥

ਕੀ ਹੋਵੇਗਾ ਕੋਈ ਸਮਝ ਨਹੀਂ ਆਉਂਦੀ ਹੈ, ਦਿਨ ਰਾਤ ਚਿੰਤਾ ਕਰਦੇ ਬਤੀਤ ਕਰਦੇ ਹਨ। ਸਾਹਿਬਜ਼ਾਦਾ ਜੀ ਅਨੰਦ ਦਿੰਦੇ ਹਨ, ਤੁਹਾਨੂੰ ਯਾਦ ਕਰਕੇ ਹੌਂਸਲਾ ਦਿੰਦੇ ਹਨ॥੪॥

ਕਹਿ ਮਹਿਮਾ ਬਿਧਿ ਅਨਿਕ ਤੁਮਾਰੀ। ਕਾਰਨ ਕਰਨ ਸ਼ਕਤਿ ਧਰਿ ਭਾਰੀ।
ਚਹੈਂ ਸੁ ਕਰੈਂ ਨ ਲਗੇ ਅਵਾਰੀ। ਆਪੇ ਰਚੀ ਬਾਰਤਾ ਸਾਰੀ॥ ੫॥

ਅਨੇਕ ਪ੍ਰਕਾਰ ਤੁਹਾਡੀ ਮਹਿਮਾ ਕਰਦੇ ਹਨ। ਕਹਿੰਦੇ ਹਨ ਗੁਰੂ ਜੀ ਕਾਰਨ ਕਰਨ ਹਨ ਤੇ ਉਨ੍ਹਾਂ ਬਹੁਤ ਸ਼ਕਤੀ ਧਾਰਨ ਕੀਤੀ ਹੋਈ ਹੈ। ਜੋ ਚਾਹੁਣ ਸੋ ਕਰ ਸਕਦੇ ਹਨ, ਇਸ ਵਿਚ ਕੋਈ ਦੇਰ ਨਹੀਂ ਲੱਗਦੀ ਹੈ। ਉਨ੍ਹਾਂ ਨੇ ਆਪ ਹੀ ਸਾਰੀ ਵਾਰਤਾ ਰਚੀ ਹੈ॥੫॥

ਤਊ ਅਧਿਕ ਬਿਰਲਾਪਹਿਂ ਮਾਈ। ਸਾਸ ਨੁਖਾ ਹ੍ਵੈ ਕੈ ਇਕ ਥਾਈਂ।
ਤਿਨ ਕੇ ਧੀਰ ਧਰਾਵਨਿ ਕਾਰਨ। ਤੁਮਰੇ ਸੁਤ ਮੁਹਿ ਕੀਨਿ ਹਕਾਰਨਿ॥ ੬॥

ਫਿਰ ਵੀ ਮਾਤਾ ਜੀ ਬਹੁਤ ਵਿਰਲਾਪ ਕਰਦੇ ਹਨ, ਨੂੰਹ ਸੱਸ ਇਕ ਥਾਂ ਬੈਠ ਕੇ ਦੁਖੀ ਹੁੰਦੀਆਂ ਹਨ। ਉਨ੍ਹਾਂ ਨੂੰ ਧੀਰਜ ਬੰਨ੍ਹਾਉਣ ਕਾਰਨ, ਤੁਹਾਡੇ ਪੁੱਤਰ ਨੇ ਮੈਨੂੰ ਤੁਹਾਡੇ ਪਾਸ ਭੇਜਿਆ ਹੈ॥੬॥

ਦਾਦੀ ਅਰੁ ਨਿਜ ਮਾਤ ਸੁਨਾਇ। ਕਹ੍ਯੋ ਕਿ ਲੀਜਹਿ ਸੁਧਿ ਮੰਗਵਾਇ।
ਜਥਾ ਕਹੈਂ ਪਿਤ ਤਥਾ ਸੁਨੀਜਹਿ। ਧਰਹੁ ਪ੍ਰਤੀਤ ਨ ਚਿੰਤਾ ਕੀਜਹਿ॥ ੭॥

ਆਪਣੀ ਦਾਦੀ ਅਤੇ ਆਪਣੀ ਮਾਤਾ ਜੀ ਨੂੰ ਸੁਣਾ ਕੇ ਮੈਨੂੰ ਕਿਹਾ, "ਦਿੱਲੀ ਭੇਜ ਕੇ ਖਬਰ ਮੰਗਵਾ ਲਵੋ, ਜਿਵੇਂ ਪਿਤਾ ਜੀ ਕਹਿਣ ਉਸ ਤਰ੍ਹਾਂ ਸੁਣ ਲਵੋ ਤੇ ਪ੍ਰਤੀਤ ਧਰੋ ਤੇ ਚਿੰਤਾ ਨਾ ਕਰੋ॥੭॥

ਜੋ ਕ੍ਰਿਤ ਆਪ ਕਰਨਿ ਕੋ ਗਏ। ਕੌਨ ਹਟਾਇ ਸਕਹਿ ਸੋ ਥਿਏ।
ਕਹ੍ਯੋ ਮੋਹਿ ਸਤਿਗੁਰ ਕੇ ਹਾਥ। ਕਰਹੁ ਲਿਖਾਵਨਿ ਹੈ ਜਿਮ ਗਾਥ॥ ੮॥

ਜਿਹੜੀ ਕ੍ਰਿਤ ਗੁਰੂ ਜੀ ਆਪ ਕਰਨ ਗਏ ਹਨ, ਉਨ੍ਹਾਂ ਨੂੰ ਉਥੇ ਜਾਣ ਤੋਂ ਕੌਣ ਰੋਕ ਸਕਦਾ ਸੀ। ਮੈਨੂੰ ਕਿਹਾ ਹੈ ਕਿ ਸਤਿਗੁਰੂ ਜੀ ਦੇ ਹੱਥੋਂ ਜਿਵੇਂ ਵੀ ਗਾਥਾ ਹੈ, ਉਸ ਤਰ੍ਹਾਂ ਲਿਖਵਾ ਲਵੋ॥੮॥

ਆਨ ਦਿਖਾਵਹਿਂ ਸੁਨਿ ਹੈਂ ਜਬੈ। ਧੀਰ ਧਰਹਿਂ ਦੁਖ ਪਰਹਰਿ ਸਬੈ।
ਇਸ ਕਾਰਨ ਤੇ ਮੈਂ ਚਲਿ ਆਯੋ। ਸੁਧਿ ਰਾਵਰ ਕੀ ਚਾਹਤਿ ਪਾਯੋ॥ ੯॥

ਜਦ ਸੁਣ ਕੇ ਚਿੱਠੀ ਆ ਦਿਖਾਵਾਂਗੇ ਤਾਂ ਧੀਰਜ ਧਾਰ ਕੇ ਸਾਰੇ ਦੁਖ ਦੂਰ ਹੋ ਜਾਣਗੇ। ਇਸ ਕਾਰਨ ਮੈਂ ਚਲ ਕੇ ਆਇਆ ਹਾਂ, ਆਪ ਜੀ ਬਾਰੇ ਖਬਰ ਪਾਉਣੀ ਚਾਹੁੰਦਾ ਹਾਂ॥੯॥

ਸਿਖ ਸੰਗਤਿ ਅਰ ਬ੍ਰਿੰਦ ਮਸੰਦ। ਤੁਮ ਦਿਸ਼ਿ ਤੇ ਸਭਿ ਚਿੰਤ ਬਿਲੰਦ।
ਮਿਲਹਿਂ ਪਰਸਪਰ ਧਰਹਿਂ ਬਿਖਾਦਾ। ਅਵਿਰੰਗ ਕੂਰ ਕਰ੍ਯੋ ਬਡ ਬਾਦਾ॥੧੦॥

ਸਿੱਖ ਸੰਗਤ ਅਤੇ ਬਹੁਤ ਮਸੰਦ, ਤੁਹਾਡੇ ਪਾਸੇ ਤੋਂ ਬਹੁਤ ਚਿੰਤਿਤ ਹਨ। ਆਪਸ ਵਿਚ ਮਿਲ ਕੇ ਬਹੁਤ ਦੁਖ ਧਾਰਨ ਕਰਦੇ ਹਨ। ਝੂਠੇ ਨੌਰੰਗੇ ਨੇ ਬੜਾ ਭੈੜਾ ਕਾਰਜ ਕੀਤਾ ਹੈ॥੧੦॥

ਬਿਨਾ ਮਿਲੇ ਸਭਿ ਕੇ ਚਲਿ ਆਏ। ਬਹੁਤ ਬਿਸੂਰਤਿ ਸਿਖ ਸਮੁਦਾਏ।
ਸੁਨਿ ਕਰਿ ਸਭਿਹਿਨਿ ਕੇਰ ਬ੍ਰਿਤੰਤਾ।ਲੇ ਕਾਗਦਿ ਕਰ ਮਹਿਂ ਭਗਵੰਤਾ॥੧੧॥

ਸਾਰਿਆਂ ਨੂੰ ਮਿਲਣ ਤੋਂ ਬਗੈਰ ਹੀ ਚਲ ਕੇ ਆ ਗਏ ਹੋ, ਸਾਰੀ ਸਿੱਖ ਸੰਗਤ ਬਹੁਤ ਝੂਰ ਰਹੀ ਹੈ।" ਸਾਰਿਆਂ ਦਾ ਬ੍ਰਿਤਾਂਤ ਸੁਣ ਕੇ, ਮਾਲਕ ਗੁਰੂ ਜੀ ਨੇ ਹੱਥ ਵਿਚ ਕਾਗਜ਼ ਲਿਆ॥੧੧॥

ਕਲਮ ਦਾਨ ਕੋ ਤਬਿ ਮੰਗਵਾਯੋ। ਜਮਾਦਾਰ ਕੋ ਨਰ ਲੇ ਆਯੋ।
ਸਭਿ ਸੰਗਤਿ ਪ੍ਰਤਿ ਲਿਖਿ ਉਪਦੇਸੁ। ਕਰੇ ਸ਼ਲੋਕ ਵਿਰਾਗ ਵਿਸ਼ੇਸੁ॥ ੧੨॥

ਫਿਰ ਕਲਮਦਾਨ ਮੰਗਵਾਇਆ ਤੇ ਦਰੋਗੇ ਦਾ ਆਦਮੀ ਲੈ ਕੇ ਆ ਗਿਆ। ਸਾਰੀ ਸੰਗਤ ਵਾਸਤੇ ਉਪਦੇਸ਼ ਲਿਖ ਦਿੱਤਾ ਤੇ ਵਿਸ਼ੇਸ਼ ਤੌਰ ਤੇ ਵਿਰਾਗ ਵਿਚ ਸਲੋਕ ਲਿਖੇ॥੧੨॥

'ਜੋ ਨਰ ਹੁਇ ਜਿਸ ਕੇ ਅਧਿਕਾਰੀ। ਸੋ ਮਾਨਹਿ ਇਮ ਸੀਖ ਹਮਾਰੀ।
ਸੁਖ ਪ੍ਰਾਪਤਿ ਜੁਗ ਲੋਕ ਮਝਾਰੀ'। ਲਿਖੇ ਸ਼ਲੋਕ ਸੁ ਕਰਤਿ ਉਚਾਰੀ॥ ੧੩॥

ਜੋ ਨਰ ਹੋਏ ਜਿਸ ਦਾ ਅਧਿਕਾਰੀ ਹੋਵੇ, ਉਹ ਸਾਡੀ ਇਸ ਤਰ੍ਹਾਂ ਸਿਖਿਆ ਮੰਨ ਲਵੇ ਤਾਂ ਉਹ ਲੋਕ ਪਰਲੋਕ ਵਿਚ ਸੁਖ ਪਾਵੇਗਾ ਤੇ ਉਚਾਰਨ ਕਰਕੇ ਕੁਝ ਸਲੋਕ ਲਿਖੇ॥੧੩॥

*ਸ੍ਰੀ ਮੁਖਵਾਕ॥ ਸਲੋਕ ਮਹਲਾ ੯॥*

*ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ॥*
*ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ॥ ੧॥*

ਜੇ ਤੂੰ ਪ੍ਰਭੂ ਦੇ ਗੁਣ ਗਾਇਨ ਨਹੀਂ ਕੀਤੇ ਹਨ ਤਾਂ ਤੂੰ ਆਪਣਾ ਜੀਵਨ ਨਿਸਫਲ ਗਵਾ ਦਿੱਤਾ ਹੈ।

ਹੇ ਨਾਨਕ ! ਐਸੇ ਪਿਆਰ ਨਾਲ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ, ਜਿਸ ਤਰ੍ਹਾਂ ਮੱਛੀ ਜਲ ਨੂੰ ਪਿਆਰ ਕਰਦੀ ਹੈ॥੧॥

*ਚੌਪਈ-* **ਇੱਤਜਾਦਿਕ ਸਭਿ ਲਿਖੇ ਸ਼ਲੋਕ। 'ਪਨਿ ਹਰਿ ਭਜਹੁ ਤਜਹੁ ਸਭਿ ਸ਼ੋਕ'।**
**ਸਭਿ ਸਿੱਖਜਨਿ ਪ੍ਰਤਿ ਲਿਖੇ ਬਨਾਇ। ਸਿਮਰਹੁ ਨਾਮ ਸੁ ਚਿੰਤ ਮਿਟਾਇ ॥੧੪॥**

ਇਸ ਤਰ੍ਹਾਂ ਗੁਰੂ ਜੀ ਨੇ ਸਾਰੇ ਸਲੋਕ ਲਿਖੇ, "ਹਰੀ ਦੇ ਨਾਮ ਦਾ ਭਜਨ ਕਰੋ ਤੇ ਸਾਰੇ ਦੁਖਾਂ ਨੂੰ ਛੱਡ ਦੇਵੋ।" ਸਾਰੇ ਸਿੱਖਾਂ ਵਾਸਤੇ ਸਲੋਕ ਬਣਾ ਕੇ ਲਿਖੇ। ਪ੍ਰਭੂ ਦੇ ਨਾਮ ਦਾ ਸਿਮਰਨ ਕਰੋ ਤੇ ਸਾਰੀਆਂ ਚਿੰਤਾਵਾਂ ਮਿਟਾ ਲਵੋ॥੧੪॥

**ਪੁਨ ਮਾਤਾ ਪ੍ਰਤਿ ਲਿਖਜੋ ਸ਼ਲੋਕ। 'ਸੁਨਿ ਕਰਿ ਲੇਹੁ ਸ਼ੋਕ ਕੋ ਰੋਕ।**
**ਜਗ ਮਹਿਂ ਨਹਿਂ ਥਿਰਤਾ ਕਿਸ ਕੇਰੀ। ਬਿਨਸਿ ਗਏ ਜਿਨ ਸ਼ਕਤਿ ਬਡੇਰੀ' ॥੧੫॥**

ਫਿਰ ਆਪਣੀ ਮਾਤਾ ਜੀ ਵਾਸਤੇ ਸਲੋਕ ਲਿਖਿਆ, "ਬਾਣੀ ਸੁਣ ਕੇ ਸਾਰੇ ਦੁਖਾਂ ਨੂੰ ਰੋਕ ਲਵੋ। ਇਸ ਜਗਤ ਵਿਚ ਕਿਸੇ ਵੀ ਸਥਿਰ ਨਹੀਂ ਰਹਿਣਾ ਹੈ, ਜਿਹੜੇ ਵੱਡੇ-ਵੱਡੇ ਸ਼ਕਤੀਸ਼ਾਲੀ ਸਨ, ਉਹ ਵੀ ਇਸ ਦੁਨੀਆਂ ਨੂੰ ਛੱਡ ਕੇ ਚਲੇ ਗਏ ਹਨ॥੧੫॥

*ਸ੍ਰੀ ਮੁਖਵਾਕ ਮਹਲਾ ੯॥*

*ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥*
*ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥ ੫੦॥*
*ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥*
*ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥ ੫੧॥*
*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥*
*ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥ ੫੨॥*

ਰਾਜਾ ਰਾਮ ਚੰਦਰ ਚਲੇ ਗਿਆ, ਰਾਵਣ ਚਲੇ ਗਿਆ ਜਿਸ ਦਾ ਬਹੁਤ ਵੱਡਾ ਪਰਿਵਾਰ ਸੀ। ਹੇ ਨਾਨਕ ! ਇਸ ਦੁਨੀਆਂ ਵਿਚ ਕੋਈ ਵੀ ਸਦਾ ਨਹੀਂ ਰਹਿਣਾ ਹੈ, ਇਹ ਸੰਸਾਰ ਇਕ ਸੁਪਨੇ ਵਾਂਗ ਹੈ॥੫੦॥

ਕੇਵਲ ਤਦ ਹੀ ਆਦਮੀ ਨੂੰ ਚਿੰਤਾ ਕਰਨੀ ਚਾਹੀਦੀ ਹੈ, ਜੇ ਕੋਈ ਨਾ ਹੋਣ ਵਾਲੀ ਗੱਲ ਵਾਪਰ ਗਈ ਹੋਵੇ। ਹੇ ਨਾਨਕ ! ਇਸ ਸੰਸਾਰ ਦੇ ਮਾਰਗ ਵਿਚ ਕੋਈ ਵੀ ਸਦੀਵੀ ਸਥਿਰ ਨਹੀਂ ਰਹਿੰਦਾ ਹੈ॥੫੧॥

ਜਿਹੜਾ ਵੀ ਕੋਈ ਪੈਦਾ ਹੋਇਆ, ਉਹ ਜ਼ਰੂਰ ਨਾਸ਼ ਹੋ ਜਾਵੇਗਾ, ਹਰ ਕੋਈ ਅੱਜ ਜਾਂ ਕੱਲ ਨੂੰ ਡਿੱਗ ਪਵੇਗਾ।

ਹੇ ਨਾਨਕ ! ਤੂੰ ਪ੍ਰਭੂ ਦੇ ਗੁਣ ਗਾਇਨ ਕਰ ਲੈ, ਤੇ ਹੋਰ ਸਾਰੇ ਦੁਨਿਆਵੀ ਜੰਜਾਲ ਛੱਡ ਦੇਵੋ॥੫੨॥

*ਚੌਪਈ-* **ਮਾਤ ਨਾਨਕੀ ਲਿਖਿ ਸਮੁਝਾਈ। ਅਰੁ ਗੁਜਰੀ ਕੀ ਚਿੰਤ ਮਿਟਾਈ।**
**'ਰਾਮਚੰਦ ਰਾਜਾ ਅਵਿਤਾਰ। ਬਿਜੈ ਕੀਨਿ ਛਿਤ ਜੀਤਿ ਉਦਾਰ ॥੧੬॥**

ਮਾਤਾ ਨਾਨਕੀ ਜੀ ਨੂੰ ਲਿਖ ਕੇ ਸਮਝਾਇਆ ਅਤੇ ਮਾਤਾ ਗੁਜਰੀ ਜੀ ਦੀ ਵੀ ਚਿੰਤਾ ਮਿਟਾ ਦਿੱਤੀ, "ਰਾਮਚੰਦਰ ਰਾਜਾ ਅਵਤਾਰ ਹੋਇਆ ਹੈ। ਉਸ ਨੇ ਬਹੁਤ ਧਰਤੀ ਜਿੱਤ ਲਈ ਸੀ॥੧੬॥

**ਰਾਵਣ ਜੀਤ ਲੀਨਿ ਤ੍ਰੈ ਲੋਕੁ। ਬਡ ਪਰਿਵਾਰ ਵਧਜੋ ਬਿਨ ਸ਼ੋਕ।**
**ਰਾਜ ਸਮਾਜ ਕੌਨ ਗਿਨ ਸਕੈ। ਸੁਰ ਗਨ ਡਰੈਂ, ਦਿਸ਼ਾ ਜਿਸ ਤਕੈ ॥੧੭॥**

ਰਾਵਣ ਨੇ ਤਿੰਨੇ ਲੋਕ ਹੀ ਜਿੱਤ ਲਏ ਸਨ ਤੇ ਦੁਖਾਂ ਤੋਂ ਰਹਿਤ ਉਸ ਦਾ ਬਹੁਤ ਪਰਿਵਾਰ ਵਧਿਆ। ਉਸ ਦੇ ਰਾਜ ਤੇ ਸਮਾਜ ਨੂੰ ਕੌਣ ਗਿਣ ਸਕਦਾ ਸੀ। ਸਾਰੇ ਦੇਵਤੇ ਉਸ ਪਾਸੋਂ ਡਰਦੇ ਸਨ, ਜਿਸ ਪਾਸੇ ਵੀ ਰਾਵਣ ਤੱਕ ਲੈਂਦਾ ਸੀ॥੧੭॥

ਸਭਿ ਬਿਧਿ ਬਡੇ ਸਬਿਨਿ ਤੇ ਦੌਨ। ਸੋ ਭੀ ਗਏ ਤਜਾਗਿ ਨਿਜ ਭੌਨ।
ਸੁਪਨ ਸਮੇਂ ਮਹਿਂ ਸੁਪਨੋ ਸਾਚਾ। ਸੋਗ ਹਰਖ ਦੁਖ ਸੁਖ ਰਹਿ ਰਾਚਾ॥ ੧੮॥

ਸਭ ਵਿਧੀਆਂ ਨਾਲ ਰਾਮ ਅਤੇ ਰਾਵਣ ਦੋਵੇਂ ਬਹੁਤ ਸ਼ਕਤੀਸ਼ਾਲੀ ਸਨ, ਉਹ ਵੀ ਆਪਣੇ ਘਰ ਛੱਡ ਕੇ ਚਲੇ ਗਏ। ਜਦ ਮਨੁੱਖ ਸੁਪਨਾ ਲੈਂਦਾ ਹੈ ਤਾਂ ਉਸ ਨੂੰ ਸੁਪਨਾ ਸੱਚਾ ਲੱਗਦਾ ਹੈ। ਖੁਸ਼ੀ ਗ਼ਮੀ, ਦੁਖ ਸੁਖ ਵਿਚ ਹੀ ਮਨੁੱਖ ਰਚਿਆ ਰਹਿੰਦਾ ਹੈ॥੧੮॥

ਜਬਿ ਜਾਗ੍ਰਤ ਸੁ ਅਵਸਥਾ ਹੋਇ। ਰਚਜੋ ਸਮਾਜ ਬਿਨਸਿਗਾ ਸੋਇ।
ਝੂਠੋ ਜਾਨਹਿ ਨਹਿਂ ਪਛੁਤਾਵੈ। ਤਿਮ ਰਚਨਾ ਜਗ ਕੀ ਦ੍ਰਿਸ਼ਟਾਵੈ॥ ੧੯॥

ਪਰ ਜਦ ਜਾਗਣ ਦੀ ਹਾਲਤ ਹੋ ਜਾਂਦੀ ਹੈ ਤਾਂ ਸੁਪਨੇ ਰਚਿਆ ਹੋਇਆ ਸਾਰਾ ਸਮਾਜ ਖਤਮ ਹੋ ਜਾਂਦਾ ਹੈ। ਮਨੁੱਖ ਉਸ ਨੂੰ ਝੂਠਾ ਜਾਣ ਕੇ ਪਛਤਾਉਂਦਾ ਨਹੀਂ। ਇਸ ਤਰ੍ਹਾਂ ਜਗਤ ਦੀ ਰਚਨਾ ਹੋਈ ਦਿਖਾਈ ਦਿੰਦੀ ਹੈ॥੧੯॥

ਤਿਸ ਹਿਤ ਮਮਤਾ ਧਾਰਹਿ ਜੀਵਤ। ਕਛੂ ਨ ਰਹਹਿ, ਬਿਨਾਸੀ ਥੀਵਤ।
ਹੋਇ ਜਾਇ ਅਨਹੋਨੀ ਜੋਇ। ਉਚਿਤ ਕਰਨਿ ਕੇ ਚਿੰਤਾ ਸੋਇ॥ ੨੦॥

ਜਦ ਤਕ ਜੀਉਂਦਾ ਰਹਿੰਦਾ ਹੈ, ਉਹ ਜਗਤ ਵਾਸਤੇ ਮਮਤਾ ਧਾਰਨ ਕਰਦਾ ਹੈ। ਪਰ ਕੁਝ ਨਹੀਂ ਰਹਿੰਦਾ ਹੈ, ਸਭ ਕੁਝ ਖਤਮ ਹੋ ਜਾਂਦਾ ਹੈ। ਜਿਹੜੀ ਗੱਲ ਨਾ ਹੋਣ ਵਾਲੀ ਹੋ ਜਾਵੇ, ਉਸ ਵਾਸਤੇ ਹੀ ਚਿੰਤਾ ਕਰਨੀ ਉਚਿਤ ਬਣਦੀ ਹੈ॥੨੦॥

ਜੋ ਸਭਿ ਸੰਗ ਏਕ ਸਮ ਹੋਇ। ਤਿਸ ਤੇ ਚਿੰਤਾ ਕਰੈ ਨ ਕੋਇ।
ਜੋ ਉਪਜਹਿ ਸੋ ਬਿਨਸਨ ਹਾਰ। ਪਰਸੋਂ, ਆਜ ਕਿ ਕਾਲ ਬਿਚਾਰ॥ ੨੧॥

ਜਿਹੜੀ ਗੱਲ ਸਾਰਿਆਂ ਨਾਲ ਇਕ ਸਮਾਨ ਹੋਵੇ, ਉਸ ਤੋਂ ਕਿਸੇ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ। ਜਿਹੜਾ ਵੀ ਪੈਦਾ ਹੁੰਦਾ ਹੈ, ਉਹ ਨਾਸ਼ਵੰਤ ਹੈ। ਪਰਸੋਂ, ਅੱਜ ਜਾਂ ਕਲ੍ਹ ਖਤਮ ਹੋ ਜਾਵੇਗਾ, ਇਸ ਤਰ੍ਹਾਂ ਵਿਚਾਰ ਲਵੋ॥੨੧॥

ਯਾਂ ਤੇ ਹਰਿਗੁਨ ਗਾਇ ਬਿਸਾਲ। ਤਜਾਗਹੁ ਸਗਰੇ ਜਗ ਜੰਜਾਲ।
'ਹਮ ਦਿਸ਼ਿ ਕੀ ਨਹਿਂ ਚਿੰਤਾ ਠਾਨਹੁ। ਤਨ ਕੋ ਅੰਤ ਸਮਾ ਅਬਿ ਜਾਨਹੁ॥੨੨॥

ਸੋ ਤਾਂ ਹਰੀ ਦੇ ਵਿਸ਼ਾਲ ਗੁਣ ਗਾਵੋ ਤੇ ਜਗਤ ਦੇ ਸਾਰੇ ਜੰਜਾਲ ਛੱਡ ਦੇਵੋ, "ਸਾਡੇ ਪਾਸੇ ਦੀ ਕੋਈ ਚਿੰਤਾ ਨਾ ਕਰੋ, ਸਰੀਰ ਦਾ ਅੰਤ ਸਮਾਂ ਹੁਣ ਜਾਣੋ॥੨੨॥

ਹੁਤੇ ਨਿਕਟਿ ਤੁਮ, ਤਿਮਹੀ ਬਨਤਿ। ਜਥਾ ਦੂਰ ਬੈਠੇ ਹਮ ਭਨਤਿ।
ਯਾਂਤੇ ਸ਼ੋਕ ਚਿੰਤ ਕੋ ਤਜਾਗਹੁ। ਸੱਤਿਨਾਮ ਕੇ ਸਿਮਰਨ ਲਾਗਹੁ' ॥ ੨੩॥

ਜੇ ਤੁਹਾਡੇ ਪਾਸ ਵੀ ਹੁੰਦੇ ਤਦ ਵੀ ਇਸ ਤਰ੍ਹਾਂ ਹੀ ਸਰੀਰ ਦਾ ਤਿਆਗ ਹੋਣਾ ਸੀ। ਇਸ ਕਰਕੇ ਸ਼ੋਕ ਅਤੇ ਚਿੰਤਾ ਨੂੰ ਛੱਡੋ ਤੇ ਸਤਿਨਾਮ ਦੇ ਸਿਮਰਨ ਵਿਚ ਲੱਗ ਜਾਵੋ" ॥੨੩॥

ਦੋਨਹੁਂ ਪ੍ਰਤਿ ਸ਼ਲੋਕ ਲਿਖਿ ਤੀਨ। 'ਕਰਹੁ ਨ ਦੁਖ' ਸੀਖਜਾ ਅਸ ਦੀਨਿ।
ਪੁਨ ਅਪਨੇ ਸੁਤ ਕੋ ਪਤਿਆਵਨ। ਹਿਤ ਪਰਖਨ ਕੇ ਕਿਮ ਧਰ ਭਾਵਨ॥੨੪॥

ਮਾਤਾ ਨਾਨਕੀ ਜੀ ਅਤੇ ਸ੍ਰੀ ਗੁਜਰੀ ਜੀ ਵਾਸਤੇ ਦੋ ਸਲੋਕ ਲਿਖ ਕੇ ਭੇਜ ਦਿੱਤੇ, "ਦੁਖ ਨਾ ਮੰਨਾਓ" ਐਸੀ ਸਿੱਖਿਆ ਦਿੱਤੀ। ਫਿਰ ਆਪਣੇ ਪੁੱਤਰ ਨੂੰ ਪਰਖਣ ਵਾਸਤੇ ਕਿ ਕਿਸ ਤਰ੍ਹਾਂ ਦੀ ਭਾਵਨਾ ਰੱਖਦੇ ਹਨ॥੨੪॥

ਲਖਹਿ ਸ਼ਕਤਿ ਮਹਿਂ ਹਮ ਕੋ ਕੈਸੇ? ਲਖਜੋ ਜਾਇ ਅਸ ਆਸ਼ੈ ਜੈਸੇ।
ਤਿਸ ਬਿਧਿ ਦੋਹਾ ਲਿਖਜੋ ਬਨਾਇ। ਸ਼੍ਰੀ ਗੁਰ ਤੇਗ ਬਹਾਦਰ ਰਾਇ॥ ੨੫॥

ਉਹ ਸਾਨੂੰ ਸ਼ਕਤੀ ਵਿਚ ਕੈਸਾ ਸਮਝਦਾ ਹੈ, ਜੈਸਾ ਆਸ਼ਾ ਧਾਰ ਕੇ ਉਸ ਨੂੰ ਸਮਝਿਆ ਜਾਵੇ। ਉਸ ਵਿਧੀ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੋਹਰਾ ਬਣਾ ਕੇ ਲਿਖਿਆ॥੨੫॥

*ਸ੍ਰੀ ਮੁਖਵਾਕ॥ ਸਲੋਕ ਮਹਲਾ ੯॥*

*ਦੋਹਰਾ-ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥*
*ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥ ੫੩॥*

ਮੇਰੀ ਸ਼ਕਤੀ ਖਤਮ ਹੋ ਗਈ ਹੈ, ਮੈਨੂੰ ਬੇੜੀਆਂ ਪਈਆਂ ਹੋਈਆਂ ਹਨ ਅਤੇ ਮੈਂ ਕੋਈ ਵੀ ਉਪਰਾਲਾ ਕਰ ਨਹੀਂ ਸਕਦਾ। ਹੇ ਨਾਨਕ ! ਹੁਣ ਕੇਵਲ ਵਾਹਿਗੁਰੂ ਹੀ ਇਕ ਮੇਰਾ ਆਸਰਾ ਹੈ, ਉਹੀ ਮੇਰੀ ਸਹਾਇਤਾ ਕਰਨਗੇ, ਜਿਸ ਤਰ੍ਹਾਂ ਉਸ ਨੇ ਹਾਥੀ ਦੀ ਸਹਾਇਤਾ ਕੀਤੀ ਸੀ॥੫੩॥

*ਚੌਪਈ-* **ਪੂਰਬ ਜਨਮ ਕੇਰ ਬਿਰਤੰਤ। ਕਰਿ ਸਿਮਰਨ ਕੋ ਸ੍ਰੀ ਭਗਵੰਤ।**
**ਲਿਖਯੋ ਪਤਾ ਜਿਮ ਕਰੀ ਸਹਾਇ। ਰਣਕਰਿ ਰਾਖਸ਼ ਦਏ ਖਪਾਇ॥੨੬॥**

ਪਿਛਲੇ ਜਨਮ ਦਾ ਬਿਰਤਾਂਤ ਹੈ, ਜਿਵੇ ਸ੍ਰੀ ਭਗਵੰਤ ਦਾ ਸਿਮਰਨ ਕਰਕੇ ਪਿਤਾ ਜੀ ਨੂੰ ਲਿਖਿਆ। ਜਿਵੇਂ ਪ੍ਰਭੂ ਨੇ ਸਹਾਇਤਾ ਕੀਤੀ ਸੀ ਤੇ ਯੁੱਧ ਕਰਕੇ ਰਾਖਸ਼ਾਂ ਨੂੰ ਮਾਰ ਦਿੱਤਾ ਸੀ॥੨੬॥

**ਅਬਿ ਇਹ ਦੁਸ਼ਟ ਉਠਾਇ ਖੁਟਾਈ। ਬੰਧਨ ਦਏ ਅੰਗ ਮੈਂ ਪਾਈ।**
**ਗਹੀ ਓਟ ਪਰਮੇਸੁਰ ਕੇਰੀ। ਜਿਮ ਗਜ ਕੀ ਛੇਦੀ ਪਗ ਬੇਰੀ॥੨੭॥**

ਹੁਣ ਇਹ ਦੁਸ਼ਟ ਖੋਟ ਕਰ ਰਿਹਾ ਹੈ, ਉਸ ਨੇ ਤੁਹਾਡੇ ਅੰਗ ਵਿਚ ਬੇੜੀਆਂ ਪਾ ਦਿੱਤੀਆਂ ਹਨ। ਪ੍ਰਮੇਸ਼ਰ ਦੀ ਓਟ ਫੜੀ ਹੈ, ਜਿਵੇਂ ਹਾਥੀ ਦੇ ਪੈਰ ਦੀਆਂ ਬੇੜੀਆਂ ਤੋੜ ਦਿੱਤੀਆਂ ਸਨ॥੨੭॥

**ਸੋ ਅਬਿ ਸਮਾ ਆਇਕਰਿ ਹੋਵਾ। ਨਹਿੰਨ ਸਹਾਇਕ ਤੁਮ ਬਿਨ ਜੋਵਾ।**
**ਇਕ ਦੋਹਾ ਲਿਖਿ ਕਰਿ ਨਿਜ ਹਾਥ। ਬਹੁਰ ਬਨਾਇ ਅਪਰ ਕੋ ਨਾਥ॥੨੮॥**

ਉਹ ਹੁਣ ਸਮਾਂ ਆ ਗਿਆ ਹੈ, ਤੁਹਾਡੇ ਬਗੈਰ ਹੋਰ ਕੋਈ ਸਹਾਇਕ ਨਹੀਂ ਵੇਖਿਆ ਹੈ। ਇਕ ਦੋਹਰਾ ਆਪਣੇ ਹੱਥ ਨਾਲ ਲਿਖਿਆ ਤੇ ਬਾਅਦ ਹੋਰ ਦੋਹਰੇ ਗੁਰੂ ਜੀ ਨੇ ਬਣਾਏ॥੨੮॥

*ਸ੍ਰੀ ਮੁਖਵਾਕ॥ ਸਲੋਕ ਮਹਲਾ ੯॥*

*ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥*
*ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥ ੫੫॥*
*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦ॥*
*ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰਮੰਤੁ॥ ੫੬॥*
*ਰਾਮ ਨਾਮੁ ਉਰਿ ਮੈ ਗਹਿਓ ਜਾ ਕੈ ਸਮ ਨਹੀ ਕੋਇ॥*
*ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥ ੫੭॥ ੧॥*

ਮੇਰੇ ਸੰਗੀ ਸਾਥੀ ਸਭ ਮੈਨੂੰ ਛੱਡ ਗਏ ਹਨ, ਕੋਈ ਵੀ ਅਖੀਰ ਤਕ ਮੇਰੇ ਨਾਲ ਨਹੀਂ ਰਿਹਾ ਹੈ। ਹੇ ਨਾਨਕ ! ਇਸ ਬਿਪਤਾ ਵਿਚ ਕੇਵਲ ਪ੍ਰਭੂ ਹੀ ਮੇਰਾ ਆਸਰਾ ਹੈ॥੫੫॥

ਕੇਵਲ ਗੁਰੂ ਪ੍ਰਮੇਸ਼ਵਰ, ਉਸ ਦੇ ਸੰਤ ਅਤੇ ਉਸ ਦਾ ਨਾਮ ਸਦੀਵੀ ਤੌਰ ਤੇ ਸਥਿਰ ਹੈ। ਹੇ ਨਾਨਕ ! ਇਸ ਜਗਤ ਵਿਚ ਕੋਈ ਵਿਰਲਾ ਹੀ ਗੁਰੂ ਜੀ ਦੀ ਬਾਣੀ ਨੂੰ ਵੀਚਾਰਦਾ ਹੈ॥੫੬॥

ਪ੍ਰਭੂ ਦਾ ਨਾਮ, ਜਿਸ ਦੇ ਬਰਾਬਰ ਹੋਰ ਕੋਈ ਨਹੀਂ ਹੈ, ਮੈਂ ਆਪਣੇ ਹਿਰਦੇ ਵਿਚ ਘੁੱਟ ਕੇ ਫੜ ਲਿਆ ਹੈ। ਹੇ ਸੁਆਮੀ! ਤੁਹਾਡਾ ਨਾਮ ਅਜਿਹਾ ਹੈ, ਜਿਸ ਦੇ ਸਿਮਰਨ ਨਾਲ ਦੁਖੜੇ ਮਿੱਟ ਜਾਂਦੇ ਹਨ ਤੇ ਮੈਨੂੰ ਤੁਹਾਡੇ ਦਰਸ਼ਨਾਂ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ॥੫੭॥੧॥

ਚੌਪਈ- ਇਮ ਸ਼ਲੋਕ ਸਤਿਗੁਰੁ ਸਭਿ ਲਿਖੇ। ਅਧਿਕ ਵਿਰਾਗ ਕਹਜੋ ਜਿਨ ਬਿਖੇ।
ਅਨਿਕ ਰੀਤਿ ਕੋ ਆਸ਼ੈ ਔਰ। ਕਰਿ ਸੂਚਕ ਸੋਢੀ ਸਿਰਮੌਰ॥ ੨੯॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਸਭ ਸਲੋਕ ਲਿਖੇ, ਜਿਨ੍ਹਾਂ ਵਿਚ ਬਹੁਤ ਵੈਰਾਗਮਈ ਬਾਣੀ ਕਹੀ ਸੀ। ਅਨੇਕ ਰੀਤੀਆਂ ਦੇ ਹੋਰ ਆਸ਼ੇ ਵੀ ਸਨ ਜਿਹੜੇ ਸੋਢੀ ਸ਼ਿਰੋਮਣੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੂਚਨਾ ਦੇਣ ਵਾਲੇ ਸਨ॥੨੯॥

ਪੁਨ ਇਕਠੇ ਕਰਿਕੈ ਨਿਜ ਹਾਥ। ਦੇਤਿ ਭਏ ਬੋਲੇ ਸਿਖ ਸਾਥ।
'ਤੂਰਨ ਚਲੇ ਜਹੁ ਮਗ ਮਾਂਹੂ। ਪਹੁੰਚਹੁ ਸ੍ਰੀ ਗੁਬਿੰਦ ਕੇ ਪਾਹੂ॥ ੩੦॥

ਫਿਰ ਸਾਰੇ ਆਪਣੇ ਹੱਥ ਨਾਲ ਇਕੱਠੇ ਕਰਕੇ, ਉਸ ਸਿੱਖ ਨੂੰ ਦੇ ਕੇ ਬੋਲੇ, "ਤੁਰਤ ਆਪਣੇ ਮਾਰਗ ਵਿਚ ਚਲੇ ਜਾਵੋ ਤੇ ਚਲ ਕੇ ਸ੍ਰੀ ਗੋਬਿੰਦ ਸਿੰਘ ਪਾਸ ਪਹੁੰਚ ਜਾਵੋ॥੩੦॥

ਪੁਨ ਉੱਤਰ ਕਹਿਕੈ ਲਿਖਵਾਓ। ਨਿਕਟਿ ਹਮਾਰੇ ਸਿਖ ਇਕ ਆਓ।
ਤਨ ਤਜਿਬੇ ਕੇ ਦਿਨ ਅਬਿ ਥੋਰੇ। ਬਿਨ ਬਿਲੰਬ ਆਵਹੁ ਇਤ ਓਰੇ॥੩੧॥

ਫਿਰ ਉਨ੍ਹਾਂ ਨੂੰ ਕਹਿ ਕੇ, ਉੱਤਰ ਲਿਖਵਾਓ ਤੇ ਇਕ ਸਿੱਖ ਸਾਡੇ ਪਾਸ ਆਓ। ਸਰੀਰ ਛੱਡਣ ਵਿਚ ਹੁਣ ਥੋੜੇ ਹੀ ਦਿਨ ਰਹਿ ਗਏ ਹਨ, ਇਸ ਕਰਕੇ ਕਿਸੇ ਪ੍ਰਕਾਰ ਦੀ ਦੇਰੀ ਬਗ਼ੈਰ ਛੇਤੀ ਏਧਰ ਆਵੋ॥੩੧॥

ਇਮ ਨਹਿਂ ਸਭਿ ਕੋ ਬਾਤ ਬਤਾਵਹੁ। ਬਿਨ ਬਿਸਰਾਮ ਜਾਇ ਪੁਨ ਆਵਹੁ।
ਸ੍ਰਮਤ ਪੰਥ ਮਹਿਂ ਤੂ ਨਹਿਂ ਹੋਇਂ। ਨਿਸ ਦਿਨ ਗਮਨਹੁ ਬਿਘਨ ਨ ਕੋਇ॥੩੨॥

ਇਸ ਤਰ੍ਹਾਂ ਸਭ ਨੂੰ ਗੱਲ ਨਾ ਦੱਸੋ, ਕਿਸੇ ਪ੍ਰਕਾਰ ਦੇ ਵਿਸ਼ਰਾਮ ਕਰਨ ਤੋਂ ਬਗੈਰ ਦੁਬਾਰਾ ਆਵੋ। ਤੈਨੂੰ ਰਾਹ ਵਿਚ ਕਿਸੇ ਪ੍ਰਕਾਰ ਦੀ ਥਕਾਵਟ ਨਹੀਂ ਹੋਵੇਗੀ। ਦਿਨ ਰਾਤ ਚਲੋ, ਰਾਹ ਵਿਚ ਕੋਈ ਵਿਘਨ ਨਹੀਂ ਪਵੇਗਾ॥੩੨॥

ਹਮ ਦਿਸ਼ਿ ਤੇ ਸਭਿਕੋ ਧ੍ਰਿਤ ਦੈਹੋ। ਸ਼ੋਕ ਚਿੰਤ ਤਜਿ ਪ੍ਰਭੁ ਸਿਮਰੈ ਹੌ।
ਸੁਪ੍ਰਸੰਨ ਮੁਖ ਤੇ ਜਬਿ ਭਾਖਾ। ਸਮੁਖ ਸਿੱਖ ਸਿਰ ਧਰਿ ਪਰ ਰਾਖਾ॥੩੩॥

ਸਾਡੇ ਪਾਸੇ ਵਲੋਂ ਸਾਰਿਆਂ ਨੂੰ ਧੀਰਜ ਦੇਣਾ। ਉਨ੍ਹਾਂ ਨੂੰ ਕਹਿਣਾ ਸੋਗ ਚਿੰਤਾ ਛੱਡ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ।" ਜਦ ਬਹੁਤ ਪ੍ਰਸੰਨ ਹੋ ਕੇ ਮੁਖ ਤੋਂ ਇਸ ਤਰ੍ਹਾਂ ਕਿਹਾ ਤੇ ਸਾਹਮਣੇ ਖਲੋਤੇ ਸਿੱਖ ਨੇ ਧਰਤੀ ਤੇ ਸਿਰ ਰੱਖ ਕੇ ਮੱਥਾ ਟੇਕਿਆ ਤੇ ਬੋਲਿਆ॥੩੩॥

'ਧੰਨ ਗੁਰੂ ਤੁਮਰੀ ਵਡਿਆਈ। ਇਕਰਸ ਸੁਖ ਦੁਖ ਬ੍ਰਿਤਿ ਟਿਕਾਈ।
ਮੁਖ ਤੇ ਕਹਹੁ ਲਿਖਹੁ ਬਿਧਿ ਆਨ। ਬਰਤਹੁ ਅਪਰ ਰੀਤਿ ਭਗਵਾਨ!' ॥੩੪॥

"ਧੰਨ ਗੁਰੂ ਜੀ, ਧੰਨ ਤੁਹਾਡੀ ਵਡਿਆਈ ਹੈ। ਦੁਖ ਸੁਖ ਵਿਚ ਇਕ ਰਸ ਬ੍ਰਿਤੀ ਟਿਕਾਈ ਹੈ। ਹੇ ਪ੍ਰਭੂ ਜੀ! ਆਪ ਜੀ ਲਿਖਦੇ ਹੋਰ ਤਰ੍ਹਾਂ ਹੋ ਪਰ ਮੁਖ ਤੋਂ ਹੋਰ ਤਰ੍ਹਾਂ ਕਹਿੰਦੇ ਹੋ ਤੇ ਆਪ ਲੋਕਾਂ ਨਾਲ ਵਰਤਦੇ ਵੀ ਹੋਰ ਤਰ੍ਹਾਂ ਹੋ। ਭਾਵ ਲਿਖਦੇ ਤਾਂ ਹੋ ਵੈਰਾਗਮਈ ਬਾਣੀ, ਪਰ ਵਰਤਾਰੇ ਵਿਚ ਤੇ ਮੇਰੇ ਨਾਲ ਗੱਲਾਂ ਕਰਨ ਸਮੇਂ ਅਡੋਲ ਚੜ੍ਹਦੀਆਂ ਕਲਾਂ ਵਿਚ ਹੋ" ॥੩੪॥

ਕਰਿ ਬੰਦਨ ਕੋ ਬਾਰੰਬਾਰ। ਨਿਕਸਜੋ ਕਾਰਾਗ੍ਰਿਹ ਕੇ ਦ੍ਵਾਰ।
ਚਲਜੋ ਸ਼ੀਘ੍ਰ ਗੁਰਪੁਰਿ ਮਗ ਮਾਂਹੀ। ਨਿਸ ਦਿਨ ਮਹਿਂ ਬਿਰਾਮਹਿ ਨਾਂਹੀ॥੩੫॥

ਸਿੱਖ, ਬਾਰ-ਬਾਰ ਗੁਰੂ ਜੀ ਨੂੰ ਬੰਦਨਾ ਕਰਕੇ, ਕੁਤਵਾਲੀ ਦੇ ਦਰਵਾਜ਼ੇ ਵਿਚੋਂ ਬਾਹਰ ਨਿਕਲ ਗਿਆ ਤੇ ਬੜੀ

ਸ਼ੀਘਰਤਾ ਨਾਲ ਗੁਰੂ ਨਗਰੀ ਦੇ ਰਾਹ ਵਲ ਚਲ ਪਿਆ। ਦਿਨ ਰਾਤ ਚਲਦਾ ਸੀ, ਵਿਸ਼ਰਾਮ ਨਹੀਂ ਸੀ ਕਰਦਾ॥੩੫॥

ਭੋਜਨ ਕਰਨ ਸੌਚ ਇਸ਼ਨਾਨੈ। ਖਿਰਹਿ ਇਤਿਕ ਨਤੁ ਪੰਥ ਪਯਾਨੈ।
ਨਿਸ ਦਿਨ ਗਮਨਜੋ ਨਹਿਨ ਥਕੇਵਾਂ। ਜਾਨਹਿ ਕਰਜੋ ਬਾਕ ਗੁਰਦੇਵਾ॥੩੬॥

ਭੋਜਨ ਕਰਨ ਜਾਂ ਸੌਚ ਇਸ਼ਨਾਨ ਕਰਨ ਵਾਸਤੇ ਥੋੜੀ ਦੇਰ ਰੁਕਦਾ ਸੀ, ਰਾਹੋ ਰਾਹ ਚਲਿਆ ਹੀ ਜਾ ਰਿਹਾ ਸੀ। ਦਿਨ ਰਾਤ ਚਲਣ ਨਾਲ ਵੀ ਉਸ ਨੂੰ ਥਕੇਵਾਂ ਨਹੀਂ ਸੀ ਹੁੰਦਾ, ਇਹ ਉਹ ਜਾਣਦਾ ਸੀ ਕਿ ਗੁਰੂ ਜੀ ਨੇ ਅਜਿਹਾ ਬਚਨ ਕੀਤਾ ਹੈ॥੩੬॥

ਇਮ ਸ਼ੀਘਰ ਹੀ ਮਗ ਉਲੰਘਾਯੋ। ਤਜਿ ਰੋਪਰ ਕੀਰਤ ਪੁਰਿ ਆਯੋ।
ਟਿਕਜੋ ਨਹੀਂ ਆਗੇ ਚਲਿ ਪਰਜੋ। ਦਰਸ਼ਨ ਸ੍ਰੀ ਅਨੰਦਪੁਰਿ ਕਰਜੋ॥੩੭॥

ਇੰਝ ਸ਼ੀਘਰ ਹੀ ਸਾਰਾ ਪੈਂਡਾ ਮੁਕਾ ਲਿਆ ਤੇ ਰੋਪੜ ਛੱਡ ਕੇ ਕੀਰਤਪੁਰ ਆ ਪਹੁੰਚਾ। ਉਥੇ ਰੁਕਿਆ ਨਹੀਂ, ਅੱਗੇ ਚਲ ਪਿਆ ਤੇ ਅਨੰਦਪੁਰ ਨਗਰੀ ਦੇ ਜਾ ਦਰਸ਼ਨ ਕੀਤੇ॥੩੭॥

*ਬਾਰ੍ਹਵੀਂ ਰਾਸ ਦਾ ਬਾਹਠਵਾਂ ਅਧਿਆਇ ਸਮਾਪਤ ਹੋਇਆ॥੬੨॥*

## ਅਧਿਆਇ ਤ੍ਰੇਹਠਵਾਂ

*ਸਾਹਿਬਜ਼ਾਦੇ ਜੀ ਦਾ ਉੱਤਰ, ਗੁਰਿਆਈ*

*ਦੋਹਰਾ-* ਦ੍ਵੈ ਘਟਿਕਾ ਬਾਸੁਰ ਚਢੇ ਕਰਿ ਤਨ ਸ਼ੌਚ ਸ਼ਨਾਨ।
ਬੈਠੇ ਹੁਤੇ ਦਿਵਾਨ ਮਹਿਂ ਸ਼੍ਰੀ ਗੁਰੁ ਦਯਾ ਨਿਧਾਨ॥੧॥

ਦੋ ਘੜੀਆਂ ਦਿਨ ਚੜ੍ਹੇ, ਸਰੀਰ ਤੇ ਸੌਚ ਇਸ਼ਨਾਨ ਕਰਕੇ ਜਦ ਗੁਰੂ ਜੀ ਵਲ ਗਿਆ ਤਾਂ ਉਹ ਉਸ ਸਮੇਂ ਦੀਵਾਨ ਦੇ ਵਿਚ ਬੈਠੇ ਹੋਏ ਸਨ॥੧॥

*ਚੌਪਈ-* ਲਏ ਪੱਤ੍ਰਿਕਾ ਸਿਖ ਚਲਿ ਆਯੋ। ਪਗ ਪੰਕਜ ਪਰ ਸੀਸ ਨਿਵਾਯੋ।
ਹਾਥ ਜੋਰਿ ਕਰਿ ਅਰਪਨ ਕੀਨਿ। 'ਪਿਤਾ ਪਠਜੋ' ਲਖਿ ਲੀਨਿ ਪ੍ਰਬੀਨ॥੨॥

ਵੱਡੇ ਗੁਰੂ ਜੀ ਦੀ ਚਿੱਠੀ ਲੈ ਕੇ ਸਿੱਖ ਚਲ ਕੇ ਆ ਗਿਆ। ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਨਿਵਾਇਆ ਤੇ ਹੱਥ ਜੋੜ ਕੇ ਚਿੱਠੀ ਅਰਪਣ ਕਰ ਦਿੱਤੀ। "ਪਿਤਾ ਜੀ ਨੇ ਭੇਜੀ ਹੈ", ਚਤੁਰ ਗੁਰੂ ਜੀ ਨੇ ਸਮਝ ਲਈ॥੨॥

ਚਿੱਠਾ ਖੋਲਿ ਜਾਨਿ ਸਭਿ ਆਸ਼ੈ। ਉਠਿ ਗਮਨੇ ਜੁਗ ਮਾਤਨਿ ਪਾਸੈ।
ਸਾਸ ਨੁਖਾ ਗੁਰ ਰੂਪ ਚਿਤਾਰਤਿ। ਕਹਾਂ ਹੋਇ ਇਮ ਸੰਸੈ ਧਾਰਤਿ॥੩॥

ਚਿੱਠੀ ਖੋਲ੍ਹ ਕੇ ਸਾਰੇ ਆਸ਼ੇ ਜਾਣ ਲਏ ਤੇ ਉੱਠ ਕੇ ਦੋਵਾਂ ਮਾਤਾ ਜੀ ਪਾਸ ਚਲੇ ਗਏ। ਨੂੰਹ ਸੱਸ ਦੋਵੇਂ ਗੁਰੂ ਜੀ ਦਾ ਰੂਪ ਚਿਤਾਰ ਰਹੀਆਂ ਸਨ, ਕੀ ਹੋਵੇਗਾ, ਇੰਝ ਸ਼ੰਕੇ ਧਾਰਨ ਕੀਤੇ ਹੋਏ ਸਨ॥੩॥

ਕਬਿ ਕਬਿ ਜ਼ਿਕਰ ਫਿਕਰ ਕੋ ਕਰੈਂ। ਦੁਸ਼ਟ ਤੁਰਕਪਤਿ ਤੇ ਚਿਤਿ ਡਰੈਂ।
ਗੁਰ ਮਹਿੰਮਾ ਜਾਨੈਂ ਭਲਿ ਭਾਂਤੀ। ਤਊ ਸਨੇਹ ਮਾਨਿ ਦੁਖ ਛਾਤੀ॥੪॥

ਕਦੀ ਕਦੀ ਜ਼ਿਕਰ ਕਰਕੇ ਫਿਕਰ ਕਰਦੀਆਂ ਸਨ, ਦੁਸ਼ਟ ਤੁਰਕ ਬਾਦਸ਼ਾਹ ਤੋਂ ਚਿੱਤ ਵਿਚ ਡਰਦੀਆਂ ਸਨ। ਗੁਰੂ ਜੀ

ਦੀ ਮਹਿਮਾਂ ਭਲੀਭਾਂਤ ਜਾਣਦੀਆਂ ਸਨ, ਫਿਰ ਵੀ ਸਨੇਹ ਕਰਕੇ ਦਿਲ ਵਿਚ ਦੁਖ ਮੰਨਦੀਆਂ ਸਨ ॥੪॥

ਕਿਤਿਕ ਮਸੰਦ ਸਿੱਖ ਗਨ ਦਾਸ। ਪਹੁੰਚੇ ਧਰੇ ਮੌਨ ਥਿਤ ਪਾਸ।
ਬੈਠੇ ਨਿਕਟਿ ਮਾਤ ਕੇ ਜਾਈ। ਮੁਖ ਦਾਦੀ ਦਿਸ਼ਿ ਕਰਜੋ ਸੁਨਾਈ ॥ ੫ ॥

ਕਈ ਮਸੰਦ, ਸਿੱਖ ਅਤੇ ਬਹੁਤ ਸੇਵਕ ਪਹੁੰਚ ਕੇ ਮੌਨ ਧਾਰ ਕੇ ਪਾਸ ਖੜੇ ਸਨ। ਗੁਰੂ ਜੀ ਮਾਤਾ ਜੀ ਦੇ ਪਾਸ ਜਾ ਕੇ ਬੈਠ ਗਏ। ਫਿਰ ਦਾਦੀ ਜੀ ਵਾਲੇ ਪਾਸੇ ਮੁਖ ਕਰਕੇ ਕਹਿ ਕੇ ਸੁਣਾਇਆ ॥੫॥

'ਸਤਿਗੁਰੁ ਲਿਖਜੋ ਆਪਨੇ ਹਾਥ। ਭਨੇ ਸੰਦੇਸੇ ਹਮ ਤੁਮ ਸਾਥ।
ਸੰਗਤਿ ਪ੍ਰਤਿ ਉਪਦੇਸ਼ ਬਤਾਯੋ। ਇਹ ਸਿਖ ਅਬਿ ਹੀ ਲੇ ਕਰਿ ਆਯੋ' ॥ ੬ ॥

"ਸਤਿਗੁਰੂ ਜੀ ਨੇ ਆਪਣੇ ਹੱਥ ਨਾਲ ਪੱਤਰ ਲਿਖਿਆ ਹੈ, ਸਾਡੇ ਤੁਹਾਡੇ ਵਲ ਉਨ੍ਹਾਂ ਸੰਦੇਸ਼ੇ ਲਿਖ ਕੇ ਭੇਜੇ ਹਨ। ਸੰਗਤ ਵਾਸਤੇ ਵੀ ਉਪਦੇਸ਼ ਦੱਸਿਆ ਹੈ, ਇਹ ਸਿੱਖ ਹੁਣੇ ਹੀ ਉਨ੍ਹਾਂ ਪਾਸੋਂ ਸੰਦੇਸ਼ਾਂ ਲੈ ਕੇ ਆਇਆ ਹੈ" ॥੬॥

ਇਮ ਕਹਿ ਪਿਖਜੋ ਮੇਵੜੇ ਓਰ। 'ਲਿਹੁ ਕਰ ਮਹਿਂ ਬਾਚਹੁ ਸਭਿ ਛੋਰਿ'।
ਮਾਨਿ ਹੁਕਮ ਤਿਨ ਪਠਜੋ ਸੁਨਾਯੋ। ਸੰਗਤਿ ਪ੍ਰਤਿ ਜਿਮ ਪ੍ਰਥਮ ਬਤਾਯੋ ॥ ੭ ॥

ਇਹ ਕਹਿ ਕੇ ਅਰਦਾਸੀਏ ਸਿੱਖ ਵਲ ਵੇਖਿਆ ਤੇ ਉਸ ਨੂੰ ਕਿਹਾ, "ਇਹ ਚਿੱਠੀ ਹੱਥ ਵਿਚ ਫੜ ਕੇ ਖੋਲ੍ਹ ਕੇ ਆਦਿ ਤੋਂ ਪੜ੍ਹੋ।" ਅਰਦਾਸੀਏ ਨੇ ਹੁਕਮ ਮੰਨ ਕੇ ਸਾਰੀ ਚਿੱਠੀ ਪੜ੍ਹ ਕੇ ਸੁਣਾਈ, ਸੰਗਤ ਵਾਸਤੇ ਉਸ ਤਰ੍ਹਾਂ ਲਿਖਿਆ ਸੀ ਜਿਵੇਂ ਪਹਿਲਾਂ ਦੱਸਿਆ ਹੈ ॥੭॥

ਬਹੁ ਸ਼ਲੋਕ ਬੈਰਾਗ ਜਨਾਵੈਂ। ਜਗ ਮਹਿਂ ਥਿਰ ਕੋ ਰਹਿਨਿ ਨ ਪਾਵੈ।
ਬਡੇ ਬਡੇ ਹੁਇ ਸਭਿ ਚਲਿ ਗਏ। ਰਾਮ ਕ੍ਰਿਸ਼ਨ ਅਵਿਤਾਰ ਜਿ ਭਏ ॥ ੮ ॥

ਸਲੋਕ ਬਹੁਤ ਵੈਰਾਗ ਪ੍ਰਗਟ ਕਰਦੇ ਸਨ, ਇਸ ਜਗ ਵਿਚ ਕੋਈ ਸਥਿਰ ਹੋ ਕੇ ਰਹਿ ਨਹੀਂ ਸਕੇਗਾ। ਵੱਡੇ-ਵੱਡੇ ਸੂਰਬੀਰ ਰਾਜੇ ਹੋਏ ਹਨ, ਸਭ ਚਲੇ ਗਏ ਹਨ। ਰਾਮ ਕ੍ਰਿਸ਼ਨ ਜਿਹੜੇ ਅਵਤਾਰ ਵੀ ਹੋਏ ਹਨ ॥੮॥

ਪੁਨ ਲੱਛਨ ਭਾਖਜੋ ਬ੍ਰਹਮ ਗਜਾਨੀ। ਤਨ ਮਹਿਂ ਹੰਤਾ ਜਿਨਹੁੰ ਨ ਮਾਨੀ।
ਨਹਿਂ ਕਿਸਹੂੰ ਤੇ ਭੈ ਉਰ ਪਾਵੈਂ। ਆਪ ਔਰ ਨਹਿਂ ਤ੍ਰਾਸ ਉਪਾਵੈਂ ॥ ੯ ॥

ਫਿਰ ਬ੍ਰਹਮਗਿਆਨੀ ਦੇ ਲੱਛਣ ਕਹੇ ਹਨ, ਜਿਨ੍ਹਾਂ ਨੇ ਆਪਣੇ ਸਰੀਰ ਦਾ ਅਹੰਕਾਰ ਜ਼ਰਾ ਭਰ ਵੀ ਨਹੀਂ ਮੰਨਿਆ ਹੈ, ਨਾ ਕਿਸੇ ਦਾ ਭੈ ਆਪਣੇ ਹਿਰਦੇ ਵਿਚ ਪਾਉਂਦੇ ਹਨ, ਅਤੇ ਨਾ ਕਿਸੇ ਨੂੰ ਡਰ ਉਪਜਾਉਂਦੇ ਹਨ ॥੯॥

ਉਸਤਤਿ ਨਿੰਦਾ ਕੰਚਨ ਲੋਹ। ਮਾਨ ਅਮਾਨ ਸਮਾਨੈਂ ਹੋਹਿ।
ਪੁਨ ਜਨਨੀ ਬਿਰਧਾ ਹਿਤ ਧੀਰ। ਹੋਨਹਾਰ ਹੀ ਤਜਨਿ ਸ਼ਰੀਰ ॥ ੧੦ ॥

ਉਸਤਤਿ ਨਿੰਦਾ ਸੋਨੇ ਅਤੇ ਲੋਹੇ ਸਮਾਨ ਹਨ ਤੇ ਮਾਨ ਅਪਮਾਨ ਵੀ ਬਰਾਬਰ ਹੀ ਮੰਨਦੇ ਹਨ। ਫਿਰ ਆਪਣੇ ਬਿਰਧ ਮਾਤਾ ਜੀ ਨੂੰ ਧੀਰਜ ਦੇਣ ਵਾਸਤੇ ਵੀ ਲਿਖਿਆ ਹੈ ਕਿ ਸਰੀਰ ਦਾ ਛੱਡਣਾ ਹੋ ਕੇ ਰਹਿਣਾ ਹੈ ॥੧੦॥

ਯਾਂਤੇ ਉਚਿਤ ਨ ਚਿੰਤਾ ਕਰਨੀ। ਸੁਪਨੇ ਜਗ ਕੀ ਸਮਤਾ ਬਰਨੀ।
ਜਿਸ ਕੀ ਆਦਿ, ਅੰਤ ਤਿਸ ਹੋਇ। ਉਪਜਨ ਵਾਰੋ ਬਿਨਸਤਿ ਸੋਇ ॥ ੧੧ ॥

ਇਸ ਕਰਕੇ ਇਹੀ ਉਚਿਤ ਹੈ ਕਿ ਚਿੰਤਾ ਨਹੀਂ ਕਰਨੀ ਚਾਹੀਦੀ, ਸੁਪਨੇ ਅਤੇ ਜਗਤ ਦੀ ਸਮਾਨਤਾ ਵਰਨਣ ਕੀਤੀ ਹੈ। ਜਿਹੜਾ ਵੀ ਕੋਈ ਪੈਦਾ ਹੁੰਦਾ ਹੈ, ਉਸ ਦਾ ਜ਼ਰੂਰ ਅੰਤ ਹੁੰਦਾ ਹੈ, ਉਪਜਣ ਵਾਲਾ ਹਰ ਹਾਲਤ ਵਿਚ ਵਿਨਾਸ਼ ਹੁੰਦਾ ਹੈ ॥੧੧॥

ਯਾਂਤੇ ਸਭਿ ਤਜਾਗਹੁ ਜੰਜਾਲ। ਸਾਸਿ ਸਾਸਿ ਹਰਿ ਪ੍ਰਭੁ ਸਮਾਲਿ।
ਪੁਨ ਸਪੂਤ ਕੇ ਸੰਗ ਸੰਦੇਸ। ਲਿਖਜੋ ਜੁ ਪਠਜੋ ਸੁ ਸੁਨਜੋ ਅਸ਼ੇਸ਼ ॥ ੧੨ ॥

ਇਸ ਕਰਕੇ ਸਾਰੇ ਦੁਨਿਆਵੀ ਜੰਜਾਲ ਛੱਡ ਦੇਵੋ ਤੇ ਸਵਾਸ ਸਵਾਸ ਹਰੀ ਪ੍ਰਭੂ ਨੂੰ ਸੰਭਾਲੋ। ਫਿਰ ਪੁੱਤਰ ਜੀ ਨੂੰ ਸੰਦੇਸ਼ ਭੇਜਿਆ ਹੈ। ਲਿਖ ਕੇ ਜਿਹੜਾ ਭੇਜਿਆ ਸੀ ਉਹ ਸਾਰਾ ਪੜ੍ਹਿਆ ਅਤੇ ਸਾਰਿਆਂ ਨੇ ਸੁਣਿਆ॥੨॥

ਗਨ ਸ਼ਲੋਕ ਜਬਿ ਪਠੇ ਸੁਨਾਏ। ਸਭਿ ਕੇ ਲੋਚਨ ਜਲ ਭਰਿ ਆਏ।
ਭਏ ਮੋਨ ਕੁਛ ਕਹਜੋ ਨ ਜਾਈ। ਹਾਥ ਜੋਰਿ ਪੁਨ ਸਿੱਖ ਸੁਨਾਈ॥ ੧੩॥

ਸਾਰੇ ਸਲੋਕ ਜਦ ਪੜ੍ਹ ਕੇ ਸੁਣਾਏ ਤਾਂ ਸਾਰਿਆਂ ਦੇ ਨੈਣ ਜਲ ਨਾਲ ਭਰ ਗਏ। ਸਾਰੇ ਚੁਪ ਹੋ ਗਏ, ਕੁਝ ਕਿਹਾ ਨਹੀਂ ਸੀ ਜਾਂਦਾ। ਹੱਥ ਜੋੜ ਕੇ ਫਿਰ ਉਸ ਸਿੱਖ ਨੇ ਸੁਣਾਇਆ॥੧੩॥

'ਸ੍ਰੀ ਮੁਖ ਤੇ ਮੋ ਪ੍ਰਤਿ ਫੁਰਮਾਇ। ਸਾਹਿਬਜ਼ਾਦੇ ਨਿਕਟਿ ਪਠਾਇ।
ਪੁਨ ਉੱਤਰ ਲਿਖਵਾਵਨਿ ਕੀਜੈ। ਬਿਨਾ ਬਿਲਮ ਹਮ ਢਿਗ ਪਠਿ ਦੀਜੈ॥੧੪॥

"ਗੁਰੂ ਜੀ ਨੇ ਮੁਖ ਤੋਂ ਮੈਨੂੰ ਫੁਰਮਾਇਆ ਕਿ ਸਾਹਿਬਜ਼ਾਦੇ ਦੇ ਪਾਸ ਚਲੇ ਜਾਵੋ। ਫਿਰ ਇਸ ਚਿੱਠੀ ਦਾ ਉੱਤਰ ਲਿਖਵਾ ਲਵੋ ਤੇ ਕਿਸੇ ਦੇਰੀ ਤੋਂ ਬਗੈਰ ਉਹ ਉੱਤਰ ਸਾਡੇ ਪਾਸ ਭੇਜ ਦੇਵੋ॥੧੪॥

ਯਾਂਤੇ ਨਹਿਂ ਬਿਲੰਬ ਅਬਿ ਧਾਰੋ। ਲਿਖਿ ਕਰਿ ਉੱਤਰ ਪਠਹੁ ਬਿਚਾਰੋ'।
ਗੁਰੁ ਨੰਦਨ ਸੁਨਿ ਜਾਨਜੋਂ ਆਸ਼ੈ। ਸਕਲ ਸ਼ਕਤਿ ਕੋ ਬਲ ਜਿਨ ਪਾਸੇ॥੧੫॥

ਇਸ ਕਰਕੇ ਹੁਣ ਦੇਰ ਨਾ ਕਰੋ, ਉੱਤਰ ਵਿਚਾਰ ਕੇ ਲਿਖ ਕੇ ਭੇਜੋ।" ਗੁਰੂ ਜੀ ਦੇ ਪੁੱਤਰ ਸੁਣ ਕੇ ਗੁਰੂ ਜੀ ਦੇ ਆਸ਼ੇ ਨੂੰ ਜਾਣ ਗਏ। ਸਾਰੀਆਂ ਸ਼ਕਤੀਆਂ ਦਾ ਜਿਨ੍ਹਾਂ ਪਾਸ ਬਲ ਹੈ॥੧੫॥

ਸੂਰਜ ਸਸਿ ਕੌ ਰੋਕਿ ਰਖੈਯਾ। ਬ੍ਰਹਮ ਲੋਕ ਲੌ ਬਲ ਅਤਿਸੈਯਾ।
ਹਾਥ ਜੋਰਿ ਇੰਦ੍ਰਾਦਿਕ ਖਿਰੈਂ। ਜਥਾ ਹੁਕਮ ਸੋ ਤਤਛਿਨ ਕਰੈਂ॥ ੧੬॥

ਸੂਰਜ ਚੰਦ ਨੂੰ ਰੋਕ ਰੱਖਣ ਵਾਲੇ ਹਨ, ਬ੍ਰਹਮ ਲੋਕ ਤਕ ਉਨ੍ਹਾਂ ਦਾ ਬਹੁਤ ਬਲ ਹੈ। ਉਨ੍ਹਾਂ ਦੇ ਅੱਗੇ ਇੰਦਰ ਆਦਿ ਹੱਥ ਜੋੜ ਕੇ ਖੜੇ ਰਹਿੰਦੇ ਹਨ, ਤੇ ਜਿਵੇਂ ਉਹ ਹੁਕਮ ਕਰਦੇ ਹਨ, ਉਸ ਕੰਮ ਨੂੰ ਤੁਰਤ ਉਸ ਤਰ੍ਹਾਂ ਕਰਦੇ ਹਨ॥੧੬॥

ਕਜਾ ਨਰ ਬਪੁਰੇ ਤਿਨਹੁਂ ਅਗਾਰੇ। ਅਵਨਿ ਉਡਾਇਂ ਫੂਕ ਇਕ ਮਾਰੇ।
ਏਕ ਬਾਕ ਤੇ ਸਭਿ ਤੁਰਕਾਨਾ। ਸ਼ਾਹੁ ਕਿ ਰੰਕ ਹੋਹਿ ਪਰਹਾਨਾ॥ ੧੭॥

ਫਿਰ ਮਨੁੱਖ ਵਿਚਾਰੇ ਉਨ੍ਹਾਂ ਅੱਗੇ ਕੀ ਹਨ, ਉਹ ਧਰਤੀ ਨੂੰ ਇਕ ਫੂਕ ਮਾਰ ਕੇ ਉਡਾ ਸਕਦੇ ਹਨ। ਉਨ੍ਹਾਂ ਦੇ ਇਕ ਬਚਨ ਨਾਲ ਬਾਦਸ਼ਾਹ ਅਤੇ ਪਰਜਾ ਬੁਰੀ ਤਰ੍ਹਾਂ ਨਸ਼ਟ ਹੋ ਸਕਦੇ ਹਨ॥੧੭॥

ਜੋ ਸਹਾਇਤਾ ਸਭਿ ਕੀ ਕਰੈਂ। ਰਿਦੇ ਮਨੋਰਥ ਜੋ ਸਿਖ ਧਰੈਂ।
ਦੂਰ ਕਿ ਨੇਰ ਕਿ ਆਵਨਿ ਅਕਾਸ਼। ਸਿਮਰੈਂ ਮਨ ਪਹੁੰਚਤਿ ਜਨ ਪਾਸ ॥੧੮॥

ਜਿਹੜੇ ਸਭ ਦੇ ਮਨੋਰਥ ਪੂਰੇ ਕਰਦੇ ਹਨ, ਸਿੱਖ ਜਿਹੜੇ ਵੀ ਮਨੋਰਥ ਹਿਰਦੇ ਵਿਚ ਧਾਰਨ ਕਰਦੇ ਹਨ। ਦੂਰ ਜਾਂ ਨੇੜੇ ਜਾਂ ਧਰਤੀ ਆਕਾਸ਼ ਤੇ ਹਨ, ਮਨ ਵਿਚ ਯਾਦ ਕਰਨ ਨਾਲ ਹੀ ਦਾਸਾਂ ਦੇ ਪਾਸ ਪਹੁੰਚ ਜਾਂਦੇ ਹਨ॥੧੮॥

ਸਕਲ ਕਲਾ ਸਮਰਥ ਗੁਰ ਐਸੇ। ਨਿਜ ਸਹਾਇਤਾ ਚਾਹਤਿ ਕੈਸੇ।
ਜਿਨ ਕੇ ਦਾਸਨਿ ਦਾਸਨਿ ਦਾਸ। ਜਗਹਿ ਨਿਵਾਜਹਿਂ ਕਰਹਿਂ ਕਿ ਨਾਸ਼॥੧੯॥

ਸਰਬ ਕਲਾ ਸਮਰੱਥ, ਐਸੇ ਸੰਪੂਰਣ ਗੁਰੂ ਜੀ ਹਨ, ਉਹ ਆਪਣੀ ਸਹਾਇਤਾ ਕੈਸੇ ਚਾਹੁੰਦੇ ਹਨ। ਜਿਨ੍ਹਾਂ ਦੇ ਦਾਸਾਂ ਦੇ ਦਾਸ ਵੀ ਸੰਸਾਰ ਨੂੰ ਚਾਹੇ ਰੱਖ ਲੈਣ ਚਾਹੇ ਨਾਸ਼ ਕਰ ਦੇਣ॥੧੯॥

ਤਿਨ ਸਹਾਇਤਾ ਕਰਨਿ ਅਜੋਗ। ਮਾਨਹਿਂ ਹੁਕਮ ਚੌਦਹੂੰ ਲੋਗ।
ਸ੍ਰੀ ਨਾਨਕ ਕੀ ਜੋਤਿ ਉਦਾਰਾ। ਅਧਿਕ ਪ੍ਰਕਾਸ਼ਤਿ ਜਿਨਹੁੰ ਮਝਾਰਾ ॥੨੦॥

ਉਨ੍ਹਾਂ ਦੀ ਸਹਾਇਤਾ ਕਰਨੀ ਅਯੋਗ ਗੱਲ ਹੈ, ਚੌਦ੍ਹਾਂ ਲੋਕ ਉਨ੍ਹਾਂ ਦਾ ਹੁਕਮ ਮੰਨਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਵਾਲੀ ਉਨ੍ਹਾਂ ਵਿਚ ਉੱਤਮ ਜੋਤੀ ਹੈ, ਜਿਹੜੀ ਉਨ੍ਹਾਂ ਵਿਚ ਬਹੁਤ ਜ਼ਿਆਦਾ ਪ੍ਰਕਾਸ਼ਮਾਨ ਹੋ ਰਹੀ ਹੈ ॥੨੦॥

ਇਮ ਬਿਚਾਰ ਕਰਿ ਗੁਰ ਕੇ ਨੰਦਨ। ਪ੍ਰਥਮ ਲਿਖੀ ਆਪਨੀ ਬੰਦਨ।
'ਚਿਤ ਮਹਿਂ ਚਹਹੁ ਸੁ ਤੁਰਤ ਬਨਾਵਹੁ। ਤਊ ਭਲੀ ਬਿਧਿ ਸ਼ਕਤਿ ਦੁਰਾਵਹੁ' ॥੨੧॥

ਇਸ ਤਰ੍ਹਾਂ ਵਿਚਾਰ ਕੇ ਗੁਰੂ ਜੀ ਦੇ ਪੁੱਤਰ ਨੇ ਪਹਿਲਾਂ ਆਪਣੀ ਬੰਦਨਾ ਲਿਖੀ। ਫਿਰ ਕਿਹਾ, "ਜੋ ਮੈਂ ਚਿੱਤ ਵਿਚ ਚਾਹੁੰਦਾ ਹਾਂ, ਉਹ ਤੁਰਤ ਬਣਾਵਾਂਗਾ ਫਿਰ ਵੀ ਭਲੀ ਪ੍ਰਕਾਰ ਸ਼ਕਤੀ ਲੁਕਾਵਾਂਗਾ" ॥੨੧॥

*ਸ੍ਰੀ ਮੁਖਵਾਕ ॥ ਪਾਤਸ਼ਾਹੀ ੧੦ ॥*

*ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ।*
*ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥ ੫੪॥*

ਸਾਰੀ ਸ਼ਕਤੀ ਮੇਰੇ ਵਿਚ ਆ ਗਈ ਹੈ, ਮੇਰੀਆਂ ਬੇੜੀਆਂ ਟੁੱਟ ਗਈਆਂ ਹਨ ਤੇ ਹੁਣ ਮੈਂ ਸਾਰੇ ਉਪਰਾਲੇ ਕਰ ਸਕਦਾ ਹਾਂ। ਹੇ ਨਾਨਕ ! ਸਾਰਾ ਕੁਝ ਤੁਹਾਡੇ ਆਪਣੇ ਹੱਥ ਵਿਚ ਹੈ, ਤੁਸੀਂ ਆਪ ਹੀ ਆਪਣੀ ਸਹਾਇਤਾ ਕਰ ਸਕਦੇ ਹੋ ॥੫੪॥

*ਨੋਟ : ਸ੍ਰੀ ਮੁਖਵਾਕ ਪਾਤਸ਼ਾਹੀ ੧੦ ਜਿਹੜਾ ਇਸ ਸਲੋਕ ਦੇ ਉੱਪਰ ਲਿਖਿਆ ਹੈ, ਇਹ ਪਾਠ ਕਿਸੇ ਵੀ ਲਿਖਤੀ ਨੁਸਖੇ ਵਿਚ ਨਹੀਂ ਹੈ ਅਤੇ ਨਾ ਹੀ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਹੈ। ਇਸ ਲਈ ਇਹ ਕਵੀ ਜੀ ਦੀ ਕਲਪਨਾ ਹੀ ਜਾਪਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸਲੋਕ ਆਪ ਨਹੀਂ ਲਿਖਿਆ ਹੈ, ਬਲਕਿ ਇਹ ਸਲੋਕ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਰਚਨਾ ਹੈ।*

ਚੌਪਈ- ਇਸ ਪ੍ਰਕਾਰ ਉੱਤਰ ਲਿਖਿ ਪਾਤੀ। ਸਭਿ ਕੀ ਨਮੋ ਲਿਖੀ ਸੁਖ ਸ਼ਾਂਤੀ।
'ਤੀਨ ਲੋਕ ਕੇ ਮਾਲਕ ਆਪ। ਚਹੋ ਸੁ ਰਚਹੁ ਉਥਾਪਨ ਥਾਪ' ॥੨੨॥

ਇਸ ਪ੍ਰਕਾਰ ਚਿੱਠੀ ਲਿਖ ਕੇ ਉੱਤਰ ਭੇਜ ਦਿੱਤਾ ਤੇ ਸਾਰਿਆਂ ਦੀ ਸੁਖ ਸ਼ਾਂਤੀ ਅਤੇ ਨਮਸਕਾਰ ਲਿਖੀ। ਆਪ ਜੀ ਤਿੰਨਾਂ ਲੋਕਾਂ ਦੇ ਮਾਲਕ ਹੋ, ਆਪ ਜੋ ਚਾਹੋ ਕਰ ਸਕਦੇ ਹੋ, ਆਪ ਜੀ ਬਣਾਉਣ ਢਾਹੁਣ ਦੇ ਸਮਰੱਥ ਹੋ" ॥੨੨॥

ਇੱਤਜਾਦਿਕ ਲਿਖਿ ਬਹੁਰ ਬਿਚਾਰਾ। ਸਮੈਂ ਅਲਪ ਤਨੁ ਤਜਨਿ ਮਝਾਰਾ।
ਆਨਹਿ ਸੀਸ ਜਾਇ ਸਿਖ ਜੋਇ। ਨਹਿਂ ਬਿਲਮੈ ਅਰੁ ਨਿਰਭੈ ਹੋਇ ॥੨੩॥

ਇਸ ਤਰ੍ਹਾਂ ਲਿਖ ਕੇ ਫਿਰ ਵਿਚਾਰ ਕੀਤੀ, ਸਰੀਰ ਛੱਡਣ ਵਿਚ ਬਹੁਤ ਘੱਟ ਸਮਾਂ ਰਹਿ ਗਿਆ ਹੈ। ਜਿਹੜਾ ਸਿੱਖ ਉਥੇ ਜਾਵੇ ਉਹ ਆਉਂਦਾ ਹੋਇਆ ਗੁਰੂ ਜੀ ਦਾ ਸੀਸ ਵੀ ਲੈ ਆਵੇ, ਉਹ ਦੇਰ ਨਾ ਲਾਵੇ ਅਤੇ ਨਿਰਭੈ ਵੀ ਹੋਵੇ ॥੨੩॥

ਜੋ ਆਯਹੁ ਸੋ ਨਹਿਨ ਪਠਾਯੋ। ਅਪਰ ਦਾਸ ਕੋ ਨਿਕਟਿ ਬੁਲਾਯੋ।
'ਕਰਹੁ ਗੌਨ ਅਬਿ ਪੌਨ ਸਮਾਨੋ। ਪਹੁੰਚਹੁ ਨਿਕਟਿ ਤ੍ਰਾਸ ਨਹਿਂ ਮਾਨੋ ॥੨੪॥

ਜਿਹੜਾ ਸਿੱਖ ਆਇਆ ਸੀ, ਉਸ ਨੂੰ ਨਾ ਭੇਜਿਆ, ਹੋਰ ਸੇਵਕ ਨੂੰ ਪਾਸ ਬੁਲਾਇਆ ਤੇ ਕਿਹਾ, "ਹੁਣ ਤੁਸੀਂ ਹਵਾ ਵਾਂਗ ਉੱਡ ਕੇ ਜਾਵੋ, ਗੁਰੂ ਜੀ ਦੇ ਪਾਸ ਪਹੁੰਚੋ ਤੇ ਕਿਸੇ ਪ੍ਰਕਾਰ ਦਾ ਡਰ ਨਾ ਮੰਨੋ ॥੨੪॥

ਸਭਿ ਦਿਸ਼ਿ ਤੇ ਅਭਿਬੰਦਨ ਕਰੀਅਹਿ। ਜੋ ਕਾਰਨ ਹੁਇ ਖਰੇ ਨਿਹਰੀਅਹਿ।
ਕਿਸ ਦਿਸ਼ਿ ਤੇ ਨਹਿਂ ਸੰਸੇ ਧਰੀਅਹਿ। ਆਵਨ ਜਾਨੋ ਕਰਤਿ ਨ ਡਰੀਅਹਿ ॥੨੫॥

ਸਾਡੇ ਸਾਰਿਆਂ ਵਲੋਂ ਅਭਿਬੰਦਨਾ ਕਰੋ, ਜਿਹੜਾ ਵੀ ਕਾਰਨ ਹੋਵੇ ਖੜੇ ਹੋ ਕੇ ਵੇਖੋ। ਕਿਸੇ ਪਾਸੇ ਤੋਂ ਵੀ ਡਰ ਨਾ ਧਾਰਨ ਕਰੋ, ਆਉਣਾ ਜਾਣਾ ਕਰਦੇ ਸਮੇਂ ਕਿਸੇ ਪ੍ਰਕਾਰ ਦਾ ਡਰ ਅਨੁਭਵ ਨਾ ਕਰੋ" ॥੨੫॥

**ਹਾਥ ਜੋਰਿ ਗੁਰ ਤੇ ਸੁਨਿ ਬਾਨੀ। ਭਯੋ ਤਯਾਰ ਚਲਿਬੇ ਕਹੁ, ਮਾਨੀ।**
**ਬਾਰੰਬਾਰ ਨਾਨਕੀ ਮਾਤਾ। 'ਮੈਂ ਅਤਿ ਬ੍ਰਿਧਾ ਸੁਨੋ ਦੂਖ ਤਾਤਾ!' ॥ ੨੬॥**

ਹੱਥ ਜੋੜ ਕੇ ਗੁਰੂ ਜੀ ਦੇ ਬਚਨ ਸੁਣ ਕੇ, ਮੰਨ ਕਰਕੇ ਚਲਣ ਵਾਸਤੇ ਤਿਆਰ ਹੋ ਗਿਆ। ਬਾਰ-ਬਾਰ ਮਾਤਾ ਨਾਨਕੀ ਜੀ ਕਹਿ ਰਹੇ ਸਨ, "ਮੈਂ ਅਤਿ ਬ੍ਰਿਧ ਹਾਂ ਹੇ ਪੁੱਤਰ! ਮੇਰਾ ਦੁਖ ਸੁਣੋ" ॥੨੬॥

**ਸ੍ਰੀ ਗੁਜਰੀ ਮਨ ਦੀਨ ਉਚਾਰੇ। 'ਤੁਮ ਦਰਸ਼ਨ ਕੀ ਪਯਾਸ ਹਮਾਰੇ।**
**ਜਿਮ ਜਾਨਹੁ ਤਿਮ ਰਚਹੁ ਗੁਸਾਈਂ। ਤੁਮਰੇ ਮਹਿਂ ਚਿਤ ਰਹੈ ਸਦਾਈ' ॥੨੭॥**

ਮਾਤਾ ਗੁਜਰੀ ਜੀ ਮਨ ਵਿਚ ਬੜੇ ਦੀਨ ਹੋ ਕੇ ਕਹਿ ਰਹੇ ਸਨ, "ਤੁਹਾਡੇ ਦਰਸ਼ਨਾਂ ਦੀ ਸਾਨੂੰ ਪਿਆਸ ਹੈ, ਹੇ ਮਾਲਕ! ਜਿਵੇਂ ਵੀ ਠੀਕ ਸਮਝਦੇ ਹੋ ਉਸ ਤਰ੍ਹਾਂ ਕੋਈ ਵਿਧੀ ਰਚੋ ਮੇਰਾ ਚਿੱਤ ਸਦਾ ਤੁਹਾਡੇ ਵਿਚ ਰਹਿੰਦਾ ਹੈ" ॥੨੭॥

**ਲਈ ਪੱਤ੍ਰਿਕਾ ਸਿੱਖਯ ਸਿਧਾਯਹੁ। ਨਮੋ ਕਰਤਿ ਹੀ ਨਹਿਂ ਬਿਲਮਾਯਹੁ।**
**ਦਿੱਲੀ ਪੁਰਿ ਕੇ ਪੰਥ ਸਿਧਾਰਾ। ਨਿਸ ਦਿਨ ਗਮਨਯੋ ਜਾਇ ਸੁਖਾਰਾ ॥ ੨੮॥**

ਚਿੱਠੀ ਲੈ ਕੇ ਸਿੱਖ ਚਲੇ ਗਿਆ, ਨਮਸਕਾਰ ਕਰਦਿਆਂ ਵੀ ਉਸ ਕੋਈ ਦੇਰ ਨਾ ਲਾਈ। ਦਿੱਲੀ ਨਗਰ ਦੇ ਰਾਹੇ ਚਲ ਪਿਆ। ਬੜੀ ਆਸਾਨੀ ਨਾਲ ਰਾਤ ਦਿਨ ਚਲਦਾ ਜਾ ਰਿਹਾ ਸੀ ॥੨੮॥

**ਕਿਤਿਕ ਸਮੈ ਮਹਿਂ ਪਹੁੰਚਯੋ ਜਾਈ। ਪੌਰ ਪੁਰੀ ਕੇ ਪ੍ਰਵਿਸ਼ਯੋ ਧਾਈ।**
**ਡਰ ਬਿਹੀਨ ਕਾਰਾਗ੍ਰਿਹ ਗਯੋ। ਸਤਿਗੁਰ ਅੰਤਰਿ ਦੇਖਤ ਭਯੋ॥ ੨੯॥**

ਕੁਝ ਸਮੇਂ ਵਿਚ ਉਥੇ ਜਾ ਪਹੁੰਚਾ, ਨਗਰ ਦੇ ਦਰਵਾਜ਼ੇ ਤੋਂ ਭੱਜ ਕੇ ਅੰਦਰ ਪ੍ਰਵੇਸ਼ ਕਰ ਗਿਆ। ਡਰ ਰਹਿਤ ਹੋ ਕੇ ਕੁਤਵਾਲੀ ਦੇ ਸਥਾਨ ਤੇ ਪਹੁੰਚ ਗਿਆ ਤੇ ਸਤਿਗੁਰੂ ਜੀ ਨੂੰ ਅੰਦਰ ਵੇਖਿਆ ॥੨੯॥

**ਹਾਥ ਜੋਰਿ ਕਰਿ ਸੀਸ ਨਿਵਾਯੋ। ਬਦਨ ਪ੍ਰਫੁੱਲਤ ਦਰਸ਼ਨ ਪਾਯੋ।**
**ਧਰੀ ਪੱਤ੍ਰਿਕਾ ਗੁਰੂ ਅਗਾਰੀ। ਸੁਧਿ ਕੁਟੰਬ ਕੀ ਸਕਲ ਉਚਾਰੀ॥ ੩੦॥**

ਸਿੱਖ ਨੇ ਹੱਥ ਜੋੜ ਕੇ ਸਿਰ ਨਿਵਾਇਆ ਤੇ ਖਿੜੇ ਹੋਏ ਮੁਖ ਦੇ ਦਰਸ਼ਨ ਕੀਤੇ। ਗੁਰੂ ਜੀ ਦੇ ਅੱਗੇ ਚਿੱਠੀ ਧਰ ਦਿੱਤੀ ਤੇ ਪਰਿਵਾਰ ਦੀ ਸਾਰੀ ਖ਼ਬਰ ਸੁਣਾ ਦਿੱਤੀ ॥੩੦॥

**ਕਰ ਧਰਿ ਖੋਲਿ ਪਠੀ ਤਤਕਾਲਾ। ਸ੍ਰੀ ਸਤਿਗੁਰ ਉਰ ਧੀਰ ਬਿਸਾਲਾ।**
**ਨਿਜ ਨੰਦਨ ਕੋ ਆਸ਼ੈ ਪਰਖਤਿ। ਅਧਿਕ ਗੰਭੀਰ ਜਾਨਿ ਮਨ ਹਰਖਤਿ ॥੩੧॥**

ਗੁਰੂ ਜੀ ਨੇ ਚਿੱਠੀ ਹੱਥ ਉਤੇ ਧਰ ਕੇ ਖੋਲ੍ਹ ਕੇ ਤੁਰਤ ਪੜ੍ਹੀ। ਸ੍ਰੀ ਸਤਿਗੁਰੂ ਜੀ ਨੇ ਹਿਰਦੇ ਵਿਚ ਵੱਡਾ ਧੀਰਜ ਧਾਰਨ ਕੀਤਾ ਹੋਇਆ ਸੀ। ਆਪਣੇ ਪੁੱਤਰ ਦੇ ਆਸ਼ੇ ਨੂੰ ਪਰਖ ਕੇ ਬਹੁਤ ਗੰਭੀਰ ਜਾਣ ਕੇ ਮਨ ਵਿਚ ਬਹੁਤ ਪ੍ਰਸੰਨ ਹੋਏ ॥੩੧॥

**ਲਾਖਹੁਂ ਬਰਖਨ ਕੋ ਤਪ ਕੀਹਾ। ਇਨ ਕੇ ਉਪਜਾਵਨ ਹਿਤ ਪ੍ਰੀਹਾ।**
**ਏਕੰਕਾਰ ਅਰਾਧਨਿ ਕਰੇ। ਛਟਕੀ ਸਿੰਘ ਖਾਲ ਕਰ ਧਰੇ॥ ੩੨॥**

ਗੁਰੂ ਜੀ ਹੁਣ ਵਿਚਾਰ ਕਰਦੇ ਹਨ। "ਮੇਰੇ ਪੁੱਤਰ ਨੇ ਪਿਛਲੇ ਜਨਮ ਵਿਚ ਲੱਖਾਂ ਸਾਲਾਂ ਤਕ ਭਾਰੀ ਤਪ ਕੀਤਾ ਸੀ, ਇਸ ਤਪ ਨੂੰ ਪ੍ਰਗਟ ਕਰਨ ਦੀ ਇੱਛਾ ਸੀ। ਵਾਹਿਗੁਰੂ ਦੀ ਅਰਾਧਨਾ ਕੀਤੀ। ਸ਼ੇਰ ਦੀ ਖਲ ਹੱਥ ਵਿਚ ਲੈ ਕੇ ਝਾੜੀ ॥੩੨॥

ਤਬਿ ਹੂੰ ਪੁਰਸ਼ੋਤਮ ਕੇ ਅੰਸ। ਉਪਜੇ ਜਗ ਮਾਨਸ ਕੇ ਹੰਸ।
ਲਾਖਹੁੰ ਰਾਖਸ਼ ਖੰਡਿਖਪਾਏ। ਜੋਧਾ ਅਧਿਕ ਖਿਰੇ ਰਨਥਾਏ॥ ੩੩॥

ਤਦ ਹੀ ਵਾਹਿਗੁਰੂ ਦੀ ਅੰਸ਼ ਹਨ ਮਾਨੋ ਜਗਤ ਰੂਪੀ ਮਾਨਸਰੋਵਰ ਵਿਚ ਹੰਸ ਰੂਪ ਧਾਰ ਕੇ ਪੈਦਾ ਹੋਏ ਹਨ। ਲੱਖਾਂ ਰਾਖਸ਼ ਮਾਰ-ਮਾਰ ਕੇ ਖਤਮ ਕਰ ਦਿੱਤੇ ਸਨ। ਬਹੁਤ ਜੋਧੇ ਯੁੱਧ ਦੇ ਮੈਦਾਨ ਵਿਚ ਹੀ ਰਹਿ ਗਏ॥੩੩॥

ਮਿਲੀ ਚੰਡਕਾ ਪਾਇ ਬਿਜੈ ਕੋ। ਮੁਦਤ ਦਿਏ ਬਰ, ਦੇਖਿ ਅਜੈ ਕੋ।
ਸਤਿਜੁਗ ਆਦਿ ਬਿਖੈ ਉਤਪੰਨੇ। ਤਬਿ ਕੇ ਤਪਨ ਤਪਹਿਂ ਮਨ ਮੰਨੇ॥ ੩੪॥

ਵਿਜੇ ਪਾਉਣ ਤੋਂ ਬਾਅਦ ਚੰਡਕਾ ਦੇਵੀ ਮਿਲੀ, ਅਜੇਤੂ ਵੇਖ ਕੇ ਉਸ ਪ੍ਰਸੰਨ ਹੋ ਕੇ ਕਈ ਵਰ ਦਿੱਤੇ। ਸਤਿਜੁਗ ਆਦਿ ਵਿਚ ਜਿਹੜੇ ਪੈਦਾ ਹੁੰਦੇ ਸਨ, ਉਸ ਸਮੇਂ ਉਹ ਲੋਕ ਮਨਮਰਜ਼ੀ ਦੇ ਤਪ ਤਾਪਦੇ ਸਨ॥੩੪॥

ਉਗ੍ਰ ਤਪਨ ਤੇ ਬਜਾਕੁਲ ਦੇਵ। ਭਯੋ ਤੇਜ ਅਸ ਤਪ ਕੋ ਸੇਵ।
ਜਬਿ ਅਰਾਧਨਾ ਲਖੀ ਹਮਾਰੀ। ਏਕੰਕਾਰ ਦਯਾ ਤਬਿ ਧਾਰੀ॥ ੩੫॥

ਉੱਗਰ ਤਪ ਕਰਕੇ ਦੇਵਤੇ ਵਿਆਕੁਲ ਹੋ ਜਾਂਦੇ ਸਨ। ਤਪ ਕਰਨ ਕਰਕੇ ਐਸਾ ਤੇਜ ਪ੍ਰਾਪਤ ਕਰਦੇ ਸਨ। ਜਦ ਸਾਡੀ ਅਰਾਧਨਾ ਵੇਖੀ, ਏਕੰਕਾਰ ਵਾਹਿਗੁਰੂ ਜੀ ਨੇ ਫਿਰ ਦਇਆ ਧਾਰਨ ਕੀਤੀ॥੩੫॥

ਤਬਿ ਗੁਰਤਾ ਹਿਤ ਕਰਜੋ ਪਠਾਵਨਿ। ਜੀਵ ਕਰੋਰਨ ਕਰਿ ਹੈਂ ਪਾਵਨ।
ਸ਼ਕਤਿ ਮਹਿਦ ਤੇ ਮਹਿਦ ਮਝਾਰੀ। ਤਨਕ ਨ ਤਊ ਜਨਾਵਨ ਧਾਰੀ॥ ੩੬॥

ਤਦ ਗੁਰਤਾ ਵਾਸਤੇ ਸਾਡੇ ਘਰ ਮਹਾਂਪੁਰਖ ਨੂੰ ਭੇਜਿਆ, ਇਹ ਹੁਣ ਕਰੋੜਾਂ ਜੀਵਾਂ ਨੂੰ ਪਵਿੱਤਰ ਕਰਨਗੇ। ਇਨ੍ਹਾਂ ਪਾਸ ਵੱਡੀ ਤੋਂ ਵੱਡੀ ਸ਼ਕਤੀ ਹੈ, ਫਿਰ ਵੀ ਮੇਰੇ ਪਾਸ ਥੋੜੀ ਵੀ ਨਹੀਂ ਜਣਾਈ ਹੈ॥੩੬॥

ਅਜਰ ਜਰਨ ਹਮ ਸਿਰ ਲੌ ਠਾਨੈਂ। ਇਹ ਧੀਰਜ ਭੀ ਮਹਿਦ ਮਹਾਨੈ।
ਤਿਨਹੁੰ ਕੀਨਿ ਹਮ ਤੇ ਅਧਿਕਾਈ। ਚਹੈਂ ਦਰਾਵਨਿ ਨਹਿਂ ਨ ਜਨਾਈ॥੩੭॥

ਨਾ ਜਰੇ ਜਾਣ ਵਾਲੇ ਨੂੰ ਜਰਨਾ ਅਸੀਂ ਸਿਰ ਤਕ ਧਾਰਨ ਕੀਤਾ ਹੈ। ਇਹ ਵੀ ਵੱਧ ਤੋਂ ਵੱਧ ਧੀਰਜਵਾਨ ਹਨ। ਇਨ੍ਹਾਂ ਨੂੰ ਸਾਡੇ ਤੋਂ ਵੱਡਾ ਧੀਰਜਵਾਨ ਬਣਾਇਆ ਹੈ, ਆਪਣਾ ਬਲ ਲੁਕਾਉਣਾ ਚਾਹੁੰਦੇ ਹਨ, ਇਸ ਕਰਕੇ ਸ਼ਕਤੀ ਪ੍ਰਗਟ ਨਹੀਂ ਕੀਤੀ॥੩੭॥

ਉਚਿਤ ਗੁਰੂ ਨਾਨਕ ਮਸਨੰਦ। ਅਜਰ ਜਰਨ ਮਹਿਂ ਲਖੇ ਬਿਲੰਦ।
ਗੁਰ ਘਰ ਬਿਖੈ ਬਡੀ ਬਡਿਆਈ। ਇਨ ਕੋ ਜੋਗ ਗੁਰਤਾ ਬਨਿਆਈ॥ ੩੮॥

ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠਣਯੋਗ ਹਨ, ਅਸੀਂ ਇਨ੍ਹਾਂ ਨੂੰ ਨਾ ਜਰੇ ਜਾਣ ਵਾਲੇ ਨੂੰ ਜਰਨ ਵਾਲੇ ਸਭ ਤੋਂ ਜ਼ਿਆਦਾ ਸਮਝਿਆ ਹੈ। ਗੁਰੂ ਘਰ ਵਿਚ ਵੱਡੀ ਵਡਿਆਈ ਹੈ। ਇਨ੍ਹਾਂ ਨੂੰ ਜਗਤ ਗੁਰਤਾ ਦੇਣੀ ਬਣਦੀ ਹੈ॥੩੮॥

ਸੁ ਪ੍ਰਸੰਨ ਹੁਇ ਹੁਕਮ ਬਖਾਨਾ। 'ਭੋ ਸਿਖ ! ਜਾਹੁ ਬਿਲਮ ਕਰਿ ਹਾਨਾ।
ਸ੍ਰੀ ਫਲ ਪੈਸੇ ਪੰਚਹੁੰ ਆਨਿ। ਰੁਚਿਰ ਬਿਲੋਕਹੁ ਹੋਇ ਮਹਾਨਾ॥ ੩੯॥

ਬਹੁਤ ਪ੍ਰਸੰਨ ਹੋ ਕੇ ਗੁਰੂ ਤੇਗ ਬਹਾਦਰ ਜੀ ਨੇ ਹੁਕਮ ਕੀਤਾ, "ਹੇ ਸਿੱਖ! ਕਿਸੇ ਦੇਰ ਤੋਂ ਬਗੈਰ ਜਾਓ ਤੇ ਇਕ ਨਾਰੀਅਲ ਅਤੇ ਪੰਜ ਪੈਸੇ ਲੈ ਕੇ ਆਓ। ਨਾਰੀਅਲ ਬਹੁਤ ਸੋਹਣਾ ਹੋਵੇ ਇਹ ਵੇਖ ਕੇ ਲਿਆਵੀਂ"॥੩੯॥

ਕਾਰਾਗ੍ਰਿਹ ਤੇ ਸਿਖ ਤਬਿ ਗਯੋ। ਸੁੰਦਰ ਸ੍ਰੀ ਫਲ ਕੋ ਪਿਖਿ ਲਯੋ।
ਸੰਗ ਪੰਚ ਪੈਸੇ ਧਰਿ ਹਾਥ। ਪਹੁੰਚਯੋ ਤਤਛਿਨ ਜਿਹ ਠਾਂ ਨਾਥ॥ ੪੦॥

ਕੁਤਵਾਲੀ ਵਿਚੋਂ ਫਿਰ ਸਿੱਖ ਬਾਹਰ ਗਿਆ ਤੇ ਸੁੰਦਰ ਨਾਰੀਅਲ ਵੇਖ ਕੇ ਲਿਆਇਆ ਤੇ ਨਾਲ ਪੰਜ ਪੈਸੇ ਵੀ ਹੱਥ ਵਿਚ ਧਾਰਨ ਕੀਤੇ ਤੇ ਉਥੇ ਪਹੁੰਚ ਗਿਆ ਜਿੱਥੇ ਮਾਲਕ ਗੁਰੂ ਜੀ ਬੈਠੇ ਸਨ ॥੪੦॥

**ਲੇ ਸ੍ਰੀ ਤੇਗ ਬਹਾਦਰ ਕਰ ਮੈਂ। ਧਰਯੋ ਧਯਾਨ ਨੰਦਨ ਕੌ ਉਰ ਮੈਂ।**
**ਬੰਦਨ ਕੀਨਿ ਸੁ ਅਰਪਿ ਅਗਾਰੀ। ਜਗ ਗੁਰਤਾ ਦੀਨਸਿ ਬਲ ਭਾਰੀ॥੪੧॥**

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਹ ਵਸਤਾਂ ਹੱਥ ਵਿਚ ਧਰ ਕੇ, ਆਪਣੇ ਪੁੱਤਰ ਦਾ ਦਿਲ ਵਿਚ ਧਿਆਨ ਧਾਰਨ ਕੀਤਾ ਤੇ ਪੁੱਤਰ ਦੇ ਅੱਗੇ ਅਰਪਣ ਕਰਕੇ ਬੰਦਨਾ ਕੀਤੀ ਤੇ ਵੱਡੀ ਸ਼ਕਤੀਸ਼ਾਲੀ ਜਗਤ ਗੁਰਤਾ ਆਪਣੇ ਪੁੱਤਰ ਨੂੰ ਦੇ ਦਿੱਤੀ॥੪੧॥

**ਨੌ ਤਨ ਮਹਿਂ ਜੋ ਬਰਤੀ ਜੋਤਿ। ਸੁਤ ਮਹਿਂ ਕਰੀ ਪ੍ਰਵੇਸ਼ ਉਦੋਤ।**
**ਸਿਖ ਸੌਂ ਹੁਕਮ ਕਰਯੋ 'ਲੇ ਜਈਐ। ਅਰਪਹੁ ਸ੍ਰੀ ਗੋਬਿੰਦ, ਗੁਰ ਹਈਐ॥੪੨॥**

ਨੌਂ ਸਰੀਰਾਂ ਵਿਚ ਜਿਹੜੀ ਜੋਤ ਜਗੀ ਸੀ, ਉਸ ਨੂੰ ਆਪਣੇ ਪੁੱਤਰ ਦੇ ਵਿਚ ਪ੍ਰਵੇਸ਼ ਕਰਕੇ ਪ੍ਰਗਟ ਕਰ ਦਿੱਤਾ। ਫਿਰ ਸਿੱਖ ਨੂੰ ਹੁਕਮ ਕੀਤਾ, "ਇਸ ਨੂੰ ਲੈ ਜਾਵੇ ਤੇ ਸ੍ਰੀ ਗੋਬਿੰਦ ਸਿੰਘ ਦੇ ਅੱਗੇ ਅਰਪਣ ਕਰ ਦੇਵੇ, ਉਹ ਹੁਣ ਗੁਰੂ ਜੀ ਹੋ ਗਏ ਹਨ॥੪੨॥

**ਨਹਿਂ ਬਿਲਮਹੁ ਮਗ ਨਿਸ ਦਿਨ ਚਲੋ। ਧਰੇ ਸ਼ੀਘ੍ਰਤਾ ਤਿਨ ਸੌਂ ਮਿਲੋ।**
**ਇਮ ਕਹਿ ਇਕ ਸ਼ਲੋਕ ਲਿਖਿ ਦੀਨਿ। ਨਿਜ ਨੰਦਨ ਕੋ ਅਰਪਨਿ ਕੀਨਿ॥੪੩॥**

ਦੇਰ ਨਾ ਲਾਵੇ ਤੇ ਰਾਹ ਵਿਚ ਦਿਨ ਰਾਤ ਚਲੇ ਤੇ ਸ਼ੀਘਰਤਾ ਧਾਰ ਕੇ ਉਨ੍ਹਾਂ ਨੂੰ ਮਿਲ ਪਵੇ।" ਇਸ ਤਰ੍ਹਾਂ ਕਹਿ ਕੇ ਇਕ ਸਲੋਕ ਲਿਖ ਕੇ ਦਿੱਤਾ ਤੇ ਆਪਣੇ ਪੁੱਤਰ ਨੂੰ ਅਰਪਣ ਕਰ ਦਿੱਤਾ॥੪੩॥

*ਸ੍ਰੀ ਮੁਖਵਾਕ॥ ਸਲੋਕ ਮਹਲਾ ੯॥*

*ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ॥*
*ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ॥ ੫੬॥*

ਕੇਵਲ ਗੁਰੂ ਪ੍ਰਮੇਸ਼ਵਰ, ਉਸ ਦਾ ਨਾਮ ਅਤੇ ਉਸ ਦੇ ਸੰਤ ਹੀ ਸਥਾਈ ਹਨ। ਹੇ ਨਾਨਕ ! ਇਸ ਸੰਸਾਰ ਵਿਚ ਕੋਈ ਵਿਰਲਾ ਗੁਰੂ ਜੀ ਦੇ ਉਪਦੇਸ਼ ਨੂੰ ਵੀਚਾਰਦਾ ਹੈ॥੫੬॥

**ਚੌਪਈ- ਸੁਨਿ ਸਿਖ ਹੁਕਮ ਮਾਨਿ ਪ੍ਰਸਥਾਨਾ। ਕਰਿ ਬੰਦਨ ਉਰ ਕੋ ਡਰ ਹਾਨਾ।**
**ਕਾਰਾਗ੍ਰਿਹ ਕੋ ਤਜਿ ਤਤਕਾਲਾ। ਕਰਤਿ ਸ਼ੀਘ੍ਰਤਾ ਮਾਰਗ ਚਾਲਾ॥੪੪॥**

ਇਹ ਸੁਣ ਕੇ ਸਿੱਖ ਹੁਕਮ ਮੰਨ ਕੇ ਚਲ ਪਿਆ ਤੇ ਬੰਦਨਾ ਕਰਕੇ ਹਿਰਦੇ ਦੇ ਡਰ ਨੂੰ ਦੂਰ ਕੀਤਾ। ਕੁਤਵਾਲੀ ਨੂੰ ਤੁਰਤ ਛੱਡ ਕੇ, ਛੇਤੀ ਕਰਕੇ ਰਾਹੇ ਰਾਹ ਚਲ ਪਿਆ॥੪੪॥

**ਇਤ ਅਨੰਦਪੁਰਿ ਗੁਜਰੀ ਮਾਤ। ਸੁਪਤਿ ਜਥਾ ਸੁਖ ਭੀ ਜਬਿ ਰਾਤਿ।**
**ਔਚਕ ਉਠੀ ਪਾਇ ਦੁਹ ਸੁਪਨੇ। ਸਤਿਗੁਰ ਕੋ ਚਿਤਵਤਿ ਚਿਤ ਅਪਨੇ॥੪੫॥**

ਏਧਰ ਅਨੰਦਪੁਰ ਵਿਚ ਮਾਤਾ ਗੁਜਰੀ ਜੀ, ਜਦ ਰਾਤ ਸੁਖ ਨਾਲ ਸੁਤੀ ਪਈ ਸੀ, ਅਚਾਨਕ ਉੱਠੀ ਜਦ ਭਿਆਨਕ ਸੁਪਨੇ ਵੇਖੇ। ਸਤਿਗੁਰੂ ਜੀ ਨੂੰ ਆਪਣੇ ਚਿੱਤ ਵਿਚ ਯਾਦ ਕਰਦੀ ਸੀ॥੪੫॥

**ਅਤਿ ਚਿੰਤਾ ਸੌਂ ਰਾਤ ਬਿਤਾਈ। ਤੂਸ਼ਨਿ ਠਾਨਿ ਕਿਸੂ ਨ ਜਨਾਈ।**
**ਸੰਕਟ ਅਧਿਕ ਪਾਇ ਮਨ ਮਾਂਹੀ। ਬੈਠੀ ਭਈ ਪ੍ਰਾਤਿ ਲਖਿ ਤਾਂਹੀ॥੪੬॥**

ਅਤੀ ਚਿੰਤਾ ਨਾਲ ਸਾਰੀ ਰਾਤ ਬਤੀਤ ਕੀਤੀ, ਤੇ ਮੋਨ ਧਾਰ ਕੇ ਕਿਸੇ ਨੂੰ ਨਾ ਦੱਸਿਆ। ਆਪਣੇ ਮਨ ਵਿਚ ਬਹੁਤ ਦੁਖ

ਪਾਇਆ ਉਸ ਸਮੇਂ ਸਵੇਰ ਸਮਝ ਕੇ ਉੱਠ ਕੇ ਬੈਠ ਗਈ॥੪੬॥

*ਬਾਰ੍ਹਵੀਂ ਰਾਸ ਦਾ ਤ੍ਰੇਹਠਵਾਂ ਅਧਿਆਇ ਸਮਾਪਤ ਹੋਇਆ॥੬੩॥*

## ਅਧਿਆਇ ਚੌਹਠਵਾਂ

### ਨੁਰੰਗੇ ਦੀ ਹੋਰ ਸਖਤੀ

ਦੋਹਰਾ- ਚਿੰਤਾਤੁਰ ਅਵਨੀ ਪਿਖਤਿ ਨੇਤ੍ਰਨਿ ਤੇ ਜਲ ਜਾਤਿ।
ਨਮਸਕਾਰ ਹਿਤ ਕਰਨਿ ਕੇ ਚਲਿ ਆਏ ਢਿਗ ਤਾਤ॥ ੧॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਮਾਤਾ ਜੀ ਪਾਸ ਨਮਸਕਾਰ ਕਰਨ ਆਏ ਜੋ ਬਹੁਤ ਚਿੰਤਾਤੁਰ ਸੀ ਤੇ ਧਰਤੀ ਨੂੰ ਵੇਖਦਿਆਂ ਨੈਣਾਂ ਵਿਚੋਂ ਜਲ ਵਹਿ ਰਿਹਾ ਸੀ॥੧॥

ਚੌਪਈ- ਬੈਠੇ ਨਿਕਟਿ ਸਪੂਤ ਪ੍ਰਬੀਨਾ। ਦੇਖਿ ਮਾਤ ਦਿਸ਼ਿ ਬੂਝਨਿ ਕੀਨਾ।
'ਅਬਿ ਲੌ ਆਜ ਨ ਮੱਜਨ ਕਰਯੋ। ਨੇਮ ਸ਼ਬਦ ਕੋ ਪਾਠ ਨ ਰਰਯੋ ? ॥੨॥

ਪਾਸ ਚਤੁਰ ਪੁੱਤਰ ਬੈਠਾ ਹੋਇਆ ਸੀ, ਉਸ ਮਾਤਾ ਜੀ ਵਲ ਵੇਖ ਕੇ ਪੁੱਛਿਆ, "ਹੁਣ ਤਕ ਆਪ ਜੀ ਨੇ ਅੱਜ ਇਸ਼ਨਾਨ ਵੀ ਨਹੀਂ ਕੀਤਾ ਹੈ ਤੇ ਨਿਤਨੇਮ ਦੀ ਬਾਣੀ ਦਾ ਪਾਠ ਵੀ ਨਹੀਂ ਕੀਤਾ ਹੈ॥੨॥

ਕਹਾ ਚਿਤਵਤਿ ਚਿੰਤਾ ਚਿਤ ਮਾਂਹੀ।ਮੋ ਸੰਗ ਭੇਦ ਕਹਹੁ ਕਿਮ ਨਾਂਹੀ?'।
ਸ੍ਰੀ ਗੁਜਰੀ ਦੁਹ ਸੁਪਨ ਸੁਨਾਏ। 'ਹੇ ਨੰਦਨ ! ਨਿਸ ਮਹਿਂ ਮੁਝ ਆਏ॥੩॥

ਕੀ ਸੋਚਦੇ ਹੋ, ਚਿੱਤ ਵਿਚ ਕਿਹੜੀ ਚਿੰਤਾ ਹੈ, ਮੇਰੇ ਪਾਸ ਆਪਣੇ ਭੇਦ ਨੂੰ ਕਿਉਂ ਨਹੀਂ ਕਹਿੰਦੇ ?" ਮਾਤਾ ਗੁਜਰੀ ਨੇ ਆਪਣੇ ਭਿਆਨਕ ਸੁਪਨੇ ਸੁਣਾਏ ਤੇ ਕਿਹਾ, "ਹੇ ਪੁੱਤਰ ! ਰਾਤ ਸਮੇਂ ਮੈਨੂੰ ਇਹ ਸੁਪਨੇ ਆਏ ਹਨ॥੩॥

ਪਿਤਾ ਤੁਮਾਰੇ ਅਪਨੇ ਕਰ ਤੇ। ਪੈਸੇ ਪੰਚ ਨਾਲੀਅਰ ਧਰਤੇ।
ਅਰਪਨ ਕਰਤੇ ਤੁਮਹੁਂ ਅਗਾਰੀ। ਇਮ ਸੁਪਨੋ ਆਯੋ ਇਕ ਬਾਰੀ॥ ੪॥

ਤੁਹਾਡੇ ਪਿਤਾ ਜੀ ਨੇ ਆਪਣੇ ਹੱਥ ਨਾਲ ਪੰਜ ਪੈਸੇ ਤੇ ਨਾਰੀਅਲ ਧਰ ਦਿੱਤਾ। ਉਹ ਤੁਹਾਡੇ ਅੱਗੇ ਅਰਪਣ ਕਰ ਰਹੇ ਸਨ, ਇਕ ਵਾਰੀ ਇਸ ਤਰ੍ਹਾਂ ਦਾ ਸੁਪਨਾ ਆਇਆ॥੪॥

ਪੁਨ ਸਤਿਗੁਰ ਕੋ ਧਰ ਸਿਰ ਨਜਾਰੋ। ਪਿਖਿ ਸੁਪਨੇ ਮਹਿਂ ਭਾ ਦੁਖ ਭਾਰੋ।
ਤਬਿ ਕੀ ਚਿੰਤਾ ਮੈਂ ਕਰ ਰਹੀ। ਮਨ ਥਿਰਤਾ ਕੋ ਪਾਵਤਿ ਨਹੀਂ॥ ੫॥

ਫਿਰ ਸਤਿਗੁਰੂ ਜੀ ਦਾ ਧੜ ਅਤੇ ਸਿਰ ਵੱਖ-ਵੱਖ ਵੇਖ ਕੇ ਸੁਪਨੇ ਵਿਚ ਭਾਰੀ ਦੁਖ ਪਾਇਆ। ਤਦ ਦੀ ਮੈਂ ਚਿੰਤਾ ਕਰ ਰਹੀ ਹਾਂ ਤੇ ਮਨ ਸਥਿਰਤਾ ਨੂੰ ਪਾਉਂਦਾ ਹੀ ਨਹੀਂ ਹੈ॥੫॥

ਪਠਹੁ ਸਿੱਖ ਲਘੁ ਦੇਹੁ ਤੁਰੰਗ। ਆਨਿਹ ਸੁਧਿ ਕੋ ਤੂਰਨ ਸੰਗ।
ਪਹੁੰਚਹਿ ਪੁਰਿ ਸੰਗਤਿ ਕੇ ਮਾਂਹਿ। ਡੇਰਾ ਕਰਹਿ ਨਿਕਟਿ ਪੁਨ ਜਾਹਿ॥੬॥

ਛੋਟੀ ਘੋੜਾ ਦੇ ਕੇ ਇਕ ਸਿੱਖ ਨੂੰ ਭੇਜੋ, ਕੋਈ ਤੁਰਤ ਜਾ ਕੇ ਖ਼ਬਰ ਲੈ ਕੇ ਆਵੇ। ਦਿੱਲੀ ਨਗਰ ਦੀ ਸੰਗਤ ਦੇ ਪਾਸ

ਪਹੁੰਚੇ ਤੇ ਫਿਰ ਪਾਸ ਜਾ ਕੇ ਡੇਰਾ ਕਰ ਲਵੇ॥੬॥

ਕਰਿ ਦਰਸ਼ਨ ਤਤਛਿਨ ਹਟਿ ਆਵੈ। ਇਮ ਮੇਰੇ ਮਨ ਮਹਿ ਅਬਿ ਭਾਵੈ।
ਸੁਨਿ ਜਨਨੀ ਤੇ ਗਿਰਾ ਦੁਖਾਰੀ। ਪਠਜੋ ਸਿੱਖ ਤੂਰਨ ਕਰਿ ਤਯਾਰੀ॥ ੭॥

ਦਰਸ਼ਨ ਕਰਕੇ ਫਿਰ ਤੁਰਤ ਵਾਪਸ ਆ ਜਾਵੇ, ਮੇਰੇ ਮਨ ਵਿਚ ਹੁਣ ਇਸ ਤਰ੍ਹਾਂ ਭਾਉਂਦਾ ਹੈ।" ਆਪਣੀ ਮਾਤਾ ਜੀ ਪਾਸੋਂ ਦੁਖ ਭਰੀ ਗੱਲ ਸੁਣ ਕੇ, ਇਕ ਸਿੱਖ ਨੂੰ ਤੁਰਤ ਤਿਆਰ ਕਰਕੇ ਭੇਜਿਆ॥੭॥

ਕਰਜੋ ਹੁਕਮ 'ਆਗੇ ਸਿਖ ਗਯੋ। ਮਗ ਮਹਿਂ ਮਿਲੈ ਕਿ ਪੁਰਿ ਥਿਰ ਭਯੋ।
ਤਾਂਹਿ ਪਠਾਵਹੁ ਸ਼ੀਘ੍ਰ ਸੁ ਆਇ। ਤੂੰ ਗੁਰ ਮਿਲਹੁ ਜਾਇ ਤਿਸ ਥਾਇਂ॥ ੮॥

ਹੁਕਮ ਕੀਤਾ, "ਪਹਿਲਾਂ ਵੀ ਇਕ ਸਿੱਖ ਅੱਗੇ ਗਿਆ ਹੈ, ਉਹ ਜਾਂ ਤਾਂ ਰਾਹ ਵਿਚ ਮਿਲੇਗਾ ਜਾਂ ਨਗਰ ਵਿਚ ਠਹਿਰ ਗਿਆ ਹੋਵੇਗਾ। ਉਸ ਨੂੰ ਛੇਤੀ ਭੇਜੋ ਏਥੇ ਆਏ, ਤੂੰ ਉਥੇ ਜਾ ਕੇ ਗੁਰੂ ਜੀ ਨੂੰ ਮਿਲੋ॥੮॥

ਸੁਨਿ ਸਿਖ ਹੁਕਮ ਬੰਦਨਾ ਕਰਿਕੈ। ਗਵਨਜੋ ਮਾਰਗ ਗੁਰੂ ਸਿਮਰਿਕੈ।
ਉਤ ਸਿਖ ਦਿੱਲੀ ਤੇ ਚਲਿ ਆਯੋ। ਇਹ ਅਨੰਦ ਪੁਰਿ ਕੋ ਤਜਿ ਧਾਯੋ॥ ੯॥

ਸਿੱਖ ਨੇ ਹੁਕਮ ਸੁਣ ਕੇ ਬੰਦਨਾ ਕਰਕੇ ਤੇ ਗੁਰੂ ਜੀ ਦਾ ਸਿਮਰਨ ਕਰਕੇ ਰਾਹੇ-ਰਾਹ ਚਲ ਪਿਆ। ਓਧਰ ਸਿੱਖ ਦਿੱਲੀ ਤੋਂ ਚਲ ਕੇ ਆ ਰਿਹਾ ਸੀ, ਇਹ ਸਿੱਖ ਅਨੰਦਪੁਰ ਨੂੰ ਛੱਡ ਕੇ ਬਹੁਤ ਤੇਜ਼ੀ ਨਾਲ ਚਲ ਪਿਆ॥੯॥

ਦੋਨਹੁਂ ਸਿੱਖ ਪੰਥ ਚਲਿ ਪਰੇ। ਸਤਿਗੁਰੁ ਬੀਚ ਪਿੰਜਰੇ ਥਿਰੇ।
ਮੁਖ ਪ੍ਰਸੰਨ ਇਕਰਸ ਦੁਤਿ ਪਾਵੈ। ਹਰਖ ਸ਼ੋਕ ਤੇ ਨਹਿਂ ਨ ਡੁਲਾਵੈਂ॥ ੧੦॥

ਦੋਵੇਂ ਸਿੱਖ ਰਾਹੇ-ਰਾਹ ਚਲ ਪਏ, ਸਤਿਗੁਰੂ ਜੀ ਲੋਹੇ ਦੇ ਪਿੰਜਰੇ ਵਿਚ ਬੈਠੇ ਸਨ। ਗੁਰੂ ਜੀ ਦਾ ਮੁਖ ਪ੍ਰਸੰਨ ਸੀ ਤੇ ਇਕ ਰਸ ਸ਼ੋਭਾ ਪਾ ਰਹੇ ਸਨ। ਖੁਸ਼ੀ ਗ਼ਮੀ ਕਰਕੇ ਉਹ ਕਦੇ ਵੀ ਡੋਲਦੇ ਨਹੀਂ ਸਨ॥੧੦॥

ਕਿਤਿਕ ਦਜੋਸ ਇਸ ਭਾਂਤਿ ਬਿਤਾਏ। ਤਬਿ ਚਵਗੱਤਾ ਕੋਪ ਉਪਾਏ।
ਮੋਰ ਮਨੋਰਥ ਸਿੱਧ ਨ ਹੋਵਾ। ਨਹੀਂ ਸ਼ਰ੍ਹਾ ਮਹਿਂ ਸਭਿ ਜਗ ਜੋਵਾ॥ ੧੧॥

ਕਈ ਦਿਨ ਇਸ ਭਾਂਤ ਬਤੀਤ ਕੀਤੇ, ਤਦ ਚੋਗਤਾ ਨੌਰੰਗਾ ਬਹੁਤ ਗੁੱਸੇ ਵਿਚ ਆ ਗਿਆ। ਮੇਰਾ ਮਨੋਰਥ ਪੂਰਾ ਨਹੀਂ ਹੋਇਆ ਹੈ, ਮੈਂ ਸਾਰੇ ਜਗ ਨੂੰ ਸ਼ਰ੍ਹਾ ਵਿਚ ਆਉਂਦਾ ਨਹੀਂ ਵੇਖਿਆ ਹੈ॥੧੧॥

ਸਭਿ ਹਿੰਦੁਨਿ ਕੋ ਗੁਰੂ ਕਿਵਾਰ। ਸੋ ਅਰ ਰਹਜੋ ਨ ਭਾ ਅਨੁਸਾਰਿ।
ਇਮ ਚਿਤਵਤਿ ਚਿਤ ਮਹਿਂ ਚਵਗੱਤਾ।' ਪਰਜੋ ਲੋਹ ਪਿੰਜਰ ਦੁਖ ਅੱਤਾ॥੧੨॥

ਸਾਰੇ ਹਿੰਦੂਆਂ ਦੇ ਗੁਰੂ ਜੀ ਇਸ ਦਾ ਮੁੱਖ ਦੁਆਰ ਹਨ, ਉਹ ਵੀ ਅੜ ਗਏ ਹਨ ਤੇ ਆਗਿਆ ਅਨੁਸਾਰ ਨਹੀਂ ਹੋਏ ਹਨ। ਇਸ ਤਰ੍ਹਾਂ ਚਿੱਤ ਵਿਚ ਨੌਰੰਗਾ ਵਿਚਾਰ ਰਿਹਾ ਸੀ ਕਿ ਲੋਹੇ ਦੇ ਪਿੰਜਰੇ ਵਿਚ ਪੈ ਕੇ ਅਤੀ ਦੁਖ ਪਾਇਆ ਹੋਵੇਗਾ॥੧੨॥

ਪਠੌਂ ਮੁਲਾਨੇ ਅਬਿ ਬੁਝਵਾਵੌਂ। ਮਾਨਹਿਂ ਸ਼ਰ੍ਹਾ ਦੀਨ ਮਹਿਂ ਲਜਾਵੌਂ।
ਨਾਂਹਿ ਤ ਕਰਾਮਾਤ ਦਿਖਰਾਵੈ। ਜਿਸ ਬਲ ਤੇ ਜਗ ਗੁਰੂ ਕਹਾਵੈ॥ ੧੩॥

ਹੁਣ ਮੁਲਾਣੇ ਭੇਜ ਕੇ ਪੁਛਾਂਗਾ, ਸ਼ਰ੍ਹਾ ਮੰਨੇਗਾ ਤਾਂ ਦੀਨ ਵਿਚ ਲਿਆਵਾਂਗਾ। ਨਹੀਂ ਤਾਂ ਕਰਾਮਾਤ ਵਿਖਾਵੇ, ਜਿਸ ਦੀ ਸ਼ਕਤੀ ਕਰਕੇ ਜਗਤ ਦੇ ਗੁਰੂ ਕਹਾਉਂਦੇ ਹਨ॥੧੩॥

ਦੁਹੂੰ ਮਹਿਂ ਏਕ ਮਾਨਿ ਹੈ ਜਬੈ। ਕਰੌਂ ਖਲਾਸੀ ਤਿਸ ਕੀ ਤਬੈ।
ਨਤੁ ਦੈਹੋਂ ਮੈਂ ਕਤਲ ਕਰਾਇ। ਜਿਸ ਤੇ ਡਰਪੈਂ ਨਰ ਸਮੁਦਾਇ॥ ੧੪॥

ਦੋਵਾਂ ਵਿਚੋਂ ਜਦ ਇਕ ਗੱਲ ਮੰਨ ਲੈਣਗੇ, ਉਨ੍ਹਾਂ ਦੀ ਮੈਂ ਤਦ ਹੀ ਖਲਾਸੀ ਕਰਾਂਗਾ। ਨਹੀਂ ਤਾਂ ਮੈਂ ਉਨ੍ਹਾਂ ਨੂੰ ਕਤਲ ਕਰਵਾ ਦੇਵਾਂਗਾ, ਜਿਸ ਕਰਕੇ ਸਾਰੇ ਮਨੁੱਖ ਡਰ ਜਾਣਗੇ॥੧੪॥

ਦਿਲ ਦਲੀਲ ਦਿੱਲੀਪਤਿ ਐਸੇ। ਕਰਤਿ, ਤੇਜ ਸਭਿ ਬਿਨਸੈ ਜੈਸੇ।
ਏਕ ਮੁਲਾਨਾ ਇਕ ਉਮਰਾਇ। ਲਖਿ ਮਤਿਵੰਤੇ ਨਿਕਟਿ ਬੁਲਾਇ॥ ੧੫॥

ਨੌਰੰਗਾ ਦਿਲ ਐਸੀਆਂ ਦਲੀਲਾਂ ਕਰਦਾ ਹੈ, ਜਿਨ੍ਹਾਂ ਨਾਲ ਉਸ ਦਾ ਸਾਰਾ ਤੇਜ ਖਤਮ ਹੋ ਜਾਣਾ ਹੈ। ਇਕ ਮੁਲਾਣੇ ਅਤੇ ਇਕ ਉਮਰਾਵ ਨੂੰ ਸਮਝਦਾਰ ਸਮਝ ਕੇ ਆਪਣੇ ਪਾਸ ਬੁਲਾਇਆ॥੧੫॥

'ਗੁਰ ਹਿੰਦੁਨ ਕਾਰਾਗ੍ਰਿਹ ਮਾਂਹੀ। ਅਬਿ ਲੌ ਕਹ੍ਯੋ ਸੁ ਮਾਨ੍ਯੋਂ ਨਾਂਹੀ।
ਜਾਇ ਕਰਹੁ ਸਮੁਝਾਵਨਿ ਤਾਂਹੂ। ਦੇਹੁ ਸਜਾਇ, ਮਾਨਿ ਲੇ ਜਾਹੂੰ॥ ੧੬॥

ਉਨ੍ਹਾਂ ਨੂੰ ਕਿਹਾ, "ਹਿੰਦੂਆਂ ਦੇ ਗੁਰੂ ਜੀ ਕੈਦਖਾਨੇ ਵਿਚ ਹਨ, ਹੁਣ ਤਕ ਜੋ ਵੀ ਮੈਂ ਕਿਹਾ ਹੈ ਉਨ੍ਹਾਂ ਮੰਨਿਆ ਨਹੀਂ ਹੈ। ਉਨ੍ਹਾਂ ਨੂੰ ਹੁਣ ਜਾ ਕੇ ਸਮਝਾਵੋ, ਬਹੁਤ ਸਜ਼ਾ ਦੇਵਾਂਗੇ, ਜਿਸ ਕਰਕੇ ਨੌਰੰਗੇ ਦੇ ਹੁਕਮ ਨੂੰ ਮੰਨ ਲਵੇ॥੧੬॥

ਤ੍ਰਾਸ ਦਿਖਾਵਹੁ ਅਨਿਕ ਪ੍ਰਕਾਰਾ। ਜਿਸ ਤੇ ਆਵਹਿ ਸ਼ਰ੍ਹਾ ਮਝਾਰਾ।
ਕਹਹੁ ਲੋਭ ਕੀ ਬਾਤ ਬਡੇਰੀ। ਕਰਹਿ ਨਿਕਾਹੁ ਸੁਤਾ ਸੰਗ ਮੇਰੀ॥ ੧੭॥

ਉਸ ਨੂੰ ਕਈ ਪ੍ਰਕਾਰ ਦਾ ਡਰ ਵਿਖਾਵੋ, ਜਿਸ ਕਰਕੇ ਉਹ ਸ਼ਰ੍ਹਾ ਵਿਚ ਆ ਜਾਵੇ। ਲੋਭ ਦੀ ਵੀ ਵੱਡੀ ਗੱਲ ਕਰੋ, ਮੇਰੀ ਪੁੱਤਰੀ ਨਾਲ ਨਿਕਾਹ ਕਰ ਲਵੇ॥੧੭॥

ਰਾਜ ਸਮਾਜ ਬਿਲੰਦਹਿ ਲੈ ਹੈ। ਉਰ ਹਰਖਾਇ ਦੀਨ ਜੇ ਐ ਹੈ।
ਕਹੇ ਕਿਤਾਬਨ ਜਿਤਿਕ ਉਪਾਇ। ਦੇ ਸੁਤਾਦਿ ਲੇ ਸ਼ਰ੍ਹਾ ਮਨਾਇ॥ ੧੮॥

ਰਾਜ ਸਮਾਜ ਬਹੁਤ ਲਵੇਗਾ, ਦਿਲ ਵਿਚ ਪ੍ਰਸੰਨ ਹੋ ਕੇ ਜੇ ਦੀਨ ਵਿਚ ਆ ਜਾਵੇਗਾ। ਜਿੰਨੇ ਵੀ ਉਪਾਅ ਕਹੇ ਹਨ, ਪੁੱਤਰੀ ਆਦਿ ਦੇ ਕੇ ਸ਼ਰ੍ਹਾ ਮੰਨਵਾ ਲਵੋ॥੧੮॥

ਜਿਮ ਕਿਮ ਦੀਨਿ ਬਿਖੈ ਕਿਸ ਆਨਹਿਂ। ਇਸ ਤੇ ਮਹਾਂ ਸਬਾਬ ਬਖਾਨਹਿ।
ਕਰਨਿ ਦੀਨ ਕੋ ਸਦਾ ਬਿਲੰਦ। ਭਯੋ, ਨ ਹ੍ਵੈ ਹੈ ਮੋਹਿ ਮਨਿੰਦ॥ ੧੯॥

ਜਦ ਜਿਵੇਂ ਕਿਵੇਂ ਕਿਸੇ ਨੂੰ ਦੀਨ ਵਿਚ ਲਿਆਈਦੇ ਤਾਂ ਇਸ ਨਾਲ ਮਹਾਂ ਪੁੰਨ ਪ੍ਰਾਪਤ ਹੁੰਦਾ ਹੈ। ਮੈਂ ਆਪਣੇ ਦੀਨ ਨੂੰ ਸਦਾ ਉੱਚਾ ਕਰਦਾ ਰਿਹਾ ਹਾਂ, ਦੁਨੀਆਂ ਵਿਚ ਕੋਈ ਮਨੁੱਖ ਮੇਰੇ ਵਰਗਾ ਨਾ ਹੋਇਆ ਹੈ ਅਤੇ ਨਾ ਹੀ ਹੋਵੇਗਾ॥੧੯॥

ਤਿਮ ਹਿੰਦੁਨ ਮਹਿਂ ਗੁਰੂ ਸਮਾਨ। ਨਹੀਂ ਆਨ ਜੇ ਪਿਖਿਯ ਜਹਾਨ।
ਕਲਮਾ ਪਠਹਿ ਏਕ ਇਹੁ ਜਬੈ। ਮਾਨ ਲੇਹਿਂ ਸਿਖ ਇਸ ਕੋ ਸਬੈ॥ ੨੦॥

ਉਸ ਤਰ੍ਹਾਂ ਹਿੰਦੂਆਂ ਵਿਚ ਗੁਰੂ ਵਰਗਾ ਜਹਾਨ ਵਿਚ ਵੇਖਣ ਤੇ ਵੀ ਹੋਰ ਕੋਈ ਨਹੀਂ ਹੁੰਦਾ ਹੈ। ਜਦ ਇਹ ਇਕ ਵਾਰ ਕਲਮਾ ਪੜ੍ਹ ਲੈਣਗੇ ਤਾਂ ਸਾਰੇ ਸਿੱਖ ਇਸ ਦੀ ਗੱਲ ਮੰਨ ਲੈਣਗੇ॥੨੦॥

ਲਾਖਹੁਂ ਲੋਕ ਸ਼ਰ੍ਹਾ ਚਲਿ ਪਰੈਂ। ਹੇਰਿ ਹੇਰਿ ਪੁਨ ਕੋ ਨਹਿਂ ਅਰੈ।
ਦੀਨ ਮਜ਼ਬ ਕੇ ਮੁਖਿ ਹਮ ਦੋਈ। ਜਾਨੀ ਜਾਇ ਕੌਨ ਬਿਧਿ ਹੋਈ॥ ੨੧॥

ਲੱਖਾਂ ਲੋਕ ਸ਼ਰ੍ਹਾ ਵਿਚ ਚਲ ਪੈਣਗੇ, ਵੇਖ-ਵੇਖ ਕੇ ਫਿਰ ਅੜਨਗੇ ਨਹੀਂ। ਦੀਨ ਮਜ਼੍ਹਬ ਦੇ ਮੁੱਖੀ ਅਸੀਂ ਦੋਵੇਂ ਹੋਵਾਂਗੇ, ਇਹ ਪਤਾ ਲੱਗ ਜਾਵੇਗਾ ਕਿ ਹੁਣ ਕਿਹੜੀ ਵਿਧੀ ਹੋਣੀ ਹੈ॥੨੧॥

ਇਸ ਬਿਧਿ ਕਰੋ ਜਿ ਮਾਨਹਿ ਨਾਂਹਿ। ਕਰਾਮਾਤ ਦੇ ਭਾਖਹੁ ਤਾਂਹਿ।
ਸੁਨਿ ਦੌਨਹੁਂ ਅਵਰੰਗ ਤੇ ਗਏ। ਪਹੁੰਚੇ ਗੁਰਹਿ ਬਿਲੋਕਤਿ ਭਏ॥ ੨੨॥

ਇਸ ਵਿਧੀ ਕਰਨ ਨਾਲ ਜੇ ਮੰਨਦੇ ਨਹੀਂ ਹਨ ਤਾਂ ਕਰਾਮਾਤ ਕਰਕੇ ਵਿਖਾਉਣ, ਇਸ ਤਰ੍ਹਾਂ ਉਨ੍ਹਾਂ ਨੂੰ ਜਾ ਕੇ ਕਹੋ।" ਦੋਵੇਂ ਮੁਲਾਣਾ ਤੇ ਉਮਰਾਵ ਨੌਰੰਗੇ ਪਾਸੋਂ ਸੁਣ ਕੇ ਗੁਰੂ ਜੀ ਪਾਸ ਪਹੁੰਚੇ ਤੇ ਉਨ੍ਹਾਂ ਵਲ ਵੇਖਣ ਲੱਗੇ॥੨੨॥

ਬੈਠੇ ਬਦਨ ਪ੍ਰਸੰਨ ਅਦੀਨਾ। ਨਹੀਂ ਕੈਦ ਕੋ ਦੁਖ ਕੁਛ ਚੀਨਾ।
ਖਰੇ ਭਏ ਦੇਖਤਿ ਬਿਸਮਾਏ। ਕਹਜੋ 'ਸ਼ਾਹੁ ਤੁਮ ਨਿਕਟਿ ਪਠਾਏ॥ ੨੩॥

ਗੁਰੂ ਜੀ ਪ੍ਰਸੰਨ ਚਿੱਤ ਦਲੇਰੀ ਸਹਿਤ ਬੈਠੇ ਸਨ, ਕੈਦ ਵਿਚ ਉਨ੍ਹਾਂ ਕਿਸੇ ਦੁਖ ਨੂੰ ਵੀ ਨਾ ਪਹਿਚਾਣਿਆ। ਉਥੇ ਜਾ ਕੇ ਖੜੇ ਹੋ ਗਏ ਤੇ ਵੇਖ ਕੇ ਬਹੁਤ ਹੈਰਾਨ ਹੋਏ ਤੇ ਗੁਰੂ ਜੀ ਨੂੰ ਕਿਹਾ, "ਬਾਦਸ਼ਾਹ ਨੇ ਕਹਿ ਕੇ ਤੁਹਾਡੇ ਪਾਸ ਭੇਜਿਆ ਹੈ॥੨੩॥

ਕਜੋਂ ਤੁਮ ਕਸ਼ਟ ਸਹਜੋ ਚਿਰ ਕਾਲ। ਕਜੋਂ ਹਠ ਧਾਰਜੋ ਰਿਦੈ ਬਿਸਾਲ।
ਕਜੋਂ ਨਹਿਂ ਭੋਗਹੁ ਐਸ਼ ਅਨੇਕ। ਕਜੋਂ ਨਹਿਂ ਗਹੋ ਸ਼ਾਹੁ ਕੀ ਟੇਕ? ॥ ੨੪॥

ਉਹ ਕਹਿੰਦੇ ਹਨ ਕਿ ਤੁਸੀਂ ਲੰਮੇ ਸਮੇਂ ਤੋਂ ਬਹੁਤ ਦੁਖ ਪਾ ਰਹੇ ਹੋ ਤੇ ਹਿਰਦੇ ਵਿਚ ਏਨਾ ਵੱਡਾ ਹਠ ਕਿਉਂ ਧਾਰਿਆ ਹੈ। ਕਿਉਂ ਅਨੇਕਾਂ ਪ੍ਰਕਾਰ ਦੇ ਐਸ਼ ਨਹੀਂ ਭੋਗਦੇ ਹੋ। ਤੁਸੀਂ ਬਾਦਸ਼ਾਹ ਦਾ ਆਸਰਾ ਕਿਉਂ ਨਹੀਂ ਫੜਦੇ ਹੋ॥੨੪॥

ਲਾਖਹੁਂ ਲੋਕ ਸ਼ਰ੍ਹਾ ਮਹਿਂ ਆਏ। ਸੋ ਸਗਰੇ ਹਜ਼ਰਤ ਬਡਿਆਏ।
ਤੁਮਹਿ ਸ਼ਿਰੋਮਣਿ ਸਭਿ ਕੋ ਕਰੈ। ਕਹੈ ਜੁ ਸ਼ਾਹੁ ਨ ਪੁਨ ਕਬਿ ਫਿਰੈ॥ ੨੫॥

ਲੱਖਾਂ ਲੋਕ ਸ਼ਰ੍ਹਾ ਵਿਚ ਆਉਣਗੇ, ਉਨ੍ਹਾਂ ਸਾਰਿਆਂ ਦੀ ਬਾਦਸ਼ਾਹ ਵਡਿਆਈ ਕਰੇਗਾ। ਤੁਹਾਨੂੰ ਸਭ ਦਾ ਸ਼ਿਰੋਮਣੀ ਬਣਾ ਦੇਣਗੇ। ਜਿਹੜੀ ਗੱਲ ਬਾਦਸ਼ਾਹ ਇਕ ਵਾਰ ਕਹਿੰਦਾ ਹੈ, ਉਸ ਤੋਂ ਫਿਰ ਕਦੇ ਮੁਕਰਦਾ ਨਹੀਂ ਹੈ॥੨੫॥

ਦੁਖ਼ਤਰ ਆਦਿ ਦੇਨਿ ਜਿਨ ਮਾਨੀ। ਅਪਰ ਦੇਨਿ ਕੀ ਕਹਾਂ ਕਹਾਨੀ।
ਭਲੋ ਆਪਨੋ ਕਜੋਂ ਨ ਬਿਚਾਰਹੁ। ਇਹਾਂ ਐਸ਼, ਮਰ ਭਿਸਤ ਸਿਧਾਰਹੁ॥ ੨੬॥

ਜਿਸ ਨੇ ਪੁੱਤਰੀ ਆਦਿ ਦੇਣੀ ਮੰਨ ਲਈ ਹੈ ਫਿਰ ਹੋਰ ਦੇਣ ਦੀ ਕੀ ਕਹਾਣੀ ਬਾਕੀ ਹੈ। ਆਪਣਾ ਭਲਾ ਕਿਉਂ ਨਹੀਂ ਵਿਚਾਰਦੇ ਹੋ, ਏਥੇ ਐਸ਼ ਲਵੋਗੇ ਤੇ ਮਰ ਕੇ ਬਹਿਸ਼ਤਾਂ ਵਿਚ ਜਾਵੋਗੇ॥੨੬॥

ਜੋ ਦਾਨਿਦ ਨ ਤਜਾਗਨਿ ਕਰੈ। ਕਹਜੋ ਸ਼ਾਹੁ ਕੋ ਸਿਰ ਪਰ ਧਰੈ।
ਨਾਂਹਿਤ ਹਜ਼ਰਤ ਕੇ ਚਿਤ ਰੋਸ। ਦੇ ਮਰਵਾਇ ਨ ਜਾਨਹਿਂ ਦੋਸ਼॥ ੨੭॥

ਜੋ ਅਕਲਮੰਦ ਹਨ, ਉਹ ਛੱਡਦੇ ਨਹੀਂ, ਬਾਦਸ਼ਾਹ ਦੇ ਕਹੇ ਨੂੰ ਸਿਰ 'ਤੇ ਧਾਰਨ ਕਰਦੇ ਹਨ। ਨਹੀਂ ਤਾਂ ਬਾਦਸ਼ਾਹ ਗੁੱਸੇ ਵਿਚ ਆ ਜਾਵੇਗਾ ਤੁਹਾਨੂੰ ਮਰਵਾ ਦੇਣ ਵਿਚ ਵੀ ਕੋਈ ਦੋਸ਼ ਨਹੀਂ ਜਾਣੇਗਾ॥੨੭॥

ਤੀਨ ਬਾਤ ਨਿਰਨੈ ਕਰਿ ਲੀਜੈ। ਲਖਹੁ ਭਲੀ ਸੋ ਧਾਰਨਿ ਕੀਜੈ।
ਸ਼ਰ੍ਹਾ ਚਲਹੁ ਕਲਮੇ ਕਹੁ ਪਢਿ ਮੁਖ। ਦੇਹਿ ਸ਼ਾਹੁ ਭੋਗਹੁ ਸਭਿ ਬਿਧਿ ਸੁਖ॥੨੮॥

ਤਿੰਨਾਂ ਗੱਲਾਂ ਦਾ ਨਿਰਨਾ ਕਰ ਲਵੋ, ਜਿਹੜੀ ਭਲੀ ਸਮਝੋ ਉਹ ਧਾਰਨ ਕਰੋ। ਕਲਮੇ ਨੂੰ ਮੁਖ ਨਾਲ ਪੜ੍ਹ ਕੇ ਸ਼ਰ੍ਹਾ ਵਿਚ ਚਲੋ, ਬਾਦਸ਼ਾਹ ਬਹੁਤ ਕੁਝ ਦੇਵੇਗਾ, ਸਭ ਵਿਧੀਆਂ ਨਾਲ ਸੁਖ ਭੋਗੋ॥੨੮॥

ਜੇ ਹਠ ਕਰਹੁ ਨ ਮਾਨਹੁ ਏਹੋ। ਕਰਾਮਾਤ ਕਾਮਲ ਹੁਇ ਦੇਹੋ।
ਜਿਮ ਹਜ਼ਰਤ ਤੁਮ ਤੇ ਕਰਿਵਾਵੈ। ਤਿਮ ਕਰਿ ਦੇਹੁ ਦੇਖਿ ਹਰਖਾਵੈ॥ ੨੯॥

ਜੇ ਹਠ ਕਰੋਗੇ ਤੇ ਇਹ ਗੱਲ ਨਹੀਂ ਮੰਨੋਗੇ ਤਾਂ ਕਾਮਲ ਕਰਾਮਾਤ ਵਿਖਾਓ, ਜਿਵੇਂ ਬਾਦਸ਼ਾਹ ਤੁਹਾਥੋਂ ਕਰਵਾਏ, ਉਸ ਤਰ੍ਹਾਂ ਹੀ ਕਰ ਦੇਵੋ ਬਾਦਸ਼ਾਹ ਵੇਖ ਕੇ ਪ੍ਰਸੰਨ ਹੋ ਜਾਵੇਗਾ ॥੨੯॥

**ਰਾਮਰਾਇ ਜਿਮ ਤੁਮਰੋ ਪੋਤਾ। ਸਦਾ ਸ਼ਾਹੁ ਅਨੁਸਾਰੀ ਹੋਤਾ।**
**ਬਾਰ ਸੈਂਕਰੇ ਅਜ਼ਮਤ ਦੀਨੀ। ਜਿਮ ਹਜ਼ਰਤ ਕਹਿ ਤਿਮ ਤਿਨ ਕੀਨੀ ॥੩੦॥**

ਸ੍ਰੀ ਰਾਮ ਰਾਇ ਜਿਵੇਂ ਤੁਹਾਡਾ ਪੋਤਾ ਸੀ, ਸਦਾ ਹੀ ਬਾਦਸ਼ਾਹ ਦੀ ਆਗਿਆ ਅਨੁਸਾਰ ਰਹਿੰਦਾ ਸੀ। ਸੈਂਕੜੇ ਵਾਰ ਉਸ ਕਰਾਮਾਤ ਵਿਖਾਈ, ਜਿਵੇਂ ਬਾਦਸ਼ਾਹ ਕਹਿੰਦਾ ਸੀ ਉਸ ਤਰ੍ਹਾਂ ਹੀ ਉਹ ਕਰਾਮਾਤ ਕਰਦਾ ਸੀ ॥੩੦॥

**ਦਰਬ ਹਜ਼ਾਰਹੁੰ ਨਿਤ ਪ੍ਰਤਿ ਪਾਵੈ। ਅਪਨੀ ਸੰਗਤਿ ਸਦਾ ਬ੍ਰਿਧਾਵੈ।**
**ਜਿਸ ਕੋ ਭਾ ਐਸ੍ਵਰਜ ਬਿਲੰਦ। ਤੁਮ ਭੀ ਹੂਜਹੁ ਤਿਸਹਿ ਮਨਿੰਦ ॥ ੩੧ ॥**

ਹਜ਼ਾਰਾਂ ਰੁਪਏ ਦਾ ਧਨ ਨਿਤਪ੍ਰਤੀ ਲੈਂਦਾ ਸੀ ਤੇ ਆਪਣੀ ਸੰਗਤ ਸਦਾ ਵਧਾਉਂਦਾ ਸੀ। ਉਸ ਪਾਸ ਬਹੁਤ ਧਨ ਦੌਲਤ ਹੋ ਗਿਆ ਸੀ, ਤੁਸੀਂ ਵੀ ਉਸ ਵਰਗੇ ਹੋ ਜਾਵੋ ॥੩੧॥

**ਜੇ ਇਹ ਦੋਨਹੁੰ ਨਾਂਹਿ ਨ ਮਾਨਹੁੰ। ਅਪਨੇ ਪਾਨ ਪ੍ਰਾਨ ਕਹੁ ਹਾਨਹੁੰ।**
**ਨਹਿੰ ਤਜਾਗਹਿ ਕਬਿ ਜੀਵਤਿ ਤੋਹੀ। ਅਧਿਕ ਹਠੀਲਾ ਗੁਨੀਯਹਿ ਓਹੀ ॥੩੨ ॥**

ਜੇ ਇਹ ਦੋਵੇਂ ਨਹੀਂ ਮੰਨੋਗੇ ਤਾਂ ਆਪਣੇ ਹੱਥੀਂ ਪ੍ਰਾਣਾਂ ਦਾ ਨਾਸ਼ ਕਰੋਗੇ। ਫਿਰ ਉਹ ਤੁਹਾਨੂੰ ਜੀਉਂਦਿਆਂ ਨੂੰ ਕਦੀ ਨਹੀਂ ਛੱਡੇਗਾ। ਉਸ ਨੂੰ ਬਹੁਤ ਵੱਡਾ ਹਠੀ ਸਮਝੋ ॥੩੨॥

**ਸ਼ਰ੍ਹਾ ਮਾਨਿ, ਕੈ ਅਜਮਤ ਦੈਨ। ਕਿਧੋਂ ਮ੍ਰਿਤੂ ਅਪਨੀ ਕਰਿ ਲੈਨ।**
**ਇਨ ਤੀਨਹੁੰ ਮਹਿੰ ਲਖਹੁ ਜੁ ਨੀਕੀ। ਹਿਯ ਕੇ ਬੀਚ ਕਰਹੁ ਸੋ ਠੀਕੀ' ॥੩੩ ॥**

ਸ਼ਰ੍ਹਾ ਮੰਨੋ ਜਾਂ ਕਰਾਮਾਤ ਦੇਵੋ, ਜਾਂ ਆਪਣੀ ਮਿਰਤੂ ਕਰਵਾ ਲਵੋ। ਇਨ੍ਹਾਂ ਤਿੰਨਾਂ ਵਿਚੋਂ ਜਿਹੜੀ ਚੰਗੀ ਸਮਝਦੇ ਹੋ, ਹਿਰਦੇ ਵਿਚ ਉਸ ਨੂੰ ਚੰਗੀ ਤਰ੍ਹਾਂ ਸੋਚ ਲਵੋ' ॥੩੩॥

**ਤਿਨ ਤੇ ਸੁਨਿ ਸ਼੍ਰੀ ਤੇਗ ਬਹਾਦਰ। ਧਰਮ ਨਿਬਾਹਨਿ ਬਿਖੇ ਬਹਾਦਰ।**
**ਉੱਤਰ ਭਨਜੋ 'ਧਰਮ ਹਮ ਹਿੰਦੂ। ਅਤਿ ਪ੍ਰਿਯ ਕੋ ਕਿਮ ਕਰਹਿੰ ਨਿਕੰਦੂ ॥੩੪ ॥**

ਉਨ੍ਹਾਂ ਪਾਸੋਂ ਸੁਣ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ, ਜਿਹੜੇ ਧਰਮ ਨਿਭਾਉਣ ਵਿਚ ਵੱਡੇ ਬਹਾਦਰ ਹਨ, ਬੋਲੇ, "ਸਾਡਾ ਹਿੰਦੂ ਧਰਮ ਸਾਨੂੰ ਅਤੀ ਪਿਆਰਾ ਹੈ, ਇਸ ਦਾ ਕਿਵੇਂ ਨਾਸ਼ ਕਰੀਏ ॥੩੪॥

**ਲੋਕ ਪ੍ਰਲੋਕ ਬਿਖੇ ਸੁਖਦਾਨੀ। ਆਨ ਨ ਪਈਯਹਿ ਜਾਂਹਿ ਸਮਾਨੀ।**
**ਮਤਿ ਮਲੀਨ ਮੂਰਖ ਮਤਿ ਜੋਇ। ਜਿਸ ਕੋ ਤਜਾਗਹਿ ਪਾਂਮਰ ਸੋਇ ॥ ੩੫ ॥**

ਇਹ ਲੋਕ ਪਰਲੋਕ ਵਿਚ ਸੁਖਾਂ ਦਾ ਦਾਤਾ ਹੈ, ਕੋਈ ਹੋਰ ਧਰਮ ਇਸ ਦੀ ਬਰਾਬਰੀ ਨਹੀਂ ਕਰ ਸਕਦਾ ਹੈ। ਮਲੀਨ ਮੱਤ ਵਾਲੇ ਜੋ ਮੂਰਖਮਤੀ ਹਨ, ਉਹੀ ਇਸ ਮੱਤ ਨੂੰ ਤਿਆਗਦੇ ਹਨ ॥੩੫॥

**ਦੀਨ ਦੁਨੀ ਮਹਿੰ ਦੁਖ ਕੋ ਪਾਵੈ। ਜਮ ਸਜ਼ਾਇ ਦੇ ਨਹਿੰ ਤ੍ਰਿਪਤਾਵੈ।**
**ਸੁਮਤਿਵੰਤ ਹਮ ਕਹੁ ਕਜੋਂ ਤਜਾਗਹਿੰ। ਧਰਮ ਰਾਖਿਬੇ ਨਿਤ ਅਨੁਰਾਗਹਿੰ ॥੩੬ ॥**

ਉਹ ਦੀਨ ਦੁਨੀ ਵਿਚ ਦੁਖ ਪਾਉਂਦੇ ਹਨ ਤੇ ਜਮ ਉਸ ਨੂੰ ਸਜ਼ਾ ਦਿੰਦਾ ਨਹੀਂ ਰੱਜਦਾ ਹੈ। ਅਸੀਂ ਸ੍ਰੇਸ਼ਟ ਮੱਤ ਵਾਲੇ ਹਾਂ, ਦੱਸੋ ਕਿਉਂ ਆਪਣਾ ਧਰਮ ਤਿਆਗੀਏ, ਅਸੀਂ ਆਪਣੇ ਧਰਮ ਨੂੰ ਬੜੇ ਪ੍ਰੇਮ ਨਾਲ ਰਖਣਾ ਚਾਹੁੰਦੇ ਹਾਂ ॥੩੬॥

Sri Satguru Jagjit Singh Ji eLlibrary NamdhariElibrary@gmail.com

ਇਸਤ੍ਰੀ ਆਦਿ ਪਦਾਰਥ ਸਾਰੇ। ਰੰਚ ਲੋਭ ਨਹਿਂ ਰਿਦੈ ਹਮਾਰੇ।
ਕਯੋਂ ਤੁਮ ਕਹਹੁ, ਨ ਅੰਗੀਕਾਰੈਂ। ਰਾਖਹਿਂਗੇ ਨਿਜ ਧਰਮ, ਨ ਹਾਰੈਂ ॥ ੩੭ ॥

ਇਸਤਰੀ ਆਦਿ ਜਿਹੜੇ ਸਾਰੇ ਪਦਾਰਥ ਹਨ, ਉਨ੍ਹਾਂ ਬਾਰੇ ਸਾਡੇ ਹਿਰਦੇ ਵਿਚ ਰਾਈ ਭਰ ਵੀ ਲੋਭ ਨਹੀਂ ਹੈ। ਕਿਉਂ ਤੁਸੀਂ ਕਹਿੰਦੇ ਹੋ, ਅਸੀਂ ਅੰਗੀਕਾਰ ਨਹੀਂ ਕਰਾਂਗੇ। ਆਪਣਾ ਧਰਮ ਰੱਖਾਂਗੇ, ਹਾਰਾਂਗੇ ਨਹੀਂ ॥ ੩੭ ॥

ਝਖ ਮਾਰਹਿ ਮੂਰਖ ਚਵਗੱਤਾ। ਜਗ ਦ੍ਰੋਹੀ, ਖਲ, ਦੁਸ਼ਟ, ਕੁਪੱਤਾ।
ਇਸ ਕੇ ਬਡੇ ਸੇਵ ਕਰਿ ਪਾਈ। ਅਬਹਿ ਬਿਨਾਸ਼ਹਿ ਸਕਲ ਕਮਾਈ ॥ ੩੮ ॥

ਮੂਰਖ ਚੌਗੱਤਾ ਝਖ ਮਾਰਦਾ ਹੈ, ਜਗਤ ਧਰੋਹੀ, ਮੂਰਖ, ਦੁਸ਼ਟ ਅਤੇ ਕੁਪੱਤਾ ਹੈ। ਇਸ ਦੇ ਵਡਿਆਂ ਨੇ ਸੇਵਾ ਕਰਕੇ ਬਾਦਸ਼ਾਹੀ ਪਾਈ ਸੀ, ਹੁਣ ਇਸ ਦੀ ਸਾਰੀ ਕਮਾਈ ਦਾ ਨਾਸ਼ ਕਰ ਦੇਵਾਂਗੇ ॥ ੩੮ ॥

ਕਰਾਮਾਤ ਕਹਿਂ ਕਹਿਰ ਕਰਨ ਕੋ। ਪ੍ਰਭੁ ਕੇ ਲੋਕ ਨ ਕਰਹਿਂ ਧਰਨ ਕੋ।
ਜਿਮ ਬਾਜ਼ੀਗਰ ਨਰਨਿ ਰਿਝਾਵੈ। ਕੁਛ ਤੇ ਕੁਛ ਕਰਿ ਤੁਰਤ ਦਿਖਾਵੈ ॥ ੩੯ ॥

ਕਰਾਮਾਤ ਵਿਖਾਉਣ ਨੂੰ ਕਹਿੰਦਾ ਹੈ, ਕਰਾਮਾਤ ਕਹਿਰ ਕਰਨ ਦੇ ਬਰਾਬਰ ਹੈ। ਪ੍ਰਭੂ ਦੇ ਜਿਹੜੇ ਲੋਕ ਹਨ, ਉਹ ਕਰਾਮਾਤਾਂ ਨਹੀਂ ਕਰਦੇ ਹਨ। ਜਿਵੇਂ ਬਾਜ਼ੀਗਰ ਮਨੁੱਖਾਂ ਨੂੰ ਪ੍ਰਸੰਨ ਕਰਦਾ ਹੈ, ਕੁਝ ਤੋਂ ਕੁਝ ਕਰਕੇ ਤੁਰਤ ਵਿਖਾਉਂਦਾ ਹੈ ॥ ੩੯ ॥

ਸੋ ਹਮ ਕੋ ਕਬਿ ਲਗਹਿ ਨ ਨੀਕੀ। ਨਹੀਂ ਕਾਮਨਾ ਕਿਮ ਹੁਇ ਹੀ ਕੀ।
ਜਹਿਂ ਪ੍ਰਭੁ ਲੋਕ ਸੰਤ ਸਮੁਦਾਇ। ਤਿਨ ਮਹਿਂ ਕਿਮ ਬੈਠਹਿਂ, ਸ਼ਰਮਾਇ ॥ ੪੦ ॥

ਇਹ ਗੱਲ ਸਾਨੂੰ ਕਦੀ ਵੀ ਚੰਗੀ ਨਹੀਂ ਲੱਗੀ ਹੈ, ਜਦ ਸਾਡੇ ਦਿਲ ਦੀ ਕਾਮਨਾ ਹੀ ਨਹੀਂ ਹੈ ਤਾਂ ਕਰਾਮਾਤ ਕਿਵੇਂ ਹੋਵੇਗੀ। ਜਿਵੇਂ ਪ੍ਰਭੂ ਦੇ ਲੋਕ ਅਤੇ ਸਾਰੇ ਸੰਤ ਸਮੂਹ ਹਨ, ਅਸੀਂ ਫਿਰ ਉਨ੍ਹਾਂ ਵਿਚ ਕਿਵੇਂ ਬੈਠਾਂਗੇ, ਸ਼ਰਮਸਾਰ ਹੋਵਾਂਗੇ ॥ ੪੦ ॥

ਦੋਨਹੁਂ ਅੰਗੀਕਾਰ ਨ ਹਮਰੇ। ਕਰਿ ਨਿਰਨੈ ਭਾਖਹਿਂ ਢਿਗ ਤੁਮਰੇ।
ਕੋਟ ਜਤਨ ਤੇ ਫਿਰਹਿਂ ਨ ਫੇਰੇ। ਕਹੋ ਕਰੋਰ ਬਾਰ ਹੁਇ ਨੇਰੇ ॥ ੪੧ ॥

ਅਸੀਂ ਇਹ ਦੋਵੇਂ ਅੰਗੀਕਾਰ ਨਹੀਂ ਕਰਦੇ ਹਾਂ, ਪੂਰਾ ਨਿਰਣਾ ਕਰਕੇ ਤੁਹਾਡੇ ਪਾਸ ਕਹਿੰਦੇ ਹਾਂ। ਕਰੋੜਾਂ ਯਤਨ ਕਰਨ ਤੇ ਵੀ ਕਿਸੇ ਦੇ ਕਹੇ 'ਤੇ ਫਿਰਾਂਗੇ ਨਹੀਂ, ਭਾਵੇਂ ਕਰੋੜ ਵਾਰ ਪਾਸ ਹੋ ਕੇ ਕਹੋ ॥ ੪੧ ॥

ਤ੍ਰਿਤੀਏ ਪ੍ਰਾਨ ਹਾਨ ਕੀ ਬਾਤ। ਸੋ ਹਮ ਸਹੈਂ ਆਪਨੇ ਗਾਤ।
ਹਿੰਦੂ ਧਰਮ ਰਖਹਿਂ ਜਗ ਮਾਂਹੀ। ਤੁਮਰੇ ਕਰੇ ਬਿਨਸ ਹੈ ਨਾਂਹੀ ॥ ੪੨ ॥

ਤੀਸਰੀ ਪ੍ਰਾਣ ਹਾਨ ਕਰਨ ਦੀ ਗੱਲ ਹੈ, ਉਹ ਅਸੀਂ ਆਪਣੇ ਸਰੀਰ ਤੇ ਬਰਦਾਸ਼ਤ ਕਰਾਂਗੇ। ਹਿੰਦੂ ਧਰਮ ਨੂੰ ਜਗਤ ਵਿਚ ਜੀਉਂਦਾ ਰੱਖਾਂਗੇ, ਤੁਹਾਡੇ ਯਤਨ ਕਰਨ ਨਾਲ ਇਹ ਨਾਸ਼ ਨਹੀਂ ਹੋਵੇਗਾ" ॥ ੪੨ ॥

ਬਾਰ੍ਹਵੀਂ ਰਾਸ ਦਾ ਚੌਰਾਨਵਾਂ ਅਧਿਆਇ ਸਮਾਪਤ ਹੋਇਆ ॥ ੯੪ ॥

❖❖❖

# ਅਧਿਆਇ ਪੈਂਠਵਾਂ

## ਸੱਚਖੰਡ ਗਮਨ

ਦੋਹਰਾ- ਅਟਲ ਨਿਠੁਰ ਸੰਦੇਹ ਬਿਨ ਕਹੇ ਵਾਕ ਨਿਰਧਾਰ।
ਸੁਨਿ ਗੁਰ ਤੇ ਉਮਰਾਵ ਸੋ ਕੋਪਜੋ ਦੁਸ਼ਟ ਗਵਾਰ॥ ੧॥

ਗੁਰੂ ਜੀ ਨੇ ਅਟੱਲ, ਸਖਤ, ਸੰਦੇਹ-ਰਹਿਤ ਬਚਨ ਨਿਰਧਾਰਨ ਕਰਕੇ ਕਹੇ। ਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ ਦੁਸ਼ਟ ਗਵਾਰ ਉਮਰਾਵ ਗੁੱਸੇ ਵਿਚ ਆ ਗਿਆ॥੧॥

ਚੌਪਈ- ਸੰਗ ਮੁਲਾਨੇ ਬੈਨ ਬਖਾਨੇ। 'ਕਹਜੋ ਸ਼ਾਹੁ ਕੋ ਨਾਂਹਿਨ ਮਾਨੇ।
ਲੋਹ ਪਿੰਜਰੇ ਮਹਿੰ ਭੀ ਪਾਯੋ। ਨਹੀਂ ਤ੍ਰਾਸ ਕੁਛ ਮਨ ਮਹਿੰ ਲਜਾਯੋ॥੨॥

ਉਮਰਾਵ ਫਿਰ ਮੁਲਾਣੇ ਨੂੰ ਕਹਿਣ ਲੱਗਾ, "ਬਾਦਸ਼ਾਹ ਦੇ ਕਹੇ ਨੂੰ ਨਹੀਂ ਮੰਨਦੇ ਹਨ। ਲੋਹੇ ਦੇ ਪਿੰਜਰੇ ਵਿਚ ਵੀ ਪਾਇਆ ਹੈ, ਫਿਰ ਵੀ ਮਨ ਵਿਚ ਕਿਸੇ ਪ੍ਰਕਾਰ ਦਾ ਡਰ ਨਹੀਂ ਮੰਨਿਆ ਹੈ॥੨॥

ਅਨਿਕ ਭਾਂਤਿ ਕੀ ਪਾਇ ਸਜ਼ਾਇ। ਕਰਿ ਜਬਰੀ ਤੇ ਲੇਹੁ ਮਨਾਇ।
ਸਮੁਝਾਯਹੁ ਕਿਮ ਸਮੁਝੈ ਨਾਂਹੀ। ਆਵਨ ਜਾਨਿ ਨਿਫਲ ਇਨ ਪਾਹੀ'॥੩॥

ਅਨੇਕ ਪ੍ਰਕਾਰ ਦੀ ਸਜ਼ਾ ਪਾਵੇਗਾ, ਜ਼ਬਰਦਸਤੀ ਕਰਕੇ ਮਨਾ ਲੇਵੋ। ਬਹੁਤ ਸਮਝਾਇਆ ਹੈ, ਕਿਸੇ ਤਰ੍ਹਾਂ ਵੀ ਸਮਝਦਾ ਨਹੀਂ ਹੈ। ਇਸ ਦੇ ਪਾਸ ਆਉਣਾ ਜਾਣਾ ਨਿਸਫਲ ਹੈ"॥੩॥

ਭਨੈ ਮੁਲਾਨਾ 'ਛੂਟੈ ਨ ਕੋਈ। ਲਖੀਯਤਿ ਪ੍ਰਾਨ ਹਾਨ ਇਨ ਹੋਈ।
ਉਤ ਹਜ਼ਰਤ ਕੋ ਹਠ ਨਹਿੰ ਟਰੈ। ਇਤ ਇਕ ਸਮ ਹੀ ਹਠ ਕੋ ਧਰੈਂ'॥੪॥

ਮੁਲਾਣਾ ਕਹਿਣ ਲੱਗਾ, "ਕਿਸੇ ਤਰ੍ਹਾਂ ਵੀ ਇਹ ਛੁਟ ਨਹੀਂ ਸਕਦਾ ਹੈ। ਜਾਪਦਾ ਹੈ ਇਸ ਦੇ ਪ੍ਰਾਣਾਂ ਦਾ ਨਾਸ਼ ਹੋ ਜਾਵੇਗਾ। ਓਧਰ ਬਾਦਸ਼ਾਹ ਦਾ ਹਠ ਟਲ ਨਹੀਂ ਸਕਦਾ ਹੈ, ਇਸ ਤਰ੍ਹਾਂ ਇਕ ਸਮਾਨ ਹੀ ਦੋਵਾਂ ਨੇ ਹਠ ਧਾਰਨ ਕੀਤਾ ਹੋਇਆ ਹੈ"॥੪॥

ਦੋਨਹੁੰ ਕਹਿ ਗਮਨੇ ਢਿਗ ਸ਼ਾਹੂ। ਸਕਲ ਪ੍ਰਸੰਗ ਭਨਜੋ ਤਿਸ ਪਾਹੂ।
'ਕਜੋਂਹੂ ਨਹਿੰ ਮਾਨਹਿੰ ਕੁਛ ਕਹਜੋ। ਕੈਦ ਕਸ਼ਟ ਤੇ ਤ੍ਰਾਸ ਨ ਲਹਜੋ॥੫॥

ਦੋਵੇਂ ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਦੇ ਪਾਸ ਗਏ ਤੇ ਉਸ ਦੇ ਪਾਸ ਜਾ ਕੇ ਸਾਰਾ ਪ੍ਰਸੰਗ ਸੁਣਾਇਆ। "ਕਿਸੇ ਤਰ੍ਹਾਂ ਵੀ ਕੁਝ ਕਿਹਾ ਨਹੀਂ ਮੰਨਦਾ ਹੈ। ਕੈਦ ਦੇ ਕਸ਼ਟ ਤੋਂ ਕੁਝ ਡਰ ਪ੍ਰਾਪਤ ਨਹੀਂ ਕੀਤਾ ਹੈ॥੫॥

ਮੁਦਤ ਮਨਿੰਦ ਬਦਨ ਜਿਨ ਕੇਰਾ। ਹਮ ਸਮੁਝਾਇ ਰਹੇ ਬਹੁਤੇਰਾ।
ਸੁਨਿ ਬੋਲਜੋ ਮੂਰਖ ਚਵਗੱਤਾ। 'ਜੇ ਅਸ ਧਰਮ ਬਿਖੈ ਦਿੜ੍ਹ ਰੱਤਾ॥੬॥

ਆਨੰਦ ਵਰਗਾ ਜਿਨ੍ਹਾਂ ਦਾ ਮੁਖੜਾ ਹੈ, ਉਨ੍ਹਾਂ ਨੂੰ ਅਸੀਂ ਬਹੁਤ ਸਮਝਾਉਂਦੇ ਰਹੇ ਹਾਂ।" ਇਹ ਸੁਣ ਕੇ ਮੂਰਖ ਨੌਰੰਗਾ ਬੋਲਿਆ, "ਜੇ ਧਰਮ ਵਿਚ ਇਸ ਤਰ੍ਹਾਂ ਦ੍ਰਿੜ੍ਹ ਰੰਗਿਆ ਹੋਇਆ ਹੈ॥੬॥

ਤੇਗ਼ ਬਹਾਦਰ ਨਾਮ ਧਰਾਯੋ। ਕੌਣ ਮਾਯਨਾ ਯਾ ਮਹਿੰ ਪਾਯੋ।
ਹਿੰਦੁਨ ਕੇ ਗੁਰ ਪੂਜ ਕਹਾਵਹੁ। ਨਾਮ ਬਿਅਰਥ ਨਹੀਂ ਰਖਵਾਵਹੁ॥੭॥

Sri Satguru Jagjit Singh Ji eLlibrary NamdhariElibrary@gmail.com

ਜਿਹੜਾ ਉਨ੍ਹਾਂ ਤੇਗ ਬਹਾਦਰ ਨਾਮ ਧਰਾਇਆ ਹੈ, ਇਸ ਵਿਚ ਕੀ ਅਰਥ ਰੱਖਿਆ ਹੈ। ਹਿੰਦੂਆਂ ਦੇ ਗੁਰੂ ਹੋ ਕੇ ਪੂਜਾ ਯੋਗ ਕਹਾਉਂਦੇ ਹਨ, ਇਸ ਕਰਕੇ ਨਾਮ ਅਰਥ ਰਹਿਤ ਨਹੀਂ ਰਖਵਾ ਸਕਦੇ॥੭॥

ਸੋ ਬਹਾਦਰੀ ਕਿਮ ਹਮ ਜਾਨੈਂ। ਤੇਗਬਹਾਦਰ ਜਗਤ ਬਖਾਨੈ।
ਬੂਝਹੁ ਜਾਇ ਬਤਾਵਹਿ ਸੋਇ। ਨਾਂਹਿ ਤ ਬਡ ਸਜ਼ਾਇ ਅਬਿ ਹੋਇ' ॥ ੮ ॥

ਇਸ ਕਰਕੇ ਅਸੀਂ ਬਹਾਦਰੀ ਕਿਵੇਂ ਜਾਣੀਏ, ਸਾਰਾ ਜਗਤ ਤੇਗ ਬਹਾਦਰ ਕਹਿੰਦਾ ਹੈ। ਇਸ ਬਾਰੇ ਜਾ ਕੇ ਉਸ ਤੋਂ ਆਪਣੇ ਨਾਮ ਦੇ ਅਰਥ ਪੁੱਛੋ, ਨਹੀਂ ਤਾਂ ਹੁਣ ਵੱਡੀ ਸਜ਼ਾ ਪਾਵੇਗਾ" ॥੮॥

ਬਹੁਰ ਪਠੇ ਦੋਨਹੁੰ ਚਲਿ ਆਏ। 'ਨਾਮ ਮਾਇਨਾ ਦੇਹੁ ਬਤਾਏ।
ਰਾਖ੍ਯੋ ਕੌਨ ਹੇਤੁ ਕਰਿ ਨਾਮੂ। ਬੂਝਤਿ ਸ਼ਾਹੁ ਭਯੋ ਰਿਸ ਧਾਮੂ' ॥ ੯ ॥

ਬਾਦਸ਼ਾਹ ਵਲੋਂ ਭੇਜੇ ਹੋਏ ਦੋਵੇਂ ਫਿਰ ਗੁਰੂ ਜੀ ਪਾਸ ਚਲ ਕੇ ਆ ਗਏ ਤੇ ਕਹਿਣ ਲੱਗੇ, "ਆਪਣੇ ਨਾਮ ਦੇ ਅਰਥ ਦੱਸ ਦੇਵੋ। ਕਿਸ ਕਾਰਨ ਇਹ ਨਾਮ ਰਖਿਆ ਹੈ, ਬਾਦਸ਼ਾਹ ਗੁੱਸੇ ਵਿਚ ਆ ਕੇ ਇਸ ਦੇ ਅਰਥ ਪੁੱਛਦਾ ਹੈ" ॥੯॥

ਸੁਨਿ ਸਤਿਗੁਰ ਬੋਲੇ ਮਤਿ ਧੀਰ। 'ਨਾਮ ਰੂਪ ਇਹ ਧਰਮ ਸਰੀਰ।
ਇਸ ਮਹਿਂ ਕਾਰਨ ਰਾਖ੍ਯੋ ਜੋਇ। ਨਿਰਨੈ ਕਰਿ ਭਾਖਹਿਂ ਸੁਨਿ ਸੋਇ ॥ ੧੦ ॥

ਇਹ ਸੁਣ ਕੇ ਸਤਿਗੁਰੂ ਜੀ ਧੀਰਜ ਧਾਰ ਕੇ ਬੋਲੇ, "ਨਾਮ ਅਤੇ ਰੂਪ ਇਹ ਸਰੀਰ ਦਾ ਧਰਮ ਹੈ। ਇਸ ਵਿਚ ਜੋ ਕਾਰਨ ਰਖਿਆ ਹੈ ਉਸ ਦਾ ਨਿਰਣਾ ਕਰਕੇ ਕਹਿੰਦੇ ਹਾਂ, ਉਸ ਨੂੰ ਸੁਣੋ ॥੧੦॥

ਤੇਗ਼ ਪੁਲਾਦੀ ਆਦਿ ਹਲੱਬੀ। ਜਾਤਿ ਅਨੇਕਨ ਕੇਰ ਜੁਨੱਬੀ।
ਕੈਸੀ ਤੀਖਨ ਹੋਇ ਬਨਾਈ। ਅਤਿ ਸੂਖਮਧਾਰਾ ਸੁਧਰਾਈ ॥ ੧੧ ॥

ਹਲੱਬੀ ਆਦਿ ਸ਼ਹਿਰਾਂ ਦੀਆਂ ਜਿਹੜੀਆਂ ਫੌਲਾਦੀ ਤਲਵਾਰਾਂ ਹਨ ਤੇ ਅਨੇਕਾਂ ਜਾਤੀਆਂ ਦੀਆਂ ਜਿਹੜੀਆਂ ਜੁਨੱਬੀ ਦੀਆਂ ਤਲਵਾਰਾਂ ਹਨ। ਕਿੰਨੀ ਵੀ ਤਿੱਖੀ ਤਲਵਾਰ ਬਣਾਈ ਹੋਵੇ ਅਤੇ ਅਤੀ ਬਰੀਕ ਧਾਰ ਸੁਧਰਾਈ ਹੋਵੇ ॥੧੧॥

ਅੱਗ੍ਰ ਤਾਂਹਿ ਕੈ ਕਾਗ਼ਦ ਧਰਿ ਕੈ। ਕਾਚੇ ਤਾਗੇ ਸੌਂ ਬੰਧਿ ਕਰਿ ਕੈ।
ਹੋਹਿ ਸਬਿੱਦਜਕ ਬਡ ਬਲਵਾਰਾ। ਹਮਰੇ ਤਨ ਪਰ ਕਰੈ ਪ੍ਰਹਾਰਾ ॥ ੧੨ ॥

ਉਸ ਤੇਜ਼ ਤਲਵਾਰ ਦੇ ਅੱਗੇ ਕਾਗਜ਼ ਧਰ ਕੇ ਅਤੇ ਕੱਚੇ ਧਾਗੇ ਨਾਲ ਕਾਗਜ਼ ਬੰਨ੍ਹ ਕੇ ਵੱਡਾ ਬਲਵਾਨ ਸੂਰਮਾ ਜਿਹੜਾ ਸ਼ਸਤਰ ਵਿਦਿਆ ਵਿਚ ਮਾਹਰ ਹੋਵੇ, ਸਾਡੇ ਸਰੀਰ ਦੇ ਉੱਤੇ ਜੇ ਵਾਰ ਕਰੇ ॥੧੨॥

ਅਪਰ ਬਾਰਤਾ ਕਹੀਐ ਕਾਂਤੇ। ਕਾਗ਼ਦ ਭੀ ਨ ਸਕਹਿ ਛਿਦ ਤਾਂਤੇ।
ਇਹ ਅਜ਼ਮਤ ਹੈ ਨਾਮ ਹਮਾਰੇ। ਕਹੈ ਜਿ ਹੁਇ ਨ ਪ੍ਰਤੀਤ ਤੁਮਾਰੇ ॥ ੧੩ ॥

ਹੋਰ ਗੱਲ ਕੀ ਕਹੀਏ, ਉਸ ਤਲਵਾਰ ਪਾਸੋਂ ਕਾਗਜ਼ ਵੀ ਕੱਟਿਆ ਨਹੀਂ ਜਾਵੇਗਾ। ਇਸ ਤਰ੍ਹਾਂ ਸਾਡੇ ਨਾਮ ਵਿਚ ਕਰਾਮਾਤ ਹੈ। ਜੇ ਕਹਿਣ ਉੱਤੇ ਤੁਹਾਨੂੰ ਵਿਸ਼ਵਾਸ ਨਹੀਂ ਆਉਂਦਾ ॥੧੩॥

ਤੌ ਅਜ਼ਮਾਇਸ਼ ਕਰਿ ਲਿਹੁ ਦੇਖਿ। ਕਹੇ ਸਾਚ, ਸੋ ਲੇਹੁ ਪਰੇਖਿ'।
ਇਹ ਜਬਿ ਉੱਤਰ ਗੁਰੂ ਪ੍ਰਕਾਸ਼ਾ। ਚਪਲਤਿ ਗਏ ਸ਼ਾਹੁ ਕੇ ਪਾਸਾ ॥ ੧੪ ॥

ਤਾਂ ਅਜ਼ਮਾਇਸ਼ ਕਰਕੇ ਵੇਖ ਲਵੋ ਤੇ ਸਾਡੀ ਕਹੀ ਹੋਈ ਸੱਚੀ ਗੱਲ ਦੀ ਪਰੀਖਿਆ ਕਰਕੇ ਵੇਖੋ।" ਜਦ ਗੁਰੂ ਜੀ ਨੇ ਇਹ ਉੱਤਰ ਦਿੱਤਾ ਤਾਂ ਮੁਲਾਣੇ ਦੌੜ ਕੇ ਬਾਦਸ਼ਾਹ ਦੇ ਪਾਸ ਗਏ ॥੧੪॥

'ਕਰਾਮਾਤ ਪਹਿਲੇ ਨਹਿਂ ਮਾਨਤਿ। ਅਪਨਿ ਨਾਮ ਪਰ ਅਬਹਿ ਬਖਾਨਤਿ।
ਕਹੈ ਸੁ ਦੇਖਿ ਲੇਹੁ ਅਜ਼ਮਾਇ। ਤਿਖੀ ਤੇਗ ਕਾਗਦ ਨ ਕਟਾਇ' ॥ ੧੫ ॥

ਉਹ ਕਹਿਣ ਲੱਗੇ, "ਕਰਾਮਾਤ ਪਹਿਲਾਂ ਨਹੀਂ ਮੰਨਦੇ ਸਨ, ਪਰ ਆਪਣੇ ਨਾਮ ਉੱਤੇ ਹੁਣ ਕਰਾਮਾਤ ਕਰਨ ਨੂੰ ਤਿਆਰ ਹਨ। ਕਹਿੰਦੇ ਹਨ ਅਜ਼ਮਾਇਸ਼ ਕਰਕੇ ਵੇਖ ਲਵੋ, ਤਿੱਖੀ ਤਲਵਾਰ ਕਾਗਜ਼ ਤਕ ਨਹੀਂ ਕੱਟ ਸਕੇਗੀ' ॥੧੫॥

ਸੁਨਿ ਅਵਿਰੰਗ ਕੀਮਤ ਬਡ ਤੇਗ। ਕਹਿ ਕੋਸ਼ਪ ਅਨਵਾਇ ਸਬੇਗ।
ਲੇ ਨਿਜ ਕਰ ਮਹਿਂ ਤੁਰਤ ਨਿਕਾਰੀ। ਅਤਿਸ਼ੈ ਖਰ ਧਾਰਾ ਸੁ ਨਿਹਾਰੀ ॥੧੬॥

ਇਹ ਸੁਣ ਕੇ ਨੌਰੰਗੀ ਨੇ ਬੜੀ ਕੀਮਤੀ ਤਲਵਾਰ ਖਜ਼ਾਨਚੀ ਨੂੰ ਕਹਿ ਕੇ ਤੁਰਤ ਮੰਗਵਾਈ। ਆਪਣੇ ਹੱਥ ਵਿਚ ਲੈ ਕੇ ਤੁਰਤ ਤਲਵਾਰ ਨੂੰ ਮਿਆਨ ਵਿਚੋਂ ਬਾਹਰ ਕੱਢਿਆ ਤੇ ਬਹੁਤ ਤੇਜ਼ ਧਾਰ ਨੂੰ ਵੇਖਿਆ ॥੧੬॥

ਨਿਜ ਹਦੂਰ ਕਾਗਦ ਕੋ ਲੈਕੇ। ਤਾਗੇ ਸੰਗ ਬੰਧਿਬੋ ਕੈਕੇ।
ਇਕ ਸੱਯਦ ਢਿਗ ਦੇਖਯੋ ਜ੍ਵਾਨ। ਬਾਹੂ ਬਡੀ ਅਧਿਕ ਬਲਵਾਨ ॥ ੧੭ ॥

ਫਿਰ ਆਪਣੇ ਪਾਸ ਕਾਗਜ਼ ਲੈ ਕੇ ਤੇ ਉਸ ਨੂੰ ਧਾਗੇ ਨਾਲ ਬੰਨ੍ਹ ਕੇ, ਇਕ ਜਵਾਨ ਸੱਯਦ ਨੂੰ ਆਪਣੇ ਪਾਸ ਵੇਖਿਆ, ਜਿਸ ਦੀਆਂ ਲੰਮੀਆਂ ਬਾਹਾਂ ਸਨ ਤੇ ਬਹੁਤ ਬਲਵਾਨ ਸੀ ॥੧੭॥

ਕਿਤਿਕ ਮੁਲਾਨੇ ਅਰ ਉਮਰਾਵ। ਕਰੇ ਸੰਗ ਦੇਖਨਿ ਚਿਤ ਚਾਵ।
ਸੁਨਿਕੈ ਜਿਸ ਕਿਸ ਨੇ ਨਿਜ ਕਾਨ। ਹੇਰਨ ਹੇਤੁ ਚਲੇ ਤਿਸ ਥਾਨ ॥ ੧੮ ॥

ਕਈ ਮੁਲਾਣੇ ਅਤੇ ਉਮਰਾਵ, ਆਪਣੇ ਪਾਸ ਬੁਲਾਏ, ਵੇਖਣ ਦਾ ਬੜਾ ਚਾਅ ਸੀ। ਜਿਸ ਕਿਸ ਨੇ ਆਪਣੇ ਕੰਨਾਂ ਨਾਲ ਸੁਣਿਆ, ਉਹ ਵੇਖਣ ਵਾਸਤੇ ਉਸ ਥਾਂ ਚਲ ਕੇ ਆ ਗਏ ॥੧੮॥

ਉਤ ਨੁਰੰਗ ਇਮ ਕਰਤੋ ਭਯੋ। ਇਤ ਸਤਿਗੁਰ ਢਿਗ ਸਿਖ ਪਹੁੰਚਯੋ।
ਜਮਾਦਾਰ ਢਿਗ ਪਹੁੰਚਯੋ ਸੋਇ। ਭਾਖਯੋ ਮਿਲਿਨਿ ਗੁਰੂ ਸੰਗ ਹੋਇ ॥ ੧੯ ॥

ਓਧਰ ਨੌਰੰਗਾ ਇਸ ਤਰ੍ਹਾਂ ਕਰ ਰਿਹਾ ਸੀ, ਏਧਰ ਸਤਿਗੁਰੂ ਜੀ ਦੇ ਪਾਸ ਸਿੱਖ ਪਹੁੰਚਿਆ। ਉਹ ਪਹਿਲਾਂ ਦਰੋਗੇ ਪਾਸ ਪੁੱਜਾ ਤੇ ਉਸ ਨੇ ਗੁਰੂ ਜੀ ਨੂੰ ਮਿਲਣ ਵਾਸਤੇ ਪੁੱਛਿਆ ॥੧੯॥

ਡਰ ਤੁਰਕਨਿ ਤੇ ਕਰਿ ਉਰ ਮਾਂਹੀ। ਨਿਜ ਸੰਗ ਲੇ ਗਮਨਯੋਂ ਗੁਰ ਪਾਹੀ।
ਬੰਦਨਿ ਕਰਿ ਸਭਿ ਕਹੇ ਸੰਦੇਸ। 'ਸੁਧ ਹਿਤ ਆਯੋ ਸ਼ੀਘ੍ਰ ਵਿਸ਼ੇਸ਼' ॥ ੨੦ ॥

ਦਿਲ ਵਿਚ ਤੁਰਕਾਂ ਦਾ ਡਰ ਧਾਰ ਕੇ, ਦਰੋਗਾ ਉਸ ਸਿੱਖ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਪਾਸ ਪੁੱਜਾ। ਉਸ ਨੇ ਬੰਦਨਾ ਕਰਕੇ ਸਾਰੇ ਸੰਦੇਸ਼ ਕਹੇ, "ਖ਼ਬਰ ਲੈਣ ਵਾਸਤੇ ਮੈਂ ਵਿਸ਼ੇਸ਼ ਤੌਰ ਤੇ ਬਹੁਤ ਛੇਤੀ ਆਇਆ ਹਾਂ" ॥੨੦॥

ਤਬਿ ਸਤਿਗੁਰ ਸਭਿ ਬਿਧਿ ਸਮੁਝਾਯੋ। 'ਅੰਤ ਸਮਾ ਤਨ ਕੋ ਅਬਿ ਆਯੋ।
ਰਹੋ ਠੌਰ ਕਾਰਾਗ੍ਰਿਹ ਨੇਰੇ। ਸੀਸ ਆਇ ਝੋਰੀ ਬਿਚ ਤੇਰੇ ॥ ੨੧ ॥

ਤਦ ਸਤਿਗੁਰੂ ਜੀ ਨੇ ਉਸਨੂੰ ਸਭ ਵਿਧੀਆਂ ਨਾਲ ਸਮਝਾਇਆ, "ਉਨ੍ਹਾਂ ਦਾ ਅੰਤ ਸਮਾਂ ਹੁਣ ਆ ਪੁੱਜਾ ਹੈ। ਇਸ ਲਈ ਕੈਦਖਾਨੇ ਦੇ ਨੇੜੇ ਖੜੇ ਰਹੋ। ਮੇਰਾ ਸੀਸ ਤੇਰੀ ਝੋਲੀ ਵਿਚ ਆ ਡਿੱਗੇਗਾ ॥੨੧॥

ਬਿਨਾ ਤ੍ਰਾਸ ਬਿਨ ਬਿਲਮ ਸਿਧਾਰੋ। ਪਹੁੰਚਿ ਅਨੰਦਪੁਰਿ ਮਹਿਂ ਸਸਕਾਰੋ।
ਭਲੇ ਸਮੈਂ ਪਹੁੰਚਯੋ ਅਬਿ ਆਇ। ਸੀਸ ਹਮਾਰੋ ਲੇ ਪਹੁੰਚਾਇ' ॥ ੨੨ ॥

ਕਿਸੇ ਡਰ ਅਤੇ ਦੇਰੀ ਤੋਂ ਬਗੈਰ ਫਿਰ ਚਲੇ ਜਾਵੋ ਤੇ ਅਨੰਦਪੁਰ ਪਹੁੰਚ ਕੇ ਉਸ ਸੀਸ ਦਾ ਸਸਕਾਰ ਕਰ ਦੇਵੋ। ਤੂੰ ਯੋਗ ਅਤੇ ਭਲੇ ਸਮੇਂ ਏਥੇ ਆ ਪਹੁੰਚਾ ਹੈਂ। ਸਾਡਾ ਸੀਸ ਲੈ ਕੇ ਪਹੁੰਚਾ ਦੇਵੋ" ॥੨੨॥

ਸੁਨਿਕੈ ਜਮਾਦਾਰ ਸਿਖ ਦੋਇ। ਚਲਜੋ ਦ੍ਰਿਗਨਿ ਤੇ ਜਲ ਤਬਿ ਰੋਇ।
ਗੁਰ ਸਮੁਝਾਏ 'ਧੀਰ ਧਰੀਜੈ'। ਪਰਮੇਸੁਰ ਕਹੁ ਸਿਮਰਨ ਕੀਜੈ' ॥ ੨੩ ॥

ਇਹ ਸੁਣ ਕੇ ਦਰੋਗੇ ਅਤੇ ਸਿੱਖ ਦੋਵਾਂ ਦੇ ਨੈਣਾਂ ਵਿਚੋਂ ਰੋਣ ਨਾਲ ਜਲ ਵਹਿ ਤੁਰਿਆ। ਗੁਰੂ ਜੀ ਨੇ ਸਮਝਾਇਆ 'ਧੀਰਜ ਰੱਖੋ' ਪ੍ਰਭੂ ਦਾ ਸਿਮਰਨ ਕਰੋ" ॥੨੩॥

ਨਿਕਟਿ ਸੇਵ ਹਿਤ ਸਿਖ ਗੁਰਦਿੱਤਾ। ਤਿਸ ਕੋ ਧੀਰਜ ਬਹੁ ਬਿਧਿ ਦਿੱਤਾ।
'ਹਮਰੇ ਪਾਛੈ ਛੋਰਹਿਂ ਤੋਹਿ। ਕਰਹੁ ਤਥਾ ਜਿਮ ਉਰ ਮੈਂ ਹੋਇ' ॥ ੨੪ ॥

ਸੇਵਾ ਵਾਸਤੇ ਨੇੜੇ ਭਾਈ ਗੁਰਦਿੱਤਾ ਸਿੱਖ ਸੀ, ਉਸ ਨੂੰ ਬਹੁਤ ਪ੍ਰਕਾਰ ਧੀਰਜ ਦਿੱਤਾ ਅਤੇ ਕਿਹਾ, "ਆਪਣੇ ਜਾਣ ਤੋਂ ਬਾਅਦ ਅਸੀਂ ਤੈਨੂੰ ਖੁਲ੍ਹੀ ਛੁੱਟੀ ਦਿੰਦੇ ਹਾਂ, ਉਸ ਤਰ੍ਹਾਂ ਹੀ ਕਰੋ ਜਿਵੇਂ ਤੇਰੇ ਦਿਲ ਵਿਚ ਹੋਵੇ" ॥੨੪॥

ਬੋਲਜੋ ਹਾਥ ਜੋਰਿ 'ਮਮ ਆਸਾ। ਇਤ ਉਤ ਰਹੌਂ ਆਪ ਕੋ ਪਾਸਾ।
ਨਹਿਂ ਪਾਛੇ ਮੈਂ ਜੀਵਨ ਕਰਿ ਹੌਂ। ਤਾਤਕਾਲ ਨਿਜ ਪ੍ਰਾਨਨ ਹਰਿਹੌਂ' ॥ ੨੫ ॥

ਭਾਈ ਗੁਰਦਿੱਤਾ ਫਿਰ ਹੱਥ ਜੋੜ ਕੇ ਬੋਲਿਆ, "ਏਧਰ ਓਧਰ ਆਪ ਜੀ ਦੇ ਪਾਸ ਰਹਾਂਗਾ, ਬਾਅਦ ਵਿਚ ਮੈਂ ਜੀਉਂਦਾ ਨਹੀਂ ਰਹਾਂਗਾ ਤੁਰਤ ਆਪਣੇ ਪ੍ਰਾਣ ਛੱਡ ਜਾਵਾਂਗਾ" ॥੨੫॥

ਸੁਨਿ ਸਤਿਗੁਰ ਤਿਹ ਬਾਕ ਬਖਾਨ। ਪੰਚ ਕੋਸ ਪੁਰਿ ਤੇ ਤੁਮ ਥਾਨਾ।
ਭਾਈ ਬਿੱਧ ਰਹਜੋ ਇਕ ਬਾਰੀ। ਗੁਰੂ ਗ੍ਵਾਲਿਯਰ ਕੇਰ ਮਝਾਰੀ ॥ ੨੬ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਇਸ ਨਗਰ ਤੋਂ ਪੰਜ ਕੋਹ ਦੂਰ ਤੁਹਾਡਾ ਇਕ ਸਥਾਨ ਹੈ, ਉਥੇ ਬਾਬਾ ਬੁੱਢਾ ਜੀ ਇਕ ਵਾਰ ਰਹੇ ਸਨ, ਜਦ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚ ਸਨ ॥੨੬॥

ਤਬਹਿ ਤੁਰੰਗਮ ਲੈ ਸੰਗ ਸਾਰੇ। ਤਹਿਂ ਥਿਰ ਕਰੇ ਤ੍ਰਿਣਲਿ ਕੋ ਚਾਰੇ।
ਤਹਾਂ ਜਾਇ ਤਜੀਅਹਿ ਨਿਜ ਪ੍ਰਾਨ। ਕੀਜਹਿ ਹਮਰੇ ਸੰਗ ਪਯਾਨ' ॥ ੨੭ ॥

ਤਦ ਉਹ ਸਾਰੇ ਘੋੜੇ ਲੈ ਕੇ ਉਥੇ ਠਹਿਰੇ ਸਨ ਤੇ ਘੋੜਿਆਂ ਨੂੰ ਘਾਹ ਚਾਰਦੇ ਸਨ। ਉਥੇ ਜਾ ਕੇ ਆਪਣੇ ਪ੍ਰਾਣ ਛੱਡ ਦੇਵੋ ਤੇ ਸਾਡੇ ਨਾਲ ਗੁਰੂ ਪੁਰੀ ਚਲੇ ਚਲੋ" ॥੨੭

ਇਮ ਕਹਿ ਸਭਿ ਕੋ ਦਿਯੋ ਹਟਾਇ। ਜਮਾਦਾਰ ਸਿਖ ਭੇ ਬਿਸਮਾਇ।
ਇਤਨੇ ਬਿਖੇ ਸਕਲ ਚਲਿ ਆਏ। ਅਧਮ ਸ਼ਾਹੁ ਦੇ ਤੇਗ ਪਠਾਏ ॥ ੨੮ ॥

ਇਸ ਤਰ੍ਹਾਂ ਕਹਿ ਕੇ ਸਭ ਨੂੰ ਹਟਾ ਦਿੱਤਾ। ਦਰੋਗਾ ਤੇ ਉਹ ਸਿੱਖ ਬਹੁਤ ਹੈਰਾਨ ਹੋਏ। ਏਨੇ ਵਿਚ ਸਾਰੇ ਮੁਲਾਣੇ ਚਲ ਕੇ ਆ ਗਏ, ਨੀਚ ਬਾਦਸ਼ਾਹ ਨੇ ਜਿਨ੍ਹਾਂ ਨੂੰ ਤਲਵਾਰ ਦੇ ਕੇ ਭੇਜਿਆ ਸੀ ॥੨੮॥

ਪਿਖਿ ਸਤਿਗੁਰ ਕੋ ਕੀਨਿ ਬਖਾਨ। 'ਜਿਮ ਤੁਮ ਕਹਜੋ ਸ਼ਾਹੁ ਸੁਨਿ ਕਾਨ।
ਅਜ਼ਮਤ ਨਾਮ ਹੇਤੁ ਪਤਿਆਵਨ। ਨਰਬ੍ਰਿੰਦਨ ਕੋ ਕੀਨਿ ਪਠਾਵਨ ॥ ੨੯ ॥

ਸਤਿਗੁਰੂ ਜੀ ਨੂੰ ਵੇਖ ਕੇ ਉਨ੍ਹਾਂ ਕਿਹਾ, "ਜਿਸ ਤਰ੍ਹਾਂ ਤੁਸੀਂ ਕਿਹਾ ਹੈ, ਬਾਦਸ਼ਾਹ ਨੇ ਕੰਨਾਂ ਨਾਲ ਸੁਣਿਆ ਹੈ, ਤੁਹਾਡੇ ਕਰਾਮਾਤੀ ਨਾਮ ਨੂੰ ਪਰਖਣ ਵਾਸਤੇ, ਬਹੁਤ ਮਨੁੱਖਾਂ ਨੂੰ ਭੇਜਿਆ ਹੈ ॥੨੯॥

ਕਜੋਂ ਨਾਹਕ ਨਿਜ ਪ੍ਰਾਨ ਬਿਨਾਸਹੁ। ਮਾਨਹੁ ਸ਼ਰ੍ਹਾ ਸੁ ਜਿਯਨ ਬਿਲਾਸਹੁ'।
ਕਹਜੋ ਗੁਰੂ 'ਇਹ ਤੇਗ ਜੁ ਐਹੈ। ਨਹਿਂ ਕਾਗਦ ਕੋ ਛੇਦਿ ਸਕੈ ਹੈ ॥ ੩੦ ॥

ਕਿਉਂ ਖਾਹਮਖਾਹ ਆਪਣੇ ਪ੍ਰਾਣਾਂ ਦਾ ਨਾਸ਼ ਕਰਵਾਉਂਦੇ ਹੋ। ਸ਼ਰ੍ਹਾ ਨੂੰ ਮੰਨ ਲਵੋ ਤੇ ਆਪਣੇ ਜੀਵਨ ਵਿਚ ਅਨੰਦ ਬਿਲਾਸ ਕਰੋ।" ਗੁਰੂ ਜੀ ਨੇ ਕਿਹਾ, "ਇਹ ਜਿਹੜੀ ਤੁਹਾਡੀ ਤਲਵਾਰ ਹੈ ਇਹ ਕਾਗਜ਼ ਵਿਚ ਵੀ ਛੇਕ ਨਹੀਂ ਕਰ ਸਕਦੀ ਹੈ॥੩੦॥

ਹਮਰੋ ਕਹਜੋ ਸਾਚ ਹੀ ਜਾਨੋ। ਨਹਿਂ ਪ੍ਰਤੀਤ ਤੌ ਪਰਖਨ ਠਾਨਹੁਂ।
ਤਬਹਿ ਪਿੰਜਰੇ ਦ੍ਵਾਰ ਉਘਾਰਾ। ਨਿਕਸੇ ਵਹਿਰ ਬਿੱਗਜਾਨ ਉਦਾਰਾ॥ ੩੧॥

ਸਾਡਾ ਕਿਹਾ ਸੱਚਾ ਹੀ ਜਾਣੋ, ਨਹੀਂ ਭਰੋਸਾ ਆਉਂਦਾ ਤਾਂ ਪਰਖ ਲਵੋ।" ਤਦ ਫਿਰ ਲੋਹੇ ਦੇ ਪਿੰਜਰੇ ਦਾ ਦਰਵਾਜ਼ਾ ਖੋਲ੍ਹਿਆ ਫਿਰ ਅਪ੍ਰੋਖ ਗਿਆਨ ਦੇਣ ਵਿਚ ਉਦਾਰ ਸਖੀ ਭਾਵ ਗੁਰੂ ਤੇਗ ਬਹਾਦਰ ਜੀ ਬਾਹਰ ਨਿਕਲੇ॥੩੧॥

ਪੁਨ ਕਾਰਾਗ੍ਰਿਹ ਕੋ ਬਡ ਪੌਰ। ਸੋ ਨਿਕਸੇ ਸੋਢੀ ਸਿਰਮੌਰ।
ਲੋਕ ਹਜ਼ਾਰਹੁਂ ਸੁਨਿ ਸੁਨਿ ਆਏ। ਦੂਰ ਦੂਰ ਸਭ ਬਰਜਿ ਹਟਾਏ॥ ੩੨॥

ਫਿਰ ਕੁਤਵਾਲੀ ਦੇ ਵੱਡੇ ਦਰਵਾਜ਼ੇ ਤੇ ਆ ਕੇ ਸੋਢੀ ਸ਼ਿਰੋਮਣੀ ਬਾਹਰ ਆ ਗਏ। ਹਜ਼ਾਰਾਂ ਲੋਕ ਇਸ ਘਟਨਾ ਬਾਰੇ ਸੁਣ-ਸੁਣ ਆਏ ਤੇ ਸਾਰਿਆਂ ਨੂੰ ਵਰਜ-ਵਰਜ ਕੇ ਦੂਰ ਕਰ ਦਿੱਤਾ॥੩੨॥

ਹਿੰਦੂ ਬ੍ਰਿੰਦ ਤੁਰਕ ਸਮੁਦਾਏ। ਖਰੇ ਬਜ਼ਾਰ ਬਿਖੈ ਬਿਸਮਾਏ।
ਨਿਕਟਿ ਕੂਪ ਲਘੁ, ਤਿਸ ਥਲ ਗਏ। ਜਲ ਨਿਕਸਾਯੋ ਮੱਜਨ ਕਿਏ॥ ੩੩॥

ਬਹੁਤ ਹਿੰਦੂ ਤੁਰਕ ਇਕੱਠੇ ਹੋਏ, ਸਾਰੇ ਬਜ਼ਾਰ ਵਿਚ ਖਲੋ ਕੇ ਹੈਰਾਨ ਹੋ ਰਹੇ ਸਨ। ਕੁਤਵਾਲੀ ਦੇ ਨੇੜੇ ਹੀ ਇਕ ਛੋਟਾ ਖੂਹ ਸੀ, ਗੁਰੂ ਜੀ ਉਸ ਸਥਾਨ ਤੇ ਗਏ। ਖੂਹੀ ਵਿਚੋਂ ਪਾਣੀ ਕੱਢ ਕੇ ਇਸ਼ਨਾਨ ਕੀਤਾ॥੩੩॥

ਜਪੁਜੀ ਪਾਠ ਕਰਨਿ ਪੁਨ ਲਾਗੇ। ਬੈਠੇ, ਹੁਤੋ ਬਿਰਛ ਤਿਸ ਆਗੇ।
ਕਹਜੋ 'ਜਬਹਿ ਹਮ ਸੀਸ ਨਿਵਾਇਂ। ਤਬਿ ਦੇਖਹੁ, ਤੁਮ ਤੇਗ਼ ਚਲਾਇ' ॥੩੪॥

ਫਿਰ ਉਹ ਜਪੁਜੀ ਸਾਹਿਬ ਦਾ ਪਾਠ ਕਰਨ ਲੱਗ ਗਏ। ਖੂਹੀ ਦੇ ਅੱਗੇ ਇਕ ਬ੍ਰਿਛ ਸੀ, ਉਥੇ ਉਹ ਬ੍ਰਿਛ ਦੇ ਅੱਗੇ ਬੈਠ ਗਏ। ਗੁਰੂ ਜੀ ਨੇ ਕਿਹਾ, "ਜਦ ਅਸੀਂ ਸੀਸ ਨਿਵਾਈਏ, ਤਦ ਸਾਡੇ ਵਲ ਵੇਖੋ, ਤੁਸੀਂ ਫਿਰ ਤਲਵਾਰ ਦਾ ਵਾਰ ਚਲਾਵੋ" ॥੩੪॥

ਇਮ ਕਹਿ ਸਤਿਗੁਰ ਤਰੁਵਰੁ ਤਰੇ। ਬੈਠਿ ਅਡੋਲ ਪਾਠ ਜਪ ਕਰੇ।
ਮੱਘ੍ਰ ਪੰਚਮੀ ਸੁਦੀ ਪਛਾਨਹੁਂ। ਸੁਰਗੁਰਵਾਰ ਤਬਹਿ ਪਹਿਚਾਨਹੁਂ॥ ੩੫॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਦਰੱਖਤ ਦੇ ਥੱਲੇ ਅਡੋਲ ਬੈਠੇ ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ। ਮਘਰ ਸੁਦੀ ਪੰਜਵੀਂ ਪਛਾਣੋ ਤੇ ਵੀਰਵਾਰ ਦਾ ਤਦ ਦਿਨ ਜਾਣੋ॥੩੫॥

ਸੰਮਤ ਸੱਤਰਾਂ ਸੈ ਬੱਤੀਸਾ। ਭਾਣਾ ਵਰਤਾਯੋ ਜਗਦੀਸ਼ਾ।
ਸੀਸ ਦੀਯੋ ਪਰ ਸਿਰਰ ਨ ਦੀਨਾ। ਧਰਮ ਸੁ ਰਾਖਜੋ ਸਰਬ ਪ੍ਰਬੀਨਾ॥ ੩੬॥

ਸੰਮਤ ਸਤਾਰਾਂ ਸੌ ਬੱਤੀ ਸੀ ਜਦ ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦੀ ਦਾ ਭਾਣਾ ਵਰਤਾਇਆ। ਗੁਰੂ ਜੀ ਨੇ ਆਪਣਾ ਸੀਸ ਦੇ ਦਿੱਤਾ ਪਰ ਸਿਰੜ ਨਾ ਛੋਡਿਆ ਤੇ ਸਰਬ ਉੱਤਮ ਧਰਮ ਨੂੰ ਰੱਖ ਲਿਆ॥੩੬॥

ਢਰਜੋ ਦੁਪਹਿਰਾ ਜਬਿ ਇਕ ਘਰੀ। ਜਪਜੀ ਪਠਤਿ ਸੁ ਪੂਰੀ ਕਰੀ।
ਭੋਗ ਪਾਇ ਜਬਿ ਸੀਸ ਨਿਵਾਯੋ। ਪੁਨ ਊਪਰ ਕੋ ਜਬਹਿ ਉਠਾਯੋ॥ ੩੭॥

ਜਦ ਇਕ ਘੜੀ ਦੁਪਹਿਰ ਢਲੀ ਤਾਂ ਜਪੁਜੀ ਸਾਹਿਬ ਦੇ ਪਾਠ ਨੂੰ ਪੂਰਾ ਕੀਤਾ। ਜਪੁਜੀ ਸਾਹਿਬ ਦਾ ਭੋਗ ਪਾ ਕੇ ਜਦ ਸਿਰ ਨਿਵਾਇਆ ਤੇ ਫਿਰ ਉੱਪਰ ਵਲ ਜਦ ਚੁਕਿਆ॥੩੭॥

ਸਈਯਦ ਤਬਿ ਕਰਿ ਕੈ ਬਲ ਬਾਹੂ। ਤੇਗ ਪ੍ਰਹਾਰਿ ਤਾਕਿ ਗਰ ਮਾਂਹੂ।
ਕਰੀ ਚਲਾਵਨਿ ਗਈ ਨ ਤਹਿਂ ਲੌ। ਧਰ ਤੇ ਸਿਰ ਉਤਰਯੋ ਗੁਰ ਪਹਿਲੌਂ ॥੩੮॥

ਸੱਯਦ ਨੇ ਫਿਰ ਬਾਹਾਂ ਦਾ ਬਲ ਧਾਰ ਕੇ ਤਲਵਾਰ ਦਾ ਵਾਰ ਉਨ੍ਹਾਂ ਦੇ ਗਲ ਦੇ ਉੱਤੇ ਕੀਤਾ। ਤਲਵਾਰ ਚਲਾਈ ਪਰ ਉਹ ਗੁਰੂ ਜੀ ਦੇ ਗਲ ਤਕ ਪਹੁੰਚੀ ਨਹੀਂ, ਗੁਰੂ ਜੀ ਦਾ ਸੀਸ ਧੜ ਤੋਂ ਪਹਿਲਾਂ ਹੀ ਉੱਤਰ ਗਿਆ ॥੩੮॥

ਫੋਕੋ ਵਾਰ ਝਟਕ ਭੁਜ ਪਰੀ। ਲਗੀ ਨ ਗ੍ਰੀਵਾ ਮਹਿਂ, ਉਰ ਧਰੀ।
ਉਡਯੋ ਸੀਸ ਹੁਇ ਅੰਤਰ ਧਯਾਨਾ। ਬਹੀ ਅੰਧੇਰੀ ਧੂਲ ਮਹਾਨਾ ॥੩੯॥

ਫੋਕਾ ਵਾਰ ਜਾਣ ਕਰਕੇ ਬਾਹਾਂ ਨੂੰ ਝਟਕਾ ਵੱਜਾ, ਤਲਵਾਰ ਗਲ ਨੂੰ ਲੱਗੀ ਨਹੀਂ ਸੀ, ਹਿਰਦੇ ਵਿਚ ਡਰ ਧਾਰਨ ਕੀਤਾ। ਅੰਤਰ ਧਿਆਨ ਹੋ ਕੇ ਸੀਸ ਉੱਡ ਗਿਆ। ਬਹੁਤ ਹਨੇਰੀ ਵਗੀ ਤੇ ਮਹਾਨ ਧੂੜ ਉੱਡੀ ॥੩੯॥

ਸਭਿ ਕੇ ਮੁੰਦੇ ਬਿਲੋਚਨ ਐਸੇ। ਕਛੂ ਬਿਲੋਕਯੋ ਜਾਇ ਨ ਜੈਸੇ।
ਹਾਇ ਹਾਇ ਸਭਿ ਤਿਹ ਛਿਨ ਕੀਨਾ। 'ਬਡ ਅਪਰਾਧ ਤੁਰਕਪਤਿ ਲੀਨਾ' ॥੪੦॥

ਸਾਰਿਆਂ ਦੇ ਨੈਣ ਇਸ ਤਰ੍ਹਾਂ ਬੰਦ ਹੋ ਗਏ ਕਿ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਉਸ ਸਮੇਂ ਸਾਰਿਆਂ ਨੇ ਹਾਇ ਹਾਇ ਕੀਤਾ ਤੇ ਕਿਹਾ, "ਬਾਦਸ਼ਾਹ ਨੇ ਬਹੁਤ ਵੱਡਾ ਅਪਰਾਧ ਕੀਤਾ ਹੈ" ॥੪੦॥

ਧਰਕ ਉਠੀ ਸਭਿ ਕੀ ਤਬਿ ਛਾਤੀ। ਲਖਯੋ ਰਿਦੇ, ਭਾ ਬਡ ਉਤਪਾਤੀ।
ਤਿਹ ਸਿਖ ਕੀ ਬੋਰੀ ਸਿਰ ਆਯਹੁ। ਤ੍ਰਸਤਿ ਹੋਇ ਤਿਨ ਭਲੇ ਛਪਾਯਹੁ ॥੪੧॥

ਸਾਰਿਆਂ ਦੀਆਂ ਫਿਰ ਛਾਤੀਆਂ ਧੜਕ ਉੱਠੀਆਂ। ਨੌਰੰਗੇ ਨੂੰ ਆਪਣਿਆਂ ਹਿਰਦਿਆਂ ਵਿਚ ਵੱਡਾ ਪਾਪੀ ਸਮਝਿਆ। ਉਸ ਸਿੱਖ ਦੀ ਝੋਲੀ ਵਿਚ ਸੀਸ ਜਾ ਕੇ ਡਿੱਗ ਪਿਆ। ਉਸ ਡਰਦੇ ਹੋਏ ਨੇ ਸੀਸ ਨੂੰ ਚੰਗੀ ਤਰ੍ਹਾਂ ਲੁਕਾ ਲਿਆ ॥੪੧॥

ਹਟਿ ਕਿਸਹੂੰ ਕੀ ਦਿਸ਼ਿ ਨਹਿਂ ਦੇਖਾ। ਨਿਕਸਯੋ ਪੁਰਿ ਤੇ ਸ਼ੀਘ੍ਰ ਵਿਸ਼ੇਖਾ।
ਜਿਤਿਕ ਬੇਗ ਬਪੁ ਮਹਿਂ ਬਲ ਜੇਤਾ। ਗਮਨਯੋ ਮਾਰਗ ਮਹਿਂ ਕਰਿ ਤੇਤਾ ॥੪੨॥

ਵਾਪਸ ਮੁੜ ਕੇ ਫਿਰ ਉਸ ਕਿਸੇ ਵਲ ਨਾ ਵੇਖਿਆ ਤੇ ਛੇਤੀ ਹੀ ਸਾਰੇ ਨਗਰ ਵਿਚੋਂ ਨਿਕਲ ਕੇ ਬਾਹਰ ਆ ਗਿਆ। ਜਿੰਨਾ ਵੀ ਸਰੀਰ ਵਿਚ ਬਲ ਤੇ ਵੇਗ ਸੀ, ਓਨੀ ਹੀ ਸ਼ਕਤੀ ਲਾ ਕੇ ਰਾਹੇ-ਰਾਹ ਭੱਜ ਤੁਰਿਆ ॥੪੨॥

ਨਿਸ ਬਾਸੁਰ ਮਹਿਂ ਕੀਨਿ ਪਯਾਨਾ। ਨਹਿਂ ਬਿਸਰਾਮ ਕੀਨਿ ਕਿਸ ਥਾਨਾ।
ਸਿਮਰਤਿ ਗੁਰੂ ਗ਼ਰੀਬ ਨਿਵਾਜ। 'ਰਾਖਹੁ ਨਿਜ ਦਾਸਨ ਕੀ ਲਾਜ' ॥੪੩॥

ਦਿਨ ਰਾਤ ਉਹ ਚਲਦਾ ਰਿਹਾ ਤੇ ਕਿਸੇ ਥਾਂ ਵੀ ਵਿਸ਼ਰਾਮ ਨਹੀਂ ਕੀਤਾ ਤੇ ਗੁਰੂ ਗ਼ਰੀਬ ਨਿਵਾਜ ਦਾ ਸਿਮਰਨ ਕਰਦਾ ਜਾਂਦਾ ਸੀ ਤੇ ਕਹਿੰਦਾ ਸੀ, "ਆਪਣੇ ਸੇਵਕਾਂ ਦੀ ਲਾਜ ਰੱਖੋ" ॥੪੩॥

ਨਿਕਸਿ ਗਯੋ ਪੁਰਿ ਤੇ ਸਿਖ ਜਬੈ। ਬਹੀ ਅੰਧੇਰੀ ਮਿਟਿਗੀ ਤਬੈ।
ਧਰ ਪਰ ਧਰ ਸਭਿ ਨਰਨਿ ਨਿਹਾਰਾ। ਨਹੀਂ ਸੀਸ, ਲਖਿਕੈ ਡਰ ਧਾਰਾ ॥੪੪॥

ਜਦ ਸਿੱਖ ਨਗਰ ਵਿਚੋਂ ਬਾਹਰ ਨਿਕਲ ਗਿਆ ਤਾਂ ਵੱਗ ਰਹੀ ਹਨੇਰੀ ਬੰਦ ਹੋ ਗਈ। ਧਰਤੀ ਉੱਤੇ ਪਏ ਧੜ ਨੂੰ ਸਭ ਲੋਕਾਂ ਨੇ ਵੇਖਿਆ ਤੇ ਸੀਸ ਨੂੰ ਨਾ ਵੇਖ ਕੇ ਡਰ ਧਾਰਨ ਕੀਤਾ ॥੪੪॥

ਬਾਰ੍ਹਵੀਂ ਰਾਸ ਦਾ ਪੈਂਠਵਾਂ ਅਧਿਆਇ ਸਮਾਪਤ ਹੋਇਆ ॥੬੫॥

# ਅਧਿਆਇ ਛਿਆਨਵਾਂ

## ਸੱਚਖੰਡ ਪ੍ਰਵੇਸ਼

ਦੋਹਰਾ- ਬ੍ਰਹਮਾਦਿਕ ਮਘਵਾ ਅਮਰ ਆਇ ਗਗਨ ਮਹਿਂ ਛਾਇ।
ਹੇਰਹਿਂ ਅਚਰਜਕੋ ਧਰੈਂ ਮਿਲਤਿ ਭਏ ਸਮੁਦਾਇ॥ ੧॥

ਬ੍ਰਹਮਾ, ਇੰਦਰ ਆਦਿ ਦੇਵਤੇ ਅਕਾਸ਼ ਵਿਚ ਆ ਕੇ ਛਾ ਗਏ। ਵੇਖ ਕੇ ਅਸਚਰਜਤਾ ਧਾਰਨ ਕਰਦੇ ਸਨ ਤੇ ਇਕੱਠੇ ਹੋ ਹੋ ਮਿਲ ਰਹੇ ਸਨ॥੧॥

ਚੌਪਈ- ਸਿਰ ਦੇ ਹਿੰਦੁਨਿ ਧਰਮ ਉਬਾਰਹਿਂ। ਤੁਰਕ ਰਾਜ ਕੀ ਜਰਾਂ ਉਖਾਰਹਿਂ।
ਬਡ ਉਤਸਾਹੁ ਕਰਤਿ ਸਭਿ ਆਏ। 'ਜੈ ਗੁਰੁ ਜੈ ਗੁਰੁ' ਮੁਖਹੁਂ ਅਲਾਏ॥੨॥

ਸਿਰ ਦੇ ਕੇ ਹਿੰਦੂ ਧਰਮ ਨੂੰ ਬਚਾ ਲੈਣਗੇ ਤੇ ਤੁਰਕ ਰਾਜ ਦੀਆਂ ਜੜ੍ਹਾਂ ਉਖਾੜ ਦੇਣਗੇ। ਵੱਡਾ ਉਤਸ਼ਾਹ ਕਰਦੇ ਹੋਏ ਸਭ ਆਏ ਤੇ "ਗੁਰੂ ਜੀ ਦੀ ਜੈ, ਗੁਰੂ ਜੀ ਦੀ ਜੈ" ਮੁਖ ਤੋਂ ਕਹਿ ਰਹੇ ਸਨ॥੨॥

'ਧੰਨ ਗੁਰੂ, ਤੁਮ ਬਿਨ ਅਸ ਕਾਜੁ। ਅਪਰ ਕਰਹਿ ਕੋ ਦਿਖਿਯ ਨ ਆਜੁ।
ਹਿੰਦੂ ਧਰਮ ਜਗ ਲਿਯੋ ਬਚਾਇ। ਸਭਿ ਸੁਰ ਗਨ ਕੀ ਕੀਨਿ ਸਹਾਇ॥੩॥

"ਧੰਨ ਗੁਰੂ ਜੀ, ਤੁਹਾਡੇ ਵਰਗਾ ਐਸਾ ਕਾਰਜ, ਹੋਰ ਕੋਈ ਕਰੇ ਐਸਾ ਅੱਜ ਕੋਈ ਵਿਖਾਈ ਨਹੀਂ ਦਿੰਦਾ ਹੈ। ਹਿੰਦੂ ਧਰਮ ਨੂੰ ਤੁਸੀਂ ਬਚਾ ਲਿਆ ਹੈ, ਸਾਰੇ ਦੇਵਤਿਆਂ ਦੀ ਤੁਸੀ ਸਹਾਇਤਾ ਕੀਤੀ ਹੈ॥੩॥

ਜੋ ਜਗ ਬਿਖੈ ਨ ਹਿੰਦੂ ਰਹਿਤੇ। ਸੁਰ ਹਿਤ ਹਮਨ ਕੌਨ ਨਿਰਬਹਿਤੇ।
ਬਜਾਹਿ ਆਦਿ ਤਿਸ ਮਹਿਂ ਜੋ ਕਰੈਂ। ਸੋ ਅਹਾਰ ਹਮਰੇ ਮੁਖ ਪਰੈ॥੪॥

ਜੇ ਜਗਤ ਵਿਚ ਹਿੰਦੂ ਨਾ ਰਹਿੰਦੇ ਤਾਂ ਦੇਵਤਿਆਂ ਵਾਸਤੇ ਹਵਨ ਕੌਣ ਕਰਦਾ। ਵਿਆਹ ਆਦਿ ਜਿਸ ਵਿਚ ਹਵਨ ਕਰਦੇ ਹਨ, ਉਹ ਭੋਜਨ ਸਾਡੇ ਮੁਖ ਵਿਚ ਪੈਂਦਾ ਹੈ॥੪॥

ਕਾਜ ਅਨਿਕ ਮਹਿਂ ਹਮਨ ਕਰੰਤੇ। ਸੋ ਸੁਰ ਗਨ ਕੋ ਤ੍ਰਿਪਤ ਧਰੰਤੇ।
ਯਾਂਤੇ ਹਿੰਦੂ ਗਨ ਅਰੁ ਦੇਵ। ਰਾਖਨ ਕਰੇ ਪ੍ਰਭੁ ਗੁਰ ਦੇਵ'॥ ੫॥

ਅਨੇਕਾਂ ਕਾਰਜਾਂ ਵਿਚ ਹਵਨ ਕਰਦੇ ਹਨ, ਉਹ ਸਾਰੇ ਦੇਵਤਿਆਂ ਨੂੰ ਤ੍ਰਿਪਤ ਕਰਦੇ ਹਨ। ਇਸ ਕਰਕੇ ਸਾਰੇ ਹਿੰਦੂ ਅਤੇ ਦੇਵਤੇ ਪ੍ਰਭੂ ਗੁਰੂ ਦੇਵ ਨੇ ਰੱਖ ਲਏ ਹਨ"॥੫॥

ਇਮ ਆਪਸ ਮਹਿਂ ਕਹਿਂ ਸੁਰ ਸਾਰੇ। ਰੁਚਿਰ ਬਿਮਾਨ ਲਜਾਇ ਤਿਸ ਬਾਰੇ।
ਮਣਿ ਗਨ ਖਚਿਤ ਸੁ ਮੁਕਤਾ ਲਰੀ। ਝਾਲਰ ਲਰਕਤਿ ਚਹੁੰ ਦਿਸ਼ ਖਰੀ॥੬॥

ਸਾਰੇ ਦੇਵਤੇ ਇਸ ਤਰ੍ਹਾਂ ਆਪਸ ਵਿਚ ਕਹਿੰਦੇ ਸਨ ਤੇ ਗੁਰੂ ਜੀ ਵਾਸਤੇ ਬੜਾ ਸੁੰਦਰ ਬਿਬਾਣ ਉਸ ਸਮੇਂ ਲੈ ਕੇ ਆਏ। ਉਸ ਬਿਬਾਣ ਨੂੰ ਬਹੁਤ ਹੀਰੇ ਜਵਾਹਰ ਲੱਗੇ ਹੋਏ ਸਨ ਤੇ ਮੋਤੀਆਂ ਦੀਆਂ ਲੜੀਆਂ ਲਗੀਆਂ ਹੋਈਆਂ ਸਨ ਤੇ ਚਾਰੇ ਪਾਸੇ ਸੁੰਦਰ ਝਾਲਰਾਂ ਲਮਕ ਰਹੀਆਂ ਸਨ॥੬॥

ਮਹਾਂ ਪ੍ਰਕਾਸ਼ ਗਗਨ ਮਹਿਂ ਹੋਵਾ। ਸ਼ੁੱਧ ਆਤਮਾ ਕਿਨਹੂੰ ਜੋਵਾ।
ਚਢਿ ਬਿਵਾਨ ਮਹਿਂ ਗੁਰੂ ਬਿਰਾਜੇ। ਚਹੁੰ ਦਿਸ਼ਿ ਹੈ ਕਰਿ ਦੇਵ ਸਮਾਜੇ॥ ੭॥

ਅਕਾਸ਼ ਵਿਚ ਮਹਾਨ ਪ੍ਰਕਾਸ਼ ਹੋਇਆ, ਜਿਸ ਨੂੰ ਕਿਸੇ ਕਿਸੇ ਸ਼ੁੱਧ ਆਤਮਾ ਨੇ ਵੇਖਿਆ। ਗੁਰੂ ਜੀ ਬਿਬਾਣ ਵਿਚ ਚੜ੍ਹ ਕੇ ਬੈਠ ਗਏ ਤੇ ਬਿਬਾਣ ਦੇ ਚਾਰੇ ਪਾਸੇ ਦੇਵਤੇ ਹੋ ਗਏ॥੭॥

ਕਰਤਿ ਪ੍ਰਸ਼ੰਸ਼ਾ ਅਨਿਕ ਪ੍ਰਕਾਰਾ। 'ਸ਼੍ਰੀ ਗੁਰ ਤੁਮਰੇ ਚਰਿਤ ਅਪਾਰਾ।
ਨਹਿਂ ਕੋ ਜਾਨੈ ਭੇਵ ਉਦਾਰੇ। ਗੁਨ ਗਨ ਧਰਿ ਹੋ ਵਾਰ ਨ ਪਾਰੇ॥ ੮॥

ਉਹ ਅਨੇਕ ਪ੍ਰਕਾਰ ਪ੍ਰਸੰਸਾ ਕਰਦੇ ਸਨ, ਕਹਿੰਦੇ ਸਨ, "ਹੇ ਗੁਰੂ ਜੀ ਤੁਹਾਡਾ ਚਰਿਤਰ ਮਹਾਨ ਹੈ, ਤੁਹਾਡੇ ਉਦਾਰ ਭੇਦਾਂ ਨੂੰ ਕੋਈ ਜਾਣ ਨਹੀਂ ਸਕਦਾ। ਬਹੁਤ ਵੱਡੇ ਤੁਸੀਂ ਗੁਣ ਧਾਰਨ ਕੀਤੇ ਹਨ, ਜਿਨ੍ਹਾਂ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ॥੮॥

ਜਬਹਿ ਮ੍ਰਿਜਾਦਾ ਜਗ ਬਿਗਰੈ ਹੈ। ਤਬਿ ਤੁਮਰੇ ਅਵਤਾਰ ਸੁ ਹ੍ਵੈ ਹੈਂ।
ਕੁਛ ਅਚਰਜ ਇਹੁ ਨਹੀਂ ਤੁਮਾਰੇ। ਧਰਹੁ ਧਰਮ ਕੀ ਨਿਤ ਪ੍ਰਤਿਪਾਰੇ॥ ੯॥

ਜਦ ਵੀ ਜਗਤ ਦੀ ਮਰਯਾਦਾ ਵਿਗੜਦੀ ਹੈ ਤਦ ਤੁਹਾਡਾ ਅਵਤਾਰ ਹੁੰਦਾ ਹੈ। ਤੁਹਾਡਾ ਇਸ ਤਰ੍ਹਾਂ ਕਰਨਾ ਕੋਈ ਅਸਚਰਜ ਵਾਲੀ ਗੱਲ ਨਹੀਂ ਹੈ, ਤੁਸੀਂ ਨਿਤ ਧਰਮ ਦੀ ਪਾਲਣਾ ਕਰਦੇ ਹੋ॥੯॥

ਜੇਕਰਿ ਧਰਮ ਬਿਨਾਸ਼ੀ ਹੋਇ। ਹਮ ਸਮੇਤ ਜਗ ਰਹੈ ਨ ਕੋਇ।
ਪ੍ਰਥਮ ਕਰਹੁ ਉਤਪਤਿ ਸਭਿ ਕੇਰੀ। ਪੁਨ ਪ੍ਰਤਿਪਾਲਾ ਚਹਹੁ ਬਡੇਰੀ॥ ੧੦॥

ਜੇ ਧਰਮ ਦਾ ਨਾਸ਼ ਹੋ ਜਾਵੇ ਤਾਂ ਸਾਡੇ ਸਮੇਤ ਜਗ ਵਿਚ ਕੋਈ ਨਹੀਂ ਰਹਿੰਦਾ ਹੈ। ਪਹਿਲਾਂ ਸਾਰਿਆਂ ਦੀ ਉਤਪਤੀ ਕਰਦੇ ਹੋ, ਫਿਰ ਉਨ੍ਹਾਂ ਦੀ ਪ੍ਰਤਿਪਾਲਣਾ ਚੰਗੀ ਤਰ੍ਹਾਂ ਕਰਨੀ ਚਾਹੁੰਦੇ ਹੋ॥੧੦॥

ਬੇ ਮਿਰਜਾਦ ਕਰਹਿ ਤਿਹ ਮਾਰੋ। ਸਦਾ ਹੋਤਿ ਸਭਿ ਕੇ ਰਖਵਾਰੋ'
ਸੁਰਨਿ ਪ੍ਰਸੰਸਾ ਕੀਨਿ ਜਿਤੇਕ। ਕਹੌਂ ਕਹਾਂ ਲਗਿ ਕਰੌਂ ਬਿਬੇਕ॥ ੧੧॥

ਜਿਹੜਾ ਮਰਯਾਦਾ ਦੇ ਉਲਟ ਕਾਰਜ ਕਰਦਾ ਹੈ, ਉਸ ਨੂੰ ਮਾਰਦੇ ਹੋ, ਸਦਾ ਹੀ ਸਭ ਦੇ ਰਖਵਾਲੇ ਬਣਦੇ ਹੋ।" ਦੇਵਤਿਆਂ ਨੇ ਜਿੰਨੀ ਪ੍ਰਸੰਸਾ ਕੀਤੀ, ਕਿਥੋਂ ਤਕ ਵਿਚਾਰ ਕੇ ਕਹਾਂ॥੧੧॥

ਨਿਰਤ ਅਪਸਰਾਂ ਕਰਤਿ ਅਗਾਰੀ। ਗਾਵਤਿ ਹੋਤਿ ਕੁਲਾਹਲ ਭਾਰੀ।
'ਜੈ ਜੈ' ਕਰਤਿ ਜਾਤਿ ਸੰਗ ਸਾਰੇ। 'ਹਮ ਗੁਰ ਰਾਖੋ' ਮੁਖਹੁਂ ਉਚਾਰੇ॥ ੧੨॥

ਅੱਗੇ-ਅੱਗੇ ਪਰੀਆਂ ਨਾਚ ਕਰਦੀਆਂ ਜਾਂਦੀਆਂ ਸਨ ਤੇ ਉਨ੍ਹਾਂ ਦੇ ਗਾਉਣ ਨਾਲ ਭਾਰੀ ਕੁਲਾਹਲ ਮੱਚਿਆ ਹੋਇਆ ਸੀ। "ਜੈ ਜੈ" ਕਰਦੀਆਂ ਉਹ ਨਾਲ ਜਾ ਰਹੀਆਂ ਸਨ ਤੇ ਮੁਖ ਤੋਂ ਕਹਿੰਦੀਆਂ ਸਨ, "ਹੇ ਗੁਰੂ ਜੀ ਸਾਨੂੰ ਰੱਖ ਲਵੋ" ॥੧੨॥

ਸੱਚਖੰਡ ਕੋ ਚਲਯੋ ਬਿਮਾਨ। ਸਭਿ ਦਿਸ਼ਿ ਦੇਖਹਿਂ ਦਯਾ ਨਿਧਾਨ।
ਮ੍ਰਿਦੁ ਬਾਕਨ ਸੋਂ ਦੇ ਦੇ ਧੀਰਾ। ਕਰੀ ਬਿਨਾਸ਼ਨਿ ਸੁਰ ਗਨ ਪੀਰਾ॥ ੧੩॥

ਬਿਬਾਣ ਸੱਚਖੰਡ ਨੂੰ ਜਾ ਰਿਹਾ ਸੀ, ਦਇਆ ਨਿਧਾਨ ਭਾਵ ਗੁਰੂ ਜੀ ਸਭ ਪਾਸੇ ਵੇਖ ਰਹੇ ਸਨ। ਮਿੱਠੇ ਬਚਨ ਬੋਲ-ਬੋਲ ਕੇ ਗੁਰੂ ਜੀ ਦੇਵਤਿਆਂ ਨੂੰ ਧੀਰਜ ਦੇ ਰਹੇ ਸਨ ਤੇ ਉਨ੍ਹਾਂ ਨੇ ਸਾਰੇ ਦੇਵਤਿਆਂ ਦੇ ਦੁੱਖਾਂ ਦਾ ਨਾਸ਼ ਕਰ ਦਿੱਤਾ॥੧੩॥

'ਰਹੋ ਨਿਚਿੰਤ ਤੁਰਕ ਜਰ ਗਈ। ਰਾਜ ਤੇਜ ਦਿਨਪ੍ਰਤਿ ਬਿਨਸਈ।
ਗੁਰੂ ਗੋਬਿੰਦ ਪੰਥ ਉਪਜਾਵੈ। ਰਣ ਰਚਿ ਸਨੇ ਸਨੇ ਬਿਨਸਾਵੈ॥ ੧੪॥

ਗੁਰੂ ਜੀ ਕਹਿ ਰਹੇ ਸਨ, "ਨਿਸ਼ਚਿੰਤ ਰਹੋ, ਤੁਰਕਾਂ ਦੀ ਜੜ੍ਹ ਪੁੱਟੀ ਗਈ ਹੈ, ਰਾਜ ਦਾ ਤੇਜ ਪ੍ਰਤੀ ਦਿਨ ਨਾਸ਼ ਹੁੰਦਾ ਜਾਵੇਗਾ। ਗੁਰੂ ਗੋਬਿੰਦ ਸਿੰਘ ਨਵਾਂ ਪੰਥ ਪੈਦਾ ਕਰਨਗੇ, ਉਹ ਯੁੱਧਾਂ ਦੀ ਰਚਨਾਂ ਕਰਕੇ ਹੌਲੀ-ਹੌਲੀ ਖਤਮ ਕਰ ਦੇਣਗੇ ॥੧੪॥

ਨਹੀ ਨਗਾਰਬੰਦ ਕੋ ਰਹੈ। ਅਸ ਬਿਨਾਸ਼ ਦੁੱਸਹਿ ਕੋ ਲਹੈਂ।
ਸਾਦਰ ਸੁਰ ਸਭਿ ਦਏ ਹਟਾਈ। ਸ਼ਕਤਿ ਨ ਪਹੁੰਚਨਿ ਕੀ ਅਗੁਵਾਈ ॥੧੫॥

ਤੁਰਕਾਂ ਦਾ ਨਗਾਰਚੀ ਜਾਂ ਨਗਾਰਾ ਬੰਨ੍ਹਣ ਵਾਲਾ ਤਕ ਨਹੀਂ ਰਹੇਗਾ, ਇਸ ਤਰ੍ਹਾਂ ਦੇ ਭਿਆਨਕ ਨਾਸ਼ ਨੂੰ ਪ੍ਰਾਪਤ ਹੋਣਗੇ। ਆਦਰ ਨਾਲ ਫਿਰ ਸਾਰੇ ਦੇਵਤਿਆਂ ਨੂੰ ਵਾਪਸ ਭੇਜ ਦਿੱਤਾ। ਉਨ੍ਹਾਂ ਵਿਚ ਅੱਗੇ ਜਾਣ ਦੀ ਸ਼ਕਤੀ ਨਹੀਂ ਸੀ ॥੧੫॥

ਸਤਿਗੁਰ ਸੱਚਿਖੰਡ ਕੋ ਗਏ। ਥਿਰ ਹੁਇ ਸੁਰ ਜੈ ਜੈ ਬਚ ਕਿਏ।
ਅਬਿ ਦਿਲੀ ਪੁਰਿ ਕੀ ਜਿਮ ਕਥਾ। ਸ਼੍ਰੋਤਾ ਸੁਨਹੁ ਬਿਤੀ ਤਹਿੰ ਜਥਾ ॥੧੬॥

ਸਤਿਗੁਰੂ ਜੀ ਸੱਚਖੰਡ ਨੂੰ ਚਲੇ ਗਏ, ਦੇਵਤਿਆਂ ਨੇ ਖੜੇ ਹੋ ਕੇ 'ਜੈ ਜੈ' ਦੇ ਬਚਨ ਕਹੇ। ਹੁਣ ਦਿੱਲੀ ਨਗਰ ਵਿਚ ਜਿਵੇਂ ਪ੍ਰਸੰਗ ਹੋਇਆ, ਉਸ ਬਾਰੇ ਸੁਣੋ ਜਿਵੇਂ ਉਥੇ ਅੱਗੇ ਬੀਤੀ ॥੧੬॥

ਜਬਿ ਸਤਿਗੁਰ ਕੋ ਉਤਰਯੋ ਸੀਸ। ਔਚਕ ਹੌਲਯੋ ਰਿਦੈ ਦਿਲੀਸ਼।
ਧੂਲ ਕੰਕਰੀ ਖੀਂਚਤ ਪੌਨ। ਗਈ ਬੇਗ ਤੇ ਥਿਰ ਜਿਸ ਭੌਨ ॥੧੭॥

ਜਦ ਸਤਿਗੁਰੂ ਜੀ ਦਾ ਸੀਸ ਉੱਤਰ ਗਿਆ ਤਾਂ ਅਚਾਨਕ ਬਾਦਸ਼ਾਹ ਦੇ ਹਿਰਦੇ ਵਿਚ ਹੌਲ ਉੱਠਿਆ। ਧੂੜ ਅਤੇ ਕੰਕਰਾਂ ਨੂੰ ਖਿਚਦੀ ਹੋਈ ਪੌਣ ਬੜੇ ਜ਼ੋਰ ਨਾਲ ਉਥੇ ਪਹੁੰਚੀ ਜਿਸ ਘਰ ਵਿਚ ਨੌਰੰਗਾ ਟਿਕਿਆ ਹੋਇਆ ਸੀ ॥੧੭॥

ਸੋ ਥਲ ਹਾਲਯੋ ਤ੍ਰਾਸ ਉਪੰਨਾ। ਧੀਰ ਹੁਲਾਸ ਤੁਰਤ ਹੀ ਭੰਨਾ।
ਮਤਿ ਬਿਸਮਤਿ ਦੇਖਤਿ ਚਹੁੰ ਕੋਦ। ਤਤਛਿਨ ਹਨਯੋ ਬਿਨੋਦ ਪ੍ਰਮੋਦ ॥੧੮॥

ਉਹ ਸਥਾਨ ਹਿਲ ਗਿਆ ਤਾਂ ਬਹੁਤ ਡਰ ਉਤਪੰਨ ਹੋਇਆ ਤੇ ਧੀਰਜ ਤੇ ਖੁਸ਼ੀ ਤੁਰਤ ਹੀ ਦੂਰ ਹੋ ਗਈ। ਨੌਰੰਗਾ ਦਿਲ ਵਿਚ ਹੈਰਾਨ ਹੋਇਆ ਚਾਰੇ ਕੋਨਿਆਂ ਵਲ ਵੇਖ ਰਿਹਾ ਸੀ। ਤੁਰਤ ਅਨੰਦ ਤੇ ਵਿਲਾਸ ਦਾ ਨਾਸ਼ ਹੋ ਗਿਆ ॥੧੮॥

ਕਹਾਂ ਭਯੋ ਸੋਚਤਿ ਮਤਿ ਅੰਧਾ। ਮਨਹੁੰ ਆਨਿ ਜਮਦੂਤਨ ਬੰਧਾ।
ਉਸ਼ਟਨਿ ਪਰ ਜਿਹਬਾ ਬਹੁ ਫੇਰੈ। ਫੇਰਿ ਫੇਰਿ ਦਰ ਕੀ ਦਿਸ਼ਿ ਹੇਰੈ ॥੧੯॥

ਮੱਤ ਦਾ ਅੰਨ੍ਹਾ ਸੋਚਦਾ ਸੀ ਇਹ ਕੀ ਹੋ ਗਿਆ ਹੈ, ਮਾਨੋ ਜਮਦੂਤਾਂ ਨੇ ਆ ਕੇ ਬੰਨ੍ਹ ਲਿਆ ਸੀ। ਬੁਲ੍ਹਾਂ ਉੱਤੇ ਜ਼ਬਾਨ ਬਹੁਤ ਫੇਰਦਾ ਸੀ, ਬਾਰ-ਬਾਰ ਦਰਵਾਜ਼ੇ ਵਲ ਵੇਖਦਾ ਸੀ ॥੧੯॥

ਇਤਨੇ ਮਹਿਂ ਉਮਰਾਵ ਸੁ ਆਏ। ਸੱਯਦ ਨਾਂਗੀ ਤੇਗ ਉਠਾਏ।
ਸੰਗ ਮੁਲਾਨੇ ਅਚਰਜ ਧਾਰਤਿ। ਕਿਤਿਕ ਪਰਸਪਰ ਬਾਤ ਉਚਾਰਤਿ ॥੨੦॥

ਏਨੇ ਵਿਚ ਉਹ ਉਮਰਾਵ ਆਏ ਤੇ ਸੱਯਦ ਨੇ ਨੰਗੀ ਤਲਵਾਰ ਚੁੱਕੀ ਹੋਈ ਸੀ ਤੇ ਮੁਲਾਣਿਆਂ ਸਹਿਤ ਬੜਾ ਅਸਚਰਜ ਧਾਰਨ ਕੀਤਾ ਹੋਇਆ ਸੀ। ਕਈ ਆਪਸ ਵਿਚ ਗੱਲਾਂ ਕਰਦੇ ਸਨ ॥੨੦॥

ਅਵਿਰੰਗ ਕੋ ਸਲਾਮ ਕਰਿ ਖਰੇ। ਦੇਖਿ ਸਭਿਨਿ ਕੋ ਬੂਝਨਿ ਕਰੇ।
'ਕਹਾਂ ਕਰੀ ਅਰੁ ਕਹਾਂ ਨਿਹਾਰੀ। ਤਹਿਂ ਕਿਮ ਭਈ ਬਾਰਤਾ ਸਾਰੀ' ॥੨੧॥

ਨੌਰੰਗੇ ਨੂੰ ਸਲਾਮ ਕਰਕੇ ਖੜੇ ਹੋ ਗਏ, ਸਾਰਿਆਂ ਨੂੰ ਵੇਖ ਕੇ ਨੌਰੰਗੇ ਨੇ ਪੁੱਛਿਆ, "ਕੀ ਕੀਤਾ ਅਤੇ ਕੀ ਵੇਖਿਆ, ਉਥੇ ਸਾਰੀ ਵਾਰਤਾ ਕਿਵੇਂ ਹੋਈ ਹੈ" ॥੨੧॥

ਤਬਿ ਉਮਰਾਵਨਿ ਪ੍ਰੇਰਨਿ ਕਰਯੋ। ਸਈਅਦ ਸਰਬ ਬ੍ਰਿਤੰਤ ਉਚਰਯੋ।
'ਹੁਕਮ ਆਪ ਕੋ ਜਬਿ ਲੇ ਗਏ। ਥਿਰੇ ਪਿੰਜਰੇ ਹੇਰਤਿ ਭਏ॥ ੨੨॥

ਤਦ ਉਮਰਾਵਾਂ ਨੇ ਸੱਯਦ ਨੂੰ ਪ੍ਰੇਰਿਆ ਤਾਂ ਉਸ ਨੇ ਸਾਰਾ ਬ੍ਰਿਤਾਂਤ ਉਚਾਰਨ ਕੀਤਾ, "ਜਦ ਅਸੀਂ ਤੁਹਾਡਾ ਹੁਕਮ ਲੈ ਕੇ ਗਏ ਤਾਂ ਗੁਰੂ ਜੀ ਪਿੰਜਰੇ ਵਿਚ ਬੈਠੇ ਵੇਖ ਰਹੇ ਸਨ॥੨੨॥

ਹਿਤ ਸਮੁਝਾਵਨਿ ਕੁਛ ਬਚ ਕਹੇ। ਪੁਨ ਅਜ਼ਮਤ ਪਰਖਨਿ ਕੋ ਚਹੇ।
ਸੁਨਿ ਕਰਿ ਨਿਕਸਿ ਗ਼ੁਸਲ ਕਰਿ ਲੀਨਿ। ਸਿਰ ਨਿਵਾਇ ਸਿਜਦਾ ਪੁਨ ਕੀਨਿ॥੨੩॥

ਅਸੀਂ ਸਮਝਾਉਣ ਵਾਸਤੇ ਕੁਝ ਬਚਨ ਕਹੇ, ਫਿਰ ਅਸੀਂ ਕਰਾਮਾਤ ਪਰਖਣੀ ਚਾਹੀ। ਇਹ ਸੁਣ ਕੇ ਬਾਹਰ ਨਿਕਲ ਕੇ ਇਸ਼ਨਾਨ ਕੀਤਾ ਤੇ ਸਿਰ ਨਿਵਾ ਕੇ ਫਿਰ ਸਿਜਦਾ ਕੀਤਾ॥੨੩॥

ਤਬਿ ਨਿਜ ਬਲ ਤੇ ਤੇਗ਼ ਚਲਾਈ। ਨਹਿਂ ਗ੍ਰੀਵਾ ਮਹਿਂ ਲਗਬੇ ਪਾਈ।
ਉਤਰਯੋ ਧਰ ਤੇ ਸਿਰ ਪਹਿਲਾਂ ਹੀ। ਮਨਹੁਂ ਅਗਾਰ ਲਾਗਯੋ ਨਾਂਹੀ॥ ੨੪॥

ਤਦ ਆਪਣੇ ਸਾਰੇ ਜ਼ੋਰ ਨਾਲ ਮੈਂ ਤਲਵਾਰ ਚਲਾਈ, ਪਰ ਉਹ ਧੌਣ ਨੂੰ ਨਾ ਲੱਗ ਸਕੀ। ਧੜ ਨਾਲੋਂ ਸਿਰ ਪਹਿਲਾਂ ਹੀ ਉਤਰ ਗਿਆ, ਮਾਨੋ ਪਹਿਲਾਂ ਸਿਰ ਲੱਗਾ ਹੀ ਨਹੀਂ ਸੀ॥੨੪॥

ਕਾਗਦ ਬੰਧਿ ਧਾਰ ਪਰ ਜੈਸੇ। ਦੇਖਿ ਲੇਹੁ ਅਬਿ ਲੌ ਥਿਰ ਤੈਸੇ।
ਕਟਯੋ ਨ ਰੰਚਕ ਤੁਟਯੋ ਨ ਤਾਗਾ। ਪ੍ਰਥਮ ਸਮਾਨ ਤੇਗ਼ ਸੋਂ ਲਾਗਾ॥ ੨੫॥

ਜਿਵੇਂ ਕਾਗਜ਼ ਤਲਵਾਰ ਦੀ ਧਾਰ ਤੇ ਬੰਨ੍ਹਿਆ ਸੀ, ਵੇਖ ਲਵੋ ਉਹ ਹੁਣ ਤਕ ਉਸ ਤਰ੍ਹਾਂ ਹੀ ਲੱਗਾ ਹੈ। ਕਾਗਜ਼ ਰਤਾ ਭਰ ਵੀ ਕੱਟਿਆ ਨਹੀਂ ਗਿਆ ਹੈ ਤੇ ਨਾ ਹੀ ਧਾਗਾ ਟੁੱਟਾ ਹੈ, ਪਹਿਲਾਂ ਵਾਂਗ ਹੀ ਤਲਵਾਰ ਨੂੰ ਲੱਗਾ ਹੈ॥੨੫॥

ਸਭਿ ਸੋਂ ਜੈਸੇ ਪ੍ਰਥਮ ਉਬਾਚਾ। ਕਟਯੋ ਨ ਕਾਗਦ ਕਰਯੋ ਸੁ ਸਾਚਾ।
ਲੋਕ ਹਜ਼ਾਰਹੁ ਦੂਰ ਕਿ ਨੇਰੈ। ਸਗਰੇ ਖਰੇ ਤਿਨਹੁਂ ਦਿਸ਼ਿ ਹੇਰੈਂ॥ ੨੬॥

ਜਿਵੇਂ ਸਾਰਿਆਂ ਨੂੰ ਪਹਿਲਾਂ ਕਿਹਾ ਸੀ, ਕਾਗਜ਼ ਕੱਟਿਆ ਨਹੀਂ ਗਿਆ ਤੇ ਉਨ੍ਹਾਂ ਦੇ ਕਹਿਣ ਨੂੰ ਸੱਚਾ ਕਰ ਦਿੱਤਾ ਹੈ। ਹਜ਼ਾਰਾਂ ਲੋਕ ਜਿਹੜੇ ਦੂਰ ਨੇੜੇ ਖੜੇ ਸਨ, ਉਹ ਸਾਰੇ ਖਲੋਤੇ ਹੋਏ ਉਸ ਪਾਸੇ ਵੇਖ ਰਹੇ ਸਨ॥੨੬॥

ਅਚਰਜ ਭਯੋ ਸੀਸ ਨਹਿਂ ਪਾਯੋ। ਪਿਖਯੋ ਨ ਕਿਨਹੂੰ ਕਿਸੂ ਉਠਾਯੋ।
ਬਿੰਦ ਸਿਪਾਹੀ ਇਤ ਉਤ ਫਿਰੈਂ। ਖੋਜਿ ਰਹੇ ਨਹਿਂ ਦਿਖਿਬੋ ਕਰੈ॥ ੨੭॥

ਅਸਚਰਜ ਹੋਇਆ ਹੈ ਕਿ ਸੀਸ ਨਹੀਂ ਲੱਭਾ ਹੈ, ਕਿਸੇ ਨੇ ਨਹੀਂ ਵੇਖਿਆ ਕਿ ਕਿਸ ਵਿਅਕਤੀ ਨੇ ਉਠਾਇਆ ਹੈ। ਬਹੁਤ ਸਿਪਾਹੀ ਏਧਰ ਓਧਰ ਭੱਜੇ ਫਿਰਦੇ ਰਹੇ ਹਨ। ਉਹ ਖੋਜ ਰਹੇ ਹਨ ਪਰ ਕਿਤੇ ਵੀ ਦਿਖਾਈ ਨਹੀਂ ਦਿੱਤਾ ਹੈ॥੨੭॥

ਸਭਿ ਕੋ ਡਰ ਦੇ ਊਚ ਸੁਨਾਯੋ। ਤਊ ਨ ਕਿਸ ਤੇ ਹਾਥਨਿ ਆਯੋ।
ਏਕ ਏਕ ਕੋ ਬਹੁਰ ਬਿਲੋਕਾ। ਸਭਿ ਕੋ ਗਮਨ ਕਰਨਿ ਤੇ ਰੋਕਾ॥ ੨੮॥

ਸਾਰਿਆਂ ਨੂੰ ਡਰਾ ਕੇ ਬਹੁਤ ਉੱਚੀ ਸੁਣਾਇਆ ਹੈ, ਫਿਰ ਵੀ ਕਿਸੇ ਦੇ ਹੱਥ ਨਹੀਂ ਆਇਆ ਹੈ। ਬਾਅਦ ਵਿਚ ਇਕੱਲੇ ਇਕੱਲੇ ਦੀ ਤਲਾਸ਼ੀ ਲਈ ਹੈ ਤੇ ਸਾਰਿਆਂ ਨੂੰ ਜਾਣ ਤੋਂ ਰੋਕਿਆ ਹੈ॥੨੮॥

ਖੋਜੇ ਗ਼ਨੀ ਗਰੀਬ ਜੁ ਜਿੱਤੇ। ਤਊ ਸੀਸ ਨਹਿਂ ਪਾਯੋ ਕਿੱਤੇ।
ਕੈ ਜ਼ਮੀਨ ਮੈਂ ਪ੍ਰਵਿਸ਼ਯੋ ਜਾਈ। ਕੈ ਅਸਮਾਨ ਉਡਯੋ ਸਹਿਸਾਈ॥ ੨੯॥

ਜਿੰਨੇ ਵੀ ਅਮੀਰ ਗਰੀਬ ਹਨ ਸਭ ਦੀ ਤਲਾਸ਼ੀ ਲਈ ਹੈ, ਫਿਰ ਵੀ ਸੀਸ ਕਿਤੇ ਨਹੀਂ ਪਾਇਆ ਹੈ। ਜਾਂ ਧਰਤੀ ਵਿਚ ਪ੍ਰਵੇਸ਼ ਕਰ ਗਿਆ ਹੈ ਜਾਂ ਤੁਰਤ ਅਕਾਸ਼ ਵਿਚ ਉੱਡ ਗਿਆ ਹੈ॥੨੯॥

ਜਬਿਲੌ ਧਰ ਪਰ ਲਾਗਜੋ ਰਹਜੋ। ਤਬਿ ਲੌ ਤਹਾਂ ਸਕਲ ਹੀ ਲਹਜੋ।
ਮੈਂ ਜਬਿ ਹੀ ਕਰ ਤੇਗ ਉਭਾਰੀ। ਊਪਰ ਗ੍ਰੀਵਾ ਚਹਜੋ ਪ੍ਰਹਾਰੀ॥ ੩੦॥

ਜਬ ਤਕ ਉਹ ਸੀਸ ਧੜ ਨੂੰ ਲੱਗਾ ਰਿਹਾ ਹੈ ਤਦ ਉਹ ਸਾਰਾ ਦਿਖਾਈ ਦਿੰਦਾ ਸੀ। ਮੈਂ ਜਦ ਹੀ ਆਪਣੇ ਹੱਥ ਵਿਚ ਤਲਵਾਰ ਉੱਪਰ ਉਠਾਈ ਤੇ ਧੌਣ ਉੱਤੇ ਮਾਰਕੇ ਉਸ ਨੂੰ ਕੱਟਣਾ ਚਾਹੁੰਦਾ ਸੀ॥੩੦॥

ਭਯੋ ਲੋਪ ਅਵਿਲੋਕਜੋ ਨਾਂਹੀ। ਖਰੇ ਹਜ਼ਾਰਹੁੰ ਲੋਕਨ ਮਾਂਹੀ'।
ਮੂਰਖ ਸ਼ਾਹੁ ਬਿਸੂਰਤਿ ਭਾਰਾ। 'ਨਹਿਂ ਛਲ ਸਮੁਝਜੋ ਨਹਿੰਨ ਬਿਚਾਰਾ॥ ੩੧॥

ਸੀਸ ਅਲੋਪ ਹੋ ਗਿਆ, ਫਿਰ ਨਹੀਂ ਵੇਖਿਆ ਹੈ, ਉਥੇ ਚਾਰ-ਚੁਫੇਰੇ ਹਜ਼ਾਰਾਂ ਲੋਕ ਖੜੇ ਸਨ।" ਮੂਰਖ ਬਾਦਸ਼ਾਹ ਭਾਰੀ ਦੁਖੀ ਹੋਇਆ, "ਮੈਂ ਇਹ ਛਲ ਸਮਝ ਨਹੀਂ ਸਕਿਆਂ ਹਾਂ ਤੇ ਨਾ ਹੀ ਇਸ ਬਾਰੇ ਪਹਿਲਾਂ ਵਿਚਾਰ ਕੀਤੀ ਹੈ॥੩੧॥

ਸਿਰਰ ਨ ਦੀਨਸਿ ਨਿਜ ਸਿਰ ਦੀਨਾ। ਜਿਨ ਮਹੁੰ ਕਰਾਮਾਤ ਅਤਿ ਪੀਨਾ।
ਅਬਿ ਧਰ ਪਰ ਰਾਖਹੁ ਚੁਕਸਾਈ। ਹੋਇ ਨ ਅਸ, ਕੋ ਛਪਿ ਲੇ ਜਾਈ॥ ੩੨॥

ਸਿਰੜ ਨਹੀਂ ਦਿੱਤਾ ਹੈ ਆਪਣਾ ਸਿਰ ਦੇ ਦਿੱਤਾ ਹੈ, ਜਿਨ੍ਹਾਂ ਵਿਚ ਵੱਡੀ ਭਾਰੀ ਕਰਾਮਾਤ ਸੀ। ਹੁਣ ਧੜ ਉੱਤੇ ਚੌਕਸੀ ਰੱਖੋ, ਐਸਾ ਨਾ ਹੋਵੇ ਕਿ ਕੋਈ ਛੁਪਾ ਕੇ ਲੈ ਜਾਵੇ॥੩੨॥

ਪੁਰਿ ਮਹਿਂ ਡਿੰਡਮ ਦੀਜਹਿ ਫੇਰ। ਸੰਗਤਿ ਮੈਂ ਸਿਖ ਜੋ ਇਨ ਕੇਰ।
ਲੇਕਰਿ ਜਾਇ ਕਰਹਿ ਸਸਕਾਰਾ। ਜਿਮ ਹਿੰਦੁਨਿ ਕੀ ਰੀਤਿ ਉਦਾਰਾ"॥ ੩੩॥

ਨਗਰ ਵਿਚ ਢੰਡੋਰਾ ਫੇਰ ਦੇਵੋ, ਸੰਗਤ ਵਿਚ ਜਿਹੜੇ ਇਨ੍ਹਾਂ ਦੇ ਸਿੱਖ ਹਨ, ਉਹ ਲੈ ਜਾਣਗੇ ਤੇ ਸਸਕਾਰ ਕਰ ਦੇਣਗੇ, ਜਿਵੇਂ ਹਿੰਦੂਆਂ ਦੀ ਵੱਡੀ ਰੀਤੀ ਹੈ"॥੩੩॥

ਇਮ ਕਰਿ ਹੁਕਮ ਸਭਾ ਮਹਿਂ ਭਾਖਾ। 'ਲਖੇ ਨ ਹਮ, ਇਮ ਛਲ ਰਚਿ ਰਾਖਾ।
ਦੇ ਕਰਿ ਦੋਸ਼ ਮੋਹਿ ਸਿਰ ਭਾਰੀ। ਤਨ ਤਜਾਗਨ ਮਹਿਂ ਬਿਲਮ ਬਿਸਾਰੀ॥੩੪॥

ਇਸ ਤਰ੍ਹਾਂ ਹੁਕਮ ਕਰਕੇ ਸਾਰਿਆਂ ਨੂੰ ਕਿਹਾ, "ਅਸੀਂ ਸਮਝੇ ਨਹੀਂ ਕਿ ਇਸ ਤਰ੍ਹਾਂ ਛਲ ਰਚ ਰਖਿਆ ਹੈ, ਮੇਰੇ ਸਿਰ ਤੇ ਭਾਰੀ ਦੋਸ਼ ਦੇ ਕੇ ਸਰੀਰ ਛੱਡਣ ਵਿਚ ਕੋਈ ਦੇਰ ਨਹੀਂ ਲਾਈ ਹੈ॥੩੪॥

ਕਹੇ ਨ ਮੋਰੇ ਅਜ਼ਮਤੰ ਲਾਈ। ਬਾਰਿ ਬਾਰਿ ਬਹੁਤਿਨਿ ਸਮੁਝਾਈ।
ਮਨ ਬਿਸਰਾਮ ਨ ਹੁਇ ਅਬਿ ਮੇਰਾ। ਉਤਪਾਤਨਿ ਤੇ ਹੌਲ ਬਡੇਰਾ"॥ ੩੫॥

ਮੇਰੇ ਕਹਿਣ ਉਤੇ ਕਰਾਮਾਤ ਨਹੀਂ ਵਿਖਾਈ ਹੈ, ਬਾਰ-ਬਾਰ ਬਹੁਤ ਆਦਮੀਆਂ ਨੇ ਸਮਝਾਇਆ ਹੈ। ਮੇਰਾ ਮਨ ਹੁਣ ਟਿਕਦਾ ਨਹੀਂ ਹੈ। ਇਹ ਆਫ਼ਤ ਵੇਖ ਕੇ ਵੱਡੇ ਹੌਲ ਉੱਠਦੇ ਹਨ"॥੩੫॥

ਨਰ ਖੁਸ਼ਾਮਦੀ ਸੁਨਤਿ ਬਖਾਨੇ। 'ਤੁਮ ਬਹੁ ਕਹਜੋ, ਨੈਕ ਨਹਿਂ ਮਾਨੇ।
ਆਗੇ ਕਤਲ ਭਏ ਬਹੁਤੇਰੇ। ਸ਼ਰ੍ਹਾ ਨ ਮਾਨਹਿਂ ਚਲਹਿਂ ਕੁਫੇਰੇ॥ ੩੬॥

ਖੁਸ਼ਾਮਦੀ ਮਨੁੱਖਾਂ ਨੇ ਸੁਣ ਕੇ ਕਿਹਾ, "ਤੁਸੀਂ ਬਹੁਤ ਕਿਹਾ, ਉਹ ਬਿਲਕੁਲ ਨਹੀਂ ਮੰਨੇ ਹਨ। ਪਹਿਲਾਂ ਵੀ ਬਹੁਤ ਕਤਲ ਹੋਏ ਹਨ, ਜਿਹੜੇ ਸ਼ਰ੍ਹਾ ਨਹੀਂ ਸੀ ਮੰਨਦੇ ਤੇ ਉਲਟ ਚਲਣ ਵਾਲੇ ਸਨ॥੩੬॥

Sri Satguru Jagjit Singh Ji eLlibrary NamdhariElibrary@gmail.com

ਪੂਰਬ ਬੀਤ ਗਈ ਜੋ ਬਾਤ। ਕਜਾ ਬਿਚਾਰ ਤਿਸ, ਕਜੋਂ ਪਛੁਤਾਤ?।
ਅਜ਼ਮਤਵੰਤ ਭਯੋ ਤੌ ਕਹਾਂ। ਮਾਨੀ ਸ਼ਰ੍ਹਾ ਨ ਨੀਕੀ ਲਹਾ॥ ੩੭॥

ਜਿਹੜੀ ਗੱਲ ਪਹਿਲਾਂ ਬੀਤ ਗਈ ਹੈ, ਉਸ ਉੱਤੇ ਕਿਉਂ ਵਿਚਾਰਨਾ ਹੈ ਅਤੇ ਕਿਉਂ ਪਛੁਤਾਉਣਾ ਹੈ। ਕਰਾਮਾਤੀ ਹੋਇਆ ਤਾਂ ਫਿਰ ਕੀ ਹੋਇਆ। ਸ਼ਰ੍ਹਾ ਨਹੀਂ ਮੰਨੀ ਹੈ ਤਾਂ ਚੰਗੀ ਸਜ਼ਾ ਪਾਈ ਹੈ॥੩੭॥

ਹਿੰਦੂ ਤੁਰਕ ਸ਼ਰ੍ਹਾ ਬਿਨ ਘਨੇ। ਸਰਮਦ ਆਦਿ ਹਜ਼ਾਰਹੁ ਹਨੇ।
ਇਸ ਕੀ ਕਜਾ ਚਿੰਤਾ ਚਿਤ ਕਰੋ। ਦੀਨ ਬਧਾਵਨਿ ਤੁਮ ਅਨੁਸਰੋ॥ ੩੮॥

ਹਿੰਦੂ ਤੁਰਕ ਸ਼ਰ੍ਹਾ ਬਗੈਰ ਬਹੁਤ ਹੋਏ ਹਨ, ਸਰਮਦ ਆਦਿ ਵਰਗੇ ਹਜ਼ਾਰਾਂ ਕਤਲ ਕੀਤੇ ਹਨ। ਇਸ ਦੀ ਕੀ ਚਿੰਤਾ ਚਿੱਤ ਵਿਚ ਕਰਦੇ ਹੋ, ਤੁਸੀਂ ਦੀਨ ਵਧਾਉਣਾ ਚਾਹੁੰਦੇ ਹੋ" ॥੩੮॥

ਲੋਕਨਿ ਭਨੇ ਧੀਰ ਤੌ ਧਾਰੀ। ਤਊ ਗਹਜੋ ਮਨ ਸੰਸੇ ਭਾਰੀ।
ਪੁਰ ਮਹਿਂ ਡਿੰਡਮ ਦਰ ਦਰ ਫੇਰਾ। ਸੁਨਹਿਂ ਸਿੱਖ ਸਗਰੇ ਤਿਸ ਬੇਰਾ॥ ੩੯॥

ਲੋਕਾਂ ਦੇ ਕਹੇ 'ਤੇ ਨੌਰੰਗੇ ਨੇ ਧੀਰਜ ਤਾਂ ਧਾਰਨ ਕਰ ਲਿਆ, ਫਿਰ ਵੀ ਮਨ ਨੂੰ ਭਾਰੀ ਸ਼ੰਕਿਆਂ ਨੇ ਫੜ ਲਿਆ ਸੀ। ਨਗਰ ਵਿਚ ਢੰਡੋਰਚੀ ਘਰ-ਘਰ ਡੌਂਡੀ ਪਿਟਦਾ ਫਿਰਦਾ ਸੀ, ਉਸ ਸਮੇਂ ਸਾਰੇ ਸਿੱਖ ਸੁਣਦੇ ਸਨ॥੩੯॥

ਤ੍ਰਾਸ ਤੁਰਕਪਤਿ ਕੋ ਅਤਿ ਧਾਰੈਂ। 'ਹਮ ਸਿਖ ਸੇਵਕ' ਨਹੀਂ ਉਚਾਰੈਂ।
ਕਿਨਹੁਂ ਨ ਗੁਰ ਕੀ ਲੋਥ ਉਠਾਈ। ਲਖਹਿ ਸਹੀ ਕਰਿ, ਦੇ ਮਰਵਾਈ॥ ੪੦॥

ਸਾਰੇ ਬਾਦਸ਼ਾਹ ਦਾ ਬਹੁਤ ਡਰ ਧਾਰਨ ਕਰਦੇ ਸਨ, 'ਅਸੀਂ ਸਿੱਖ ਸੇਵਕ ਹਾਂ' ਇਹ ਉਚਾਰਨ ਨਹੀਂ ਕਰਾਂਗੇ। ਕਿਸੇ ਵੀ ਗੁਰੂ ਜੀ ਦੇ ਸਰੀਰ ਨੂੰ ਨਾ ਚੁਕਿਆ। ਜਿਹੜਾ ਵੀ ਧੜ ਲੈਣ ਜਾਵੇਗਾ ਉਸ ਨੂੰ ਨੌਰੰਗਾ ਨਿਸ਼ਚੇ ਰੂਪ ਵਿਚ ਸਿੱਖ ਸਮਝ ਲਵੇਗਾ ਤੇ ਮਰਵਾ ਦੇਵੇਗਾ॥੪੦॥

ਘਰ ਘਰ ਦਰ ਦਰ ਦੁਰਿ ਦੁਰਿ ਸਾਰੇ। ਨਰ ਨਾਰੀ ਸਭਿ ਕਾਢਹਿਂ ਗਾਰੇ।
'ਹਾਹਾਕਾਰ' ਕਰਹਿ ਪੁਰਿ ਸਾਰੋ। 'ਅਪਰਾਧੀ ਪਾਪੀ ਹਤਿਆਰੋ॥ ੪੧॥

ਘਰ-ਘਰ ਦਰਵਾਜ਼ੇ ਦਰਵਾਜ਼ੇ ਲੁਕ ਲੁਕ ਕੇ ਸਾਰੇ ਇਸਤਰੀ ਪੁਰਸ਼ ਨੌਰੰਗੇ ਨੂੰ ਗਾਲ੍ਹਾਂ ਕੱਢਦੇ ਸਨ। ਸਾਰੇ ਨਗਰ ਵਿਚ ਹਾਹਾਕਾਰ ਮੱਚੀ ਹੋਈ ਸੀ। "ਨੌਰੰਗਾ ਅਪਰਾਧੀ, ਪਾਪੀ ਅਤੇ ਹਤਿਆਰਾ ਹੈ॥੪੧॥

ਜਿਨ ਕੀ ਪੂਜਾ ਸਭਿ ਜਗ ਕਰੈ। ਸੇਵਤਿ ਸੁਖ ਕੀ ਇੱਛਾ ਧਰੈ।
ਸੁਤ ਬਿਤ ਆਦਿ ਕਾਮਨਾ ਪੈਹੈਂ। ਬਾਂਛਹਿ ਨਰਕ ਪਰੇ ਕਢ ਲੈਹੈਂ॥ ੪੨॥

ਜਿਨ੍ਹਾਂ ਦੀ ਸਾਰਾ ਜਗ ਪੂਜਾ ਕਰਦਾ ਹੈ, ਸੇਵਾ ਕਰਕੇ ਸੁਖ ਦੀ ਇੱਛਾ ਧਾਰਨ ਕਰਦੇ ਸਨ, ਪੁੱਤਰ ਇਸਤਰੀ ਦੀ ਕਾਮਨਾ ਪਾਉਂਦੇ ਹਨ। ਗੁਰੂ ਜੀ ਜਿਸ ਨੂੰ ਚਾਹੁਣ ਨਰਕ ਪਏ ਨੂੰ ਕੱਢ ਲੈਂਦੇ ਹਨ॥੪੨॥

ਕਰਾਮਾਤ ਕੇ ਸਿੰਧੁ ਅਪਾਰਾ। ਨਹਿਂਨ ਦਿਖਾਵਨਿ ਕੋ ਪ੍ਰਨ ਧਾਰਾ।
ਰਿਦੈ ਨ ਸਮੁਝਜੋ ਆਸ਼ੈ ਗੂਢ। ਅਸ ਪ੍ਰਭੁ ਕਤਲ ਕਰਾਏ ਮੂਢ॥ ੪੩॥

ਕਰਾਮਾਤ ਦੇ ਅਪਾਰ ਸਮੁੰਦਰ ਹਨ, ਕਿਸੇ ਨੂੰ ਨਾ ਵਿਖਾਉਣ ਦਾ ਪ੍ਰਣ ਧਾਰਨ ਕੀਤਾ ਹੈ। ਉਨ੍ਹਾਂ ਦੇ ਹਿਰਦੇ ਦੇ ਦ੍ਰਿੜ੍ਹ ਆਸ਼ੇ ਨੂੰ ਨਹੀਂ ਸਮਝਿਆ ਹੈ, ਇਸ ਤਰ੍ਹਾਂ ਮੂਰਖ ਨੇ ਪ੍ਰਭੂ ਗੁਰੂ ਤੇਗ ਬਹਾਦਰ ਜੀ ਨੂੰ ਕਤਲ ਕਰਵਾ ਦਿੱਤਾ ਹੈ॥੪੩॥

ਗੁਰ ਸਿਖ ਹਮ ਕੋ ਜਬਿਹੀ ਜਾਨਹਿ। ਸਹਿਤ ਕੁਟੰਬ ਪ੍ਰਾਨ ਕੋ ਹਾਨਹਿ।
ਇਮ ਨਿੰਦਾ ਕਰਿ ਗਾਰਿ ਨਿਕਾਰਹਿਂ। ਮਿਲਿ ਕਰਿ ਹਾਹਾਕਾਰ ਉਚਾਰਹਿਂ॥੪੪॥

ਨੌਰੰਗਾ ਜਦ ਇਹ ਜਾਣ ਲਵੇਗਾ ਕਿ ਅਸੀਂ ਗੁਰਸਿੱਖ ਹਾਂ ਤੇ ਪਰਿਵਾਰ ਸਹਿਤ ਸਾਡੇ ਪ੍ਰਾਣ ਕੱਢ ਲਵੇਗਾ।" ਇਸ ਤਰ੍ਹਾਂ ਨਿੰਦਿਆ ਕਰਕੇ ਗਾਲ੍ਹਾਂ ਕੱਢਦੇ ਸਨ ਤੇ ਸਾਰੇ ਮਿਲ ਕੇ ਹਾਹਾਕਾਰ ਦਾ ਉਚਾਰਨ ਕਰਦੇ ਸਨ॥੪੪॥

ਬਿਦਤ ਨ ਹੋਤਿ, ਛਪੇ ਸਭਿ ਕਹੈਂ। ਦੁਸ਼ਟ ਹਠੀ ਖਲ ਕੋ ਮਨ ਲਹੈਂ।
ਕਾਰਾਗ੍ਰਿਹ ਕੇ ਪੌਰ ਅਗਾਰੀ। ਤਹਿਂ ਸਤਿਗੁਰ ਧਰ ਧਰਾ ਮਝਾਰੀ॥ ੪੫॥

ਪ੍ਰਗਟ ਨਹੀਂ ਸੀ ਹੁੰਦੇ ਸਾਰੇ ਲੁਕ ਕੇ ਕਹਿੰਦੇ ਸਨ। ਮੂਰਖ ਨੌਰੰਗੇ ਨੂੰ ਮਨ ਵਿਚ ਦੁਸ਼ਟ ਤੇ ਹਠੀ ਸਮਝਦੇ ਸਨ। ਕੁਤਵਾਲੀ ਦੇ ਦਰਵਾਜ਼ੇ ਅੱਗੇ ਧਰਤੀ ਉੱਤੇ ਗੁਰੂ ਜੀ ਦਾ ਧੜ ਪਿਆ ਸੀ॥੪੫॥

*ਨੋਟ : ਜਿੱਥੇ ਗੁਰੂ ਜੀ ਦਾ ਸਰੀਰ ਪਿਆ ਸੀ, ਉਥੇ ਹੀ ਹੁਣ ਗੁਰਦੁਆਰਾ 'ਸੀਸ ਗੰਜ' ਖੜਾ ਹੈ, ਪਹਿਲਾਂ ਇਹ ਕੁਤਵਾਲੀ ਦਾ ਇਕ ਭਾਗ ਸੀ।*

ਸਨਧ ਬੱਧ ਤਹਿਂ ਖਰੇ ਸਿਪਾਹੀ। ਹੇਰਿ ਹੇਰਿ ਨਰ ਤ੍ਰਿਯ ਗਨ ਜਾਹੀਂ।
ਹਾਹਾਕਾਰ ਉਚਾਰਤਿ ਕਹੈਂ। 'ਤੁਰਕ ਨਾਸ਼ ਭਾ ਥਿਰ ਨਹਿਂ ਰਹੈਂ'॥ ੪੬॥

ਉਥੇ ਸ਼ਸਤਰਧਾਰੀ ਸਿਪਾਹੀ ਖੜੇ ਸਨ, ਸਾਰੇ ਇਸਤਰੀ ਪੁਰਸ਼ ਵੇਖ-ਵੇਖ ਕੇ ਜਾਂਦੇ ਸਨ। ਹਾਹਾਕਾਰ ਉਚਾਰਨ ਕਰਕੇ ਕਹਿੰਦੇ ਸਨ, "ਤੁਰਕਾਂ ਦਾ ਨਾਸ਼ ਹੋ ਜਾਵੇਗਾ, ਇਹ ਸਥਿਰ ਨਹੀਂ ਰਹਿਣਗੇ"॥੪੬॥

*ਬਾਰ੍ਹਵੀਂ ਰਾਸ ਦਾ ਛਿਆਠਵਾਂ ਅਧਿਆਇ ਸਮਾਪਤ ਹੋਇਆ॥੬੬॥*

## ਅਧਿਆਇ ਸਤਾਹਠਵਾਂ

### ਲੁਬਾਣੇ ਸਿੱਖ ਨੇ ਧੜ ਦਾ ਸਸਕਾਰ ਕਰਨਾ

ਦੋਹਰਾ- ਹੁਤੋ ਲੁਬਾਨਾ ਸਿਖ ਤਹਿਂ ਬ੍ਰਿਖਭ ਬ੍ਰਿੰਦ ਜਿਹ ਪਾਸ।
ਗਿਨਤੀ ਬਿਖੈ ਹਜ਼ਾਰ ਦਸ ਨਿਕਟਿ ਰਖੈ ਗਨ ਦਾਸ॥ ੧॥

ਉਥੇ ਇਕ ਲੁਬਾਣਾ ਸਿੱਖ ਰਹਿੰਦਾ ਸੀ ਜਿਸਦੇ ਪਾਸ ਬਹੁਤ ਬਲਦ ਸਨ, ਜਿਹੜੇ ਗਿਣਤੀ ਵਿਚ ਦਸ ਹਜ਼ਾਰ ਸਨ ਤੇ ਉਹ ਆਪਣੇ ਪਾਸ ਬਹੁਤ ਸੇਵਕ ਰੱਖਦਾ ਸੀ॥੧॥

ਚੌਪਈ- ਗੁਰ ਕਾਰਨ ਕੋ ਸੁਨਿ ਦੁਖ ਪਾਯੋ। ਦਰਸ ਬਿਲੋਕਨ ਕੇ ਹਿਤ ਆਯੋ।
ਤਰੇ ਬ੍ਰਿੱਛ ਕੇ ਗੁਰ ਧਰ ਪਰਜੋ। ਦੇਖਿ ਬਿਲੋਚਨ ਮਹਿਂ ਜਲ ਭਰਜੋ॥੨॥

ਗੁਰੂ ਜੀ ਦੀ ਸ਼ਹੀਦੀ ਬਾਰੇ ਸੁਣ ਕੇ ਉਸ ਬਹੁਤ ਦੁਖ ਪਾਇਆ ਤੇ ਗੁਰੂ ਜੀ ਦੇ ਸਰੀਰ ਦੇ ਦਰਸ਼ਨ ਕਰਨ ਵਾਸਤੇ, ਉਸ ਥਾਂ ਆਇਆ। ਬ੍ਰਿਛ ਦੇ ਥੱਲੇ ਗੁਰੂ ਜੀ ਦਾ ਧੜ ਪਿਆ ਸੀ, ਸਰੀਰ ਨੂੰ ਵੇਖ ਕੇ ਅੱਖਾਂ ਵਿਚ ਜਲ ਭਰ ਆਇਆ॥੨॥

ਹਮ ਸਿੱਖਜਨਿ ਕੋ ਧਿਕ ਬਹੁ ਭਾਰੀ। ਇਮ ਸਤਿਗੁਰ ਕੀ ਦਸ਼ਾ ਨਿਹਾਰੀ।
ਪ੍ਰਥਮ ਆਪਨੇ ਪ੍ਰਾਨ ਨ ਦਏ। ਤੁਰਕ ਤ੍ਰਾਸ ਤੇ ਦੂਰਿ ਦੂਰਿ ਗਏ॥ ੩॥

ਸੋਚਣ ਲੱਗਾ ਸਾਨੂੰ ਸਿੱਖਾਂ ਨੂੰ ਵੱਡੀ ਧਿਰਕਾਰ ਹੈ, ਇਸ ਤਰ੍ਹਾਂ ਸਤਿਗੁਰੂ ਜੀ ਦੀ ਦਸ਼ਾ ਵੇਖੀ ਹੈ। ਪਹਿਲਾਂ ਆਪਣੇ ਪ੍ਰਾਣ ਨਹੀਂ ਦਿੱਤੇ ਹਨ, ਤੁਰਕਾਂ ਦਾ ਡਰ ਮੰਨ ਕੇ ਲੁਕ ਲੁਕ ਕੇ ਚਲੇ ਗਏ ਹਨ॥੩॥

ਸੁਨਿ ਡਿੰਡਮ ਕੌ ਕਿਨਹੂੰ ਨ ਮਾਨੀ। ਹਮ ਨਹਿਂ ਸਿੱਖਜ, ਨ ਦੇ ਮਤ ਹਾਨੀ।
ਸਸਕਾਰਨ ਕੋ ਕਰੌਂ ਉਪਾਊ। ਜਥਾ ਨ ਜਾਨ ਸਕਹਿ ਨਰ ਕਾਊ॥ ੪॥

ਡੌਂਡੀ ਨੂੰ ਸੁਣ ਕੇ ਕਿਸੇ ਵੀ ਧੜ ਨੂੰ ਚੁਕਣਾ ਨਹੀਂ ਮੰਨਿਆ ਹੈ। ਅਸੀਂ ਸਿੱਖ ਨਹੀਂ ਜੇ ਸਿੱਖ ਕਹਾਂਗੇ ਤਾਂ ਕਿਤੇ ਸਾਨੂੰ ਮਾਰ ਹੀ ਨਾ ਦੇਵੇ। ਮੈਂ ਸਸਕਾਰ ਕਰਨ ਵਾਸਤੇ ਉਪਾਅ ਕਰਾਂਗਾ, ਜਿਸ ਤਰ੍ਹਾਂ ਕਿ ਕੋਈ ਵੀ ਮਨੁੱਖ ਜਾਣ ਨਾ ਸਕੇ॥੪॥

ਬਿਦਤ ਕਰੌਂ, ਹੋਇ ਨ ਸਸਕਾਰਾ। ਗਹਹਿਂ ਕਿ ਦੇਹਿਂ ਮੋਹਿ ਕੋ ਮਾਰਾ।
ਗੁਰੂ ਸਹਾਇਕ ਹੋਹਿਂ ਜਿ ਮੇਰੇ। ਛਪਿ ਕਰਿ ਲੇ ਗਮਨਹੁਂ ਕਿਸ ਬੇਰੇ॥ ੫॥

ਪ੍ਰਗਟ ਕਰਾਂਗਾ ਤਾਂ ਸਸਕਾਰ ਨਹੀਂ ਹੋ ਸਕੇਗਾ, ਮੈਨੂੰ ਫੜ ਲੈਣਗੇ ਜਾਂ ਮਾਰ ਦੇਣਗੇ। ਜੇ ਗੁਰੂ ਜੀ ਮੇਰੇ ਸਹਾਇਕ ਹੋਣਗੇ ਤਾਂ ਲੁਕ ਕੇ ਕਿਸੇ ਵੇਲੇ ਵੀ ਉਨ੍ਹਾਂ ਦੇ ਧੜ ਨੂੰ ਲੈ ਜਾਵਾਂਗਾ॥੫॥

ਕਰਜੋ ਮਨੋਰਥ ਘਰ ਹਟਿ ਗਯੋ। ਅਨਿਕ ਉਪਾਇ ਸੁ ਚਿਤਵਤਿ ਭਯੋ।
ਬ੍ਰਿਖਭ ਬ੍ਰਿੰਦ ਇਕਠੇ ਕਰਿਵਾਏ। ਕਿਤਿਕ ਸਕਟ ਮਹਿਂ ਤੂਲ ਭਰਾਏ॥ ੬॥

ਮਨੋਰਥ ਧਾਰ ਕੇ ਆਪਣੇ ਘਰ ਨੂੰ ਗਿਆ, ਅਨੇਕਾਂ ਉਪਾਅ ਸੋਚ ਰਿਹਾ ਸੀ। ਬਹੁਤ ਬਲਦ ਇਕੱਠੇ ਕਰਵਾਏ, ਕਈਆਂ ਗਡਿਆਂ 'ਤੇ ਰੂੰ ਲਦਵਾ ਲਿਆ॥੬॥

ਕਰੇ ਇਕੱਤ੍ਰ ਆਪਨੇ ਨਰ ਗਨ। ਠਾਨਜੋਂ ਜਤਨ ਕੀਨਿ ਨਿਰਨੈ ਮਨ।
ਸਕਟ ਭਰੇ ਪ੍ਰਥਮੈ ਪਹੁੰਚਾਏ। ਕੁਛ ਮਿਸ ਕਰਿ ਤਿਸ ਥਾਨ ਟਿਕਾਏ॥ ੭॥

ਆਪਣੇ ਸਾਰੇ ਮਨੁੱਖ ਇਕੱਠੇ ਕੀਤੇ, ਮਨ ਵਿਚ ਯਤਨ ਕਰਨ ਦਾ ਨਿਰਣਾ ਕੀਤਾ। ਭਰੇ ਹੋਏ ਗੱਡੇ ਸ੍ਰੀ ਗੁਰੂ ਜੀ ਦੇ ਧੜ ਵਾਲੇ ਥਾਂ ਪਹੁੰਚਾਏ, ਕੁਝ ਬਹਾਨਾ ਕਰਕੇ ਉਸ ਥਾਂ ਹੀ ਖੜੇ ਕਰ ਦਿੱਤੇ॥੭॥

ਹਾਂਕ ਦਯੋ ਬ੍ਰਿਖਭਨਿ ਕੋ ਲਾਰਾ। ਜਮਨਾ ਦਿਸ਼ਿ ਕੋ ਪ੍ਰਥਮ ਸਿਧਾਰਾ।
ਨਿਗਮੋਦ ਜਹਿਂ ਘਾਟ ਕਹਾਵੈ। ਤਿਸ ਦਿਸ਼ਿ ਬ੍ਰਿਖਭਨਿ ਬ੍ਰਿੰਦ ਚਲਾਵੈ॥ ੮॥

ਫਿਰ ਬਲਦਾਂ ਦੀ ਵੱਡੀ ਕਤਾਰ ਹਿੱਕ ਦਿੱਤੀ, ਪਹਿਲਾਂ ਉਹ ਜਮਨਾ ਦਰਿਆ ਵਾਲੇ ਪਾਸੇ ਗਏ, ਜਮਨਾ ਦੇ ਕਿਨਾਰੇ ਘਾਟ ਉੱਤੇ ਜਿੱਥੇ ਨਿਗਮ ਬੋਧ ਨਾਮ ਦਾ ਤੀਰਥ ਹੈ, ਸਾਰੇ ਬਲਦ ਉਸ ਪਾਸੇ ਵਲ ਗਏ॥੮॥

ਤਰਨਿ ਤਨੂਜਾ ਕੇ ਤਟ ਹੋਇ। ਤਿਤ ਕੇ ਪੌਰ ਪ੍ਰਵੇਸ਼ਜੋ ਸੋਇ।
ਸੰਗ ਸੰਬੂਹ ਲੁਬਾਣਾਂ ਕਰੇ। ਪੁਸ਼ਟ ਲਸ਼ਟਕਾ ਕੰਧੇ ਧਰੇ॥ ੯॥

ਸੂਰਜ ਦੀ ਪੁੱਤਰੀ ਭਾਵ ਜਮਨਾ ਨਦੀ ਦੇ ਕਿਨਾਰੇ ਕਿਨਾਰੇ ਹੋ ਗਏ। ਨਗਰ ਦੇ ਦਰਵਾਜ਼ੇ ਵਿਚ ਫਿਰ ਦਾਖਲ ਹੋ ਗਏ। ਬਹੁਤ ਲੁਬਾਣੇ ਨਾਲ ਲਏ, ਜਿਨ੍ਹਾਂ ਨੇ ਮੋਟੀਆਂ ਲਾਠੀਆਂ ਆਪਣੇ ਮੋਢਿਆਂ 'ਤੇ ਰੱਖੀਆਂ ਹੋਈਆਂ ਸਨ॥੯॥

ਬੈਲ ਹਾਂਕਣੀ ਬੋਲਤਿ ਬੋਲੀ। ਸਾਂਭਤਿ ਇਤ ਉਤ ਤੇ ਕਰਿ ਟੋਲੀ।
ਜਬਿ ਤੇ ਸਾਹਿਬ ਕੀਨਸਿ ਭਾਣਾ। ਬਡੋ ਬੇਗ ਤੇ ਬਾਯੁ ਪਯਾਣਾ॥ ੧੦॥

ਸਾਰੇ ਬਲਦਾਂ ਨੂੰ ਹਿੱਕਣ ਵਾਲੀ ਬੋਲੀ ਬੋਲਦੇ ਸਨ ਤੇ ਏਧਰ ਓਧਰ ਟੋਲੀਆਂ ਬਣਾ ਕੇ ਬਲਦਾਂ ਨੂੰ ਸਾਂਭ ਰਹੇ ਸਨ। ਜਦ ਤੋਂ ਗੁਰੂ ਜੀ ਨੇ ਭਾਣਾ ਵਰਤਾਇਆ ਸੀ, ਉਸ ਸਮੇਂ ਤੋਂ ਬਹੁਤ ਤੇਜ਼ ਹਨੇਰੀ ਚਲ ਰਹੀ ਸੀ॥੧੦॥

ਉਡਹਿ ਗਰਦ ਫੈਲੀ ਬਹੁ ਰੈਨ। ਨਰ ਨਾਰਨਿ ਕੇ ਪੂਰਹਿ ਨੈਨ।
ਮਸਲਹਿਂ ਹਾਥਨਿ ਸਾਥ ਘਨੇਰੇ। ਬਸਤ੍ਰਨਿ ਸੰਗ ਅਛਾਦਿਤ ਹੇਰੇ॥ ੧੧॥

ਮਿੱਟੀ ਘੱਟਾ ਉੱਡਦਾ ਸੀ ਤੇ ਹਨੇਰਾ ਫੈਲ ਗਿਆ ਸੀ, ਮਿੱਟੀ ਇਸਤਰੀ ਪੁਰਸ਼ਾਂ ਦੀਆਂ ਅੱਖਾਂ ਵਿਚ ਪੈ ਰਹੀ ਸੀ। ਲੋਕ ਅੱਖਾਂ ਨੂੰ ਹੱਥਾਂ ਨਾਲ ਮਲ ਰਹੇ ਸਨ, ਕਈ ਲੋਕ ਕੱਪੜਿਆਂ ਨਾਲ ਅੱਖਾਂ ਸਾਫ ਕਰ ਰਹੇ ਸਨ॥੧੧॥

ਆਤਪ ਮੰਦ ਭਈ ਸਭਿ ਠੌਰਾ। ਛਾਦਯੋ ਭਾਨੁ ਤੇਜ ਭਾ ਥੋਰਾ।
ਮਾਨਵ ਕਿਤਿਕ ਬਰੇ ਘਰ ਮਾਂਹੀ। ਦਿਨ ਮਲੀਨ ਪਿਖਿ ਨਿਕਸੇ ਨਾਂਹੀ॥੧੨॥

ਸਭ ਥਾਂ ਗਰਮੀ ਘਟ ਗਈ ਸੀ, ਘੱਟੇ ਮਿੱਟੀ ਨੇ ਸੂਰਜ ਨੂੰ ਢੱਕ ਲਿਆ ਸੀ ਤੇ ਉਸ ਦਾ ਤੇਜ ਮੱਠਾ ਪੈ ਗਿਆ ਸੀ। ਕਈ ਲੋਕ ਘਰਾਂ ਦੇ ਅੰਦਰ ਵੜ ਗਏ ਸਨ ਤੇ ਗੰਦਾ ਦਿਨ ਵੇਖ ਕੇ ਬਾਹਰ ਨਹੀਂ ਸੀ ਨਿਕਲਦੇ॥੧੨॥

ਬ੍ਰਿੰਦ ਬਿਖਭ ਜਬਿ ਬਰੇ ਬਜ਼ਾਰ। ਪਸਰੀ ਧੂਰ ਭਯੋ ਅੰਧਕਾਰ।
ਇਕ ਤੌ ਬਾਯੁ ਕੁਫੇਰੀ ਬਹੈ। ਦੁਤੀਏ ਬ੍ਰਿਖਭ ਉਡਾਈ ਅਹੈ॥ ੧੩॥

ਬਹੁਤ ਬਲਦ ਜਦ ਬਜ਼ਾਰ ਵਿਚ ਵੜੇ ਤਾਂ ਬਲਦਾਂ ਦੇ ਚਲਣ ਨਾਲ ਬਹੁਤ ਧੂੜ ਪਸਰ ਗਈ ਤੇ ਸਾਰੇ ਹਨੇਰਾ ਹੋ ਗਿਆ। ਇਕ ਤਾਂ ਹਨੇਰੀ ਵੱਗ ਰਹੀ ਸੀ, ਦੂਸਰੀ ਬਲਦਾਂ ਨੇ ਬਹੁਤ ਧੂੜ ਉਡਾਈ॥੧੩॥

ਸੂਧੇ ਚਲਿ ਬਜ਼ਾਰ ਕੋ ਆਏ। ਦੇਖੇ ਨਰਨਿ ਬੈਲ ਸਮੁਦਾਏ।
ਇਤ ਉਤ ਟਰੇ ਕਾਹਿਲੀ ਪਾਇ। ਆਪ ਆਪ ਕੋ ਗਏ ਬਚਾਇ॥ ੧੪॥

ਬਲਦ ਸਿੱਧੇ ਚਲ ਕੇ ਬਜ਼ਾਰ ਵਲ ਆਏ। ਜਦ ਮਨੁੱਖਾਂ ਨੇ ਬਹੁਤ ਬਲਦ ਵੇਖੇ, ਜਿਹੜੇ ਕਾਹਲੀ-ਕਾਹਲੀ ਏਧਰ ਓਧਰ ਭੱਜਦੇ ਸਨ ਤਾਂ ਉਹ ਆਪਣੇ ਆਪ ਨੂੰ ਬਚਾਉਂਦੇ ਸਨ॥੧੪॥

ਬੋਲਤਿ ਊਚੇ ਬੈਲ ਹਟਾਵਤਿ। ਕਾਰਾਗ੍ਰਿਹ ਬਜ਼ਾਰ ਕੋ ਜਾਵਤਿ।
ਚੌਕੀਦਾਰ ਸਿਪਾਹੀ ਖਰੇ। ਗੁਰ ਕੀ ਲੋਥ ਬਿਲੋਕਨਿ ਕਰੇ॥ ੧੫॥

ਉੱਚੀ ਬੋਲ ਕੇ ਬਲਦਾਂ ਨੂੰ ਮੋੜਦੇ ਸਨ ਤੇ ਕੁਤਵਾਲੀ ਵਾਲੇ ਬਜ਼ਾਰ ਨੂੰ ਜਾਂਦੇ ਸਨ। ਜਿੱਥੇ ਦਰੋਗਾ ਤੇ ਸਿਪਾਹੀ ਖੜੇ ਸਨ ਜਿਹੜੇ ਗੁਰੂ ਜੀ ਦੀ ਲੋਥ ਨੂੰ ਵੇਖ ਰਹੇ ਸਨ॥੧੫॥

ਕਹੇ ਸ਼ਾਹੁ ਕੇ ਨਹਿਂ ਸਸਕਾਰੀ। ਛਪਿ ਕੇ ਲੇਹਿ ਨ, ਸੋ ਰਖਵਾਰੀ।
ਥੋਰੇ ਦਿਵਸ ਰਹਯੋ ਤਬਿ ਆਇ। ਭਈ ਭੀਰ ਬ੍ਰਿਖਭਨ ਸਮੁਦਾਇ॥ ੧੬॥

ਬਾਦਸ਼ਾਹ ਦੇ ਕਹਿਣ ਉੱਤੇ ਧੜ ਦਾ ਸਸਕਾਰ ਨਹੀਂ ਸੀ ਕੀਤਾ, ਸਿਪਾਹੀ ਰਾਖੀ ਕਰਦੇ ਸਨ, ਇਸ ਕਰਕੇ ਕੋਈ ਛੁਪ ਕੇ ਵੀ ਚੁੱਕ ਨਾ ਸਕਿਆ। ਜਦ ਦਿਨ ਥੋੜ੍ਹਾ ਰਹਿ ਗਿਆ ਤੇ ਬਲਦਾਂ ਦੀ ਬਹੁਤ ਭੀੜ ਇਕੱਠੀ ਹੋ ਗਈ॥੧੬॥

ਇਤ ਉਤ ਕਰਤਿ ਬ੍ਰਿੰਦ ਬਨਜਾਰੇ। ਪਹੁੰਚੇ ਗੁਰੁ ਧਰ ਜਾਹਿ ਨਿਹਾਰੇ।
ਮਿਲਿ ਬੈਲਨ ਤਹਿਂ ਲੈ ਚਲਿ ਗਏ। ਹੇਤੁ ਉਠਾਵਨਿ ਕੇ ਹਠ ਕਿਏ॥ ੧੭॥

ਬਹੁਤ ਲੁਬਾਣੇ ਬਲਦਾਂ ਨੂੰ ਏਧਰ ਉਧਰ ਕਰ ਰਹੇ ਸਨ ਤੇ ਨੇੜੇ ਪਹੁੰਚ ਕੇ ਗੁਰੂ ਜੀ ਦੇ ਧੜ ਨੂੰ ਵੇਖਿਆ। ਬਲਦਾਂ ਨਾਲ ਮਿਲ ਕੇ ਓਥੋਂ ਤਕ ਚਲ ਕੇ ਆ ਗਏ ਤੇ ਧੜ ਨੂੰ ਚੁੱਕਣ ਵਾਸਤੇ ਹਠ ਕੀਤਾ॥੧੭॥

ਹੇਰਿ ਭੀਰ ਬ੍ਰਿਖਭਨ ਕੀ ਬਡੀ। ਰਾਖੇ ਅਪਨਿ ਥਾਨ ਕੌ ਛਡੀ।
ਤਰਜਤਿ ਬਰਜਤਿ ਹੈਂ ਬਹੁਤੇਰੇ। ਤਊ ਕੁਲਾਹਲ ਹੋਤਿ ਬਡੇਰੇ॥ ੧੮॥

ਬਲਦਾਂ ਦੀ ਵੱਡੀ ਭੀੜ ਵੇਖਕੇ, ਰਖਵਾਲਿਆਂ ਨੇ ਆਪਣਾ ਸਥਾਨ ਛੱਡ ਦਿੱਤਾ, ਭਾਵ ਪਾਸੇ ਹੱਟ ਗਏ ਕਿਉਂਕਿ ਲੁਬਾਣਿਆਂ ਨੇ ਬਲਦਾਂ ਨੂੰ ਬੇਕਾਬੂ ਵਾਲੀ ਸਥਿਤੀ ਵਾਂਗ ਕਰ ਦਿੱਤਾ ਸੀ। ਰਖਵਾਲੇ ਲੁਬਾਣਿਆਂ ਨੂੰ ਬਹੁਤ ਤਾੜਦੇ ਅਤੇ ਰੋਕਦੇ ਸਨ, ਫਿਰ ਵੀ ਬਹੁਤ ਵੱਡਾ ਰੌਲਾ-ਰੱਪਾ ਮੱਚਿਆ ਹੋਇਆ ਸੀ॥੧੮॥

ਸਕਟਨਿ ਕੇ ਗਡਵਾਨ ਪੁਕਾਰਤਿ। ਗਨ ਬਨਜਾਰੇ ਊਚ ਉਚਾਰਤਿ।
ਗਰਦ ਉਡਨਿ ਤੇ ਛਾਦੇ ਨੈਨ। ਗਏ ਨਿਕਟਿ 'ਹਟਿ ਹਟਿ' ਕਹਿ ਬੈਨ ॥੧੯॥

ਗੱਡਿਆਂ ਦੇ ਗਾਡੀਵਾਨ ਉੱਚੀ-ਉੱਚੀ ਬੋਲਦੇ ਸਨ, ਕਈ ਲੁਬਾਣੇ ਉੱਚੀ-ਉੱਚੀ ਆਵਾਜ਼ਾ ਮਾਰਦੇ ਸਨ। ਘੱਟਾ ਉੱਡਣ ਨਾਲ ਅੱਖਾਂ ਬੰਦ ਹੋ ਗਈਆਂ ਸਨ। 'ਹਟੋ ਹਟੋ' ਦੇ ਸ਼ਬਦ ਬੋਲਦੇ ਉਹ ਧੜ ਦੇ ਪਾਸ ਚਲੇ ਗਏ॥੧੯॥

ਦਾਵ ਤਕਾਇ ਸਕਲ ਦਿਸ਼ਿ ਦੇਖਾ। ਗੁਰ ਮਾਇਆ ਬਿਰਮਾਇ ਅਸ਼ੇਖਾ।
ਧਰ ਦਿਸ਼ਿ ਦ੍ਰਿਸ਼ਟਿ ਨ ਕਿਸ ਕੀ ਹੇਰੀ। ਨਰ ਪੰਚਹੁਂ ਉਚਾਇ ਤਿਸਿ ਬੇਰੀ ॥੨੦॥

ਦਾਅ ਤਕ ਕੇ ਸਾਰੇ ਪਾਸੇ ਵੇਖਿਆ। ਗੁਰੂ ਜੀ ਦੀ ਮਾਇਆ ਨੇ ਸਾਰਿਆਂ ਨੂੰ ਭਰਮਾ ਦਿੱਤਾ। ਧੜ ਵਾਲੇ ਪਾਸੇ ਕਿਸੇ ਦੀ ਵੀ ਦ੍ਰਿਸ਼ਟੀ ਨਾ ਗਈ। ਕੁਝ ਮਨੁੱਖਾਂ ਨੇ ਉਸ ਸਮੇਂ ਧੜ ਨੂੰ ਚੁੱਕ ਲਿਆ॥੨੦॥

ਤਤਛਿਨ ਤੂਲ ਸਕਟ ਢਿਗ ਲਜਾਏ। ਭਲੀ ਪ੍ਰਕਾਰ ਬੀਚ ਪਹੁਚਾਏ।
ਕਰਤਿ ਸ਼ੀਘ੍ਰਤਾ ਬੁਧਿ ਉਪਜਾਵੈਂ। ਇਤ ਉਤ ਹੇਰਤਿ ਸਰਬ ਦੁਰਾਵੈਂ ॥੨੧॥

ਤੁਰਤ ਧੜ ਨੂੰ ਚੁੱਕ ਕੇ ਰੂੰ ਵਾਲੇ ਗੱਡੇ ਪਾਸ ਲਿਆਏ ਤੇ ਭਲੀ ਪ੍ਰਕਾਰ ਵਿਚ ਟਿਕਾ ਦਿੱਤਾ। ਬਹੁਤ ਕਾਹਲੀ-ਕਾਹਲੀ ਬੁੱਧੀ ਦੀ ਵਰਤੋਂ ਕਰਦੇ ਸਨ ਤੇ ਏਧਰ ਓਧਰ ਵੇਖ ਕੇ ਧੜ ਨੂੰ ਲੁਕਾਉਂਦੇ ਸਨ॥੨੧॥

ਘਨੀ ਤੂਲ ਤੇ ਛਾਦਨ ਕੀਨੇ। ਜਿਸ ਪ੍ਰਕਾਰ ਕੋ ਸਕਹਿ ਨ ਚੀਨੇ।
ਮਨ ਹੀ ਮਨ ਮਨਾਇ ਉਰ ਧਰੈਂ। 'ਅਪਨੋ ਕਾਜ ਆਪ ਗੁਰ ਕਰੈਂ' ॥੨੨॥

ਧੜ ਨੂੰ ਬਹੁਤ ਰੂੰ ਨਾਲ ਢੱਕ ਦਿੱਤਾ, ਜਿਸ ਪ੍ਰਕਾਰ ਕਿ ਵੇਖਿਆ ਨਾ ਜਾ ਸਕੇ। ਮਨ ਹੀ ਮਨ ਵਿਚ ਗੁਰੂ ਜੀ ਦਾ ਸਿਮਰਨ ਕਰਦੇ ਕਹਿੰਦੇ ਸਨ, "ਆਪਣਾ ਕਾਰਜ ਗੁਰੂ ਜੀ ਆਪ ਕਰਦੇ ਹਨ"॥੨੨॥

ਕਰਿ ਬੰਦਨ ਕੋ ਹਟਿ ਕਰਿ ਗਏ। ਬੈਲਨ ਬੀਚ ਇਤਹਿ ਉਤ ਭਏ।
ਲਾਰਾ ਗਮਨਜੋਂ ਜਾਤਿ ਅਗਾਰੀ। ਹਾਂਕਤਿ ਜਾਤਿ ਬੋਲਤੇ ਭਾਰੀ॥ ੨੩॥

ਫਿਰ ਬੰਦਨਾ ਕਰ ਕੇ ਹਟ ਕੇ ਚਲੇ ਗਏ ਤੇ ਬਲਦਾਂ ਵਿਚ ਏਧਰ ਓਧਰ ਹੋ ਗਏ। ਬਲਦਾਂ ਦੀ ਕਤਾਰ ਅੱਗੇ ਜਾ ਰਹੀ ਸੀ ਤੇ ਉੱਚੀ-ਉੱਚੀ ਬੋਲਦੇ ਹਿੱਕਦੇ ਜਾ ਰਹੇ ਸਨ॥੨੩॥

ਬਾਯੂ ਬ੍ਰਿਖਭਨ ਧੂਲ ਉਡਾਈ। ਸਭਿ ਕੀ ਦ੍ਰਿਸ਼ਟਿ ਬਿਲੋਚਨ ਛਾਈ।
ਪੁਰਿ ਕੇ ਪੌਰ ਨਿਕਸਿ ਜਬਿ ਗਏ। ਸਕਟ ਤਯਾਰ ਚਲਿਬੇ ਕੌ ਭਏ॥ ੨੪॥

ਹਨੇਰੀ ਅਤੇ ਬਲਦਾਂ ਨੇ ਬਹੁਤ ਧੂੜ ਉਡਾਈ ਸੀ। ਸਾਰਿਆਂ ਦੇ ਨੈਣਾਂ ਵਿਚ ਘੱਟਾ ਛਾ ਰਿਹਾ ਸੀ। ਨਗਰ ਦਾ ਦਰਵਾਜ਼ਾ ਜਦ ਨਿਕਲ ਗਏ ਤਾਂ ਤਿਆਰ ਹੋਏ ਗੱਡੇ ਅੱਗੇ ਚਲਣ ਲੱਗੇ॥੨੪॥

ਆਇ ਸਿਪਾਹੀ ਦੇਖਨਿ ਲਾਗੇ। ਸਤਿਗੁਰੁ ਕੋ ਧਰ ਲਖਯੋ ਨ ਆਗੇ।
ਸਭਿਨਿ ਬਿਖੈ ਮਾਚਯੋਂ ਤਬਿ ਰੌਰਾ। ਇਤ ਉਤ ਖੋਜਤਿ ਭੇ ਸਭਿ ਠੌਰਾ॥੨੫॥

ਫਿਰ ਸਿਪਾਹੀ ਆ ਕੇ ਵੇਖਣ ਲੱਗੇ ਤਾਂ ਉਨ੍ਹਾਂ ਆਪਣੇ ਅੱਗੇ ਸਤਿਗੁਰੂ ਜੀ ਦੇ ਧੜ ਨੂੰ ਨਾ ਵੇਖਿਆ। ਸਾਰਿਆਂ ਦੇ ਵਿਚ ਫਿਰ ਰੌਲਾ ਮੱਚ ਗਿਆ ਤੇ ਸਿਪਾਹੀ ਏਧਰ ਓਧਰ ਸਭ ਥਾਂ ਵੇਖਣ ਲੱਗੇ॥੨੫॥

ਮਨ ਮਹਿਂ ਮਾਨਯੋਂ ਅਧਿਕ ਅਚੰਭਾ। ਇਹ ਕਿਨਹੂੰ ਬਡਿ ਦੰਭ ਅਰੰਭਾ।
ਕੇਤਿਕ ਦੌਰੇ ਜਾਇ ਨਿਹਾਰੇ। ਬੈਲਨ ਸਹਿਤ ਜਿਤਿਕ ਬਨਜਾਰੇ॥ ੨੬॥

ਉਨ੍ਹਾਂ ਨੇ ਮਨ ਵਿਚ ਬਹੁਤ ਅਚੰਭਾ ਮੰਨਿਆ, ਇਹ ਕਿਸ ਨੇ ਵੱਡਾ ਧੋਖਾ ਕੀਤਾ ਹੈ। ਕਦੀ ਦੌੜ ਕੇ ਜਾ ਕੇ ਵੇਖਦੇ ਸਨ, ਜਿੰਨੇ ਵੀ ਲੁਬਾਣੇ ਬਲਦਾਂ ਸਹਿਤ ਸਨ॥੨੬॥

ਏਕ ਏਕ ਕੋ ਤਰਜਤਿ ਧਰਿ ਧਰਿ। ਛੋਰਤਿ ਹੇਰਤਿ ਨਿਰਨੈ ਕਰਿ ਕਰਿ।
ਤਿਮ ਹੀ ਬ੍ਰਿਖਭ ਛੂਛ ਸਭਿ ਹੇਰੇ। ਅਪਰ ਨਰਨਿ ਖੋਜਤਿ ਫਿਰਿ ਫੇਰੇ॥੨੭॥

ਇਕ ਇਕ ਨੂੰ ਫੜ ਫੜ ਤਾੜਦੇ ਸਨ ਤੇ ਵੇਖ ਕੇ ਨਿਰਨਾ ਕਰਕੇ ਛੱਡ ਦਿੰਦੇ ਸਨ। ਉਸ ਤਰ੍ਹਾਂ ਹੀ ਸਾਰੇ ਬਲਦ ਖਾਲੀ ਵੇਖੇ। ਬਾਅਦ ਵਿਚ ਫਿਰ ਫਿਰ ਕੇ ਹੋਰ ਮਨੁੱਖਾਂ ਨੂੰ ਲੱਭਦੇ ਸਨ॥੨੭॥

ਇਮ ਦੇਖਤਿ ਸਕਟਨਿ ਢਿਗ ਆਏ। ਗਿਨਹਿਂ ਏਕ ਕਮਤੀ ਹੁਇ ਜਾਏ।
ਗਡਵਾਨਨ ਕੋ ਤਰਜਤਿ ਕਹੈਂ। 'ਤੁਮ ਮਹਿਂ ਏਕ ਸਕਟ ਨਹਿਂ ਲਹੈਂ॥੨੮॥

ਇਸ ਤਰ੍ਹਾਂ ਵੇਖਦੇ ਗੱਡਿਆਂ ਪਾਸ ਆਏ, ਜਦ ਗਿਣਦੇ ਸਨ ਤਾਂ ਇਕ ਗੱਡਾ ਘੱਟ ਹੋ ਜਾਂਦਾ ਸੀ। ਗੱਡਾਵਾਨਾਂ ਨੂੰ ਝਿੜਕ ਕੇ ਕਹਿੰਦੇ ਸਨ, "ਤੁਹਾਡੇ ਵਿਚ ਇਕ ਗੱਡਾ ਨਹੀਂ ਵੇਖਦੇ ਹਾਂ॥੨੮॥

ਕਰਜੋ ਨਿਕਾਸਨਿ, ਕਹਾਂ ਦੁਰਾਯੋ? ਤਿਸ ਮਹਿਂ ਗੁਰ ਕੋ ਧਰ ਤੁਮ ਪਾਯੋ।
ਦਿਹੁ ਬਤਾਇ ਨਤੁ ਕੈਦ ਕਰੈਂਗੇ। ਮਾਰਿ ਮਾਰਿ ਤੁਮ ਪ੍ਰਾਨ ਹਰੈਂਗੇ'॥੨੯॥

ਉਸ ਨੂੰ ਵਿਚੋਂ ਕੱਢ ਕੇ ਕਿੱਥੇ ਲੁਕਾਇਆ ਹੈ, ਉਸ ਵਿਚ ਤੁਸੀਂ ਗੁਰੂ ਜੀ ਦਾ ਧੜ ਰਖਿਆ ਹੈ। ਦੱਸ ਦੇਵੋ ਨਹੀਂ ਤਾਂ ਕੈਦ ਕਰਾਂਗੇ ਤੇ ਮਾਰ ਮਾਰ ਕੇ ਤੁਹਾਡੀ ਜਾਨ ਕੱਢ ਦੇਵਾਂਗੇ"॥੨੯॥

ਗਾੜੀਵਾਨਨ ਸ਼ਰਧਾ ਧਾਰੀ। ਗਿਨਹਿਂ ਨ ਜਾਇਂ ਇਨਹੁਂ ਮਤਿ ਮਾਰੀ।
ਨਿਰਭੈ ਹੁਇ ਕਰਿ ਬਾਕ ਬਖਾਨੈਂ। 'ਬਿਨਾ ਦੋਸ਼ ਕਿਸ ਪ੍ਰਾਨਨਿ ਹਾਨੈ?॥੩੦॥

ਗੱਡੀਵਾਨਾਂ ਨੇ ਗੁਰੂ ਜੀ 'ਤੇ ਸ਼ਰਧਾ ਧਾਰਨ ਕੀਤੀ, ਇਨ੍ਹਾਂ ਪਾਸੋਂ ਗੱਡੇ ਗਿਣੇ ਨਹੀਂ ਜਾਂਦੇ ਹਨ, ਗੁਰੂ ਜੀ ਨੇ ਇਨ੍ਹਾਂ ਦੀ ਮੱਤ ਮਾਰ ਦਿੱਤੀ ਹੈ। ਫਿਰ ਉਨ੍ਹਾਂ ਨਿਰਭੈ ਹੋ ਕੇ ਕਿਹਾ, "ਦੋਸ਼ ਤੋਂ ਬਗੈਰ ਕਿਸ ਦੇ ਪ੍ਰਾਣ ਕੱਢ ਦੇਵੋਗੇ?॥੩੦॥

ਹਜ਼ਰਤ ਕੇ ਘਰ ਨਜਾਊਂ ਕਿ ਨਾਂਹੀ। ਕੈਸੇ ਕਰਹਿ ਕੈਦ ਕੇ ਮਾਂਹੀ।
ਨਿਕਟਿ ਥਿਰੇ, ਹਮ ਗਏ ਨ ਕਜੋਂਹੂੰ। ਦੇਖਿ ਖੋਜ ਲਿਹੁ ਭਾਵਹਿ ਜਜੋਂਹੂੰ'॥੩੧॥

ਬਾਦਸ਼ਾਹ ਦੇ ਘਰ ਨਿਆਂ ਹੈ ਕਿ ਨਹੀਂ, ਕਿਸ ਤਰ੍ਹਾਂ ਤੁਸੀਂ ਸਾਨੂੰ ਕੈਦ ਕਰ ਲਵੋਗੇ, ਪਾਸ ਰਹੇ ਹਾਂ ਅਸੀਂ ਕਿਤੇ ਵੀ ਨਹੀਂ ਗਏ ਹਾਂ। ਜਿਵੇਂ ਤੁਹਾਨੂੰ ਚੰਗਾ ਲੱਗਦਾ ਹੈ, ਉਸ ਤਰ੍ਹਾਂ ਹੀ ਭਾਲ ਕਰ ਲਵੋ"॥੩੧॥

ਗਿਨਹਿਂ ਸਕਟ ਸੋ ਗਿਨੇ ਨ ਜਾਹੀਂ। ਪਿਖਿ ਕਰਿ ਲਖਜੋ ਸਾਚ ਇਹੁ ਪ੍ਰਾਹੀਂ।
ਪੁਰਿ ਮਹਿਂ ਗਰੀ ਗਰੀ ਫਿਰਿ ਹੇਰੀ। ਪਾਇ ਨ ਖੋਜਿ ਫਿਰੇ ਤਿਸ ਬੇਰੀ॥੩੨॥

ਗੱਡੇ ਗਿਣਦੇ ਸਨ, ਪਰ ਉਹ ਗਿਣੇ ਨਹੀਂ ਸੀ ਜਾਂਦੇ। ਫਿਰ ਵੇਖ ਕੇ ਸਮਝੇ ਕਿ ਇਹ ਸੱਚ ਹੀ ਕਹਿੰਦੇ ਹਨ। ਨਗਰ ਵਿਚ ਗਲੀ ਗਲੀ ਫਿਰ ਕੇ ਵੇਖਿਆ, ਕਿਤੇ ਵੀ ਖੋਜ ਨਾ ਲੱਭਾ, ਉਸ ਸਮੇਂ ਬਹੁਤ ਲੱਭਦੇ ਫਿਰਦੇ ਰਹੇ॥੩੨॥

ਗਡਵਾਨਨ ਸਭਿ ਸੰਗ ਬਖਾਨੇ। ਜੋਰਿ ਬ੍ਰਿਖਭ ਲੈ ਸਕਟ ਪਯਾਨੇ।
ਸਨੇ ਸਨੇ ਚਲਿ ਕੈ ਤਹਿਂ ਆਏ। ਜਹਿਂ ਬਨਜਾਰੇ ਮਿਲਿ ਸਮੁਦਾਏ॥੩੩॥

ਸਾਰੇ ਗੱਡਾਵਾਨਾਂ ਨੂੰ ਕਿਹਾ ਤੇ ਉਹ ਬਲਦ ਜੋੜ ਕੇ ਗੱਡੇ ਲੈ ਕੇ ਚਲ ਪਏ। ਹੌਲੀ-ਹੌਲੀ ਚੱਲ ਕੇ ਉਥੇ ਆ ਗਏ ਜਿੱਥੇ ਸਾਰੇ ਲੁਬਾਣੇ ਮਿਲ ਕੇ ਉਡੀਕ ਰਹੇ ਸਨ॥੩੩॥

'ਭਏ ਸਹਾਇਕ ਸਤਿਗੁਰੁ ਆਪੇ। ਕਿਸੀ ਦੁਸ਼ਟ ਕੋ ਨਾਂਹਿਨ ਜਾਪੇ।
ਤੁਮ ਸਮੀਪ ਲਗਿ ਹਮ ਲੈ ਆਏ। ਛਪਿ ਕਰਿ ਦੇਹੁ ਦਾਗ ਕਿਸ ਥਾਏਂ॥੩੪॥

ਗੱਡੇਵਾਨਾਂ ਨੇ ਉਨ੍ਹਾਂ ਨੂੰ ਦੱਸਿਆ, "ਸਤਿਗੁਰੂ ਜੀ ਆਪ ਹੀ ਸਹਾਇਕ ਬਣੇ ਹਨ, ਕਿਸੇ ਦੁਸ਼ਟ ਨੂੰ ਵੀ ਪਤਾ ਨਹੀਂ ਲੱਗਾ ਹੈ। ਤੁਹਾਡੇ ਪਾਸ ਤਕ ਅਸੀਂ ਲੈ ਆਏ ਹਾਂ। ਛੁੱਪ ਕੇ ਕਿਸੇ ਥਾਂ ਸਸਕਾਰ ਕਰ ਦੇਵੋ॥੩੪॥

ਬਿਲਮ ਕਰਨ ਕੀ ਬਾਤਿ ਨ ਆਛੇ। ਤੁਰਕ ਅਚੰਭੇ ਖੋਜਤਿ ਪਾਛੇ'।
ਬਨਜਾਰੇ ਤਤਬੀਰ ਬਿਚਾਰੀ। 'ਇਮ ਕੀਜਹਿ ਜਿਮ ਹ੍ਵੈ ਨ ਚਿਨਾਰੀ'॥੩੫॥

ਦੇਰ ਕਰਨ ਦੀ ਚੰਗੀ ਗੱਲ ਨਹੀਂ, ਤੁਰਕ ਬਹੁਤ ਹੈਰਾਨ ਹਨ ਤੇ ਸਭ ਥਾਂ ਲੱਭਦੇ ਫਿਰਦੇ ਹਨ।" ਲੁਬਾਣਿਆਂ ਫਿਰ ਸਲਾਹ ਕੀਤੀ, ਇਸ ਤਰ੍ਹਾਂ ਕਰੀਏ ਜਿਵੇਂ ਪਹਿਚਾਣ ਨਾ ਹੋ ਸਕੇ"॥੩੫॥

ਛਪਰਨਿ ਕੇ ਘਰਿ ਕਿਤਿਕ ਬਨਾਏ। ਤਿਨ ਮਹਿਂ ਬਸਤ ਹੁਤੇ ਸਮੁਦਾਏ।
ਵਸਤੁ ਸਕੇਲ ਨਿਕਾਰੀ ਸਾਰੀ। ਚਿਖਾ ਤਿਨਹੁਂ ਕੇ ਬੀਚ ਉਸਾਰੀ॥੩੬॥

ਛੱਪਰਾਂ ਦੇ ਬਹੁਤ ਘਰ ਬਣਾਏ ਸਨ, ਉਨ੍ਹਾਂ ਵਿਚ ਸਾਰੇ ਰਹਿੰਦੇ ਸਨ। ਉਨ੍ਹਾਂ ਵਿਚੋਂ ਸਾਰੀਆਂ ਵਸਤਾਂ ਕੱਢ ਲਈਆਂ ਤੇ ਉਨ੍ਹਾਂ ਦੇ ਵਿਚ ਹੀ ਚਿਖਾ ਚਿਣ ਦਿੱਤੀ॥੩੬॥

ਨਰ ਗਨ ਮਿਲੇ ਕਾਜ ਤਤਕਾਲਾ। ਕਰਤਿ ਭਏ ਧਰਿ ਭਾਉ ਬਿਸਾਲਾ।
ਸਭਿ ਛਪਰਨਿ ਕੋ ਅਗਨਿ ਲਗਾਈ। ਚਿਖਾ ਬੀਚ ਤਹਿਂ ਅਧਿਕ ਜਲਾਈ॥੩੭॥

ਬਹੁਤ ਮਨੁੱਖਾਂ ਮਿਲ ਕੇ ਤੁਰਤ ਕਾਰਜ ਕਰ ਦਿੱਤਾ। ਸਾਰੇ ਬੜਾ ਪ੍ਰੇਮ ਧਾਰ ਕੇ ਕੰਮ ਕਰ ਰਹੇ ਸਨ। ਉਨ੍ਹਾਂ ਨੇ ਸਾਰੇ ਛਪਰਾਂ ਨੂੰ ਅੱਗ ਲਾ ਦਿੱਤੀ ਤੇ ਚਿਖਾ ਵਾਲੇ ਛਪਰ ਵਿਚ ਅੱਗ ਜ਼ਿਆਦਾ ਬਾਲ ਦਿੱਤੀ॥੩੭॥

ਕਾਸ਼ਟ ਬਹੁਤ ਘ੍ਰਿਤ ਗਨ ਡਾਰਾ। ਲਗੀ ਹੁਤਾਸਨ ਲਾਟ ਉਦਾਰਾ।
ਅਰਧ ਜਲੀ ਤਬਿ ਰੌਰ ਮਚਾਯੋ। 'ਕਿਨਹੁਂ ਆਨਿ ਇਤ ਅਗਨਿ ਲਗਾਯੋ'॥੩੮॥

ਬਹੁਤ ਲੱਕੜਾਂ, ਘਿਉ ਪਾਇਆ ਤੇ ਅੱਗ ਬਲਣ ਦੀ ਬਹੁਤ ਉੱਚੀ ਲਾਟ ਉੱਠੀ, ਜਦ ਧੜ ਅੱਧਾ ਸੜ ਗਿਆ ਤਾਂ ਰੌਲਾ ਪਾ ਦਿੱਤਾ, "ਕਿਸੇ ਨੇ ਆ ਕੇ ਸਾਡੇ ਛਪਰਾਂ ਨੂੰ ਅੱਗ ਲਾ ਦਿੱਤੀ ਹੈ"॥੩੮॥

ਇਤ ਉਤ ਫਿਰਤਿ ਬੁਝਾਵਤਿ ਮਨੋ। ਦੂਰ ਕਿ ਨੇਰੇ ਸਭਿਨੇ ਸੁਨੋ।
ਦੌਰਿ ਦੌਰਿ ਕੇਤਿਕ ਚਲਿ ਆਏ। ਬੁਝਹਿ ਨਹੀਂ, ਘਰ ਅਧਿਕ ਜਲਾਏ॥੩੯॥

ਏਧਰ ਓਧਰ ਭੱਜੇ ਫਿਰਦੇ ਸਨ, ਮਾਨੋ ਅੱਗ ਬੁਝਾ ਰਹੇ ਸਨ, ਦੂਰ ਕਿ ਨੇੜੇ ਸਭ ਨੇ ਸੁਣਿਆ। ਦੌੜ ਦੌੜ ਕੇ ਬਹੁਤ ਲੋਕ ਚਲ ਕੇ ਆਏ। ਬੁਝਦੀ ਨਹੀਂ ਸੀ, ਬਹੁਤ ਘਰ ਸਾੜ ਦਿੱਤੇ॥੩੯॥

ਈਂਧਨ ਕੋ ਸੰਚੇ ਬਹੁ ਕਰਜੋ। ਕਹਾਂ ਨਿਕਾਸਹਿਂ ਬੀਚ ਸੁ ਜਰਜੋ।
ਇਮ ਫਰੇਬ ਸਭਿਹਿਨਿ ਮਹਿਂ ਕਰਕੈ। ਸਸਕਾਰੇ ਸਤਿਗੁਰੂ ਸੁਧਰਿਕੈ॥੪੦॥

ਬਹੁਤ ਬਾਲਣ ਇਕੱਠਾ ਕੀਤਾ ਸੀ, ਉਸ ਨੂੰ ਕਿਵੇਂ ਕੱਢ ਸਕਦੇ ਸਨ ਜਿਹੜਾ ਵਿਚ ਸੜ ਗਿਆ ਸੀ। ਇਸ ਤਰ੍ਹਾਂ ਸਾਰਿਆਂ ਵਿਚ ਛਲ ਕਰਕੇ, ਸਤਿਗੁਰੂ ਜੀ ਦੇ ਧੜ ਦਾ ਚੰਗੀ ਤਰ੍ਹਾਂ ਸਸਕਾਰ ਕਰ ਦਿੱਤਾ॥੪੦॥

ਭਈ ਪ੍ਰਭਾਤਿ ਪੁਸ਼ਪ ਚੁਨਿ ਸੋਊ। ਤਾਂਬ੍ਰ ਗਾਗਰੈਂ ਭਰਿ ਕਰਿ ਦੋਊ।
ਨੀਵੋਂ ਖਨਜੋ ਸੁ ਖਾਤ ਬਿਸਾਲਾ। ਚਿਖਾ ਥਾਨ ਗਾਡੀ ਤਤਕਾਲਾ॥੪੧॥

ਜਦ ਸਵੇਰ ਹੋਈ ਤਾਂ ਫੁੱਲ ਚੁਣ ਲਏ। ਤਾਂਬੇ ਦੀਆਂ ਦੋ ਗਾਗਰਾਂ ਭਰ ਕੇ, ਚੰਗੀ ਤਰ੍ਹਾਂ ਬਹੁਤ ਡੂੰਘਾ ਟੋਆ ਪੁਟਿਆ ਤੇ ਚਿਖਾ ਵਾਲੀ ਥਾਂ 'ਤੇ ਉਨ੍ਹਾਂ ਗਾਗਰਾਂ ਨੂੰ ਤੁਰਤ ਦੱਬ ਦਿੱਤਾ॥੪੧॥

ਕੋਇ ਨ ਜਾਨਿ ਸਕ੍ਯੋ ਮਤਿ ਹੀਨੇ। ਇਮ ਸਤਿਗੁਰੁ ਸਸਕਾਰਨਿ ਕੀਨੇ।
ਘਨੋ ਤਿਹਾਵਲ ਤਬਿ ਕਰਿਵਾਯੋ। ਸਿਖ ਸੰਗਤਿ ਸਭਿ ਮੇਲ ਬਨਾਯੋ॥ ੪੨॥

ਕੋਈ ਵੀ ਮਾੜੀ ਮੱਤ ਵਾਲਾ ਇਸ ਬਾਰੇ ਨਾ ਜਾਣ ਸਕਿਆ। ਇਸ ਤਰ੍ਹਾਂ ਸਤਿਗੁਰੂ ਜੀ ਦਾ ਸਸਕਾਰ ਕੀਤਾ। ਫਿਰ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ। ਸਾਰੀ ਸਿੱਖ ਸੰਗਤ ਨੇ ਮਿਲ ਕੇ ਤਿਆਰ ਕੀਤਾ॥੪੨॥

ਸ਼ਬਦ ਰਬਾਬੀ ਮਿਲਿ ਤਹਿਂ ਗਾਯੋ। ਕਰਿ ਅਰਦਾਸ ਸਭਿਨਿ ਬਰਤਾਯੋ।
ਜੋੜਮੇਲ ਇਮ ਕਰਿ ਸਭਿ ਰੀਤਿ। ਸ਼ਰਧਾ ਧਰਤਿ ਅਧਿਕ ਮਨ ਪ੍ਰੀਤ॥ ੪੩॥

ਰਬਾਬੀਆਂ ਨੇ ਮਿਲ ਕੇ ਉਥੇ ਸ਼ਬਦਾਂ ਦਾ ਗਾਇਨ ਕੀਤਾ ਤੇ ਅਰਦਾਸ ਕਰਕੇ ਸਾਰਿਆਂ ਵਿਚ ਕੜਾਹ ਪ੍ਰਸ਼ਾਦਿ ਵਰਤਾ ਦਿੱਤਾ। ਇਸ ਤਰ੍ਹਾਂ ਸਭ ਰੀਤੀਆਂ ਨਾਲ ਜੋੜ ਮੇਲਾ ਕਰਕੇ, ਮਨ ਵਿਚ ਪ੍ਰੇਮ ਕਰਕੇ ਬਹੁਤ ਸ਼ਰਧਾ ਧਾਰਨ ਕੀਤੀ॥੪੩॥

ਚਿਖ ਸਥਾਨ ਪਰ ਛਾਨ ਛਵਾਈ। ਦੀਪ ਜਲਾਵਤਿ ਰਹੇ ਸਦਾਈ।
ਹਰਿ ਮੰਦਿਰ ਜਿਮ ਪੁਨਹਿਂ ਉਸਾਰ੍ਯੋ। ਸੋ ਪ੍ਰਸੰਗ ਅਬਿ ਨਹੀਂ ਉਚਾਰ੍ਯੋ॥੪੪॥

ਚਿਖਾ ਵਾਲੇ ਸਥਾਨ 'ਤੇ ਛਪਰੀ ਤਿਆਰ ਕਰਵਾਈ ਤੇ ਸਦਾ ਹੀ ਦੀਪਕ ਜਗਾਉਂਦੇ ਰਹੇ। ਜਿਵੇਂ ਹਰਿਮੰਦਰ ਬਾਅਦ ਵਿਚ ਉਸਾਰਿਆ ਗਿਆ, ਉਹ ਪ੍ਰਸੰਗ ਮੈਂ ਹੁਣ ਨਹੀਂ ਉਚਾਰਨ ਕੀਤਾ ਹੈ॥੪੪॥

ਕਥਾ ਬਿਖੈ ਅਵਸਰ ਜਹਿਂ ਪਾਊਂ। ਸੋ ਸਭਿ ਨੀਕੀ ਰੀਤਿ ਸੁਨਾਊਂ।
ਗੁਰ ਸਿੱਖਨ ਕੋ ਅਧਿਕ ਰਿਝਾਊਂ। ਜਿਸ ਤੇ ਗੁਰ ਮਿਲਿਬੇ ਬਰ ਪਾਊਂ॥੪੫॥

ਕਥਾ ਵਿਚ ਜਦ ਮੌਕਾ ਪਾਵਾਂਗਾ ਤਾਂ ਉਹ ਪ੍ਰਸੰਗ ਚੰਗੀ ਰੀਤੀ ਨਾਲ ਸੁਣਾਵਾਂਗਾ ਤੇ ਗੁਰ ਸਿੱਖਾਂ ਨੂੰ ਬਹੁਤ ਪ੍ਰਸੰਨ ਕਰਾਂਗਾ, ਜਿਸ ਨਾਲ ਗੁਰੂ ਮਿਲਣ ਦਾ ਵਰ ਪਾਵਾਂਗਾ॥੪੫॥

*ਬਾਰ੍ਹਵੀਂ ਰਾਸ ਦਾ ਸਤਾਹਠਵਾਂ ਅਧਿਆਇ ਸਮਾਪਤ ਹੋਇਆ॥੬੭॥*

## ਅਧਿਆਇ ਅਠਾਹਠਵਾਂ

### *ਔਰੰਗਜ਼ੇਬ ਨੂੰ ਡਰ, ਗੁਰ ਪ੍ਰਤਾਪ ਸੂਰਜ ਦੇ ਰੂਪਕ ਦੀ ਵਿਆਖਿਆ*

*ਦੋਹਰਾ-* ਠੌਰ ਠੌਰ ਰੌਰਾ ਪਰ੍ਯੋ 'ਪ੍ਰਥਮ ਸੀਸ ਨਹਿਂ ਪਾਇ।
ਲੋਪ ਭਯੋ ਗੁਰ ਧਰ ਅਬਹਿ, ਦੇਖਿ ਰਹੇ ਬਹੁ ਥਾਇਂ॥ ੧॥

ਥਾਂ-ਥਾਂ ਰੌਲਾ ਪੈ ਗਿਆ, "ਪਹਿਲਾਂ ਸੀਸ ਨਹੀਂ ਲੱਭਾ ਹੈ ਤੇ ਹੁਣ ਗੁਰੂ ਜੀ ਦਾ ਧੜ ਅਲੋਪ ਹੋ ਗਿਆ ਹੈ, ਬਹੁਤ ਸਥਾਨਾਂ ਤੇ ਵੇਖਦੇ ਰਹੇ ਹਨ"॥੧॥

*ਚੌਪਈ-* ਮੂਢ ਨੁਰੰਗੇ ਦਿਗ ਸੁਧਿ ਗਈ। 'ਪ੍ਰਥਮ ਸੀਸ ਕੀ ਜੋ ਬਿਧਿ ਭਈ।
ਤਿਮ ਹੀ ਧਰ ਧਰਨੀ ਮਹਿਂ ਬਰ੍ਯੋ। ਕੈ ਅਕਾਸ਼ ਮਹਿਂ ਉਰਧ ਚਰ੍ਯੋ॥੨॥

ਮੂਰਖ ਨੌਰੰਗੇ ਪਾਸ ਖ਼ਬਰ ਪੁੱਜੀ, "ਪਹਿਲਾਂ ਸੀਸ ਜਿਸ ਵਿਧੀ ਨਾਲ ਅਲੋਪ ਹੋਇਆ ਸੀ, ਉਸ ਤਰ੍ਹਾਂ ਹੀ ਧੜ ਧਰਤੀ ਵਿਚ ਅਲੋਪ ਹੋ ਗਿਆ ਹੈ ਜਾਂ ਅਕਾਸ਼ ਵਿਚ ਉੱਪਰ ਚੜ੍ਹ ਗਿਆ ਹੈ॥੨॥

ਕਿਸ ਹੂੰ ਤੇ ਕੁਛ ਜਾਇ ਨ ਜਾਨੀ। ਭਯੋ ਲੋਪ ਦੇਖਤਿ ਅਗਵਾਨੀ'।
ਸੁਨਿ ਸੁਨਿ ਅਚਰਜ ਕੋ ਤਬਿ ਸ਼ਾਹੂ। ਰਹਯੋ ਬਿਸੂਰਤ ਬਹੁ ਮਨ ਮਾਂਹੂ॥ ੩॥

ਕਿਸੇ ਪਾਸੋਂ ਵੀ ਕੁਝ ਜਾਣਿਆ ਨਹੀਂ ਜਾਂਦਾ ਹੈ, ਸਾਹਮਣੇ ਵੇਖਦਿਆਂ ਹੀ ਅਲੋਪ ਹੋ ਗਿਆ ਹੈ।" ਸੁਣ-ਸੁਣ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ ਤੇ ਮਨ ਵਿਚ ਬਹੁਤ ਝੁਰਦਾ ਸੀ॥੩॥

ਕਰਾਮਾਤ ਕਾਮਲ ਬਡ ਅਹੇ। ਤਊ ਨ ਰੰਚ ਦਿਖਾਵਨਿ ਚਹੇ।
ਖਰੇ ਸਿਪਾਹੀ ਗਨ ਰਖਵਾਰੇ। ਧਰ ਸਿਰ ਦੁਰੇ ਨ ਕਿਨਹੁਂ ਨਿਹਾਰੇ॥ ੪॥

ਵੱਡੇ ਕਾਮਲ ਕਰਾਮਾਤ ਵਾਲੇ ਸਨ, ਫਿਰ ਵੀ ਥੋੜ੍ਹੀ ਜੇਹੀ ਵੀ ਕਰਾਮਾਤ ਵਿਖਾਉਣੀ ਨਹੀਂ ਚਾਹੀ। ਬਹੁਤ ਸਿਪਾਹੀ ਰਖਵਾਲੀ ਕਰਨ ਵਾਸਤੇ ਖੜੇ ਸਨ। ਧੜ ਸਿਰ ਛੁੱਪਦੇ ਕਿਸੇ ਨਹੀਂ ਵੇਖੇ ਹਨ॥੪॥

ਭਨਹਿਂ ਮੁਲਾਨੇ 'ਜੇ ਦੁਰ ਗਏ। ਤੁਮਹੁਂ ਕਾਜ ਅਪਨੇ ਕਰਿ ਲਏ।
ਸ਼ਰ੍ਹਾ ਨ ਮਾਨੀ ਪ੍ਰਾਨ ਬਿਨਾਸੇ। ਅਬਿ ਨਰ ਮਾਨਹਿਂ ਜਥਾ ਪ੍ਰਕਾਸ਼ੇ॥ ੫॥

ਮੁਲਾਣੇ ਨੇ ਕਿਹਾ, "ਜੇ ਲੁੱਕ ਗਏ ਹਨ ਤਾਂ ਤੁਸੀਂ ਆਪਣਾ ਕਾਰਜ ਕਰ ਲਿਆ ਹੈ। ਸ਼ਰ੍ਹਾ ਨਹੀਂ ਮੰਨੀ, ਪ੍ਰਾਣਾਂ ਦਾ ਨਾਸ਼ ਹੋ ਗਿਆ ਹੈ। ਹੁਣ ਮਨੁੱਖ ਉਸ ਤਰ੍ਹਾਂ ਹੀ ਮੰਨਣਗੇ ਜਿਵੇਂ ਤੁਸੀਂ ਕਹੋਗੇ॥੫॥

ਸਭਿ ਕੇ ਉਰ ਡਰ ਹੋਹਿ ਬਿਸਾਲਾ। ਹੁਕਮ ਅਦੂਲੀ ਤੇ ਅਸ ਹਾਲਾ।
ਸਮੁਝਾਯਹੁ ਬਹੁ ਬਾਰਿ ਘਨੇਰੇ। ਨਹਿਂ ਮਾਨਯੋ ਹਠ ਠਾਂਨਿ ਬਡੇਰੇ'॥ ੬॥

ਸਾਰਿਆਂ ਦੇ ਦਿਲ ਵਿਚ ਵਿਸ਼ਾਲ ਡਰ ਪੈਦਾ ਹੋਇਆ ਹੋਵੇਗਾ ਕਿ ਹੁਕਮ-ਅਦੂਲੀ ਨਾਲ ਇਹ ਹਾਲ ਹੁੰਦਾ ਹੈ। ਬਹੁਤ ਵਾਰ ਸਮਝਾਇਆ ਸੀ, ਪਰ ਵੱਡਾ ਹਠ ਧਾਰ ਕੇ ਮੰਨਿਆ ਨਹੀਂ ਹੈ" ॥੬॥

ਸੁਨਿ ਕਰਿ ਭਨਹਿ ਮੂਢ ਚਦਰੱਤਾ। 'ਹਿੰਦੂ ਧਰਮ ਕੀ ਰਾਖੀ ਸੱਤਾ।
ਮੋਰ ਮਨੋਰਥ ਭਯੋ ਨ ਸੋਈ। ਕਲਮਾ ਪਠਹਿ ਤੁਰਕ ਜਗ ਹੋਈ'॥ ੭॥

ਇਹ ਸੁਣ ਕੇ ਮੂਰਖ ਨੌਰੰਗਾ ਕਹਿਣ ਲੱਗਾ, "ਹਿੰਦੂ ਧਰਮ ਦੇ ਸਤ ਨੂੰ ਉਨ੍ਹਾਂ ਰਖਿਆ ਹੈ। ਮੇਰਾ ਮਨੋਰਥ ਪੂਰਾ ਨਹੀਂ ਹੋਇਆ ਹੈ, ਕਲਮਾ ਪੜ੍ਹ ਕੇ ਜਗ ਤੁਰਕ ਨਹੀਂ ਬਣਿਆ ਹੈ" ॥੭॥

ਜਮਾਦਾਰ ਕੋ ਤਬਹਿ ਬੁਲਾਯਹੁ। ਤਰਜਿ ਕਹਯੋ 'ਤੈਂ ਕਹਾ ਕਰਿ ਆਯਹੁ।
ਸਿਰ ਧਰ ਕੀ ਨ ਕਰੀ ਤਕਰਾਈ। ਸਭਿ ਤੇ ਕੋ ਲੈ ਗਯੋ ਚੁਰਾਈ'॥ ੮॥

ਜਮਾਦਾਰ ਨੂੰ ਫਿਰ ਬੁਲਾਇਆ, ਝਿੜਕ ਕੇ ਕਿਹਾ, "ਤੂੰ ਕੀ ਕਰ ਆਇਆ ਹੈਂ, ਸਿਰ ਧੜ ਦੀ ਸਖਤੀ ਨਾਲ ਨਿਗਰਾਨੀ ਨਹੀਂ ਰੱਖੀ ਹੈ, ਸਾਰਿਆਂ ਪਾਸੋਂ ਕੌਣ ਚੋਰੀ ਕਰਕੇ ਲੈ ਗਿਆ ਹੈ" ॥੮॥

ਹਾਥ ਜੋਰਿ ਤਿਨ ਗਾਥ ਬੁਝਾਈ। 'ਸੀਸ ਸਮੈਂ ਨਰ ਥੇ ਸਮੁਦਾਈ।
ਸਈਯਦ ਅਰੁ ਉਮਰਾਵ ਮੁਲਾਨੇ। ਖਰੇ ਰਹੇ ਕੁਛ ਗਯੋ ਨ ਜਾਨੇ॥ ੯॥

ਹੱਥ ਜੋੜ ਕੇ ਦਰੋਗੇ ਨੇ ਗੱਲ ਦੱਸੀ, "ਸੀਸ ਦੇ ਸਮੇਂ ਤਾਂ ਉਥੇ ਬਹੁਤ ਲੋਕ ਖੜੇ ਸਨ, ਸੱਯਦ, ਉਮਰਾਵ ਅਤੇ ਮੁਲਾਣੇ ਉਥੇ ਖੜੇ ਸਨ, ਕੁਝ ਵੀ ਜਾਣਿਆ ਨਹੀਂ ਗਿਆ ਹੈ॥੯॥

ਮਹਾਂ ਫਤੂਰ ਧੂਰ ਜੁਤਿ ਬਾਯੂ। ਬਹੀ ਬੇਗ ਤੇ ਪਿਖਿ ਨ ਸਕਾਯੂ।
ਪੁਨ ਬਨਜਾਰਨ ਕੇ ਗਨ ਬੈਲ। ਚਲੇ ਜਾਤਿ ਪਾਵਤਿ ਬਡ ਐਲ॥ ੧੦॥

ਮਹਾਨ ਤੂਫਾਨ ਆਇਆ, ਧੂੜ ਸਹਿਤ ਹਨੇਰੀ ਬਹੁਤ ਤੇਜ਼ ਵਗੀ ਹੈ ਤੇ ਕੋਈ ਵੀ ਵੇਖ ਨਹੀਂ ਸਕਿਆ ਹੈ, ਫਿਰ ਵਣਜਾਰਿਆਂ ਦੇ ਬਹੁਤ ਬਲਦ ਚਲੇ ਜਾ ਰਹੇ ਸਨ, ਜਿਸ ਨਾਲ ਬਹੁਤ ਰੌਲਾ ਪੈ ਰਿਹਾ ਸੀ॥੧੦॥

ਖਰੇ ਸੁਚੇਤ ਸਿਪਾਹੀ ਖਰੇ। ਰਖਵਾਰੀ ਧਰ ਕੇ ਤਰੁ ਤਰੇ।
ਛਪਯੋ ਤਬਹਿ ਨਹਿਂ ਕੀਨਿ ਬਿਲੋਕਨਿ। ਸਭਿ ਦਿਸ਼ਿ ਤੇ ਨਰ ਕੀਨੇ ਰੋਕਨਿ॥੧੧॥

ਸਾਰੇ ਸਿਪਾਹੀ ਬੜੇ ਸੁਚੇਤ ਹੋ ਕੇ ਖੜੇ ਸਨ, ਉਹ ਦਰੱਖਤ ਦੇ ਥੱਲੇ ਧੜ ਦੀ ਰਖਵਾਲੀ ਕਰ ਰਹੇ ਸਨ। ਉਸ ਸਮੇਂ ਹੀ ਧੜ ਅਲੋਪ ਹੋ ਗਿਆ, ਕਿਸੇ ਨਹੀਂ ਵੇਖਿਆ ਹੈ ਤੇ ਸਾਰਿਆਂ ਪਾਸਿਆਂ ਤੋਂ ਮਨੁੱਖਾਂ ਨੂੰ ਰੋਕ ਲਿਆ ਹੈ॥੧੧॥

ਰਹੇ ਖੋਜ ਕਜੋਂਹੂੰ ਨਹਿਂ ਪਾਯੋ। ਅਜ਼ਮਤ ਸੋਂ ਕੁਛ ਬਸ ਨ ਬਸਾਯੋ'।
ਸੁਨਿ ਸੁਨਿ ਹੋਲ ਹੋਤਿ ਉਰ ਸ਼ਾਹੁ। ਤਊ ਨ ਕਹਿ ਸਕਿ ਹੈ ਕਿਸ ਪਾਹੂ॥੧੨॥

ਬਹੁਤ ਲੱਭਦੇ ਰਹੇ ਹਾਂ, ਕਿਸੇ ਨੂੰ ਵੀ ਨਹੀਂ ਲੱਭਾ ਹੈ, ਕਰਾਮਾਤ ਕਾਰਨ ਕੁਝ ਵੀ ਵੱਸ ਨਹੀਂ ਚਲਿਆ ਹੈ।" ਸੁਣ ਸੁਣ ਕੇ ਬਾਦਸ਼ਾਹ ਦੇ ਦਿਲ ਵਿਚ ਹੌਲ ਉੱਠਦੇ ਸਨ, ਤਦ ਵੀ ਉਹ ਕਿਸੇ ਪਾਸ ਕਹਿ ਨਹੀਂ ਸੀ ਸਕਦਾ॥੧੨॥

ਰਾਤ ਪ੍ਰਬਿਰਤੀ ਚਿੰਤ ਅਧੀਨਾ। ਰੁਚਿ ਕਰਿ ਖਾਨਾ ਖਾਨ ਨ ਕੀਨਾ।
ਜਬਿ ਪ੍ਰਯੰਕ ਪਰ ਪਹੁੰਚਯੋ ਪਾਪੀ। ਹਿਤ ਸੁਪਤਨਿ ਕੇ ਨਿੰਦ੍ਰਾ ਬਯਾਪੀ॥੧੩॥

ਰਾਤ ਵੀ ਉਸਦੀ ਪ੍ਰਵਿਰਤੀ ਚਿੰਤਾ ਅਧੀਨ ਰਹੀ, ਰੁਚੀ ਅਨੁਸਾਰ ਖਾਣਾ ਨਾ ਖਾਧਾ। ਜਦ ਪਾਪੀ ਨੌਰੰਗਾ ਪਲੰਘ ਤੇ ਲੇਟ ਗਿਆ ਤਾਂ ਸੁਪਨੇ ਆਉਣ ਵਾਸਤੇ ਨੀਂਦ ਆ ਗਈ॥੧੩॥

ਮਤੀਦਾਸ ਜੋ ਗੁਰੂ ਦਿਵਾਨ। ਪ੍ਰਥਮ ਸ਼ਹੀਦ ਭਯੋ ਤਿਸ ਥਾਨ।
ਅਪਰਾਧੀ ਕੇ ਢਿਗ ਚਲਿ ਗਯੋ। ਅਧਿਕ ਕ੍ਰੋਧ ਹਿਰਦੇ ਉਪਜਯੋ॥ ੧੪॥

ਮਤੀਦਾਸ ਜੋ ਗੁਰੂ ਜੀ ਦਾ ਦੀਵਾਨ ਸੀ, ਸਭ ਤੋਂ ਪਹਿਲਾਂ ਉਹ ਉਸ ਥਾਂ ਸ਼ਹੀਦ ਹੋਇਆ ਸੀ। ਉਹ ਮਤੀਦਾਸ ਅਪਰਾਧੀ ਨੌਰੰਗੇ ਪਾਸ ਚਲ ਕੇ ਗਿਆ ਤੇ ਹਿਰਦੇ ਵਿਚ ਉਸ ਬਹੁਤ ਕ੍ਰੋਧ ਧਾਰਨ ਕੀਤਾ॥੧੪॥

ਤਊ ਗੁਰੂ ਤੇ ਧਾਰਹਿ ਤ੍ਰਾਸ। ਨਹਿਂ ਪਾਪੀ ਕੋ ਕੀਨਿ ਬਿਨਾਸ਼।
ਪਾਟੀ ਤਬਿ ਪ੍ਰਯੰਕ ਕੀ ਗਹੀ। ਡਾਰਯੋ ਉਲਟਿ ਗਿਰਯੋ ਤਰ ਤਹੀਂ॥ ੧੫॥

ਫਿਰ ਵੀ ਉਹ ਗੁਰੂ ਜੀ ਪਾਸੋਂ ਡਰਦਾ ਸੀ, ਇਸ ਕਰਕੇ ਉਸ ਨੇ ਪਾਪੀ ਨੌਰੰਗੇ ਨੂੰ ਮਾਰਿਆ ਨਹੀਂ। ਫਿਰ ਵੀ ਪਲੰਘ ਦੀ ਬਾਹੀ ਪਾਟ ਗਈ ਤੇ ਨੌਰੰਗਾ ਉਲਟ ਕੇ ਥੱਲੇ ਡਿੱਗ ਪਿਆ॥੧੫॥

ਭੜਭੜਾਇ ਠਾਂਢੋ ਹੁਇ ਗਯੋ। ਸ਼ਬਦ ਸ੍ਰਵਨ ਮਹਿਂ ਇਮ ਸੁਨਿ ਲਯੋ।
'ਦਿੱਲੀ ਪੁਰ ਮੈਂ ਜੇ ਸੁਪਤੇ ਹੈਂ। ਪ੍ਰਾਨ ਬਿਨਾਸ ਆਪਨੇ ਪੈ ਹੈਂ॥ ੧੬॥

ਗੁੱਸੇ ਨਾਲ ਬੋਲਦਾ ਉੱਠ ਕੇ ਖੜਾ ਹੋ ਗਿਆ, ਤਦ ਕੰਨਾਂ ਵਿਚ ਇਹ ਅਵਾਜ਼ ਆਈ, "ਦਿੱਲੀ ਨਗਰ ਵਿਚ ਜੇ ਸੌਂਵੋਗੇ ਤਾਂ ਤੁਹਾਡੇ ਪ੍ਰਾਣ ਨਾਸ਼ ਹੋ ਜਾਣਗੇ॥੧੬॥

ਵਹਿਰ ਨਗਰ ਤੇ ਨਿਕਸਿ ਸਿਧਾਵੋ। ਪਰਾਲਬਧ ਲੈ ਜੀਵਨ ਪਾਵੋ।
ਬਹੁਰ ਨਰਕ ਮਹਿਂ ਪਾਇ ਸਜ਼ਾਈ। ਗੁਰੂ ਅਵੱਗਯਾ ਅਧਿਕ ਕਮਾਈ'॥੧੭॥

ਨਗਰ ਵਿਚੋਂ ਨਿਕਲ ਕੇ ਬਾਹਰ ਚਲੇ ਜਾਵੇ, ਆਪਣੀ ਕਿਸਮਤ ਅਨੁਸਾਰ ਜੀਵਨ ਪਾਵੇ, ਫਿਰ ਨਰਕਾਂ ਵਿਚ ਜਾ ਕੇ ਸਜ਼ਾ ਪਾਵੇ, ਤੂੰ ਗੁਰੂ ਜੀ ਦੀ ਘੋਰ ਅਵੱਗਿਆ ਕਮਾਈ ਹੈ" ॥੧੭॥

ਸੁਨਤਿ ਤ੍ਰਾਸ ਧਰਿ ਦਾਸ ਬੁਲਾਏ। ਖਰੇ ਸਮੀਪ ਕਰੇ ਸਮੁਦਾਏ।
ਸੂਧਾ ਕਰਿਵਾਯੋ ਪਰਯੰਕ। ਪੌਢਜੋ ਪੁਨ ਭੈਭੀਤ ਸਸ਼ੰਕ॥ ੧੮॥

ਇਹ ਸੁਣ ਕੇ ਡਰ ਧਾਰਨ ਕਰਕੇ ਆਪਣੇ ਸੇਵਕਾਂ ਨੂੰ ਬੁਲਾਇਆ, ਸਾਰੇ ਨੇੜੇ ਆ ਕੇ ਖੜੇ ਹੋ ਗਏ। ਪਲੰਘ ਨੂੰ ਫਿਰ ਸਿੱਧਾ ਕਰਵਾਇਆ। ਭੈਭੀਤ ਹੋ ਕੇ ਸ਼ੰਕਾ ਸਹਿਤ ਲੇਟ ਗਿਆ॥੧੮॥

ਨੀਂਦ ਨ ਪਾਇ, ਨ ਜੁਟੇ ਬਿਲੋਚਨ। ਨਾਨਾ ਬਿਧਿ ਸੋਚਤਿ ਚਿਤ ਸੋਚਨ।
ਹਠ ਤੇ ਕਹਤਿ ਨ ਦੂਜੇ ਪਾਸ। 'ਹੋਹਿ ਨ ਹਜੋ ਹਿਯੋ ਇਹ ਤ੍ਰਾਸ' ॥੧੯॥

ਫਿਰ ਨੀਂਦ ਨਾ ਆਈ ਤੇ ਨੈਣ ਨਾ ਜੁੜੇ। ਕਈ ਵਿਧੀਆਂ ਨਾਲ ਚਿੱਤ ਵਿਚ ਸੋਚਾਂ ਸੋਚਦਾ ਸੀ। ਹਠ ਕਰਕੇ ਦੂਸਰੇ ਪਾਸ ਨਹੀਂ ਕਹਿੰਦਾ ਸੀ। "ਇਸ ਦੇ ਹਿਰਦੇ ਵਿਚ ਇਹ ਡਰ ਹੈ ਕਿ ਮੇਰੀ ਨਿੰਦਿਆ ਨਾ ਹੋਵੇ" ॥੧੯॥

ਜਾਗਤਿ ਸਗਰੀ ਰਾਤਿ ਬਿਤਾਈ। ਖਰੇ ਪਾਹਰੂ ਪ੍ਰਾਤਿ ਸੁ ਆਈ।
ਆਦਿ ਨਿਵਾਜ ਅਨਿਕ ਉਪਚਾਰ। ਕਰਤਿ ਭਯੋ ਮੱਜਨ ਕੌ ਧਾਰਿ॥ ੨੦॥

ਜਾਗਦਿਆਂ ਹੀ ਸਾਰੀ ਰਾਤ ਬਤੀਤ ਕੀਤੀ, ਜਿਹੜੇ ਪਹਿਰੇਦਾਰ ਖੜੇ ਸਨ ਸਵੇਰੇ ਉਹ ਆਏ। ਨਿਮਾਜ਼ ਆਦਿ ਅਨੇਕਾਂ ਉਪਚਾਰ ਇਸ਼ਨਾਨ ਕਰਕੇ ਕਰ ਰਿਹਾ ਸੀ॥੨੦॥

ਬ੍ਰਿੰਦ ਕਲਾਮ ਪਢੀ ਬਹੁ ਬਾਰੀ। ਆਯਹੁ ਉਠਿ ਪੁਨ ਸਭਾ ਮਝਾਰੀ।
ਬੀਤਜੋ ਜਥਾ ਦੁਸ਼ਟ ਕੇ ਸੰਗ। ਕਹੌਂ ਬਹੁਰ ਮੈਂ ਅਖਿਲ ਪ੍ਰਸੰਗ॥ ੨੧॥

ਕਈ ਕਲਾਮ ਬਹੁਤ ਵਾਰ ਪੜ੍ਹੇ, ਫਿਰ ਉੱਠ ਕੇ ਸਭਾ ਵਿਚ ਆ ਗਿਆ। ਜਿਵੇਂ ਦੁਸ਼ਟ ਨਾਲ ਬੀਤਿਆ ਸੀ, ਇਹ ਸਾਰਾ ਪ੍ਰਸੰਗ ਮੈਂ ਫੇਰ ਕਹਾਂਗਾ॥੨੧॥

ਦਿੱਲੀ ਮਹਿਂ ਨਹਿਂ ਸੁਪਤਨਿ ਪਾਯੋ। ਰਹਜੋ ਵਹਿਰੀ ਹੀ ਉਰ ਡਰਪਾਯੋ।
ਇਹਠਾਂ ਦ੍ਵਾਦਸ਼ ਪੂਰਨਿ ਰਾਸ਼ਿ। ਜਿਮ ਰਵਿ ਬਰਤਹਿ ਬਾਰਹਿਂ ਮਾਸ॥ ੨੨॥

ਫਿਰ ਦਿੱਲੀ ਨਗਰ ਵਿਚ ਨਾ ਸੌਂ ਸਕਿਆ ਤੇ ਡਰਦਾ ਮਾਰਾ ਬਾਹਰ ਹੀ ਰਿਹਾ। ਇਸ ਥਾਂ ਬਾਰ੍ਹਵੀਂ ਰਾਸ ਪੂਰਨ ਹੋਈ। ਜਿਵੇਂ ਸੂਰਜ ਬਾਰ੍ਹਾਂ ਮਹੀਨੇ ਚੜ੍ਹਦਾ ਹੈ॥੨੨॥

ਤਿਮ ਸਤਿਗੁਰ ਕੋ ਮਹਿਦ ਪ੍ਰਕਾਸ਼। ਬਰਨਜੋਂ ਬਰ ਵਿਚ ਦ੍ਵਾਦਸ਼ ਰਾਸਿ।
ਏਕ ਰਾਸਿ ਜਿਮ ਸੂਰਜ ਚਲੇ। ਬਹੁਰ ਦੂਸਰੀ ਗਮਨਤਿ ਮਿਲੇ॥ ੨੩॥

ਉਸ ਤਰ੍ਹਾਂ ਸਤਿਗੁਰੂ ਜੀ ਦਾ ਵੱਡਾ ਪ੍ਰਕਾਸ਼ ਹੈ, ਉਸ ਨੂੰ ਮੈਂ ਬਾਰ੍ਹਾਂ ਰਾਸਾਂ ਵਿਚ ਵਰਣਨ ਕੀਤਾ ਹੈ। ਇਕ ਰਾਸ ਜਿਵੇਂ ਸੂਰਜ ਚਲਦਾ ਹੈ, ਫਿਰ ਦੂਸਰੀ ਰਾਸ ਆ ਮਿਲਦੀ ਹੈ॥੨੩॥

ਤਿਮ ਗੁਰੁਤਾ ਰਥ ਪਰ ਅਸਵਾਰ। ਉਦੇ ਜਗਤ, ਬਿਨਸਜੋ ਅੰਧਕਾਰ।
ਗਿਰਾ ਸਮੂਹ ਰਿਸ਼ਮ ਜਿਨ ਕੇਰੀ। ਸਿੱਖੀ ਆਤਪ ਦਿਪਹਿ ਬਡੇਰੀ॥ ੨੪॥

ਉਸ ਤਰ੍ਹਾਂ ਸਤਿਗੁਰੂ ਰੂਪੀ ਸੂਰਜ ਗੁਰਤਾ ਦੇ ਰੱਥ 'ਤੇ ਸਵਾਰ ਹੋ ਕੇ ਜਦ ਉਦੇ ਹੁੰਦਾ ਹੈ ਤਾਂ ਹਨੇਰਾ ਖਤਮ ਹੋ ਜਾਂਦਾ ਹੈ। ਸਮੂਹ ਬਾਣੀ ਜਿਸ ਦੀਆਂ ਰਿਸ਼ਮਾਂ ਹਨ। ਸਿੱਖੀ ਰੂਪੀ ਧੁੱਪ ਬਹੁਤ ਚਮਕਦੀ ਹੈ॥੨੪॥

Sri Satguru Jagjit Singh Ji eLlibrary NamdhariElibrary@gmail.com

ਬ੍ਰਹਮ ਗ੍ਯਾਨ ਜਿਨ ਤੇਜ ਬਿਲੰਦ। ਭਗਤਿ ਸੁ ਗਤਿ ਕੇ ਬਸੀ ਮੁਕੰਦ।
ਹਿੰਦੂ ਤੁਰਕਨਿ ਪੰਥ ਅਨੇਕ। ਕਹੈਂ ਕਹਾਂ ਲਗਿ ਉਡਨਿ ਬਿਬੇਕ॥ ੨੫॥

ਬ੍ਰਹਮ ਗਿਆਨ ਰੂਪੀ ਵੱਡਾ ਤੇਜ ਹੈ। ਮੁਕਤੀਦਾਤੇ ਗੁਰੂ ਜੀ ਭਗਤੀ ਰੂਪੀ ਚਾਲ ਦੇ ਵੱਸ ਹਨ। ਹਿੰਦੂ ਤੁਰਕ ਅਨੇਕਾਂ ਪੰਥ ਹਨ ਕਿਥੋਂ ਤੱਕ ਗਿਣਤੀ ਕਰਾਂ, ਤਾਰਿਆਂ ਵਾਂਗ ਭਾਰੀ ਵਿਵੇਕ ਹਨ॥੨੫॥

ਗਨ ਕੋ ਚਮਤਕਾਰ ਛਪਿ ਗਯੋ। ਗੁਰ ਪ੍ਰਤਾਪ ਸਭਿ ਊਪਰ ਭਯੋ।
ਪ੍ਰੇਮੀ ਸੰਤ ਮਹੰਤ ਅਨੰਤ। ਇਹ ਪੰਕਜ ਜਿਤ ਕਿਤ ਬਿਕਸੰਤਿ॥ ੨੬॥

ਸਭਨਾਂ ਦਾ ਚਮਤਕਾਰ ਛਪ ਗਿਆ ਹੈ, ਪਰ ਗੁਰੂ ਜੀ ਦਾ ਪ੍ਰਤਾਪ ਸਾਰਿਆਂ ਦੇ ਉਤੋਂ ਦੀ ਹੈ। ਪ੍ਰੇਮੀ ਸੰਤ ਮਹੰਤ ਅਨੇਕਾਂ ਹੋਏ ਹਨ, ਇਹ ਕੰਵਲ ਦੇ ਫੁੱਲ ਵਾਂਗ ਜਿੱਥੇ ਕਿੱਥੇ ਖਿੜ ਰਹੇ ਹਨ॥੨੬॥

ਤੋਮ ਤੇਜ ਤੁਰਕੇਸ਼ ਤਮੀਪਤਿ। ਫੀਕੋ ਪਰਯੋ, ਪ੍ਰਕਾਸ਼ ਭਯੋ ਹਤਿ।
ਸ਼ਰ੍ਹਾ ਕੁਚਲਣੀ ਨਿਸ਼ਾ ਬਿਨਾਸ਼ੀ। ਹਿੰਦੂ ਕੋਕ ਪਾਇ ਸੁਖਰਾਸੀ॥ ੨੭॥

ਨੌਰੰਗੇ ਦਾ ਸਾਰਾ ਤੇਜ ਚੰਦ ਵਾਂਗ ਹੈ, ਤੇਜ ਹੁਣ ਫਿੱਕਾ ਪੈ ਗਿਆ ਹੈ ਤੇ ਪ੍ਰਕਾਸ਼ ਖਤਮ ਹੋ ਗਿਆ ਹੈ। ਸ਼ਰ੍ਹਾ ਰੂਪੀ ਖੋਟੀ ਰਾਤ ਬੀਤ ਗਈ ਹੈ। ਹਿੰਦੂ ਰੂਪੀ ਚਕਵੇ ਸੁਖ ਪਾ ਰਹੇ ਹਨ॥੨੭॥

ਸਹਿਤ ਮੁਲਾਨੇ ਨੌਰੰਗ ਚੋਰ। ਛੀਨਤਿ ਧਰਮ ਦਰਬ ਕਰਿ ਜੋਰ।
ਸੋ ਲੱਜਤਿ ਦਬਕਯੋ ਦੁਖ ਭਰਯੋ। ਦਿੱਲੀ ਪੁਰਿ ਤੇ ਕਾਢਨਿ ਕਰਯੋ॥ ੨੮॥

ਮੁਲਾਣਿਆਂ ਸਹਿਤ ਨੌਰੰਗਾ ਚੋਰ ਹੈ, ਜਿਹੜਾ ਧਰਮ ਰੂਪ ਧਨ ਨੂੰ ਜ਼ੋਰ ਕਰਕੇ ਖੋਂਹਦਾ ਹੈ। ਉਹ ਸ਼ਰਮਿੰਦਾ ਹੋ ਕੇ ਦੱਬ ਗਿਆ ਹੈ। ਦਿੱਲੀ ਨਗਰ ਵਿਚੋਂ ਉਸ ਨੂੰ ਕੱਢ ਦਿੱਤਾ ਹੈ॥੨੮॥

ਪੀਰ ਚਕੋਰ ਭਏ ਅਨਮਨੇ। ਕੁਮੁਦ ਤੁਰਕ ਮੁਰਝਾਵਤਿ ਘਨੇ।
ਬਾਂਗ ਪੁਕਾਰੂ ਜੰਬੁਕ ਮੋਟੇ। ਦੁਰਨਿ ਲਗੇ ਜਿਤ ਕਿਤ ਚਿਤ ਖੋਟੇ॥ ੨੯॥

ਪੀਰ ਚਕੋਰ ਉਦਾਸ ਹੋ ਗਏ ਹਨ। ਤੁਰਕਾਂ ਰੂਪੀ ਕੰਵਲ ਬਹੁਤ ਮੁਰਝਾ ਗਏ ਹਨ। ਮੋਟੇ ਮੁਲਾਣੇ ਗਿੱਦੜ ਹੋ ਗਏ ਹਨ। ਦਿਲ ਦੇ ਖੋਟੇ ਜਿੱਥੇ ਕਿੱਥੇ ਲੁੱਕਣ ਲੱਗੇ ਹਨ॥੨੯॥

ਕਾਜ਼ੀ ਪੇਚਕ ਭੇ ਮਤਿ ਅੰਧੇ। ਤੂਸ਼ਨਿ ਹੁਇ ਬੈਠੇ ਜਨੁ ਬੰਧੇ।
ਤਮਚਰ ਜਾਤਿ ਅਨਿਕ ਜੋ ਅਹੈਂ। ਸੋ ਉਮਰਾਵ ਆਦਿ ਦੁਖ ਲਹੈਂ॥ ੩੦॥

ਮੱਤ ਦੇ ਅੰਨ੍ਹੇ ਕਾਜ਼ੀ ਉੱਲੂ ਬਣ ਗਏ ਹਨ, ਚੁੱਪ ਧਾਰ ਕੇ ਬੈਠੇ ਹਨ, ਮਾਨੋ ਬੰਨ੍ਹੇ ਹੋਏ ਹਨ। ਹਨੇਰੇ ਵਿਚ ਫਿਰਨ ਵਾਲੀਆਂ ਚਾਮਚੜਿਕਾਂ ਵਾਂਗ ਉਮਰਾਵ ਆਦਿ ਦੁਖ ਪਾ ਰਹੇ ਹਨ॥੩੦॥

ਇਮ ਸੂਰਜ ਸ੍ਰੀ ਸਤਿਗੁਰ ਉਦੇ। ਤਮ ਅੱਗਯਾਨ ਸਮੀਪ ਨ ਕਦੇ।
ਕਰਾਮਾਤ ਜੁਤਿ ਅਨਿਕ ਅਨੰਦੇ। ਨਾਨਾ ਬਰਨ ਖਿਰੇ ਅਰਬਿੰਦੇ॥ ੩੧॥

ਇਸ ਤਰ੍ਹਾਂ ਸੂਰਜ ਰੂਪ ਸਤਿਗੁਰੂ ਜੀ ਉਦੇ ਹੋਏ ਹਨ ਕਿ ਹਨ੍ਹੇਰਾ ਤੇ ਅਗਿਆਨਤਾ ਕਦੇ ਨੇੜੇ ਨਹੀਂ ਆਉਂਦੇ ਹਨ। ਕਰਾਮਾਤ ਸਹਿਤ ਅਨੇਕਾਂ ਸਿੱਖ ਅਨੰਦਿਤ ਹੋਏ ਹਨ ਮਾਨੋ ਇਹ ਕਈ ਰੰਗਾਂ ਦੇ ਕੰਵਲ ਦੇ ਫੁੱਲ ਖਿੜੇ ਹਨ॥੩੧॥

ਗਨ ਜਗਯਾਸੀ ਭੌਰ ਲੁਭਾਏ। ਮਹਿਦ ਪ੍ਰੇਮ ਮਕਰੰਦਹਿ ਪਾਏ।
ਸਿੱਖੀ ਬਹੁ ਸੁਗੰਧਤਾ ਭਈ। ਸਗਰੇ ਜਗਤ ਪਸਰ ਕਰਿ ਗਈ॥ ੩੨॥

ਬਹੁਤ ਜੋਗਿਆਸੀ ਭੌਰੇ ਵੇਖ ਕੇ ਲਲਚਾ ਗਏ ਹਨ, ਉਨ੍ਹਾਂ ਨੇ ਫੁੱਲਾਂ ਦੇ ਰਸ ਨਾਲ ਬਹੁਤ ਪ੍ਰੇਮ ਪਾ ਲਿਆ ਹੈ। ਸਿੱਖੀ ਬਹੁਤ ਸੁਗੰਧੀਆਂ ਭਰੀ ਹੈ, ਇਹ ਸਾਰੇ ਜਗਤ ਵਿਚ ਫੈਲ ਗਈ ਹੈ॥੩੨॥

ਸੱਤਿਨਾਮ ਸਿਮਰਨ ਸ਼ੁਭ ਸਾਰ। ਜਹਿਂ ਕਹਿਂ ਭਯੋ ਪ੍ਰਕਾਸ਼ ਉਦਾਰ।
ਜਿਸ ਕੋ ਪਾਇ ਸੁਖੀ ਜਗ ਭਯੋ। ਸਭਿ ਮਹਿਂ ਸੁਜਸੁ ਗੁਰਨਿ ਕੋ ਥਿਯੋ॥ ੩੩ ॥

ਸਾਰੇ ਸ਼ੁਭ ਸਤਿਨਾਮ ਦਾ ਸਿਮਰਨ ਕਰਦੇ ਹਨ, ਜਿੱਥੇ ਕਿੱਥੇ ਇਸ ਦਾ ਵੱਡਾ ਪ੍ਰਕਾਸ਼ ਹੋ ਰਿਹਾ ਹੈ, ਜਿਸ ਨੂੰ ਪਾ ਕੇ ਜਗ ਸੁਖੀ ਹੋ ਗਿਆ ਹੈ। ਸਾਰਿਆਂ ਵਿਚ ਗੁਰੂ ਸਾਹਿਬਾਨ ਦਾ ਸ੍ਰੇਸ਼ਟ ਜੱਸ ਹੋਇਆ ਹੈ॥੩੩॥

ਕਰਜੋ ਗ੍ਰਿੰਥ ਗੁਰਕੀਰਤਿ ਕੇਰੋ। ਪਠਨ ਸ਼੍ਰਵਨ ਫਲ ਪਾਇ ਬਡੇਰੋ।
ਸ਼੍ਰੀ ਸਤਿਗੁਰੁ ਕੇ ਅਨਿਕ ਬਿਲਾਸਾ। ਗੁਪਤ ਬਿਦਤ ਸਭਿ ਹੋਹਿਂ ਪ੍ਰਕਾਸ਼ਾ॥੩੪॥

ਗੁਰੂ ਜੀ ਦੀ ਕੀਰਤੀ ਦਾ ਇਹ ਗ੍ਰੰਥ ਤਿਆਰ ਕੀਤਾ ਹੈ, ਪੜ੍ਹਨ ਸੁਣਨ ਨਾਲ ਵੱਡਾ ਫਲ ਪ੍ਰਾਪਤ ਹੁੰਦਾ ਹੈ। ਸ੍ਰੀ ਸਤਿਗੁਰੂ ਜੀ ਦੇ ਅਨੇਕਾਂ ਚਰਿੱਤਰ ਹਨ। ਗੁਪਤ ਪ੍ਰਗਟ ਸਾਰੇ ਹੀ ਪ੍ਰਕਾਸ਼ਮਈ ਹੋ ਗਏ ਹਨ॥੩੪॥

ਅਜਰ ਜਰਨ ਆਦਿਕ ਗੁਨ ਘਨੇ। ਸਭਿ ਕੋ ਜਾਨਹਿਂ, ਬਹੁ ਬਿਧਿ ਭਨੇ।
ਸੁਨਹਿ ਅਸੁਤ, ਸੁਤ ਕੋ ਚਿਤ ਬਾਂਛੇ। ਪ੍ਰਾਪਤ ਹੋਇ ਸਹਿਤ ਗੁਨ ਆਛੇ॥ ੩੫ ॥

ਨਾ ਜਰੇ ਜਾਣ ਵਾਲੇ ਨੂੰ ਵੀ ਜਰਨਾ ਆਦਿ ਵੱਡੇ ਗੁਣ ਹਨ, ਸਾਰੇ ਹੀ ਇਨ੍ਹਾਂ ਨੂੰ ਚੰਗੀ ਤਰ੍ਹਾਂ ਜਾਣ ਲੈਣ ਇਸ ਲਈ ਬਹੁਤ ਵਿਧੀਆਂ ਨਾਲ ਵਰਣਨ ਕੀਤਾ ਹੈ। ਪੁੱਤਰ ਰਹਿਤ ਪੁਰਸ਼ ਪੁੱਤਰ ਦੀ ਇੱਛਾ ਕਰਕੇ ਸੁਣੇ ਤਾਂ ਚੰਗੇ ਗੁਣਾਂ ਵਾਲਾ ਪੁੱਤਰ ਪ੍ਰਾਪਤ ਹੋਵੇਗਾ॥੩੫॥

ਸੁਨਹਿ ਦਾਰਿਦੀ ਧਨ ਕੋ ਪਾਵੈ। ਸਤਿਗੁਰ ਮਹਿਂ ਸ਼ਰਧਾ ਬਿਰਧਾਵੈ।
ਜੁਗ ਲੋਕਨਿ ਕੱਲਯਾਨ ਉਪਾਵੈ। ਸਿੱਖੀ ਕੀ ਬਿਧਿ ਉਰ ਉਪਜਾਵੈ॥ ੩੬ ॥

ਜੇ ਗ਼ਰੀਬ ਸੁਣੇਗਾ ਤਾਂ ਉਹ ਧਨ ਪ੍ਰਾਪਤ ਕਰੇਗਾ ਤੇ ਉਸਦੀ ਸਤਿਗੁਰੂ ਜੀ ਵਿਚ ਸ਼ਰਧਾ ਵਧੇਗੀ। ਦੋ ਲੋਕਾਂ ਵਿਚ ਉਸਦਾ ਕਲਿਆਣ ਹੋ ਜਾਵੇਗਾ ਤੇ ਸਿੱਖੀ ਦੀਆਂ ਵਿਧੀਆਂ ਹਿਰਦੇ ਵਿਚ ਪ੍ਰਗਟ ਹੋ ਜਾਣਗੀਆਂ॥੩੬॥

ਕਲਮਲ ਬਿਨਸਹਿਂ ਨਾਮ ਸੁਧਜਾਵਨ। ਸਨੇ ਸਨੇ ਹ੍ਵੈ ਹੈ ਮਨ ਪਾਵਨ।
ਭਗਤਿ ਵਿਰਾਗ ਰਿਦੇ ਉਪਜੰਤਿ। ਸਤਿ ਸੰਗਤਿ ਮਿਲ ਹ੍ਵੈ ਹੈ ਸੰਤ॥ ੩੭ ॥

ਪਾਪਾਂ ਦਾ ਨਾਸ਼ ਹੋਵੇਗਾ, ਤੇ ਅੰਮ੍ਰਿਤ ਰੂਪ ਨਾਮ ਪ੍ਰਾਪਤ ਹੋਵੇਗਾ ਤੇ ਹੌਲੀ-ਹੌਲੀ ਮਨ ਪਵਿੱਤਰ ਹੋ ਜਾਵੇਗਾ। ਭਗਤੀ ਅਤੇ ਵੈਰਾਗ ਹਿਰਦੇ ਵਿਚ ਪ੍ਰਗਟ ਹੋਵੇਗਾ ਤੇ ਸਤਿਸੰਗਤ ਵਿਚ ਮਿਲ ਕੇ ਉਹ ਸੰਤ ਬਣ ਜਾਵੇਗਾ॥੩੭॥

ਮੋ ਮਹਿਂ ਸ਼ਕਤਿ ਨ ਹੁਤੀ ਬਿਸਾਲਾ। ਵਧਤਿ ਲਾਲਸਾ ਰਹੀ ਸੁ ਚਾਲਾ।
ਅਪਨੀ ਕਥਾ ਆਪ ਬਨਿਵਾਈ। ਦਾਸ ਜਾਨਿ ਮੁਝ ਦਈ ਬਡਾਈ॥ ੩੮ ॥

ਮੇਰੇ ਵਿਚ ਏਡੀ ਵਿਸ਼ਾਲ ਸ਼ਕਤੀ ਨਹੀਂ ਸੀ, ਪਰ ਲਾਲਸਾ ਦੀ ਸ੍ਰੇਸ਼ਟ ਚਾਲ ਵਧਦੀ ਰਹੀ। ਗੁਰੂ ਜੀ ਨੇ ਆਪਣੀ ਕਥਾ ਆਪ ਬਣਵਾਈ ਹੈ ਤੇ ਦਾਸ ਜਾਣ ਕੇ ਮੈਨੂੰ ਵਡਿਆਈ ਦਿੱਤੀ ਹੈ॥੩੮॥

ਸੁਰ ਸਰਿ ਸਮ ਗੁਰ ਕੀਰਤਿ ਪਾਵਨ। ਜਿਸ ਕੇ ਮਿਲੇ ਪਾਪ ਗਨ ਜਾਵਨਿ।
ਨਿੰਦਕ ਮੂਰਖ ਮਤਸਰ ਧਾਰੀ। ਰਾਸ਼ਭ, ਮਹਿਖ, ਕੋਲ ਸਮ ਭਾਰੀ॥ ੩੯ ॥

ਅੰਮ੍ਰਿਤ ਸਰੋਵਰ ਵਾਂਗ ਗੁਰੂ ਜੀ ਦੀ ਪਵਿੱਤਰ ਕੀਰਤੀ ਹੈ, ਜਿਸ ਨੂੰ ਇਹ ਮਿਲਦੀ ਹੈ ਉਸ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ। ਗਧੇ, ਝੋਟਿਆਂ ਅਤੇ ਸੂਰਾਂ ਵਰਗੇ ਭਾਰੀ ਮੂਰਖ ਹਨ, ਜਿਨ੍ਹਾਂ ਨਿੰਦਕ ਮੂਰਖਾਂ ਨੇ ਹੰਕਾਰ ਧਾਰਨ ਕੀਤਾ ਹੈ॥੩੯॥

ਖੌਰੂ ਪਾਇ ਕੁਬਚ ਕੋ ਭਾਖੈਂ। ਦੂਖਤਿ ਕਰਨਿ ਗਾਂਦਲੀ ਕਾਖੈਂ।
ਸੋ ਝਖ ਮਾਰਤਿ ਰਹੈਂ ਕੁਪੱਤੇ। ਬਿਗਰਹਿ ਨਹਿੰ ਕਬਹੂੰ ਰਸ ਅੱਤੇ॥ ੪੦॥

ਖੌਰੂ ਪਾਉਂਦੇ ਹਨ ਤੇ ਭੈੜੇ ਬਚਨ ਬੋਲਦੇ, ਕੀਰਤੀ ਨੂੰ ਦੂਖਤ ਕਰਨਾ ਚਾਹੁੰਦੇ ਹਨ ਭਾਵ ਇਸ ਕਥਾ ਰੂਪੀ ਗੰਗਾ ਨੂੰ ਗੰਧਲੀ ਕਰਨਾ ਚਾਹੁੰਦੇ ਹਨ। ਉਹ ਮੂਰਖ ਕੁਪੱਤੇ ਝੱਖ ਮਾਰਦੇ ਰਹਿਣਗੇ। ਪਰ ਇਹ ਅਤੀ ਰਸਦਾਇਕ ਕਥਾ ਵਿਗੜੇਗੀ ਨਹੀਂ, ਭਾਵ ਮੈਂ ਨਹੀਂ ਵਿਗੜਨ ਦੇਵਾਂਗਾ॥ ੪੦॥

ਸਾਰਦ ਚੰਦ ਬਦਨ ਬਰ ਸਾਰਦ। ਬੰਦੋਂ ਪਰ ਅਰਬਿੰਦਨਿ ਸਾਰਦ।
ਪਾਰਬ੍ਰਹਮ ਸਤਿਗੁਰ ਦਸ ਧਜਾਇ। ਬੰਦੋਂ ਬਾਰਿ ਬਾਰਿ ਸਿਰ ਨਜਾਇ॥ ੪੧॥

ਜਿਸ ਸ਼ਾਰਦਾ ਦਾ ਸਰਦ ਰੁੱਤ ਦੇ ਚੰਦ ਵਰਗਾ ਸ੍ਰੇਸ਼ਟ ਤੇ ਉੱਜਲ ਮੁਖ ਹੈ ਉਸ ਸ਼ਾਰਦਾ ਦੇ ਚਰਨਕੰਵਲਾਂ ਤੇ ਮੈਂ ਬੰਦਨਾ ਕਰਦਾ ਹਾਂ। ਪਾਰਬ੍ਰਹਮ ਦਸੇ ਸਤਿਗੁਰੂ ਜੀ ਧਿਆਏ ਹਨ, ਉਨ੍ਹਾਂ ਦੇ ਵੀ ਚਰਨਕੰਵਲਾਂ ਤੇ ਮੈਂ ਬਾਰ-ਬਾਰ ਬੰਦਨਾ ਕਰਦਾ ਹਾਂ॥ ੪੧॥

*ਬਾਰ੍ਹਵੀਂ ਰਾਸ ਦਾ ਅਠਾਹਠਵਾਂ ਅਧਿਆਇ ਸਮਾਪਤ ਹੋਇਆ॥੬੮॥*

ਬਾਰ੍ਹਵੀਂ ਰਾਸ ਸਮਾਪਤ ਹੋਈ॥

## *ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਮਾਪਤ ਹੋਇਆ॥*

## *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਅਠਵੀਂ ਸਮਾਪਤ ਹੋਈ॥*

☆☆☆

Sri Satguru Jagjit Singh Ji eLlibrary NamdhariElibrary@gmail.com